ੴ ਸਤਿਗੁਰ ਪ੍ਰਸਾਦਿ॥

ਸ੍ਰੀ ਕਲਗੀਧਰ ਚਮਤਕਾਰ

[ਉਤ੍ਰਾਰਧ - ਦੂਜਾ ਅੱਧ]

ਅਰਥਾਤ

(ਜੀਵਨ ਚਰਿਤ੍ਰ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

- ਜਿਵੇਂ -

ਉਨ੍ਹਾਂ ਦੇ ਚਰਨਾ ਨੂੰ ਪ੍ਰਾਪਤ ਪੁਰਖਾਂ ਦੇ ਪ੍ਰਸੰਗਾਂ ਤੋਂ ਵਿਦਿਤ ਹੁੰਦਾ ਹੈ।

- ਕ੍ਰਿਤ -

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ

ਨਵੀਂ ਦਿੱਲੀ-110001

Sri Kalgidhar Chamatkar (Vol.-II)
Bhai Sahib Bhai Vir Singh

ISBN#978-93-80854-94-6
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
25 ਵੀਂ ਛਾਪ, ਫਰਵਰੀ, 2011

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001
www.bvsss.org

Printer:
Print Media
1331, Chowk Sangatrashan,
Paharganj, New Delhi - 110055
(m) 9810765258

ਮੁੱਲ : 280/- ਰੁਪਏ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਕਲਗੀਧਰ ਚਮਤਕਾਰ (ਉਤਾਰਧ)

ਛਪਾਈ ਦਾ ਵੇਰਵਾ

ਐਡੀਸ਼ਨ	ਸੰ: ਗੁ: ਨਾ: ਸਾ:			ਈਸਵੀ		ਬਿਕ੍ਰਮੀ
ਪਹਿਲੀ	ਸਾਉਣ,	੪੫੬	(ਸਮਗਰ)	ਅਗਸਤ,	੧੯੨੫	੧੯੮੨
ਦੂਜੀ	ਪੋਹ,	੪੫੮	(ਸਮਗਰ)	ਦਸੰਬਰ,	੧੯੨੬	੧੯੮੩
ਤੀਜੀ	ਪੋਹ,	੪੬੨	(ਸਮਗਰ)	ਦਸੰਬਰ,	੧੯੩੦	੧੯੮੭
ਚਉਥੀ	ਮਘਰ,	੪੬੭	(ਸਮਗਰ)	ਨਵੰਬਰ,	੧੯੩੬	੧੯੯੨
ਪੰਜਵੀਂ	ਵੈਸਾਖ,	੪੭੪	(ਸਮਗਰ)	ਅਪ੍ਰੈਲ,	੧੯੪੩	੨੦੦੦
ਛੇਵੀਂ	ਵੈਸਾਖ,	੪੮੧	(ਉਤਾਰਧ)	ਅਪ੍ਰੈਲ,	੧੯੫੦	੨੦੦੭
ਸੱਤਵੀਂ	ਮਾਘ,	੪੮੬	(ਉਤਾਰਧ)	ਜਨਵਰੀ,	੧੯੫੫	੨੦੧੨
ਅੱਠਵੀਂ	ਭਾਦਰੋਂ,	੪੯੦	(ਉਤਾਰਧ)	ਅਗਸਤ,	੧੯੫੯	੨੦੧੬
ਨਉਂਵੀਂ	ਭਾਦਰੋਂ,	੪੯੬	(ਉਤਾਰਧ)	ਅਗਸਤ,	੧੯੬੫	੨੦੨੨
ਦਸਵੀਂ	ਜੇਠ	੫੦੦	(ਉਤਾਰਧ)	ਜੂਨ,	੧੯੬੯	੨੦੨੬
ਗਯਾਰਵੀਂ						
ਬਾਰ੍ਹਵੀਂ						
ਤੇਰ੍ਹਵੀਂ						
ਚਉਧਵੀਂ						
ਪੰਦ੍ਰਵੀਂ	ਕਤਕ,	੫੨੨	(ਉਤਾਰਧ)	ਅਕਤੂਬਰ,	੧੯੯੧	੨੦੪੮
ਸੋਲ੍ਹਵੀਂ	ਪੋਹ,	੫੨੫	(ਉਤਾਰਧ)	ਦਸੰਬਰ,	੧੯੯੪	੨੦੫੧
ਸਤਾਰ੍ਹਵੀਂ	ਕਤਕ,	੫੨੬	(ਉਤਾਰਧ)	ਅਕਤੂਬਰ,	੧੯੯੫	੨੦੫੨
ਅਠਾਰ੍ਹਵੀਂ	ਵੈਸਾਖ,	੫੨੮	(ਉਤਾਰਧ)	ਅਪ੍ਰੈਲ,	੧੯੯੭	੨੦੫੪
ਉੱਨੀਵੀਂ	ਸਾਉਣ,	੫੩੦	(ਉਤਾਰਧ)	ਜੁਲਾਈ,	੧੯੯੯	੨੦੫੬
ਵੀਹਵੀਂ	ਭਾਦਰੋਂ,	੫੩੨	(ਉਤਾਰਧ)	ਅਗਸਤ,	੨੦੦੧	੨੦੫੮
ਇਕੀਵੀਂ	ਵੈਸਾਖ,	੫੩੫	(ਉਤਾਰਧ)	ਅਪ੍ਰੈਲ,	੨੦੦੪	੨੦੬੧
ਬਾਈਵੀਂ	ਮਾਘ,	੫੩੬	(ਉਤਾਰਧ)	ਜਨਵਰੀ,	੨੦੦੬	੨੦੬੨ (ਕੰਪਿਊਟਰਾਈ
ਤੇਈਵੀਂ	ਅੱਸੂ,	੫੩੯	(ਉਤਾਰਧ)	ਅਕਤੂਬਰ,	੨੦੦੭	੨੦੬੪
ਚੌਵੀਵੀਂ	ਮੱਘਰ,	੫੪੦	(ਉਤਾਰਧ)	ਨਵੰਬਰ,	੨੦੦੯	੨੦੬੫
ਪੱਚੀਵੀਂ	ਫੱਗਣ,	੫੪੨	(ਉਤਾਰਧ)	ਫਰਵਰੀ,	੨੦੧੧	੨੦੬੭

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਕਲਗੀਧਰ ਚਮਤਕਾਰ (ਉਤ੍ਰਾਰਧ)

ਸੂਚੀ ਪੱਤ੍ਰ

ਚਿਰਣੀ	ਪ੍ਰਸੰਗ	ਪੰਨਾ	ਚਿਰਣੀ	ਪ੍ਰਸੰਗ	ਪੰਨਾ
੫੭.	ਪਦਮਾ।	੧	੮੧.	ਮੁਕਤਸਰ ਦਾ ਜੁੱਧ।	੨੦੦
੫੮.	ਹਰਿਗੁਪਾਲ-ਬਿਸ਼ੰਭਰ ਦਾਸ।	੩੧	੮੨.	ਭਾਈ ਮਹਾਂ ਸਿੰਘ (ਕਵਿਤਾ)।	੨੦੯
੫੯.	ਭਾਈ ਭੂਪ ਸਿੰਘ (ਕਵਿਤਾ)।	੪੮	੮੩.	ਮਾਈ ਭਾਗੋ। (ਕਵਿਤਾ)।	੨੧੨
੬੦.	ਵਿਯੋਗੀ ਭਾਈ ਪ੍ਰੀਤਮ ਸਿੰਘ ਜੀ (ਕਵਿਤਾ)।	੫੦	੮੪.	ਇਬ੍ਰਾਹੀਮ-ਅਜਮੇਰ ਸਿੰਘ।	੨੧੩
			੮੫.	ਬੀਬੀ ਦੇਸਾਂ।	੨੩੫
੬੧.	ਦਸਮ ਗੁਰੂ ਦਰਸ਼ਨ (ਕਵਿਤਾ)।	੫੧	੮੬.	ਕਰਾਮਾਤ, ਡੱਲਾ ਤੇ ਅੰਮ੍ਰਿਤ।	੨੫੮
੬੨.	ਭਾਈ ਜਯੋਤੀ ਸਿੰਘ ਜੀ।	੫੨	੮੭.	ਖੁੱਲ੍ਹਾਂ ਦਾ ਦਾਤਾ।	੨੭੫
੬੩.	ਕੁਰੁਛੇਤ੍ਰ ਫੇਰੀ।	੫੪	੮੮.	ਦਾਤਾ ਜੀ ਦਾਦੂ ਦੁਆਰੇ	੨੯੧
੬੪.	ਸੈਦਾ ਬੇਗ ਸ਼ਰਨਾਗਤ।	੬੮	੮੯.	ਪੁਸ਼ਕਰ-ਚੇਤਨ ਬ੍ਰਹਮਨ ਤੇ ਭਾਈ ਪ੍ਰਿਥੀ	੩੦੭
੬੫.	ਮੀਰ ਸ਼ਿਕਾਰ (ਕਵਿਤਾ)।	੭੫	੯੦.	ਭਾਈ ਰਾਮ ਕੌਰ ਜੀ।	੩੦੯
੬੬.	ਗਈ ਬਹੋੜ।	੭੮	੯੧.	ਬਹਾਦਰ ਸ਼ਾਹ ਤੇ ਗੁਰੂ ਜੀ। (ਕਵਿਤਾ)	੩੨੮
੬੭.	ਸਿਰ ਸੱਦਕੇ (ਕਵਿਤਾ)।	੮੧	੯੨.	ਯੋਗੀ ਜੀਵਣ ਦਾਸ।	੩੨੯
੬੮.	ਨੀਲਾ ਤੇ ਗੁਰੂ ਕੀ ਆਣ।	੮੧	੯੩.	ਨਸੀਰਾਂ ਯਾ ਨਸੀਰ ਬੇਗਮ।	੩੩੬
੬੯.	ਭਾਈ ਕਨ੍ਹਯਾ (ਕਵਿਤਾ)।	੯੧	੯੪.	ਬੰਦਾ ਮਿਲਾਪ ਤੇ ਵਿਦੈਗੀ।	੩੫੬
੭੦.	ਚਮਕੌਰ ਜੁੱਧ।	੯੪	੯੫.	ਅਰਸ਼ੀ ਪ੍ਰੀਤਮ।	੩੭੪
੭੧.	ਪ੍ਰਸੰਗ ਬੀਬੀ ਸ਼ਰਨ ਕੌਰ। (ਕਵਿਤਾ)	੧੦੮		(ਅ)*	
੭੨.	ਮਾਛੀਵਾੜੇ ਦੇ ਕੌਤਕ।	੧੧੦	੯੬.	ਕਲਗੀਆਂ ਵਾਲੇ ਦੇ ਕਮਾਲ।	੩੯੮
੭੩.	ਸਰਹਿੰਦ ਦਾ ਸਾਕਾ।	੧੧੭	੯੭.	ਪ੍ਰੀਤ ਤਾਰ ਪ੍ਰੋਤੇ ਗੁਰੂ ਸਿਖ।	੪੧੭
੭੪.	ਜ਼ੈਨਾਂ ਦਾ ਵਿਰਲਾਪ (ਕਵਿਤਾ)।	੧੨੭	੯੮.	ਪ੍ਰੀਤਮ ਆਦਰਸ਼।	੪੨੫
੭੫.	ਰਾਇ ਕੱਲਾ।	੧੪੬	੯੯.	ਅੱਖੀਂ ਦੇਖਣ ਵਾਲੇ ਪ੍ਰੇਮੀਆਂ ਦੇ ਸੁਨੇਹੇ।	੪੫੨
੭੬.	ਰਾਣੀ ਝਾਲਾ ਕੌਰ (ਕਵਿਤਾ)।	੧੪੯	੧੦੦.	ਵਿਦਯਾ ਦਰਬਾਰ।	੪੫੯
੭੭.	ਬਸੰਤ ਲਤਾ (ਕਵਿਤਾ)।	੧੫੩	੧੦੧.	ਕੀਰਤ ਮੂਰਤੀ।	੫੦੭
੭੮.	ਸ੍ਰੀ ਕਲਗੀਧਰ ਜੀ ਦੀਨੇ।	੧੫੫	੧੦੨.	ਉੱਚ ਜੀਵਨ।	੫੧੭
੭੯.	ਚੌਧਰੀ ਸਮੀਰ।	੧੬੯	੧੦੩.	ਇਲਾਹੀ ਦਰਬਾਰ।	੫੧੯
੮੦.	ਜ਼ਫਰਨਾਮਾ।	੧੮੧	੧੦੪.	ਅਝਵੀਂ ਵਜਕਤੀ।	੫੨੨

*(ੳ) ਵਾਸਤੇ ਦੇਖੋ ਸੂਚੀ ਪੱਤ੍ਰ (ਪੂਰਬਾਰਧ)।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਕਲਗੀਧਰ ਚਮਤਕਾਰ (ਉਡਾਰਧ)

ਗੀਤਾਂ ਦੀ ਸੂਚੀ

ਗੀਤ	ਰਚਨਾ ਦਾ ਗੁ: ਨਾ: ਸੰਮਤ	ਪੰਨਾ
ਨਰਗਸ ਨੇ ਨੈਣ ਵਿਛਾਏ।	੪੬੭	੪੮
ਠੁਮਰੀ-ਤ੍ਰੂਠੀਓ ਜੀ।	੪੬੪	੬੮
ਸ੍ਹਾਗਤ ਵਿੱਚ ਰੌਂਦੇ ਦਾ ਫੁਲ।	੪੬੫	੭੪
ਖਸੰਤ ਤੋਂ ਪਹਿਲੇ ਬਸੰਤ।	੪੬੫	੭੪
ਪਾਉਂਟੇ ਸਾਹਿਬ ਦੇ ਪਾਣੀਆਂ ਉਤੇ।	੪੬੫	੮੦
ਆਪ ਵਪਾਰੀ ਹੋ ਆਇਆ।	੪੫੧	੧੦੮
ਭਾਰਤ ਭੂਮੀ ਦਾ ਵਿਰਲਾਪ।	੪੨੭	੧੨੪
ਸਿਰ ਭੇਟਾ ਚਾ ਧਰੀਏ।	੪੬੬	੧੬੮
ਦਰਸ਼ਨ-ਸਿਕ।	੪੬੭	੧੮੦
ਮਹਿਕ ਕਲਗੀ ਵਾਲੜੇ ਦੀ।	੪੭੦	੨੦੦
ਦਰਸ਼ਨ ਜੋਦੜੀ।	੪੫੮	੨੯੧
ਗੁਦਾਵਰੀ ਵਿਚ ਚਰਨ ਕਮਲ।	੪੫੩	੩੩੫
ਸੁਹਣਿਆਂ ਦੇ ਸੁਲਤਾਨ ਸ਼ਾਹ ਜੀ।	੪੪੯	੩੫੬
ਗੁਰਜਯੋਤਿ ਕਲਗੀਧਰ ਕਿਥੇ ਗਏ?	੪੬੦	੩੯੬
ਜਯ ਹੋ ਕਲਗੀਆਂ ਵਾਲੇ ਤੈਨੂੰ।	੪੭੩	੫੩੪
ਪੰਜਾਂ ਪਯਾਰਿਆਂ ਦੀ ਅਰਜ਼ੋਈ।	੪੬੫	੫੩੫
ਸੰਗਤ ਦਾ ਸੰਦੇਸ਼।	੪੬੩	੫੩੫
ਪਯਾਰੇ ਦੇ ਅੰਕ ਸਮਾਵੇਂ।	੪੭੧	੫੩੬

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਕਲਗੀਧਰ ਚਮਤਕਾਰ

-ਉਤ੍ਰਾਰਧ-

ਸੂਚਨਾ-ਬਿਲਾਸਪੁਰੀਏ ਨੇ ਹੁਣ ਫੇਰ ਮਿੱਤ੍ਰਤਾ ਪਾ ਲਈ ਤੇ ਇਸ ਦਾ ਇਕ ਵਕੀਲ 'ਪਰਮਾ' ਸਤਿਗੁਰ ਦੇ ਦਰਬਾਰ ਆ ਰਿਹਾ ਤੇ ਫੇਰ ਇਸ ਨੇ ਗੋਂਦ ਗੁੰਦੀ ਕਿ ਸਾਰੇ ਰਾਜਿਆਂ ਅਤੇ ਗੁਰੂ ਜੀ ਦਾ ਮੇਲ ਹੋਵੇ। ਏਹ ਰਾਜਸੀ ਸਮਾਚਾਰ ਅਤੇ ਆਤਮ ਦਾਤਾਂ ਦੇ ਛੱਟੇ ਅਗਲੇ ਪ੍ਰਸੰਗ ਵਿਚ ਵੰਨਗੀ ਮਾਤ੍ਰ ਦਿਤੇ ਹਨ:-

੫੭. ਪਦਮਾ[1]।

੧.

ਰਾਜ ਭਵਨ ਚੰਬਾ ਵਿਚ ਇਕ ਮੁਟਿਆਰ ਸ਼ਾਹਜ਼ਾਦੀ ਆਪਣੇ ਚੁਬਾਰੇ ਵਿਚ ਬੈਠੀ ਦਲ੍ਹੀਜ਼ਾਂ ਵੱਲ ਤੱਕ ਰਹੀ ਹੈ। ਲਿਬਾਸ ਰੇਸ਼ਮੀ ਤੇ ਜ਼ਰੀ ਦਾ ਹੈ, ਹੱਥ ਵਿਚ ਪੋਥੀ ਹੈ, ਜੋ ਵਿਚ ਉਂਗਲ ਦੇ ਕੇ ਅੱਧੀ ਮੀਟ ਰਖੀ ਹੈ। ਚਿਹਰਾ ਸੁਡੌਲ, ਰੰਗ ਗੋਰਾ, ਕ੍ਰਾਂਤਿ ਪ੍ਰਤਾਪ ਸ਼ੀਲ, ਮੱਥਾ ਟਿਕਾਉ ਵਾਲਾ, ਡੀਲ ਲੰਮੇਰੀ ਪਤਲੀ ਤੇ ਸ਼ਰੀਰ ਦੀ ਬਣਤ ਵਲੋਂ ਸੁਬਕ ਤੇ ਸੁਹਲ ਹੈ। ਦਲ੍ਹੀਜਾਂ ਵੱਲ ਤੱਕਦੀ ਬੜੀ ਸੋਚ ਵਿਚ ਜਾਪਦੀ ਹੈ ਕਿ ਅਚਾਨਕ ਖੜਾਕ ਆਇਆ। ਇਸਦਾ ਬੀ ਰੰਗ ਬਦਲਿਆ। ਪਲ ਮਗਰੋਂ ਦੁਲਾਰੀ ਦੇ ਪਿਤਾ ਸ੍ਰੀ ਮਹਾਰਾਜ ਜੀ ਦਲ੍ਹੀਜਾਂ ਵੜਦੇ ਦਿੱਸੇ। ਦੁਲਾਰੀ ਨੇ ਉਠਕੇ ਸਤਿਕਾਰ ਕੀਤਾ, ਮਹਾਰਾਜ ਨੇ ਸਿਰ ਗਲੇ ਲਾਕੇ ਪਿਆਰ ਦਿਤਾ।

ਰਾਜਦੁਲਾਰੀ-ਪਿਤਾ ਜੀ! ਅੱਜ ਤਾਂ ਪਹਿਲਾ ਪਹਿਰ ਬੀ ਵੱਜ ਚੁਕਾ ਹੈ, ਆਪ ਨੇ ਬੜੀ ਹੀ ਦੇਰ ਲਾ ਦਿੱਤੀ, ਸੁਖ ਤਾਂ ਸੀ? ਮੈਂ ਤਾਂ ਬੜੀਆਂ ਚਿੰਤਾਂ ਵਿਚ ਪੈ ਰਹੀ ਸਾਂ।

ਰਾਜਾ-ਬੇਟੀ! ਕੀ ਦੱਸਾਂ ਤੇ ਕਿਸਨੂੰ ਦੋਸ਼ ਦਿਆਂ? ਸਾਡੇ ਪਹਾੜੀਏ ਰਾਜੇ ਕੁਝ ਸਮਝਦੇ ਨਹੀਂ।

ਰਾਜਦੁਲਾਰੀ-ਕਿਉਂ ਪਿਤਾ ਜੀ! ਫੇਰ ਗੁਰੂ ਜੀ ਨਾਲ ਕੋਈ ਫਸਾਦ ਚਾਯਾ ਨੇ?

ਰਾਜਾ-ਨਾ ਹੰਨੇ ਹੁੰਦੇ ਹਨ, ਨਾ ਬੰਨੇ। ਨਾ ਲੜਦੇ ਹਨ, ਨਾ ਮਿਲਦੇ ਹਨ। ਭੀਮਚੰਦ ਦੇ ਮਰਨ ਮਗਰੋਂ ਤੁਸਾਂ ਨੂੰ ਪਤਾ ਹੈ ਕਿ ਅਜਮੇਰ ਚੰਦ ਗੱਦੀ ਬੈਠਾ ਸੀ, ਇਸ ਨੇ ਫਸਾਦ ਪਾਯਾ ਸੀ, ਹੁਣ ਸੁਲਹ ਕਰ ਲਈ ਹੈ।

ਰਾਜਦੁਲਾਰੀ-ਚੰਗਾ ਹੋਇਆ, ਨਿੱਤ ਦੀ ਰਾਰ ਮਿਟੀ।

ਰਾਜਾ-ਪਰ ਮੈਨੂੰ ਪਤਾ ਹੈ ਕਿ ਇਹ ਸੁਲਹ ਨਹੀਂ, ਕਪਟ ਹੈ। ਪਦਮੰਤੀ[2] ਬੇਟਾ! ਕਪਟ ਅੰਤ ਖੁਲ੍ਹ ਜਾਂਦਾ ਹੈ।

ਪਦਮੰਤੀ-ਕੀ ਕਪਟ ਛੇੜਿਆ ਨੇ?

ਰਾਜਾ-ਅਜਮੇਰ ਚੰਦ ਨੇ ਸੁਲ੍ਹਾ ਕਰ ਲਈ ਹੈ। ਉਨ੍ਹਾਂ ਨੂੰ ਧਰਮਾਗੂ ਰਾਜਾ ਮੰਨ ਲਿਆ ਹੈ ਤੇ ਆਖਿਆ ਹੈ ਕਿ ਅਨੰਦਪੁਰ ਆਪ ਰਾਜ ਕਰੋ ਤੇ ਅਸੀਂ ਆਪ ਨੂੰ ਸੁਤੰਤ੍ਰ ਮਾਲਕ ਮੰਨਦੇ ਹਾਂ ਤੇ ਰਾਜਿਆਂ ਦੇ ਦਸਤੂਰ ਮੂਜਬ ਆਪਣਾ ਵਕੀਲ

---

੧. ਇਹ ਪ੍ਰਸੰਗ ਟ੍ਰੈਕਟ ਦੀ ਸੂਰਤ ਵਿਚ ਗੁਰਪੁਰਬ ਸਪਤਮੀ ਸੰ: ਗੁਰ ਨਾਨਕ ਸਾਹਿਬ ੪੫੦ (੧੯੧੯ ਈ:) ਵਿਖੇ ਪ੍ਰਕਾਸ਼ਿਆ ਸੀ।

੨. ਨਾਮ ਸ਼ੀ ਪਦਮਾਵਤੀ, ਲਾਡ ਨਾਲ ਪਿਤਾ ਕਦੇ ਪਦਮੰਤੀ, ਕਦੇ ਪਦਮਾ ਸੱਦਿਆ ਕਰਦੇ ਸਨ।

ਆਪ ਪਾਸ ਭੇਜਦੇ ਹਾਂ, ਜੋ ਰਿਆਸਤਾਂ ਦੇ ਮਾਮਲੇ ਸਾਡੇ ਤੇ ਆਪ ਦੇ ਉਸ ਦੀ ਰਾਹੀਂ ਸਾਫ ਰਹਿਣ, ਮੁਲ੍ਹਾ ਸਾਲਸੀ ਨਾਲ ਨਜਿੱਠੀਂਦੇ ਰਹਿਣ, ਤੇ ਕਿਸੇ ਤ੍ਰਿਆਕਲ ਨੂੰ ਸਾਡੇ ਤੇ ਆਪ ਦੇ ਵਿਚਕਾਰ ਕੋਈ ਬਿਸਮਝੀ ਯਾ ਉਲਟੀ ਪੁਲਟੀ ਗੱਲ ਬਾਤ ਚਲਾਉਣ ਦਾ ਮੌਕਿਆ ਨਾ ਮਿਲੇ।

ਪਦਮੰਤੀ-ਵਕੀਲ ਕਿਸਨੂੰ ਕਰਕੇ ਘੱਲਿਆ ਸੂ?

ਰਾਜਾ-ਉਸੇ ਪਰਮੇ ਜੂਠ ਨੂੰ!

ਪਦਮੰਤੀ-ਕਿਹੜਾ ਪਰਮਾ? ਜੀਉ!

ਰਾਜਾ-ਪੁਤ੍ਰ! ਉਹ ਜੂਠ ਜਿਹੜਾ ਇਥੇ ਬੀ ਰਹਿ ਗਿਆ ਹੈ, ਜਿਸਨੂੰ ਸਾਰੇ ਪੰਮਾਂ ਆਖਦੇ ਹੁੰਦੇ ਸਨ।

ਪਦਮੰਤੀ-ਅੱਛਾ, ਮੈਂ ਸਮਝੀ, ਉਹ ਲਾਊ ਮਚਕਾਊ, ਠੀਕ, ...ਜੂਠ।

ਆਦਮੀ ਚੰਗਾ ਘੱਲਣਾ ਚਾਹੀਦਾ ਸੀ, ਫੇਰ ਸੁਲ੍ਹਾ ਹੋ ਜਾਂਦੀ ਤੇ ਪੱਕੀ ਬਣ ਜਾਂਦੀ।

ਰਾਜਾ-ਜੇ ਨੀਤ ਸੁਲਹ ਦੀ ਹੁੰਦੀ ਤਾਂ ਚੰਗਾ ਆਦਮੀ ਘੱਲਦਾ ਨਾ, ਨੀਤ ਤਾਂ ਸੀ ਖੋਟੀ।

ਪਦ:-ਖੋਟ ਨੂੰ ਖੋਟਾ ਹੀ ਫਲ ਲੱਗੂ।

ਰਾਜਾ-ਲੱਗ ਪਿਆ ਹੈ।

ਪਦਮੰਤੀ-ਕੀਕੂੰ ਜੀਉ ਪਿਤਾ ਜੀ ਕੀਕੂੰ?

ਰਾਜਾ-ਪਰਮੇ ਨੇ ਗੁਰੂ ਜੀ ਨਾਲ ਸਫ਼ਾਈ ਕਰਕੇ ਉਥੇ ਐਸਾ ਸੂਹੀਆਂਪਣੇ ਦਾ ਜਾਲ ਵਿਛਾ ਛੱਡਿਆ ਹੈ ਕਿ ਦੋ ਤਾਜ਼ੀ ਘੋੜੇ ਗੁਰੂ ਜੀ ਦੇ ਤਬੇਲਿਆਂ ਤੋਂ ਚੋਰੀ ਕਰਵਾਕੇ ਅਜਮੇਰਚੰਦ ਪਾਸ ਪੁਚਾ ਦਿਤੇ ਹਨ। ਇਕ ਵੇਰੀ ਖਜ਼ਾਨਾ ਬੀ ਭੰਨਵਾਇਆ ਹੈ।

ਪਦਮੰਤੀ (ਨੱਕ ਵੱਟਕੇ)-ਇਹ ਰਾਜਾ ਦੇ ਕਰਮ ਹਨ! ਦੁਨੀਆਂ ਕਿਉਂ ਨਾ ਗ਼ਰਕੇ? ਪਰ ਰਾਜੇ ਕੀ ਕਰਨ? ਸਲਾਹੀਆਂ ਨੇ ਰਾਜ ਡੋਬੇ। ਜੇਹੇ ਮੁਸ਼ੀਰ (ਸਲਾਹਕਾਰ) ਤੇਹੇ ਰਾਜੇ ਦੇ ਕਰਮ। ਲੜਨਾ, ਮਰਨਾ, ਮਾਰਨਾ, ਰਾਜਨੀਤੀ, ਇਹ ਤਾਂ ਰਾਜਿਆਂ ਦੇ ਕਰਮ ਹੋਏ, ਪਰ ਚੋਰੀ ਕਿਵੇਂ ਸ਼ੋਭਦੀ ਹੈ?

ਰਾਜਾ-ਮੇਰੇ ਤਾਂ ਸੁਣ ਕੇ ਮੁੜ੍ਹਕਾ ਆ ਗਿਆ ਕਿ ਅਜਮੇਰ ਚੰਦ ਕੁਲ ਦਾ ਨਾਮ ਡੋਬਣ ਲੱਗਾ ਹੈ ਤੇ ਰਾਜਪੂਤ ਜਾਤੀ ਕਲੰਕਤ ਕਰਨ ਲੱਗਾ ਹੈ।

ਪਦਮੰਤੀ-ਕੁਛ ਸੰਦੇਹ ਨਹੀਂ।...ਪਰ ਪਿਤਾ ਜੀ! ਮੈਂ ਸੁਣਦੀ ਹਾਂ ਕਿ ਗੁਰੂ ਜੀ ਰਾਜ-ਰਿਖੀ ਹਨ, ਸਗੋਂ ਕਈ ਬ੍ਰਾਹਮਣ ਆਖਦੇ ਹਨ ਕਿ ਕਲਜੁਗ ਵਿਚ ਇਕ ਅਵਤਾਰ ਨੇ ਦਸ ਰੂਪਾਂ ਵਿਚ ਆਉਣਾ ਹੈ, ਉਹ ਏਹੀ ਹਨ। ਅਵਤਾਰ ਤਾਂ ਅੰਤਰਯਾਮੀ ਹੁੰਦਾ ਹੈ, ਉਹ ਪਰਮੇ ਦਾ ਭੁਲੇਖਾ ਕਿਵੇਂ ਖਾ ਗਏ?

ਰਾਜਾ-ਮੈਨੂੰ ਧਰਮ ਦੀ ਤਾਂ ਸੋਝੀ ਨਹੀਂ, ਪਰ ਪਿਛਲੇ ਜੰਗਾਂ ਤੇ ਗੁਰੂ ਜੀ ਦੇ ਆਮ ਵਤੀਰਿਆਂ ਤੋਂ ਮੈਂ ਇਹ ਸਮਝਦਾ ਹਾਂ ਕਿ ਉਹ ਕਿਸੇ ਭੁਲੇਖੇ ਵਿਚ ਆਉਣ ਵਾਲੇ ਨਹੀਂ। ਓਹ ਬੜੇ ਲੰਮੇ ਚੌੜੇ ਤੇ ਖੁੱਲ੍ਹੇ ਦਿਲ ਵਾਲੇ ਹਨ। ਉਨ੍ਹਾਂ ਨੂੰ ਕੋਈ ਠੱਗੇ ਤਾਂ ਠੱਗੀਕੇ ਤਾੜ ਲੈਂਦੇ ਹਨ ਤੇ ਫੇਰ ਠਗੀਂਦੇ ਹਨ। ਅਗਲਾ ਸਮਝਦਾ ਹੈ ਕਿ ਮੈਂ ਠੱਗ ਲਿਆ ਹੈ, ਤੇ ਉਹ ਠਗੀਕੇ, ਪਰ ਸਭ ਕੁਝ ਸਮਝਦੇ ਹੋਏ ਅਨਭੋਲ ਰਹਿੰਦੇ ਹਨ ਤੇ ਮਾਫੀ ਦੇ ਘਰ ਵਸਦੇ ਹਨ।

ਪਦ:-ਇਸ ਤਰ੍ਹਾਂ ਰਾਜ ਪ੍ਰਬੰਧ ਤਾਂ ਨਹੀਂ ਨਿਭਦੇ।

ਰਾਜਾ-ਸਗੋਂ ...ਭਲਾ, ਨਾਲੇ ਬੇਟਾ! ਉਹ ਰਾਜੇ ਨਹੀਂ ਨਾ; ਉਹ ਧਰਮ ਦੇ ਆਗੂ ਹੋਏ। ਕ੍ਰੋੜ ਤੋਂ ਵਧੀਕ ਆਦਮੀ ਉਨ੍ਹਾਂ ਨੂੰ ਅਵਤਾਰ ਮੰਨਦੇ ਹੋਏ। ਉਨ੍ਹਾਂ ਵਿਚ ਅਵਤਾਰ, ਰਾਜ਼ਾ, ਜੋਧਾ, ਨੀਤੀਵੇਤਾ, ਸਾਰੇ ਗੁਣ ਹੋਏ ਨਾ।

ਪਦਮਾ-ਅੱਜ ਆਪ ਉਨ੍ਹਾਂ ਦੀਆਂ ਤਾਰੀਫਾਂ ਕਰ ਰਹੇ ਹੋ?

ਰਾਜਾ-ਬੇਟਾ, ਲੜਾਈ ਹੋਰ ਗੱਲ ਹੈ, ਪਰ ਸੱਚ ਸੱਚ ਹੈ। ਮੈਂ ਉਨ੍ਹਾਂ ਦੇ ਜੰਗ ਕਰਨੇ ਚੰਗੇ ਨਹੀਂ ਸਮਝਦਾ, ਇਸ ਕਰਕੇ ਨਹੀਂ ਕਿ ਉਨ੍ਹਾਂ ਦਾ ਆਦਰਸ਼ ਗ਼ਲਤ ਹੈ, ਪਰ ਇਸ ਕਰਕੇ ਕਿ ਉਨ੍ਹਾਂ ਦਾ ਤੇ ਸਾਡਾ ਵਿਤ ਲੜਨ ਦਾ ਨਹੀਂ ਹੈ।

ਪਦਮਾ-ਨਿਸ਼ਾਨਾ ਕਿਵੇਂ ਠੀਕ ਹੈ?

ਰਾਜਾ-ਪੁੱਤਰੀ! ਉਨ੍ਹਾਂ ਦਾ ਆਦਰਸ਼ ਹੈ ਕਿ ਦੇਸ਼ ਵਿਚੋਂ ਜ਼ੁਲਮ ਦੂਰ ਹੋਵੇ।

ਪਦਮਾ-ਉਨ੍ਹਾਂ ਨੂੰ ਕੀਹ?

ਰਾਜਾ-ਪਾਤਸ਼ਾਹ ਧਰਮ ਵਿਚ ਦਖਲ ਦੇ ਰਹੇ ਹਨ। ਲੋਕਾਂ ਨੂੰ ਮੱਲੋ ਮੱਲੀ ਆਪਣੇ ਦੀਨ ਵਿਚ ਲੈ ਜਾ ਰਹੇ ਹਨ। ਗੁਰੂ ਜੀ ਦੇ ਪਿਤਾ ਗੁਰੂ ਨੇ ਪਾਤਸ਼ਾਹ ਨੂੰ ਪੱਤ੍ਰਕਾ ਲਿਖਕੇ ਫੇਰ ਜ਼ੁਬਾਨੀ ਮਿਲ ਕੇ ਸਮਝਾਇਆ ਸੀ ਕਿ ਆਪ ਧਰਮ ਵਿਚ ਧੱਕਾ

ਨਾ ਵਰਤੋ। ਉਸ ਨੇ ਗੁਰੂ ਜੀ ਨੂੰ ਕਤਲ ਕਰਵਾ ਦਿਤਾ। ਹੁਣ ਗੁਰੂ ਗੋਬਿੰਦ ਸਿੰਘ ਜੀ ਦਾ ਯਤਨ ਇਹ ਹੈ ਕਿ ਅਸੀਂ ਸਾਰੇ ਰਾਜੇ ਕੱਠੇ ਹੋ ਕੇ ਤੇ ਪਰਜਾ ਮਿਲ ਕੇ ਪਾਤਸ਼ਾਹ ਨੂੰ ਮਨਾ ਲਈਏ ਜਾਂ ਉਨ੍ਹਾਂ ਦੇ ਰਾਜ ਦੀ ਸਮਾਪਤੀ ਕਰ ਦੇਈਏ।

ਪਦਮਾ (ਅਚਰਜ ਹੋਕੇ)-ਇਹ ਤਾਂ ਬੜਾ ਉਤਮ ਖਿਆਲ ਹੈ। ਐਸੇ ਮਹਾਂ ਪੁਰਖ ਨਾਲ ਤਾਂ ਵੈਰ ਨਹੀਂ ਚਾਹੀਦਾ।

ਰਾਜਾ-ਠੀਕ ਹੈ, ਪਰ ਮੇਰਾ ਖਿਆਲ ਵੈਰ ਦਾ ਨਹੀਂ। ਮੇਰਾ ਖਿਆਲ ਕੇਵਲ ਇਹ ਹੈ ਕਿ ਅਸੀਂ ਨਿਰਬਲ ਹੋ ਚੁਕੇ ਹਾਂ, ਨਾ ਬਾਹਾਂ ਵਿਚ ਬਲ ਹੈ, ਨਾ ਦਿਲਾਂ ਵਿਚ ਆਪਾ ਵਾਰਨ ਦਾ ਸਾਹਸ ਹੈ। ਅਸਾਂ ਆਪਣੇ ਰਾਜ ਬਰਬਾਦ ਕਰਾ ਲੈਣੇ ਹਨ ਤੇ ਬਣਨਾ ਕੁਛ ਨਹੀਂ, ਤੇ ਗੁਰੂ ਜੀ ਨੂੰ ਆਪਣੇ ਧਰਮ ਧੁਰੰਧਰ ਹੋਣ ਦਾ ਖਿਆਲ ਹੈ ਯਾ ਖ਼ਬਰੇ ਮਾਣ ਹੈ, ਮੈਂ ਕਹਿ ਨਹੀਂ ਸਕਦਾ, ਉਹ ਸੁਣਿਆ ਹੈ ਕਹਿੰਦੇ ਹਨ: ਚਿੜੀਆਂ ਕੋਲੋਂ ਬਾਜ ਤੁੜਾਵਾਂਗੇ।

ਪਦਮਾ-ਫੇਰ ਸਾਡੇ ਰਾਜੇ ਗੁਰੂ ਜੀ ਨਾਲ ਵੈਰ ਛੱਡ ਦੇਣ ਤੇ ਮਦਦ ਬੀ ਨਾ ਦੇਣ, ਉਹ ਜੋ ਚੰਗਾ ਸਮਝਣ ਕਰੀ ਜਾਣ। ਇਹ ਕਿਉਂ ਕਰਦੇ ਹਨ ਕਿ ਇਕ ਭਲਾ ਸੋਚਣ ਵਾਲੇ ਦਿਮਾਗ਼ ਦੇ ਰਸਤੇ ਵਿਚ ਧੂੰਆਂ ਖਲੇਰਦੇ ਹਨ?

ਰਾਜਾ-ਇਹੋ ਤਾਂ ਗੱਲ ਹੈ ਨਾ ਲੜਨ ਭਿੜਨ ਦੀ ਉੱਪਰੋਂ ਉੱਪਰੋਂ। ਅਸਲ ਵਿਚ ਉਨ੍ਹਾਂ ਨੂੰ ਉੱਤੋਂ ਉਸ਼ਕਲ* ਮਿਲਦੀ ਹੈ (ਸ਼ਹਿਨਸ਼ਾਹ ਵਲੋਂ) ਕਿ ਵਾਂਸ ਆਪੋ ਵਿਚ ਰਗੜਾਂ ਖਾਣ, ਤੇ ਸਾਡੇ ਭਰਾ ਸਮਝਦੇ ਨਹੀਂ, ਪਏ ਐਵੇਂ ਚੌਥੇ ਦਿਨ ਗੁਰੂ ਜੀ ਨਾਲ ਛੇੜ ਛਾੜ ਕਰਕੇ ਲੜਦੇ ਹਨ ਤੇ ਆਉਂਦੇ ਹਨ ਮੂੰਹ ਦੀ ਖਾ ਕੇ। ਗੁਰੂ ਜੀ ਨੇ ਧਰਮ ਦੇ ਜੋਸ਼ ਤੇ ਪਿਆਰ ਵਾਲੇ ਜੋਧੇ ਪੈਦਾ ਕੀਤੇ ਹਨ, ਜੋ ਸਿਰ ਤਲੀ ਤੇ ਧਰਕੇ ਲੜਦੇ ਹਨ, ਉਨ੍ਹਾਂ ਦਾ ਟਾਕਰਾ ਖੇਲ ਨਹੀਂ। ਮੈਂ ਤਾਂ ਅੱਖੀਂ ਵੇਖ ਚੁਕਾ ਹਾਂ।

ਪਦਮਾ-ਫੇਰ ਬੀਬੇ ਪਿਤਾ ਜੀ! ਤੁਸੀਂ ਜਦ ਸਮਝ ਗਏ ਹੋ ਕਿ ਗੁਰੂ ਜੀ ਦਾ ਮੰਤਵ ਪਰਉਪਕਾਰ ਦਾ ਹੈ, ਤਦ ਤੁਸੀਂ ਤਾਂ ਹੁਣ ਨਾ ਲੜਨਾ।

ਰਾਜਾ-ਮੈਨੂੰ ਪਹਿਲਾਂ ਸ਼ੱਕ ਸੀ ਕਿ ਗੁਰੂ ਜੀ ਆਪਣਾ ਰਾਜ ਬੰਨ੍ਹਣਗੇ, ਪਰ ਹੁਣ ਮੈਨੂੰ ਤਸੱਲੀ ਹੈ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਤ੍ਰਿਸ਼ਨਾ ਨਹੀਂ ਹੈ। ਉਹ ਇਕ ਧਰਮ ਜੋਸ਼ ਵਿਚ-ਮੈਂ ਕਹਾਂਗਾ ਕਿ-ਹਨ ਅਰ ਦੱਸਦੇ ਹਨ ਕਿ: "ਮੈਂ ਪਰਮੇਸ਼ੁਰ ਵਲੋਂ ਆਇਆ ਹਾਂ ਤੇ ਸ੍ਰਿਸ਼ਟੀ ਦਾ ਉਧਾਰ ਕਰਾਂਗਾ", ਇਸ ਕਰਕੇ ਮੈਂ ਵੈਰ ਛੱਡ ਦਿੱਤਾ ਹੈ।

ਪਦਮਾ-ਫੇਰ ਤੁਸੀਂ ਲੜਸੋ ਕਿ ਨਾ?

ਰਾਜਾ-ਮੈਂ ਤਾਂ ਨਹੀਂ ਲੜਨ ਲੱਗਾ, ਪਰ ਜੇ ਭਾਈਚਾਰੇ ਜਾਂ ਪਾਤਸ਼ਾਹ ਨੇ ਅੰਗੂਠ ਗਲ ਦਿੱਤਾ ਤਾਂ ਬੁਤ ਬਣਕੇ ਚਲਾ ਜਾਇਆ ਕਰਾਂਗਾ।

ਪਦਮਾ-ਇਹ ਵੀ ਕਿਉਂ? ਪਿਤਾ ਜੀਉ! ਜੇ ਪਤਾ ਲੱਗਾ ਗਿਆ ਕਿ ਜਾਣਾ ਧਰਮ ਨਹੀਂ ਤਾਂ ਕਿਉਂ?

ਰਾਜਾ-ਠੀਕ ਹੈ ਬੇਟਾ! ਮੇਰੀ ਪੰਡਿਤਾ ਪੁਤ੍ਰੀ! ਠੀਕ ਹੈ,,ਪਰ ਰਾਜਨੀਤੀ ਕਈ ਗੱਲਾਂ ਵਿਚ ਬੰਨ੍ਹ ਕੇ ਸੱਟ ਦਿੰਦੀ ਹੈ। ਮੈਂ ਬੜਾ ਯਤਨ ਕਰਾਂਗਾ ਕਿ ਮੇਰੀ ਤਲਵਾਰ ਗੁਰੂ ਜੀ ਦੇ ਵਿਰੁਧ ਨਾ ਚਮਕੇ।

ਪਦਮਾ-ਸੱਚੀਂ ਹੁਣ ਤਾਂ ਨਾਲੇ ਤੁਸਾਂ ਦੱਸਿਆ ਹੈ ਕਿ ਅਜਮੇਰ ਚੰਦ ਨੇ ਸੁਲ੍ਹਾ ਕਰ ਲਈ ਹੈ।

ਰਾਜਾ-ਸੁਲ੍ਹਾ ਤਾਂ ਮੈਂ ਦੱਸੀ ਹੈ ਨਾ ਕਿ ਦਿਖਾਵਾ ਹੈ ਤੇ ਹੁਣ ਹੋਰ ਵੱਡਾ ਦਿਖਾਵਾ ਹੋ ਰਿਹਾ ਹੈ ਕਿ ਕਿਵੇਂ ਸਾਰੇ ਰਾਜੇ ਤੇ ਗੁਰੂ ਜੀ ਇਕੱਠੇ ਹੋ ਜਾਣ ਤੇ ਸਭ ਨਾਲ ਸੁਲ੍ਹਾ ਦਾ ਦਿਖਾਵਾ ਪੂਰਾ ਹੋ ਜਾਵੇ। ਇਸ ਗੱਲ ਲਈ ਰਾਜੇ ਗੁਰੂ ਦੁਆਰੇ ਜਾਣ ਲਈ ਤਿਆਰ ਨਹੀਂ ਤੇ ਗੁਰੂ ਜੀ ਕਿਸੇ ਰਾਜਗ੍ਰਿਹ ਕਿਸੇ ਮਤਲਬ ਲਈ ਤੁਰਕੇ ਆਉਣ ਨੂੰ ਤਿਆਰ ਨਹੀਂ। ਸੋ ਪਰਮਾ ਯਤਨ ਕਰ ਰਿਹਾ ਹੈ, ਕਰ ਰਿਹਾ ਕੀ, ਕਰ ਲਿਆ ਸੂ ਕਿ ਗੁਰੂ ਜੀ ਰਵਾਲਸਰ ਆਉਣਗੇ, ਇਧਰੋਂ ਸਾਰੇ ਰਾਜੇ ਤੀਰਥ ਇਸ਼ਨਾਨ ਦੇ ਬਹਾਨੇ ਜਾਣਗੇ, ਸੁਤੇ ਇਕੱਠ ਹੋ ਜਾਏਗਾ ਤੇ ਪਰਸਪਰ ਮੇਲ ਦਾ ਸਮਾਂ ਬਣ ਜਾਏਗਾ।

ਪਦਮਾ (ਅਸਚਰਜ ਹੋਕੇ)-ਗੁਰੂ ਜੀ ਤੀਰਥ ਪਰ ਆਉਣਗੇ? ਉਹ ਤਾਂ ਸੁਣਿਆਂ ਹੈ ਕਿ ਤੀਰਥਾਂ ਦੀ ਫੋਕੀ ਯਾਤ੍ਰਾ ਨੂੰ ਮੁਕਤੀ ਦਾਤਾ ਨਹੀਂ ਮੰਨਦੇ?

ਰਾਜਾ-ਪਰਮਾ ਜੂ ਉੱਥੇ ਹੈ, ਉਸ ਨੇ ਮਨਾ

*ਉਹਲੇ ਰਹਿਕੇ ਜੋ ਪ੍ਰੇਰਨਾ ਕੀਤੀ ਜਾਏ ਕਿਸੇ ਨਾਲ ਸ਼ਰਾਰਤ ਕਰਨ ਦੀ।

ਲਿਆ ਹੈ। ਤੁਹਾਨੂੰ ਪਤਾ ਹੈ ਕਿ ਰਵਾਲਸਰ ਪੱਥਰ ਪਾਣੀ ਪੁਰ ਤਰਦੇ ਹਨ, ਇਹ ਦੱਸਕੇ ਪਰਮੇ ਨੇ ਸਿੱਖਾਂ ਵਿਚ ਦੇਖਣ ਦੀ ਹੈਰਾਨੀ ਉਤਪਤ ਕਰ ਦਿੱਤੀ ਹੈ। ਗੁਰੂ ਜੀ ਨੂੰ ਰਾਜਿਆਂ ਪ੍ਰਤੀ ਉਪਦੇਸ਼ ਤੇ ਯਾਤਰੂਆਂ ਨੂੰ ਸੱਤਿ ਮਾਰਗ ਲਾਉਣ ਦਾ ਅਵਸਰ ਦੱਸਕੇ ਪ੍ਰੇਰਿਆ ਹੈ।

ਪਦਮਾ-ਕੀ ਗੁਰੂ ਜੀ ਪਰਮੇ ਦੇ ਮਨੋਰਥ ਨੂੰ ਸਮਝਦੇ ਨਹੀਂ ਹੋਣਗੇ?

ਰਾਜਾ-ਮੈਂ ਕੀ ਕਹਿ ਸਕਾਂ, ਪਰ ਜੋ ਕੁਛ ਮੈਂ ਡਿੱਠਾ ਤੇ ਸੁਣਿਆ ਹੈ ਜ਼ਰੂਰ ਗੁਰੂ ਜੀ ਸਮਝਦੇ ਹੋਣਗੇ, ਸਗੋਂ ਮੈਨੂੰ ਤਾਂ ਕਿਸੇ ਦੱਸਿਆ ਹੈ ਕਿ ਉਨ੍ਹਾਂ ਦੇ ਤਬੇਲੇ ਦੇ ਸਰਦਾਰ ਨੇ ਪਰਮੇ ਦੀ ਚਾਲ ਦੱਸ ਦਿੱਤੀ ਹੈ ਤੇ ਇਹ ਵਾਕ ਜੋ ਉਸ ਨੇ ਆਖਿਆ ਹੈ ਸਿੱਖਾਂ ਦੇ ਮੂੰਹ ਚੜ੍ਹਿਆ ਹੋਇਆ ਹੈ:-

ਜੋ ਕਰੇਗਾ ਸੋ ਭਰੇਗਾ। ਗੁਰੂ ਜੀ ਦਾ
ਕੀ ਹਰੇਗਾ। ਸੇਵਕ ਤੋਂ ਕਾਰਜ ਸਰੇਗਾ।
ਦੁਸ਼ਮਨ ਦੋਖੀ ਮਰੇਗਾ*।

ਤੇ ਗੁਰੂ ਜੀ ਦਾ ਉਤਰ ਬੀ ਸੁਣਿਆ ਹੈ:-

ਘੋੜੇ ਦੀ ਸੇਵਾ ਕਰ। ਜੋ ਹੋਵੇਗੀ ਸੋ ਜਰ।
ਰਖੇਗਾ ਗੁਰੂ ਆਪਣਾ ਘਰ*।

ਪਦਮਾ-ਇਸ ਤੋਂ ਜਾਪਦਾ ਹੈ ਕਿ ਉਹ ਪੂਰੀ ਤਿਆਰੀ ਕਰਕੇ ਆਉਣਗੇ।

ਰਾਜਾ-ਠੀਕ ਹੈ ਬੇਟਾ! ਤੁਸਾਂ ਠੀਕ ਸਮਝਿਆ ਹੈ। ਉਹ ਆਉਣਗੇ ਪਰ ਇਸ ਤਰ੍ਹਾਂ ਤਿਆਰ ਆਉਣਗੇ ਕਿ ਕਿਸੇ ਜਾਲ ਵਿਚ, ਧੋਖੇ ਵਿਚ ਆਕੇ ਸੱਟ ਨਹੀਂ ਖਾਣਗੇ। ਮਿਲਣਗੇ ਤੇ ਪਿਆਰ ਨਾਲ ਮਿਲਣਗੇ, ਆਤਮ ਦਾਨ ਕਰਨਗੇ, ਰਾਜਨੀਤਕ ਮਤਾਂ ਭੀ ਦੇਣਗੇ।

ਪਦਮਾ-ਫੇਰ, ਪਿਤਾ ਜੀ! ਤੁਸੀਂ ਉਨ੍ਹਾਂ ਨੂੰ ਹੋਰ ਨਹੀਂ ਤਾਂ ਭਲੇ ਤੇ ਉਪਕਾਰੀ ਤਾਂ ਜ਼ਰੂਰ ਮੰਨਦੇ ਹੋ!

ਰਾਜਾ-ਸੱਚ ਤਾਂ ਇਹੋ ਹੈ।

ਪਦਮਾ-ਕੀ ਰਵਾਲਸਰ ਸਾਰੇ ਰਾਜੇ ਆਉਣਗੇ?

ਰਾਜਾ-ਸਾਰੇ।

ਪਦਮਾ-ਆਪ ਬੀ ਚੱਲੋਗੇ?

ਰਾਜਾ-ਜ਼ਰੂਰ।

ਪਦਮਾ-ਮੈਨੂੰ ਬੀ ਲੈ ਚੱਲੋਗੇ?

ਰਾਜਾ-ਤੇਰੀ ਮਾਤਾ ਤੇ ਤੈਨੂੰ ਦੋਹਾਂ ਨੂੰ ਲੈ ਚੱਲਾਂਗੇ। ਪਰ ਤੂੰ ਵਿਦਵਾਲ ਬਹੁਤ ਹੈਂ ਉਧਰ ਗੁਰੂ ਜੀ ਭਾਰੇ ਪੰਡਿਤ ਸੁਣੀਂਦੇ ਹਨ, ਕਿਤੇ ਸਿਖੀ ਨਾ ਧਾਰ ਆਵੀਂ।

ਪਦਮਾ-ਮੈਂ ਇਸ ਵੇਲੇ ਤਕ ਪੜ੍ਹ ਸੁਣਕੇ 'ਅਗਜ*' ਹਾਂ, ਮੈਂ ਨਹੀਂ ਜਾਣਦੀ ਕਿ 'ਸਤਜ' ਕੀ ਹੈ। ਮੈਂ ਨਾਸਤਕ ਨਹੀਂ, ਪਰ ਮੈਂ ਜਾਣਦੀ ਬੀ ਨਹੀਂ। ਜਿਸ ਬੁਢੇ ਵਿਦਵਾਨ ਨੇ ਮੈਨੂੰ ਪੜ੍ਹਾਇਆ ਹੈ, ਕਹਿੰਦਾ ਹੁੰਦਾ ਸੀ ਸਭ ਵਾਕਜ ਰਚਨਾ ਹੈ। ਜੋ ਕੁਛ ਭੀ ਕਿਤੇ ਚੰਗਾ ਭਾਸਦਾ ਹੈ, ਉਹ ਖੋਜ ਕਰਨ ਨਾਲ ਉੱਚ 'ਵਾਕਜ ਰਚਨਾ' ਦੀ ਪ੍ਰਬਲਤਾ ਨਿਕਲਦੀ ਹੈ, ਯਥਾਰਥ ਵਿਚ ਕੋਈ ਪ੍ਰਬਲਤਾ ਨਜ਼ਰ ਨਹੀਂ ਪੈਂਦੀ। ਸੋ ਉਸ ਦੀ ਇਹ ਸਿਖਜਾ ਸਿਖਾਈ ਹੋਈ ਹੈ ਤੇ ਆਸ ਨਹੀਂ ਕਿ ਮੈਂ ਕਿਤੇ ਫਸੌਤੀ ਖਾਵਾਂ, ਪਰ ਕਹੀ ਨਹੀਂ ਜਾਂਦੀ। ਮੈਂ ਆਪੂੰ ਖੋਜ ਕਰਨੀ ਹੈ ਅਜੇ। ਸੋ ਇਹ ਲਾਲਸਾ ਬੜੀ ਹੈ ਕਿ ਦਰਸ਼ਨ ਕਰਾਂ, ਕਿਉਂਕਿ ਗੱਲਾਂ ਅਚਰਜ ਤੋਂ ਅਚਰਜ ਸੁਣੀਦੀਆਂ ਹਨ। ਮੁਸਲਮਾਨ ਪੀਰ, ਹਿੰਦੂ ਪੰਡਤ ਤੇ ਆਚਾਰਯ, ਕਵੀ ਤੇ ਸ਼ਾਇਰ, ਸਭ ਆਪ ਦੇ ਮਗਰ ਭੌਰੇ ਹੋ ਰਹੇ ਹਨ, ਤੇ ਵਧੇਰੇ ਮੈਨੂੰ ਉਨਾਂ ਦਾ ਇਹ ਉਮਾਹ ਹੈਰਾਨ ਕਰਦਾ ਹੈ ਕਿ ਸੰਸਕ੍ਰਿਤ ਤੇ ਫਾਰਸੀ ਅਰਬੀ ਪੁਸਤਕਾਂ ਦੇ ਟੀਕੇ ਹੋ ਰਹੇ ਹਨ, ਪੰਡਤ ਕਵੀ ਤੇ ਆਲਮਾਂ ਦੀ ਸਭਾ ਲਗਦੀ ਹੈ। ਧਰਮ ਧੁਰੰਧਰ ਦੇ ਨਾਲ ਵਿਦਜਾ ਧੁਰੰਧਰ ਬੀ ਹੈਨ। ਇਸ ਧਰਮ ਤੇ ਵਿਦਜਾ ਦੇ ਨਾਲ ਫੇਰ ਸਲਤਨਤ ਮੁਗਲੀਆ ਦੀ ਸਮਾਪਤੀ ਦਾ ਸੁਪਨਾ ਲੈ ਰਹੇ ਹਨ ਤੇ ਹੈਨ ਫਕੀਰ, ਅਕਾਸ਼ੀ ਬਿਰਤਿ, ਆਈ ਚਲਾਈ। ਉਹ ਦਿਮਾਗ਼ ਕੀ ਹੋਵੇਗਾ, ਜਿਸ ਵਿਚ ਇਸ ਪ੍ਰਬਲ ਰਾਜ ਦੇ ਪ੍ਰਾਜਯ ਕਰ ਦੇਣ ਦਾ ਖਿਆਲ ਵੱਸਦਾ ਹੈ। ਖਿਆਲ ਹੀ ਨਹੀਂ, ਜਿਸ ਤੋਂ ਠਾਹ ਠਾਹ ਹੋ ਰਹੀ ਹੈ ਤੇ ਅੱਜ ਆਪ ਨੇ ਦੱਸਿਆ ਹੈ ਕਿ

*ਸੌ ਸਾਖੀ ਤੇ ਗੁ: ਪ੍ਰ: ਸੂਰਜ।

*ਅਨਜਾਣ।

ਉਨ੍ਹਾਂ ਵਿਚ ਤ੍ਰਿਸ਼ਨਾ ਨਹੀਂ, ਉਪਕਾਰ ਦਾ ਇੰਦੀਆ ਹੈ।...ਪਰ ਹਾਂ, ਮੇਰੇ ਜਾਣ ਵੱਲੋਂ ਆਪ ਵਿਚਾਰ ਲਓ, ਜੇ ਕੁਛ ਡਰ ਹੋਵੇ ਤਾਂ ਮੈਂ ਨਹੀਂ ਜਾਂਦੀ।

ਰਾਜਾ-ਨਹੀਂ, ਡਰ ਕਾਹਦਾ ਹੈ, ਉਹ ਧਰਮ ਧੁਰੰਧਰ ਹਨ। ਇਤਨੇ ਜੰਗ ਆਪ ਨੇ ਕੀਤੇ ਹਨ ਪਰ ਕਦੇ ਧਰਮ ਤੇ ਧਰਮ-ਜੰਨਜ ਨੀਤੀ ਨੂੰ ਆਪਣੇ ਹੱਥੋਂ ਨਹੀਂ ਛੱਡਿਆ। ਮੈਂ ਤਾਂ ਕੇਵਲ ਉਨ੍ਹਾਂ ਦੇ ਇਰਾਦੇ ਦੀ ਸਫਲਤਾ ਹੁੰਦੀ ਨਹੀਂ ਵੇਖਦਾ ਤੇ ਇਸ ਕਰਕੇ ਪਰੇ ਰਹਿੰਦਾ ਹਾਂ।...ਬੇਟਾ! ਤੇਰੀ ਮਾਤਾ ਕਿੱਥੇ ਹੈ?

ਪਦਮਾ-ਪਿਤਾ ਜੀ! ਅਜ ਸਿਰ ਪੀੜ ਫੇਰ ਹੋ ਗਈ ਨੇ ਤੇ ਵੈਦ ਜੀ ਨੇ ਕੈਆਂ ਕਰਵਾਕੇ ਕੋਈ ਔਸ਼ਧੀ ਪਿਲਾਕੇ ਸੁਆ ਦਿਤਾ ਹੈ।

ਰਾਜਾ-ਅੱਛਾ ਬੇਟਾ! ਭੋਜਨ ਆਵੇ, ਤੁਸੀਂ ਬੀ ਭੁੱਖੇ ਬੈਠੇ ਹੋ!

ਇਹ ਕਹਿਕੇ ਰਾਜਾ ਜੀ ਆਪਣੇ ਅਸ਼ਨਾਨ ਦੇ ਕਮਰੇ ਵਿਚ ਗਏ, ਤੇ ਪਦਮਾ ਜੀ ਲਾਂਗਰੀਆਂ ਨੂੰ ਭੋਜਨ ਦਾ ਹੁਕਮ ਦੇਣ ਚਲੇ ਗਏ।

੨.

ਅੰਮ੍ਰਿਤ ਵੇਲਾ; ਚੁਪ ਚਾਨ, ਅਡੋਲ ਟਿਕਾਉ, ਚੰਦ ਦੀ ਮਧਮ ਚਾਂਦਨੀ ਹੈ। ਪਦਮਾ ਦੇ ਬੂਹੇ ਤੇ ਹੌਲੇ ਹੌਲੇ ਤ੍ਰੈ ਟਕੋਰਾਂ ਵੱਜੀਆਂ, ਪਦਮਾ ਉੱਠੀ, ਬੂਹਾ ਖੋਲ੍ਹਿਆ, ਸਨਿੱਕੋ ਸਖੀ ਅੰਦਰ ਆਈ।

ਸਨਿੱਕੋ (ਹੌਲੇ ਜਿਹੇ)-ਜੈ ਹੋ ਸ੍ਰੀ ਰਾਜ ਰਾਜੇਸ਼੍ਵਰੀ! ਵੇਲਾ ਹੋ ਗਿਆ ਨੇ।

ਪਦਮਾ-ਕੀਹ ਵੇਲਾ ਹੈ?

ਸਨਿੱਕੋ-ਤ੍ਰਿਪਹਿਰਾ ਵਜੇ ਨੂੰ ਚਿਰ ਹੋ ਗਿਆ ਹੈ।

ਪਦਮਾ-ਸਭ ਸਮਿਆਨ ਠੀਕ ਹੈ?

ਸਨਿੱਕੋ-ਜੀ ਹਾਂ!

ਪਦਮਾ-ਸਨਿੱਕੋ! ਕੀ ਓਹ ਏਥੇ ਮੂਲੋਂ ਨਹੀਂ ਆ ਸਕਦੇ।? ਮੇਰਾ ਜੀ ਕੁਛ ਡਰਦਾ ਹੈ। ਦੇਖੇ ਨੇ! ਬਾਹਰ ਮੱਧਮ ਚਾਂਦਨੀ ਦੇ ਹੇਠਾਂ ਬੂਟਿਆਂ ਦੇ ਪਰਛਾਵੇਂ, ਮਾਨੋਂ ਸਹਿਮ ਦੇ ਬੁਤ ਖੜੇ ਹਨ।

ਸਨਿੱਕੋ-ਕੋਈ ਡਰ ਨਹੀਂ, ਆਪਣੇ ਹੀ ਮਨ ਦਾ ਭਰਮ ਹੈ ਕਿ ਹੋਰ ਕੀ ਹੈ?

ਪਦਮਾ-ਮਨ ਦਾ ਭਰਮ ਤਾਂ ਫਿਰ ਇਹ ਬੀ ਹੈ ਕਿ ਮਤਾਂ ਗੱਲ ਖੁੱਲ੍ਹ ਜਾਏ, ਤੇ ਮੇਰੀ ਪਤ ਅਬਰੋ...।

ਸਨਿੱਕੋ-ਸੁਆਮਣੀ ਜੀ! ਖਫ਼ੇ ਨਹੀਂ ਹੋਣਾ, ਮੇਰੀ ਜਾਚੇ ਬਹੁਤਾ ਪੜ੍ਹਕੇ ਭੈ ਅਤੇ ਭਰਮ ਵਧ ਜਾਂਦਾ ਹੈ।

ਪਦਮਾ (ਮੁਸਕ੍ਰਾ ਕੇ)-ਕੁਛ ਹੈ ਤਾਂ ਠੀਕ, ਆਖਦੇ ਹਨ, ਫੌਜਾਂ ਵਿਚ ਪੰਡਤਾਂ ਦੇ ਤੰਬੂ ਜ਼ਨਾਨੀਆਂ ਦੇ ਡੇਰਿਆਂ ਕੋਲ ਲਗਦੇ ਹਨ।

ਸਨਿੱਕੋ-ਖ਼ੈਰ, ਪਰ ਏਨੀਂ ਗੱਲ ਤਾਂ ਜ਼ਰੂਰ ਹੈ ਕਿ ਪੜ੍ਹਕੇ 'ਛਾਲ ਮਾਰਵਾਂ ਹੀਆ' ਤੇ 'ਉੱਦਮ' ਸਿੱਲ੍ਹ ਜਾਂਦੇ ਹਨ।

ਪਦਮਾ (ਸੋਚਕੇ)-ਐਉਂ ਨਹੀਂ, ਵਿਚਾਰ ਸ਼ਕਤੀ ਵਧ ਜਾਂਦੀ ਹੈ, ਤੇ ਉਹ ਹਰ ਗੱਲ ਦੇ ਨਫ਼ੇ ਘਾਟੇ ਵਿਚਾਰਕੇ ਜੋਖਣ ਲੱਗ ਪੈਂਦੀ ਹੈ, ਐਉਂ ਜੋਖਦਿਆਂ ਤੇ ਸਿੱਟੇ ਕਢਦਿਆਂ ਢਿੱਲ ਪੈਂਦੀ ਹੈ, ਤੇ ਕਈ ਵੇਰ ਸਿੱਟਾ ਕੱਢਣਾ ਕਠਨ ਹੋ ਜਾਂਦਾ ਹੈ। ਲੋਕੀਂ ਖਿਆਲ ਕਰਦੇ ਹਨ ਕਿ ਪੜ੍ਹੇ ਹੋਏ ਢਿੱਲੇ ਹੋ ਜਾਂਦੇ ਹਨ।

ਸਨਿੱਕੋ-ਮੈਂ ਭੀ ਤਾਂ ਇਹੋ ਆਖਿਆ ਹੈ ਕਿ ਛਾਲ-ਮਾਰਵਾਂ ਹੀਆ ਘਟ ਜਾਂਦਾ ਹੈ!

ਪਦਮਾ-ਪਰ ਇਸ ਦਾ ਅਰਥ ਇਹ ਹੈ ਕਿ ਅੰਦਰ ਸੋਚ ਦਾ ਮੰਡਲ ਵਧ ਜਾਂਦਾ ਹੈ, ਨਾ ਕਿ ਨਿਤਾਣਪੁਣਾ।

ਸਨਿੱਕੋ-ਨਿਰੀ ਵਿਚਾਰ ਸ਼ਕਤੀ ਹੀ ਨਹੀਂ ਨਾ ਵਧਦੀ, ਜੀਕੂੰ ਜਿਉਂ ਜਿਉਂ ਤੁਸੀਂ ਲੰਮੇ ਹੋਏ ਤਿਉਂ ਤਿਉਂ ਤੁਸਾਡਾ ਪਰਛਾਵਾਂ ਵੀ ਲੰਮਾ ਹੁੰਦਾ ਗਿਆ, ਇਸੇ ਤਰ੍ਹਾਂ ਜਿਉਂ ਜਿਉਂ ਵਿਚਾਰ ਸ਼ਕਤੀ ਵਧਦੀ ਹੈ ਤਿਉਂ ਤਿਉਂ ਨਾਲ 'ਸ਼ੱਕ ਦਾ ਮਾਦਾ' ਬੀ ਵਧਦਾ ਜਾਂਦਾ ਹੈ। ਵਿਚਾਰ ਸ਼ਕਤੀ ਵਿਚ ਨਿਤਾਣਪੁਣਾ ਨਹੀਂ ਹੈ, ਪਰ 'ਸ਼ੱਕ ਦੇ ਪਰਛਾਵੇਂ' ਵਿਚ ਤਾਂ ਕਮਜ਼ੋਰੀ ਦਾ ਵਾਸ ਹੈ ਨਾ?

ਪਦਮਾ (ਘੂਰਕੇ ਤੱਕਕੇ)-ਸਨਿੱਕੋ! ਮੈਂ ਸੁਣਿਆਂ ਸੀ ਤੂੰ ਅਨਪੜ੍ਹ ਹੈਂ ਤੇ ਇਹ ਗੱਲਾਂ ਤਾਂ ਅਨਜਾਣਪੁਣੇ ਦੀਆਂ ਨਹੀਂ ਹਨ। ...ਹਾਂ ਪਰ ਇਕ ਗੱਲ ਚੇਤੇ ਰਖੀਂ, ਸੰਸੇ ਬ੍ਰਿਤੀ ਆਵੇ ਤਾਂ ਬੁੱਧੀ ਉਸ ਪਰ ਵਿਵੇਚਨਾ ਕਰਕੇ ਨਿਸ਼ਚੇ ਦੇ ਘਰ ਜਾਵੇ। ਹੈਂ!

ਸਨਿੱਕੋ-ਠੀਕ ਕਿਹਾ ਜੇ! ਹਾਂ ਸਚੀਂ ਮੈਂ ਸੰਸਕ੍ਰਿਤ, ਬ੍ਰਿਜਭਾਸ਼ਾ, ਫ਼ਾਰਸੀ ਤਾਂ ਪੜ੍ਹੀ ਕੋਈ ਨਾ, ਸੋ ਸਮੇਂ ਮੂਜਬ ਅਨਪੜ੍ਹ ਹੀ ਹੋਈ ਨਾ। (ਬਾਰੀ ਵੰਲੋਂ ਬਾਹਰ ਤੱਕ ਕੇ) ਰਾਜਦੁਲਾਰੀ

ਜੀਉ! ਫਿਰ ਸਮਾਂ ਤਾਂ ਨੱਠਾ ਜਾ ਰਿਹਾ ਹੈ, ਜੇ ਸੰਕਲਪ ਹੈ ਤਾਂ ਚੱਲੋ, ਨਹੀਂ ਤਾਂ ਫੇਰ ਵੇਲਾ ਨਹੀਂ ਰਹਿਣਾ।

ਪਦਮਾ-ਚੱਲ ਹੀ ਪਵਾਂ?

ਸਨਿੱਕੋ-ਇਹ ਆਪਦੀ ਇੱਛਾ ਹੈ, ਮੇਰੀ ਪ੍ਰੇਰਨਾ ਨਹੀਂ, ਮੈਂ ਇੱਛਾ ਪੂਰਨ ਵਿਚ ਸੇਵਾਦਾਰ ਹਾਂ।

ਪਦਮਾ-ਇਕ ਪਾਸੇ ਰੁਚੀ ਤੀਬਰ ਹੈ, ਦੂਏ ਪਾਸੇ ਜੱਕੋ ਤੱਕੇ ਹਨ, ਕੀ ਤੁਸਾਨੂੰ ਸੰਸਾ ਨਹੀਂ ਕਿ ਮਤਾਂ ਕਿਤੇ ਗੱਲ ਨਿਕਲ ਜਾਵੇ?

ਸਨਿੱਕੋ-ਨਹੀਂ!

ਪਦਮਾ-ਕਿਉਂ ਨਹੀਂ?

ਸਨਿੱਕੋ-ਮੈਨੂੰ ਨੇਕੀ ਤੇ ਭਰੋਸਾ ਹੈ, ਅਸੀਂ ਭਲੇ ਨੂੰ ਚੱਲੇ ਹਾਂ, ਪਰਮੇਸ਼ੁਰ ਸਾਡਾ ਰਾਖਾ ਹੈ। ਤੁਹਾਡੇ ਅੰਦਰ ਸੰਸਾ ਹੀ ਤੌਖਲਾ ਪਾ ਰਿਹਾ ਹੈ।

ਪਦਮਾ-ਤੌਖਲਾ ਨਹੀਂ, ਮੈਂ ਸੋਚ ਰਹੀ ਹਾਂ ਕਿ ਜੇ ਗੱਲ ਨਿਕਲ ਬੀ ਜਾਵੇ ਤਾਂ ਕੋਈ ਐਸੀ ਸੁੱਝ ਪਵੇ ਕਿ ਉਸ ਦੇ ਆਖਿਆਂ ਪਰਦਾ ਬਣ ਪਵੇ ਤੇ ਮਹਾਰਾਜ ਖ਼ਫ਼ਾ ਨਾ ਹੋਣ, ਰਾਜਿਆਂ ਦੇ ਗੁਸੇ ਬੁਰੇ ਹੁੰਦੇ ਹਨ।

ਸਨਿੱਕੋ-ਪਰ ਕੀਹ ਸੱਚ ਕਿਹਾਂ ਕੁਛ ਤੌਖਲਾ ਹੈ? ਸਾਫ ਕਹਿ ਦਿੱਤਾ ਕਿ ਫਲਾਣੇ ਥਾਂ ਗਏ ਸਾਂ, ਤੁਸੀਂ ਪਤਾ ਕਰ ਲਓ ਜੇ ਖ਼ੁਨਾਮੀ ਹੈ ਤਾਂ। ਤੇ ਮੈਂ ਤਾਂ ਤੁਸਾਂ ਜੋਗ ਕਿਹਾ ਹੀ ਸੀ ਕਿ ਪਹਿਲਾਂ ਦੱਸ ਕੇ ਆਗਜ਼ਾ ਲੈ ਲਓ।

ਪਦਮਾ-ਪਹਿਲਾਂ ਕਹਿਣ ਵਿਚ 'ਨਾਂਹ' ਹੋ ਜਾਣ ਦਾ ਭੈ ਹੈ। ਪਿਛੋਂ ਕਹਿਣ ਵਿਚ ਤੇ ਸੱਚ ਕਹਿਣ ਵਿਚ ਗੁੱਸੇ ਦਾ ਡਰ ਹੈ, ਹੋਰ ਰੰਜ ਨਹੀਂ ਤਾਂ ਇਹ ਤਾਂ ਹੋਊ ਨਾ ਕਿ ਰਾਜਿਆਂ ਦੇ ਵੈਰੀਆਂ ਦੇ ਗਈ ਸੀ।

ਸਨਿੱਕੋ-ਫੇਰ ਸੰਕਲਪ ਛੱਡ ਦਿਓ, ਪਰ ਹਾਂ ਸੱਚੀ, ਹੁਣ ਤਾਂ ਵੈਰ ਨਹੀਂ ਰਿਹਾ।

ਪਦਮਾ (ਤ੍ਰਬ੍ਹਕਕੇ)-ਸਨਿੱਕੋ ਤੈਨੂੰ ਸਾਰੀਆਂ ਖ਼ਬਰਾਂ ਲੱਗ ਜਾਂਦੀਆਂ ਹਨ! ਵੈਰ ਭਾਵ ਉੱਪਰੋਂ ਤਾਂ ਨਹੀਂ ਰਿਹਾ, ਤੇ ਮੈਨੂੰ ਰਾਤ ਹੀ ਪਤਾ ਲਗਾ ਕਿ ਪਿਤਾ ਜੀ ਦੇ ਦਿਲੋਂ ਬੀ ਘੱਟ ਹੈ, ਪਰ:-

ਪਾਸ ਨ ਸ਼ਾਹਾਂ ਵੱਸ। ਜੇ ਵੱਸੇਂ ਤਾਂ ਮੁੱਸ।

(ਚੰਦ ਵਲ ਤੱਕ ਕੇ) ਤੇਰੀ ਕੀਹ ਮਲਾਹ ਤੇ ਕੀ ਵਚਾਰ ਹੈ?

ਸਨਿੱਕੋ-ਮੈਂ ਨਿਰਭੈ ਹਾਂ, ਜਿਸ ਸੱਚੇ ਸ਼ਹਿਨਸ਼ਾਹ ਦੇ ਪਿਆਰ ਵਿਚ ਜਾਣਾ ਹੈ, ਉਹ ਰਾਖਾ ਹੈ, ਮੈਂ ਉਸ ਦੀ ਟੇਕ ਵਿਚ ਨਿਰਸੰਸੇ ਤੇ ਨਿਰਭੈ ਹਾਂ, ਪਰ ਉਂਞ ਮੈਂ ਤੁਸਾਨੂੰ ਪ੍ਰੇਰਦੀ ਨਹੀਂ ਕਿ ਚੱਲੋ। ਚੱਲੋ ਤਾਂ ਮੈਂ ਹਾਜ਼ਰ ਹਾਂ।

ਪਦਮਾ-ਕਾਸ਼! ਅਜਿਹਾ ਮੇਰਾ ਬੀ ਹੌਸਲਾ ਹੋਵੇ।

ਸਨਿੱਕੋ-ਇਸ ਵਿਚ ਮੇਰੀ ਕੀ ਵਡਿਆਈ ਹੈ? ਪਾਣੀ ਵਿਚ ਛਮਕਾਂ ਮਾਰਨੀਆਂ ਛੱਡ ਦਿਤੀਆਂ, ਪਾਣੀ ਟਿਕ ਗਿਆ ਤੇ ਚਮਕ ਪਿਆ। ਕੋਈ ਪਾੜ ਥੋੜੇ ਪੈ ਜਾਂਦੇ ਹਨ, ਜੋ ਦਰਜ਼ੀਆਂ ਆਕੇ ਸੀਉਣੇ ਹਨ, ਕਿ ਰੀਂਢ ਲਾਉਣੇ ਹਨ?

ਪਦਮਾ-ਹੱਛਾ ਚਲਾਂ? ਫੇਰ ਚੱਲ ਹੀ ਪਵਾਂ? ਜੋ ਹੋਊ ਸੋ ਦੇਖੀ ਜਾਊ। ਇੱਧਰ ਸ਼ੌਕ ਨਹੀਂ ਰੁਕਦਾ, ਉਧਰ ਡਰ ਖਹਿੜਾ ਨਹੀਂ ਛਡਦਾ। ਕੀ ਕਰਾਂ? ਚੱਲਾਂ ਹੀ ਚੱਲਾਂ?

ਸਨਿੱਕੋ-ਪਿਆਰੀ ਦੁਲਾਰੀ! ਡੋਲਨੀ ਬੇੜੀ ਨਾ ਚੜ੍ਹ, ਜੋ ਪੱਤਣ ਤੋਂ ਹੀ ਡੋਲਦੀ ਤੁਰੀ ਉਹ ਕੱਪਰਾਂ ਤੇ ਘੋਰਾਂ ਵਿਚ ਕੀ ਕਰੂ? ਘਰੋਂ ਤਾਂ ਟਿਕ ਕੇ ਟੁਰੋ! ਅਪਣੇ ਮਨ ਦੀ ਟੇਕ ਜੇ ਨਹੀਂ ਤਾਂ ਕਿਸੇ ਮਨ ਦੇ ਮਾਲਿਕ ਦੀ ਟੇਕ ਲੈ ਲਓ।

ਪਦਮਾ (ਤੱਕ ਕੇ, ਸੱਖਣੀ ਮੁਸਕ੍ਰਾਹਟ ਮੁਸਕ੍ਰਾ ਕੇ)-ਹੱਛਾ ਸਨਿੱਕੋ! ਹੋਊ ਤਾਂ ਕਦੇ ਲੱਭ ਪਊ, ਲੈ ਅੜੀਏ! ਚੱਲ ਫੇਰ ਅੱਗਾ ਤੇਰਾ ਤੇ ਪਿੱਛਾ ਮੇਰਾ।

ਦੋਵੇਂ ਟੁਰ ਪਈਆਂ।

੩.

ਇਕ ਖੁੱਲ੍ਹਾ ਕੋਠਾ ਹੈ, ਜਿਸ ਵਿਚ ਮੋਮਬਤੀ ਜਗ ਰਹੀ ਦਾ ਫਿਕਾ ਤੇ ਧੁੰਦਲਾ ਚਾਨਣਾ ਪੈ ਰਿਹਾ ਹੈ, ਖਿੜਕੀਆਂ ਵਿਚੋਂ ਚੰਦ ਦੀ ਚਾਂਦਨੀ ਆ ਰਹੀ ਹੈ। ਇਕ ਸੱਜਣ ਬੈਠੇ ਹਨ। ਚਿਹਰਾ ਟਿਕਾਉ, ਠਹਿਰਾਉ ਤੇ ਇਕ ਤੇਜ ਦੀ ਦਮਕ ਵਾਲਾ ਹੈ। ਮੱਥੇ ਤੇ ਖੁੱਲ੍ਹਾ ਖੇੜਾ ਹੈ। ਇਸ ਵੇਲੇ ਤੰਬੂਰਾ ਲਈ ਬੈਠੇ ਕੁਛ ਗਾਉਂ ਰਹੇ ਹਨ। ਪਦਮਾ ਤੇ ਸਨਿੱਕੋ ਅੰਦਰ ਲੰਘ ਗਈਆਂ। ਬੂਹੇ ਤੇ-ਜੋ ਢੋਇਆ ਸੀ-ਇਕ ਬੁੱਢਾ ਬੈਠਾ ਸੀ, ਪਰ ਉਸ ਨੇ ਸਨਿੱਕੋ ਨੂੰ ਪਛਾਣਕੇ ਕੋਈ ਰੋਕ ਨਹੀਂ ਕੀਤੀ। ਅੰਦਰ ਦੂਰ ਦੂਰ ਵਿੱਥ ਤੇ ਦੋ ਤ੍ਰੈ ਮੂਰਤਾਂ ਹੋਰ

ਬੈਠੀਆਂ ਸਨ, ਇਹ ਦੋਵੇਂ ਬੀ ਇਕ ਧੂੰਜੇ ਛੁਪਕੇ ਬਹਿ ਗਈਆਂ। ਇਸ ਵੇਲੇ ਕੁਛ ਗਾਂਵਿਆਂ ਜਾ ਰਿਹਾ ਸੀ, ਜਿਸ ਦਾ ਭਾਵ ਇੰਞ ਹੈ :-

ਹੁਣ ਮੈਂ ਪਿਯ ਵਿਚ ਰਹੀ ਸਮਾਇ, ਮੈਂ ਵਿਚ ਪਿਆ ਵਾਸ। ਪਿਯ ਵਿਚ ਮੈਂ ਹਾਂ, ਮੈਂ ਵਿਚ ਪੀਆ, ਖਿੜੀ ਪ੍ਰੇਮ ਦੀ ਵਾਸ। ਚੰਦਨ ਲਪਟ ਪੀਆ ਵਿਚ ਮੁਸ਼ਕੀ ਮਲਿਆਗਰ ਦੇ ਸ੍ਵਾਸ। ਕਉਲ ਖਿੜੇ ਸਭ ਪਿਯ ਮੇਰੇ ਵਿਚ ਝੂੰਮਣ ਭਉਰੇ ਦਾਸ। ਏ ਜੋ ਚੰਨ ਸੂਰ ਤੇ ਤਾਰੇ, ਪਿਯ ਤੋਂ ਲੈਣ ਪ੍ਰਕਾਸ਼। ਪਿਯ ਮੇਰੇ ਵਿਚ ਸਾਗਰ ਲਹਿਰੇ, ਬਿਜਲੀ ਮਾਰੇ ਲਾਸ। ਮਾਹ ਤੋਂ ਲੈ ਮਾਹੀ ਤਕ[1] ਸਭ ਦਾ, ਮਾਹੀ[2] ਵਿਚ ਨਿਵਾਸ। ਖੰਡ ਮੰਡਲ ਮਾਹੀ ਹਿਵਚ ਤਰਦੇ, ਮਾਤ[3] ਪਤਾਲ, ਅਕਾਸ਼। ਫਿਰ ਮਾਹੀ ਸਭਨਾਂ ਵਿਚ ਵਸਦਾ, ਅੰਦਰ ਬਾਹਰ ਨਿਵਾਸ। ਹਰ ਹਰ ਦਾ ਵਿਚ ਪਿਯ ਦੇ ਡੇਰਾ, ਹਰ ਹਰ ਵਿਚ ਪਿਯ ਵਾਸ। ਬਨ ਬੇਲੇ ਬਾਗਾਂ ਦੇ ਖੇੜੇ, ਹਰਿਆਵਲ ਮਉਲਾਸ[4], ਪਜਾਰੇ ਵਿਚ ਸੁਹੰਦੜੇ ਦਿੱਸਣ, ਧਰਤੀ ਅਤੇ ਅਕਾਸ਼। ਜਿਉਂ ਬੱਦਲ ਤਰਦੇ ਵਾ-ਮੰਡਲ, ਪਉਣ ਸੁਗੰਧਿ ਨਿਵਾਸ, ਜਿਉਂ ਹਿਰਦੇ ਮੇਰੇ ਵਿਚ ਲਹਿਰੇ, 'ਪੀਯ ਪ੍ਰੇਮ' ਦੀ ਆਸ, ਮੱਥੇ ਤੇ ਜਿਉਂ ਖੁਸ਼ੀ ਵਸੇ ਆ, ਨੈਣੀਂ ਪ੍ਰੇਮ ਪ੍ਰਕਾਸ਼। ਗੱਲਾਂ ਤੇ ਜਿਉਂ ਭਖੇ ਉਮਾਹ ਹੈ, ਬੁਲ੍ਹਾਂ ਤੇ ਜਿਉਂ ਹਾਸ; ਮੋਤੀ ਵਿਚ ਜਿਉਂ ਆਬ[5] ਵਸੇ ਹੈ, ਹੀਰੇ ਪਾਣੀ ਵਾਸ, ਅੱਗ ਵਿਚ ਜਿਉਂ ਚਾਨਦ ਵਸਦਾ ਬਿਜਲੀ ਵਿਚ ਚਪਲਾਸ[6], ਤਿਉਂ ਸਾਰੇ ਪੀਆ ਪਿਆ ਵਸਦਾ ਦਿਸਦਾ ਪਾਸੋ ਪਾਸ। ਪਿਯ-ਮੋਹੀ ਮੈਂ ਉਸ ਵਿਚ ਤੱਕਾਂ, ਉਹ ਤੇ ਉਹਦਾ ਪ੍ਰਕਾਸ਼। ਹਰ ਦਿਸਦੇ ਵਿਚ ਪੀਆ ਲਸਦਾ, ਕਾਦਰ ਕੁਦਰਤ ਵਾਸ। 'ਸਾਗਰ ਬੂੰਦ ਬੁਦਬੁਦੇ ਅੰਦਰ' ਪਿਯ ਦੀ ਲਿਸ਼ਕੇ ਲਾਸ। ਪਿਯ 'ਨੁਕਤਾ' ਪਿਯ 'ਘੇਰਾ' ਮੇਰਾ, ਘੇਰੇ ਨੂੰ ਘੇਰਜਾਸੁ। ਲੁਕ ਬਹਿਣਾ, ਲੁਕ ਜ਼ਾਹਰ ਹੋਣਾ, ਚੋਜ ਪੀਆ ਦਾ ਖ਼ਾਸ! ਹਰ ਰੰਗੇ ਹਰ ਜਾਈ ਖਿੜਨਾ, 'ਵੱਖ' ਤੇ 'ਵਿੱਚ' ਵਿਗਾਸ, ਵਿਗਸਜਾ ਅੰਦਰ ਬਾਹਰ ਪਜਾਰਾ ਚਮਨ ਜਿਵੇਂ ਖਿੜਿਆਸ। 'ਅੰਦਰ' 'ਬਾਹਰ' ਰਵ ਰਿਹਾ ਮੇਰੇ ਦਿਲ ਤੇ ਨੈਣ ਨਿਵਾਸ। ਨੈਣ ਰਹੇ ਰੰਗ ਲਾ ਇਸ ਦਰਸ਼ਨ, ਹਿਰਦਾ ਏਸ ਹੁਲਾਸ। ਕਦੀ ਨ ਉਹਲੇ ਹੋਵੇ ਦਰਸ਼ਨ ਰਾਤ ਦਿਨੇ ਅਰਦਾਸ। (ਕਲਾਨਿਧ ਛੰਦ)

ਸ਼ਾਂਤਿ ਸਮਾਂ, ਟਿੰਕਾਉ ਤੇ ਇਕਾਂਤ, ਅਚਰਜ ਰਾਗ, ਮਿੱਠਾ ਪਿਆਰਾ ਗਲਾ ਤੇ ਪ੍ਰੇਮ ਭਰਿਆ ਭਾਵ ਰਾਜ-ਦੁਲਾਰੀ ਨੂੰ ਅਚਰਜ ਭਾਵ ਵਿਚ ਗ਼ਰਕ ਕਰ ਗਿਆ। ਕੁਝ ਸਮਾਂ ਬੀਤ ਜਾਣ ਮਗਰੋਂ ਸਨਿੱਕੋ ਨੇ ਟੁੰਬਿਆ ਤੇ ਕੰਨ ਵਿਚ ਕਿਹਾ:-

ਹੁਣ ਵੇਲਾ ਹੈ, ਫਿਰ ਘਰ ਮੁੜਨਾ ਹੈ, ਆਪ ਤੁਸਾਂ ਲਈ ਵਿਹਲੇ ਹਨ।

ਪਦਮਾ (ਤ੍ਰਬ੍ਹਕਕੇ)-ਆਹ ਸਨਿੱਕੋ! ਕਿਸ ਸੁਆਦ ਤੋਂ ਵਿਛੋੜਿਆ ਈ!

ਸਨਿੱਕੋ (ਉਦਾਸ ਹੋਕੇ)-ਮੈਥੋਂ ਭੁੱਲ ਹੋਈ, ਪਰ ਕੀ ਕਰਾਂ? ਤੁਸਾਂ ਨੂੰ ਹੀ ਕਾਹਲੀ ਸੀ।

ਪਦਮਾ (ਅੱਖਾਂ ਤੇ ਉਂਗਲ ਰੱਖ ਕੇ)-ਅੱਛਾ; ਵਾਹ ਵਾਹ, ਇਹ ਕੀ ਸੀ? ਚੰਗਾ (ਉਬਾਸੀ ਲੈਕੇ) ਹਾਂ, ਕਿੱਥੇ? ਸਨਿੱਕੋ! ਕੀ ਕਿਹਾ ਜੇ?

ਸਨਿੱਕੋ-ਆਓ ਹੁਣ ਵੇਲਾ ਹੈ।

ਪਦਮਾ (ਸੁਚੇਤ ਹੋਕੇ)-ਚੰਗਾ (ਕਹਿਕੇ ਮਗਰ ਟੁਰ ਪਈ ਤੇ ਅਗੇ ਜਾ ਕੇ ਉਸ ਸੂਰਤ ਅੱਗੇ ਸੀਸ ਝੁਕਾਕੇ ਬਹਿ ਗਈ)-ਆਪ ਦਾ ਯਸ਼ ਸੁਣਕੇ ਆਈ ਹਾਂ।

ਸੂਰਤ*-ਜਸ ਪਰਮੇਸ਼ਰ ਜੀ ਦਾ, ਜਿਨ੍ਹਾਂ ਰੰਗ ਲਾਇਆ ਹੈ।

---

੧. ਮਾਹ-ਚੰਦ। ਮਾਹੀ-ਮੱਛੀ। ਚੰਦ ਤੋਂ ਮੱਛੀ ਤਕ ਦਾ ਭਾਵ ਅਕਾਸ਼ਾਂ ਤੋਂ ਪਤਾਲਾਂ ਤੱਕ ਹੈ।

੨. ਪਿਆਰਾ। ੩. ਮਾਤਲੋਕ।

੪. ਮਉਲਣਾ। ੫. ਪਾਣੀ, ਚਮਕ। ੬. ਚੰਚਲਤਾ।

*ਇਹ ਸੂਰਤ ਉਹੋ ਹੈ ਜੋ 'ਪ੍ਰੀਤਮ' ਜੀ ਦੇ ਪ੍ਰਸੰਗ ਵਿਚ ਝਨਾਂ ਦੇ ਬੇਲਿਆਂ ਵਿਚ 'ਰਾਜਾ ਜੀ ਦੇ ਸਿਪਾਹੀ' ਦੇ ਨਾਮ ਹੇਠਾਂ ਵਿਚਰਦੀ ਸੀ, ਅੱਜ ਕੱਲ ਪਹਾੜ ਵਿਚ ਰੰਗ ਲਾ ਰਹੀ ਸੀ।

ਪਦਮਾ (ਸ਼ਰਮਾ ਕੇ)-ਆਪ ਦੀ ਵਡਿਆਈ ਹੈ, ਪਾ ਕੇ ਨਿਵੇਂ ਹੋ।

ਸੂਰਤ-ਸਭ ਹੁਕਮ ਹੈ, ਕਾਠ ਦੀ ਪੁਤ੍ਰੀ ਕੀਹ, ਖਿਲਾਵਨ ਹਾਰ ਜਾਣੇ।

ਪਦਮਾ (ਥਿਥਲਾਕੇ)-ਚਿਤ ਨਹੀਂ ਟਿਕਦਾ।

ਸੂਰਤ-ਟਿਕਣ ਵਾਲੀ ਸ਼ੈ ਨਹੀਂ।

ਪਦਮਾ-ਸੁਖ ਕਿਵੇਂ ਹੈ?

ਸੂਰਤ-ਟਿਕਿਆਂ।

ਪਦਮਾ-ਟਿਕਦਾ (ਸ਼ਰਮਾ ਕੇ) ਫੁਰਮਾਇਆ ਨੇ ਹੈ ਨਹੀਂ।

ਸੂਰਤ-ਹਾਂ, ਠੀਕ ਹੈ।

ਪਦਮਾ-ਫੇਰ ਟਿਕਦਾ ਕਿਵੇਂ ਹੈ?

ਸੂਰਤ-ਜਿਵੇਂ ਚੰਦ ਸੂਰਜ।

ਪਦਮਾ (ਸਿਰ ਨਿਵਾ ਤੇ ਹੋਰ ਸੰਗ ਕੇ)-ਖਿਮਾਂ ਕਰਨੀ, ਮੈਂ ਸਮਝੀ ਨਹੀਂ!

ਸੂਰਤ-ਟਿਕਦੇ ਅਸਲੋਂ ਤਾਂ ਪੱਥਰ ਹਨ, ਮਨ ਪੱਥਰ ਨਹੀਂ ਹੈ।

ਪਦਮਾ (ਬਹੁਤ ਚਿਰ ਸੋਚੀਂ ਪੈਕੇ)-ਫੇਰ ਚੰਦ ਸੂਰ ਤਾਂ ਚਾਲ ਵਿਚ ਹਨ?

ਸੂਰਤ-ਕਿਸੇ ਨੇਮ ਵਿਚ ਟੋਰੇ ਗਏ ਹਨ, ਉਸ ਵਿਚ 'ਟਿਕੇ' ਟੁਰ ਰਹੇ ਹਨ*।

ਪਦਮਾ-ਮਨ ਕਿਸ ਨੇਮ ਵਿਚ ਟੋਰਿਆ ਗਿਆ ਸੀ?

ਸੂਰਤ-ਜਿਸ ਤਰ੍ਹਾਂ ਦੇ ਨੇਮ ਵਿਚ ਚੰਦ ਸੂਰਜ ਟੋਰੇ ਗਏ ਸਨ।

ਪਦਮਾ-ਕ੍ਰਿਪਾ ਕਰਕੇ ਇਹ ਬੀ ਦੱਸੋ, ਮੇਰਾ ਖਿਆਲ ਕੰਮ ਨਹੀਂ ਕਰਦਾ?

ਸੂਰਤ-ਕਿਸੇ ਕੇਂਦ੍ਰ ਦੇ ਉਦਾਲੇ ਸੂਰਜ, ਕਿਸੇ ਕੇਂਦ੍ਰ ਨਾਲ ਚੰਦ ਭੌਣ ਲਈ ਬੱਧੇ ਗਏ ਸਨ। ਉਸੇ ਕੇਂਦ੍ਰ ਦੇ ਉਦਾਲੇ ਨੇਮ ਬੱਧੇ ਟਿਕਾਉ ਵਿਚ ਟੁਰ ਰਹੇ ਹਨ, 'ਕੇਂਦ੍ਰ-ਹੀਨ' ਹੋਕੇ ਨਹੀਂ ਭਟਕਦੇ।

ਪਦਮਾ-ਮੇਰਾ ਕੇਂਦ੍ਰ ਕੋਈ ਨਹੀਂ?

ਸੂਰਤ-ਜਿਸ ਕੁਦਰਤ ਨੇ ਬ੍ਰਹਮੰਡ ਵਿਚ ਹਰ ਖੰਡ ਨੂੰ ਕੇਂਦ੍ਰ ਵਿਚ ਬੰਨ੍ਹਕੇ ਸੂਤ ਥਾਪਿਆ ਹੈ, ਉਹ ਕਦੇ ਹੋ ਸਕਦਾ ਹੈ ਕਿ ਜਾਗਦੇ ਮਨ ਲਈ-ਜਾਨਦਾਰ ਖੰਡ ਲਈ-ਕੇਂਦ੍ਰ ਨਾ ਬਣਾਵੇ?

ਪਦਮਾ-ਤਾਂ ਮੈਂ ਕਿਵੇਂ, ਕਦੇ, ਕਿਸੇ ਤਰ੍ਹਾਂ ਭੁੱਲ ਗਈ ਹਾਂ, ਮੈਨੂੰ ਕੇਂਦ੍ਰ ਦਾ ਪਤਾ ਨਹੀਂ।

ਸੂਰਤ-ਭਾਲ ਨਹੀਂ ਕੀਤੀ?

ਪਦਮਾ-ਪਿਤਾ ਦੀ ਮਿਹਰ ਨਾਲ ਵਿਦਯਾ ਪਾਈ ਹੈ, ਸੰਸਕ੍ਰਿਤ, ਪ੍ਰਾਕ੍ਰਿਤ, ਬ੍ਰਿਜ ਭਾਸ਼ਾ ਤੇ ਕੁਛ ਫ਼ਾਰਸੀ ਪੜ੍ਹੀ ਹੈ, ਅਕਲ ਚਮਕੀ ਹੈ, ਪਰ ਸੁਖ ਨਹੀਂ।

ਸੂਰਤ-ਵਿਦਯਾ ਦੇ ਚਾਨਣ ਨੇ ਆਪਣਾ-ਆਪੇ ਦਾ-ਕੇਂਦ੍ਰ ਨਹੀਂ ਦਿਖਾਇਆ?

ਪਦਮਾ-ਨਹੀਂ।

ਸੂਰਤ-ਤਾਂ ਵਿਦਯਾ ਨੇ ਇਹ ਹਾਲਤ ਰੱਖੀ ਹੈ ਕਿ ਜਿਸ ਪੋਥੀ ਨੂੰ ਅੱਜ ਵਾਚਿਆ ਉਸ ਦੇ ਖ਼ਿਆਲ ਅਪਣੇ ਖ਼ਿਆਲ ਬਣ ਗਏ ਤੇ ਮਨ ਉਨ੍ਹਾਂ ਵਿਚ ਘੁੰਮਦਾ ਰਿਹਾ, ਜਦੋਂ ਹੋਰ ਪੜ੍ਹੀ ਤਾਂ ਮਨ ਉਨ੍ਹਾਂ ਖ਼ਿਆਲਾਂ ਦੀ ਰੰਗਣ ਵਿਚ ਆ ਗਿਆ। ਇਸ ਤਰ੍ਹਾਂ ਰੰਗ ਪਲਟਦੇ ਰਹੇ, ਹਰੇਕ ਪੁਸਤਕ ਦਾ ਕੁਛ ਕੁਛ ਅਸਰ ਰਹਿ ਗਿਆ, ਕੁਛ ਕੱਟ ਗਿਆ, ਕੁਛ ਦੂਸਰਿਆਂ ਦੀ ਰੰਗਣ ਨਾਲ ਤੀਸਰਾ ਰੰਗ ਰੂਪ ਧਾਰ ਗਿਆ।

ਪਦਮਾ-ਕੁਛ ਹੁੰਦਾ ਤਾਂ ਏਸੇ ਹੀ ਤਰ੍ਹਾਂ ਰਿਹਾ ਹੈ, ਨਿਰਾਪੁਰਾ ਨਹੀਂ, ਕਿਉਂਕਿ ਕਦੇ ਕਿਸੇ ਪੋਥੀ ਦੀਆਂ ਭੱਲਾਂ ਤੇ ਉਕਾਈਆਂ ਵੀ ਭਾਸਦੀਆਂ ਰਹੀਆਂ ਹਨ।

ਸੂਰਤ-ਪਰ ਅਪਣੇ ਅੰਦਰ ਕੋਈ ਐਸਾ ਨੁਕਤਾ ਬੀ ਲੱਭਾ, ਜਿਸ ਤੇ ਖੜੋਕੇ ਸਭ ਦੇ ਖ਼ਿਆਲਾਂ ਦੇ ਵਿਸਥਾਰ ਨੂੰ ਐਉਂ ਦੇਖ ਸਕੋ ਜਿੱਕੂੰ ਮੁਨਾਰੇ ਤੇ ਖੜੋਕੇ ਮੈਦਾਨ ਦੇ ਪਦਾਰਥ ਵੇਖੀਦੇ ਹਨ?

ਪਦਮਾ-ਨਹੀਂ, ਜੋ ਜੋ ਚਾਨਣਾ ਮਿਲ ਗਿਆ, ਉਸੇ ਨਾਲ ਹੋਰ ਹੋਰ ਖ਼ਿਆਲ ਦਾ ਮੈਦਾਨ ਤੇ ਅਕਲ ਦੀ ਚੁੜੱਤਨ ਦਿਸਦੀ ਗਈ।

ਸੂਰਤ-ਅੰਤ ਕਿਸੇ ਸਿਧਾਂਤ ਤੇ ਅੱਪੜੇ?

ਪਦਮਾ-ਖਾਸ ਕਿਸੇ ਤੇ ਨਹੀਂ ਹਾਂ, ਇਕ ਵਡੀ ਉਮਰ ਦੇ ਪੜ੍ਹੇ ਹੋਏ ਤੋਂ ਇਹ ਸੁਣਿਆ ਹੈ ਕਿ ਸਭ 'ਵਾਕ ਰਚਨਾ' ਹੈ, ਅਸਲੀਅਤ ਕੁਛ ਨਹੀਂ।

ਸੂਰਤ-ਸੋ ਪਾਜ ਖੁੱਲ੍ਹ ਗਿਆ, ਪਤਾ ਲੱਗ ਗਿਆ ਕਿ ਭਾਨਮਤੀ (ਮਾਯਾ) ਦਾ ਤਮਾਸ਼ਾ ਹੈ, ਮਦਾਰੀ ਦਾ ਖੇਲ ਹੈ, ਫੇਰ ਕਿਉਂ ਅਜੇ ਢੂੰਡ ਤੇ ਤਲਾਸ਼ ਹੈ?

---

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥ (ਵਾਰ ਆਸਾ ਮ: ੧)

ਪਦਮਾ-ਇਹ ਗੱਲ ਠੀਕ ਸੀ ਯਾ ਗ਼ਲਤ ਪਰ ਚੁਟਕਲੀ ਹੋਣ ਕਰਕੇ ਯਾਦ ਹੋ ਗਈ। ਤਲਾਸ਼ ਅਜੇ ਇਸ ਕਰਕੇ ਹੈ ਕਿ ਮੈਂ ਸੁਖੀ ਨਹੀਂ, ਅੰਦਰ ਸੱਖਣਾ ਹੈ, ਇਕ ਅਕ਼ਾਂਖਿਆ ਹੈ, ਅਭਿਲਾਖ ਹੈ, ਅਪੂਰਨਤਾਈ ਹੈ, ਭੁੱਖ ਹੈ, ਕਾਹਦੀ? ਕਾਸ ਲਈ? ਕਿਉਂ? ਇਹ ਮੈਨੂੰ ਪਤਾ ਨਹੀਂ ਹੈ।

ਸੂਰਤ-ਤਾਂ ਇਹ 'ਅਪੂਰਨਤਾਈ' ਤੇ 'ਅਭਿਲਾਖ' ਹੀ ਭੇਤ ਹੈ। ਇਹੋ ਦੱਸਦੀ ਹੈ ਕਿ ਸਭ 'ਵਾਕ ਰਚਨਾ' ਤੇ ਨੇਸਤੀ ਨਹੀਂ, ਕੁਛ ਹੈ। ਉਹ 'ਹੈ' ਕਿਤੇ ਹੈ, ਉਹ 'ਹੈ' ਪੂਰਤਨਤਾਈ ਹੈ, ਜਿਸ ਦੇ ਨਾ ਹੋਣ ਕਰਕੇ ਅੰਦਰ 'ਅਪੂਰਨਤਾਈ' ਹੈ। ਫਿਰ ਸੋਚ ਕਰ ਲਓ ਕਿ ਅਪੂਰਨਤਾਈ ਵਿਚ ਨਿਰਾਸਾ ਤੇ ਸਮਾਪਤੀ ਨਹੀਂ, 'ਅਭਿਲਾਖ' ਹੈ, ਚਾਹੋ ਪਤਾ ਨਹੀਂ ਕਿ ਕਾਸ ਦੀ ਹੈ। ਪਤਾ ਲਗਕੇ ਕਿ 'ਵਾਕ ਰਚਨਾਂ' ਹੈ, ਹੋਰ ਕੁਛ ਨਹੀਂ ਫੇਰ ਅੰਦਰ ਹਸਰਤ ਹੈ। ਹਸਰਤ ਪਤਾ ਦੇਂਦੀ ਹੈ ਕਿਸੇ 'ਆਸ' ਦਾ, 'ਨੇਸਤੀ' ਪਤਾ ਦੇਂਦੀ ਹੈ ਕਿਸੇ 'ਹੈ' ਦਾ। ਇਹ 'ਹੈ' ਕੇਂਦ੍ਰ ਹੈ*, ਜਿਸ ਦੇ ਉਦਾਲੇ ਮਨ ਘੁੰਮਣ ਲਈ ਤੇ ਉਸ ਦੀ ਖਿੱਚ ਵਿਚ ਘੁੰਮਣ ਲਈ ਕੁਦਰਤ ਵਲੋਂ ਛੱਡਿਆ ਗਿਆ ਸੀ ਕਿ ਮਨ ਦ੍ਰਿਸ਼ਟਮਾਨੀ ਕੰਮ ਕਰਦਾ ਹੋਇਆ ਦ੍ਰਿਸ਼ਟਮਾਨ ਵਿਚ ਨਾ ਗੁਆਚ ਜਾਵੇ, ਦ੍ਰਿਸ਼ਟਾ ਨਾਲ ਲੱਗਾ ਟਿਕਾਣੇ ਸਿਰ ਰਹੇ।

ਪਦਮਾ-ਆਪ ਦੇ ਵਾਕ ਦਿਲ ਲਗਦੇ ਹਨ, ਪਰ ਅਜੇ ਮੇਰੇ ਲਈ ਬ਼ੁਝਾਰਤ ਹਨ।

ਸੂਰਤ-ਬੁਝਾਰਤ ਖੁੱਲ੍ਹ ਜਾਏਗੀ। ਪਹਿਲਾਂ ਅਸੀਂ ਅਸੂਲ ਕਾਇਮ ਕਰ ਲਈਏ ਕਿ ਠੀਕ ਹੈ!

ਪਦਮਾ-ਠੀਕ ਹੈ, ਪਰ ਇਸ ਅਸੂਲ ਦੀ ਸਿੱਧੀ ਉਸ ਵੇਲੇ ਹੈ ਕਿ ਜਿਸ ਵੇਲੇ ਕੇਂਦ੍ਰ ਮਿਲੇ ਤੇ ਉਸ ਦੇ ਉਦਾਲੇ ਮਨ ਘੁੰਮੇ ਤੇ ਉਸ ਖਿੱਚ ਵਿਚ ਆਕੇ ਸੁਖ ਪ੍ਰਤੀਤੀ ਦੇਵੇ, ਤਦ ਤਕ ਇਹ ਬੀ, ਖਿਮਾਂ ਕਰਨਾ, (ਮੁਸਕ੍ਰਾਕੇ) ਸ਼ਾਇਦ 'ਵਾਕ-ਰਚਨਾ' ਮਾਤ੍ਰ ਹੀ ਹੋਵੇ।

ਸੂਰਤ-ਕਹਿਣ ਸੁਣਨ ਤਕ ਤਾਂ 'ਵਾਕ-ਰਚਨਾ' ਹੀ ਹੈ, ਪਰ 'ਵਾਕ-ਰਚਨਾਂ' ਲਿਬਾਸ ਹੈ ਜੋ ਖਿਆਲਾਂ ਨੂੰ ਪਹਿਰਾਇਆ ਜਾਂਦਾ ਹੈ, ਤੇ ਖ਼ਿਆਲ ਭਾਵ ਹਨ ਜੋ ਕਿਸੇ ਨੁਕਤੇ ਤੋਂ, ਕਿਸੇ ਕੇਂਦ੍ਰ ਤੋਂ, ਕਿਸੇ ਮਰਕਜ਼ ਤੋਂ ਅੰਦਰੋਂ ਪੈਦਾ ਹੁੰਦੇ ਹਨ। ਜਿਸ ਨੁਕਤੇ ਤੋਂ ਇਹ ਭਾਵ ਉਠਦੇ ਹਨ ਅਸਲ ਉਹੀ ਕੇਂਦ੍ਰ ਹੈ, ਉਹ ਕੇਂਦ੍ਰ ਮਨੋ ਇਕ ਨਿੱਕਾ ਦਾਇਰਾ ਹੈ, ਜਿਸ ਦਾ ਇਕ ਹੋਰ ਕੇਂਦ੍ਰ ਹੈ, ਉਹ ਕੇਂਦ੍ਰ ਵਾਕ ਰਚਨਾ ਨਹੀਂ, ਅਸਲ ਹੈ...।

ਪਦਮਾ-ਭਾਵ ਜਿਸ ਤੋਂ ਉਠਦੇ ਹਨ, ਉਥੋਂ ਤਕ ਤਾਂ ਮੈਂ ਸਮਝੀ-ਮਨ ਯਾ ਦਿਲ। 'ਦਿਲ ਬੀ ਕੇਂਦ੍ਰ ਨਹੀਂ, ਉਸ ਦਾ ਹੋਰ ਕੇਂਦ੍ਰ ਹੈ' ਇਹ ਪਤਾ ਨਹੀਂ ਲੱਗਾ।

ਸੂਰਤ (ਮਾਨੋਂ ਅਪਣੀ ਪਹਿਲੀ ਗੱਲ ਕਹੇ ਜਾ ਰਹੇ ਹਨ)-ਵਾਕ-ਰਚਨਾਂ ਬੀ 'ਨੇਸਤੀ' ਨਹੀਂ। ਇਹ ਬਾਤਨੀ (ਅੰਦ੍ਰਲੇ) ਭਾਵਾਂ ਦਾ ਜ਼ਾਹਰੀ ਲਿਬਾਸ ਹੈ। ਭਾਵ ਜਿਸ ਵਿਚੋਂ ਉਠਦੇ ਹਨ, ਉਹ ਆਪ ਕੋਈ ਉਡਾਰੂ-ਨੇਸਤੀ ਨਹੀਂ।

ਪਦਮਾ-ਲੱਭੇ ਕੀਕੁਣ?

ਸੂਰਤ (ਆਪਣੀ ਗਲ ਵਿਚ ਟੁਰੇ ਜਾ ਰਹੇ ਹਨ)-ਇਹ ਭਾਵ-ਉਤਪਤੀ ਹਿਲਾਉ ਹੈ, ਇਸੇ ਭਾਵ-ਉਤਪਤੀ ਦਾ ਟਿਕਾਉ ਉਸਦੀ ਪ੍ਰਤੀਤੀ* ਦਾ ਕਾਰਨ ਹੈ।

ਪਦਮਾ-ਟਿਕੇ ਕਿਸ ਤਰ੍ਹਾਂ?

ਸੂਰਤ-ਕਿਸੇ ਕੇਂਦ੍ਰ ਨਾਲ ਬੱਝਕੇ।

ਪਦਮਾ-ਕੇਂਦ੍ਰ ਟਿਕੇ ਬਿਨਾਂ ਲੱਝਣਾ ਨਾ, ਟਿਕਣਾ ਕੇਂਦ੍ਰ ਲੱਝੇ ਬਿਨਾਂ ਨਾ, ਪ੍ਰਾਪਤੀ ਰੌਲੇ ਵਿਚ ਪੈ ਗਈ।

ਸੂਰਤ-'ਖਿੰਡਿਆ ਹੋਇਆ' ਦ੍ਰਿਸ਼ਟਮਾਨ ਵਿਚ ਹੈ, ਦ੍ਰਿਸ਼ਟਮਾਨ ਵਿਚ ਕੋਈ ਕੇਂਦ੍ਰ ਬੰਨ੍ਹੋ, ਜਿਸ ਤਰ੍ਹਾਂ ਮਿਣਤੀ ਵੇਲੇ ਕੋਈ ਇਕ ਨੁਕਤਾ ਲੈਕੇ ਗਜ਼ ਇਸ ਤੋਂ ਸਿੱਟੀਦਾ ਹੈ। ਅਨੇਕ ਨੁਕਤਿਆਂ ਤੇ ਟੱਪਣਾ ਇਹ ਹਿਲਾਉ ਹੈ, ਕਿਸੇ ਇਕ ਤੇ ਖਲੋਣਾ ਪਹਿਲਾ ਟਿਕਾਉ ਹੈ। ਇਸ ਨੁਕਤੇ ਤੋਂ ਅੰਦਰਲੇ ਵਿਚ ਪਰਤ ਡਿਗਣਾ ਤੇ ਟਿਕਣਾ ਅੰਦਰਲਾ ਟਿਕਾਉ ਹੈ। ਇਹ ਟਿਕਾਉ ਟਿਕਦਾ ਟਿਕਦਾ 'ਕੇਂਦ੍ਰ ਦੇ ਕੇਂਦ੍ਰ' ਦਾ ਟਿਕਾਉ ਹੋ ਜਾਂਦਾ ਹੈ।

*ਹੈ=ਸਤਜ।

*ਮਲੂਮ ਪੈਣਾ। ਪ੍ਰਤੀਤ ਹੋ ਆਉਣ ਦੀ ਹਾਲਤ।

ਪਦਮਾ-ਸਮਝੀ, ਪਰ ਬੁਝਾਰਤ ਬਣੀ ਰਹੀ, ਵਾਪਰੇ ਤਾਂ ਖੁੱਲੇ।

ਸੂਰਤ-ਵਿਦਯਾ 'ਸਮਝ' ਦਿੰਦੀ ਹੈ, ਪ੍ਰਾਪਤੀ 'ਕੀਤਿਆਂ' ਹੁੰਦੀ ਹੈ।

ਪਦਮਾ-ਫੇਰ ਕਿਸੇ ਰਸਤੇ ਪਾਓ?

ਸੂਰਤ-ਸਮਰੱਥ ਸਿਰ ਹੱਥ ਧਰੇਗਾ ਤਾਂ ਰਾਹੇ ਪਾਵੇਗਾ।

ਸਨਿੱਕੋ-ਧੰਨਦਾਤਾ, ਧੰਨਦਾਤਾ, ਚਲੋ ਬੀਬੀ ਜੀ!

ਪਦਮਾ (ਤਬ੍ਰਕਕੇ)-ਦਿਨ ਚੜ੍ਹ ਗਿਆ ਹੈ?

ਸਨਿੱਕੋ-ਨਹੀਂ, ਆਪ ਦਾ ਕਾਰਜ ਰਾਸ ਹੋ ਗਿਆ ਹੈ!

ਪਦਮਾ-ਠਹਿਰ ਜਾਓ, ਸੁਆਦ ਆ ਰਿਹਾ ਹੈ, ਕੁਛ ਲੈ ਲੈਣ ਦਿਓ।

ਸਨਿੱਕੋ-ਮਿਲ ਗਿਆ ਹੈ, ਹੁਣ ਚੱਲੋ।

ਪਦਮਾ-ਮੈਨੂੰ ਨਹੀਂ ਪਤਾ ਲੱਗਾ।

ਸਨਿੱਕੋ-ਬੱਸ, ਇਸ ਤੋਂ ਵੱਧ ਹੁਣ ਹੋਰ ਨਹੀਂ। ਵੇਲਾ ਹੋ ਗਿਆ ਹੈ ਤੇ ਬਹੂੰ ਠੀਕ ਹੋ ਗਿਆ ਹੈ, ਚੱਲੋ!

ਪਦਮਾ ਦੀ ਸਮਝ ਵਿਚ ਨਹੀਂ ਆਉਂਦੀ ਸਨਿੱਕੋ ਦੀ ਗੱਲ। ਰਸ ਆਇਆ ਅਧਵਾਟੇ ਟੁੱਟਾ ਹੈ, ਮਨ ਲਪਟਦਾ ਹੈ ਹੋਰ ਨੂੰ, ਪਰ ਸਨਿੱਕੋ ਬਾਂਹ ਫੜਕੇ ਆਖਦੀ ਹੈ:- "ਚਲੋ ਜੀਉ ਜੀ"।

ਪਦਮਾ-ਚੰਗਾ! ਸ਼ੂਮ ਸਾਥਣੇ!

ਨਮਸਕਾਰ ਕਰਕੇ ਸਖੀ ਦੇ ਮਗਰ ਹੋ ਟੁਰੀ।

੪.

ਦੁਇ ਜਣੀਆਂ ਉਥੋਂ ਨਿਕਲਕੇ ਘਰ ਪਹੁੰਚੀਆਂ, ਰਸਤੇ ਵਿਚ ਗਲਾਂ ਬਾਤਾਂ ਹੁੰਦੀਆਂ ਗਈਆਂ। ਸਨਿੱਕੋ ਨੇ ਰਾਜਕੁਮਾਰੀ ਨੂੰ ਉਸ ਦੀ ਨਾ ਸਮਝੀ ਗਲ ਸਮਝਾਈ। ਰਾਜ ਦੁਲਾਰੀ ਸੋਚਦੀ ਹੈ ਕਿ ਪੱਕੀ ਪਕਾਈ ਤਾਂ ਮਿਲੀ ਨਹੀਂ, ਪਰ ਸੁਆਦ ਆ ਗਿਆ ਹੈ, ਉਹ ਸੁਆਦ ਜੋ ਹੋਰ ਕਿਸੇ ਤਰ੍ਹਾਂ ਅੱਜ ਤੱਕ ਨਹੀਂ ਸੀ ਆਇਆ। ਭਰਮ ਤੇ ਪੱਕਾ ਭਰਮ ਪੈਂਦਾ ਹੈ ਕਿ ਨਿਰੀ 'ਵਾਕਜ-ਰਚਨਾਂ' ਨਹੀਂ, ਪਿੱਠ ਪਿਛੇ ਕੁਛ ਹੈ ਅਰ ਇਹ ਸਾਡੀ 'ਮਨ-ਤ੍ਰੰਗ' ਦੀ 'ਤ੍ਰੰਗਣੀ ਖੇਡ' ਓਸਦੀ ਪ੍ਰਤੀਤੀ ਨਹੀਂ ਹੋਣ ਦੇਂਦੀ।

ਭਾਵੇਂ ਹੁਣ ਮਨਤ੍ਰੰਗ ਟਿਕਦਾ ਨਹੀਂ ਸੀ, ਨਾ ਪ੍ਰਤੀਤੀ ਸੁਆਦ ਦੀ ਪ੍ਰਤੀਤੀ ਟਿਕਣ ਦੇਂਦੀ ਸੀ। ਹਾਂ, ਉਥੇ ਆਏ ਸੁਆਦ ਦੀ ਯਾਦ ਅਪਣੇ ਵਿਚ ਬੰਨ੍ਹ ਬੰਨ੍ਹ ਲੈਂਦੀ ਹੈ। ਸਨਿੱਕੋ ਨਾਲ ਕਈ ਵੇਰ ਗੱਲਾਂ ਹੁੰਦੀਆਂ ਹਨ ਤਾਂ ਬੀ ਸੁਆਦ ਆ ਹੀ ਜਾਂਦਾ ਹੈ। ਚਾਹੋ ਸਨਿੱਕੋ ਪੜ੍ਹੀ ਨਹੀਂ, ਪਰ ਹੈ ਕਿਸੇ ਸੁਖ ਵਿਚ ਤੇ ਦਿਲ ਉਸਦਾ ਮਾਨੋਂ ਧਨ ਸ਼ਕਤੀ (ਲਾਹੇ ਵਾਲੇ ਰੁਖ) ਵਿਚ ਵਮਦਾ ਹੈ।

ਦਿਨ ਬੀਤਦੇ ਗਏ, ਛੇਕੜ ਰਵਾਲਸਰ ਜਾਣ ਦਾ ਦਿਨ ਆ ਗਿਆ। ਰਾਜਾ, ਰਾਣੀ, ਰਾਜਦੁਲਾਰੀ, ਸਨਿੱਕੋ ਤੇ ਹੋਰ ਜ਼ਰੂਰੀ ਅਹਿਲਕਾਰ ਸਭ ਘੋੜੇ ਪੀਨਸਾਂ ਤੇ ਟੁਰ ਪਏ ਤੇ ਓਥੇ ਪਹੁੰਚ ਗਏ। ਹੋਰ ਰਾਜੇ ਅਗੇ ਪਹੁੰਚੇ ਹੋਏ ਸਨ। ਸਤਿਗੁਰਾਂ ਦੇ ਡੇਰੇ ਖੀ ਲੱਗੇ ਹੋਏ ਸਨ। ਰਾਜੇ ਇਕ ਵੇਰ ਸਤਿਗੁਰੂ ਜੀ ਦੀ ਯਾਤ੍ਰਾ ਕਰ ਵੀ ਆਏ ਸਨ। ਸਾਰੀਆਂ ਰਾਣੀਆਂ ਬੀ ਮੱਥੇ ਟੇਕ ਆਈਆਂ ਸਨ। ਚੰਬਿਆਲੀਏ ਪਛੇਤੇ ਪੁੱਜੇ, ਇਸ ਕਰਕੇ ਪਹਿਲੀ ਮੁਲਾਕਾਤ ਵਿਚ ਸ਼ਾਮਲ ਨਹੀਂ ਹੋ ਸਕੇ। ਪਦਮਾ ਦੀ ਵਿਦਯਾ ਤੇ ਗੁਣਾਂ ਦੀ ਸਭ ਪਹਾੜੀ ਰਾਣੀਆਂ ਵਿਚ ਧਾਕ ਸੀ, ਸਭ ਇਸ ਉਡੀਕ ਵਿਚ ਸਨ ਕਿ ਕਦੋਂ ਆਉਂਦੀ ਹੈ। ਹੁਣ ਜਦ ਸੁਣਿਆਂ ਕਿ ਪਦਮਾ ਆਈ ਹੈ, ਤਾਂ ਸਭੇ ਇਸ ਨੂੰ ਮਿਲਨ ਵਾਸਤੇ ਆਈਆਂ। ਇਸਨੇ ਆਦਰ ਦੇਕੇ ਬਹਾਲਿਆ ਤੇ ਗੱਲਾਂ ਬਾਤਾਂ ਹੁੰਦਿਆਂ ਇਉਂ ਵਾਰਤਾਲਾਪ ਛਿੜੀ:-

ਪਦਮਾ-ਸੁਣਾਓ ਬਾਈਧਾਰ ਦੇ ਸ਼ੱਤ੍ਰੂ ਨਾਲ ਸੁਲਹ ਮਫਾਈ ਹੋ ਗਈ?

ਰਾਣੀ ਗੁਲੇਰਨ-ਇਉਂ ਨਾ ਕਹੋ ਦੁਲਾਰੀ ਜੀ! ਉਹ ਤਾਂ ਪਿਆਰ ਦਾ ਅਵਤਾਰ ਹਨ, ਡਿੱਠੇ ਸੁਣੇ ਦਾ ਫਰਕ ਹੈ।

ਰਾਣੀ ਡਢਵਾਲਨ-ਸਾਰੇ ਰਾਜਿਆਂ ਦੀ ਮੱਤ ਮਾਰੀ ਹੋਈ ਸੀ, ਮੁ ਇਸ ਮੋਹਣੀ ਮੂਰਤ ਨਾਲ, ਜਿਸ ਦੇ ਚਰਨ ਚੁੰਮਣੇ ਚਾਹੀਦੇ ਸਨ, ਮੱਥੇ ਲਾਈ ਰਖੇ ਨੇ।

ਰਾਣੀ ਸ੍ਰੀ ਨਗਰਨ-ਸੰਮ੍ਹਾਲਕੇ ਬੋਲ, ਘਰ ਵਾਲੇ ਦੇ ਘਰ ਨਹੀਂਓਂ ਵੱਸਣਾ, ਜੇ ਕਿਤੇ ਪਤਾ ਲੱਗ ਗਿਆ ਤਾਂ ਧੱਕਾ ਨਾ ਮਿਲ ਜਾਈ।

ਰਾਣੀ ਡਢਵਾਲਨ-ਕਿਸੇ ਦੀ ਮਜਾਲ ਹੈ! ਖਸਮ ਨੂੰ ਨੋਕ ਨਾਲ ਬੰਨ੍ਹ ਕੇ ਰੱਖੀਦਾ ਹੈ।

ਰਾਣੀ ਕਿਉਂਥਲਨੀ-ਰਾਮ ਰਾਮ! ਪਤੀਬ੍ਰਤਾ ਧਰਮ ਤੇਰਾ ਏਹੀ ਹੈ?

ਰਾਣੀ ਡਢਵਾਲਨ-ਡਿੱਠਾ ਨੀ ਤੁਹਾਡਾ ਪਤੀਬ੍ਰਤ ਧਰਮ, ਸੌ ਜਾਦੂ ਤੇ ਲੱਖ ਟੂਣਾ। ਖਸਮ ਮੁੱਜੂ ਬਣਾਕੇ ਵੱਸ ਕਰਨ ਦੇ ਕਾਮਟ ਦਿਨ ਰਾਤ ਢੂੰਡਣੇ! ਇਹੋ ਪਤੀਬ੍ਰਤ ਧਰਮ ਹੈ? ਨਾਲੇ ਨਿਖਸਮੇ ਖਸਮ ਇਸਤ੍ਰੀ ਬ੍ਰਤ ਧਰਮ ਲਈ ਬੈਠੇ ਹਨ!

ਰਾਣੀ ਨੂਰਪੁਰਨ-ਸੱਚ ਕਿਹਾ ਈ, ਬਥੇਰੀ ਸੇਵਾ ਕੀਤੀ, ਆਪਾ ਮਾਰਕੇ ਸਦਕੇ ਹੋਈ, ਦਿਨ ਰਾਤ ਇਕ ਕੀਤੇ, ਛੇਕੜ ਖਸਮਾਂ ਖਾਣਾਂ ਚੰਬੇ ਦੀ ਇਕ ਭਿੱਟਣ ਤੇ ਰੀਝ ਪਿਆ। ਲੈ ਹੁਣ ਉਹ ਰਾਣੀ ਤੇ ਮੈਂ ਗੋਲੀ। ਤਾਪ ਸੜੀ ਘਰ ਰਹਿ ਗਈ, ਨਹੀਂ ਤਾਂ ਮੈਨੂੰ ਕਿਨ੍ਹੇ ਇੱਥੇ ਲਿਆਉਣਾ ਸੀ। ਇਨ੍ਹਾਂ ਮਰਦਾਂ ਦਾ ਕੋਈ ਵਸਾਹ ਏ?

ਰਾਣੀ ਜੁੱਬਲ-ਹੈ ਤਾਂ ਸੱਚ, ਪਰ ਸਾਨੂੰ ਕੀਹ? ਕਰੇਗਾ ਸੋ ਭਰੇਗਾ, ਅਸੀਂ ਆਪਣੀ ਨਿਬਾਹੀਏ। ਸਾਡਾ ਪਤੀਬ੍ਰਤ ਧਰਮ ਸੀਤਾ ਵਰਗਾ ਨਿਭੇਗਾ। ਰਾਮ ਦੀ ਰਾਮ ਜਾਣੇ, ਅੱਗ ਵਿਚ ਪਾਏ ਕਿ ਬਨ ਨੂੰ ਤੋਰੇ।

ਪਦਮਾ (ਮੁਸਕ੍ਰਾ ਕੇ ਆਪਣੇ ਆਪ ਵਿਚ)-ਪੜ੍ਹੇ ਹੋਏ ਓ ਚੰਗੇ।

ਰਾਣੀ ਨਾਹਨ-ਭੈਣੇ! ਜੇਹੀ ਬਣੀ ਤੇਹੀ ਸਾਰ ਲਈ। ਸਦਾ ਪਰਛਾਵੇਂ ਟਿਕੇ ਹਨ ਕਿ ਕਦੇ ਸੂਰਜ ਦੀ ਟਿੱਕੀ ਸਦਾ ਸ਼ਿਖਰੇ ਥਿਰ ਰਹੀ ਹੈ? ਸਭ ਕੁਝ ਢਲਨਹਾਰ ਹੈ। ਰੋਸ ਕਿਉਂ ਤੇ ਦੋਸ਼ ਕਾਸ ਨੂੰ। ਅਪਣੀ ਨਿਬਾਹੀ!

ਰਾਣੀ ਡਢਵਾਲਨ-ਸਾਰੇ ਤੁਹਾਡੇ ਗਿਆਨ ਮੈਂ ਜਾਣਦੀ ਹਾਂ। ਉੱਤੋਂ ਮੂੰਹ ਚੋਪੜੀਆਂ ਤੇ ਮੂੰਹ ਮੀਟੀਆਂ ਪਰਾਕੜੀਆਂ। ਜਿਨ੍ਹਾਂ ਤੇ ਪੈ ਗਈਆਂ ਸੌਕਣਾਂ ਤੇ ਸੌਕਣਾਂ ਦੀਆਂ ਚੜ੍ਹ ਪਈਆਂ ਗੁਡੀਆਂ, ਓਹ ਤਾਂ ਸਭ ਬ੍ਰਹਮ ਗਿਆਨਣਾਂ ਹੋ ਗਈਆਂ, ਤੇ ਜਿਨ੍ਹਾਂ ਦੀ ਚੜ੍ਹ ਰਹੀ ਹੈ ਆਪਣੀ ਗੁੱਡੀ, ਉਹ ਬਣ ਬੈਠੀਆਂ ਪਤੀਬ੍ਰਤਾ। ਇਹੋ ਕੁਛ ਹੈ ਕਿ ਹੋਰ? (ਸਾਰੀਆਂ ਹੱਸ ਪਈਆਂ)।

ਰਾਣੀ ਕਹਿਲੂਰਨ-ਖਰੀਆਂ ਪਈ ਕਹਿਨੀਏਂ ਡਰਨੀਏ ਨਹੀਂ। ਜੇ ਰਾਜੇ ਕੰਨੀਂ ਪਹੁੰਚ ਪਈਆਂ ਤਾਂ ਤੇਰੀ ਚੜ੍ਹੀ ਗੁੱਡੀ ਨਾ ਕੱਟੀ ਜਾਏ?

ਰਾਣੀ ਡਢਵਾਲਨ-ਕੱਟੀ ਜਾਏ ਤਾਂ ਜਾਏ ਕੱਟੀ ਮਾਰੀ ਜੁੱਤੀ ਤੋਂ। ਖਾਣਾ ਹੈ ਖਟਿਆ ਕਰਮ ਦਾ। ਜਦ ਤੋੜੀ ਹੈ ਯਾਵਰੀ ਕਰਮ ਵਿਚ, ਲਿਖਾਂਗੀ ਨੋਕ ਤੇ ਖਸਮ ਕਿ ਰਾਜਾ। ਜਦੋਂ ਦਿਤੀ ਹਾਰ ਕਰਮਾਂ ਨੇ, ਬਾਹੁੜੀ ਕਰਨੀ ਨਾ ਰੂਪ ਨੇ, ਨਾ ਅਕਲ ਨੇ, ਨਾ ਮਿਣ ਮਿਣ ਨੇ ਤੇ ਨਾ ਇਨ੍ਹਾਂ ਗਿਆਨਾਂ ਧਿਆਨਾਂ ਨੇ।

ਰਾਣੀ ਸੁਕੇਤਨ-ਭੈਣੇ! ਡਰੀਏ, ਕਰਮ ਦੀ ਗਤੀ ਦਾ ਕੀ ਪਤਾ? ਸੀਤਾ ਨਾ ਬਚੀ, ਰਾਧਾ ਐਡੇ ਕਰਮਾਂ ਵਾਲੀ ਸੁਕਦੀ ਸੁਕ ਗਈ, ਹੋਰ ਕਿਸੇ ਦੀ ਕੀ ਗੱਲ ਹੈ?

ਰਾਣੀ ਡਢਵਾਲਨ-ਫੇਰ ਤੇਰੀ ਕੀ ਮਰਜ਼ੀ ਹੈ, ਅੱਗੋਂ ਹੀ ਪਏ ਡਰ ਡਰ ਮਰੀਏ? ਜਦੋਂ ਕਰਮ ਦੀ ਗੁੱਡੀ ਚੜ੍ਹੀ ਹੋਵੇ ਓਦੋਂ ਭੈ ਨਾਲ ਮਰੀਏ, ਜਦੋਂ ਕੱਟੀ ਜਾਵੇ ਓਦੋਂ ਦੁੱਖਾਂ ਵਿਚ ਸੜੀਏ, ਕੋਈ ਘੜੀ ਉਤਲੇ ਸਾਹ ਦੀ ਨਾ ਆਵੇ?

ਰਾਣੀ ਸੁਕੇਤਨ-ਨਹੀਂ, ਮੈਂ ਇਹ ਤਾਂ ਨਹੀਂ ਕਹਿੰਦੀ। ਮੈਂ ਤਾਂ ਕਿਹਾ ਹੈ ਕਰਮ ਦਾ ਬੀ ਕਾਹਦਾ ਮਾਣਾ? ਕਰਮ ਕੋਈ ਪੱਕਾ ਥੋੜ੍ਹਾ ਹੈ?

ਰਾਣੀ ਡਢਵਾਲਨ-ਜਦ ਤਕ ਸਹੀ, ਤਕ ਤਕ ਸਹੀ। ਚੁਫੇਰੇ ਦੁਖ ਦਿਸਦਾ ਹੈ। ਸ਼ਾਸਤ੍ਰ ਪੜ੍ਹਿਆਂ ਨੂੰ ਪੁੱਛੋ ਤਾਂ ਜਗਤ ਨੂੰ ਸਾਰੇ ਦੁਖ ਰੂਪ ਦੱਸਦੇ ਹਨ, ਸੋ ਇਸ ਸਰਬਥਾ ਦੁਖ ਰੂਪ ਵਿਚ ਜੋ ਘੜੀ ਸੁਖ ਦੀ ਮਿਲ ਗਈ ਸੋਈ ਸਹੀ, ਉਸ ਨੂੰ ਕਿਉਂ ਖ਼ਰਾਬ ਕਰੀਏ?

ਰਾਣੀ ਕਹਿਲੂਰਨ-ਗੱਲ ਕਰਦਿਆਂ ਕੰਧ ਤੋਂ ਬੀ ਡਰੀਏ, ਮਤਾਂ ਕੋਈ ਕੰਧ ਉਹਲੇ ਹੋ ਨਾ ਸੁਣਦਾ ਹੋਵੇ ਤੇ ਤੂੰ ਜੀਉਂਦੇ ਕੰਨਾਂ ਤੋਂ ਨਹੀਂ ਡਰਨੀਏਂ। ਕਿੰਨੇ ਪਏ ਸੁਣਦੇ ਹਨ। ਜੇ ਕੰਨੀਂ ਜਾ ਚੜ੍ਹੀਆਂ ਤਾਂ ਰਵਾਲਸਰ ਵਿਚ ਹੀ ਡੇਰਾ ਨਾ ਲੱਗ ਜਾਏ?

ਰਾਣੀ ਡਢਵਾਲਨ-ਮੇਰਾ ਕਿ ਖਸਮ ਦਾ?

ਸਾਰੀਆਂ-ਰਾਮ! ਰਾਮ!

ਰਾਣੀ ਸ੍ਰੀ ਨਗਰਨ-ਤੇਰੀ ਕੈਂਚੀ ਜੀਭ ਸੜੇ, ਘਰ ਵਾਲੇ ਨੂੰ?

ਰਾਣੀ ਡਢਵਾਲਨ-ਡਿੱਠਾ ਨੀ ਘਰ ਵਾਲਾ, ਐਡਾ, ਡੋਬਣ ਵਾਲਾ। ਚਾਰ ਹੇਠ ਤੇ ਪੰਜ ਉੱਤੇ ਧਰਕੇ ਰਖੀਆਂ, ਨੱਕ ਵਿਚ ਪਾਈ ਨਕੇਲ ਤੇ ਕਿਹਾ: ਨੱਚੋ ਜੀ ਮਹਾਰਾਜ। (ਚੁਫੇਰੇ ਤੱਕਕੇ) ਨੱਕ ਭਰਵੱਟੇ ਨਾ ਵੱਟੋ ਅੜੀਓ! ਤੇ ਨਾ ਟੂਕੋ ਬੁੱਲ੍ਹ, ਖਰੀਆਂ ਖਰੀਆਂ ਲਓ ਸੁਣ, ਅੰਦਰੋਂ ਸਾਰੀਆਂ ਮੈਥੋਂ ਵੱਧ ਹੋ, ਉੱਤੋਂ ਪਈਆਂ ਮੋਮਣੀਆਂ ਬਣੋਂ। ਮੈਂ ਕਹਿੰਦੀ

ਹਾਂ ਖਰੀ ਗੱਲ ਤੇ ਕਹਾਂਗੀ ਖਸਮ ਦੇ ਮੂੰਹ ਤੇ। ਮੈਨੂੰ ਤਾਂ ਜਦੋਂ ਕਹਿੰਦਾ ਹੈ ਨਾ ਕਿ ਮੇਰਾ ਉਹ ਪਿਆਰ ਹੈ ਜੋ ਰਾਮ ਜੀ ਦਾ ਸੀਤਾ ਨਾਲ ਸੀ, ਤਾਂ ਮੈਂ ਥੱਥਾ ਨਹੀਂ ਰੱਖਦੀ, ਮੂੰਹ ਤੇ ਮਾਰਨੀ ਹਾਂ ਸੱਚੀ: ਡਿੱਠਾ ਜੀ ਤੁਹਾਡਾ ਪਿਆਰ, ਮੈਥੋਂ ਪਹਿਲਾਂ ਚਾਰ ਵਿਆਹ ਕਰ ਚੁਕੇ ਹੋ, ਚਾਰੇ ਰਾਜ਼ਿਆਂ ਦੀਆਂ ਧੀਆਂ, ਇਕ ਤੋਂ ਇਕ ਚੜ੍ਹਦੀਆਂ, ਗੁਣਾਂ ਵਾਲੀਆਂ, ਮੈਂ ਤਾਂ ਕਿਸੇ ਦੇ ਪੈਰਾਂ ਦੀ ਤਲੀ ਜੇਹੀ ਬੀ ਨਹੀਂ। ਉਹ ਤੁਸਾਂ ਤ੍ਰਾਹ ਸੁੱਟੀਆਂ ਤੇ ਮੇਰੇ ਨਾਲ ਕਦ ਨਿਭਣ ਲੱਗੇ ਹੋ। ਤੁਸਾਨੂੰ ਮਰਦਾਂ ਨੂੰ ਕਿਸੇ ਨਾਲ ਪਿਆਰ ਨਹੀਂ, ਨਵੇਂ-ਪਨ ਨਾਲ ਮੋਹ ਹੈ। ਜਿਸ ਤਰ੍ਹਾਂ ਬਾਲ ਉਸ ਤਰ੍ਹਾਂ ਮਰਦ। ਨਿੱਤ ਨਵੇਂ ਖਡੌਣੇ ਨਾਲ ਪਿਆਰ। ਪੁਰਾਣੇ ਭੰਨੇ, ਨਵੇਂ ਹੋਰ।

ਰਾਣੀ ਸ੍ਰੀ ਨਗਰਨ-ਫੇਰ ਗੁੱਸੇ ਨਹੀਂ ਹੋ ਜਾਂਦੇ?

ਰਾਣੀ ਡਢਵਾਲਨ-ਹੋ ਪੈਣ ਤਾਂ ਹੋ ਪੈਣ, ਮੈਂ ਤਾਂ ਸਿਰ ਤਲੀ ਤੇ ਧਰੀ ਬੈਠੀ ਹਾਂ। ਚਾਰ ਚਿਖਾਂ ਜੋ ਸਾਮ੍ਹਣੇ ਬਲਦੀਆਂ ਦੇਖਦੀ ਹਾਂ, ਪੰਜਵੀਂ ਆਪਣੀ ਸਮਝਦੀ ਹਾਂ ਬੀੜੀ ਜਾ ਰਹੀ ਹੈ, ਪਰ ਜਦੋਂ ਪਊ ਓਦੋਂ ਸੜੂੰ। ਮੈਂ ਕਹਿੰਦੀ ਹਾਂ: ਮੈਂ ਅੱਗੋਂ ਹੀ ਕਿਉਂ ਚੁੜ ਚੁੜ ਮਰਾਂ? ਜਦ ਤਕ ਸੁਖ ਹੈ ਤਦ ਤਕ ਸਹੀ। ਏਹੋ ਮੈਂ ਖਸਮ ਦੇ ਮੂੰਹ ਤੇ ਮਾਰਨੀ ਹਾਂ, ਸਾਫ ਆਖਦੀ ਹਾਂ 'ਕਰਮਾਂ ਦੀ ਯਾਵਰੀ ਹੈ, ਤੁਹਾਡੀ ਮੁਹੱਬਤ ਪਰਛਾਵਾਂ ਹੈ।'

ਰਾਣੀ ਸੁਕੇਤਨ-ਧੰਨ ਤੂੰ ਹੈਂ, ਸਾਡੀ ਤਾਂ ਸਹਿਮਾਂ ਨਾਲ ਜਾਨ ਸੁੱਕੀ ਰਹਿੰਦੀ ਹੈ।

ਰਾਣੀ ਮੰਡੀਨੀ-ਵੇਖਣਾਂ ਕਿਤੇ ਏਸ ਦੀ ਰੀਸ ਨਾ ਕਰ ਬਹਿਣੀ। ਕੁੱਬੇ ਨੂੰ ਲੱਤ ਕਾਰ ਆ ਗਈ ਹੋਵੇ ਤਾਂ ਨਾਜ਼ਕ ਲੱਕ ਵਾਲੇ ਨੂੰ ਪੁੱਠੀ ਪਵੇਗੀ। ਭੈਣੋਂ? ਆਪੋ ਆਪਣੇ ਥਾਂ ਸਮਝ ਕੇ ਵਰਤਣਾ, ਇਹ ਮੂੰਹ-ਪਾਟੀ ਦੀ ਕਦੇ ਰੀਸ ਨਾ ਕਰਨੀ।

ਰਾਣੀ ਡਢਵਾਲਨ-ਸੁਣ ਲਓ ਕਥਾ ਪੰਡਤਾਣੀ ਦੀ। ਖੂਬ ਡਰਿਆ ਕਰੋ, ਸੜਿਆ ਕਰੋ, ਕੁੜਿਆ ਕਰੋ, ਮਿਣ ਮਿਣ ਕਰਿਆ ਕਰੋ। ਇਹ ਜੇ ਸੱਤ ਧਰਮ, ਇਹੋ ਜੇ ਪਤੀਬ੍ਰਤ ਧਰਮ, ਉੱਤੋਂ ਠੰਢੇ ਘੜੇ ਅੰਦਰੋਂ ਆਵੇ ਦੀ ਅੱਗ ਵਾਂਙੂ, ਠੀਕ ਹੈ ਨਾ?

ਰਾਣੀ ਕੁੱਲੂ ਵਾਲੀ-ਡਢਵਾਲਣੇ! ਮੈਂ ਆਖਾਂ ਸੱਚੀ, ਮੇਰੇ ਗਲ ਨਾ ਅੜੀਏ ਪੈ ਜਾਈਂ, ਕਹਿੰਦੀ ਤਾਂ ਤੂੰ ਖਰੀਆਂ ਹੈਂ, ਪਰ ਯੋਗ ਨਹੀਓਂ ਕਹਿਣੀਆਂ। ਅਸਲ ਗੱਲ ਇਹ ਹੈ ਕਿ ਜਿਥੇ ਸਾਉਕਾ ਹੋਊ ਉੱਥੇ ਯਾ ਸਾਝਾ ਯਾ ਤੇਰੇ ਵਾਂਙੂ ਜਿੰਦ ਤਲੀ ਉਤੇ ਤੇ ਜੀਭ ਮੱਥੇ ਉਤੇ, ਦੁਖ ਜੁ ਹੈ ਤਾਂ ਸਾਉਕੇ ਦਾ! ਇਹਨਾਂ ਬਾਹਮਣਾਂ ਨੂੰ ਕੁਛ ਦੇਈਏ ਦਿਵਾਈਏ ਜੋ ਇਹ ਵੇਦ ਵਾਕ ਪਾ ਦੇਣ ਕਿ ਦੂਜਾ ਵਿਆਹ ਪਾਪ ਹੈ; ਫਿਰ ਭਾਵੇਂ ਪਤੀ ਬੀ ਨਿਭ ਜਾਣ ਤੇ ਸਾਡੇ ਅੰਦਰੀਂ ਬੀ ਸਾੜੇ ਜਾਂ ਬੇਅਦਬੀ ਦੇ ਭਾਵ ਨਾ ਆਉਣ।

ਰਾਣੀ ਡਢਵਾਲਨ-ਆਖੀ ਤਾਂ ਸੱਚੀ ਹੈ, ਤੇਰੇ ਕਹੇ ਨੂੰ ਸਿਰ ਮੱਥੇ ਤੇ ਰੱਖਨੀ ਹਾਂ, ਪਰ ਕਰ ਵੇਖ ਜੇ ਪੇਸ਼ ਚਲਦੀ ਊ ਤਾਂ। ਭੈਣੋਂ! ਸਾਥੋਂ ਗ੍ਰੀਬ ਚੰਗੇ। ਚਾਰ ਆਨੇ ਲਿਆਕੇ ਰਾਤ ਨੂੰ ਵਹੁਟੀ ਗੱਭਰੂ ਪਿਆਰ ਨਾਲ ਤਾਂ ਵੰਡ ਖਾਂਦੇ ਹਨ ਨਾ! ਨਾ ਸਹੀ ਸੰਸਾਰ ਦੇ ਸੁਖ, ਆਪੋ ਵਿਚ ਮੋਹ ਤੇ ਇਤਬਾਰ ਦਾ ਸੁਖ ਸਿਰ ਸੁੱਖਾਂ ਦੇ ਸੁੱਖ ਹੈ। ਮੈਂ ਖਸਮ ਨੂੰ ਹੁਕਮ ਵਿਚ ਟੋਰਦੀ ਹਾਂ, ਸੁਖੀ ਹਾਂ, ਮੈਂ ਡਰਦੀ ਨਹੀਂ, ਮੂੰਹ ਤੇ ਸੁਣਾਉਂਦੀ ਹਾਂ, ਜੋ ਮੈਂ ਤੁਹਾਡੇ ਸਾਹਮਣੇ ਕਹੀਆਂ, ਓਹੋ ਉਹਦੇ ਮੂੰਹ ਤੇ ਆਖਦੀ ਹਾਂ, ਪਰ ਫੇਰ ਮੈਂ ਦੁਹਾਈ ਦੇ ਕੇ ਆਖਦੀ ਹਾਂ ਕਿ ਜੇ ਮੈਂ ਮਜ਼ੂਰ ਦੀ ਵਹੁਟੀ ਹੁੰਦੀ, ਇਕ ਡੰਗ ਲੱਭਦਾ, ਇਕ ਨਾ ਲੱਭਦਾ, ਆਪ ਭਰਦੀ, ਆਪ ਪੀਂਹਦੀ, ਆਪ ਪਕਾਉਂਦੀ, ਥੱਕੇ ਪਤੀ ਦੇ ਅੱਗੇ ਧਰਦੀ, ਉਹ ਖਾਂਦਾ ਤੇ ਸਜਰੇ ਪਾਣੀ ਦਾ ਘੁੱਟ ਪੀ ਕੇ ਮੇਰੇ ਵਲ ਪਿਆਰ ਨਾਲ ਤੱਕਦਾ, ਤਾਂ ਮੈਂ ਜੀਉ ਜੀਉ ਪੈਂਦੀ। ਉਹ ਸੱਚੇ ਪਿਆਰ ਦੀ ਚਿਤਵਨ, ਉਹ ਅੰਦਰਲੇ ਨੇਹੁੰ ਦੀ ਦ੍ਰਿਸ਼ਟਿ, ਜਗਤ ਉਸ ਤੋਂ ਵਾਰ ਸੁਟਾਂ, ਓਸ ਇਕ ਨਜ਼ਰ ਉਤੋਂ ਸਾਰੀ ਸਦਕੇ ਹੋ ਜਾਵਾਂ। ਮੇਰਾ ਦਿਲ, ਮੇਰੇ ਸੁਆਮੀ ਦਾ ਦਿਲ, ਇਕ ਝਰਨਾਟ ਵਿਚ ਝਰਨ; ਫੇਰ ਦੁੱਖ ਕੀਹ ਤੇ ਭੁੱਖ ਕੀਹ? ਗ੍ਰੀਬੀ ਕੀਹ ਤੇ ਬਿਦੇਸ਼ ਕੀ? ਅਸਲ ਗੱਲ ਇਹ ਹੈ ਕਿ ਅਮੀਰੀ ਮਨ ਦੇ ਸੁਖ ਦੀ ਵੈਰਨ ਹੈ। ਬਹੁਤੇ ਵਿਆਹ ਅਮੀਰੀ ਕਰਾਉਂਦੀ ਹੈ ਤੇ ਬਹੁਤੇ ਵਿਆਹ 'ਪਿਆਰ' ਵਿਚ ਵਿਨਾਹ ਹੁੰਦੇ ਹਨ।

ਪਦਮਾ-ਮੇਰੀਓ ਵੱਡੀਓ ਤੇ ਸਤਿਕਾਰ ਯੋਗ ਵੱਡੀਓ! ਤੁਸੀਂ ਲੱਗ ਪਈਆਂ ਜੇ ਆਪਣੀ ਗੱਲੀਂ ਤੇ ਮੈਂ ਕਰਨੀਆਂ ਸਨ ਹੋਰ ਗੱਲਾਂ, ਆਖੋ ਤਾਂ ਛੇੜਾਂ?

ਰਾਣੀ ਡਖਵਾਲਨ-ਆਹੋ ਨੀ ਆਹੋ ਭੜਾਕੂਏ! ਕਰਨੀਆਂ ਸੂ ਗੱਲਾਂ। ਤੇਰੀ ਗੱਲ੍ਹੀਂ ਚੌਲ ਜੂ ਹੋਏ, ਨਾ ਸਹੇੜੇ ਨਾ ਹੱਡ ਪਏ। ਸੁਖੀ ਵੱਸਨੀ ਏਂ, ਛੜੀ ਛਾਂਟ। ਨਾ ਲਾਲਚ ਕੀਤਾ ਤੇ ਨਾ ਪਏ ਮਾਮਲੇ। ਤੈਨੂੰ ਤਾਂ ਹੋਰ ਗੱਲਾਂ ਭਾਉਣੀਆਂ ਹੀ ਹੋਈਆਂ ਨਾ।

ਪਦਮਾ ਦੀ ਮਾਂ-ਡਢਵਾਲਣੇ! ਧੀਆਂ ਨਾਲ ਬੀ ਮਖੌਲ, ਆਪੋ ਵਿਚ ਤਾਂ ਭਲਾ ਹੋਇਆ ਨਾ।

ਰਾਣੀ ਡਢਵਾਲਣ-ਉਹ ਹੋ, ਚੰਬਿਆਲਣੇ! ਮੈਨੂੰ ਚੇਤਾ ਹੀ ਭੁੱਲ ਗਿਆ ਜੋ ਪਦਮਾ ਧੀ ਹੈ। ਮਾਫ ਕਰਨਾ, ਗੁੱਸੇ ਨਹੀਂ ਹੋਣਾ, ਪਰ ਮੈਨੂੰ ਤਾਂ ਏਸ ਧੀ ਨਾਲ ਬੀ ਸਾੜਾ ਹੈ ਜਿਨ੍ਹੇ ਪੋਥੀਆਂ ਨਾਲ ਵਿਆਹ ਕੀਤਾ ਹੈ, ਤੇ ਸੁਖ ਦੀ ਨੀਂਦਰੇ ਸੌਂਦੀ ਹੈ। ਤੇਰੇ ਵਰਗੀ ਮਿਲੀ ਹੈ ਮਾਂ ਤੇ ਬਹਾਰਾਂ ਕਰਦੀ ਹੈ ਤੇਰੇ ਸਿਰ ਤੇ। ਖਿਮਾਂ ਕਰਨੀ ਮੈਂ ਮੂੰਹ ਪਾਟਾ ਢੋਲ ਜੂ ਹੋਈ।

ਪਦਮਾ-ਤੁਸੀਂ ਸਾਰੀਆਂ ਵੱਡੀਆਂ ਮੇਰੀਆਂ ਮਾਵਾਂ ਹੋ। ਮੈਨੂੰ ਏਹ ਦੱਸੋ ਗੁਰੂ ਕਿਹੋ ਜਿਹਾ ਡਿੱਠਾ ਨੇ?

ਰਾਣੀ ਡਢਵਾਲਣ-ਸਭ ਤੋਂ ਪਹਿਲਾਂ ਮੈਂ ਦੱਸਾਂਗੀ, ਲੈ ਸੁਣ:-

ਮੋਹਿਨੀ ਮੂਰਤ, ਸੋਹਣੀ ਸੂਰਤ, ਸਾਖਜਾਤ ਆਪ, ਅਰਸ਼ਾਂ ਤੇ ਕੋਈ ਨਾ, ਕੁਰਸ਼ਾਂ ਤੇ ਕੋਈ ਨਾ, ਬ੍ਰਹਮ ਲੋਕ ਸ਼ਿਵ ਲੋਕ ਸੁੰਞੇ ਤੇ ਸੁਰਗ ਲੋਕ ਸੱਖਣੇ, ਜੋ ਹੈ ਸੋ ਇਹ ਹੈ। ਜੇ ਉੱਥੇ ਬੈਕੁੰਠਾਂ ਵਿਚ ਕੋਈ ਸੀ ਤਾਂ ਹੇਠਾਂ ਉੱਤਰ ਆਇਆ ਜੇ, ਤੇ ਓਹ ਘਰ ਹੁਣ ਖਾਲੀ ਪਏ ਜੇ, ਬੱਸ ਇਹ ਤਾਂ ਹਈ ਸੱਚ ਤੇ ਬਾਕੀ ਮਿਣ ਮਿਣ ਤੇ ਗਿਣ ਗਿਣ ਕੁੜੀਏ! ਸੁਣ ਲੈ ਇਨ੍ਹਾਂ ਸਾਰੀਆਂ ਪਤੀਵਰਤਾਂ ਕੋਲੋਂ!

ਰਾਣੀ ਚੰਬਜਾਲਨ-ਡਢਵਾਲਣੇ! ਮੈਂ ਜੂ ਕਿਹਾ ਸੀ ਧੀਆਂ ਨਾਲ ਮਖੌਲ ਨਹੀਂ ਫਬਦੇ।

ਰਾਣੀ ਡਢਵਾਲਣ (ਚੁਟਕੀ ਮਾਰਕੇ)-ਜੁਲਾਹੇ ਦੀ ਮਸ਼ਕਰੀ ਮਾਂ ਭੈਣ ਨਾਲ?

ਪਦਮਾ-ਮੈਂ ਤੁਸਾਡੀ ਬੱਚੀ ਹਾਂ, ਤੁਸੀਂ ਪਿਆਰ ਕਰਦੇ ਹੋ! ਹਾਂ ਜੀ, ਗੁਰੂ ਜੀ ਕੇਹੋ ਜੇਹੇ ਦੇਖੇ?

ਰਾਣੀ ਡਢਵਾਲਨ-ਦੱਸੋ ਨੀ ਮੂੰਹ ਮੀਟੀਓ, ਪਰ ਸਚੋ ਸੱਚ ਦੱਸਣਾ।

ਰਾਣੀ ਸ੍ਰੀਨਗਰਨ-ਮੇਰੀ ਜਾਚ ਵਿਚ ਤਾਂ ਇਹ ਆਇਆ ਹੈ ਕਿ ਹਰ ਜੁਗ ਦਾ ਅਵਤਾਰ ਹੈ ਆਪੋ ਆਪਣਾ, ਸਾਡੇ ਜੁਗ ਵਿਚ ਅਵਤਾਰ ਏਹ ਹਨ।

ਰਾਣੀ ਨਾਹਨ-ਮੇਰਾ ਖਿਆਲ ਬੀ ਇਹੋ ਹੈ ਕਿ ਵਿਸ਼ਨੂੰ ਜੀ ਦਾ ਸੋਲਾਂ ਕਲਾਂ ਅਵਤਾਰ ਹਨ।

ਰਾਣੀ ਮੰਡੀਨੀ-ਮੇਰੀਆਂ ਅੱਖਾਂ ਵਿਚ ਤੇ ਮੇਰੇ ਪਤੀ ਦੀਆਂ ਅੱਖਾਂ ਵਿਚ ਤਾਂ ਧਿਆਨ ਵਸ ਗਿਆ ਹੈ। ਇਥੋਂ ਹੋਕੇ ਅਸਾਂ ਆਪਣੇ ਨਗਰ ਲੈ ਜਾਣਾ ਹੈ ਤੇ ਦਾਸ ਹੋ ਕੇ ਸੇਵ ਕਮਾਉਣੀ ਹੈ। ਬਸ ਮੈਥੋਂ ਹੋਰ ਕੀ ਪੁੱਛਦੇ ਹੋ? ਮੇਰੇ ਤਾਂ ਸੁਰਤ-ਆਧਾਰ ਹੋ ਗਏ। ਦੱਸਾਂ ਕੀ? (ਇਹ ਕਹਿਕੇ ਨੈਣ ਭਰ ਗਏ)।

ਰਾਣੀ ਡਢਵਾਲਨ-ਵਾਹ ਵਾਹ! ਵਾਹ ਵਾਹ!

ਰਾਣੀ ਸੁਕੇਤਨ-ਮੈਂ ਤਾਂ ਘਰੋਂ ਇਹ ਧਾਰ ਕੇ ਗਈ ਸਾਂ ਕਿ ਜੇ ਅਵਤਾਰ ਹਨ ਤਾਂ ਮੈਨੂੰ ਰਾਮ ਰੂਪ ਦਿੱਸਣ। ਸੋ ਜਦ ਮੈਂ ਗਈ ਮੈਨੂੰ ਸਾਂਵਲੀ ਸੂਰਤ, ਮੋਹਿਨੀ ਮੂਰਤ, ਧਨੁਖ ਧਾਰੀ ਮ੍ਰਿਗ ਨੂੰ ਤੀਰ ਮਾਰ ਰਹੇ ਦਿਸੇ। ਮੈਂ ਰਾਮ ਰੂਪ ਸਮਝਦੀ ਹਾਂ।

ਰਾਣੀ ਨੂਰਪੁਰਨ-ਮੇਰੇ ਨਗਰ ਦੀਆਂ ਹੋਣ ਠੰਢੀਆਂ ਛਾਵਾਂ, ਬਰੋਟਿਆਂ ਦੇ ਹੇਠ ਡਾਹਵਾਂ ਪਲੰਘ, ਸਤਿਗੁਰ ਦੇ ਅਗੇ ਲਿਆ ਕੇ ਧਰਾਂ ਚਿਟੜੇ ਚਾਵਲ ਤੇ ਦੁੱਧ ਮਾਝਾ, ਤੇ ਇਨ੍ਹਾਂ ਪਹਾੜੀ ਰਾਜਿਆਂ ਨੂੰ ਕਿ ਸਿਖਾਂ ਨੂੰ ਲੂੰ ਨਾ ਪੱਟ ਕੇ ਵਿਖਾਵਾਂ ਸੁਹਣੇ ਸਤਿਗੁਰ ਦਾ। ਹਾਇ ਕਟਕ ਪਵੇ, ਏਹ ਏਸ ਇਲਾਹੀ ਜੋਤ ਨਾਲ ਮੱਥੇ ਲਾਉਂਦੇ, ਲੜਦੇ ਤੇ ਦੂਇਆਂ ਨੂੰ ਲੜਾਉਂਦੇ ਹਨ। ਬੱਚੀਏ! ਮੇਰੀਆਂ ਅੱਖਾਂ ਵਿਚ ਤਾਂ ਹੰਸ ਅਵਤਾਰ ਦਿੱਸਦੇ ਹਨ।

ਰਾਣੀ ਡਢਵਾਲਨ-ਪਿਅਰੇ ਕਿੰਨੇ ਕੁ ਲੱਗੇ ਨੀ?

ਰਾਣੀ ਨੂਰਪੁਰਨ-ਜਿਵੇਂ ਸੁਦਾਮਾਂ ਜੀ ਨੂੰ ਕ੍ਰਿਸ਼ਨ, ਭਬੀਖਨ ਜੀ ਨੂੰ ਰਾਮ, ਧ੍ਰੂਹ ਜੀ ਨੂੰ ਵਿਸ਼ਨੂੰ।

ਰਾਣੀ ਡਢਵਾਲਨ-ਫੇਰ ਮਰ ਜਾਓ! ਤੁਹਾਨੂੰ ਕਟਕ ਪਵੇ। ਖਸਮਾਂ ਨੂੰ ਦੋ ਦੋ ਲਾ ਕੇ ਸ਼ਰਨ ਕਿਉਂ ਨਹੀਂ ਜੇ ਪਟਕਦੀਆਂ ਤੇ ਪਾਹੁਲ ਲੈ ਕੇ ਗ਼ਰਕ ਕਿਉਂ ਨਹੀਂ ਹੁੰਦੀਆਂ ਚਰਨੀਂ ਕਮਲੀਂ।

ਰਾਣੀ ਨੂਰਪੁਰਨ-ਤੇਰੇ ਵਰਗੀਆਂ ਭੋਜ ਸੁਪਤਨੀਆਂ ਅਸੀਂ ਨਹੀਂ।

ਪਦਮਾ-ਹਾਂ ਭੁੱਟਨਾ ਜੀਓ!

ਰਾਣੀ ਭੁੱਟਨਾ-ਮੈਂ ਤਾਂ ਜੰਗਲੀ ਤ੍ਰੀਮਤ ਹਾਂ, ਮੈਨੂੰ ਕੀ ਸਾਰ ਹੈ? ਇੰਨਾਂ ਪਤਾ ਹੈ ਕਿ ਜਦ ਦਰਸ਼ਨ ਕੀਤਾ ਮੇਰੇ ਲੂੰ ਜੀਭ ਵਾਂਙੂ ਹੋ ਗਏ ਤੇ ਐਉਂ ਸੁਣੀਵੇ ਕਿ 'ਵਾਹਿਗੁਰੂ' 'ਵਾਹਿਗੁਰੂ' ਕਰਦੇ ਹਨ। ਫੇਰ ਮੈਂ ਤਾਂ ਇਸੇ ਵਿਚ ਰਹਿ ਗਈ, ਹੋਰ ਮੈਨੂੰ ਕੁਛ ਨਹੀਂ ਜੇ ਆਉਂਦਾ।

ਰਾਣੀ ਕਿਓਥੰਲਨੀ-ਵਿਸ਼ਨੂੰ ਰੂਪ, ਸੰਖ, ਚਕ੍ਰ, ਗਦਾ, ਪਦਮ:

ਰਾਣੀ ਡਢਵਾਲਨ-ਵਿਸ਼ਨੂੰ ਦੇ ਦਸ ਅਵਤਾਰ ਤੈਨੂੰ ਕੇਹੜੇ ਦਿੱਸੇ, ਕ੍ਰਿਸ਼ਨ ਰੂਪ?

ਰਾਣੀ ਕਿਓਥਲਨੀ-ਸਾਖਜਾਤ ਚਤੁਰਭੁਜ ਰੂਪ, ਅਵਤਾਰੀ, ਮਨੁੱਖ ਰੂਪ ਨਹੀਂ।

ਰਾਣੀ ਹੰਡੂਰਨ-ਮੈਨੂੰ ਤਾਂ ਉਸ ਵੇਲੇ ਇਹ ਦਿੱਸਿਆ ਕਿ ਹੁਣੇ ਕਾਲੀ ਨੱਥ ਕੇ ਆਏ ਆਪਣੇ ਤੇਜ ਪ੍ਰਤਾਪ ਵਿਚ ਦਰਬਾਰ ਲਾ ਬੈਠੇ ਹਨ ਤੇ ਸਭ ਰਾਜੇ ਸ਼ਰਨ ਆ ਗਏ ਹਨ।

ਰਾਣੀ ਗੁਲੇਰਨ-ਦਰਸ਼ਨ ਕਰਕੇ ਚਿੱਤ ਕੀਤਾ ਹਾਰ ਸ਼ਿੰਗਾਰ ਲਾਹਵਾਂ, ਕੱਪੜੇ ਫੂਕਾਂ ਤੇ ਅੰਗ ਭਬੂਤ ਰਮਾਵਾਂ, ਭਗਵੇ ਪਹਿਨਾਂ, ਲਿਟਾਂ ਛੋੜ ਦਿਆਂ, ਕਿੰਗ ਲੈ ਲਵਾਂ ਤੇ ਦਰ ਦਰ ਫਿਰਾਂ ਤੇ ਕੂਕਾਂ-

"ਆਪ ਆਏ ਜਗ ਤਾਰਨ ਕਾਰਨ
ਕਿਉਂ ਸੁਤੈਂ ਸੰਸਾਰ। ਨੈਣਾ ਦੇ ਦਰ
ਸੂਰ ਖੜੋਤਾ ਮਿਲ ਵੇ ਨੈਣ ਉਘਾੜ!"

ਰਾਣੀ ਡਢਵਾਲਨ-ਫੇਰ ਭੈੜੀਏ! ਉਡੀਕਦੀ ਕੀ ਏਂ? ਮਾਰ ਛਾਲ, ਅਸੀਂ ਬੀ ਤੇਰੀ ਚਰਨ ਧੂੜ ਮਥੇ ਲਾ ਕੇ ਟੁਰੀਏ। ਪੀਪੇ ਦੀਆਂ ਸੌ ਰਾਣੀਆਂ ਵਿਚੋਂ ਸੀਤਾ ਤਰੀ, ਸਾਡੇ ਬਾਈ ਧਾਰ ਵਿਚੋਂ ਗੁਲੇਰਨ ਤਰੀ। ਨਿੱਤਰ ਭੈੜੀਏ! ਸ਼ੁਭ ਵਾਸ਼ਨਾਂ ਵਿਚ 'ਨਹਿੰ ਬਿਲੰਬ ਧਰਮੰ' ਚਾਹੀਏ।

ਰਾਣੀ ਗੁਲੇਰਨ (ਠੰਢਾ ਸਾਹ ਭਰਕੇ)-ਪਤੀ ਆਗਜਾ?

ਰਾਣੀ ਡਢਵਾਲਨ-ਖਾਂਦਾ ਏ ਖਮਮਾਂ ਨੂੰ।

ਰਾਣੀ ਚੰਬਿਆਲਨ-ਤੇਰੀ ਜੀਭ ਕੁਛ ਭੇਡ ਦੀ ਵਧ ਗਈ ਉੰਨ ਵਾਂਙੂ ਕਤਰਨ ਦੀ ਮੁਥਾਜ ਹੈ। ਮਨ ਵਧਿਆ ਚੰਗਾ ਨਹੀਂ ਤੇ ਜੀਭ ਵਗ ਟੁਰੀ ਚੰਗੀ ਨਹੀਂ। ਉਹ ਕਥਾ ਨਹੀਂਓ ਸੁਣੀ?

ਰਾਣੀ ਸ੍ਰੀ ਨਗਰਨ-ਹਾਰ ਵਾਲੀ?

ਰਾਣੀ ਡਢਵਾਲਨ-ਸੁਣਾ ਦੇਹ ਜੋ ਮੇਰੇ ਮਨ ਚੰਦ੍ਰੇ ਨੂੰ ਬੀ ਕੋਈ ਲੱਗੇ। ਇਹ ਤਾਂ ਆਖਦਾ ਹੈ ਜਦ ਤਕ ਗੁਡੀ ਚੜ੍ਹੀ ਹੈ, ਦੇਹ ਡੋਰ, ਉੱਡ ਉਤਲੇ ਘਰੀਂ। ਸੁਣਾ ਨਾ ਫੇਰ ਕਥਾ।

ਰਾਣੀ ਚੰਬਿਆਲਨ-ਇਕ ਰਾਜੇ ਨੇ ਆਪਣੀ ਪਰਮੇਸ਼ੁਰ ਭਗਤ ਤ੍ਰੀਮਤ ਉੱਤੇ ਇਕ ਹੋਰ ਵਿਆਹ ਕਰ ਲਿਆ ਤੇ ਨਵੀਂ ਵਹੁਟੀ ਦੇ ਘਰ ਡੇਰਾ ਪਾ ਲਿਆ। ੧੨ ਵਰ੍ਹੇ ਪਹਿਲੀ ਦੇ ਮਹਿਲ ਹੀ ਨਾ ਗਿਆ। ਇਕ ਦਿਨ ਇਸ ਨਵੀਂ ਨੇ ਕਿਹਾ, ਮਹਾਰਾਜ! ਤੁਸੀਂ ਇਕ ਰਾਤ ਮੇਰੀ ਸੌਕਣ ਦੇ ਘਰ ਹੋ ਆਓ, ੧੨ ਵਰ੍ਹੇ ਉਸਨੂੰ ਨਹੀਂ ਮਿਲੇ ਹੋ, ਅੰਤ ਉਸਦਾ ਦਿਲ ਮੇਰੇ ਹੀ ਵਰਗਾ ਹੈ ਨਾ। ਰਾਜਾ ਮੰਨੇ ਨਾ, ਪਰ ਉਸ ਦੇ ਬਹੁਤ ਜ਼ੋਰ ਦੇਣ ਤੇ ਮੰਨ ਕੇ ਚਲਾ ਗਿਆ। ਜਦ ਰੋਟੀ ਖਾ ਕੇ ਰਾਤ ਪੁਰਾਣੀ ਰਾਣੀ ਦੇ-ਜੋ ਪਰਮੇਸ਼ੁਰ ਦੀ ਭਗਤ ਸੀ-ਪਾਸ ਬੈਠਾ, ਤਦ ਉਹ ਪੱਖਾ ਕਰਨ ਲਗੀ, ਤਾਂ ਆਪ ਨੇ ਪੁੱਛਿਆ ਕਿ ਕਿਉਂ ਤੇਰੀ ਸੌਕਣ ਨੇ ਅੱਜ ਮੈਨੂੰ ਤੇਰੇ ਪਾਸ ਘੱਲਿਆ ਹੈ?

ਰਾਣੀ ਬੋਲੀ-ਉਸ ਦੀ ਕ੍ਰਿਪਾ ਹੈ।

ਰਾਜਾ ਨੇ ਕਿਹਾ: ਤੂੰ ਬਾਰਾਂ ਵਰ੍ਹੇ ਕਿਸ ਤਰ੍ਹਾਂ ਬਿਤਾਏ?

ਰਾਣੀ-ਪਰਮੇਸ਼ੁਰ ਦੇ ਸਿਮਰਨ ਵਿਚ।

ਰਾਜਾ-ਤੇ ਮੈਨੂੰ ਯਾਦ ਕਦੇ ਨਹੀਂ ਕੀਤਾ, ਕਦੇ ਕਿਸੇ ਸੇਵਾ ਦਾ ਖਿਆਲ ਨਾ ਆਇਆ?

ਰਾਣੀ-ਮਹਾਰਾਜ! ਆਪ ਦੀ ਯਾਦ ਕੀ ਆਖਾਂ (ਨੈਣ ਭਰ ਆਏ)।

ਰਾਜਾ-ਮੇਰੀ ਸੇਵਾ!

ਰਾਣੀ-ਜੀ ਹੋਰ ਤਾਂ ਕੁਛ ਸਰਿਆ ਨਹੀਂ, ਪਰ ਦੋ ਵੇਲੇ ਸੌਕਣ ਦੇ ਘਰ ਗੋਲੀਆਂ ਦਾ ਭੇਖ ਕਰਕੇ ਜਾਂਦੀ ਹੁੰਦੀ ਸਾਂ ਤੇ ਨੌਕਰਾਂ ਨੂੰ ਇਨਾਮ ਦੇਕੇ ਖੁਸ਼ ਕਰਕੇ ਇਹ ਕਰਦੀ ਸਾਂ ਕਿ ਓਹ ਆਪ ਦਾ ਜੂਠਾ ਥਾਲ ਲਿਆ ਦਿੰਦੇ ਸਨ ਤੇ ਮੈਂ ਪ੍ਰੀਤ ਨਾਲ ਮਾਂਜ ਆਉਂਦੀ ਸਾਂ। ਇਸ ਤੋਂ ਵਧੀਕ ਕੋਈ ਸੇਵਾ ਕਿਸ ਤਰ੍ਹਾਂ ਕਰਦੀ? ਇਹ ਸੁਣਕੇ ਰਾਜੇ ਦਾ ਦਿਲ ਭਰ ਆਇਆ ਤੇ ਉਸਦੇ ਸ਼ੁਭ ਗੁਣਾਂ ਦਾ ਜਾਣੂੰ ਹੋ ਕੇ ਕਹਿਣ ਲੱਗਾ: "ਤੂੰ ਸੌਕਣ ਨੂੰ ਬੀ ਮਿਲੀ?"

ਰਾਣੀ-ਜੀ ਕਈ ਵੇਰ ਮਿਲੀ ਤੇ ਇਹ ਬੇਨਤੀ ਕੀਤੀ ਕਿ ਇਕ ਵਾਰ ਰਾਜਾ ਮੈਨੂੰ ਮੇਲ!

ਰਾਜਾ-ਕਿਉਂ?

ਰਾਣੀ-ਮੈਂ ਆਪ ਤੋਂ ਖਿਮਾਂ ਲੈਣੀ ਸੀ। ਇਹ ਕਹਿਣਾ ਸੀ ਕਿ : 'ਮਹਾਰਾਜ! ਆਪ ਨੇ ਜੋ ਹੋਰ ਵਿਆਹ ਕੀਤਾ, ਮੇਰੇ ਵਿਚ ਕੋਈ ਔਗੁਣ ਸੀ, ਪਰ ਮੈਨੂੰ ਉਸ ਔਗੁਣ ਦੀ ਸਾਰ ਨਹੀਂ, ਇਸ ਕਰਕੇ ਮੇਰਾ ਉਹ ਔਗੁਣ ਮਾਫ ਕਰ ਦਿਓ ਜੋ ਮੈਂ ਹਲਕੇ ਚਿੱਤ ਸੰਸਾਰ ਤੋਂ ਮਰਾਂ, ਬੱਸ ਇਸ ਖਿਮਾਂ ਲਈ ਤਰਲੇ ਲੈਂਦੀ ਰਹੀ।

ਰਾਜਾ (ਹੋਰ ਨਰਮ ਹੋ ਕੇ ਪੁੱਛਣ ਲੱਗਾ)-ਕੀ ਸੌਕਣ ਨੇ ਮਿਹਰ ਕਰਕੇ ਮੈਨੂੰ ਤੇਰੇ ਘਰ ਘੱਲਿਆ ਹੈ?

ਰਾਣੀ-ਜੀ ਹਾਂ।

ਰਾਜਾ-ਤੈਥੋਂ ਕੋਈ ਸੇਵਾ ਨਹੀਂ ਲਈ? ਕੋਈ ਵੱਢੀ ਨਹੀਂ ਮੰਗੀ?

ਰਾਣੀ-ਸੇਵਾ? ਮੈਂ ਨਕਾਰੀ ਤੋਂ ਉਸ ਨੇ ਕੀਹ ਸੇਵਾ ਲੈਣੀ ਸੀ?

ਰਾਜਾ-ਤੂੰ ਅੱਜ ਤਕ ਉਸ ਨੂੰ ਕੋਈ ਥਾਂ, ਮਕਾਨ, ਮਾਲ, ਪਦਾਰਥ ਨਹੀਂ ਦਿੱਤਾ?

ਰਾਣੀ-ਇਨ੍ਹਾਂ ਨਕਾਰੀਆਂ ਗੱਲਾਂ ਦਾ ਕੀ ਖਿਆਲ ਹੋਇਆ। ਮੈਂ ਗਰੀਬ ਦੀ ਕੀ ਪਾਇਆਂ?

ਰਾਜਾ-ਨਹੀਂ, ਮੈਨੂੰ ਠੀਕ ਦੱਸ ਦਿਓ?

ਰਾਣੀ-ਜੇ ਕੋਈ ਅਜਿਹੀ ਵਡੀ ਗੱਲ ਹੋਵੇ ਤਾਂ ਦੱਸਾਂ, ਤੁੱਛ ਗੱਲ ਦਾ ਕੀ ਦੱਸਾਂ?

ਰਾਜਾ-ਤੁੱਛ ਬੀ ਦੱਸ ਦੇਹ, ਮੇਰੀ ਖੁਸ਼ੀ ਤੇ ਹੁਕਮ ਏਹੋ ਹੈ।

ਰਾਣੀ-ਉਹ ਜੋ ਨੌਲੱਖਾ ਹਾਰ ਨਕਾਰਾ ਪੇਕਿਓਂ ਦਾਜ ਵਿਚ ਪਿਆ ਸੀ, ਉਹ ਸੌਕਣ ਨੇ ਮੰਗਿਆ ਸੀ ਕਿ ਜੇ ਇਹ ਦੇ ਦੇਵੇਂ ਤਾਂ ਇਕ ਰਾਤ ਰਾਜਾ ਜੀ ਨੂੰ ਤੇਰੇ ਘਰ ਘੱਲ ਦਿਆਂਗੀ, ਸੋ ਮਹਾਰਾਜ! ਉਸ ਨੇ ਮਿਹਰ ਕਰ ਦਿਤੀ ਹੈ। ਹੁਣ ਆਪ ਮੇਰਾ ਅਵਗੁਣ ਦੱਸ ਦਿਓ ਤੇ ਬਖਸ਼ ਦਿਓ?

ਰਾਜਾ ਹੁਣ ਲਾਲੋ ਲਾਲ ਹੋ ਗਿਆ ਤੇ ਕਹਿਣ ਲੱਗਾ: "ਅੱਛਾ ਉਸ ਨੇ ਹਮਾਰੀ ਕੀਮਤ ਨੌ ਲਾਖ ਡਾਲੀ ਹੈ? ਨੌ ਲਾਖ? ਹਮ ਸੁਸਰੇ ਸਿਰਫ ਨੌ ਲਾਖ ਕੇ ਹੈਂ?" ਬਸ, ਇਸੇ ਗੁੱਸੇ ਵਿਚ ਕਿ ਮੈਂ ਉਸ ਤੋਂ ਆਪਾ ਤੇ ਰਾਜ ਭਾਗ ਵਾਰਿਆ ਉਸ ਨੇ ਮੇਰਾ ਮੁੱਲ ਨੌ ਲਖ ਹੀ ਪਾਇਆ ਹੈ, ਉਸ ਤੋਂ ਉਪ੍ਰਾਮ ਹੋ ਗਿਆ ਤੇ ਉਹ 'ਵਧੇ ਮਨ ਵਾਲੀ ਰਾਣੀ' ਸਦਾ ਲਈ ਛੁੱਟੜ ਹੋ ਗਈ। ਹੁਣ ਉਹ ਛੁੱਟੜ ਰਾਣੀ ਨੌਲੱਖੇ ਹਾਰ ਨੂੰ ਕਿੱਲੀ ਤੇ ਲਟਕਦਾ ਦੇਖ ਕੇ ਸਾਰੀ ਉਮਰ ਹਾਵੇ ਭਰਦੀ ਰਹੀ*

ਸੋ ਡਢਵਾਲਣੇ! ਮਨ ਵੰਧੇ ਤੋਂ ਬਚਿਆ ਕਰ। ਫਕੀਰ ਰੱਬੀ ਖੁਸ਼ੀ ਵੇਲੇ ਮਨ ਨੂੰ ਵਧਣੋਂ ਰੋਕਦੇ ਹਨ, ਦੁਨਆਂਦਾਰ ਜਗਤ ਖੁਸ਼ੀ ਵੇਲੇ ਖੁਸ਼ੀ ਨੂੰ ਜਰਦੇ ਹਨ, ਤੂੰ ਬੋਕਦੀ ਹੈਂ, ਵੇਖੀਂ ਕਿਤੇ ਕੁਪਾਹ ਹਾਸਾ ਨਾ ਹੱਸੀਂ ਜੇ ਪਈ ਝੰਬੀਵੇਂ ਤੇ ਛਟੀਵੇਂ?

ਰਾਣੀ ਡਢਵਾਲਣ-ਵਾਹ ਪੰਡਿਤਾ ਜੀ ਦੀ ਮਾਤਾ! ਆਖੀ ਤਾਂ ਕਲੇਜਾ ਸਹਿਮ ਨਾਲ ਠੰਢਾ ਯਖ਼ ਕਰ ਦੇਣ ਵਾਲੀ ਹਈ, ਪਰ ਜ੍ਵਾਲਾ ਮੁਖੀ ਦੀਆਂ ਲਾਟਾਂ ਨੂੰ ਕੌਣ ਬੁਝਾਵੇ। ਇਹ ਤਾਂ, ਖ਼ਬਰੇ ਜੇ ਖਸਮ ਨੇ ਤ੍ਰਾਹ ਵੀ ਦਿੱਤਾ ਤੇ ਦੁਖਾਂ ਦੀਆਂ ਬਰਫਾਂ ਲਹਿ ਵੀ ਪਈਆਂ ਤਾਂ ਬੀ ਲਟਲਟ ਕਰਦੀਆਂ ਹੀ ਰਹਿਣਗੀਆਂ। ਭਗਵਾਨ ਮੇਰੇ ਉਚੇ ਬੋਲਾਂ ਨੂੰ ਨੀਵਾਂ ਨਾ ਕਰੇ; ਆਪ ਜੁ ਉੱਚਾ ਹੈ, ਉੱਚਾ ਰੱਖਣਾ ਉਸਦਾ ਬਿਰਦ ਹੈ। ਹੈ ਨਾ? (ਤਾੜੀ ਮਾਰਕੇ ਹੱਸ ਪਈ) ਪਰ ਹੁਣ ਦੀ ਘੜੀ ਕੌਣ ਦਿਲਗੀਰੀ ਕਰੇ?

ਸਨਿੱਕੋ (ਹੌਲੇ ਜਿਹੇ)-ਕਾਸ਼! 'ਹੁਣ' ਸੰਭਾਲਣ ਦੀ ਜਾਚ ਅੰਤਰ-ਮੁਖ-ਸੁਖ ਦੀ ਆ ਜਾਵੇ, ਤਾਂ ਤੇਰਾ ਪਾਰ ਉਤਾਰਾ ਹੋ ਜਾਵੇ।

ਰਾਣੀ ਡਢਵਾਲਣ (ਸੁਣ ਕੇ)-ਇਹ ਪਾਰ ਉਤਾਰਨ ਵਾਲੀ ਕੌਣ ਕੁਸਕੀ ਹੈ? (ਤੱਕ ਕੇ) ਅੱਛਾ! ਇਹੋ ਭਾਵੇਂ ਪੰਡਤਾਣੀ ਦੀ ਸਖੀ ਤੇ ਅੰਤ੍ਰੰਗ ਸਹੇਲੀ ਹੈ। ਕਿਉਂ ਨਾ ਹੋਵੇ, ਕੀ ਆਖਿਆ ਈ ਅੰਤ੍ਰ ਮੁਖ ਹੋ ਕੇ 'ਹੁਣ ਵਿੱਚ' ਸੁਖੀ ਜੀਵਾਂ? ਓ ਭੋਲੀਏ! ਅੰਤ੍ਰ ਮੁਖ ਅਗਲੇ ਜਨਮ, ਇਹ ਜਨਮ ਸਫਲ ਹੋ ਗਿਆ ਈ। 'ਦਰਸ਼ਨ ਹੋ ਗਏ' ਬੱਸ ਇਹ ਨਸ਼ਾ ਇਸ ਜਨਮ ਲਈ ਬਤੇਰਾ ਹੈ। ਸੇਵਾ, ਭਗਤੀ,

---

*ਬਹੁਤ ਸਮੇਂ ਮਗਰੋਂ ਚੂਹੜ ਨਾਮੇ ਫਕੀਰ ਕਵੀ ਨੇ ਇਹ ਕਥਾ ਸੁਣਕੇ ਇਕ ਛੰਦ ਰਚਿਆ:
ਸ਼ਾਲਾ ਹਾਰ ਟੁੱਟੇ ਅੱਧ ਵਿਚੋਂ ਤੇਰੇ ਥੀਵਣ ਲਾਲ ਅਜਾਈਂ। ਜੇ ਜਾਣਾਂ ਹਾਰੀ ਨੂੰ ਹਾਰ ਹਰੇਂਦਾ ਤਾਂ ਹਾਰੇ ਹੱਥ ਨ ਲਾਈਂ। ਇਕ ਡੁਹਾਗ ਬਿਆ ਜਗਦੀ ਸ਼ੁਹਰਤ ਮੈਂ ਕਿਸ ਥੇ ਆਖ ਸੁਣਾਈਂ? ਚੂਹੜ ਮਨ ਵਧੇ ਦੀਆਂ ਮਾਰਾਂ, ਮੈਂ ਮੁੱਠੀਆਂ ਬੇਪਰਵਾਹੀਂ।

ਪਿਆਰ ਕਲਗੀਆਂ ਵਾਲੇ ਦਾ ਅਗਲੇ ਜਨਮ ਕਮਾਵਾਂਗੇ। ਇਸ ਜਨਮ ਤਾਂ ਇਹ ਨਸ਼ਾ ਹੀ ਨਹੀਂ ਉਤਰਨਾ ਕਿ ਮੇਰੇ ਜੇਹਾ ਕੌਣ ਹੈ ਜਿਸ ਨੂੰ ਸਾਖਜਾਤ ਬ੍ਰਹਮ ਦੇ ਦਰਸ਼ਨ ਹੋ ਗਏ? ਜਿਸ ਲਈ ਜੋਗੀ ਧਿਆਨ ਧਰਦੇ ਤੇ ਤਪੀ ਤਪ ਸਾਧਦੇ ਹਨ, ਉਹ ਨੈਣੀਂ ਵੇਖ ਲਿਆ, ਕਿਸ ਨੇ? ਮੇਰੇ ਵਰਗੀ ਬੜਬੋਲਣ, ਬੇਅਕਲ, ਗੁਸਤਾਖ਼ ਨੇ, ਪਤੀ ਅਵੱਗਜਾ ਕਰਨ ਵਾਲੀ ਨੇ, ਹਾਂ ਦਰਸ਼ਨ ਪਾ ਲਿਆ। ਪਾਪੀਆਂ ਨੂੰ ਵੀ ਦਰਸ਼ਨ ਦੇਂਦਾ ਹੈ। ਮੇਰੇ ਵਰਗੀ ਨੂੰ ਭੀ ਦਿੱਸ ਪਿਆ ਏ। ਏਹ ਨਸ਼ਾ ਕੱਲ ਦਾ ਚੜ੍ਹਿਆ 'ਕਿ ਮੈਂ ਦਰਸ਼ਨ ਪਾਇਆ ਹੈ' ਇਸ ਜਨਮ ਨਹੀਂ ਲਹਿਣ ਲੱਗਾ। ਸਨਿੱਕੋ! ਅਗਲੇ ਜਨਮ ਹਾਂ, ਅਗਲੇ ਜਨਮ, ਤਪ ਕਰਾਂਗੇ, ਘਾਲਾਂ ਘਾਲਾਂਗੇ। ਏਸ ਜਨਮ ਖੁਸ਼ੀਆਂ, ਰੱਬ ਨੇ ਧਨ ਦਿਤਾ, ਧਾਮ ਦਿਤਾ, ਪਤੀ ਦਿਤਾ ਤੇ ਪਤੀ ਮੇਰੇ ਵਸ ਪਤੀ ਦਿਤਾ, ਫੇਰ ਗੁਮਾਨ ਭਰੀ, ਅਭਿਮਾਨ ਭਰੀ, ਮਾਨਮਤੀ ਦੀ ਗਿੱਚੀ ਦੇ ਮਣਕੇ (ਤਾਲੀ ਮਾਰਕੇ ਹੱਸ ਪਈ) ਨਹੀਂ ਤੋੜੇ ਸੂ। ਆਪਣਾ ਦਰਸ਼ਨ ਦਿੱਤਾ ਸੂ, ਮੈਨੂੰ ਬਰੀਕ ਪੀਹਕੇ ਆਪਣੀ ਬਰੀਕੀ ਨਹੀਂ ਸੂ ਦਿਖਾਈ, ਮੇਰੇ ਮੋਟੇ ਹਰਨਾਂ ਵਰਗੇ ਤੇ ਕੰਵਲਾਂ ਵਰਗੇ ਨੈਣ-ਕਟੋਰਿਆਂ ਨੂੰ ਦਰਸ਼ਨ-ਹਾਂ ਦਿੱਸਦੇ ਚਮਕਦੇ ਸੂਰਜ ਦਰਸ਼ਨਾਂ, ਜ਼ਾਹਰ ਪਰਤੱਖ ਦਰਸ਼ਨਾਂ-ਦੀ ਦਾਤ ਨਾਲ ਭਰ ਦਿਤਾ ਸੂ। ਕਿਉਂ ਸਨਿੱਕੋ! ਏਸ ਮਿਹਰ ਦਾ ਸ਼ੁਕਰ ਇਕ ਜਨਮ ਵਿਚ ਪੂਰਾ ਹੋ ਸਕਦਾ ਹੈ? ਦੱਸ ਅੰਤਰ ਮੁਖੇ! ਅੱਖਾਂ ਕਿਉਂ ਨੂਟ ਬੈਠੀ ਏਂ? ਮੀਟੇ ਛੱਪਰਾਂ ਵਿਚੋਂ ਮੋਤੀ ਨਾ ਕੇਰ, ਮੈਂ ਜੌਹਰੀ ਨਹੀਂ, ਮੈਨੂੰ ਮੇਰੇ ਕੰਨਾ ਦੇ ਸੁਣਨ ਗੋਚਰੇ ਅੱਖਰਾਂ ਵਿਚ ਕਹੁ ਖਾਂ, ਕੀ ਇਕ ਜਨਮ ਵਿਚ ਏਸ ਮਿਹਰ ਦਾ ਸ਼ੁਕਰ, ਇਕ ਪਾਪੀ, ਜਿਸ ਦੇ ਲੂੰ ਭੀ ਜੀਭਾਂ ਹੋ ਜਾਣ ਤੇ ਕਰਦਾ ਬੀ ਸ਼ੁਕਰ ਦਿਨੇ ਰਾਤ ਰਹੇ, ਕਦੇ ਸ਼ੁਕਰ ਪੂਰਾ ਕਰ ਸਕਦਾ ਹੈ? ਹੋਵੇ ਆਪ ਪਵਿੱਤ੍ਰਤਾ ਦਾ ਬਲਦਾ ਭਾਂਬੜ ਤੇ ਦਰਸ਼ਨ ਦੇਵੇ ਮੇਰੇ ਵਰਗੇ ਅਭਿਮਾਨੀਆਂ ਨੂੰ। ਸਨਿੱਕੋ! ਇਸ ਮਿਹਰ ਦਾ ਸ਼ੁਕਰ ਇਸ ਮਿਹਰ ਦਾ ਨਸ਼ਾ ਨੀ ਆਹੋ ਨੀ ਗਿਆਨਣੇ! ਇਸ ਮਿਹਰ ਦਾ ਅਘੁਮਾਨ, ਨੀ ਅਘੁਮਾਨ, ਨੀ ਨੀ ਮੈਂ ਭੁੱਲੀ, ਅਭਮਾਨ ਨੀ ਅਭਮਾਨ, ਕਾਫੀ ਹੈ, ਬੱਸ ਹੈ। ਅਗਲੇ ਜਨਮ ਤੇਰੀਆਂ ਮੇਰੀਆਂ ਗੱਲਾਂ, ਫੇਰ ਕਰਾਂਗੇ ਤੇਰੇ ਨਾਲ ਰਲ ਕੇ, 'ਅੰਤਰਮੁਖ ਧਿਆਨ' ਤੇ 'ਹੁਣ' ਨੂੰ ਸੰਭਾਲਾਂਗੇ ਕਿਸੇ ਹੋਰ ਸੁਖ ਵਿਚ, ਜਿਸ ਵਿਚ ਮੈਂ ਮਹੀਨ ਹੋ ਗਈ ਹੋਵਾਂਗੀ, ਹਾਲੇ ਤਾਂ ਮੈਂ ਮੈਗਲ ਹਾਂ, ਮੋਟੀ ਮੋਟੀ, ਫੁੱਲੀ ਫੁੱਲੀ, ਠੁੱਲੀ ਠੁੱਲੀ। ਮੇਰੇ ਲਈ ਸ਼ੁਕਰ ਸ਼ੁਕਰ ਬਸ ਹੈ ਕਿ ਮੈਨੂੰ ਦਿਤੇ ਸੂ ਆਪਣੇ ਦਰਸ਼ਨ।

ਪਦਮਾ (ਗੱਲ ਟੁੱਕਕੇ)-ਖਿਮਾਂ ਕਰਨੀ, ਤੁਹਾਡੇ ਕਟਾਖਜ ਗੁਹਯ ਹਨ।

ਰਾਣੀ ਡਢਵਾਲਣ-ਮੂੰਹ ਫੱਟੇ ਅਭਿਮਾਨੀ ਹਾਂ ਤੇ ਜਾਣਦੇ ਹਾਂ ਕਿ ਜਗਤ ਮਰਯਾਦਾ ਇਹ ਨਹੀਂ, ਪਰ ਪੇਸ਼ ਨਹੀਂ ਜਾਂਦੀ ਆਪਣੇ ਇਸ ਅਭਿਮਾਨ ਨਾਲ, ਉਤੋਂ ਅੱਜ ਹੋਰ ਨਸ਼ਾ ਚੜ੍ਹ ਗਿਆ ਹੈ। ਇਕ ਸੀ ਕਮਲੀ ਉੱਤੋਂ ਪੀ ਲਈ ਭੰਗ।

ਰਾਣੀ ਸ੍ਰੀ ਨਗਰਨ-ਮੇਰੀ ਵੀ ਸੁਣੋਂ! ਮੇਰਾ ਜੀ ਇਹ ਕੀਤਾ ਹੈ ਤੇ ਮੈਂ ਰਾਜੇ ਨੂੰ ਕਿਹਾ ਹੈ ਕਿ ਦੇਸ਼ ਭਾਰ ਹੇਠ ਹੈ, ਰਾਜ ਉਪੱਦ੍ਰਵ ਹੋ ਰਿਹਾ ਹੈ, ਇਹ 'ਧਰਾ-ਭਾਰ ਹਰਨ ਆਏ' ਪ੍ਰਤੱਖ ਦਿਸਦੇ ਹਨ। ਤੁਸੀਂ ਹੁਣ ਸੁਲ੍ਹਾ ਕਰਨ ਆਏ ਹੋ, ਸੁਲ੍ਹਾ ਹੀ ਨਾ ਕਰੋ ਸ਼ਰਨ ਲੈਕੇ ਇਕ ਭਾਰੀ ਦਲ ਸਿੱਖਾਂ ਤੇ ਰਾਜਪੂਤਾਂ ਦਾ ਕੱਠਾ ਕਰਕੇ ਭਾਰਤ ਦਾ ਭਾਰ ਹਰ ਦਿਓ। ਸੋ ਭੈਣੋਂ! ਮੈਨੂੰ ਤਾਂ 'ਧਰਾ-ਭਾਰ ਹਰਨ' ਦਿਸਦੇ ਹਨ।

ਰਾਣੀ ਬਿਲਾਸਨ-ਮੈਨੂੰ ਕੁਛ ਨਹੀਂ ਦਿਸਿਆ ਇਕ ਚਾਨਣਾ ਸੀ ਤੇ ਚਾਨਣੇ ਵਿਚ ਹੋਰ ਚਾਨਣਾ ਸੀ ਤੇ ਚਾਨਣ ਦੇ ਫੁੱਲ ਚਾਨਣੇ ਅਕਾਸ਼ ਤੋਂ ਢਹਿ ਰਹੇ ਸਨ ਤੇ ਕੋਈ ਕਹਿ ਰਿਹਾ ਸੀ, ਖਾਕੀ ਜਾਮੇ ਤੇ ਨਹੀਂ ਭੁੱਲਣਾ। ਮੇਰੇ ਖਿਆਲ ਵਿਚ ਸਾਖਜਾਤ ਗੁਰੂ ਹਨ ਤੇ ਗੁਰੂਆਂ ਦੇ ਗੁਰੂ ਹਨ, ਸ਼ਬਦ ਦੇ ਦਾਤੇ ਹਨ। ਮੈਂ ਅਗੇ ਮੰਤ੍ਰ ਲੀਤਾ ਹੋਇਆ ਹੈ: 'ਅਯੰ ਆਤਮਾ ਬ੍ਰਹਮ' ਤੇ ਨਿੱਤ ਜਪਦੀ ਹਾਂ, ਪਰ ਹਜ਼ੂਰੀ ਵਿਚ ਜਾ ਕੇ ਇਹ ਭੁੱਲ ਗਿਆ ਤੇ ਜੀਭ ਤੇ ਚੜ੍ਹ ਗਿਆ 'ਵਾਹਿਗੁਰੂ'। ਇਸ ਤੋਂ ਮੈਂ ਜਾਤਾ ਕਿ ਮੁਰਗ ਦਾ ਗੁਰੂ, ਗੁਰੂਆਂ ਦਾ ਗੁਰੂ ਇਹੋ ਹੈ।

ਰਾਣੀ ਡਢਵਾਲਣ-ਸਭੇ ਝਿਲਮਿਲ ਝਿਲਮਿਲ, ਜੋ ਸਾਡੀ ਰਾਇ ਸੋ ਠੀਕ।

ਪਦਮਾ-ਮੇਰੀ ਮਾਵਾਂ ਤੋਂ ਵਡੀਆਂ ਅਗੇ ਇਕ ਬੇਨਤੀ ਹੈ, ਉਹ ਇਹ ਹੈ ਕਿ ਕੀ ਤੁਸਾਂ ਕੋਈ ਪ੍ਰੀਖਿਆ ਭੀ ਕੀਤੀ ਹੈ?

ਸਾਰੀਆਂ-ਨਹੀਂ ਜੀ!

ਰਾਣੀ ਡਢਵਾਲਨ-ਸੁਣ ਨੀ ਪੜ੍ਹੀਏ ਗੁੜ੍ਹੀਏ! ਟਕੇ ਸੇਰੀ ਗੱਲ। ਦੋ ਤਰ੍ਹਾਂ ਦੇ ਹੁੰਦੇ ਨੀ ਪਰਵਾਨੇ, ਪਰਵਾਨੇ ਜਾਣਨੀਂ ਹੈਂ ਨਾ? ਭੰਬਟ! ਇਕ ਤਾਂ ਲਾਟ ਵੇਖਦਿਆਂ ਲਾਟ ਨੂੰ ਜੱਫੀ ਪਾਕੇ ਲਾਟ ਵਿਚ ਸਮਾ ਜਾਂਦੇ ਹਨ, ਦੂਜੇ ਨੇੜੇ ਹੋ ਹੋ ਪਰਖਦੇ ਹਨ ਕਿ ਉਹੋ ਹੈ ਕਿ ਕੋਈ ਹੋਰ। ਉਹ ਪਰਖਦੇ ਪਰਖਦੇ ਖੰਭ ਸੜਵਾ ਡਿਗ ਪੈਂਦੇ ਹਨ, ਫੇਰ ਕੋਲ ਪੁੱਜਣ ਜੋਗੇ ਨਹੀਂ ਰਹਿੰਦੇ, ਤੇ ਪ੍ਰੀਖਿਆ ਹੋ ਗਈ ਕਰਕੇ ਸਿੱਕ ਵਧ ਜਾਂਦੀ ਹੈ, ਸੋ ਵਧਦੀ ਸਿੱਕ ਵਿਚ ਕਿ ਕਿਵੇਂ ਮਿਲੀਏ, ਤੜਫਦੇ ਹਨ। ਕਦੇ ਡਿੱਠੇ ਨੀ ਕਿ ਨਹੀਂ ਦੀਵੇ ਦੇ ਹੇਠਾਂ ਡਿੱਗੇ ਹੋਏ ਖੰਭ ਸੜੇ ਭੰਬਟ, ਤੜਫਦੇ ਤੇ ਸਹਿਕਦੇ ਤੇ ਲਾਟ ਤੋਂ ਦੂਰ ਹੀ ਦੂਰ ਸਿੱਕਦੇ ਤੇ ਸਿਸਕਦੇ।

ਪਦਮਾ-ਤੇ ਕੋਈ ਐਸੇ ਨਹੀਂ ਹੁੰਦੇ ਜੋ ਪਰਖਦੇ ਹਨ ਤੇ ਪਰਖਕੇ ਪਰਖਦੇ ਸਾਰ ਲਾਟ ਵਿਚ ਪਰਵੇਸ਼ ਕਰ ਜਾਂਦੇ ਹਨ?

ਰਾਣੀ ਡਢਵਾਲਨ-ਹਾਂ ਨੀ ਕੁੜੀਏ ਆਹੋ ਨੀ, ਸੱਚੀਂ ਨੀ, ਐਹੋ ਜੇਹੇ ਬੀ ਹੁੰਦੇ ਨੀ, ਨੀ ਤੂੰ ਤਾਂ ਕੁਛ ਸਿਆਣੀ ਹੈਂ ਨੀ ਧੀਏ! ਲੈ ਹੁਣ ਪਰਖ, ਪਰ ਫੇਰ ਕੁਛ ਸਾਨੂੰ ਬੀ ਦੱਸੇਂਗੀ ਕਿ ਉਥੇ ਹੀ ਰਹਿ ਜਾਏਂਗੀ। ਪਰ ਅਸਾਂ ਪਰਤਾਵੇ ਦੀ ਸੁਣਕੇ ਕੀਹ ਲੈਣਾ ਹੈ? ਸਾਨੂੰ ਤਾਂ ਚੜ੍ਹ ਗਿਆ ਹੈ ਨਸ਼ਾ 'ਖੁਸ਼ੀਆਂ ਨਿੱਤ ਨਵੀਆਂ ਮੇਰੇ ਸਤਿਗੁਰ ਦੇ ਦਰਬਾਰ' ਸਿਖ ਗਾਉਂਦੇ ਸੁਣੀਂਦੇ ਸਨ, ਸੋ ਲੈ ਲਈਆਂ ਖੁਸ਼ੀਆਂ। ਸਾਖਜਾਤ ਹੈ ਸਾਖਜਾਤ।

ਪਦਮਾ-ਮੇਰੀ ਬੇਨਤੀ ਇਹ ਹੈ ਕਿ ਜੇ ਮੇਰੀ ਪਰਖ ਵੀ ਤੁਸਾਡੇ ਖਿਆਲਾਂ ਨਾਲ ਮਿਲ ਜਾਵੇ ਤਾਂ ਮੈਂ ਪਿਤਾ ਜੀ ਨੂੰ ਬਿਨੈ ਕਰਾਂਗੀ ਤੇ ਤੁਸੀਂ ਬੀ ਆਪਣੇ ਆਪਣੇ ਸਿਰਤਾਜਾਂ ਤੇ ਜ਼ੋਰ ਪਾਓ ਕਿ ਇਹ ਜੰਗ ਬੰਦ ਹੋਣ ਤੇ ਇਕ ਭਾਰੀ ਤਾਕਤ ਤੁਰਕ ਰਾਜ ਦੇ ਵਿਰੁੱਧ ਬਣ ਜਾਵੇ।

ਰਾਣੀ ਡਢਵਾਲਨ-ਆਖਣਾ ਕੀ ਏ? ਏਹ ਪਹਾੜੀਏ ਮਾਹਣੂੰ ਖਿਨ ਤੋਲਾ ਖਿਨ ਮਾਸਾ, ਤਵੇ ਦੀ ਛਿੱਟ, ਪਲ ਭਰ ਸੂੰ ਸੂੰ, ਫੇਰ ਤੱਤੇ ਦਾ ਤੱਤਾ। ਕੱਲ੍ਹ ਦੇ ਸਾਰੇ ਲਟੂ ਹੋ ਗਏ ਹਨ। ਮੇਰਾ ਮੁਣਸ ਤਾਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਣ ਨੂੰ ਤਿਆਰ ਹੈ ਪਰ ਕਲ ਕੀ ਵਰਤੂ? ਕੌਣ ਜਾਣੇ। ਗੱਲ ਤਾਂ ਕਾਕੀ! ਤੇਰੀ ਸ਼ੁਭ ਹੈ ਤੇ ਹੋ ਬੀ ਜਾਊ, ਪਰ ਜਦੋਂ ਤੁਰਕਾਂ ਮਾਰੀ ਭਬਕੀ, ਆਇਆ ਅੰਦਰ ਖਾਨੇ ਇਸ਼ਾਰਾ ਦਿੱਲੀਓਂ, ਤਦ ਸਭ ਨੇ ਡੱਡੂਆਂ ਦੀ ਪਸੇਰੀ ਬਣ ਜਾਣਾ ਹੈ। ਫਸਾਦ ਤਾਂ ਸਾਰੇ ਨੁਰੰਗੇ ਦੇ ਇਸ਼ਾਰਿਆਂ ਦੇ ਹਨ ਜੋ ਆਪੋ ਵਿਚ ਲੜਾ ਮਰਾ ਰਿਹਾ ਹੈ, ਉਂਜ ਕਰੋ ਜਤਨ।

ਪਦਮਾ-ਫੇਰ ਜੋ ਅਗੋਂ ਭਗਵਾਨ ਕਰੇ, ਪਰ ਇਕ ਵੇਰੀ ਸ਼ੁਭ ਜਤਨ ਹੋ ਜਾਏ।

ਡਢਵਾਲਨ-ਪ੍ਰੀਖਿਆ ਸੰਭਾਲ ਕੇ ਕਰੀਂ, ਜੋ ਪਰਖ ਵਿਚ ਪੂਰਾ ਉਤਰੇ ਉਸ ਅਗੇ ਕੁਛ ਅਰਪਣਾ ਪੈਂਦਾ ਹੈ ਜੋ 'ਆਪਿਓਂ' ਘੱਟ ਨਹੀਓਂ ਹੁੰਦਾ। ਸੁਣਿਆ ਈ ਬੱਚੀਏ! ਪ੍ਰੀਖਿਆ ਕਰਨੀ ਆਪਾ ਹੋਮ ਕਰਨਾ ਹੁੰਦਾ ਹੈ।

ਸਾਰੀਆਂ-ਜ਼ਰੂਰ ਹੋ ਜਾਏ।

ਬਹੁਤ ਚਿਰ ਗੱਲਾਂ ਬਾਤਾਂ ਕਰਕੇ ਰਾਣੀਆਂ ਵਿਦਾ ਹੋ ਆਪੋ ਆਪਣੇ ਡੇਰੇ ਚਲੀਆਂ ਗਈਆਂ।

੫.

ਪਦਮਾ ਆਪਣੇ ਤੰਬੂ ਵਿਚ ਬੈਠੀ ਹੈ

ਕਿ ਰਾਜਾ ਜੀ ਆ ਗਏ।

ਪਦਮਾ-ਪਿਤਾ ਜੀਉ! ਅੱਜ ਅਸਾਂ ਸਭ ਰਾਣੀਆਂ ਤੋਂ ਗੁਰੂ ਜੀ ਦੇ ਦਰਸ਼ਨਾਂ ਦੇ ਹਾਲ ਸੁਣੇ ਹਨ, ਸਭ ਉਨ੍ਹਾਂ ਨੂੰ ਅਵਤਾਰ ਮੰਨਦੀਆਂ ਹਨ।

ਰਾਜਾ-ਕੱਲ ਦੀ ਰਾਜਿਆਂ ਦੀ ਮੁਲਾਕਾਤ ਦਾ ਬੀ ਇਹੋ ਅਸਰ ਹੈ। ਸਾਰੇ ਉਥੇ ਗਏ ਸਨ, ਸਾਰੇ ਅਫਸੋਸ ਕਰਦੇ ਹਨ ਕਿ ਇਨ੍ਹਾਂ ਨਾਲ ਲੜੇ ਕਿਉਂ ਇਹ ਤਾਂ ਨਿਰਚਾਹ ਪੂਰਨ ਤਿਆਗ ਵਿਚ ਬਿਰਤੀ ਰਖਦੇ ਹਨ ਤੇ ਕੇਵਲ ਸ੍ਰਿਸ਼ਟੀ ਦਾ ਭਾਰ ਹਰਨਾ ਲੋਚਦੇ ਹਨ। ਭੋਂ ਕਿ ਮਾਲ ਕਿਸੇ ਦੇ ਭੁੱਖੇ ਨਹੀਂ ਹਨ।

ਪਦਮਾ-ਫੇਰ ਪਿਤਾ ਜੀ! ਐਸੇ ਬੀਤ-ਰਾਗ ਮਹਾਂਪੁਰਸ਼ਾਂ ਨਾਲ ਜੰਗ ਬੰਦ ਹੋ ਜਾਏ।

ਰਾਜਾ-ਇਸ ਵੇਲੇ ਤਾਂ ਬੰਦ ਹੋਣ ਦੀ ਥਾਂ ਸਿਖ ਹੋਣ ਨੂੰ ਬੀ ਕਈ ਤਿਆਰ ਹਨ; ਐਸਾ ਸਤਿਗੁਰ ਦੇ ਦਰਸ਼ਨਾਂ ਤੇ ਵਾਕਾਂ ਨੇ ਮੋਹਿਆ ਹੈ।

ਪਦਮਾ-ਫੇਰ ਕੀ ਕਸਰ ਹੈ?

ਰਾਜਾ-ਪਰਮਾ ਕੁਛ ਨਹੀਂ ਕਰਨ ਦਿੰਦਾ, ਉਹ ਚਾਹੁੰਦਾ ਹੈ ਕਿ ਓਪਰੀ ਓਪਰੀ ਸੁਲ੍ਹਾ ਹੋ ਜਾਵੇ, ਮੈਂ

ਵਿਚ ਚੌਧਰੀ ਬਣਿਆ ਰਹਾਂ। ਇੰਨਾਂ ਮੇਲ ਰਾਜਿਆਂ ਦਾ ਨਾ ਹੋਵੇ ਕਿ ਮੇਰੀ ਲੋੜ ਉੱਠ ਜਾਵੇ।

ਪਦਮਾ-ਫੇਰ ਰਾਜੇ ਆਪ ਸਮਝ ਲੈਣ, ਇਕ ਨੌਕਰ ਦੇ ਵੱਸ ਨਾ ਪੈਣ।

ਰਾਜਾ-ਉਹ ਬੜਾ ਨਟਖਟ ਹੈ, ਸੱਪ ਹੈ ਲਿਫਣਾ, ਤਿਲਕਣਾ ਤੇ ਗੁੱਝੇ ਡੰਗ ਮਾਰਨਾ।

ਪਦਮਾ-ਪਰ ਜਦ ਮਾਲਕ ਸੁਚੇਤ ਰਹੇ ਤਾਂ ਫੇਰ?

ਰਾਜਾ-ਠੀਕ ਹੈ ਬੇਟਾ! ਹੁਣ ਆਸ ਤਾਂ ਹੈ ਕਿ ਸ਼ਾਂਤੀ ਰਹੇਗੀ, ਪਰ.....।

ਪਦਮਾ-'ਪਰ' ਕਹਿ ਕੇ ਚੁੱਪ ਹੋ ਗਏ ਹੋ ਪਿਤਾ ਪਿਆਰੇ ਜੀਉ ਜੀ?

ਰਾਜਾ-ਕੋਈ ਸੁਣਦਾ ਨਾ ਹੋਵੇ?

ਪਦਮਾ (ਉੱਠ ਕੇ ਤੰਬੂ ਦੇ ਬਾਹਰ ਗਈ, ਕੋਈ ਨੇੜੇ ਨਹੀਂ ਸੀ, ਸਨਿੱਕੋ ਸੀ, ਸੋ ਦੂਰ ਖੜੀ ਸੀ ਤੇ ਹੋਰ ਗੋਲੀਆਂ ਉਸ ਤੋਂ ਬੀ ਪਰੇ ਸਨ, ਸੋ ਮੁੜ ਆਈ)-ਪਿਤਾ ਜੀਉ! ਲਾਗੇ ਨੇੜੇ ਕੋਈ ਨਹੀਂ।

ਰਾਜਾ (ਹੌਲੇ ਜਿਹੇ)-ਅਸੀਂ ਰਾਜੇ ਤਾਂ ਸ਼ਤਰੰਜ ਦੇ ਮੋਹਰੇ ਹਾਂ। ਜਿਸ ਵੇਲੇ ਉਤੋਂ ਕੰਨ-ਮਰੋੜੀ ਹੋ ਗਈ, ਅਸਾਂ ਇਸ਼ਾਰੇ ਦੀ ਚਾਲ ਟੁਰ ਪੈਣਾ ਹੈ। ਕੌਣ ਰਾਜ ਭਾਗ ਗੁਆਏ ਤੇ ਘਾਣ ਬੱਚਾ ਪਿੜਵਾਏ? ਇਸੇ ਕਰਕੇ ਮੈਂ ਸੋਚ ਵਿਚ ਹਾਂ ਕਿ ਅੰਮ੍ਰਿਤ ਰਾਜੇ ਨਾ ਛਕਣ, ਸਿਖ ਨਾ ਬਣਨ, ਕਿਉਂਕਿ ਸਿਖ ਬਣ ਕੇ ਜਦੋਂ ਦਿੱਲੀ ਦਾ ਇਸ਼ਾਰਾ ਆਇਆ ਤਾਂ ਅਸੀਂ ਜੇ ਨਾ ਮੰਨਿਆਂ ਤਾਂ ਰਾਜ ਗਏ ਤੇ ਜੇ ਮੰਨਿਆਂ ਤਾਂ ਭਾਗ ਗਿਆ, ਗੁਰੂ ਤੋਂ ਬੇਮੁਖ ਹੋਏ ਨੂੰ ਨਰਕੀਂ ਠੌਰ ਨਹੀਂ ਹੈ। ਕਾਕੀ! ਮੈਂ ਇਨ੍ਹਾਂ ਸੋਚਾਂ ਵਿਚ ਪੈ ਰਿਹਾ ਹਾਂ। ਹੋਰ ਗੁਰੂ ਜੀ ਸੱਚ ਮੁੱਚ ਮਹਾਂ ਪੁਰਖ ਹਨ, ਰਾਜਿਆਂ ਤੇ ਰਾਣੀਆਂ ਸਭ ਪਰ ਉਨ੍ਹਾਂ ਦਾ ਅਸਰ ਪਿਆ ਹੈ। ਇਕ ਪਰਮਾ ਅਜਮੇਰ ਚੰਦ ਨੂੰ ਅਜੇ ਬੀ ਭੁਤਲਾ ਰਿਹਾ ਹੈ।

ਪਦਮਾ-ਪਿਤਾ ਜੀ! ਆਪ ਦੀ ਸੋਚ ਠੀਕ ਹੈ, ਜੇ ਕਦੇ ਉਹ ਈਸ਼ੂਰ ਵਲੋਂ ਹਨ, ਜੈਸੇ ਲੋਕ ਕਹਿੰਦੇ ਹਨ ਯਾ ਬੀਤ-ਰਾਗ ਪਰ-ਸੁਆਰਥੀ ਹਨ, ਜੈਸੇ ਆਪ ਕਹਿੰਦੇ ਹੋ ਤਾਂ ਕੀ ਉਨ੍ਹਾਂ ਨਾਲ ਲੱਗ ਕੇ ਸ਼ਹੀਦ ਹੋ ਜਾਣਾ ਬੀਰਤਾ ਨਹੀਂ?

ਰਾਜਾ-ਹੈ ਤਾਂ ਸਹੀ, ਪਰ ਦਿਲ ਸਦੀਆਂ ਤੋਂ ਧੌਣਾਂ ਭਨਾ ਭਨਾ ਕੇ ਹਾਰ ਗਏ ਹਨ, ਹੀਆ ਨਹੀਂ ਪੈਂਦਾ, ਅੰਤ ਸਾਡੀ ਨਾਕਮਯਾਬੀ ਦਿੱਸਦੀ ਹੈ, ਇਸ ਕਰਕੇ ਸੋਚ ਹੈ।

ਪਦਮਾ-ਤੁਸੀਂ ਗੁਰੂ ਜੀ ਨੂੰ ਮਿਲ ਆਏ ਹੋ?

ਰਾਜਾ-ਹਾਂ, ਬੜੇ ਹੀ ਅੱਛੇ ਹਨ।

ਪਦਮਾ-ਮੈਂ ਜਾਵਾਂ ਤੇਂ ਦੇਖਾਂ। ਜੇ ਕਰਾਮਾਤੀ ਹੋਣ, ਜੇ ਕਰਾਮਾਤ ਕੋਈ ਸ਼ੈ ਹੈ ਤਾਂ, ਸ਼ਾਇਦ ਉਨ੍ਹਾਂ ਦੀ ਕਰਾਮਾਤ ਰੱਖਿਆ ਕਰੇ ਤੇ ਕਾਮਯਾਬੀ ਹੋ ਜਾਵੇ।

ਰਾਜਾ-ਤੁਸੀਂ ਬੇਟਾ! ਜਾਓ ਮਿਲੋ, ਤੁਹਾਡਾ ਮਿਲਨਾ ਸਤਿਸੰਗ ਹੈ, ਰਾਜਸੀ ਮਾਮਲੇ ਹੋਰ ਹਨ।

ਪਦਮਾ-ਮੈਂ ਪਹਿਲੇ ਪੱਤ੍ਰ ਭੇਜਣਾ ਚਾਹੁੰਦੀ ਹਾਂ।

ਰਾਜਾ-ਹਰਜ ਨਹੀਂ, ਭੇਜੋ।

ਇਹ ਕਹਿਕੇ ਰਾਜਾ ਜੀ, ਆਪਣੇ ਤੰਬੂ ਨੂੰ ਚਲੇ ਗਏ ਤੇ ਸਨਿੱਕੋ ਆ ਗਈ।

ਪਦਮਾ-ਸਨਿੱਕੋ ਜੀ! ਮੈਂ ਆਗਜ਼ਾ ਲੈ ਲਈ ਹੈ।

ਸਨਿੱਕੋ-ਹੁਣ ਮੈਨੂੰ ਸਨਿੱਕੋ ਨਾ ਸਦਿਆ ਕਰੋ।

ਪਦਮਾ-ਜੋ ਕਹੋ ਸੋ ਮੱਦਾਂ, ਪਰ ਕਿਉਂ?

ਸਨਿੱਕੋ-ਮੈਂ ਅੰਮ੍ਰਿਤ ਛੱਕਕੇ 'ਮਾਨ ਕੌਰ' ਬਣ ਗਈ ਹਾਂ।

ਪਦਮਾ-ਭੈੜੀਏ! ਕੱਲੀ ਕੱਲੀ।

ਸਨਿੱਕੋ-ਤੁਸੀਂ ਹੋ ਪੜ੍ਹੇ ਤੇ ਅਜੇ ਤੁਸਾਂ ਸੋ ਗਜ਼ ਤੇ ਸੋ ਤਰਾਜ਼ੂ ਲਾਉਣੇ ਹਨ ਤੇ ਮੈਂ ਹਾਂ ਸਿੱਧੀ, ਮੈਨੂੰ ਸੱਚ ਜਚ ਗਿਆ। ਚੰਬੇ ਹੀ ਮੈਂ ਤਾਂ ਭਾਈ ਸ਼ਾਮ ਸਿੰਘ ਜੀ,[1] ਉਸ ਸਦਾ ਖਿੜੇ, ਸਦਾ ਅਨੰਦ ਦਾਤਾ ਜੀ ਦੀ ਸੰਗਤ ਤੋਂ ਹੀ ਪਤੀਜ ਗਈ ਸਾਂ।

ਪਦਮਾ-ਉਹ ਭਲੇ ਪੁਰਖ ਜਿਨ੍ਹਾਂ ਦੇ ਮੈਨੂੰ ਅੰਮ੍ਰਤ ਵੇਲੇ ਦਰਸ਼ਨ ਕਰਾਏ ਸਾਨੀ?

ਸਨਿੱਕੋ-ਹਾਂ, ਉਹੋ ਦਾਤਾ ਲੋਕ।

ਪਦਮਾ-ਉਨ੍ਹਾਂ ਦੇ ਵਾਕਾਂ ਦਾ ਅਸਰ ਤੇ ਉਸ ਵੇਲੇ ਦੇ ਸ਼ਾਂਤਿ ਰਸ ਦਾ ਪਰਭਾਉ ਮੈਨੂੰ ਬੀ ਭੁੱਲਦਾ ਨਹੀਂ।

ਸਨਿੱਕੋ-ਤੇ ਮੈਨੂੰ ਭਰੋਸਾ ਹੈ ਕਿ ਤੁਸਾਂ ਜ਼ਰੂਰ ਤਰਨਾ ਹੈ, ਕਿਉਂਕਿ-

'ਪ੍ਰਭ ਜੀ ਬਸਹਿ ਸਾਧ ਕੀ ਰਸਨਾ' (ਸੁਖਮਨੀ) ਹੁਕਮ ਹੈ, ਤੇ ਸਾਧੂ ਜੀਭ ਨੇ ਉਸ ਵੇਲੇ ਕਿਹਾ ਸੀ 'ਸਮਰੱਥ ਸਿਰ ਹੱਥ ਧਰੇਗਾ'[2], ਇਹ ਵਾਕ

---

੧. 'ਪ੍ਰੀਤਮ ਜੀ' ਵਿਚ ਜੋ 'ਰਾਜਾ ਜੀ ਦੇ ਸਿਪਾਹੀ' ਕਰਕੇ ਆਏ ਹਨ।

੨. ਦੇਖੋ ਪੰਨਾ ੧੦, ਕਾਲਮ-੧ ਸਤਰ ਛਵੀਂ।

ਪੂਰਾ ਹੋਵੇਗਾ। ਜੀਓ ਜੀ! ਓਹ ਬੜੇ ਉੱਚੇ ਗੁਰੂ ਕੇ ਲਾਡਲੇ ਬੱਚੇ ਹਨ।

ਪਦਮਾ (ਮੁਸਕ੍ਰਾਕੇ)-ਹੱਛਾ ਸਨਿੱਕੋ!

ਮਾਨ ਕੌਰ-ਫਿਰ ਸਨਿੱਕੋ? ਮੈਨੂੰ ਇਹ ਨਾਮ ਬਖਸ਼ ਦਿਓ।

ਪਦਮਾ-ਭੁੱਲ ਗਈ, ਮਾਨ ਕੌਰ ਜੀ! ਦੱਸੋ ਹੁਣ ਦਰਸ਼ਨ ਸ੍ਰੀ ਗੁਰੂ ਜੀ ਦੇ ਨੂੰ ਕਦੋਂ ਚਲੀਏ?

ਮਾਨ ਕੌਰ-ਜਦੋਂ ਆਖੋ, ਹੁਣੇ ਚੱਲੋ।

ਪਦਮਾ-ਮੇਰਾ ਚਿੱਤ ਪਹਿਲੇ ਚਿੱਠੀ ਭੇਜਣ ਤੇ ਹੈ।

ਮਾਨ ਕੌਰ-ਆਗਜਾ ਮੰਗਣੀ ਹੈ ਕਿ ਸਮਾਂ ਵਿਹਲ ਦਾ ਪੁੱਛਣਾ ਹੈ?

ਪਦਮਾ-ਨਹੀਂ (ਝਿਜਕ ਕੇ) ਕੁਛ ਪਰਤਾ···ਵਾ ਕਰਨਾ ਹੈ।

ਮਾਨ ਕੌਰ-ਡਰ ਪਿਆਰੀਏ! ਪਰਤਾਵੇ ਲੈਣ ਕਿ ਉਹ ਦੇਣ? ਤਦੇ ਮੈਂ ਕਿਹਾ ਸੀ ਕਿ ਤੇਰੇ ਪੜ੍ਹੇ ਤੇ ਡਿੰਗੇ ਮਗਜ਼ ਨੇ ਅਜੇ ਕਈ ਵਲ ਫੇਰ ਖਾਣੇ ਹਨ!···ਚੰਗਾ ਉਥੇ ਕੇਹੜੀ ਕਸਰ ਹੈ!

ਪਦਮਾ-ਇਹ ਲੈ ਚਿੱਠੀ, ਇਸਦਾ ਲਿਆ ਜਵਾਬ।

ਮਾਨ-ਮੈਂ ਪੜ੍ਹ ਸਕਦੀ ਹਾਂ?

ਪਦਮਾ-ਪੜ੍ਹ ਲੈ।

ਮਾਨ-ਉੱਚੀ ਵਾਚ ਕੇ-

ਸਾਰਾ? ਪੌਣਾ? ਦੂਜਾ ਗਉਣਾ?
ਨਰ ਨਾਰੀ ਥੇ ਦੋਨੋਂ ਭਉਣਾ?
ਕੁਛ ਖਾਧਾ ਕੁਛ ਲੈ ਕੇ ਸਉਣਾ?
ਉੱਤਰ ਦਿਓ ਗੁਰੂ ਜੀ ਕਉਣਾ?

ਖੂਬ ਪ੍ਰਸ਼ਨ ਕੀਤੇ ਜੇ!

ਇਹ ਕਹਿ ਕੇ ਖਤ ਅਤਲਮੀ (ਖਰੀਤੇ) ਲਫਾਫੇ ਵਿਚ ਪਾ ਕੇ ਨੌਕਰਾਣੀ ਦੇ ਹੱਥ ਦਿਤਾ ਕਿ ਜਾਓ ਗੁਰੂ ਜੀ ਤੋਂ ਜਵਾਬ ਲੈਕੇ ਆਓ।

ਨੌਕਰਾਣੀ 'ਸਤਿ ਬਚਨ' ਕਹਿਕੇ ਚਲੀ ਗਈ ਤੇ ਕੁਛ ਚਿਰ ਬਾਦ ਜਵਾਬ ਲੈਕੇ ਆ ਗਈ। ਜੋ ਮਾਨ ਕੌਰ ਨੇ ਖੋਹਲਿਆ ਤੇ ਪੜ੍ਹ ਸੁਣਾਇਆ :-

"ਜਾਣੋਂ ਸਾਰਾ ਦੇਵ ਦੇਹ, ਪੌਣਾ ਮਾਨਸ ਦੇਹ।
ਦੁਬਿਧਾ ਦੂਜੀ ਗਵਨ ਕਰ, ਨਰ ਨਾਰੀ ਹੁਏ ਖੇਹ।
ਉਭੈ ਲੋਕ ਭਉਂਦਾ ਫਿਰੇ, ਕੁਛ ਖਾਧਾ ਖਰਚ ਜਿ ਮਾਲ।
ਪ੍ਰਲੈ ਭਈ ਸਉਣਾ ਹੂਆ, ਉੱਤਰ ਤੁਮਰਾ ਬਾਲ।"

ਸਮਝੇ?

ਪਦਮਾ-ਹਾਂ।

ਮਾਨ-ਮੈਨੂੰ ਬੀ ਸਮਝਾਓ।

ਪਦਮਾ-ਮੈਂ ਪੁਛਿਆ ਸੀ ਸਾਰਾ ਕੌਣ ਹੈ ਤੇ ਪਉਣਾ ਕੌਣ ਹੈ, ਤੇ ਦੂਜਾ ਤੇ ਗਉਣਾ (ਟੁਰ ਪੈਣਾ) ਕੀ ਹੈ? ਦੋ ਭੌਣ (ਘਰ) ਨਰ ਨਾਰ ਦੇ ਕਿਹੜੇ ਹਨ? ਕੁਛ ਖਾਕੇ ਕੁਛ ਨਾਲ ਲੈਕੇ ਉਹ ਸੌਂ ਗਏ, ਦੱਸੋ ਇਹ ਕੀ ਹੈ? ਉੱਤਰ ਦੇਂਦੇ ਹਨ ਕਿ 'ਦੇਵ ਤਨ' ਤਾਂ ਸਾਰਾ ਹੈ, ਤੇ 'ਮਨੁੱਖ ਤਨ' ਪੌਣਾ ਹੈ, ਹੁਣ ਵਿਚਾਰ ਇਹ ਹੈ ਕਿ ਸਾਰਾ ਭਟਕਦਾ ਨਹੀਂ ਤੇ ਪਉਣਾ ਭਟਦਾ ਹੈ, ਇਸ ਕਰਕੇ ਕਿ ਪਉਣਾ ਦੁਬਿਧਾ ਵਿਚ ਚਲਾ ਜਾਂਦਾ ਹੈ, ਸੋ ਦੂਜਾ ਕੌਣ ਹੋਇਆ? ਦੂਜਾ ਦੁਬਿਧਾ ਹੈ, ਜਿਸ ਵਿਚ ਗਵਨ ਕਰਕੇ ਨਰ ਤੇ ਨਾਰੀ ਖੇਹ ਹੋ ਜਾਂਦੇ ਹਨ। ਇਸ ਲੋਕ ਵਿਚ ਕੁਝ ਮਾਲ ਖਾ ਖਰਚਕੇ (ਦੁਬਿਧਾ ਕਾਰਨ) ਸਭ ਕੋਈ ਦੋਹਾਂ ਜਹਾਨਾਂ ਵਿਚ ਭਟਕਦਾ ਫਿਰਦਾ ਹੈ। ਇਨ੍ਹਾਂ ਦਾ ਸਉਣਾ ਪ੍ਰਲੈ ਵਿਚ ਹੋ ਸਕਦਾ ਹੈ, ਨਹੀਂ ਤਾਂ ਭਟਕ ਹੀ ਭਟਕ ਹੈ।

ਮਾਨ-ਕੋਈ ਹੋਰ ਡੂੰਘੀ ਵਿਚਾਰ?

ਪਦਮਾ (ਡੂੰਘੀ ਸੋਚ ਵਿਚ ਲਹਿ ਗਈ ਤੇ ਕੁਝ ਚਿਰਾਂ ਪਿੱਛੋਂ ਹੁੰਗਾਰਾ ਭਰ ਕੇ)-ਹਾਂ, ਇਕ ਹੋਰ ਖਿਆਲ ਬੀ ਫੁਰਦਾ ਹੈ ਤੇ ਗੁਰੂ ਜੀ ਦੇ ਉੱਤਰ ਦਾ ਇਹ ਭਾਵ ਬੀ ਜਾਪਦਾ ਹੈ:-

"ਦੇਹੀ ਵਿਚ ਜੋ 'ਦੇਵ' ਰੂਪ ਹੈ ਉਹ ਸਾਰਾ (ਮੁਕੰਮਲ) ਹੈ (ਅਤੇ) ਦੇਹ ਵਿਚ ਜੋ 'ਮਨਸ' (ਮਨ ਯਾ ਲਿੰਗ ਸ਼ਰੀਰ) ਹੈ ਸੋ ਪਉਣਾ ਹੈ (ਕਿਉਂਕਿ ਦੇਵ ਦੀ ਸੱਤਾ ਦਾ ਮੁਥਾਜ ਹੈ)। ਦੂਜਾ (ਅਰਥਾਤ ਪਉਣਾ ਜੋ ਹੈ ਸੋ) ਦੁਬਿਧਾ ਵਿਚ ਪੈਕੇ ਨਰ ਨਾਰੀ (ਰੂਪ ਧਾਰਦਾ ਹੈ), ਇਹ ਦੋਇ ਰੂਪ (ਨਰ ਤੇ ਨਾਰੀ ਅੰਤ) ਖੇਹ ਹੋ ਜਾਂਦੇ ਹਨ (ਅਰ ਜੋ ਮਾਨਸ ਹੈ ਉਹ) ਦੋਹਾਂ ਲੋਕਾਂ ਵਿਚ ਭਉਂਦਾ ਫਿਰਦਾ ਜਮਾ ਮਾਲ ਨੂੰ ਅਰਥਾਤ ਕੀਤੇ ਕਰਮਾਂ ਦੇ ਫਲ ਨੂੰ ਖਾਂਦਾ ਖਰਚਦਾ (ਭਟਕਦਾ ਹੀ ਰਹਿੰਦਾ ਹੈ, ਜਦੋਂ) ਪ੍ਰਲੈ ਹੋਈ ਤਦੋਂ ਸੰਚਿਤ ਕਰਮਾਂ ਨੂੰ ਲੈਕੇ ਸੌਂ ਜਾਂਦਾ ਹੈ"।

ਮਾਨ-ਹੋਈ ਤਸੱਲੀ?

ਪਦਮਾ-ਉੱਤਰ ਤਾਂ ਠੀਕ ਹੈ, ਪਰ ਵਿਚ ਜੋ

ਮੁਇੰਮਾ[1] ਸੀ, ਮੈਂ ਜਾਤਾ ਆਪੇ ਦੱਸ ਦੇਣਗੇ। ਉਨ੍ਹਾਂ ਮੇਰੀ ਪੁੱਛ ਦਾ ਤੋਲਵਾਂ ਉੱਤਰ ਦਿਤਾ ਹੈ।

ਮਾਨ-ਫੇਰ?

ਪਦਮਾ-ਇਕ ਖਤ ਹੋਰ ਘੱਲਸਾਂ।

ਮਾਨ-ਘੱਲੋ।

ਕਲਮ ਦਵਾਤ ਲੈਕੇ ਲਿਖ ਦਿਤਾ-

ਨਕਸ਼ੇ ਖਿੱਚਣਹਾਰਿਆ ਕਿਹਾ ਨਕਸ਼ਾ ਵਾਹਿਆ ਈ? ਪੁਠੀਆਂ ਸਿੱਧੀਆਂ ਮਾਰਕੇ ਰੰਗ ਡੋਲ੍ਹ ਵਿਖਾਇਆ ਈ। ਭਰ ਕਾਗਤ ਚੀਚਗਲੋਲਿਆਂ ਥਹੁ ਕਿਤੇ ਨ ਲਾਇਆ ਈ। ਇਸ ਵਿੰਗ ਤੜਿੰਗੇ ਨਕਸ਼ ਵਿਚ ਕਿਉਂ ਸਾਨੂੰ ਪਾਇਆ ਈ?

ਗੋਲੀ ਲੈ ਕੇ ਚਲੀ ਗਈ ਤੇ ਜਵਾਬ ਲੈਕੇ ਆਈ ਜੋ ਪਦਮਾ ਨੇ ਉੱਚੀ ਪੜ੍ਹਿਆ-

ਨਕਸ਼ੇ ਖਿੱਚਣਹਾਰ ਨੇ ਕਿਹਾ ਨਕਸ਼ਾ ਵਾਹਿਆ ਹੈ, ਪਰ ਬਿੰਦੀ ਘੁੰਡੀ ਲੀਕ ਵਿਚ ਰੰਗ ਅਪਨਾ ਲਾਇਆ ਹੈ; ਇਹ ਚੀਚਗਲੋਲਾ ਪ੍ਰੇਮ ਦਾ ਇਸ ਨਕਸ਼ੇ ਵਾਹਿਆ ਹੈ, ਰਖ ਕੁੰਜੀ ਉਹਲੇ ਏਸ ਦੇ ਵਿਚ ਹੈਰਤ[2] ਪਾਇਆ ਹੈ।

ਮਾਨ ਕੌਰ-ਹੁਣ ਦੱਸੋ?

ਪਦਮਾ-ਉੱਤਰ ਪੂਰਾ ਹੈ।

ਮਾਨ-ਹੁਣ ਸਲਾਹ ਕੀ ਹੈ?

ਪਦਮਾ-

ਦਿਲ ਮੇਰੇ ਕੁਛ ਹੁੰਦਾ ਸਖੀਏ! ਕਲਵਲ ਕਲਵਲ ਉੱਠਣ, ਗਗਨ ਦਮਾਮੇ ਅੰਦਰ ਵਾਲੇ ਲਹਿਰ ਉਠੀ ਕੁਠ ਸੁਟਣ, ਕੀਹ ਆਖਾਂ ਕੀ ਕਰਾਂ ਕਿ ਨਾਹੀਂ ਧੁਨਿ ਵਾਂਙੂ ਮੈਂ ਕੰਬਾਂ, ਕਿਰਨਾਂ ਵਾਂਙ ਲਹਿਰ ਹਾਂ ਹੋਈ ਬਿਨ ਅੱਗੋਂ ਪਈ ਲੁਠਣ।

ਮਾਨ-ਫੇਰ?

ਪਦਮਾ-ਫੇਰ ਓਹੋ ਅਕਲ ਤੇ ਵਿਦਯਾ। ਇਕ ਵੇਰ ਪਹਿਲਾਂ ਦੂਰੋਂ ਦਿਖਾ ਦੇਹ, ਜੇ ਨੈਣ ਬੀ ਸੰਤੋਖੇ ਤਾਂ ਸਾਮਰਤੱਖ ਜਾਵਾਂਗੀ!

ਮਾਨ-ਚੰਗੀ ਗੱਲ। ਕਲ ਉਸ ਨੂਰ ਦੇ ਬੁੱਕੇ ਨੇ ਮਾਲਵੀਹ ਪਹਾੜ ਤੇ ਸ਼ਿਕਾਰ ਜਾਣਾਂ ਹੈ, ਪਿਤਾ ਜੀ ਤੋਂ ਪੁੱਛ ਲਓ, ਆਗ਼ਜ਼ਾ ਮਿਲੇ ਤਾਂ ਉਥੇ ਰੁੱਖਾਂ ਦੀ ਆੜੇ ਚੱਲ ਬਹਾਂਗੇ ਤੇ ਤੈਨੂੰ ਦਿਖਾ ਦਿਆਂਗੇ। ਮੈਨੂੰ ਇਕ ਸੁਹਣੇ ਰੁੱਖਾਂ ਦੇ ਝੁੰਡ ਦਾ ਪਤਾ ਹੈ, ਜਿਥੋਂ ਅਸੀਂ ਦੇਖਾਂਗੇ, ਪਰ ਸਾਨੂੰ ਕੋਈ ਨਾ ਦੇਖੇਗਾ?

ਪਦਮਾ-ਜੀਉਂਦੀ ਰਹੁ ਸਹੀਏ!

੬.

ਅਗਲੇ ਦਿਨ ਗੁਰੂ ਜੀ ਸ਼ਿਕਾਰ ਚੜੇ ਤੇ ਉਸ ਪਰਬਤ ਪਰ ਗਏ, ਪਰ ਅੱਜ ਆਦਮੀਆਂ ਦਾ ਸ਼ਿਕਾਰ ਸ਼ੁਰੂ ਹੋਇਆ। ਆਪ ਇਕ ਸੁਹਣੇ ਬ੍ਰਿਛਾਂ ਦੀ ਝੰਗੀ ਲਾਗੇ ਪਹੁੰਚੇ, ਜਿਥੇ ਬੜਾ ਅਜੀਬ ਨਜ਼ਾਰਾ ਸੀ ਤੇ ਬੈਠਣ ਨੂੰ ਸੁਹਣਾ ਥਾਂ ਸੀ। ਇਥੇ ਬੈਠ ਗਏ ਤੇ ਉਸ ਨਜ਼ਾਰੇ ਨੂੰ ਤਾੜਣ ਲਗੇ ਜੋ ਦੇਖਣ ਵਾਲੇ ਨੈਣਾਂ ਤੋਂ ਸਦਕੇ ਹੋਣ ਦੀ ਸਦੀਆਂ ਤੋਂ ਉਡੀਕ ਵਿਚ ਸੀ। ਠੀਕ ਇਸ ਜਗ੍ਹਾ ਦੇ ਲਾਗੇ ਜੋ ਝੁੰਡ ਸੀ, ਉਸ ਵਿਚ ਮਾਨ ਕੌਰ ਤੇ ਪਦਮਾ ਛਿਪ ਰਹੀਆਂ ਸਨ।

ਮਾਨ-ਦੇਖ ਲਿਆ ਜੇ?

ਪਦਮਾ (ਅੱਖਾਂ ਅਹਿੱਲ ਗੱਡੀਆਂ ਹਨ)-ਹੂੰ!

ਮਾਨ-ਕਿਉਂ?

ਪਦਮਾ-(ਨੈਣ ਨਹੀਂ ਹਿਲਦੇ ਤੇ ਚੁੱਪ)।

ਮਾਨ-ਬੋਲੋ ਤਾਂ ਸਹੀ?

ਪਦਮਾ-(ਚੁੱਪ)।

ਮਾਨ-ਕਿਉਂ?

ਪਦਮਾ-(ਚੁੱਪ)।

ਮਾਨ-(ਝੰਜੋੜ ਕੇ) ਬੋਲੋ ਨਾ?

ਪਦਮਾ-ਜੀਭ ਮੇਰੇ ਨਾਲ ਨਹੀਂ ਆਈ, ਘਰੇ ਰਹਿ ਪਈ ਸੀ.....।

ਮਾਨ ਤੇ ਬੋਲੇ ਕੀਕੂੰ ਹੋ?

ਪਦਮਾ-ਹੁਣੇ ਆਈ ਸੀ ਮੁੜ ਚੱਲੀ ਏ।

ਮਾਨ (ਠਹਿਰ ਕੇ)-ਹੁਣ ਤਾਂ ਦੱਸੋ?

ਪਦਮਾ-ਨੈਣਾਂ ਨੂੰ ਜੀਭ ਨਹੀਂ ਜੀਭ ਨੂੰ ਨੈਣ ਨਹੀਂ।

ਮਾਨ-ਮਨ ਮੰਨਿਆਂ?

ਪਦਮਾ-ਊਈ, ਡਰ ਲਗਦਾ ਹੈ। (ਮਾਨ ਦੀ ਬਾਂਹ ਘੁੱਟਕੇ)।

ਮਾਨ-ਕਿਉਂ?

ਪਦਮਾ-ਪਤਾ ਨਹੀਂ।

ਮਾਨ-ਮੈਂ ਹੁਣ ਕੁਛ ਨਾ ਬੋਲਾਂ? (ਬਹੁਤ ਚਿਰ ਚੁੱਪ ਰਹਿਕੇ) ਡਿੱਠਾ ਜੇ ਔਹ ਕੌਣ ਆ ਰਿਹਾ ਹੈ?

---

੧. ਉਹ ਗਲ ਜੋ ਸਪਸ਼ਟ ਨਾ ਹੋਵੇ, ਗੁੰਝਲਦਾਰ ਹੋਵੇ, ਤੇ ਖੁਹਲਣੀ ਪਵੇ!

੨. ਅਸਚਰਜਤਾ।

ਪਦਮਾ-ਕੋਈ ਗਧੀਲਾ ਜੈਸਾ ਹੈ।

ਮਾਨ-ਅਸੀਂ ਰਤਾ ਅੱਗੇ ਹੋ ਜਾਈਏ ਤੇ ਸੁਣੀਏਂ। ਨੈਣਾਂ ਸ਼ਰਬਤ ਪੀ ਲਿਆ ਹੈ, ਪਰ ਕੰਨ ਤਿਹਾਏ ਹਨ। ਦੋਵੇਂ ਮਲਕੜੇ ਅਗੇ ਹੋ ਗਈਆਂ ਤੇ ਕੰਨ ਲਾ ਦਿਤੇ।

ਗਧੀਲਾ (ਚਰਨੀਂ ਢੈਕੇ)-ਹੇ ਤ੍ਰਾਣ ਕਰਤਾ! ਤਾਰ ਲੈ।

ਸਤਿਗੁਰ ਜੀ-ਤੂੰ ਕੌਣ ਹੈਂ?

ਗਧੀਲਾ-ਮੈਂ ਰੇਵਾ ਕਾ ਨੰਦਨ ਪਜਾਰੋ।
ਜਗ 'ਰੇਵਾਲ' ਨਾਮ ਮੁਝ ਡਾਰੋ।
(ਗੁ: ਪ੍ਰ: ਸੂ:)

ਸਤਿਗੁਰੂ ਜੀ-ਆਪਣੀ ਵਿਥਿਆ ਸੁਣਾਓ।

ਰੇਵਾਲ-ਮੇਰੀ ਮਾਤਾ ਨੇ ਮੈਨੂੰ ਤਪ ਕਰਨ ਨੂੰ ਕਿਹਾ। ਤਪ ਮੈਂ ਰਾਜ ਵਾਸ਼ਨਾ ਧਾਰ ਕੇ ਕੀਤਾ, ਸੋ ਮੈਂ ਰਾਜਾ ਹੋਇਆ, ਇਥੇ ਮੈਂ ਰਾਜ ਕੀਤਾ। ਮੰਡੀ ਨਗਰ ਵਸਾਇਆ, ਪਰ ਫੇਰ ਜੱਖ ਨਾਮੇ ਇਕ ਕੌਮ ਨੇ ਮੈਨੂੰ ਜੰਗ ਕਰਕੇ ਹਰਾ ਦਿਤਾ ਤੇ ਰਾਜ ਭਾਗ ਖੋਹ ਲਿਆ। ਮੈਂ ਫੇਰ ਇਸ ਟਿਕਾਣੇ ਤਪ ਤਪਿਆ। ਇਹ ਤੀਰਥ ਰਵਾਲਸਰ ਇਥੇ ਬਣਿਆਂ। ਜਲ ਵਿਚ ਪੱਥਰ ਤਰ ਰਹੇ ਹਨ, ਪਰ ਮੈਂ ਭਵਸਾਗਰ ਨਾ ਤਰਿਆ।

ਸਤਿਗੁਰ ਜੀ-ਪਹਿਲਾ ਤਪ ਤੂੰ ਮਨ ਦੇ ਸੁਖ ਵਾਸਤੇ ਨਾ ਕੀਤਾ, ਰਾਜ ਪਾਇਆ ਜੋ ਸਮੇਂ ਸਿਰ ਖੁੱਸ ਗਿਆ। ਦੂਜਾ ਤਪ ਕੀਤਾ, ਮਨ ਦੇ ਸੁਖ ਵਾਸਤੇ ਨਾ ਕੀਤਾ, ਮਨ ਵਿਚ ਸ਼ੱਤ੍ਰੂਆਂ ਨਾਲ ਵੈਰ ਰਿਹਾ ਤੇ ਰਿੱਧੀਆਂ ਸਿਧੀਆਂ ਵਿਚ ਧਿਆਨ ਰਿਹਾ, ਉਮਰ ਵਧਾਉਣ ਤੇ ਪ੍ਰਾਣਾਯਾਮ ਕਰ ਕਰ ਨਾਟਕਾਂ ਚੇਟਕਾਂ ਤੇ ਹੋਰ ਹੋਰ ਕੰਮਾਂ ਵਿਚ ਲਗਾ ਰਿਹਾ। ਤ੍ਰਾਣ ਕਿਸ ਤਰ੍ਹਾਂ ਹੋਵੇ? ਹਿਰਦੇ ਵਿਚ ਆਪੇ ਦੇ ਸੁਖ ਦੀ ਲਾਲਸਾ ਫੁਰਦੀ, ਅੰਤਰ-ਆਤਮੇ ਪਰਮੇਸ਼ੁਰ ਜੀ ਨਾਲ ਉਤਾਹਾਂ ਦੇ ਮਿਲਾਪ ਦੇ ਸੁਖ ਦੀ ਲਗਨ ਲੱਗਦੀ, ਤਦ ਕਲਿਆਨ ਹੁੰਦੀ, ਪਰਮਪਦ-ਅਭੈ-ਪਦ-ਮਿਲਦਾ। ਹੁਣ ਉਮਰ ਵਧਾ ਲਈ ਤਾਂ ਕੀ, ਕਾਲਜੇ ਰੜਕਦੀ ਹੈ ਕਸਕ ਦੁਖਾਂ ਨਾਲ ਵੈਰ ਦੀ ਤੇ ਪ੍ਰਾਪਤੀ ਹੋਈ ਹੈ ਨਾਟਕ ਚੇਟਕ ਦੀ।

ਰੇਵਾਲ-ਸੱਤ, ਆਪ ਨੇ ਸੱਤ ਆਖਿਆ ਹੈ। ਮੇਰੇ ਅੰਦਰ ਇਹ ਮੈਲ ਹੈ, ਪਰ ਮੈਂ ਇਹ ਕੱਢ ਨਹੀਂ ਸਕਿਆ। ਆਪ ਦਾ ਜਸ ਸੁਣਦਾ ਤੇ ਅਰਾਧਨਾ ਕਰਦਾ ਰਿਹਾ ਹਾਂ, ਮੈਨੂੰ ਤਾਰ ਲਓ।

ਇਸ ਵੇਲੇ ਇਕਾਂਤ ਸੀ, ਡਾਢੀ ਉਜਾੜ ਸੀ ਤੇ ਟਿਕਾਉ ਸੀ; ਸੁਹਣੇ ਸਤਿਗੁਰ ਜੀ ਦੇ ਇਲਾਹੀ ਗਲੇ ਤੋਂ ਉੱਠਿਆ ਨਾਦ, ਧੁਨਿ ਲੈ ਲਈ ਇਸ ਨੇ ਮਾਰੂ ਦੀ। ਇਕ ਅਚਰਜ ਵੈਰਾਗ ਦਾ ਸਮਾ ਛਾ ਗਿਆ ਤੇ ਇਹ ਸ਼ਬਦ ਹੋਇਆ:-

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥ ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥੧॥ ਗ੍ਰਿਹਿ ਰਾਜ ਮਹਿ ਨਰਕੁ ਉਦਾਸ ਕਰੋਦਾ॥ਬਹੁ ਬਿਧਿ ਬੇਦ ਪਾਠ ਸਭਿ ਸੋਧਾ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥੨॥ ਜਾਗਤ ਸੂਤਾ ਭਰਮਿ ਵਿਗੂਤਾ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ॥ ਸਾਧ ਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ॥੩॥ ਕਰਮ ਕਰੈ ਤ ਬੰਧਾ ਨਹ ਕਰੇ ਤ ਨਿੰਦਾ॥ ਮੋਹ ਮਗਨ ਮਨੁ ਵਿਆਪਿਆ ਚਿੰਦਾ॥ ਗੁਰਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ॥੪॥ ਸੰਸਾਰੈ ਮਹਿ ਸਹਸਾ ਬਿਆਪੈ॥ ਅਕਥ ਕਥਾ ਅਗੋਚਰ ਨਹੀਂ ਜਾਪੈ॥ ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ॥੫॥ ਛੋਡਿ ਬਹੈ ਤਉ ਛੂਟੈ ਨਾਹੀ॥ ਜਉ ਸਿੰਚੈ ਤਉ ਭਉ ਮਨ ਮਾਹੀ॥ ਇਸਹੀ ਮਹਿ ਜਿਸਕੀ ਪਤਿ ਰਾਖੈ ਤਿਸ ਸਾਧੂ ਚਉਰੁ ਢਾਲੀਐ॥੬॥ ਜੋ ਸੂਰਾ ਤਿਸਹੀ ਹੋਇ ਮਰਣਾ॥ ਜੋ ਭਾਗੈ ਤਿਸੁ ਜੋਨੀ ਫਿਰਣਾ॥ ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ॥੭॥ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ॥ ਕਰਿ ਕਰਿ ਵੇਖੈ ਅਪਣੇ ਜਚਨਾ॥ ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ॥੮॥੧॥੭॥ (ਮਾਰੂ ਮਹਲਾ ੫ ਅੰਜੁਲੀਆਂ)

ਇਸ ਸ਼ਬਦ ਤੋਂ ਸੰਸਾਰ ਦੀਆਂ ਗ੍ਰਿਹਸਤ, ਸੰਨਿਆਸ, ਉਦਾਸ, ਘਰ, ਕਰਮ, ਅਕਰਮ, ਦੋਵੇਂ ਹੱਦਾਂ ਦੇ ਨਕਸ਼ੇ ਮਿਟਕੇ ਇਕ ਰਜ਼ਾ ਪਰ ਅਡੋਲ ਟਿਕਣ ਦਾ ਸਮਾਂ ਬਝ ਗਿਆ।

ਸਤਿਗੁਰ-ਰੇਵਾਲ! ਰਾਜ਼ ਵਿਚ ਆਫਰ ਜ਼ਾਈਦਾ ਹੈ, ਘਰਾਂ ਵਿਚ ਗ੍ਰਿਹਸਤ ਦੇ ਹੰਕਾਰ ਵਿਚ ਨਰਕ ਤਿਆਰ ਕਰ ਲਈਦਾ ਹੈ। ਉਦਾਸੀ ਹੋਕੇ ਤੈਂ ਵਾਂਗ ਕ੍ਰੋਧ ਵਧ ਜਾਂਦਾ ਹੈ। ਜੋ ਸਾਧ ਸੰਗਤ ਕਰਦਾ, ਗੁਰਮੁਖ ਹੁੰਦਾ, ਨਾਮ ਜਪਦਾ ਹੈ ਤੇ ਰਜ਼ਾ ਪਰ ਦ੍ਰਿੜ ਹੁੰਦਾ ਹੈ, ਜੋ ਮਿਹਰ ਤਕਾਉਂਦਾ ਤੇ ਸ਼ਰਨ ਸਮ੍ਹਾਲਦਾ ਹੈ, (ਜੋ ਕੁਛ ਕਰੈ ਸੋਈ ਸੁਖ ਮਾਨੁ) ਉਸਦੀ ਦੁਰਮਤਿ ਸੜਦੀ ਹੈ, ਉਹ ਬਾਲਕ ਵਾਂਙੂ ਪਾਲਿਆ ਜਾਂਦਾ ਹੈ, ਉਸਦਾ ਰਾਖਾ ਕੋਈ ਹੋਰ ਹੋ ਜਾਂਦਾ ਹੈ ਤੇ ਉਹ ਕਲਿਆਨ ਪ੍ਰਾਪਤ ਕਰਦਾ ਹੈ।

ਇਸ ਵੇਲੇ ਰੇਵਾਲ ਮਗਨ ਹੋ ਰਿਹਾ ਸੀ, ਅਚਾਨਕ ਸਤਿਗੁਰ ਦੇ ਚਰਨੀਂ ਢੱਠਾ। ਆਪ ਨੇ ਪਿਠ ਤੇ ਥਾਪੜਾ ਦੇਕੇ ਕਿਹਾ:-"ਨਿਹਾਲ! ਸਿਧ ਜੀ! ਨਿਹਾਲ"! ਇਹ ਕਹਿੰਦਿਆਂ ਉਸ ਦੀ ਸੁਰਤ ਮੋਹ, ਮਾਇਆ, ਕ੍ਰੋਧ, ਉਦਾਸੀ ਤੋਂ ਨਿਕਲੀ, ਸਾਫ ਮੰਡਲੀਂ ਚੜ੍ਹ ਗਈ। ਆਪਾ ਅਰੋਗ ਹੋ ਦਿੱਸਿਆ, ਠੰਢ ਵਰਤ ਗਈ ਤੇ ਬੋਲਿਆ:-

"ਧੰਨ ਤੂੰ! ਧੰਨ ਤੂੰ! ਹੇ ਦਾਤੇ ਧੰਨ! ਆਹ ਅੱਜ ਇਕ ਨਵੀਂ ਗੱਲ ਅੰਦਰ ਆ ਪ੍ਰਤੀਤ ਹੋਈ ਹੈ, ਇਹ ਠੰਢ ਜਿਹੀ ਕੀ ਹੈ? ਇਹ ਠੰਢ ਜਨਮਾਂ ਦੇ ਤਪਾਂ ਵਿਚ ਨਹੀਂ ਦੇਖੀ ਸੀ। ਉਮਰ ਲੰਮੀ ਕਰ ਲਈ, ਪਰ ਇਹ ਠੰਢ ਜੇਹੀ ਨਹੀਂ ਸੀ ਮਾਣੀ, ਸਿੱਧੀਆਂ ਪਾਈਆਂ ਪਰ ਇਹ ਠੰਢ ਜੇਹੀ ਨਹੀਂ ਸੀ ਪਾਈ। ਤੂੰ ਧੰਨ! ਤੂੰ ਧੰਨ!"

ਸਤਿਗੁਰ-ਉਦੈ ਸਿਘ, ਦਇਆ ਸਿੰਘ, ਆਲਮ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ ਪੰਜੇ ਹੋ? ਕੋਈ ਹੋਰ ਭੀ ਹੈ?

ਉਦੈ ਸਿੰਘ-ਪੰਜੇ ਮਹਾਰਾਜ!

ਸਤਿਗੁਰ-ਕਿਸੇ ਹੋਰ ਦਾ ਭੁਲੇਵਾਂ ਪੈਂਦਾ ਹੈ, ਸ਼ਿਖਰ ਆਉਣ ਵੇਲੇ ਅਸਾਂ ਵਰਜਿਆ ਸੀ ਕਿ ਹੋਰ ਕੋਈ ਨਾਲ ਨਾ ਆਵੇ। ਕੋਈ ਆਇਆ ਤਾਂ ਨਹੀਂ?

ਉਦੈ ਸਿੰਘ-ਸੱਚੇ ਪਾਤਸ਼ਾਹ! ਸਾਰੇ ਹੇਠੋਂ ਹੀ ਮੋੜ ਦਿਤੇ ਸਨ, ਘੋੜੇ ਭੀ ਘੱਲ ਦਿਤੇ ਸਨ, ਆਪ ਦੇ ਨਾਲ ਪੈਦਲ ਅਸੀਂ ਹੀ ਆਏ ਸਾਂ, ਆਗਜ਼ਾ ਹੋਵੇ ਤਾਂ ਵੇਖੀਏ, ਕੋਈ ਮਤਾਂ ਲੁਕ ਕੇ ਆਇਆ ਹੋਵੇ, ਕਿਸੇ ਰਾਜਾ ਦਾ ਕੋਈ ਧ੍ਰੋਹ ਨਾ ਹੋਵੇ।

ਸਤਿਗੁਰ ਜੀ-ਨਹੀਂ ਖੁਸ਼ਬੋ ਮਿਤ੍ਰ ਦੀ ਹੈ, ਦਇਆ ਸਿੰਘ ਜੀ ਆਨੰਦ ਸਾਹਿਬ ਜੀ ਦਾ ਪਾਠ ਕਰੋ।

ਦਇਆ ਸਿੰਘ ਜੀ ਨੇ ਮਧੁਰ ਧੁਨੀ ਨਾਲ ਪਾਠ ਕੀਤਾ।

ਪਦਮਾ (ਹੌਲੇ ਜਿਹੇ)-ਮਾਨ ਜੀ! ਸਤਿਗੁਰੂ ਸਚੇ ਪਾਤਸ਼ਾਹ ਹਨ, ਸ਼ੱਕ ਨਹੀਂ, ਸਾਰੇ ਰਾਜੇ ਅਗੇ ਪਿਛੇ ਭੰਨੇ ਪਏ ਫਿਰਦੇ ਹਨ ਤੇ ਲੋਹਾ ਮੰਨਦੇ ਹਨ। ਸਤਿਗੁਰ ਵਿਦਵਾਨ ਹਨ, ਮੇਰੇ ਪੱਤਰਾਂ ਦੇ ਜੁਵਾਬ ਸਾਬਤ ਕਰਦੇ ਹਨ, ਸਤਿਗੁਰ ਵਿਚ ਈਸ਼੍ਵਰੀ ਤੇਜ ਹੈ ਜਿਸਨੂੰ ਫ਼ਾਰਸੀ ਵਿਚ ਇਲਾਹੀ ਜਲਵਾ ਆਖਦੇ ਹਨ। ਸਾਰੇ ਦਰਸ਼ਨ ਕਰਨ ਹਾਰੇ ਮੇਰੇ ਪਿਤਾ ਸਮੇਤ ਮੰਨਦੇ ਹਨ, ਮੁਕਤੀ ਦਾਤਾ ਹਨ, ਇਹ ਰੇਵਾਲ ਸਿਧ ਦੀ ਕਲਜਾਨ ਹੁੰਦੀ ਅੱਖੀਂ ਡਿੱਠੀ ਹੈ। ਆਪ ਅੰਤ੍ਰਯਾਮਤਾ ਰਖਦੇ ਹਨ, ਦੇਖੋ ਸਾਡੇ ਹੋਣ ਨੂੰ, ਚਾਹੇ ਅਸੀਂ ਕਿੰਨੇ ਛਿਪੇ ਹਾਂ, ਲਖ ਗਏ ਹਨ ਅਰ ਇਹ ਭੀ ਪਛਾਣ ਗਏ ਹਨ ਕਿ ਮਿਤਰ ਹਾਂ।

ਮਾਨ-ਅਜੇ ਭੀ ਤਸੱਲੀ ਦੀ ਲੋੜ ਹੈ?

ਪਦਮਾ-ਲੋੜ ਤਾਂ ਹੋਰ ਕੋਈ ਨਹੀਂ। ਇਹ ਕਾਂਬਾ ਜੇਹਾ ਕੇਹਾ ਹੈ। ਪਰ (ਬੁੱਲ੍ਹ ਟੁੱਕਕੇ) ਪਰ ਹਾਂ...ਕਲ ਚਰਨ ਪਰਸਾਂਗੇ।

ਮਾਨ-ਸੱਤਿ ਬਚਨ, ਕਿਹੜੀ ਕਾਹਲ ਹੈ। ਜਦ ਤਕ ਮਨ ਨਾ ਮੰਨੇ ਤਦ ਤਕ ਅਮੰਨਾਂ ਆਇਆ ਬੀ ਈਮਾਨ ਵਿਚ ਸ਼ੁਮਾਰ ਨਹੀਂ! ਅਸੀਂ ਫਿਰ ਚੱਲੀਏ?

ਪਦਮਾ-ਨਹੀਂ, ਰਤਾਕੁ ਹੋਰ, ਹਾਂ...ਪਹਿਲਾਂ 'ਅਕਹਿ' ਜੀ ਮਹਾਰਾਜ ਜਾ ਲੈਣ।

ਉਧਰ ਸਤਿਗੁਰ ਜੀ ਟੁਰ ਪਏ, ਇਧਰੋਂ ਮਗਰੋਂ ਇਹ ਮਲਕੜੇ ਟੁਰ ਪਈਆਂ ਤੇ ਆਪਣੇ ਡੇਰੇ ਜਾ ਪੁਜੀਆਂ।

੭.

ਪਰਮਾ ਆਪਣੇ ਤੰਬੂ ਵਿਚ ਪਿਆ ਹੈ, ਨੌਕਰ ਚਾਕਰ ਕੰਮੀਂ ਲਗੇ ਹਨ ਤੇ ਇਹਨਾਂ ਦਾ ਮਨੋਰਾਜ ਆਪਣੇ ਆਪ ਨਾਲ ਟੁਰ ਰਿਹਾ ਹੈ। ਜਿਸ ਐਸ਼ਵਰਜ ਤੇ ਅੱਪੜਨ ਦੇ ਫਿਕਰ ਵਿਚ ਸਨ, ਉਹ ਨੇੜੇ ਨੇੜੇ ਹੈ ਤੇ ਇਹ ਖੁਸ਼ੀ ਨਾਲ ਆਪਣੇ ਆਪ ਨੂੰ ਕਹਿ ਰਹੇ ਹਨ:-

ਓਇ ਮਾਂ ਦਿਆ ਪਰਮਿਆਂ ਤੇ ਲੋਕਾਂ ਦਿਆ ਪਰਮਾ ਨੰਦਾ! ਹੁਣ ਤਾਂ ਸਿਖ਼ਰੇ ਆ ਗਿਆ। ਬਾਈਧਾਰ ਦੇ ਰਾਜੇ ਸਮਝਦੇ ਹਨ ਕਿ ਤੂੰ ਅਕਲ ਦਾ ਕੋਟ ਤੇ ਭਾਰੀ ਨੀਤਗਜ ਹੈਂ। ਸੁਲ੍ਹਾ ਕਰਾ ਦਿਤੀ, ਸ਼ਾਂਤੀ ਹੋ ਗਈ, ਫੇਰ ਕਿਸੇ ਰਾਜੇ ਨੂੰ ਟੁਰਕੇ ਅਨੰਦ ਪੁਰ ਨਹੀਂ ਜਾਣਾ ਪਿਆ। ਇਹ ਸਾਡੀਆਂ ਅਕਲਾਂ। ਗੁਰੂ ਘਰ ਵਿਚ ਓਹ ਕਮਾਲ ਹਾਸਲ ਹੈ ਕਿ ਜੋ ਚਾਹਾਂ ਸੋ ਹੋਵੇ। ਲੜਨ ਸਿਖ, ਮਰਨ ਸਿਖ, ਸੇਵਾ ਕਰਨ ਸਿਖ, ਖਜ਼ਾਨੇ ਭਰਨ ਸਿਖ ਤੇ ਤੋਰਾ ਤੁਰੇ ਸਾਡਾ, ਜੋ ਕਹੀਏ ਸੋ ਗੁਰੂ ਕਰੇ, ਜਿਸ ਰਾਹੇ ਟੋਰੀਏ ਟੁਰੇ ਉਸੇ ਰਾਹੇ ਗੁਰੂ। ਇਨ੍ਹਾਂ ਵਡਿਆਂ ਲੋਕਾਂ ਦਾ ਕੀ ਹੈ? ਰਤਾ ਮਹਿਮਾਂ ਕਰ ਛਡੀ, ਜਿਸ ਰੁਖ਼ ਦੇ ਹੋਏ ਉਸ ਰੁਖ਼ ਵਿਚ ਹਾਂ ਕਰ ਦਿਤੀ, ਜਿਸ ਗੱਲ ਦੇ ਸ਼ੌਕੀ ਹੋਏ ਉਸ ਵਿਚ ਕੋਈ ਮਦਦ ਕਰ ਛੱਡੀ, ਫੇਰ ਪਏ ਕੰਮ ਲਓ। ਸਿਖਾਂ ਵਿਚ ਸ਼ਰਧਾ ਸੇਵਾ ਤੇ ਪਿਆਰ, ਸਾਡੇ ਵਿਚ ਚਤੁਰਾਈ, ਸਭ ਤੋਂ ਅੱਗੇ ਮੋਹਰੀ, ਪਰ ਮਨਾਂ! ਹੋਸ਼ ਕਰ, ਖੁਸ਼ ਨਾ ਹੋ। ਅਕਲ ਦੇ ਸਾਜੇ ਕੋਟ ਸਦਾ ਅਕਲ ਤੇ ਨੀਤੀ ਦੀਆਂ ਨੀਹਾਂ ਤੇ ਟਿਕਦੇ ਹਨ। ਸਾਵਧਾਨਤਾ, ਚੌਕਸਤਾਈ। ਹਾਂ ਖ਼ਬਰਦਾਰ! ਗਾਫ਼ਲੀ ਨਹੀਂ। ਪਰਮਿਆਂ ਇਸ ਵੇਲੇ ਗੁਰੂ ਘਰ ਵਿਚ ਤੂੰ ਚੌਧਰੀ, ਰਾਜ ਘਰਾਂ ਵਿਚ ਤੂੰ ਚੌਧਰੀ, ਪਰ ਜੇ ਕਿਤੇ ਰਾਜਿਆਂ ਤੇ ਗੁਰੂ ਦੀ ਸੁਲ੍ਹਾ ਅੰਦਰਲੇ ਭਾਵ ਨਾਲ ਹੋ ਗਈ, ਫੇਰ ਤੈਨੂੰ ਕਿਨ੍ਹੇ ਪੁੱਛਣਾ ਨਹੀਂ। 'ਕੁੜਮ ਕੁੜਮ ਰਲੇ ਤੇ ਵਿਚੋਲੇ ਰਹੇ ਖਲੇ' ਵਾਲੀ ਗੱਲ ਹੋ ਜਾਏਗੀ। ਸੁਲ੍ਹਾ ਤਾਂ ਹੋ ਗਈ ਐਨੀ ਕਿ ਕਈ ਰਾਜੇ ਸ਼ਰਧਾਵਾਨ ਹੋ ਗਏ, ਕਈ ਰਾਣੀਆਂ ਸ਼ਰਧਾ ਭਰਪੂਰ ਹੋ ਗਈਆਂ। ਇਹ ਨਹੀਂ ਊ ਚੰਗਾ। ਹੁਣ ਸੰਭਾਲਾ ਕਰ ਲੈ। ਪਿੱਛੋਂ ਪੇਸ਼ ਨਹੀਂ ਜਾਣੀ।

ਪਰ ਹਾਂ, ਪਹਾੜੀਆਂ ਨੂੰ ਭੁਤਲਾਂਦਿਆਂ ਕਿਹੜਾ ਚਿਰ ਲਗਦਾ ਹੈ। ਇਨ੍ਹਾਂ ਨੂੰ ਅਜ ਚਾਹਾਂ ਤਾਂ ਅਜ ਇਥੇ ਹੀ ਲੜਾ ਦਿਆਂ, ਪਰ ਜੇ ਲੜਾ ਦਿਆਂ ਤਾਂ ਗੁਰੂ ਅਵਾਣਾ ਨਹੀਂ, ਆਇਆ ਮੇਲੇ ਤੇ ਹੈ ਤੇ ਨਾਲ ਸਾਰੇ ਜੋਧੇ ਆਏ ਹਨ। ਪਤਾ ਕਿਸੇ ਨੂੰ ਨਹੀਂ ਲਗਾ, ਪਰ ਗੋਲੀ ਬਰੂਦ ਬੀ ਨਾਲ ਚੋਖਾ ਆਇਆ ਹੈ। ਛਿੜ ਪਈ ਤਾਂ ਗੁਰੂ ਉਤੋਂ ਦੀ ਗੋਤ ਮਰੇਗਾ ਸੱਟ ਨਹੀਂ ਖਾਵੇਗਾ। ਵੇਲਾ ਤਾਂ ਚੰਗਾ ਸੀ, ਕਿ ਇਥੇ ਹੀ ਕੰਮ ਪਾਰ ਕਰਦੇ। ਪਰ ਹੈਂ! ਸੋਚ ਲੈ, ਇਕ ਤਾਂ ਗੁਰੂ ਤਿਆਰ ਬਰ ਤਿਆਰ ਹੈ, ਦੂਜੇ ਜੇ ਗੁਰੂ ਨਾ ਰਹੇ ਤਾਂ ਤੇਰੀ ਚੌਧਰ ਕਿਵੇਂ ਰਹੇ? ਗੁਰੂ ਰਹੇ ਤਾਂ ਰਾਜੇ ਤੈਨੂੰ ਵਿਚ ਪਾਉਂਦੇ ਰਹਿਣ, ਸੋ ਜੀਉਣ ਦੋਵੇਂ, ਪਰ ਰਹਿਣ ਵਿਥ ਤੇ, ਰਹਿਣ ਉਪਰੋਂ ਮਿਲੇ ਅੰਦਰੋਂ ਵੱਖ। ਬਸ ਹੁਣ ਇਹ ਗਲ ਖਿਆਲ ਕਰ ਕਿ ਜੋ ਸੁਲ੍ਹਾ ਦੀ ਗੰਢ ਤੂੰ ਪਾਈ ਹੈ, ਪੋਲੀ ਪੋਲੀ ਰਹੇ, ਪੀਡੀ ਨਾ ਹੋ ਜਾਏ, ਮਤਾਂ ਲੋੜ ਵੇਲੇ ਤੂਹੋਂ ਨਾ ਖੋਲ੍ਹ ਸਕੇਂ।

ਹਾਂ, ਪਰਮਾਨੰਦਾ! ਹਾਂ ਸਚੀਂ, ਐਸ਼ੂਰਜ ਸ਼ਿਖਰੇ ਹੈ, ਤੇਰਾ ਐਸ ਵੇਲੇ। ਬਿਰਥਾ ਸੁਪਨੇ। ਪਦਮਾ ਆਈ ਹੋਈ ਹੈ ਏਥੇ। ਪੰਡਿਤਾ ਹੈ.....ਖਟ ਖਟ ਖਟ ਖਟ। (ਕੰਨ ਲਾਕੇ, ਮਨ ਵਿਚ) ਇਹ ਕੀ ਹੈ? (ਉਚੀ) ਕੌਣ ਹੈ?

ਜੀਤੂ-ਹਉਂ ਹਾਂ ਜੀਤੂ, ਜੀ! ਘਰੇ ਤੇ ਆਇਆ ਹਾਂ।

ਪਦਮਾ-ਕਿਉਂ ਸੁਖ ਹੈ?

ਜੀਤੂ-ਪਤ੍ਰਿਕਾ ਲਿਆਯਾ ਹਾਂ, ਐਹ ਲਓ।

ਪਰਮੇ ਨੇ ਪਤਰ ਲਿਆ ਤੇ ਪੜ੍ਹਿਆ। ਇਕ ਰੰਗ ਸਾਵਾ ਤੇ ਇਕ ਪੀਲਾ, ਫਿਰ ਚਿੱਟਾ ਬਗਾ ਚਿਹਰੇ ਦਾ ਹੋ ਗਿਆ, ਕੀ ਹੋਇਆ ਹੈ? ਸ੍ਰੀ ਪਰਮਾਨੰਦ ਜੀ ਮਹਾਰਾਜ ਨੂੰ ਕੀ ਹੋਇਆ ਹੈ? ਅਖਾਂ ਭਰ ਆਈਆਂ, ਹੜਕੋਰੇ ਆਉਣ ਲਗ ਪਏ? ਓ ਜਗਤ ਦੇ ਜੁਗਤੀਆ ਤੇ ਜੋੜ ਤੋੜੀਆ! ਕੀ ਵਰਤ ਗਿਆ? ਆਹ! ਇਨਸਾਨ ਦਾ ਦਿਲ, ਜਿਥੇ ਅਕਲ ਦੇ ਚੂਹੇ ਦੀਆਂ ਖੁੱਡਾਂ ਵਰਗੇ ਵਲਦਾਰ ਪੋਲ ਭਰ ਦਿਤੇ ਹਨ ਉਥੇ ਬੀ ਸੱਟ ਵਜਦੀ ਹੈ। ਪਰਮੇ ਜੀ ਦਾ ਇਕੋ ਇਕ ਪੁਤ ਸਖਤ ਬੀਮਾਰ ਪਿਆ ਹੈ, ਬਿਲਾਸਪੁਰ ਵਿਚ ਦਾਰੂ ਹੋ ਰਿਹਾ ਹੈ, ਪਰ ਆਸ ਨਹੀਂ ਕਿ ਬਚੇ। ਹਾਇ! ਅਖਾਂ ਦਾ ਤਾਰਾ, ਸਿੱਕ ਦੀ ਉਲਾਦ, ਇਕੋ ਇਕਲੌਤਾ। ਪਰਮੇ ਲਈ ਜ਼ਿਮੀਂ ਅਸਮਾਨ ਕਾਲੇ ਹੋ ਗਏ, ਜਗਤ ਸ਼ੂਨ ਹੋ ਗਿਆ। ਚਕਰ ਤੇ ਚਕਰ ਆ ਰਹੇ ਹਨ, ਨਿਰਾਸਤਾ ਕਲੇਜਾ ਤੋੜ ਰਹੀ ਹੈ, ਸਰੀਰ ਵਿਚ ਬਲ ਨਹੀਂ ਰਿਹਾ, ਅਖਾਂ ਵਿਚ ਚਾਨਣ ਨਹੀਂ ਰਿਹਾ! ਕਿੰਨਾਂ ਚਿਰ ਇਸ ਤਰ੍ਹਾਂ ਰਹਿਕੇ ਫੇਰ ਪਰਮੇ ਹੁਰੀਂ ਹੋਸ਼ ਵਿਚ ਆਏ ਤੇ ਬੋਲੇ:-

ਪਰਮਾ-ਓਇ ਜੀਤੂ! ਕਾਕੇ ਦਾ ਕੀ ਹਾਲ ਹੈ?

ਜੀਤੂ-ਮਹਾਰਾਜ! ਕੇ ਗਲਾਨੇਓ ਗੁਜ਼ਰ ਗਿਆ ਹੋਗੁ। ਬੜਾ ਲਾਚਾਰ ਸੋ।

ਪਰਮਾ (ਤਕੜਾ ਹੋਕੇ)-ਦਾਰੂ?

ਜੀਤੂ-ਹੇ ਮਹਾਰਾਜ! ਦਾਰੂ ਦੀ ਕੇ ਰਹੀ ਪ੍ਰਵਾਹ ਤੇਰੇ ਘਰ? ਸੈ ਵੈਦ, ਹਜ਼ਾਰ ਹਕੀਮ।

ਪਰਮਾ-ਜਾਓ। (ਆਪਣੇ ਆਪ ਨਾਲ) ਹੇ ਮਨ ਹੁਣ ਕੀ ਆਸ ਹੈ? ਇਕ ਭਗਵੰਤ ਦੀ। ਭਗਵੰਤ ਨੇ ਬੀਮਾਰ ਕੀਤਾ ਉਸ ਵਲੋਂ ਆਸ ਤਾਂ ਦਿਸਦੀ ਪਈ ਹੈ। ਕੀ ਕੋਈ ਪੇਸ਼ ਭਗਵੰਤ ਨਾਲ? ਕੋਈ ਪੂਜਾ, ਜਪ, ਉਜਾਪਣ, ਹਵਨ, ਮਿੰਨਤ, ਤਰਲਾ? ਮੈਂ ਮਿੱਨਤ ਕਰਾਂ? ਹਾਇ, ਕਿਸ ਨੱਕ ਨਾਲ? ਸੁਣੇਂਗਾ? ਨਹੀਂ, ਭਗਵੰਤ ਕਹੇਗਾ ਹੁਣ ਆਪਣੀ ਲੋੜ ਨੂੰ ਆਇਆ ਹੈਂ, ਮਤਲਬੀ! ਪ੍ਰਾਰਥਨਾ ਕਰਾਂ? ਕਿੰਵ? ਕੀ ਮੂੰਹ ਲੈਕੇ? ਪਾਪ ਤੇ ਪਾਪਾਂ ਦੀ ਪਾਈ ਸੰਗ। ਆਪਣੇ ਪਾਪ ਸ਼ਰਮਿੰਦਿਆਂ ਕਰਦੇ ਹਨ।

ਲੋਕੀਂ ਆਖਦੇ ਹਨ ਗੁਰੂ ਕਰਾਮਾਤੀ ਹੈ। ਕਈ ਗਲਾਂ ਡਿੱਠੀਆਂ ਬੀ ਹਨ। ਚੱਲੋ ਗੁਰੂ ਨੂੰ ਕਹੀਏ, ਕੋਈ ਰੇਖ ਵਿਚ ਮੇਖ ਮਾਰੇਗਾ। ਪਰ ਗੁਰੂ ਆਦਮੀ ਹੈ, ਕਰਾਮਾਤ ਅਸੰਭਵ ਹੈ। ਮੂਰਖਾਂ ਦਾ ਪਰਚਾਵਾ ਹੈ। (ਸੋਚਕੇ) ਨਹੀਂ ਓਇ ਜੋਗ ਦਰਸ਼ਨ ਵਿਭੂਤੀ ਪਾਦ ਵਿਚ ਤਾਂ ਅਕਲ ਗੋਚਰਾ ਕਰ ਦੱਸਿਆ ਹੈ ਕਿ ਜਿਥੇ ਇਕਾਗਰ ਚਿਤ ਆਪਣਾ ਧਿਆਨ ਜੋੜੇ ਉਥੇ ਹੀ ਸਿਧੀ ਹੈ। ਗੁਰੂ ਯੋਗੀ ਤਾਂ ਹੈ ਤ੍ਰਿਪਹਿਰੇ ਉਠ ਕੇ ਬਹਿ ਜਾਂਦਾ ਹੈ, ਅਰ ਰਹਿੰਦਾ ਅਲੇਪ ਹੀ ਹੈ, ਯੋਗੀ ਹੈ?...ਹੈ ਤਾਂ ਯੋਗੀ। ਚੱਲੋ ਕਰੋ ਅਰਜ਼। ਤੇਰੇ ਨਾਲ ਪਿਆਰ ਬੀ ਹੈ। ਪਰ ਕੀ ਤੇਰੇ ਖੋਟਾਂ ਨੂੰ ਨਹੀਂ ਜਾਣਦਾ? ਨਹੀਂ, ਜਾਣਦਾ ਤਾਂ ਮਾਰ ਪਛਾੜਦਾ, ਨਹੀਂ ਜਾਣਦਾ ਹੋਊ। ਨੀਤੱਗਜ ਪੁਰਖ ਜਾਣਕੇ ਬੀ ਫੇਰ ਨਹੀਂ ਜਿਤਾਇਆ ਕਰਦੇ ਤੇ ਏਹ ਸਿਖ ਫਕੀਰ ਤਾਂ ਦੇਖਕੇ ਅਣਡਿਠ ਕਰਦੇ ਹਨ, ਠਗੀਂਦੇ ਹਨ, ਪਰ ਜਿਤਾਉਂਦੇ ਨਹੀਂ। ਓਹ ਹੋ! ਨਿਰਾਸ਼ਾ! ਕੋਈ ਹਾਲਤ ਹੋਵੇ, ਤੇਰੇ ਪਾਸ ਕੋਈ ਹੀਲਾ ਤੇ ਦਾਰੂ ਪੁਤ ਬਚਾਉਣ ਦਾ ਨਹੀਂ, ਡੁਬਦੇ ਨੂੰ ਤੀਲੇ ਦਾ ਸਹਾਰਾ! ਇਹੋ ਇਕੋ ਆਸ ਹੈ। ਸੋ ਚਲ ਦੇਖ, ਜੇ ਤੀਰ ਤੁਕਾ ਕੋਈ ਲਗ ਜਾਏ।

ਇਹੋ ਜਿਹੀਆਂ ਸੋਚਦਾ ਵਿੰਗੇ ਤੁਰਦੇ ਮਨ ਨੂੰ ਕੁਲ ਤੇ ਲਿਆਉਂਦਾ ਗੁਰੂ ਜੀ ਦੇ ਹਜ਼ੂਰ ਪ੍ਰਸ਼ਾਦ ਲੈਕੇ ਪਹੁੰਚਾ। ਅਗੇ ਰਾਗੀ ਸਿੰਘ ਇਹ ਸ਼ਬਦ ਗਾਉਂ ਰਹੇ ਸਨ:-

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥੧॥ ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੈ ਜੀਅ ਪਹਿ ਲੀਜੈ॥੧॥ਰਹਾਉ॥ ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥ ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥੨॥ ਕਹਤੁ ਕਬੀਰੁ ਕੋਈ ਨਹੀਂ ਤੇਰਾ॥ ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥੩॥੯॥ (ਸਲੋਕ ਕਬੀਰ)

ਭੋਗ ਪਏ ਤੇ ਸਤਿਗੁਰ ਨੇ ਆਦਰ ਨਾਲ ਕਿਹਾ ਆਓ ਪਰਮਾ ਨੰਦ ਜੀ! ਅਜ ਪੀਲੇ ਭੂਕ ਹੋ ਰਹੇ ਹੋ? ਜਗਤ ਸਥਿਰ ਜਾਣਕੇ ਜੋ ਕੋਟ ਉਸਾਰਦੇ ਸੀ ਕੋਈ ਇਟ ਖਿੜਕ ਗਈ?

ਪਰਮਾ-ਜੀ ਖਿਸਕਣ ਲਗੀ ਹੈ, ਕੋਈ ਮਿਹਰ ਕਰੋ, ਨਾ ਖਿਸਕੇ।

ਗੁਰੂ ਜੀ-ਕਰਮ ਗਤਿ ਟਾਰੀ ਕਿਉਂ ਟਰੇ? (ਮੁਸਕ੍ਰਾ ਪਏ)।

ਪਰਮਾ-ਆਪ ਹੀ ਕਰਮਗਤੀ ਦੇ ਫਲ ਪ੍ਰਦਾਤਾ ਅਸਮਾਨਾਂ ਤੇ ਹੋ; ਆਪ ਹੀ ਇੱਥੇ ਹੋ?

(ਸਤਿਗੁਰ ਨੈਣ ਮੀਟ ਗਏ)।

ਉਧਰ ਸੰਗਤ ਵਿਚ ਹੌਲੇ ਹੌਲੇ ਗੱਲਾਂ ਛਿੜ ਪਈਆਂ।

ਉਦੈ ਸਿੰਘ-ਅੱਜ ਇਹ ਬਿੱਲੀ ਬੜੀ ਛਹਿਕੇ ਨਿਮਾਜ਼ਾ ਪੜ੍ਹਦੀ ਆਈ ਹੈ!

ਧਿਆਨ ਸਿੰਘ-ਕੋਈ ਸੱਟ ਪਈ ਸੂ। ਪੁੜੀ ਸੂ ਕਲੇਜੇ। ਐਵੇਂ ਕਦੋਂ ਪਸੀਜਦੇ ਹਨ ਪੁਰਾਣੇ ਪਾਪੀ।

ਦਇਆ ਸਿੰਘ-ਲੱਗਾ ਸੂ ਕੋਈ ਬਾਣ, ਵੇਖੋ ਨਾ ਅੱਥਰੂ ਰੁਕਦੇ ਨਹੀਂ ਸੂ, ਬੁਲ੍ਹ ਖਿੜਕਦੇ ਸੂ।

ਦੌਲਤ ਸਿੰਘ-ਪੀਰਾਂ ਨਾਲ ਪੰਜ ਕਰਦਾ ਸੀ, ਅੰਤਰਯਾਮੀ ਨੂੰ ਟਪਲੇ ਲਾਉਂਦਾ ਸੀ; ਪੈ ਗਈ ਨਾ?

ਮਹਿਤਾਬ ਸਿੰਘ-**ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੈ ਜੀਅ ਪਹਿ ਲੀਜੈ॥**

ਸਤਿਗੁਰ ਜੀ (ਨੈਣ ਖੁਹਲ ਕੇ ਤੇ ਪੰਮੇ ਵੱਲ ਤੱਕ ਕੇ)-ਪਰਮਾ ਨੰਦਾ!

"ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥"

ਪਰਮਾ-ਸੱਚ ਹੈ, ਪਾਤਸ਼ਾਹ! ਪਰ ਕਰ ਨਾ ਪੁੱਠੀਆਂ ਸਿੱਧੀਆਂ, ਖੈਰ ਪਾ ਘਰ ਦੇ ਕੁੱਤੇ ਨੂੰ।

ਸਤਿਗੁਰ-ਪਰਮਿਆਂ, ਕੀ ਮੰਗਦਾ ਹੈਂ, ਨਾਸ਼ਵੰਤ ਚੀਜ਼ਾਂ? ਮੰਗ ਪਰਮੇਸ਼ੁਰ ਦਾ ਨਾਮ ਜੋ ਜੀਵੇਂ।

ਪਰਮਾ-ਪਾਤਸ਼ਾਹ! ਓਹ ਭੀ ਦੇਹ ਜੋ ਤੈਨੂੰ ਭਾਵੇ, ਤੇ ਉਹ ਭੀ ਦੇਹ ਜੋ ਮੈਂ ਮੂਰਖ ਮੰਗਾਂ! (ਸੰਗਤ ਵਿਚੋਂ ਕਿਸੇ ਨੇ ਹੌਲੇ ਜੇਹੇ ਕਿਹਾ) ਨਾਲੇ ਦੋ ਦੋ ਨਾਲੇ ਚੋਪੜੀਆਂ, ਕਪਟੀ!

ਗੁਰੂ ਜੀ-ਤੇਰੇ ਧਰਮ ਵਿਚ ਹਿਸਾਬ ਹੈ, ਸੋ ਜਿੰਦ ਦੇ ਬਦਲੇ ਜਿੰਦ!

ਪਰਮਾ-ਪਰ ਤੇਰੇ ਘਰ ਮਿਹਰ ਹੈ, ਬਖਸ਼ਿਸ਼ ਹੈ; ਕਰ ਛੋਟ, ਸਦਕੇ ਅਜੀਤ ਸਿੰਘ ਦੇ, ਖੈਰ ਪਾ ਮੰਗਤੇ ਨੂੰ ਸਿਰ ਸਦਕੇ ਜੁਝਾਰ ਸਿੰਘ ਦੇ।

ਇਕ ਸਿੱਖ (ਉੱਠਕੇ)-ਹੇ ਪਾਤਸ਼ਾਹ! ਜੇ ਗੁਰੂ ਕਿਆਂ ਨੂੰ ਕਿਸੇ ਸਿਰ ਦੀ ਲੋੜ ਹੈ ਤਾਂ ਦਾਸ ਹਾਜ਼ਰ ਹੈ।

ਗੁਰੂ ਜੀ (ਉੱਠਕੇ ਤੇ ਗਲ ਲਾ ਕੇ)-ਪਿਆਰਿਆ ਧੰਨ ਸਿੱਖੀ! ਨਿਹਾਲ! ਖਾਲਸਾ ਜੀ! ਪਰਮੇ ਦਾ ਪੁੱਤ ਘੜੀਆਂ ਸਾਸਾਂ ਤੇ ਹੈ; ਇਹ ਮੰਗਦਾ ਹੈ ਜਿੰਦ ਤੇ ਜਿੰਦ ਦੇ ਬਦਲੇ ਜਿੰਦ ਹੁੰਦੀ ਹੈ।

ਸਿੱਖ-ਫਿਰ ਜੇ ਆਪ ਦੀ ਖੁਸ਼ੀ ਹੈ ਤਾਂ ਜਿੰਦ ਹਾਜ਼ਰ ਹੈ, ਚਾਹੇ ਕਿਸੇ ਬਦਲੇ ਲਾ ਲਓ।

ਗੁਰੂ ਜੀ-ਤੁਹਾਨੂੰ ਪਰਮਾਨੰਦ ਦਾ ਪਤਾ ਹੈ?

ਸਿੱਖ-ਸਭ ਪਤਾ ਹੈ ਪਾਤਸ਼ਾਹ! ਪਰ ਅਸੀਂ ਤਾਂ ਤੇਰੇ ਹੁਕਮ ਦੇ ਸਦਕੇ ਹਾਂ। ਸਾਨੂੰ ਤੇਰੇ ਚੋਜਾਂ ਨਾਲ ਕੀਹ ਤੇ ਕਿਸੇ ਦੇ ਕਰਮਾਂ ਨਾਲ ਕੀਹ?

ਇਹ ਹਾਲ ਦੇਖ ਕੇ ਪਰਮੇ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ, ਕਿ ਹੈਂ! ਮੈਨੂੰ ਸਿਖ ਸਭ ਸਮਝਦੇ ਹਨ, ਫੇਰ ਮੇਰੇ ਲਈ ਜਾਨ ਦੇਣ ਲਈ ਤਿਆਰ ਹਨ, (ਹੁਣ ਸ਼ਰਮ ਨਾਲ ਮੁੜ੍ਹਕਾ ਆ ਗਿਆ) ਹਾਇ ਮੇਰੇ ਤੇ! (ਗੁਰੂ ਜੀ ਵਲ ਹੱਥ ਜੋੜਕੇ) ਪਾਤਸ਼ਾਹ! ਕਰ ਮਿਹਰ!

ਇਕ ਸਿੱਖ-ਅੰਦਰੋਂ ਕੱਢ ਪਾਪ ਪਰਮਿਆਂ! ਗੁਰੂ ਨਾਨਕ ਦਾ ਦਰ ਬਖਸ਼ਿਸ਼ ਦਾ ਦਰ ਹੈ, ਪਰ ਸਰਲਾਂ ਵਾਸਤੇ। ਸਰਲ ਹੋ ਜਾਹ, ਭੋਲਿਆ! ਖੁੱਡ ਵਿਚ ਤਾਂ ਸਿੱਧਾ ਹੋਏ ਬਿਨਾਂ ਸੱਪ ਵੀ ਨਹੀਂ ਵੜ ਸਕਦਾ, ਜੋ ਉਂਵ ਵਲ ਬਿਨਾਂ ਇਕ ਕਦਮ ਨਹੀਂ ਰਿੜ੍ਹ ਜਾਣਦਾ।

ਪਰਮਾ-(ਪਰਮੇ ਦੇ ਦਿਲ ਲੱਗੀ ਕਿ ਮੇਰੇ ਅੰਦਰ ਕਪਟ ਹਨ, ਮੈਂ ਕੀਤੇ ਹਨ, ਫੇਰ ਮਿਹਰ ਮੰਗਦਾ ਹਾਂ, ਮਿਹਰ ਤਾਂ ਸ਼ਰਨਾਗਤ ਮੰਗ ਸਕਦਾ ਹੈ। ਹਾਇ ਮਮਤਾ! ਜਿਸ ਨੇ ਮੈਂ ਸ਼ਤਰੰਜੀਏ ਦੇ ਵਲ ਭੰਨ ਦਿੱਤੇ, ਬਿਹਬਲ ਹੋਕੇ ਚਰਨ ਫੜ ਲਏ)-ਹੇ ਪਾਤਸ਼ਾਹ! ਸੱਚੇ ਪਾਤਸ਼ਾਹ! ਬੱਚੇ ਦੀ ਜਿੰਦ ਬਖਸ਼ ਦੇਹ!

ਸਤਿਗੁਰ-ਤੇਰੇ ਘਰ ਜੀਉ ਕੇ ਪੁੱਤ ਤੇਰੀ ਮੱਤ ਤੇ ਤੇਰੀ ਵਿਦਜਾ ਪਾਵੇਗਾ। ਜਾਣ ਦੇਹ ਸੂ ਬੇਦਾਗ਼।

ਪਰਮਾ-ਪਾਤਸ਼ਾਹ! ਮੈਂ ਛੱਡਿਆ ਤੇ ਸਭ ਕੁਛ ਛੱਡਿਆ। ਜੀਵਾਂਗਾ, ਮਾਲਾ ਫੇਰਾਂਗਾ, ਬੱਸ ਮਣਕੇ ਦੇ ਫੇਰ ਬਿਨਾਂ ਮੈਂ ਸਭ ਫੇਰ ਛੱਡੇ। ਮੇਰੇ ਕੀਤੇ ਬਖਸ਼ ਤੂੰ ਅੰਤਰਜਾਮੀ ਹੈਂ, ਤੂੰ ਪੁੱਤ ਦੀ ਜਾਨ ਬਖਸ਼।

ਸਤਿਗੁਰ-ਲੋੜ ਵੇਲੇ ਸੁਰਤਿ ਇੱਛਾ ਦੀ ਤੀਬਰਤਾ ਦੀ ਗਰਮੀ ਪਾ ਕੇ ਸਿੱਧੀ ਹੁੰਦੀ ਹੈ, ਸੱਚ ਨੂੰ ਵੇਖਦੀ ਹੈ, ਭਗਤੀ ਕਰਦੀ ਹੈ ਤਾਂ ਪੁੱਜ ਕੇ, ਮਗਰੋਂ ਫੇਰ ਵਿੰਗੀ ਤੇ ਕਰੜੀ ਹੋ ਜਾਂਦੀ ਹੈ।

ਪਰਮਾ-ਸੱਚ ਹੈ ਬਖਸ਼ਿੰਦ ਜੀ! ਪਰ ਕਰ ਬਾਹੁੜੀ, ਮੈਂ ਵਟੀਜ ਗਿਆ ਹਾਂ।

ਸਤਿਗੁਰ-ਜੀਵੇਗਾ, ਪਰ ਸਾਧ ਸੰਗਤ ਦੀ ਭਾਹੀਂ, ਜਦੋਂ ਸਾਧ ਸੰਗਤ ਦੀ ਸੇਵਾ ਤੋਂ ਬੇਮੁਖ ਹੋਵੇਗਾ, ਟੁਰ ਜਾਵੇਗਾ।

ਪਰਮਾ-ਸਤਿ ਬਚਨ, ਪਾਤਸ਼ਾਹ! ਤੇਰੇ ਘਰ ਦਾ ਗੋਲਾ ਹੋਵੇਗਾ।

ਸਤਿਗੁਰ-ਤੂੰ ਸਰਲ ਜੀਵਨ ਬਸਰ ਕਰੇਂਗਾ?

ਪਰਮਾ-ਪਾਤਸ਼ਾਹ! ਡਾਢਾ ਸੂਤ। ਅੱਜ ਮੇਰੀਆਂ ਅੱਖਾਂ ਤੋਂ ਜਗਤ ਪਿਆਰ ਦੇ ਛੌੜ ਢਹਿ ਪਏ ਹਨ। ਵੈਰਾਗ ਹੈ ਅਰ ਅਸਾਰਤਾ ਦਿੱਸ ਰਹੀ ਹੈ। ਹੁਣ ਜੀਵਾਂਗਾ ਤਾਂ ਆਪ ਨੂੰ ਅੰਦਰ ਵਸਾਵਾਂਗਾ ਤੇ ਸਿਮਰਨ ਕਰਾਂਗਾ, ਮੇਰੇ ਔਗੁਣ ਕੀਤੇ ਹੋਏ ਬਖਸ਼!

ਸਤਿਗੁਰ-ਜਾਹ ਪਰਮਿਆਂ, ਘਰ ਆਦਮੀ ਭੇਜ ਜੋ ਗੁਰ ਨਾਨਕ ਦੇ ਦਰ ਪ੍ਰਸ਼ਾਦਿ ਕਰਕੇ ਅਰਦਾਸਾ ਕਰਨ ਤੇ 'ਧੰਨ ਗੁਰ ਨਾਨਕ' ਦੀ ਧੁਨਿ ਬੱਚੇ ਦੀ ਕੰਨੀਂ ਪਾਉਣ, ਜਾਹੁ।

ਪਰਮਾ ਮੱਥਾ ਟੇਕ ਕੇ ਉਠ ਗਿਆ।

ਜਮਨਾ ਸਿੰਘ (ਸਤਿਗੁਰ ਜੀ ਵੱਲ)-ਪਾਤਸ਼ਾਹ! ਇਹ ਕਰੂੰਡੀਆ ਹੈ।

ਸਤਿਗੁਰ-ਨਾਰਾਇਣ ਦੰਤ ਭਾਨੇ ਡਾਇਣ।

ਜਮਨਾ ਸਿੰਘ-ਇਹ ਸਿੱਧਾ ਰਹੇਗਾ ਜੀਉ! ਗੁਰ ਘਰ ਨਾਲ ਬੜੇ ਦ੍ਰੋਹ ਕਰਦਾ ਹੈ?

ਸਤਿਗੁਰ-ਜੋ ਜਿਸ ਦਾ ਜੀ ਚਾਹੇ ਕਰੇ, ਗੁਰ ਨਾਨਕ ਦੇ ਦਰ ਬਖ਼ਸ਼ਿਸ਼ ਹੈ, ਜੋ ਕਰੇਗਾ ਸੋ ਭਰੇਗਾ; ਇਸ ਵੇਲੇ ਇਹ ਸਾਫ ਹੈ। ਸੰਸਾਰੀਆਂ ਨੂੰ ਭੈ ਸਿੱਧਾ ਕਰਦਾ ਹੈ, ਸੋ ਜੋ ਭੈ ਹੇਠਾਂ ਸਦਾ ਲਈ ਸਿੱਧਾ ਹੋ ਗਿਆ ਤਰ ਗਿਆ, ਨਹੀਂ ਤਾਂ ਵਿੰਗੇ ਨੇ ਭਾਰ ਪਏ ਤੇ ਟੁੱਟਣਾ ਹੀ ਟੁੱਟਣਾ ਹੈ ਨਾ।

ਇਸ ਵੇਲੇ ਸੰਗਤ ਨੇ ਬੜੇ ਪ੍ਰੇਮ ਨਾਲ ਗਾਂਵਿਆਂ:

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ (ਬਿਹਾ: ਮ: ੫)

੮.

ਅੱਜ ਪਦਮਾ ਨੂੰ ਮਾਲਵੀਹ ਪਰਬਤ ਪੁਰ ਦਰਸ਼ਨ ਕਰ ਆਈ ਨੂੰ ਦੂਸਰੀ ਰਾਤ ਹੈ। ਉਹ ਜੋ ਕੁਛ ਦੇਖ ਤੇ ਸੁਣ ਆਈ ਸੀ, ਅੰਦਰ ਰਚ ਗਿਆ ਹੈ। ਨਿਰੀ ਅਕਲ ਦੇ ਗੋਰਖਧੰਦੇ ਤੇ ਵਲ ਇਕ ਇਕ ਕਰਕੇ ਖੁੱਲ੍ਹਦੇ ਤੇ ਢਿੱਲੇ ਹੁੰਦੇ ਗਏ ਹਨ, ਸਰਲਤਾ ਤੇ ਸੱਚ ਸਮਾਉਂਦੇ ਗਏ ਹਨ। ਇਕ ਸਮਝੋਂ ਵੱਖਰੀ ਗੱਲ ਧਾਉਂਦੀ ਗਈ ਹੈ। ਕੋਈ ਬੇਚੈਨੀ ਤੇ ਧੂਹ ਜਿਹੀ ਵੱਜਦੀ ਹੈ ਜੋ ਕਮਲਿਆਂ ਕਰ ਕਰ ਸੱਟ੍ਹਦੀ ਹੈ। ਪੜ੍ਹੇ ਸ਼ਾਸਤ੍ਰ ਤੇ ਫਿਲਸਫੇ, ਜੋ ਧੁੰਧ ਮਚਾਈ ਬੈਠੇ ਸਨ, ਹੁਣ ਨੀਵੇਂ ਹੋ ਰਹੇ ਹਨ। ਸੋਚਾਂ ਉੱਠਦੀਆਂ ਹਨ, ਪਰ ਕੋਈ ਐਸਾ ਤਣੁੱਕਾ ਵੱਜਦਾ ਹੈ ਕਿ ਸਭ ਸੋਚਾਂ ਰੁੜ੍ਹ ਜਾਂਦੀਆਂ ਹਨ। ਪਹਿਲੀ ਰਾਤ ਤਾਂ ਕੁਛ ਸੋਚਾਂ ਵਿਚ, ਕੁਛ ਤਣੁੱਕਿਆਂ ਵਿਚ, ਕੁਛ ਨੀਂਦਰ ਵਿਚ ਲੰਘ ਗਈ ਸੀ, ਪਰ ਕੁਛ ਅਕਹਿ ਗੱਲ ਅੰਦਰ ਰਚਦੀ ਰਚਦੀ ਡੂੰਘੀ ਲਹਿੰਦੀ ਗਈ, ਅੱਜ ਸੌਣ ਹੀ ਨਹੀਂ ਦਿੰਦੀ ਤੇ ਮਨ ਨਾਲ ਮਨ ਗੱਲਾਂ ਕਰ ਰਿਹਾ ਹੈ।

ਪਦਮਾ (ਅਪਣੇ ਆਪ ਨਾਲ)-ਪਿਆਰੀ! ਤੇਰੇ ਨਾਲ ਕੀ ਵਰਤੀ? ਸਉਂ, ਹੁਣ ਤਾਂ ਰਾਤ ਲੰਘ ਗਈ। ਤੇਰੇ ਭਾਣੇ ਸਭ 'ਵਾਕ-ਰਚਨਾ' ਸੀ; ਧਰਮ, ਫਿਲਸਫਾ, ਕਾਵਜ, ਵਿਦਜਾ, ਵਿਗ਼ਜਾਨ, ਨੀਤੀ, ਸਾਕ, ਮੁਹੱਬਤ ਸਭ ਕੇਵਲ 'ਵਾਕ-ਰਚਨਾ' ਸੀ। ਛਿੱਲੜ ਹੀ ਛਿੱਲੜ। ਪਿਆਜ਼ ਹੀ ਪਿਆਜ਼। ਤੈਨੂੰ ਕੀਹ ਵਗ ਗਈਆਂ? ਹਾਇ ਮਨਾਂ! ਪ੍ਰੇਮ ਦਾ ਚੀਚਗ਼ਲੋਲਾ ਕੋਈ ਸ਼ੈ ਜ਼ਰੂਰ ਹੈ। ਇਹ ਜ਼ਰੂਰ 'ਵਾਕ-ਰਚਨਾਂ' ਨਹੀਂ, ਨਾ ਹੀ ਨਿਰਾ ਇਹ ਸ਼ਰੀਰ ਮਾਤ੍ਰ ਹੈ। ਇਹ ਸ਼ਰੀਰ ਵਾਲੇ ਪਦਾਰਥਾਂ ਦੀ ਸ਼ੈ ਨਹੀਂ, ਇਹ ਕੋਈ ਅਰੀਮੀ ਖੇਡ ਹੈ। ਇਹ ਅੰਦਰ ਨਹੀਂ ਸੀ ਤਾਂ 'ਵਾਕ-ਰਚਨਾ' ਹੀ 'ਵਾਕ-ਰਚਨਾ' ਸੀ, ਪਰ ਹੈਂ! ਕੀ ਇਹ ਉਹੋ ਕੇਂਦ੍ਰ ਹੈ, ਇਹੋ 'ਹੈ' ਹੈ, ਜੋ ਚੰਬੇ ਉਸ ਖਿੜੇ ਚਮਨਾਂ ਦੇ ਦਾਤਾ ਲੋਕ ਨੇ ਕਹੀ ਸੀ! ਇਹੋ 'ਹੈ' ਕੇਂਦਰ ਉਦਾਲੇ ਭੌਣ ਦਾ ਗ੍ਰੈਹਪਥ* ਜੋ ਮੈਥੋਂ ਘੁੱਸ ਗਿਆ ਸੀ। ਪਰ ਹਾਇ! ਇਹ ਡੋਬ ਕੇਹਾ ਪੈਂਦਾ ਹੈ? ਸਿਰ ਨੂੰ ਕੁਛ ਹੁੰਦਾ ਹੈ। ਮੈਂ ਗਈ ਵੇ ਸਾਈਂਆਂ! (ਫੇਰ ਬੇਸੁਧੀ ਜੇਹੀ ਤੋਂ ਉੱਠ ਕੇ) ਵਾਹ ਵਾਹ! ਇਹ ਤਾਂ ਕੋਈ ਪੀੜ ਹੈ। ਕਲੇਜੇ ਵਿਚ ਕੋਈ ਨਸ਼ਤਰ-ਖੋਭ ਹੈ, ਚੀਸ ਪੈਂਦੀ, ਕਸਕ ਵੱਜਦੀ ਹੈ, ਪਰ ਹੈ ਮਿੱਠੀ ਪੀੜ ਤੇ ਢੇਰ ਮਿੱਠੀ; ਹਾਇ! ਮੈਨੂੰ ਸਮਝ ਨਹੀਂ ਪੈਂਦੀ ਕਿ ਕੀ ਹੈ? ਮੈਂ ਸਾਵਧਾਨ ਰਹਿਕੇ ਦਰਸ਼ਨ ਕੀਤੇ, ਸਾਵਧਾਨ ਰਹਿਕੇ ਵਾਕ ਸੁਣੇ, ਪਰ ਰੇਵਾਲ ਜੀ ਦਾ ਸੁਧਾਰ ਕਿਹਾ ਕੁ ਨਜ਼ਾਰਾ ਸੀ, ਕਿਹਾ ਕੁ ਅਚਰਜ ਕੌਤਕ ਸੀ! ਹੈਂ! ਮੇਰੀ ਕੰਨੀਂ ਸ਼ਬਦ ਹੋ ਰਿਹਾ ਹੈ 'ਛੋਡਿ ਬਹੈ ਤਉ ਛੂਟੇ ਨਾਹੀਂ' ਕਿਕੂੰ ਦੀ ਗੂੰਜ ਹੈ! ਵਾਹਵਾ! ਸਵਾਦ ਆ ਗਿਆ, ਰਾਣੀਆਂ ਦੇ ਦਰਸ਼ਨਾਂ ਦਾ ਤਜਰਬਾ ਮੈਂ ਸਾਵਧਾਨ ਹੋ ਕੇ ਸੁਣਿਆਂ, ਸਮਝਿਆ ਤੇ ਸਮਝ ਕੇ ਸੁਣਿਆਂ। ਗੁਸਤਾਖ਼ ਤੇ ਸ਼ੋਖ਼, ਪਰ ਖਰੀਆਂ ਖਰੀਆਂ ਆਖਣ ਵਾਲੀ ਡਢਵਾਲਨ ਦੀ ਚੰਚਲ ਪਰ ਸਿਦਕ ਭਰੀ ਗਲ ਬਾਤ ਜੋਖ ਜੋਖ ਕੇ ਸੁਣੀ, ਗੁਲੇਰਨ ਦੇ ਵਾਕ ਤੋਲੇ, ਪਰ ਫੇਰ ਮੈਨੂੰ ਕੀ ਹੋ ਗਿਆ! ਮੈਂ ਪਰਤਾਵੇ ਕਰਨੇ ਸਨ, ਹੁਣ ਕੌਣ ਕੁਛ ਕਰੇਗਾ! ਮੈਂ ਸਮਝਦੀ ਸਾਂ ਕਿ ਚਤੁਰ ਪੁਰਖ ਕਾਮਯਾਬ ਹਨ ਕਿ ਉਹ ਸੁੰਦਰ 'ਵਾਕ-ਰਚਨਾਂ' ਕਰ ਸਕਦੇ ਹਨ। ਕਵੀ ਕਾਮਯਾਬ

*ਉਹ ਅਕਾਸ਼ੀ ਰਸਤਾ ਜਿਸ ਉੱਤੇ ਗ੍ਰੈਹ ਆਪਣੇ ਕੇਂਦਰਾਂ ਦੇ ਉਦਾਲੇ ਘੁੰਮਦੇ ਹਨ; ਭਾਵ- ਆਪਣੇ ਨੁਕਤੇ ਦੀ ਖਿੱਚ ਦੇ ਮੰਡਲ ਤੋਂ ਹੈ।

ਹਨ ਕਿ ਓਹ ਸੁੰਦਰ 'ਵਾਕ-ਰਚਨਾਂ' ਗੁੰਦ ਸਕਦੇ ਹਨ। ਸੰਗੀਤਕ ਕਾਮਯਾਬ ਹਨ ਕਿ ਓਹ 'ਵਾਕ-ਰਚਨਾਂ' ਸੁੰਦਰਤਾ ਨਾਲ ਗਾਉਂ ਸਕਦੇ ਹਨ। ਚਿਤ੍ਰਕਾਰ ਕਾਮਯਾਬ ਹਨ ਕਿ 'ਵਾਕ-ਰਚਨਾਂ' ਦੀ ਖ਼ਤ ਖ਼ਾਲ ਨਕਸ਼ ਵਿਚ ਰੰਗਾਂ ਤੇ ਸ਼ਾਹੀ ਨਾਲ ਕਿ ਨਿਰੇ ਉਭਾਰ ਸਭਾਰ ਦੇਕੇ-ਟੀਕਾ ਕਰ ਸਕਦੇ ਹਨ। ਸੰਗ-ਤਰਾਸ਼ (ਬੁੱਤ ਸਾਜ਼) ਕਾਮਯਾਬ ਹੈ ਕਿ ਓਹ ਸੱਥਰੀ ਹਥੌੜੀ ਨਾਲ 'ਵਾਕ-ਰਚਨਾ' ਦੀ ਸ਼ਰਾ ਪੱਥਰ ਪਰ ਖੋਲ੍ਹ ਸਕਦਾ ਹੈ; ਪਰ ਮੈਨੂੰ ਪਤਾ ਨਹੀਂ ਸੀ ਕਿ ਸਰੀਰ ਦੇ ਅੰਦਰ ਮੇਰੇ ਅੰਦਰਲੇ ਵਿਚ ਇਸ ਤੋਂ ਵੱਖਰਾ ਕੋਈ ਨੁਕਤਾ ਹੈ ਜੋ ਅਸਲ ਹੈ, ਵਾਕ ਰਚਨਾਂ ਤੋਂ ਉੱਚਾ ਹੈ। ਹਾਂ, ਕੋਈ ਟਿਕਣਾ ਹੈ ਜੋ ਅਜੇ ਕਿਸੇ ਦੀ ਨਜ਼ਰ ਨਹੀਂ ਸੀ ਚੜ੍ਹਿਆ, ਤੇ ਜੋ ਮੈਨੂੰ ਵੀ ਪਕੜਾਈ ਨਹੀਂ ਸੀ ਦੇਂਦਾ, ਉਹਲੇ ਉਹਲੇ ਅਛੇੜ ਪਿਆ ਸੀ। ਹਾਇ! ਇਹ ਕੋਈ ਉੱਚੀ ਗੱਲ ਹੈ, ਇਹ ਕੋਈ ਅਸੂਲ ਦਾ ਨੁਕਤਾ ਹੈ, ਇਹ ਸਰੀਰ ਵਰਗੇ ਪਦਾਰਥ ਤੋਂ ਨਹੀਂ ਬਣਿਆਂ, ਇਹ ਉਸ ਮਾਦੇ ਤੋਂ ਬੀ ਬਣਿਆਂ ਨਹੀਂ ਜਾਪਦਾ ਜਿਸ ਤੋਂ ਸਾਡੇ ਖਿਆਲ ਤੇ ਸ੍ਵਪਨ-ਦਰਸ਼ਨ ਬਣਦੇ ਹਨ, ਇਹ ਕੋਈ ਹੋਰ ਚਾਨਣ ਦੀ ਰੇਖਾ ਹੈ ਜੋ ਸਰੀਰ ਦੀ ਹਮ-ਵਤਨੀ ਨਹੀਂ, ਇਹ ਕੋਈ ਉਡਣ-ਪੰਖੇਰੂ, ਕੋਈ ਪ੍ਰਦੇਸੀ ਢੋਲਾ ਹੈ, ਜੋ ਇਥੇ ਰੈਣ ਬਸੇਰਾ ਕਰਦਾ ਹੈ। ਹਾਏ! ਇਹ ਕੀ ਹੈ? ਊਈ! ਕਸਕ ਪਈ, ਮੈਂ ਗਈ ਵੇ ਲੋਕੋ! (ਬੇਸੁਧ ਜੇਹੀ ਹੋ ਗਈ)। (ਫਿਰ ਹੋਸ਼ ਕਰਕੇ) ਠੰਢ ਪੈ ਗਈ, ਪਰ ਬਲ ਕਿਧਰ ਗਿਆ? ਕੇਹੀ ਮਿੱਠੀ ਕਮਜ਼ੋਰੀ ਹੈ, ਸੜ ਜਾਏ ਬਲ ਜੋ ਇਸ ਪੀੜ ਦਾ ਪਰਦਾ ਹੈ, ਸੜ ਜਾਏ ਅਕਲ ਜੋ ਇਸ ਮਰਮੀ ਦਾ ਚੁੰਧਜਾਊ-ਚਾਨਣਾ ਹੈ।...ਆਹਾ! ਵਾਹਵਾ! ਰੱਬਾ ਹੇ ਰੱਬਾ!! ਅਜ 'ਰੱਬਾ' ਕੇਹੀ 'ਵਾਕ-ਰਚਨਾਂ' ਦੀ ਕੁੱਠੀਏ! ਹੁਣ ਬਿਨਾਂ ਤੇਰੇ ਆਪਣੇ ਖਿਆਲਾਂ ਦੀਆਂ ਜੋੜਾਂ ਤੋੜਾਂ ਦੇ ਆਪੇ ਚਸ਼ਮੇ ਵਾਂਙੂ ਅਰੀਮੀਂ ਵਾਕ ਪਏ ਅੰਦਰੋਂ ਫੁੱਟਦੇ ਹਨ। ਹੈਂ! ਊਈ ਰੱਬਾ! ਦੱਸ ਮੈਨੂੰ ਤੇ ਰੱਖ ਮੈਨੂੰ। (ਉਠ ਕੇ ਟੁਰ ਪਈ, ਤੇ ਫੇਰ ਹਨੇਰੇ ਵਿਚ ਘੁੰਮ ਕੇ ਆ ਗਈ) ਭੱਠ ਰਾਜ ਤੇ ਅਮੀਰੀਆਂ! ਪੈਰ ਟੁਰਨਾਂ ਨਹੀਂ ਜਾਣਦੇ, ਦਿਲ ਹੀਆ ਨਹੀਂ ਜਾਣਦਾ, ਨੈਣ ਰਾਹਾਂ ਦੇ ਜਾਣੂੰ ਨਹੀਂ ਰਹੇ। ਚੰਗਾ (ਮੁੱਠ ਕਾਲਜੇ ਦੀ ਭਰਕੇ) ਇਹ ਕੀ ਹੁੰਦਾ ਹੈ! ਕੌਣ ਸਿਰ ਹਿਲਾਉਂਦਾ ਹੈ। ਆਹ! ਠੰਢ ਪੈ ਗਈ, ਸੁਆਦ ਆ ਗਿਆ! (ਸਿਥਲ ਹੋ ਕੇ ਲੇਟ ਗਈ) ਵਾਹ ਵਾਹ ਜੀਉ! (ਸਿਰ ਫੇਰਕੇ) ਹਾਇ!

(ਇੰਨੇ ਨੂੰ ਮਾਨ ਕੌਰ ਆ ਗਈ)

ਮਾਨ (ਪੜ੍ਹਦੀ ਆਉਂਦੀ ਹੈ)-'ਪ੍ਰਭਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ (ਅਖੂ ਹੂੰ) ਕੈ ਸਿਮਰਨਿ ਦੂਖੁ ਜਮੁ ਨਸੈ॥' ਰਾਜ ਦੁਲਾਰੀ ਜੀ! ਜਾਗਦੇ ਹੋ!

ਪਦਮਾ-ਮਾਨ ਜੀ! ਜਾਗਦੀ ਹਾਂ।

ਮਾਨ-ਮੈਂ ਲੰਘ ਆਵਾਂ?

ਪਦਮਾ-ਬਿਨਾਂ ਪੁੱਛੇ।

ਮਾਨ (ਅੰਦਰ ਆਕੇ)-ਅਜੇ ਚਾਰ ਵਜੇ ਹਨ, ਤੁਸੀਂ ਜਾਗਾ ਪਏ ਹੋ!

ਪਦਮਾ-ਤੇ ਸੁੱਤਾ ਕੌਣ ਹੈ?

ਮਾਨ-ਸਾਰੀ ਰਾਤ?

ਪਦਮਾ-ਇਕ ਪਲ ਨਾ!

ਮਾਨ-ਸੁੱਖ ਹੈ (ਪਿੰਡਾ ਵੇਖਕੇ) ਪਿੰਡਾ ਤਾਂ ਚੰਗਾ ਹੈ!

ਪਦਮਾ-ਜ਼ਰਾ ਚਮੜੀ ਦੇ ਅੰਦਰ ਹੱਥ ਪਾਕੇ ਵੇਖ ਨਾ!

ਮਾਨ (ਹੱਸ ਕੇ)-ਹੱਛਾ! ਉੱਥੇ ਤਾਂ ਬਾਬਾ ਤੂੰ ਪਹੁੰਚੇਂ ਜਾਂ ਤੇਰਾ ਨੱਕਾਸ਼।

ਪਦਮਾ-ਮੈਨੂੰ ਸ਼ਰਮ ਆਉਂਦੀ ਹੈ ਕਿ ਆਪਣੇ ਨਿਤਾਣਪੁਣੇ ਦਾ ਇਕਰਾਰ ਕਰਾਂ, ਪਰ ਤੂੰ ਦੱਸ ਮੈਨੂੰ ਕੀਹ ਹੋ ਗਿਆ ਹੈ?

ਮਾਨ-ਤੇਰੀ ਮੂਰਛਾ ਖੁੱਲ੍ਹੀ ਹੈ, ਜਾਗ ਆਈ ਹੈ, ਆਪਾ ਮਹਿਕਦਾ ਹੈ।

ਪਦਮਾ-ਦਰਦ ਹੁੰਦੀ ਹੈ।

ਮਾਨ-ਟੁਟੀ ਹੱਡੀ ਜੁੜਨ ਵੇਲੇ ਦਰਦ ਕਰਦੀ ਹੈ। ਕਲੀ ਖੁੱਲ੍ਹਣ ਵੇਲੇ ਚਟਕ ਕਰਦੀ ਹੈ। ਚੇਤਨ ਜੜ੍ਹ ਤੋਂ ਦਰਦ ਨਾਲ ਹੀ ਨਿੰਵਰਦਾ ਹੈ।

ਪਦਮਾ-ਹਾਇ ਮੈਂ ਕੀ ਕਰਾਂ?

ਮਾਨ-ਉੱਠ ਨਾ, ਮੇਰੇ ਨਾਲ ਚੱਲ, ਦੀਵਾਨ ਦੇ ਦਰਸ਼ਨ ਕਰ।

ਪਦਮਾ-ਡਰ ਲਗਦਾ ਹੈ।

ਮਾਨ-ਫੇਰ ਨਾ ਚੱਲ, ਸਵੇਰੇ ਚੱਲ ਘਰਾਂ ਨੂੰ ਚਲੀਏ।

ਪਦਮਾ-ਮੈਂ ਕਿਹਾ, ਮਾਲਵੀਹ ਪਰਬਤ ਤੇ ਲੈ ਚਲਦੀ ਏਂ?

ਮਾਨ-ਪਰਬਤਾਂ ਵਾਲਾ ਦਸਾਂ ਕਦਮਾਂ ਤੇ ਹੈ, ਹੁਣ ਚੜ੍ਹਾਈ ਉਤਰਾਈ ਦੀ ਕੀ ਲੋੜ ਹੈ।

ਪਦਮਾ-ਭੈ ਲੱਗਦਾ ਹੈ।

ਮਾਨ-ਫੇਰ ਛੱਡ ਖਹਿੜਾ।

ਪਦਮਾ-ਛਡਣ ਲਈ ਰਾਤ ਬੀਤੀ, ਛੁੱਟਦਾ ਨਹੀਂ, ਜਿਉਂ ਜਿਉਂ ਛਡੋ ਫੜੀਂਦਾ ਹੈ। ਨਾ ਛੱਡ ਹੁੰਦਾ ਹੈ ਨਾ ਰੱਖ ਹੁੰਦਾ ਹੈ। ਦਰਦ ਹੈ।

ਮਾਨ-ਫੇਰ ਚੱਲੋ ਵੈਦ ਦੇ, ਦਰਦ ਦੀ ਦਵਾ ਲਈਏ।

ਪਦਮਾ-ਇਸ ਘੜੀ ਜਾਣਾ ਪਿਤਾ ਜੀ ਪਤਾ ਨਹੀਂ ਕੀ ਸਮਝਣਗੇ।

ਮਾਨ-ਉਹ ਆਪ ਇਸ਼ਨਾਨ ਕਰ ਚੁੱਕੇ ਹਨ ਤੇ ਚੱਲੇ ਹਨ।

ਪਦਮਾ-ਮਾਤਾ ਜੀ ਬੀ?

ਮਾਨ-ਨਹੀਂ, ਉਹ ਸਿਰ ਪੀੜ ਨਾਲ ਪਏ ਹਨ। ਡਢਵਾਲਨ ਦੀਆਂ ਬਿਅਦਬੀਆਂ ਸੁਣ ਸੁਣ ਕੇ ਉਹ ਪਰਸੋਂ ਦੇ ਹੀ ਸਿਰ ਪੀੜ ਲੈ ਬੈਠੇ ਹਨ, ਪਰ ਰਾਤ ਬਹੁਤ ਤੰਗ ਰਹੇ ਹਨ।

ਪਦਮਾ-ਫੇਰ ਆਗਜਾ ਲੈ ਆਓ?

ਮਾਨ-ਆਗਜਾ ਤਾਂ ਮਿਲ ਮਿਲ ਚੁੱਕੀ ਹੈ, ਪਰ ਫੇਰ ਭੀ ਡਰ ਹੈ?

ਇਹ ਕਹਿਕੇ ਮਾਨ ਜੀ 'ਪ੍ਰਭ ਕੈ ਸਿਮਰਨਿ ਕਾਲੁ ਪਰਹਰੈ' ਪੜ੍ਹਦੀ ਚਲੀ ਗਈ ਤੇ ਰਾਜਾ ਜੀ ਤੋਂ ਆਗਜਾ ਮੰਗੀ! ਆਪ ਅੱਗੇ ਦੀਵਾਨ ਨੂੰ ਜਾ ਰਹੇ ਸਨ, ਬੋਲੇ:-

ਮਾਨ ਜੀ! ਕਾਕੀ ਜਾਵੇ ਸਤਿਸੰਗ ਵਿਚ ਖੁੱਲ੍ਹੇ ਦਰਵਾਜ਼ੀਂ: ਪਰ ਬੱਚੀ! ਤੂੰ ਨਾਲ ਜਾਵੀਂ, ਉਹ ਅਨਜਾਣੂ ਹੈ। ਦੋ ਗੋਲੀਆਂ ਨਾਲ ਲੈ ਜਾਵੀਂ। ਪਿਆਦੇ ਬੀ ਸ਼ਾਮਿਆਨੇ ਤੱਕ ਨਾਲ ਜਾਣ, ਜੋ ਬਾਹਰ ਠਹਿਰਨ, ਜਦੋਂ ਮੁੜੋ ਨਾਲ ਆਉਣ, ਮੇਲੇ ਦਾ ਕੰਮ ਹੈ ਤੇ ਭੀੜ ਹੈ।

ਮਾਨ ਕੌਰ-ਸਤਿ ਬਚਨ ਜੀਉ ਜੀ!

੯.

ਇਕ ਭਾਰੀ ਸ਼ਾਮਿਆਨਾ ਹੈ, ਜਿਸ ਦੇ ਹੇਠ ਇਕ ਸਿੰਘਾਸਨ ਵਿਛਿਆ ਹੈ, ਇਸ ਪਰ ਸ੍ਰੀ ਕਲਗੀਧਰ ਜੀ ਬਿਰਾਜਮਾਨ ਹਨ। ਸੱਜੇ ਪਾਸੇ ਇਕ ਹੋਰ ਤਖਤਪੋਸ਼ ਹੈ, ਜਿਸ ਪਰ ਰਾਗੀ ਸਿੰਘ ਕੀਰਤਨ ਕਰ ਰਹੇ ਹਨ। ਗਿਰਦ ਚਬੂਤਰਾ ਹੈ, ਜਿਸ ਪਰ ਸੰਗਤ ਜੁੜ ਰਹੀ ਹੈ, ਰਾਗੀਆਂ ਦੇ ਸਾਹਮਣੇ ਪਾਸੇ ਬਾਈ ਧਾਰਾਂ ਦੇ ਰਾਜੇ ਬੈਠੇ ਹਨ। ਕਲਗੀਧਰ ਜੀ ਦੇ ਪਿਛਵਾੜੇ ਜਾਨ ਨੁਛਾਵਰੇ ਬਹਾਦੁਰ ਸਜ ਰਹੇ ਹਨ। ਇਨ੍ਹਾਂ ਤੇ ਰਾਗੀਆਂ ਦੇ ਵਿਚਕਾਰ ਮਾਈਆਂ ਸਜ ਰਹੀਆਂ ਹਨ। ਹਾਂ, ਸਦੀਆਂ ਦੀਆਂ ਦਾਸੀਆਂ ਸਤਿਗੁਰ ਦੇ ਦਰਬਾਰ ਇਲਾਹੀ ਮਿਹਰ ਦੀਆਂ ਹਿੱਸੇਦਾਰ ਹੋ ਰਹੀਆਂ ਹਨ। ਕੀਰਤਨ ਦਾ ਰੰਗ ਐਸਾ ਹੈ ਕਿ ਸਭ ਮਾਨੋਂ ਬੁੱਤ ਹੋ ਕੇ ਸੁਣ ਰਹੇ ਹਨ। ਕੋਈ ਸ਼ੋਰ ਨਹੀਂ, ਆਵਾਜ਼ ਨਹੀਂ, ਰਾਗ ਦੀ ਰੱਬੀ ਸੱਦ ਸਮੇਂ ਨੂੰ ਸ਼ਾਂਤ ਕਰ ਰਹੀ ਹੈ। ਇਸ ਰੰਗ ਵਿਚ ਦਿਨ ਹੋ ਆਇਆ, ਸੂਰਜ ਨੇ ਲਾਸ ਛੱਡੀ, ਆਸਾ ਦੀ ਵਾਰ ਦਾ ਰਾਗੀਆਂ ਭੋਗ ਪਾਇਆ, ਕੜਾਹ ਪ੍ਰਸ਼ਾਦ ਵਰਤਿਆ। ਇਕ ਸਿੰਘ-ਦੂਲਾ ਸਿੰਘ ਫਰੁਖਾਬਾਦ ਦਾ ਲੁਹਾਰ ਆਇਆ, ਤਿੰਨ ਸੌ ਕਾਨੀ ਤੀਰ, ਦੋ ਕਮਾਨ, ਦੋ ਬਾਘ ਬਚੇ, ਦੋ ਤਮੰਚੇ ਤੇ ਦੋ ਦੁਨਾਲੀ ਬੰਦੂਕਾਂ ਪੇਸ਼ ਕੀਤੀਆਂ, ਜੋ ਉਸਨੇ ਆਪ ਬਣਾਈਆਂ ਸਨ। ਸਤਿਗੁਰ ਵੇਖਕੇ ਖੁਸ਼ ਹੋਏ, ਆਪ ਨੇ ਇਕ ਬੰਦੂਕ ਚਾਈ ਤੇ ਉੱਥੇ ਹੀ ਭਰੀ, ਰਾਜੇ ਅਚਰਜ ਹੋ ਰਹੇ ਸਨ ਕਿ ਇਥੇ ਬੰਦੂਕ ਕਿਉਂ ਭਰੀ ਹੈ, ਕਿ ਆਪ ਬੋਲੇ:-

"ਨਿਸ਼ਾਨਾ ਫੁੰਡਣਾ ਹੈ, ਖਾਲਸਾ ਜੀ! ਕੁਛ ਸਰੀਰ ਅੱਗੜ ਪਿੱਛੜ ਖੜੇ ਹੋ ਜਾਓ। ਵੇਖੀਏ ਕਿ ਦੋਵੇਂ ਗੋਲੀਆਂ ਕਿੰਨੇ ਸਰੀਰਾਂ ਵਿਚੋਂ ਨਿਕਲ ਜਾਂਦੀਆਂ ਹਨ"।

ਇਸ ਵੇਲੇ ਖ਼ੁਸ਼ੀ ਤੇ ਚਾ ਦੀ ਹੱਦ ਨਾ ਰਹੀ, ਚਾਲੀ ਪੰਜਾਹ ਸਿੱਖ ਇਕ ਦੂਜੇ ਦੇ ਅੱਗੇ ਪਿੱਛੇ ਕਤਾਰ ਬੰਨ੍ਹ ਕੇ ਖੜੋ ਗਏ।

ਸਤਿਗੁਰ ਜੀ-ਜ਼ਰਾ ਜ਼ਰਾ ਵਿੱਥ ਤੇ ਹੋ ਜਾਓ।

ਸਾਰੇ ਵਿੱਥ ਤੇ ਹੋ ਗਏ। ਠਾਹ ਕਰਕੇ ਬੰਦੂਕ ਚੱਲੀ, ਪਰ ਅਸਮਾਨ ਨੂੰ ਗਈ, ਕਿਸੇ ਨੂੰ ਨਹੀਂ ਵੱਜੀ। ਰਾਜੇ ਹੈਰਾਨ ਸਨ ਕਿ ਗੁਰੂ ਜੀ ਕੀਹ ਕਰਦੇ ਹਨ ਅਰ ਹੈਰਾਨ ਸਨ ਕਿ ਸਿੱਖ ਕਿਸ ਪਿਆਰ ਦੇ ਪੁਤਲੇ ਹਨ, ਕਿਸ ਚਰਾਗ ਦੇ ਪਰਵਾਨੇ ਹਨ ਕਿ ਮੌਤ ਦਾ ਸ਼ਰਬਤ ਹੱਸ ਹੱਸ ਕੇ ਪੀਂਦੇ ਹਨ, ਪਰ ਹੁਣ ਹੋਰ ਅਸਚਰਜ ਹੋਏ ਕਿ ਸਤਿਗੁਰ ਕੇਵਲ ਪਿਆਰ ਦੇ ਪਰਤਾਵਨਹਾਰ ਸਨ; ਅਕਾਰਨ ਜਾਨ ਨਹੀਂ ਸਨ ਲੈਂਦੇ।

ਹੁਣ ਸਾਰੇ ਰਾਜੇ ਇੱਕ ਇੱਕ ਕਰਕੇ ਆਏ, ਭੇਟਾ ਅੱਗੇ ਰੱਖ ਮੱਥਾ ਟੇਕਿਆ ਤੇ ਵਿਦਾ ਹੋਏ। ਮੰਡੀ ਵਾਲੇ ਰਾਜੇ ਨੇ ਬਿਨੈ ਕੀਤੀ ਕਿ ਪਰਤਦੇ ਹੋਏ ਮਹਿਲੀਂ ਜ਼ਰੂਰ ਚਰਨ ਪਾਓ। ਸਤਿਗੁਰੂ ਜੀ ਨੇ ਪ੍ਰਵਾਨ ਕੀਤਾ। ਇਸ ਤੋਂ ਮਗਰੋਂ ਹੋਰ ਕਈ ਸੱਜਣ ਆਏ ਤੇ ਵਿਦਾ ਹੋਏ। ਜਾਂ ਸਤਿਗੁਰ ਜੀ ਵਿਹਲੇ ਹੋਏ। ਤਾਂ ਮਾਨ ਕੌਰ ਜੀ ਆਏ, ਬੋਲੇ:-

ਪਾਤਸ਼ਾਹ! ਜਨਮ ਜਨਮ ਦੇ ਵਿਛੁੜੇ ਦਰ ਆਏ ਹਨ।

ਇਹ ਕਹਿ ਕੇ ਪਦਮਾ ਨੂੰ, ਜਿਸ ਦੇ ਨੈਣਾਂ ਦੀ ਕਾਲੋਂ ਉਤਾਂਹਾਂ ਚੜ ਚੜ੍ਹ ਗੁੰਮ ਹੋ ਰਹੀ ਸੀ, ਚਰਨੀ ਪਾ ਦਿਤਾ, ਜਿਵੇਂ ਕੋਈ ਬਾਲ ਨੂੰ ਮਾਂ ਮੱਥਾ ਟਿਕਾਉਂਦੀ ਹੈ।

ਪਾਤਸ਼ਾਹ! ਇਹ ਹੈ ਇਕ ਮੁਗਧ, ਵਿਦਵਾਨ ਮੁਗਧ; ਸੰਸਾਰ ਤੋਂ ਅਨਜਾਣ ਹੈ, ਜਾਂ ਵਿੱਦਯਾ ਦੀ ਜਾਣੂੰ ਹੈ, ਯਾ ਅੱਜ ਇਨ੍ਹਾਂ ਚਰਨਾਂ ਦੀ ਸਿਆਣੂੰ ਆ ਹੋਈ ਹੈ।

ਸਤਿਗੁਰ-ਵਾਕਬ ਹਾਂ, ਜਾਣੂੰ ਹਾਂ, ਓਪਰੀ ਨਹੀਂ, ਅਪਣੀ ਹੈ। (ਨਵੀਂ ਆਈ ਕਮਾਨ ਚਾ ਕੇ ਤੇ ਮੁਢੇ ਤੇ ਰਤਾਕੁ ਠਕੋਰਵੀਂ ਮਾਰਕੇ) ਉੱਠੋ ਬੇਟਾ ਜੀਉ!

ਪਰ ਪਦਮਾ ਪਈ ਹੈ ਮਾਨੋਂ ਚਰਨ ਪਈ ਸ਼ਰਨ ਸਮਾ ਗਈ ਹੈ ਤੇ ਹੁਣ ਨਹੀਂ ਵਿਛੁੜੇਗੀ।

ਤ੍ਰੈ ਵੇਰ ਸਤਿਗੁਰ ਨੇ ਠਕੋਰ ਦਿਤੀ, ਪਰ ਪਦਮਾ ਪਈ ਹੈ।

ਸਤਿਗੁਰ-ਨਿਹਾਲ ਕਾਕੀ! ਉੱਠ ਤੇਰੀ ਕਲਿਆਨ। ਉੱਠ ਟਿਕ ਬੇਟਾ!

ਪਰ ਉੱਥੇ ਮਾਨੋ ਸੁੱਧ ਕੋਈ ਨਹੀਂ।

ਮਾਨ ਕੌਰ ਨੇ ਉਠਾਕੇ ਬੜੇ ਪਿਆਰ ਨਾਲ ਗੋਦੀ ਲੀਤਾ, ਪਿਆਰ ਕੀਤਾ ਤੇ ਕਿਹਾ: ਪਦਮਾ ਪਿਆਰੀ! ਦਰਸ਼ਨ ਕਰ। (ਨੈਣ ਖੁੱਲੇ, ਪਦਮਾ ਨੇ ਸੂਰਜ ਤੱਕਿਆ, ਤੱਕਦਿਆਂ ਸਾਰ ਨੈਣ ਬੰਦ ਹੋ ਗਏ ਤੇ ਫੇਰ ਚਰਨੀ ਢਹਿ ਪਈ) ਪਦਮਾ ਪਿਆਰੀ! ਉੱਠ ਅਰ ਆਪਾ ਦੇਕੇ ਆਪਾ ਲੈ। ਪਿਆਰੀ ਉੱਠ! (ਫੇਰ ਪਦਮਾ ਉੱਠੀ, ਦਰਸ਼ਨ ਕੀਤੇ ਪਰ ਕੀਤੇ ਨਹੀਂ ਜਾਂਦੇ)।

ਹੁਣ ਸਤਿਗੁਰ ਜੀ ਨੇ ਇਕ ਮਿਹਰ ਨਾਲ ਤੱਕਿਆ ਤੇ ਤੀਰ ਦੀ ਨੋਕ ਉਸਦੇ ਸੀਸ ਤੇ ਰੱਖੀ। ਪਦਮਾ ਸੌਂ ਗਈ। ਅੱਧੀ ਘੜੀ ਬਾਦ ਸੁਰਤ ਪਰਤੀ। ਠੰਢ ਵਰਤ ਗਈ। ਹਉਲੀ ਹੋ ਗਈ। ਜਾਣੋਂ ਸਰੀਰ ਰਿਹਾ ਈ ਨਹੀਂ। ਜੇ ਹੈ ਤਾਂ ਸਰੀਰ ਦਾ ਤੋਲ ਨਹੀਂ ਰਿਹਾ। ਅੰਦਰ ਇਕ ਸੁੰਦਰਤਾ ਦਾ ਮੀਂਹ ਵਸ ਰਿਹਾ ਹੈ, ਲੂੰ ਲੂੰ ਵਿਚ ਫੁਹਾਰੇ ਛੁਟ ਰਹੇ ਹਨ। ਰਸ ਭਰਪੂਰ ਹੈ। ਪਰ ਠੰਢ ਹੈ, ਸ਼ਾਂਤ ਹੈ, ਆਲੇ ਦੁਆਲੇ ਸਾਹਮਣੇ ਸਰਦ ਚਾਂਦਨੀ ਵਾਂਙੂ ਠੰਢਾ ਠਾਰ ਸੁਹਾਉ ਪਸਰ ਰਿਹਾ ਹੈ। ਪਦਮਾ ਹੁਣ ਰਸ ਰੂਪ ਆਪ ਹੈ; ਹੇਠਾਂ, ਉੱਪਰ, ਚੌਫੇਰ, ਅੰਦਰ ਬਾਹਰ ਸ਼ਾਂਤੀ ਵਾਲਾ ਤੇ ਠੰਢਾ ਰਸ ਹੈ, ਸੁਹਜ ਸੁਹਾਉ ਹੈ, ਮਿੱਠਾ ਤ੍ਰੇਲ ਭਿੰਨਾ ਸੁਹਾਉ ਹੈ। ਕਲਗੀਧਰ ਨਿਮਗਨ ਨੈਣ ਬੰਦ ਅਡੋਲ ਬਿਰਾਜ ਰਹੇ ਹਨ; ਪਤਾ ਨਹੀਂ ਆਪ ਕਿਸ ਦੇਸ਼ ਹਨ ਕਿ ਜਿਸ ਦੇਸ਼ ਹਨ ਉੱਥੋਂ ਦਾ ਜਲ ਪੌਣ ਇਥੇ ਆ ਵਸਿਆ ਹੈ। ਕਿੰਨਾ ਚਿਰ ਇਹ ਰੰਗ ਰਹਿਕੇ ਆਪਦੇ ਨੈਣ ਕਟੋਰੇ ਖੁੱਲ੍ਹੇ, ਖੁਲ੍ਹਦਿਆਂ ਵਿਚੋਂ ਅਰੰਮੀ ਸ਼ਰਬਤ ਦੀ ਮੋਹਲੇ ਧਾਰ ਬਰਖਾ ਹੋਈ, ਦੋਇ ਜੀਵ ਸਰਸ਼ਾਰ ਹੋਏ।

ਆਪ ਬੋਲੇ-ਪਦਮਾ! ਸਭ 'ਵਾਕ-ਰਚਨਾ' ਹੈ ਕਿ ਕੋਈ ਚੰਦ ਹੈ ਤੇ ਵਾਕ ਰਚਨਾ ਉਸਦੀ ਚਾਂਦਨੀ ਹੈ?

ਪਦਮਾ (ਹਉਲੇ ਜ਼ਿਹੇ)-ਸਭ ਤੂੰ ਹੈਂ।

ਫੇਰ ਆਪ ਬੋਲੇ-ਤੂੰ ਆਪਣੀ ਸਾਰੀ ਪਦਮਾ ਦਾ ਕੇਂਦ੍ਰ ਹੈਂ, ਪਸਾਰਾ ਸਾਰਾ ਇਸ ਦਾ ਹੈ, ਕੇਂਦ੍ਰ ਤੋਂ ਨਹੀਂ ਹਿੱਲਣਾ।

ਪਦਮਾ-ਸਭ ਤੂੰਈਂ! ਤੂੰਈਂ! (ਕਹਿੰਦੀ ਕਹਿੰਦੀ ਦੇ ਨੈਣ ਮੁੰਦ ਗਏ, ਦੋ ਮੋਤੀ ਕਿਰੇ ਤੇ ਫੇਰ ਡੁਬ ਡੁਬਾਏ, ਖੁਲ੍ਹੇ ਤੇ ਕਹਿ ਰਹੀ ਸੀ)।

ਤੂੰਈਂ! ਤੂੰਈਂ! ਤੂੰਈਂ!

(ਤੇ ਉਸਦੇ ਲੂੰ ਕਹਿ ਰਹੇ ਸਨ:-)

ਤੂੰਈਂ! ਤੂੰਈਂ! ਤੂੰਈਂ!

(ਤੇ ਉਸਦੇ ਕੰਨ ਸੁਣ ਰਹੇ ਸਨ ਕਿ ਵਣ ਤ੍ਰਿਣ ਤੋਂ ਅਵਾਜ਼ ਆ ਰਹੀ ਸੀ-)

ਤੂੰਈਂ! ਤੂੰਈਂ! ਤੂੰਈਂ!

(ਤੇ ਇਸ ਧੁਨਿ ਵਿੱਚ ਸਤਿਗੁਰ ਨੈਣ ਮੂੰਦ ਗਏ ਤੇ ਮਿੱਠੀ ਗੁੰਜਾਰ ਹੋ ਰਹੀ ਸੀ-)

ਤੂੰਈਂ! ਤੂੰਈਂ! ਤੂੰਈਂ!

(ਮਾਨ ਗੁੰਮ ਹੋ ਗਈ ਤੇ ਦੇਖ ਸੁਣ ਰਹੀ ਸੀ, ਗੁੰਜਾਰ ਹੈ ਸਾਰੇ ਅੰਦਰ ਬਾਹਰ:-)

ਤੂੰਈਂ! ਤੂੰਈਂ! ਤੂੰਈਂ!

(ਜੀਭ ਲੱਗ ਗਈ ਹੈ ਬ੍ਰਹਮੰਡ ਨੂੰ, ਗੁੰਜਾਰ ਪੈ ਰਹੀ ਹੈ:-)

ਤੂੰਈਂ! ਤੂੰਈਂ! ਤੂੰਈਂ!

(ਅਵਾਜ਼ ਅਗੀਮ ਦੀ ਹੋ ਰਹੀ ਹੈ:-)

ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ॥

(ਨਾਦ ਹੋ ਰਿਹਾ ਹੈ, ਧੁਨਿ ਉੱਠ ਰਹੀ ਹੈ, ਹਾਂ ਧੁਨਿ-ਨਾਦ-ਗੁਨ ਅਨੰਦ ਬੇਦ ਉੱਠ ਰਹੀ ਹੈ:-)

ਤੂੰਈਂ! ਤੂੰਈਂ! ਤੂੰਈਂ!

(ਸੂਰਜ ਮਸਤ ਹੋ ਗਿਆ ਸੁਣਕੇ:-)

ਤੂੰਈਂ! ਤੂੰਈਂ! ਤੂੰਈਂ!

(ਜਦ ਤੂੰਈਂ! ਤੂੰਈਂ! ਦੀ ਗੁੰਜਾਰ ਤੋਂ ਨੈਣ ਖੁਲ੍ਹੇ ਤਾਂ ਦੁਪਹਿਰ ਹੋ ਚੁਕੀ ਸੀ; ਅਜੇ ਭੀ ਪ੍ਰਤੀਤ ਦੇਂਦਾ ਹੈ ਕਿ ਫੁਹਾਰ ਪੈ ਰਹੀ ਹੈ:-)

ਤੂੰਈਂ! ਤੂੰਈਂ! ਤੂੰਈਂ!

ਸਤਿਗੁਰ-ਪਦਮਾ! ਪਦਮਾ ਵਿਚ ਪਦਮਾ ਬੋਲੇ 'ਮੈਂ', ਮੈਂ ਨੂੰ ਖੰਭ ਲੱਗ ਗਏ ਵਾਸ਼ਨਾ ਦੇ, ਪਦਮਾ ਉਡੀ ਤੇ ਗਈ ਗੁਆਚ ਮੈਂ ਮੈਂ ਕਰਦੀ, ਪਰ ਅਪਨੀ 'ਮੈਂ' ਸਿਆਣਨ ਦੀ ਭੁੱਲ ਗਈ ਜਾਚ।

ਵੱਜੇ ਆਨ ਕ੍ਰਿਸ਼ਮਾ ਕੋਈ, ਤ੍ਰਿਸ਼ਨਾ ਦੇ ਟੁੱਟ ਜਾਣ ਪੰਖ, ਫੇਰ ਮੈਂ ਟਿਕੇ 'ਮੈਂ' ਵਿਚ, ਮੈਂ ਰਚੇ 'ਮੈਂ' ਵਿਚ, ਫੇਰ ਲਿਵ ਦੀ ਬੱਝੇ ਤਾਰ, ਜੱਫਾ ਪਵੇ 'ਮੈਂ' ਨੂੰ, ਮੈਂ ਨੂੰ ਬੰਨ੍ਹ ਲੈ ਜਾਏ ਧੁਰ ਅੰਦਰ। ਮੈਂ ਨੂੰ 'ਮੈਂ' ਦੇ ਕੇਂਦਰ ਦੇਵੇ ਲਾ, ਫੇਰ ਗੁਟਕੇ 'ਮੈਂ' ਤੇ ਆਖੇ-ਤੂੰਈਂ! ਤੂੰਈਂ! ਤੂੰਈਂ! ਤੇ ਦੇਖੇ ਤੂੰਈਂ! ਤੂੰਈਂ! ਤੇ ਸੁਣੇ ਤੂੰਈਂ! ਤੂੰਈਂ! ਤੂੰਈਂ!

ਤੇ ਸੰਗੀਤ-ਥ੍ਰਾਟ-ਨਾਦਧੁਨ ਕੰਨ ਪਵੇ:-

ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ॥

ਚੁੱਪ

ਪਦਮਾ (ਤ੍ਰਬ੍ਰਕ ਕੇ)-ਹੇ ਅਕਹਿ ਮਹਾਰਾਜ। ਬਖਸ਼ੀਓ। ਬਖਸ਼ੀਓ ਕ੍ਰਿਪਾਲ ਲਾਲ! ਬਖਸ਼ੀਓ ਦਿਆਲ ਲਾਲ। ਮਾਨ! ਮੈਂ ਗਈ।

ਸਤਿਗੁਰ-ਬੇਆ ਜੀਓ, ਕੀ ਹੈ?

ਪਦਮਾ-ਮੇਰਾ ਚੰਦਰਾ ਤੋਖਲੇ ਦਾ ਸੁਭਾਵ।

ਹੇ ਦਾਤਾ! ਰਾਜਿਆਂ ਦਾ ਫੇਰ ਜੁਧ ਆਪ ਨਾਲ ਨਾ ਹੋਵੇ, ਮੈਨੂੰ ਕੋਈ ਏਸ 'ਤੂੰਈਂ' ਤੋਂ ਨਾ ਹੋੜੇ। ਕਰ ਦੇਹ ਮਿਹਰ। (ਰੋ ਪਈ)।

ਸਤਿਗੁਰ-ਦੁਲਾਰੀ ਜੀਓ। ਤੇਰੇ ਨੈਣ ਉਹ ਦਿਨ ਨਹੀਂ ਦੇਖਣਗੇ।

ਪਦਮਾ-ਸ਼ੁਕਰ! ਸ਼ੁਕਰ! ਸ਼ੁਕਰ! 'ਤੂੰਈਂ' ਏ ਲਗੀ ਰਹੇ, ਮੈਂ ਸਮਾਈ ਰਹਾਂ ਏਸ ਵਿਚ।

ਮਾਨ ਕੌਰ (ਹੌਲੇ ਜਿਹੇ)-ਬਖਸ਼ਿੰਦ ਜੀਉ! ਮੇਰੀ ਪਦਮਾ ਦੇ ਤਿਲ (ਦਿਨ) ਥੋੜੇ ਹਨ, ਕਿ ਰਾਜ ਦ੍ਰੋਹ ਦੂਰ ਯਾ ਸਮਾਪਤ ਹੈ?

ਸਤਿਗੁਰ (ਮੁਸਕ੍ਰਾਕੇ ਕੰਨ ਵਿਚ)-ਮਾਨ ਕੌਰ ਬੇਟਾ! ਪਦਮਾ ਦੇ ਤਿਲ ਥੋੜੇ ਹਨ।

ਮਾਨ ਕੌਰ-ਮੇਰੀ ਪਦਮਾ! ਵਹਿ ਰਹੀ ਹੈ ਨਿਰਮਲ ਗੰਗਾ। ਭਰ ਲੈ ਰੱਜ ਰੱਜ ਕੇ ਬੁੱਕ। (ਹੁਣ ਬੇਵੱਸ ਚਰਨਾਂ ਨੂੰ ਲਿਪਟ ਰਾਈ, ਲੂੰ ਲੂੰ ਵਿਚ ਤੂੰਈਂ! ਤੂੰਈਂ! ਤੂੰਈਂ! ਗੂੰਜ ਰਿਹਾ ਸੀ, ਸਤਿਗੁਰ ਨੇ ਆਪਣੇ ਪਾਵਨ ਕਰ ਕਮਲਾਂ ਨਾਲ ਥਾਪੀ ਦਿੱਤੀ)।

ਸਤਿਗੁਰ-ਨਿਹਾਲ ਪੁੱਤ੍ਰੀ! ਨਾਮ ਨਿਵਾਸ ਪੁੱਤ੍ਰੀ! ਕਲਿਆਨ ਪੁੱਤ੍ਰੀ!

ਮਾਨ ਕੌਰ-ਪਾਤਸ਼ਾਹ!

ਪ੍ਰਭ ਜਨਮ ਮਰਨ ਨਿਵਾਰਿ॥
ਹਾਰਿ ਪਰਿਓ ਦੁਆਰਿ॥

ਸਤਿਗੁਰ-**ਗੁਰਮੁਖਿ ਆਵੈ ਜਾਇ ਨਿਸੰਗੁ॥**

ਮਾਨ ਕੌਰ-ਪਾਤਸ਼ਾਹ! ਇਹ ਬੇਟੀ ਸੰਸਾਰ ਦੇ ਦੁਖ ਦੇਖਣ ਜੋਗੀ ਨਹੀਂ।

ਸਤਿਗੁਰ-ਹੁਣ ਕੋਈ ਨਾ ਦੇਖੇਗੀ। ਫੇਰ ਆਵੇ ਗੀ ਤਾਂ ਨਾਮ ਪ੍ਰੋਤੀ ਆਵੇਗੀ, ਨਾਮ ਵਾਲੇ ਨੂੰ ਦੂਰੀ ਕੋਈ ਨਹੀਂ, ਹੋਵੇ ਤਾਂ ਦਾਰੂ ਹੈ। ਮਾਨ ਕੌਰ! ਸ਼ੇਰ ਹੋ **'ਗੁਰਮੁਖਿ ਆਵੈ ਜਾਇ ਨਿਸੰਗੁ'** ਗੁਰਮੁਖਿ ਹੋਈਏ, ਗੁਰਮੁਖਿ ਰਹੀਏ, ਗੁਰਮੁਖਿ ਆਈਏ, ਗੁਰਮੁਖ ਜਾਈਏ!

ਮਾਨ ਕੌਰ-ਧੰਨ ਦਾਤਾ।

ਪਦਮਾ-ਤੂੰਈਂ! ਤੂੰਈਂ! ਤੂੰਈਂ!

ਤੂੰਈਂ, ਤੂੰਈਂ ਤੂੰਈਂ!

੫੮. ਹਰਿ ਗੁਪਾਲ-ਬਿਸ਼ੰਭਰ ਦਾਸ*॥

੧.

ਸਾਢੇ ਬਾਈ ਸੌ ਸਾਲ ਤੋਂ ਵਧੀਕ ਸਮਾਂ ਬੀਤਿਆ ਹੈ ਕਿ ਸਿਕੰਦਰ ਯੂਨਾਨੀ ਨੇ ਹਿੰਦ ਤੇ ਹਮਲਾ ਕੀਤਾ। ਇਸ ਪੰਜ ਪਾਣੀਆਂ ਦੀ ਧਰਤੀ ਦੇ ਬਹਾਦਰ ਰਾਜਾ ਪੁਰੂਰਵਸ ਨੇ ਉਹ ਮੁਕਾਬਲਾ ਕੀਤਾ ਤੇ ਬਹਾਦਰੀ ਦਿਖਾਈ ਕਿ ਸਿਕੰਦਰ ਅਸ਼ ਅਸ਼ ਕਰ ਉਠਿਆ। ਜਦ ਰਾਜਾ ਮੈਦਾਨ ਜੰਗ ਵਿਚ ਇਕੱਲਾ ਰਹਿ ਗਿਆ; ਪੁੱਤ੍ਰਾਂ ਸਮੇਤ ਸਭ ਸੈਨਾ ਤਹਿਤੇਗ਼ ਹੋ ਗਈ, ਤਾਂ ਉਹ ਹਾਥੀ ਤੋਂ ਉਤਰ ਘੋੜੇ ਤੇ ਚੜ੍ਹਨ ਲੱਗਾ ਸੀ ਕਿ ਸਿਕੰਦਰ ਆਪ ਆ ਪੁੱਜਾ ਤੇ ਕਹਿਣ ਲੱਗਾ-'ਪੋਰਸ! ਦੱਸ ਸਿਕੰਦਰ ਤੇਰੇ ਨਾਲ ਕੀਹ ਸਲੂਕ ਕਰੇ?' ਤਾਂ ਉਸ ਅਭੈ ਸੂਰਮੇ ਨੇ ਪੂਰੇ ਹੌਸਲੇ ਵਿਚ ਕਿਹਾ 'ਉਹ ਜੋ ਇਕ ਪਾਤਸ਼ਾਹ ਦਾ ਦੂਸਰੇ ਪਾਤਸ਼ਾਹ ਤੋਂ ਹੱਕ ਹੈ'। ਸਿਕੰਦਰ ਨੇ ਖੁਸ਼ ਹੋਕੇ ਉਸ ਨੂੰ ਜੱਫੀ ਪਾ ਲਈ ਤੇ ਉਸ ਦਾ ਮਿੱਤ੍ਰ ਬਣ ਗਿਆ। ਉਸ ਦਾ ਰਾਜ ਭਾਗ ਮੋੜ ਦਿੱਤੋਸੁ ਸਗੋਂ ਹੋਰ ਇਲਾਕਾ ਨਾਲ ਦੇ ਦਿੱਤੋਸੁ। ਫੇਰ ਸਿਕੰਦਰ ਸਤਲੁਜ ਦੇ ਕਿਨਾਰੇ ਤਕ ਵਧਿਆ, ਪਰ ਉਸ ਦੀਆਂ ਫੌਜਾਂ ਪੰਜਾਬੀਆਂ ਦੀ ਬਹਾਦਰੀ ਤੋਂ ਮੂੰਹ ਮੋੜ ਗਈਆਂ ਤੇ ਅੱਗੇ ਵਧਣੋਂ ਨਾਂਹ ਕੀਤੀਓ ਨੇ। ਸਿਕੰਦਰ ਤਦ ਪਿਛੇ ਮੁੜਿਆ ਤੇ ਕੁਛ ਚਿਰ ਬਾਦ ਦਰਯਾ ਦੇ ਰਸਤੇ ਦੱਖਣ ਰੁਖ ਸਮੁੰਦਰ ਵਲ ਨੂੰ ਟੁਰ ਪਿਆ। ਜਦੋਂ ਮੁਲਤਾਨ ਪੁੱਜਾ ਤਾਂ ਏਥੇ ਬੜੀ ਸਖਤ ਲੜਾਈ ਫੇਰ ਹੋਈ। ਇਹ ਰਾਜਧਾਨੀ ਸੀ ਇਕ ਪੰਜਾਬੀ ਬੀਰ ਕੌਮ ਦੀ, ਜਿਸਨੂੰ 'ਮਲੋਈ' ਆਖਦੇ ਸਨ। ਜਾਪਦਾ ਹੈ ਕਿ ਇਨ੍ਹਾਂ ਦੇ ਨਾਂ ਤੋਂ ਹੀ ਰਾਜਧਾਨੀ ਦਾ ਨਾਉਂ ਮੁਲਤਾਨ ਪਿਆ ਸੀ। ਇਹ ਲੋਕ 'ਰਾਜਾ' ਨਹੀਂ ਸਨ ਰੱਖਦੇ; ਪੰਚੈਤੀ ਰਾਜ ਕਰਦੇ ਸਨ। ਸਿਕੰਦਰ ਨਾਲ ਇਹ ਲੋਕ ਐਸੇ ਲੜੇ ਕਿ ਉਸ ਨੂੰ ਬੀ ਇਨ੍ਹਾਂ ਦੀ ਬਹਾਦਰੀ ਦਾ ਲੋਹਾ ਮੰਨਣਾ ਪਿਆ। ਇਸ ਜੁੱਧ ਵਿਚ ਸਿਕੰਦਰ ਆਪ ਜ਼ਖ਼ਮੀ ਹੋ ਗਿਆ ਸੀ, ਪਰ ਓਹ ਥੋੜੇ, ਇਹ ਬਹੁਤੇ, ਅੰਤ ਵਿਚਾਰੇ ਹਾਰ ਨੂੰ ਸਿਰ ਤੇ ਪੁੱਜੀ ਦੇਖਣ ਲਗ ਪਏ। ਤਦ ਮਲੋਈਆਂ ਦੇ ਇਕ ਹਿੱਸੇ ਨੇ ਸੁਲਹ ਕਰ ਲੈਣੀ ਮੰਨ ਲਈ, ਪਰ ਜੋ ਬਹੁਤ ਬੀਰ ਤੇ ਰਾਠ ਸਨ ਓਹ ਰਾਜਧਾਨੀ ਛੱਡ ਕੇ ਦੱਖਣ ਰੁਖ਼ ਨਿਕਲ ਗਏ ਤੇ ਮੱਧ ਹਿੰਦ ਵਿਚ ਜਾ ਵਸੇ। ਉਸ ਇਲਾਕੇ ਦਾ ਨਾਉਂ, ਖਿਆਲ ਕੀਤਾ ਜਾਂਦਾ ਹੈ ਕਿ, ਇਨ੍ਹਾਂ ਦੇ ਨਾਮ ਤੋਂ, ਮਾਲਵਾ ਪਿਆ। ਇਸ ਦੀ ਰਾਜਧਾਨੀ ਉਜੈਨ ਇਕ ਪ੍ਰਸਿੱਧ ਨਗਰ ਬਣਿਆ। ਇਹ ਸ਼ਹਿਰ ਹਿੰਦ ਦੀ ਮਾਨੋਂ ਰਾਜਧਾਨੀ ਹੋ ਗਿਆ ਸੀ ਜਦੋਂ ਕਿ ਰਾਜਾ ਬਿੱਕ੍ਰਮਾਦਿੱਤ[1] ਰਾਜ ਕਰਦਾ ਤੇ ਹਿੰਦ ਦੇ ਵੈਰੀ 'ਸ਼ਾਕਾ' ਲੋਕਾਂ ਨੂੰ ਪ੍ਰਾਜੈ ਕਰਦਾ ਸੀ। ਸਮੇਂ ਬੀਤ ਗਏ, ਹਿੰਦ ਦੀ ਸੁਤੰਤ੍ਰਤਾ ਤੇ ਐਸ਼੍ਵਰਜ ਦਾ ਸੂਰਜ ਅਸਤ ਹੋ ਗਿਆ, ਪਰ ਬਿਕ੍ਰਮਾਦਿੱਤ ਦੀ ਉਹ ਨਗਰੀ 'ਉਜੈਨ' ਵਸਦੀ ਰਹੀ ਤੇ ਹੁਣ ਤਕ ਵਸਦੀ ਹੈ[2]।

ਇਸ ਨਗਰ ਵਿਚ ਅੱਜ ਅਸੀਂ ਇਕ ਪਿਤਾ ਨੂੰ ਵੇਖ ਰਹੇ ਹਾਂ। ਪਿਤਾ ਇਕ ਤਖਤ ਪੋਸ਼ ਉਤੇ ਘਰ ਦੇ ਵਿਹੜੇ ਵਿਚ ਬੈਠਾ ਹੈ। ਪੁੱਤ੍ਰ ਬਾਹਰੋਂ ਆਇਆ ਹੈ। ਪੁੱਤ੍ਰ ਨੇ ਆ ਕੇ ਨਮਸਕਾਰ ਕੀਤੀ, ਪਰ ਪਿਤਾ ਨੇ ਉੱਤਰ ਨਹੀਂ ਦਿੱਤਾ, ਉਹ ਰਹਿਰਾਸ ਦਾ ਪਾਠ ਕਰ ਰਿਹਾ ਸੀ। ਪੁੱਤ੍ਰ ਪਟੜੀ ਲੈਕੇ ਬੈਠ ਗਿਆ ਤੇ ਪਾਠ ਸੁਣਦਾ ਰਿਹਾ। ਭੋਗ ਪਏ ਤੇ ਪਿਤਾ ਨੇ ਅਰਦਾਸ ਕੀਤੀ, ਪੁੱਤ੍ਰ ਨੇ ਸੁਣੀ, ਮਥਾ ਟੇਕਿਆ, ਫੇਰ ਬੈਠ ਗਏ ਤੇ ਵਾਰਤਾਲਾਪ ਛਿੜ ਪਈ।

---

੧. ਇਸ ਦੀ ਯਾਦਗਾਰ ਵਿਚ ਬਿਕ੍ਰਮੀ ਸੰਮਤ ਚਲਦਾ ਹੈ।

੨. ਇਹ ਨਗਰ ਅਜੇ ਬੀ ਰੌਣਕਦਾਰ ਹੈ। ਸਿਪਰਾ ਨਦੀ ਦੇ ਕਿਨਾਰੇ ਵਸਦਾ ਹੈ ਤੇ ਹੁਣ ਗਵਾਲੀਅਰ ਦੀ ਰਿਆਸਤ ਵਿਚ ਹੈ।

---

*ਇਹ ਪ੍ਰਸੰਗ ਪੋਹ ਸੁਦੀ ਸਪਤਮੀ ਸੰ: ਗੁ: ਨਾ ਸਾ: ੪੬੭, ਪੋਹ ਦੀ ੧੮ ਸੰ: ੧੯੯੨ ਬਿ: ੧ ਜਨਵਰੀ ੧੯੩੬ ਈ: ਬੁਧਵਾਰ ਨੂੰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਪਿਤਾ (ਬਿਸ਼ੰਭਰਦਾਸ)-ਬੇਟਾ ਹੁਣ ਬੀ ਕਿਸੇ ਸਾਧੂ ਨੂੰ ਮਿਲਕੇ ਆਏ ਹੋ?

ਪੁੱਤ੍ਰ (ਹਰਗੋਪਾਲ)-ਹਾਂ ਪਿਤਾ ਜੀ! ਪਰ ਪੱਲੇ ਕੁਛ ਨਹੀਂ ਬੱਝਦਾ। ਛੇਕੜ ਉਸ ਵੈਸ਼ਨਵ ਦੀ ਕ੍ਰਿਯਾ ਕੁਛ ਦਿਲ ਨੂੰ ਭਾਉਂਦੀ ਹੈ।

ਪਿਤਾ-ਕਾਨੇ ਹਾਂ ਕਾਨੇ, ਰੀਨੇ ਦੁਰਲੱਭ, ਮਿਠਾਸ ਨਹੀਂ, ਰਸ ਨਹੀਂ। ਵੈਸ਼ਨਵ ਦੀ ਬੀ ਕ੍ਰਿਆ ਮਾਤ੍ਰ ਹੈ, ਜੀਵਨ ਕਣੀ ਨਹੀਂ। ਜੀਵਣ ਕਣੀ ਵਾਲਾ ਇਹੋ ਆਪਣਾ ਗੁਰੂ ਘਰ ਹੈ, ਸ੍ਰੀ ਗੁਰੂ ਨਾਨਕ ਦੇਵ ਦਾ ਘਰ, ਜਿਸਦੀ ਗੱਦੀ ਤੇ ਇਸ ਵੇਲੇ ਗੋਬਿੰਦ ਰੂਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਿਰਾਜ ਰਹੇ ਹਨ। ਓਹ ਹਨ ਜੀਉਂਦੇ ਜਾਗਦੇ, ਜੀਵਨਾਂ ਦੇ ਮਾਲਕ ਤੇ ਜੀਵਨਾਂ ਦੇ ਦਾਤੇ। ਜਿਨ੍ਹਾਂ ਪਾਸ ਇਸ ਦਾਤ ਦੇ ਭੰਡਾਰ ਭਰੇ ਪਏ ਹਨ। ਉਨ੍ਹਾਂ ਦੀ ਸ਼ਰਨ ਵਿਚ 'ਪਦਾਰਥ' ਲੱਝਦਾ ਹੈ। ਹੋਰਥੋਂ ਤਾਂ 'ਪਦ' ਪੱਲੇ ਪੈਂਦਾ ਹੈ ਪਰ ਜਿਸਨੂੰ ਪਦ ਜਣਾਉਂਦਾ ਹੈ ਉਹ ਸ਼ੈ ਸੱਚ ਮੁਚ ਹੈ, ਅਣਹੋਂਦ ਨਹੀਂ, ਵਜੂਦ ਰੱਖਦੀ ਹੈ। 'ਉਹ ਹੈ'-ਸਤਜ ਹੈ, ਉਸਨੂੰ ਮੈਂ ਕਹਿੰਦਾ ਹਾਂ-ਪਦਾਰਥ। ਪਦ ਯਾ ਉਸ ਦਾ ਅਰਥ ਮਾਤ੍ਰ (ਮਾਇਨੇ ਮਾਤ੍ਰ) ਨਾ, ਪਰ ਜਿਸ ਨੂੰ ਉਹ ਪਦ ਜਣਾਵੇ ਉਹ ਸਤਜ ਵਸਤੂ ਆਪ। **'ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ'**। (ਗਉੜੀ ਮ: ੧) ਸੱਚਾ ਗੁਰੂ ਮੇਰਾ ਗੁਰੂ ਹੈ, ਜਿਸ ਪਾਸ ਪਦ ਹੈ, ਅਰਥ ਹੈ ਤੇ ਜਿਸਨੂੰ ਪਦ ਤੇ ਅਰਥ ਜਣਾਉਂਦੇ ਹਨ, ਉਸ ਸੱਤਿ ਵਸਤੂ ਨੂੰ ਉਹ ਜਾਣਦਾ ਹੈ, ਉਸ ਵਸਤੂ ਨੂੰ ਉਹ ਪ੍ਰਾਪਤ ਹੈ, ਯਾ ਇਉਂ ਕਹੋ ਕਿ ਉਸ ਨੂੰ ਉਹ ਸੱਤਿ ਵਸਤੂ ਪ੍ਰਾਪਤ ਹੈ। ਫਿਰ ਉਸ ਤਕ ਉਹ ਅਪੜਾ ਸਕਦਾ ਹੈ ਤੇ ਉਸਦਾ ਗਜਾਨ ਦੇ ਸਕਦਾ ਹੈ।

ਪੁੱਤ੍ਰ! ਮੇਰੀ ਗੱਲ ਸੁਣਕੇ ਘਾਬਰੀਂ ਨਾਂ, ਮੈਂ ਕੋਈ ਪੰਡਿਤ ਨਹੀਂ। ਤੂੰ ਪੜ੍ਹਿਆਂ ਦੀ ਸੰਗਤ ਕਰਦਾ ਹੈਂ, ਖਟ ਸ਼ਾਸਤ੍ਰ ਦੇ ਪਦ ਪਦਾਰਥਾਂ ਨੂੰ ਸੁਣਦਾ ਹੈਂ, ਤੂੰ ਕਹੇਂਗਾ ਨਯਾਯਕਾਂ ਦੇ ਪਦਾਰਥ ਤਾਂ ੧੬ ਹਨ, ਵੈਸ਼ੇਸ਼ਿਕਾਂ ਦੇ ੭ ਹਨ, ਸਾਂਖਯ ਦੀ ਇਸ ਤਰ੍ਹਾਂ ਦੀ ਗੇਣਤੀ ੨੫ ਹੈ, ਪਤੰਜਲੀ ਦੀ ੨੬, ਵੇਦਾਂਤ ਦੀ ਦੋ। ਤੂੰ ਕਹੇਂਗਾ ਕਿ ਇਹ ਮੇਰਾ ਬਾਪੂ ਨਵੀਂ ਗੱਲ ਕਹਿ ਰਿਹਾ ਹੈ! ਨਾ ਸੁਣੀ ਨਾ ਪੜ੍ਹੀ। ਪਰ ਪੁੱਤ੍ਰ! ਮੇਰਾ ਭਾਵ ਹੋਰ ਹੈ। ਮੈਨੂੰ ਪਤਾ ਨਹੀਂ ਗੁਰੂ ਘਰ ਵਿਚ ਕਿੰਨੇ ਪਦਾਰਥ ਹੈਨ, ਪਰ ਮੇਰੀ ਨਜ਼ਰ ਵਿਚ ਨਾਮ ਪਦਾਰਥ ਹੈ। ਮੇਰੇ ਗੁਰੂ ਦੀ ਬਾਣੀ ਨਾਮ ਨੂੰ ਪਦਾਰਥ ਦੱਸਦੀ ਹੈ[1]। ਇਹ ਇਕ ਪਦ ਹੈ[2], ਇਸ ਪਦ ਵਿਚ ਅਰਥ ਹੈ

---

੧. ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵਲਾਇ॥ ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ॥ (ਕਾਨੜਾ: ਵਾਰ-੧੧)

੨. ਪਦਾਰਥ=ਪਦ ਅਰਥ। ਪਦ=ਸ਼ਬਦ, ਲਫ਼ਜ਼। ਦਰਜਾ, ਪਦਵੀ। ਅਰਥ=ਮਾਇਨੇ, ਮੁਰਾਦ, ਇੰਦੀਆ, ਕਾਰਣ, ਲਾਭ, ਵਸਤੂ, ਇੰਦ੍ਰੇ ਗਜਾਨ ਨਾਲ ਜਾਣੀਆਂ ਜਾਣ ਵਾਲੀਆਂ ਵਸਤਾਂ, ਧਨ, ਦੌਲਤ।

ਬਿਸ਼ੰਭਰ 'ਪਦਾਰਥ' ਤੋਂ ਮੁਰਾਦ ਲੈ ਰਿਹਾ ਹੈ, 'ਪਦ' 'ਉਸਦੇ ਮਾਇਨੇ', ਉਮਦੀ 'ਵੀਚਾਰ ਦਾ ਵਿਖਯ' ਜਿਸਨੂੰ ਇਹ ਜਣਾਉਣ ਉਹ ਵਸਤੂ ਆਪ ਬੀ। ਉਸ ਵਸਤੂ ਨੂੰ ਉਹ ਸਤਿ ਵਸਤੂ ਬੀ ਕਹਿ ਰਿਹਾ ਹੈ। ਮੁਰਾਦ ਹੈ 'ਨਾਮ' ਉਸਦਾ ਅਰਥ, ਅਰਥ ਵਿਚ ਭਾਵਨਾ, ਉਸਦੀ ਪ੍ਰਾਪਤੀ ਦਾ ਜਤਨ (ਅਰਥਾਤ ਜਪ, ਸਿਮਰਨ, ਲਿਵ) ਅਤੇ ਉਹ ਆਪ ਜਿਸਦੀ ਪ੍ਰਾਪਤੀ ਕਰਨੀ ਹੈ ਅਰਥਾਤ ਨਾਮੀ। 'ਨਾਮੀ ਦਾ ਗਜਾਨ' ਪ੍ਰਾਪਤੀ ਦੇ ਅੰਤਰਭੂਤ ਹੈ।

ਪਦਾਰਥ ਦਾ ਅਰਥ ਕੀਮਤ ਕੂਤ ਵਾਲੀ ਵਸਤੂ (ਧਨ ਦੌਲਤ) ਭੀ ਹੈ ਤੇ ਪਦਾਰਥ ਦਾ ਭਾਵ ਵਜੂਦ ਭੀ ਹੈ। ਬਿਸ਼ੰਭਰ ਜਦ ਨਾਮ ਨੂੰ ਪਦਾਰਥ ਕਹਿ ਰਿਹਾ ਹੈ ਤਾਂ ਸਾਰੇ ਭਾਵਾਂ ਨੂੰ ਇਕ ਥਾਂ ਲਿਆ ਰਿਹਾ ਹੈ ਤੇ ਉਸਦਾ ਮਤਲਬ ਹੈ ਕਿ ਨਾਮ ਨੂੰ ਨਿਰਾ ਲਫ਼ਜ਼ ਮਾਤ੍ਰ ਨਾ ਸਮਝ ਲਿਆ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਵਿਚ ਕਈ ਵੇਰ ਚਾਰ ਪਦਾਰਥਾਂ ਦੀ ਪ੍ਰਾਪਤੀ ਦੱਸੀ ਹੈ। ਓਹ ਧਰਮ, ਅਰਥ, ਕਾਮ, ਮੋਖ ਦੱਸੇ ਹਨ ਯਥਾ-ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥ ਸਗਲ ਮਨੋਰਥ ਪੂਰਿਆ

(ਬਾਕੀ ਟੂਕ ਦੇਖੋ ਅਗਲੇ ਸਫੇ ਦੇ ਕਾਲਮ ੧ ਹੇਠ)

ਤੇ ਇਸ ਵਿਚ ਉਹ ਹੈ ਕਿ ਜਿਸ ਨੂੰ ਇਹ ਜਣਾਉਂਦਾ ਹੈ, ਤੇ ਉਹ ਸਾਡੇ ਜਾਣਨ ਯੋਗ ਤੇ ਪ੍ਰਾਪਤ ਕਰਨੇ ਯੋਗ ਹੈ। ਕਿਵੇਂ ਆਖਾਂ, ਇਹ ਨਿਰੇ ਪੜ੍ਹਨ ਪੜ੍ਹਾਨ ਦੀ ਗਲ ਨਹੀਂ। ਇਹ ਤਾਂ ਕਮਾਈ ਹੈ, ਘਾਲ ਹੈ, ਜੀਵਨ ਹੈ, ਮਿਹਰ ਹੈ, ਜੀਅਦਾਨ ਹੈ। ਇਹ ਗਜਾਨ ਹੈ, ਪ੍ਰਾਪਤੀ ਹੈ, ਸਹਿਜ ਹੈ[1]। ਜਾਹ ਆਨੰਦਪੁਰ, ਸਿਦਕ ਦੇ ਬੇੜੇ ਪਾਰ। ਜਾਹ ਓਹ ਪਦ ਬੀ ਦੇਣਗੇ, ਅਰਥ ਬੀ ਦੱਸਣਗੇ, ਤੇ ਜੋ ਪਦ ਤੇ ਅਰਥ ਦਾ ਲੱਖਜ ਹੈ ਉਹ ਬੀ ਦੇ ਦੇਣਗੇ, ਤੇ ਤੂੰ ਪਦਾਰਥ ਵਾਲਾ ਬੀ ਹੋ ਜਾਏਂਗਾ[2]।

ਹਰਿ ਗੁਪਾਲ-ਪਿਤਾ ਜੀ! ਦੂਰ ਦੀ ਪੰਧ ਹੈ। ਬੜੀ ਹੀ ਦੂਰ ਹੈ। ਸੁਭਾਉ ਸੁਖ ਰਹਿਣਾ ਹੈ। ਹਾਲੇ ਵੈਸ਼ਨਵ ਨਾਲ ਦਿਲ ਪਰਚਿਆ ਹੋਇਆ ਹੈ।

ਪਿਤਾ (ਬਿਸ਼ੰਭਰ ਦਾਸ)-ਬੇਟ੍ਰ, ਗੱਲਾਂ ਬਾਤਾਂ, ਹਾਸ ਬਿਲਾਸ, ਕੰਨ ਰਸ, ਮਨ ਰਸ, ਘੜੀ ਦੇ ਪਰਚਾਵੇ, ਕੁਛ ਕੁਛ ਦਇਆ, ਸਰੀਰ ਦੀ ਸਫਾਈ ਮਾਤ੍ਰ ਹੈਨ। ਜੀਵਨ ਨਾ ਉਸ ਪਾਸ ਹੈ ਨਾ ਦੇ ਸਕਦਾ ਹੈ। ਤੂੰ ਸੁਣਦਾ ਹੈਂ ਸ਼ਾਸਤ੍ਰ ਉਕਤੀਆਂ ਜੋ ਸੰਸੇ ਨੂੰ ਪਾਲ ਰਹੀਆਂ ਹਨ। ਖੇਲਾਂ, ਪਰਚਾਵੇ, ਵਿਦਵੱਤਾ ਦੀ ਘੋਟਾ ਘਾਟੀ ਤਾਂ ਹਰ ਥਾਂ ਮਿਲ ਜਾਂਦੀ ਹੈ ਪਰ ਜੀਵਨ? ਇਹ ਦੁਰਲੱਭ ਹੈ। ਮੈਂ ਵਿਦਜਾ ਤੇ ਸਫਾਈ ਦਾ ਵਿਰੋਧੀ ਨਹੀਂ। ਪਰ ਬੇਟਾ! ਵਿਦਜਾ ਬੀ ਜੀਅਦਾਨ ਪ੍ਰਾਪਤਾਂ ਨੂੰ ਰਸਦਾਇਕ ਹੈ ਤੇ ਅਪ੍ਰਾਪਤਾਂ ਨੂੰ 'ਤੀਖਣ ਬੁੱਧੀ' ਤੇ 'ਦਿਮਾਗੀ ਵਾਕਬੀ' ਮਾਤ੍ਰ ਦੀ ਦਾਤੀ ਹੈ, ਅਕਸਰ ਤਾਂ ਇਹ ਜੈਸਾ ਸੁਭਾਵ ਹੋਵੇ ਉਸੇ ਨੂੰ ਹੀ ਤ੍ਰਿੱਖਾ ਕਰ ਦੇਂਦੀ ਹੈ।

ਪੁੱਤ੍ਰ-ਮੇਰੇ ਦਿਲ ਵਿਚ ਕੋਈ ਅਤ੍ਰਿਪਤੀ ਹੈ, ਜੋ ਤ੍ਰਿਪਤਦੀ ਨਹੀਂ। ਇਸ ਕਰਕੇ ਹਰ ਨਵੇਂ ਆਏ ਸਾਧੂ ਦੇ ਮਗਰ ਉੱਠ ਭੱਜਦਾ ਹਾਂ; ਹਾਂ ਇੰਨਾਂ ਹੋ ਗਿਆ ਹੈ ਕਿ ਸਾਧੂਆਂ ਦੇ ਉਚਾਰੇ ਸਾਸ਼ਤ੍ਰਾਂ ਦੇ ਪਦ ਪਦਾਰਥ ਸਮਝ ਲੈਂਦਾ ਹਾਂ ਤੇ ਦਿਮਾਗੀ ਸੁਆਦ ਕਈ ਵੇਰ ਆ ਜਾਂਦਾ ਹੈ।

ਪਿਤਾ-ਬੇਟਾ! ਕੋਈ ਸੁਆਦ ਸ਼ਰੀਰ ਦੇ, ਕੋਈ ਮਨ ਦੇ, ਕੋਈ ਬੁੱਧੀ ਦੇ। ਆਪੇ ਦਾ ਰਸ ਤੇ ਰਾਮ ਰਸ ਵੱਖਰੇ ਰਸ ਹਨ[1]।.....(ਹਾਹੁਕਾ ਲੈਕੇ) ਦੂਰ ਕਾਹਦੀ ਬੇਟਾ ਦੁਨੀਆਂ ਦੇ 'ਧਨ ਪਦਾਰਥ' ਨੇ ਕਿਸੇ ਛਿਨ ਜਾਣਾ ਤੇ ਕਿਸੇ ਛਿਨ ਟੁਰ ਜਾਣਾ ਹੈ[2]। ਫਿਰ ਜੀਵਨ ਨਿੱਤ ਨਹੀਂ, ਛਿਨ ਛਿਨ ਕਰਕੇ ਕਾਲ ਜਾ ਰਿਹਾ ਹੈ[3], ਜੀਵ ਛਿਨ ਛਿਨ ਭੁੱਲ ਵਿਚ ਹੈ[4]। ਛਿਨ ਛਿਨ ਕਰਕੇ ਉਮਰ ਵਿਹਾ ਰਹੀ ਹੈ[5]। ਮੌਤ ਦੀ ਛਿਨ ਨੇ ਇਨ੍ਹਾਂ ਜੀਵਨ ਲੜੀ ਦੀਆਂ ਛਿਨਾਂ ਦੇ ਵਿਚ ਅਨਜਾਣੇ ਆ ਜਾਣਾ ਹੈ ਤੇ ਜੀਵ ਨੂੰ ਭਾਗਹੀਨ ਲੈ ਟੁਰਨਾ ਹੈ[6]। ਤਾਂ ਤੇ ਕੋਈ ਉਪਰਾਲਾ ਲੱਭ ਕਿ ਕਿਵੇਂ ਹਰ ਛਿਨ ਸੰਭਾਲੀ ਜਾਵੇ[7]। ਜੇ ਹਰ ਛਿਨ ਸੰਭਲਕੇ ਲੰਘਣ ਲਗ ਜਾਵੇ ਤਾਂ ਇਨ੍ਹਾਂ ਸੰਭਲੀਆਂ ਛਿਨਾਂ ਦੇ ਵਿਚ ਹੀ ਕਿਸੇ ਵੇਲੇ ਓਸ ਛਿਨ ਨੇ ਆ ਜਾਣਾ ਹੈ ਕਿ ਜਿਸ ਨੇ ਕਾਲ ਫਾਸ ਕਟ ਦੇਣੀ[8] ਹੈ। ਛਿਨ ਕਾਲ ਦਾ

---

੧. ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ॥੪॥੧੯॥੫੨॥ (ਸਿਰੀ ਰਾ: ਮ: ੩)

੨. ਨਾਮੁ ਪਦਾਰਥੁ ਨਉ ਨਿਧਿ ਸਿਧਿ॥੪॥੧੪॥੬੫॥ (ਆਸਾ ਮ: ੫)

(ਪਿਛਲੇ ਸਫੇ ਕਾਲਮ ੨ ਦੀ ਬਾਕੀ ਟੂਕ)

ਨਾਨਕ ਲਿਖਿਆ ਮਾਥ॥ (ਰਾਮ ਕ: ਮ: ੫-੪)

ਸ਼ਾਸਤ੍ਰਾਂ ਵਿਚ ਪਦਾਰਥ ਦਾ ਇਹ ਅਰਥ ਹੈ:-ਵੀਚਾਰ ਦਾ ਵਿਖਯ, ਜਿਸਦਾ ਕਿਸੇ ਦਰਸ਼ਨ (ਫਿਲਾਸਫੀ) ਵਿਚ ਪ੍ਰਤਿਪਾਦਨ ਹੋਵੇ ਤੇ ਇਹ ਮੰਨਿਆ ਜਾਂਦਾ ਹੋਵੇ ਕਿ ਇਨ੍ਹਾਂ ਦੇ ਜਾਣਨ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ।

---

੧. ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰਿ ਗਏ ਰਸ ਅਉਰ॥ (ਗਉੜੀ ਕਬੀਰ ਜੀ-੧੩)

੨. ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥ (ਬਿਹਾ: ਮ: ੯-੧)

੩. ਛਿਨੁ ਛਿਨੁ ਕਰਿ ਗਇਓ ਕਾਲੁ॥ (ਜੈਜਾ: ਮ: ੯-੧)

੪. ਲੇਖੈ ਕਤਹਿ ਨ ਛੁਟੀਐ ਖਿਨੁ ਖਿਨੁ ਭੂਲਨਹਾਰ॥ (ਗਉੜੀ ਬਾ: ਅ: ਮ: ੫-੫੨)

੫. ਛਿਨੁ ਛਿਨੁ ਅਉਧ ਬਿਹਾਤੁ ਹੈ॥ (ਤਿਲੰ: ਮ:੯-੧)

੬. ਨਾਮੁ ਪਦਾਰਥੁ ਜਿਨ ਨਰ ਨਹੀ ਪ੍ਰਾਇਆ ਸੇ ਭਾਗ ਹੀਣ ਮੁਏ ਮਰਿ ਜਾਵੈ॥੪॥੬॥ (ਗੂ: ਮ: ੪)

੭. ਖਿਨੁ ਖਿਨੁ ਨਾਮੁ ਸਮਾਲੀਐ॥ (ਸਿਰੀ ਰਾ:ਮ: ੩-੪੨)

੮. ਏਕ ਚਿਤ ਜਿਹ ਇਕ ਛਿਨ ਧਿਆਇਓ॥ ਕਾਲਫਾਸ ਕੇ ਬੀਚ ਨ ਆਇਓ॥ (ਦਸਮ ਗੁਰੂ ਜੀ)

ਨਿਕਾ ਜੇਹਾ ਹਿੱਸਾ ਹੈ, ਪਰ ਛਿਨ ਛਿਨ ਸੰਭਾਲਿਆਂ ਤ੍ਰੈ ਕਾਲ ਸੰਭਾਲੇ ਜਾਂਦੇ ਹਨ। ਹਰ ਛਿਨ ਜਦ 'ਨਾਮ' ਨਾਲ ਪ੍ਰੋ ਹੋ ਜਾਂਦੀ ਹੈ, ਤਾਂ ਲਗਾਤਾਰ ਹੋ ਜਾਂਦੀ ਹੈ, ਰਸ ਪੈ ਜਾਂਦਾ ਹੈ, ਹਾਂ ਤਦ ਨਾਮ ਬਣ ਜਾਂਦਾ ਹੈ 'ਨਾਮ ਪਦਾਰਥ।

ਪੁੱਤ-ਕਿਵੇਂ ਸਮਝਾਂ, ਕਿਵੇਂ ਕਰਾਂ? ਕਿਸੇ ਤ੍ਰੀਕੇ ਪਾਓ ਮੇਰੇ ਅੰਦਰ।

ਪਿਤਾ-ਬੇਟਾ ਕਿੰਨਾ ਸਮਝੋ, ਤਲਵਰੀਆ ਤਾਂ ਪਿੜ ਵਿਚ ਉਤਰੇ ਤੇ ਗੱਤਕੇ ਫੜੇ ਬਿਨਾਂ ਨਹੀਂ ਬਣ ਸਕੀਦਾ। ਕਰਨੀ ਦੇ ਮੈਦਾਨ ਵਿਚ ਉਤਰ, ਜਾਹ ਅਨੰਦਪੁਰ, ਸਿੱਖ ਜਾਚ।

ਪੁੱਤ੍ਰ-ਹੱਛਾ ਪਿਤਾ ਜੀ, ਤੁਹਾਡਾ ਹੁਕਮ ਤੇ ਅੰਦਰ ਭੁੱਖ, ਕਰ ਦਿਓ ਤਯਾਰੀ ਮੇਰੇ ਟੁਰਨ ਦੀ।

ਪਿਤਾ-ਬੇਟਾ ਧਰਮਸਾਲੇ ਸਾਧੂ ਤੇ ਕੁਛ ਗ੍ਰਿਹਸਤੀ ਕੱਠੇ ਹੋ ਰਹੇ ਹਨ! ਦੱਣ ਵਲੋਂ ਬੀ ਕਈ ਆਏ ਹਨ। ਸੁਹਣਾ ਸੰਗ ਹੈ। ਸਭਨਾਂ ਨੇ ਗੁਰੂ ਕੇ ਦੁਆਰੇ ਜਾਣਾ ਹੈ। ਸੰਗ ਦੇ ਨਾਲ ਤੂੰ ਬੀ ਰਲ ਜਾਹ, ਸੰਗ ਵਿਚ ਸਫਰ ਦਾ ਖ਼ਤਰਾ ਘਟ ਜਾਂਦਾ ਹੈ।

ਐਉਂ ਗੱਲਾਂ ਬਾਤਾਂ ਕਈ ਵਾਰ ਹੋਕੇ ਹਰ ਗੋਪਾਲ ਅਨੰਦਪੁਰ 'ਸਾਹਿਬਾਂ' ਦੇ ਦਰਸ਼ਨਾਂ ਲਈ ਤਿਆਰ ਹੋ ਗਿਆ ਤੇ ਇਕ ਦਿਨ ਟੁਰ ਹੀ ਪਿਆ। ਸੌ ਰੁਪੱਯਾ ਪਿਤਾ ਨੇ ਮੱਥਾ ਟੇਕਣ ਲਈ ਆਪਣੀ ਵੱਲੋਂ ਦਿੱਤਾ ਤੇ ਉਸ ਬੀ ਚੋਖੀ ਮਾਯਾ ਭੇਟ ਕਰਨ ਲਈ ਨਾਲ ਲੈ ਲਈ।

੨.

ਆ ਰਹੇ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘੋੜੇ ਤੇ ਚੜ੍ਹੇ ਬਨਾਂ ਤੋਂ ਸ਼ਿਕਾਰ ਖੇਲਕੇ। ਅਨੰਦ ਪੁਰ ਵਿਚ ਆਏ, ਆਪਣੇ ਦਰਬਾਰ ਦੇ ਬਾਹਰ ਘੋੜੇ ਤੋਂ ਉਤਰੇ। ਸੰਗਤ ਖੜੀ ਹੈ ਦਰਸ਼ਨ ਨੂੰ। ਕਿਤਨੇ ਬਨ ਦੇ ਜੰਤੂ ਤੇ ਪੰਛੀ ਸ਼ਿਕਾਰ ਹੋਏ ਨਾਲ ਆਏ ਹਨ। ਸਰੀਰ ਜਥ੍ਹੇ ਤੇ ਤੇਜ ਵਾਲਾ ਹੈ, ਨੈਣਾਂ ਤੋਂ ਪ੍ਰਤਾਪ ਬਰਸਦਾ ਹੈ। ਦਰਸ਼ਨ ਕਰਨ ਵਾਲਿਆਂ ਵਿਚ ਦੱਖਣ ਵਲੋਂ ਆਈ ਸੰਗਤ ਗ੍ਰਿਹਸਤੀ ਤੇ ਸਾਧੂ ਬੀ ਸਾਰੇ ਖੜੇ ਹਨ। ਹਰਿ ਗੋਪਾਲ ਬੀ ਖੜਾ ਹੈ। ਉਹ ਮਨ ਵਿਚ ਧਿਆਨ ਬੰਨ੍ਹਦਾ ਆਇਆ ਸੀ ਕਿ ਗੁਰੂ ਉਸ ਨੂੰ ਕੋਈ ਕੰਦਰਾ ਵਿਚ ਬੈਠੀ ਤਪਾਂ ਨਾਲ ਸੁੱਕਕੇ ਪਿੰਜਰ ਸਮਾਨ ਹੋ ਗਈ ਕੋ ਮੂਰਤੀ ਦਿੱਸੇਗੀ, ਸ਼ਾਂਤੀ ਤੇ ਚੁੱਪ ਤੇ ਅਛੇੜ ਹਾਲਤ ਹੋਵੇਗੀ, ਨੈਣ ਬੰਦ ਹੋਣਗੇ ਤੇ ਪਾਸ ਬੈਠਿਆਂ ਲੰਮਾ ਸਾਹ ਲਿਆਂ ਬੀ ਉਸਦੀ ਸਮਾਧੀ ਨਹੀਂ ਖੁਲ੍ਹੇਗੀ, ਪਰ ਏਥੇ ਉਸ ਡਿਠਾ ਹੁਲਾਰਾ, ਤੇਜ ਤੇ ਜਲਾਲ ਵਾਲਾ ਪਰ ਇਸ ਨੂੰ ਕੌਣ ਸਮਝ ਸਕੇ। ਹਰਿਗੋਪਾਲ ਡੋਲ ਗਿਆ।

ਜਾਤ ਬਾਣੀਆਂ ਗੁਰ ਜਬ ਦੇਖੇ।
ਕਲਪਜੋ ਰਿਦੇ ਕ੍ਰਿਯਾ ਅਵਰੇਖੇ।
ਇਹ ਕੈਸੋ ਗੁਰ? ਜਿਨ ਹਿਤ ਆਏ।
ਕੋਸ ਹਜ਼ਾਰਹੁੰ ਮਗ ਉਲੰਘਾਏ।
ਕ੍ਰਿਆ ਜਿਨਹੁੰ ਕੀ ਮਹਾਂ ਕੁਢਾਲੀ।
ਹਿੰਸਾ ਕਰਤ ਦਇਆ ਉਰ ਖਾਲੀ[1]। (ਸੂ: ੫:)

ਉਧਰ ਸਤਿਗੁਰਾਂ ਦੀ ਸਾਰੀ ਸੰਗਤ ਤੇ ਕ੍ਰਿਪਾ ਦੀ ਨਜ਼ਰ ਫਿਰਦੀ ਹਰ ਗੋਪਾਲ ਤੇ ਆ ਟਿਕੀ। ਅੰਦਰਲੀਆਂ ਸੰਸੇ ਦੀਆਂ ਲਹਿਰਾਂ ਦੇ ਨਿਸ਼ਾਨ ਚਿਹਰੇ ਤੇ ਫਿਰ ਰਹੇ ਸਨ, ਗੁਰੂ ਜੀ ਦੇਖਕੇ ਮੁਸਕ੍ਰਾਏ ਤੇ ਬੋਲੇ:-ਸਹੁੰ ਨਾ ਖਾਇਆ ਕਰੋ, ਨਾ ਸੱਚ ਦੀ ਨਾ ਕੂੜ ਦੀ, ਗੁਰੂ ਜਾਮਨ ਦੇ ਕੇ ਬੀ ਸਹੁੰ ਨਾ ਖਾਓ[2]। ਪਾਪੀ ਚੋਰ ਇਕ ਪਾਪ ਕਮਾਂਵਦਾ, ਪਰ ਦਰਬ ਹਿਰਦਾ, ਬੇਰਹਿਮੀ ਨਾਲ ਲੋਕਾਂ ਨੂੰ ਕੁੱਟਦਾ ਝੂਠੀ ਗੁਰੂ ਦੀ ਸਹੁੰ ਖਾਕੇ ਜੇ ਆਪਣੇ ਪਾਪ ਸੁਭਾਵ ਕਰ ਕੇ ਪੰਛੀ ਬਨ ਗਿਆ ਤੇ ਰਾਜਾ ਜਿਸ ਪਾਸ ਸਹੁੰ ਖਾਧੀ ਸੀ ਆਪਣੇ ਕਰਮਾਂ ਕਰਕੇ ਬਾਜ ਬਣ ਗਿਆ ਤੇ ਉਸ ਪੰਛੀ ਨੂੰ ਮਾਰ ਲਿਆ ਤਾਂ ਕਰਮ ਗਤਿ ਭੁਗਤੀ, ਗੁਰੂ ਦਾ ਵਿਚ ਕੀਹ। ਕਰਮਾਂ ਦੇ ਗੇੜ ਮਾਰਦੇ ਤੇ ਤਸੀਹੇ ਦੇਂਦੇ ਹਨ। ਨਾ ਪਾਪ ਕਰੋ, ਨਾ ਝੂਠੀਆਂ ਸੁਗੰਦਾਂ ਖਾਓ ਤਾਂ ਫਲ ਭੋਗਣੋਂ ਬੀ ਬਚੋਗੇ। ਇਹ ਕਹਿਕੇ ਗੁਰੂ ਜੀ ਅੰਦਰ ਲੰਘੇ ਤੇ ਇਕ ਸੁਹਣੇ ਥਾਂ ਜਾ ਬੈਠੇ। ਸੰਗਤ ਬੀ ਜੁੜ ਬੈਠੀ। ਅਜ ਸ਼ਿਕਾਰ ਵਿਚ ਆਪ ਨੂੰ ਬਹੁਤ ਸਫਰ

---

੧. ਦੇਖਕੈ ਕ੍ਰਿਯਾ ਕਲਪਿਆ, ਭਾਵਨਾ ਫਿਰ ਗਈ, ਕੈਸੇ ਗੁਰੂ ਹੈਨ? ਦਇਆ ਕਿਉਂ ਤਿਆਗੀ। (ਸੋ ਸਾਖੀ)

੨. ਸਪਥ ਨਾ ਕਰ ਗੁਰ ਸਾਚ ਪਰ ਝੂਠਾ ਟਿਕੈ ਨ ਪਾਇ॥ ਸਾਚਾ ਜੋਨੀ ਪਰਭੁਗੈ ਕੂਰੇ ਕੈਸਾ ਥਾਇ॥ (ਸੋ ਸਾਖੀ)

ਪਿਆ ਸੀ, ਪ੍ਰਸ਼ਾਦਿ ਦਾ ਵੇਲਾ ਬੀ ਨੇੜੇ ਸੀ ਸੋ ਓਥੇ ਹੀ ਪ੍ਰਸ਼ਾਦਿ ਮੰਗਵਾ ਲਿਆ। ਜਦ ਥਾਲ ਅੱਗੇ ਧਰਿਆ ਗਿਆ ਤਾਂ ਹਰ ਗੋਪਾਲ ਫੇਰ ਘਬਰਾਇਆ ਕਿ ਕਿਤੇ ਇਸ ਥਾਲ ਵਿਚੋਂ ਪ੍ਰਸ਼ਾਦਿ ਕਰਕੇ ਕੁਛ ਮੈਨੂੰ ਨਾ ਦੇ ਦੇਣ। ਹੋਵੇ ਨਾ ਤਾਂ ਮੈਨੂੰ ਪ੍ਰਸ਼ਾਦਿ ਨਾ ਮਿਲੇ। ਗੁਰੂ ਜੀ ਰਸੋਈਏ ਵਲ ਤੱਕ ਕੇ ਬੋਲੇ: ਭਾਈ! ਅਹੁ ਜੋ ਉਜੈਨੀ ਸਿੱਖ ਹੈ, ਇਸ ਨੂੰ ਪ੍ਰਸ਼ਾਦਿ ਲੰਗਰ ਵਿਚ ਮਿਲੇ, ਜਿਧਰ ਵੱਡਾ ਲੰਗਰ ਹੈ ਤੇ ਮਹਾਂ ਪ੍ਰਸ਼ਾਦਿ ਨਹੀਂ ਬਣਦਾ। ਇਹ ਦਿਲ ਦੀ ਬੁੱਝੀ ਜਾਣ ਦੀ ਗਲ ਵੇਖਕੇ ਹਰ ਗੋਪਾਲ ਦੀ ਅੰਦਰਲੀ ਲਹਿਰ-ਗਤੀ ਕੁਛ ਖੜੋ ਗਈ, ਵਿਚਾਰਨ ਲੱਗਾ ਕਿ ਚਾਹੋ ਕ੍ਰਿਆ ਗੁਰੂ ਦੀ ਵੈਸ਼ਨਵੀ ਨਹੀਂ, ਪਰ ਅੰਤਰਯਾਮੀ ਹਨ। ਹੈਂ.....,ਮਹਾਂ ਪੁਰਖ ਤਾਂ ਹਨ, ਮੇਰੀ ਸਮਝ ਇਨ੍ਹਾਂ ਨੂੰ ਸਮਝ ਤੇ ਪਰਖ ਨਹੀਂ ਸਕੀ। ਗਲ ਕੀਹ, ਸੰਗਤ ਸਾਰੀ ਪ੍ਰਸ਼ਾਦਿ ਲਈ ਉੱਠੀ, ਇਹ ਬੀ ਗਿਆ ਤੇ ਪ੍ਰਸ਼ਾਦਿ ਛਕਿਓਸੁ। ਰਾਤ ਪਈ, ਹੋਰ ਤਾਂ ਸਾਰੇ ਸੌਂ ਗਏ, ਪਰ ਹਰਗੋਪਾਲ ਫਿਰ ਸੰਸੇ ਦੀ ਨੈਂ ਰੁੜ੍ਹ ਰਿਹਾ ਹੈ। ਕਦੇ ਤਾਂ ਇਸ ਦਾ ਗੁਰੂ ਦੀ ਅੰਤਰਯਾਮਤਾ ਪਰ ਸਿਦਕ ਬੱਝਦਾ ਹੈ, ਕਦੇ ਤਰਕ ਫੁਰਦੀ ਹੈ ਕਿ ਮੇਰੇ ਪਿਤਾ ਨੇ ਇਸ ਗੁਰੂ ਵਿਚ ਕੀਹ ਡਿੱਠਾ ਸੀ, ਕਿਸ ਤਰ੍ਹਾਂ ਦਾ ਗੁਰੂ ਉਸ ਨੇ ਲੱਭਾ? ਆਖਦਾ ਸੀ 'ਜੀਅਦਾਨ ਦੇ ਦਾਤੇ ਹਨ', ਇਹ ਜੀਵਨ ਦੇਂਦੇ ਹਨ ਕਿ ਜੀਆਂ ਦਾ ਜੀਵਨ ਲੈਂਦੇ ਹਨ! ਸਾਧੂ ਚਾਹੀਏ ਜੀਵ ਮਾਤ੍ਰ ਨੂੰ ਨਾ ਦੁਖਾਵੇ, ਦਇਆ ਵਿਚ ਵਿਚਰੇ, ਜੈਸੇ ਜੈਨੀ ਵਿਚਰਦੇ ਹਨ, ਕੀੜਿਆਂ ਤਕ ਨੂੰ ਭੀ ਪਾਲਦੇ ਹਨ। ਸਾਧੂ ਚਾਹੀਏ ਉਦਾਸ ਤੇ ਵੈਰਾਗ ਦੀ ਮੂਰਤ। ਮਨਾਂ ਮੁੜ ਚੱਲ ਘਰਾਂ ਨੂੰ, ਰੁਪਏ ਚੜ੍ਹਾਵਾਂ ਕਿ ਨਾਂ? ਪੰਜ ਸੌ ਅਪਣੀ ਵਲੋਂ ਦੇਣ ਦਾ ਸੰਕਲਪ ਸੀ, ਦਿਆਂ ਕਿ ਨਾਂ? ਹਾਂ ਮੈਂ ਦੇਂਦਾ, ਗੁਰੂ ਬਣਾਉਂਦਾ, ਪਰ ਕ੍ਰਿਆ ਪਸੰਦ ਨਹੀਂ ਆਈ। ਐਸ ਤਰ੍ਹਾਂ ਦੀ ਦੁਚਿਤਾਈ ਵਿਚ ਰਾਤ ਬੀਤ ਗਈ। ਤੜਕੇ ਹਰਿ ਗੋਪਾਲ ਉੱਠਿਆ, ਨ੍ਹਾਤਾ, ਤੁਰਨ ਦੀ ਸੋਚੀ। ਮਨ ਫੇਰ ਫਿਰ ਪਿਆ। ਮਨ ਮਨ ਨੂੰ ਆਖਦਾ ਹੈ, ਕੱਲ ਤੂੰ ਅੰਤਰਯਾਮਤਾ ਬੀ ਦੇਖੀ ਸੀ, ਖਬਰੇ ਕੁਛ ਹੋਵੇ ਹੀ। ਚੱਲ ਕੁਛ ਦਿਨ ਰਹ, ਦਰਸ਼ਨ ਕਰ, ਬਚਨ ਸੁਣ, ਕਾਹਲੀ ਕਰਕੇ ਮੁੜ ਗਿਓਂ ਤਾਂ ਪਿਤਾ ਝੂਠਿਆਂ ਕਰੇਗਾ।

੩.

ਸਾਰੇ ਵੇਲੇ ਵੇਲੇ ਹੀ ਹਨ, ਕਾਲ ਦੀ ਗਤੀ ਹੈ, ਜੋ ਚੱਲ ਰਿਹਾ ਹੈ ਤੇ ਚਲਦਾ ਸਹੀ ਨਹੀਂ ਹੁੰਦਾ ਤੇ ਜਿਸ ਦੀ ਚਾਲ ਵਿਚ ਹੀ ਸੰਸਾਰ ਚਲ ਰਿਹਾ ਹੈ। ਪਰ ਵੇਲਿਆਂ ਵਿਚ ਫਰਕ ਬੀ ਹੈ। ਸੂਰਜ ਚੜ੍ਹੇ ਬ੍ਰਿਤੀ ਖਿੰਡਦੀ ਹੈ, ਦੁਪਹਿਰਾਂ ਗਰਮ ਹਨ, ਸੰਧਯਾ ਵੇਲੇ ਮਨ ਮੁੜਦਾ ਹੈ, ਰਾਤ ਨੂੰ ਠੰਢ ਉਤਰਦੀ ਹੈ। ਤਿਵੇਂ ਪਿਛਲੀ ਰਾਤ ਸੀਤਲ ਹੈ, ਮਾਨੋਂ ਝਿੰਮ ਝਿੰਮ ਅੰਮ੍ਰਿਤ ਵਰਸਦਾ ਹੈ, ਮਨੁਖ ਸੁੱਤੇ ਪਏ ਹਨ, ਪੰਛੀ ਆਰਾਮ ਵਿਚ ਹਨ, ਕੁਦਰਤ ਟਿਕੀ ਹੋਈ ਭਾਸਦੀ ਹੈ, ਗਰਮੀ ਦੀ ਥਾਂ ਸੀਤਲਤਾਈ ਲੈਂਦੀ ਹੈ। ਇਸ ਵੇਲੇ ਜੇ ਕੋਈ ਮਨ ਨੂੰ ਮਨ ਵਿਚ ਜੋੜੇ ਤਾਂ ਵੇਲਾ ਅੰਮ੍ਰਿਤ ਹੋ ਲਗਦਾ ਹੈ। ਮਨੁਖ ਰੋਟੀ ਖਾਕੇ ਰਾਤ ਨੂੰ ਸੌਂ ਜਾਂਦਾ ਹੈ। ਖਾਧਾ ਹਜ਼ਮ ਹੋਕੇ ਉਸਦੇ ਸੂਖਮ ਰਸ ਬਣਕੇ ਪਿਛਲੀ ਰਾਤ ਤਕ ਸਾਰੇ ਸਰੀਰ ਵਿਚ ਫਿਰ ਜਾਂਦੇ ਹਨ, ਉਸ ਵੇਲੇ ਸਰੀਰ ਆਪਣੇ ਸੁਤੇ ਹੀ ਪੂਰੇ ਬਲ ਵਿਚ ਹੁੰਦਾ ਹੈ। ਰਾਤ ਸੌਂ ਲੈਣ ਕਰਕੇ ਸਰੀਰ ਦਾ ਥਕਾਨ ਦੂਰ ਹੋ ਗਿਆ ਹੁੰਦਾ ਹੈ। ਮਨ ਜੋ ਦਿਨੇ ਲੋੜਾਂ, ਆਸ਼ਾ, ਤ੍ਰਿਸ਼ਨਾ ਤੇ ਰਸਾਂ ਕਸਾਂ ਦੀ ਖ਼ਾਤਰ ਸੋਚਾਂ ਸੋਚਦਾ ਤੇ ਸਰੀਰ ਨੂੰ ਮਿਹਨਤ ਵਿਚ ਲਾਈ ਰਖਦਾ ਹੈ ਰਾਤ ਨੂੰ ਨੀਂਦ ਦੀ ਗੋਦੀ ਸੌਂਕੇ ਕੁਛ ਟਿਕਾਉ ਵਲ ਰੁਖ ਕਰ ਜਾਂਦਾ ਹੈ। ਚਾਹੋ ਸੁੱਤਾ ਬੀ ਸੁਪਨੇ ਦੇਖਦਾ ਹੈ ਤੇ ਚਾਹੋ ਨੀਂਦ ਤਮੋਗੁਣੀ ਸ਼ੈ ਮੰਨੀ ਹੈ, ਪਰ ਤਦ ਬੀ ਪੂਰੀ ਨੀਂਦਰ ਵਿਚ ਮਗਰੋਂ ਮਨ ਦਾ ਕੋਈ ਝੁਕਾਉ ਅੰਦਰ ਵਲ ਨੂੰ ਹੁੰਦਾ ਹੈ। ਏਹ ਤ੍ਰੈਏ ਸਾਮਾਨ ਕੁਦਰਤੀ ਸਹਾਯਕ ਹੁੰਦੇ ਹਨ ਅਭਜਾਸ ਦੇ। ਜੇ ਕੋਈ ਇਸ ਵੇਲੇ ਜਾਗੇ ਤੇ ਅੰਦਰਲੇ ਨੂੰ ਨਾਮ ਵਿਚ ਲਾਵੇ ਤਾਂ ਮਨ ਨਾਮ ਸਿਮਰਨ ਵਿਚ ਟੁਰ ਪੈਂਦਾ ਹੈ। ਇਸੇ ਕਰਕੇ ਇਹ ਵੇਲਾ ਅੰਮ੍ਰਿਤ ਦੇ ਪੀਣ ਦਾ ਹੈ। ਹਾਂ, ਜੇ ਇਸ ਵੇਲੇ ਕੀਰਤਨ ਦੀ ਮਧੁਰ ਧੁਨਿ ਕੰਨੀਂ ਪਵੇ ਤਾਂ ਚਿਤ ਹੋਰ ਸੁਖੀ ਹੁੰਦਾ ਹੈ ਤੇ ਨਾਮ ਵਿਚ ਲਗਨ ਹੋਰ ਖੁਭਵੀਂ ਲਗਦੀ ਹੈ। ਤਦੇ ਗੁਰੂ ਬਾਬੇ ਨੇ ਆਸਾ ਦੀ ਵਾਰ ਅੰਮ੍ਰਿਤ ਵੇਲੇ ਕੀਰਤਨ ਵਿਚ ਗਾਂਵੀਂ

ਜਾਣ ਦੀ ਰੌ ਟੋਰੀ। ਤਾਂ ਹੀ ਫੁਰਮਾਇਆ ਸਾਨੇ **'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।'**

ਅੰਮ੍ਰਿਤ ਵੇਲਾ ਹੈ। ਚੁਪਚਾਨ ਹੈ, ਟਿਕਾਉ ਹੈ, ਸੁਹਾਉ ਹੈ, ਸਾਹਿਬਾਂ ਦੇ ਦਰਬਾਰ ਆਸਾ ਦੀ ਵਾਰ ਲਗ ਰਹੀ ਹੈ, ਆ ਗਏ ਸਾਹਿਬ ਜੀ, ਬਿਰਾਜ ਗਏ ਆਪਣੇ ਤਖਤ ਉਤੇ। ਕੀਰਤਨ ਹੋ ਰਿਹਾ ਹੈ, ਮਾਨੋ ਰਸ ਰੰਗ ਭਰੀਆਂ ਸੁਰਾਂ ਦੇ ਮੇਲ ਤੋਂ ਬਣੀ ਇਕ ਸੁਰਤਾ ਦੀ ਬਰਫ ਦੇ ਰੂੰ-ਗੁਹੜੇ ਮਲਕੜੇ ਮਲਕੜੇ ਪੈ ਰਹੇ ਹਨ। ਟਿਕ ਰਿਹਾ ਹੈ 'ਸਾਰਾ ਦੀਵਾਨ' ਰਸ ਵਿਚ। ਰਾਗੀ ਸਿੰਘ ਵਾਰ ਤੇ ਛੱਕੇ ਗਾਉਂਦੇ ਹੁਣ ਇਕ ਸ਼ਬਦ ਦੀ ਰੰਗਤ ਵਿਚ ਆਏ। ਉਸ ਨੂੰ ਕੀਰਤਨ ਵਿਚ ਪ੍ਰਕਾਸ਼ ਦੇਣ ਲਈ ਝੁਕ ਪਏ ਅਲਾਪ ਵਲ; ਛੇੜ ਦਿਤੋਨੇ ਮਿੱਠਾ ਮਿੱਠਾ ਆਲਾਪ ਭੈਰਵੀ ਦਾ,-ਏਕਾਗਰਤਾ ਦਾ ਰਸ ਬੰਨ੍ਹਣ ਵਿਚ ਅਲਾਪ ਦੀ ਤਾਸੀਰ ਸੁਹਣੀ ਪੈਂਦੀ ਹੈ। ਕੁਛ ਚਿਰ ਅਲਾਪ ਦਾ ਰੰਗ ਬੰਨ੍ਹਕੇ ਹੁਣ ਰਾਗੀ ਸਿੰਘ ਤਾਰ ਵਿਚ ਆ ਗਏ, ਲਗੇ ਭੈਰਵੀ ਨੂੰ ਤਾਰ ਵਿਚ ਵਜਾਉਣ, ਬੈਠਵੀਂ ਲੈ ਵਿਚ ਝੂੰਮਾਂ ਪੈਦਾ ਹੋ ਗਈਆਂ। ਕੁਛ ਚਿਰ ਮਗਰੋਂ ਖੁੱਲ੍ਹ ਪਏ ਗਲੇ, ਗੁਰਬਾਣੀ ਆਈ ਰਾਗ ਵਿਚ, ਕੀਰਤਨ ਹੋ ਗਿਆ ਇਕ ਗੁਰੂ ਉਚਾਰੇ ਸ਼ਬਦ ਦਾ, ਜਿਸ ਸ਼ਬਦ ਦਾ ਭਾਵ ਕਿ ਨਾਮ ਦੀ ਤਾਸੀਰ ਨੂੰ ਵਰਣਨ ਕਰਦਾ ਨਾਮ ਵਿਚ ਪ੍ਰੋ ਲੈਂਦਾ ਹੈ ਰਸੀਏ ਦੇ ਮਨ ਨੂੰ, ਤੇ ਨਾਮ ਨੂੰ ਮੂਰਤੀਮਾਨ ਕਰ ਦਿੰਦਾ ਹੈ ਦਿਲ ਨੈਣਾਂ ਦੇ ਅਗੇ। ਰਾਗੀ ਸਿੰਘਾਂ ਨੇ ਰਹਾਉ ਦੀ ਤੁਕ ਪਹਿਲੋਂ ਛੇੜੀ।

'ਜਪਿ ਮਨ ਸਤਿਨਾਮੁ ਸਦਾ ਸਤਿਨਾਮੁ'॥

ਇਹ ਪਹਿਲੀ ਤੁਕ ਪੜ੍ਹੀਓ ਨੇ ਬੈਠਵੀਂ ਲਯ ਤੇ ਠਹਿਰਾਉ ਵਾਲੇ ਉਚਾਰ ਨਾਲ ਕਿ ਸਤਿਨਾਮ ਇਕ ਰਸਮਯ ਰੰਗ ਬਣਕੇ ਥਰਕਦਾ ਖਿੱਚਾਂ ਪਾਉਂਦਾ ਮਾਨੋ ਦਿੱਸਣ ਲੱਗ ਗਿਆ। ਹਾਂ, ਸ਼ਬਦ ਦਾ ਰਾਗ ਸੀ ਤਾਂ ਧਨਾਸਰੀ ਪਰ ਵੇਲਾ ਸਵੇਰਾਂ ਦਾ ਹੋਣ ਕਰਕੇ ਰਾਗੀ ਸਿੰਘਾਂ ਨੇ ਭੈਰਵੀ ਦੀ, ਈਸ਼ੂਰ ਵਲ ਰਾਗ ਤੇ ਜਗਤ ਤੋਂ ਵੈਰਾਗ ਵਾਲੀ ਥ੍ਰਾਟ ਨਾਲ ਭਰੀ, ਮੋਤੀਆਂ ਝਾਲ ਵਾਲੀ ਭੈਰਵੀ ਵਿਚ ਇਸ ਨੂੰ ਗਾਵਿਆਂ।

ਫੇਰ ਗਾਵੇਂ-**"ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਏ ਹਰਿ ਪੁਰਖੁ ਨਿਰੰਜਨਾ"।**

ਇਸ ਤੁਕ ਨਾਲ ਰਸ ਬੰਨ੍ਹਕੇ ਰਾਗੀ ਸਿੰਘ ਫੇਰ ਸਾਜ਼ਾਂ ਦੇ ਅਲਾਪ ਵਿਚ ਮਗਨ ਹੋ ਗਏ, ਸੰਗਤ ਬੀ ਮਗਰੇ ਮਗਰ ਸੁਰਤ ਨੂੰ ਮਗਨ ਕਰ ਬੈਠੀ ਨਾਮ ਰਸ ਵਿਚ। ਹੁਣ ਫਿਰ ਕੋਇਲ ਕੂ ਉਠੀ, **"ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾਕੈ ਵਸਿ ਹੈ ਕਾਮਧੇਨਾ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥"** ਫੇਰ ਰਹਾਉ ਦੀ ਤੁਕ।

ਇਨ੍ਹਾਂ ਤੁਕਾਂ ਦੇ ਉੱਚਾਰ ਨਾਲ ਵਾਹਿਗੁਰੂ ਦਾ ਵਜੂਦ ਸਾਮਰਤਖ ਮਾਨੋਂ ਦਿਖਾਕੇ ਫੇਰ ਆਏ **'ਜਪਿ ਮਨ ਸਤਿਨਾਮੁ ਸਦਾ ਸਤਿਨਾਮੁ'**, ਰਹਾਉ ਵਾਲੀ ਤੁਕ ਦੇ ਗਾਇਨ ਤੇ। ਫਿਰ ਹੁਣ ਅਲਾਪ ਵਿਚ ਟੁੱਭੀ ਲਾਕੇ ਰਾਗੀ ਸਿੰਘ ਨਵੀਂ ਤੁਕ ਸ਼ਬਦ ਦੀ ਲੈਕੇ ਆਏ ਹਨ:-

'ਜਹ ਹਰਿ ਸਿਮਰਨੁ ਭਇਆ ਤਹ ਉਪਾਧਿਗਤੁ ਕੀਨੀ ਵਡਭਾਗੀ ਹਰਿ ਜਪਨਾ'। ਫਿਰ ਗਾਵੇਂ:-
'ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ॥੨॥੬॥੧੨॥'

(ਧਨਾ: ਮ: ੪)

ਇਸ ਸ਼ਬਦ ਦੇ ਕੀਰਤਨ ਨੇ ਉਹ ਰਸ ਰੰਗ ਬੱਧਾ ਕਿ ਹਰਿਗੋਪਾਲ ਇਕ ਵੇਰ ਤਾਂ ਝੂਮ ਉਠਿਆ, ਉਸ ਨੂੰ ਪਤਾ ਨਾ ਰਿਹਾ ਕਿ ਮੈਂ ਕਿੱਥੇ ਹਾਂ। ਸਾਰੇ ਸਰੀਰ ਵਿਚੋਂ ਠੰਢ ਠੰਢ ਲੰਘ ਗਈ ਤੇ ਸੁਆਦ ਸੁਆਦ ਆ ਗਿਆ। ਝੂੰਮ ਤਾਂ ਕੀਰਤਨ ਮਗਰੋਂ ਘਟ ਗਈ ਪਰ ਕੁਛ ਹਲਕਾਪਨ ਤੇ ਸੁਆਦ ਜਾਰੀ ਰਿਹਾ। ਆਸਾ ਦੀ ਵਾਰ ਦਾ ਭੋਗ ਪੈ ਗਿਆ, ਸੰਗਤਾਂ ਪੇਸ਼ ਹੋਈਆਂ, ਆਪੋ ਆਪਣੇ ਮਨੋਰਥ ਦੱਸ ਕੇ ਤੇ ਅਸੀਸਾਂ ਮਿਹਰਾਂ ਲੈਕੇ ਸੁਖੀ ਹੋਈਆਂ। ਹਰਿਗੋਪਾਲ ਦੀ ਅਰਜ਼ ਕਰਨ ਦੀ ਵਾਰੀ ਆਈ ਸੀ ਕਿ ਸਤਿਗੁਰ ਬੋਲੇ 'ਸਿਖੋ ਸੁਆਦ ਸਾਰੇ ਮਨ ਦੇ ਕਿ ਹੋਰ ਦੇ?' ਤਾਂ ਇਕ ਸਿਖ ਬੋਲਿਆ 'ਸੁਆਦ, ਪਾਤਸ਼ਾਹ! ਜੀਭ ਦੇ'! ਦੂਸਰੇ ਨੇ ਕਿਹਾ 'ਸੁਆਦ ਕਰਮ ਦੇ', ਕਿਸੇ ਨੇ ਕਿਹਾ 'ਸੁਆਦ ਜੀਵ ਦੇ', ਕਿਸੇ ਨੇ ਕਿਹਾ 'ਸੁਆਦ ਸੁਭਾਵ ਅਨੁਸਾਰ'। ਕਿਸੇ ਕਿਹਾ 'ਸੁਆਦ ਦੇਹੀ ਦਾ ਧਰਮ ਹੈ'। ਤਦ ਸਤਿਗੁਰਾਂ ਹਰਿਗੋਪਾਲ ਵੱਲ ਤੱਕਿਆ। ਹੁਣ ਹਰਿਗੋਪਾਲ ਸੁਆਦ ਵਿਚ ਸੀ, ਉਹ ਸਮਝ ਚੁਕਾ ਸੀ ਕਿ ਮੈਂ ਸੁਆਦ ਵਿਚ ਹਾਂ, ਪਰ ਇਹ ਸੁਆਦ

ਜੀਭ ਦਾ ਨਹੀਂ, ਕਿਉਂਕਿ ਮੈਂ ਕੁਛ ਖਾਧਾ ਨਹੀਂ। ਇਹ ਕਰਮ ਦਾ ਬੀ ਨਹੀਂ ਕਿਉਂਕਿ ਮੈਂ ਤਾਂ ਚੁੱਪ ਅਹਿੱਲ ਅਕ੍ਰੈ ਹੋਇਆ ਬੈਠਾ ਹਾਂ। ਇਹ ਸੁਆਦ ਸੁਭਾਵ ਦਾ ਭੀ ਨਹੀਂ ਕਿਉਂਕਿ ਜੋ ਕੁਝ ਇਥੇ ਹੁਣ ਵਰਤਿਆ ਹੈ ਸੋ ਉਸ ਦਾ ਮੈਨੂੰ ਸੁਭਾਵ ਨਹੀਂ। ਮੇਰੀ ਦੇਹੀ ਦੇ ਪੰਜ ਇੰਦ੍ਰੈ ਹਨ, ਪੰਜਾਂ ਦੁਆਰਾ ਮਨ ਰਸ ਲੈਂਦਾ ਹੈ ਪਰ ਮੇਰੇ ਸਾਰੇ ਇੰਦ੍ਰੈ ਅਚਲ ਜਿਹੇ ਰਹੇ ਹਨ ਤੇ ਮਨ ਉਨ੍ਹਾਂ ਨੂੰ ਬਾਹਰ ਵਿਸ਼ਿਆਂ ਵਲ ਨਹੀਂ ਟੋਰਦਾ ਰਿਹਾ, ਸਗੋਂ ਕੰਨ ਇੰਦ੍ਰੈ ਦੁਆਰਾ ਆਏ ਅਸਰ ਨੂੰ ਲੈਕੇ ਮਨ ਆਪੇ ਅੰਦਰ ਜੁੜਦਾ ਰਿਹਾ ਹੈ, ਤਾਂ ਤੇ ਇਹ ਦੇਹੀ ਦਾ ਰਸ ਨਹੀਂ। ਭਲਾ ਕੰਨਾਂ ਦਾ ਰਸ ਕਿਹਾ ਜਾਏ ਤੇ ਇਉਂ ਦੇਹੀ ਦਾ ਮੰਨ ਲਿਆ ਜਾਏ, ਪਰ ਮੈਂ ਅਗੇ ਰਾਗ ਕਈ ਵੇਰ ਸੁਣਿਆਂ ਹੈ, ਨਾਚ ਡਿੱਠਾ ਹੈ, ਉਹ ਤਾਂ ਬਾਹਰ ਦੇ ਰਸਾਂ ਵਲ ਲੈ ਜਾਂਦਾ ਹੈ ਤੇ ਹੋਰ ਹੋਰ ਤਰ੍ਹਾਂ ਦੇ ਰਸ ਪੈਦਾ ਕਰਦਾ ਹੈ। ਇਹ ਕੀਰਤਨ ਆਇਆ ਤਾਂ ਕੰਨ ਇੰਦ੍ਰੇ ਦੇ ਰਸਤੇ ਹੈ ਪਰ ਅਸਰ ਹੋਇਆ ਹੈ ਅੰਤਰ ਮੁਖ ਹੋਣ ਦਾ। ਅੰਤਰ ਮੁਖ ਹੋਣ ਦੇ ਅਰਥ ਹਨ,-ਬਾਹਰ ਦੇ ਜਗਤ ਵਲੋਂ ਮਨ ਦਾ ਰੁਖ ਪਲਟਣਾ ਤੇ ਅੰਦਰ ਵਲ ਹੋਕੇ ਭੋਗ ਰਸ ਤੋਂ ਪਰੇ ਹੋਣਾ, ਸੋ ਇਹ ਮਨ ਦਾ ਰਸ ਨਾ ਹੋਇਆ; ਇਹ ਤਾਂ ਮਨ ਨੂੰ ਮਨ ਵਿਚ ਡੋਬਣ ਦਾ ਰਸ ਹੈ। ਜੇ ਕਹਾਂ ਕਿ ਜੀਵ ਰਸ ਹੈ ਤਾਂ ਜੀਵ ਦੀ ਸ਼ੁੱਧ ਅਵਸਥਾ ਦਾ ਮੈਂ ਅਜੇ ਜਾਣੂ ਹੀ ਨਹੀਂ ਹਾਂ, ਚਾਹੋ ਰੁਖ ਇਸ ਸੁਆਦ ਦਾ ਉਸ ਪਾਸੇ ਹੈ। ਪਰ ਮੈਨੂੰ ਸੁਆਦ ਤਾਂ ਆਇਆ ਹੈ ਕਿ ਮੇਰੇ ਮਨ ਨੇ ਡੋਲਨੀ ਬੇੜੀ ਛੱਡੀ ਤੇ ਮੇਰੇ ਅਜਾਣੇ ਸਿਦਕ ਦੇ ਘਰ ਚਲਾ ਗਿਆ, ਤਦੋਂ ਕੀਰਤਨ ਨੇ ਮੇਰੇ ਅੰਦਰ ਸੁਆਦ ਬੰਨ੍ਹ ਦਿਤਾ ਜਿਸਦਾ ਕਾਰਨ ਸਰੀਰਕ ਨਹੀਂ, ਇਹ ਰਮ ਕੋਈ ਹੋਰ ਸ਼ੈ ਹੈ ਤੇ ਕਾਰਨ ਸਿਦਕ ਹੈ। ਇਸ ਪ੍ਰਕਾਰ ਦੇ ਵੀਚਾਰ ਕਰ ਕਰਕੇ ਉਹ ਬੋਲਿਆ, 'ਸਤਿਗੁਰ ਜੀਉ! ਇਹ ਰਸ ਸਿਦਕ ਦਾ ਹੈ'।

ਤਿਸ ਤੇ ਗੁਰ ਸੁਨਿ, ਕਹਿੰ ਤਿਸ ਬੇਰਾ। 'ਪਿਤਾ ਬਿਸ਼ੰਭਰ ਦਾਸ ਜੁ ਤੇਰਾ। ਸੁਨ ਸਿੱਖਾ! ਸਿਖ ਸਿਦਕੀ ਸੋਇ। ਕਹੁ ਤਿਸ ਸੰਗ ਮਿਲਨਿ ਜਬਿ ਹੋਇ। ਦੋਹਰਾ-ਸ੍ਰੀ ਗੁਰ ਹੁਕਮ ਜੁ ਭਾਵ ਕਾ ਦਯੋ ਸੁ ਤੇਰੇ ਪਾਸ। ਤਿਸ ਕੋ ਲੀਨੋ ਹਮ ਅਬੈ ਕਰਹੁ ਨ ਕੈਸੇ ਆਸ'॥੨੭॥ (ਸੂ: ਪ:)

ਤਦ ਹਰਿਗੋਪਾਲ ਨੇ ਕਿਹਾ ਪਾਤਸ਼ਾਹ! ਇਸਦਾ ਅਰਥ ਮੈਂ ਨਹੀਂ ਸਮਝਿਆ। ਮੈਂ ਬੀ ਆਪ ਦਾ ਸਿੱਖ ਹਾਂ, ਕ੍ਰਿਪਾ ਕਰਕੇ ਮੈਨੂੰ ਬੀ ਸਮਝਾ ਦਿਓ। ਤਦ ਆਪ ਮੁਸਕ੍ਰਾਏ ਤੇ ਬੋਲੇ:-ਭਾਈ ਤੂੰ ਤਾਂ ਵੈਸ਼ਨੋ ਦਾ ਸੇਵਕ ਹੈਂ, ਸਾਡੀ ਸਿੱਖੀ ਤੂੰ ਕਦੋਂ ਪ੍ਰਾਪਤ ਕੀਤੀ ਸੀ? ਤੈਨੂੰ ਤਾਂ ਕ੍ਰਿਆਵਾਨ* ਦੀ ਲੋੜ ਹੈ, ਉਸਦਾ ਉਪਦੇਸ਼ ਧਾਰਨ ਕਰ। ਸਾਡੇ ਘਰ ਤਾਂ ਜੀਵਨ ਦੀ ਖੇਡ ਹੈ, ਅਸੀਂ ਤਾਂ ਜੀਵਾਲਦੇ ਹਾਂ, ਅਜਿੰਦ ਖੇਡਾਂ ਸਾਡੇ ਪਸੰਦ ਨਹੀਂ। ਅਸਾਂ ਜੋ ਤੈਨੂੰ ਸੁਨੇਹਾ ਦਿੱਤਾ ਹੈ, ਉਹ ਪਿਤਾ ਨੂੰ ਪਹੁੰਚਾ ਦੇਈਂ ਉਹ ਆਪੇ ਅਰਥ ਸਮਝ ਲਏਗਾ। ਹਰਿ ਗੁਪਾਲ ਦੇ ਮਨ ਤੋਂ ਅਜ ਸਵੇਰ ਦੇ ਸਤਿਸੰਗ ਸਰੋਵਰ ਦੇ ਇਸ਼ਨਾਨ ਨੇ ਮੈਲ ਲਾਹੀ ਸੀ, ਸ਼ਬਦ ਦਾ ਅਸਰ ਹੋਇਆ ਸੀ, ਮਨ ਸੁਆਦ ਤੇ ਸਿਦਕ ਵਿਚ ਸੀ।

ਹੁਣ ਸਤਿਗੁਰ ਦੇ ਵਾਕਾਂ ਨੇ ਚੋਭ ਦਿਤੀ ਚੰਗੇ ਭਾਵ ਵਾਲੀ, ਚਰਨਾਂ ਤੇ ਢਹਿ ਪਿਆ ਤੇ ਵਿਲਪਦੀ ਸੁਰ ਵਿਚ ਬੋਲਿਆ, ਪਾਤਸ਼ਾਹ! ਰੱਖ ਲਓ, ਰੱਖ ਲਓ, ਮੂਰਖ ਨੂੰ ਚਰਨਾਂ ਵਿਚ ਰੱਖ ਲਓ, ਮੈਂ ਕੱਲ ਮਹਿਮਾ ਲਖ ਨਹੀਂ ਸਕਿਆ, ਹੁਣ ਮੈਂ ਦਾਸ ਹਾਂ, ਰੱਖ ਲਓ ਭੁੱਲੇ ਨੂੰ। ਹੁਣ ਸਤਿਗੁਰ ਨੇ ਪਿੱਠ ਤੇ ਥਾਪੜਾ ਦਿਤਾ ਤੇ ਵਾਕ ਉਚਾਰਿਆ:-

ਉਠ, ਭਾਈ! ਬਖਸ਼ਿਆ।

੪.

ਸਤਿਗੁਰ ਦੇ ਦਰ ਕਈ ਪ੍ਰਕਾਰ ਦੇ ਜਗਜਾਸੂ ਆਇਆ ਕਰਦੇ ਸਨ। ਇਕ ਤਾਂ ਓਹ ਹੁੰਦੇ ਸਨ ਜੋ ਦਰਸ਼ਨ ਮਾਤ੍ਰ ਨਾਲ ਨਿਹਾਲ ਹੋਕੇ ਨਾਮ ਰੰਗ ਵਿਚ ਰੰਗੇ ਜਾਂਦੇ ਸਨ। ਦੂਸਰੇ ਓਹ ਜੋ ਬਚਨ ਬਿਲਾਸ ਉਪਦੇਸ਼ ਸੁਣਕੇ ਪਤੀਜ ਜਾਂਦੇ ਤੇ ਨਾਮ ਵਿਚ ਲਗ ਜਾਂਦੇ ਸਨ। ਤੀਜੇ ਓਹ ਸਨ ਜੋ ਉਤ੍ਰ ਪ੍ਰਸ਼ਨ ਕਰਕੇ, ਨਿਸ਼ਾ ਖਾਤਰ ਹੋਕੇ ਸਿਦਕ ਦੇ ਘਰ ਆਉਂਦੇ ਤੇ ਨਾਮ ਵਿਚ ਰੱਤੇ ਜਾਂਦੇ ਸਨ। ਚੌਥੇ ਓਹ ਸਨ ਜੋ ਕਈ ਵੇਰ ਸੰਸੇ ਵਿਚ ਘੁੰਮ ਘੁੰਮ ਕੇ ਫੇਰ ਤਜਰਬੇ ਵਿਚ ਕੋਈ ਠੁਹਕਰ ਖਾਕੇ, ਮਾਇਆ ਦੀ ਸੂਖਮ ਨਿੰਦ੍ਰਾ ਤੋਂ ਜਾਗਕੇ ਅੰਤਰ ਮੁਖ ਰਸ ਵਿਚ ਪ੍ਰਵਿਰਤ ਹੁੰਦੇ ਸਨ। ਅਕਸਰ

*ਕਰਮ ਕਾਂਡੀ।

ਏਹ ਉੱਪਰ ਕਹੇ ਫਰਕ ਅੰਦਰਲੀ ਮਨ ਤੇ ਬੁੱਧੀ ਦੀਆਂ ਹਾਲਤਾਂ ਵਿਚ ਫਰਕ ਹੋਣ ਤੋਂ ਹੁੰਦੇ ਹਨ। ਨਾਲੇ ਪ੍ਰਾਪਤ ਕੀਤੀ ਵਿਦਯਾ ਤੇ ਸੰਗਤ ਬੀ ਮਨ ਵਿਚ ਆਪਣੇ ਅਸਰ ਪਾਉਂਦੀ ਹੈ ਤੇ ਇਸ ਤਰ੍ਹਾਂ ਦੇ ਫਰਕ ਪੈਦਾ ਹੁੰਦੇ ਹਨ। ਹਾਂ, ਕੁਛ ਏਥੋਂ ਦੇ ਤੇ ਕੁਛ ਪੂਰਬਲੇ ਸੰਸਕਾਰਾਂ ਦੀ ਖੇਡ ਬੀ ਹੈ। ਵਿਦਯਾ, ਸੰਗਤ, ਕਰਨੀ ਤੇ ਕਥਨੀ ਤੋਂ ਨਵੇਂ ਸੰਸਕਾਰ ਪੈਦਾ ਹੁੰਦੇ ਹਨ। ਜਾਪਦਾ ਹੈ ਕਿ ਹਰਿ ਗੁਪਾਲ ਕੁਛ ਇਸੇ ਤਰ੍ਹਾਂ ਦੇ ਮਨ ਵਾਲਾ ਸੀ ਜੋ ਸੰਸੇ ਕਰਕੇ ਬਹੁਤ ਮਲੀਨ ਸੀ, ਠੁਹਕਰ ਖਾਕੇ ਟਿਕਾਣੇ ਆਉਣ ਵਾਲੀ ਬੁੱਧੀ ਰਖਦਾ ਸੀ।

ਗੁਰੂ ਜੀ ਤੋਂ 'ਬਖਸ਼ੇ' ਦਾ ਵਾਕ ਪਾਕੇ ਹਰਿ ਗੋਪਾਲ ਮਹੀਨਾ ਕੁ ਹੋਰ ਅਨੰਦ ਪੁਰ ਰਿਹਾ। ਕੀਰਤਨ ਸੁਣਦਾ, ਗੁਰ ਸਿਖਾਂ ਨੂੰ ਮਿਲਦਾ, ਉੱਤਰ ਪ੍ਰਸ਼ਨ ਕਰਦਾ ਤੇ ਨਿਰਸੰਸੇ ਹੁੰਦਾ ਰਿਹਾ। ਪਰੰਤੂ ਉਸਦੇ ਅੰਦਰ ਦੀ ਮਾਯਾ ਦੀ ਪ੍ਰੀਤ ਤੇ ਵੈਸ਼ਨਵ ਦੇ ਸੰਗ ਦਾ ਅਸਰ ਅਰ ਅਪਣੀ ਮਤਿ ਦਾ ਬਾਹਰ ਮੁਖੀ ਵੇਗ ਮੁੜ ਮੁੜਕੇ ਉਸ ਨੂੰ ਉਸੇ ਘੁੰਮਣ ਘੇਰੀ ਵਿਚ ਪਾ ਦੇਂਦੇ ਸੀ ਕਿ ਜਿਸ ਵਿਚੋਂ ਉਹ ਮਸਾਂ ਮਸਾਂ ਨਿਕਲਦਾ ਸੀ। ਅਖੀਰ ਉਸ ਨੂੰ ਘਰ ਜਾਣ ਦਾ ਉੱਦਮ ਆਇਆ ਤੇ ਕਿਸੇ ਸੁਹਣੀ ਛਿਨ ਸਤਿਗੁਰ ਤੋਂ ਚੰਗੇ ਭਾਵ ਵਿਚ ਵਿਦਾ ਹੋਇਆ। ਵਿਦਾ ਹੋਣ ਤੋਂ ਪਹਿਲਾਂ ਜੋ ਮਾਯਾ ਪੰਜ ਸੌ ਦੀ ਆਪਣੀ ਵਲੋਂ ਲਿਆਇਆ ਸੀ ਤੇ ਪਿਤਾ ਵਾਲੀ ਮਾਯਾ ਗੁਰੂ ਅਰਪਨ ਕਰ ਦਿੱਤੀ। ਗੁਰੂ ਜੀ ਨੇ ਪ੍ਰਸੰਨ ਹੋਕੇ ਪ੍ਰਸ਼ਾਦਿ ਦਿੱਤਾ ਤੇ ਇਕ ਕੜਾ ਦਿੱਤਾ ਕਿ ਇਹ ਸਾਡੀ ਨਿਸ਼ਾਨੀ ਹੈ, ਅਦਬ ਰੱਖਣਾ ਤੇ ਜੋ ਤੁਸੀਂ ਕਾਮਨਾ ਕਰੋਗੇ ਇਸ ਅਦਬ ਤੋਂ ਪੂਰਨ ਹੋਵੇਗੀ। ਭਾਵ ਦਾ ਬਚਨ ਜੋ ਤੁਸਾਂ ਨੂੰ ਦਿੱਤਾ, ਪਿਤਾ ਨੂੰ ਦੇ ਦੇਣਾ। ਇਸ ਛਿਨ ਸਿੱਖੀ ਭਾਵਨਾ ਵਿਚ ਮੱਥਾ ਟੇਕ ਕੇ ਹਰਿ ਗੋਪਾਲ ਵਿਦਾ ਹੋਇਆ।

੫.

ਜਦੋਂ ਹੀ ਕਿ ਹਰਿਗੁਪਾਲ ਅਨੰਦਪੁਰ ਤੋਂ ਵਿਦਾ ਹੋਗਿਆ ਤਾਂ ਮਨ ਵਿਚ ਸਤਿਸੰਗ ਦੇ ਪ੍ਰਭਾਵ ਵਿਚ ਰੰਗੀ ਹੋਈ ਹਉਮੈਂ ਨੇ ਸਿਰ ਫੜਕਾਇਆ। ਸੰਸੇ ਦੀ ਸੋਟੀ ਲੈਕੇ ਇਸ ਹਉਂ ਨੇ ਮਨ ਨੂੰ ਤਾੜਨਾ ਅਰੰਭਿਆ ਤੇ ਮਨੋਵਾਦ ਤੁਰ ਪਿਆ:-ਹੈਂ! ਮੈਂ ਕੀਹ ਕੀਤਾ? ਇਤਨੀ ਭਾਰੀ ਰਕਮ ਭੇਟਾ ਕੀਤੀ ਤੇ ਲੀਤਾ ਕੀਹ, ਐਹ ਲੋਹੇ ਦਾ ਕੜਾ? ਇਹ ਕੜਾ ਕੀਹ ਸਾਰੇਗਾ? ਇਹ ਕੀਕੂੰ ਮਨੋਕਾਮਨਾ ਪੂਰਨ ਕਰੇਗਾ? ਫੇਰ ਕੀਹ ਪ੍ਰਸ਼ਾਦਿ! ਇਹ ਕੀਹ ਹੋਇਆ; ਸਾਡੇ ਘਰ ਕੜਾਹ ਬਾਪੂ ਬਨਵਾਇਆ ਹੀ ਕਰਦਾ ਹੈ। ਤੀਜੀ ਗਲ ਕੀਹ ਲਈ? ਬਚਨ ਸਿਦਕ ਦਾ*। ਕੱਚਾ ਸੌਦਾ ਕੀਤਾ, ਸ਼ਿਕਾਰ ਖੇਡਣ ਵਾਲੇ ਗੁਰੂ ਨਾਲ, ਰਾਜਸੀ ਠਾਠ ਹੈ ਜਿਸ ਦਾ। ਗੁਰੂ ਚਾਹੀਏ ਸੀ ਚੁਪ ਚਾਪ, ਸੁੰਨ ਮੰਡਲ ਵਿਚ ਸੁੰਨ ਮਸੁੰਨ। ਹੈਂ!.....ਹੈਂ! ਮੈਂ ਕੀਹ ਪਿਆ ਸੋਚਦਾ ਹਾਂ? ਗੁਰੂ ਪਿਤਾ ਦਾ ਗੁਰੂ ਹੈ, ਗੁਰੂ ਅੰਤਰਜਾਮੀ ਹੈ, ਮੈਂ ਆਪ ਪਰਤਾਇਆ ਹੈ, ਗੁਰੂ ਵਿਚ ਤੇਜ ਹੈ; ਸਤੋਗੁਣੀ ਪ੍ਰਭਾਵ ਬੀ ਹੈ, ਮੈਂ ਡਿੱਠਾ ਹੈ, ਸਤਿਸੰਗ ਹੈ। ਕੀਰਤਨ ਹੈ ਗੁਰੂ ਕੇ ਦੁਆਰੇ। ਕੀਰਤਨ ਵਿਚ ਸੁਆਦ ਹੈ, ਜੋਗੀ ਜਤੀ ਤਪੀ ਆਕੇ ਇਸ ਗੁਰੂ ਅਗੇ ਝੁਕਦੇ ਹਨ, ਫਕੀਰ ਤੇ ਪੀਰ ਸਿਜਦੇ ਕਰਦੇ ਹਨ, ਮੈਂ ਠੀਕ ਗੁਰੂ ਲੱਧਾ ਹੈ। ਠੀਕ ਹੈ। ਹੈ,...ਪਰ ਦੇਖੋ ਜੀ ਕੜਾ ਕੀ ਹੋਇਆ? ਭਾਉ ਦਾ ਬਚਨ ਕੀ ਹੋਇਆ? ਮੈਂ ਤਾਂ ਰੁੜ੍ਹ ਰਿਹਾ ਹਾਂ, ਸੰਸੇ ਤੋਂ ਪਾਰ ਨਹੀਂ ਪਿਆ। ਦਰਸ਼ਨ ਨਹੀਂ ਕੋਈ ਹੋਏ, ਜੋਤਾਂ ਨਹੀਂ ਡਿਠੀਆਂ, ਕੌਤਕ ਨਹੀਂ ਤੱਕੇ, ਸੁੰਨ ਨਹੀਂ ਕੋਈ ਵਾਪਰੀ, ਐਵੇਂ ਧਨ ਗੁਆ ਆਇਆ ਹਾਂ। ਵਾਹ ਵਾਹ ਮਨ ਦੀਆਂ ਮੂਰਖਤਾਈਆਂ, ਵੈਸ਼ਨਵ ਉਜੈਨ ਦਾ ਚੰਗਾ ਸੀ, ਗਿਆਂ ਖ਼ਾਤਰ ਕਰਦਾ ਸੀ। ਸਾਗ ਪਤ੍ਰ ਦਾ ਅਹਾਰੀ ਸੀ, ਖਰਚ ਕੁਛ ਨਹੀਂ ਸੀ, ਰਾਸਾਂ ਲੀਲਾਂ, ਨਾਚ ਰੰਗ ਤੱਕੀਦੇ ਸਨ, ਪਰ ਮੈਂ ਪਤੀਜਿਆ ਓਥੇ ਬੀ ਨਹੀਂ ਸੀ। ਸੋ ਕੀਹ ਹੋਇਆ ਮੈਂ.....ਹਾਇ ਪੰਜ ਸੌ ਨਾ ਮੱਥਾ ਟੇਕਦਾ, ਧਨ ਤਾਂ ਨਿੱਗਰ ਚੀਜ਼ ਸੀ, ਵਪਾਰ ਨਾਲ ਵਧਦਾ ਸੀ, ਭਾਇ ਦੇ ਬਚਨ ਨੂੰ ਕਿੱਥੇ ਰਖਾਂਗਾ? ਇਸ ਤੋਂ ਕੀਹ ਵਾਧਾ ਪਵੇਗਾ? ਇਸ ਤਰ੍ਹਾਂ ਦੀ ਮਨੋ ਕਾਮਨਾ ਵਿਚ ਹਰਿ ਗੋਪਾਲ ਚਮਕੌਰ ਪਹੁੰਚਾ। ਏਥੇ ਇਕ ਸਿਦਕੀ ਸਿਖ ਰਹਿੰਦਾ

*'ਗੁਰੂ ਜੀ ਬਖਸ਼ਸ਼ ਦੀਆਂ ਕੜਾ ਅਤੇ ਬਚਨ ਭਾਇ ਦਾ'। (ਸੌ ਸਾਖੀ)। ਪੁਨਾ:-'ਹੋਰ ਤਾਂ ਗੁਰੂ ਕੇ ਕੁਛ ਨਹੀਂ ਦਿਤਾ, ਇਕ ਸਿਖੀ ਧਰਮ ਨਿਭਣੇ ਦਾ ਬਚਨ ਦਿਤਾ ਹੈ।' (ਤਵਾ: ਖਾ:)

ਸੀ, ਧਜਾਨ ਸਿੰਘ ਮਾਜਰੀਆ। ਉਹ ਇਸ ਨੂੰ ਮਿਲ ਪਿਆ। ਗੁਰੂ ਕਾ ਸਿਖ ਜਾਣਕੇ ਉਹ ਹਰਿਗੁਪਾਲ ਨੂੰ ਘਰ ਲੈ ਗਿਆ, ਸੇਵਾ ਕੀਤੀ ਤੇ ਪ੍ਰਸ਼ਾਦਿ ਛਕਾਇਆ। ਜਾਂ ਦੁਇ ਸਤਿਸੰਗ ਦੀ ਵਾਰਤਾਲਾਪ ਕਰਨ ਲੱਗੇ ਤਾਂ ਗੱਲੋ ਗੱਲ ਹਰਿਗੋਪਾਲ ਨੇ ਆਪਣੇ ਮਨ ਨੂੰ ਨੰਗਾ ਕਰ ਦਿੱਤਾ। ਉਸ ਦੀ ਬੇਸਿਦਕੀ ਵਾਲੀ ਗੱਲ ਬਾਤ ਸੁਣਕੇ ਧਜਾਨ ਸਿੰਘ ਨੇ ਸਮਝਾਇਆ ਕਿ ਭਾਈ ਤੂੰ ਪੂਰੇ ਗੁਰੂ ਨੂੰ ਮਿਲਿਆ ਹੈਂ, ਉਹ ਗੁਰੂ, 'ਗੁਰੂ ਜਜੋਤਿ' ਆਪ ਹੈ। ਜੋ ਬਚਨ ਹੋਇਆ ਹੈ ਸੋ ਅਮੋਲਕ ਦਾਤ ਹੈ, ਇਸ ਨਾਲ ਤੁਸਾਂ ਜੀ ਦਾ ਪ੍ਰੇਮ ਵਧੇਗਾ ਤੇ ਸਾਈਂ ਤਕ ਅੱਪੜੋਗੇ। ਕੜਾ ਸਤਿਗੁਰ ਦੀ ਦਾਤ ਹੈ, ਤੇ ਬਚਨ ਹੋਣ ਕਰਕੇ ਸਤਜਾ ਭਰਪੂਰ ਹੈ, ਸਿਦਕ ਦੇ ਘਰ ਰਹੋ। ਪਰ ਬਣੀਏ ਦੇ ਦਿਲ ਵਿਚ ਧਨ-ਪ੍ਰੀਤੀ ਉਮਗ ਰਹੀ ਸੀ ਤੇ ਧਨ ਦਾ ਵਿਛੋੜਾ ਕਸਕਾਂ ਮਾਰ ਰਿਹਾ ਸੀ, ਉਸ ਤੇ ਕੋਈ ਅਸਰ ਨਾ ਹੋਇਆ। ਤਦ ਧਜਾਨ ਸਿੰਘ ਨੇ ਵਹੁਟੀ ਨਾਲ ਜਾਕੇ ਸਲਾਹ ਕੀਤੀ ਕਿ ਅਰਸ਼ਾਂ ਪੁਰਸ਼ਾਂ ਦੇ ਸ੍ਵਾਮੀ ਦਾ ਬਚਨ ਇਸ ਮੂਰਖ ਨੂੰ ਪੰਜ ਸੌ ਤੋਂ ਮਹਿੰਗਾ ਜਚ ਰਿਹਾ ਹੈ। ਬਚਨ ਦੀ ਕੀਮਤ ਤਾਂ ਅਮੁੱਲ ਸੀ। ਇਹ ਬਣਿਕ ਬ੍ਰਿਤੀ ਦਾ ਆਦਮੀ ਅਮੋਲਕ ਦਾਤ ਨੂੰ ਰੁਪੱਯਾਂ ਨਾਲ ਹਾੜ ਰਿਹਾ ਹੈ। ਅਮੂਲਜ ਦਾ ਮੁਲ ਕੀਹ? ਗੁਰੂ ਬਾਬੇ ਦਾ ਫੁਰਮਾਣ ਹੈ:-'ਅਮੁਲੁ ਕਰਮੁ ਅਮੁਲ ਫੁਰਮਾਣੁ' ਇਹ ਮੂਰਖ 'ਅਮੁਲ ਫੁਰਮਾਣੁ' ਦਾ ਮੁੱਲ ਪੰਜ ਛੇ ਸੌ ਬੀ ਨਹੀਂ ਪਾ ਰਿਹਾ, ਜੇ ਤੂੰ ਕੁਛ ਮਦਦ ਕਰੇਂ ਤਾਂ ਇਹ ਗੁਰੂ ਦਾ 'ਅਮੁਲ ਫੁਰਮਾਣ'-ਜਿਸ ਨੂੰ ਰਾਜਿਆਂ ਦੇ ਧਨ ਬੀ ਨਹੀਂ ਖਰੀਦ ਸਕਦੇ ਜੋ ਜਿੰਦ ਜਾਨ ਦੇ ਕੇ ਬੀ ਫਿਰ ਮਿਹਰ ਨਾਲ ਹੀ ਮਿਲੇ ਤਾਂ ਮਿਲੇ-ਇਸ ਦੇ ਆਪਣੇ ਪਾਏ ਮੁੱਲ ਤੋਂ ਅੱਜ ਖਰੀਦ ਲਈਏ। ਇਸ ਸਿਦਕੋਂ ਹਿੱਲੇ ਦੀ ਠੌਰ ਕੋਈ ਨਹੀਂ, ਪਰ ਅਸੀਂ ਇਸ ਦੀ ਧਨ ਨੁਕਸਾਨ ਕਰ ਬੈਠਣ ਦੀ ਦਿਲਗੀਰੀ ਦੂਰ ਕਰ ਦੇਈਏ। ਫਿਰ ਸਤਿਗੁਰ ਸ਼ਾਹਨ ਸ਼ਾਹ ਹੈ, ਉਸ ਦਰ ਦੌਲਤ ਕੀ ਸ਼ੈ ਹੈ ਤੇ ਪੰਜ ਸੌ ਕੀਹ ਹੈ। ਉਹ ਤਾਂ ਮਾਇਆ ਦਾ ਆਪ ਸੁਆਮੀ ਹੈ, ਇਹ ਮੂਰਖ ਉਸ ਨੂੰ ਪੰਜ ਸੌ ਦਾ ਲੈਣਹਾਰ ਸਮਝਦਾ ਹੈ। ਅਸੀਂ ਕਿਉਂ ਇਹ ਗੱਲ ਬੀ ਸਹਾਰੀਏ ਕਿ ਸਾਡੇ ਸਤਿਗੁਰੂ ਨੂੰ ਕੋਈ ਕਹੇ ਕਿ ਮੈਂ ਪੰਜ ਸੌ ਦੇ ਆਇਆ ਹਾਂ ਤੇ ਗੁਆ ਆਇਆ ਹਾਂ। ਉਹ ਗੁਰੂ ਦਾਤਾ ਹੈ, ਇਹ ਬਨੀਆਂ ਕੌਣ ਹੈ ਦੇਣਹਾਰ?

ਬਾਣੀ ਦੀ ਪ੍ਰੇਮਣ ਤੇ ਨਾਮ ਦੀ ਰਸੀਆ ਤੇ ਗੁਰੂ ਚਰਨਾਂ ਤੋਂ ਬਲਿਹਾਰ ਸਿਦਕ ਵਾਲੀ ਬੀਬੀ ਦੇ ਨੈਣ ਭਰ ਆਏ, ਆਖਣ ਲਗੀ, ਮਾਲਕ ਜੀਓ, ਜੋ ਸਰਬੰਸ ਮੰਗੋ ਤਾਂ ਦੇ ਦਿਓ, ਪਰ ਗੁਰੂ ਕਾ ਬਚਨ ਸੱਚੇ ਪਾਤਸ਼ਾਹ ਦਾ 'ਅਮੁਲੁ ਫੁਰਮਾਣੁ' ਇਸ ਪਾਸ ਨਾ ਰਹਿਣ ਦਿਓ; ਇਸ ਬਣਿਕ ਬ੍ਰਿਤੀ ਵਾਲੇ ਦਾ 'ਪਦਾਰਥ-ਵਿਛੋੜਾ' ਦੂਰ ਕਰ ਦਿਓ। ਆਹ ਲਓ ਮੇਰੇ ਗਹਿਣੇ, ਗਹਿਣੇ ਪਾ ਦਿਓ ਤੇ ਪੰਜ ਛੇ ਸੌ ਜੋ ਮੰਗੋ ਦੇ ਦਿਓ। ਪਤੀ ਜੀਓ! ਕਣਕ ਰੁਪੈ ਦੀ ਮਣ ਹੈ। ਇਹ ਹੈ ਇਸ ਦਾ ਸਾਧਾਰਣ ਮੁੱਲ। ਭਲਾ ਜੇ ਹੁਣ ਕਿਸੇ ਪ੍ਰੇਮੀ ਨੇ ਮਣ ਕਣਕ ਦੇ ਦਾਣੇ ਸਾਫ ਕਰਨ ਲਈ ਚੁਣੇ ਤੇ ਹਰ ਦਾਣੇ ਤੇ ਆਖਿਆ 'ਧੰਨ ਗੁਰ ਨਾਨਕ' ਤਾਂ ਬਣੀਏ ਨੇ ਤਾਂ ਇਸ ਮਣ ਕਣਕ ਦਾ ਮੁੱਲ ਬੀ ਇਕੋ ਰੁਪੱਯਾ ਹੀ ਪਾਉਣਾ ਹੈ। ਪਰ ਗੁਰੂ ਅੰਗਦ ਸਾਹਿਬ ਇਸ ਮਣ ਕਣਕ ਨੂੰ ੧) ਦੇ ਬਦਲੇ ਕਦੇ ਨਹੀਂ ਪ੍ਰੀਦਣਗੇ, ਓਹ ਇਸ ਦਾ ਮੁੱਲ ਪਾਉਣਗੇ ਆਪਣੀ ਮਿਹਰ ਜੋ ਹੈ ਹੀਰੇ ਜ਼ਾਹਰਾਤ ਤੋਂ ਮਹਿੰਗੀ ਤੇ ਅਮੋਲਕ। ਹਾਂ ਪਤੀ ਜੀਓ! ਰਾਜੇ ਦੇ ਘਰ ਸੇਵਾ ਦਾ ਮੁੱਲ ਹੈ ਤਨਖਾਹ, ਇਨਾਮ, ਜਗੀਰ! ਏਹ ਤ੍ਰੈਏ ਮੁੱਲ ਹੈਨ ਪਦਾ-ਰਕਿਥਕ, ਪਰ ਗੁਰੂ ਨਾਨਕ ਦੇ ਦਰ ਗੁਰੂ ਅੰਗਦ ਦੇਵ ਜੀ ਦੀ ਸੇਵਾ ਦਾ ਮੁੱਲ ਹੈ, ਗੁਰੂ ਅੰਗਦ ਜੀ ਦਾ ਗੁਰੂ ਨਾਨਕ ਹੋ ਜਾਣਾ। ਪਾਰਸ ਦੀ ਸੇਵਾ ਨਾਲ ਪਾਰਸ ਹੋ ਜਾਣਾ, ਇਹ ਹੈ ਨਦਰਾਂ ਵਾਲਿਆਂ ਦਾ ਮੁੱਲ। ਇਹ ਬਣੀਆ ਕੀਹ ਜਾਣੇ 'ਅਮੁਲ ਫੁਰਮਾਣੁ' ਦੇ ਅਰਥ। ਇਸ ਨੂੰ ਰੁਪੱਯੇ ਝੋਲੀ ਪਾਓ ਤੇ 'ਰਤਨ' ਲੈ ਲਓ। ਮੂਰਖ ਪਾਸ ਕਿ ਬਾਲਕ ਪਾਸ ਰਤਨ ਹੋਵੇ ਤਾਂ ਵੰਞਾ ਦੇਵੇਗਾ।

ਇਸ ਤਰ੍ਹਾਂ ਦੀ ਗੱਲ ਬਾਤ ਮਗਰੋਂ ਧਜਾਨ ਸਿੰਘ ਨੇ ਅਗਲੇ ਦਿਨ ਗਹਿਣੇ ਗਹਿਣੇ ਪਾਕੇ ਤੇ ਹੋਰ ਜ਼ੋਰ ਲਾਕੇ ਛੇ ਸੌ ਰੁਪੱਯਾ ਕੱਠਾ ਕਰ ਲਿਆ ਤੇ ਹਰਿਗੁਪਾਲ ਨੂੰ ਕਿਹਾ:-

ਸਿੱਖ ਸਿੱਖ ਕਾ ਸਤ ਵਣਜ ਸਿੱਖ ਸਿੱਖ ਕਾ ਭਾਉ।
ਦਗਾ ਸਿੱਖ ਮਮ ਨਾ ਕਰੈ ਪਾਣੀ ਅੰਨ ਭੁਗਾਉ।

ਜੇ ਪ੍ਰਤੀਤ ਗੁਰ ਵਾਕ ਪਰ ਤਾਂ ਤੂੰ ਲੈ ਘਰ ਜਾਇ।
ਜੇ ਭੁੱਖਾ ਤੂੰ ਦਾਮ ਕਾ ਤਾਂ ਲੇ ਘਰ ਅਪਨੇ ਪਾਇ*।

ਅਰਥਾਤ-ਜੇ ਤੈਨੂੰ ਸਿਦਕ ਹੈ ਗੁਰੂ ਵਾਕ ਪਰ ਤਾਂ ਇਹ ਅਮੋਲਕ ਵਸਤੂ ਹੈ ਇਹ ਸੰਭਾਲਕੇ ਲੈ ਜਾਹ। ਇਹ ਕਹਿਣ ਵਿਚ ਧਜਾਨ ਸਿੰਘ ਉਸਤੋਂ ਧੋਖੇ ਨਾਲ ਵਸਤੂ ਨਹੀਂ ਲੈਣਾ ਚਾਹੁੰਦਾ। ਪਰ ਜੇ ਪ੍ਰਤੀਤ ਨਹੀਂ ਤੇ ਧਨ ਪਿਆਰਾ ਹੈ ਤਾਂ ਧਨ ਲੈ ਜਾਹ। ਇਹ ਸੁਣਕੇ ਹਰਿ ਗੋਪਾਲ ਬੋਲਿਆ:-

ਹਮ ਪ੍ਰਤੀਤ ਹੈ ਦਾਮ ਕੀ ਜੋ ਹਮ ਕੋ ਦੇ ਦੇਇ।
'ਵਚਨ' ਦੀਆ ਤੂੰ ਦਾਮ ਦੇਇ, ਸਾਢੇ ਪੰਜ ਦਿਵੇਇ*।

ਤਾਂ ਧਜਾਨ ਸਿੰਘ ਉਠ ਗਿਆ ਛੇ ਸੌ ਰੁਪੱਯਾ ਓਸਦੇ ਅੱਗੇ ਲਿਆ ਧਰਿਆ। ਪੰਜ ਰੁਪੱਯੇ ਉਪਰ ਧਰੇ[1] ਕਿ ਤੂੰ ਬਾਣੀਆਂ ਹੈਂ, ਵਜਾਜ ਸੁਧੀ ਤੇਰੀ ਰਕਮ ਤੈਨੂੰ ਪੁਜ ਗਈ। ਤੂੰ ਪੰਜਾਹ ਘੱਟ ਕਿਉਂ ਲਵੇਂ।

ਬਾਣੀਆਂ ਧਨ ਲੈਕੇ ਖਿੜ ਗਿਆ। ਉਸ ਜਾਤਾ ਧਿਆਨ ਸਿੰਘ ਮੂਰਖ ਹੈ, ਜੋ ਸ਼ੈ ਮੇਰੇ ਲਈ ਕਿਸੇ ਬੀ ਮੁੱਲ ਦੀ ਨਹੀਂ ਸੀ ਇਸਨੇ ਇਤਨਾ ਧਨ ਦੇਕੇ ਲੈ ਲਈ ਹੈ। ਪਰ ਅਪਣੀ ਬਣਿਕ ਬ੍ਰਿਤੀ ਨੂੰ ਨਹੀਂ ਸਮਝਦਾ ਕਿ ਜੋ ਹਰ ਸ਼ੈ ਦਾ ਮੁੱਲ ਰੁਪੱਯੇ ਵਿਚ ਗਿਣਦੀ ਹੈ, ਸੱਚੀ ਕੀਮਤ ਕੂਤ ਨੂੰ ਨਹੀਂ ਜਾਣਦੀ ਤੇ ਅਮੋਲਕ ਤੇ ਨਿਰਮੋਲਕ ਨੂੰ ਨਹੀਂ ਸਮਝਦੀ। ਕਿਥੇ ਹੋਵੇ ਸਾਲਸਰਾਇ ਕਿ ਜਿਸਨੇ ਗੁਰੂ ਨਾਨਕ ਦੇਵ ਜੀ ਦੇ ਲਾਲ ਨੂੰ ਤੱਕਕੇ ਮੁੱਲ ਨਾ ਪਾਇਆ ਪਰ ਸੌ ਰੁਪੱਯਾ ਮੱਥਾ ਟੇਕਿਆ ਤੇ ਮਰਦਾਨੇ ਨੂੰ ਕਿਹਾ, ਇਸਦੀ ਦਰਸ਼ਨ ਭੇਟਾ ਇਹ ਹੈ, ਮੁੱਲ ਇਸ ਦਾ ਅਸੀਂ ਨਹੀਂ ਪਾ ਸਕਦੇ। ਹਾਂ ਅੱਜ ਦੂਸਰਾ ਜੌਹਰੀ ਆਇਆ ਹੈ-ਧਿਆਨ ਸਿੰਘ। ਗੁਰ ਨਾਨਕ ਦੇ ਰਤਨ ਦਾ ਮੁੱਲ ਪੈਂਦਾ ਵੇਖਕੇ ਜਿਸ ਨੂੰ ਪੀੜ ਹੋਈ ਹੈ ਤੇ ਜਿਸ ਨੇ ਮੁੱਲ ਪਾਉਣ ਵਾਲੇ ਤੋਂ ਉਸਦਾ ਪਾਯਾ ਮੁੱਲ ਦੇਕੇ ਲਾਲ ਲਿਆ ਹੈ। ਹਾਂ, ਦੇਖੋ ਅਮੁੱਲ ਅੱਜ ਮੁੱਲ ਤੋਂ ਵਿਕ ਗਿਆ ਜੇ। ਪਰ ਵੇਚਣ ਵਾਲੇ ਨੇ ਆਪਣੇ ਭਾਣੇ ਵੇਚਿਆ ਹੈ, ਖ੍ਰੀਦਣ ਵਾਲੇ ਨੇ ਰਤਨ ਨਹੀਂ ਖ੍ਰੀਦਿਆ; ਉਸਦੀ ਕੀਹ ਪਾਇਆਂ ਹੈਸੀ ਕਿ ਰਤਨ ਨੂੰ ਖ੍ਰੀਦੇ, ਉਸਨੇ ਤਾਂ ਰਤਨ ਦੀ ਪ੍ਰਾਪਤੀ ਦੀ ਦਰਸ਼ਨ ਭੇਟਾ ਵਜੋਂ ਮੁੱਲ ਦਿੱਤਾ ਹੈ। ਉਹ ਸਤਿਗੁਰ ਦੇ 'ਅਮੁਲ ਫੁਰਮਾਣੁ' ਨੂੰ ਪਾਕੇ ਜੋ ਅਮੁੱਲ ਕਰਮ (ਮੇਹਰ) ਨਾਲ ਮਿਲਦਾ ਹੈ ਆਪ ਰਤਨ ਜਵਾਹਰ ਹੋ ਗਿਆ ਹੈ। ਹਾਂ ਇਸਨੂੰ ਸੋਝੀ ਸੀ **'ਮਤਿ ਵਿਚਿ ਰਤਨ ਜਵਾਹਰ ਮਾਣਿਕ'** ਦੀ।

*ਸੌ ਸਾਖੀ। ੧. ਸੂ: ਪ:।

੬.

ਇਉਂ ਬਣਿਕ ਬ੍ਰਿਤੀਵਾਲਾ ਹਰਿਗੁਪਾਲ ਬੇ-ਸਿਦਕੀ ਦੇ ਹੱਥ ਵਿਕ ਗਿਆ, ਪਰ ਆਪਣੇ ਜਾਣੇ ਖੁਸ਼ੀ ਹੋ ਕੇ ਟੁਰ ਪਿਆ ਦੇਸ਼ ਨੂੰ! ਰਸਤੇ ਵਿਚ ਇਕ ਵਡਾ ਨਗਰ ਆਯਾ, ਜਾਪਦਾ ਹੈ ਕਿ ਇਹ ਨਗਰ ਦਿੱਲੀ ਸੀ, ਜਿੱਥੇ ਸੋਨੇ ਤੇ ਜ਼ਾਹਰਾਤ ਦਾ ਵਪਾਰ ਉਸ ਸਮੇਂ ਬਹੁਤ ਸੀ। ਇੱਥੇ ਕੁਛ ਦਿਨ ਹਰਿਗੋਪਾਲ ਰਿਹਾ। ਉਹ ਛੇ ਸੌ ਤੇ ਹੋਰ ਧਨ ਜੋ ਪਾਸ ਸੀ ਉਸਦੇ ਉਸਨੇ ਉਥੋਂ ਰਤਨ ਖ੍ਰੀਦ ਕਰ ਲਏ ਤੇ ਫੇਰ ਅੱਗੇ ਨੂੰ ਟੁਰ ਪਿਆ। ਉਜੈਨ ਲਗ ਪਗ ਦਿੱਲੀ ਤੋਂ ਚਾਰ ਸੌ ਮੀਲ ਹੈ। ਸੋ ਉਸਨੂੰ ਕਈ ਦਿਨ ਸਫਰ ਵਿਚ ਲੱਗੇ। ਜਦੋਂ ਉਜੈਨ ਦੋ ਢਾਈ ਸੌ ਮੀਲ ਰਹਿ ਗਿਆ ਤਾਂ ਇਕ ਨਗਰ ਆਇਆ ਉਸ ਦਾ ਨਾਮ ਸੀ ਪਾਲੀ*, ਇਥੇ ਇਸ ਨੇ ਖ੍ਰੀਦੇ ਹੋਏ ਰਤਨ ਵੇਚ ਦਿੱਤੇ, ਤਿੰਨ ਹਜ਼ਾਰ ਨਫ਼ਾ ਲੀਤਾ ਯਾ ਵੱਟਕ ਹੋਈ। ਹੁਣ ਅਪਣੇ ਜਾਣੇ ਬਹੁਤ ਨਫੇਵੰਦਾ ਕੰਮ ਕਰਕੇ ਬਣੀਆਂ ਘਰਾਂ ਨੂੰ ਟੁਰ ਪਿਆ। ਲਿਖਿਆ ਹੈ ਕਿ ਜੋ ਪ੍ਰਸ਼ਾਦਿ ਗੁਰੂ ਕਾ ਇਹ ਲੈ ਟੁਰਿਆ ਸੀ, ਰਸਤੇ ਵਿਚ ਇਕ ਦਿਨ ਖੁਹਲਕੇ ਡਿੱਠੋਸੁ ਤਾਂ ਇਸਨੂੰ ਉਹ ਮਾਸ ਹੋ ਭਾਸਿਆ ਸੀ, ਜਿਸਤੋਂ ਗੁਰਾਂ ਵਲੋਂ ਹੋਰ ਉਦਾਸੀ ਵਧ ਗਈ ਸੀ। ਸਨੇ ਸਨੇ ਇਹ ਘਰ ਪੁੱਜ ਗਿਆ, ਪਰਵਾਰ ਨੂੰ ਮਿਲਿਆ। ਸਭ ਦੇ ਮਨ ਖੁਸ਼ੀ ਸੀ ਕਿ ਸਤਿਗੁਰਾਂ ਦੇ ਦਰਸ਼ਨ ਕਰਕੇ ਤੇ ਦੀਖ਼ਜਤ ਹੋਕੇ ਸਪੁੱਤ੍ਰ ਆ ਰਿਹਾ ਹੈ, ਸਤਿਸੰਗ ਦਾ ਸੁਆਦ ਘਰ ਵਿਚ ਵਧੇਗਾ। ਹਰਿਗੋਪਾਲ ਬੀ ਬੜੇ ਚਾਉ ਵਿਚ ਸੀ, ਪਰ ਉਸਨੂੰ ਚਾਉ ਸੀ ਧਨ ਦੇ ਨਫੇ ਦਾ ਤੇ ਪਰਿਵਾਰ ਨੇ ਜਾਤਾ ਕਿ ਇਸਨੂੰ ਚਾਉ ਹੈ ਸੱਚੇ ਧਨ ਦੀ ਪ੍ਰਾਪਤੀ ਦਾ।

ਬਿਸ਼ੰਭਰ ਦਾਸ ਸਿਦਕੀ ਸਿੱਖ ਸੀ। ਇਹ ਨਾਮ ਵਿਚ ਲੱਗਾ ਹੋਇਆ ਆਤਮ ਸੁਖ ਦਾ ਜਾਣੂੰ ਸੀ। ਇਹਦਾ ਹੱਥ ਦਾਨ ਵਲ ਸੁਤੇ ਹੀ ਪੈਂਦਾ ਸੀ।

*ਗੁਰ ਪ੍ਰਤਾਪ ਸੂਰਜ।

ਇਸਦੇ ਹੱਥੋਂ ਸਹਿਜ ਸੁਭਾਵ ਪੀੜਾ ਦੂਰ ਹੁੰਦੀਆਂ ਸਨ। ਇਸਨੂੰ ਨਾਮ ਦੇ ਸੁਖ ਦਾ ਪਤਾ ਸੀ, ਇਸ ਕਰਕੇ ਪੁੱਤ੍ਰ ਦੀ ਖੁਸ਼ੀ ਨੂੰ ਦੇਖ ਦੇਖਕੇ ਇਹ ਖ਼ੁਸ਼ ਹੁੰਦਾ ਸੀ ਪਰ ਨਾਲ ਹੀ ਪੁਤ੍ਰ ਦਾ ਪ੍ਰਭਾਵ ਸਫਾ ਨਾ ਤੱਕਕੇ ਕੁਛ ਸੋਚੀਂ ਪੈ ਜਾਂਦਾ ਸੀ। ਪੁੱਤ੍ਰ ਉਤਾਵਲਾ ਸੀ ਕਿ ਪਿਤਾ ਮੇਰੀ ਕਮਾਈ ਦੀ ਗੱਲ ਪੁੱਛੇ ਤੇ ਸੁਣੇ, ਪਿਤਾ ਉਤਾਵਲਾ ਸੀ ਸਤਿਗੁਰ ਦੇ ਸੁਨੇਹੇ ਤੇ ਹਾਲ ਸੁਣਨ ਤੇ ਦਾਤਾਂ ਲੈਣ ਨੂੰ। ਪਿਤਾ ਨੇ ਸਤਿਗੁਰਾਂ ਦੀ ਸੁਖ ਸਾਂਦ ਪੁੱਛੀ। ਪੁੱਤ੍ਰ ਨੇ ਦੱਸੀ ਪਰ ਸੁਰ ਕੁਛ ਨੀਵੀਂ ਜੇਹੀ ਸੀ। ਫਿਰ ਪਿਤਾ ਨੇ ਪ੍ਰਸ਼ਾਦ ਪੁੱਛਿਆ ਤਾਂ ਜਰਾ ਕੂ ਨੱਕ ਸੰਗੋੜਦਿਆਂ ਪੁਤ ਨੇ ਪ੍ਰਸ਼ਾਦਿ ਲਿਆ ਦਿਤਾ। ਜਾਂ ਖੁਹਲਿਆ ਤਾਂ ਉਹ ਸ੍ਹੌਂ ਕੜਾਹ ਪ੍ਰਸ਼ਾਦਿ ਸੀ ਜੋ ਮੁਸਕਿਆ ਉੱਲਿਆ ਨਹੀਂ ਸੀ। ਪਿਤਾ ਨੇ ਪ੍ਰਸ਼ਾਦਿ ਵਰਤਾਇਆ ਤਾਂ ਜਿਉਂ ਕਾ ਤਿਉਂ ਅਨਵਿਗੜਿਆ ਪ੍ਰਸ਼ਾਦਿ ਸਹੀ ਹੋਇਆ। ਹੁਣ ਪਹਿਲੀ ਚੋਭ ਪਈ ਮੁੜਕੇ ਮਨ ਦੇ ਸਿਦਕ ਵਾਲੇ ਪਾਸੇ ਠੱਸਾ ਖਾਣ ਦੀ। 'ਹੈਂ, ਇਹ ਤਾਂ ਮੈਂ ਮਾਸ ਡਿੱਠਾ ਸੀ, ਭਲਾ ਉਹ ਮੇਰੇ ਮਨ ਦਾ ਭੁਲੇਵਾ ਸੀ ਸਹੀ, ਇਹ ਐਨਾ ਚਿਰ ਕੀਕੂੰ ਨਾ ਵਿਗੜਿਆ? ਕਰਾਮਾਤ, ਹਾਂ ਕਰਾਮਾਤ ਹੈ ਕੁਛ ਉਸ ਗੁਰੂ ਵਿਚ'। ਫੇਰ ਬਿਰਤੀ ਸ਼ੀਸ਼ੇ ਵਲ ਗਈ, 'ਪਰ ਚਲੋ ਅਸਾਂ ਕੀਹ ਲੈਣਾ ਹੈ, ਧਨ ਮੋੜ ਲਿਆ, ਵਧਾ ਲਿਆ, ਸਫਰ ਕੀਤਾ ਸਕਾਰਥ ਹੋਇਆ, ਬਣੀਆਂ ਪੁੱਤ੍ਰ ਹਾਂ ਡਿੱਗ ਪਿਆ ਤਾਂ ਬੀ ਕੁਛ ਵੇਖਕੇ ਹੀ ਡਿੱਗਾ ਜਾਣੇਂ।' ਇਸ ਤਰ੍ਹਾਂ ਦੇ ਮਨੋਵਾਦ ਵਿਚ ਸੀ ਕਿ ਪਿਤਾ ਨੇ ਹੋਰ ਹਾਲ ਪੁੱਛੇ, 'ਉਸ ਤੇ ਮਿਹਰ ਹੋਈ ਕਿ ਨਾਂ' ਇਹ ਗੱਲ ਪੁੱਛੀ ਤਾਂ ਹਰਿਗੁਪਾਲ ਨੂੰ ਸਾਰੇ ਹਾਲ ਦੱਸਣੇ ਪਏ। ਹੌਲੀ ਹੌਲੀ ਸਿਦਕ ਬੇ-ਸਿਦਕੀ, ਡੋਲਣ, ਟਿਕਣ ਡੋਲਣ ਦੇ ਸਾਰੇ ਹਾਲ ਪਿਤਾ ਨੇ ਸੁਣੇ। ਤੁਰਨ ਵੇਲੇ ਪੁੱਤ੍ਰ ਦਾ ਸਿਦਕ ਵਿਚ ਟੁਰਨਾ ਸੁਣਕੇ ਖੁਸ਼ ਹੋਇਆ, ਪਰ ਜਦ ਉਸ ਨੇ ਆਪਣੀ ਅਕਲਵੰਦੀ ਸੁਣਾਈ ਕਿ ਮੈਂ ਚਮਕੌਰ ਅੱਪੜ ਕੇ ਆਪਣੀ ਕੀਤੀ ਮੂਰਖਤਾ ਦੀ ਸੋਝੀ ਪਾ ਲਈ ਤਾਂ ਮੈਂ ਗੁਰੂ ਕਾ 'ਬਚਨ', ਜਿਸਦਾ ਨਾ ਰੂਪ ਨਾ ਰੰਗ, ਨਾ ਕੀਮਤ ਨਾ ਕੂਤ ਕੁਛ ਸੀ, ਇਕ ਮੂਰਖ ਪਾਸ ਵੇਚ ਦਿਤਾ ਤੇ ਆਪਣਾ ਪੰਜ ਸੌ ਤੇ ਆਪ ਦਾ ਸੌ ਵੀ ਮੋੜ ਲਿਆ ਤੇ ਪੰਜ ਰੁਪੈ ਵਿਆਜ ਦੇ ਭੀ ਲੈ ਲਏ ਤਾਂ ਬਿਸ਼ੰਭਰ ਨੇ ਠੰਢਾ ਸਾਹ ਲਿਆ ਤੇ ਹਾਹੁਕਾ ਭਰਕੇ ਬੋਲਿਆ:-'ਪੁੱਤ੍ਰ ਤੈਨੂੰ ਸੱਚ ਵਿਹਾਝਣ ਟੋਰਿਆ ਸੀ ਤੂੰ ਕੱਚ ਖ਼ਰੀਦ ਕਰ ਲਿਆਇਓਂ, ਅੱਖੀਂ ਤੂੰ ਪ੍ਰਚਾ ਬੀ ਡਿੱਠਾ ਫਿਰ ਬੀ ਤੇਰਾ ਹਿਰਦਾ ਡੋਲ ਗਿਆ। ਹਾਇ.....**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥ ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥੧੫੮॥** ਫਿਰ ਮਾਂ ਨੇ ਦੁੱਖ ਦਾ ਹਾਵਾ ਭਰਿਆ।

ਸੁਨਿ ਕੁਕਰਮ ਤਿਹ ਮਾਤ ਦੁਖਾਰੀ। 'ਸੁਤ ਕਯੋਂ ਭਾ ਗੁਰ ਬਚ ਬਿਵਹਾਰੀ। ਕਯੋਂ ਨ ਪ੍ਰਤੀਤ ਭਈ ਉਰ ਤੇਰੇ। ਪੂਰਨ ਪੁਰਖ ਪਿਤਾ ਤੁਵ ਹੇਰੇ।'

ਮਾਤਾ ਪਿਤਾ ਦੀ ਝਿੜਕ ਸੁਣਕੇ ਹਰਿਗੁਪਾਲ ਨੂੰ ਕੁਛ ਰਿਸ ਹੋ ਆਈ, ਆਖਣ ਲੱਗਾ: 'ਮੈਂ ਕੀ ਕਰਾਂ? ਮੈਨੂੰ ਬਾਹਰਲੀ ਕ੍ਰਿਯਾ ਪਸੰਦ ਨਾ ਆਈ। ਮੇਰਾ ਸਿਦਕ ਡੋਲ ਗਿਆ, ਗੁਰੂ ਕੀਹ ਤੇ ਮਹਾਂ-ਪ੍ਰਸ਼ਾਦਿ ਕੀ? ਸੋ ਮੈਂ ਅਕਲ ਕੀਤੀ। ਦਿਤਾ ਧਨ ਮੋੜ ਲਿਆ ਤੇ ਤੁਸੀਂ ਖੁਸ਼ ਹੋਸੋ ਸੁਣਕੇ ਕਿ ਮੈਂ ਉਸੇ ਧਨ ਨਾਲ ਰਤਨਾਂ ਦਾ ਵਪਾਰ ਕੀਤਾ ਤੇ ਤਿੰਨ ਹਜ਼ਾਰ ਖੱਟ ਲਿਆਇਆ ਹਾਂ! ਆਹ ਲਓ ਥੈਲੀਆਂ, ਇਨ੍ਹਾਂ ਨਾਲ ਤਾਂ ਹਜ਼ਾਰ ਕੰਮ ਸਰੇਗਾ, ਬਚਨ ਨਾਲ ਕੀਹ ਸਰਨਾ ਸੀ? ਇਹ ਸੁਣਕੇ ਪਿਤਾ ਨੇ ਕਿਹਾ:-

ਹੇ ਸੁਤ ਕੂਰੇ ਧਨ ਹ੍ਵੈ ਨਾਸ਼। ਕਹਾਂ ਦਰਬ ਕੋ ਉਰ ਹੰਕਾਰ। ਜਿਸਕੋ ਬਿਨਸਤਿ ਲਗੇ ਨ ਬਾਰ। ਸਾਚਾ ਸਤਿਗੁਰ ਪੂਰਨ ਮੇਰਾ। ਤੈਂ ਦੁਰਾਸ ਧਰਿ ਉਰ ਮਹਿਂ ਹੇਰਾ। ਬੁਧਿ ਉਤਾਵਲੀ ਹੈ ਬਹੁਤੇਰੀ। ਮਤ ਨਿੰਦਾ ਕਰ ਸ੍ਰੀ ਪ੍ਰਭੁ ਕੇਰੀ।' (ਸੂ: ਪ:)

ਇਸ ਤਰ੍ਹਾਂ ਦੇ ਬਚਨ ਕਹਿਕੇ ਬਹੁਤ ਸਮਝਾਇਆ ਪਰ ਮਾਇਆ ਪ੍ਰਾਪਤੀ ਤੇ ਅਕਲ ਦੀ ਹੈਂਕੜ ਨੇ ਉਸ ਨੂੰ ਕੁਛ ਨਾ ਮੰਨਣ ਦਿੱਤਾ, ਸਗੋਂ ਨੇਤ ਐਸੀ ਹੋਈ ਕਿ ਜਿਉਂ ਜਿਉਂ ਉਹ ਵਿਹਾਰ ਕਰੇ, ਧਨ ਵਧੇ। ਥੋੜੇ ਚਿਰ ਵਿਚ ਉਹ ਤ੍ਰੈ ਹਜ਼ਾਰ ਦਸ ਹਜ਼ਾਰ ਬਣ ਗਿਆ। ਹੁਣ ਇਹ ਕਾਮਯਬੀ ਉਸਨੂੰ ਹੋਰ ਹੈਂਕੜ ਵਿਚ ਪਾ ਗਈ। ਪਰੰਤੂ ਕੁਛ ਸਮਾਂ ਕਾਮਯਾਬੀ ਦਾ ਲੰਘਕੇ ਫੇਰ ਘਾਟੇ ਦੀ ਵਾਰੀ ਆ ਗਈ। ਹੌਲੇ ਹੌਲੇ ਪੈਰ ਪਿੱਛੇ ਪੈਣ ਲੱਗਾ, ਐਤਨਾ ਕਿ ਸਭ ਕੁਛ ਘਾਟਿਆਂ ਵਿਚ ਰੁੜ੍ਹ ਗਿਆ। ਉਹੋ ਅਕਲ ਜੋ ਖੱਟਦੀ ਸੀ ਤੇ ਸੋਚਦੀ ਸੀ ਕਿ ਸਭ ਮੇਰਾ ਪ੍ਰਤਾਪ ਹੈ,

ਹੁਣ ਦੇਖਦੀ ਹੈ ਕਿ ਉਹੋ ਅਕਲ ਹੈ, ਓਹੋ ਮੈਂ ਹਾਂ, ਪਰ ਮੇਰੀ ਹਰ ਸੋਚ, ਹਰ ਗਿਣਤੀ ਉਲਟੀ ਪੈਂਦੀ ਹੈ ਤੇ ਘਾਟੇ ਤੇ ਘਾਟੇ ਆ ਰਹੇ ਹਨ। ਜਦ ਦਰਿੱਦ੍ਰ ਨੇ ਮੂਲੋਂ ਹੀ ਆਣ ਨੱਪਿਆ ਤਾਂ ਇਕ ਦਿਨ ਹਰਿਗੋਪਾਲ ਪਿਤਾ ਨੂੰ ਕਹਿਣ ਲੱਗਾ: ਪਿਤਾ ਜੀ ਹੁਣ ਤੁਸੀਂ ਕੋਈ ਬਾਹੁੜੀ ਕਰੋ, ਮੇਰੀ ਤਾਂ ਮੱਤ ਮਾਰੀ ਗਈ ਹੈ, ਜੋ ਵਾਧੇ ਨੂੰ ਕਰਦਾ ਹਾਂ ਓਹ ਘਾਟੇ ਦਾ ਹੋ ਢੁਕਦਾ ਹੈ। ਪੈਰ ਹਰ ਦਿਨ ਪਿੱਛੇ ਪੈ ਪੈਕੇ ਹੁਣ ਤਾਂ ਖੱਡ ਵਿਚ ਹੀ ਜਾ ਪਿਆ ਹਾਂ। ਕੋਈ ਰਸਤਾ ਦੱਸੋ ਜੋ ਟੁੱਕ ਜੋਗਾ ਹੋ ਜਾਵਾਂ। ਇਸਤ੍ਰੀ ਹੈ, ਬੱਚੇ ਹਨ, ਕੀਕੂੰ ਪਾਲਾਂ?

ਪਿਤਾ-ਪੁੱਤ੍ਰ! ਤੂੰ ਕਿਉਂ ਸਤਿਗੁਰ ਨਾਲ ਉਦਾਸੀ ਧਾਰੀ ਹੈ? ਜੇ ਬੱਚਾ! ਆਪਣੀ ਮਤ ਜੀਵ ਦੀ ਸੰਪੂਰਨ ਹੁੰਦੀ, ਆਰ ਪਾਰ ਦੇਖ ਸਕਦੀ, ਸਾਰਾ ਕੁਛ ਪੇਹਨ ਇਸ ਰਚਨਾਂ ਦਾ ਅਤੇ ਕੁਦਰਤ ਦੇ ਪਿਛਵਾਰ ਦਾ ਇਸ ਦੇ ਗਿਆਨ ਵਿਚ ਆ ਸਕਦਾ ਹੁੰਦਾ ਤਾਂ ਸਾਰੇ ਬੁੱਧੀਮਾਨ ਕਾਮਯਾਬ ਹੁੰਦੇ। ਜੀਵ ਦੀ ਅਕਲ ਹੈ, ਵੀਚਾਰ ਹੈ, ਹਿੰਮਤ ਹੈ, ਮਿਹਨਤ ਹੈ, ਸਭ ਕੁਛ ਹੈ, ਪਰ ਕੋਈ ਸ਼ੈ ਈਸ਼ੂਰ ਦੀ ਬੀ ਵਿਚ ਹੈ। ਉਹ ਈਸ਼ੂਰੀ ਅੰਸ਼ ਇਨਸਾਨ ਦੀ ਹਿੰਮਤ ਅਕਲ ਵਿਚ ਆਕੇ ਰਲਦੀ ਹੈ ਤਾਂ ਕਾਮਯਾਬੀ ਹੁੰਦੀ ਹੈ, ਉਹ ਨਾ ਆਵੇ ਤਾਂ ਕਾਮਯਾਬੀ ਨਹੀਂ ਹੁੰਦੀ, ਯਾ ਕਾਮਯਾਬੀਆਂ ਆ ਆ ਕੇ ਅੰਤ ਨਾਕਾਮਯਾਬੀਆਂ ਹੋ ਜਾਂਦੀਆਂ ਹਨ। ਮਨਮਿਤ ਦਾ ਤਿਆਗ ਕਰ, ਗੁਰਮਤ ਨੂੰ ਧਾਰਨ ਕਰ। ਗੁਰੂ ਹੈ ਪੂਰਾ ਸੂਰਾ, ਉਸ ਤੋਂ ਮਿਲੀ 'ਗੁਰੂ ਮਤਿ ਚਾਨਣਾ ਹੈ, ਉਸ ਚਾਨਣ ਵਿਚ ਜੀਵ ਦੀ ਮਤਿ ਬੀ ਉੱਜਲ ਹੋ ਜਾਂਦੀ ਹੈ।

ਪੁੱਤ੍ਰ-ਮੈਂ ਕੀਹ ਕਰਾਂ, ਚੰਗਾ ਭਲਾ ਸਿਦਕ ਵਿਚ ਚਲਾ ਗਿਆ ਸੀ, ਮੈਨੂੰ ਉਹੋ ਰਾਜਸੀ ਠਾਠ ਬਾਠ ਵੇਖਕੇ, ਸ਼ਿਕਾਰ ਤੇ ਫੌਜਾਂ ਤੇ ਜੰਗ ਵੇਖ ਵੇਖਕੇ ਪ੍ਰਤੀਤ ਟੁੱਟਦੀ ਸੀ। ਮੈਂ ਕਿਵੇਂ ਕਰਾਂ?

ਪਿਤਾ-ਪੁੱਤ੍ਰ! ਤੈਨੂੰ ਕਰਨੀ ਰਹਿਤ ਸਾਧਾਂ ਤੇ ਵੈਸ਼ਨਵ ਸੰਤ ਦੀ ਸੁਹਬਤ ਨੇ ਬੀ ਕੋਈ ਠੌਰ ਨਾ ਦਿੱਤੀ, ਸਗੋਂ ਤੇਰੀ ਬੁੱਧੀ ਵਿਚ ਕੁਮਤੀ ਪੈ ਗਈ ਸੰਸਿਆਂ ਤੇ ਕੁਤਰਕਾਂ ਕਰਣ ਦੀ। ਜੇ ਤੂੰ ਪੁੱਤ੍ਰ ਵੈਸ਼ਨਵ ਕ੍ਰਿਆ ਨੂੰ ਠੀਕ ਸਮਝੇਂ ਤਾਂ ਸੋਚ ਵਿਸ਼ਨੂੰ ਜੀ ਦੇ ਉਪਾਸ਼ਕ ਹੀ ਕਹਿਣੇ ਚਾਹੀਏ-ਵੈਸ਼ਨਵ। ਵਿਸ਼ਨੂੰ ਜੀ ਨੂੰ ਸੰਖ, ਚਕ੍ਰ, ਗਦਾ, ਪਦਮ ਦੇ ਧਾਰਨ ਵਾਲੇ ਦੱਸਦੇ ਹਨ, ਚਕ੍ਰ ਤੇ ਗਦਾ ਦੋਵੇਂ ਮਾਰਨ ਦੇ ਸ਼ਸਤ੍ਰ ਨਹੀਂ ਤਾਂ ਕੀਹ ਹਨ? ਜੇ ਓਹ ਮਾਰਦੇ ਨਹੀਂ ਤਾਂ ਧਾਰਦੇ ਕਿਉਂ ਹਨ? ਰਾਖਸ਼ਾਂ ਨਾਲ ਅਨੇਕਾਂ ਜੁੱਧ ਵਿਸ਼ਨੂੰ ਜੀ ਦੇ ਦੱਸੀਦੇ ਹਨ। ਉਸ ਸਾਧ ਨੇ ਤੈਨੂੰ ਜੇ ਅਹਿੰਸਾ ਦੱਸੀ ਸੀ ਤਾਂ ਵਿਸ਼ਨੂੰ ਜੀ ਦੀ ਰਾਜਸੀ ਰੱਦੀ, ਐਸ਼ੂਰਜ, ਭਾਗਵਾਨੜਾ, ਸ਼ੱਤਰੂਆਂ ਦੀ ਵਿਨਾਸ਼ ਸ਼ਕਤੀ, ਰਾਖਸ਼ਾਂ ਦੈਂਤਾਂ ਦਾ ਪ੍ਰਹਾਰ ਇਹ ਹਾਲ ਕਿਉਂ ਨਾ ਦੱਸੇ। ਗਜ ਦੀ ਰਖਜਾ ਲਈ ਜਦ 'ਗ੍ਰਾਹ' ਨੂੰ ਵਿਸ਼ਨੂੰ ਜੀ ਨੇ ਸੁਦਰਸ਼ਨ ਚੱਕ੍ਰ ਨਾਲ ਮਾਰਿਆ ਤਾਂ ਤੈਨੂੰ ਉਹ ਹਿੰਸਾ ਕਿਉਂ ਨਹੀਂ ਭਾਸੀ? ਜੇ ਤੂੰ ਗੁਰੂ ਜੀ ਨੂੰ ਡਿੱਠਾ ਹੈ ਕਿ ਉਹ ਜਰਵਾਣਿਆਂ ਦੇ ਹੱਥੋਂ ਸਾਧੂ, ਸੰਤ, ਪਰਜਾ, ਦੀਨਾਂ ਦੀ ਰਖਜਾ ਕਰ ਰਹੇ ਹਨ ਤੇ ਦੋਸ਼ੀਆਂ ਨੂੰ ਦੰਡ ਦੇ ਰਹੇ ਹਨ ਤਦ ਇਹ ਸੰਤ ਤੇ ਪ੍ਰਜਾ ਦੀ ਰੱਖਜਾ ਦੇ ਜਤਨ ਤੈਨੂੰ ਰਾਜ ਤੇ ਹਿੰਸਾ ਕਿਉਂ ਹੋ ਭਾਸੇ ਹਨ? ਫੇਰ ਵੇਖ ਵਿਸ਼ਨੂੰ ਦਾ ਅਵਤਾਰ ਮੰਨੇ ਜਾਂਦੇ ਹਨ ਰਾਮਚੰਦ੍ਰ ਜੀ, ਉਨ੍ਹਾਂ ਦੇ ਸ਼ਿਕਾਰ ਖੇਲਣੇ, ਰਾਖਸ਼ ਮਾਰਣੇ, ਜੁੱਧ ਰਚਣੇ, ਰਾਵਣ ਬੱਧ ਤੇ ਹੋਰ ਰਾਜਸੀ ਕੰਮ ਕਿਉਂ ਨਹੀਂ ਤੈਨੂੰ ਦਿੱਸੇ ਹਿੰਸਾ ਕਰਮ ਹੋਕੇ। ਸ੍ਰੀ ਰਾਮ ਚੰਦ੍ਰ ਜੀ ਦਾ, ਜੋ ਵੈਸ਼ਨਵਾਂ ਦੇ ਪੂਜਜ ਹਨ, ਸ਼ਿਕਾਰ ਕਰਨਾ ਤੈਨੂੰ ਹਿੰਸਾ ਕਿਉਂ ਨਾ ਦਿੱਸਿਆ? ਜੇਕਰ ਵੈਸ਼ਨਵ ਸਾਧੂ ਸਿਖਾਲਦਾ ਹੈ ਕਿ ਫਲ ਫੁਲ ਕੰਦ ਮੂਲ ਦਾਲ ਰੋਟੀ ਖਾਵੇ ਤਾਂ ਹੀ ਅਵਿਤਾਰ ਮੰਨੋ, ਤਦ ਦੱਸ ਕਿ ਹਰਨ ਮਾਰਕੇ ਮਾਸ ਖਾ ਲੈਣ ਵਾਲੇ ਸ੍ਰੀ ਰਾਮ ਚੰਦਰ ਜੀ ਨੂੰ ਤੂੰ ਅਵਤਾਰ ਕੀਕੂੰ ਮੰਨੇਗਾ ਤੇ ਕੀਕੂੰ ਪੂਜੇਂਗਾ*।

---

*ਪ੍ਰਮਾਣ ਸ੍ਰੀ ਰਾਮ ਚੰਦ ਜੀ ਦੇ ਸ਼ਿਕਾਰ ਕਰਨ ਦੇ:-

ਸ਼ੁਦ੍ਧਬਾਣਹਤਾਂਸ੍ਤਤ੍ਰ ਮੇਧ੍ਯਾਨ੍ ਕ੍ਰਿਸ਼ਣਾ ਮ੍ਰਿਗਾਨ੍ ਦਸ਼।
ਰਾਸ਼ੀਕ੍ਰਿਤਾਞ੍ ਸ਼ੁਸ਼੍ਯਮਾਣਾਨਨ੍ਯਾਨ੍ ਕਾਂਸ਼ਨਕਾਂਸ਼ਨ।੩੪।।

ਉਮ ਸਮੇਂ ਬਾਣ ਨਾਲ ਮਾਰੇ ਹੋਏ ਦਸ ਪਵਿਤ੍ਰ ਕਾਲੇ ਮ੍ਰਿਗ ਚੰਗੀ ਤਰ੍ਹਾਂ ਸੁਕਾਏ ਹੋਏ, ਅਗਨੀ ਵਿਚ ਪਕਾਏ ਹੋਏ ਲਛਮਣ ਜੀ ਨੇ ਤਿਆਰ ਕਰ ਰਖੇ ਸਨ, ਅਤੇ ਹੋਰ ਅਨੇਕਾਂ ਵਸਤਾਂ ਤਿਆਰ ਕਰ

(ਬਾਕੀ ਟੂਕ ਦੇਖੋ ਅਗਲੇ ਸਫੇ ਦੇ ਕਾਲਮ ੧ ਹੇਠ)

ਫੇਰ ਸ੍ਰੀ ਕ੍ਰਿਸ਼ਨ ਜੀ ਬੀ ਵਿਸ਼ਨੂੰ ਦਾ ਅਵਤਾਰ

(ਪਿਛਲੇ ਸਫੇ ਦੀ ਟੂਕ ਦੀ ਬਾਕੀ)

ਲਈਆਂ ਸਨ।

अग्रं प्रदाय मृतेभ्यः सीताथ करवाणिनी।
तयोरूपादद्धद्रात्रोर्मथुमांस च तद्भूराम। ३६ ।

ਸੁੰਦਰ ਮਹਾਂਰਾਣੀ ਜਾਨਕੀ ਜੀ ਪਹਿਲਾਂ ਪਿਤਰਾਂ ਨਮਿਤ ਬਲੀ ਦੇਕੇ ਫਿਰ ਦੋਨਾਂ ਭਰਾਵਾਂ (ਸ੍ਰੀ ਰਾਮਚੰਦਰ ਤੇ ਲਛਮਣ ਜੀ) ਨੂੰ ਉਹ ਸ਼ਹਿਤ ਤੇ ਮਾਸ ਦਿੱਤਾ।

तयोस्तुश्मिर्थोत्पाद्य क्रीरयो : कृतशौचयोः ।
विधिबज्जान पश्रव चक्रे स्ता प्राणाधारणम्। ३७।

ਜਦ ਉਹ ਦੋਨੋਂ ਭਰਾ 'ਮਹਾਂਬੀਰ ਭੋਜਨ' ਕਰਕੇ ਚੁਲੀ ਆਦਿਕ ਕਰਕੇ ਪਵਿੱਤਰ ਹੋਏ, ਪਿੱਛੋਂ ਜਾਨਕੀ ਜੀ ਨੇ ਆਪ ਵੀ ਕੁਛ ਥੋੜਾ ਜਿਹਾ ਭੋਜਨ ਕੀਤਾ॥ ੩੭ ॥

शिष्ट मांसं निकृष्ट यच्छोषणायावकल्पितम्।
तद्रामव कनात्सीता काकेभ्यः पर्यरक्षत ।३८।

ਬਾਕੀ ਜਿਹੜਾ ਨਿਕ੍ਰਿਸ਼ਟ ਮਾਸ ਬਚ ਰਿਹਾ ਉਹ ਸੁਕਾਉਣ ਵਾਸਤੇ ਰੱਖ ਦਿਤਾ ਅਤੇ ਰਾਮ ਦੇ ਕਹਿਣ ਤੇ ਜਾਨਕੀ ਜੀ ਕਾਵਾਂ ਤੋਂ ਉਹਦੀ ਰੱਖਜਾ ਕਰਨ ਲਗੇ।

ऐणेयं मांसमाहृत्य शालां यक्ष्याम हे वयम्।
कर्त्तव्यं वास्तुशमनं सौमित्रे चिरजीविभिः ।। २२।।

ਰਾਮ ਚੰਦਰ ਜੀ ਇਕ ਚਿਤ ਹੋ ਸੇਵਾ ਕਰਨ ਵਿਚ ਦਿਲ ਲਾ ਕੇ ਲਛਮਣ ਜੀ ਪ੍ਰਤਿ ਬੋਲੇ, ਹੇ ਸੁਮਿਤ੍ਰੇ! ਅਸੀਂ ਹਰਨ ਦਾ ਮਾਸ ਲਿਆਕੇ ਪ੍ਰਣ ਸ਼ਾਲਾਧਿਸ਼ਠਤ੍ਰੀ ਦੇਵਤਾ ਦੀ ਪੂਜਾ ਕਰਾਂਗੇ॥੨੨॥

मृगं हत्वाऽऽनय क्षिप्रं लक्ष्मणेह शुभेक्षण।
कर्त्तव्यः शास्त्रदृष्टो हि विधिर्धर्मसनुस्मर । ।। २३।।

ਕਿਉਂ ਜਿਹੜੇ ਲੋਕ ਬਹੁਤ ਜੀਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਕਿਸੇ ਗ੍ਰੇਹ ਦੀ ਪੂਜਾ ਕੀਤੇ ਬਿਨਾਂ ਉਸ ਵਿਚ ਨਾ ਰਹਿਣ। ਹੇ ਪ੍ਰਿਯਦਰਸ਼ਨ! ਹੁਣ ਤੂੰ ਜਲਦੀ ਨਾਲ ਹਿਰਨ ਮਾਰਕੇ ਇਥੇ ਲਿਆ॥੨੩॥

(ਬਾਲਮੀਕੀ ਰਾ: ਅਯੁ: ਕਾਂਡ ਸਰਗ ੫੬)

ਮੰਨੇ ਜਾਂਦੇ ਹਨ। ਜੇਕਰ ਆਪ ਅਰਜਨ ਨੂੰ ਗੀਤਾ ਦਾ ਉਪਦੇਸ਼ ਨਾ ਦੇਂਦੇ ਤਾਂ ਮਹਾਂਭਾਰਤ ਦਾ ਭਯਾਨਕ ਜੁੱਧ ਨਾ ਮਚਦਾ। ਜੇ ਆਪ ਉਸ ਜੁੱਧ ਵਿਚ ਅਰਜਨ ਦੇ ਰਥਵਾਹੀ ਹੋਕੇ ਜੁੱਧ ਵਿਦਯਾ ਦੀ ਪ੍ਰਬੀਨਤਾ ਨਾ ਵਰਤਦੇ ਤਾਂ ਪਾਂਡਵ ਨਾ ਜਿੱਤਦੇ। ਫਿਰ ਆਪ ਦੇਖ ਲੈ ਕਿ ਦੁਆਰਕਾ ਜਾਕੇ ਆਪ ਨੇ ਆਪਣਾ ਰਾਜ ਬੱਧਾ। ਦੱਸ, ਰਾਜ, ਜੰਗ ਅਖਾੜੇ ਰਚੇ ਬਿਨਾਂ ਤੇ ਮਾਰੇ ਮਰੇ ਬਿਨਾਂ ਬੱਝ ਤੇ ਕਾਯਮ ਰਹਿ ਸਕਦਾ ਹੈ? ਕੀਹ ਸ੍ਰੀ ਕ੍ਰਿਸ਼ਨ ਜੀ ਦਾ ਕਾਲੀ ਨਾਗ ਨੂੰ ਮਾਰਨਾ ਹਿੰਸਾ ਨਹੀਂ ਤੇ ਕਾਰਕ ਸਤਿਗੁਰੂ ਜੀ ਦਾ ਜਰਵਾਣਿਆਂ ਨੂੰ ਮਾਰਨਾ ਹਿੰਸਾ ਹੈ? ਕੰਸ ਦਾ ਬਧ ਅਹਿੰਸਾ ਹੈ ਤੇ ਤੁਰਕ ਜ਼ਾਲਮਾਂ ਤੋਂ ਪਰਜਾ ਦੀ ਰਖਜਾ ਅਹਿੰਸਾ ਨਹੀਂ? ਆਪਣੇ ਵੈਸ਼ਨਵ ਸੰਤ ਨੂੰ ਪੁੱਛ ਜਾਕੇ ਸ਼ਿਸ਼ੂਪਾਲ ਵਾਲੀ ਗਲ ਨੂੰ ਕੀਕੂੰ ਅਹਿੰਸਾ ਸਿੱਧ ਕਰਦਾ ਹੈ। ਵੈਸ਼ਨਵ ਨੇ ਤੇਰੇ ਕੰਨਾਂ ਵਿਚ ਅਹਿੰਸਾ ਤਾਂ ਫੂਕੀ ਪਰ ਅਹਿੰਸਾ ਦਾ ਲੰਮਾ ਚੁੜਾ ਤੇ ਡੂੰਘਾ ਬੀ ਦੱਸਿਆ? ਮਾਸ ਖਾਓ ਤੇ ਨਾ ਖਾਓ ਦੇ ਝਗੜੇ ਖੜੇ ਕਰਕੇ ਪਰਮਾਰਥ ਤੋਂ ਉਰੇ ਹੀ ਬਹਿਸ ਤੇ ਵਾਦ ਵਿਚ ਪਾ ਦਿੱਤਾ। ਤੂੰ ਦੰਸ ਮੈਨੂੰ ਕਿ ਵੈਸ਼ਨਵਾਂ ਦੇ ਪੂਜਯ ਅਵਤਾਰ ਰਜੋਗੁਣੀ, ਜੰਗ ਰਚਣ ਵਾਲੇ ਹੈਨ ਕਿ ਨਹੀਂ? ਜੇ ਹੁਣ ਸੂਰੇ ਤੇ ਪੂਰੇ ਅਵਿਤਾਰ ਗੁਰੂ ਨੇ, ਜੋ ਗੁਰੂ ਜਯੋਤੀ ਆਪ ਅਵਤਾਰ ਹਨ, ਕਾਰਕ ਹਨ, ਗੁਰ ਅਵਤਾਰ ਹੋਣ ਕਰਕੇ ਅਵਤਾਰ ਸ਼ਿਰੋਮਣ ਹਨ, ਜਗਤ ਨੂੰ ਓਪਰੇ ਤੇ ਨਿਰਦਈਆਂ ਦੇ ਰਾਜ ਵਿਚ ਪੀੜਤ ਵੇਖਕੇ ਸੂਰਬੀਰਤਾ ਆਂਦੀ ਹੈ ਤੇ ਦਬੇਲ ਪ੍ਰਜਾ ਨੂੰ ਉੱਚਜਾਂ ਕਰ ਰਹੇ ਹਨ ਤੇ ਪਾਪ ਰਾਜ ਨੂੰ ਨਾਸ਼ ਕਰਨਾ ਸਿਖਾਲਿਆ ਹੈਨੇ ਤਾਂ ਉਪਕਾਰ ਕੀਤਾ ਹੈਨੇ ਕਿ ਅਪਕਾਰ? ਕੀ ਤੂੰ ਯਾ ਤੇਰਾ ਮਿੱਤ੍ਰ ਯਾ ਤੁਸੀਂ ਦੋਏ ਔਰੰਗਜ਼ੇਬ ਦੇ ਵਰਤ ਰਹੇ ਜ਼ੁਲਮ ਨੂੰ ਦੂਰ ਕਰ ਸਕਦੇ ਹੋ? ਜਿਸ ਬ੍ਰਿਤੀ ਨੂੰ ਤੂੰ ਦੇਵ ਬ੍ਰਿਤੀ ਸਮਝਦਾ ਹੈਂ ਉਹ ਕਾਇਰ ਬ੍ਰਿਤੀ ਹੈ। ਕਾਇਰ ਬ੍ਰਿਤੀ ਰੂਹ ਦੀ 'ਦੁਆਲੇ ਨਿਕਲੀ ਹੋਈ ਵਰਗੀ' ਹਾਲਤ ਹੈ। ਮਾਨੋ ਸਰੀਰਕ ਬਲ, ਮਾਨਸਿਕ ਬਲ ਜਦ ਹਾਰ ਜਾਣ ਤਾਂ ਸਿਆਣੇ ਲੋਕੀਂ ਕਮਜ਼ੋਰੀ ਛਿਪਾਉਣ ਲਈ ਉਸ ਨੂੰ ਦਇਆ, ਛਿਮਾਂ, ਦਰ ਗੁਜ਼ਰੀ, ਨਿੰਮ੍ਰਤਾ, ਸਹਿਨਸ਼ੀਲਤਾ

ਦੇ ਨਾਉਂ ਦੇ ਲੈਂਦੇ ਹਨ! ਤੂੰ ਉਥੇ ਚੰਗੀ ਤਰ੍ਹਾਂ ਤੱਕਣਾ ਸੀ ਕਿ ਕੀਹ ਗੁਰੂ ਜੀ ਨੂੰ ਰਾਜ ਦਾ ਲੋਭ ਹੈ ਆਪਣੇ ਲਈ? ਕੀਹ ਓਹ ਦੂਸਰੇ ਦਾ ਹੱਕ ਖੋਹ ਰਹੇ ਹਨ? ਓਹ ਤਾਂ ਧਰਮ ਜੁੱਧ ਰਚਾ ਰਹੇ ਹਨ ਕਿ ਗਊ, ਗ੍ਰੀਬ, ਬ੍ਰਾਹਮਣ, ਸਾਧੂ, ਸੰਤ, ਪ੍ਰਜਾ, ਸਭ ਪਰ ਜੋ ਅਤਜਾ-ਚਾਰ ਹੋ ਰਿਹਾ ਹੈ, ਇਹ ਦੂਰ ਹੋਵੇ। ਪਹਿਲੇ ਸਤਿਗੁਰੂ ਜੀ ਪਿਆਰ ਨਾਲ, ਉਪਦੇਸ਼ ਨਾਲ, ਸ਼ਾਂਤੀ ਨਾਲ, ਜ਼ੁਲਮ ਸਹਾਰਕੇ, ਮੀਸ ਦੇ ਕੇ ਜ਼ਾਲਮ ਨੂੰ ਵਰਜ ਰਹੇ, ਪਰ ਨਾ ਉਹ ਰੁਕਿਆ ਤੇ ਨਾ ਪ੍ਰਜਾ ਵਿਚ ਸਾਹਸ ਆਇਆ ਹੈ। ਹੁਣ ਉਸੇ ਗੱਦੀ ਤੇ ਬਿਰਾਜੇਗੁਰੂ ਜੀ ਨੇ ਉਸੇ ਦਬੇਲ ਹੋ ਗਈ ਪਰਜਾ ਵਿਚ ਸ਼ਸਤ੍ਰ ਦਾ ਤਾਣ ਭਰ ਦਿੱਤਾ ਹੈ ਆਪਣੇ ਧਰਮ ਦੀ, ਆਪਣੀ ਸ਼ਰਮ ਦੀ, ਆਪਣੀ ਜਾਨ ਦੀ ਤੇ ਮਾਲ ਦੀ ਰੱਖਜ਼ਾ ਕਰਨ ਲਈ। ਨਾਲੇ ਓਹ ਗੁਰੂ ਗੁਰੂ ਹੈ, ਧਰਮ ਦਾ ਦਾਤਾ ਹੈ, ਜੋਤ ਨਿਰੰਜਨੀ ਹੈ, ਨਾਲੇ ਕਵੀ, ਨਾਲੇ ਜੋਧਾ ਹੈ, ਨਾਲੇ ਕੋਮਲ ਹੈ ਨਾਲੇ ਬਲਵਾਨ ਹੈ। ਉਸ ਦੀ ਕਰਨੀ ਤੇ ਕਿੰਤੂ ਕਿਉਂ ਉਪਜੇ ਤੈਨੂੰ? ਗੁਰੂ ਕੀ ਬਾਣੀ ਪੜ੍ਹ, ਆਦਿ ਸਤਿਗੁਰੂ ਨੇ ਮਾਸ ਦੇ ਝਗੜੇ ਵਿਚ ਪੈਣ ਵਾਲੇ ਨੂੰ ਮੂਰਖ ਕਿਹਾ ਹੈ। ਤੂੰ ਕਿਉਂ ਮੂਰਖਤਾ ਵਿਚ ਗਿਆ? ਆਦਿ ਸਤਿਗੁਰਾਂ ਫੁਰਮਾਇਆ ਹੈ ਕਿ ਜਿਸਦੇ ਖਾਣ ਨਾਲ ਮਨ ਵਿਚ ਵਿਕਾਰ ਤੇ ਸਰੀਰ ਵਿਚ ਪੀੜਾ ਆਵੇ ਉਹ ਖਾਣਾ ਨਾ ਖਾਓ। ਸਮਰਥ ਗੁਰੂ ਦੀ ਸੁਰਤ ਜੋ ਕਦੇ ਝੰਵਦੀ ਨਹੀਂ, ਜੋ ਆਪਣੇ ਚੋਜ ਵਿਚ ਸ਼ਿਕਾਰ ਖੇਲ ਰਹੀ ਹੈ ਤਾਂ ਖੇਲੇ। ਤੂੰ ਜੇ ਮੱਛਰ ਮਰੇ ਤੇ ਔਖਾ ਹੁੰਦਾ ਹੈਂ ਤਾਂ ਨਾ ਮਾਰ। ਜੇ ਅੱਧਾ ਪਿੰਡ ਖਾ ਚੁਕੇ ਆਦਮਖੋਰ ਸ਼ੇਰ ਦਾ ਸ਼ਿਕਾਰ ਹੋਇਆ ਵੇਖਕੇ ਤੈਨੂੰ ਹਿੰਸਾ ਫੁਰਦੀ ਹੈ ਤਾਂ ਤੂੰ ਸ਼ੇਰ ਦਾ ਸ਼ਿਕਾਰ ਨਾ ਕਰ, ਤੇ ਅੱਧੇ ਪਿੰਡ ਦੇ ਯਤੀਮਾਂ ਤੇ ਵਿਧਵਾਂ ਦੇ ਵਿਰਲਾਪ ਤੈਨੂੰ ਸੁਹਾਵਣੇ ਲਗਦੇ ਹਨ ਤਾਂ ਸੁਣ, ਪਰ ਜਲਾਲ ਵਾਲੀ ਸੁੰਦਰਤਾ ਨੂੰ ਤਰਕਾਂ ਕਰਨ ਵਾਲਾ ਤੂੰ ਕੌਣ ਹੈਂ, ਜੋ ਉਸ ਹਿੰਸਕ ਸ਼ੇਰ ਨੂੰ ਮਾਰਕੇ ਅੱਧਾ ਪਿੰਡ ਬਚਾ ਲੈਂਦੀ ਹੈ। ਫੇਰ ਜਿਨ੍ਹਾਂ ਦੇ ਹਥੋਂ ਮਰਿਆਂ ਦੀ ਸਦਗਤੀ ਹੋਣੀ ਹੈ, ਉਨ੍ਹਾਂ ਦੇ ਹੱਥਾਂ ਦੀ ਬਰਕਤ ਨੂੰ ਤੂੰ ਨਿਤਾਣੇ ਹੱਥਾਂ ਵਰਗੇ ਕਿਉਂ ਵੇਖਣੇ ਚਾਹੁੰਦਾ ਹੈਂ? ਤੂੰ ਗੁਰਬਾਣੀ ਪੜ੍ਹ, ਵੇਖ ਤੀਸਰੇ ਪਾਤਸ਼ਾਹ ਫ਼ੁਰਮਾਉਂਦੇ ਹਨ:-

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥ (ਰਾਮ: ਮ: ੩, ਅਨੰਦ-੨੭)

ਇਹ ਲੇਖੇ ਪੱਤੇ ਸ਼ਾਸਤ੍ਰਾਂ ਦੇ ਜੋ ਬਿਨਾਂ ਪੂਰਬ ਅਪਰ ਮੇਲੇ ਦੇ ਕੱਚੇ ਗੁਰੂ ਸਿਖਾਲਦੇ ਹਨ, ਏਹ ਪੁੰਨ ਪਾਪ ਦੀ ਵੀਚਾਰ ਤੇ ਭਰਮ ਵਿਚ ਪਾ ਦੇਂਦੇ ਹਨ, ਪਰ ਤੱਤ ਦੀ ਸਾਰ ਨਹੀਂ ਦੱਸਦੇ। ਤੂੰ ਬੀ ਝਗੜੇ ਵਿਚ ਪੈਕੇ ਤੱਤ ਤੋਂ ਵਾਂਜਿਆ ਗਿਆ। **'ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ'॥** (ਗਉੜੀ ਕਬੀਰ-੩੦) ਇਹ ਵੀਚਾਰਾਂ ਜੇਉੜੀਆਂ ਤੇ ਸੰਗਲ ਹੋ ਢੁਕਦੀਆਂ ਹਨ, ਜਿਨ੍ਹਾਂ ਨਾਲ ਬੁੱਧੀ ਬੱਝਕੇ ਮਧਰੀ, ਨਿਤਾਣੀ ਤੇ ਗਮਰੁੱਠ ਜਿਹੀ ਹੋ ਜਾਂਦੀ ਹੈ। ਗੁਰਮਤ ਵਿਚ ਆ ਤੇ 'ਖੇੜੇ, ਵਿਕਾਸ' ਦਾ ਮਾਰਗ ਬੀ ਸਮਝ। ਪਾਪ ਪੁੰਨ ਦੀ ਵਿਚਾਰ ਇਸ ਰਸਤੇ ਬੀ ਹੁੰਦੀ ਹੈ ਪਰ ਉਹ ਆਤਮ ਉੱਨਤੀ ਦੀ ਸਹਾਯਕ ਬਣਦੀ ਹੈ, ਉਹ ਜੇਉੜੀ ਬਣਕੇ ਬੰਨ੍ਹ ਨਹੀਂ ਬਹਾਲਦੀ। ਰੂਹ ਦਾ ਹੁਲਾਰਾ, ਅੰਦਰ ਦਾ ਵਿਗਾਸ, ਸਾਈਂ ਦੇ ਪਿਆਰ ਦਾ ਉਤਸ਼ਾਹ, ਅੰਦਰ ਬਾਹਰ ਦੀ ਨਿਰਮਲਤਾ, ਇਸ ਮਾਰਗ ਦੇ ਬਿਹੰਗਮ ਉਡਾਰੇ ਹਨ।

ਤੂੰ ਆਤਮ ਦੁਨੀਆਂ ਦੇ ਸ਼ਹਿਨਸ਼ਾਹ ਨੂੰ ਮਿਲਕੇ ਕਿਉਂ ਸੱਖਣਾ ਆਇਆ? ਇਸ ਲਈ ਕਿ ਤੇਰੀ ਬੁੱਧੀ ਬਣਿਕ ਬ੍ਰਿਤੀ ਵਿਚ ਬੱਝ ਰਹੀ ਸੀ। ਇਕ ਵਿਹਾਰਾਂ ਦੀ ਬਣਿਕ ਬ੍ਰਿਤੀ ਹੈ, ਦੂਜੀ ਹੈ ਪਾਪ ਪੁੰਨ ਅਹਿੰਸਾ ਹਿੰਸਾ ਵਰਗੀਆਂ ਗਲਾਂ ਦੀ ਵਾਲ ਦੀ ਖਾਲ ਖਿੱਚਣ ਵਾਲੀ ਬਣਿਕ ਬ੍ਰਿਤੀ, ਜਿਸ ਨੇ ਰਿੜ੍ਹਨਾ ਤਾਂ ਵੇਖਿਆ ਹੈ ਪਰ ਟੁਰਨਾ ਨਹੀਂ ਵੇਖਿਆ। ਟੁਰਨਾ ਬੀ ਭਲਾ ਕਦੇ ਵੇਖਿਆ ਪਰ ਉੱਡਣਾ ਨਾ ਵੇਖਿਆ। ਸੁੰਡੀ ਕੀਹ ਜਾਣ ਸਕਦੀ ਹੈ ਉਸ ਖੁਲ੍ਹ ਨੂੰ ਜੋ ਗਗਨਾਂ ਵਿਚ ਉਡਾਰੀਆਂ ਤੇ ਤਾਰੀਆਂ ਲੈਣ ਵਾਲੇ ਪੰਛੀ ਜਾਣਦੇ ਹਨ। ਸੁੰਡੀ ਧਰਤੀ ਦੇ ਨਾਲ ਨਾਲ ਗਰਦ ਗੁਬਾਰ ਦੀ ਜਾਣੂ ਹੈ, ਪੰਛੀ ਨੀਲੇ ਅਕਾਸ਼ਾਂ ਦੀ ਨਿਰਮਲਤਾਈ ਵਿਚ ਰੀਮਤਾ ਰਖਦੇ ਹਨ। ਜੇ ਪਾਠ ਕਰੇਂ ਆਦਿ ਗੁਰਬਾਣੀ ਦਾ, ਬਾਣੀ ਨੂੰ ਵੀਚਾਰੇਂ ਤੇ ਨਾਲ ਵੀਚਾਰੇਂ ਦਸਮੇਂ ਪਾਤਸ਼ਾਹ ਦੀ ਅਕਾਲੀ ਬਾਣੀ ਨੂੰ ਤਾਂ ਤੈਨੂੰ ਸੋਝੀ ਪਵੇ ਨਿਰਮਲ ਨੀਲੇ ਅੰਬਰ

ਵਿਚ ਉਡ ਰਹੇ ਨੀਲ-ਕੰਠ* ਦੀ।

ਪੁੱਤਰ-ਕੁਛ ਇਹੋ ਜਿਹੀਆਂ ਗੱਲਾਂ ਅਨੰਦਪੁਰ ਹੁੰਦੀਆਂ ਤਾਂ ਸਨ, ਪਰ ਮੈਂ ਗਉਲੀਆਂ ਨਹੀਂ। ਤੁਹਾਡੇ ਅਜ ਦੇ ਬਚਨ ਤਾਂ ਸੁੱਤੇ ਪਿਆਂ ਦੀ ਜਾਗ ਖੁਲ੍ਹਾਉਂਦੇ ਹਨ, ਪਰ ਪਿਤਾ ਜੀ! ਫੇਰ ਜਰਵਾਣੇ ਲੋਕਾਂ ਦੀ ਕਰਨੀ ਕਿਉਂ ਮਾੜੀ ਹੋਈ, ਉਹ ਬੀ ਇਹੋ ਉੱਚੀ ਗਤੀ ਨਹੀਂ?

ਪਿਤਾ-ਜਰਵਾਣੇ ਅੰਧਕਾਰ ਵਿਚ ਹਨ, ਓਹ ਤ੍ਰਿਸ਼ਨਾ ਵਿਚ ਹਨ, ਓਹ ਆਪਣੇ ਸੁਖ ਲਈ ਦੂਸਰੇ ਦਾ ਬੁਰਾ ਕਰਦੇ ਹਨ। ਬੇਟਾ! ਉਹ ਹੰਕਾਰ ਵਿਚ ਹਨ ਤੇ ਉਨ੍ਹਾਂ ਦੇ ਕਰਮ ਕਰਤੱਬ ਸਭ ਹੰਕਾਰ ਵਿਚ ਹੁੰਦੇ ਹਨ। ਦੇਖ, ਔਰੰਗਜ਼ੇਬ ਨੇ ਪਿਤਾ ਕੈਦ ਕਰਕੇ ਭਰਾ ਨੂੰ ਧੋਖਾ ਦੇਕੇ ਮਦਦਗਾਰ ਬਣਾ ਕੇ ਮਾਰਿਆ। ਦੂਸ਼ਰੇ ਭਰਾਵਾਂ ਨੂੰ ਕਤਲ ਕੀਤਾ। ਕਈ ਦਗੇ ਕ੍ਰਮਾਏ ਤੇ ਕਈ ਫਕੀਰ ਸੰਤ ਮਾਰੇ। ਪਰਜਾ ਦੁਖੀ ਹੈ, ਸੰਤ ਦੁਖੀ ਹਨ, ਧਰਮ ਵਿਚ ਧੱਕਾ ਹੈ। ਇਸ ਤਰ੍ਹਾਂ ਦੀ ਬ੍ਰਿਤੀ ਨੂੰ ਤੂੰ ਰਲਾਉਂਦਾ ਹੈਂ ਨਿਸ਼ੇਕਾਮ, ਨਿਰਵੈਰ, ਸ੍ਵੱਛ ਦਿਲ ਵਾਲੀ ਬਿਰਤੀ ਨਾਲ, ਜੋ ਆਪਣੇ ਆਤਮ ਸੁਖਾਂ ਵਿਚੋਂ ਉੱਠਕੇ ਦੀਨਾਂ ਦੀ ਰਖਜਾ ਵਾਸਤੇ ਦੁਖਾਂ ਦੀ ਨੈਂ ਵਿਚ ਆ ਖੜੋਂਦੀ ਹੈ। ਜਿਸ ਬ੍ਰਿਤੀ ਵਿਚ ਗੁਰੂ ਜੀ ਕੰਮ ਕਰ ਰਹੇ ਹਨ ਉਹ ਹੈ ਤਜਾਗ ਦੀ ਨੀਂਹ ਤੇ ਉੱਸਰੀ ਉਤਸ਼ਾਹ ਬ੍ਰਿਤੀ, ਜਿਸ ਦਾ ਨਾਮ, ਉਨ੍ਹਾਂ ਨੇ ਚੜ੍ਹਦੀਆਂ ਕਲਾਂ ਧਰਿਆ ਹੈ। ਮਤ ਬੇਟਾ! ਸਮਝੀਂ ਕਿ ਹੰਕਾਰੀਆਂ ਤੇ ਪਾਪ ਦੇ ਪਿਆਰਿਆਂ ਦੇ ਹੰਕਾਰ ਦਾ ਨਾਮ ਚੜ੍ਹਦੀਆਂ ਕਲਾਂ ਹੈ। ਤ੍ਰਿਸ਼ਨਾ ਰਹਿਤ ਪੁਰਖਾਂ ਦਾ ਕੇਵਲ ਨੇਕੀ ਲਈ ਜੋ ਕੰਮ ਕਰਨਾ ਹੈ, ਉਹ ਜਿਸ ਉਮਾਹ ਵਾਲੀ ਬ੍ਰਿਤੀ ਵਿਚ ਕਰਨਾ ਹੈ ਉਸ ਦਾ ਨਾਮ ਹੈ ਚੜ੍ਹਦੀਆਂ ਕਲਾਂ। ਅੰਮ੍ਰਿਤ ਵੇਲੇ ਨਾ ਜਾਗਣ ਵਾਲੇ, ਬਾਣੀ ਨਾ ਪੜ੍ਹਨ ਨਾ ਵੀਚਾਰਨ ਵਾਲੇ, ਪੰਜਾਂ ਵਿਚ ਖੁਲ੍ਹੇ ਵਿਚਰਨ ਵਾਲੇ, ਅੰਦਰ ਰਾਗ ਦ੍ਵੈਖ ਈਰਖਾ ਰੱਖਣ ਵਾਲੇ, ਨਾਮ ਦਾਨ ਇਸ਼ਨਾਨ ਵਿਚ ਢਿੱਲੇ ਤੇ ਹੰਕਾਰ ਕੁੱਠੇ ਲੋਕੀਂ ਆਪਣੇ ਬਫਾਉਣ ਦਾ ਨਾਮ ਜੇ ਚੜ੍ਹਦੀਆਂ ਕਲਾਂ ਰੱਖ ਲੈਣ ਤਾਂ ਇਹ ਉਹੋ ਜੇਹੀ ਭੁੱਲ ਹੈ ਜਿਹੋ ਜਿਹੀ ਕਿ ਢੱਠੀਆਂ ਸੁਰਤਾਂ ਵਾਲੇ ਆਪਣੇ ਨਿਤਾਣਪੁਣੇ ਨੂੰ ਸਹਿਨ ਸ਼ੀਲਤਾ ਕਹਿਣ ਵਿਚ ਕਰਦੇ ਹਨ।

ਪੁੱਤਰ-ਪਿਤਾ ਜੀ! ਹੁਣ ਸਤਿਗੁਰੂ ਤੋਂ ਬਖਸ਼ਾ ਦਿਓ। ਹੁਣ ਸਮਝ ਪੈ ਰਹੀ ਹੈ ਤੇ ਮਨ ਆਪਣੀ ਭੁੱਲ ਵੇਖ ਰਿਹਾ ਹੈ।

ਪਿਤਾ-ਸ਼ੁਕਰ ਹੈ! ਤੇਰੇ ਵਰਗੇ ਅੱਲ੍ਹੜਾਂ ਨੂੰ ਦੁੱਖ ਹੀ ਦੂਰ ਹੋ ਢੁਕਦਾ ਹੈ।.....ਇਹ ਬੀ ਦਾਤੇ ਦੀ ਮਿਹਰ ਹੈ। ਜਿਨ੍ਹਾਂ ਨੂੰ ਪਿਆਰ ਨਾਲ, ਉਪਦੇਸ਼ ਨਾਲ, ਪਰਚੇ ਨਾਲ ਸਮਝ ਨਾ ਪਵੇ, ਉਨ੍ਹਾਂ ਦੀ ਮਾਯਕ ਨਿੰਦ੍ਰਾ ਖੋਲ੍ਹਣ ਵਾਸਤੇ ਵਾਹਿਗੁਰੂ ਉਨ੍ਹਾਂ ਨੂੰ ਦੁੱਖ ਦਾ ਝੰਝੂਣਾ ਦੇ ਦਿੰਦਾ ਹੈ। ਸ਼ੁਕਰ ਹੈ ਕਿ ਤੈਨੂੰ ਦਾਤੇ ਨੇ ਸੰਮ੍ਹਾਲਿਆ ਹੈ। ਸਮਝ ਕਿ ਇਹ ਮਿਹਰ ਹੋਈ ਹੈ, ਨਾ ਸਮਝ ਕਿ ਗੁਰੂ ਗੁੱਸੇ ਹੋ ਗਿਆ ਹੈ ਤੇ ਦੰਡ ਦੇ ਰਿਹਾ ਹੈ। ਨਹੀਂ, ਜੀਕੂੰ ਡੰਗਰ ਨੂੰ ਖੁੜੱਲ ਵਿਚ ਡਿਗ ਪੈਣ ਤੋਂ ਰੋਕਣ ਲਈ ਉਸ ਦਾ ਵਾਗੀ ਉਸ ਦੇ ਬੁਥਾੜ ਤੇ ਸੋਟਾ ਉਲਾਰਦਾ ਹੈ, ਜੋ ਉਸ ਦੇ ਭਲੇ ਲਈ ਹੈ; ਤਿਵੇਂ ਆਪਣਿਆਂ ਨੂੰ ਦਾਤਾ ਬੀ ਦੁੱਖ ਦਾ ਡੰਡਾ ਦਿਖਾਕੇ ਖੁੜੱਲਾਂ ਵਿਚ ਡਿੱਗਕੇ ਮਰ ਜਾਣੋਂ ਬਚਾ ਲੈਂਦਾ ਹੈ। ਤੇਰਾ ਦੁੱਖ ਦੇਖਕੇ ਮੈਂ ਦੁਖੀ ਨਹੀਂ, ਮੈਂ ਇਸ ਨੂੰ ਸਤਿਗੁਰੂ ਦਾ ਪਿਆਰ ਸਮਝਕੇ ਭੈ ਭਰੇ ਸ਼ੁਕਰ ਵਿਚ ਹਾਂ।

ਪੁੱਤ੍ਰ-ਫਿਰ ਬਖਸ਼ੋ ਤੇ ਬਖਸ਼ਵਾਓ, ਮੇਰੀ ਨੀਂਦਰ ਹੁਣ ਖੁੱਲ੍ਹ ਪਈ ਹੈ।

੭.

ਸਭਿ ਕੁਟੰਬ ਇਕਠੋ ਹੁਇ ਗਯੋ।
ਗੁਰ ਦਰਸ਼ਨ ਹਿਤ ਚਲਿਬੋ ਕਿਯੋ।
ਕ੍ਰਮ ਕ੍ਰਮ ਪੰਥ ਉਲੰਘਨਿ ਕੋ ਕਰਿ।
ਆਏ ਧਜਾਨ ਸਿੰਘ ਮਾਜਰੀਏ ਘਰ। (ਸੂ: ਪ੍ਰ:)

ਬਿਸ਼ੰਭਰ ਦਾਸ ਸਾਰੇ ਪਰਿਵਾਰ ਨੂੰ ਨਾਲ ਲੈਕੇ ਚਮਕੌਰ ਪਹੁੰਚ ਪਿਆ ਤੇ ਧਜਾਨ ਸਿੰਘ ਦੇ ਘਰ ਪਹੁੰਚ ਕੇ ਦੁਖ ਰੋਣੀ ਰੋਇਆ ਕਿ ਮੇਰਾ ਪੁੱਤਰ ਭੁੱਲ ਕਰ ਗਿਆ ਹੈ, ਤੂੰ ਮੇਰਾ ਗੁਰਭਾਈ ਹੈਂ, ਹੁਣ ਤੂੰ ਦੱਸ ਕਿ ਮੈਂ ਕਿਵੇਂ ਕਰਾਂ? ਪੁੱਤਰ ਨੂੰ ਸਮਝਾਇਆ ਹੈ, ਹੁਣ ਇਸ ਦੀ ਮਤ ਉੱਜਲ ਹੋ

*ਆਮ ਲੋਕ ਨੀਲ ਕੰਠ ਨੂੰ ਹੀ ਗਰੁੜ ਕਹਿੰਦੇ ਹਨ, ਤਾਂਤੇ ਗਰੁੜ।

ਆਈ ਹੈ; ਇਸ ਨੂੰ ਨਾਲ ਲੈਕੇ ਆਇਆ ਹਾਂ ਤੇ ਤੇਰੀ ਸ਼ਰਨ ਹਾਂ। ਮਾਡਾ ਨਿਸਤਾਰਾ ਹੁਣ ਤੇਰੇ ਹੱਥ ਹੈ। ਮੇਰੇ ਤੇ ਉਪਕਾਰ ਕਰ, ਜੀਕੂੰ ਗੁਰੂ ਸਿਖ ਸਦਾ ਕਰਦੇ ਰਹੇ ਹਨ। ਉਹ ਬਿਧਿ ਕਰ ਕਿ ਜੀਕੂੰ ਮਤਿਗੁਰ ਪ੍ਰਸੰਨ ਹੋ ਜਾਣ ਤੇ ਇਸ ਪੁੱਤ੍ਰ ਨੂੰ ਨਾਮ ਦੀ ਰੰਗਣ ਚੜ੍ਹ ਜਾਵੇ।

ਧਜਾਨ ਸਿੰਘ ਨੇ ਕਿਹਾ--ਭ੍ਰਾਤਾ ਜੀਓ! ਮੈਂ ਹਰ ਤਰ੍ਹਾਂ ਹਾਜ਼ਰ ਹਾਂ। ਸਤਿਗੁਰੂ ਦੇ ਦੁਆਰੇ ਚੱਲੋ ਤੇ ਮੈਂ ਬੀ ਚਲਦਾ ਹਾਂ। ਉਨ੍ਹਾਂ ਦਾ ਬਿਰਦ ਬਖਸ਼ਿੰਦ ਹੈ, ਉਹ ਤਾਂ ਪਿਤਾ ਹਨ ਮਾਤਾ ਹਨ, ਸਨੇਹ ਰੂਪ ਹਨ, ਬਖਸ਼ ਦੇਣਗੇ ਤੇ ਨਾਮ ਦਾ ਰੰਗ ਲਾ ਦੇਣਗੇ।

ਗੱਲ ਕੀ ਸਾਰੇ ਅਨੰਦਪੁਰ ਆ ਪਹੁੰਚੇ। ਪਹਿਲਾਂ ਡੇਰਾ ਕੀਤਾ ਤੇ ਫੇਰ ਗੁਰ ਚਰਨਾਂ ਵਿਚ ਜਾ ਮੱਥਾ ਟੇਕਿਆ। ਸਤਿਗੁਰ ਦੇਖਕੇ ਮੁਸਕ੍ਰਾਏ ਤੇ ਕ੍ਰਿਪਾ ਭਰੇ ਨੈਣਾਂ ਨਾਲ ਤੱਕੇ। ਸੁੱਖ ਸਾਂਦ ਪੁੱਛੀ ਦੱਸੀ। ਇਸ ਤਰ੍ਹਾਂ ਤ੍ਰੈ ਦਿਨ ਬਿਨਾਂ ਕੋਈ ਗਲ ਛੇੜੇ ਦੇ ਸਾਰੇ ਦਰਸ਼ਨ ਮੇਲੇ ਕਰਦੇ ਰਹੇ ਅਤੇ ਪ੍ਰਸ਼ਾਦ ਦੇਗ ਤੋਂ ਛਕਦੇ ਰਹੇ। ਹਰਿਗੁਪਾਲ ਦੀ ਹੁਣ ਮਤਿ ਹੋਰ ਉੱਜਲ ਹੋ ਆਈ।

ਇਕ ਦਿਨ ਸਤਿਗੁਰ ਨੂੰ ਜ਼ਰਾ ਵਿਹਲ ਵਿਚ ਵੇਖਕੇ ਬਿਸ਼ੰਭਰ ਦਾਸ ਪੁੱਤਰ ਸਮੇਤ ਸਾਹਿਬਾਂ ਦੇ ਹਜ਼ੂਰ ਹੱਥ ਜੋੜਕੇ ਖਲੋ ਗਿਆ ਤੇ ਅਰਦਾਸ ਕੀਤੀ-

ਹਮ ਮੂਰਖ ਖੋਟੇ ਮਨ ਕਾਮੀ। ਕ੍ਰਿਤਘਣ ਕਿਰਪਣ ਲੂਣ ਹਰਾਮੀ। ਨਾਮ ਗੁਲਾਮ ਨ ਕਰਹਿਂ ਗੁਲਾਮੀ। ਤਊ ਕ੍ਰਿਪਾਲ ਆਪ ਹਹੁ ਸ੍ਵਾਮੀ। ਬਿਰਦ ਗ੍ਰੀਬ ਨਿਵਾਜ ਤੁਮਾਰਾ। ਨਾਮ ਪਤਿਤ ਪਾਵਨ ਸੁਖ ਮਾਰਾ। ਅਧਮ ਉਧਾਰਨਿ ਸਦਾ ਸੁਭਾਊ। ਪਿਖਉ ਦਾਸ ਕੋ ਦੋਸ਼ ਨ ਕਾਊ। ਬ੍ਰਿੱਛ ਡਾਲ ਸੂਧਾ ਅਬਿ ਕਰੀਅਹਿ। ਮੋ ਪਰ ਕਰੁਨਾ ਦ੍ਰਿਸ਼ਟਿ ਨਿਹਰੀਅਹਿ। (ਸੂ: ਪ੍ਰ:)

ਸਤਿਗੁਰ ਸੁਣਕੇ ਹੱਸੇ ਤੇ ਕਹਿਣ ਲਗੇ ਬਿਸ਼ੰਭਰ ਦਾਸ, ਤੇਰਾ ਸਾਡਾ ਪੁਰਾਤਨ ਨੇਹੁੰ ਹੈ, ਉਦਾਸ ਨਾ ਹੋ, ਤੇਰੇ ਪਿਤਾਮਾ ਦਾ ਨਾਮ ਨਾਨੂ ਸੀ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਖ ਸੀ। ਜਦੋਂ ਸਤਿਗੁਰ ਉਸਦੇ ਘਰ ਠਹਿਰੇ ਸਨ ਤਦੋਂ ਸਤਿਗੁਰ ਜੀ ਨੇ ਵਰ ਦਿੱਤਾ ਸੀ ਕਿ ਦਸਮੇ ਜਾਮੇ ਫੇਰ ਮੇਲਾ ਹੋਸੀ, ਸੋ ਤੇਰਾ ਮੇਲ ਤਦ ਤੋਂ ਬਣਿਆ ਸੀ। ਜੋ ਚਾਹੋ ਸੋ ਪੁੱਛੋ।

ਬਿਸ਼ੰਭਰ ਇਹ ਵਾਕ ਸੁਣਕੇ ਚਰਨਾਂ ਤੇ ਢਹਿ ਪਿਆ ਤੇ ਬੋਲਿਆ 'ਹੇ ਗ਼ਰੀਬ ਨਿਵਾਜ! ਮੇਰੇ ਤੇ ਜੋ ਕ੍ਰਿਪਾ ਹੋਈ ਹੈ ਕਹਿ ਨਹੀਂ ਮਕਦਾ; ਬਾਣੀ ਦਾ ਦਾਨ, ਨਾਮ ਦਾ ਦਾਨ ਐਸੇ ਦਾਨ ਹਨ ਕਿ ਕੀਹ ਕਹਾਂ, ਕੀਹ ਤੁੱਲਤਾ ਦੇਵਾਂ। ਪੁੱਤ੍ਰ ਹੋਰ ਸੰਗਤ ਵਿਚ ਬੈਠਣ ਲਗ ਪਿਆ ਸੀ ਤਾਂ ਮੈਂ ਇਸ ਨੂੰ ਆਪ ਦੀ ਸ਼ਰਣ ਵਿਚ ਘੱਲਿਆ ਸੀ। ਇਹ ਸ਼ਾਖਾ ਹੈ ਤਾਂ ਮੈਂ ਬ੍ਰਿਛ ਦੀ ਹੀ, ਪਰ ਸ਼ਾਖ ਵਿੰਗੇ ਪਾਸੇ ਨਿਕਲ ਗਈ ਹੈ, ਸਿੱਧੀ ਕਰ ਲਓ। ਅਸੀਂ ਕਲਜੁਗ ਦੇ ਜੀਵ ਭੁੱਲਣਹਾਰ ਹਾਂ। ਇਹ ਡੋਲਦਾ ਸੰਭਲਦਾ ਡੋਲਦਾ ਸੰਭਲਦਾ ਆਪ ਦੀ ਖੁਸ਼ੀ ਲੈਕੇ ਏਥੋਂ ਟੁਰਿਆ ਸੀ। ਰਾਹ ਵਿਚ ਫਿਰ ਡੋਲ ਗਿਆ। ਧਿਆਨ ਸਿੰਘ ਜੀ ਜੋ ਮੇਰੇ ਉਪਕਾਰੀ ਹੈਨ, ਇਨ੍ਹਾਂ ਦੇ ਘਰ ਰਾਤ ਰਿਹਾ; ਇਨ੍ਹਾਂ ਨੇ ਢੇਰ ਯਤਨ ਕੀਤਾ ਕਿ ਕਿਵੇਂ ਇਸ ਦਾ ਸਿਦਕ ਖੜੋ ਜਾਵੇ, ਪਰ ਤਿਲਕਣ ਬਾਜ਼ੀ ਹੈ, ਇਹ ਨਾ ਸੰਭਲਿਆ। ਫੇਰ ਉਸ ਗੁਰੂ ਕੇ ਪਿਆਰੇ ਨੇ ਗੁਰੂ ਕੇ ਬਚਨ ਦਾ ਅਪਮਾਨ ਨਾ ਸਹਾਰ ਕੇ ਲੋਭੀ ਪੁੱਤ੍ਰ ਨੂੰ ਧਨ ਦੇ ਕੇ ਆਪ ਦਾ ਬਚਨ ਲੈ ਲਿਆ। ਆਪ ਦੇ ਬਚਨ ਅਮੋਘ ਬਾਣ ਹਨ। ਪੁਤ੍ਰ ਨੇ ਸਮਝਿਆ ਸੀ ਬਚਨ ਕੇਵਲ ਹਵਾ ਦੇ ਅਵੈਵਾਂ ਦਾ ਜੋੜ ਤੋੜ ਹੈ, ਪਰ ਧਿਆਨ ਸਿੰਘ ਜਾਣਦਾ ਸੀ ਕਿ ਇਹ ਜੀਵਤ ਸ਼ਕਤੀ ਹੈ, ਇਹ 'ਅਮੁਲ ਫੁਰਮਾਣੁ' ਹੈ। ਇਸ ਨੂੰ ਆਪ ਦੇ ਉਸ ਅਮੁਲ ਵਾਕ ਦੀ ਕਦਰ ਪਾਉਣ ਨੇ ਧਨ ਧਾਮ ਤੇ ਧਰਮ ਤ੍ਰੈਹਾਂ ਵਿਚ ਪਰਮ ਸੁਖੀ ਕਰ ਦਿਤਾ ਹੈ, ਜਿਸਦੀ ਮੈਨੂੰ ਖੁਸ਼ੀ ਹੈ। ਮੈਂ ਹੁਣ ਇਸਦੇ ਪਾਸ ਗਿਆ ਸੀ ਕਿ ਪੁੱਤ੍ਰ ਤੋਂ ਭੁੱਲ ਹੋਈ ਹੈ, ਹੁਣ ਭੁੱਲ ਮੰਨਦਾ ਹੈ, ਸਤਿਗੁਰ ਤੋਂ ਬਖਸ਼ਵਾ ਦੇਹ। ਇਹ ਪਿਆਰਾ ਮੇਰੇ ਨਾਲ ਆਇਆ ਹੈ ਕਿ ਹਜ਼ੂਰ ਦੀ ਸੇਵਾ ਵਿਚ ਮੇਰੀ ਸਿਫਾਰਸ਼ ਕਰੇ। ਪੁੱਤ੍ਰ ਮੇਰੇ ਨੇ ਪਹਿਲੇ ਮਾਇਆ ਦੇ ਉਛਾਲ ਵਿਚ ਵਣਜ ਕੀਤੇ, ਧਨ ਵਧਿਆ, ਪਰ ਫੇਰ ਉਹੋ ਧਨ ਸ੍ਰਾਪ ਦੇ ਗਿਆ। ਹੁਣ ਇਹ ਕੰਗਾਲ ਹੈ ਮਾਯਾ ਵਲੋਂ, ਕੰਗਾਲ ਹੈ ਧਰਮ ਵਲੋਂ ਤੇ ਕੰਗਾਲ ਹੈ ਸਿਦਕ ਵਲੋਂ। ਮਿਹਰ ਹੋ ਜਾਏ, ਬਖਸ਼ਿਆ ਜਾਏ; ਇਹ ਆਪਣੀ ਭੁੱਲ ਮੰਨਦਾ ਹੈ; ਦੁੱਖ ਨੇ ਇਸ ਦਾ ਅੰਦਰ ਧੋ ਦਿੱਤਾ ਹੈ, ਸ਼ਰਧਾ

ਬੀ ਹੋ ਆਈ ਹੈ। ਆਪ ਮਿਹਰ ਕਰੋ ਜੋ ਨਾਮ ਦੀ ਬੂਟੀ ਇਸ ਦੇ ਅੰਦਰ ਜੜ੍ਹ ਫੜ ਜਾਵੇ ਤੇ ਵਧ ਖਲੋਵੇ।'

ਧਿਆਨ ਸਿੰਘ ਨੇ ਬੀ ਸਿਪਾਰਸ਼ ਕੀਤੀ।

ਸਤਿਗੁਰ ਨੇ ਫੁਰਮਾਇਆ-ਬਿਸ਼ੰਭਰ! ਤੂੰ ਸ਼ਰਧਾਲੂ ਸਿੱਖ ਹੈਂ, ਤੇਰਾ ਪੁੱਤ੍ਰ ਸਿਦਕ ਹੀਨਤਾ ਵਿਚ ਰਿਹਾ ਹੈ, ਹੱਛਾ,ਪਰ ਜਿਵੇਂ ਤੂੰ ਕਿਹਾ ਹੈ ਕਰ ਦਿਆਂਗੇ। ਕੱਲ ਨੂੰ ਆਓ। ਅਗਲੇ ਦਿਨ ਬਿਸ਼ੰਭਰ ਜੀ ਪਰਿਵਾਰ ਸਮੇਤ ਤੇ ਉਪਕਾਰੀ ਧਿਆਨ ਸਿੰਘ ਜੀ ਸਭ ਹਜ਼ੂਰੀ ਵਿਚ ਹਾਜ਼ਰ ਹੋਏ, ਤਾਂ ਸਤਿਗੁਰਾਂ ਨੇ ਕਿਹਾ:-ਹੇ ਬਿਸ਼ੰਭਰ ਕੀ ਇੱਛਾ ਹੈ?

ਬਿਸ਼ੰਭਰ-ਪ੍ਰਭੂ ਜੀ ਪਹਿਲੀ ਬਿਨੈ ਇਹ ਹੈ ਕਿ ਪੁੱਤ੍ਰ ਦੀ ਭੁੱਲ ਕਰਕੇ ਸੰਪਦਾ ਨਾਸ਼ ਹੋਈ ਹੈ, ਘਰ ਵਿਚ ਗ੍ਰੀਬੀ ਆ ਗਈ ਹੈ, ਗੁਜ਼ਰਾਨ ਔਖੀ ਹੋ ਰਹੀ ਹੈ, ਮਿਹਰ ਕਰੋ ਜੋ ਹੱਥ ਖੁੱਲੇ।

ਸਤਿਗੁਰੂ ਜੀ-ਸੰਪਦਾ ਵਧੇਗੀ। ਜਦੋਂ ਹੁਣ ਦਰਸ਼ਨ ਕਰਕੇ ਘਰ ਜਾਓਗੇ ਤਾਂ ਕੜਾਹ ਪ੍ਰਸ਼ਾਦਿ ਕਰਨਾ ਬਾਤ੍ਰ ਛਾਦਿਕੇ; ਆਨੰਦ ਜੀ ਦਾ ਪਾਠ ਕਰਨਾ, ਤ੍ਰੈ ਲਿਖ। ਫਿਰ ਜਪੁ ਸਾਹਿਬ ਪੜ੍ਹਨਾ। ਪੰਜਾਂ ਸਿੱਖਾਂ ਨੂੰ ਪ੍ਰਸ਼ਾਦਿ ਵਰਤਾਵਣਾ, ਇਸ ਸਮੇਂ ਜੋ ਅਰਦਾਸ ਕਰੋ ਸੰਪੂਰਨ ਹੋਇਗੀ।

ਆਖਦੇ ਹਨ ਕਿ ਇਸ ਸਮੇਂ ਗੁਰੂ ਜੀ ਨੇ ਸੌ ਅਰਦਾਸ ਕਰਨ ਦੀ ਜਾਚ ਇਸ ਸਿਦਕੀ ਸਿਖ ਨੂੰ ਦੱਸੀ*। ਨਾਂ ਕੇਵਲ ਗੁਰੂ ਜੀ ਨੇ ਆਪਣੇ ਪਿਆਰੇ ਸਿੱਖ ਬਿਸ਼ੰਭਰ ਨੂੰ ਧਨ ਸੰਪਦਾ ਬਖਸ਼ੀ ਸਗੋਂ ਜਗਤ ਬਿਵਹਾਰਾਂ ਵਿਚ ਸਦਾ ਈਸ਼੍ਵਰੀਯ ਸਹਾਯਤਾ ਲਈ ਰਾਹ ਦੱਸਿਆ। ਐਉਂ ਹਰ ਸਮੇਂ ਅਰਦਾਸ ਕਰੀਦੀ ਹੈ ਤਾਂ ਵਾਹਿਗੁਰੂ ਸੁਣਦਾ ਹੈ ਤੇ ਮਿਹਰ ਬੀ ਹੋ ਜਾਂਦੀ ਹੈ। ਪਰ ਸਿਦਕ ਦੇ ਬੇੜੇ ਪਾਰ ਹਨ। ਹਰਿਗੁਪਾਲ ਬੀ ਬਖਸ਼ਿਆ ਗਿਆ ਤੇ ਹਰਿਗੁਪਾਲ ਦੇ ਸਾਰੇ ਪਰਿਵਾਰ ਤੇ ਖੁਸ਼ੀ ਹੋਈ, ਨਾਮ ਪ੍ਰਾਪਤ ਹੋ ਗਿਆ*।

ਭਾਈ ਧਜਾਨ ਸਿੰਘ ਨੇ ਬਿਸ਼ੰਭਰ ਦੀ ਸਹਾਇਤਾ ਕਰਦਿਆਂ ਆਪਣਾ ਹਾਲ ਦੱਸਿਆ ਕਿ ਬਚਨ ਲੈਣ ਦੇ ਬਾਦ ਮੇਰੇ ਤੇ ਮੇਰੇ ਇਸਤ੍ਰੀ ਦੇ ਦਿਲ-ਨੈਣ ਆਪ ਦੇ ਪ੍ਰੇਮ ਨਾਲ ਰਸਮਈ ਹੋ ਗਏ। ਨਾਲੇ ਮੇਰੇ ਘਰ ਧਨ ਦਾ ਵਾਧਾ ਹੋਯਾ ਹੈ। ਹਲ ਵਾਹੁੰਦਿਆਂ ਕੁਛ ਦੱਬਿਆ ਧਨ ਪ੍ਰਾਪਤ ਹੋ ਗਿਆ, ਜਿਸ ਨਾਲ ਮੈਂ ਜੋ ਕੁਛ ਗਹਿਣੇ ਧਰਿਆ ਸੀ ਛੁਡਾ ਲਿਆ ਤੇ ਹੋਰ ਗੁਜ਼ਰਾਨ ਸੌਖੀ ਹੋ ਗਈ। ਹੁਣ ਮੇਰੇ ਨਾਮ ਵਿਚ ਰਸ ਪੈ ਗਿਆ ਹੈ ਤੇ ਹਰ ਤਰ੍ਹਾਂ ਸੁਖੀ ਹੋ ਗਿਆ ਹਾਂ। ਸਤਿਗੁਰੂ ਜੀ ਦੀ ਖੁਸ਼ੀ ਹੁਣ ਧਜਾਨ ਸਿੰਘ ਪਰ ਹੋਰ ਬਹੁਤ ਹੋਈ ਕਿ ਜਿਸ ਨੇ ਗੁਰੂ ਕੇ ਵਾਕ ਨੂੰ "ਅਮੁੱਲ ਫੁਰਮਾਣੂ' ਸਮਝ ਕੇ ਇਕ ਸਿਦਕ ਹੀਨ ਪਾਸ ਰਹਿਣ ਦੇਣਾ ਬੇਅਦਬੀ ਸਮਝੀ ਤੇ ਐਤਨੀ ਕੁਰਬਾਨੀ ਕੀਤੀ ਕਿ ਇਸਤ੍ਰੀ ਦਾ ਗਹਿਣਾ ਤੇ ਘਰ ਕੋਠਾ ਗਹਿਣੇ ਪਾਕੇ ਬੀ ਵਾਕ ਨੂੰ ਪ੍ਰਾਪਤ ਕਰ ਲਿਆ ਤੇ ਸਿਦਕੋਂ ਗਿਰੇ ਦੀ ਬਣਿਕ ਬ੍ਰਿਤੀ ਸੰਤੁਸ਼ਟ ਕਰ ਦਿਤੀ। ਇਹ ਸਿਦਕ, ਇਹ ਕੁਰਬਾਨੀ ਤੇ ਇਹ ਪ੍ਰੇਮ ਦੇਖ ਕੇ ਗੁਰੂ ਜੀ ਉਸ ਪਰ ਬਹੁਤ ਤ੍ਰੇਠੇ।

ਹਰਿਗੁਪਾਲ ਤੇ ਬੀ ਨਾਮ ਦੀ ਮਿਹਰਾਮਤ ਹੋ ਗਈ ਸੀ, ਉਸ ਦਾ ਸਿਦਕ ਖੜੋ ਗਿਆ ਸੀ। ਸਾਰਾ ਪਰਿਵਾਰ ਵਰ ਪ੍ਰਾਪਤ ਹੋਕੇ ਘਰਾਂ ਨੂੰ ਗਏ।

---

*ਸੌ ਸਾਖੀ ਵਿਚ ਤੇ ਗੁ: ਪ੍ਰ: ਸੂ: ਗ੍ਰੰਥ ਵਿਚ ਸੌ ਕੁ ਅਰਦਾਸਾਂ ਹਨ। ਅਰਦਾਸਾਂ ਸੌ ਨਹੀਂ ਦਿੱਤੀਆਂ ਨਾ ਕੋਈ ਸੌ ਅਰਦਾਸ ਦੀ ਇਬਾਰਤ ਹੈ। ਸੌ ਦੀ ਗਿਣਤੀ ਹੈ, ਸੌ ਮੌਕੇ ਦੱਸੇ ਹਨ ਤੇ ਵਿਚ ਵਿਚ ਕਿਤੇ ਕਿਤੇ ਕੁਈ ਸਤਰ ਐਸੀ ਬੀ ਆ ਜਾਂਦੀ ਹੈ ਜਿਸ ਵਿਚ ਅਰਦਾਸ ਦਾ ਮੁਖ਼ਤਸਰ ਜੇਹਾ ਮਜ਼ਮੂਨ ਹੁੰਦਾ ਹੈ।

*ਜੋ ਕੁਛ ਅਰਦਾਸਾਂ ਤੇ ਰਹਿਤ ਦੀ ਸ਼ਕਲ ਵਿਚ ਹੋਰ ਵਾਕ ਇਸ ਵੇਲੇ ਖੰਡੇ ਦੀ ਪਾਹੁਲ ਵਾਲਿਆਂ ਲਈ ਤੇ ਸਹਿਜ ਧਾਰੀਆਂ ਲਈ ਹੋਏ, ਸੌ ਸਾਖੀ ਦੇ ਆਖੇਪਕਾਰਾਂ ਨੇ ਏਥੇ ਕੁਛ ਪੱਲਿਓਂ ਭਵਿੱਖਤ ਵਾਕ ਪਾ ਕੇ ਯਾ ਅਗਲੇ ਵਿਗਾੜਕੇ, ਐਸੇ ਕਰ ਦਿਤੇ ਹਨ ਕਿ ਸਮਝ ਲਈ ਕਠਨਤਾ ਹੁੰਦੀ ਹੈ; ਇੰਨੀ ਗਲ ਸਹੀ ਹੁੰਦੀ ਹੈ ਕਿ ਇਸ ਵੇਲੇ ਸਤਿਗੁਰਾਂ ਦੀ ਮਿਹਰ ਹੋਈ ਹੈ, ਸਿਖਜਾ ਦੇ ਸ਼ੁਭ ਵਾਕ ਹੋਏ ਹਨ, ਅਰਦਾਸਾਂ ਦੀ ਜਾਚ ਦੱਸੀ ਗਈ ਹੈ, ਸਿਦਕ ਦਾ ਉਪਦੇਸ਼ ਹੋਇਆ ਹੈ ਤੇ ਰਹਿਤ ਦੱਸੀ ਗਈ ਹੈ।

ਕਲਗ਼ੀਆਂ ਵਾਲ਼ੇ ਦੇ ਰਾਹਾਂ ਤੇ

ਨਰਗਸ ਨੇ ਨੈਣ ਵਿਛਾਏ

ਸਰਦੀ ਦੇ ਹੱਥੋਂ ਜਦ ਛਹਿ ਛਹਿ ਫੁੱਲਾਂ ਮੂੰਹ ਲੁਕਾਏ,
ਧੁੰਮ ਪਈ 'ਗੁਰ ਕਲਗੀਆਂ ਵਾਲੇ ਅਜ ਆਏ, ਕੱਲ ਆਏ'।
ਤਦ ਨਰਗਸ ਨੇ ਨੈਣ ਰੰਸੀਲੇ ਹਿਤ ਅਲਸਾਏ ਖੁਹਲੇ,
ਚਿਰੀ ਵਿਛੁੰਨੇ, ਰੀਧ ਸੁਰੀਧੇ ਸਤਿਗੁਰ ਰਾਹ ਤੇ ਲਾਏ।

੫੯. ਭਾਈ ਭੂਪ ਸਿੰਘ*।

ਭਾਈ ਪਿਆਰੂ ਨਾਮ ਦੇ ਇਕ ਗੁਰ ਚਰਨਾਂ ਦੇ ਪ੍ਰੇਮੀ ਅਪਣਾ ਘਰ ਬਾਰ ਛੱਡ ਕੇ ਸ੍ਰੀ ਅਨੰਦਪੁਰ ਸਾਹਿਬ ਜੀ ਜਾ ਰਹੇ। ਇਕ ਆਪ ਸੇ, ਇਕ ਸੁਪਤਨੀ ਤੇ ਇਕ ਲੜਕੀ ਅੱਠ ਦਸ ਬਰਸ ਦੀ ਉਮਰ ਦੀ। ਸੇਵਾ ਵਿਚ ਰਹਿ ਕੇ ਜੀਵਨ ਸਫਲ ਕਰਨੇ ਦਾ ਚਾਉ ਸੀ। ਜੋ ਹੁਕਮ ਹੁੰਦਾ ਸੇਵਾ ਕਰਦੇ, ਆਪੂੰ ਕਦੇ ਕੋਈ ਬੇਨਤੀ ਨਾ ਕਰੇ। ਭਾਈ ਪਿਆਰੂ ਦੀ ਸੋਚ ਇਹ ਸੀ ਕਿ ਮਹਾਰਾਜ ਬੜੇ ਰੁੱਝੇ ਰਹਿੰਦੇ ਹਨ, ਅਸੀਂ ਸੇਵਾ ਕਰੀਏ ਪਰ ਕਦੇ ਬੇਨਤੀ ਕਰਕੇ ਆਪਣੇ ਲਈ ਆਪ ਜੀ ਦਾ ਸਮਾ ਨਾ ਖਰਚ ਕਰਵਾਈਏ। ਜਿਤਨਾ ਸਮਾਂ ਅਸੀਂ ਕਿਸੇ ਅਰਜ਼ੋਈ ਵਾਸਤੇ ਲਾਵਾਂਗੇ ਓਨੇ ਵਿਚ ਸਾਹਿਬ ਕਿਸੇ ਹੋਰ ਦਾ ਭਲਾ ਕਰਨਗੇ। ਐਥੋਂ ਤਾਈਂ ਇਹ ਖਿਆਲ ਰਿਹਾ ਕਿ ਅੰਮ੍ਰਿਤ ਜਾਰੀ ਹੋ ਗਿਆ ਪਰ ਪਿਆਰੂ ਜੀ ਨੇ ਪਿਆਰੇ ਨੂੰ ਨਾ ਬਿਨੈ ਕੀਤੀ ਕਿ ਮੈਨੂੰ ਬੀ ਦਾਤ ਮਿਲੇ।

ਭਾਈ ਪਿਆਰੂ ਦੀ ਸਪੁਤ੍ਰੀ ਮਾਤਾ ਪਿਤਾ ਨਾਲ ਸੇਵਾ ਵਿਚ ਹਿੱਸਾ ਲੈਂਦੀ ਹੁੰਦੀ ਸੀ। ਸੰਗਤਾਂ ਨੂੰ ਅੰਮ੍ਰਿਤ ਛਕਦੇ ਦੇਖਕੇ ਇਸ ਨੂੰ ਬੜਾ ਚਾਉ ਲਗਾ ਕਿ ਮੈਂ ਬੀ ਕਿਵੇਂ ਅੰਮ੍ਰਿਤ ਛਕਾਂ ਤੇ ਗੁਰੂ ਜੀ ਦੀ ਪੁੱਤ੍ਰੀ ਬਣਾਂ। ਕਈ ਵੇਰੀ ਮਾਪਿਆਂ ਨੂੰ ਕਿਹਾ ਪਰ ਓਹ ਇਹੋ ਸਿਖਜਾ ਦੇਣ ਕਿ ਬੱਚੜੀ! ਗੁਰੂ ਆਗਜਾ ਨੂੰ ਉਡੀਕ, ਸੇਵਕ ਆਪੂੰ ਨਹੀਂ ਕੁਛ ਮੰਗਿਆ ਕਰਦੇ। ਕਾਕੀ ਇਹ ਗਲ ਮੰਨਦੀ, ਪਰ ਅੰਦਰ ਲੋਪੀ ਸਿੱਕ ਦਿਨੋਂ ਦਿਨ ਵਧਦੀ ਰਹੀ। ਜਦੋਂ ਸੰਗਤਾਂ ਅੰਮ੍ਰਿਤ ਛਕਦੀਆਂ ਤਾਂ ਇਹ ਕਿੰਨਾ ਕਿੰਨਾ ਚਿਰ ਪਾਸ ਖੜੀ ਪਜਾਰ ਤੇ ਸੱਧਰ ਨਾਲ ਵੇਖਦੀ ਰਹਿੰਦੀ। ਜਦ ਸਿੰਘ ਗੁਰੂ ਜੀ ਨੂੰ 'ਪਿਤਾ ਗੁਰੂ ਜੀ' ਕਹਿੰਦੇ ਤਦ ਇਸ ਦੇ ਕਲੇਜਿਓਂ ਜੋਸ਼ ਉਠਦਾ ਕਿ ਮੈਂ ਭੀ ਗੁਰੂ ਜੀ ਨੂੰ 'ਪਿਤਾ ਗੁਰੂ ਜੀ' ਕਦੇ ਕਹਾਂ!

ਇਕ ਦਿਨ ਸੱਚੇ ਪਾਤਸ਼ਾਹ ਸੰਝ ਵੇਲੇ ਸਤਲੁਜ ਦੇ ਕਿਨਾਰੇ ਬਿਰਾਜਮਾਨ ਸੇ। ਰਹਿਰਾਸ ਦੇ ਪਾਠ ਦਾ ਭੋਗ ਪੈ ਚੁਕਾ ਤਾਂ ਸਤਿਗੁਰ ਜੀ ਪਿਛੇ ਮੁੜੇ, ਮਿੱਠੀ ਠੰਢੀ ਪੌਣ ਵਗ ਰਹੀ ਸੀ, ਨਿਕੇ ਨਿਕੇ ਬਦਲਾਂ ਦੇ ਵਿਚ ਵਿਚ ਤਾਰੇ ਨਿਕਲ ਰਹੇ ਸੇ। ਇਕ ਵਡੇ ਸਾਰੇ ਬ੍ਰਿਛ ਦੇ ਉਹਲਿਓਂ ਮਿੱਠੀ ਮਿੱਠੀ ਅਵਾਜ਼ ਇਕ ਅਰਦਾਸ ਦੀ ਆ ਰਹੀ ਸੀ।

*ਇਹ ਪ੍ਰਸੰਗ ਅਪ੍ਰੈਲ ੧੯੦੩ ਤੋਂ ਪਹਿਲਾਂ ਪਹਿਲੀ ਵੇਰ ਛਪਿਆ ਸੀ, ਗ਼ਾਲਬਨ ਓਸ ਸਾਲ ਦੇ ਗੁਰਪੁਰਬ ਸਪਤਮੀ ਤੇ ਪ੍ਰਕਾਸ਼ਤ ਹੋਇਆ ਸੀ, ਤੇ ਦੂਜੀ ਵੇਰ ਅਕਤੂਬਰ ੧੯੦੩ ਵਿਚ ਪ੍ਰਕਾਸ਼ਤ ਹੋਇਆ।

ਸਾਹਿਬਾਂ ਨੇ ਖੜੋ ਕੇ ਉਹ ਅਰਜ਼ੋਈ ਸੁਣੀ ਉਹ ਸਿਕ ਭਰੀ ਅਰਦਾਸ ਹੇਠ ਲਿਖੇ ਗੀਤ[1] ਵਿਚ ਅੰਕਿਤ ਕੀਤੀ ਗਈ ਹੈ :-

ਮੈਂ ਬੇਟੀ
ਕਲਗੀਆਂ ਵਾਲੇ ਗੁਰੂ ਦੀ ਕਿਵੇਂ ਬਣਾ?
ਹੋਈ ਹਾਂ ਰੋ ਰੋਕੇ ਬੇਹਾਲ, ਅੰਮਾਂ ਨੂੰ ਕਹਿ ਹਾਰੀਆਂ-
ਨੀ ਅੰਮਾਂ!
'ਘੋਲੀ ਤੈਥੋਂ ਸਦ ਵਾਰੀਆਂ'।
ਵੇ ਬਾਬਲ!
ਬਿਨਤੀ ਕਰਾਂ ਹੱਥ ਜੋੜ,
ਆਖਾ ਵੇ ਨਾ ਮੋੜ, ਤੈਥੋਂ ਬਲਿਹਾਰੀਆਂ॥੧॥
ਜੀ ਦੇਖੋ
ਅੰਮ੍ਰਿਤ ਨੇ 'ਦਾਸਾਂ' ਤੋਂ 'ਪੁੱਤ' ਬਨਾ ਲਏ;
ਮੈਂ ਬੀ
ਲੋਚਾਂ ਭਾਈਆਂ ਭੈਣਾਂ ਵਾਂਙ, ਅੰਮ੍ਰਿਤ ਛਕ ਜੀਵੀਏ,
ਤੇ ਬੇਟੇ
ਗੁਰੂ ਜੀ ਦੇ ਫਿਰ ਥੀਵੀਏ,
ਤੇ ਮੈਨੂੰ
ਚਿੰਤਾ ਲਿਆ ਹੁਣ ਘੇਰ; ਹੁੰਦੀ ਜਾਂਦੀ ਡੇਰ
ਅੰਮ੍ਰਿਤ ਕਿਕੂੰ ਪੀਵੀਏ? ॥ ੨ ॥
ਦਾਤਾ ਹੈ
ਕਲਗੀਆਂ ਵਾਲਾ ਗੁਰ ਖੜਿਓਂ ਬੜਾ!
ਜੇੜ੍ਹਾ
ਮੰਗੇ ਮੂੰਹੋਂ ਸੋ ਪਾਵੇ ਹੈ ਮੁਰਾਦ,
ਗੁਰੂ ਤ੍ਰੁੱਠ ਦੇਂਵਦਾ, ਨਾ ਖਾਲੀ ਜਾਏ ਦਰ ਸੇਂਵਦਾ।
ਮੈਂ ਬਾਬਲ
ਭਾਣੇ ਵਿਖੇ ਸਾਵਧਾਨ,
ਮੰਨਦਾ ਏ ਫੁਰਮਾਨ ਆਪੇ ਨ ਕਰੇਂਵਦਾ॥ ੩ ॥
ਹੇ ਸਾਂਈਆਂ!
ਕੇਹੀ ਔਕੜ ਅਚਰਜ ਹੁਣ ਆਇ ਬਣੀ?
ਆਪੇ
ਤਾਂ ਸਕੀਏ ਨ ਅਰਜ਼ਗੁਜ਼ਾਰ, ਸੇਵਕਨਹਿੰ ਬੋਲਦਾ।
ਸੇਵਕ ਸਾਈਂ ਰਜ਼ਾ ਨੂੰ ਹੈ ਟੋਲਦਾ।
ਸੋ ਲੀਤੀ
ਸਾਈਂ ਸਾਡੇ ਧਾਰ ਮੌਨ, ਕਾਰੀ ਕਰੇ ਗੁ ਕੌਨ?
ਕੇਹੜਾ ਦੁਖ ਫੋਲਦਾ? ॥ ੪ ॥
ਹਾਏ ਮੈਂ!
ਭੋਲੀ ਤੇ ਨਜਾਣੀ ਬਾਲ ਨਿਮਾਨੜੀ,
ਨਾ ਮੈਂ
ਪੜ੍ਹੀ ਨ ਸਿੱਖੀ ਕੋਈ ਹੈ ਜਾਚ, ਨਾਹੀਂ ਗੁਣ ਜਾਣਦੀ।
ਮੈਂ ਇਕੋ
ਜਾਚ ਜਾਣਾਂ ਪੀਣ ਖਾਣ ਦੀ।
ਸੋ ਮੈਂ ਤੇ
ਹੋਵੇ ਗੁਰੂ ਕਿਉਂ ਦਿਆਲ?
ਘਾਲੀ ਨਾ ਕੋ ਘਾਲ, ਸੇਵਾ ਨ ਸਿਆਣਦੀ॥ ੫ ॥
ਜਾਣਾਂ ਨਾ
ਸੰਗਤ ਤੇ ਸਤਿਗੁਰ ਨੂੰ ਰੀਝਾਵਣਾ,
ਸਿੱਖੀ
ਜੋੜਿਆਂ ਝਾੜਨ ਦੀ ਨਾ ਜਾਚ, ਐਸੀ ਮੈਂ ਨਿਕਾਰੀਆਂ
ਲੋਚਾਂ
ਪੁਤ੍ਰੀ ਬਣਾਂ ਗੁਰ ਪਿਆਰੀਆਂ।
ਮੈਂ ਤਾਂ
ਖੰਭਾਂ ਪਰਾਂ ਤੋਂ ਬੀ ਹੀਨ
ਚਾਹਾਂ ਹੋ ਸ੍ਵੈਧੀਨ[2] ਲਾਵਾਂ ਮੈਂ ਉਡਾਰੀਆਂ॥ ੬ ॥

---

੧. ਰਾਗ ਭੂਪਾਲੀ ਕਲਿਆਨ, ਤਾਰ ੨। ਧਾਰਨਾ-ਚੰਦਨ ਦੇ ਉਹਲੇ ਉਹਲੇ ਕਿਉਂ ਖੜੀ।

ਸਾਜ਼ ਵਿਚੋਂ ਆਪੇ ਕੱਢਣੇ ਲਈ ਚਿੱਤ੍ਰ--

ਧਾ	ਸਾ	ਰੇ	ਗਾ	ਰੇ	ਸਾ	ਰੇ	ਸਾ	ਸਾ	ਰੇ	ਗਾ	ਰੇ	ਸਾ	ਰੇ	ਗਾ	ਰੇ	ਸਾ
ਮੈਂ	ਬੇਟੀ	ਕਲਗੀ	ਆਂ ਵਾਲੇ	ਗੁਰ	ਦੀ	ਕਿਵੇਂ ਬ	ਣਾ	ਮੈਂ ਤਾਂ	ਹੋਈ	ਹਾਂ ਰੋ ਰੋ	ਕੇ	ਬੇ	ਹਾਲ	ਅੰਮਾਂ	ਨੂੰ	ਕਹਿ

ਰੇ	ਸਾ	ਧਾ	ਸਾ	ਰੇ	ਗਾ	ਰੇ	ਸਾ	ਰੇ	ਗਾ	ਰੇ	ਸਾ	ਰੇ	ਗਾ	ਰੇ	ਸਾ	ਰੇ	ਸਾ
ਹਾ	ਰੀਆਂ	ਵੇ	ਬਾਬਲ	ਬਿਨਤੀ	ਕਰਾਂ	ਹ	ਥ	ਜੋੜ	ਆਖਾ	ਵੇ	ਨਾ	ਮੋੜ	ਤੈਥੋਂ	ਬ	ਲਿ	ਹਾ	ਰੀਆਂ

੨. ਸੁਤੰਤਰ, ਆਪਣੇ ਆਪ।

ਹੇ ਸਾਈਂ!
ਕੋਈ ਭਾਗਾਂ ਵਾਲਾਵੇ ਦੇਹੁ ਆਵਸੀ,
ਸਕਾਂ ਮੈਂ ਸਤਿਗੁਰ ਨੂੰ 'ਪਿਤਾ ਗੁਰ ਜੀ' ਆਖ
ਆਖਾਂ:-'ਬਾਪੂ ਮੇਰਿਆ'।
ਤੇ ਅੱਗੋਂ
ਪਿਤਾ ਕਹੇ 'ਪੁਤ ਮੇਰਿਆ'।
ਹੇ ਸਤਿਗੁਰ!
ਕਿਰਪਾ ਕਰੀਂ ਤੂੰ ਆਪ
ਨ ਤੱਕੀਂ ਸਾਡੇ ਪਾਪ ਅਮੀਂ ਤੇਰੇ ਤੇਰਿਆਂ॥ ੭ ॥
ਤੇਰੇ ਹਾਂ
ਪਜਾਰੇ ਗੁਰ ਜੀ ਤੇਰੇ ਤੇਰੇ ਤੇਰਿਆਂ
ਤੂੰ ਤਾਂ
ਅੰਤ੍ਰਯਾਮੀ ਹੈਂ, ਗੁਰ ਜੀ ਆਪ ਦਿਲ ਦੀ ਸਭ ਜਾਣਦਾ
ਤੇ ਮੈਂ
ਬਾਲੀ ਨੂੰ ਬੀ ਹੈਂ ਪਛਾਣਦਾ।
ਹੁਣ ਤਾਂ
ਬਹੁੜੋ ਗੁਰੂ ਜੀ ਆਪ
ਠਾਰੋ ਮੇਰਾ ਤਾਪ ਨਿਮਾਣੇ ਤੂੰ ਮਾਣਦਾ॥ ੮ ॥

ਇਹੋ ਜਿਹੀ ਬਾਲਕ ਸੱਧਰ ਦੀ ਅਰਜ਼ੋਈ ਸੁਣ ਕੇ ਅੱਗੇ ਵਧੇ ਬਾਲਾਂ ਨੂੰ ਪਜਾਰਨ ਵਾਲੇ ਤੇ ਬੋਲੇ:- 'ਹਾਂ ਬੇਟੀ ਛਕ ਅੰਮ੍ਰਿਤ' 'ਕੁਲ ਤਾਰਕ ਪੁਤ੍ਰੀ ਕੱਲ ਸਵੇਰੇ ਅੰਮ੍ਰਿਤ ਦੀ ਦਾਤ ਮਿਲਸੀ'। ਕਾਕੀ ਉਠਕੇ ਚਰਨਾਂ ਨੂੰ ਲਿਪਟ ਗਈ। ਅਗਲੇ ਦਿਨ ਪਰਿਵਾਰ ਨੂੰ ਅੰਮ੍ਰਿਤ ਦੀ ਦਾਤ ਮਿਲੀ:

ਪਿਤਾ ਦਾ ਨਾਮ ਭੂਪ ਸਿੰਘ, ਸਿੰਘਣੀ ਦਾ ਨਾਮ ਰੂਪ ਕੌਰ ਤੇ ਪੁੱਤ੍ਰੀ ਦਾ ਨਾਮ ਤਾਰਨ ਕੌਰ ਰੱਖਿਆ ਗਿਆ। ਤਿੰਨਾਂ ਦਾ ਸਿੱਖੀ ਸਿਦਕ ਅੰਤ ਤੱਕ ਨਿਭਿਆ ਅਰ ਤਿੰਨੇ ਸ੍ਰੀਰ ਅਨੰਦ ਪੁਰੋਂ ਨਿਕਲਣ ਵਾਲੀ ਰਾਤ ਗੁਰੂ ਜੀ ਦੇ ਬਚਾਉ ਦੇ ਯਤਨ ਵਿਚ ਸ਼ਹੀਦ ਹੋ ਗਏ!

ਸੂਚਨਾ-ਇਕ ਵਿਛੁੜੇ ਸਿੱਖ ਦੀ ਦਿਲੀ ਤਸਵੀਰ ਅੱਗੇ ਹੈ:-

੬੦. ਵਿਯੋਗ ਭਾਈ ਪ੍ਰੀਤਮ ਸਿੰਘ ਜੀ*।

ਗੁਰੂ ਕਲਗੀਧਰ ਦਸਮੇਂ ਪਾਤਸ਼ਾਹ ਜੀ ਦੇ ਅੰਗ ਸੰਗ ਰਹਿਣੇ ਵਾਲੇ ਸਿਦਕ ਤੇ ਪ੍ਰੇਮ ਦੇ ਪੁਤਲੇ ਭਾਈ (ਗੌਹਰ ਅੰਮ੍ਰਿਤ ਤੋਂ ਮਗਰੋਂ) ਪ੍ਰੀਤਮ ਸਿੰਘ ਜੀ ਸਤਿਗੁਰਾਂ ਦੀ ਆਗ੍ਯਾ ਪਾਕੇ ਘੋੜੇ ਲੈਣ ਵਾਸਤੇ ਭਾਈ ਸੁਹੇਲ ਸਿੰਘ ਜੀ ਪਾਸ ਸੁਲਤਾਨ ਵਿੰਡ ਗਏ ਸੀ। ਘੋੜੇ ਤਾਂ ਆਪ ਨੇ ਭੇਜ ਦਿੱਤੇ ਤੇ ਸਤਿਗੁਰਾਂ ਦਾ ਹੁਕਮ ਹੋਇਆ ਕਿ ਜਦ ਤਕ ਸੱਦੀਏ ਨਾਂ ਉੱਥੇ ਹੀ ਠਹਿਰਨਾ। ਇੱਕੁਰ ਢੇਰ ਚਿਰ ਬੀਤ ਗਿਆ, ਦਰਸ਼ਨ ਨੂੰ ਸ੍ਵਾਂਤੀ ਬੂੰਦ ਵਾਂਙੂ ਤੜਫਦੇ, ਸੱਚ ਮੁਚ ਦੇ ਪ੍ਰੀਤਮ ਸਿੰਘ ਜੀ ਵਿਆਕੁਲ ਹੋ ਗਏ। ਉਹਨਾਂ ਦੀ ਪ੍ਰੇਮ ਦੇ ਹਾਵਿਆਂ ਵਿਚ ਇਕ ਰਾਤ ਵੈਰਾਗ ਵਿਚ ਅੱਖ ਲੱਗ ਗਈ, ਤਦ ਸਾਹਿਬਾਂ ਦਾ ਦਰਸ਼ਨ ਹੋ ਗਿਆ, ਪਰ ਪਲਕ ਮਗਰੋਂ ਕਣੀਆਂ ਪੈਣ ਲੱਗੀਆਂ, ਤਦ ਜਾਗ ਖੁੱਲ੍ਹ ਗਈ, ਫੇਰ ਹੋਰ ਪ੍ਰੇਮ, ਨਿੰਮ੍ਰਤਾ ਤੇ ਵੈਰਾਗ ਨੇ ਖਿੱਚ ਕੇ ਆਤੁਰ ਕੀਤਾ। ਦੂਏ ਦਿਨ ਮਹਾਰਾਜ ਜੀ ਦਾ ਸੱਦਾ ਆ ਗਿਆ। ਹੇਠਲਾ ਗੀਤ ਉਹਨਾਂ ਦੇ ਦਿਲ ਦੀ ਉਸ ਰਾਤ ਦੀ ਪ੍ਰੇਮ ਦੀ ਮੂਰਤੀ ਦੱਸਣ ਦਾ ਨਿੱਕਾ ਜਿਹਾ ਯਤਨ ਹੈ:-

ਆਵੀਂ ਕਲਗੀ ਵਾਲਿਆ!
ਮੈਂ ਨਿਮਾਣੀ ਦੀ ਸਾਰ ਲਈ[1],
ਵੇ ਸਾਈਆਂ,
ਮੈਂ ਨਿਮਾਣੀ ਦੀ ਸਾਰ ਲਈਂ।
ਆਵੀਂ ਫੌਜਾਂ ਵਾਲਿਆ!
ਮੈਂ ਨਿਮਾਣੀ ਦੀ ਸਾਰ ਲਈਂ।

੧. ਹਰ ਤੁਕ ਦੇ ਬਾਦ ਛੇਕੜ ਦੇ ਪਦ ਅਰ 'ਵੇ ਸਾਈਆਂ' ਸੂਚਕ ਪਿਛਲੀ ਅੱਧੀ ਤੁਕ ਹੋਰ ਗਾਵੀਂਦੀ ਹੈ।

*ਇਹ ਪ੍ਰਸੰਗ ਅਪ੍ਰੈਲ ੧੯੦੩ ਤੋਂ ਪਹਿਲਾਂ ਪਹਿਲੀ ਵੇਰ ਛਪਿਆ ਸੀ, ਗ਼ਾਲਬਨ ਓਸ ਸਾਲ ਦੇ ਗੁਰਪੁਰਬ ਸਪਤਮੀ ਤੇ ਪ੍ਰਕਾਸ਼ ਹੋਇਆ ਸੀ ਤੇ ਦੂਜੀ ਵੇਰ ਅਕਤੂਬਰ ੧੯੦੩ ਵਿਚ ਪ੍ਰਕਾਸ਼ਤ ਹੋਯਾ।

ਤੜਫਾਂ ਮੱਛੀ ਵਾਂਗ ਮੈਂ
ਮੇਰੀ ਰੋਂਦੀ ਦੀ ਰੈਣ ਗਈ।
ਪੱਲੂ ਭਿੱਜੇ ਰੋਂਦਿਆਂ
ਮੇਰੇ ਨੈਣਾਂ ਨੂੰ ਨੀਂਦ ਨਹੀਂ।
ਤੱਕੇ ਵਿਚ ਅਸਮਾਨ ਦੇ
ਮੇਰੀ ਸਿਕਦੀ ਏ ਨਜ਼ਰ ਰਹੀ।
ਨਦਰੀਂ ਨਾਂ ਦਿੱਸ ਆਇਓਂ
ਏ ਤਕ ਤਕ ਥੱਕ ਗਈ।
ਅੱਖੀਂ ਮਿਟੀਆਂ ਪਿਆਰਿਆ!
ਵਿਚ ਅੱਖੀਆਂ ਦੇ ਨੀਂਦ ਪਈ।
ਨੀਂਦ ਪਈ ਸਿਕ ਨਾ ਮਿਟੀ
ਤੇਰੀ ਸੂਰਤ ਨਜ਼ਰ ਪਈ।
ਬਾਂਕੀ ਸੂਰਤ ਮੋਹਿਣੀ
ਸਿਰ ਕਲਗੀ ਹੈ ਖੂਬ ਛਈ।
ਲਹਿਰੇ ਲੱਕ ਤਲਵਾਰ ਹੈ
ਜਿਉਂ ਬਿਜਲੀ ਹੈ ਲਿਸ਼ਕ ਪਈ।
ਧਨੁਖ ਬਿਰਾਜੇ ਕਰ ਵਿਖੇ
ਨਾਲ ਜਪਨੀ ਵੀ ਦਮਕ ਰਹੀ।
ਸ਼ੋਭਾ ਤੇਰੀ ਵੇਖ ਕੇ
ਸਭ ਸ਼ੋਭਾ ਨੇ ਸ਼ੋਭ ਲਈ।
ਦਰਸ਼ਨ ਐਸਾ ਦੇਖਕੇ
ਮੈਂ ਨਿਮਾਣੀ ਦੀ ਤਾਬ ਗਈ।
ਦਰਸ਼ਨ ਰਹਿਆ ਤੂੰ ਰਹਿਓਂ
ਤੇਰੇ ਦਰਸ ਦੀ ਮੌਜ ਰਹੀ।

'ਮੈਂ' ਨ ਰਹੀ 'ਮੇਰਾ' ਨਾ ਰਿਹਾ
ਮੇਰੀ ਹਉਮੈਂ ਦੀ ਫਉਜ ਗਈ।
ਬੱਦਲ ਆਏ ਪਲ ਵਿਖੇ
ਅਸਮਾਨੋਂ ਤਾਂ ਬੂੰਦ ਪਈ।
ਬੂੰਦ ਪਈ ਮੇਰੇ ਨੈਣ ਤੇ
ਮੇਰੀ ਉੱਘੜ ਨੀਂਦ ਗਈ।
ਅਚਰਜ ਖੇਲ ਰਚਾਇਆ
ਅੱਖ ਖੁੱਲੀ ਤਾਂ ਦਰਸ ਨਹੀਂ।
ਦਰਸਨ ਉਹਲੇ ਹੋ ਗਿਆ
ਮੇਰੀ ਮੂਲੋਂ ਨਾ ਪੇਸ਼ ਗਈ।
ਦੋਸ਼ ਨ ਤੈਨੂੰ ਸਤਿਗੁਰਾ!
ਮੈਂ ਹੀ ਦੋਸ਼ਣ ਹਾਂ ਹੋਇ ਰਹੀ।
ਕਿਰਪਾ ਕਰ ਤੂੰ ਬਖਸ਼ਿਆ
ਮੈਂ ਨਿਕਾਰੀ ਦੀ ਬਾਂਹਿ ਗਹੀ।
ਤੋਲ ਤੁਲਾਇਆ ਮੇਰੜਾ
ਮੈਂ ਤਾਂ ਕੱਸੀ ਨਿਕਲ ਪਈ।
ਕੱਸੀ ਨਿਕਲੀ ਤੋਲਿਆਂ
ਇਹ ਤਾਹੀਓਂ ਹੀ ਕਸਰ ਪਈ।
ਕਸਰਾਂ ਵਾਲੀ ਮੈਂ ਬੁਰੀ
ਮੈਨੂੰ ਫੇਰ ਵੀ ਬਖਸ਼ ਲਈਂ।
ਬਖਸ਼ੀਂ ਬਖਸ਼ੀਂ ਸਾਈਆਂ!
ਤੇਰੇ ਦੁਆਰੇ ਤੇ ਆਣ ਪਈ।
ਬਿਰਦ ਸੰਮ੍ਹਾਲੀਂ ਆਪਣਾ
ਮੈਨੂੰ ਆਪੇ ਹੀ ਬਖ਼ਸ਼ ਲਈਂ।

ਸੂਚਨਾ-ਗੁਰੂ ਜੀ ਦੇ ਇਲਾਹੀ ਦਰਸ਼ਨ ਅਗਲੀ ਕਵਿਤਾ ਵਿਚ ਹਨ-

੬੧. ਦਸਮ ਗੁਰੂ ਦਰਸ਼ਨ*

ਇਕ ਦਿਨ ਗੁਰੂ ਗੁਬਿੰਦ ਸਿੰਘ ਸਾਹਿਬ
ਕਲਗੀਆਂ ਵਾਲੇ ਸ੍ਵਾਮੀ,
ਦਾਸਾਂ ਦੇ ਰਖਜਕ, ਸਿਖ ਪਾਲਕ
ਪਜਾਰਿਆਂ ਅੰਤਰ ਜਾਮੀ,
ਸਤਲੁਜ ਨਦੀ ਕਿਨਾਰੇ ਬੈਠੇ,
ਸੰਗਤ ਜੁੜੀ ਚੁਫੇਰੇ,
ਜਿਉਂ ਪੁੰਨਿਆਂ ਦਾ ਚੰਦ ਪ੍ਰਕਾਸ਼ੇ
ਵਿੱਚ ਤਾਰਿਆਂ ਘੇਰੇ।
ਕਲਗੀ ਜਿਗ੍ਹਾ ਬਿਰਾਜੇ ਮੱਥੇ,
ਲਕ ਤਲਵਾਰ ਸੁਹਾਵੇ,

*ਇਹ ਕਵਿਤਾ ਅਪ੍ਰੈਲ ੧੯੦੩ ਤੋਂ ਪਹਿਲਾਂ ਪਹਿਲੀ ਵੇਰ ਛਪੀ, ਗ਼ਾਲਬਨ ਓਸ ਸਾਲ ਦੇ ਗੁਰਪੁਰਬ ਸਪਤਮੀ ਤੇ ਪ੍ਰਕਾਸ਼ਤ ਹੋਈ ਸੀ ਤੇ ਦੂਜੀ ਵੇਰ ਅਕਤੂਬਰ ੧੯੦੩ ਵਿਚ ਪ੍ਰਕਾਸ਼ਤ ਹੋਈ।

ਭੱਥਾ ਤੂਣ ਤੀਰ ਦਾ ਭਰਿਆ,
ਧਨੁਖ ਲਹਿ ਦਿਖਲਾਵੇ।
ਮਸਤਕ ਚਮਕ ਅਨੋਖੀ ਦੇਵੇ,
ਦੁਹਰੀ ਝਲਕ ਪ੍ਰਕਾਸ਼ੇ,
ਨਾਲੇ ਚਮਕ ਬੀਰ ਰਸ ਦੇਂਦਾ,
ਰਸ ਸ਼ਾਂਤੀ[1] ਬੀ ਲਾਸੇ।
ਦੋਵੇਂ ਇਕ ਥਾਂ ਕੱਠੇ ਹੋਏ,
ਪਾਵਸ[2] ਮਾਨੋਂ ਆਈ।
ਸੂਰਜ ਤੇਜ ਦਿਪੇ ਹੈ, ਨਾਲੇ
ਬਰਖਾ ਛਹਿਬਰ ਲਾਈ।
ਨੇਤਰ ਦੋਵੇਂ ਭਰੇ ਖਲੋਤੇ
ਦੁਹਾਂ ਰਸਾਂ ਵਿਚ ਐਸੇ:
ਗਰਮੀ ਚਾਨਣ ਦੁਇ ਮਿਲ ਰਹਿੰਦੇ
ਇਕ ਸੂਰਜ ਵਿਚ ਜੈਸੇ।
ਕਵਲਾਂ ਵਰਗਾ ਸੁੰਦਰ ਮੁਖੜਾ
ਮੁਸਕਰਾਇ ਮਨ ਮੋਹੇ,
ਹੁਕਮ ਕਰੇ ਤੇ ਸ਼ਾਂਤੀ ਦੇਵੇ,
ਅਚਰਜ ਕਰ ਕਰ ਸੋਹੇ।
ਬੀਰ ਸ਼ਾਂਤ ਤੇ ਅਦਭੁਤ[3] ਤਿੰਨੇ
ਇੱਥੇ ਰਲੇ ਪ੍ਰਕਾਸ਼ਣ,
ਮਾਨੋਂ ਬਰਖਾ ਧੁੱਪ ਚਮਕਦੀ,
ਧਨੁਖ ਅਕਾਸ਼ੀ[4] ਲਾਸਣ।
ਫਿਰ ਮੂੰਹੋਂ ਇਉਂ ਵਾਕ ਉਚਾਰਨ
ਮਿੱਠੇ ਪਜਾਰੇ ਸੁਹਣੇ
ਮਾਤ ਪਿਤਾ ਮਮਤਾ ਦੇ ਜਿੱਕੁਰ
ਪੁਤ ਨੂੰ ਕਹਿ ਮਨ ਮੋਹਣੇ
ਵਾਤਸੱਲ[5] ਇਹ ਚੌਥਾ ਰਸ ਬੀ,
ਨਾਲੇ ਆਕੇ ਰਲਿਆ।
ਰਸ ਸੰਗਮ[6] ਗੁਰ ਮੁਖੜਾ ਬਣਿਆ,
ਕਵਲ ਦੁਪਹਿਰੀ ਖਿਲਿਆ।
ਧੁਪ, ਵਰਖਾ ਤੇ ਪੀਂਘ ਅਕਾਸ਼ੀ,
ਪੌਣ ਜੱਫੀਆਂ ਪਾਂਦੀ।
ਚਾਰੋਂ ਮਾਨੋਂ ਕੱਠੇ ਹੋਏ,
ਉਪਮਾ ਕਹੀ ਨ ਜਾਂਦੀ।
ਬਾਂਕੀ ਦੇਹ ਲੰਮੇਰੀ ਡੀਲੋਂ
ਆਸਨ ਚੁਸਤ ਜਮਾਏ
ਇਕ ਹੱਥ ਸਿਮਰਨਿ[7], ਦੂਏ ਅਸਿ[8] ਲੈ,
ਸਤਿਗੁਰ ਵੇਸ ਸੁਹਾਏ।
ਐਸੇ ਤੇਜਵਾਨ ਗੁਰ ਸੁੰਦਰ
ਕਲਗੀਆਂ ਵਾਲੇ ਪਜਾਰੇ,
ਨਿੱਤ ਬਿਰਾਜਣ ਮਨ ਸਾਡੇ ਵਿਚ
ਸਿੱਖ ਜਾਣ ਬਲਿਹਾਰੇ।

੬੨. ਪ੍ਰਸੰਗ ਭਾਈ ਜਜੋਤੀ ਸਿੰਘ ਜੀ[1]।

ਬ੍ਰਹਮ ਪੁੱਤ੍ਰਾ ਨਦੀ ਦੇ ਕਿਨਾਰੇ, ਢਾਕੇ ਸ਼ਹਿਰ ਤੋਂ ਕੁਝ ਦੂਰ, ਅੱਜ ਤੋਂ ਕੋਈ ਦੋ ਕੁ ਸੌ ਵਰ੍ਹਾ[2] ਪਿੱਛੇ ਇਕ ਅਚਰਜ ਤਮਾਸ਼ਾ ਹੋ ਰਿਹਾ ਹੈ। ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਕਮਲਾਂ ਦਾ ਭੌਰਾ ਭਾਈ ਜਜੋਤੀ ਸਿੰਘ ਚੌਕੜੀ ਮਾਰੇ ਬੈਠਾ ਆਪਣੇ ਅਨੰਦ ਵਿਚ ਮਗਨ ਸਾਯੰਕਾਲ ਦੇ ਸਮੇਂ

---

੧. ਭਗਤ ਜਿਸ ਆਤਮ ਰਸ ਨੂੰ ਮਾਣਦੇ ਹਨ ਉਹ ਸ਼ਾਂਤਿ ਰਸ ਹੈ।

੨. ਬਰਸਾਤ।

੩. ਅਨੋਖੀ ਅਰ ਸੁੰਦਰ ਵਸਤੂ ਤੋਂ ਜੋ ਵਿਸਮਾਧ ਦਾ ਭਾਵ ਪੈਦਾ ਹੋਕੇ ਰਸ ਰੂਪ ਹੋ ਜਾਵੇ ਉਹ ਅਦਭੁਤ ਰਸ ਕਹੀਦਾ ਹੈ।

੪. ਬਰਖਾ=ਸ਼ਾਂਤਿ। ਧੁੱਪ=ਬੀਰ। ਧਨੁਖ-ਅਕਾਸ਼ੀ=ਅਦਭੁਤ। ਪੌਣ=ਵਾਤਸਲ।

੫. ਮਾਤ ਪਿਤਾ ਤੇ ਉਲਾਦ ਦਾ ਪ੍ਰਸਪਰ ਪ੍ਰੇਮ।

੬. ਰਸਾਂ ਦਾ ਇਕ ਥਾਂ ਇਕੱਠ।

੭. ਸਿਮਰਨੀ, ਮਾਲਾ।

੮. ਤਲਵਾਰ।

---

੧. ਇਹ ਪ੍ਰਸੰਗ ਖਾ: ਸ: ਵਿਖੇ ੯ ਪੋਹ ਸੰ: ਗੁ: ਨਾ: ਸਾਹਿਬ ੪੩੫ (੨੩ ਦਸੰਬਰ ੧੯੦੩ ਈ:) ਦੇ ਗੁਰਪੁਰਬ ਸਪਤਮੀ ਪਰ ਪ੍ਰਕਾਸ਼ਤ ਹੋਇਆ ਸੀ। ੨. ਪ੍ਰਸੰਗ ਲਿਖਨ ਦੀ ਤਾਰੀਖ ੨੩ ਦਸੰਬਰ, ੧੯੦੩ ਹੈ।

ਪ੍ਰੇਮ ਦੇ ਸ਼ਬਦ ਗਾਉਂ ਰਿਹਾ ਹੈ। ਦਿਲ ਪ੍ਰੇਮ ਵਿਚ ਮਗਨ ਹੈ, ਸੁਰਤਿ ਪੂਰਨ ਏਕਾਗ੍ਰਤਾ ਵਿਚ ਖਚਿਤ ਹੈ, ਜ਼ੁਬਾਨ ਪ੍ਰੇਮ ਰਸ ਦੀ ਰੱਤੀ ਐਸੇ ਦਿਲ ਖਿੱਚਵੇਂ ਸ਼ਬਦ ਗਾ ਰਹੀ ਹੈ ਕਿ ਚਲਦੇ ਜਲ ਨੂੰ ਮਾਨੋਂ ਬੰਨ੍ਹਣ ਵਾਲੀ ਗੱਲ ਹੋ ਰਹੀ ਹੈ। ਅੱਖਾਂ ਤੋਂ ਕਿਸੇ ਕਿਸੇ ਵੇਲੇ ਜਲ ਦੇ ਟੇਪੇ ਕਿਰਦੇ ਹਨ, ਸਰੀਰ ਸਾਰੇ ਤੇ ਲੂੰ ਕੰਡੇ ਹੋ ਹੋ ਜਾਂਦੇ ਹਨ ਤੇ ਜਲ ਦੇ ਤ੍ਰੰਗ ਮਨ ਦੇ ਪ੍ਰੇਮ ਦੀਆਂ ਲਹਿਰਾਂ ਨਾਲ ਇਕ ਸੁਰ ਹੋ ਰਹੇ ਹਨ। ਇਨਾਂ ਦੀ ਮਧੁਰ ਧੁਨਿ ਦਾ ਉਹ ਦਿਲ ਖਿੱਚਵਾਂ ਅਸਰ ਪੈ ਰਿਹਾ ਹੈ ਕਿ ਇਕ ਨਵਾਬ ਸਾਹਿਬ ਥੋੜੀ ਵਿੱਥ ਉੱਤੋਂ ਆਪਣੇ ਜਸ਼ਨ ਵਿਚ ਰੱਤੇ ਹੋਏ ਤ੍ਰਬ੍ਹਕ ਉਠੇ। ਸ਼ਰਾਬ ਦਾ ਪਿਆਲਾ ਹਥੋਂ ਰਹਿ ਗਿਆ, ਨਚਦੀ ਵੇਸ਼ਵਾ ਨੂੰ ਨੱਚਣ ਦਾ ਹੁਕਮ ਬੰਦ ਹੋ ਗਿਆ, ਹਾ ਹਾ ਹੀ ਹੀ ਦੀ ਥਾਂ ਚੁਪ ਵਰਤ ਗਈ। ਸੰਧਯਾ ਦੇ ਮੱਧਮ ਆ ਰਹੇ ਹਨੇਰੇ ਵਿਚ ਪਿਆਰੀ ਰੁਮਕਦੀ ਪੌਣ ਨੇ ਸ਼ਾਂਤੀ ਨਾਲ ਵਗਦੀ ਸੀਤਲ ਤੇ ਸੁਹਾਉਣੀ ਨਦੀ ਨੇ ਅਤੇ ਮਿੱਠੀ ਮਿੱਠੀ ਪਰਸਦੀ ਠੰਢਕ ਨੇ ਇਸ ਸ਼ਾਂਤਿ ਮਈ ਸੰਗੀਤ ਨਾਲ ਮਿਲਕੇ ਐਸਾ ਅਸਚਰਜ ਅਸਰ ਕੀਤਾ ਕਿ ਸਾਰਾ ਜਲਸਾ ਘੰਡਾ ਹੇੜੇ ਦੇ ਮਿਰਗ ਵਾਂਙੂ ਸੁਣਦਾ ਸੁਣਦਾ ਸਰੂਰ ਵਿਚ ਆ ਗਿਆ। ਜਿਸ ਵੇਲੇ ਸਿੰਘ ਹੁਰਾਂ ਚੁੱਪ ਕੀਤੀ, ਨਵਾਬ ਸਾਹਿਬ ਦੇ ਮੁੰਹੋਂ 'ਵਾਹ ਵਾਹ' ਨਿਕਲੀ, ਚਾਰ ਚੁਫੇਰੇ ਤੱਕੇ, ਫੇਰ ਹੁਕਮ ਦਿੱਤਾ ਕਿ ਜਾਓ ਦੇਖੋ ਕੌਣ ਹੈ? ਹੁਕਮ ਪਾਕੇ ਪਿਆਦੇ ਗਏ ਅਰ ਆਕੇ ਖਬਰ ਦਿੱਤੀ ਕਿ ਕੋਈ ਕਾਫਰ ਮਲੂੰਮ ਹੁੰਦਾ ਹੈ ਜੋ ਗਾ ਰਿਹਾ ਸੀ। ਹੁਕਮ ਹੋਯਾ ਹਾਜ਼ਰ ਕਰੋ। ਉਸੇ ਵੇਲੇ ਪਿਆਦਿਆਂ ਜਾ ਲਲਕਾਰਿਆ। ਸਤੋ-ਗੁਣੀ ਸਮੁੰਦਰ ਵਿਚ ਗ਼ਰਕ ਹੋਏ ਹੋਏ ਸਿੰਘ ਜੀ ਸ਼ਾਂਤੀ ਨਲ ਤੱਕ ਕੇ ਸਹਿਜ ਨਾਲ ਬੋਲੇ, 'ਕੀ ਆਗਜਾ ਹੈ?' ਸਿਪਾਹੀਆਂ ਨੇ ਕਿਹਾ, ਨਵਾਬ ਸਾਹਿਬ ਯਾਦ ਕਰਦੇ ਹਨ। ਆਪ ਨੇ ਕਿਹਾ, 'ਸਾਡੇ ਗ੍ਰੀਬਾਂ ਨਾਲ ਉਨ੍ਹਾਂ ਦਾ ਕੀ ਪ੍ਰਯੋਜਨ ਹੋ ਸਕਦਾ ਹੈ?' ਪਰ ਉਨ੍ਹਾਂ ਦੀ ਬਹੁਤ ਖਿੱਚ ਕਰਨੇ ਪਰ ਉੱਠਣਾ ਪਿਆ। ਜਾਂ ਉਥੇ ਜਾਕੇ ਪਹੁੰਚੇ ਤਦ ਸ਼ਰਾਬ ਦਾ ਸਮਾਗਮ ਦੇਖਕੇ ਸਿੰਘ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਇਕ ਨਿੱਕੀ ਜਿਹੀ ਬੇਨਤੀ ਕੀਤੀ ਕਿ 'ਦੀਨਾਂ ਬੰਧੂ ਵਾਹਰੂ ਹੋਵੋ, ਕੱਜਲ ਦੀ ਕੋਠੜੀ ਵਿਚੋਂ ਨਿਰੰਜਨ ਲੈ ਚਲੀਓ'। ਨਵਾਬ ਸਾਹਿਬ ਨੇ ਨੇੜੇ ਸੱਦ ਕੇ ਕਿਹਾ, 'ਵਾਹ ਖ਼ੂਬ! ਸਾਨੂੰ ਬੜਾ ਅਨੰਦ ਦਿੱਤਾ, ਧੰਨ ਹੋ ਆਪ! ਬਹੁਤ ਖੁਸ਼ ਕੀਤਾ ਹੈ! ਕੁਛ ਹੋਰ ਸੁਣਾਓ। ਪਰ ਓਹ ਸਾਡੀ ਸਮਝ ਵਿਚ ਨਹੀਂ ਆਇਆ, ਕੁਝ ਫਾਰਸੀ ਬੋਲੀ ਵਿਚ ਸੁਣਾਓ'। ਸਿੰਘ ਹੁਰਾਂ ਨੇ ਬੜੇ ਅਦਬ ਨਾਲ ਉੱਤਰ ਦਿੱਤਾ ਕਿ 'ਮੈਂ ਪਰਮੇਸ਼ੁਰ ਦੇ ਸ਼ੁਕਰ ਦੇ ਗੀਤ ਗਾਉਂਦਾ ਹਾਂ, ਜੋ ਮੇਰੀ ਬੋਲੀ ਵਿਚ ਹਨ, ਫਾਰਸੀ ਬੋਲੀ ਮੈਂ ਜਾਣਦਾ ਨਹੀਂ, ਇਸ ਕਰਕੇ ਗਾਉਣੋਂ ਅਸਮਰਥ ਹਾਂ।' ਨਵਾਬ ਨੇ ਕਿਹਾ 'ਅੱਛਾ ਸੁਣਾਓ ਸਾਨੂੰ ਤਾਂ ਅਵਾਜ਼ ਹੀ ਮਹਵ ਕਰ ਰਹੀ ਹੈ।' ਸਿੰਘ ਹੁਰਾਂ ਨੇ ਕਿਹਾ 'ਪਰਮੇਸ਼ੁਰ ਦੇ ਭਜਨ ਸੁਣਨ ਵਾਸਤੇ ਆਪਣੇ ਆਪ ਨੂੰ ਤਿਆਰ ਕਰੋ, ਇਹ ਮਾੜਾ ਸਾਮਾਨ ਦੂਰ ਕਰੋ, ਅਦਬ ਵਿਚ ਆਓ'। ਇਹ ਸੁਣਕੇ ਨਵਾਬ ਨੂੰ ਗੁੱਸਾ ਆ ਗਿਆ, ਹੁਕਮ ਦਿਤਾ, 'ਡੇਰੇ ਲੈ ਚਲੋ, ਮੁਸਲਮਾਨ ਬਣਾਓ, ਫਾਰਸੀ ਪੜ੍ਹਾਓ, ਫਿਰ ਗਜ਼ਲਾਂ ਸੁਣਾਏਗਾ'। ਹੁਕਮ ਹੁੰਦੇ ਹੀ ਸਿੰਘ ਜੀ ਬਦੋ ਬਦੀ ਡੇਰੇ ਪਹੁੰਚਾਏ ਗਏ।

ਇਸੇ ਸ਼ਹਿਰ ਵਿਚ ਇਕ ਮਾਈ ਕ੍ਰਿਸ਼ਨ ਕੌਰ ਨਾਮੇ ਰਹਿੰਦੀ ਸੀ, ਪਤੀ ਇਸ ਦਾ ਪਹਿਲਾਂ ਫੌਜ ਵਿਚ ਨੌਕਰ ਹੁੰਦਾ ਸੀ, ਜੋ ਕੁਛ ਬਰਸ ਹੋਏ ਤਦ ਚੜ੍ਹ ਗਿਆ ਸੀ, ਇਸ ਨੇ ਉਥੇ ਹੀ ਵਸੇਬਾ ਕਰ ਲਿਆ ਸੀ। ਨਿਰਬਾਹ ਜੋਗਾ ਪਦਾਰਥ ਹੈਗਾ ਸੀ, ਸੋ ਇਸ ਨੇ, ਜੋ ਪਹਿਲਾਂ ਸਿਖ ਨਹੀਂ ਸੀ, ਹੁਣ ਸਿੰਘ ਧਰਮ ਧਾਰਨ ਕਰਕੇ ਉਸਦੇ ਪ੍ਰਚਾਰ ਕਰਨ ਦਾ ਉਪਕਾਰ ਸਿਰ ਚੱਕ ਕੇ ਦੇਹ ਦੀ ਸਫਲਤਾ ਨੂੰ ਮੁਹਰੇ ਧਰ ਲਿਆ। ਇਹ ਬੀਬੀ ਪਿਛੋਂ ਸਰਹੱਦ ਦੇਪਾਸੇ ਦੀ ਸੀ ਤੇ ਫ਼ਾਰਸੀ ਬੋਲੀ ਪੜ੍ਹੀ ਹੋਈ ਸੀ। ਇਸ ਨੇ ਭਾਈ ਜਜੋਤੀ ਸਿੰਘ ਦੇ ਫੜੇ ਜਾਣ ਦੀ ਸਾਰੀ ਵਿਥਜਾ ਸੁਣ ਲਈ ਸੀ। ਭਲਾ ਐਸੇ ਧਰਮਾਤਮਾ ਸਿੰਘ ਦੀ ਮੁਸੀਬਤ ਸੁਣਕੇ ਕਿੱਥੋਂ ਰਿਹਾ ਜਾਵੇ? ਪਿਛਲੀ ਰਾਤ ਹੀ ਭੇਸ ਵਟਾ ਕੇ ਮਰਦਾਵਾਂ ਤੇ ਮੁਸਲੱਕਾ ਦਰਵੇਸ਼ਾਂ ਵਾਲਾ ਵੇਸ ਕਰਕੇ ਨਵਾਬ ਦੇ ਮਹਿਲਾਂ ਦੇ ਪਿਛਵਾੜੇ ਚਲੀ ਗਈ ਅਰ ਫਾਰਸੀ ਬੋਲੀ ਵਿਚ ਮਅ੍ਰਫਤ ਦੀਆਂ ਗਜ਼ਲਾਂ ਬੜੀ ਮਨੋਹਰ ਧੁਨੀ ਵਿਚ ਗਾਉਣ ਲਗ ਗਈ। ਤੜਕ ਸਾਰ ਇਸ ਦੀ ਕੋਇਲ ਵਰਗੀ ਅਵਾਜ਼ ਕੰਨੀ ਜੁ

ਪਈ ਤਦ ਰਾਗ ਦੇ ਪਿਆਰੇ ਨਵਾਬ ਨੇ ਸੱਦ ਭੇਜਿਆ। ਸਾਈਂ ਲੋਕ ਨੇ ਬੜੇ ਪ੍ਰੇਮ ਨਾਲ ਮਨ ਮੰਨੇ ਫਾਰਸੀ ਗੌਣ ਸੁਣਾਏ। ਖੁਸ਼ ਹੋਕੇ ਨਵਾਬ ਸਾਹਿਬ ਨੇ ਕੁਛ ਪਦਾਰਥ ਇਨਾਮ ਦਿਤਾ, ਜੋ ਫਕੀਰ ਨੇ ਲਿਆ ਨਾ, ਕਿ ਰੱਬ ਦੇ ਆਸ਼ਕਾਂ ਨੂੰ ਧਨ ਦੀ ਕੋਈ ਲੋੜ ਨਹੀਂ ਹੁੰਦੀ। ਨਵਾਬ ਦੇ ਫਿਰ ਕਹਿਣ ਤੇ ਕਿ ਕੁਛ ਤਾਂ ਕਬੂਲ ਕਰੋ, ਸਾਈਂ ਲੋਕਾਂ ਨੇ ਕਿਹਾ ਕਿ ਜੇ ਰੀਝੇ ਹੋ ਤਾਂ ਰੁਪੱਯਾਂ ਦੀ ਥਾਂ ਸਾਨੂੰ ਓਹ ਆਦਮੀ ਇਨਾਮ ਦੇ ਦਿਓ ਜੋ ਤੁਸਾਂ ਰਾਤੀਂ ਰਾਗ ਗਾਉਂਦਾ ਬੰਨ੍ਹ ਆਂਦਾ ਹੈ। ਨਵਾਬ ਮੁਸਲਮਾਨ ਫਕੀਰ ਦੀ ਫੁਰਮਾਇਸ਼ ਮੋੜ ਨਾ ਸੱਕਿਆ, ਜਜੋਤੀ ਸਿੰਘ ਨੂੰ ਉਸਦੇ ਹਵਾਲੇ ਕਰ ਦਿਤਾ, ਪਰ ਨਾਲ ਸਿਫਾਰਸ਼ ਕੀਤੀ ਕਿ ਤੁਸੀਂ ਕਦੀ ਕਦੀ ਆਕੇ ਗਜ਼ਲਾਂ ਸੁਣਾ ਜਾਇਆ ਕਰੋ। ਸਾਈਂ ਲੋਕ ਨੇ ਕਿਹਾ ਕਿ ਅੱਲਾ ਵਾਲੇ ਮੌਜ ਤ੍ਰੈਗੀ ਹੁੰਦੇ ਹਨ, ਜਿਵੇਂ ਮੌਲਾ ਦਾ ਹੁਕਮ ਹੋਸੀ। ਖੁਸ਼ ਰਹੋ। ਰਾਤ ਤ੍ਰਿਪਹਿਰੇ ਤੋਂ ਪਹਿਲਾਂ ਦੀ ਲੱਗੀ ਕ੍ਰਿਸ਼ਨ ਕੌਰਾਂ ਦਿਨ ਦੀ ਦੁਪਹਿਰ ਦੇ ਵੇਲੇ ਤੋਂ ਅੱਗੇ ਆਪਣੇ ਇਕ ਗੁਰਮੁਖ ਵੀਰ ਨੂੰ ਕੈਦੋਂ ਛੁਡਾਕੇ ਡੇਰੇ ਲੈ ਆਈ।

ਸਿੰਘ ਜੀ ਢਾਕੇ ਦੇ ਗੁਰਦੁਆਰੇ ਆਂਦੇ ਗਏ। ਦੀਵਾਨ ਵਿਚ ਹਾਜ਼ਰ ਹੋਏ ਤਾਂ ਇਥੋਂ ਵਟਾਵੇ ਭੇਸ ਵਿਚ ਅਨੰਦਪੁਰ ਟੋਰੇ ਗਏ। ਮਾਈ ਤਾਂ ਉਸੇ ਸ਼ਹਿਰ ਪੰਥ ਦੀ ਸੇਵਾ ਕਰਦੀ ਰਹੀ ਤੇ ਸਿੰਘ ਜੀ ਸਨੇ ਸਨੇ ਅਨੰਦਪੁਰ ਅੱਪੜੇ। ਸਤ੍ਰਿਗਰਾਂ ਨੂੰ ਵਿਥਿਆ ਸੁਣਾਈ, ਪ੍ਰਸੰਨ ਹੋਕੇ ਮਹਾਂਰਾਜ ਜੀ ਨੇ ਕਿਹਾ, 'ਜਿਸ ਬੀਬੀ ਨੇ ਮੇਰੇ ਸਿਖ ਦੀ ਬੰਦਖਲਾਸ ਕਰਾਈ ਹੈ, ਉਸਦੀ ਲੋਕ ਪ੍ਰਲੋਕ ਵਿਚ ਬੰਦ ਖਲਾਸ ਹੋਈ'।

੬੩. ਕੁਰੁਛੇਤ੍ਰ ਫੇਰੀ*।

੧.

ਧੰਨ ਸ੍ਰੀ ਗੁਰੂ ਨਾਨਕ ਦੇਵ!

ਜੀਓ ਜੀ! ਸਦਕੇ ਇਸ ਨਾਮ ਦੇ, ਆਖੋ ਨਾਂ ਨੈਣ ਮੁੰਦਕੇ, ਮਨ ਜੋੜਕੇ, ਪਿਆਰ ਵਿਚ ਭਰਕੇ, ਹਾਂ ਡਾਢੇ ਪਿਆਰ ਵਿਚ ਭਰਕੇ ਆਖੋ:-

ਧੰਨ ਸ੍ਰੀ ਗੁਰੂ ਨਾਨਕ ਦੇਵ!

'ਧੰਨ ਸ੍ਰੀ ਗੁਰੂ ਨਾਨਕ ਦੇਵ ਜੀ' ਗਏ ਮਨ ਕੁਰੁਛੇਤ੍ਰੰ ਸੂਰਜ ਗ੍ਰਹਿਣ ਪਰ, ਅਜ ਉਹੀ ਚੋਜੀ ਸਤਿਗੁਰੂ ਆਪਣੇ ਦਸਮੇ ਜਾਮੇ ਫੇਰ ਗਏ ਜੇ ਕੁਰੁਛੇਤ੍ਰ। ਤਦੋਂ ਓਥੇ ਗ੍ਰਹਿਣ ਲਗੇ ਵਿਚ ਕਿਸੇ ਦਾ ਆਂਦਾ ਸ਼ਿਕਾਰ-ਹਿਰਣ ਦਾ ਮਹਾਂਪ੍ਰਸ਼ਾਦਿ-ਚੁੱਲ੍ਹੇ ਚੜਾਕੇ, ਅਲੋਕਾਰ ਦੀ ਗਲ ਕਰਕੇ, ਜਗਤ ਖਿੱਚ ਲਿਆ ਸੀ ਆਪਣੀ ਵੱਲ ਤੇ ਫੇਰ ਇਲਾਹੀ ਨਾਦ ਦੀ ਸਿੰਙੀ ਵਾਕੇ ਹਜ਼ਾਰਾਂ ਨੂੰ ਮੌਤ ਮੰਡਲ ਵਿਚੋਂ ਕੱਢਕੇ ਲੈ ਆਂਦਾ ਸੀ ਜੀਵਨ ਦੇ ਦੇਸ਼। ਅੱਜ ਫੇਰ ਗ੍ਰਹਿਣ ਦੇ ਹੀ ਮੌਕੇ ਤੇ ਜਾ ਬੈਠਾ ਜੇ ਉਹੋ ਨੂਰ ਦਾ ਬੁੱਕਾ, ਉਹੋ ਜੋਤਿ ਨਿਰੰਜਨੀ, ਆਪਣੇ ਦਸਮੇਂ ਰੂਪ ਵਿਚ ਉਸੇ ਕੁਰੁਛੇਤ੍ਰ। ਵਰਤਾਉਣਾ ਹੈ ਹੁਣ ਬੀ ਕੋਈ ਕੌਤਕ ਜਗਤ ਨਿਸਤਾਰਣ ਦਾ, ਹਾਂ ਜੀ ਜਗਤ ਜਲੰਦੇ ਨੂੰ ਰੱਖ ਲੈਣ ਦਾ ਉਪਰਾਲਾ ਕਰਨਾ ਹੈ।

ਨੈਣ ਮੁੰਦ ਲਓ, ਦਿਲ ਜੋੜ ਲਓ, ਸੰਕਲਪਾਂ ਵਿਕਲਪਾਂ ਦੀ ਨੈਂ ਨੂੰ ਰਤਾ ਕੁ ਠੱਲ੍ਹ ਲਓ, ਪਜਾਰ ਦੀ ਕਲਾ ਮਰੋੜ ਲਓ-ਹਾਂ, ਉਹ ਜੋ ਹਰ ਕਿਸੇ ਦੇ ਅੰਦਰ ਧੀ, ਪੁਤ੍ਰ, ਇਸਤ੍ਰੀ, ਪਦਾਰਥ, ਇੱਜ਼ਤ ਅਬਰੋ ਵਲ ਪਿਆਰ ਦੀ ਕਲਾ ਚਲ ਰਹੀ ਹੈ-ਜ਼ਰਾ ਮੋੜ ਲਓ ਤੇ ਉਸਦਾ ਰੁਖ਼ ਅੰਤਰ ਮੁਖ ਕਰ ਲਓ। ਆਪੇ ਵਿਚ ਖੜਾ ਕਰ ਲਓ ਅੰਦਰਲਾ ਸਾਰਾ ਪਿਆਰ ਦਾ ਰਉਂ, ਉਹ ਬਣ ਜਾਏਗਾ ਪ੍ਰੇਮ ਦਾ ਭਾਵ, ਹੁਣ ਆਖੋ:-

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ,

*ਇਹ ਪ੍ਰਸੰਗ ਪੋਹ ਸੁਦੀ ਸਪਤਮੀ ਜੋ ੨੦ ਪੋਹ ਸੰਮਤ ੪੬੪ ਗੁ: ਨਾ: ਸਾਹਿਬ ੧੯੮੯ ਬਿ: ੩ ਜਨਵਰੀ ੧੯੩੩ ਈ: ਮੰਗਲਵਾਰ ਨੂੰ ਹੈਸੀ ਖਾਲਸਾ ਸਮਾਚਾਰ ਦਾ ਸਿਰਲੇਖ ਹੋਕੇ ਛਪਿਆ ਤੇ ਉਵ ਬੀ ਛਪਕੇ ਕਈ ਹਜ਼ਾਰ ਵੰਡਿਆ ਗਿਆ ਸੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ।

ਸਰੀਰਕ ਜਾਮੇ ਵਿਚ ਬੀ ਪ੍ਰੇਮੀਆਂ ਦੇ ਅੰਗ ਸੰਗ, ਚੋਲਾ ਛੋੜਕੇ ਬੀ ਪ੍ਰੇਮੀਆਂ ਦੇ ਅੰਗ ਸੰਗ, ਸਦਾ ਮੁਕਤ ਸਦਾ ਜੀਵੇ, ਸਭ ਥਾਈਂ ਹੋਹਿ ਸਹਾਇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ!

ਆਪਣੇ ਦਸਮੇਂ ਜਾਮੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਹੋਕੇ ਅਨੰਦਪੁਰੋਂ ਟੁਰੇ ਸਨ ਕੁਛ ਸੈਨਾ ਨਾਲ ਲੈਕੇ। ਪਰਿਵਾਰ ਨਾਲ ਨਹੀਂ ਸੀ ਆਯਾ[1]।

ਹਾਂ ਜੀ, ਆਪ ਪਹੁੰਚ ਗਏ ਹਨ ਕੁਰੁਛੇਤ੍ਰ, ਕੁਛ ਸਿੰਘ ਨਾਲ ਆਏ ਸਨ, ਕੁਛ ਰਸਤੇ ਮਿਲੇ ਸਨ, ਕੁਛ ਏਥੇ ਆਏ ਹੋਏ ਮਿਲ ਰਹੇ ਹਨ। ਸ਼ਹਿਰੋਂ ਦੱਖਣੀ ਦਿਸ਼ਾ ਵਲ ਡੇਰਾ ਲਗ ਗਿਆ[2]। ਲੰਗਰ ਚੱਲ ਪੈਆ। ਲਗੀਆਂ ਸੰਗਤਾਂ ਆਉਣ ਤੇ ਪ੍ਰਸ਼ਾਦੇ ਛਕਣ ਤੇ ਫੇਰ ਦਰਸ਼ਨ ਕਰਨ, ਕੀਰਤਨ ਸੁਣਨ, ਸਤਿਗੁਰ ਦੀਆਂ ਮਿਹਰਾਂ ਨਾਲ ਕ੍ਰਿਤਾਰਥ ਹੋਣ ਤੇ ਜੀਅਦਾਨ ਲੈਣ। ਸੰਗਤਾਂ ਦਾ ਝੁਕਾਉ ਇੰਨਾਂ ਉਲਟਿਆ ਕਿ ਲੰਗਰ ਦਿਨ ਰਾਤ ਟਰਦਾ ਰਹੇ[3]। ਗੁਰੂ ਜੀ ਦੇ ਸੁੰਦਰ ਦੀਦਾਰੇ ਦੀ, ਮਹਾਨ ਉੱਤਮ ਉਪਦੇਸ਼ਾਂ ਦੀ, ਜੀਅਦਾਨ ਦੇਣ ਦੀ, ਦਿਆਲੂ ਕ੍ਰਿਪਾਲੂ ਹੋਣ ਦੀ ਤੇ ਲੰਗਰ ਅਟੁੱਟ ਦੀ ਕੀਰਤੀ ਟੁਰ ਪਈ। ਮੇਲੇ ਤੇ ਆਏ ਸਨ ਜੋਗੀ ਕਨ ਪਾਟੇ। ਜੋਗੀਆਂ ਦਾ ਇਕ ਵਡਾ ਸਿਰ ਕਰਦਾ ਚੰਦਨ ਨਾਥ ਸੀ ਜੋ ਤੀਰੰਦਾਜ਼ੀ ਵਿਚ ਮੰਨਿਆਂ ਪ੍ਰਮੰਨਿਆਂ ਉਸਤਾਦ ਸੀ ਤੇ ਨਾਲੇ ਆਯਾ ਹੋਯਾ ਸੀ ਜੋਗੀ ਮਦਨ ਨਾਥ। ਇਹ ਸੀ ਬਾਲ ਗੁੰਦਾਈ ਦੀ ਗੱਦੀ ਦਾ ਮਾਲਕ, ਪ੍ਰਸਿਧ ਜੋਗੀਆਂ ਦਾ ਵਡਕਾ। ਜਾਪਦਾ ਹੈ ਕਿ ਲੰਗਰ ਦੀ ਕੀਰਤੀ ਤੇ ਸੰਗਤਾਂ ਦਾ ਅਮਿੱਤ ਝੁਕਾਉ ਤੱਕਕੇ ਚੰਦਨ ਨਾਥ ਨੂੰ ਕੁਝ ਈਰਖਾ ਫ਼ੁਰ ਆਈ ਤੇ ਮਨ ਵਿਚ ਵਿਚਾਰਿਆ ਕਿ ਚੱਲੋ ਆਪਣੀ ਸਿੱਧੀ ਦੀ ਸ਼ਕਤੀ ਨਾਲ ਲੰਗਰ ਅਟੁੱਟ ਹੋਣ ਦੀ ਕੀਰਤੀ ਵਿਚ ਭੰਗ ਪਾਈਏ। ਇਹ ਗਲ ਉਸ ਨੇ ਮਦਨ ਨਾਥ ਨਾਲ ਕੀਤੀ। ਮਦਨ ਨਾਥ ਗੁਰੂ ਘਰ ਦਾ ਜਾਣੂ ਸੀ, ਗੁਰੂ ਨਾਨਕ ਉਪਦੇਸ਼, ਜੋ ਬਾਲ-ਗੁੰਦਾਈ ਨੂੰ ਮਿਲਿਆ ਸੀ, ਉਸ ਨੂੰ ਪਤਾ ਸੀ ਅਰ ਤਦੋਂ ਦਾ ਇਹ ਅਸੂਲ ਉਨ੍ਹਾਂ ਵਿਚ ਘਰ ਕਰ ਗਿਆ ਹੋਯਾ ਸੀ ਕਿ ਸਭ ਕਰਮ ਧਰਮ, ਸਭ ਜਪ, ਤਪ, ਹਠ, ਨਿਗ੍ਰਹੁ, ਪ੍ਰਾਣਾਂਯਾਮ, ਧਯਾਨ ਆਦਿ ਸਾਧਨ 'ਨਾਮ' ਬਿਨਾਂ ਸਫਲ ਨਹੀਂ ਹਨ। ਨਾਮ ਦੀ ਕੀਮਤ 'ਏਕਾ' ਹੈ ਤੇ ਹੋਰ ਸਭ ਨੇਕੀਆਂ, ਸਭ ਧਰਮ, ਸਭ ਕਰਮ, ਸਭ ਸਾਧਨ 'ਬਿੰਦੀਆਂ' ਹਨ; ਏਕੇ ਦੇ ਨਾਲ ਬਿੰਦੀਆਂ ਸਫਲ ਹਨ, ਕੀਮਤ ਵਾਲੀਆਂ ਹਨ, ਬਿੰਦੀਆਂ ਏਕੇ ਬਿਨਾਂ ਨਿਸ਼ਫਲ ਹਨ।

ਸਭ ਕਰਮ ਫੋਕਟ ਜਾਨ॥ ਸਭ ਧਰਮ ਨਿਹਫਲ ਮਾਨ॥ ਬਿਨ ਏਕ ਨਾਮ ਅਧਾਰ॥ ਸਭ ਕਰਮ ਭਰਮ ਬਿਚਾਰ॥੫੦॥ (ਅਕਾਲ ਉਸਤਤ)

ਸੋ ਮਦਨ ਨਾਥ ਨੇ ਵਿਚਾਰ ਕੇ ਕਿਹਾ-ਮੈਂ ਤਾਂ ਉਨ੍ਹਾਂ ਦੇ ਸੰਗ ਨੂੰ ਦੂਰੋਂ ਹੀ ਆਪਣੇ ਡੇਰੇ ਅਗੋਂ ਲੰਘਾਂਦਿਆਂ ਵੇਲੇ ਸੀਸ ਨਿਵਾ ਲਿਆ ਸੀ। ਸਾਡੇ ਵੱਡੇ ਨੇ ਉਨ੍ਹਾਂ ਦੇ ਆਦਿ ਕਰਤਾ ਅੱਗੇ ਸਿਰ ਝੁਕਾਇਆ ਸੀ, ਮੈਂ ਪ੍ਰੀਖਜਾ ਹਿਤ ਨਹੀਂ, ਦਰਸ਼ਨ ਮੇਲੇ ਲਈ ਜਾਵਾਂਗਾ। ਉਹ ਜਨਮ ਤੋਂ ਬੜੇ ਸਿੱਧ ਹਨ, ਅਵਤਾਰ ਹਨ, ਸੂਰਮੇ ਹਨ ਤੇ ਪ੍ਰਜਾ ਦੀ ਰੱਖਿਆ ਲਈ ਤਨ ਮਨ ਧਨ ਵਾਰ ਰਹੇ ਹਨ।

ਪਰ ਫੇਰ ਬੀ ਚੰਦਨ ਨਾਥ ਦੀ ਪ੍ਰੇਰਨਾ ਤੇ ਹਠ ਕਰਕੇ ਮਦਨ ਨਾਥ ਨਾਲ ਤੁਰ ਪਿਆ। ਸਾਰੇ ਜੋਗੀ ਕੰਨ ਪਾਟਿਆਂ ਦੀ ਜਮਾਤ ਜੋ ਗ੍ਰਹਿਣ ਪਰ ਹਾਜ਼ਰ ਸੀ ਤੇ ਉਨ੍ਹਾਂ ਦੇ ਮੇਲੀ ਗੇਲੀ ਚੇਲੇ ਸੇਵਕ ਜੋ ਇਸ ਸਾਥੋਂ ਆਏ ਹੋਏ ਸਨ ਨਾਲ ਟੁਰ ਪਏ, ਅਤੇ ਗੁਰੂ ਦੁਆਰੇ ਸਿੱਧੇ ਲੰਗਰ ਵਿਚ ਗਏ ਤੇ ਪੰਗਤਾਂ ਬੰਨ੍ਹਕੇ

---

੧. 'ਸ੍ਰੀ ਗੁਜਰੀ ਮਾਤਾ ਜੀ ਆਦਿ। ਰੁਖ ਗੁਰ ਕੋ ਲਖਿ ਸਦਨ ਅਬਾਦ'। ਅਰਥਾਤ ਵਡੇ ਮਾਤਾ ਜੀ ਤੇ ਪਰਿਵਾਰ ਮਦਨ ਅਬਾਦ ਰਹੇ, ਭਾਵ ਘਰੇ ਰਹੇ, ਫੇਰ ਲਿਖਿਆ ਹੈ-'ਗਮਨੇ ਪ੍ਰਭੂ ਅਸਵਾਰੀ ਛੜੀ'। (ਗੁ: ਪ੍ਰ: ਸੂ: ਰੁਤ ੫ ਅੱਸੂ ੩੦)

੨. ਗੁਰ ਪ੍ਰ: ਸੂ: ਵਿਚ ਕੁਰੁਛੇਤ੍ਰ ਦੇ ਉਤਾਰੇ ਬਾਬਤ ਇੰਞ ਲਿਖਿਆ ਹੈ-'ਦੱਖਣ ਦਿਸ਼ ਤੀਰਥ ਕੀ ਆਏ'। ਪੁਨਾ:-'ਏਕ ਅਟਾਰੀ ਅੱਟਣ ਸ਼ਾਹੂ। ਉਤਰੇ ਪ੍ਰਭੂ ਜਾਇ ਤਿਸ ਪਾਹੂ। ਪਸ਼ਚਮ ਦਿਸ਼ ਤੀਰਥ ਕੀ ਬਾਹੀ। ਨਿਸ ਮਹਿੰ ਬਾਸ ਕਰਤ ਭੇ ਤਾਂਹੀ।' ਗੁਰਦਵਾਰਾ ਦਸ਼ਮੇਸ਼ ਜੀ ਦਾ ਸ਼ਹਿਰੋਂ ਦੱਖਣ ਪੱਛਮ ਨੂੰ ਹੈ ਤੇ ਤਾਲ ਤੋਂ ਪਛਮੋਤ੍ਰ ਨੂੰ ਹੈ। ਸ਼ਹਿਰ ਦੇ ਅੰਦਰ ਬੀ ਦਸ਼ਮੇਸ਼ ਜੀ ਦਾ ਇਕ ਗੁਰਦੁਵਾਰਾ ਹੈ। ੩. ਤਵਾ: ਖਾ:।

ਬੈਠ ਗਏ। ਗੁਰੂ ਘਰ ਦਾ ਆਦਿ ਪਾਤਸ਼ਾਹੀ ਤੋਂ ਇਹੋ ਦਸਤੂਰ ਚਲਾ ਆ ਰਿਹਾ ਹੈ ਕਿ ਲੰਗਰ ਵਿਚ ਕਿਸੇ ਮਤ ਭੇਖ ਦਾ ਆ ਬੈਠੇ ਸਭ ਨੂੰ ਖਿੜੇ ਮੱਥੇ ਅੰਨ ਦਿੱਤਾ ਜਾਵੇ ਤੇ ਮਤ ਭੇਦ ਦਾ ਵਿਤਕਰਾ ਨਾ ਕੀਤਾ ਜਾਵੇ। ਗੁਰੂ ਕੇ ਸੇਵਕਾਂ ਨੇ ਜੀ ਆਇਆਂ ਨੂੰ ਕੀਤਾ, ਆਦਰ ਦਿੱਤਾ ਤੇ ਹੱਥ ਧੁਆਕੇ ਪ੍ਰਸ਼ਾਦਿ ਪ੍ਰੋਸਿਆ ਤੇ ਜੋਗੀ ਲੱਗੇ ਖਾਣ। ਜੋਗੀਆਂ ਨੇ ਆਪਣੀ ਜੋਗ ਕਲਾ ਨਾਲ, ਆਖਦੇ ਹਨ, ਕਿ ਅੰਨ ਮੁਕਾਉਣਾ ਸ਼ੁਰੂ ਕਰ ਦਿੱਤਾ। ਦੋਹਾਂ ਵਡੇ ਨਾਥਾਂ ਦੇ ਬਰਤਨਾਂ ਵਿਚ ਜੋ ਕੁਛ ਪਏ ਪਈ ਜਾਏ ਤੇ ਓਹ ਭਰਨ ਨਾ[1]। ਜੋ ਲੰਗਰ ਵਰਤੀਂਦਾ ਰਿਹਾ ਤੇ ਜੋਗੀ ਚਾਹੇ ਔਖਧੀਆਂ ਦੇ ਬਲ ਨਾਲ ਚਾਹੇ ਸਿੱਧੀ ਨਾਲ ਅੰਨ ਮੁਕਾਉਂਦੇ ਚਲੇ ਗਏ[2]। ਜਦੋਂ ਲਾਂਗਰੀਆਂ ਨੇ ਡਿੱਠਾ ਕਿ ਇਹ ਲੋਕ ਜੋ ਹੁਣ ਆ ਕੇ ਬੈਠੇ ਹਨ, ਕੀ ਭੁੱਖ ਵੱਲੋਂ ਤੇ ਕੀ ਗੇਣਤੀ ਵਲੋਂ ਇਸ ਤਰ੍ਹਾਂ ਦੇ ਤਕੜੇ ਹਨ ਕਿ ਲੰਗਰ ਮੁੱਕ ਜਾਏਗਾ, ਤਾਂ ਸੋਚੀਂ ਪਏ ਕਿ ਗੁਰੂ ਕਾ ਲੰਗਰ ਅਤੁੱਟ ਚਲਾ ਆਯਾ ਹੈ ਦਸਾਂ ਪੀੜ੍ਹੀਆਂ ਤੋਂ ਤੇ ਇਹ ਅੱਜ ਕੀਹ ਭਾਣਾ ਵਰਤਣ ਲੱਗਾ ਹੈ! ਇਉਂ ਸੋਚਕੇ ਓਹ ਘਬਰਾਏ। ਦੋ ਚਾਰ ਸਿੰਘ ਮਸ਼ਵਰਾ ਕਰਕੇ ਸਾਹਿਬਾਂ ਪਾਸ ਪੁੱਜੇ ਤੇ ਸਾਰੀ ਵਾਰਤਾ ਜਾ ਸੁਣਾਈ। ਸਾਹਿਬ ਜੀ ਸੁਣਕੇ ਹੱਸੇ ਤੇ ਆਖਣ ਲੱਗੇ--"ਭਾਈ ਖਾਲਸਾ ਜੀ! ਓਦਰੋ ਨਹੀਂ ਗੁਰੂ ਨਾਨਕ ਦਾ ਲੰਗਰ ਅਟੁੱਟ ਹੈ। ਜੋਗ ਅੱਭਜਾਸ ਕਰਨ ਦਾ ਵੱਡਾ ਅਵਗੁਣ ਇਹੀ ਹੈ ਕਿ ਕੁਛ ਏਕਾਗ੍ਰਤਾ ਕਰਨ ਨਾਲ ਸਿੱਧੀ ਫੁਰ ਆਂਵਦੀ ਹੈ। ਅੱਭਜਾਸੀ ਫਿਰ ਉਸ ਸਿੱਧੀ ਦਾ ਖਹਿੜਾ ਛੱਡਕੇ ਮੁਕਤੀ ਦੀ ਸੜਕ ਪਰ ਨਹੀਂ ਟੁਰੀ ਜਾਂਦਾ, ਉਹ ਇਨ੍ਹਾਂ ਸਿੱਧੀਆਂ ਵਿੱਚ ਫਸ ਖੜੋਂਦਾ ਹੈ। ਪਰ ਸਿੱਧੀ ਨਾਲ ਲੋਕਾਂ ਵਿਚ ਮਾਨ ਹੋਣ ਲਗ ਪੈਂਦਾ ਹੈ। ਜਿਉਂ ਜਿਉਂ ਲੋਕ ਮਾਨ ਕਰਦੇ ਹਨ ਤਿਉਂ ਤਿਉਂ ਜੋਗੀ ਦਾ ਅਭਿਮਾਨ ਵਧਦਾ ਹੈ। ਮਾਨ ਤਾਂ ਲੋਕਾਂ ਵਲੋਂ ਬਾਹਰੋਂ ਆਉਂਦਾ ਹੈ ਪਰ ਮਾਨ ਪ੍ਰਾਪਤੀ ਨਾਲ ਅਭਿਮਾਨ ਅੰਦਰੋਂ ਮੋਲਦਾ ਹੈ। ਅਭਿਮਾਨ ਹੈ ਅਹੰਕਾਰ ਦਾ ਜੇਠਾ ਪੁੱਤ੍ਰ। ਅਹੰਕਾਰ ਹੈ ਹਉਂ ਦਾ ਪ੍ਰਗਟ ਸ੍ਵਰੂਪ। ਹਉਂ ਨੇ ਸਾਨੂੰ ਕਰਤਾਰ ਤੋਂ ਵਿਛੋੜਿਆ ਹੈ ਤੇ ਮਾਯਾ ਮੋਹ ਵਿੱਚ ਪਾਇਆ ਹੈ। ਹਉਂ ਜਦ ਬਾਹਰ ਮੁਖ ਪ੍ਰਕਾਸ਼ਦੀ ਹੈ ਤਾਂ 'ਮੈਂ' ਤੇ 'ਮੇਰੀ' ਦੇ ਰੂਪ ਧਾਰਨ ਕਰਦੀ ਹੈ, 'ਮੈਂ' ਤਾਂ ਅਹੰਕਾਰ ਬਣਕੇ ਅੰਦਰ ਖੜੋ ਜਾਂਦੀ ਹੈ ਤੇ ਸਾਈਂ ਜੀ ਨਾਲ ਵਿੱਥ ਵਧਾ ਲੈਂਦੀ ਹੈ ਤੇ ਦੂਜੇ ਪਾਸੇ 'ਮੇਰੀ' ਨੂੰ ਬਾਹਰ ਵਲ ਸੱਤਜਾ ਦੇਕੇ ਟੋਰਦੀ ਹੈ। 'ਮੇਰੀ' ਬਾਹਰ ਦੇ ਸੰਸਾਰ ਨਾਲ ਪਕੜਾਂ ਪਾਉਂਦੀ, ਕਬਜ਼ੇ ਜਮਾਉਂਦੀ ਹੈ। ਫਿਰ ਇਹ ਵਾਂਛਤ ਵਸਤੂ ਨਾਲ ਮੋਹ ਤੇ ਅਵਾਂਛਤ ਵਸਤੂ ਨਾਲ ਦ੍ਵੈਖ ਵਧਾਉਂਦੀ ਹੈ। ਵਾਂਛਤ ਜੇ ਪ੍ਰਾਪਤ ਹੁੰਦੀ ਜਾਏ ਤਾਂ ਇਹ ਲੋਭ, 'ਲਓ ਲਈ ਅਤ੍ਰਿਪਤ ਮਾਇਆ'; ਨਾ ਮਿਲੇ ਤਾਂ ਕ੍ਰੋਧ। ਅਵਾਂਛਤ ਵਸਤੂ ਮਿਲੇ ਤਾਂ ਛਿਥਿਹਾਨਿ, ਜੋ ਹੋਰਨਾਂ ਨੂੰ ਵਾਂਛਤ ਵਸਤੂ ਮਿਲੇ ਤਾਂ ਈਰਖਾ। ਇਉਂ ਕਰਮ ਜਾਲ ਤਣੀਦਾ ਹੈ। ਇਸ ਕਰਮ ਜਾਲ ਵਿਚ ਫਸਿਆ ਜੀਵ ਫਿਰ ਮੁਕਤੀ ਦੇ ਰਸਤੇ ਪੁਰ ਟੁਰ ਨਹੀਂ ਸਕਦਾ। ਜਿਵੇਂ ਕਹਿੰਦੇ ਹਨ ਕਿ ਜਲ ਵਿਚ ਜੋ ਤਾਰੂ ਸ਼ਹੁ ਦਰਯਾ ਤਰਕੇ ਪਾਰ ਜਾ ਰਿਹਾ ਹੋਵੇ ਜੇ ਉਸਨੂੰ ਤੇਂਦੂਆ ਗ੍ਰਸ ਲਵੇ ਤਾਂ ਉਹ ਫੇਰ ਆਪਣੇ ਰਾਹੇ ਤੁਰ ਕੇ ਪਾਰ ਨਹੀਂ ਜਾ ਸਕਦਾ। ਸੋ ਇਕ ਤਾਂ ਹਉਂ ਵਿਛੋੜਨ ਵਾਲੀ, ਉਤੋਂ ਸਿਧੀਆਂ ਨਾਲ ਮਿਲ ਪਿਆ ਮਾਨ। ਚੁਹਾਂ ਤੋਂ ਰਖਣ ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਸਿਖਾਇਆ ਕਿ ਸੱਤਿਨਾਮ ਦੇ ਸਿਮਰਣ ਵਿਚ ਸੁਰਤ ਦਾ ਸਦਾ ਲੱਗੇ ਰਹਿਣਾਂ ਸਭ ਤੋਂ ਵਡੀ ਸਿੱਧੀ ਤੇ ਕਰਾਮਾਤ ਹੈ। ਇਹ ਸਤਿਨਾਮ ਦੀ ਕਰਾਮਾਤ ਕਰਮ ਜਾਲ ਤੋਂ ਛੁਡਾਉਂਦੀ ਹੈ। ਹੋਰ ਕਰਾਮਾਤਾਂ ਨੂੰ ਚੰਗਾ ਨਾ ਜਾਣੋ ਜੋ ਮੁਕਤਿ ਮਾਰਗ (ਨਾਮ) ਤੋਂ ਰੋਕ ਲੈਂਦੀਆਂ ਹਨ। ਤੀਜੇ ਜਾਮੇ ਫੁਰਮਾਯਾ--'**ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥**' (ਵਾਰ: ਵਡ: ਮ: ੩-੧੯) ਤੇ ਫੇਰ ਫੁਰਮਾਯਾ--'**ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥**' (ਵਾਰ ਸੋ: ਮ: ੩-੨੦)

ਫਿਰ ਖਾਲਸਾ ਜੀ ਤੱਕੋ! ਇਨ੍ਹਾਂ ਸਿੱਧੀਆਂ ਕਰਾਮਾਤਾਂ ਨੇ, ਜੋ ਜੋਗੀ ਪ੍ਰਾਪਤ ਕਰਕੇ ਫਸ ਜਾਂਦੇ ਹਨ,

---

੧. ਤਵਾ: ਖਾ:

੨. ਜੋਗ ਸ਼ਾਸਤ੍ਰ ਵਿਚ ਸਿੱਧੀ ਔਖਧੀਆਂ ਨਾਲ ਵੀ ਮੰਨੀ ਹੈ।

ਕਦੇ ਜ਼ਾਲਮ ਨਹੀਂ ਠਾਕੇ। ਕਿਸੇ ਸਿੱਧੀ ਨੇ ਮਹਿਮੂਦ ਦੇ ਹੱਲੇ ਨਾਂ ਰੋਕੇ, ਕਿਸੇ ਔਰੰਗਜ਼ੇਬ ਨੂੰ ਸਿੱਧਿਆਂ ਨਾਂ ਕੀਤਾ। ਕਰਾਮਾਤਾਂ ਦੇ ਚੇਟਕੀ ਸੈਦਪੁਰ ਸੰਡਜਾਲੀ ਵਿਚ ਹਾਕਮ ਨੂੰ ਤਸੱਲੀ ਦਿਵਾਉਂਦੇ ਰਹੇ ਕਿ ਸਾਡੀ ਸਿੱਧੀ ਬਾਬਰ ਦੀਆਂ ਤੋਪਾਂ ਦੇ ਮੂੰਹ ਮੁੰਦ ਦੇਵੇਗੀ, ਮੁਗ਼ਲ ਅੰਨ੍ਹੇ ਹੋ ਜਾਣਗੇ, ਪਰ ਕਿਸੇ ਦੀ ਸਿੱਧੀ, ਕਿਸੇ ਦੀ ਕਰਾਮਾਤ ਨੇ ਉਸ ਵੇਲੇ ਕੋਈ ਸਹਾਇਤਾ ਨਾ ਕੀਤੀ*। ਬਾਬਰ ਨੇ ਸੈਦਪੁਰ ਸੰਡਿਆਲੀ ਦੀ ਕਤਲਾਮ ਕੀਤੀ। ਜੇ ਸੈਦਪੁਰ ਵਾਲੇ ਬਲੀ ਹੁੰਦੇ ਤਾਂ ਬਲ ਦੀ ਕਰਾਮਾਤ ਬਾਬਰ ਦਾ ਬੁਥਾੜ ਭੰਨ ਦੇਂਦੀ। ਇਸ ਲਈ ਜ਼ਾਲਮਾਂ ਨੂੰ ਸਿੱਧਾ ਕਰਨ ਲਈ ਕਰਾਮਾਤ ਤਲਵਾਰ ਹੈ, ਸ਼ਸਤ੍ਰ ਹੈ। ਸ਼ਸਤ੍ਰ ਸਿੱਖਾਂ ਦੇ ਹੱਥ ਜ਼ੁਲਮ ਦੇ ਦੂਰ ਕਰਨ ਲਈ ਤਾਹੀਓਂ ਦਿੱਤਾ ਗਿਆ ਹੈ। ਅੰਦਰ ਕਰਾਮਾਤ ਦਿਨ ਰਾਤ ਟੁਰੀ ਰਹੇ ਸੱਚੇ ਨਾਮ ਦੀ, ਬਾਹਰ ਕਰਾਮਾਤ ਟੁਰੇ ਪ੍ਰੇਮ ਦੀ। ਤੇ ਪ੍ਰੇਮ ਦੇ ਘਾਤਕਾਂ ਤੇ ਪ੍ਰਜਾ ਦੇ ਵੈਰੀਆਂ ਨਾਲ ਕਰਾਮਾਤ ਟੁਰੇ ਬਾਹੂਬਲ ਦੀ, ਜੋ ਬਾਹੂਬਲ ਕਿ ਟੁਰੇ ਸ਼ੁਭ ਆਚਰਨ ਤੇ ਬੁੱਧੀਮਤਾ ਦੇ ਮੋਢਿਆਂ ਪਰ ਅਤੇ ਵਰਤੀਵੇ ਭਲੇ ਅਰਥ ਲਈ ਕੇਵਲ।

ਇਨ੍ਹੇਂ ਨੂੰ ਲੰਗਰ ਵਿਚੋਂ ਹੋਰ ਖ਼ਬਰ ਆਈ ਕਿ "ਪਾਤਸ਼ਾਹ! ਰਿੱਧਾ ਪੱਕਾ ਤਾਂ ਹੁਣ ਫਤੇ ਗਜਾਉਣ ਲਗਾ ਹੈ ਤੇ ਫੇਰ ਦਾਲਾਂ ਦੇ ਦੇਗੇ ਤੇ ਭਾਜੇ, ਤੌਣਾਂ ਰੋਟੀਆਂ ਐਡੀ ਛੇਤੀ ਤਿਆਰ ਨਹੀਂ ਹੋ ਸਕਦੇ ਕਿ ਨਗਾਲ ਨਾਂ ਟੁੱਟੇ; ਭਾਵੇਂ ਦੇਗੇ ਬੁੜਕ ਰਹੇ ਹਨ, ਆਟੇ ਗੁੱਧੇ ਜਾ ਰਹੇ ਹਨ, ਪਰ ਵਿਚਕਾਰ ਵਿੱਥ ਪੈ ਜਾਏਗੀ।" ਸਤਿਗੁਰਾਂ ਨੇ ਸੁਣਕੇ ਭਾਈ ਦਇਆ ਸਿੰਘ ਜੀ ਪਿਆਰੇ ਨੂੰ ਆਵਾਜ਼ ਦਿੱਤੀ ਆਖਿਆ: "ਸਿੰਘ ਜੀ! ਲੰਗਰ ਵਿਚ ਜਾਓ ਤੇ ਵਰਤਾਵੇ ਦਾ ਕੰਮ ਕਰੋ। ਜੋਗੀਆਂ ਦੀ ਜਮਾਤ ਬੈਠੀ ਹੈ, ਸਭ ਦੇ ਅੱਗੇ ਇਕ ਇਕ ਪ੍ਰਸ਼ਾਦਾ ਆਪਣੇ ਹੱਥੀਂ ਰਖੋ। ਆਖੋ 'ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ, ਵਿਸ਼੍ਵ ਨੂੰ ਭਰਨ ਵਾਲੇ! ਰੁੱਖਾਂ ਤੋਂ ਰੋਜ਼ੀ ਸੱਟਣ ਵਾਲੇ ਧੰਨ ਸਾਹਿਬ ਸ੍ਰੀ ਗੁਰੂ ਅੰਗਦ ਦੇਵ!' ਜਾਓ, ਇਹ ਕਹਿਕੇ ਅਤ੍ਰਿਪਤ ਜੋਗੀਆਂ ਨੂੰ ਤ੍ਰਿਪਤ ਕਰੋ, ਜਿਨ੍ਹਾਂ ਨੂੰ ਸਰੀਰ ਦੇ ਅੰਗਾਂ ਦੀਆਂ ਹਰਕਤਾਂ ਪਰ ਕਾਬੂ ਹੈ, ਜਿਨ੍ਹਾਂ ਨੂੰ ਸੰਸਾਰ ਦੀਆਂ ਦਿਸਦੀਆਂ ਚੀਜ਼ਾਂ ਪਰ ਵਸੀਕਾਰ ਦਾ ਮਾਣ ਹੈ, ਜਿਨ੍ਹਾਂ ਨੂੰ ਮਾਨਸਿਕ ਤਾਕਤਾਂ ਪਰ ਤਾਣ ਹੈ, ਪਰ ਜਿਨ੍ਹਾਂ ਨੂੰ ਮਨ ਦੀਆਂ ਵਾਗਾਂ ਪਰ, ਵਾਸ਼ਨਾ ਪਰ-ਵਸੀਕਾਰ ਘੱਟ ਹੈ, ਜਿਨ੍ਹਾਂ ਵਿਚ ਤ੍ਰਿਸ਼ਨਾਂ ਦੀ ਅਤ੍ਰਿਪਤੀ ਹੈ; ਜਾਓ, ਗੁਰੂ ਨਾਨਕ ਦਾਤ ਨਾਲ ਤ੍ਰਿਪਤ ਕਰੋ ਉਨ੍ਹਾਂ ਨੂੰ।"

ਸਾਹਿਬਾਂ ਦਾ ਹੁਕਮ ਪਾਕੇ ਭਾਈ ਦਇਆ ਸਿੰਘ ਜੀ ਜੋ ਹਠਜੋਗ, ਰਾਜਜੋਗ ਤੇ ਵੇਦਾਂਤ ਦੇ ਚੰਗੇ ਜਾਣੂ ਸੇ ਤੇ ਨਾਮ ਦੀ ਵਿਦਜਾ ਦੇ ਪੂਰੇ ਉਸਤਾਦ ਸੇ, ਸਿਰ ਨਿਹੁੜਾਕੇ, ਸਾਹਿਬਾਂ ਦੇ ਚਰਨਾਂ ਨਾਲ ਮੱਥਾ ਛੁਹਾ ਕੇ, ਥਾਪੜਾ ਲੈਕੇ ਟੁਰ ਪਏ। ਲੰਗਰ ਵਿਚ ਜਾਕੇ ਪ੍ਰਸ਼ਾਦੇ ਚੁਕਵਾਏ ਤੇ ਆਪ ਵਰਤਾਉਣ ਟੁਰ ਪਏ। ਲਾਂਗਰੀ ਦੇਖ ਰਹੇ ਸੇ ਕਿ ਹੁਣ ਟੋਟਾ ਆਇਆ ਕਿ ਆਇਆ, ਪਰ ਸ੍ਰੀ ਦਇਆ ਸਿੰਘ ਜੀ ਨੇ ਕੀਹ ਡਿੱਠਾ ਕਿ ਸਾਈਂ ਵਿਸ਼੍ਵੰਭਰ ਹੈ, ਰਿਜ਼ਕ ਦਾ ਦਾਤਾ ਹੈ। **'ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥ ਸਭ ਘਟ ਭੀਤਰਿ ਹਾਟੁ ਚਲਾਵੈ'॥**

(ਸੂਹੀ ਰਵਿ: ਜੀਉ)

ਆਪ 'ਧੰਨ ਸ੍ਰੀ ਗੁਰ ਨਾਨਕ ਦੇਵ, ਧੰਨ ਸ੍ਰੀ ਗੁਰ ਅੰਗਦਦੇਵ' ਉਚਾਰਦੇ ਪ੍ਰਸ਼ਾਦੇ ਵਰਤਾਉਣ ਲਗ ਪਏ। ਜਿਸ ਦੇ ਅੱਗੇ ਆਪ ਇਕ ਪ੍ਰਸ਼ਾਦ ਸੱਟ ਗਏ, ਉਸ ਨੇ ਫੇਰ ਹੋਰ ਨਹੀਂ ਮੰਗਿਆ। ਉਹ ਅਸ਼ਾਂਤੀ, ਜੋ ਸਿੱਧੀਆਂ ਨਾਲ ਖਾਣ ਵਾਲੇ ਦਿਖਾ ਰਹੇ ਸੇ, ਦੂਰ ਹੋ ਗਈ। ਇਥੋਂ ਤਾਂਈਂ ਕਿ ਚੰਦਨ ਨਾਥ ਦੀ ਅਪਣੀ ਬੀ ਦੂਰ ਹੋ ਗਈ। ਜਿਵੇਂ ਗੁਰੂ ਬਾਬੇ ਨੇ ਨਾਮ ਦੀ ਕਲਾ ਦਾਨ ਕਰਕੇ 'ਸ਼ਬਦ ਸ਼ਾਂਤਿ ਸਿੱਧਾਂ ਵਿਚਿ' ਵਰਤਾਈ ਸੀ, ਤਿਵੇਂ ਭਾਈ ਦਇਆ ਸਿੰਘ ਨੇ ਸਰੀਰਕ ਭੁੱਖ ਦੀ ਤ੍ਰਿਪਤੀ ਸਾਰੀ ਜਮਾਤ ਨੂੰ ਵਰਤਾ ਦਿੱਤੀ। ਇਕ ਇਕ ਪ੍ਰਸ਼ਾਦਾ ਇਸ ਕਰਨੀ ਵਾਲੇ ਗੁਰਮੁਖ ਦੇ ਹੱਥੋਂ ਕੀਹ ਵਰਤਿਆ, ਭੁਖਿਆਂ ਦੀ ਭੁੱਖ ਉਤਾਰਨ ਵਾਲਾ ਰੱਜ ਵਰਤ ਗਿਆ।

ਇਹ ਕਲਾ ਵੇਖਕੇ ਚੰਦਨ ਨਾਥ ਨੇ ਵਿਚਾਰਿਆ ਕਿ ਜਿਸ ਗੁਰੂ ਦੇ ਇਕ ਸਿੱਖ ਵਿਚ

*ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ। (ਆਸ: ਮ: ੧-ਅਸ਼ਟ-੧੨)

ਇਤਨੀ ਸੱਤਜਾ ਹੈ* ਉਹ ਆਪ ਪਤਾ ਨਹੀਂ ਕਿਨ੍ਹਾਂ ਰਿੱਧੀਆਂ ਸਿੱਧੀਆਂ ਦਾ ਮਾਲਕ ਹੋਵੇਗਾ! ਮੈਨੂੰ ਪਹਿਲੋਂ ਹੀ ਮਦਨ ਨਾਥ ਕਹਿੰਦਾ ਸੀ ਕਿ ਇਨ੍ਹਾਂ ਨਾਲ ਅੜਨਾ ਚੰਗਾ ਨਹੀਂ ਹੈ, ਸੋ ਹੁਣ ਜ਼ਿਦ ਛਡ ਕੇ ਉੱਠੀਏ ਤੇ ਦਰਸ਼ਨ ਮੇਲਿਆਂ ਦਾ ਲਾਹਾ ਲਵੀਏ। ਇਹ ਵਿਚਾਰਕੇ ਮਦਨ ਨਾਥ ਨੂੰ ਕਹਿਣ ਲੱਗਾ: 'ਸੁਣਾਓ ਨਾਥ ਜੀ! ਹੁਣ ਕੀਹ ਮਰਜ਼ੀ ਹੈ?

ਮਦਨ ਨਾਥ-ਨਾਥ ਜੀ! ਪੁੱਗਣੀ ਨਹੀਂ। ਸਾਡੀਆਂ ਤਾਕਤਾਂ ਸਰੋਵਰਾਂ ਦੀ ਨਜਾਈਂ ਹਨ ਤੇ ਉਹ ਹੈ ਧੁਰੋਂ ਕਾਰਕ, ਅਵਤਾਰ; ਉਹ ਸਮੁੰਦਰ ਮੁੱਠ ਵਿਚ ਲਈ ਬੈਠਾ ਹੈ। ਆਖ਼ਰ ਨਾਥ ਜੀ! ਸਾਧਨ ਕਰਕੇ ਸਿੱਧ ਹੋਏ ਵਿਚ ਤੇ ਧੁਰੋਂ ਸਰੂਪ ਵਿਚੋਂ ਅਵਤਰੇ ਵਿਚ ਫਰਕ ਹੋਣਾ ਹੋਇਆ। ਸਾਡੇ ਵਡੇ ਸ੍ਰੀ ਬਾਲ ਗੁੰਦਾਈ ਜੀ ਕੈਸੇ ਪੂਰਨ ਹੋਏ ਹਨ! ਪਾਰਬਤੀ ਨੇ ਜਿਨ੍ਹਾਂ ਨੂੰ ਸ਼ਿਵਾਂ ਨਾਲ ਸ਼ਰਤ ਬੰਨ੍ਹਕੇ ਭੁਲਾਉਣਾ ਚਾਹਿਆ ਤਾਂ ਉਹ ਨਾ ਡੋਲੇ, ਤਦ ਉਨ੍ਹਾਂ ਨੂੰ ਮਾਈ ਨੇ ਅਸੀਸ ਦਿੱਤੀ। ਐਸਾ ਤਕੜਾ ਸੀ ਬਾਲ ਗੁੰਦਾਈ। ਅਸਾਂ ਵਡਿਆਂ ਤੋਂ ਸੁਣਿਆਂ ਹੈ ਕਿ ਬਾਲ ਗੁੰਦਾਈ ਭੱਖੜਾ ਤੇ ਸਾਗ ਖਾਕੇ ਗੁਜ਼ਾਰਾ ਕਰਦਾ ਸੀ ਤੇ ਸਾਰਾ ਆਇਆ ਪਦਾਰਥ ਵੰਡ ਦੇਂਦਾ ਸੀ। ਉਸ ਸਾਡੇ ਵੱਡੇ ਦੀ ਸੂਖਮ ਹਉਂ ਦਾ ਪਤਾ ਗੁਰ ਨਾਨਕ ਦੇਵ ਨੇ ਉਸ ਨੂੰ ਦਿੱਤਾ ਸੀ* ਤੇ ਮੈਂ ਕਿਸੇ ਉਦਾਸੀ ਨਾਲ ਨਹੀਂ ਸਗੋਂ ਫ਼ਖਰ ਨਾਲ ਦੱਸਦਾ ਹਾਂ ਕਿ ਸਾਡੇ ਵਡੇ ਨੇ ਗੁਰ ਨਾਨਕ ਦੇਵ ਜੀ ਦੇ ਚਰਨ ਚੁੰਮੇ ਤੇ ਅਗੋ ਨੂੰ ਆਪਣੀ ਪੱਧਤ ਵਿਚ ਹੁਕਮ ਦਿਤਾ ਕਿ ਆਪਣੇ ਸਾਧਨ ਤੇ ਕਰਮ ਕਰਦਿਆਂ ਟੇਕ ਨਾਮ ਤੇ ਰੱਖਣੀ ਹੈ। ਸਾਧਨ ਸਰੀਰ ਨੂੰ ਸਾਧਣ ਲਈ ਕਰਨੇ ਹਨ, ਸਿੱਧੀਆਂ ਲਈ ਨਹੀਂ ਤੇ ਨਾਮ ਸਿਮਰਨ ਕਲਿਆਨ ਲਈ ਹੈ; ਜੋ ਮੇਰੀ ਗੱਦੀ ਤੇ ਹੋਵੇ ਐਸਾ ਕਰੇ। ਜਦੋਂ ਐਸਾ ਕਰਨੋਂ ਆਨਾਨਾ ਆਉਂ ਤਦੋਂ ਮਾਇਆ ਛਲ ਖੇਡੇਗੀ। ਸੋ ਅਸੀਂ ਤਾਂ ਇਸ ਘਰ ਦੇ ਸ਼ਰਧਾਲੂ ਹਾਂ, ਤੁਸਾਂ ਨੂੰ ਪਰਤਾਵਾ ਤਾ ਸਕ ਸੀ ਸੋ ਕਰਕੇ ਵੇਖ ਲਿਆ ਨੇ। ਇਹ ਜੋ ਮਗਰੋਂ ਅੰਨ ਵਰਤਾਉਣ ਆਇਆ ਸੀ ਸਮਝ ਵਲੋਂ ਗਜਾਤਗੋਯ ਹੈ ਤੇ ਕਰਨੀ ਵਲੋਂ ਪੂਰਾ ਹੈ, ਪਰ ਗੁਰੂ ਦੇ ਅੱਗੇ ਦਾਸਾਂ ਵਾਂਙੂ ਵਰਤਦਾ ਹੈ। ਐਸੇ ਐਸੇ ਮਹਾਨ ਪੁਰਖ ਸਤਿਗੁਰੂ ਦੇ ਨਾਲ ਰਹੇ ਤੇ ਸੇਵਕ ਹਨ ਤਾਂ ਹੀ ਤਾਂ ਪਾਤਸ਼ਾਹੀ ਨਾਲ ਟਾਕਰੇ ਜੋੜਕੇ ਨਿਰਭੈ ਵਰਤ ਰਿਹਾ ਹੈ। ਉਸ ਅਵਤਾਰ ਗੁਰੂ ਦੀ ਤਾਕਤ ਅਤੇ ਇਨ੍ਹਾਂ ਕਰਨੀ ਦੇ ਸੂਰੇ ਸਿੱਖਾਂ ਦੀ ਤਾਕਤ ਸਾਰੀ ਲਗ ਰਹੀ ਹੈ ਜ਼ੁਲਮ ਰਾਜ ਦੇ ਦੂਰ ਕਰਨ ਵਿਚ। ਆਓ, ਹੁਣ ਸੱਜਣਤਾ ਦੇ ਭਾਵ ਨਾਲ ਚੱਲੀਏ ਤੇ ਦਰਸ਼ਨ ਕਰੀਏ। ਤੁਸੀਂ ਮਿਲਕੇ ਸੰਤੁਸ਼ਟ ਹੋ ਜਾਸੋ ਕਿ ਜੋ ਕੁਛ ਸ੍ਰੀ ਬਾਲ ਗੁੰਦਾਈ ਜੀ ਨੇ ਡਿੱਠਾ ਸੀ ਸੋ ਕੁਛ ਸੱਚ ਹੈਸੀ।

ਇਉਂ ਵਾਰਤਾਲਾਪ ਕਰਦੇ ਨਾਥ ਨੇ 'ਅਲੰ' ਆਖੀ ਤੇ ਸਾਰੀ ਜਮਾਤ ਨੇ ਭੋਜਨ ਤੋਂ ਹੱਥ ਚਾ ਲਏ ਤੇ ਫੇਰ ਹੱਥ ਧੋਕੇ ਉੱਠ ਖਲੀ ਹੋਈ।

੨.

ਗ੍ਰਹਿਣ ਲੱਗੇ ਤੇ ਲੋਕੀ ਦਾਨ ਕਰਦੇ ਹਨ। ਇਸ ਦਾਨ ਦਾ ਮਤਲਬ ਇਹ ਹੁੰਦਾ ਹੈ ਕਿ ਦਾਨ ਦੇ ਬਲ ਨਾਲ ਸੂਰਜ ਯਾ ਚੰਦ, ਜਿਸ ਨੂੰ ਗ੍ਰਹਿਣ

---

*ਗੁਰਬਾਣੀ ਵਿਚ ਰਿੱਧੀ ਸਿੱਧੀ ਨੂੰ ਤੁੱਛ ਪੜ੍ਹਕੇ ਕਈ ਲੋਕ ਜੋ ਕਰਨੀ ਦੇ ਰਸਤੇ ਨਹੀਂ ਟੁਰੇ ਖਯਾਲ ਕਰਦੇ ਹਨ ਕਿ ਨਾਮ ਅਭਯਾਸ ਵਿਚ ਕੋਈ ਸ਼ਕਤੀ ਨਹੀਂ ਹੁੰਦੀ। ਨਾਮ ਜਦ ਪੁੱਗਦਾ ਹੈ ਤਾਂ ਸਤਿਗੁਰੂ ਨੇ ਲਿਖਿਆ ਹੈ:-'ਰਿਧ ਸਿਧ ਨਾਵੈ ਕੀ ਦਾਸੀ'। ਪੁਨਾ: 'ਅਠਾਹਰ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ॥'

(ਸਿਰੀ: ਵਾ: ਮ: ੩-੨੧)

ਮਤਲਬ ਹੈ ਕਿ 'ਨਾਮ ਸਿੱਧ' ਪੁਰਖ ਵਿਚ ਸੁਤੇ ਸੱਤਜਾ ਉਪਜਦੀ ਹੈ, ਪਰ ਉਹ ਮੁਕਤ ਮਾਰਗ ਦਾ ਟੁਰਨ ਵਾਲਾ ਇਨ੍ਹਾਂ ਤਾਕਤਾਂ ਵਲ ਗਹੁ ਨਹੀਂ ਕਰਦਾ, ਕਿਉਂਕਿ ਉਹ ਜਾਣਦਾ ਹੈ ਕਿ ਇਹ ਵਾਹਿਗੁਰੂ ਜੀ ਦੇ ਮਿਲਾਪ ਦੇ ਮਾਰਗ ਵਿਚ ਰੋਕਾਂ ਹਨ। ਨਾਮ ਪ੍ਰੇਮੀ ਨੂੰ ਸਿੱਧੀ ਫੁਰੇ ਤਾਂ ਇਸ ਨੂੰ ਪਰੇ ਕਰਦਾ ਹੈ ਤੇ ਇਕੋ ਵਾਹਿਗੁਰੂ ਪ੍ਰੇਮ ਵਿਚ ਵਸਦਾ ਹੈ, ਤੇ ਟੁਰਦਾ ਹੁਕਮ ਵਿਚ ਹੈ।

*ਬਾਲ ਗੁੰਦਾਈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੇਟ ਦਾ ਹਾਲ ਪੜ੍ਹਨ ਲਈ ਦੇਖੋ ਸ੍ਰੀ ਗੁਰੂ ਨਾਨਕ ਚਮਤਕਾਰ ਵਿਖੇ ਬਾਲ ਗੁੰਦਾਈ ਦਾ ਪ੍ਰਸੰਗ।

ਲਗਾ ਹੈ, ਉਸਦੀ ਕਲਿਆਣ ਹੋਵੇ। ਖਿਆਲ ਕਰਦੇ ਆਏ ਹਨ ਪੌਰਾਣਕ ਲੋਕ ਕਿ ਚੰਦ ਸੂਰ ਨੂੰ ਰਾਹੂ ਕੇਤੂ ਨਾਮੇ ਰਾਖਸ਼ ਫੜ ਲੈਂਦੇ ਹਨ ਤੇ ਗ੍ਰਹਿਣ ਵੇਲੇ ਸ੍ਰਿਸ਼ਟੀ ਵਲੋਂ ਦਾਨ ਆਦਿ ਕਰਮਾਂ ਨਾਲ ਉਹ ਨਿਰਬਲ ਹੋਕੇ ਉਨ੍ਹਾਂ ਨੂੰ ਛੱਡ ਦੇਂਦੇ ਹਨ। ਇਸ ਵਹਿਮ ਤੋਂ ਛੁਡਾਉਣ ਲਈ ਕੌਤਕੀ ਸਤਿਗੁਰੂ ਜੀ ਨੇ ਇਕ ਕੌਤਕ ਰਚਿਆ ਜਿਵੇਂ ਕਿਸੇ ਐਸੇ ਸਮੇਂ ਕੁਰੁਛੇਤਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੌਤਕ ਰਚਕੇ ਜੀਵ ਉਧਾਰੇ ਸਨ। ਅੱਜ ਆਪ ਨੇ ਬੀ ਇਕ ਖੇਲ ਰਚਾਇਆ। ਇਕ ਖੋਤਾ ਮੰਗਾ ਕੇ ਉਸ ਨੂੰ ਨਵਾਂ ਸਾਜ਼ ਪਾਕੇ ਸ਼ਿੰਗਾਰਿਆ ਤੇ ਕੁਛ ਚਾਂਦੀ ਸੋਨੇ ਦਾ ਗਹਿਣਾ ਬੀ ਲਟਕਾ ਦਿਤਾ ਤੇ ਆਗਜਾ ਕੀਤੀ ਕਿ ਇਸ ਦਾ ਦਾਨ ਦੇਣਾ ਹੈ ਗ੍ਰਹਿਣ ਵਿਚ, ਕੋਈ ਬ੍ਰਾਹਮਣ ਇਹ ਦਾਨ ਆਕੇ ਲਵੇ। ਇਹ ਇਕ ਅਨੋਖੀ ਤੇ ਪ੍ਰਚਲਤ ਨਿਸ਼ਚਿਆਂ ਦੇ ਵਿਰੁੱਧ ਗੱਲ, ਤੇ ਨਾਲ ਹੀ ਹਾਸੇ ਭਰੀ ਗੱਲ ਸਾਰੇ ਮੇਲੇ ਦੇ ਲੋਕਾਂ ਵਿਚ ਫੈਲ ਗਈ। ਅਨੇਕਾਂ ਬ੍ਰਾਹਮਣਾਂ ਦਾ ਦਿਲ ਖੋਤੇ ਦੇ ਗਲ ਗਹਿਣਾ ਸੁਣਕੇ ਲੈਣ ਨੂੰ ਲਲਚੇ ਪਰ ਫੇਰ ਇਕ ਗ੍ਰਹਿਣ ਦਾ ਦਾਨ ਤੇ ਇਕ ਗਧਾ, ਸੋਚ ਸੋਚ ਤੇ ਚਾਹ ਚਾਹ ਕੇ ਰਹਿ ਰਹਿ ਜਾਣ। ਓਧਰ ਹਜ਼ਾਰਾਂ ਲੋਕੀ ਏਹ ਦੇਖਣ ਲਈ ਕਿ ਖੋਤਾ ਕੈਸਾ ਸ਼ੰਗਾਰਿਆ ਹੈ ਤੇ ਵੇਖੀਏ ਕੌਣ ਲੈਂਦਾ ਹੈ, ਝੁਰਮਟਾਂ ਪਾ ਪਾ ਕੇ ਆ ਜੁੜੇ। ਇਹ ਵੇਲਾ ਆਇਆ ਜਗਤ ਉਧਾਰਕ ਲਈ ਇਕੱਠੇ ਹੋਇਆਂ ਨੂੰ ਸਤਿਨਾਮ ਦਾ ਉਪਦੇਸ਼ ਦੇਣ ਦਾ ਤੇ ਭਰਮਾਂ ਵਿਚ ਫਾਥਿਆਂ ਨੂੰ ਵਾਹਿਗੁਰੂ ਦੇ ਰਮਤੇ ਲਾਉਣ ਦਾ। ਗੁਰੂ ਜੀ ਨੇ ਹੁਣ ਸ੍ਰਿਸ਼ਟੀ ਨੂੰ, ਜੋ ਵਹਿਮਾਂ ਵਿਚ ਫਸਕੇ ਰੁਲ ਰਹੀ ਸੀ, ਇਕ ਅਕਾਲ ਪੁਰਖ ਦਾ ਗਿਆਨ ਪ੍ਰਤਿਪਾਦਨ ਕੀਤਾ। ਉਸਦੀ ਪ੍ਰਾਪਤੀ ਨੂੰ ਮਨੁੱਖਾ ਜਨਮ ਦਾ ਪ੍ਰਯੋਜਨ ਦੱਸਿਆ। ਉਸਦੀ ਪ੍ਰਾਪਤੀ ਦਾ ਸਾਧਨ ਉਸਦੀ ਪ੍ਰੇਮਾ ਭਗਤੀ ਦੱਸੀ। ਪ੍ਰੇਮਾ ਭਗਤੀ ਦੀ ਪ੍ਰਾਪਤੀ ਉਸ ਦੇ ਨਾਮ ਸਿਮਰਨ ਤੋਂ ਸਿਖਾਈ। ਨਾਮ ਸਿਮਰਨ ਵਿਚ ਸ਼ਰਧਾ ਤੇ ਚਾਉ ਉਪਜਣ ਦਾ ਵਸੀਲਾ ਗੁਰੂ ਕੀ ਬਾਣੀ ਦਾ ਪਾਠ, ਵੀਚਾਰ ਤੇ ਕੀਰਤਨ ਦੱਸਿਆ। ਗੁਰਬਾਣੀ ਦੇ ਦੱਸੇ ਹੁਕਮ ਤੇ ਟੁਰਨ ਵਿਚ ਤੇ ਗੁਰਬਾਣੀ ਦੀ ਪ੍ਰਤਿਪਾਦਨ ਕੀਤੀ ਰਹੁਰੀਤਿ ਧਾਰਨ ਕਰਨ ਵਿਚ ਮਨ ਦੀ ਮੈਲ ਅਟਕਾਰਾ ਦੱਸੀ ਤੇ ਇਸਦੇ ਦੂਰ ਕਰਨ ਦਾ ਪਰਿਖ਼ਾ ਉਪਾਉ ਸੇਵਾ ਦੱਸਿਆ। ਨਾਲ ਫਿਰ ਇਹ ਸਿਖਲਾਇਆ ਕਿ ਪਰਮੇਸ਼ੁਰ ਦੀ ਬੰਦਗੀ ਵਿਚ ਲਗਕੇ ਸੰਸਾਰ ਤੋਂ ਤ੍ਰੁਟ ਜਾਣਾ ਜ਼ਰੂਰੀ ਨਹੀਂ। ਐਸਾ ਕਰਨੇ ਨਾਲ ਸੁਰਤ ਨੂੰ ਪਰਤਾਵਿਆਂ ਦੇ ਸਾਹਮਣੇ ਫਤੇ ਹਾਸਲ ਕਰਨ ਦਾ ਮੌਕਾ ਨਹੀਂ ਮਿਲਦਾ। ਬਿਨਾ ਮੁਕਾਬਲਾ ਕੀਤੇ ਤਾਕਤ ਨਹੀਂ ਭਰਦੀ। ਬਿਨਾ ਤਾਕਤ ਭਰੇ ਦੇ ਸੁਰਤ ਪੰਜ ਮਹਾਂਬਲੀਆਂ ਤੇ ਹਾਵੀ ਨਹੀਂ ਪੈ ਸਕਦੀ, ਇਸ ਲਈ **'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ'** (ਮਾਰੂ: ਮ: ੪ ਸੋਲ-੨) ਦੇ ਮਾਰਗ ਪਰ ਟੁਰੋ। ਦੂਸਰਾ ਨੁਕਸ ਬਨਾਂ ਨੂੰ ਭੱਜ ਜਾਣ ਦਾ ਇਹ ਦੱਸਿਆ ਕਿ ਜਦ ਚੰਗੇ ਲੋਕ ਅਤੀਤ ਹੋ ਜਾਂਦੇ ਹਨ ਤੇ ਬਨੀਂ ਜਾ ਬੈਠਦੇ ਹਨ ਤਾਂ ਪਿੱਛੇ ਭਾਈਚਾਰਾ ਨਿਕੰਮੇ ਆਦਮੀਆਂ ਦਾ ਰਹਿ ਜਾਂਦਾ ਹੈ, ਇਨ੍ਹਾਂ ਨੂੰ ਭੀ ਤਜਾਗ ਚੰਗਾ ਲਗਦਾ ਹੈ, ਤਜਾਗ ਕਰ ਤਾਂ ਸਕਦੇ ਨਹੀਂ ਪਰ ਤਜਾਗ ਸੋਚਦੇ ਸੋਚਦੇ ਢਿੱਲੇ ਤੇ ਨਿਤਾਣੇ ਹੋ ਜਾਂਦੇ ਹਨ। ਫਿਰ ਦੇਸ਼ ਵਿਚ ਅਗਜਾਨ ਛਾ ਜਾਂਦਾ ਹੈ, ਆਪੇ ਵਿਚ ਮੇਲ ਨਹੀਂ ਰਹਿੰਦਾ, ਦੂਜੇ ਦੇਸ਼ਾਂ ਦੇ ਜ਼ਾਲਮ ਆਕੇ ਰਾਜ ਭਾਗ ਖੋਹ ਕੇ ਪਰਜਾ ਨੂੰ ਦੁੱਖ ਦੇਂਦੇ ਹਨ, ਜੈਸੇ ਕਿ ਅਰਬੀਆਂ ਦੇ ਹਮਲੇ ਵੇਲੇ ਸਿੰਧ ਦੇ ਕਿਸੇ ਰਾਜੇ ਦੀ ਵਾਰਤਾ ਕਰਦੇ ਹਨ ਕਿ ਕਿਲ੍ਹੇ ਦੀਆਂ ਕੁੰਜੀਆਂ ਬਿਨਾ ਲੜੇ ਦੇ ਯਵਨੀ ਹੱਲਾ ਕਰਨ ਵਾਲੇ ਨੂੰ ਦੇ ਦਿੱਤੀਆਂ ਕਿ ਮੇਰਾ ਧਰਮ ਜੁੱਧ ਨਹੀਂ ਸਿਖਾਲਦਾ। ਇਸ ਤਰ੍ਹਾਂ ਦੇਸ਼ ਦੀ ਦੁਰਗਤੀ ਇਸ ਹਾਲ ਨੂੰ ਪੁੱਜ ਗਈ ਹੈ ਕਿ ਜਿਸ ਤੋਂ ਘਰ ਘਰ ਰੋਲਾ ਹੈ। ਸੋ ਮੁਕਤਿ ਮਾਰਗ ਤੇ ਸ੍ਰੇਯ ਮਾਰਗ ਇਹ ਹੈ ਕਿ ਅਨੇਕਾਂ ਦੇਵਾਂ ਨੂੰ ਛੋੜਕੇ ਇਕ ਅਕਾਲ ਪੁਰਖ ਦੀ ਪੂਜਾ ਕਰੋ, ਪ੍ਰੇਮ ਤੇ ਕੇਵਲ ਪ੍ਰੇਮ ਉਸਦੇ ਮਿਲਨ ਦਾ ਵਸੀਲਾ ਬਣਾਓ ਤੇ ਪ੍ਰੇਮ ਪ੍ਰਾਪਤੀ ਲਈ ਨਾਮ ਸਿਮਰੋ। ਜੀਵਨ ਪਵਿਤ੍ਰ ਕਰੋ, ਆਚਰਨ ਉੱਚਾ ਰਖੋ, ਵਿਦਜਾ ਪਾਓ ਤੇ ਭਾਈਚਾਰੇ ਵਿਚ ਸਾਧੂ ਜੀਵਨ ਵਾਲੇ ਹੋਕੇ ਵਸੋ ਤੇ ਭਰਾਵਾਂ ਨੂੰ ਸੰਵਾਰੋ। ਜੀਵਨ ਕੁਰਬਾਨੀ ਵਾਲਾ ਬਣਾਓ, ਇਹ ਸੇਵਾ ਹੈ, ਸੇਵਾ ਹੀ ਹਉਂ ਨੂੰ ਕੱਟਦੀ ਹੈ। ਕੁਰਬਾਨੀ ਇਹ ਨਾ ਕਰੋ ਕਿ ਤਨ ਹੇਮੰਚਲ ਜਾ ਕੇ ਗਾਲੋ ਤੇ

ਪਦਾਰਥ ਸੁੱਟ ਦਿਓ। ਤਨ ਦੇ ਤਜਾਗ ਨੂੰ ਸੇਵਾ ਵਿਚ ਸਫਲਾਓ। ਇਸ ਵੇਲੇ ਸ਼ਸਤ੍ਰ ਵਿਦਯਾ ਸਿੱਖ ਕੇ ਦੇਸ਼ ਦੇ ਵੈਰੀਆਂ ਦੇ ਬਲ ਤੋੜੋ ਤੇ ਇਸ ਜਤਨ ਵਿਚ ਸਰੀਰ ਵਾਰਨਾ ਪਵੇ ਤਾਂ ਵਾਰ ਦਿਓ। ਪਦਾਰਥ ਬੀ ਇਸੇ ਕੰਮ ਤੇ ਲਾਓ। ਇਹ ਆਪਣੇ ਲਾਲਚ ਲਈ ਨਾ ਕਰੋ, ਪਰ ਕੇਵਲ ਜ਼ੁਲਮ ਤੋਂ ਪਰਜਾ ਦੀ ਰਖਯਾ ਲਈ ਕਰੋ।

ਇਸ ਪ੍ਰਕਾਰ ਦੇ ਉੱਚੇ ਉਪਦੇਸ਼ ਨਾਲ ਜਿਸ ਨੂੰ ਵਰਣਨ ਕਰ ਸਕਣਾ ਕਠਨ ਹੈ ਉਸ ਰੱਬੀ ਗਲੇ ਨੇ, ਉਸ ਸਾਈਂ ਵਾਲੇ ਦਿਮਾਗ ਨੇ ਹਜ਼ਾਰਾਂ ਜੀਵਾਂ ਦਾ ਕਲਿਆਨ ਕੀਤਾ, ਪਰ ਉਹ ਜੋ ਕੌਤਕ ਰਚਿਆ ਸੀ ਉਹ ਅਜੇ ਖੜਾ ਸੀ। ਕਿਸੇ ਨੇ ਆਕੇ ਹੀਆ ਕਰਕੇ ਦਾਨ ਨਾ ਮੰਗਿਆ। ਇਕ ਮਨੀ ਰਾਮ ਨਾਮੇ ਬ੍ਰਾਹਮਣ ਨੇ ਵਿਚਾਰਿਆ ਕਿ ਗਾਂ ਕੀਹ ਤੇ ਖੋਤਾ ਕੀਹ, ਧਨ ਕੀਹ ਤੇ ਨਾ ਕੀਹ, ਗ੍ਰਹਿਣ ਕੀਹ ਤੇ ਪੁਤ੍ਰੇਸ਼ਟੀ ਯੱਗ ਕੀਹ, ਜਿਸ ਸਮੇਂ ਤੇ ਜਦੋਂ ਜਗਤ ਰੱਖਯਕ ਅਵਤਾਰ ਦੇ ਹਥੋਂ ਜੋ ਕੁਝ ਮਿਲੇ ਉਸ ਵਿਚ ਕਲਿਆਨ ਹੈ। ਦਾਨ ਭਾਰਾ ਹੈ ਕਿ ਹਲਕਾ ਹੈ, ਦਾਨ ਕਿਸ ਸ਼ੈ ਦਾ ਹੈ ਕਿਸਦਾ ਨਹੀਂ, ਉਹ ਸ਼ਾਸਤ੍ਰ ਵਿਹਤ ਹੈ ਕਿ ਨਹੀਂ, ਉਸ ਵੇਲੇ ਸੋਚੀਦਾ ਹੈ ਕਿ ਜਿਸ ਵੇਲੇ ਦਾਨ ਕਰਨ ਵਾਲਾ ਰਾਜਾ ਹੋਵੇ ਕਿ ਸਾਧਾਰਣ ਗ੍ਰਿਹਸਤੀ ਹੋਵੇ ਜਿਸਨੇ ਦਾਨ ਦੇਕੇ ਆਪਣੇ ਗ੍ਰੈਹ ਟਾਲਣੇ ਹਨ ਤੇ ਆਪਣੇ ਕਰਮਾਂ ਦੇ ਭਾਰ ਬ੍ਰਹਮਣ ਨੂੰ ਦੇਣੇ ਹਨ। ਜਦੋਂ ਦਾਤਾ ਆਪ ਹੋਵੇ ਸਾਈਂ ਤੇ ਸਾਈਂ ਰੰਗ ਰਤੜਾ ਭਗਤੀ ਦਾ ਅਵਤਾਰ, ਤਦੋਂ ਦਾਨ ਵਿਚ ਉਸਦੀ ਖੁਸ਼ੀ, ਉਸਦੇ ਚੋਜ ਵਿਚ ਉਸਦਾ ਚਾਉ ਮਿਲਦਾ ਹੈ। ਉਸਦੀ ਖੁਸ਼ੀ ਤੇ ਚਾਉ ਵਿਚ ਜੀਵ ਦੀ ਕਲਿਆਣ ਹੈ। ਇਸ ਵਾਸਤੇ ਜੇ ਮੈਂ ਦਾਨ ਲੈ ਲਵਾਂ ਤਾਂ ਮੇਰਾ ਭਲਾ ਹੋਵੇਗਾ। ਮੇਰੇ ਅੰਦਰ ਖੋਤੇ ਦੇ ਗਲ ਪਏ ਗਹਿਣੇ ਦਾ ਲੋਭ ਨਹੀਂ, ਮੇਰੇ ਅੰਦਰ ਦੇਣਹਾਰ ਦਾਤੇ ਦਾ ਪ੍ਰੇਮ ਹੈ। ਜੋ ਦਾਨ ਉਹ ਚੋਜ ਵਿਚ ਦੇਂਦਾ ਹੈ ਉਸ ਵਿੱਚ ਆਪਣਾ ਚਾਉ ਦੇਵੇਗਾ ਤੇ ਮੈਂ ਤਰ ਜਾਵਾਂਗਾ। ਦੂਜੇ ਪਾਸੇ ਸੋਚ ਫੁਰੀ ਕਿ ਮੈਨੂੰ ਬ੍ਰਾਹਮਣ ਤ੍ਰਿਸਕਾਰ ਕਰਨਗੇ, ਹੋ ਸਕਦਾ ਹੈ ਕਿ ਭਾਈਚਾਰੇ ਵਿਚੋਂ ਛੇਕ ਦੇਣ, ਪਰ ਹੋਵੇ ਜੋ ਕੁਝ ਹੋਣਾ ਹੈ, ਇੰਨੀ ਖੇਚਲ ਸਹਿਣੀ ਹੀ ਚਾਹੀਏ। ਉਂਞ ਮੁਕਤੀ ਵਾਸਤੇ ਜਪ ਤਪ ਹਨ ਸੰਜਮ ਸਾਧਨ ਕਰੀਦੇ ਹੀ ਹਨ, ਦੁਖ ਕਸ਼ਟ ਝੱਲੀਦੇ ਹੀ ਹਨ। ਜੇ ਮੈਨੂੰ ਸ਼੍ਰੇਯ ਲੈਣ ਵਾਸਤੇ ਲੋਕ ਲਾਜ ਤੋੜਨ ਦੇ ਕਾਰਨ ਦੁਖ ਝੱਲਣਾ ਪਿਆ ਤਾਂ ਪਵੇ, ਇਹ ਬੀ ਇਕ ਤਪ ਦੇ ਤੁੱਲ ਬਾਤ ਹੋਊ। ਹੋਵੇ ਨਾ ਤਾਂ ਇਸ ਵੇਲੇ ਇਹ ਅਵਸਰ ਹਥੋਂ ਨਾ ਗਵਾਵਾਂ। ਸਾਰੀਆਂ ਐਸੀਆਂ ਸੋਚਾਂ ਬ੍ਰਾਹਮਣ ਦਿਮਾਗ ਨੇ ਵਿਚਾਰੀਆਂ ਤੇ ਫੇਰ ਹੱਥ ਜੋੜ ਕੇ ਗੁਰੂ ਜੀ ਅੱਗੇ ਆ ਖੜੋਤਾ:-

ਪਾਤਸ਼ਾਹ ਮੈਂ ਹਾਂ ਗਧੇ ਦੇ ਦਾਨ ਦਾ ਅਧਿਕਾਰੀ ਇਸ ਦਾ ਸੰਕਲਪ ਮੈਨੂੰ ਪਾਓ। ਗੁਰੂ ਜੀ ਜਾਣਦੇ ਸਨ ਕਿ ਦਾਨ ਲੈਣ ਵਿੱਚ ਇਸ ਨੂੰ ਭਾਈਚਾਰੇ ਵਲੋਂ ਖੇਚਲ ਹੋਵੇਗੀ, ਆਪ ਨੇ ਕੁਛ ਸਮਝਾਇਆ, ਪਰ ਮਨੀ ਰਾਮ ਨੇ ਹਠ ਕੀਤਾ ਤੇ ਉਹ ਦਾਨ ਲੈ ਹੀ ਲਿਆ। ਦਾਤਾ ਜੀ ਨੇ ਉਹ ਦੇ ਕੇ ਨਾਲ ਖੁਸ਼ਾ ਦਾਨ ਦਿਤਾ, ਨਾਮ ਦਾਨ ਬਖਸ਼ਿਆ, ਜੋ ਉਸ ਦੀ ਕਲਿਆਨ ਹੋਵੇ, ਨਾਲ ਇਕ ਕਟਾਰ ਆਪਣੀ ਯਾਦਗਾਰ ਬਖਸ਼ੀ*।

੩.

ਇਕ ਵੇਰ ਅੱਖਾਂ ਮੀਟ ਲਓ, ਦਿਲ ਦੇ ਬੂਹੇ ਮਾਰ ਦਿਓ, ਯਾਦ ਦਾ ਨੂਰ ਅੰਦਰ ਰੌਸ਼ਨ ਕਰ ਲਓ, ਪਿਆਰ ਦਾ ਸੰਗੀਤ ਛੇੜ ਦਿਓ, ਇਸ ਭਗਤੀ ਭਾਵ ਨਾਲ ਭਰੀ ਮਨ ਦੀ ਉਨਮਨੀ ਜੇਹੀ ਦਸ਼ਾ ਵਿਚ ਆਖੋ:-ਧੰਨ ਗੁਰੂ ਗੋਬਿੰਦ ਸਿੰਘ ਜੀ, ਸਾਹਿਬ ਦੋ ਜਹਾਨ, ਵਾਲੀ ਲੋਕ ਪ੍ਰਲੋਕ। ਹਾਂ, ਇਸ ਭਾਵ ਦੇ ਦਿਲ ਵਿੱਚ ਭਰੇ ਹੋਏ ਵਲਵਲੇ ਨਾਲ ਨੈਣ ਖੋਹਲ ਦਿਓ ਤਾਂ ਨੈਣਾਂ ਵਿੱਚ ਰਸ ਰੰਗ ਦੀ ਛਹਿਬਰ ਹੋਵੇਗੀ। ਹੁਣ ਤੱਕੋ ਦਿਸਦੇ ਵਸਦੇ ਵਿਚ ਖਿੜ ਰਹੀ ਕੁਦਰਤ ਨੂੰ ਤੇ ਲਖੋ ਉਹੋ ਪ੍ਰਭਾਵ ਕਲਗੀਆਂ ਵਾਲੇ ਪਾਤਸ਼ਾਹ ਦਾ ਛਾ ਰਿਹਾ ਚਾਰ ਚੁਫੇਰੇ ਤੇ ਫੇਰ ਆਖੋ ਸਾਹਿਬ ਗੁਰੂ ਗੋਬਿੰਦ ਸਿੰਘ ਧੰਨ ਤੂੰ, ਧੰਨ ਤੂੰ! ਹਾਂ ਜੀ-

ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥ (ਸੁਖਮਨੀ)

*ਤਵਾਰੀਖ ਖਾਲਸਾ ਵਿਚ ਇਕ ਹੁਕਮਨਾਮਾ ਤੇ ਕਟਾਰ ਬਖਸ਼ਣੀ ਲਿਖੀ ਹੈ।

ਉਸ ਭਗਵੰਤ ਦੇ ਭਗਵੰਤ ਰੂਪ[1], ਗੋਬਿੰਦ ਰੂਪ[2] ਗੁਰੂ ਗੋਬਿੰਦ ਸਿੰਘ ਦੇ ਪ੍ਰੇਮ ਦਾ ਪ੍ਰਭਾਵ ਛਾ ਰਿਹਾ ਹੈ ਅੰਦਰ ਬਾਹਰ, ਹਾਂ ਜੀ ਆਖੋ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ।

ਸਜ ਰਿਹਾ ਹੈ ਦੀਵਾਨ ਕੁਰੁਛੇਤ੍ਰ ਵਿਚ ਸਾਹਿਬ ਜੀ ਦਾ ਤੇ ਸਜ ਰਿਹਾ ਹੈ ਨਾਲ ਖਾਲਸਾ, ਸੰਗਤਾਂ ਦਾ ਠੱਟ ਬੱਝ ਰਿਹਾ ਹੈ। ਆ ਗਈ ਜਮਾਤ ਜੋਗੀਆਂ ਦੀ, ਚੰਦਨ ਨਾਥ ਮਦਨ ਨਾਥ ਸਿਰਕਰਦਿਆਂ ਸਣੇ, ਜੀਕੂੰ ਆਉਂਦੇ ਰਹੇ ਜੋਗੀ ਹਰ ਜਾਮੇ ਸਤਿਗੁਰਾਂ ਨੂੰ ਮਿਲਨ, ਆਕੇ ਆਦੇਸ਼ ਕਰਕੇ ਬੈਠ ਗਏ। ਚੰਦਨ ਨਾਥ ਕਲਾ ਦੇਖ ਚੁਕਾ ਸੀ, ਉਹ ਕਲਾ ਜੋ ਜੋਗੀ ਮੰਨਦੇ ਸਨ ਕਿ ਹੋਵੇ ਤਾਂ ਸਤ ਪੁਰਖ ਮੰਨਾਂਗੇ ਤੇ ਉਹ ਕਲਾ ਜੋ ਮੁਸਲਮਾਨ ਤੇ ਈਸਾਈ ਕਹਿੰਦੇ ਹਨ ਕਿ ਹੋਵੇ ਤਾਂ ਪਿਕੰਬਰ ਮੰਨੀਂਦਾ ਹੈ। ਪਰ ਏਥੇ ਸਤਿਗੁਰ ਦੇ ਦਰਬਾਰ ਇਕ ਹੋਰ ਕਲਾ ਹੈ ਜਿਸ ਨੂੰ 'ਸਤਿਨਾਮ' ਕਹਿਕੇ ਪੁਕਾਰਦੇ ਹਨ, ਉਹ ਨਿਸ਼ਾਨੀ ਹੈ ਸਤਿ ਪੁਰਖ ਦੀ, ਜੋਗੀ ਦੀ, ਅਵਤਾਰ ਦੀ। ਜਿੰਨੀ ਵੱਧ ਓਨਾ ਵੱਡਾ। ਹਾਂ ਜੀ, ਅੰਤਰ ਆਤਮੇ ਨਿਰੰਤਰ ਲਿਵ, ਅਖੰਡਾਕਾਰ ਬ੍ਰਿਤੀ ਦਾ ਪ੍ਰਵਾਹ, ਸਾਈਂ ਪ੍ਰੇਮ ਵਿਚ ਟੁਰਿਆ ਰਹੇ, ਜਿਸਨੂੰ ਕੋਈ ਵਿਖੇਪ ਤੋੜ ਨਾ ਸਕੇ, ਜਿਸ ਨੂੰ ਕੋਈ ਮੈਲ ਮੈਲਿਆਂ ਨਾ ਕਰ ਸੱਕੇ। ਇਹ ਹੈ ਕਰਾਮਾਤ, ਅਜ਼ਮਤ, ਸਿੱਧੀ, ਵਿਭੂਤੀ, ਮੁਕਤੀ, ਜੋਰ ਪ੍ਰਾਪਤੀ। ਇਸ ਨੂੰ 'ਨਾਮ' ਤੇ 'ਸਤਿਨਾਮ' ਤੇ 'ਲਿਵ' ਕਰਕੇ ਪੁਕਾਰਿਆ ਹੈ। ਲਿਵ ਹੈ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੋਕੇ ਬ੍ਰਿਤੀ ਵਿੱਚ ਉਸ ਮਿਲਾਪ ਦਾ ਨਿਰੰਤਰ ਲਗਾਉ। ਜੇ ਇਹ ਅੰਤਰ-ਆਤਮੇ ਨਾ ਹੋਵੇ ਤਾਂ ਕਾਹਦੀ ਸਿੱਧੀ ਤੇ ਕਾਹਦੀ ਕਰਾਮਾਤ, ਫੇਰ ਤਾਂ **'ਲਿਵ ਛੁਟਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ।'** (ਰਾਮ: ਮ: ੩-ਅਨੰਦ-੨੯) ਇਸ-ਲਿਵ ਛੁਟਕੀ-ਹਾਲਤ ਵਿਚ ਜੋ ਕੁਝ ਕਰਨਾ ਹੈ ਸੋ ਤ੍ਰਿਸ਼ਨਾ ਦੀ ਹਾਲਤ ਵਿਚ ਕਰਨਾ ਹੈ ਤੇ ਮਾਇਆ ਦੇ ਹੁਕਮ ਹੇਠ ਕਰਨਾ ਹੈ, ਚਾਹੇ ਉਹ ਕਰਾਮਾਤ ਹੈ, ਸਿੱਧੀ ਹੈ, ਚਾਹੇ ਉਹ ਕੁਛ ਹੋਰ ਹੈ। ਹਾਂ ਜੀ ਜੋਗੀ ਉਸ ਆਪਣੀ ਜਾਣੀ ਸਿਆਣੀ 'ਸਿੱਧੀ' ਦੀ ਕਲਾ ਨੂੰ ਗੁਰੂ ਜੀ ਵਿਚ ਸਿਆਣ ਕੇ ਦੇ ਖਕੇ ਅਦਬ ਨਾਲ ਬੈਠ ਗਏ। ਪਰ ਮਾਨ ਬੜੀ ਦੂਰ ਤਕ ਨਾਲ ਰਹਿੰਦਾ ਹੈ। ਸੋ ਆਪਣੇ ਮਾਨ ਵਿਚ ਟਿਕਕੇ ਚੰਦਨ ਨਾਥ ਨੇ ਪ੍ਰਸ਼ਨ ਕੀਤੇ, ਪਹਿਲਾਂ ਬ੍ਰਹਮ ਵਿਦਯਾ ਦੇ। ਜਿਸ ਪਰ ਸਤਿਗੁਰੂ ਨੇ ਦਰਸਾਏ ਅਪਣੇ ਸਿੱਧਾਂਤ ਕਿ ਨਿਰਾ ਵਿਭੂਤੀ ਪ੍ਰਾਪਤ ਕਰਕੇ, ਯਾ ਰੂਹਾਨੀ ਤਾਕਤਾਂ ਜਗਾ ਕੇ-ਜੇ ਤ੍ਰਿਸ਼ਨਾ ਨਾਂ ਛੁੱਟੇ, ਲਿਵ ਨਾ ਲੱਗੇ ਤਾਂ-ਸਾਰਾ ਖੇਲ ਮਾਇਕ ਮੰਡਲ ਵਿਚ ਹੀ ਹੁੰਦਾ ਹੈ। ਜੇ ਕੋਈ ਇਸ ਤੋਂ ਉੱਚਾ ਉੱਠੇ, ਮੁਕਤਿ ਸਾਗਰ ਤੇ ਟੁਰ ਪਵੇ ਤੇ ਕੈਵਲ ਵਿੱਚ ਅੱਪੜੇ ਤੇ ਆਪਾ ਆਪੇ ਵਿੱਚ ਨਿਰੋਲ ਖੜੋ ਜਾਏ ਤਾਂ ਸਫਲਤਾ ਹੋਈ ਪਰਨ ਲੋੜ ਰਹੀ ਕਿ ਇਹ ਆਪਾ ਪਰਮ ਆਪੇ* ਨੂੰ ਕਿਵੇਂ ਮਿਲੇ। ਕਿਉਂਕਿ 'ਪਰਮ ਆਪਾ' ਸਦਾ ਮੁਕਤ ਹੈ ਤੇ ਜੀਵ ਦਾ ਆਪਾ ਤਾਂ ਜੋਗ ਮਾਰਗ ਅਨੁਸਾਰ ਜਤਨ ਨਾਲ ਬੰਧ ਵਿਚੋਂ ਨਿਕਲਦਾ ਹੈ, ਸੋ ਪਤਾ ਲੱਗਾ ਕਿ ਇਹ ਸਦਾ ਮੁਕਤ ਨਹੀਂ, ਯਤਨਾਂ ਨਾਲ ਬੰਧ ਟੁਟਦੇ ਤੇ ਕੈਵਲ ਹੁੰਦਾ ਹੈ। ਤਾਂਤੇ ਇਸ ਦੇ ਸਦਾ ਮੁਕਤ ਹੋਣ ਲਈ ਇਸ ਦਾ 'ਪਰਮ ਆਪੇ' ਦੇ ਨਾਲ, ਜੋ ਸਦਾ ਮੁਕਤ ਹੈ, ਮਿਲ ਜਾਣਾ ਅਵੱਸ਼ਜਕ ਹੈ। ਸੋ ਗੁਰੂ ਬਾਬੇ ਨੇ ਫੁਰਮਾਇਆ ਹੈ ਜੋਗੀਆਂ ਨੂੰ ਕਿ ਇਸ ਜੀਵ ਤੱਤ ਨੂੰ ਪਰਮ ਤੱਤ ਨਾਲ ਮਿਲਾਓ ਤਾਂ ਪੂਰਨ ਮੁਕਤੀ ਹੈ। ਇਸ ਪ੍ਰਕਾਰ ਸੱਚੇ ਸ਼ਾਹ ਵਲੋਂ ਵਿਦਯਾ ਤੇ ਜ਼ਾਹਰਾਤ ਵਿਸਥਾਰ ਨਾਲ ਦਰਸਾਏ ਗਏ। ਫੇਰ ਸ਼ਸਤ੍ਰ ਵਿਦਯਾ ਤੇ ਵਿਚਾਰ ਚਲੇ। ਚੰਦਨ ਨਾਥ ਤੀਰੰਦਾਜ਼ ਸੀ, ਉਸਨੇ ਸ਼ਸਤ੍ਰ ਵਿਦਯਾ ਦੀ ਬੀ ਪ੍ਰੀਖਯਾ ਕਰਨੀ ਸੀ। ਜਦ ਇਸ ਵਿਸ਼ੇ ਤੇ ਬੀ ਵਿਚਾਰ ਹੋ ਚੁਕੀ, ਤਦ ਜੋਗੀ ਨੂੰ ਸ਼ਸਤ੍ਰ ਪ੍ਰੀਖਯਾ ਦੀ ਫੁਰੀ। ਗੁਰੂ ਜੀ ਦੇ ਪਾਸ ਬੜੇ ਕਰੜੇ

---

੧. ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ ਵਰਯਾਮ ਇਕੇਲਾ।

੨. ਗੁਰ ਨਾਨਕ ਦੇਵ ਗੋਵਿੰਦ ਰੂਪ। (ਬਸ:ਮ:੫-ਅਸਟ-੧)

੧. *ਜੋਗੀ 'ਆਪੇ ਨੂੰ' ਪੁਰਖ ਤੇ 'ਪਰਮ ਆਪੇ' ਨੂੰ 'ਪੁਰਖ ਵਿਸ਼ੇਸ਼' ਕਹਿੰਦੇ ਹਨ ਤੇ ਜਦ ਪੁਰਖ ਵਿਸ਼ੇਸ਼ ਦੀ 'ਪ੍ਰਣੀਧਾਨ' (ਭਗਤੀ) ਦੱਸਦੇ ਹਨ ਤਾਂ ਫਲ ਆਪੇ ਦਾ ਕੈਵਲ ਹੋਣਾ ਹੀ ਦੱਸਦੇ ਹਨ। ਗੁਰੂ ਜੀ ਇਸ ਕਰਕੇ 'ਆਪਾ' ਤੇ 'ਪਰਮ ਆਪਾ' (ਅਰਥਾਤ ਜੀਵ-ਤਤ ਤੇ ਪਰਮ-ਤਤ) ਪਦ ਵਰਤ ਕੇ ਅਪਣਾ ਸਿਧਾਂਤ ਦੱਸਦੇ ਹਨ।

ਹੈ, ਤਿਵੇਂ ਜਿਸ ਦੀ ਕਰਨੀ ਵਿਚ ਨੇਕੀ ਹੋਵੇ ਉਸ ਵਿਚ ਤਾਕਤ ਹੁੰਦੀ ਹੈ, ਉਸ ਦਾ ਖਜਾਲ ਕਮਾਲ ਤੇ ਅੱਪੜਦਾ ਹੈ[1]।

ਇਸ ਪ੍ਰਕਾਰ ਦੇ ਬਚਨ ਬਿਲਾਸ ਨਾਲ ਜੋਗੀ ਬੀ ਪ੍ਰਸੰਨ ਹੋਇਆ ਤੇ ਗੁਰੂ ਜੀ ਭੀ ਉਸ ਪਰ ਰੀਝੇ। ਫਿਰ ਜੋਗੀ ਨੇ ਬਿਨੈ ਕੀਤੀ:-ਪਾਤਸ਼ਾਹ! ਕੁਛ ਜੋਗੀ ਦੀ ਹਿਮਾਯਤ ਦੀ ਲੋੜ ਹੈ। ਆਪਦਾ ਪੰਥ ਬਲੀ ਹੋਵੇਗਾ, ਜੋਗੀਆਂ ਦੀ ਬੀ ਰੱਖਿਆ ਕਰੇ, ਜੋ ਆਪ ਦੀ ਮੁਲਾਕਾਤ ਸਾਨੂੰ ਸਕਾਰਥੀ ਹੋਵੇ, ਭਾਵ ਇਹ ਸੀ ਕਿ ਖਾਲਸਾ ਬਲਵਾਨ ਹੋਕੇ ਸਾਡੀ ਹਿਮਾਇਤ ਜ਼ਰੂਰ ਕਰੇ।

ਸੁਣ ਕੇ ਸਤਿਗੁਰੂ ਜੀ ਬੋਲੇ-ਨਾਥ ਜੀਓ! ਮੇਰਾ ਖਾਲਸਾ ਨਿਆਂ ਤੇ ਟੁਰੇਗਾ, ਸਾਧੂ ਸੰਤ ਭਲਿਆਂ ਦੀ ਰਖਜਾ ਕਰੇਗਾ, ਦੀਨਾਂ ਦਾ ਨਾਥ ਹੋਵੇਗਾ। ਆਪ ਫਿਕਰ ਨਾ ਕਰੋ, ਚਾਹੇ ਮੇਰੇ ਸਿੱਖ ਕੇਸ਼ਾਧਾਰੀ ਹਨ ਤੇ ਆਪ ਦੇ ਅਨੁਯਾਈ ਕੇਸ਼ ਰਹਿਤ ਹਨ, ਪਰ ਖਾਲਸਾ ਮੇਰਾ ਬਲੀ ਹੋਕੇ ਦੋਹਾਂ ਦੇ ਸਿਰ ਤੇ ਰਖਵਾਰਾ ਹੋਵੇਗਾ[2]।

ਜੋਗੀ-ਮਿਹਰ ਹੈ ਆਪ ਦੀ।
ਬਿੱਦਜਾ ਧਨੁ ਜਿਹ ਹੋਇ ਕਮਾਈ। ਕੋਇ ਨ ਕਰ ਸਕ ਹੈ ਸਮਤਾਈ॥੩੫॥ ਤ੍ਰੂੰ ਮੈਂ ਰਘੁ-ਬਰ ਕੀ ਸੁਨੀ। ਦੁਆਪੁਰਿ ਮਹਿਂ ਅਰਜੁਨ ਕੀ ਗੁਨੀ। ਮੋਹਿ ਭਇਓ ਅਬਿ ਦ੍ਰਿੜ੍ਹ ਨਿਸ਼ਚਾ ਸੁ। ਹੁਇ ਤੁਮ ਹਾਥ ਤੁਰਕ ਗਨ ਨਾਸ਼। ੩੬। (ਸੂ:ਪ੍ਰ:)

ਗੁਰੂ ਜੀ-ਤੁਸਾਂ ਭਲੇ ਪੁਰਖਾਂ ਦੀ ਭਲੀ ਵਾਸ਼ਨਾ ਸਿਰੇ ਚੜ੍ਹੇ। ਜੋਗੀ ਜੀ! ਬਾਬੇ ਗੁਰੂ ਜੀ ਦੀ ਆਗਜਾ ਜੋ ਬਾਲ ਗੁੰਦਾਈ ਜੀ ਨੂੰ ਹੋਈ ਸੀ ਸੋ ਨਹੀਂ ਵਿਸਾਰਨੀ।

ਨਾਥ-ਸਤਿ, ਸਤਿ, ਸਤਿ ਬਚਨ ਜੀਓ। ਪਾਤਸ਼ਾਹ ਕੰਦੇ ਪੰਜਾਬ ਆਓ ਤੇ ਬਾਲ ਗੁੰਦਾਈ ਦੇ ਆਸਨ ਤੇ ਦਰਸ਼ਨ ਦਿਓ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਟਿਕਣ ਦਾ ਆਸਨ ਦੇਖੋ, ਸਾਨੂੰ ਕ੍ਰਿਤਾਰਥ ਕਰੋ, ਸਾਡੀ ਫਕੀਰੀ ਦੀ ਟੇਕ (ਲਾਜ) ਰੱਖੋ।

ਗੁਰੂ ਜੀ-ਵਾਹਿਗੁਰੂ ਸਰਬ ਸਮਰੱਥ ਦਾ ਹੁਕਮ ਉਸ ਪਾਸੇ ਜਾਣੇ ਦਾ ਸਾਨੂੰ ਨਹੀਂ ਹੈ। ਸਾਡਾ ਪੰਥ ਉਥੇ ਪਹੁੰਚੇਗਾ, ਤੇਰ੍ਹਵੀਂ ਸਦੀ ਤੁਰਕਾਂ ਦੇ ਜ਼ੁਲਮ ਦਾ ਨਾਸ਼ ਕਰੇਗਾ, ਤਦੋਂ ਖਾਲਸਾ ਸਭ ਦੀ ਰੱਖਿਆ ਕਰੇਗਾ, ਆਪਦੇ ਆਸਣ ਦੀ ਭੀ ਹਿਮਾਇਤ ਕਰੇਗਾ। ਅਸੀਂ ਏਥੋਂ ਗੋਦਾਵਰੀ ਜਾ ਖੇਲ ਰਚਾਵਾਂਗੇ।

ਇਉਂ ਦੀ ਵਾਰਤਾਲਾਪ ਹੋਕੇ ਮਦਨ ਨਾਥ ਨੇ ਅਪਣੀ ਕਲਿਆਨ ਤੇ ਅਪਣੀ ਸਹਾਇਤਾ ਦਾ ਵਰ ਲਿਆ ਜੁੰਦਨ ਨਾਥ ਨੇ ਅਪਣੇ ਗ਼ਰਬ ਦਾ ਰੋਗ

---

੧. ਕਹਿ ਜੋਗੀ, 'ਚਰਚਾ ਸੁ ਚਵਾਹਿ। ਹੁਇ ਕਬੂਲ ਸਿੱਧੀ ਪਤਿਸ਼ਾਹਿ॥੨੯॥ ਰਹਿਣੀ ਸਿੱਧ ਨਾਨਕ ਕੇ ਫਕੀਰ। ਖੇਰਜ ਭੇਖ ਕਾਜ਼ੁ ਦਸਤਗੀਰ। ਜਿਉਂ ਦਿਲ

ਮਨ ਇਸ ਗੱਲ ਤੇ ਪੂਰਨ ਨਿਸ਼ਚੇ ਨਾਲ ਟਿਕ ਗਿਆ ਕਿ ਮੇਰੀ ਕਲਿਆਣ ਇਸ ਸਾਹਿਬ ਜੋਤੀ ਤੋਂ ਹੀ ਹੋ ਸਕਦੀ ਹੈ। ਸੋ ਇਸ ਨੇ ਨਾ ਕੋਈ ਪ੍ਰਸ਼ਨ ਕੀਤਾ ਤੇ ਨਾ ਕੁਛ ਪੁੱਛਿਆ, ਸੁਣਦਾ ਰਿਹਾ ਤੇ ਸਮਝਦਾ ਰਿਹਾ, ਅੰਦਰ ਆਪਣੇ ਝਾਤੀ ਮਾਰਦਾ ਰਿਹਾ ਤੇ ਖਿਆਲ ਕਰਦਾ ਰਿਹਾ ਕਿ ਬਿਨ ਯਾਚੇ ਮੇਰੀ ਕਲਿਆਨ ਕਰਨ।

ਇਸ ਰਾਮਦੱਤ ਨੂੰ ਕਿੰਗਰੀਆ ਰਾਮਦੱਤ ਕਿਹਾ ਕਰਦੇ ਸਨ, ਜਾਤ ਦਾ ਬ੍ਰਾਹਮਨ ਸੀ ਤੇ ਗੁਜ਼ਾਰਾ ਇਸ ਦਾ ਇਹੀ ਸੀ ਕਿ ਜੇ ਸੁਤੇ ਆ ਜਾਵੇ ਉਸ ਪੁਰ ਨਿਰਬਾਹ ਕਰ ਲੈਣਾ। ਇਸ ਵੇਲੇ ਉਹ ਪ੍ਰੇਮ ਭਰਿਆ ਅਰਦਾਸ ਰੂਪ ਹੋਇਆ ਬੈਠਾ ਸੀ। ਸਤਿਗੁਰ ਜੀ ਨੇ ਤੱਕਿਆ, ਸਮਝੇ ਤੇ ਹੱਸਕੇ ਬੋਲੇ:-'ਬ੍ਰਹਮਨ ਕੁਝ ਮੰਗ।'

ਰਾਮਦੱਤ-ਪਾਤਸ਼ਾਹ! ਇਸ ਵੇਲੇ ਮੰਗਤਾ ਬ੍ਰਾਹਮਣ, ਮਿਹਰ ਨਾਲ, ਅਮੰਗ ਹੋਇਆ ਬੈਠਾ ਹੈ। ਜੋ ਮੰਗਸਾਂ ਮੰਗਣਹਾਰ ਸਮੇਤ ਨਹੀਂ ਰਹਿਣਾ। ਮੇਹਰ ਕਰੋ, ਉਹ ਕੁਛ ਦਿਓ ਜੁ ਮੂਲੋਂ ਅਮੰਗ ਹੋ ਜਾਵਾਂ।

ਗੁਰੂ ਜੀ-ਫਿਰ ਓਹੋ ਕੁਝ ਮੰਗ ਲੈ ਜੋ ਤੈਨੂੰ ਅਮੰਗ ਕਰ ਦੇਵੇ।

ਰਾਮਦੱਤ-ਪਾਤਸ਼ਾਹ! ਮੇਰੀ ਬਾਂਹ ਫੜ ਲਓ ...ਇਸ ਕੀਰ ਬ੍ਰਾਹਮਣ ਦੀ, ਇਸ ਦਰ ਦੇ ਸਦਾ ਸਵਾਲੀ ਦੀ ਬਾਂਹ ਫੜ ਲਓ।

ਕਰ ਪਕਰੋ ਨਹੀਂ ਛੋਰਹੁ ਮੇਰਾ। (ਸੂ: ਪ੍:)

ਹਾਂ ਫੜੋ ਸਾਹਿਬ ਜੀ! ਮੈਂ ਭਾਰਾ ਹਾਂ, ਐਸਾ ਫੜੋ ਕਿ ਫਿਰ ਮੇਰਾ ਹਥ ਆਪ ਦੇ ਕਰ ਕਵਲਾਂ ਵਿੱਚੋਂ ਛੁੱਟੇ ਨਾ। ਦੀਨਾ ਨਾਥ! ਮੇਰਾ ਵੇਗ ਹੇਠਾਂ ਨੂੰ ਹੈ, ਮੇਰਾ ਬੋਝ ਰਸਾਤਲ ਦੀ ਥੈਂਚ ਰਖਦਾ ਹੈ, ਮੈਨੂੰ ਫੜੋ ਤੇ ਮੈਨੂੰ ਮੇਰੇ ਆਪਣੇ ਭਾਰ ਦੇ ਕਾਰਨ ਡਿਗਦੇ ਨੂੰ ਡਿੱਗਣ ਨਾ ਦਿਓ। ਮੇਰੀ ਬਾਂਹ ਫੜੋ ਤੇ ਲੈ ਚੱਲੋ ਉਪਰ ਨੂੰ, ਸਚੇ ਪਾਤਸ਼ਾਹ! 'ਕਰ ਪਕਰੋ, ਹਾਂ, ਮੇਰਾ ਕਰ ਪਕਰੋ'।

ਮੌਜ ਦੇ ਮਾਲਕ ਰੀਝੇ, ਬੋਲੇ-'ਹਾਂ ਰਾਮਦੱਤ! ਪਰਵਾਰ ਸਮੇਤ ਤੇਰੀ ਬਾਂਹ ਫੜੀ। ਪਰਵਾਰ ਸਮੇਤ ਤੈਨੂੰ ਓਥੇ ਲੈ ਚੱਲਾਂਗੇ ਜਿੱਥੇ ਮਹਾਨ ਮਹਾਨ ਸੁਖ ਹੈ[1]'। ਇਹ ਕਹਿਕੇ ਬੋਲੇ 'ਰਾਮ ਦੱਤ! ਹੁਣ ਮੰਗਣਾ ਬੀ ਨਾ ਪਵੇਗਾ ਕਦੇ, ਇਹ ਲੈ ਕਟਾਰ ਸਾਡੀ ਨਿਸ਼ਾਨੀ, ਇਹ ਲੈ ਘੋੜਾ ਤੇ ਆਹ ਲੈ ਅਸ਼ਰਫੀਆਂ। ਤੇਰਾ ਸਦਨ ਭਰਪੂਰ, ਮੰਗਣ ਦੀ ਕਨੌਡ ਦੂਰ!'

ਇਹ ਕਹਿਕੇ ਉੱਠੇ ਤੇ ਰਾਮਦੱਤ ਦੀ ਬਾਂਹ ਫੜ ਲਈ, ਆਪਣੀ ਵੀਣੀ ਵਿਚ ਲੈ ਲਈ ਤੇ ਤਾਲ ਦੇ ਕਿਨਾਰੇ ਕਿਨਾਰੇ ਸਹਿਜੇ ਸਹਿਜੇ ਟਹਿਲਦੇ ਟੁਰ ਪਏ। ਹਾਂ, ਰਾਮਦੱਤ ਨਾਲ ਆਤਮ ਗੱਲਾਂ ਕਰਦੇ ਤੇ ਮਿਹਰਾਂ ਦਾ ਮੀਂਹ ਵਰਸਾਉਂਦੇ ਜਾ ਰਹੇ ਹਨ। ਰਾਮਦੱਤ ਕ੍ਰਿਤ ਕ੍ਰਿਤ ਹੋ ਰਿਹਾ ਹੈ, ਮਨ ਮੰਗਿਆ ਪਾਕੇ ਖੀਵਾ ਹੋ ਰਿਹਾ ਹੈ। ਜੀਓ! ਮਨ ਜੋੜੋ, ਨੈਣ ਜੋੜੋ, ਖਿਆਲ ਜੋੜੋ, ਦੇਖੋ ਇਹ ਮੂਰਤੀ ਤਾਲ ਦੇ ਕਿਨਾਰੇ ਕਿਨਾਰੇ ਸੂਰਜ ਦੀ ਉਦੇ-ਟਿੱਕੀ ਵਾਂਙੂ ਲੱਸ ਲੱਸ ਕਰਦੀ ਜਾ ਰਹੀ ਹੈ ਤੇ ਚੰਦ ਦੀ ਟਿੱਕੀ ਨੂੰ ਬਾਂਹ ਨਾਲ ਲਾਈ ਮਿਹਰਾਂ ਪਾਉਂਦੀ, ਨੂਰ ਲਾਉਂਦੀ, ਨੂਰੋ ਨੂਰ ਕਰਦੀ ਨਾਲ ਨਾਲ ਲਿਜਾ ਰਹੀ ਹੈ। ਦੇਖੋ ਤੇ ਆਖੋ-

ਤਾਰ ਕਲਗੀ ਵਾਲਿਆ ਸੰਸਾਰ ਤਾਈਂ ਤਾਰ ਲੈ!
ਵਿਚ ਇਕ ਮੈਨੂੰ ਬੀ ਨਿਆਸਰੇ ਨੂੰ ਤਾਰ ਲੈ!
ਤਾਰ ਕਲਗੀ ਵਾਲਿਆ ਤੂੰ ਮੈਨੂੰ ਕਰ ਪਾਰ ਲੈ!
ਉਬਾਰ ਸੁਹਣੇ ਦਾਤਿਆ! ਇਸ ਕੀਰ ਨੂੰ ਉਬਾਰ ਲੈ!

੫.

ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ
ਹਰਿ ਪ੍ਰਭ ਮੇਰਾ ਚੋਜੀ ਜੀਉ॥

(ਰਾਉ: ਮਾਝ: ਮ: ੪-੬੮)

ਦਾਤਾ ਜੀ ਟਹਿਲ ਰਹੇ ਸਨ, ਰਾਮਦੱਤ ਦੀ ਬਾਂਹ ਵਿਚ ਬਾਂਹ ਪਾਈ। ਇਕ ਪਾਸੇ ਆਪਣੇ ਵਾਹਿਗੁਰੂ ਦੇ ਨਿਰੰਤਰ ਮੇਲ ਵਿਚ ਰਸ ਮਗਨ, ਦੂਜੇ ਪਾਸੇ ਜਿਸਨੂੰ ਤਾਰਿਆ ਹੈ ਉਹਦੇ ਵਲੋਂ ਆ ਰਹੇ ਪ੍ਰੇਮ ਵਲਵਲਿਆਂ ਨਾਲ ਤਾਰਨਹਾਰ ਬਿਰਦ ਦੁਆਰਾ ਰਸ ਮਗਨ। ਚੰਦ ਸੂਰਜ ਦੇ ਚਾਨਣੇ ਨਾਲ ਚਮਕ ਰਿਹਾ ਹੈ ਪਰ ਏਥੇ ਸੂਰਜ ਚੰਦ ਤੋਂ ਉਲਟਕੇ ਆ ਰਹੇ ਚਾਨਣੇ ਦਾ ਰਸ ਵੀ ਮਾਣ ਰਿਹਾ ਹੈ। ਰਸ ਮਗਨ ਹੀ ਬੈਠ ਗਏ ਹਨ ਤੀਰਥ ਦੀ ਵਾਯਵੀ ਕੋਣ[2]! ਦੇਖੋ ਕਿੱਥੇ ਇਹ ਰਸ ਮਗਨਤਾ ਦੇ ਆਤਮ

---

੧. ਸ੍ਰੀ ਗੁਰ ਕਹਯੋ 'ਸਹਿਤ ਪਰਿਵਾਰਾ॥ ਤਹਾਂ ਬੁਲਾਈਐ ਜਹਿਂ ਸੁਖ ਭਾਰਾ।' (ਸੂ: ਪ੍:)

੨. ਉਤਰ ਪਛਮ ਦੇ ਵਿਚਕਾਰ ਦੇ ਕੋਣ।

ਰੰਗ ਲਗ ਰਹੇ ਤੇ ਕਿਥੇ ਇਕ ਘੋੜਿਆਂ ਦਾ ਸੁਦਾ-ਗਰ ਆ ਗਿਆ ਤੇ ਉਸਨੇ ਅੱਗੇ ਵਧਕੇ ਕਿਹਾ:- ਹਜ਼ੂਰ ਜੀਓ ਦੀ ਖ਼ਿਦਮਤ ਵਿਚ ਦੁਆ ਸਲਾਮ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ। ਹੇ ਖੁਦਾਵੰਦ! ਮੈਂ ਕੁਛ ਘੋੜੇ ਲੈਕੇ ਆਇਆ ਹਾਂ, ਵਿਚ ਇਕ ਨਗ ਅਨੋਖਾ ਹੈ। ਖਿਆਲ ਸੀ ਕਿ ਤੀਰਥ ਤੇ ਆਏ ਰਾਜੇ ਰਾਣੇ ਖਰੀਦਣਗੇ, ਪਰ ਅਜੇ ਤਾਈਂ ਕਿਸੇ ਨੇ ਕੋਈ ਲਿਆ ਨਹੀਂ। ਮਿਹਰ ਹੋ ਜਾਏ, ਆਪ ਨਦਰ ਪਾਓ, ਜੇ ਜਚ ਜਾਏ ਤਾਂ ਮੇਰਾ ਆਰ ਬੁਖਾਰ ਭਰਿਆ ਜਾਵੇ, ਸੁਖੀ ਹੋ ਜਾਵਾਂ।

ਇਹ ਸੁਣਕੇ ਆਪ ਉਸ ਰਸ ਮਗਨ ਅਵ-ਸਥਾ ਤੋਂ ਨੈਣ ਚਾਕੇ ਤੱਕੇ। ਅੰਦਰਲੀਆਂ ਸਰਬ ਸ਼ਕਤੀਆਂ ਉਤੇ ਹੁਕਮ ਰੱਖਣ ਵਾਲੇ, ਅੰਤਰ ਮੁਖ ਬਾਹਰ ਮੁਖ ਤੋਂ ਉੱਚੇ ਤੇ ਸਭ ਉਤੇ ਕਾਬੂ ਰਖਣ ਵਾਲੇ, ਬੋਲੇ 'ਜਾਓ ਲਿਆਓ'। ਹੁਕਮ ਪਾਕੇ ਸੁਦਾ-ਗਰ ਗਿਆ। ਗੁਰੂ ਜੀ ਫਿਰ ਆਪਣੇ ਉਸੇ ਰਸ ਵਿਚ ਮਗਨ ਹੋ ਗਏ। ਘੋੜੇ ਆ ਗਏ ਤੇ ਆਪੇ ਦੇ ਕਾਦਰ ਗੁਰੂ ਜੀ ਉੱਠੇ, ਸ਼ਾਂਤਿ ਸਰੋਵਰ ਨੂੰ ਅਪਣੇ ਮਨ ਅੰਦਰ ਦੇ ਕਿਸੇ ਨੁਕਤੇ ਉਤੇ ਟਿਕਾਕੇ ਬੀਰ ਬਾਂਕੇ, ਸੂਰਮੇ ਉਠੇ, ਅਨੋਖੇ ਘੋੜੇ ਨੂੰ ਤੱਕਿਆ, ਥਾਪੀ ਦਿੱਤੀ, ਵਾਗ ਫੜੀ ਤੇ ਪਲਾਕੀ ਮਾਰ ਕੇ ਸਵਾਰ ਹੋ ਗਏ, ਅੱਡੀ ਲਾਈ ਤੇ ਦੇਖਦੇ ਦੇਖਦੇ ਹਵਾ ਹੋ ਗਏ। ਘੋੜੇ ਨੂੰ ਕਦਮ ਚਾਲ, ਦੁੜਕੀ, ਮੋਰ ਚਾਲ, ਪੋਈਏ ਪਾਕੇ ਦੇਖਿਆ, ਛਾਲਾਂ ਮਰਵਾਈਆਂ, ਡਰ ਵਾਲੀਆਂ ਚੀਜ਼ਾਂ ਪਾਸੋਂ ਲੰਘਾਇਆ, ਬੇ ਨੁਕਸ ਪਾਇਆ। ਫੇਰ ਟੋਰਕੇ ਵਾਪਸ ਆਏ। ਐਉਂ ਤ੍ਰੈ ਘੋੜੇ ਹੋਰ ਪਰਖੇ ਖ੍ਰੀਦੇ ਤੇ ਸੁਦਾਗਰ ਨੂੰ ਮਾਲਾ ਮਾਲ ਕਰ ਦਿੱਤਾ*।

ਉਧਰ ਸੁਦਾਗਰੀ ਘੋੜਿਆਂ ਦੀ ਹੁੰਦੀ ਰਹੀ, ਇਧਰ ਉਸੇ ਟਿਕਾਣੇ ਜਿੱਥੇ ਬੈਠੇ ਸਨ, ਦੀਵਾਨ ਸਜਿਆ ਰਿਹਾ, ਸੁਦਾਗਰੀ ਤੋਂ ਵਿਹਲੇ ਹੋਕੇ ਸੁਹਣੇ ਸੁਲਤਾਨ, ਫਕੀਰੀ ਪਾਤਸ਼ਾਹ ਤੇ ਸ਼ਾਂਤਿਰਸ ਦੇ ਦੇਵ ਦੀਵਾਨ ਵਿੱਚ ਆ ਬਿਰਜੇ, ਸਾਰਾ ਦਿਨ ਉੱਥੇ ਟਿਕੇ ਰਹੇ, ਸਾਰਾ ਦਿਨ ਸਾਈਂ ਦੀ ਸੁਦਾਗਰੀ ਹੁੰਦੀ ਰਹੀ ਅਤੇ ਸਾਰਾ ਦਿਨ ਪਰਮਾਰਥ ਦੇ ਜਗਜਾਸੂਆਂ ਨੂੰ ਤਾਰਦੇ ਰਹੇ।

ਵਾਹਵਾ, ਇਕ ਹੱਥ ਅਰਥ ਤੇ ਦੂਏ ਪਰਮਾਰਥ ਹੈ ਤੇ ਫੇਰ ਅਰਥ ਪਰਮਾਰਥ ਦੋਏ ਪਰਮਾਰਥ ਹੋਕੇ ਸਿਰੇ ਚੜ੍ਹ ਰਹੇ ਹਨ।

੬.

ਜਦੋਂ ਅਰਥ ਪਰਮਾਰਥ ਦੁਏ ਹੋ ਗਏ ਤਾਂ ਸਾਹਿਬ ਜੀ ਕੁਰੁਛੇਤ੍ਰ ਵਾਪਸ ਟੁਰ ਪਏ। ਪਹਿਲਾਂ ਕੁਰੁਛੇਤ੍ਰ ਆਏ ਤੇ ਟਿਕੇ ਉਸ ਟਿਕਾਣੇ ਜਿਸਨੂੰ ਕਹਿੰਦੇ ਹਨ ਜੋਤੀ ਸਰ। ਏਥੇ ਦੱਸਦੇ ਹਨ ਕਿ ਤੀਸਰੇ ਸਾਹਿਬ ਬੀ ਠਹਿਰੇ ਸਨ। ਸਭ ਤੋਂ ਪੁਰਾਣਾ ਸਿੱਖ ਅਸਥਾਨ ਥਾਨੇਸਰ ਵਿਚ ਸਿੱਧਵਟੀ ਹੈ ਜੋ ਦੱਖਣ ਰੁਖ ਤਾਲ ਦੇ ਪਾਸ ਹੈ। ਏਸ ਥਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਹਿਣ ਸਮੇਂ ਕੱਠੇ ਹੋਏ ਲੋਕਾਂ ਨੂੰ ਸੁਮੱਤ ਬਖਸ਼ੀ ਸੀ। **'ਮਾਸੁ ਮਾਸੁ ਕਰਿ ਮੂਰਖੁ ਝਗੜੇ'** ਇਸੇ ਥਾਂ ਤੇ ਉਚਾਰਨ ਹੋਇਆ ਸੀ। ਇਸੇ ਤਰ੍ਹਾਂ ਤੀਸਰੀ ਪਾਤਸ਼ਾਹੀ ਛੇਵੀਂ ਤੇ ਨਾਵੀਂ ਪਾਤਸ਼ਾਹੀ ਦੇ ਗੁਰਦੁਆਰੇ ਬੀ ਏਥੇ ਹਨ ਤੇ ਇਸ ਫੇਰੀ ਦੀ ਯਾਦ ਵਿਚ ਦਸਮੇਂ ਪਾਤਸ਼ਾਹ ਜੀ ਦੇ ਗੁਰਦੁਆਰੇ ਬੀ ਹਨ। ਸਭਨਾਂ ਥਾਂਵਾਂ ਦੀ ਯਾਤ੍ਰਾ ਕਰਕੇ ਸ੍ਰੀ ਗੁਰੂ ਜੀ ਚਾਰ ਪੰਜ ਕੋਹ ਉੱਤਰ ਪੱਛੋਂ ਨੂੰ ਜੋਤੀ ਸਰ ਜਾ ਠਹਿਰੇ, ਜਿਸ ਥਾਂ ਬਾਬਤ ਖਿਆਲ ਹੈ ਕਿ ਗੀਤਾ ਦਾ ਉਪਦੇਸ਼ ਅਰਜਨ ਪ੍ਰਤੀ ਹੋਇਆ ਸੀ। ਇਥੇ ਇਕ ਦਿਨ ਮੁਕਾਮ ਕਰਕੇ ਫੇਰ ਪਹੋਏ ਜਾ ਡੇਰਾ ਲਾਇਆ। ਸ੍ਰੀ ਗੁਰੂ ਜੀ ਦੇ ਇੱਥੇ ਠਹਿਰਨ ਦੇ ਨਿਸ਼ਾਨ ਬੀ ਹਨ। ਜਿਸ ਟਿਕਾਣੇ ਕਿ ਤ੍ਰੈ ਗੁਰੂ ਸਾਹਿਬ ਜੀ ਠਹਿਰੇ ਹਨ, ਸਤਵੇਂ ਤੇ ਨਾਵੇਂ ਤੇ ਦਸਮੇਂ ਸਤਿ-ਗੁਰੂ ਜੀ। ਸ੍ਰੋਤ ਹੈ ਕਿ ਇਹ ਢਹਿ ਰਿਹਾ ਹੈ ਪਰ ਬਾਵਲੀ ਆਦਿ ਤੇ ਹੋਰ ਖੋਲੇ ਹੋਏ ਨਿਸ਼ਾਨ ਅਜੇ ਮੌਜੂਦ ਹਨ। ਲੋੜ ਹੈ ਕਿ ਕੋਈ ਪ੍ਰੇਮੀ ਅਸਥਾਨ ਨੂੰ ਸੰਭਾਲੇ*। ਦੂਜਾ ਗੁਰਦੁਆਰਾ ਦਸਮੇਂ

*ਇਹ ਗੱਲ ਜਾਪਦੀ ਹੈ ਕਿ ਮੇਲੇ ਪਰ ਅਪਣੇ ਅਸਤਬਲ ਲਈ ਘੋੜੇ ਖ੍ਰੀਦਣ ਦਾ ਬੀ ਇਕ ਪ੍ਰਯੋਜਨ ਹੋਵੇ ਤਾਂ ਅਸਚਰਜ ਨਹੀਂ। ਤਵਾ: ਖਾ: ਨੇ ਲਿਖਿਆ ਹੈ ਕਿ ਇਸ ਸਮੇਂ ਕਈ ਘੋੜੇ ਖਰੀਦ ਕੀਤੇ।

*ਅਨੇਕਾਂ ਨਿਰਮਲੇ ਉਦਾਸੀ ਸੰਤ ਤੇ ਨਿਹੰਗ ਸਿੰਘ ਵਿਰਕਤ ਹਨ, ਕੋਈ ਏਥੇ ਡੇਰਾ ਲਾ ਲਵੇ

(ਬਾਕੀ ਟੂਕ ਦੇਖੋ ਅਗਲੇ ਸਫੇ ਦੇ ਕਾਲਮ ੧ ਹੇਠ)

ਪਾਤਸ਼ਾਹ ਜੀ ਦਾ ਸਰੱਸ੍ਵਤੀ ਕਿਨਾਰੇ ਹੈ। ਇਥੇ ਪੰਡੇ ਦਰਸ਼ਨਾਂ ਨੂੰ ਆਏ। ਸਤਿਗੁਰੂ ਜੀ ਨੇ ਉਨਾਂ ਨੂੰ ਆਪਣੇ ਧਰਮ ਤੇ ਸੁਰਜੀਤ ਕੀਤਾ ਤੇ ਸਮਝਾਇਆ ਕਿ ਕੇਵਲ ਦਾਨ ਲਈ ਆਪਣੇ ਆਪ ਨੂੰ ਮੰਗਤੇ ਦੀ ਪਦਵੀ ਤੇ ਲੈ ਜਾਣਾਂ ਬ੍ਰਾਹਮਣ ਨੂੰ ਨਹੀਂ ਸੋਜਦਾ। ਤੁਸੀਂ ਨਾਮ ਜਪੋ, ਦਾਨ ਲਓ ਨਿਰਬਾਹ ਮਾਤ੍ਰ, ਪਰ ਦਾਨ ਦਾ ਲੋਭ ਨਾ ਕਰੋ। ਉਸ ਵਿਚੋਂ ਬੀ ਦਸਵੰਧ ਦਿਓ। ਆਪ ਜਪੋ ਫੇਰ ਹੋਰਨਾਂ ਨੂੰ ਜਪਾਓ। ਇਹ ਧਰਮ ਦ੍ਰਿੜਾ ਕੇ ਸੱਚੇ ਪਾਤਸ਼ਾਹ ਉਥੋਂ ਵੀ ਟੁਰ ਪਏ। ਫੇਰ ਕਰੇਹ (ਕਰਾਹ) ਪਿੰਡ ਜਾ ਪਹੁੰਚੇ। ਏਥੇ ਸਤਿਨਾਮ ਦਾ ਉਪਦੇਸ਼ ਦ੍ਰਿੜਾਉਂਦੇ ਆਪ ਘੁੜਾਮ ਹੁੰਦੇ ਹੋਏ ਸਿਆਣੇ* ਪਿੰਡ ਆ ਠਹਿਰੇ। ਲਿਖਿਆ ਹੈ ਕਿ ਝੰਡੇ ਬਾਢੀ ਦੀ ਸੰਤਾਨ ਇੱਥੇ ਵਸਦੀ ਸੀ, ਉਨ੍ਹਾਂ ਨੇ ਸ੍ਰੀ ਗੁਰੂ ਜੀ ਦੀ ਬੜੀ ਆਗਤ ਭਾਗਤ ਕੀਤੀ। ਇੱਥੇ ਗੁਰੂ ਜੀ ਦੇ ਮੁਕਾਮ ਕਰਨ ਵਿਚ ਬਹੁਤ ਪ੍ਰਚਾਰ ਹੋਇਆ, ਬਹੁਤੇ ਸੱਜਣਾਂ ਨੇ ਅੰਮ੍ਰਿਤ ਛਕਿਆ ਤੇ ਤਿਆਰ ਬਰਤਿਆਰ ਸਿੰਘ ਸਜੇ।

੭.

ਸਿਆਣੇ ਵਿਚ, ਜਿਥੇ ਕਿ ਬਹੁਤ ਪ੍ਰਚਾਰ ਹੋਇਆ, ਗੁਰੂ ਜੀ ਕੁਛ ਮੁਕਾਮ ਕਰਕੇ ਅੱਗੇ ਟੁਰੇ, ਜਿਮ ਤੋਂ ਅੱਗੇ ਇਕ ਗਿਰਾਉਂ ਆਇਆ ਜਿਸ ਦਾ ਨਾਉਂ ਸੀ ਆਵਲਖੇੜੀ। ਇਥੇ ਵਸਦੀ ਮੀ ਇਕ ਬ੍ਰਿੱਧਾ ਮਾਈ ਜੋ ਮੁੱਦਤਾਂ ਤੋਂ ਭਜਨ ਕਰਦੀ ਸੀ ਤੇ ਸਤਿਗੁਰੂ ਦੇ ਦਰਸ਼ਨਾਂ ਨੂੰ ਸਿਕਦੀ ਸੀ। ਹਾਂ ਮਾਈ ਨਿਤ ਅਰਜ਼ੋਈਆਂ ਕਰਦੀ ਸੀ ਕਿ ਮੈਨੂੰ ਦਰਸ਼ਨ ਹੋਵੇ ਸੁਹਣੇ ਸੁਲਤਾਨ ਦਾ। ਅੱਜ ਅੰਦਰਲੀ ਖਿੱਚ ਮਾਈ ਨੂੰ ਧੂਹ ਲਿਆਈ ਘਰੋਂ, ਪ੍ਰੇਮ ਪ੍ਰਵੇਧੀ ਆ ਖੜੋਤੀ ਜੂਹ ਵਿਚ, ਸੜਕ ਦੇ ਕੰਢੇ। ਸਿਮਰ ਰਹੀ ਹੈ ਸਾਂਈ ਤੇ ਮਾਨੋ ਉਡੀਕ ਰਹੀ ਹੈ ਸਤਿਗੁਰੂ ਜੀ ਨੂੰ ਉਡੀਕ ਰੂਪ ਹੋਈ ਹੋਈ।

ਆਪ ਬੀ ਮੁੰਦ ਲਓ ਨੈਣ ਮਾਈ ਵਾਂਙੂ, ਰਸਨਾ ਤੇ ਬਿਠਾ ਲਓ ਵਾਹਿਗੁਰੂ ਨਾਮ, ਮਨ ਵਿਚੋਂ ਕੱਢ ਦਿਓ ਫੁਰਨੇ, ਬ੍ਰਿਤੀ ਦਾ ਪਰਵਾਹ ਇਕੱਠਾ ਕਰਕੇ ਪਾ ਦਿਓ ਪ੍ਰੇਮ ਦੀ ਧਾਰਾ ਵਿਚ, ਐਉਂ ਸੱਧਰਾਂ ਵਿਚ ਭਰਕੇ ਆਪਣੇ ਸਚੇ ਪਾਤਸ਼ਾਹ, ਅਪਣੇ ਤ੍ਰਾਣ ਕਰਤਾ ਦੀ ਉਡੀਕ ਵਿਚ ਪ੍ਰੇਮ ਪੂਰਤ ਹੋ ਜਾਓ ਤੇ ਆਖੋ:-

ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ!

... ...

ਮਾਈ ਖੜੀ ਹੈ ਪ੍ਰੇਮ ਪ੍ਰੋਤੀ, ਮਗਨ ਹੈ ਲਿਵ ਵਿਚ, ਕਿ ਘੋੜੇ ਦੀ ਟਾਪ ਦੀ ਅਵਾਜ਼ ਆਈ,--ਕੋਈ ਇਕਲਾ ਘੋੜਾ ਆ ਰਿਹਾ ਹੈ। ਹਾਂ ਆ ਰਿਹਾ ਹੈ ਗਈ ਬਹੋੜਨ ਵਾਲਾ ਦਾਤਾ ਇਕੱਲਾ। ਸੰਗਤ ਪਿੱਛੇ ਰਹਿ ਗਈ ਹੈ। ਮਾਈ ਦੇ ਜੁੜੇ ਮਨ ਨੂੰ ਧੂਹ ਪਈ, ਨੈਣ ਖੁਹਲਣ ਲੱਗੀ, ਪਰ ਅੰਦਰੋਂ ਵਿਵੇਕ ਨੇ ਕਿਹਾ: ਟਿਕੀ ਰਹੁ ਇਸ ਸੁਆਦ ਵਿਚ, ਘੋੜਾ ਤੱਕਕੇ ਕੀ ਲੈਣਾ ਹਈ, ਪਰ ਕਿਸੇ ਹੋਰ ਅੰਦਰਲੀ ਬੁਧੀ ਤੋਂ ਉਚੇਰੀ ਅਵਾਜ਼ ਨੇ ਪ੍ਰੇਮ ਮੰਡਲ ਤੋਂ ਕਿਹਾ: ਖੁਹਲ ਦੇ ਨੈਣ; ਜੋ ਰਸ ਅੰਤਰ ਮੁਖ ਲੈ ਲਿਆ ਹਈ ਉਹ ਬਾਹਰ ਮੁਖ ਹੋਕੇ ਬੀ ਲੈ! ਮਾਈ ਦੇ ਨੈਣ ਖੁਲ੍ਹ ਗਏ, ਕੀ ਦੇਖਦੀ ਹੈ ਕਿ ਆ ਰਹੇ ਹਨ। ਮਨ ਨੇ ਨੈਣਾਂ ਦੀ ਬੰਨ੍ਹ ਦਿਤੀ ਇਕ ਟੱਕ। ਇਕ ਟੱਕ ਬੱਝੇ ਨੈਣਾਂ ਨੇ ਪਛਾਣ ਲਿਆ। ਹੁਣ ਘੋੜਾ ਬੀ, ਜੋ ਨੇੜੇ ਆ ਗਿਆ ਸੀ, ਖੜੋ ਗਿਆ। ਸ਼ਾਬਾਸ਼ ਨੀਲਿਆ! ਤੈਨੂੰ ਬੀ ਗੁਰੂ ਸਿੱਖਾਂ ਨਾਲ ਪ੍ਰੇਮ ਹੈ, ਸ਼ਾਬਾਸ਼! ਬਉਰਾਨੀ ਮਾਈ ਨੇ ਵਾਗ ਫੜ ਲਈ*। ਸਾਹਿਬ ਖੜੋ ਗਏ, ਘੋੜੇ ਤੋਂ ਉਤਰੇ। ਮਾਈ ਮੱਥਾ ਟੇਕਿਆ, ਚਰਨਾਂ ਨੂੰ ਚੰਮਿਆਂ। ਸਦਕੇ ਬਲਿਹਾਰ ਹੋਈ! ਧੰਨ ਆਸ ਪੁਜਾਵਨਹਾਰ ਤੇਰਾ ਬਿਰਦ! ਦਾਤੇ ਨੇ ਸਿਰ ਤੇ ਹੱਥ ਧਰਿਆ, ਆਖਿਆ 'ਵਾਹਿਗੁਰੂ'।

ਧੰਨੀ ਹੋ ਗਈ ਮਾਈ, ਨਾਮ ਦਾ ਰਸ ਲੂੰ ਲੂੰ ਵਿਚ ਧਾਇਆ। ਬਹਿ ਗਏ ਭਗਤ ਵਛਲ, ਇਕ ਬ੍ਰਿਛ ਦੇ ਮੁੜਵੇਂ ਮੁੱਢ ਤੇ ਜੋ ਕੁਦਰਤੀ ਬਨ ਰਿਹਾ ਸੀ ਆਸਨ। ਮਾਈ ਵਾਗ ਫੜ ਕੇ ਬਹਿ ਗਈ ਦਰਸ਼ਨ ਮਗਨ, ਨੀਲਾ ਖੜਾ ਹੈ ਗੁਰਸਿੱਖਾਂ ਦੀ ਆਨ ਦਾ ਬੱਧਾ ਪਿਆਰ ਮਗਨ। ਹਾਂ, ਆਖੋ ਧੰਨ

*ਸਿਆਣੇ ਦੋ ਹਨ।

(ਪਿਛਲੇ ਸਫੇ ਦੇ ਕਾਲਮ ੨ ਦੀ ਬਾਕੀ ਟੂਕ)
ਤੇ ਗੁਰ ਅਸਥਾਨ ਆਬਾਦ ਕਰ ਲਵੇ ਤਾਂ ਜੀਵਨ ਸੁਫਲ ਹੋ ਜਾਏ। ਗੁਰਦੁਆਰਾ ਕਮੇਟੀ ਸੰਭਾਲ ਕਰੇ ਤਾਂ ਫਰਜ਼ ਸੰਭਾਲਣ ਦੀ ਸ਼ੋਭਾ ਲਵੇ। (ਹੁਣ ਆਲੀਸ਼ਾਨ ਗੁਰਦਵਾਰਾ ਬਣ ਗਿਆ ਹੈ।)

*ਤਵਾ: ਖਾ:।

ਸਾਹਿਬ ਭਗਤ ਵਛਲ ਸਤਿਗੁਰੂ। ਪਹਿਰ ਕੁ ਬੀਤ ਗਿਆ ਹੋਊ ਇਸ ਅਰਸ਼ੀ ਰੰਗ ਵਿਚ। ਮਗਰਲੇ ਸਿੰਘਾਂ ਨੇ ਨੀਲੇ ਦੀ ਖੋਜ ਭਾਲੀ ਤੇ ਭਾਲਦੇ ਆ ਪਹੁੰਚੇ ਜਿਥੇ ਸਜ ਰਹੀ ਸੀ ਮੂਰਤ ਭਗਤ ਤੇ ਭਗਤ ਵੱਛਲ ਦੀ। ਹਾਂ, ਸਦਕੇ ਹੋ ਗਏ ਸਾਰੇ ਉਸ ਮੋਹਨ ਮੂਰਤੀ ਦੇ ਉਸ ਵੇਲੇ ਦੇ ਦਰਸ਼ਨ ਤੋਂ।

ਉਧਰ ਪਰਮਾਤਮ ਰਸ ਵਿਚ ਨਿਮਗਨ, ਇਧਰ ਭਗਤ ਨੂੰ ਦੇ ਰਹੇ ਅੰਤਰ ਆਤਮੇ ਆਤਮ ਦਾਨ, ਦੁਵੱਲੀ ਜੁੜੇ ਸਾਂਈਆਂ ਜੀ ਨੇ ਨੈਣ ਖੁਹਲੇ। ਖਾਲਸਾ ਪਹੁੰਚ ਪਿਆ। ਸਤਿਗੁਰ ਨੇ ਡਿਠਾ, ਦੇਖਕੇ ਬਿਹਸੇ ਤੇ ਪਿਆਰ ਨਾਲ ਬੋਲੇ 'ਹਾਂ, ਆਓ ਖਾਲਸਾ ਜੀਓ, ਆਓ ...ਚੱਲੀਏ'।

ਬ੍ਰਿੱਧਾ-ਹੇ ਬਖਸ਼ਿੰਦ ਦਾਤੇ! ਮਿਹਰ ਕਰ, ਇਸ ਜੂਹੋਂ ਸੁੱਚੇ ਮੂੰਹ ਨਾ ਲੰਘ ਜਾਓ! ਕੁਛ ਛਕ ਕੇ, ਕੁਛ ਰਸਨੀ ਲਾਕੇ ਟੁਰੋ।

ਦਾਤਾ ਜੀ-ਲਿਆ ਮਾਈ ਲਿਆ, ਜੋ ਜੀ ਕਰੇ। ਪਰ ਹੁਣ ਤਿਆਰ ਨਾ ਕਰ, ਜੋ ਤਿਆਰ ਹੈ ਸੋ ਲੈ ਆ।

ਮਾਈ-ਪਾਤਸ਼ਾਹ ਤਿਆਰ ਤਾਂ ਦੁੱਧ ਹੈ।

ਦਾਤਾ ਜੀ-ਮਾਈਆਂ ਦੁੱਧ ਦੀਆਂ ਦਾਤੀਆਂ, ਦੁੱਧ ਲੈ ਆਓ! ਹਾਂ ਜੀ ਪ੍ਰੇਮ ਨਾਲ ਅੰਦਰੋਂ ਬਾਹਰੋਂ ਸੁੱਚੀ ਉੱਚੀ ਮਾਈ ਤ੍ਰਿੱਖੇ ਕਦਮੀਂ ਘਰ ਗਈ। ਦੁੱਧ ਘਰ ਬਹੁਤ ਸੀ, ਮਾਈ ਚਾਟੇ ਚੁਕਵਾ ਲਿਆਈ, ਮਿੱਠਾ ਨਾਲ ਲਿਆਈ, ਛੱਨੇ ਤੇ ਪੱਖੇ ਲਿਆਈ। ਸੜਦਾ ਸੜਦਾ ਦੁੱਧ ਪਾਸ ਲਿਆਕੇ ਛੰਨਿਆਂ ਵਿਚ ਪਾ ਪਾ ਕੇ ਠਾਰਿਆ, ਭਰਕੇ ਕਟੋਰਾ ਅੱਗੇ ਕੀਤਾ। ਨੈਣ-ਨੂਰੀ ਚਿਹਰੇ ਤੇ ਟਿਕਾਏ। ਧੰਨ ਮਾਈ ਤੂੰ! ਨਾਮਦੇਵ ਭੱਥਰ ਦੀ ਮੂਰਤ ਅੱਗੇ ਦੁੱਧ ਲੈਕੇ 'ਪੀਓ ਜੀ' ਦੀ ਸਿੱਕ ਭਰੀ ਅਰਜ਼ੋਈ ਕਰ ਰਿਹਾ ਸੀ, ਤੂੰ ਜੀਉਂਦੇ ਜਾਗਦੇ ਆਪ ਅਵਤਰੇ ਮਨੁੱਖੀ ਜਾਮੇ ਵਿਚ ਆਏ ਚੋਜੀ ਠਾਕੁਰ ਦੇ ਅੱਗੇ ਦੁੱਧ ਦਾ ਕਟੋਰਾ ਕਰਕੇ ਕਹਿ ਰਹੀ ਹੈਂ:-'ਪੀਓ ਜੀ, ਮੇਰੇ ਤਾਰਨਹਾਰ ਦਾਤਾ ਜੀਓ! ਪੀਓ'। ਹਾਂ, ਤੇਰੇ ਨਾਮ ਸਿਮਰਨ ਨਾਲ ਭਾਗੇ ਭਰੇ ਹੋਏ ਹੱਥਾਂ ਤੋਂ ਚਾ ਲਿਆ ਛੰਨਾ ਸ੍ਰਿਸ਼ਟੀ ਦੇ ਦਾਤੇ ਨੇ ਤੇ ਪੀ ਲਿਆ, ਹਾਂ ਜਿੰਨਾ ਕੁ ਰੁਚਿਆ ਪੀ ਲਿਆ। ਤੂੰ ਧੰਨ ਹੋ ਗਈ, ਅਪਣਾ ਨਿੱਕਾ ਜਿਹਾ ਆਦਰ ਕਰਕੇ। ਦਾਤੇ ਨੂੰ ਦੇਕੇ ਦੁੱਧ ਦਾ ਕਟੋਰਾ ਮਾਈ! ਤੂੰ ਧੰਨ ਹੋ ਗਈ। ਮਾਲੀ ਮਾਲਕ ਦੇ ਬਾਗ ਵਿਚੋਂ ਇਕ ਫਲ ਮਾਲਕ ਦੇ ਅੱਗੇ ਰੱਖਕੇ ਕ੍ਰਿਤ ਕ੍ਰਿਤ ਹੋ ਜਾਂਦਾ ਹੈ।

ਪਿੰਡ ਵਿਚ ਖਬਰ ਹੋ ਗਈ ਕਿ ਜੂਹ ਵਿਚ ਸਾਹਿਬ ਕਲਗੀਆਂ ਵਾਲੇ ਆ ਬਿਰਾਜੇ ਹਨ। ਬ੍ਰਿਧਾ ਮਾਈ ਦੁੱਧ ਪਿਲਾਉਣ ਲਈ ਲੈਕੇ ਗਈ ਹੈ, ਅਟਕੇ ਖੜੇ ਹਨ ਆਪ ਖੇਤਾਂ ਵਿਚ ਤੇ ਦੁੱਧ ਦੀ ਉਡੀਕ ਕਰ ਰਹੇ ਹਨ। ਇਹ ਸੁਣਕੇ ਕੌਣ ਸੀ ਜੋ ਗਿਰਾਂ ਵਿਚ ਅਟਕੇ। ਗੁਰਸਿੱਖਾਂ ਜਾਤਾ ਕਿ ਦਾਤਾ ਇਸ ਵੇਲੇ ਦੁੱਧ ਦੀ ਲੋੜ ਵਿਚ ਹੈ। ਕਿਸੇ ਨੂੰ ਕੀ ਪਤਾ ਕਿ ਕਿਸੇ ਜਨਮਾਂ ਦੇ ਭਗਤੀ ਭਾਵ ਵਾਲੇ ਪ੍ਰੇਮੀ ਨੂੰ ਦੁੱਧ ਪਿਲਾਉਣ ਦੀ ਲੋੜ ਹੈ, ਜਿਸ ਦਾ ਆਦਰ ਕਰਨ ਵਾਸਤੇ ਦਾਤਾ ਦੁੱਧ ਉਡੀਕ ਰਿਹਾ ਹੈ। ਆ ਗਈਆਂ ਸੰਗਤਾਂ, ਆ ਗਏ ਦੁੱਧ ਦੇ ਮਟਕੇ, ਆ ਗਈਆਂ ਸ਼ੱਕਰਾਂ, ਖੰਡਾਂ ਤੇ ਬੂਰੇ, ਝੁੱਲ ਪਏ ਪੱਖੇ ਛੰਨਿਆਂ ਉੱਤੇ। ਦਾਤਾ ਜੀ ਨੇ ਡਿੱਠਾ, ਹੱਸੇ:-ਵਾਹ ਵਾਹ ਸਿੱਖੀ, ਧੰਨ ਸਿੱਖੀ! ਇਕ ਪ੍ਰੇਮੀ ਦੁੱਧ ਦਾ ਛੰਨਾ ਦੇਂਦਾ ਹੈ, ਮੇਰਾ ਸਾਰਾ ਖਾਲਸਾ ਦੁੱਧ ਦੀਆਂ ਨਦੀਆਂ ਵਹਾ ਦੇਂਦਾ ਹੈ। ਸਦਾ ਜੀਓ ਮੇਰੇ ਖਾਲਸਾ, ਸਦਾ ਦਾਨ ਵਿਚ ਜੀਓ, ਸਦਾ ਨਾਮ ਵਿਚ ਜੀਓ, ਇਸ਼ਨਾਨ ਵਿਚ ਜੀਓ। ਹਾਂ ਜੀ ਫੇਰ ਹੋ ਗਿਆ ਇਸ਼ਾਰਾ ਪ੍ਰੇਮ ਨੂੰ ਆਦਰ ਦੇਣ ਦਾ, ਸਾਰੇ ਖਾਲਸੇ ਨੇ ਘੋੜਿਆਂ ਤੋਂ ਉਤਰ ਕੇ ਦੁੱਧ ਪੀਤੇ। ਪ੍ਰਸੰਨ ਹੋਏ। ਦਾਤੇ ਨੇ ਵਰ ਦਿਤਾ-ਪਿੰਡ ਦੁੱਧ ਘਿਉ ਭਾਉ ਭਗਤੀ ਨਾਲ ਭਰਿਆ ਰਹੇ[1]। ਮਾਈ ਤੇਰੀ ਕਲਜਾਨ[2]।

---

੧. ਤਵਾ: ਖਾ: ਵਿਚ ਲਿਖਿਆ ਹੈ ਕਿ ਇਸ ਪਿੰਡ ਭਾਉ ਭਗਤੀ ਤੇ ਦੁੱਧ ਘਿਉ ਬਹੁਤ ਹੈ।

੨. ਤਵਾ: ਖਾ: ਵਿਚ ਕੇਵਲ ਮੁਕਤੀ ਦਾ ਦਾਨ ਮਾਈ ਨੂੰ ਮਿਲਿਆ ਲਿਖਿਆ ਹੈ। ਸੂ: ਪ੍ਰ: ਵਿਚ ਲਿਖਿਆ ਹੈ ਕਿ ਸਤਿਗੁਰੂ ਨੇ ਕਿਹਾ ਕਿ ਮਾਈ ਦਾ ਪੁਨਰ ਜਨਮ ਇਕ ਹੋਰ ਹੋਏਗਾ ਤਦੋਂ ਇਸਦੇ ਗ੍ਰਹਿ ਇਕ ਸਿੱਧ ਪੁਰਖ ਜਨਮੇਗਾ ਜੋ 'ਜੰਮਣ-ਜਤੀ' ਸਦਾਏਗਾ। ਭਾਵੇਹ ਕਿ ਉਹ ਜਨਮ ਤੋਂ ਹੀ ਬੰਦਗੀ ਵਾਲਾ ਪਰਮੇਸ਼ੁਰ ਦਾ ਪਿਆਰਾ ਹੋਵੇਗਾ। ਇਸ ਵਡਭਾਗਣ ਨੂੰ ਭਗਤ ਪੁੱਤ੍ਰ ਦੀ ਮਾਂ ਹੋਣ ਦਾ ਸੁਭਾਗ ਮਿਲਕੇ ਫੇਰ ਸਦਗਤੀ ਪ੍ਰਾਪਤ ਹੋਵੇਗੀ।

ਦਾਤਾ ਜੀ ਮਿਹਰਾਂ ਵਸਾਕੇ ਫੇਰ ਸਵਾਰ ਹੋਏ, ਨੀਲੇ ਨੂੰ ਅੱਡੀ ਲਾਈ ਤੇ ਅਗਲੇ ਕੌਤਕ ਵਰਤਾਉਣ ਲਈ 'ਅਨੰਦਪੁਰ ਕਲੌੜ' ਹੁੰਦੇ ਹੋਏ ਚਮਕੌਰ ਵਲ ਨੂੰ ਵਾਗਾਂ ਮੋੜ ਗਏ।

ਮਾਈ ਖੜੀ ਹੈ, ਸੰਗਤ ਖੜੀ ਹੈ, ਨੈਣ ਗੱਡੇ ਹਨ ਜਾ ਰਹੇ ਦਾਤੇ ਉਤੇ। ਅੱਜ ਖੜੋ ਜਾਓ ਮਾਈ ਵਾਂਙੂ ਤੁਸੀਂ ਬੀ, ਰਸਨਾ ਨੂੰ ਪਵਿੱਤ੍ਰ ਕਰ ਲਓ ਸਤਿਨਾਮ ਸ੍ਰੀ ਵਾਹਿਗੁਰੂ ਨਾਲ, ਮਨ ਨੂੰ ਪਾਵਨ ਕਰ ਲਓ ਇਸ ਵਿਚ ਜੋੜ ਕੇ। ਬਹੁਤਾ ਨਹੀਂ ਤਾਂ ਇਕ ਛਿਨ ਲਈ ਹੀ ਸਹੀ। ਹੋੜ ਦਿਓ ਫੁਰਨੇ ਬਾਹਰੇ ਦੇ ਬਾਹਰੇ, ਭਰ ਲਓ ਮਨ ਵਿਚ ਪਜਾਰੇ ਲਾਈ ਪਜਾਰ ਦਾ ਫੁਰਨਾ, ਦੇਖੋ ਨੈਣਾਂ ਦੇ ਸਾਹਮਣੇ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ, ਕਰ ਦਿਓ ਜੁਹਾਰ ਤੇ ਆਖੋ ਧੰਨ ਮੇਰੇ ਗੁਰੂ, ਮੇਰੇ ਆਪਣੇ ਗੁਰੂ।

ਇਕ ਛਿਨ ਹੀ ਕਰ ਲਓ ਇਹ ਪਿਆਰ ਦਾ ਵਪਾਰ, ਕੀ ਜਾਣੀਏ ਸੱਜਣ ਜੀਓ! ਇਹ ਇਕ ਛਿਨ ਹੀ ਸੁਭਾਗਾ ਹੋ ਜਾਵੇ।

ਖਵਰੇ ਉਹ ਇਕ ਛਿਨ ਉਹ ਛਿਨ ਹੋ ਜਾਵੇ ਜਿਸ ਬਾਬਤ ਉਸੇ ਕਲਗੀਆਂ ਵਾਲੇ ਸਾਹਿਬ ਦੋ ਜਹਾਨ ਦਾ ਮੁਖਵਾਕ ਹੈ-

ਏਕ ਚਿਤ ਜਿਹ ਇਕ ਛਿਨ ਧਿਆਇਓ।
ਕਾਲ ਫਾਸ ਕੇ ਬੀਚ ਨ ਆਇਓ।

ਠੁਮਰੀ!

ਕਲਗੀ ਵਾਲਿਆ, ਜੀਓ! ਤ੍ਰੂੱਠੀਓ ਤ੍ਰੂੱਠੀਓ ਜੀ!
ਜਿੰਦ ਗ੍ਰਸੀ ਆਕੇ ਬਿਰਹੋਂ ਨੇ ਮੇਰੀ, ਇਕੋ ਹੀ ਓਟ ਮੈਂ ਨਿਮਾਣੀ ਨੂੰ ਤੇਰੀ।
ਵਾਂਙ ਮੇਘਾਂ ਦੇ ਅਰਸ਼ਾਂ ਤੋਂ ਵ੍ਰੂੱਠੀਓ ਜੀ!

੬੪. ਸੈਦਾਬੇਗ ਸ਼ਰਨਾਗਤ*।

੧.

ਆਵਲਖੇੜੀਓਂ ਟੁਰਕੇ, ਕਈ ਥਾਂ ਠਹਿਰਦੇ ਜਗਤ ਨਿਤਾਰਦੇ ਚਮਕੌਰ ਆ ਪਹੁੰਚੇ। ਕੁਛ ਵਹੀਰ ਅੱਗੇ ਪਹੁੰਚਕੇ ਤੰਬੂ ਤੇ ਡੇਰੇ ਲਗਾ ਚੁਕਾ ਸੀ, ਜਿਨ੍ਹਾਂ ਵਿਚ ਸਾਹਿਬਾਂ ਨੇ ਆਕੇ ਡੇਰਾ ਲਾ ਦਿੱਤਾ। ਕੁਛ ਵਹੀਰ ਮਗਰ ਸੀ ਜੋ ਸਨੇ ਸਨੇ ਆ ਰਿਹਾ ਸੀ। ਆਲੇ ਦੁਆਲੇ ਦੂਰ ਨੇੜੇ ਖ਼ਬਰਾਂ ਧੁੰਮ ਗਈਆਂ ਕਿ ਸਾਹਿਬ ਕੁਰੁਛੇਤ੍ਰ ਤੋਂ ਵਾਪਸ ਆਕੇ ਚਮਕੌਰ ਟਿਕ ਗਏ ਹਨ।

ਅੰਮ੍ਰਿਤ ਵੇਲਾ ਹੋ ਗਿਆ, ਦੀਵਾਨ ਸਥਾਨ ਦੇ ਵੱਡੇ ਸ਼ਾਮਯਾਨੇ ਹੇਠ ਕੀਰਤਨ ਆਰੰਭ ਹੋ ਗਿਆ। ਨਾਲ ਦੇ ਸਿੰਘ ਜੋਧੇ ਤੇ ਵਹੀਰੀਏ ਦੀਵਾਨ ਵਿਚ ਆ ਜੁੜੇ, ਚਮਕੌਰ ਦੇ ਪ੍ਰੇਮੀ ਸਿੰਘ ਬੀ ਆ ਗਏ ਤੇ ਲਾਗ ਲਾਗ ਦੇ ਪਿੰਡਾਂ ਦੇ ਸਿੱਖ ਬੀ ਆ ਜੁੜੇ। ਦੀਵਾਨ ਭਰ ਗਿਆ ਤੇ ਰਸਮਯ ਕੀਰਤਨ ਦੀ ਝੜੀ ਲਗ ਪਈ। ਸਤਿਗੁਰੂ ਜੀ ਨੇ ਬੀ ਆ ਦਰ-ਸ਼ਨ ਦਿੱਤੇ ਤੇ ਦਿਨ ਚੜ੍ਹੇ ਤਕ ਧਯਾਨ ਮਗਨ ਬੈਠੇ ਰਹੇ। ਭੋਗ ਪੈ ਗਿਆ, ਕੜਾਹ ਪ੍ਰਸ਼ਾਦ ਵਰਤ ਗਿਆ; ਸਿੱਖ ਸੰਗਤਾਂ ਦੇ ਅਰਦਾਸੇ ਦਰਸ਼ਨ ਮੇਲੇ ਹੋ ਗਏ। ਇਉਂ ਰੰਗ ਲੱਗ ਗਿਆ ਕਿ ਮਾਨੋ ਸਤਿਗੁਰੂ ਜੀ ਸਦਾ ਹੀ ਤੋਂ ਚਮਕੌਰ ਰਹਿੰਦੇ ਸਨ। ਦੂਰ ਦੂਰ ਦੀਆਂ ਸੰਗਤਾਂ ਜੋ ਆ ਰਹੀਆਂ ਸਨ ਸਤਿਗੁਰ ਦਾ ਚਮਕੌਰ ਟਿਕਾਣਾ ਸੁਣਕੇ ਇੱਥੇ ਹੀ ਆ ਮਿਲੀਆਂ। ਪੱਛਮ ਦੇ ਪਾਸੇ ਦੀਆਂ, ਪਸ਼ੌਰ, ਜਲਾਲਾਬਾਦ, ਕਾਬਲ, ਕੰਧਾਰ, ਗਜ਼ਨੀ ਦੀਆਂ-ਸੰਗਤਾਂ ਅਤੇ ਬਲਖ਼ ਬੁਖ਼ਾਰੇ ਤੱਕ ਦੇ ਪ੍ਰੇਮੀ ਜੋ

*ਇਹ ਪ੍ਰਸੰਗ ਗੁਰਪੁਰਬ ਪੋਹ ਸੁਦੀ ਸਪਤਮੀ (੧੬ ਜਨਵਰੀ ੧੯੪੦) ਮਾਘ ਦੀ ੩ ਸੰ: ਗੁ: ਨਾ: ਸਾ: ੪੭੧ ਤੇ ਬਿ: ੧੯੯੬ ਮੰਗਲਵਾਰ ਨੂੰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਤ ਹੋਇਆ ਸੀ।

ਅਨੰਦਪੁਰ ਜਾ ਰਹੇ ਸਨ ਇੱਥੇ ਹੀ ਮਿਲ ਪਏ। ਉਹ ਗਹਿਮਾਂ ਗਹਿਮ ਹੋਈ ਕਿ ਕੁਛ ਵਾਰਾਪਾਰ ਨਾ ਰਿਹਾ। ਸਤਿਗੁਰੂ ਜੀ ਦੀਵਾਨ ਵਿਚ ਚੰਦ ਵਾਂਙੂ ਬੈਠੇ ਪ੍ਰਕਾਸ਼ ਦੇਣ, ਸੰਗਤਾਂ ਦੁਆਲੇ ਪਰਿਵਾਰ ਪਾ ਬੈਠੀਆਂ। ਬਚਨ ਬਿਲਾਸ, ਉੱਤਰ ਪ੍ਰਸ਼ਨ, ਉਪਦੇਸ਼, ਕੀਰਤਨ ਆਦਿ ਰੌਣਕਾਂ ਲੱਗ ਗਈਆਂ।

ਇਕ ਦਿਨ ਸਤਿਗੁਰੂ ਜੀ ਕਿਸੇ ਮੌਜ ਵਿਚ ਬੈਠੇ ਸੇ ਕਿ ਪੱਛਮੀ ਸੰਗਤ ਦੇ ਇਕ ਮੁਖੀਏ ਨੇ ਸੰਗਤ ਵਲੋਂ ਅਰਦਾਸ ਕੀਤੀ:-'ਦਾਤਾ ਗੁਰੂ ਜੀ! ਬੜੇ ਭਾਗਾਂ ਨਾਲ ਸ੍ਰੀ ਜੀ ਦੇ ਸੁਭਾਗ ਦਰਸ਼ਨ ਮਿਲੇ ਹਨ, ਸੰਗਤ ਦੀ ਅਰਜ਼ੋਈ ਹੈ ਕਿ ਕੁਛ ਦਾਨ ਮਿਲੇ' ਤਾਂ ਸਤਿਗੁਰ ਦਾਤੇ ਜੀ ਦਾ ਬਚਨ ਹੋਇਆ 'ਠਹਿਰੋ-ਧਨ ਦੇਵਾਂਗੇ, ਮਰਵਾਵਾਂਗੇ*'। ਇਹ ਵਾਕ ਸੁਣਕੇ ਸਿਖ ਸਹਿਮ'ਗਏ ਤੇ ਚੁੱਪ ਹੋਕੇ ਬਝੱਕ ਰਹਿ ਗਏ ਕਿ ਇਹ ਕੀਹ ਹੋਇਆ, ਮੰਗਿਆ ਸੀ ਵਰ ਤੇ ਮਿਲ ਗਿਆ ਹੈ ਸ੍ਰਾਪ। ਕੁਛ ਚਿਰ ਸਾਰੇ ਮੌਨ ਛਾਈ ਰਹੀ, ਦਾਤਾ ਜੀ ਬੀ ਚੁਪ ਬੈਠੇ ਰਹੇ। ਫਿਰ ਇਕ ਸਿਆਣੇ ਮੁਖੀ ਸਿੱਖ ਨੇ ਹੱਥ ਬੰਨ੍ਹਕੇ ਅਰਜ਼ ਕੀਤੀ-'ਪਾਤਸ਼ਾਹ! ਪ੍ਰੇਮ ਧਾਰਕੇ ਹਜ਼ੂਰ ਦੇ ਦਰਸ਼ਨਾਂ ਨੂੰ ਦੂਰ ਦੂਰ ਤੋਂ ਹਾਜ਼ਰ ਹੋਏ ਹਾਂ, ਮਿਹਰ ਹੋਈ ਕਿ ਆਪ ਜੀ ਦਾ ਸਫਲ ਦਰਸ਼ਨ ਪ੍ਰਾਪਤ ਹੋਇਆ ਹੈ, ਅਰਦਾਸ ਹੈ ਕਿ ਸੰਗਤ ਪਰ ਖੁਸ਼ੀ ਬਖਸ਼ੋ, ਜੀਵਨ ਦੀ ਖੁਸ਼ੀ ਬਖਸ਼ੋ ਅਤੇ ਘਰ ਬਾਰ, ਧੰਦੇ, ਕੰਮ ਕਾਜ ਵਿਚ ਬਰਕਤਾਂ ਦੀ ਖੁਸ਼ੀ ਬਖਸ਼ੋ! ਇਹ ਸੁਣਕੇ ਆਪ ਮੁਸਕ੍ਰਾਏ ਤੇ ਬੋਲੇ:-

ਭਾਈ ਸਿਖੋ! ਵੀਚਾਰ ਕਰੋ, ਭਲਾ ਜੇ ਖੇਤ ਨੂੰ ਪ੍ਰਫੁਲਤ ਕਰਨੇ ਲਈ ਬੱਦਲ ਖੁਸ਼ੀ ਨਾਲ ਮੀਂਹ ਵਸਾਵੇ ਤੇ ਅਗੋਂ ਖੇਤ ਉਸ ਪਾਣੀ ਨੂੰ ਲਏ ਨਾ ਤਾਂ ਬੱਦਲ ਦਾ ਹਿਤ ਕੀਹ ਕਰੇ? ਜੇ ਮੇਘ ਸ੍ਵਾਂਤੀ ਬੂੰਦਾਂ ਸੱਟੇ ਤੇ ਅਗੋਂ ਚਾਤ੍ਰਿਕ ਮੂੰਹ ਮੀਟ ਲਵੇ ਤਾਂ ਮੇਘ ਦਾ ਹਿਤ ਕੀਹ ਕਰੇ? ਭਲਾ ਚੰਦਨ ਤਾਂ ਖੁਸ਼ਬੂ ਦੇ ਰਿਹਾ ਹੋਵੇ ਤੇ ਅਗੋਂ ਵਾਂਸ ਤਕੜਾ ਸਿਆਣਾ ਹੋਕੇ ਕਹੇ ਮੈਂ ਇਹ ਬੂਬਾਸ ਆਪਣੇ ਵਿਚ ਨਹੀਂ ਵਸਣ ਦੇਣੀ, ਤਾਂ ਸੋਚ ਲਓ ਕਿ ਚੰਦਨ ਵਲੋਂ ਮਿਹਰ ਕਿਵੇਂ ਨਾ ਹੋਈ। ਜੇ ਕੋਈ ਗੰਗਾ ਦੇ ਇਸ਼ਨਾਨ ਵਲੋਂ ਗਾਫਲੀ ਕਰੇ ਤਾਂ ਗੰਗਾ ਦੇ ਨਿਰਮਲ ਜਲ ਦਾ ਮੈਲ ਹਰਨ ਦਾ ਗੁਣ ਕੀ ਕਰੇ। ਇਸੇ ਤਰ੍ਹਾਂ ਗੁਰੂ ਕੀ ਕਰੇ ਜੇ ਸਿੱਖ ਇਸ ਸੰਸਾਰ ਦੇ ਧੰਦਾਲਾਂ ਵਿਚ ਹੀ ਫਸ ਰਹੇ। ਉਹ ਤਾਂ ਮੁਕਤ ਦਾਨ ਦੇਂਦਾ ਹੈ, ਸਭ ਤੋਂ ਉੱਚ ਬਖਸ਼ਿਸ਼ ਕਰਦਾ ਹੈ, ਪਰ ਧੰਦੇ ਗ੍ਰਸੇ ਸਿੱਖ ਲੈਂਦੇ ਨਹੀਂ। ਸੋਚੋ, ਇਕ ਮਾਂ ਖੜੀ ਹੈ ਖੰਡ ਲੈਕੇ ਪੁਤ੍ਰ ਵਾਸਤੇ, ਅਗੋਂ ਪੁਤ੍ਰ ਕਹਿੰਦਾ ਹੈ: ਨਹੀਂ ਨੀ ਮਾਂ, ਮੈਂ ਰੇਤ ਲੈਣੀ ਹੈ। ਭਲਾ ਘੜਾ ਤੇ ਲੱਜ ਲੈਕੇ ਖੂਹ ਦੀ ਮਣ ਤੇ ਖੜਾ ਰਹੇ ਕੋਈ ਪਿਆਸਾ ਤਾਂ ਕੀਹ ਤੁਸੀਂ ਕਹੋਗੇ ਕਿ ਖੂਹ ਨਹੀਂ ਪਿਆ ਪਾਣੀ ਦੇਂਦਾ। ਭਲਾ ਹੋਰ ਵੀਚਾਰ ਕਰੋ, ਇਕ ਬੱਚੇ ਨੂੰ ਪੀੜਾ ਹੋ ਰਹੀ ਹੈ, ਮਾਂ ਪਿਉ ਪੁੱਛਦੇ ਹਨ ਦੱਸ ਬੱਚਾ ਤੈਨੂੰ ਕਿਥੇ ਪੀੜ ਹੈ, ਬਾਲ ਅਗੋਂ ਪਤਾ ਨਾ ਦੇਵੇ ਤਾਂ ਕੀਹ ਮਾਂ ਬਾਪ ਦਾ ਕਸੂਰ ਹੋਵੇ ਗਾ ਕਿ ਆਪਣੇ ਪੁਤ ਦੀ ਪੀੜਾ ਨਹੀਂ ਹਰ ਰਹੇ। ਇਕ ਹੋਰ ਤਰ੍ਹਾਂ ਸਮਝ ਕਰੋ: ਕੰਧ ਬਣਾਈ ਰੇਤ ਦੀ, ਪਰ ਉਹ ਕਿਰ ਕਿਰ ਜਾਂਦੀ ਹੈ, ਹੁਣ ਕਿਆ ਉਸ ਦਾ ਕਿਰ ਕਿਰ ਪੈਣਾ ਕੰਧ ਲਿਪਣ ਵਾਲੇ ਦਾ ਦੋਸ਼ ਹੈ ਕਿ ਰੇਤ ਦਾ। ਜੇ ਘਰ ਵਿਚ ਪਾਣੀ ਸਾਂਭ ਕੇ ਰੱਖਣਾ ਹੋਵੇ ਤਾਂ ਘਰ ਵਿਚ ਘੜਾ ਲੋੜੀਏ, ਜੇ ਘੜਾ ਨਾ ਹੋਵੇ ਤਾਂ ਪਾਣੀ ਕਿਸ ਆਸਰੇ ਸਾਡੇ ਘਰ ਵਿਚ ਅਟਕ ਖਲੋਵੇ। ਧਨ ਤੋਂ ਵਡਿਆਈ ਤੇ ਸੁਖ ਮਿਲ ਸਕਦਾ ਹੈ, ਪਰ ਜੇ ਕੋਈ ਉਸਨੂੰ ਮਿੱਟੀ ਵਿਚ ਦੱਬ ਰੱਖੇ ਤਾਂ ਧਨ ਕੀਹ ਸੁਖ ਤੇ ਕੀਹ ਵਡਿਆਈ ਦੇਵੇ? ਜੇ ਕੋਈ ਭੱਠ ਵਿਚ (ਬਾਲਨੰ ਦਾ) ਝੁਲਕੇ ਤੇ ਝੁਲਕਾ ਦੇਈ ਹੀ ਜਾਵੇ ਤਾਂ ਭੱਠ ਵਿਚਾਰਾ ਠੰਢਾ ਕੀਕੂੰ ਹੋਵੇ। ਸੋ ਸੁਣੋ ਹੇ ਸਿਖੋ! ਧੰਦਿਆਂ ਵਿਚ ਖਚਤ ਹੋ ਰਹੇ ਹੋਣ ਸਿਖ ਪਰਵਾਰਾਂ ਸਮੇਤ ਤਾਂ ਗੁਰੂ ਕੀ ਕਰੇ? ਜੇ ਅਪਣੇ ਖੇਤ ਵਿਚ ਇਮਾਰਤੀ ਲਕੜੀ ਹੀ ਨਹੀਂ ਉੱਗੀ ਖੜੀ ਤਾਂ ਕਾਰੀਗਰ ਤਿਖਾਣ ਕੀਹ ਕਰੇਗਾ? ਨਦੀ ਦਾ ਪਾਣੀ ਕਿਵੇਂ ਪੀਵੀਏ ਜੇ ਕੋਈ ਬੁੱਕ ਨਾ ਭਰ ਲਵੇ ਜਾਂ ਝੱਜਰ ਭਰ ਕੇ ਨਾ ਲੈ ਆਵੇ। ਭਲਾ ਸਿਖੋ ਜੇ ਘਰ ਅੱਗ ਨਾ ਹੋਵੇ ਤਾਂ ਰੋਟੀ ਕਿਵੇਂ ਪੱਕੇਗੀ। ਹਠ ਨਾਲ ਹਿਤ ਕੀਤਿਆਂ ਕੀਹ ਬਣੇਗਾ ਜੇ ਸਮੇਂ ਸਿਰ ਬੁਧੀ ਨਹੀਂ ਫੁਰਦੀ ਤਾਂ, ਬੁੱਧੀ ਬਿਨਾਂ ਨਿਰਾ ਹਠ ਕੀਹ ਸਾਰਦਾ ਹੈ? ਜੇ ਮਨ ਹੀ

*ਸੋ ਸਾਖੀ।

ਘੁਮਿਆਰ ਦਾ ਚੱਕ੍ਰ ਬਣਿਆ ਰਹੇ ਤਾਂ ਕੀਹ ਭਾਂਡੇ ਘੜੇ ਜਾਣਗੇ? ਮੂੰਹ ਦਾ ਆਖਣਾ ਤਾਂ ਰੀਸੋ ਰੀਸੀ ਬੀ ਹੋ ਸਕਦਾ ਹੈ, ਗੱਲ ਤਾਂ ਬਣਦੀ ਹੈ ਜੇ ਮਨ ਵਿਚ ਚਿੰਤਨ ਬੀ ਕਰੇ। ਨਿਰੀ ਰੀਸ ਕੀਹ ਸੁਵਾਰਦੀ ਹੈ? ਸੋਚ ਲਓ, ਹੇ ਸੰਗਤ! ਸੋਚ ਲਓ, ਪਹਿਲਾਂ ਤੁਸਾਂ ਮੰਗ ਮੰਗੀ, ਗੁਰੂ ਹਿਤ ਨਾਲ ਦੇਣ ਲਈ ਤਯਾਰ ਹੋਇਆ ਤੇ ਦੇਣ ਦਾ ਬਚਨ ਬੀ ਕਰ ਦਿਤਾ, ਪਰ ਮੰਗਣ ਵਾਲਿਆਂ ਦੇ ਕਰਮਾਂ ਨੇ ਆਪਣੇ ਮੂੰਹ ਤੇ ਚੁਪੇੜ ਮਾਰੀ ਤੇ ਮੂੰਹ ਬੱਗੇ ਹੋ ਗਏ। ਹਾਂ, ਮੈਂ ਉਸ ਸਿੱਖ ਤੋਂ ਵਾਰ ਵਾਰ ਬਲਿਹਾਰ ਹਾਂ, ਜਿਸ ਨੂੰ ਮੌਤ ਯਾਦ ਰਹਿੰਦੀ ਹੈ*।

---

*ਇਹ ਬਾਤ ਚੀਤ ਸਤਿਗੁਰ ਜੀ ਨੇ ਕਿਨ੍ਹਾਂ ਵਾਕਾਂ ਵਿਚ ਕੀਤੀ ਸੀ? ਪਰ ਸਾਖੀਆਂ ਲਿਖਣ ਵਾਲੇ ਤੇ ਸੂਰਜਪ੍ਰਕਾਸ਼ ਦੇ ਕਰਤਾ ਜੀ ਨੇ ਉਹ ਜਿਸ ਤਰ੍ਹਾਂ ਲਿਖੀ ਹੈ ਐਉਂ ਹੈ; ਉੱਪਰਲੀ ਗੱਲ ਬਾਤ ਇਸ ਦਾ ਖੁੱਲ੍ਹਾ ਅਨੁਵਾਦ ਹੈ:-

ਬਰਸੈ ਬਾਦਲ ਖੁਸੀ ਕਰ ਜਲ ਲੇਇ ਨ ਖੇਤ।
ਚਾਤ੍ਰਿਕ ਚੁਪਕਾ ਹੋਇ ਰਹਜੋ ਕਜਾ ਬਾਦਲ ਹੇਤ।
ਚੰਦਨ ਪਰਉਪਕਾਰ ਹਿਤ ਬਨ ਰਹੇ ਸੁਚੇਤ।
ਰੀਗਾ ਪਾਪਾਂ ਦੂਰ ਹਿਤ ਕਜਾ ਨ੍ਹਾਇ ਅਚੇਤ।
ਗੁਰੂ ਬਿਚਾਰਾ ਕਜਾ ਕਰੇ ਸਿਖ ਫਸਿਆ ਏਤ।
ਮੀਠਾ ਦੇਵੈ ਬਾਲ ਨੂੰ ਉਹ ਮਾਂਗੈ ਰੇਤ।
ਘੜਾ ਲਜ ਹਥ ਖਸਮ ਦੇ ਕਜਾ ਕੂਪ ਨ ਦੇਤ।
ਬਾਪ ਮਾਇ ਹਿਤ ਕਜਾ ਕਰੈ ਸੁਤ ਦੇਤ ਨ ਭੇਤ।
ਲੀਪਨ ਹਾਰੇ ਦੋਸ਼ ਕਜਾ ਭੀਤ ਗਿਰਦੀ ਰੇਤ।
ਅਟਕਾ ਜਲ ਤਾਂ ਬੰਧੀਏ ਜਾ ਬੰਧ ਨਿਕੇਤ।
ਧਨ ਵਡਿਆਈ ਦੇਇ ਕਿਸ ਖਰ ਧੂੜੀ ਲੇਤ।
ਭਾੜ ਵਿਚਾਰਾ ਸੀਤ ਕਿਉਂ ਜਾਂ ਝੁਲਕਾਦੇਤ।
ਧੰਦੇ ਅਟਕੇ ਸਿੱਖ ਸੁਣ ਪਰਵਾਰ ਸਮੇਤ।
ਕਾਰੀਗਰ ਖਾਤੀ ਕਜਾ ਕਰੇ ਕਾਸ਼ਟ ਨਹੀਂ ਖੇਤ।
ਨਦੀ ਬਾਰ ਕਿਉਂ ਪੀਵੀਏ ਕੁਣੀਆਂ ਨਾ ਲੇਤ।
ਖਾਣਾ ਕੀਕੂੰ ਪੱਕਣਾ ਜੇ ਅੱਗ ਨ ਨਿਕੇਤ।
ਬਿਨਾਂ ਸਮੇਂ ਤੇ ਬੁਧਿ ਨਹਿਂ ਕਿਆ ਹਠ ਕਾ ਹੇਤ।
ਮਨ ਹੀ ਚਕ੍ਰ ਘੁਮਾਰ ਕਾ ਘਡ ਭਾਂਡੇ ਦੇਤਿ।
ਮੁਹ ਕਾ ਆਖਣ ਰੀਸ ਹੈ ਫਿਰ ਮਨ ਹੀ ਚੇਤ।

(ਬਾਕੀ ਦੇਖੋ ਅਗਲੇ ਕਾਲਮ ਹੇਠ)

ਇਹ ਬਚਨ ਸੁਣਕੇ ਸਿੱਖ ਅਚਰਜ ਹੋਏ ਤੇ ਕੁਛ ਘਬਰਾਏ। ਵਿਚਾਰ ਰਹੇ ਸਨ ਕਿ ਕੀਹ ਵਾਕ ਹੁਣ ਮੂੰਹ ਥੀਂ ਆਖਣ ਕਿ ਸ੍ਰੀ ਗੁਰੂ ਜੀ ਆਪ ਫੇਰ ਬੋਲ ਪਏ ਤੇ ਕਹਿਣ ਲੱਗੇ:-'ਪਿਆਰਿਓ! ਤੁਸਾਂ ਨੇ ਮੰਗ ਮੰਗੀ ਸੀ ਗੁਰੂ ਘਰ ਤੋਂ: ਕੋਈ ਬਖਸ਼ਿਸ਼ ਮਿਲੇ। ਗੁਰੂ ਘਰ ਵਿਚ ਸਭ ਤੋਂ ਚੰਗੀ ਤੇ ਵੱਡੀ ਬਖਸ਼ਿਸ਼ ਹੈ ਮਨ ਦਾ ਟਿਕਾਉ, ਜਿਸ ਵਿਚ ਨਾਮ ਦਾ ਨਿਵਾਸ ਹੁੰਦਾ ਹੈ, ਜਿਸ ਦਾ ਫਲ ਮੁਕਤੀ ਰੂਪ ਧਨ ਹੁੰਦਾ ਹੈ ਤੇ ਜਿਸ ਮੁਕਤੀ ਦੇ ਆਇਆਂ ਜਨਮ ਮਰਨ ਮਿਟ ਜਾਂਦਾ ਹੈ, ਸੋ ਇਹੀ ਬਖਸ਼ਿਸ਼ ਅਸਾਂ ਕਹਿ ਦਿੱਤਾ ਸੀ ਕਿ ਦਿੱਤੀ। ਪਰ ਤੁਸਾਂ ਦੀ ਸਮਝੇ ਨਾ ਪਿਆ, ਕਿਉਂਕਿ ਮਨਾਂ ਦੇ ਰੁਖ ਅਜੇ ਸੰਸਾਰਾਕਾਰ ਵਧੇਰੇ ਸਨ। ਅਸਾਂ ਕਿਹਾ ਸੀ 'ਠਹਿਰੋ' ਇਹ ਪਹਿਲੀ ਬਖਸ਼ਿਸ਼ ਸੀ, ਅਰਥ ਸੀ ਕਿ ਤੁਸੀਂ ਨਾਮ ਦੁਆਰਾ ਟਿਕ ਜਾਓ, ਮਨ ਤੁਸਾਂ ਦਾ ਟਿਕਾਉ ਪਕੜੇ, ਠਹਿਰੋ। ਦੂਸਰੀ ਬਖਸ਼ਿਸ਼ ਕੀਤੀ ਕਿ ਧਨ ਦੇਵਾਂਗੇ। ਸੋ ਅਸਾਂ ਧਨ ਦੇਣਾ ਸੀ 'ਮੁਕਤਿ ਪਦਾਰਥ'। ਤੀਜੀ ਬਖਸ਼ਿਸ਼ ਕਹੀ ਸੀ ਮਰਵਾਵਾਂਗੇ। ਭਾਵ ਇਹ ਸੀ ਕਿ ਹਉਂ ਵਲੋਂ ਮਾਰ ਕੇ ਜਨਮ ਮਰਨ ਮਿਟਾ ਦਿਆਂਗੇ, ਪਰ ਤੁਸਾਂ ਨੇ ਇਸ ਨੂੰ ਬਖਸ਼ਿਸ਼ ਨਾ ਸਮਝਿਆ, ਮਾੜਾ ਗੁੱਸਾ ਜਾਤਾ। ਫੇਰ ਤੁਸਾਂ ਮੰਗ ਕੀਤੀ ਘਰਾਂ ਦੇ ਧੰਦਿਆਂ ਦੀ ਤੇ ਜੀਵਨ ਦੀ ਖੁਸ਼ੀ, ਸੋ ਤੁਸਾਂ ਦੇ ਸਾਧਨਾਂ ਵਿਚ ਕੁਛ ਹੋਰ ਘਾਲ ਦੀ ਲੋੜ ਹੈ ਕਰਮ ਸਾਰੇ ਦਗਧ ਨਹੀਂ ਹੋਏ। ਲਗੇ ਰਹੋ ਨਾਮ ਵਿਚ। ਇਹ ਗੁਰ ਨਾਨਕ ਦਾ ਘਰ ਹੈ, ਇਥੇ ਸਦਾ ਬਖਸ਼ਿਸ਼ ਹੈ, ਜਗਤ ਪਦਾਰਥ ਗੁਰੂ ਨੇ ਬਖਸ਼ੇ ਹੋਏ ਹਨ, ਮੁਕਤ ਪਦਾਰਥ ਗੁਰੂ ਲਈ ਖੜਾ ਹੈ। ਨਾਮ ਨਾਲ ਲੱਗੇ ਰਹੋ* ਨਾਮ ਦਾ ਵਿਸਾਹ ਨਹੀਂ ਕਰਨਾ। ਦੂਸਰੇ ਸਤਿਗੁਰ ਨੇ ਤੁਸਾਂ ਨੂੰ ਹਰੀ

---

*ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ॥ (ਗਉ: ਮ: ੧)

(ਪਹਿਲੇ ਕਾਲਮ ਦੀ ਬਾਕੀ)

ਪਹਿਲਾਂ ਮੰਗੇ ਸੰਗਤੀ ਗੁਰ ਦੇਣਮ ਰੇਤ।
ਕਰਮ ਕੜਾਕਾ ਹਾਥ ਕਾ ਮੁਹ ਮਾਰੈ ਸੇਤ।
ਹਉਂ ਬਾਰਬਾਰ ਬਲਿਹਾਰਨੇ ਜਿਹ ਮਰ ਮਨ ਨੇਤ।
{ਗੁ: ਪ੍ਰ: ਸੂਰਜ, ਰੁਤ ੫, ਅੰਸੂ ੩੦}

ਕੀਰਤਨ ਦਾ ਆਹਰ ਬਖਸ਼ਿਆ ਹੋਇਆ ਹੈ, ਜਿਸ ਨੂੰ ਕਦੇ ਨਾ ਛੋੜਨਾ[1]। ਸਿਦਕ ਨਾਲ ਕਮਾਈ ਕਰਦੇ ਰਹੋ[2]। ਸਿਦਕ ਧਾਰਕੇ ਕੀਤੀ ਕਮਾਈ ਤਾਰਦੀ ਹੈ, ਓਦਰਨਾ ਨਹੀਂ, ਕੁਛ ਦੇਰ ਹੈ, ਕਾਰਜ ਜੋ ਗੁਰੂ ਨੇ ਚਾਹਿਆ ਹੈ ਹੋਵੇਗਾ; ਸਾਵਧਾਨ ਰਹੋ, ਸੁਚੇਤ ਰਹੋ[3] ਤੇ ਲੱਗੇ ਰਹੋ, ਤੁਹਾਨੂੰ ਸੋਝੀ ਹੋ ਆਵੇਗੀ ਕਿ ਸਭ ਤੋਂ ਅਮੋਲਕ ਪਦਾਰਥ ਕਲਜਾਣ ਹੈ। ਸਤਿਗੁਰ ਦੇ ਇਸ ਤਰ੍ਹਾਂ ਦੇ ਪਿਆਰ ਤੇ ਬਖਸ਼ਿਸ਼ ਦੇ ਵਾਕ ਸੁਣ ਕੇ ਸੰਗਤ ਪ੍ਰਸੰਨ ਹੋ ਗਈ ਤੇ ਦਿਲ ਵਿਚ ਅਰਮਾਨ ਕਰਨ ਲੱਗੀ ਕਿ ਅਸਾਂ ਸਤਿਗੁਰ ਦਾ ਬਖਸ਼ਿਸ਼ ਦਾ ਵਾਕ ਫੇਰਕੇ ਘਰ ਦੇ ਧੰਦੇ ਤੇ ਖੁਸ਼ੀ ਮੰਗੀ ਤੇ ਦਾਤਾ ਸਤਿਗੁਰ ਸਾਨੂੰ ਸਦਗਤੀ ਤੇ ਕਲਿਆਣ ਦੇ ਰਿਹਾ ਸੀ, ਜਿਸ ਦੀ ਰਮਜ਼ ਅਸਾਂ ਨਾ ਪਾਈ। ਕਹਿੰਦੇ ਹਨ ਫਕੀਰ ਰਮਜ਼ ਮਾਰਦਾ ਹੈ, ਪਰ ਰਾਜ਼ ਨਹੀਂ ਦੇਂਦਾ, ਪਰ ਧੰਨ ਇਹ ਸੰਪੂਰਨ ਸਤਿਗੁਰ ਹੈ ਕਿ ਰਮਜ਼ ਬੀ ਮਾਰਦਾ ਹੈ ਤੇ (ਰਾਜ਼) ਭੇਤ ਬੀ ਖੁਹਲਕੇ ਰਖ ਦੇਂਦਾ ਹੈ। ਮੋੜ ਕਰੋ ਤਾਂ ਗੁੱਸੇ ਨਹੀਂ ਥੀਂਦਾ, ਸਗੋਂ ਪਜਾਰ ਕਰਦਾ ਹੈ ਤੇ ਰਾਹੇ ਪਾਉਂਦਾ ਹੈ।

ਇਸ ਪ੍ਰਕਾਰ ਕਈ ਦਿਨ ਚਮਕੌਰ ਰੌਣਕ ਲੱਗੀ ਰਹੀ। ਆਨੰਦਪੁਰ ਤੋਂ ਬੀ ਕੁਛ ਪ੍ਰੇਮੀ ਆ ਗਏ ਤੇ ਕੁਛ ਸਿੰਘਾਂ ਦੀ ਫੌਜ ਆ ਗਈ। ਸਤਿਸੰਗ ਦੇ ਦਰਬਾਰ ਸਜਦੇ ਰਹੇ। ਦੋ ਵੇਲੇ ਕੀਰਤਨ ਆਨੰਦ ਉਪਦੇਸ਼ ਜਗਤ ਉਧਾਰ ਦਾ ਕਾਰਜ ਹੁੰਦਾ ਰਿਹਾ।

੨.

ਪਹਾੜੀ ਰਾਜੇ ਹੁਣ ਕੁਛ ਦਿਲੋਂ ਤੇ ਕਈ ਉਪਰੋਂ ਮੇਲ ਗੇਲ ਰਖਦੇ ਸਨ, ਵਿੱਚੋਂ ਦ੍ਵੈਸ਼ ਵਿਚ ਵਸਦੇ ਸਨ। ਸ੍ਰੀ ਸਤਿਗੁਰੂ ਜੀ ਜਦੋਂ ਕੁਰੁਛੇਤ੍ਰ ਗਏ ਹੋਏ ਸਨ ਤਦ ਬਿਲਾਸਪੁਰ ਦਾ ਰਾਜਾ ਇਕ ਦਾਉ ਵਿਚਾਰ ਰਿਹਾ ਸੀ ਕਿ ਗੁਰੂ ਜੀ ਦੇ ਨਾਲ ਕੇਵਲ ਪੰਜਾਹ ਸੱਠ ਸੁਆਰ ਹੈਨ, ਵੱਧ ਤੋਂ ਵੱਧ ਸੌ ਕੁ ਹੋ ਜਾਸੀ, ਇਹ ਵੇਲਾ ਹੈ ਅਚਾਨਕ ਮਰਵਾ ਦੇਣ ਦਾ। ਪਰ ਇਹ ਵਿਚਾਰ ਸਿਰੇ ਨਹੀਂ ਸੀ ਚੜ੍ਹਦੀ, ਕਿਉਂਕਿ ਰਾਜਧਾਨੀ ਬਿਲਾਸਪੁਰ ਤੋਂ ਇਹ ਜਗ੍ਹਾ ਚੋਖੀ ਦੂਰ ਸੀ। ਜਦੋਂ ਸ੍ਰੀ ਗੁਰੂ ਜੀ ਵਾਪਸ ਚਲੇ ਆ ਰਹੇ ਸੀ ਤਾਂ ਉਸ ਨੂੰ ਖਬਰ ਮਿਲੀ ਕਿ ਲਾਹੌਰ ਤੋਂ ਕੁਝ ਤੁਰਕਾਨੀ ਫੌਜ ਦਿੱਲੀ ਜਾ ਰਹੀ ਹੈ, ਜਿਸ ਵਿਚ ਦੋ ਸਰਦਾਰ ਹੈਨ: ਵੱਡੇ ਦਾ ਨਾਉਂ ਅਲਫ ਖਾਨ ਹੈ ਤੇ ਛੋਟੇ ਦਾ ਨਾਉਂ ਸੈਦਾਬੇਗਾ ਹੈ। ਇਨ੍ਹਾਂ ਦੇ ਨਾਲ ਕਾਫੀ ਸਿਪਾਹ ਹੈ। ਜੇ ਕਦੇ ਰਸਤੇ ਜਾਂਦੇ ਇਹ ਗੁਰੂ ਜੀ ਨੂੰ ਆਪਣੀ ਘੇਰ ਵਿਚ ਲੈ ਲੈਣ ਤਾਂ ਬੜੇ ਸੁਖੱਲ ਨਾਲ ਗੁਰੂ ਜੀ ਗ੍ਰਿਫਤਾਰ ਹੋ ਕੇ ਦਿੱਲੀ ਪਹੁੰਚਾਏ ਜਾਣ। ਪਾਤਸ਼ਾਹ-ਜੋ ਇਨ੍ਹਾਂ ਦੀ ਘਾਤ ਵਿਚ ਸਦਾ ਰਹਿੰਦਾ ਹੈ-ਪ੍ਰਸੰਨ ਹੋ ਜਾਏ*, ਇਧਰ ਸਾਡੀ ਰਿਆਸਤ ਵਿਚੋਂ ਬਖੇੜਾ ਦੂਰ ਹੋ ਜਾਏ, ਜਗਤ ਲਈ ਇਹ ਬਹਾਨਾ ਬਣ ਜਾਊ ਕਿ ਗੁਰੂ ਕੇ ਖਾਲਸੇ ਰਾਹ ਜਾਂਦੇ ਤੁਰਕਾਂ ਨਾਲ ਅੜ ਬੈਠੇ ਸਨ ਇਸ ਕਰਕੇ ਉਨ੍ਹਾਂ ਨੇ ਲਪੇਟ ਲਏ। ਕਿਸੇ ਨੂੰ ਪਤਾ ਨਾ ਲਗੂ ਕਿ ਅਸਲ ਬਾਤ ਕੀਹ ਸੀ। ਸਾਡੇ ਤੇ ਸ਼ੱਕ ਪੈਣ ਹੀ ਨਹੀਂ ਲੱਗਾ। ਇਹ ਗੱਲ ਕਹਿਲੂਰੀਏ ਨੇ ਹੰਡੂਰੀਏ ਆਦਿਕ ਇਕ ਦੋ ਹੋਰ ਆਪਣੇ ਹਮਖਜਾਲੀ ਰਾਜਿਆਂ ਨਾਲ ਵੀ ਗੁਪਤ ਗੁਪਤ ਵੀਚਾਰ ਲਈ। ਇਕ ਖ਼ਾਸ ਰਕਮ ਏਸ ਕੰਮ ਲਈ ਨੀਯਤ ਕੀਤੀ ਗਈ ਤੇ ਦੂਤ ਘੱਲੇ ਗਏ। ਗੁਰੂ ਸਾਹਿਬ ਇਸ ਵਕਤ ਤਕ ਚਮਕੌਰ ਪਹੁੰਚ ਗਏ ਸਨ, ਪਰ ਰਾਜਿਆਂ ਨੂੰ ਵੀ ਪਤਾ ਪੁੱਜ ਪਿਆ ਸੀ ਕਿ ਗੁਰੂ ਜੀ ਚਮਕੌਰ ਟਿਕ ਗਏ ਹਨ। ਸੋ ਇਉਂ ਹੁਣ ਤੁਰਕ ਉਮਰਾਵਾਂ ਨੇ ਥੋੜਾ ਹੀ ਰਸਤਾ ਮੋੜਨਾ ਹੈ ਤੇ ਚਮਕੌਰ ਅੱਪੜ ਪੈਣਾ ਹੈ। ਜੇ ਮਾਛੀਵਾੜੇ ਦੇ ਪੱਤਣੋਂ ਬੀ ਪਾਰ ਆ ਗਏ ਤਾਂ ਚਮਕੌਰ ਇਕ ਦਾਈਏ ਵਾਲੇ ਹੱਲੇ ਨਾਲ ਅੱਪੜ ਜਾਣਗੇ, ਐਉਂ ਗੁਰੂ ਜੀ ਅਚੇਤ ਹੀ ਨੱਪੜ ਲਏ ਜਾਣਗੇ। ਉਧਰ ਦੂਤ ਅੱਪੜ ਪਏ ਹੋਏ ਸਨ,

---

੧. ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ॥ (ਗੁ: ਵਾ: ਮ: ੫-੬)

੨. ਜਿਨ ਕੇ ਮਨਿ ਸਾਚਾ ਬਿਸ੍ਵਾਸੁ॥
ਪੇਖਿ ਪੇਖਿ ਸੁਆਮੀ ਕੀ ਸ੍ਵੋਭਾ ਆਨਦ ਸਦਾ ਉਲਾਸੁ॥ (ਧਨਾਸਰੀ ਮਹਲਾ ੫-੨੬)

੩. ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
ਸਾਵਧਾਨ ਏਕਾਗਰ ਚੀਤ॥ (ਗਉ: ਸੁਖ: ਮ: ੫)

*ਹਜ਼ਰਤ ਕੇ ਸੰਗ ਸਦਾ ਬਖੇਰਾ।
ਖੁਸ਼ੀ ਹੋਇ ਸੁਨਿਕੈ ਤਿਸ ਬੇਰਾ। (ਗੁ: ਪ੍ਰ: ਸੂ:)

ਉਮਰਾਵਾਂ ਨਾਲ ਗੱਲ ਬਾਤ ਹੋ ਗਈ ਸੀ, ਸਫਰ ਤਾਂ ਇਨ੍ਹਾਂ ਨੇ ਕਰਨਾ ਹੀ ਸੀ ਦਿੱਲੀ ਦਾ, ਥੋੜ੍ਹਾ ਰਸਤਾ ਵਲ ਮਾਰਨਾ ਸੀ, ਸੋ ਧਨ ਦੇ ਲਾਲਚ ਤੇ ਹਜ਼ਰਤ ਦੀ ਖੁਸ਼ਨੂਦੀ ਮਿਲਨ ਦੇ ਖਜਾਲ ਨੇ ਦੋਹਾਂ ਨੂੰ ਮਰੋੜ ਲਿਆ। ਓਹ ਟੁਰ ਪਏ ਤੇ ਦਰਿਆ ਪਾਰ ਹੋਕੇ ਚਮਕੌਰ ਵਲ ਨੂੰ ਪੂਰਬ ਰੁਖ਼ ਹੋ ਟੁਰੇ।

ਵੱਡੇ ਆਦਮੀ, ਕਿ ਰਾਜੇ, ਜਦ ਮਸਲਤਾਂ ਕਰਦੇ ਹਨ ਤਾਂ ਸਮਝਦੇ ਹਨ ਕਿ ਗੱਲ ਪਰਮ ਗੁਪਤ ਰਹੇਗੀ, ਪਰ ਗੱਲਾਂ ਗੁਪਤ ਘੱਟ ਹੀ ਰਹਿੰਦੀਆਂ ਹਨ। ਰਾਜਿਆਂ ਦਾ ਇਹ ਭੇਤ ਬੀ ਕਿਵੇਂ ਨਾ ਕਿਵੇਂ ਉਡਦੀ ਹਵਾਈ ਗਰਦ ਵਾਂਙੂ ਨਿੰਕਲ ਟੁਰਿਆ ਤੇ ਅਵਾਈ-ਅਨਿਸਚਿਤ ਅਵਾਈ-ਦੀ ਸ਼ਕਲ ਵਿਚ ਅਨੰਦਪੁਰ ਅੱਪੜ ਪਿਆ। ਅਨੰਦ ਪੁਰ ਦੇ ਗੁਰੂ ਸਾਹਿਬ ਜੀ ਦੇ ਸੈਨਾਪਤੀ ਨੇ ਵੀਚਾਰਿਆ ਕਿ ਗੁਰੂ ਕਿਆਂ ਨੂੰ ਸੱਤੇ ਖੈਰੀ ਹਨ, ਪਰ ਜੇ ਕੁਛ ਸੈਨਾ ਚਮਕੌਰ ਜਾ ਪਹੁੰਚੇ ਤਾਂ ਕੀਹੋ ਘਾਟਾ ਹੈ। ਜੇ ਅਵਾਈ ਹਵਾ ਦਾ ਬੁੱਲਾ ਹੈ ਤਾਂ ਵਾਹ ਵਾਹ ਤੇ ਜੇ ਕਿਸੇ ਨੇ ਇਹ ਅਵਾਈ ਸੱਚ ਦੀ ਆ ਸੁਣਾਈ ਹੈ ਤਾਂ ਫੌਜ ਭੇਜੀ ਕੰਮ ਆਵੇਗੀ। ਸੋ ਉਸ ਨੇ ਚਾਰ ਪੰਜ ਸੌ ਜਵਾਨ ਚਮਕੌਰ ਘੱਲ ਦਿੱਤਾ ਤੇ ਨਾਲ ਅਵਾਈ ਬੀ ਦੱਸ ਘੱਲੀ। ਗੁਰੂ ਸਾਹਿਬ ਪਾਸ ਇਹ ਕੁਮਕ ਵੇਲੇ ਸਿਰ ਅੱਪੜੀ ਸੀ*, ਕਿਉਂਕਿ ਥੋੜੇ ਹੀ ਚਿਰ ਮਗਰੋਂ ਹੇਠਾੜ ਤੋਂ ਇਕ ਸਿਖ ਆ ਪਹੁੰਚਾ ਤੇ ਓਨੇ ਆ ਦੱਸਿਆ ਕਿ ਪਾਤਸ਼ਾਹ ਜੀਓ, ਇਕ ਤੁਰਕਾਨੀ ਦਲ ਜੋ ਮੈਂ ਗਿਣਿਆ ਤਾਂ ਨਹੀਂ, ਪਰ ਜਿਸ ਦੀ ਗੇਣਤੀ ਦੀ ਅਫਵਾਹ ਦੋ ਤ੍ਰੈ ਹਜ਼ਾਰ ਹੈ, ਇਧਰ ਨੂੰ ਆ ਰਿਹਾ ਹੈ ਤੇ ਮੈਂ ਸੁਣਿਆ ਹੈ ਕਿ ਆਪ ਪਰ ਬੇਖਬਰੇ ਪੈਕੇ ਪ੍ਰਾਜੈ ਕਰ ਲੈਣ ਦੇ ਭੈੜੇ ਸੰਕਲਪ ਨਾਲ ਆ ਰਿਹਾ ਹੈ। ਆਪ ਨਿਸਚਿੰਤ ਬੈਠੇ ਹੋ। ਸਤਿਗੁਰ ਜੀ ਮੁਸਕ੍ਰਾਏ ਤੇ ਕਹਿਣ ਲੱਗੇ-ਸ਼ਾਬਾਸ਼ ਸਿੱਖਾ! ਤੂੰ ਭਲਾ ਕੀਤਾ ਹੈ ਜੋ ਵੇਲੇ ਸਿਰ ਸੂੰਹ ਲਿਆ ਦਿੱਤੀ ਹੈ। ਕਿੰਨੀ ਕੁ ਦੂਰ ਦਲ ਹੋਸੀ? ਤਾਂ ਸਿੱਖ ਨੇ ਕਿਹਾ: ਪਾਤਸ਼ਾਹ ਉਹ ਤਾਂ ਪਹੁੰਚੇ ਜਾਣੋ। ਮੈਂ ਤਾਂ ਅੱਖੀਂ ਦੇਖ ਕੇ ਆਇਆ ਹਾਂ, ਓਹ ਆ ਰਹੇ ਹਨ, ਮੈਂ ਘੋੜਾ ਸਿਰਪੱਟ ਛੱਡ ਕੇ ਅੱਗੋਂ ਆ ਪਹੁੰਚਾ ਹਾਂ। ਸਤਿਗੁਰ ਜੀ ਨੇ ਉਸੇ ਵੇਲੇ ਦੀਵਾਨ ਸਮਾਪਤ ਕੀਤਾ ਤੇ ਅਪਣੇ ਨਾਲ ਦੀ ਪਹਿਲੀ ਫੌਜ ਨੂੰ ਤਿਆਰ ਬਰ-ਤਿਆਰ ਹੋ ਜਾਣ ਦਾ ਹੁਕਮ ਦੇ ਦਿਤਾ। ਨਵੀਂ ਆਈ ਬੀ ਤਿਆਰ ਹੋ ਗਈ। ਇਸ ਫੌਜ ਵਿਚ ਸੂੰਹ ਤਾਂ ਹੈਸੀ, ਪਰ ਇੰਨੀ ਛੇਤੀ ਤੇ ਪੱਕੀ ਗੱਲ ਨਹੀਂ ਸੀ। ਪਰ ਛੇਤੀ ਦਾ ਹੁਕਮ ਸੁਣਦੇ ਸਾਰ ਤਿਆਰੀ ਹੋ ਗਈ।

*ਤਵਾ: ਖਾ:।

੩.

ਰਣਜੀਤ ਨਗਾਰਾ ਵੱਜ ਪਿਆ। ਸਿਖ ਸੈਨਾ ਜਿਤਨੀ ਸੀ ਤਿਆਰ ਬਰਤਿਆਰ ਹੋ ਗਈ, ਜੁੱਧ ਦੀ ਵੰਡ ਸਾਰੀ ਝਟ ਪਟ ਮਿਥ ਲੀਤੀ ਗਈ। ਖਾਲਸੇ ਦੇ ਦਲਾਂ ਵਿਚ ਜੰਗ ਦੀ ਉਮੰਗ ਭਰੀ ਰਹਿੰਦੀ ਸੀ, ਮੁਕਾਬਲੇ ਆ ਪਏ ਤੇ ਸੋਚ ਦੀ ਥਾਂ ਉਮਾਹ ਵਿਚ ਜਾਂਦੇ ਸੇ, ਬੀਰ ਰਸ ਕਾਂਗਾਂ ਭਰ ਉਮਲ ਪੈਂਦਾ ਸੀ। ਸੋ ਵੈਰੀ ਦਲ ਨੂੰ, ਚਾਹੋ ਉਹ ਕਿੰਨਾ ਵਧੀਕ ਸੀ, ਮਾਰ ਲੈਣ ਦੇ ਉਤਸਾਹ ਨਾਲ ਭਰਕੇ ਖਾਲਸਾ ਡਟ ਗਿਆ। ਦਲ ਤਾਂ ਚਾਹੁੰਦਾ ਸੀ ਕਿ ਅੱਗੇ ਢੁੱਕ ਕੇ ਹੱਲਾ ਕਰੇ, ਪਰ ਗੁਰੂ ਜੀ ਚਾਹੁੰਦੇ ਸੇ ਕਿ ਪਹਿਲਾਂ ਕੋਈ ਵਧੀਕੀ ਓਹ ਕਰ ਲੈਣ ਤਾਂ ਮੂੰਹ ਮੋੜਿਆ ਜਾਏ। ਵੈਰੀ ਦਲ ਦੇ ਨਗਾਰੇ ਨਹੀਂ ਸਨ ਵਜਦੇ, ਚੁਪ ਚਾਪ ਆ ਰਹੇ ਸਨ, ਪਰ ਖਾਲਸਾ ਦਲ ਇਕ ਸੁਹਣੇ ਮੈਦਾਨ ਵਿਚ ਖੜਾ ਸੀ, ਤਿਆਰ ਬਰਤਿਆਰ। ਅੰਤ ਧੂੜਾਂ ਦਿੱਸ ਪਈਆਂ, ਪਹਿਲੀ ਬੁਛਾੜ ਗੋਲੀਆਂ ਦੀ ਰੋਅਬ ਬਿਠਾਵਣ ਵਾਲੀ ਤੁਰਕ ਦਲ ਵਲੋਂ ਆਈ ਤਾਂ ਅੱਗੋਂ ਖਾਲਸੇ ਨੇ ਬੀ ਤੜਾ ਤਾੜ ਜੁਵਾਬ ਗੋਲੀਆਂ ਨਾਲ ਦਿੱਤਾ। ਹੁਣ ਦੁਵੱਲੀ ਮਾਰੂ ਵੱਜ ਪਏ। ਆਪ ਗੁਰੂ ਜੀ ਇਕ ਪਾਸੇ ਇਕ ਉੱਚੇ ਰਿੜੀਏ ਤੇ ਜੰਗ ਦਾ ਰੰਗ ਦੇਖਣ ਤੇ ਲੋੜ ਪਈ ਤੇ ਨਿਸ਼ਾਨੇ ਦੇ ਤੀਰ ਫੁੰਡਣ ਲਈ ਜਾ ਡਟੇ, ਪਰ ਪਹਿਲਾਂ ਆਪ ਕੇਵਲ ਜੰਗ ਵੇਖਦੇ ਤੇ ਹੁਕਮ ਹੀ ਦੇਂਦੇ ਡਟੇ ਰਹੇ। ਪਲੋ ਪਲੀ ਵਿਚ ਜੁੱਧ ਨੇ ਘੋਰ ਸੂਰਤ ਧਾਰ ਲਈ। ਅਲਫ ਖਾਂ ਦਾ ਖਿਆਲ, ਜੋ ਰਾਜਿਆਂ ਦੇ ਸੰਦੇਸ ਤੋਂ ਬਣਿਆ ਸੀ, ਇਹ ਸੀ ਕਿ ਗੁਰੂ ਜੀ ਪਾਸ ਸੈਨਾਂ ਨਹੀਂ ਹੈ, ਅਸਾਂ ਤਾਂ ਐਵੇਂ ਹੀ ਜਾ ਕੇ ਮਾਰ ਲੈਣਾ ਹੈ। ਸੋ

ਪੰਜਾਹ ਸਿਪਾਹੀ ਤੇ ਬਾਕੀ ਸੰਗਤ ਦੀ ਵਹੀਰ ਕੀਹ ਮੁਕਾਬਲਾ ਕਰ ਸਕਦੀ ਹੈ, ਪਰ ਏਥੇ ਉਸ ਨੂੰ ਕਾਫੀ ਸਨੱਧਬੱਧ ਫੌਜ ਨਜ਼ਰ ਆਈ। ਤਦ ਉਸ ਜਾਤਾ ਕਿ ਖੇਡ ਸੌਖੀ ਖੀਰ ਨਹੀਂ, ਪਰ ਸੀ ਬਹਾਦਰ ਤੇ ਜੋਧਾ, ਦਮ ਗਾਹੜੇ ਕਰਕੇ ਲੱਗਾ ਤੀਰ ਗੋਲੀ ਵਰਸਾਉਣ। ਇਧਰੋਂ ਬੀ ਲੱਗਾ ਮੀਂਹ ਵਰਸਣ, ਕੁਛ ਚਿਰ ਇਸ ਤਰ੍ਹਾਂ ਦਾ ਮਿਥਵਾਂ ਜੰਗ ਹੁੰਦਾ ਰਿਹਾ। ਖਾਲਸੇ ਦਾ ਉਮਾਹ ਸੀ ਹੱਲਾ ਕਰਕੇ ਜਾ ਪੈਣ ਦਾ, ਸੋ ਨੇੜੇ ਨੇੜੇ ਢੁੱਕਦੇ ਤਲਵਾਰਾਂ ਧੂਹ ਕੇ ਹੱਥੋ ਹੱਥੀ ਜਾ ਪਏ, ਬੰਦੂਕਾਂ ਤੇ ਤੀਰ ਉਨ੍ਹਾਂ ਦੇ ਧਰੇ ਹੀ ਰਹਿ ਗਏ। ਸਤਿਗੁਰ ਜੀ ਵੀ ਇਸ ਵੇਲੇ ਹਿਕ ਦਸਤੇ ਨਾਲ ਸਰਦਾਰ ਸੈਦਾ ਬੇਗ ਵਲ ਅੱਗੇ ਵਧਕੇ ਧਾਏ। ਇਤਨੇ ਭਾਰੇ ਗੇਣਤੀ ਵਿਚ ਵਧਵੇਂ ਤੁਰਕੀ ਦਲ ਉੱਤੇ ਖਾਲਸੇ ਦਾ ਜਾ ਪੈਣਾ ਤੇ ਫੇਰ ਗੁਰੂ ਜੀ ਦਾ ਵਿਚ ਆ ਜਾਣਾ ਸੈਦਾ ਬੇਗ ਲਈ ਅਸ਼ ਅਸ਼ ਕਰਾ ਜਾਣ ਦਾ ਕਾਰਣ ਬਣਿਆ। ਇੰਨੇ ਨੂੰ ਸਾਹਿਬ ਉਸਦੀ ਨਜ਼ਰ ਦੇ ਹੋਰ ਨੇੜੇ ਜਾ ਢੁੱਕੇ। ਆਪਦਾ ਦਰਸ਼ਨ ਕਰਕੇ ਉਸ ਦਾ ਤ੍ਰਿਲ ਖਿੱਚ ਖਾ ਗਿਆ, ਹਾਂ ਉਸਦੇ ਜੀ ਵਿਚ ਕੋਈ ਅਰੀਮੀ ਧੂਹ ਪੈ ਗਈ ਤੇ ਚਿੱਤ ਚਾਹੇ ਸੂ ਕਿ ਕਿਵੇਂ ਜਾ ਦਾਮਨ ਪਕੜਾਂ ਤੇ ਸ਼ਰਨ ਲਵਾਂ। ਕੁਛ ਚਿਰ ਸੋਚਦਾ ਰਿਹਾ ਤੇ ਲੜਾਈ ਵਲੋਂ ਢਿੱਲਾ ਪੈਂਦਾ ਗਿਆ ਤੇ ਫੇਰ ਗੋਲੀ ਚਲਾਉਂਣੋਂ ਕਿ ਚਲਾਉਣ ਦਾ ਹੁਕਮ ਦੇਣੋਂ ਰੁਕਦਾ ਗਿਆ। ਅੰਤ ਆਪਣੇ ਪਰ੍ਹੇ ਦੇ ਜੁਆਨਾਂ ਨੂੰ ਹੁਕਮ ਦਿੱਤੋ ਸੁ ਕਿ ਵਾਰ ਬੰਦ ਕਰੋ ਤੇ ਮੇਰੇ ਮਗਰ ਆਓ। ਮੈਦਾਨ ਦੇ ਇਕ ਪਾਸੇ ਦਾ ਅਧਗੋਲਵਾਂ ਚੱਕਰ ਦੇਕੇ ਗੁਰੂ ਕੇ ਦਲ ਵਿਚ ਆ ਗਿਆ ਤੇ ਘੋੜੇ ਤੋਂ ਉਤਰਕੇ ਗੁਰੂ ਜੀ ਦੇ ਕਦਮਾਂ ਨੂੰ ਆ ਹੱਥ ਲਾਇਓਸੁ ਤੇ ਆਖਣ ਲਗਾ: ਮੈਂ ਆਪਦਾ ਮੁਰੀਦ ਹੋ ਗਿਆ ਹਾਂ, ਹੁਣ ਆਗਜਾ ਬਖਸ਼ੋ ਤਾਂ ਆਪ ਵਲੋਂ ਹੋਕੇ ਆਪਦੇ ਵੈਰੀਆਂ ਨਾਲ ਲੜਾਂ। ਸਤਿਗੁਰ ਮੁਸਕ੍ਰਾਏ ਤੇ ਕਹਿਣ ਲੱਗੇ, ਸੈਦਾ ਬੇਗ! ਜਿਵੇਂ ਉਤਸਾਹ ਹੈ, ਸੋ ਕਰੋ। ਸੈਦਾ ਬੇਗ ਨੇ ਕਿਹਾ, ਸਾਡਾ ਆਪ ਤੇ ਹਮਲਾ ਕਰਨਾ ਅਨਹੱਕਾ ਜ਼ੁਲਮ ਸੀ, ਰਾਹ ਜਾਂਦੇ ਅਸੀਂ ਲਾਲਚ ਵਿਚ ਆਕੇ ਆਪ ਤੇ ਟੁੱਟ ਪਏ। ਮੈਂ ਆਪਣੇ ਇਸ ਪਾਪ ਨੂੰ ਆਪ ਦੀ ਕੁਮਕ ਕਰਕੇ ਹੁਣ ਧੋਣਾ ਹੈ। ਐਉਂ ਆਖਦਾ ਅਲਫ਼ ਖ਼ਾਂ ਦੀ ਫੌਜ ਤੇ ਟੁੱਟ ਪਿਆ ਤੇ ਉਸਦੀ ਆਪਣੀ ਫੌਜ, ਜੋ ਉਸਦੀ ਬਹੁਤ ਕਦਰ ਕਰਦੀ ਸੀ, ਹੁਕਮ ਦੇਂਦੇ ਸਾਰ ਉਸਦੇ ਨਾਲ ਵੈਰੀ ਦਲ ਤੇ ਟੁੱਟ ਕੇ ਜਾ ਪਈ। ਲਿਖਿਆ ਹੈ ਕਿ ਇਸ ਦੇ ਨਾਲ ਦੋ ਕੁ ਸੌ ਜੁਆਨ, ਜੋ ਇਸਦਾ ਕਿਹਾ ਮੰਨਕੇ ਨਾਲ ਆਏ ਸੇ, ਬਹੁਤ ਤਕੜੇ ਸਨ। ਏਹ ਡਾਢੇ ਬਲਕਾਰ ਨਾਲ ਸਿਖਾਂ ਤੋਂ ਬੀ ਅੱਗੇ ਵਧਕੇ ਤੁਰਕਾਨੀ ਦਲ ਉੱਤੇ ਜਾ ਪਿਆ। ਇਸਦੀ ਕਟਾਵੱਢ ਤੇ ਖਾਲਸੇ ਦੀ ਦਲੇਰੀ, ਜੋ ਹੁਣ ਹੋਰ ਵਧ ਗਈ ਸੀ, ਅਲਫ਼ ਖ਼ਾਂ ਨੂੰ ਦੋ ਮਾਰਾਂ ਕਰ ਗਈ। ਇਕ ਤਾਂ ਦਿਲ ਟੁੱਟ ਗਿਆ ਸੀ ਕਿ ਸਾਥੀ ਸਾਥ ਹੀ ਨਹੀਂ ਛਡ ਗਿਆ, ਸਗੋਂ ਵੈਰੀਆਂ ਦਾ ਸਾਥ ਦੇਣ ਲਗ ਪਿਆ ਹੈ, ਦੂਜੇ ਗੁਰੂ ਦਲ ਵਧ ਗਿਆ ਹੈ ਤੇ ਮੇਰਾ ਘਟ ਗਿਆ ਹੈ। ਇਸ ਦੀ ਫੌਜ ਦਾ ਦਿਲ ਬੀ ਅਪਣਾ ਸਾਥ ਟੁੱਟ ਜਾਣ ਕਰਕੇ ਟੁੱਟ ਰਿਹਾ ਸੀ ਸੋ ਉਸਨੇ ਬਚਵੇਂ ਤ੍ਰੀਕੇ ਤੇ ਵਾਰ ਰੋਕਦੇ ਹੋਏ ਪੈਰ ਪਿੱਛੇ ਹਟਾਏ, ਪਰ ਇਹ ਦਾਉ ਹੁਣ ਸੁਖਦਾਈ ਨਹੀਂ ਸੀ ਪੈ ਸਕਦਾ, ਜਿਉਂ ਜਿਉਂ ਇਸਦਾ ਪੈਰ ਪਿੱਛੇ ਪੈਂਦਾ ਸੀ, ਸੈਦਾ ਬੇਗ ਭੂਏ ਹੁੰਦਾ ਸੀ ਤੇ ਖਾਲਸਾ ਟੁੱਟ ਟੁੱਟ ਕੇ ਪੈਂਦਾ ਸੀ। ਅਲਫ ਖਾਂ ਦੇ ਦਾਉ ਪੇਚ ਤੇ ਜੰਗੀ ਸਿਆਣਪਾਂ ਆਖਰ ਰਹਿ ਗਈਆਂ ਤੇ ਉਸਦੀ ਸੈਨਾਂ ਦੇ ਜੰਮਵੇਂ ਤੇ ਮੁੜਵੇਂ ਪੈਰ ਹਿੱਲ ਗਏ ਤੇ ਫੌਜ ਉਠ ਨੱਸੀ। ਵਧੇ ਦਿਲ ਵਾਲੇ ਦੁਹਾਂ ਦਲਾਂ ਨੇ ਹੋਰ ਹੱਲਾ ਬੋਲ ਦਿੱਤਾ। ਫਿਰ ਕੀਹ ਸੀ, ਤ੍ਰੈ ਚਾਰ ਕੋਹ ਤਕ ਉਹ ਭੱਜੀ ਗਏ ਤੇ ਇਹ ਭਜਾਈ ਗਏ। ਤ੍ਰੈ ਚਾਰ ਕੋਹ ਤਕ ਇਹੋ ਮਾਰ ਹੋਈ। ਗੁਰੂ ਜੀ ਭੱਜੇ ਜਾਂਦਿਆਂ ਦੇ ਮਗਰ ਲੋੜ ਤੋਂ ਵੱਧ ਪੈਣ ਨੂੰ ਰੋਕਿਆ ਕਰਦੇ ਸੇ, ਸੋ ਉਨ੍ਹਾਂ ਵਲੋਂ ਆਗਿਜਾ ਮੁੜਨੇ ਦੀ ਪਹੁੰਚ ਰਹੀ ਸੀ। ਬਹਲੋਲਪੁਰ ਲਾਗੇ, ਜੋ ਤ੍ਰੈ ਚਾਰ ਕੋਹ ਹੋਸੀ, ਇਹ ਪਿੱਛੇ ਹਟਵੀਂ ਤੇ ਭੱਜਵੀਂ ਲੜਾਈ ਹੁੰਦੀ ਗਈ, ਜਿੱਥੋਂ ਜਾਕੇ ਸੈਦਾ ਬੇਗ ਤੇ ਖਾਲਸਾ ਜੀ ਮੁੜ ਪਏ। ਉਧਰ ਅਲਫ਼ ਖ਼ਾਂ ਹੁਣ ਮਸੇ ਮਸੇ ਜਿੰਦ ਬਚਾਕੇ ਤੇ ਟੁੱਟੀ ਭਜੀ ਬਾਕੀ ਰਹੀ ਸੈਨਾ ਲੈਕੇ ਸੁਖ ਦਾ ਸਾਹ ਲੈਣ ਲੱਗਾ।

੪.

ਜਿਥੇ ਗੁਰੂ ਜੀ ਉਸ ਵੇਲੇ ਟਿਕ ਕੇ ਖੜੇ ਜੁੱਧ ਦੀ ਆਗਜਾ ਦੇ ਰਹੇ ਸੇ ਉੱਥੇ ਹੀ ਹੁਣ ਖੜੇ ਸੇ। ਖਾਲਸਾ ਵਾਪਸ ਆਇਆ, ਪਰ ਖਾਲਸੇ ਤੋਂ ਮੂਹਰੇ

ਸੈਦਾਬੇਗ ਸੀ, ਨੇੜੇ ਆਕੇ ਘੋੜੇ ਤੋਂ ਉਤਰ ਪਿਆ ਤੇ ਚਰਨਾਂ ਤੇ ਸੀਸ ਧਰ ਦਿੱਤਾ। ਸਤਿਗੁਰ ਜੀ ਨੇ ਅਸੀਸ ਦਿੱਤੀ ਤੇ ਪੂਰਬਲੀ ਵਾਕਫੀ ਦੀ ਗਜ਼ਾਤ ਦਿੱਤੀ ਤਦ ਉਸ ਨੂੰ ਬੀ ਸੁਰਤ ਹੋ ਗਈ ਤੇ ਚਰਨਾਂ ਨੂੰ ਲਿਪਟ ਗਿਆ। ਹੁਣ ਸੈਦਾਬੇਗ ਇਤਨਾ ਪ੍ਰੇਮੀ ਹੋ ਗਿਆ ਕਿ ਉਸਨੇ ਅਪਣੇ ਸਾਥੀ ਜੋ ਜੁੱਧ ਵਿਚੋਂ ਬਚ ਰਹੇ ਸੇ ਵਿਦਾ ਕਰ ਦਿੱਤੇ। ਜੋ ਧਨ ਪਦਾਰਥ ਪਾਸ ਸੀ ਸੋ ਉਨ੍ਹਾਂ ਨੂੰ ਲੁਟਾ ਦਿੱਤਾ ਤੇ ਕਿਹਾ: ਜਾਓ, ਮੈਂ ਹੁਣ ਤੁਸਾਂ ਦੀ ਸਰਦਾਰੀ ਨਹੀਂ ਕਰ ਸਕਦਾ, ਮੈਨੂੰ ਅੱਲਾ ਨੇ ਹੁਣ ਹੋਰ ਕੰਮੇ ਲਾ ਲਿਆ ਹੈ। ਸਾਥੀ ਉਸਦੇ ਟੁਰ ਗਏ ਤੇ ਉਹ ਗੁਰੂ ਕੇ ਚਰਨਾਂ ਵਿਚ ਰਹਿ ਪਿਆ। ਭਜਨ ਬੰਦਗੀ ਕਰਨੀ ਤੇ ਸਿੰਘਾਂ ਦੇ ਬੀਰ ਰਸੀ ਕਰਤਬਾਂ ਵਿਚ ਸਹਾਈ ਹੋਣਾ ਇਹ ਕਿੱਤਾ ਧਾਰ ਲਿਆ।

ਇਹ ਸੈਦਾਬੇਗ ਵਡੇ ਜੁੱਧ ਵਿਚ ਗੁਰੂ ਕੇ ਦਲਾਂ ਵਲੋਂ ਲੜਦਾ ਸ਼ਹੀਦ ਹੋਇਆ ਸੀ। ਵਡੇ ਜੁੱਧ ਵਿਚ ਇਕ ਸੈਦ ਖ਼ਾਨ ਦਾ ਜ਼ਿਕਰ ਹੈ, ਪਰ ਉਹ ਹੋਰ ਸੂਰਮਾ ਸੀ। ਸੈਦਾ ਬੇਗ ਤੇ ਸੈਦ ਖ਼ਾਨ ਦੋ ਸੂਰਮੇ ਮਚੇ ਜੰਗ ਵਿਚ ਗੁਰੂ ਕੇ ਸਿੱਖ ਬਣੇ ਸੇ।

ਤੁਰਕ ਸੈਨਾ ਬਚੀ ਖੁਚੀ ਅਲਫ ਖਾਂ ਦੇ ਨਾਲ ਪਹਿਲੋਂ ਹੀ ਜਾ ਚੁਕੀ ਸੀ। ਸੈਦਾ ਬੇਗ ਦੀ ਰਹੀ ਖਹੀ ਸੈਨਾ ਉਸਦਾ ਬਖਸ਼ਿਆ ਪਦਾਰਥ ਲੈਕੇ ਬੀ ਵਿਦਾ ਹੋ ਚੁਕੀ ਸੀ। ਸਤਿਗੁਰ ਜੀ ਆਪਣੇ ਡੇਰੇ ਆਏ। ਸਿੱਖਾਂ, ਜੋਧਿਆਂ ਤੇ ਸਰਦਾਰਾਂ ਨੇ ਥਾਓਂ ਥਾਈਂ ਡੇਰੇ ਕੀਤੇ। ਸੈਦਾ ਬੇਗ ਨੂੰ ਭੀ ਇਕ ਡੇਰਾ ਉਤਾਰੇ ਲਈ ਦਿੱਤਾ ਗਿਆ। ਰਾਤ ਸਭ ਨੇ ਆਰਾਮ ਕੀਤਾ, ਅਗਲੇ ਦਿਨ ਸਵੇਰੇ ਦੀਵਾਨ ਵਿਚ ਸ੍ਰੀ ਗੁਰੂ ਜੀ ਨੇ ਸੈਦਾਬੇਗ ਨੂੰ ਸਿੱਖੀ ਦਾ ਦਾਨ ਦਿੱਤਾ ਤੇ ਸ਼ਸਤ੍ਰ ਦੇਕੇ ਜੋਧਿਆਂ ਵਿਚ ਮੁਰਾਤਬਾ ਬਖਸ਼ਿਆ। ਹੁਣ ਉਹ ਸਿੰਘਾਂ ਦੇ ਨਾਲ ਅਨੰਦਪੁਰ ਨੂੰ ਸ੍ਰੀ ਗੁਰੂ ਜੀ ਦੀ ਤਾਬਿਆ ਤੁਰ ਪਿਆ। ਅਨੰਦ ਪੁਰ ਅਗੇ ਖਬਰਾਂ ਪੁੱਜ ਗਈਆਂ ਸਨ ਕਿ ਗੁਰੂ ਜੀ ਤੇ ਅਲਫ ਖਾਂ ਦਾ ਹੱਲਾ ਹੋ ਗਿਆ ਹੈ ਤੇ ਹੋਰ ਫੌਜ ਤਯਾਰ ਹੋਕੇ ਕੁਮਕ ਲਈ ਕੂਚ ਕਰ ਰਹੀ ਸੀ ਕਿ ਫਤਹ ਦੀ ਖਬਰ ਪੁੱਜ ਪਈ। ਅੱਜ ਸਤਿਗੁਰੂ ਜੀ ਆਪ ਫਤਹ ਦਾ ਰਣਜੀਤ ਨਗਾਰਾ ਵਜਾਉਂਦੇ ਪਹੁੰਚ ਪਏ। ਆਨੰਦ ਪੁਰ ਵਿਚ ਘਰ ਘਰ ਖੁਸ਼ੀ ਹੋਈ।

ਕਲਗੀਆਂ ਵਾਲੇ ਦੇ ਸ੍ਵਾਗਤ ਵਿਚ

ਗੈਂਦੇ ਦਾ ਫੁੱਲ

ਮੋਤੀਆ ਰਿਹਾ ਨ ਰਹੀ ਚੰਬੇਲੀ
ਗਏ ਗੁਲਾਬ ਸੁ ਸੁੱਚੇ,
ਗੈਂਦੇ ਜੀ ਕਿੰਵ ਰੂਪ ਦਿਖਾਏ?
ਸਰਦੀਓਂ ਨਹੀਂ ਸੰਗੁੱਚੇ?
ਗੈਂਦੇ ਕਿਹਾ: "ਮੈਂ ਹੁਸਨ ਰਾਜ ਨੇ
ਖੇੜਾ ਲਾਕੇ ਪੂਰ ਦਾ,
"ਸ੍ਵਾਗਤ ਸਤਿਗੁਰ ਲਈ ਘੱਲਿਆ-
'ਖੜੇ ਰਹੋ ਖਿੜ ਉੱਚੇ'।"

ਬਸੰਤ ਤੋਂ ਪਹਿਲੇ ਬਸੰਤ

ਮੌਸਮ ਅਜੇ ਬਸੰਤ ਦਾ ਆਇਆ ਨਾਂ
ਸਰਹੋਂ ਤੋਰੀਏ ਜ਼ਰੀ ਖਿਲਾਰ ਦਿੱਤੀ:-
ਜਗਤਨਾਥ ਦੇ ਆਇਆਂ ਬਹਾਰ ਦਿੱਸੇ,
ਬਿਨ ਬਸੰਤ ਖਿਲਾਰ ਬਹਾਰ ਦਿੱਤੀ।
ਆਖਣ: 'ਆਂਵਦਾ ਮਾਣ ਨਿਮਾਣਿਆਂ ਦਾ,
'ਅਸਾਂ ਨੀਵਿਆਂ ਲਾ ਗੁਲਜ਼ਾਰ ਦਿੱਤੀ।
'ਕਿਵੇਂ ਕਲਗੀਆਂ ਵਾਲੇ ਦੀ ਨਜ਼ਰ ਪੈ ਜਜੇ
'ਜਿਸਨੇ ਭੌਜਲੋਂ ਦੁਨੀ ਹੈ ਪਾਰ ਕੀਤੀ।'

ਸੂਚਨਾ-ਗੁਰੂ ਜੀ ਜਦ ਸੂਰਜ ਗ੍ਰਹਣ ਨੂੰ ਚਲੇ ਗਏ ਸੇ, ਤਦੋਂ ਮਗਰੋਂ ਬਿਲਾਸਪੁਰ ਵਿਚ ਇਕ ਕੌਤਕ ਵਰਤਿਆ ਸੀ, ਜਿਸ ਦਾ ਹਾਲ ਅਗਲੇ ਪ੍ਰਸੰਗ ਵਿਚ ਹੈ:-

੬੫. ਮੀਰ ਸ਼ਿਕਾਰ*।

ਟਿਕਾਣਾ-ਬਿਲਾਸਪੁਰ ਦਾ ਬਨ।
{ਆਏ-ਰਾਜਾ ਵਜ਼ੀਰ, ਸੈਨਾਪਤੀ
{ਦੀਵਾਨ, ਮੁਸਾਹਿਬ, ਸਿਪਾਹੀ ਤੇ ਸਵਾਰ।

ਰਾਜਾ ਬਿਲਾਸਪੁਰੀਆਂ:-
ਅੱਜ ਸੁਆਦ ਨਹੀਂ ਕੁਛ ਆਇਆ, ਖੇਡ ਸ਼ਿਕਾਰ ਗਵਾਇਆ। ਮਿਰਗ ਨ ਕੁਈ ਨਿਸ਼ਾਨੇ ਬੈਠਾ ਸੂਰ ਨ ਨਜ਼ਰੀਂ ਆਇਆ। ਨਾ ਲੱਧਾ ਸੁਰਖ਼ਾਬ, ਨਦੀ ਤੇ ਨਾ ਮੁਰਗਾਈ ਆਈ। ਦੌੜ ਧੂਪ ਤੇ ਹਾ ਹਾ ਹੂ ਹੂ ਐਵੇਂ ਪਾਇ ਗਵਾਈ।

ਵਜ਼ੀਰ-ਮੀਰ ਸ਼ਿਕਾਰ ਬਿਨਾਂ, ਸਰਕਾਰ! ਨਹੀਂ ਹੈ ਸ੍ਵਾਦ ਕਦੀ ਬੀ ਆਇਆ। ਮੀਰ ਸ਼ਿਕਾਰ ਬਡਾ ਉਸਤਾਦ ਮਨੋਂ ਹੈ ਓਸ ਸ਼ਿਕਾਰ ਗਿਝਾਇਆ। ਮੌਤ ਸੁ ਵੱਸ ਕਰੀ ਮਿਰਗਾਂ ਦੀ ਆਵੇ ਭੱਜ ਜੁ ਓਸ ਬੁਲਾਇਆ। ਹੈ ਅਫਸੋਸ ਬੜਾ ਪਰ ਸ੍ਵਾਮੀ! ਰੋਗ ਬੜੇ ਉਸ ਘੇਰ ਬਿਠਾਇਆ।

ਰਾਜਾ- ਹੈਂ ਹੈਂ ਰੋਗ ! ਕੀ ਹੈ ਰੋਗ
ਜਿਸ ਨੇ ਕੀਤਾ ਮੀਰ ਸਰੋਗ?

ਵਜ਼ੀਰ-ਮੀਰ ਰੋਗ਼ ਹੈ 'ਮੀਰ ਸ਼ਿਕਾਰ' ਲੱਗਾ ਜਿਸਦਾ ਕੁਝ ਉਪਾਉ ਨ ਲੱਝਦਾ ਹੈ। ਵਾਂਙ ਵਬਾ ਦੇ ਰੋ ਏ ਫੈਲ ਰਹਿਆ, ਆਵੇ ਅੱਗ ਦੇ ਵਾਂਙ ਏ ਦੱਝਦਾ ਹੈ। ਜਿਹੜਾ ਫਸੇ ਉਹ ਨਿਕਲ ਨਾ ਸੱਕਦਾ ਹੈ, ਕੱਢੇ ਕੁਈ ਤਾਂ ਆਪ ਓ ਬੱਝਦਾ ਹੈ! ਸੰਜਮ ਕਰੇ ਨਾ, ਕਰੇ ਕੁਪੱਥ ਭਾਰੇ, ਦਾਰੂ ਦਿਓ ਤਾਂ ਟੱਪ ਕੇ ਭੱਜਦਾ ਹੈ।

ਰਾਜਾ-ਸਾਫ ਮੰਤ੍ਰੀ! ਕਹੋ, ਕੀ ਰੋਗ ਆਇਆ?
ਮੀਰ ਘੇਰਿਆ, ਦੇਸ਼ ਨੂੰ ਵਖਤ ਪਾਇਆ?

ਵਜ਼ੀਰ-ਹੈ ਸੈਨਾਂਪਤੀ ਦਾ ਬੜਾ ਯਾਰ ਪਜਾਰਾ,
ਹੈ ਦਿਲ ਭੇਤ ਮਾਲੂਮ ਇਸ ਜੋਗ ਸਾਰਾ।

ਰਾਜਾ-ਕਹੋ ਸੈਨ ਸੂਰੇ! ਮਰਮ ਦੀ ਕਹਾਨੀ।
ਓ ਔਹਰ ਕਹੋ ਮੀਰ ਵਿਚ ਜੋ ਪਛਾਨੀ।

ਸੈਨਾਪਤਿ-ਹੋ ਇਕਬਾਲ ਭਾਰਾ ਸਦਾ ਰਾਜ ਰਾਓ।
ਮੈਂ ਦੱਸਾਂਗਾ ਸਭ, ਜਾਨ ਬਖਸ਼ੀ ਕਰਾਓ।

ਰਾਜਾ-ਡਰੋ ਨਾ ਡਰੋ ਨਾ, ਮੈਂ ਜਾਂ ਬਖਸ਼ ਕੀਤੀ।
ਕਹੋ ਹਾਲ ਸਾਰਾ, ਜੋ ਸਿਰ ਓਸ ਬੀਤੀ।

ਸੈਨਾਪਤਿ-ਹੈ ਰੋਗ ਲੱਗਾ ਪ੍ਰੇਮ ਵਾਲਾ ਮੀਰ ਰੋਗੀ ਹੋ ਗਿਆ। ਮੈਂ ਕਈ ਦਾਰੂ ਕਰ ਰਿਹਾ ਕੋਈ ਨਾ ਕਾਰੀ ਹੈ ਪਿਆ। ਹੈ ਗੁਰੂ ਕਲਗੀ ਵਾਲਾੜਾ ਵਿਚ ਦੂਨ ਸਾਡੀ ਆ ਰਿਹਾ। ਓਹ ਤੀਰ ਮਾਰੇ ਸ਼ਬਦ ਦੇ, ਚੱਖੇ ਤੇ ਬਚਣਾ ਫਿਰ ਕਿਹਾ? ਓ ਮੀਰ ਮਾਰ ਸ਼ਿਕਾਰ ਸੀ ਸੁ ਸ਼ਿਕਾਰ ਆਪਹਿ ਹੋ ਗਿਆ। ਨਿਤ ਤੜਫਦਾ ਹੈ ਵਿਲਕਦਾ, ਖਿਨ ਹੱਸਦਾ, ਖਿਨ ਰੋ ਪਿਆ।

ਰਾਜਾ-ਸਦਾ ਦੇ ਦੁੱਖ ਹੁਣ ਸਾਨੂੰ, ਦਏ ਹੈ ਕਲਗੀਆਂ ਵਾਲਾ। ਸਦਾ ਖੇਡੇ ਸ਼ਿਕਾਰ ਏ ਹੈ ਅਪੁੱਠੀ ਖੇਡ ਦੇ ਝਾਲਾ। ਉਪ੍ਰਾਲੇ ਕਰ ਥਕੇ, ਹਾਰੇ, ਨਹੀਂ ਕੁਝ ਪੇਸ਼ ਹੈ ਜਾਂਦੀ। ਕਰਾਂ ਹੁਣ ਜ਼ੋਰ ਮੈਂ ਭਾਰਾ, ਚਲਾਵਾਂ ਵੇਗ ਦਾ ਚਾਲਾ। ਬੁਲਾਵਾਂ ਬੀਰ ਸਭ ਭਾਈ, ਜੁੜਾਵਾਂ ਧਾਰ ਮੈਂ ਬਾਈ, ਕਟਕ ਆਸੀ ਮੁਗਲ ਸ਼ਾਹ ਦਾ, ਮਚੇਗਾ ਅੱਤਿ ਦਾ ਘਾਲਾ। ਮਿਟੇ ਇਹ ਨਿੱਤ ਦਾ ਝਗੜਾ; ਏ ਵੱਖੀ ਸੂਲ ਬਾਹਰ ਹੋ, ਪਵੇ ਤਦ ਠੰਢ ਮੈਂ ਸੀਨੇ, ਸਵਾਂ ਸੁਖ ਨੀਂਦ, ਲਹਿ ਪਾਲਾ। ਉਧਰ ਜਾਓ ਹੁਣੇ ਕੋਈ, ਪਕੜ ਬੰਨ੍ਹ ਮੀਰ ਲੈ ਆਵੋ, ਸੁਆਰਾਂ ਭੁਗਤ ਮੈਂ ਉਸਦੀ, ਭਰੇ ਫਿਰ ਪ੍ਰੇਮ ਦਾ ਹਾਲਾ।

ਦੀਵਾਨ-ਬਖਸ਼ੋ ਜਾਨ, ਜਿ ਰਾਇ ਸੁਜਾਨ।
ਕਰਾਂ ਬਿਨਯ ਇਕ ਜੋਗ ਧਿਆਨ।

ਰਾਜਾ-ਕਹੋ ਛੇਤੀ, ਜੀ ਖੱਟਾ ਹੈ।
ਮਿਟੇ ਕਿਵੇਂ ਏ ਰੱਟਾ ਹੈ।

ਦੀਵਾਨ-ਅਪਨੀ ਸੈਨਾਂ ਰਾਇ ਜੀ! ਕੱਠੀ ਕਰਕੇ ਆਪ, ਜੇ ਲੜੀਏ ਤੇ ਮਾਰੀਏ, ਪਤ ਸਿਉਂ ਮਿਟਦਾ ਤਾਪ। ਜੇ ਰਾਜੇ ਸਭ ਨਾਲ ਦੇ ਸੂਰੇ ਬਾਈ ਧਾਰ, ਕੁੰਮਕ ਲੈਕੇ ਜੂਝੀਏ ਪਤ ਦਾ ਨਹੀਂ ਵਿਗਾੜ। ਪਰ ਜੋ ਲੈਣੀ ਤੁਰਕ ਦੀ ਕੁੰਮਕ ਹੈ, ਹੇ ਰਾਉ! ਪਤ ਅਪਣੀ ਹੈ ਖੋਵਣੀ, ਸ੍ਹੈ ਘਾਤਕ ਏ ਦਾਉ। ਕਲਗੀਧਰ ਨਹੀਂ ਓਪਰਾ, ਤੁਰਕ ਆਪਣਾ ਨਾਂਹਿ, ਅਪਣੇ ਝਗੜੇ ਆਪ ਹੀ ਲਈਏ ਆਪ ਨਿਬਾਹਿ। ਜੇ ਜਿੱਤੇ ਤਾਂ ਅਸੀਂ ਹਾਂ, ਜੇ ਹਾਰੇ ਨਾ ਹੋਰ, ਪਰ ਕੁਮੱਕ

*ਇਹ ਪ੍ਰਸੰਗ ਖਾ: ਸਮਾ: ਵਿਖੇ ੫ ਪੋਹ ਸੰ: ਗੁ: ਨ: ਸਾਹਿਬ ੪੩੮ (੧੯੦੬ ਈ:) ਦਸੰਬਰ ੧੯ ਦੇ ਗੁਰਪੁਰਬ ਸਪਤਮੀ ਪਰ ਪ੍ਰਕਾਸ਼ਿਆ ਸੀ।

ਜੋ ਤੁਰਕੀ ਦੀ, ਸਿੱਲੇਗੀ ਜਿਉਂ ਚੋਰ। ਜੇ ਜਿੱਤੇ ਤਾਂ ਅਸਾਂ ਤੇ, ਭਾਰੂ ਪੈਸੀ ਓਹ, ਕਰ ਅਹਿਸਾਨ ਅਮੇਣਵੇਂ ਸਦਾ ਰੱਖਸੀ ਕੋਹ। ਜੇ ਹਾਰੇ ਤਾਂ ਖਾਇਗਾ, ਸਾਡੇ ਉੱਤੇ ਰੋਹ; ਤਾਪਦਿੱਕ ਜਿਉਂ ਲੱਗ ਰਿਹਾ ਫਿਰ ਹੈਜ਼ੇ ਦੀ ਖੋਹ। ਓਪ੍ਰਾ ਕਦੀ ਨ ਸੱਦੀਏ, ਅਪਣੀ ਉਸਦੇ ਹੱਥ, ਪੱਤ ਨ ਕਦੀ ਫੜਾਈਏ, ਏ ਨੀਤੀ ਦੀ ਮੱਤ।

ਰਾਜਾ-ਹੋ ਚੁਪ, ਛਾਣ ਮੰਤਕ ਨ, ਬੁੱਢੇ ਦਿਵਾਨ!
ਤੂੰ ਸੱਤਰ ਬਹੱਤਰ ਗਿਆ ਹੈਂ, ਨਾਦਾਨ!
ਚਲੋ ਓ ਪਿਆਦੇ! ਕਰੋ ਤੁਰਤ ਛੁਟ!
ਸਕਤੂ ਲਿਆਵੋ, ਨ ਆਵੇ, ਦੇ ਕੁਟ!

ਪਿ:-ਸੱਤਬਚਨ ਸ੍ਰੀ ਹਜ਼ੂਰ! ਜੈਤਸਿਰੀ ਅਰੀ ਚੂਰ!
{ਪਿਆਦੇ ਮੀਰ ਸ਼ਿਕਾਰ ਦੇ ਘਰ ਗਏ ਤੇ ਪਕੜ ਕੇ ਲੈ ਆਏ}

ਰਾਜਾ (ਰੋਹ ਵਿਚ)-
ਵਿਸਾਹ ਘਾਤੀਆ ਸ਼ਕਤੂਆ ਰਾਜ ਦ੍ਰੋਹੀ!
ਹਰਾਮੀ ਨਿਮਕ, ਪਾਜੀਆ ਸ੍ਵਾਮਿ ਧ੍ਰੋਹੀ!
ਕਰੇਂ ਪਜਾਰ ਤੂੰ ਸ਼ੱਤ੍ਰੂਆਂ ਨਾਲ ਸਾਡੇ!
ਆਡੇ ਹੈਂ ਦਿਨ ਆ ਗਏ ਦੁਸ਼ਟ ਡਾਢੇ!

ਮੀਰ ਸ਼ਿ:-ਨ ਮੈਂ ਰਾਜ ਦ੍ਰੋਹੀ, ਨ ਹਾਂ ਸ੍ਵਾਮਿ ਧ੍ਰੋਹੀ!
ਗੁਨਹਗਾਰ ਨਾਹੀਂ, ਬੁਰਾਈ ਨ ਛੋਹੀ!
ਜੇ ਕੀਤਾ ਹੈ ਕੁਝ, ਦੰਡ ਦੇਵੋ, ਹੇ ਰਾਣਾ!
ਜੁ ਕੀਤਾ ਸੁ ਭਰਨਾ, ਹੈ ਭਰਨਾ ਕਮਾਣਾ।

ਵਜ਼ੀਰ-ਕਰ ਸਮਝ ਸਕਤੂ ਬੇਲ ਨਾਹੀਂ,
ਕਹੇ ਸ੍ਵਾਮੀ ਸੋ ਕਰੋ।
ਨਾ ਬੋਲ ਬੋਲੋ ਉੱਚੜੇ,
ਪੈ ਸ਼ਰਨ, ਅਪਦਾ ਨੂੰ ਹਰੋ!

ਸੈਨਾਪਤਿ-ਹੋ ਗਿਆ ਹੈ ਰਾਇ ਨੂੰ,
ਕਿੱਸਾ ਮੁਹੱਬਤ ਦਾ ਪ੍ਰਕਾਸ਼।
ਮੀਰ ਜੀ! ਹੁਣ ਲੁਕ ਨਹੀਂ,
ਹੈ ਸ਼ਰਣ ਅੰਦਰ ਬਖਸ਼ ਆਸ।

ਮੀਰ ਸ਼ਿ:-ਹੇ ਰਾਇ ਜੀ! ਏ ਦੋਸ਼ ਹੈ,
ਯਾ ਦੋਸ਼ ਕੋਈ ਹੋਰ ਹੈ?
ਜੇ ਦਾਸ ਨੂੰ ਏ ਪਤਾ ਹੋਵੇ,
ਦਏ ਕਿੱਸਾ ਫੇਰ ਹੈ।

ਰਾਜਾ:-ਚਲੋ ਕਪਟ ਵਾਲੇ ਨ ਚਾਲਾਂ ਦਿਖਾਓ।
ਕੀ ਏ ਦੋਸ਼ ਥੋੜਾ ਹੈ, ਦੁਸ਼ਮਨ ਰਿਝਾਓ?
ਨਹੀਂ ਹੋਰ ਕੋਈ ਤਾਂ ਕੀ ਏ ਨਹੀਂ ਹੈ?
ਜੇ ਏ ਹੈ ਤਾਂ ਫਿਰ ਹੋਰ ਬਾਕੀ ਰਹੀ ਹੈ?

ਮੀਰ ਸ਼ਿਕਾਰ:-
*ਹੈ ਵੈਰੀ ਉਹ ਨਹੀਂ ਰਾਜਾ!
ਜੋ 'ਕਲਗੀ-ਸੀਸ-ਧਾਰੀ' ਹੈ,
ਉਹ ਪ੍ਰੀਤਮ ਹੈ ਸਰਿਸ਼ਟੀ ਦਾ,
ਸਰਿਸ਼ਟੀ ਓਸ ਪਜਾਰੀ ਹੈ।
ਹੈ ਸੀਨਾਂ ਸਾਫ, ਦਿਲ ਨਿਰਮਲ,
ਬਿਰਾਜੇ ਹੈ ਪ੍ਰਭੂ ਓਥੇ,
ਨਾ ਭੈ ਕੀਨਾ ਵਸੇ ਓਥੇ,
ਮੁਹੱਬਤ ਦੀ ਕਿਆਰੀ ਹੈ।
ਜਗਤ ਤਾਰਨ ਜਗੱਤ ਆਯਾ,
ਪ੍ਰਜਾ ਦੁਖ ਦੂਰ ਕਰਨੇ ਨੂੰ,
ਹੈ ਜੋੜਨ ਸ੍ਰਿਸ਼ਟਿ ਸੰਗ ਸ੍ਰਿਸ਼ਟੇ;
ਸਦਾ ਉਪਕਾਰ ਜਾਰੀ ਹੈ।
ਨ ਲੜਦਾ ਓ ਕਿਸੇ ਸੰਗ ਹੈ,
ਬਚਾਵੇ ਦਰਦਮੰਦਾਂ ਨੂੰ,
ਕਰੇ ਰਖਿਆ ਦੁਖੀ ਲੋਕਾਂ ਦੀ,
ਖੜਗ ਇਸ ਜੋਗ ਧਾਰੀ ਹੈ।
ਨ ਭੁੱਖਾ ਰਾਜ ਦਾ ਹੈ ਓ,
ਨ ਰੱਖੇ ਲੋੜ ਦੇਸ਼ਾਂ ਦੀ,
ਚਹੇ ਕਰਨਾ 'ਸੁਤੰਤਰ' ਏ,
ਜੁ ਭਾਰਤ ਅੱਜ ਆਰੀ ਹੈ।
ਸਦੀ ਸਤ ਤੋਂ ਗਈ 'ਦੇਵੀ
ਸੁਤੰਤਰਤਾ ਦੀ' ਛਡ ਸਾਨੂੰ,
ਤਦੋਂ ਤੋਂ 'ਦਾਸ' 'ਦੁਖੀਏ' ਹਾਂ,
ਅਕਲ ਜ਼ੁਲਮਾਂ ਨੇ ਮਾਰੀ ਹੈ।
ਲੁਪਤ ਹੋਈ 'ਸੁਤੰਰਤਾ ਦੀ
ਦੇਵੀ' ਓਸ ਸਤਿਗੁਰ ਨੇ
ਕਰੀ ਪਰਗਟ ਹੈ ਫਿਰ ਏਥੇ,
ਖਿੜਾਈ 'ਖੁੱਲ੍ਹ' ਵਾੜੀ ਹੈ।
ਓ ਦੇਵੀ ਆਖਦੀ ਹੈਵੇ:
'ਮੈਂ ਪਰਗਟ ਸੀ ਨਹੀਂ ਹੋਣਾ,
"ਇਨ੍ਹਾਂ ਲੋਕਾਂ ਤੋਂ ਅਕ ਥਕ ਕੇ
ਹੋ ਮਾਰੀ ਸੀ ਉਡਾਰੀ ਮੈਂ।

*ਭੈਰਵੀ।

"ਤਿਰੀ ਖ਼ਾਤਰ ਹੈ ਸ੍ਵਾਮੀ ਮੈਂ,
ਜੁ ਦਾਸੀ ਹਾਂ ਹੁਕਮ ਬੱਧੀ,
"ਆਈ ਫਿਰ ਦੇਸ਼ ਦੇ ਉੱਤੇ,
ਦਿਆਂਗੀ 'ਖੁੱਲ੍ਹ' ਖਿਲਾਰੀ ਮੈਂ"।
ਗੁਰੂ ਉਪਕਾਰ ਕੀਤਾ ਹੈ,
ਜੋ ਦਿਆਂ ਸੱਤ ਦੇ ਅੰਦਰ-
ਕਿਸੇ ਪਾਸੋਂ ਨ ਹੋਇਆ ਹੈ,
ਕਰਨ ਦੀ ਨਾਂ ਹੀ ਯਾਰੀ ਹੈ।
ਗੁਰੂ ਸੱਦੇ ਹੈ ਭਾਰਤ ਨੂੰ,
ਓ ਸੱਦੇ ਰਾਉ ਰੰਕਾਂ ਨੂੰ,
ਕਹੇ "ਦੇਵਾਂ ਸੁਤੰਤਰਤਾ,
ਲਓ, ਪਰਜਾ ਪਿਆਰੀ ਹੈ"।
ਚਲੋ ਰਾਜਾ! ਭਵਨ ਪਰਸੋ,
ਚਲੋ ਹੇ ਸੱਭ ਉਮਰਾਵੋ!
ਚਲੋ ਪੂਜੋ, ਸੁਤੰਤਰਤਾ ਦੀ
ਦੇਵੀ, ਗੁਰ ਖਲ੍ਹਾਰੀ ਹੈ।
ਦੁਖਾਈ ਬਹੁਤ ਸੀ ਉਹ ਤਾਂ
ਅਸਾਂ ਅਪਰਾਧ ਕਰ ਕਰ ਕੇ
ਕਰੋ ਛੇਤੀ ਨ ਗੁੱਸੇ ਹੋ
ਕਿਤੇ ਮਾਰੇ ਉਡਾਰੀ ਹੈ।
ਗੁਰੂ ਪਜਾਰਾ, ਗੁਰੂ ਹੈ ਪਜਾਰ,
ਉ ਹੈ ਅਵਤਾਰ ਪ੍ਰੀਤੀ ਦਾ,
ਤਜੋ ਦਿਲ ਵੈਰ ਜੇ ਰਾਜਾ,
ਲਗੇ ਸੂਰਤ ਪਿਆਰੀ ਹੈ।
ਗੁਰੂ ਝੰਡੇ ਦੇ ਹੇਠਾਂ ਸਭ,
ਚਲੋ ਕੱਠੇ ਹੋ ਰਾਜਾ ਜੀ!
ਕਰੋ ਭਾਰਤ ਨੂੰ 'ਸ੍ਵੈਤੰਤਰ',
ਨ ਬਾਜ਼ੀ ਜਾਇ ਹਾਰੀ ਹੈ।

ਰਾਜਾ:-ਓ ਗੁਸਤਾਖ ਮਰਦੂਦ ਟੱਪੇ ਜੁੜਾਵੇਂ,
ਬਨੌਤਾਂ ਬਨਾਵੇਂ ਤੇ ਮੈਨੂੰ ਸੁਨਾਵੇਂ।
ਲੈ ਸੁਣ ਸੋਚ, ਕਰ ਹੋਸ਼, ਵੇਲਾ ਅਜੇ ਹੈ,
ਗੁਰੂ ਦੀ ਪਰੀਤੀ ਜੇ ਹੁਣ ਵੀ ਤਜੇ ਹੈਂ,
ਮੈਂ ਬਖਸ਼ਾਂ, ਦਿਆਂ ਬਖਸ਼ ਅਪਰਾਧ ਤੇਰਾ,
ਤੂੰ ਪਜਾਰਾ ਬਹੁਤ ਮੀਰ ਸ਼ਕਤੂ ਹੈਂ ਮੇਰਾ,
ਜਿ ਨਾ ਪ੍ਰੀਤ ਤਜਾਗੋਂ ਤਾਂ ਜਾਹ ਕੈਦ ਅੰਦਰ,
ਲੁਟੋ ਮੌਜ ਖੁੱਲ੍ਹਾਂ ਦੀ ਬੰਦੀ ਦੇ ਮੰਦਰ।

ਮੀਰ:-ਹੋ ਗਿਆ, ਰਾਜਾ ਜੀ! ਮੈਨੂੰ
ਪ੍ਰੇਮ ਗੁਰ ਦਾ ਹੋ ਗਿਆ,
ਹਾਂ, ਪ੍ਰੇਮ ਮੈਂ ਹਾਂ ਹੋ ਗਿਆ,
ਤੇ ਫਰਕ ਸਾਰਾ ਥੈ ਗਿਆ,
ਜੇ ਵੱਸ ਮੇਰੇ ਹੋਂਵਦਾ
ਮੈਂ ਪ੍ਰੇਮ ਬਾਹਰ ਮਾਰਦਾ;
ਮੈਂ ਦੇਖਦਾ ਜੇ ਦੂਸਰਾ,
ਨਾ ਸੀਸ ਰਾਜਾ ਹਾਰਦਾ।
ਮੈਂ ਇਸ ਲਈ ਨਾ ਪ੍ਰੇਮ ਕਰਦਾ,
ਖੁਸ਼ੀ ਹੁੰਦੀ ਕੀਤਿਆਂ।
ਪਰ ਇਸ ਲਈ ਕਿ ਰਹਿ ਨ ਸਕਦਾ,
ਨਾਮ ਬਿਨ-ਗੁਰ ਲੀਤਿਆਂ।
ਮੈਂ ਇਸ ਲਈ ਨਾ ਪ੍ਰੇਮ ਕਰਦਾ,
ਗੁਰੂ ਸੁੰਦਰ ਅੱਤਿ ਹੈ,
ਪਰ ਗੁਰੂ 'ਮੈਨੂੰ' 'ਮੈਂ' ਤੋਂ ਮੇਰੀ
ਨਿਕਟ ਵਰਤੀ ਸੱਤ ਹੈ।
ਹਾਂ, ਮੈਂ ਕਦੀ ਹੋ ਓਪਰਾ ਸਕਦਾ
ਹਾਂ ਅਪਣੇ ਆਪ ਨੂੰ;
ਪਰ ਗੁਰੂ ਮੈਨੂੰ ਆਪਣਾ ਹੈ,
ਹਰਫ ਹੈ ਜਿਉਂ ਛਾਪ ਨੂੰ।
ਮੈਂ ਜਿ ਆਪਾ ਆਪ ਤੋਂ
ਬਾਹਰ ਨਿਕਾਲਣ ਜਾਣਦਾ।
ਗੁਰੂ ਤਾਂਈ ਫੇਰ ਬੀ ਬਾਹਰ
ਨਿਕਾਲ ਨ ਜਾਣਦਾ।

ਰਾਜਾ:-
ਹੋ ਸਕਤੂ ਨਿਦਾਨ, ਤੈਂ ਆਪਣੀ ਮੌਤ ਆਪ ਸੱਦੀ ਹੈ, ਲੈ ਜਾਓ ਕਾਰਾਗ੍ਰਿਹ। ਕਿਉਂ ਵਜ਼ੀਰ! ਸੈਨਾਂਪਤ! ਕੁਛ ਉਜ਼ਰ ਹੈ?

ਵਜ਼ੀਰ-ਨਹੀਂ ਸਰਕਾਰ!

ਸੈਨਾਂਪਤ-ਜੋ ਹੁਕਮ ਸਰਕਾਰ! (ਸਕਤੂ ਵਲ ਤੱਕ ਕੇ) ਸਕਤੂ! ਹੋਸ਼ ਕਰ?

ਮੀਰ:-ਮੈਨੂੰ ਆਖੋ ਓ ਬਾਤ
ਆਖੀ ਜੁ ਸੀ ਇੱਕ ਨੇ ਕਿਸੇ ਨੂੰ।
ਚਾਨਣ ਕਾਲੀ ਹੋ ਰਾਤ-
ਆਖੇ ਮੇਰੇ ਲੱਗਿਓ ਜੇ ਕਦੀ:-
ਬਾਹਰ ਅਪਣੇ ਨਿਕਾਲ-
ਹੱਥੀਂ ਫੜੋ ਨੈਣ ਦੋ ਸੋਹਿਣੇ,
ਦੇਖੋ ਹੋ ਹੋ ਨਿਹਾਲ-

ਨੈਣਾਂ ਇਨ੍ਹਾਂ ਸੁਹਣਿਆਂ ਪਜਾਰਿਆਂ।
ਜਿੱਕੁਰ ਸੰਭਵ ਏ ਬਾਤ
ਉੱਕਰ ਪਜਾਰੇ ਦਾ ਹੈ ਕੱਢਣਾ।
ਜਿੱਕੁਰ ਪਾ ਕੇ ਹੈ ਝਾਤ-
ਨੈਣਾਂ ਉਨ੍ਹਾਂ ਕੱਢਿਆਂ ਦੇਖਣਾ।
ਰਾਜਾ:-ਸ਼ੁਦਾਈ ਹੈ, ਕਜ਼ਾਈ ਹੈ,
ਮੌਤ ਸਿਰੇ ਤੇ ਆਈ ਹੈ,
ਇੱਕੋ ਕੈਦ ਦੁਆਈ ਹੈ,
ਜੋ ਹੁਕਮ ਅਸਾਡੇ ਪਾਈ ਹੈ।
{ਬੰਨ੍ਹ ਕੇ ਲੈ ਗਏ।}

ਸੂਚਨਾ-ਹੁਣ ਜਦ ਸਤਿਗੁਰੂ ਜੀ ਕੁਰੁਛੇਤ੍ਰ ਤੋਂ ਆਨੰਦ ਪੁਰ ਅੱਪੜੇ ਤਾਂ ਸਕਤੂ ਦੀ ਕੈਦ ਦੀ ਖ਼ਬਰ ਸੁਣੀ। ਉਸਦੀ ਖ਼ਲਾਸੀ ਦੇ ਪ੍ਰਬੰਧ ਵਿਚਾਰ ਰਹੇ ਸਨ ਕਿ ਖ਼ਬਰ ਆਈ ਜੋ ਉਹ ਸਿੱਖੀ ਸਿਦਕ ਵਿਚ ਪ੍ਰਲੋਕ ਜਾ ਬਸਿਆ ਹੈ।

ਇਕ ਦਿਨ ਇਕ ਬ੍ਰਾਹਮਣ ਨੇ ਫਰਿਆਦ ਕੀਤੀ ਕਿ ਬੱਸੀ ਦੇ ਜਾਬਰ ਖਾਂ ਪਠਾਣ ਨੇ ਮੇਰਾ ਡੋਲਾ ਖੋਹ ਲਿਆ ਹੈ। ਕੀਕੂੰ ਇਸਦੀ ਬਹੁੜੀ ਹੋਈ ਅਗਲੇ ਪ੍ਰਸੰਗ ਤੋਂ ਪਤਾ ਲਗਦਾ ਹੈ-

੯੯. ਗਈ ਬਹੋੜ*।

{ਦ੍ਵਿਜ ਨਾਰੀ ਛੁਡਾਈ}

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਦਿਨ ਦੀਵਾਨ ਵਿਚ ਬੈਠੇ ਸਨ ਕਿ ਦੂਰ ਤੋਂ ਕੋਈ ਦੁਖ ਦੀ ਝੀਣੀ ਬਾਣਿ ਆਈ। ਕੰਨੀ ਦੁਖਦੀ ਸੋ ਪੈਂਦਿਆਂ ਸਾਰ ਦੁਖ ਸੁਣਨ ਵਾਲੇ ਦੇ ਕੰਨ ਉਧਰ ਲਗ ਗਏ। ਅਵਾਜ਼ ਦੂਰ ਦੀ ਸੀ, ਚੋਬਦਾਰ ਨੂੰ ਬੁਲਾਇਆ ਗਿਆ ਤੇ ਹੁਕਮ ਹੋਇਆ 'ਪਤਾ ਲਿਆ ਕੌਣ ਹੈ?' ਉਸਨੇ ਆਕੇ ਅਰਜ਼ ਕੀਤੀ, 'ਪਾਤਸ਼ਾਹ! ਇਕ ਦੁਖੀ ਬ੍ਰਾਹਮਨ ਹੈ ਤੇ ਦੁਖ ਨਾਲ ਕੁਰਲਾ ਰਿਹਾ ਹੈ'। ਹੁਕਮ ਹੋਇਆ: 'ਇੱਥੇ ਅਸਾਂ ਦੇ ਪਾਸ ਲੈ ਆਓ।' ਬ੍ਰਾਹਮਣ ਹਾਜ਼ਰ ਕੀਤਾ ਗਿਆ। ਦਾਤਾ ਜੀ ਦੇ ਰਸੀਲੇ ਨੈਣਾਂ ਨੇ ਮਿਹਰ ਨਜ਼ਰ ਪਾਈ ਤੇ ਪੁੱਛਿਆ 'ਹੇ ਦੁਖੀ ਦ੍ਵਿਜ! ਕੀਹ ਪੀੜਾ ਹੈ?'

ਬ੍ਰਾਹ:-ਹੇ ਪ੍ਰਭੂ ਹਿੰਦੂ ਧਰਮ ਕੀ ਧੁਜਾ! ਦੀਨ ਦਯਾਲ ਦੀਰਘ ਬਲ ਭੁਜਾ! ਸਭ ਬਲ ਤੇ ਮੈਂ ਹੋਇ ਨਿਰਾਸੀ। ਫਿਰ ਆਯੋ ਰਾਵਰ ਕੇ ਪਾਸੀ। ਅਤਿ ਅਨਿਆਇ ਮੋਹਿ ਸੰਗ ਕੀਨਾ। ਦੁਸ਼ਟ ਪਠਾਨ ਗਰਬ ਦੁਖ ਦੀਨਾ। ਪੁਰਿ ਹੁਸ਼ੀਆਰ ਨਿਕਟ ਇਕ ਬਸੀ[1]। ਬਸੈ ਪਠਾਨ ਤਹਾਂ ਮਤਿ ਨਸੀ[2]। ਮੈਂ ਮੁਕਲਾਇ ਬਧੂ ਕੋ ਡੋਰਾ। ਗਮਨਤ ਜਾਤ ਅਪਨ ਘਰ ਓਰਾ। ਕਰੀ ਬਿਲੋਕਨ ਤਿਨ ਮਮ ਦਾਰਾ। ਛੀਨ ਬਰਜੋ ਲੈ ਸਦਨ ਮਝਾਰਾ। ਮੈਂ ਬਡ ਊਚੇ ਕੀਨ ਪੁਕਾਰਾ। ਨਰ ਤੇ ਗਹਿ-ਵਾਯੋ ਬਹੁ ਮਾਰਾ। ਤਿਸ ਹਿਤ ਮੈਂ ਬਹੁਤਨ ਢਿਗ ਗਯੋ। ਤੁਰਕ ਜਹਾਂ ਕਹਿਂ ਧਨ ਤਿਨ ਦਯੋ। ਨਹੀਂ ਫਿਰਾਦ ਲਗਨ ਕਿਤ ਦੀਨ। ਜਿਉਂ ਤਿਉਂ ਜਤਨ ਅਨਿਕ ਮੈਂ ਕੀਨ। ਕਾਜ਼ੀ ਕੋਤਵਾਰ ਢਿਗ ਫਿਰਿਯੋ। ਕਿਨਹੂੰ ਨਜਾਉਂ ਨ ਮੇਰੋ ਕਰਿਯੋ[3]। ਲਖਿ ਕੈ ਗੁਰ ਹਿੰਦੁਨ ਸਿਰ-ਮੌਰ। ਪਰਮ ਦੁਖੀ ਆਇਓ ਇਸ ਠੌਰ। {ਸੂ: ਪ੍:}

ਸਤਿਗੁਰੂ ਜੀ ਦਰਦ ਦੀ ਬਿਰਥਾ ਸੁਣਕੇ ਕਿਸੇ ਸੋਚ ਵਿਚ ਸਨ, ਮੱਥੇ ਤੇ ਵੱਟ ਆਏ, ਬੁਲ੍ਹਾਂ ਨੇ ਦੰਦ-ਟੁਕ ਖਾਧੀ। ਨੈਣ ਲਾਲੀ ਭਾਹ ਦੇ ਹੋ ਗਏ, ਕਿ ਫੇਰ ਮਸਤਕ ਸਾਫ ਹੋ ਗਿਆ, ਨੂਰਾਨੀ ਚਿਹਰਾ ਨੂਰੀ ਦਮਕ ਵਿਚ ਹੋਰ ਦਮਕਿਆ। ਇੰਨੇ ਚਿਰ

*ਇਹ ਲੇਖ ਖਾ: ਸਮਾ: ਦਾ ਸਿਰਲੇਖ ਹੋਕੇ ਤੇ ਉੱਵ ਬੀ ਗੁਟਕੇ ਦੀ ਸੂਰਤ ਵਿਚ ਕਈ ਹਜ਼ਾਰ ਸੰਗਤਾਂ ਵਿਚ ਪ੍ਰਚਾਰਿਆ ਗਿਆ ਸੀ। ਪੋਹ ਦੀ ੯ ਸੰ: ਗੁ: ਨਾ: ਸਾ: ੪੬੫ ਤੇ ਬਿ: ੧੯੯੦ ਮੁਤਾਬਕ ੨੩ ਦਸੰਬਰ ੧੯੩੨ ਛਨਿਛਰਵਾਰ ਗੁਰਪੁਰਬ ਸਪਤਮੀ ਸੀ।

੧. ਇਕ ਵਸਤੀ ਹੈ। ੨. ਮਤ ਮਾਰੀ ਵਾਲਾ।

੩. ਇਹ ਦੁਖੀ ਬ੍ਰਾਹਮਨ, ਤੵਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਕਾਜ਼ੀ ਆਦਿਕਾਂ ਤੋਂ ਛੁਟ ਪਹਾੜੀ ਰਾਜਿਆਂ ਪਾਸ ਬੀ ਗਿਆ ਸੀ, ਪਰ ਕਿਸੇ ਨੇ ਉਸਦੀ ਸਹਾਇਤਾ ਨਹੀਂ ਸੀ ਕੀਤੀ।

ਵਿਚ ਦੁਖੀ ਬ੍ਰਾਹਮਨ ਨੇ ਸਮਝਿਆ ਕਿ ਏਸ ਦਰੋਂ ਬੀ ਜੁਵਾਬ ਮਿਲਣ ਲਗਾ ਹੈ। ਤਦ ਹੋਰ ਉੱਚੇ ਪੁਕਾਰਿਆ:-

ਸ੍ਰੀ ਪ੍ਰਭੁ! ਕੈ ਅਬਿ ਤ੍ਰਿਯ ਕੋ ਪਾਊਂ। ਨਤੁ ਮੈਂ ਦੁਆਰ ਅੱਗ੍ਰ ਜਲ ਜਾਊਂ। ਜੀਵਨ ਧਰਮ ਨਹੀਂ ਅਬਿ ਮੇਰਾ, ਤੁਮ ਬਿਨ ਜਤਨ ਨਹੀਂ ਕੋ ਹੇਰਾ। {ਗੁ: ਪ੍ਰ: ਸੂ:}

ਇਹ ਸੁਣਕੇ ਆਪਾਵਾਰ ਸੁਭਾਵ ਵਾਲੇ ਗੁਰੂ ਜੀ ਮੁਸਕ੍ਰਾਏ ਤੇ ਆਖਣ ਲਗੇ 'ਬ੍ਰਾਹਮਨ ਤੇਰਾ ਕੀ ਨਾਮ ਹੈ?' ਬ੍ਰਾਹਮਨ ਨੇ ਕਿਹਾ: ਮੇਰਾ ਨਾਮ ਦੇਵ-ਦਾਸ ਹੈ ਮੈਂ ਸਾਰਸ੍ਵਤ ਬ੍ਰਾਹਮਨ ਹਾਂ। ਗੁਰੂ ਜੀ ਬੋਲੇ 'ਹੇ ਦੇਵਦਾਸ! ਸੜਕੇ ਨਾ ਮਰੋ ਤੇ ਨਾ ਚਿੰਤਾ ਦੀ ਅੱਗ ਵਿਚ ਮਨ ਨੂੰ ਜਲਾਓ। ਹੌਸਲਾ ਕਰੋ, ਗੁਰੂ ਨਾਨਕ ਭਲੀ ਕਰੇਗਾ। ਬ੍ਰਾਹਮਨ ਨੇ ਸੁਖ ਦਾ ਲੰਮਾ ਸਾਲ ਲਿਆ, ਵਗਦੇ ਨੈਣ ਪੂੰਝੇ ਤੇ ਧਰਤੀ ਤੇ ਸਿਰ ਰੱਖਕੇ ਕਿਹਾ: 'ਹੇ ਬੰਦੀ ਛੋਰ ਤੂੰ ਧੰਨ ਹੈ, ਗ੍ਰੀਬ ਨਿਵਾਜ ਤੂੰ ਧੰਨ ਹੈਂ!'

ਉਧਰ ਹੁਕਮ ਹੋਇਆ ਹੈ 'ਅਜੀਤ ਸਿੰਘ ਨੂੰ ਬੁਲਾਓ'। ਕੌਣ ਹੈ ਅਜੀਤ ਸਿੰਘ, ਕੋਈ ਜਮਾਦਾਰ ਸੂਬੇਦਾਰ, ਫੌਜ ਦਾ ਸੈਨਾਪਤਿ? ਨਹੀਂ, ਕੋਈ ਨੌਕਰ ਚਾਕਰ ਗ਼ੈਰ ਸੂਰਮਾਂ? ਨਹੀਂ, ਆਪਣੇ ਦਿਲ ਦਾ ਟੁਕੜਾ, ਆਪਣਾ ਵੱਡਾ ਪੁੱਤ੍ਰ ਹੈ। ਵਰੇਸ ਕਿੰਨੀ ਕੁ ਹੈ? ਅਜੇ ਬੀਸ ਬਰਸ ਦੀ ਨਹੀਂ। ਸਾਹਿਬ ਅਜੀਤ ਸਿੰਘ ਜੀ ਹਾਜ਼ਰ ਹੁੰਦੇ ਹਨ, ਸ਼ਸਤਰ ਸਜੇ ਹਨ, ਸੁੰਦਰਤਾ ਤੇ ਤੇਜ ਡੁਲ੍ਹ ਡੁਲ੍ਹ ਪੈ ਰਹੇ ਹਨ। ਅਸਲ ਸੰਨਜਾਸੀ ਪਿਤਾ ਦੇ ਰਸੀਲੇ ਨੈਣ ਪੁੱਤ੍ਰ ਤੇ ਪੈਂਦੇ ਹਨ ਤੇ ਆਗਜਾ ਹੁੰਦੀ ਹੈ "ਬੇਟਾ! ਅਕਾਲ ਪੁਰਖ ਦਾ ਹੁਕਮ ਹੈ, 'ਜਾਹਿ ਤਹਾਂ ਤੈ ਧਰਮ ਚਲਾਇ॥ ਕਬੁਧ ਕਰਨ ਤੈ ਲੋਕ ਹਟਾਇ।' ਇਸ ਬ੍ਰਾਹਮਨ ਦੀ ਇਸਤ੍ਰੀ ਬਸੀ ਦੇ ਜਾਬਰ ਖਾਂ* ਪਠਾਦ ਨੇ ਖੋਹ ਲਈ ਹੈ, ਉਸ ਤੋਂ ਖੱਸ ਕੇ ਇਸਦੀ ਇਸਤ੍ਰੀ ਇਸਨੂੰ ਦਿਵਾਉਣੀ ਹੈ, ਕੁਬੁੱਧ ਕਰਨੋ ਅਮਲੀ ਤੌਰ ਤੇ ਹਟਾਉਣ ਦਾ ਸਮਾਂ ਇਹ ਹੈ। ਨਾਲ ਸਿੰਘ ਲੈ ਜਾਓ, ਬੱਸੀ ਪਹੁੰਚੋ, ਪਠਾਣ ਤੇ ਇਸਤ੍ਰੀ ਪਕੜ ਕੇ ਲੈ ਆਓ। ਬਿਜਲੀ ਦੀ ਤੇਜ਼ੀ ਵਾਂਙੂ ਜਾ ਪਓ, ਆਉਂਦੇ ਜਾਂਦੇ ਪਤਾ ਨਾ ਲੱਗੇ, ਬਸ ਕਾਰਜ ਕਰਨਾ ਹੈ ਤੇ ਫੁਰਤੀ ਦਾ ਕੰਮ ਹੈ।"

ਪਿਤਾ ਗੁਰੂ ਦਾ ਦੱਸਿਆ ਕਠਨ ਕੰਮ ਸੁਣਕੇ ਸਾਹਿਬ ਅਜੀਤ ਸਿੰਘ ਦੇ ਮੱਥੇ ਤੇ ਸੋਚ ਤੇ ਉਦਾਸੀ ਦੀ ਛਾਇਆ ਨਹੀਂ ਫਿਰੀ। ਮੱਥਾ ਬੀਰ ਰਸੀ ਉਤਸ਼ਾਹ ਨਾਲ ਚਮਕਿਆ; ਖੜਗ ਦੀ ਟੇਕ ਲੈ ਉੱਠੇ, ਪਿਤਾ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਹਾਂ ਪਰਮ ਸੰਨਜਾਸੀ, ਪਰਮ ਤਿਆਗੀ ਪਿਤਾ ਨੇ ਜਿਸ ਨੇ ਪਰ ਹਿਤ ਲਈ ਪੁੱਤ੍ਰ-ਪ੍ਰੇਮ ਬੀ ਸਦਕੇ ਕਰ ਰਖਿਆ ਹੈ, ਛਾਤੀ ਨਾਲ ਸਿਰ ਲਾਇਆ, ਪਿਆਰ ਦਿੱਤਾ ਤੇ ਆਖਿਆ "ਸ੍ਰੀ ਅਸਿਧੁਜ ਦੀ ਰਖਿਆ ਤੇਰੇ ਅੰਗ ਸੰਗ ਹੋਵੇ। ਜਾਓ ਬੇਟਾ।"

ਇਉਂ ਅਸੀਸ ਲੈਕੇ ਨੌਨਿਹਾਲ ਲਾਲ ਜੀ ਬਾਹਰ ਆਏ, ਸੌ ਅਸਵਾਰ ਨਾਲ ਤਿਆਰ ਕੀਤਾ* ਦੁਖੀ ਬ੍ਰਾਹਮਣ ਨੂੰ ਇਕ ਘੋੜੇ ਤੇ ਬਿਠਾ ਕੇ ਨਾਲ ਲਿਆ, ਜੋ ਰਸਤਾ ਤੇ ਘਰ ਤੇ ਉਸ ਪਠਾਣ ਦੀ ਸਿਆਣ ਦੱਸੇ। ਇਹ ਕੰਮ ਕਰਕੇ ਕੂਚ ਬੋਲ ਦਿੱਤੀ।

ਦੋ ਘੜੀ ਦਿਨ ਬਾਕੀ ਸੀ ਜਦੋਂ ਸੂਰਮੇਂ ਅਜੀਤ ਸਿੰਘ ਜੀ ਫੌਜ ਦਾ ਦਸਤਾ ਨਾਲ ਲੈਕੇ ਟੁਰੇ ਹੋਏ ਸਤਿਲੁਜੋਂ ਪਾਰ ਹੋਏ। ਬੰਦੂਕਾਂ ਕੱਸੀਆਂ ਤਿਆਰ ਹਨ। ਇਕ ਸ਼ਲਕ ਲਈ ਗੋਲੀਆਂ ਭਰੀਆਂ ਹੋਈਆਂ ਹਨ। ਟੁਰੇ ਜਾਂਦੇ ਹਨ, ਰਾਤ ਦੇ ਅੰਧੇਰੇ ਵਿਚ ਚਾਨਣਾ ਦੇਣ ਵਾਲੇ ਗੁਰੂ ਦੇ ਸਪੂਤ। ਜਿੱਥੋਂ ਕਿਤੇ ਰਾਹ ਦਾ ਸ਼ੱਕ ਪਵੇ ਤੇ ਬ੍ਰਾਹਮਣ ਵੀ ਨਾ ਦੱਸ ਸਕੇ ਤਾਂ ਕਿਸੇ ਸਿਆਣਪ ਨਾਲ ਪਤਾ ਕਰਦੇ ਹਨ ਤੇ ਟੁਰੇ ਜਾਂਦੇ ਹਨ। ਦਿਨ ਅਜੇ ਚੜ੍ਹਿਆ ਨਹੀਂ ਸੀ ਕਿ ਬੱਸੀ ਪਠਾਣਾਂ ਦੀ ਤੇ ਆਪ ਜਾ ਪਹੁੰਚੇ। ਲਾਲ ਜੀ ਅੱਖਰ ਅੱਖਰ ਪਿਤਾ ਜੀ ਦਾ ਹੁਕਮ ਕਮਾਉਣਾ ਚਾਹੁੰਦੇ ਸਨ। ਆਪਦਾ ਆਸ਼ਯ ਇਹ ਸੀ ਕਿ ਐਡਾ ਅਚਾਨਕ ਜਾਕੇ ਪਵਾਂ ਕਿ ਜੰਗ ਦਾ ਘੱਟ ਤੋਂ ਘੱਟ ਸਮਾਂ ਬਣੇ। ਸੋ ਐਸਾ ਹੀ ਹੋਇਆ ਕਿ ਆਪ ਲੋਕਾਂ ਦੇ ਸੁੱਤੇ ਪਏ ਹੀ ਪਹੁੰਚ ਗਏ। ਤਦੇ ਹੀ ਪਤਾ ਲੱਗਾ ਜੋ ਪਠਾਣ ਦੀ ਹਵੇਲੀ ਦੇ ਬੂਹੇ ਤ੍ਰੁੱਟ ਪਏ ਤੇ ਬੱਸੀ ਵਿਚ ਭਾਰੀ ਖੜਾਕ ਸੁਣ ਕੇ ਪਠਾਣ ਜਾਗੇ। ਇੰਨੇ

*ਤਵਾ: ਖਾ: ਨੇ ਨਾਮ ਦਿੱਤਾ ਹੈ, ਸਰਦਾਰ ਜਾਬਰ ਖਾਂ ਪਠਾਣ ਦਾ ਅਤੇ ਬ੍ਰਾਹਮਨ ਦਾ ਨਾਮ ਦੇਵਦਾਸ।

*ਤਵਾ: ਖਾ: ਵਿਚ ਦੋ ਸੌ ਸਵਾਰ ਲਿਖਿਆ ਹੈ।

ਚਿਰ ਵਿਚ 'ਆ ਪਏ, ਆ ਪਏ, ਸਿਖ ਆ ਪਏ' ਦੀ ਅਵਾਜ਼ ਗੂੰਜੀ। ਸਿਖ ਬੂਹੇ ਤੋੜਕੇ ਹਵੇਲੀ ਦੇ ਅੰਦਰ ਲੰਘ ਚੁਕੇ ਸਨ। ਅਵਾਜ਼ ਸੁਣੀ ਤਾਂ ਕੁਛ ਪਠਾਣ ਤਾਂ ਘਰਾਂ ਦੇ ਅੰਦਰੇ ਹੀ ਦਬਕ ਗਏ ਕਿ ਬਾਹਰ ਕੌਣ ਨਿਕਲੇ। ਕੋਈ ਜੋ ਬਾਹਰ ਨਿਕਲੇ, ਸਨੱਧ ਬੱਧ ਸੈਨਾ ਦੇਖਕੇ ਖਿਸਕੰਤ ਹੋ ਗਏ। ਕਿਸੇ ਦਾ ਹੌਸਲਾ ਮੁਕਾਬਲਾ ਕਰਨੇ ਦਾ ਨਾ ਪਿਆ। ਜੇ ਕਿਸੇ ਨੇ ਸਾਹਮਣਾ ਕੀਤਾ ਤਾਂ ਮੂੰਹ ਦੀ ਖਾਧੀ। ਸਿੰਘਾਂ ਨੇ ਹਵੇਲੀ ਤੋੜਨ ਤੋਂ ਪਹਿਲਾਂ ਪਹਿਰੇ ਦੇ ਆਦਮੀ ਮੁਸ਼ਕਾਂ ਨਾਲ ਬੰਨ੍ਹ ਲਏ ਸਨ। ਹੁਣ ਸਿੱਖ ਸਿੱਧੇ ਖਾਂ ਸਾਹਿਬ ਦੇ ਸੌਂਦੇ ਦੇ ਕਮਰੇ ਵਿਚ ਜਾ ਵੜੇ ਤੇ ਉਸਨੂੰ ਪਲੰਘ ਤੋਂ ਘਾਬਰ ਕੇ ਉਠੇ ਐਧਰ ਉਧਰ ਭਜਦੇ ਫਿਰਦੇ ਨੂੰ ਜਾ ਨੱਪ ਲਿਆ। ਬ੍ਰਾਹਮਣ ਨੇ ਪਛਾਣ ਕੀਤੀ ਕਿ ਇਹੋ ਹੈ ਖੁਨਾਮੀਆ ਤੇ ਉਸ ਨੇ ਬੀ ਮੰਨਿਆਂ ਕਿ ਮੇਰਾ ਨਾਮ ਹੀ ਜਾਬਰ ਖਾਂ ਹੈ। ਫਿਰ ਇਸਤ੍ਰੀ ਪਛਾਣੀ, ਹੋਰ ਉਮ ਦੀਆਂ ਜ਼ਨਾਨੀਆਂ ਤੋਂ ਪੁੱਛ ਕੀਤੀ, ਤਸਲੀ ਕਰ ਲਈ ਤਦ ਬ੍ਰਹਮਣੀ ਬੀ ਨਾਲ ਹੀ ਫੜ ਲਈ। ਬਾਕੀ ਘਰ ਦੀ ਕਿਸੇ ਤ੍ਰੀਮਤ ਨੂੰ ਕੁਛ ਨਾ ਕਿਹਾ, ਨਾ ਹੀ ਕਿਸੇ ਪਦਾਰਥ ਨੂੰ ਹੱਥ ਲਾਯਾ ਤੇ ਦੋਹਾਂ ਨੂੰ ਲੈਕੇ ਬਾਹਰ ਆਕੇ, ਆਪਣੇ ਫੌਜੀ ਦਸਤੇ ਦੀ ਸਫ ਬੱਧੀ। ਦੋਹਾਂ ਨੂੰ ਦਸਤੇ ਦੇ ਵਿਚਕਾਰ ਲੈਕੇ ਘੋੜਿਆਂ ਤੇ ਬਿਠਾਕੇ ਕੂਚ ਕੀਤੀ। ਜਿੱਥੋਂ ਤਕ ਵੱਸ ਚਲਿਆ ਜੰਗ ਨਹੀਂ ਕੀਤਾ। ਐਉਂ ਲਗ ਪਗ ਸਾਫ ਹੀ ਨਿਕਲ ਆਏ, ਤੇ ਅਨੰਦ ਪੁਰ ਆ ਪਹੁੰਚੇ। ਜਦੋਂ ਸਤਿਗੁਰੂ ਜੀ ਦੇ ਦੀਵਾਨ ਵਿਚ ਆਏ ਤਾਂ ਹੋਣਹਾਰ ਨੌਨਿਹਾਲ ਨੇ ਦੁਇ, ਪਠਾਣ ਤੇ ਬ੍ਰਹਮਣੀ ਸਭਾ ਵਿਚ ਪੇਸ਼ ਕੀਤੇ।

ਨਜਾਯਸ਼ੀਲ ਦਾਤਾ ਜੀ ਨੇ ਜਾਬ ਖਾਂ ਨੂੰ ਉਸ ਦੀਆਂ ਇਹ ਤੇ ਅਗਲੀਆਂ ਪਿਛਲੀਆਂ ਐਸੀਆਂ ਬਦੀਆਂ ਤੇ ਖ਼ੂਨ ਖ਼ਰਾਬਿਆਂ ਦੇ ਬਦਲੇ ਦੰਡ ਦਿੱਤਾ। ਜਾਬਰ ਖਾਂ ਤੀਰ ਦੇ ਘਾਟ ਉਤਾਰਿਆ ਗਿਆ ਤੇ ਬ੍ਰਾਹਮਣੀ ਬ੍ਰਾਹਮਣ ਨੂੰ ਦਿਵਾਈ ਗਈ। ਤਵਾ: ਖਾ: ਵਿਚ ਲਿਖਿਆ ਹੈ ਕਿ ਬ੍ਰਾਹਮਣੀ ਨੂੰ ਉਸਦੇ ਭਾਈਚਾਰੇ ਵਿਚ ਬੀ ਮਿਲਾਇਆ ਗਿਆ। ਜਾਪਦਾ ਹੈ ਕਿ ਬ੍ਰਹਮਣ ਨੂੰ ਜਾਂ ਇਸਤ੍ਰੀ ਮਿਲ ਗਈ, ਤਦ ਉਸ ਦੀ ਦੂਸਰੀ ਮੁਸ਼ਕਲ ਇਹ ਸੀ ਕਿ ਉਹ ਜੋ ਤੁਰਕ ਦੇ ਘਰ ਰਹਿ ਆਈ ਹੈ, ਚਾਹੇ ਉਹ ਮੱਲੋ ਮੱਲੀ ਲਿਜਾਈ ਗਈ ਬੇਦੋਸ਼ ਸੀ, ਪਰ ਉਹ ਹੁਣ ਮੁੜ ਹਿੰਦੂ ਨਹੀਂ ਹੋ ਸਕਦੀ। ਇਸ ਬਿਪਤਾ ਨੂੰ ਦੂਰ ਕਰਨ ਲਈ ਅਨੰਦਪੁਰ ਹੀ ਉਹ ਸ਼ੁੱਧ ਕੀਤੀ ਗਈ ਤੇ ਅਨੰਦਪੁਰ ਵਿਚ ਵਸਦੇ ਬ੍ਰਹਮਣ ਭਾਈਚਾਰੇ ਵਿਚ ਬੀ ਅਭੇਦ ਵਰਤਾਈ ਗਈ, ਤਾਕਿ ਜਦੋਂ ਬ੍ਰਾਹਮਣ ਆਪਣੇ ਘਰ ਅੱਪੜੇ ਤਾਂ ਉਸ ਦਾ ਟੱਬਰ ਕਬੀਲਾ ਉਸਨੂੰ ਛੇਕ ਨਾ ਦੇਵੇ ਤੇ ਉਹ ਹੋਰ ਕਸ਼ਟ ਵਿਚ ਨਾ ਪਵੇ। ਸਤਿਗੁਰ ਜੀ ਦੀ ਇਸ ਕਰਨੀ ਪਰ ਘਰ ਘਰ ਕੀਰਤੀ ਫੈਲੀ ਤੇ ਬ੍ਰਾਹਮਣ ਨੇ ਸਤਿਗੁਰੂ ਨੂੰ ਦੁਸ਼ਟਦਮਨ ਅਵਿਤਾਰ ਕਹਿ ਕਹਿਕੇ ਕੀਰਤੀ ਕੀਤੀ।

ਅਸਲ ਵਿਚ ਅੱਜ ਕਲ ਉਨ੍ਹਾਂ ਸਮਿਆਂ ਨੂੰ ਛੇਤੀ ਨਾਲ ਸਮਝ ਸਕਣਾ ਕਠਨ ਹੈ। ਸਦੀਆਂ ਦੀ ਜ਼ੁਲਮ ਦੀ ਤਲਵਾਰ ਨਾਲ ਮਰੀਂਦੀ ਮਰੀਂਦੀ ਹਿੰਦੂ ਜਾਤੀ ਅਤਿ ਦੁਖੀ ਤੇ ਕਮਜ਼ੋਰ ਹੋ ਰਹੀ ਸੀ। ਇਹ ਕਿਸ ਵਿਚ ਖਿਆਲ ਕਰਨ ਦਾ ਹੌਸਲਾ ਸੀ ਯਾ ਕਿਸੇ ਨੂੰ ਆਸ ਹੋ ਸਕਦੀ ਸੀ ਕਿ ਕੋਈ ਗ਼ੈਰ ਮੁਸਲਿਮ ਕਿਸੇ ਤੁਰਕ ਪਠਾਣ ਤੋਂ ਬੀ ਤਕੜਾ ਤੇ ਹੌਸਲੇ ਵਾਲਾ ਹੋਵੇ, ਤੇ ਇਹ ਕੋਈ ਖਿਆਲ ਬੀ ਨਹੀਂ ਸੀ ਕਰ ਸਕਦਾ ਕਿ ਕੋਈ ਇਨ੍ਹਾਂ ਨੂੰ ਦੰਡ ਬੀ ਦੇ ਸਕਦਾ ਹੈ। ਮੋਈ ਸੂਰਤ ਦਾ ਜਿਉਂਦੇ ਕਰ ਦੇਣਾ, ਦੇਸ਼ ਦੀ ਗਈ ਸੂਰਤ ਦਾ ਮੁੜ ਵਾਪਸ ਲਿਆ ਦੇਣਾ, ਨਿਤਾਣੀ ਪਰਜਾ ਵਿਚ ਤਾਣ ਭਰ ਦੇਣਾ ਤੇ ਹੌਸਲੇ ਵਧਾ ਦੇਣੇ ਇਹ ਸੀ ਅਸੰਭਵ ਜੋ ਗੁਰੂ ਜੀ ਨੇ ਸੰਭਵ ਕਰ ਦਿਖਾਇਆ। ਇਸ ਲਈ ਇਸ ਵਾਕਿਆ ਪਰ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

ਇਸ ਚਰਿੱਤ੍ਰ ਕੋ ਸੁਨਿ ਜਗ ਸਾਰਾ।
ਸ੍ਰੀ ਸਤਿਗੁਰ ਜਸ ਮਹਿਦ[1] ਉਚਾਰਾ।
ਜਥਾ ਚਾਂਦਨੀ ਨਿਰਮਲ ਹੋਤਿ।
ਤਿਮ ਘਰ ਘਰ ਮਹਿਂ ਸੁਜਸ ਉਦੋਤ[2]।
ਮਨਹੁਂ ਮਾਲਤੀ ਫੂਲਤ ਝੂਲੀ[3]।
ਰਾਇਬੇਲ ਕੈ ਸੁੰਦਰ ਫੂਲੀ।
ਜਹਿਂ ਜਹਿਂ ਕੀਰਤ ਵਰਨਨ ਕਰਤੇ।
ਧੰਨ ਧੰਨ ਪ੍ਰਭੁ ਧੰਨ ਉਚਰਿਤੇ।

---

੧. ਬਹੁਤ। ੨. ਸੁਹਣਾ ਜਸ ਪ੍ਰਕਾਸ਼ਿਆ। ੩. ਫੁਲਾਂ ਨਾਲ ਖਿੜੀ ਮਾਲਤੀ ਦੀ ਵੇਲ ਝੂਲ ਰਹੀ ਹੈ।

੬੭. ਸਿਰ ਸੱਦਕੇ[1]।

ਇਕ ਵੇਰ ਡਾਢੇ ਸ਼ੋਖ ਤੇ ਬਲੀ ਘੋੜੇ ਤੇ ਚੜ੍ਹਦਿਆਂ ਘੋੜਾ ਸ਼ੋਖ ਹੋ ਕੇ ਸੀਖ-ਪਾ (ਅਗਲੇ ਪੈਰ ਚੁਕ ਲੈਨੇ) ਹੋ ਗਿਆ ਤੇ ਇਤਨਾ ਮੂੰਹ ਤਾਣ ਜ਼ੋਰ ਕੀਤੋਸੁ ਕਿ ਕੋਈ ਆਸ ਨਹੀਂ ਸੀ ਕਿ ਸ੍ਰੀ ਕਲਗੀਧਰ ਜੀ ਡਿਗ ਨਾ ਪੈਣਗੇ। ਪਰ ਉਸ ਮਨ ਤਨ ਦੇ ਬਲਵਾਨ ਗੁਰੂ ਨੇ ਘੋੜਾ ਸੇਧਿ ਲਿਆ ਤੇ ਜ਼ੇਰ (control) ਕਰਕੇ ਟੋਰ ਹੀ ਲਿਆ। ਪਰ ਇਸ ਸਾਰੇ ਜਤਨ ਵਿਚ ਮੋਢਾ ਖਿੱਚ ਖਾ ਗਿਆ ਤੇ ਪੱਟੀ ਬੰਨ੍ਹੀ ਗਈ। ਮਾਤਾ ਗੁਜਰੀ ਜੀ ਨੂੰ ਜਦੋਂ ਖਬਰ ਹੋਈ ਤਾਂ ਉਨ੍ਹਾਂ ਨੇ ਵਾਹਿਗੁਰੂ ਦਾ ਸ਼ੁਕਰ ਕੀਤਾ ਤੇ ਕਈ ਦਾਨ ਕੀਤੇ। ਇਹ ਗੀਤ ਉਨ੍ਹਾਂ ਅੱਗੇ ਅਰਜ਼ੋਈ ਹੈ ਕਿ 'ਭਉਜਲ ਪਾਰ ਪਰਵਾਨਾ' ਦਾ ਦਾਨ ਅੱਜ ਅਪਣੇ ਲਾਡਲੇ ਪੁਤ੍ਰ ਦਾ ਸਿਰਵਾਰਨਾ ਕਰਕੇ ਇਸ ਮੰਗਤੇ ਨੂੰ ਬੀ ਦੇ ਦੇ ਦਾਨ ਵਿਚ, ਹੇ ਤਾਰਨਹਾਰ ਦੀ ਅੰਮੀਏ!

ਟੇਕ-ਰੀ ਮਾਤਾ ਗੁਜਰੀ!
ਕਰ ਸੁਤ ਦਾ ਸਿਰਵਾਰਨਾ।
ਘੋੜਾ ਅੱਜ ਸੀਖ-ਪਾ ਹੋਇਆ
ਕੀਤੋ ਸੁ ਹੁੱਝਕਾ ਮਾਰਨਾ,
ਗਿਰਜਾ ਨ ਤੇਰਾ ਬੀਰ ਬਾਂਕਰਾ
ਨੀਲੇ ਦਾ ਅਸਵਾਰਨਾ,
-ਕਲਗੀ ਸੋਹੇ ਸੀਸ ਤੇ ਜਿਸਦੇ
ਨੈਣਾਂ ਨੂਰ ਖਿਲਾਰਨਾ-
ਟਿਕਿਆ ਰਿਹਾ ਸ਼ੋਖ ਦੇ ਉਤੇ
ਤੇਰਾ ਲਾਲ ਦੁਲਾਰਨਾ,
ਮੂੰਹਤਾਣੇ ਨੂੰ ਤਾਣ ਲਿਓ ਸੂ
ਕੰਦੇ ਨ ਜਿਸਨੇ ਹਾਰਨਾ;
ਐਪਰ ਖਿੱਚ ਖਾ ਗਿਆ ਕੰਧਾ,
ਪੱਟੀ ਬੰਨ੍ਹ ਦੁਖਾਰਨਾ।
ਸਾਈਂ ਰਖ ਨੇ ਰੱਖ ਲਿਆ ਏ,
ਸਾਈਂ ਪੈਜ ਸੁਵਾਰਨਾ।
ਏਸ ਖੁਸ਼ੀ ਵਿਚ ਮਾਤਾ ਗੁਜਰੀ!
ਕਰ ਸੁਤ ਦਾ ਸਿਰਵਾਰਨਾ,
ਝੋਲੀ ਖੋਲ੍ਹ ਖਲਾ ਹੈ ਮੰਗਤ
ਨਾਲੇ ਪਿਆ ਪੁਕਾਰਨਾ:-
'ਦੇਹ ਸੁਤ ਦਾ ਸਿਰਵਾਨਾ, ਅੰਮੀਏ!
'ਭਉਜਲ ਪਾਰ ਉਤਾਰਨਾ'
'ਕਰ ਸੁਤ ਦਾ ਸਿਰਵਾਰਨਾ, ਅੰਮੀਏ!
'ਦਿਹ ਸੁਤ ਦਾ ਸਿਰਵਾਰਨਾ-
'ਭਉਜਲ ਪਾਰ ਉਤਾਰਨਾ, ਅੰਮੀਏ!
'ਭਉਜਲ ਪਾਰ ਉਤਾਰਨਾ।'

੬੮. ਨੀਲਾ ਤੇ ਗੁਰੂ ਕੀ ਆਣ[2]।

੧.

ਗੁਰੂ ਜੀ ਨੂੰ ਅਲਫ਼ ਖ਼ਾਂ ਤੇ ਸੈਦਾ ਬੇਗ ਤੋਂ ਅਭੋਲ ਰਸਤੇ ਆਉਂਦਿਆਂ ਦਗ਼ੇ ਨਾਲ ਫੜਵਾ ਯਾ ਸ਼ਹੀਦ ਕਰਵਾ ਦੇਣ ਦਾ ਧ੍ਰੋਹ ਜੋ ਰਾਜਿਆਂ ਨੇ ਕੀਤਾ ਸੀ, ਉਸ ਤੋਂ ਸਿੱਖਾਂ ਵਿਚ ਬਹੁਤ ਰੰਜ ਸੀ। ਉੱਤੋਂ ਰਾਜੇ ਤਦੋਂ ਮੇਲ ਵਿਚ ਸਨ ਤੇ ਵਿੱਚੋਂ ਇਹ ਚਾਲ ਚੱਲੀ ਸਾਨੇ। ਇਹ ਰੰਜ ਬੀ ਖਾਲਸੇ ਵਿਚ ਜੋਸ਼ ਨੂੰ ਵਧਾ ਰਿਹਾ ਸੀ ਤੇ ਉਹ ਦੂਰ ਦੂਰ ਤੱਕ ਸ਼ਿਕਾਰ ਗਏ ਹੋਏ ਆਪਣੇ ਤੇਜ ਦੇ ਕਰਤੱਬ ਕਰਦੇ ਸੇ। ਰਾਜੇ ਆਪਣੀ ਥਾਂ ਸ਼ਰਮਿੰਦੇ ਸੇ। ਸੈਦਾਬੇਗ ਗੁਰੂ ਕਾ ਮੁਰੀਦ ਹੋ ਗਿਆ ਸੀ। ਉਸ ਨੇ ਰਾਜਿਆਂ ਦੀ ਸਾਜ਼ਸ਼ ਦਾ ਸਾਰਾ ਹਾਲ ਦੱਸ ਦਿੱਤਾ ਸੀ, ਜਿਸ ਕਰਕੇ ਪਰਦਾ ਨਹੀਂ ਸੀ ਰਿਹਾ ਛਿਪੀ ਹੋਈ ਚਾਲ ਦਾ। ਹੁਣ ਰਾਜੇ ਜ਼ਾਹਿਰੀ ਮਿੱਤ੍ਰਤਾ ਬੀ ਨਹੀਂ ਸੇ ਨਿਬਾਹ ਸਕਦੇ ਤੇ ਖਾਲਸੇ ਦੇ ਵਧ ਰਹੇ ਤੇਜ ਤੋਂ ਦੁਖੀ ਬੀ ਹੁੰਦੇ ਸੇ। ਸੋ ਕਹਿਲੂਰੀ ਰਾਜੇ ਅਜਮੇਰ ਚੰਦ

---

੧. ਇਹ ਗੀਤ ਸੰ: ਗੁ: ਨਾ: ੪੭੧ (੧੯੩੯) ਦੇ ਗੁਰਪੁਰਬ ਸਪਤਮੀ ਪਰ ਖਾ: ਸਮਾ: ਵਿਖੇ ਪ੍ਰਕਾਸ਼ਿਆ ਸੀ।

੨. ਇਹ ਪ੍ਰਸੰਗ ਗੁਰਪੁਰਬ ਪੋਹ ਸੁਦੀ ਸਪਤਮੀ (੧੬ ਜਨਵਰੀ ੧੯੪੦ ਈ) ਮਾਘ ਦੀ ੩ ਸੰ: ਗੁ: ਨਾ: ਸਾ: ੪੭੧ ਤੇ ਬਿ: ੧੯੯੬ ਮੰਗਲਵਾਰ ਨੂੰ 'ਸੈਦਾਬੇਗ ਸ਼ਰਨਾਗਤ' ਨਾਮੀ ਟ੍ਰੈਕਟ ਦੇ ਅੰਤ ਵਿਚ ਪ੍ਰਕਾਸ਼ਿਆ ਸੀ।

ਨੇ ਇਕ ਵੇਰੀ ਫੇਰ ਰਾਜੇ ਕੱਠੇ ਕਰਕੇ ਉਨ੍ਹਾਂ ਨੂੰ ਸਮਝਾਇਆ ਕਿ ਗੁਰੂ ਦਾ ਖਾਲਸਾ, ਜਿਸਨੂੰ ਅਸਾਂ ਜਾਤਾ ਸੀ ਕਿ ਜਲ ਤ੍ਰੈਗ ਦੀ ਤਰ੍ਹਾਂ ਬਿਨਸ ਜਾਏਗਾ, ਤੇ ਖਜਾਲ ਸੀ ਕਿ ਕਿੱਥੋਂ ਜੱਟਾਂ, ਖੱਤ੍ਰੀਆਂ, ਬਣੀਆਂ, ਕਲਾਲਾਂ ਆਦਿਕਾਂ ਨੇ ਬੀਰ ਰਸੀ ਕੰਮ ਕਰ ਸਕਣੇ ਹਨ, ਉਹ ਖਾਲਸਾ ਹੁਣ ਭਯਾਨਕ ਮੂਰਤੀ ਤੇ ਸਬਲ ਵਜਕਤੀ ਬਣ ਖੜੋਤੀ ਹੈ, ਉਸਦਾ ਤੇਜ ਵਧ ਰਿਹਾ ਹੈ ਤੇ ਮੈਨੂੰ ਆਪਣੇ ਰਾਜ ਦਾ ਤੌਖਲਾ ਹੈ। ਮੈਂ ਮਾਰਿਆ ਗਿਆ ਤਾਂ ਫੇਰ ਇਕ ਇਕ ਕਰਕੇ ਤੁਸਾਂ ਸਾਰਿਆਂ ਦੀ ਬੀ ਸੁਖ ਨਹੀਂ, ਵਾਰੋ ਵਾਰੀ ਸਾਰੇ ਮਾਰੇ ਜਾਓਗੇ। ਗੁਰੂ ਦਾ ਬਲ ਇਤਨਾ ਵਧ ਗਿਆ ਹੈ ਕਿ ਕਿਸੇ ਇਕ ਰਾਜੇ ਦੇ ਲੜ ਕੇ ਜਿੱਤਣ ਦੀ ਆਸ ਕਰਨਾ ਭੁੱਲ ਹੈ। ਜੰਗ ਕਰਕੇ ਦੇਖ ਚੁੱਕਾ ਹਾਂ, ਸੁਲਹ ਨਾਲ ਵੀ ਵਲਛਲ ਕਰਕੇ ਦੇਖ ਚੁੱਕਾ ਹਾਂ, ਸ਼ਾਹੀ ਮਦਦ ਬੀ ਉਸ ਨੂੰ ਪ੍ਰਾਜੈ ਨਹੀਂ ਕਰ ਸਕੀ। ਜੇ ਇੱਕ ਜੰਗ ਵਿੱਚ ਦੋ ਚਾਰ ਸੌ ਸਿੰਘ ਮਾਰਿਆ ਜਾਂਦਾ ਹੈ ਤਾਂ ਥੋੜੇ ਚਿਰ ਵਿੱਚ ਹੀ ਹੋਰ ਹਜ਼ਾਰਾਂ ਅੰਮ੍ਰਿਤ ਛਕਕੇ ਸਿੰਘ ਬਣ ਜਾਂਦੇ ਤੇ ਅਨੇਕਾਂ ਉਨ੍ਹਾਂ ਪਾਸ ਫੌਜੀ ਬਣਕੇ ਟਿਕ ਜਾਂਦੇ ਹਨ, ਸੋ ਐਉਂ ਖਾਲਸਾ ਦਲ ਅਮੁੱਕ ਹੁੰਦਾ ਜਾਂਦਾ ਹੈ। ਮੇਰੀ ਜਾਚੇ ਅਜੇ ਵੇਲਾ ਕੁਛ ਹੈ ਕਿ ਸਾਰੇ ਰਲਕੇ ਇਕ ਮਿਲਵਾਂ ਵਾਰ ਕਰੀਏ ਤੇ ਝਟਪਟ ਅਨੰਦਪੁਰ ਤੇ ਜਾ ਪਵੀਏ ਤਾਂ ਫਤਹ ਹੋ ਜਾਏ। ਨਾਹਣ ਦੇ ਰਾਜੇ ਨੇ ਕਿਹਾ ਕਿ ਗੁਰੂ ਦਾ ਆਸ਼ਾ ਸਾਡੇ ਰਾਜ ਖੁਹਣਦਾ ਨਹੀਂ, ਐਸਾ ਕਰਨਾ ਹੁੰਦਾ ਤਾਂ ਉਹ ਚਿਰੋਕਣੇ ਕਰ ਲੈਂਦੇ। ਉਹ ਸਾਨੂੰ ਇਨ੍ਹਾਂ ਓਪਰੇ ਬਾਹਰੋਂ ਆਕੇ ਸਾਡੇ ਸਿਰਾਂ ਤੇ ਵੱਡੇ ਬਣ ਗਏ ਤੁਰਕਾਂ ਦੀ ਗੁਲਾਮੀ ਤੋਂ ਛੁਡਾਯਾ ਚਾਹੁੰਦੇ ਹਨ। ਮੇਰਾ ਅਨੁਮਾਨ ਤੇ ਵਿਚਾਰ ਜੋ ਉਨ੍ਹਾਂ ਦੇ ਮੇਰੇ ਰਾਜ ਵਿਚ ਰਹਿਣ ਦੇ ਸਮੇਂ ਬਣਿਆ ਸੀ ਇਹੋ ਹੈ। ਸਾਨੂੰ ਕਿਸੇ ਸੋਚ ਨਾਲ ਟੁਰਨਾ ਠੀਕ ਹੈ, ਪਰ ਇਸ ਗਲ ਵਿਚ ਗੌਲ ਘੱਟ ਹੋਈ ਹੈ ਤੇ ਅਪਣੇ ਰਾਜਾਂ ਦੇ ਬਚਾਉ ਵਲ ਰੁਖ ਵਧੇਰੇ ਰਿਹਾ ਹੈ।

ਰਾਜੇ ਦੇ ਐਸਾ ਕਹਿਣੇ ਤੇ ਇਕ ਗਲ ਸਿਰੇ ਚੜ੍ਹੀ ਕਿ ਪਹਿਲੋਂ ਉਨ੍ਹਾਂ ਨੂੰ ਲਿਖਿਆ ਜਾਵੇ ਕਿ ਹੇ ਗੁਰੂ ਜੀ! ਜੇ ਤੁਸੀਂ ਆਪਣੇ ਅਨੰਦਪੁਰ ਦੇ ਕਸਬੇ ਵਿਚ ਟਿਕੇ ਰਹੋ ਤਾਂ ਟਿਕੇ ਰਹੋ, ਅਸੀਂ ਆਪ ਨੂੰ ਦੁਖਾਉਂਦੇ ਨਹੀਂ, ਪਰ ਜੇ ਬਾਹਰ ਖੁਲੇ ਸ਼ਿਕਾਰ ਕਰੋ, ਫੌਜਾਂ ਫੇਰੋ, ਘਾਹ ਦਾਣੇ ਲਵੋ ਤਦ ਅਸੀਂ ਤੁਸਾਂ ਨਾਲ ਜੁੱਧ ਕਰਾਂਗੇ। ਅਸਾਂ ਨੇ ਜੇਰਾ ਕੀਤਾ ਹੈ, ਪਰ ਤੁਸਾਂ ਦੇ ਆਦਮੀ ਟਲਦੇ ਨਹੀਂ! ਹੁਣ ਅਸੀਂ ਆਪ ਨੂੰ ਲਿਖ ਰਹੇ ਹਾਂ ਕਿ ਇਨ੍ਹਾਂ ਨੂੰ ਸੰਭਾਲ ਲਓ, ਨਹੀਂ ਤਾਂ ਜੁੱਧ ਮਜਬੂਰੀ ਹੈ।

ਸਤਿਗੁਰੂ ਦੇ ਦਰਬਾਰ ਇਹ ਖਤ ਪਹੁੰਚਾ, ਪੜ੍ਹਿਆ ਗਿਆ, ਇਸ ਪਰ ਸਤਿਗੁਰੂ ਜੀ ਨੇ ਸਾਰਿਆਂ ਦਾਨਿਆਂ ਦੀ ਵੀਚਾਰ ਕਰਵਾਈ। ਫੇਰ ਜੋ ਮਸਲਤ ਬਣੀ ਜੁਵਾਬ ਲਿਖਵਾ ਘੱਲਿਆ ਕਿ ਭਾਈ ਰਾਜਿਓ! ਅਸਾਂ ਦਾ ਤੁਸਾਂ ਨਾਲ ਕੋਈ ਦ੍ਵੈਖ ਨਹੀਂ, ਨਾਂ ਅਸਾਂ ਕਿਸੇ ਰਾਜੇ ਦਾ ਰਾਜ ਖੁਹਿਆ ਹੈ। ਨਾਂ ਅਸਾਂ ਕਿਸੇ ਤੇ ਕਦੇ ਟੱਲਾ ਕੀਤਾ ਹੈ। ਅਸੀਂ ਆਪਣੇ ਟਿਕਾਣੇ ਟਿਕੇ ਹਾਂ, ਆਪਣਾ ਕਾਰਜ, ਜੋ ਅਸੀਂ ਸਮਝਦੇ ਹਾਂ ਕਿ ਧੁਰੋਂ ਸਾਡੇ ਸਿਰ ਤੇ ਧਰਿਆ ਗਿਆ ਹੈ, ਕਰਦੇ ਹਾਂ। ਉਹ ਕੰਮ ਤੁਸਾਡੇ ਭਲੇ ਦਾ ਹੈ, ਤੁਸਾਂ ਦੇ ਸਾਰੇ ਵੀਰਾਂ ਦੀ ਭਲਾਈ ਦਾ ਹੈ। ਸਾਨੂੰ ਆਪਣੇ ਲਈ ਕਿਸੇ ਰਾਜ ਸਮਾਜ ਦੀ ਇੱਛਾ ਨਹੀਂ। ਤੁਹਾਨੂੰ ਰੰਜ ਹੋਣਾ ਉਚਿਤ ਨਹੀਂ। ਜਦ ਕਦੇ ਸ਼ਿਕਾਰ ਜਾਂਦੇ ਹਾਂ ਤਾਂ ਕਿਸੇ ਨੂੰ ਅਸੀਂ ਨਹੀਂ ਦੁਖਾਉਂਦੇ, ਜੋ ਕੋਈ ਸਿੰਘਾਂ ਨਾਲ ਅੜ ਬੈਠਦਾ ਹੈ ਤਾਂ ਸਿੰਘ ਹਨ ਸਿੰਘ, ਦਬਦੇ ਨਹੀਂ, ਸੋ ਤੁਹਾਨੂੰ ਪਤਾ ਹੈ ਕਿ ਸਿੰਘ ਦਾ ਕੰਮ ਹਾਰਨਾ ਨਹੀਂ ਹੈ। ਅਪਣੀ ਪ੍ਰਜਾ ਨੂੰ ਸੰਭਾਲੋ। ਨਾਹੱਕ ਜੰਗ ਨਾ ਰਚਾਓ। ਅਸਾਂ ਤੁਸਾਂ ਨਾਲ ਜੁੱਧ ਨਹੀਂ ਛੇੜਨਾ ਨਾ ਕਦੇ ਛੇੜਿਆ ਹੈ, ਨਾਂ ਅਸੀਂ ਤੁਸਾਡੇ ਸ਼ਤ੍ਰੂ ਹਾਂ, ਪਰ ਜੇ ਤੁਸਾਂ ਹੱਲਾ ਬੋਲਿਆ, ਜੰਗ ਰਚਾਇਆ ਤਾਂ ਖਾਲਸਾ ਅੱਗੋਂ ਕੱਚ ਦੀਆਂ ਵੰਗਾਂ ਪਾਕੇ ਨਹੀਂ ਬੈਠਾ ਹੋਇਆ; ਜੰਗ ਨੂੰ ਜੰਗ ਹੋਵੇਗਾ। ਖਾਲਸੇ ਦਾ ਆਦਰਸ਼ ਜਗਤ ਵਿਚ ਸ਼ਾਂਤੀ, ਸੁਖ ਵਰਤਾਉਣ ਦਾ ਹੈ, ਪਰ ਜੋ ਤਾਕਤਾਂ ਜ਼ੁਲਮ ਕਰ ਰਹੀਆਂ ਹੋਣ, ਜੇ ਉਹ ਜ਼ੁਲਮ ਤੋਂ ਨਾ ਹਟਣ ਤਾਂ ਖਾਲਸਾ ਉਨ੍ਹਾਂ ਨੂੰ ਜ਼ੁਲਮ ਤੋਂ ਜ਼ੋਰ ਨਾਲ ਵਰਜੇਗਾ। ਸੋ ਤੁਸੀਂ ਖਾਲਸੇ ਦਾ ਸਾਥ ਦਿਓ ਜੋ ਸ਼ਾਂਤੀ, ਸੁਲਹ ਤੇ ਸੁਤੰਤ੍ਰਤਾ ਦਾ ਸਮਾਂ ਆਵੇ। ਇਸ ਆਪਣੇ ਪਰਮ ਮਿੱਤ੍ਰ ਨਾਲ ਨਾ ਲੜੋ, ਪਰ ਜੇ ਲੜੋ ਤੇ ਚੜ੍ਹਕੇ ਆਓ ਤਾਂ ਪਹਿਲ ਤੁਸਾਂ ਵੱਲੋਂ ਹੋ ਜਾਏਗੀ, ਅਸੀਂ ਅੱਗੋਂ ਵਾਰ ਦੀ ਰੋਕ ਕਰਾਂਗੇ। ਫੇਰ ਜੋ ਅਸਧੁਜ ਚਾਹੇ ਹੋਏਗਾ। ਗਲੇ ਆ ਪਏ ਜੁੱਧ ਲਈ ਅਸੀਂ ਤਯਾਰ ਖਰ

ਤਜਾਰ ਹਾਂ, ਪਰ ਇਹ ਜੁੱਧ ਤੇ ਇਸਦੇ ਨਤੀਜੇ ਸਭ ਤੁਹਾਡੇ ਜ਼ਿੰਮੇ ਹੋਣਗੇ।

ਜਦ ਇਹ ਖਤ ਪਹੁੰਚਾ ਤਦ ਨੂੰ ਓਥੇ ਤਜਾਰੀ ਹੋ ਚੁਕੀ ਸੀ। ਇਸ ਖਤ ਦੇ ਆਸ਼ੇ ਨੇ ਉਨ੍ਹਾਂ ਦੇ ਆਸ਼ੇ ਨੂੰ ਨਾ ਮੋੜਿਆ, ਉਨ੍ਹਾਂ ਦੀ ਇਸ ਸਮਝ ਨੂੰ ਕੋਈ ਸਮਝ ਨਾ ਦੇ ਸਕਿਆ ਕਿ ਗੁਰੂ ਜੀ ਦਾ ਆਸ਼ਾ ਤੁਹਾਡੇ ਪਿੱਦੀ ਪਿੱਦੀ ਜਿੰਨੇ ਰਾਜ ਲੈਣ ਦਾ ਨਹੀਂ, ਉਹ ਤਾਂ ਸਾਰੀ ਪ੍ਰਜਾ ਨੂੰ ਸ੍ਵੈਮਾਨ, ਸ੍ਵੈਰਖਿਆ ਦੀ ਜਾਚ ਸਿਖਾ ਰਹੇ ਹਨ। ਉਹ ਪ੍ਰਜਾ ਦੇ ਕਸ਼ਟ ਨਾਲ-ਜੋ ਗੁਲਾਮੀ ਵਿਚ ਪਿਆਂ ਭੋਗਣੇ ਪੈਂਦੇ ਹਨ-ਪੀੜਤ ਹੋ ਰਹੇ ਹਨ ਤੇ ਉਪਰਲੇ ਵੀਚਾਰ ਸਿਰੇ ਚਾੜ੍ਹ ਰਹੇ ਹਨ। ਇਕ 'ਦੁਖ' ਜੀਵ ਨੂੰ ਆਪਣੇ ਕੀਤੇ ਕਰਮਾਂ ਦੇ ਭੁਗਤਣੇ ਪੈਂਦੇ ਹਨ, ਜਿਵੇਂ ਜੇ ਕਿਸੇ ਨੇ ਚੋਰੀ ਕੀਤੀ ਤਾਂ ਬੱਦੂ ਹੋਇਆ। ਇਕ 'ਦੁਖ' ਐਸੇ ਹੁੰਦੇ ਹਨ ਜੋ 'ਸਮੂਹ' ਦੀ ਭੁੱਲ ਦੇ ਜੀਵ ਨੂੰ ਭੋਗਣੇ ਪੈਂਦੇ ਹਨ, ਜਿਵੇਂ ਇਕ ਕੌਮ ਬੀਰ ਰਸੀ ਜੀਵਨ ਦਾ ਤਿਆਗ ਕਰਕੇ ਕਿਸੇ ਜਾਬਰ ਕੌਮ ਦੀ ਗੁਲਾਮ ਹੋ ਗਈ। ਹੁਣ ਉਸ ਕੌਮ ਦੇ ਇਕ ਆਦਮੀ ਨੂੰ ਆਪਣੇ ਘੋੜੇ ਦੀ ਸਵਾਰੀ ਕਰਨ ਤੇ ਕੈਦ ਕਰ ਦਿੱਤਾ ਜਾਂਦਾ ਹੈ। ਉਸ ਨੇ ਕੋਈ ਦੋਸ਼ ਨਹੀਂ ਸੀ ਕੀਤਾ, ਪਰ ਰਾਜ ਕਰ ਰਹੀ ਕੌਮ ਨੇ ਕਾਨੂੰਨ ਬੰਨ੍ਹ ਦਿੱਤਾ ਹੈ ਕਿ ਕੋਈ ਆਦਮੀ, ਜੋ ਸਰਕਾਰੀ ਫੌਜ ਵਿਚ ਨਹੀਂ, ਘੋੜੇ ਤੇ ਨਾ ਚੜ੍ਹੇ। ਸੋ ਇਹ ਘੋੜੇ ਦਾ ਸਵਾਰ ਆਪਣੀ ਕੌਮ ਦੇ ਹਾਰ ਜਾਣ ਦੇ ਅਪ੍ਰਾਧ ਕਰਕੇ ਨਪੀੜਿਆ ਜਾ ਰਿਹਾ ਹੈ, ਨਾਕਿ ਕਿਸੇ ਆਪਣੇ ਗੁਨਾਹ ਕਰਕੇ। ਦੇਸ਼ ਵਿੱਚ ਜੋ ਇਸ ਤਰ੍ਹਾਂ ਦੀਆਂ ਪੀੜਾਂ ਪਰਵਿਰਤ ਮਨ ਤੇ ਪ੍ਰਜਾ ਦੁਖੀ ਸੀ, ਇੱਥੋਂ ਤਾਈਂ ਕਿ ਧਰਮ ਦੀ ਸੁਤੰਤ੍ਰਤਾ ਬੀ ਨਹੀਂ ਮੀ ਰਹੀ, ਗੁਰੂ ਜੀ ਤਾਂ ਉਸਦਾ ਇਲਾਜ ਕਰ ਰਹੇ ਸਨ। ਸ਼ੇਰ ਤਾਂ ਚਿੱਤ੍ਰਿਆਂ ਦੇ ਪ੍ਰਬੰਧ ਕਰ ਰਿਹਾ ਸੀ ਕਿ ਪ੍ਰਜਾ ਨੂੰ ਉਨ੍ਹਾਂ ਤੋਂ ਬਚਾਵੇ ਤੇ ਫਿਕਰ ਪੈ ਰਿਹਾ ਸੀ ਬਿੱਲੀਆਂ ਨੂੰ ਕਿ ਕਿਤੇ ਸਾਡੇ ਚੂਹੇ ਨਾ ਖੋਹ ਲਵੇ, ਇਵੇਂ ਹੀ ਰਾਜਿਆਂ ਵਿੱਚ ਹੋਈ, ਸੋ ਠਟ ਗਈ ਅਜਮੇਰ ਚੰਦ ਦੇ ਉਪਦੇਸ਼ ਹੇਠ ਕਿ ਇਕ ਵੇਰੀ ਮਾਰਨ ਮਰਨ ਦਾ ਹੱਲਾ ਕਰ ਲਓ। ਭੀਮਚੰਦ ਆਪਣੇ ਸਮੇਂ ਦਾ ਭਾਰੀ ਤੀਰੰਦਾਜ਼ ਤੇ ਜੋਧਾ ਹੋਇਆ ਹੈ, ਪਰ ਅਜਮੇਰ ਚੰਦ ਵੈਸਾ ਨਹੀਂ ਸੀ, ਉਸ ਨੂੰ ਇਸ ਗੱਲ ਦਾ ਮਾਣ ਸੀ ਕਿ ਉਹ ਨੀਤੀਵੇਤਾ ਹੈ ਤੇ ਅਪਣੇ ਅਨੁਮਾਨ ਵਿਚ ਉਹ ਸਿਆਣਪ ਬੀ ਕਰ ਰਿਹਾ ਸੀ ਕਿ ਉਸ ਕੋਲ ਸਾਰੇ ਸਾਰਿਆਂ ਦੀ ਸੈਨਾ ਤੇ ਛੇੜ ਕੱਠੀ ਕਰ ਕਰਾਕੇ ਕਈ ਹਜ਼ਾਰ ਦੀ ਭੀੜ ਭਾੜ ਹੋ ਜਾਣੀ ਹੈ ਤੇ ਗੁਰੂ ਜੀ ਕੋਲ, ਉਸਨੂੰ ਪਤਾ ਸੀ ਕਿ, ਸਾਰੀ ਫੌਜ ਇਸ ਵੇਲੇ ਹਜ਼ਾਰ ਤੋਂ ਹੇਠਾਂ ਹੇਠਾਂ ਹੀ ਸੀ*। ਸੋ ਇਸ ਵੇਲੇ ਨੂੰ ਗਨੀਮਤ ਜਾਣ ਕੇ ਸਾਰੇ ਰਾਜਿਆਂ ਨੇ ਹੱਲੇ ਦੀ ਕਾਹਲੀ ਕੀਤੀ ਤੇ ਬਿਲਾਸਪੁਰ ਤੋਂ ਕੂਚ ਬੋਲ ਦਿੱਤਾ।

ਇਧਰ ਆਨੰਦਪੁਰ ਵਿਚ ਬੀ ਖ਼ਬਰਾਂ ਪੁੱਜ ਪਈਆਂ ਸਨ ਕਿ ਰਾਜਿਆਂ ਨੇ ਚੜ੍ਹਾਈ ਕਰ ਦਿੱਤੀ ਹੈ, ਸੋ ਪਹਿਲੀ ਸਲਾਹ ਇਹ ਠਹਿਰੀ ਕਿ ਲੜਾਈ ਦਾ ਮੈਦਾਨ ਆਨੰਦਪੁਰ ਦਾ ਦੁਆਲਾ ਨਾ ਹੋਵੇ। ਖਾਲਸਾ ਦਲ ਅੱਗੇ ਵਧਕੇ ਰਾਜਿਆਂ ਨੂੰ ਅੱਗੋਂ ਦੀ ਹੋਕੇ ਮਿਲੇ ਤਾਂ ਜੋ ਅਨੰਦਪੁਰ ਦੀ ਸ਼ਹਿਰੀ ਵਸੋਂ ਨੂੰ ਖੇਚਲ ਨਾ ਹੋਵੇ। ਇਹ ਸਲਾਹ ਦ੍ਰਿੜ੍ਹ ਕਰਕੇ ਖਾਲਸਾ ਫੌਜ ਅੱਗੇ ਵਧੀ ਤੇ ਵਸੋਂ ਤੋਂ ਦੂਰ ਜਾਕੇ ਮੋਰਚੇ ਲਾ ਲਏ। ਜੰਗ ਦੇ ਦਾਉ ਘਾਉ ਤੇ ਲੜਨ ਦੀ ਵਿਉਂਤ ਸਾਰੀ ਠਟ ਲਈ। ਆਪ ਸਾਹਿਬ ਇਕ ਉੱਚੇ ਟਿਕਾਣੇ ਜਾਕੇ ਸਜ ਗਏ, ਜਿਥੋਂ ਕਿ ਦੁਹਾਂ ਪਾਸਿਆਂ ਦੇ ਚਾਲੇ, ਦਾਉ-ਘਾਉ ਤੇ ਵਧਣ ਹਟਣ ਦੇ ਨਜ਼ਾਰੇ ਸਾਫ ਦਿੱਸਦੇ ਰਹਿਣ। ਰਾਜਿਆਂ ਨੇ, ਜੋ ਵਧੇ ਆ ਰਹੇ ਸੇ ਇਸ ਖਿਆਲ ਵਿਚ ਸੇ ਕਿ ਅਚਾਨਕ ਪੈਕੇ ਅਨੰਦਪੁਰ ਨੂੰ ਹਫਲਾ ਤਫਲੀ ਵਿਚ ਪਾ ਦਿਆਂਗੇ, ਹੁਣ ਡਿੱਠਾ ਕਿ ਉਹ ਗੱਲ ਸਿਰੇ ਨਹੀਂ ਚੜ੍ਹੀ ਤੇ ਅਪਣੇ ਡੇਰੇ ਅੱਡੇ ਲਾਏ ਬਿਨਾਂ ਹੀ ਤਿਆਰ ਬਰ ਤਿਆਰ ਸ਼ੱਤ੍ਰੂ ਦਲ ਨਾਲ ਟਾਕਰਾ ਪੈ ਗਿਆ ਹੈ, ਜੋ ਨਿਰੇ ਅੱਗੇ ਹੀ ਨਹੀਂ ਵਧੇ ਅਪਣੀ ਮੋਰਚਾ-ਬੰਦੀ ਬੀ ਕਰ ਚੁਕੇ ਹਨ। ਪਰੰਤੂ ਸੈਨਾ ਬਹੁਤ ਹੋਣ ਕਰਕੇ ਤੇ ਪੁਰਾਣੇ ਜੋਧੇ ਹੋਣ ਕਰਕੇ ਰਾਜੇ ਡਟ ਗਏ ਤੇ ਆਪਣੇ ਲੜਨੇ ਦੀ ਵਿਉਂਤ ਵਿਚ ਲਗ ਗਏ। ਇਕ ਹਿੱਸਾ ਤਾਂ ਅਗੇ ਵਧਕੇ ਡੱਟ ਗਿਆ ਕਿ ਜੇ ਹੱਲਾ ਆਵੇ ਤਾਂ ਰੋਕ ਕਰੇ ਤੇ ਪਿਛਲਾ ਦਸਤਾ ਪਰ੍ਹੇ ਬੰਨ੍ਹ ਕੇ ਜੁੱਧ ਦੀ ਵੰਡ ਵਿਚ ਲਗ ਗਿਆ।

*ਸੂ: ਪ੍ਰ: ਤੇ ਸੋ ਸਾਖੀ ਵਿੱਚ ਇਸ ਵੇਲੇ ਗੁਰੂ ਕੀ ਸੈਨਾ ੮੦੦ ਤੇ ਰਾਜਿਆਂ ਦੀ ਦਸ ਹਜ਼ਾਰ ਦੱਸੀ ਹੈ।

ਸਿੰਘਾਂ ਦਾ ਪਹਿਲਾ ਦਾਉ ਇਹ ਸੀ ਕਿ ਉਨ੍ਹਾਂ ਨੇ ਵਧ ਕੇ ਹੱਲਾ ਨਹੀਂ ਕੀਤਾ, ਆਪਣੇ ਮੋਰਚਿਆਂ ਵਿਚੋਂ ਸ਼ਿਸਤਾਂ ਬੰਨ੍ਹਕੇ ਬੰਦੂਕਾਂ ਦੀ ਸ਼ਲਕ ਛੇੜੀ ਕਿ ਜਿਵੇਂ ਬਿਜਲੀ ਕੜਕ ਪਈ ਹੈ ਤੇ ਇਸ ਫੁਰਤੀ ਨਾਲ ਚਲਾਉਂਦੇ ਹਨ ਕਿ ਸਾਹ ਨਹੀਂ ਲੈਂਦੇ। ਤਦੋਂ ਦੀ ਬੰਦੂਕ ਛੇਤੀ ਨਹੀਂ ਸੀ ਚਲਦੀ ਪਰ ਇਧਰ ਇਕ ਇਕ ਜੋਧਾ, ਵਿਚੋਂ ਇਕ ਇਕ ਜੋਧਾ ਛਡਕੇ, ਬਾਣ ਛੋੜਦਾ ਸੀ, ਏਨੇ ਨੂੰ ਦੂਜਾ ਦੂਜਾ ਜੋਧਾ ਬੰਦੂਕ ਤਯਾਰ ਕਰ ਲੈਂਦਾ ਸੀ, ਫੇਰ ਓਹ ਸ਼ਲਕ ਛੋੜਦੇ ਸਨ। ਇੰਨੇ ਨੂੰ ਪਹਿਲਾ ਪਹਿਲਾ ਜੋਧਾ ਬੰਦੂਕ ਤਯਾਰ ਕਰ ਲੈਂਦਾ ਸੀ, ਸੋ ਐਉਂ ਲਗਦਾ ਸੀ ਕਿ ਮਾਨੋਂ ਲਗਾਤਾਰ ਗੋਲੀ ਆ ਰਹੀ ਹੈ। ਜੇ ਕੋਈ ਦਸਤਾ ਪਹਾੜੀਆਂ ਦਾ ਅੱਗੇ ਵਧਦਾ ਤਾਂ ਸਿੰਘ ਬੰਦੂਕਾਂ ਨਾਲ ਮੂੰਹ ਭੰਨਦੇ। ਅਤਿ ਲੋੜ ਨੂੰ ਕੁਛ ਅਗੇ ਵਧਕੇ ਬੰਦੂਕਾਂ ਦੀ ਸ਼ਲਕ ਛੋੜਦੇ ਤਾਂ ਫਿਰ ਅਜੀਬ ਕਾਰੀਗਰੀ ਨਾਲ ਘੋੜੇ ਨੂੰ ਫੇਰਾ ਦੇਕੇ ਅਪਣੀ ਸਫ ਵਿਚ ਥਾਓਂ ਥਾਂ ਜਾ ਖੜ੍ਹਦੇ। ਦੁਸ਼ਮਨ ਦੀ ਆ ਰਹੀ ਗੋਲੀ ਦੇ ਅੱਗੇ ਨਿਸ਼ਾਨਿਆਂ ਤੋਂ ਟਲਕੇ ਘੋੜੇ ਨੂੰ ਇਕ ਫੇਰਵਾਂ ਦਾਅ ਦੇਕੇ ਫੇਰ ਸੰਭਲਕੇ ਖੜੇ ਹੋਕੇ ਬਾਣ ਛੋੜਦੇ। ਇਸ ਕਾਰੀਗਰੀ ਨੂੰ ਦੇਖਕੇ ਪਹਾੜੀਏ, ਜੋ ਪੁਰਾਣੇ ਸੂਰਮੇ ਸਨ, ਅਸ਼ ਅਸ਼ ਕਰ ਗਏ। ਖਾਲਸੇ ਜੀ ਨੂੰ ਹੁਕਮ ਸੀ ਕਿ ਆਪਣੇ ਮੋਰਚੇ ਨਹੀਂ ਛੋੜਨੇ ਤੇ ਅੱਗੇ ਵਧਣਾ ਪਵੇ ਤਾਂ ਥੋੜ੍ਹਾ ਵਧਕੇ ਮਾਰ ਕਰਕੇ ਮੋਰਚਿਆਂ ਵਿਚ ਆ ਟਿਕੋ। ਇਸ ਤਰ੍ਹਾਂ ਦਾ ਜੰਗ ਬੜਾ ਬਚਵਾਂ ਹੋ ਰਿਹਾ ਸੀ ਤੇ ਇਸ ਵਿਚ ਪਹਾੜੀਆਂ ਦਾ ਬੜਾ ਨੁਕਸਾਨ ਹੋ ਰਿਹਾ ਸੀ। ਸਿੰਘਾਂ ਦੀ ਗੋਲੀ ਡਾਢੇ ਨਿਸ਼ਾਨੇ ਤੇ ਬੈਠਦੀ ਸੀ ਤੇ ਸਿੰਘ ਆਪ ਦਾਉ ਬਹੁਤ ਘੱਟ ਖਾਂਦੇ ਸਨ। ਰਾਜਿਆਂ ਨੂੰ ਦਿਸਦਾ ਸੀ ਕਿ ਸਾਡੀ ਬਿਜੈ ਤਾਂ ਹੈ ਜੇ ਅਸੀਂ ਓਰੜ ਦਾ ਹੱਲਾ ਬੋਲਕੇ ਹੱਥੋ ਹੱਥੀ ਜਾ ਮੋਰਚੇ ਖੋਹੀਏ, ਪਰ ਅਜਮੇਰਚੰਦ ਇਸ ਖੇਡ ਵਿਚ ਹਾਰ ਜਿੱਤ ਦੁਏ ਪੱਖ ਵੇਖ ਰਿਹਾ ਸੀ ਕਿਉਂਕਿ ਸਿੰਘਾਂ ਦਾ ਮੋਰਚਿਆਂ ਤੋਂ ਲੋੜ ਵੇਲੇ ਨਿਕਲਕੇ ਵਧਵੇਂ ਪਹਾੜੀ ਹੱਲੇ ਨੂੰ ਪੰਸਪਾ ਕਰਨਾ ਤੇ ਫੇਰ ਘੋੜੇ ਫੇਰ ਕੇ ਸਫ ਬੰਦੀ ਵਿਚ ਹੋ ਜਾਣਾ ਤੇ ਗੋਲੀ ਚਲਾਉਂਦੇ ਮੋਰਚੀਂ ਜਾ ਠਹਿਰਨਾ ਓਹ ਜਾਣਦਾ ਸੀ। ਇਸ ਵੇਲੇ ਰਾਜਾ ਰੂਪ ਚੰਦ, ਦੇਵ ਸ਼ਰਨ, ਵਜ਼ੀਰ ਸੈਨ ਨੇ ਅਪਣੇ ਦਲ ਅੱਗੇ ਵਧਾਏ ਤੇ ਆਪ ਸੂਰਮਗਤੀ ਦੇ ਚਾ ਵਿਚ ਲੜਨ ਲਈ ਦਲ ਦੀ ਅਗੁਵਾਨੀ ਵਿਚ ਟੁਰੇ। ਅਜਮੇਰਚੰਦ ਰਣ ਦੀ ਮਾਰੀ ਸਾਰ ਰੱਖਣ ਤੇ ਪ੍ਰਬੰਧ ਦੇ ਬਹਾਨੇ ਪਿੱਛੇ ਹੀ ਰਿਹਾ। ਇਹ ਹੱਲਾ ਰਾਜਿਆਂ ਨੇ ਓਰੜ ਦਾ ਕੀਤਾ। ਗੋਲੀਆਂ ਤੇ ਤੀਰਾਂ ਦੀ ਉਹ ਵਰਖਾ ਕੀਤੀ ਕਿ ਮਾਨੋਂ ਮੀਂਹ ਵੱਸ ਪਿਆ ਹੈ। ਅਨੇਕਾਂ ਸਿੰਘ ਘਾਇਲ ਹੋ ਹੋ ਢੱਠੇ ਤੇ ਪਰਲੋਕ ਨੂੰ ਪਿਆਨੇ ਕਰ ਗਏ। ਧਰਤੀ ਲਾਲ ਹੋ ਗਈ ਤੇ ਆਹ ਕ੍ਰਾਹ ਦਾ ਸ਼ਬਦ ਗੂੰਜ ਉਠਿਆ। ਉਧਰ ਮਾਰੂ ਵਾਜੇ ਵਜ ਰਹੇ ਸਨ, ਇਧਰ ਰਾਜਸੀ ਹੱਲਾ ਜ਼ੋਰਾ ਜ਼ੋਰੀ ਦਾ ਆ ਰਿਹਾ ਸੀ! ਇਨ੍ਹਾਂ ਦਾ ਕਦਮ ਵਧਵਾਂ ਪੈਂਦਾ ਵੇਖ ਕੇ ਫੇਰ ਚੰਬਲ, ਕੁੱਲੂ, ਕੈਂਥਲ ਤੇ ਜਸਵਾਰੀ ਰਾਜੇ ਅੱਗੇ ਵਧੇ। ਇਧਰ ਉਦੈ ਸਿੰਘ ਤੇ ਆਲਮ ਸਿੰਘ ਨੇ ਆਪਣੇ ਪੈਰ ਜਮਾਏ ਹੋਏ ਸਨ ਤੇ ਇਨ੍ਹਾਂ ਦੀ ਬੰਦੂਕੀ ਬਾਣ੍ਹਾਂ ਦੀ ਫੁਰਤੀ ਬੜਾ ਅਸਰ ਕਰ ਰਹੀ ਸੀ। ਵਧੇ ਆ ਰਿਹਾਂ ਵਿਚੋਂ ਸੈਂਕੜੇ ਢਹਿ ਢਹਿ ਪੈ ਰਹੇ ਸਨ, ਘੋੜੇ ਜ਼ਖਮ ਖਾ ਖਾ ਸਵਾਰਾਂ ਸਮੇਤ ਡਿੱਗ ਰਹੇ ਸਨ। ਓੜਕ ਜਦ ਇਨ੍ਹਾਂ ਸੂਰਮਿਆਂ ਨੇ ਡਿੱਠਾ ਕਿ ਹੁਣ ਵੈਰੀ ਮੋਰਚਿਆਂ ਦੇ ਬਹੁਤ ਨੇੜੇ ਆ ਰਿਹਾ ਹੈ, ਭਾਵੇਂ ਬੇਗਿਣਤ ਫੁੰਡੇ ਜਾਕੇ ਡਿਗ ਰਹੇ ਤੇ ਨੁਕਸਾਨ ਹੋ ਰਿਹਾ ਹੈ, ਪਰ ਫੇਰ ਬੀ ਦਲ ਵਧਦਾ ਹੀ ਆ ਰਿਹਾ ਹੈ, ਤਾਂ ਮੋਰਚਿਆਂ ਤੋਂ ਨਿਕਲ ਹਥਾਵਥੀ ਲੜਾਈ ਕਰਕੇ ਉਨ੍ਹਾਂ ਦਾ ਮੂੰਹ ਮੋੜਨ ਦੀ ਠਾਣ ਲਈ ਤੇ ਅਗੇ ਵਧਣ ਲਗੇ ਸਨ ਕਿ ਸਾਹਿਬਾਂ ਦਾ ਹੁਕਮ ਆਇਆ ਕਿ--

'ਵਧਹੁ ਨ ਆਗੇ ਥਿਰ ਹੁਇ ਲਰੋ।
ਜ੍ਵਾਲਾਬਮਣੀ* ਛੋਰਨ ਕਰੋ।' {ਸੂ: ਪ੍ਰ:}

ਇਹ ਹੁਕਮ ਸੁਣਕੇ ਸਿੰਘ ਟਿਕ ਗਏ ਤੇ ਜਿਵੇਂ ਜੰਮੇ ਖੜੇ ਸਨ ਜੰਮੇ ਖੜੋਕੇ ਲੜਦੇ ਰਹੇ। ਤੀਰਾਂ ਤੇ ਗੋਲੀਆਂ ਦੀ ਮਿਥਵੀਂ ਚਾਲ ਨਾਲ ਚਲਾਉਣ ਵਿਚ ਇਨ੍ਹਾਂ ਦੀ ਫੁਰਤੀ ਕੰਮ ਕਰ ਰਹੀ ਸੀ। ਸਾਹਿਬਾਂ ਦਾ ਹੁਕਮ ਸੀ ਕਿ ਪੈਰ ਐਸੇ ਜਮਾਕੇ ਟਿਕੇ ਰਹੋ ਤੇ ਇਸ ਤੇਜ਼ੀ ਨਾਲ ਬਾਣ੍ਹ ਛੋੜਦੇ ਰਹੋ ਕਿ ਸ਼ੱਤ੍ਰੂ ਦਾ ਹੱਲਾ ਤੁਹਾਨੂੰ ਨਾ ਤੋੜ ਸਕੇ, ਨਾ ਹਿਲਾ ਸਕੇ। ਸੋ

*ਬੰਦੂਕ।

ਸਿੰਘ ਇਸੇ ਤਰ੍ਹਾਂ ਪਹਾੜ ਵਾਂਙੂ ਦ੍ਰਿੜ ਹੋ ਡਟੇ ਰਹੇ ਤੇ ਦੁਸ਼ਮਨ ਦੀਆਂ ਵੰਗਾਰਾਂ ਤੋਂ ਬੀ ਆਪਣੀਆਂ ਸਫਾਂ, ਪਰਿਹਾਂ ਨੂੰ ਤੋੜਕੇ ਅੱਗੇ ਨਾ ਵਧੇ। ਪਹਾੜੀਆਂ ਨੇ ਜਦ ਡਿੱਠਾ ਕਿ ਇਹ ਆਪਣੀ ਬੰਦੂਕ ਤੇ ਤੀਰ ਨੂੰ ਛੋੜਕੇ ਤਲਵਾਰ ਦੀ ਹਥਾਵੱਥੀ ਤੇ ਨਹੀਂ ਉਤਰਦੇ ਤਾਂ ਫੁਰਤੀ ਕਰਕੇ ਹੋਰ ਵਧੇ ਤੇ ਤਲਵਾਰਾਂ ਸੇਲੇ ਸੂਤਕੇ ਟੁੱਟ ਕੇ ਆ ਪਏ। ਸਿੰਘਾਂ ਨੇ ਬੀ ਅੱਗੋਂ ਤੇਗੇ ਸੰਭਾਲੇ ਤੇ ਢਾਲਿਆਂ ਤੇ ਵਾਰ ਸਹਿ ਸਹਿ ਮੂੰਹ ਤੋੜ ਜੁਾਬ ਦਿਤੇ, ਪਰ ਆਪਣੇ ਥਾਂ ਤੇ ਡਟੇ ਰਹੇ। ਉਧਰ ਸਤਿਗੁਰ ਜੀ ਦੀ ਕੋਈ ਵਿਉਂਤ ਸੀ ਕਿ ਇਕ ਪਾਸੇ ਦੇ ਦੂਰ ਦੇ ਮੋਰਚੇ ਤੋਂ ਗੋਲੀ ਤੀਰ ਇਨ੍ਹਾਂ ਦੇ ਅਗੇ ਵਧੇ ਪਹਾੜੀਆਂ ਦੇ ਪਿੱਛੇ ਇਨ੍ਹਾਂ ਦੀ ਆ ਰਹੀ ਕੁਮਕ ਵਿਚ ਜਾਕੇ ਪੈਂਦੀ ਸੀ, ਜਿਸ ਨਾਲ ਕਿ ਉਹ ਆਪਣੇ ਅਗੇ ਵਧੇ ਦਲ ਨਾਲ ਢੁਕਵਾਂ ਮੇਲ ਨਾ ਕਾਇਮ ਰਖ ਸਕੇ। ਜਿਨ੍ਹਾਂ ਸਿੰਘਾਂ ਨੇ ਹੁਣ ਕ੍ਰਿਪਾਨਾਂ ਦੇ ਹਥਾਵਥੀ ਜੁੱਧ ਦਾ ਟਾਕਰਾ ਹਥਾਵਥੀ ਹਥਜਾਰਾਂ ਨਾਲ ਮਜਬੂਰ ਹੋਕੇ ਮੰਡ ਲਿਆ ਸੀ, ਉਨ੍ਹਾਂ ਦਾ ਰੋਹ ਕਮਲਾ ਹੋਕੇ ਚੜ੍ਹਿਆ ਤੇ ਇਹ ਕ੍ਰਿਪਾਨੀ ਜੁੱਧ ਬੀ ਪਹਾੜੀਆਂ ਨੂੰ ਦੰਗ ਕਰ ਗਿਆ। ਬਹੁਤ ਕਟਾਵੱਢ ਹੋਕੇ ਇਨ੍ਹਾਂ ਦੇ ਪੈਰ ਪਿੱਛੇ ਪੈਣ ਲਗੇ ਤਾਂ ਕੀਹ ਦੇਖਦੇ ਹਨ ਕਿ ਸਾਡੇ ਪਿੱਛੇ ਕੋਈ ਨਹੀਂ, ਥਾਂ ਖਾਲੀ ਹੈ। ਅਸਲ ਵਿਚ ਇਨ੍ਹਾਂ ਦੇ ਮਗਰ ਇਨ੍ਹਾਂ ਵਿਚ ਤੇ ਇਨ੍ਹਾਂ ਦੀ ਸੈਨਾ ਵਿਚ ਵਿਥ ਪੈ ਗਈ ਹੈਸੀ। ਇਹ ਤੱਕ ਕੇ ਉਨ੍ਹਾਂ ਦੇ ਦਿਲ ਧਕਾ ਖਾ ਗਏ। ਇਹ ਸਮਝਕੇ ਕਿ ਪਿਛਲੇ ਨੱਸ ਗਏ ਹਨ, ਹੁਣ ਏਹ ਘਬਰਾਕੇ ਪਿੱਛੇ ਹਟਣ ਹੀ ਲਗੇ ਸਨ ਕਿ ਖਾਲਸਾ ਇਹ ਹੱਲਾ ਕਰਕੇ ਉਨ੍ਹਾਂ ਤੇ ਟੁੱਟ ਪਿਆ ਤੇ ਖੂਬ ਖੰਡਾ ਖੜਕਾਇਆ। ਹੁਣ ਪਹਾੜੀ ਭੱਜੇ ਜਾਂਦੇ ਹਨ ਤੇ ਸਿੰਘ ਪਿੱਛੇ ਪਈ ਜਾਂਦੇ ਹਨ! ਅਗਲਿਆਂ ਦੀ ਭਾਂਜ ਨੇ ਪਿਛਲਿਆਂ ਨੂੰ ਭਜਾਇਆ! ਸ਼ੱਤ੍ਰੂ ਦਲ ਵਿਚ ਰੌਲਾ ਪੈ ਗਿਆ, ਪੈਰ ਉੱਖੜ ਗਏ, ਦੋ ਚਾਰ ਸੈਨਾ ਦੇ ਮੁਹਰੀ ਮਾਰੇ ਗਏ, ਜਿਨ੍ਹਾਂ ਦੀ ਮੌਤ ਨੇ ਹੋਰ ਬੁਰਾ ਅਸਰ ਪਾਇਆ। ਖਾਲਸਾ ਹੁਣ ਬਿਜੈ ਦੇ ਘੁਮੰਡ ਵਿੱਚ ਅੱਗੇ ਵਧਿਆ ਜਾ ਰਿਹਾ ਹੈ। ਗੁਰੂ ਆਗਜਾ ਸੀ ਕਿ ਮੋਰਚਿਆਂ ਤੋਂ ਬਹੁਤ ਅੱਗੇ ਨਹੀਂ ਵਧਣਾ, ਜੰਮਕੇ ਲੜਨਾ ਹੈ ਤੇ ਵਾਰ ਮੋੜਨੇ ਹਨ ਤੇ ਸਾਡੀ ਆਗਜਾ ਪਹੁੰਚੇ ਬਿਨਾਂ ਆਪ ਵਾਰ ਨਹੀਂ ਕਰਨਾ, ਪਰ ਇੱਥੇ ਸਿੰਘਾਂ ਨੇ ਜਾਤਾ ਕਿ ਅਸੀਂ ਮੈਦਾਨ ਮਾਰ ਲਿਆ ਹੈ, ਹੁਣ ਵੈਰੀ ਨੂੰ ਘਰੀਂ ਵਾੜਕੇ ਮੁੜਨਾ ਹੀ ਠੀਕ ਹੈ। ਗੁਰੂ ਜੀ ਦੇ ਹੁਕਮ ਆਉਣ ਤੇ ਬੀ ਜਾਂ ਸਿੰਘ ਨਾ ਮੁੜੇ ਤਾਂ ਗੁਰੂ ਸਾਹਿਬ ਨੇ ਵੀਚਾਰਿਆ ਕਿ ਸੈਨਾ ਦੇ ਆਗੂ ਦੀ ਆਗਜਾ ਭੰਗ ਕਰਨ ਦੀ ਵਾਦੀ ਜੇ ਅੱਜ ਸਿੰਘਾਂ ਨੂੰ ਪੈ ਗਈ ਤਾਂ ਇਹ ਬਾਣ ਬਣ ਜਾਏਗੀ ਤੇ ਇਨ੍ਹਾਂ ਦੇ ਸਾਰੇ ਭਵਿੱਖਜਤ ਨੂੰ ਖ਼ਰਾਬ ਕਰੇਗੀ, ਸੋ ਅੱਜ ਇਨ੍ਹਾਂ ਨੂੰ ਸਿਖਜਾ ਦੇਣੀ ਚਾਹੀਏ ਕਿ ਸੈਨਾਪਤਿ-ਜੱਥੇਦਾਰ ਦੀ ਆਗਜਾ ਹੀ ਬਿਜੈ ਦਾ ਮੂਲ ਹੁੰਦੀ ਹੈ! ਚਾਹੇ ਆਪ ਜਾਣਦੇ ਸਨ ਕਿ ਇਨ੍ਹਾਂ ਨੂੰ ਇਸ ਵੇਲੇ ਦੰਡ ਦੇਣ ਨਾਲ ਹਾਰ ਹੋਵੇਗੀ ਤੇ ਸਾਨੂੰ ਅਨੰਦਪੁਰ ਦੀ ਰੱਖਜਾ ਦਾ ਦੁਸ਼ਤਰ ਕੰਮ ਹੁਣੇ ਹੀ ਆ ਵਾਪਰੇਗਾ, ਪਰ ਗੁਰੂ ਨੇ ਸਿੱਖਾਂ ਨੂੰ ਉਹ ਸਿੱਖਜਾ ਦੇਣੀ, ਜੋ ਸਦਾ ਲਈ ਉਨ੍ਹਾਂ ਨੂੰ ਸੁਖਦਾਈ ਹੋਵੇ, ਜ਼ਰੂਰੀ ਜਾਤੀ ਤੇ ਆਪ ਉੱਚਾ ਟਿਕਾਣਾ ਛੱਡ ਕੇ ਅਨੰਦਪੁਰ ਵਲ ਨੂੰ ਚਾਲੇ ਪਾ ਗਏ ਤੇ ਸਨੇ ਸਨੇ ਟੁਰੀ ਗਏ! ਇਧਰ ਸਿੰਘ ਜਦ ਬਹੁਤ ਵਧ ਗਏ ਤਾਂ ਪਹਾੜੀਆਂ ਦੀ ਇਕ ਭੀੜ ਜੋ ਤ੍ਰੈ ਹਜ਼ਾਰ ਦੱਸੀਦੀ ਸੀ, ਇਕ ਪਾਸਿਓਂ ਅਚਾਨਕ ਨਿਕਲ ਆਈ। ਇਸ ਦਲ ਨੂੰ ਵੇਖਕੇ ਵਧੇ ਦਿਲ ਵਾਲੇ ਖਾਲਸਾ, ਜਿਨ੍ਹਾਂ ਨੇ ਆਪਨੂੰ ਗੁਰੂ ਤੋਂ ਸਿਆਣਾ ਸਮਝ ਲਿਆ ਸੀ ਤੇ ਗੁਰੂ ਕੇ ਦਿੱਤੇ ਸਨਮਾਨ ਨੂੰ ਆਪਣੀ ਬੁੱਧੀ ਤੇ ਬਾਹੂ ਬਲ ਦੀ ਵਿਸ਼ੇਸ਼ਤਾ ਦੇ ਅਰਥਾਂ ਵਿੱਚ ਸਮਝਣ ਲਗ ਪਏ ਸਨ, ਘਬਰਾ ਗਏ। ਪਹਾੜੀਆਂ ਦਾ ਇਹ ਅਚਾਨਕ ਦਾ ਹੱਲਾ ਡਾਢੇ ਜ਼ੋਰਾਂ ਦਾ ਸੀ। ਹੁਣ ਸੋਚਣ ਲੱਗੇ ਕਿ ਕੀਹ ਕਰੀਏ। ਗੁਰੂ ਕਾ ਹੁਕਮ ਸੋਚਿਓ ਨੇ ਕਿ ਆਉਂਦਾ ਹੈ, ਪਰ ਖ਼ਬਰ ਆਈ ਕਿ ਤੁਹਾਡੀ ਨਾਫ਼ੁਰਮਾਨੀ ਕਰਕੇ ਗੁਰੂ ਜੀ ਤੁਹਾਡੀ ਅਗੁਵਾਨੀ ਛੋੜਕੇ ਚਲੇ ਗਏ ਹਨ; ਤਦ ਹੋਰ ਘਬਰਾਏ। ਸਿਆਣੇ ਜੋਧੇ ਪੈਰ ਸੰਭਾਲਦੇ ਸਨ, ਵੰਗਾਰਦੇ ਸਨ, ਡਟਦੇ ਤੇ ਡਟਾਉਂਦੇ ਸਨ, ਪਰ ਹਰ ਛਿਨ ਪੈਰ ਪਿੱਛੇ ਪੈਂਦਾ ਸੀ। ਇਸ ਤਰ੍ਹਾਂ ਸਿੰਘਾਂ ਨੂੰ ਭਾਂਜ ਪੈਂਦੀ ਦੇਖਕੇ ਕੁਛ ਸਿੰਘ ਛੇਤੀ ਦਾ ਮਤਾ ਆਪੋ ਵਿੱਚ ਕਰਕੇ ਸਤਿਗੁਰੂ ਜੀ ਦੇ ਮਗਰ ਸਰਪਟ ਘੋੜੇ ਸਿੱਟ ਕੇ ਜਾ ਪਹੁੰਚੇ ਤੇ ਦੂਰੋਂ ਹੀ ਲੱਗੇ ਅਵਾਜ਼ੇ ਦੇਣ-ਸੱਚੇ ਪਾਤਸ਼ਾਹ! ਠਹਿਰ ਜਾਓ, ਦਾਸਾਂ ਦੀ ਬੇਨਤੀ ਸੁਣ ਲਓ, ਮਿਹਰ

ਕਰੋ। ਪਰ ਸਿੱਖਜ਼ਾ ਦਾਤੇ, ਸੱਚੇ ਰਹਿਬਰ ਨੱਕ ਦੀ ਸੇਧੇ ਦਰੁਸਤ ਰਸਤੇ ਤੋਰਨ ਦੇ ਜ਼ਿੰਮੇਵਾਰ ਆਪਣੇ ਰਾਹੇ ਟੁਰੀ ਗਏ! ਤਦੋਂ ਨੂੰ ਨੌਰੰਗ ਸਿੰਘ ਨਾਮੇ ਇਕ ਸੂਰਮੇ ਨੇ ਘੋੜਾ ਸਰਪਟ ਛੋੜ ਗੁਰੂ ਜੀ ਤੋਂ ਅੱਗੇ ਵਧਕੇ ਫੇਰ ਫੁਰਤੀ ਨਾਲ ਘੋੜਾ ਥੰਮ੍ਹਕੇ ਹੇਠਾਂ ਉਤਰਕੇ ਲੀਕ ਵਾਹ ਦਿੱਤੀ ਤੇ ਹੱਥ ਬੰਨ੍ਹਕੇ ਕਿਹਾ 'ਹੇ ਦਲ ਬਿਡਾਰ ਨੀਲਿਆ! ਤੈਨੂੰ ਗੁਰੂ ਕੀ ਆਣ ਹਈ, ਹੁਣ ਹੋਰ ਕਦਮ ਅੱਗੇ ਨਾ ਪੱਟੀਂ।' ਗੁਰੂ ਜੀ ਦੇ ਹੇਠ ਨੀਲੇ ਰੰਗ ਦਾ ਘੋੜਾ ਸੀ, ਜਿਸ ਦਾ ਨਾਮ ਸਾਹਿਬਾਂ ਨੇ ਦਲ ਬਿਡਾਰ ਰੱਖਿਆ ਹੋਇਆ ਸੀ। ਸਿੰਘ ਇਸ ਨੂੰ ਨੀਲਾ ਆਖਿਆ ਕਰਦੇ ਸਨ। ਇਹ ਘੋੜਾ ਬੜਾ ਸ਼ੋਖ ਕੱਦਾਵਰ ਤੇ ਅਤਿ ਫੁਰਤੀਲਾ ਸੀ। ਸਿੰਘ ਦੀ ਆਣ ਪਾਉਣ ਤੋਂ ਬਾਦ ਘੋੜਾ ਅਟਕ ਗਿਆ। ਲਿਖਿਆ ਹੈ ਕਿ ਗੁਰੂ ਜੀ ਬਹੁਤ ਅੱਡੀਆਂ ਤੇ ਕਮਚੀਆਂ ਮਾਰ ਰਹੇ, ਪਰ 'ਆਗੇ ਲਕੀਰ ਕਰੀ ਥੀ ਸੋ ਨਾ ਲੰਘਤਾ ਹੂਆ*'। ਤਦ ਗੁਰੂ ਜੀ ਘੋੜੇ ਤੋਂ ਉਤਰ ਪਏ ਤੇ ਹੱਸਕੇ ਘੋੜੇ ਵਲ ਤੱਕੇ ਤੇ ਮਖੌਲ ਨਾਲ ਬੋਲੇ 'ਦਲ ਬਿਡਾਰ! ਤੂੰ ਤਾਂ ਕੋਈ ਮਸੰਦ ਹੈਂ ਜੋ ਪੂਜਾ ਦੇਣਹਾਰਿਆਂ ਦਾ ਲਿਹਾਜ਼ ਕਰਦਾ ਹੈਂ'। ਸਿੰਘਾਂ ਨੇ ਅੱਗੇ ਹੋਕੇ ਸਾਰੇ ਦਲ ਵਲੋਂ ਖਿਮਾ ਮੰਗੀ ਤੇ ਅਪਣੀ ਭੁੱਲ ਪਰਵਾਨ ਕੀਤੀ। ਸਾਹਿਬ ਮੁੜ ਪਏ। ਸਿੰਘਾਂ ਨੂੰ ਕਿਹਾ 'ਜਾਓ, ਹੁਣ ਹੁਕਮ ਹੈ ਕਿ ਜਿੱਥੇ ਜਿੱਥੇ ਹੋ ਖੜੇ ਹੋਕੇ ਡਟ ਜਾਓ। ਇਕ, ਕਿ ਦੋ, ਕਿ ਦਸ ਖੂਬ ਡਟਕੇ ਲੜੋ। ਕੱਟ ਜਾਓ, ਪੁਰਜ਼ੇ ਪੁਰਜ਼ੇ ਹੋ ਜਾਓ, ਪਰ ਗੱਡੇ ਹੋਏ ਥੰਮ੍ਹੇ ਵਾਙੂ ਅਹਿੱਲ ਹੋ ਜਾਓ; ਇਧਰੋਂ ਦੇਖੋ ਅਸੀਂ ਕੀਹ ਦਰਦੇ ਹਾਂ। ਇਹ ਹੁਕਮ ਪਹੁੰਚਦੇ ਸਾਰ ਖਾਲਸਾ ਜੀ ਫੇਰ ਜਿੱਥੇ ਜਿੱਥੇ ਸਨ ਡਟ ਗਏ। ਓਧਰ ਸਤਿਗੁਰ ਨੇ ਆਪਣੇ ਟਿਕਾਣੇ ਪਹੁੰਚਕੇ ਸੱਤ ਤੀਰ ਚਲਾਏ। ਇਕ ਇਕ ਤੀਰ ਵਧੇ ਹੋਏ ਵੈਰੀ ਦਲ ਦੇ ਜੱਥੇਦਾਰਾਂ ਨੂੰ ਪਿਆ। ਜਦ ਜਥੇਦਾਰ ਬਾਦ ਜਥੇਦਾਰ ਢੱਠਾ ਤਾਂ ਵੈਰੀ ਦਲ ਬੇਦਿਲ ਹੋ ਗਿਆ। ਖਾਲਸਾ, ਜੋ ਭੱਜਾ ਜਾ ਰਿਹਾ ਸੀ, ਹੁਣ ਡਟ ਗਿਆ ਸੀ; ਐਸਾ ਡਟ ਗਿਆ ਕਿ ਮਾਨੋਂ ਵੈਰੀ ਕਿਸੇ ਚਿਟਾਨੀ ਟਿੱਲਿਆਂ ਨਾਲ ਜੁੱਧ ਕਰ ਰਿਹਾ ਹੈ। ਖਾਲਸੇ ਦਾ ਡਟ ਜਾਣਾ ਤੇ ਉੱਮਲ ਉੱਮਲ ਕੇ ਪੈਣਾ ਇਸ ਸ਼ਹਜ਼ੋਰੀ ਦਾ ਸੀ ਕਿ ਜਾਨਾਂ ਬਚਾਕੇ ਲੜਨ ਵਾਲੇ ਨੌਕਰ ਸਿਪਾਹੀ ਘਬਰਾ ਗਏ। ਤੀਰਾਂ ਦੀ ਅਵਾਜ਼ ਨਾਲ, ਗੋਲੀਆਂ ਦੀ ਤੜਾਤੜ ਨਾਲ, ਤਲਵਾਰ ਦੀ ਦਮਕ ਨਾਲ ਕੁਲਾਹਲ ਮਚ ਗਿਆ। ਆਖਰ ਪਹਾੜੀਆਂ ਭਾਂਜ ਖਾਧੀ ਤੇ ਮੈਦਾਨ ਛੱਡਕੇ ਨੱਠ ਟੁਰ। ਥੋੜੀ ਦੇਰ ਬਾਦ ਮੈਦਾਨ ਖਾਲੀ ਹੋ ਗਿਆ। ਹਾਰੇ ਹੋਏ ਰਾਜੇ ਦੂਰ ਪਿੱਛੇ ਨੂੰ ਨਿਕਲ ਗਏ। ਜਦੋਂ ਸੂੰਹੀਆਂ ਨੇ ਆ ਖਬਰ ਦਿੱਤੀ ਕਿ ਰਾਜੇ ਹੁਣ ਜੁੱਧ ਦਾ ਹੀਆ ਛੱਡ ਕੇ ਘਰੀਂ ਵਾਪਸ ਜਾ ਰਹੇ ਹਨ ਤੇ ਅਪਣੀ ਹਾਰ ਉਤੇ ਸਿਰ ਧੁਨਦੇ ਜਾ ਰਹੇ ਹਨ, ਤਾਂ ਖਾਲਸਾ ਜੀ ਬਿਜੈ ਦਾ ਡੰਕਾ ਵਜਾਉਂਦੇ ਆਨੰਦਪੁਰ ਨੂੰ ਵਾਪਸ ਆਏ।

ਸਤਿਗੁਰ ਨੇ ਅੱਜ ਜੋ ਸਿੱਖਜਾ-ਜੁੱਧ ਵਿਦਜਾ ਦੀ ਸਿੱਖਜਾ-ਖਾਲਸੇ ਨੂੰ ਸਿਖਾਈ, ਉਹ ਖਾਲਸੇ ਵਿੱਚ ਇਨ੍ਹਾਂ ਦੇ ਦੋ ਕੌਮੀ ਗੁਣ ਬਣਾ ਗਈ; ਇਕ ਤਾਂ ਇਨ੍ਹਾਂ ਵਿਚ ਜੱਥੇਦਾਰ ਦੀ ਆਗਜਾ ਮੰਨਣ ਦਾ ਗੁਣ ਪਾ ਗਈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਚਖੰਡ ਪਿਆਨੇ ਮਗਰੋਂ ਖਾਲਸੇ ਨੇ ਗੁਰੂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪੰਥ ਨੂੰ ਮੰਨਿਆਂ ਹੈ ਪਰ ਜਥੇਦਾਰ ਦੀ ਆਗਜਾ ਨੂੰ ਸਦਾ ਸ਼ਰੋਮਣੀ ਜਾਣਿਆ ਹੈ। ਜਥੇਦਾਰ ਥਾਪਣਾ ਖਾਲਸੇ ਦਾ ਕੰਮ ਰਿਹਾ ਹੈ, ਜਥੇਦਾਰ ਖਾਲੇ ਦੀ ਰਾਇ ਨੂੰ ਸਨਮਾਨਦਾ ਰਿਹਾ ਹੈ, ਪਰ ਖਾਲਸਾ ਜਥੇਦਾਰ ਦੀ ਆਗਜਾ ਨੂੰ ਸਦਾ ਮੰਨਦਾ ਰਿਹਾ ਹੈ ਤੇ ਇਹੋ ਭੇਤਾਂ ਵਿਚੋਂ ਇਕ ਵੱਡਾ ਭੇਤ ਸੀ, ਜੋ ਇਨ੍ਹਾਂ ਨੂੰ ਖੂਨੀ ਕਤਲਾਮਾਂ ਤੇ ਘੱਲੂਘਾਰਿਆਂ ਵਿੱਚੋਂ ਬਚਾਕੇ ਕਾਮਕਯਾਬੀ ਦੇ ਸ਼ਿਖਰ ਤੇ ਲੈ ਗਿਆ ਸੀ। ਜੋ ਲੋਕ ਇਨ੍ਹਾਂ ਗੱਲਾਂ ਨੂੰ ਵਿਚਾਰਦੇ ਤੇ ਸਮਝਦੇ ਨਹੀਂ, ਓਹੀ ਪੰਥ ਦੀ ਜਥੇਬੰਦੀ ਨੂੰ ਭੰਨਣ ਦੇ ਅਪ੍ਰਾਧੀ ਬਣਦੇ ਹਨ। ਦੂਸਰਾ ਵੱਲ ਜੋ ਖਾਲਸੇ ਨੇ ਇਸ ਜੁੱਧ ਵਿਚ ਸਿੱਖਿਆ ਉਹ ਭੀ ਇਨ੍ਹਾਂ ਦਾ ਇਕ ਕੌਮੀ ਗੁਣ ਬਣ ਗਿਆ। ਮੈਦਾਨ ਜੰਗ ਵਿਚ ਜੁੱਧ ਕਰਦੇ ਇਹ ਕਿਸੇ ਆਪਣੇ ਅੰਦਾਜ਼ ਤੇ ਜਾਚ ਨਾਲ ਕਿਸੇ ਵੇਲੇ ਮੈਦਾਨ ਛੱਡ ਤੁਰਦੇ ਹਨ। ਜਦੋਂ ਦੁਸ਼ਮਨ ਦਲ ਸਮਝਦਾ ਹੈ ਕਿ ਇਹ ਹਾਰਕੇ ਭੱਜ ਗਏ ਹਨ ਤਾਂ ਉਹ ਟੁੱਟਕੇ ਆ

*ਸੋ ਸਾਖੀ।

ਪੈਂਦਾ ਹੈ। ਅੱਗੋਂ ਇਹ ਕਿਸੇ ਟਿਕਾਣੇ ਫੇਰ ਡਟ ਕੇ ਖਲੋ ਜਾਂਦੇ ਹਨ ਤੇ ਸਫਾਂ ਤੋੜਕੇ ਵਧੇ ਆ ਰਹੇ ਸ਼ੱਤ੍ਰੂ ਦਲ ਨੂੰ ਮੁੜ ਜਿੱਤ ਲੈਂਦੇ ਹਨ। ਅਹਿਮਦ ਸ਼ਾਹ ਅਬਦਾਲੀ ਇਨ੍ਹਾਂ ਦੇ ਇਸ ਵਸਫ਼ ਨੂੰ ਸਮਝਦਾ ਸੀ, ਇਸ ਕਰਕੇ ਉਹ ਆਪਣੇ ਜਥੇਦਾਰਾਂ ਨੂੰ ਕਿਹਾ ਕਰਦਾ ਸੀ, ਦੇਖਣਾ ਆਪਣੀਆਂ ਸਫਾਂ ਨਾ ਤੋੜਨੀਆਂ, ਜੇ ਸਿੱਖ ਹਾਰਕੇ ਨੱਸ ਜਾਣ ਤਾਂ ਹਾਰੇ ਸਮਝਕੇ ਮਗਰ ਨਾ ਤਆਕ਼ਬ ਕਰਨਾ, ਨਹੀਂ ਤਾਂ ਲੈਣੇ ਦੇ ਦੇਣੇ ਪੈ ਜਾਣਗੇ।

ਇਹ ਗੱਲ ਸਭ ਤੋਂ ਪਹਿਲੇ ਬਲੀਆਚੰਦ ਦੇ ਜੁੱਧ* ਵਿੱਚ ਅਚਾਨਕ ਫਸ ਜਾਣ ਸਮੇਂ ਸਿੱਖਾਂ ਨੇ ਸਿੱਖੀ ਸੀ। ਅੱਜ ਸਚੀ ਮੁਚੀ ਭਾਂਜ ਖਾਕੇ ਜੋ ਖਾਲਸਾ ਹੁਕ਼ਮ ਹੇਠ ਮੁੜਕੇ ਡਟ ਗਿਆ, ਉਸ ਨੇ ਇਹ ਕੌਮੀ ਆਚਰਣ ਬਣਾ ਦਿੱਤਾ ਕਿ ਹਾਰ ਖਾਕੇ ਬੀ ਦਿਲ ਨਹੀਂ ਛੱਡਣਾ, ਫੇਰ ਡਟ ਜਾਣਾ ਤੇ ਐਸਾ ਡਟਣਾ ਕਿ ਗਈ ਬਹੋੜ ਲੈਣੀ ਤੇ ਮੁੜ ਫਤੇ ਪਾ ਲੈਣੀ। ਚਮਕੌਰ ਵਿਚ ਚਾਲੀ ਮੁਕਤਿਆਂ ਨਾਲ ਬੇਓੜਕ ਫੌਜਾਂ ਦੇ ਘੇਰੇ ਵਿੱਚ ਸਾਰਾ ਦਿਨ ਲੜ ਕੇ ਗੁਰੂ ਜੀ ਨੇ ਦਿਲਝਵੀਂ ਨਾ ਖਾਧੀ, ਨਾ ਹਾਰ ਮੰਨੀ, ਨਾ ਸ਼ਰਨ ਲਈ, ਅਖੀਰ ਤਕ ਜੁੱਧ ਮਚਾਈ ਗਏ ਤੇ ਅਖੀਰਲੇ ਆਦਮੀ (ਜੋ ਆਪਦੇ ਜਾਣ ਬਾਅਦ ਰਹਿ ਗਏ ਸਨ) ਦੇ ਜੀਉਂਦਿਆਂ ਤਕ ਜੁੱਧ ਜਾਰੀ ਰਿਹਾ ਸੀ। ਇਹ ਆਪਦੀ ਕਰਨੀ ਕੌਮ ਵਿੱਚ ਇਕ ਗੁਣ ਭਰ ਗਈ ਕਿ ਆ ਬਣੀ ਉਤੇ ਖਾਲਸਾ ਦਲ ਅਖੀਰ ਤਕ ਡਟਿਆ ਰਹਿੰਦਾ ਹੈ ਤੇ ਆਪਣੀ ਇਸ ਇਸਤਕਲਾਲੀ ਤਾਕਤ ਨਾਲ ਫਤੇ ਪਾਉਂਦਾ ਹੈ। ਇਸ ਦੇ ਨਮੂਨੇ ਸਾਹਿਬਾਂ ਦੇ ਵੇਲੇ ਮੁਕਤਸਰ, ਅੱਗੋਂ ਦੋ ਘਲੂ ਘਾਰੇ, ਨੁਸ਼ਹਿਰੇ ਦਾ ਜੁੱਧ ਤੇ ਇਸ ਸਮੇਂ ਸਾਰਾਗੜ੍ਹੀ ਤੇ ਗੈਲੀਪੋਲੀ ਆਦਿ ਦੇ ਸੰਘਰ ਹੁਣ ਤਕ ਦੱਸ ਰਹੇ ਹਨ ਕਿ ਸਿੰਘਾਂ ਦਾ ਇਹ ਇਕ ਅਜੀਬ ਦ੍ਰਿੜ੍ਹ ਆਚਰਣ ਹੈ ਜੋ ਸ਼ਤਰੂ ਦਲ ਦੀ ਬਹੁਤਾਯਤ ਤੇ ਪ੍ਰਾਗੱਲਭਤਾ ਦੇ ਸਾਹਮਣੇ ਭੀ ਅਝੁੱਕ ਤੇ ਅਝੱਵਾਂ ਰਹਿੰਦਾ ਹੈ। ਇਸੇ ਹੀ ਤਰ੍ਹਾਂ ਅੱਜ ਦੇ ਜੁੱਧ ਨੇ ਹਾਰ ਖਾ ਕੇ ਫੇਰ ਡਟ ਜਾਣਾ ਤੇ ਫਤਹ ਪਾਉਣੀ ਅਤੇ ਜੱਥੇਦਾਰ ਦਾ ਕਿਹਾ ਕਦੇ ਨਹੀਂ ਮੋੜਨਾ ਤੇ ਸੁਸਿਖਜਤਾ ਦੇ ਅਸੂਲ ਨੂੰ ਨਹੀਂ ਤੋੜਨਾ ਇਹ ਦੋ ਗੁਣ (ਅੱਜ ਦੇ ਸਤਿਗੁਰ ਦੇ ਵਰਤਾਰੇ ਨੇ) ਖਾਲਸੇ ਦਾ ਕੌਮੀ ਆਚਰਣ ਬਣਾ ਦਿੱਤੇ ਸਨ। ਇਨ੍ਹਾਂ ਸਾਰੇ ਅਸੂਲਾਂ ਦੀ ਪ੍ਰਤਿਪਾਲਾ ਜੋ ਦਾਤੇ ਨੇ ਸਿਖਾਏ, ਕੌਮ ਦੀ ਬਿਜਯ ਦੀ ਸਹਾਈ ਰਹਿੰਦੀ ਹੈ; ਇਨ੍ਹਾਂ ਦੀ ਅਨਗਹਿਲੀ ਹਾਰ ਦਾ ਸਮਾਂ ਲਿਆਉਂਦੀ ਹੈ। ਸੁਸਿੱਖਜਤ ਹੋਕੇ ਸਿੱਖਜਾ ਅਨੁਸਾਰ ਟੁਰਨਾ ਜੱਥੇਬੰਦੀ ਦਾ ਅੰਗ ਹੈ। ਜੁੱਧ ਵਿਦਜਾ ਦੀ ਇਹ ਸੁਸਿੱਖਜਤਾ ਹੈ ਕਿ ਜੱਥੇਦਾਰ ਦੇ ਹੁਕਮ ਅਨੁਸਾਰ ਟੁਰਨਾ ਹੈ। ਇਸ ਸੁਸਿੱਖਜਤਾ ਨੂੰ ਵਿਦਵਾਨ ਲੋਕ ਅਨੁਸ਼ਾਸਨ ਬੀ ਆਖਦੇ ਹਨ ਤੇ ਪੱਛਮੀ ਲੋਕ ਡਿਸਿਪਲਨ (Discipline) ਬੀ ਆਖਦੇ ਹਨ। ਇਸ ਅਸੂਲ ਦੀ ਪ੍ਰਤਿਪਾਲਾ ਨਿਰੀ ਜੁੱਧ ਵਿਦਜਾ ਵਿਚ ਹੀ ਨਹੀਂ, ਸਗੋਂ ਜਥੇਬੰਦੀ ਦੇ ਹਰ ਤਰ੍ਹਾਂ ਦੇ ਪ੍ਰਬੰਧਾਂ ਵਿਚ ਜ਼ਰੂਰੀ ਹੁੰਦੀ ਹੈ। ਇਹ ਗੱਲ ਖਾਲਸੇ ਜੀ ਨੂੰ ਸਤਿਗੁਰੂ ਜੀ ਨੇ ਅੱਜ ਇਸਦੇ ਨਾ ਵਰਤਣ ਦਾ ਕੌੜਾ ਫਲ ਉਨ੍ਹਾਂ ਦੇ ਤਜਰਬੇ ਵਿਚ ਲਿਆਕੇ ਸਿਖਾ ਦਿੱਤੀ।

*ਦੇਖੋ ਇਸੇ ਪੁਸਤਕ ਦੇ ਪੂਰਬਾਰਧ ਦਾ ਪ੍ਰਸੰਗ ੪੩।

੨.

ਹਾਰ ਖਾਕੇ ਪਹਾੜੀ ਦਲ ਆਪਣੀ ਰਾਜਧਾਨੀ ਨੂੰ ਮੁੜ ਗਿਆ। ਗੁਰੂ ਕਾ ਦਲ ਇਹ ਜਿੱਤ ਪਾਕੇ ਅਨੰਦਪੁਰ ਆ ਗਿਆ। ਸਭ ਤੋਂ ਪਹਿਲਾਂ ਜ਼ਖਮੀਆਂ ਦੀ ਭਾਲ **ਹੋਈ,** ਜਿਨ੍ਹਾਂ ਨੂੰ ਆਨੰਦਪੁਰ ਪਹੁੰਚਾਕੇ ਵੈਦਾਂ ਦੇ **ਹਵਾਲੇ ਕੀਤਾ** ਗਿਆ। ਜਿਨ੍ਹਾਂ ਨੇ ਸਾਲਪੱਤ੍ਰ ਆਦਿ ਦਵਾਈਆਂ ਨਾਲ ਜ਼ਖਮ ਬੱਧੇ ਤੇ ਹਰ ਤਰ੍ਹਾਂ ਦੀ ਦਾਰੀ ਕੀਤੀ। ਕੁਛ ਸਿੰਘ ਪਿੱਛੇ ਛੱਡੇ ਗਏ ਜੋ ਮਰ ਚੁੱਕੇ ਸ਼ਹੀਦਾਂ ਦੀਆਂ ਲੋਥਾਂ ਦਾ ਅੰਗੀਠੇ ਬਾਲ ਕੇ ਸਨਮਾਨ ਨਾਲ ਸਸਕਾਰ ਕਰ ਦੇਣ। ਆਨੰਦਪੁਰ ਵਿਚ ਆਕੇ ਬਾਕੀ ਸੁਅਸਤ ਆਈ ਸੈਨਾ ਨੇ ਆਪੋ ਆਪਣੇ ਟਿਕਾਣੇ ਡੇਰੇ ਜਾ ਕੀਤੇ। ਗੁਰੂਦੁਆਰੇ ਤੇ ਘਰ ਘਰ ਕੁਲਾਹਲ ਹੋਏ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

ਕਰਜੋ ਕਰਾਹ ਬਹੁ ਵਜੀ ਵਧਾਈ। ਆਏ ਜੀਤ ਸ਼ਤ੍ਰੂ ਸਮੁਦਾਈ। ਦਾਨ ਬ੍ਰਿੰਦ੍ਰ ਰੰਕਨ ਕੋ ਦੀਨੋ। ਸੁਜਸ ਪ੍ਰਚਾਰਨ ਜਹਿਂ ਕਹਿਂ ਕੀਨੋ। ਮੰਗਲ ਕਰੇ ਅਨੇਕ ਪ੍ਰਕਾਰਾ। ਮੰਗਲ ਮੂਲ ਗੁਰੂ ਦਾਤਾਰਾ। ਬਜਹਿਂ ਮ੍ਰਿਦੰਗ ਰਬਾਬ ਘਨੇਰੇ। ਗਾਵੈਂ ਸ਼ਬਦ ਸੁਖਦ ਗੁਰ ਕੇਰੇ। {ਸੂ: ਪ:}

ਇਸ ਤਰ੍ਹਾਂ ਨਾਲ ਅਨੰਦ ਮੰਗਲਾਚਾਰ ਹੋਕੇ ਰੋਜ਼ ਦੀਵਾਨ ਸਜਦੇ ਸਨ ਤੇ ਸੰਗਤਾਂ ਵਿਚ ਨਾਮ ਦਾਨ ਵਰਤਦੇ ਸਨ। ਇਕ ਦਿਨ ਦੀਵਾਨ ਸਜ ਰਿਹਾ ਸੀ, ਆਪਣੇ ਤੇ ਓਪਰੇ ਅਨੇਕਾਂ ਜੁੜੇ ਬੈਠੇ ਸਨ ਕਿ ਬੀਰ ਸਿੰਘ ਜਸਪਾਲੀ, ਮਦਨ ਸਿੰਘ ਰਜਪੂਤ ਤੇ ਸ਼ਜਾਮ ਸਿੰਘ ਆਦਿ ਬੀ ਨਿਕਟ ਆ ਬੈਠੇ, ਤਦ ਪ੍ਰਸ਼ਨ ਹੋਇਆ ਕਿ ਖਾਲਸਾ, ਜੋ ਆਪ ਨੇ ਰਚਿਆ ਹੈ, ਇਸਦਾ ਭਾਵ ਅਰਥ ਕੀਹ ਹੈ? ਤਾਂ ਸ੍ਰੀ ਸਤਿਗੁਰੂ ਜੀ ਬੋਲੇ:-ਜੋ ਇਕ ਅਕਾਲ ਪੁਰਖ ਦੀ ਟੇਕ ਧਾਰ ਲਏ ਤੇ ਹੋਰ ਸਭ ਕੁਛ ਛੋੜ ਦੇਵੇ ਸੋ ਖਾਲਸਾ ਹੈ।

ਸਜਾਮ ਸਿੰਘ-ਪਾਤਸ਼ਾਹ! ਇਕ ਦੀ ਟੇਕ ਦੇ ਨਾਲ ਹੋਰ ਅਨੇਕਾਂ ਕਰਮ ਜੋ ਸ਼ੁਭ ਹਨ ਸੋ ਕਰਨੇ ਹਨ ਖਾਲਸੇ ਨੇ ਕਿ ਨਹੀਂ? ਜੈਸਾ ਕਿ ਤੀਰਥਾਂ ਦੇ ਸ਼ਨਾਨ, ਓਥੇ ਜਾਕੇ ਦਇਆ ਧਰਮ ਦੇ ਕੰਮ ਕਰਨੇ, ਲੋਕਾਂ ਨੂੰ ਦਾਨ ਦੇਣੇ। ਫੇਰ ਕਈ ਲੋਕ ਓਥੇ ਜਾਕੇ ਤਪ ਕਰਦੇ ਹਨ, ਕਈ ਯੋਗ ਮਤ ਅਨੁਸਾਰ ਧਾਰਨਾ ਧਯਾਨ ਸਮਾਧੀਆਂ ਸਾਧਣੇ ਵਾਲਾ ਤੇ ਕਈ ਹਠ ਦਾ ਸੰਯਮ ਕਰਦੇ ਹਨ, ਕਈ ਲੋਕ ਜੈਨੀਆਂ ਵਾਂਗ ਅਨੇਕਾਂ ਤਰ੍ਹਾਂ ਦੇ ਆਪੇ ਉਤੇ ਰੋਕਾਂ ਲਾਉਣ ਵਾਲੇ ਸੰਯਮ ਸਾਧਦੇ ਹਨ। ਐਸੇ ਐਸੇ ਕਰਮ ਖਾਲਸੇ ਨੇ ਨਹੀਂ ਕਰਨੇ, ਕਿ ਕਰਨੇ ਹਨ?

ਸਾਹਿਬਾਂ ਨੇ ਮੁਸਕ੍ਰਾਕੇ ਫ਼ੁਰਮਾਯਾ:-ਸ਼ੁਭ ਕੰਮਾਂ ਵਾਸਤੇ ਤਾਂ ਖਾਲਸਾ ਰਚਿਆ ਹੈ, ਪੁੰਨਜ ਕਰਮ ਕਰਨੇ, ਆਚਰਨ ਉੱਚਾ ਸੁੱਚਾ ਰਖਣਾ ਖਾਲਸੇ ਦਾ ਪਹਿਲਾ ਨੇਮ ਹੈ, ਫਿਰ ਖਾਲਸੇ ਦੀ ਟੇਕ ਸਾਈਂ, ਇਕ ਰੱਬ ਦਾਤਾਰ ਤੇ ਲੁਆ ਦਿੱਤੀ ਹੈ, ਸ਼ੁਭ ਕਰਮ ਕਰੋ, ਸਾਈਂ ਦੇ ਪਜਾਰ ਵਿਚ ਰਹੋ, ਨਾਮ ਹਿਰਦੇ ਵਸਾਓ। ਨਿਰੇ ਹਉਂ ਨਾਲ ਕੀਤੇ ਤੀਰਥਾਂ ਦੇ ਸ਼ਨਾਨ ਮਾਤ੍ਰ ਨਾਲ ਕਲਜਾਣ ਦੀ ਆਸ ਧਾਰਨ ਆਦਿ ਸਾਰੇ ਕਰਮਾਂ ਨੂੰ ਫੋਕਟ ਕਰਕੇ ਜਾਣੋ*।

ਮਦਨ ਸਿੰਘ-ਜੀਵ ਨੂੰ ਦੁਖ ਸੁਖ ਲੋੜਾਂ ਵਾਪਰਦੀਆਂ ਹਨ, ਕਲੇਸ਼ ਕਸ਼ਟ ਆਉਂਦੇ ਹਨ, ਘਾਬਰਕੇ ਪੀਰਾਂ, ਫਕੀਰਾਂ, ਜੰਤ੍ਰਾਂ ਮੰਤ੍ਰਾਂ ਵਾਲਿਆਂ, ਜ਼ਜ਼ਾਰਤਾਂ-ਮਰੇ ਫਕੀਰਾਂ ਦੀਆਂ ਗੋਰਾਂ ਕਬਰਾਂ-ਅਤੇ ਜੋਗੀਆਂ ਸਨਜਾਸੀਆਂ ਦੀਆਂ ਮੜ੍ਹੀਆਂ ਮਠੋਲੀਆਂ ਤੇ ਸੁੱਖਣਾ ਸ਼ਰੀਣੀਆਂ ਸੁਖੀਦੀਆਂ ਤੇ ਮਨੋਕਾਮਨਾਂ ਪਾਈਦੀਆਂ ਹਨ, ਆਪ ਦੇ ਸਿੱਖ ਬੀ ਕਦੇ ਕਿਤੇ ਇਨ੍ਹਾਂ ਗੱਲਾਂ ਵਿਚ ਚੋਰੀ ਛਪੀ ਜਾ ਲਗਦੇ ਹੋਣ ਤਾ ਪਤਾ ਨਹੀਂ। ਭਲਾ ਜੇ ਕੁਛ ਹੋਵੇ ਚਾਹੋ ਨਾ, ਪਰ ਲੋੜਾਂ ਪੂਰਨ ਹੋ ਜਾਣ ਤਾਂ ਐਸਾ ਕਰਨੇ ਦਾ ਕੋਈ ਡਰ ਤਾਂ ਨਹੀਂ, ਫੇਰ ਖਾਲਸੇ ਨੂੰ ਕਿਵੇਂ ਆਗਜਾ ਹੈ?

ਸਤਿਗੁਰੂ ਸੁਣ ਕੇ ਖੂਬ ਹੱਸੇ ਤੇ ਫ਼ੁਰਮਾਉਣ ਲੱਗੇ: ਭਾਈ! ਹਾਥੀ ਦੇ ਪੈਰ ਵਿਚ ਸਾਰੇ ਪੈਰ ਆ ਜਾਂਦੇ ਹਨ ਤੇ ਖਾਲਸੇ ਲਈ ਅਸਾਂ ਸਾਰੇ ਗਹਿਣੇ ਭੰਨ ਕੇ ਇਕ ਹੱਮ ਘੜਾਕੇ ਇਨ੍ਹਾਂ ਦੇ ਗਲ ਪਾ ਦਿੱਤਾ ਹੈ, ਉਹ ਇਕ ਅਕਾਲ ਪੁਰਖ ਦੀ ਟੇਕ ਦੇਕੇ ਉਸ ਉਤੇ ਪੂਰਨ ਭਰੋਸੇ ਤੇ ਉਸ ਨਾਲ ਪੂਰਨ ਪ੍ਰੇਮ ਦੀ ਜੁਗਤ-ਨਾਮ-ਇਨ੍ਹਾਂ ਨੂੰ ਸਿਖਾ ਦਿੱਤੀ ਹੈ। ਖਾਲਸਾ ਇਸ ਧਾਰਨਾ ਦਾ ਧਾਰਨੀ ਹੋਕੇ ਨਾ ਗੋਰਾਂ, ਨਾ ਮੜ੍ਹੀਆਂ, ਨਾ ਮੱਠਾਂ ਮਠੋਲੀਆਂ ਨੂੰ ਆਸ ਪੁਜਾਵਨਹਾਰ ਜਾਣਕੇ ਉਨ੍ਹਾਂ ਦੀ ਕਾਣ ਕੱਢੇਗਾ, ਨਾ ਰੋਜ਼ੇ ਤੇ ਬ੍ਰਤ ਆਦਿ ਕਠਨ ਸਾਧਜ ਕਰਮਾਂ ਵਿਚ ਫਸੇਗਾ। ਇਸਦਾ ਬ੍ਰਤ ਇਕ ਅਕਾਲ ਪੁਰਖ ਤੇ ਭਰੋਸਾ, ਇਸ ਦੀ ਅਰਦਾਸ ਸੁੱਖਣਾ ਮੰਗ ਸਭ ਵਾਹਿਗੁਰੂ ਜੀ ਤੋਂ ਹੋਵੇਗੀ। ਇਸਦਾ ਤੀਰਥ* ਵਾਹਿਗੁਰੂ ਜੀ ਦਾ ਨਾਮ ਹੋਵੇਗਾ। ਇਸਦਾ ਸੰਯਮ ਆਚਰਣ ਦੀ ਸ਼ੁਧਤਾ ਹੋਵੇਗਾ, ਇਸ ਦਾ ਤਪ ਕੀਰਤਨ ਹੋਵੇਗਾ। ਇਸ ਦੀ ਦਇਆ ਜੀਵ ਦਇਆ ਹੋਵੇਗੀ।

ਬੀਰ ਸਿੰਘ-ਇਹ ਨਿਰਗੁਣ ਪਰਮਾਤਮਾ ਨਾਲ ਨੇਹੁੰ, ਪਜਾਰ, ਪ੍ਰੇਮ, ਟੇਕ, ਆਸਰਾ ਬੜੀ ਕਠਨ ਸਾਧਜ ਬਾਤ ਹੈ, ਸਾਨੂੰ ਲੋੜਕੂ ਜੀਵਾਂ ਨੂੰ ਕਿਵੇਂ ਪ੍ਰਾਪਤ ਹੋਵੇਗੀ? ਉਨ੍ਹਾਂ ਕਰਮਾਂ ਤੋਂ ਇਹ ਖੇਲ ਔਖੇਰੀ ਜਾਪਦੀ ਹੈ।

ਸ੍ਰੀ ਗੁਰੂ ਜੀ (ਸੁਹਣਾ ਜਿਹਾ ਸੁਗੰਧਿਤ ਸ੍ਵਾਸ ਲੈਕੇ)-ਭਾਈ ਇਸਦਾ ਤ੍ਰੀਕਾ ਅਸਾਂ ਸਿਖਾ ਦਿੱਤਾ ਹੈ,

---

*ਸਭ ਕਰਮ ਫੋਕਟ ਜਾਨ॥ ਸਭ ਧਰਮ ਨਿਹਫਲ ਮਾਨ॥ ਖ਼ਿਨ ਏਕ ਨਾਮ ਅਧਾਰ॥ ਸਭ ਕਰਮ ਭਰਮ ਬਿਚਾਰ॥ {ਅ: ਉਸਤਤ}

*ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ॥ {ਧਨਾ: ਮ: ੧}

ਗੁਰੂ ਬਾਬੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੰਥ ਦਾ ਮੂਲ ਇਹੋ ਟੁਰਿਆ ਆਉਂਦਾ ਹੈ-ਜਪੁ। ਖਾਲਸਾ ਵਾਹਿਗੁਰੂ ਨੂੰ ਜਾਗਤੀ ਜੋਤ ਸਮਝੇਗਾ, ਉਸ ਨੂੰ ਨਿਸ ਬਾਸਰ ਜਪੇਗਾ, ਐਸਾ ਕਰਨੇ ਨਾਲ ਖਾਲਸੇ ਦੇ ਹਿਰਦੇ ਵਿਚ ਉਸ ਜਾਗਤੀ ਜੋਤ ਦੀ 'ਹੈ' ਦਾ ਭਾਵ ਟਿਕ ਜਾਏਗਾ, ਖਾਲਸੇ ਦਾ ਮਨ ਇਸ ਲਗਾਤਾਰੀ 'ਹੈ' ਦੇ ਭਾਵ ਵਿੱਚ ਇਸਥਿਤ ਅਪਣੇ ਮਨ ਵਿਚ ਉਸ ਜਾਗਤੀ ਜੋਤ ਤੋਂ ਬਿਨਾਂ ਹੋਰ ਕੁਛ ਨਹੀਂ ਲਿਆਵੇਗਾ। ਇਹ ਪਰਮੇਸ਼ੁਰ ਦਾ ਜਪ ਸਿਮਰਨ ਬਣ ਜਾਏਗਾ ਤੇ 'ਹੈ' ਦਾ ਲਗਾਤਾਰੀ ਭਾਵ ਹੋ ਕੇ ਖਾਲਸਾ ਦੇ ਸਿਦਕ, ਭਰੋਸੇ, ਪ੍ਰਤੀਤ ਨੂੰ 'ਵਾਹਿਗੁਰੂ ਪ੍ਰੇਮ' ਬਣਾ ਦੇਵੇਗਾ। ਇਹ ਪ੍ਰੇਮ ਨਾਲ ਲਗਾਤਾਰੀ ਮੇਲ ਵਾਹਿਗੁਰੂ ਜੀ ਨਾਲ ਬਣ ਜਾਵੇਗਾ। ਇਉਂ ਇਸ ਦੇ ਹਿਰਦੇ ਵਿਚ ਪੂਰਨ ਪੁਰਖ ਦੀ ਪੂਰਨ ਜੋਤ ਜਗ ਪਵੇਗੀ, ਐਸੇ ਪੁਰਖ ਨੂੰ ਅਸਾਂ ਨੇ ਖਾਲਸਾ ਆਖਿਆ ਹੈ। ਇਸ ਕਸਵਟੀ ਉਤੇ ਲਾਕੇ ਤੁਸਾਂ ਨੇ ਪਰਖ ਕਰ ਲੈਣੀ, ਤਦ ਤੁਹਾਨੂੰ ਪਤਾ ਲੱਗ ਜਾਏਗਾ ਕਿ ਸ਼ੁੱਧ ਤੇ ਖਾਲਿਸ ਖਾਲਸਾ ਇਹ ਹੈ। ਜਦ ਇਸ ਇਕ ਟੇਕ, ਇਕ ਆਧਾਰ ਤੇ ਖਾਲਸੇ ਦਾ ਮਨ ਟਿਕ ਜਾਏਗਾ ਤਾਂ ਫੇਰ ਜੋ ਕੁਛ ਖਾਲਸੇ ਕਰਨਗੇ ਉਹ ਸ਼ੁਭ ਤੇ ਸੁਖਦਾਈ ਹੋਵੇਗਾ।

ਇਹ ਸਤਿਗੁਰੂ ਜੀ ਦਾ ਬੱਧਾ ਆਦਰਸ਼ ਸਤਿਗੁਰ ਜੀ ਨੇ ਸਾਡੇ ਤਕ ਅੱਪੜਨ ਲਈ ਆਪ ਐਉਂ ਬਾਣੀ ਦੇ ਰੂਪ ਵਿਚ ਰਖ ਦਿੱਤਾ ਹੈ:-

ਜਾਗਤ ਜੋਤ ਜਪੈ ਨਿਸ ਬਾਸੁਰ
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ
ਗੌਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸਾ ਤਾਹਿ ਨ ਖਾਲਸ ਜਾਨੈ॥੧॥

ਫਿਰ ਇਕ ਸਿੱਖ ਨੇ ਹੱਥ ਬੰਨ੍ਹ ਕੇ ਬਿਨੈ ਕੀਤੀ, ਪਾਤਸ਼ਾਹ! ਜਿਸਨੂੰ ਆਪ ਨੇ ਜਾਗਤ ਜੋਤ ਫੁਰਮਾਇਆ ਹੈ, ਉਹ ਕੌਣ ਹੈ? ਕਿਉਂਕਿ ਕਈ ਮੂਰਤੀ ਪੂਜਣਹਾਰੇ ਆਪਣੀ ਮੂਰਤੀ ਨੂੰ ਜਾਗਤੀ ਜੋਤ ਤੇ ਜੋਤਾਂ ਵਾਲੀ ਕਹਿ ਦੇਂਦੇ ਹਨ। ਇਹ ਸੁਣਕੇ ਸ੍ਰੀ ਗੁਰੂ ਜੀ ਦੇ ਨੈਣ ਇਕ ਅਚਰਜ ਰੰਗ ਨਾਲ ਭਰ ਗਏ, ਖ਼ਿਪ੍ਰ ਵਲ ਨੂੰ ਉਠੇ, ਚੁਫੇਰੇ ਫਿਰੇ ਤੇ ਫੇਰ ਟਿਕ ਗਏ ਤੇ ਸੁਹਣੇ ਗਲੇ ਤੋਂ ਅਵਾਜ਼ ਆਈ:-

ਸਤਿ ਸਦੈਵ ਸਰੂਪ ਸਤਿੱਬ੍ਰਤ
ਆਦਿ ਅਨਾਦ ਅਗਾਧਿ ਅਜੈਹੈ॥
ਦਾਨ ਦਯਾ ਦਮ ਸੰਜਮ ਨੇਮ
ਜਤੱਬ੍ਰਤ ਸੀਲ ਸੁ ਬ੍ਰੱਤ ਅਬੈ ਹੈ॥
ਆਦਿ ਅਨੀਲ ਅਨਾਦਿ ਅਨਾਹਦ
ਆਪਿ ਅਦ੍ਵੈਖ ਅਭੇਖ ਅਭੈ ਹੈ॥
ਰੂਪ ਅਰੂਪ ਅਰੇਖ ਜਰਾਰਦਨ
ਦੀਨਦਯਾਲ ਕ੍ਰਿਪਾਲ ਭਏ ਹੈ॥੨॥

ਇਕ ਸਿੱਖ ਨੇ ਬਿਨੈ ਕੀਤੀ-ਦਾਤਾ ਜੀਓ! ਐਸਾ ਅਰੂਪ ਅਰੇਖ ਪਰਮਾਤਮਾ ਜੀਵ ਦੇ ਵੀਚਾਰ ਧਯਾਨ ਤੋਂ ਪਰੇ ਹੈ, ਉਹ ਅਗੰਮ ਹੈ, ਪਹੁੰਚ ਤੋਂ ਪਰੇ ਹੈ, ਸੋ ਪਰੇ ਪਰੇ ਦਾ ਕੀ ਥਹੁ? ਗੁਰੂ ਜੀ ਨੇ ਫੁਰਮਾਯਾ 'ਉਹ ਅਰੂਪ ਤੇ ਅਰੇਖ ਤੇਰੇ ਹਿਰਦੇ ਵਿੱਚ ਬੈਠਾ ਹੈ, ਸਾਰਿਆਂ ਵਿੱਚ ਪਰੀ ਪੂਰਨ ਹੈ।' ਇਹ ਉਚਾਰਕੇ ਆਪ ਦੇ ਨੈਣ-ਸੁਹਣੇ ਸੁਹਣੇ ਅਡੋਲ ਨੈਣ ਮੁੰਦ ਗਏ, ਹੱਥ ਜੁੜ ਗਏ ਤੇ ਇਹ ਮਿੱਠੀ ਮਿੱਠੀ ਧੁਨੀ ਹੋਈ:-

ਆਦਿ ਅਦ੍ਵੈਖ ਅਭੇਖ ਮਹਾਂ ਪ੍ਰਭੁ
ਸੱਤ ਸਰੂਪ ਸੁ ਜੋਤ ਪ੍ਰਕਾਸੀ॥
ਪੂਰ ਰਹਜੋ ਸਭ ਹੀ ਘਟ ਕੇ ਪਟ
ਤੱਤ ਸਮਾਧਿ ਸੁਭਾਵ ਪ੍ਰਣਾਸੀ॥
ਆਦਿ ਜੁਗਾਦਿ ਜੁਗਾਦਿ ਤੁਹੀ ਪ੍ਰਭੁ
ਫ਼ੈਲ ਰਹਜੋ ਸਭ ਅੰਤਰ ਬਾਸੀ॥
ਦੀਨ ਦਇਆਲ ਕ੍ਰਿਪਾਲ ਕ੍ਰਿਪਾ
ਕਰ ਆਦਿ ਅਜੋਨਿ ਅਜੈ ਅਬਿਨਾਸੀ॥੩॥

ਸੰਗਤ ਸਾਰੀ ਉੱਤੇ ਏਕਾਗ੍ਰਤਾ ਤੇ ਟਿਕਾਉ ਦਾ ਪ੍ਰਭਾਵ ਛਾ ਗਿਆ! ਕਿਤਨਾ ਚਿਰ ਆਪ ਚੁੱਪ ਰਹੇ ਫੇਰ ਨੈਣ-ਰੱਬੀ ਇਲਮ ਦੇ ਖਜ਼ਾਨੇ ਨੈਣ-ਪੁਸਤਕ ਹਾਰ ਖੁੱਲ੍ਹ ਪਏ, ਜਿਨ੍ਹਾਂ ਵਿਚੋਂ ਤੂੰਈਂ ਤੂੰਈਂ ਦੀ ਲਿਖਤ ਡੁਲ੍ਹ ਡੁਲ੍ਹ ਪੈ ਰਹੀ ਸੀ। ਸੰਗਤ ਤੇ 'ਰੱਬ ਹੈ' ਦੀ ਰੰਗਤ ਛਾ ਰਹੀ ਸੀ ਤੇ ਟਿਕਾਉ ਤੇ ਚੁੱਪ ਵਰਤ ਰਹੀ ਸੀ। ਕੁਛ ਚਿਰਰ ਮਗਰੋਂ ਇਕ ਸਿਖ ਨੇ ਅਰਦਾਸ ਕੀਤੀ-ਪਾਤਸ਼ਾਹ ਆਪ ਦੇ ਦਰਸ਼ਨ, ਆਪ ਦੀ ਸਮੀਪਤਾ ਵਿਚ ਸਾਈਂ ਅਰੂਪ ਅਰੇਖੁ

ਦੀ ਹੋਂਦ ਦਿਲਾਂ ਤੇ ਨਕਸ਼ ਹੋ ਜਾਂਦੀ ਹੈ, ਇਹ ਲਗਾਤਾਰੀ ਕਿਵੇਂ ਹੋ ਜਾਵੇ। ਸ੍ਰੀ ਗੁਰੂ ਜੀ ਨਰਮ ਧੁਨੀ ਵਿਚ ਬੋਲੇ, ਭਾਈ! ਸਾਈਂ ਹੈ, ਦਾਤਾ ਹੈ, ਰੱਬ ਹੈ, ਵਾਹਿਗੁਰੂ ਹੈ, ਉਸ ਦਾ ਇਹ 'ਹੈ' ਸਰੂਪ ਘਟ ਘਟ ਵਿਚ ਹੈ, ਪਰ ਹਰ ਘਟ ਇਸ ਗੱਲ ਨੂੰ ਵਿਸਾਰ ਰਿਹਾ ਹੈ। ਵਿਸਾਰਨਾ ਛੋੜ, ਵਿਸਾਰਾਨਾ ਛੋੜ, ਵਿਸਾਰਨਾ ਛੋੜ। ਯਾਦ ਵਿੱਚ ਆ, ਸਿਮਰਨ ਵਿੱਚ ਆ, ਤੇਰਾ ਵਾਸ ਹਜ਼ੂਰੀ ਵਾਸ ਹੋ ਜਾਏਗਾ, ਜੇ ਅੰਤ ਲੈਣਾ ਹਈ, ਥਾਹ ਲੈਣੀ ਹਈ, ਭੇਦ ਕੱਢਣਾ ਹਈ ਤਾਂ ਹਾਂਡ ਪੱਲੇ ਪਵੇਗੀ, ਅੱਗੇ ਕਿਸੇ ਨੇ ਅੰਤ ਪਾਇਆ ਨਹੀਂ ਤੂੰ ਪਾਉਣਾ ਨਹੀਂ, ਪਰ ਜੇ ਉਸਦੇ ਸਿਮਰਨ ਵਿੱਚ ਆ ਜਾਏਂ, ਜਦੋਂ ਭੁੱਲੇਂ, ਤਦੋਂ ਹੀ ਮਨ ਨੂੰ ਸਮੋਧ ਕਰੇਂ ਕਿ ਹੇ ਮੂਰਖ ਮਨ, ਕਿਉਂ ਜਾਗਤ ਜੋਤ ਨੂੰ ਭੁੱਲ ਰਿਹਾ ਹੈਂ ਤਾਂ ਤੂੰ ਉਸ ਦੀ ਹੋਂਦ ਦਾ ਸਾਖੀ ਹੋ ਜਾਵੇਂ। ਹਾਂ ਫਿਰ ਤੈਨੂੰ ਅੰਤਰਗਤ ਪਹਿਚਾਣ ਉਸ ਅਨੀਲ ਅੱਚੁਤ ਵਾਹਿਗੁਰੂ ਦੀ ਪਹਿਚਾਣ ਹੋ ਜਾਵੇਗੀ। ਇਉਂ ਉਚਾਰਕੇ ਆਪ ਫਿਰ ਗੱਜਕੇ ਬੋਲੇ:-

ਆਦਿ ਅਭੇਖ ਅਛੇਦ ਸਦਾ ਪ੍ਰਭ ਬੇਦ ਕਤੇ ਬਨ ਭੇਦੁ ਨ ਪਾਯੋ॥ ਦੀਨ ਦਯਾਲ ਕ੍ਰਿਪਾਲ ਕ੍ਰਿਪਾਨਿਧਿ ਸਤਿ ਸਦੈਵ ਸਭੈ ਘਟਿ ਛਾਯੋ॥ ਸ੍ਰੇਸ ਸੁਰੇਸ ਗਣੇਸ ਮਹੇਸੁਰ ਗਾਹਿ ਫਿਰੈ ਸਤਿ ਸ੍ਰੁਤਿ ਨ ਆਯੋ॥ ਰੇ ਮਨ ਮੂੜ ਅਗੂੜ ਇਸੋ ਪ੍ਰਭੁ ਤੈ ਕਿਹ ਕਾਜ ਕਹੋ ਬਿਸਰਾਯੋ॥੪॥

ਅਚੁਤ ਆਦਿ ਅਨੀਲ ਅਨਾਹਦ ਸੱਭ ਸਰੂਪ ਸਦੈਵ ਬਖਾਨੇ॥ ਆਦਿ ਅਜੋਨਿ ਅਜਾਇ ਜਰਾ ਬਿਨ ਪਰਮ ਪੁਨੀਤ ਪਰੰਪਰ ਮਾਨੇ॥ ਸਿਧ ਸੁਯੰਭੁ ਪ੍ਰਸਿੱਧ ਸਭੈ ਜਗ ਏਕ ਹੀ ਠਉਰ ਅਨੇਕ ਬਖਾਨੇ॥ ਰੇ ਮਨ ਰੰਕ ਕਲੰਕ ਬਿਨਾ ਹਰਿ ਤੇ ਕਿਹ ਕਾਰਨ ਤੇ ਨ ਪਛਾਨੇ॥੫॥

ਇਹ ਉਚਾਰਦਿਆਂ ਆਪ ਦੇ ਨੈਣ ਫੇਰ ਅਰਦਾਸ ਵਿਚ ਜੁੜ ਗਏ ਤੇ ਜੋ ਕੁਛ ਸਨਮੁਖ ਉਸਤਤੀ ਦਾ ਉਚਾਰਾ ਹੋਇਆ ਆਪਦੇ ਰਚੇ ਇਸ ਸ੍ਵਯੇ ਵਿਚ ਹੈ:-

ਅੱਛਰ ਆਦਿ ਅਨੀਲ ਅਨਾਹਦਿ ਸੱਤਿ ਸਦੈਵ ਤੁਹੀ ਕਰਤਾਰਾ॥ ਜੀਵ ਜਿਤੇ ਜਲ ਮੈ ਥਲ ਮੈ ਸਬ ਕੇ ਸਦ ਪੇਟ ਕੋ ਪੋਖਣਹਾਰਾ॥ ਬੇਦ ਪੁਰਾਨ ਕੁਰਾਨ ਦੁਹੂੰ ਮਿਲ ਭਾਂਤਿ ਅਨੇਕ ਬਿਚਾਰ ਬਿਚਾਰਾ॥ ਔਰ ਜਹਾਨ ਨਿਦਾਨ ਕਛੂ ਨਹਿ ਏ ਸੁਬਹਾਨ ਤੁਹੀ ਸਿਰਦਾਰਾ॥੬॥

ਇਹ ਸਨਮੁਖ ਉਸਤਤੀ ਉਚਾਰਦੇ, ਨੈਣ ਰਸ ਵਿੱਚ ਮਗਨ, ਮੱਥੇ ਤੇ ਜੋਤ ਪ੍ਰਕਾਸ਼ੀ ਰੰਗ ਛਾਯਾ ਹੋਯਾ, ਸਰੀਰ ਤੋਂ ਆਨੰਦਮਯ ਹੋਂਦ ਦਾ ਪ੍ਰਭਾਵ ਫੁਹਾਰੇ ਵਾਂਙੂ ਵਰਸ ਰਿਹਾ, ਦਿਬਯ ਮੂਰਤੀ ਮਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੂਪਵਾਨ ਬੈਠੇ ਅਰੂਪ ਨੂੰ ਲਖਾ ਰਹੇ ਸਨ। ਸੰਗਤਾਂ ਦਰਸ਼ਨ ਵਿਚ ਮਗਨ ਰਸ ਮਾਣ ਰਹੀਆਂ ਸਨ। ਇਹੋ ਰਸਮਯਤਾ ਛਾ ਜਾਏ ਅਜ।

ਕਲਗੀਆਂ ਵਾਲੇ ਦੀਆਂ ਸਾਈਂ ਰੰਗ ਰੱਤੀਆਂ ਨਿਗਾਹਾਂ

ਪਾਉਂਟੇ ਸਾਹਿਬ ਵਗ ਰਹੀ ਜਮਨਾਂ ਦੇ ਪਾਣੀਆਂ ਉਤੇ!

ਨੂਰੀ ਨੈਣਾਂ ਤੋਂ ਤਿਲਕੀਆਂ ਨਜ਼ਰ ਕਿਰਨਾਂ, ਛਾਲਾਂ ਮਾਰਕੇ ਜਮਨਾ ਤੇ ਆਣ ਪਈਆਂ।
ਬੂੰਦ ਬੂੰਦ ਨੇ ਲਿਸ਼ਕ ਥ੍ਰਾਟ ਖਾਧੀ, ਲਹਿਰਾਂ ਚਮਕੀਆਂ ਚੁੱਪ ਹੋ ਕੰਬ ਗਈਆਂ।
ਚਕਾਚੌਂਧ ਹੋਈਆਂ ਪਾਣੀ ਭਰਨ ਆਈਆਂ, ਹੱਥੋਂ ਗਾਗਰਾਂ ਤਿਲਕਕੇ ਹੇਠ ਢਈਆਂ।
ਪਾਣੀ ਪੀਂਵਦੇ ਮਿਰਗ ਬਝੱਕ ਰਹਿ ਗਏ, ਅਖਾਂ ਜੋਗੀਆਂ ਨੇ ਝੱਟ ਖੋਲ੍ਹ ਲਈਆਂ।

ਸੂਚਨਾਂ-ਬਿਲਾਸ ਪੁਰੀਏ ਦੇ ਚਾਲੇ ਕਦੇ ਜੰਗ ਕਦੇ ਸੁਲਹ ਦੇ ਉਮਦੀ ਮੁਰਾਦ ਬਰ ਨਾ ਲਿਆਏ, ਬਹਾਨੇ ਰਚ ਕੇ ਫਿਰ ਇਕ ਜੰਗ ਪਹਾੜੀਆਂ ਨੇ ਹੋਰ ਕੀਤਾ, ਹਾਰ ਖਾਧੀ ਜੋ ਪਿੱਛੇ ਦੱਸ ਆਏ ਹਾਂ ਤੇ ਫੇਰ ਸਭਨੇ ਔਰੰਗਜ਼ੇਬ ਨੂੰ ਲਿਖ ਦਿਤਾ ਕਿ ਆਪਦੀ ਆਪਣੀ ਫੌਜ ਦੇ ਬਿਨਾਂ ਇੱਥੇ ਕੋਈ ਪੇਸ਼ ਨਹੀਂ ਜਾਂਦੀ। ਸਰਹਿੰਦ ਦੀ ਫੌਜ, ਦਿਲੀ ਤੋਂ ਆਈ ਫੌਜ, ਲਾਹੌਰ ਦੀ ਫੌਜ, ਫੌਜਦਾਰ ਸਣੇ, ਰਾਜਿਆਂ ਦੀ ਫੌਜ, ਹੋਰ

ਵਹੀਰਾਂ ਅਨੰਦ ਪੁਰ ਤੇ ਚੜ੍ਹ ਆਈਆਂ। ਉਧਰ ਗੁਰੂ ਜੀ ਨੂੰ ਬੀ ਸੁਧ ਅੱਪੜੀ, ਸਾਰੇ ਦੇਸ਼ ਵਿੱਚੋਂ ਸਿੱਖ ਸੂਰਮੇ ਆਉਣ ਲੱਗੇ, ਵੱਡੇ ਵੱਡੇ ਸਿੱਖ ਚੌਧਰੀਆਂ ਨੇ ਸਵਾਰ ਤੇ ਸਾਮਾਨ ਘੱਲੇ। ਪਟਿਆਲੇ ਦੇ ਵਡਕਿਆਂ ਨੂੰ 'ਮੇਰਾ ਘਰ ਤੇਰਾ ਘਰ' ਦਾ ਵਰ ਇਨ੍ਹਾਂ ਹੀ ਦਿਨਾਂ ਵਿਚ ਗੁਰਾਂ ਵੱਲੋਂ ਮਿਲਿਆ ਸੀ, ਜਿਨ੍ਹਾਂ ਨੇ ਅਪਣੇ ਬੰਦੂਕਚੀ ਤੇ ਹੋਰ ਸਾਮਾਨ ਘੱਲੇ ਸੀ। ਦਸ ਬਾਰਾਂ ਕੁ ਹਜ਼ਾਰ ਯਾ ਵਧੀਕ ਜ਼ੈਨਾ ਅਨੰਦ ਪੁਰ ਹੋ ਗਈ। ਮੋਰਚੇ ਕਾਇਮ ਕਰਕੇ ਸਿੰਘ ਵਧੇ, ਜੰਗ ਛਿੜਿਆ, ਬਹੁਤ ਬਹਾਦਰੀ ਕਰਕੇ ਸੈਦ ਬੇਗ ਨੇ ਰਾਜਾ ਹਰੀ ਚੰਦ ਮਾਰ ਲਿਆ, ਪਰ ਦੂਜੇ ਦਿਨ ਅਮੀਰ ਖਾਂ ਨੂੰ ਜ਼ਖਮੀ ਕਰਕੇ ਸੈਦ ਬੇਗ ਖਾਂ ਆਪ ਬੀ ਸ਼ਹੀਦ ਹੋ ਗਿਆ। ਇੱਸੇ ਤਰ੍ਹਾਂ ਕਈ ਚਿਰ ਜੰਗ ਮਚਿਆ ਰਿਹਾ ਤੇ ਸਿੱਖਾਂ ਦਾ ਪਾਸਾ ਉੱਪਰ ਨੂੰ ਰਹਿੰਦਾ ਰਿਹਾ ਤੇ ਤੁਰਕ ਦਲਾਂ ਦਾ ਘਣਾ ਨੁਕਸਾਨ ਹੁੰਦਾ ਰਿਹਾ। ਤੁਰਕ ਸੈਨਾਂ ਵਿਚ ਇਕ ਹੋਰ ਸ਼ਿਰੋਮਣੀ ਜਥੇਦਾਰ ਸੈਦ ਖਾਂ ਨਾਮੇ ਸੀ* ਜੋ ਪੀਰ ਬੁੱਧੂ ਸ਼ਾਹ ਦੀ ਵਹੁਟੀ ਦਾ ਭਰਾ ਸੀ। ਇਸ ਨੂੰ ਗੁਰੂ ਜੀ ਤੇ ਅਸਚਰਜ ਹੋ ਰਿਹਾ ਸੀ ਕਿ ਸਾਹਿਬ ਕਸ਼ਫ ਹੋ ਕੇ ਕਿਉਂ ਲ਼ੜ ਰਹੇ ਹਨ, ਉਹ ਦਰਸ਼ਨ ਦੀ ਲਾਲਸਾ ਰੱਖਦਾ ਸੀ, ਸੋ ਮਚੇ ਜੰਗ ਗੁਰੂ ਜੀ ਘੋੜੇ ਨੂੰ ਅਡੀ ਲਾ ਉਸ ਪਾਸ ਜਾ ਖੜੇ ਹੋਏ, ਉਹ ਘੋੜੇ ਤੋਂ ਉਤਰ ਚਰਨਾਂ ਤੇ ਆ ਪਿਆ। ਸਤਿਗੁਰੂ ਜੀ ਨੇ ਨਾਮ ਦਾਨ; ਨਾਮ ਰਸ ਬਖਸ਼ ਕੇ ਨਿਹਾਲ ਕੀਤਾ ਤੇ ਉਹ ਉਥੋਂ ਹੀ ਮੈਦਾਨ ਛੱਡ ਬੰਦਗੀ ਕਰਨ ਪਹਾੜਾਂ ਨੂੰ ਚੜ੍ਹ ਗਿਆ। ਜਦੋਂ ਸੈਦ ਖਾਂ ਟੁਰ ਗਿਆ ਤਾਂ ਮੁਸਲਮਾਨ ਕਿਚਕਿਚਾ ਕੇ ਗੁਰੂ ਜੀ ਪਰ ਪਏ, ਪਰ ਉਹ ਬੀਰਾਂ ਦੇ ਬੀਰ ਦੁਸ਼ਮਨਾਂ ਵਿਚੋਂ ਨਿਹੱਤੇ ਨਿਕਲ ਗਏ ਤੇ ਆਪਣੇ ਦਲਾਂ ਵਿਚ ਜਾ ਅੱਪੜੇ। ਇਤੇ ਘੋਰ ਸੰਗ੍ਰਾਮ ਵਿਚ ਸਿੱਖਾਂ ਦੀ ਆਤਮ ਜ਼ਿੰਦਗੀ ਦੇ ਨਮੂਨੇ ਲਈ ਇਹ ਅਗਲਾ ਨਿੱਕਾ ਜਿਹਾ ਪ੍ਰਸੰਗ ਕੁਛ ਰੋਸ਼ਨੀ ਪਾਉਂਦਾ ਹੈ:-

੬੯. ਭਾਈ ਕਨ੍ਹਯਾ†।

ਕਲਗੀਧਰ ਦੇ ਪਾਸ ਕੋਈ ਆ:-
ਪਿਆ ਸ਼ਿਕੈਤ ਲਗਾਵੇ:-
"ਮਾਰ ਮਾਰ ਦੇ ਸਿੱਪ ਤੁਰਕ ਨੂੰ
ਕਾਰੀ ਫਟ ਜਦ ਲਾਵੇ,
"ਭਾਈ ਕਨ੍ਹੱਯਾ ਤਦੋਂ ਤੁਰਕ ਨੂੰ,
ਪਾਣੀ ਆਣ ਪਿਲਾਵੇ।
"ਅਪਣਾ ਹੋ ਕੇ ਭਾਈ ਕਨ੍ਹੱਯਾ
ਦੇਖੋ ਕਹਿਰ ਕਮਾਵੇ।
"ਉਸਦਾ ਕੰਮ ਆਪਣੇ ਲਸ਼ਕਰ
ਸਿੱਖਾਂ ਨੀਰ ਪਿਲਾਣਾ,
"ਨਾਂ ਕੇ ਵੈਰੀ ਨੂੰ ਰਣ ਤੱਤੇ
ਪੁੱਤਾਂ ਵਾਂਙ ਖਿਡਾਣਾ?
"ਰਣ ਤੱਤੇ ਦੀ ਨੀਤੀ-'ਮਾਰਨ'
ਜਿਉਂ ਕਿਉਂ ਦੁਸ਼ਮਨ ਕੋਹੀਏ।
"ਜੋ ਵੈਰੀ ਨੂੰ ਪਜਾਰ ਕਰਾਵੇ,
ਉਸਨੂੰ ਦੁਸ਼ਮਨ ਕਹੀਏ"।

ਸੱਦ ਕੱਨ੍ਹਯੇ ਗੁਰਾਂ ਪੁੱਛਿਆ
ਸਾਰੀ ਗੱਲ ਸੁਣਾਈ।
ਸੀਸ ਨਿਵਾਇਆ ਰੰਗਰਤੜੇ ਨੇ
ਬਿਨਤੀ ਮੁਖੋਂ ਅਲਾਈ-
"ਤੈਨੂੰ ਪਿਆ ਪਿਲਾਵਾਂ ਪਾਣੀ
ਸਿਰ ਮੇਰੇ ਦੇ ਸਾਈਂ!
"ਤੁਰਕ ਅਤੁਰਕ ਨ ਦਿਸਦਾ ਮੈਨੂੰ
ਤੂੰ ਸਾਰੇ ਦਿਸਿ ਆਈਂ।
"ਪਿਆਰੇ ਦੇ ਇਕ ਪਜਾਰ ਪੁਰੋਤਾ
ਉਸ ਦੀ ਸੇਵ ਕਰਾਵਾਂ,
"ਉਸ ਨੂੰ ਦੇਖਾਂ, ਉਸ ਨੂੰ ਸੇਵਾਂ,
ਪਾਣੀ ਉਨ੍ਹੂੰ ਪਿਲਾਵਾਂ"।
ਹੱਸੇ ਤੇ ਗਲ ਲਾਇਆ ਪਜਾਰਾ
ਡੱਬੀ ਹੱਥ ਫੜਾਈ:-
"ਪਾਣੀ ਨਾਲ ਮਲ੍ਹਮ ਬੀ ਰੱਖੀਂ
ਲੋੜ ਪਈ ਤੇ ਲਾਈਂ"।

*ਸੈਦ ਖਾਂ ਦੇ ਹੋਰ ਹਾਲ ਲਈ ਦੇਖੋ ਪ੍ਰਸੰਗ 'ਨਸੀਰਾਂ' ਜੋ ਇਸੇ ਪੋਥੀ ਵਿਚ ਅੱਗੇ ਆਵੇਗਾ।

†ਇਹ ਨਿੱਕੀ ਜਿਹੀ ਕਵਿਤਾ 'ਤੈਨੂੰ ਪਿਆ ਪਿਲਾਵਾਂ ਪਾਣੀ' ਦੇ ਸਿਰਨਾਵੇਂ ਹੇਠਾਂ ੨੨ ਪੋਹ ਸੰ: ਗੁ: ਨਾ: ਸਾ: ੪੫੩ (੫ ਜਨਵਰੀ ੧੯੨੨) ਦੇ ਗੁਰਪੁਰਬ ਸਪਤਮੀ ਦੇ ਖਾ: ਸਮਾ: ਵਿਖੇ ਪ੍ਰਕਾਸ਼ੀ ਸੀ।

ਸੂਚਨਾ:-ਇਹ ਜੰਗ ਬੜਾ ਲੰਮਾ ਤੇ ਬੜਾ ਭਾਰੀ ਸੀ। ਮਹੀਨਿਆਂ ਬੱਧੀ ਜਾਰੀ ਰਿਹਾ। ਇਸ ਜੰਗ ਵਿਚ ਬਾਈਧਾਰ ਰਾਜਿਆਂ ਦੀ ਸੈਨਾਂ, ਸਰਹਿੰਦ ਦੇ ਸੂਬੇ ਦੀ ਸੈਨਾ ਸਮੇਤ ਨਵਾਬ ਦੇ, ਅਨੰਦ ਪੁਰ ਤੇ ਟੁੱਟ ਪਈ। ਲਾਹੌਰ ਦਾ ਫੌਜਦਾਰ ਬੀ ਨਾਲ ਆ ਜੁੜਿਆ ਸੀ ਤੇ ਦਿੱਲੀ ਤੋਂ ਬੀ ਕੁਮਕ ਆ ਗਈ ਸੀ। ਇਤਨੇ ਭਾਰੇ ਘਮਸਾਣ ਦੇ ਟਾਕਰੇ ਤੇ ਆਪ ਅਹਿੱਲ ਜੁਟੇ ਰਹੇ। ਚਾਰ ਪੰਜ ਕਿਲ੍ਹੇ ਸਤਿਗੁਰ ਨੇ ਬਣਾਏ ਹੋਏ ਸਨ, ਤੋਪਾਂ ਬੀ ਢਾਲੀਆਂ ਸਨ ਤੇ ਹੋਰ ਸਾਮਾਨ ਬੀ ਕੀਤੇ ਹੋਏ ਸਨ, ਫੌਜ ਬੀ ਦਸ ਬਾਰਾਂ ਹਜ਼ਾਰ ਦੇ ਕਰੀਬ ਤਿਆਰ ਸੀ। ਘੋਰ ਸੰਗ੍ਰਾਮ ਹੁੰਦੇ ਰਹੇ, ਪਰ ਤੁਰਕ ਕਾਮਯਾਬ ਨਾ ਹੋਏ। ਅਖੀਰ ਉਨ੍ਹਾਂ ਇਹ ਵਿਚਾਰਿਆ ਕਿ ਸਾਡੇ ਹੱਲਾ ਕਰਨ ਤੇ ਸਿੰਘਾਂ ਦੇ ਮੁਕਾਬਲੇ ਸਾਡਾ ਬਹੁਤ ਨੁਕਸਾਨ ਕਰ ਰਹੇ ਹਨ, ਇਨ੍ਹਾਂ ਨਾਲ ਜੰਗ ਕਰਨ ਦੀ ਵਿਉਂਤ ਨੂੰ ਬਦਲੋ ਤੇ ਘੇਰਾ ਪਾਕੇ ਦੂਰ ਦੂਰ ਡੇਰੇ ਪਾ ਲਓ: ਆ ਪੈਣ ਤਾਂ ਲੜੋ ਨਹੀਂ ਤਾਂ ਸਮਾਂ ਲੰਘਣ ਦਿਓ, ਜਦੋਂ ਰਸਦ ਪਾਣੀ ਮੁੱਕੇਗਾ ਤਦੋਂ ਆਪੇ ਹਾਰ ਮੰਨਣਗੇ। ਇਸ ਤਰ੍ਹਾਂ ਸ਼ੁਰੂ ਜੰਗ ਤੋਂ ਲੈ ਕੇ ਸੱਤ ਅੱਠ ਮਹੀਨੇ ਲੰਘ ਗਏ, ਅੰਦਰੋਂ ਘਾਹ ਪੱਠੇ ਰਮਦਾਂ ਮੁੱਕ ਗਈਆਂ। ਫੇਰ ਬੀ ਸਿੰਘਾਂ ਦੇ ਦਸਤੇ ਅਚਾਨਕ ਕਿਸੇ ਪਾਸਿਓਂ ਹੱਲਾ ਕਰਕੇ ਪੈਂਦੇ ਤੇ ਰਸਦਾਂ ਲੈ ਜਾਂਦੇ। ਪਰ ਆਖਰ ਕਦ ਤਕ? ਭੁੱਖਾਂ ਤੇ ਫਾਕੇ ਕੜਾਕੇ ਆ ਹੀ ਗਏ, ਫਿਰ ਬੀ ਸਿੰਘ ਹਾਰੇ ਨਾ ਤੇ ਈਨ ਨਾ ਮੰਨੀ। ਲੜਾਕੇ ਭੁਜੰਗੀ ਤਾਂ ਦੁਖ ਝੱਲ ਰਹੇ ਸੇ, ਪਰ ਸ਼ਹਿਰ ਵਾਸੀ ਭੁੱਖ ਦੇ ਦੁੱਖ ਅਗੇ ਹਾਰ ਰਹੇ ਸੇ, ਬਾਹਰ ਸੂਬਿਆਂ ਤੇ ਰਾਜਿਆਂ ਦਾ ਬੀ ਬੁਰਾ ਹਾਲ ਸੀ। ਇਤਨੇ ਲਸ਼ਕਰ ਨੂੰ ਲੈਕੇ ਬੈਠੇ ਰਹਿਣਾ ਲੱਖਾਂ ਦੇ ਖਰਚ ਮੰਗਦਾ ਹੈ। ਫੇਰ ਨਮੋਸ਼ੀ ਕਿ ਇਤਨੇ ਵਡੇ ਵਡੇ ਸੂਬੇ ਤੇ ਫੌਜਦਾਰ ਕੱਠੇ ਹੋ ਰਹੇ ਹਨ ਤੇ ਰਾਜੇ ਜ਼ੋਰ ਲਾ ਰਹੇ ਹਨ, ਕਿ ਫਕੀਰ ਤੇ ਫਤਹ ਨਹੀਂ ਪਾ ਸਕੇ; ਫਿਰ ਇੰਨੀ ਫੌਜ ਜਿੱਥੇ ਘੇਰਾ ਘੱਤ ਬਹੇ ਤੇ ਅਰੋਗਤਾ ਦੇ ਨਿਯਮਾਂ ਦਾ ਪੂਰਾ ਪਤਾ ਨਾ ਹੋਵੇ ਉਥੇ ਬੀਮਾਰੀਆਂ ਦਾ ਫੂਟ ਪੈਣਾ ਮਾਮੂਲੀ ਗੱਲ ਹੈ। ਸਭ ਤੋਂ ਵਡੀ ਗੱਲ ਫੌਜੀ ਸਿਪਾਹੀਆਂ ਵਿਚ ਬੇਦਿਲੀ ਹੁੰਦੀ ਹੈ, ਜੋ ਬਰਸਾਤ, ਬੀਮਾਰੀ ਤੇ ਨਾਕਾਮਯਾਬੀ ਕਰਕੇ ਦਿਨੋ ਦਿਨ ਵਧ ਰਹੀ ਸੀ। ਇਨ੍ਹਾਂ ਅਤੇ ਹੋਰ ਕਈ ਕਾਰਨਾਂ ਕਰਕੇ ਘੇਰਾ ਪਾਉਣ ਵਾਲੇ ਬੀ ਜੰਗ ਦੀ ਸਮਾਪਤੀ ਲੋੜਦੇ ਸਨ। ਰਾਜੇ ਸਭ ਤੋਂ ਵਧੀਕ ਤੰਗ ਸਨ, ਉਨ੍ਹਾਂ ਦਾ ਦੇਸ਼ ਹੋਣ ਕਰਕੇ ਸਰਹਿੰਦ, ਲਾਹੌਰ ਤੇ ਦਿੱਲੀ ਦੇ ਸੈਨਾਪਤ ਘਾਹ ਪੱਠੇ, ਦਾਣੇ, ਰਸਦਾਂ, ਦੁੱਧ ਘਿਉ ਹਰ ਸ਼ੈ ਲਈ ਜ਼ੋਰ ਪਾਉਂਦੇ, ਪਰਜਾ ਤੋਂ ਕਦੇ ਮੁੱਲ ਦੇ ਕੇ, ਕਦੇ ਜਬਰੀ ਖੋਹ ਲੈਂਦੇ ਸਨ। ਦੂਰ ਦੂਰ ਤਕ ਦੇਸ਼ ਵੈਰਾਨ ਹੋ ਰਿਹਾ ਸੀ ਤੇ ਵੈਰਾਨੀ ਵਧਦੀ ਜਾਂਦੀ ਸੀ, ਖਜ਼ਾਨੇ ਖਾਲੀ ਹੋ ਰਹੇ ਸੇ ਤੇ ਅਗੋਂ ਮਾਮਲੇ ਉਘਰਨ ਦੀ ਥਾਂ ਖਰਚਾਂ ਵਲ ਜ਼ੋਰ ਸੀ। ਰਾਜਾ ਬਿਲਾਸਪੁਰੀਆ ਜ਼ਖਮੀ ਹੋ ਗਿਆ ਸੀ ਤੇ ਇਕ ਦੋ ਰਾਜੇ ਹੋਰ ਬੀ ਇਸੇ ਹਾਲ ਸੇ, ਸ਼ਾਹੀ ਸੈਨਾ ਦੇ ਬੀ ਕਈ ਸਰਦਾਰ ਜ਼ਖਮੀ ਹੋ ਚੁਕੇ ਤੇ ਮਰੇ ਸੇ, ਔਰੰਗਜ਼ੇਬ ਦੱਖਣ ਵਿਚ ਚਵ੍ਹੀ ਪੰਝੀ ਵਰ੍ਹੇ ਤੋਂ ਲੜਦਾ ਹੁਣ ਹੁੱਟ ਰਿਹਾ ਸੀ, ਫੌਜਾਂ ਥੱਕ ਟੁੱਟ ਚੁੱਕੀਆਂ ਸਨ ਤੇ ਖਜ਼ਾਨੇ, ਉਸ ਲੰਮੇ ਜੰਗ ਦੇ ਕਾਰਨ ਖਾਲੀ ਹੋ ਚੁਕੇ ਸਨ। ਇਹ ਬੀ ਚਾਹੁੰਦਾ ਸੀ ਕਿ ਇਹ ਉੱਤਰੀ ਹਿੰਦ ਦਾ ਜੰਗ ਬੀ ਕਿਵੇਂ ਮੁੱਕੇ। ਇਸ ਸਮੇਂ ਦੇ ਲਗਪਗ ਹੀ ਮਰਹੱਟਿਆਂ ਤੋਂ ਅੱਕੇ ਥੱਕੇ ਔਰੰਗਜ਼ੇਬ ਨੇ ਸਤਾਰੇ ਤੋਂ ਅਹਿਮਦ ਨਗਰ ਨੂੰ ਵਾਗ ਮੋੜੀ। ਸੋ ਸੁਲਹ ਵਾਸਤੇ ਬਾਹਰਲੇ ਬਹੁਤ ਕਾਹਲੇ ਸੇ, ਉਨ੍ਹਾਂ ਵੱਲੋਂ ਹੀ ਗੱਲ ਬਾਤ ਛਿੜੀ ਤੇ ਇਹ ਸ਼ਰਤ ਕੇਵਲ ਮੰਗੀ ਗਈ ਕਿ ਤੁਸੀਂ ਜੇ ਅਨੰਦ ਪੁਰ ਛੋੜ ਕੇ ਆਪੇ ਕਿਸੇ ਹੋਰਸ ਇਲਾਕੇ ਚਲੇ ਜਾਓ ਤਾਂ ਅਸੀਂ ਘੇਰਾ ਚੱਕ ਲਵਾਂਗੇ ਤੇ ਆਪ ਨੂੰ ਕੁਛ ਨਹੀਂ ਕਹਾਂਗੇ, ਜਿੱਥੇ ਆਪ ਦਾ ਚਿੱਤ ਕਰੇ ਜਾ ਰਹੀਓ।

ਰਾਜੇ, ਨਵਾਬ ਤੇ ਫੌਜਦਾਰ ਸੋਚਦੇ ਸੇ ਕਿ ਜੇ ਇਹ ਅਨੰਦ ਪੁਰ ਤੋਂ ਜਾਣਾ ਮੰਨ ਲੈਣ ਤਾਂ ਜੰਗ ਮੁਕੇ ਤੇ ਬਾਹਰ ਕਹਿਣ ਜੋਗੇ ਹੋ ਜਾਵਾਂਗੇ ਕਿ ਅਨੰਦ ਪੁਰ ਅਸਾਂ ਖਾਲੀ ਕਰਾ ਲਿਆ ਹੈ, ਜਿੱਤ ਸਾਡੀ ਹੋਈ ਹੈ। ਦੂਸਰੇ ਉਨ੍ਹਾਂ ਦੀ ਨੀਤੀ ਕਿਸੇ ਪੱਕੇ ਇਖਲਾਕੀ ਅਸੂਲਾਂ ਤੋਂ ਬੱਝੀ ਹੋਈ ਨਹੀਂ ਸੀ। ਜਦੋਂ ਕਿਲ੍ਹੇ ਤੋਂ ਬਾਹਰ ਨਿਕਲੇ ਤਦੋਂ ਜੇ ਟਿੱਡੀ ਦਲ ਸੈਨਾ ਉਸ ਥੋੜੀ ਸੈਨਾ ਨੂੰ ਘੇਰ ਲਵੇ, ਜੋ ਗੁਰੂ ਜੀ ਦੇ ਨਾਲ ਸੀ, ਤਾਂ ਉਹ ਸਮਾਪਤੀ ਹੀ ਕਰ ਸਕਦੇ ਹਨ। ਗੁਰੂ ਜੀ ਇਨ੍ਹਾਂ ਚਾਲਾਂ ਨੂੰ ਸਮਝਦੇ ਸੇ, ਉਹ ਇਸ

ਕਰਕੇ ਭੁੱਖ ਦੇ ਦੁਖ ਝੱਲ ਕੇ ਬੀ ਇਸ ਯਤਨ ਵਿਚ ਸੇ ਕਿ ਇਨ੍ਹਾਂ ਦੀ ਪਾਪ ਨੀਤੀ ਦੇ ਸ਼ਿਕਾਰ ਨਹੀਂ ਬਣਨਾ, ਪਰੰਤੂ ਸ਼ਹਿਰ ਵਾਸੀ ਸੁਲਹ ਲਈ ਤੰਗ ਕਰ ਰਹੇ ਸੇ। ਉਧਰ ਆਪਣੇ ਲਸ਼ਕਰ ਵਿਚ ਵੀ ਸੁਲਹ ਲਈ ਜ਼ੋਰ ਪੈਣ ਲੱਗ ਪਿਆ। ਆਖਰ ਗੁਰੂ ਜੀ ਨੇ ਇਕ ਦਿਨ ਆਪਣੇ ਜੁਆਨਾਂ ਤੇ ਸ਼ਹਿਰੀਆਂ ਨੂੰ ਨਮੂਨਾ ਦੱਸਣ ਲਈ ਤੁਰਕਾਂ ਨੂੰ ਇਹ ਕਿਹਾ ਕਿ ਪਹਿਲਾਂ ਸਾਡੇ ਸਾਮਾਨ ਨੂੰ ਲੰਘ ਜਾਣ ਦਿਓ, ਸੁਲਹ ਦੀ ਗੱਲ ਬਾਤ ਪੱਕੀ ਕਰਨ ਪਰ ਵਿਚਾਰ ਕਰਾਂਗੇ, ਪਰ ਜਦੋਂ ਇਕ ਰਾਤ ਖੱਚਰਾਂ ਤੇ ਖੋਤਿਆਂ ਪੁਰ ਕੁਛ ਲੱਦ ਕੇ ਘੱਲਿਆ ਤਾਂ ਥੋੜੀ ਦੂਰ ਨਿਕਲ ਜਾਣ ਪਰ ਹੀ ਸਾਰੇ ਕੌਲ ਕਰਾਰ ਤੋੜ ਕੇ ਤੁਰਕ ਆ ਪਏ ਤੇ ਸਭ ਕੁਛ ਲੁੱਟ ਲਿਆ। ਦਿਨੇ ਲੱਗੇ ਰਾਜੇ ਤੇ ਜ਼ਿੰਮੇਵਾਰਾਂ ਦੇ ਆਦਮੀ ਸਫਾਈਆਂ ਕਰਨ ਕਿ ਸਿਪਾਹੀਆਂ ਤੋਂ ਗ਼ਲਤੀ ਹੋ ਗਈ, ਹੁਣ ਐਸਾ ਨਹੀਂ ਹੋਵੇਗਾ ਪਰ ਗੁਰੂ ਜੀ ਨੇ ਯਕੀਨ ਨਾ ਕੀਤਾ। ਬਾਹਰ ਵਾਲਿਆਂ ਨੇ ਹੁਣ ਇਹ ਸੋਚਿਆ ਕਿ ਜੇ ਪਾਤਸ਼ਾਹ ਵਲੋਂ ਫੁਰਮਾਨ ਸ਼ਾਹੀ ਇਸ ਕੌਲ ਇਕਰਾਰ ਦਾ ਆ ਜਾਵੇ ਤਾਂ ਗੁਰੂ ਜੀ ਸ਼ਾਇਦ ਅਮੰਨਾ ਕਰ ਲੈਣਗੇ। ਸੋ ਉਹ ਬੀ ਮੰਗਵਾਇਆ ਗਿਆ। ਗੁਰੂ ਜੀ ਅਜੇ ਬੀ ਨਹੀਂ ਪਤੀਜਦੇ ਸੇ ਤੇ ਆਪਣੇ ਸਾਥੀਆਂ ਨੂੰ ਕਹਿੰਦੇ ਸੇ ਕਿ ਥੋੜੇ ਦਿਨ ਹੋਰ ਜੀਰਾਂਦ ਕਰੋ, ਪਰ ਹੁਣ ਜੀਰਾਂਦ ਨਹੀਂ ਸੀ ਹੋ ਸਕਦੀ। ਇਕ ਹਿੱਸਾ ਸੈਨਾ ਦਾ ਤਾਂ ਅਖੀਰ ਤਕ ਗੁਰੂ ਜੀ ਦੇ ਨਾਲ ਨਿਭਣ ਨੂੰ ਤੁਲਿਆ ਖੜਾ ਸੀ, ਪਰ ਇਕ ਹਿੱਸਾ ਸੈਨਾ ਦਾ ਬੀ ਸੁਲਹ ਤੇ ਜ਼ੋਰ ਦੇ ਰਿਹਾ ਸੀ। ਸ਼ਾਹੀ ਫੁਰਮਾਨ ਬੜੀ ਤਸੱਲੀ ਵਾਲਾ ਸੀ, ਇਸ ਕਰਕੇ ਸੁਲਹ ਦੇ ਚਾਹਵਾਨ ਖਾਲਸੇ ਤੇ ਮਾਤਾ ਜੀ ਤੇ ਹੋਰਨਾਂ ਨੇ ਬਹੁਤ ਜ਼ੋਰ ਪਾਇਆ। ਦੱਖਣ ਤੋਂ ਜੋ ਕਾਜ਼ੀ ਪਾਤਸ਼ਾਹੀ ਫੁਰਮਾਨ ਲੈ ਕੇ ਆਇਆ, ਉਹ ਆਪ ਗੁਰੂ ਜੀ ਨੂੰ ਮਿਲਿਆ ਤੇ ਉਸਨੇ ਆਪ ਬੀ ਕਸਮਾਂ ਖਾਕੇ, ਕੁਰਾਨ ਜ਼ਾਮਨ ਦੇਕੇ ਤਸੱਲੀ ਕਰਾਉਣ ਦਾ ਜਤਨ ਕੀਤਾ ਕਿ ਆਪ ਜਿੱਧਰ ਜੀ ਚਾਹੇ ਸੁਖ ਨਾਲ ਚਲੇ ਜਾਓ, ਆਪ ਨੂੰ ਕੋਈ ਨਹੀਂ ਛੇੜੇਗਾ, ਅਤੇ ਜਿੱਥੇ ਚਿਤ ਕਰੇ ਰਹੋ ਕੋਈ ਸੂਬਾ ਕਿ ਸਿਪਾਹੀ ਆਪ ਦੀ ਵਾਉ ਵਲ ਨਹੀਂ ਤੱਕੇਗਾ। ਉਧਰ ਰਾਜਿਆਂ ਦੇ ਦੂਤ ਨੇ ਆਟੇ ਦੀ ਗਊ ਬਣਾ ਕੇ ਲਿਆ ਧਰੀ ਤੇ ਸੌਹਾਂ ਸੁਰੀਦਾਂ ਖਾਧੀਆਂ। ਇਸ ਤਰ੍ਹਾਂ ਦੇ ਪੂਰੀ ਤਰ੍ਹਾਂ ਦੇ ਤੇ ਪੱਕੀ ਤਰ੍ਹਾਂ ਦੇ ਇਕਰਾਰਾਂ ਦੇ ਬਾਦ ਸੁਲਹ ਨਾਮਾ ਲਿਖਿਆ ਗਿਆ ਤੇ ਪਾਤਸ਼ਾਹੀ ਸੁਰੀਦਾਂ ਵਾਲਾ ਇਹ ਅਹਿਦਨਾਮਾਂ ਗੁਰੂ ਜੀ ਨੇ ਸਮ੍ਹਾਲ ਲਿਆ*।

ਹੁਣ ਰੁਤ ਅਤਿ ਸਰਦੀ ਦੀ ਸੀ, ਪੋਹ ਦਾ ਪਹਿਲਾ ਸਾਤਾ ਲੰਘ ਚੁਕਾ ਸੀ। ਪਾਲਾ ਇਸ ਇਲਾਕੇ ਵਿਚ ਜ਼ੋਰਾਂ ਤੇ ਸੀ ਕਿ ਇਕ ਰਾਤ ਗੁਰੂ ਜੀ ਸੈਨਾ ਸਣੇ ਕਿਲੇ ਤੋਂ ਨਿਕਲ ਟੁਰੇ। ਆਪ ਕੁਛ ਦੂਰ ਨਿਕਲ ਗਏ ਸਨ ਕਿ ਉਤਾਵਲੀ ਪਾਤਸ਼ਾਹੀ ਸੈਨਾ ਨੇ ਅਨੰਦਪੁਰ ਤੇ ਕਬਜ਼ਾ ਕਰਨ ਲਈ ਜਾ ਮਾਰਾ ਬਕਾਰਾ ਕੀਤਾ। ਇਸੇ ਹੰਗਾਮੇ ਵਿਚ ਕੁਛ ਸੈਨਾ ਗੁਰੂ ਜੀ ਦੇ ਮਗਰ ਬੀ ਟੋਰੀ ਗਈ, ਜਿਸ ਨੇ ਜਾ ਹੱਲਾ ਕੀਤਾ। ਸਰਸਾ ਨਦੀ ਚੜ੍ਹ ਰਹੀ ਸੀ, ਗੁਰੂ ਸਾਹਿਬ ਤਾਂ ਨਿਕਲ ਗਏ ਸੇ, ਪਰ ਵਹੀਰ ਤੇ ਹੋਰ ਲੋਕ ਰੁਕ ਰਹੇ ਸੇ। ਸਾਹਿਬਜ਼ਾਦੇ ਅਜੀਤ ਸਿੰਘ ਜੀ ਵਹੀਰ ਦੇ ਮਗਰ ਸੈਨਾ ਲੈਕੇ ਆ ਰਹੇ ਸੇ। ਹੁਣ ਵਹੀਰ ਵਿਚ ਹਫਲਾ ਤਫਲੀ ਪੈ ਗਈ। ਕਈ ਸਿੰਘ ਤਾਂ ਸਰਸਾ ਨਦੀ ਪਾਰ ਕਰਨ ਦੀ ਉਤਾਵਲ ਤੇ ਕਾਹਲੀ ਵਿਚ ਨਦੀ, ਜੋ ਚੜ ਰਹੀ ਸੀ, ਦੀ ਭੇਟ ਹੋਏ, ਕੁਛ ਲੰਘ ਗਏ, ਕੁਛ ਹੋਰ ਪਾਸੇ ਵੱਲ ਨਿਕਲ ਟੁਰੇ। ਛੋਟੇ ਸਾਹਿਬਜ਼ਾਦੇ ਤੇ ਮਾਈ ਜੀ ਕਠਨਤਾ ਨਾਲ ਪਾਰ ਹੋਏ। ਸਾਹਿਬਾਂ ਨੂੰ ਪਤਾ ਲੱਗਾ ਤਾਂ ਆਪ ਨੇ ਉਦੈ ਸਿੰਘ ਰਾਠ ਨੂੰ ਘੱਲਿਆ ਜਿਸ ਨੇ ਪਿੱਛੇ ਅੱਪੜਕੇ ਅਜੀਤ ਸਿੰਘ ਆਦਿਕਾਂ ਨੂੰ ਸਾਹਿਬਾਂ ਵੱਲ ਟੋਰਿਆ ਤੇ ਆਪ ਅਹਿਦ ਸ਼ਿਕਨ ਤੁਰਕਾਂ ਨਾਲ ਮੱਥਾ ਲਾ ਖੜੋਤਾ ਤੇ ਉੱਥੇ ਹੀ ਅਹਿਦ ਸ਼ਿਕਨਾਂ ਦੀ ਰੋਕ ਕਰਦਾ ਸਾਥੀਆਂ ਸਣੇ ਸ਼ਹੀਦ ਹੋ ਗਿਆ। ਗੁਰੂ ਸਾਹਿਬ ਤੇ ਵਡੇ ਸਾਹਿਬਜ਼ਾਦੇ ਕੁਛ ਸਿੰਘਾਂ ਸਣੇ ਰੋਪੜ ਲਾਗੇ ਆ ਪੁੱਜੇ। ਇਥੇ ਰੋਪੜੀਏ ਪਠਾਣਾਂ ਨੇ ਆ ਹਮਲਾ ਕੀਤਾ। ਜਿਸ ਕਰਕੇ ਲੜਦੇ ਮਰਦੇ ਮਾਰਦੇ ਹਫਲਾ

*ਜ਼ਫਰ ਨਾਮੇ ਵਿਚ ਜ਼ਿਕਰ ਆਵੇਗਾ ਕਿ ਪਾਤਸ਼ਾਹੀ ਇਕਰਾਰ ਨਾਮਾ ਗੁਰੂ ਜੀ ਦੇ ਪਾਸ ਮਾਲਵੇ ਵਿਚ ਭੀ ਹੈਗਾ ਸੀ।

ਤਫਲੀ ਵਪੀ। ਇੱਥੋਂ ਵਡੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਇਕ ਘਰ ਦੇ ਨੌਕਰ ਗੰਗੂ ਨਾਲ ਕਿਸੇ ਹੋਰ ਪਾਸੇ ਨਿਕਲ ਗਏ ਤੇ ਮਾਤਾ ਸੁੰਦਰੀ ਜੀ ਰੋਪੜ ਇਕ ਸਿੰਘ ਦੇ ਘਰ ਲੁਕੇ ਤੇ ਦਿੱਲੀ ਅੱਪੜੇ*।

ਗੁਰੂ ਜੀ ਇਨ੍ਹਾਂ ਸਾਰੇ ਕਸ਼ਟਾਂ ਦੇ ਵਿਚ ਦੀ ਲੰਘਦੇ, ਚਾਲੀ ਕੁ ਸਿੰਘਾਂ ਸਣੇ ਮੁਸ਼ਕਲ ਨਾਲ ਚਮਕੌਰ ਪਹੁੰਚੇ। ਇੱਥੇ ਇਕ ਨਿੱਕੀ ਜਿਹੀ ਗੜ੍ਹੀ ਵਿਚ ਜਾ ਡੇਰਾ ਲਾਇਆ ਤੇ ਆ ਰਹੀ ਪਾਤਸ਼ਾਹੀ ਸੈਨਾ ਦੇ ਟਾਕਰੇ ਦਾ ਪ੍ਰਬੰਧ ਕੀਤਾ:-

੭੦. ਚਮਕੌਰ ਜੁੱਧ†

੧. (ਤਿਆਰੀ)।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘੋੜੇ ਤੇ ਚੜ੍ਹੇ ਜਾ ਰਹੇ ਹਨ, ਅਗੋਂ ਇਕ ਆਦਮੀ ਮਿਲਿਆ ਜਿਸ ਨੇ ਸਿਰ ਝੁਕਾਕੇ ਖੜੇ ਹੋਣ ਦੀ ਸੈਨਤ ਕੀਤੀ; ਸਾਹਿਬ ਜੀ ਖੜੇ ਹੋ ਗਏ, ਅੱਗੇ ਹੋਕੇ ਉਸਨੇ ਫੇਰ ਸਿਰ ਝੁਕਾਇਆ, ਹੱਥ ਬੰਨ੍ਹ ਕੇ ਅਰਜ਼ ਕੀਤੀ: 'ਆਪ ਦੀਨ ਦੁਨੀ ਦੇ ਮਾਲਕ ਹੋ, ਮੈਂ ਨੌਕਰ ਸਰਕਾਰੀ ਸੰਦੇਸ ਲੈਕੇ ਜਾ ਰਿਹਾ ਹਾਂ, ਜੋ ਸੰਦੇਸਾ ਮੈਂ ਤੁਰਕ ਦਲ ਨੂੰ ਜਾ ਕੇ ਦੇਣਾ ਹੈ ਉਹ ਇਹ ਹੈ ਕਿ ਖਵਾਜਾ ਮਰਦੂਦ ਨੇ ਜੋ ਦਿੱਲੀ ਤੋਂ ਹੋਰ ਕੁਮਕ ਮੰਗ ਘਲੀ ਸੀ, ਸੋ ਫੌਜ ਹੁਣ ਆ ਰਹੀ ਹੈ। ਆਪ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਦਲ ਇਸ ਦਲ ਨਾਲ ਆ ਰਲੇਗਾ। ਉਸ ਨਾਲ ਬੇਓੜਕਾ ਸਾਮਾਨ ਹੈ, ਆਪ ਆਪਣਾ ਪ੍ਰਬੰਧ ਛੇਤੀ ਕਰ ਲਓ'; ਇਹ ਕਹਿ ਸਿਰ ਝੁਕਾ ਉਹ ਵਿਦਾ ਹੋ ਗਿਆ। ਗੁਰੂ ਜੀ ਨੇ ਸੋਚਿਆ ਕਿ ਪਿੱਛੇ ਤਾਂ ਬੇਹੱਦ ਸੈਨਾਂ ਤੁਰਕਾਂ ਤੇ ਪਹਾੜੀਆਂ ਦੀ ਛੇੜਾਂ ਸਣੇ ਸਾਡਾ ਪਿੱਛਾ ਕਰਦੀ ਆ ਰਹੀ ਹੈ ਤੇ ਅੱਗੋਂ ਹੋਰ ਟਿੱਡੀ ਦਲ ਫੌਜਾਂ ਤੇ ਵਹੀਰਾਂ ਦਾ ਆ ਰਿਹਾ ਹੈ। ਇਤਨੀ ਦੁਵੱਲੋਂ ਆਈ ਸੈਨਾ ਦੇ ਹੱਥੋਂ ਕੱਟ ਮਰਨਾ ਬੀ ਸ਼ੁਭ ਨਹੀਂ, ਨਾ ਹੀ ਜੰਗ ਦੇ ਦਾਵ ਘਾਵਾਂ ਦੇ ਅਨੁਕੂਲ ਹੈ ਕਿ ਰੜੇ ਮੈਦਾਨ ਚਾਲੀਆਂ ਆਦਮੀਆਂ ਨਾਲ ਲੱਖਾਂ ਦੇ ਘੇਰੇ ਵਿਚ ਆ ਜਾਈਏ। ਸੋ ਆਪ ਨੇ ਆਪਣਾ ਰੁਖ ਬਦਲਿਆ, ਲਗਾਮ ਹੋਰ ਪਾਸੇ ਮੋੜੀ, ਚਲਦੇ ਚਲਦੇ ਚਮਕੌਰ ਨਾਮੇਂ ਪਿੰਡ ਪਾਸ ਆਏ। ਇਥੇ ਉੱਚਾ ਥਾਂ ਹੈਸੀ ਅਰ ਇਕ ਕੱਚੀ ਗੜ੍ਹੀ ਬੀ ਹੈਸੀ ਜੋ ਹੁਣ ਹਵੇਲੀ ਦੀ ਸ਼ਕਲ ਵਿਚ ਸੀ। ਇਸਦੇ ਦੋ ਭਰਾ ਮਾਲਕ ਸਨ-ਇਕ ਜ਼ਬਰਦਸਤ ਸੀ ਤੇ ਇਕ ਕਮਜ਼ੋਰ ਜਿਸਨੂੰ ਜਰਵਾਣਾ ਭਰਾ ਤੰਗ ਕਰਿਆ ਕਰਦਾ ਸੀ। ਪਿੰਡ ਦੇ ਲਾਗੇ ਅੱਪੜ ਕੇ ਆਪ ਨੇ ਇਕ ਬਾਗ ਵਿਚ ਡੇਰਾ ਕੀਤਾ! ਦੋ ਸਿੰਘ ਗੜ੍ਹੀ ਦੇ ਮਾਲਕਾਂ ਨੂੰ ਮੱਦਣ ਗਏ ਤੇ ਇਧਰ ਪੰਜ ਸਿੰਘ ਪਿੱਛੋਂ ਰੋਪੜ ਤੋਂ ਘੋੜੇ ਸਰਪੱਟ ਭਜਾਈ ਆ ਪਹੁੰਚੇ। ਏਹਨਾਂ ਸਿੰਘਾਂ ਨੇ ਆਕੇ ਦੱਸਿਆ ਕਿ ਪਾਤਸ਼ਾਹ! ਆਪ ਨੂੰ ਪਤਾ ਹੀ ਹੈ ਕਿ ਗੁਰੂ ਮਾਰੇ ਸਰਸੇ ਨਾਲੇ ਨੇ ਸ੍ਰੀ ਜ਼ੀ ਦੇ ਦਰਯਾ ਪਾਰ ਹੋਣ ਨੂੰ ਕਿੰਨਾ ਰੋਕਿਆ? ਉਥੋਂ ਸਾਹਿਬ ਅਜ਼ੀਤ ਸਿੰਘ ਕੀਕੂੰ ਤੁਰਕਾਂ ਨਾਲ ਲੜਦੇ ਭਿੜਦੇ ਰੋਕਦੇ ਆਪ ਪਾਸ ਅੱਪੜੇ ਸਨ! ਮਗਰੋਂ ਜਿਤਨੇ ਸਿੰਘ ਆਪ ਤੋਂ ਹਠ ਨਾਲ ਆਗਾਜਾ ਲੈਕੇ ਸਾਹਿਬਜ਼ਾਦੇ ਦੀ ਸਹਾਇਤਾ ਵਾਸਤੇ ਉਥੇ ਰਹੇ ਸੇ, ਸੋ ਸਾਰੇ ਤੁਰਕਾਂ ਨਾਲ ਅਨੇਕ ਦਾਵਾਂ ਤੇ ਘਾਵਾਂ ਤੇ ਸੂਰਬੀਰਤਾ ਨਾਲ ਲੜਦੇ ਰਹੇ ਅਰ ਢੇਰ ਚਿਰ ਤੁਰਕ ਦਲ ਨੂੰ ਰੁਝਾਈ ਰੱਖਿਆ, ਅਖੀਰ ਸਾਰੇ ਸ਼ਹੀਦ ਹੋ ਗਏ, ਸਾਹਿਬਜ਼ਾਦੇ ਨੂੰ ਓਹ ਆਪ ਵਲ ਟੋਰ ਹੀ ਚੁਕੇ ਸੇ। ਸਾਨੂੰ ਭੀ ਫੱਟ ਲਗੇ ਹਨ, ਪਰ ਸਾਨੂੰ ਜਥੇਦਾਰ ਨੇ ਕੁਛ ਪਹਿਲੋਂ ਆਪ ਵਲ ਦੁੜਾ ਦਿੱਤਾ ਸੀ ਕਿ ਸਾਰਾ ਹਾਲ ਆਪ ਤਕ ਪਹੁੰਚ ਜਾਵੇ ਕਿ ਹੁਣ ਪਿਛੇ ਵੈਰੀ ਦੇ ਦਲ ਅੱਗੇ ਰੋਕ ਕੋਈ ਨਹੀਂ ਹੈ ਅਰ ਉਹ ਬੇ-ਮੁਹਾਰਾ ਆ ਰਿਹਾ ਹੈ ਤੇ ਆਪ ਹੁਣ ਇਸ ਅਨੁਸਾਰ ਆਪਣਾ ਅਗਲਾ ਮਨਤੱਵ ਥਾਪ ਲਵੋ! ਮਾਤਾ ਜੀ ਹਾਲੇ ਰੋਪੜ ਉਸ ਸਿਖ ਦੇ ਘਰ ਲੁਕ ਰਹੇ ਹਨ ਜਿਸ ਦਿੱਲੀ ਦੇ ਸਿੱਖ ਨੂੰ ਆਪ ਨੇ ਆਗਾਜਾ ਕੀਤੀ ਸੀ ਕਿ ਰੋਪੜ ਆਪਣੇ ਸੰਬੰਧੀਆਂ ਦੇ ਘਰ ਜਾ

*ਤਵਾ: ਖਾ:।

†ਇਹ ਪ੍ਰਸੰਗ ੧੮ ਪੋਹ ਸੰ: ਗੁ: ਨਾ: ਸਾਹਿਬ ੪੫੬, ਸੰ: ੧੯੮੧ ਬਿ: (੧ ਜਨਵਰੀ ੧੯੨੫ ਈ:) ਦੇ ਗੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਮੂਰਤ ਵਿਚ ਪ੍ਰਕਾਸ਼ਤ ਹੋਇਆ ਸੀ।

ਲੁਕਾਵੇ ਤੇ ਉਨਾਂ ਦੇ ਸਲਾਮਤੀ ਨਾਲ ਦਿੱਲੀ ਅੱਪੜਨ ਦਾ ਪ੍ਰਬੰਧ ਹੋ ਗਿਆ ਹੈ। ਵਡੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਗੰਗੂ ਸੁਣਿਆਂ ਹੈ ਕਿ ਆਪਣੇ ਨਾਲ ਲੈ ਗਿਆ ਹੈ। ਸਾਨੂੰ ਇਕ ਦਰਦੀ ਆਦਮੀ ਜਾਂਦਾ ਮਿਲਿਆ ਹੈ, ਜਿਸ ਦੱਸਿਆ ਹੈ ਕਿ ਪਾਤ-ਸ਼ਾਹੀ ਕੁਮਕ ਦੀ ਟਿੱਡੀ ਦਲ ਸੈਨਾਂ ਅੱਗੋਂ ਹੋਰ ਆ ਰਹੀ ਹੈ, ਸੋ ਪਾਤਸ਼ਾਹ, ਸਚੇ ਪਾਤਸ਼ਾਹ! ਜਿਵੇਂ ਸ੍ਰੀ ਜੀ ਦੀ ਰਜ਼ਾ ਹੋਵੇ! ਤੁਰਕਾਂ ਤੇ ਪਹਾੜੀਆਂ ਝੂਠੀਆਂ ਸੁਗੰਧਾਂ ਖਾਧੀਆਂ ਤੇ ਹੁਣ ਸਹੁੰਵਾ ਭੰਨਕੇ ਦਗ਼ੇ ਨਲ ਹਾਨੀ ਕਰਨ ਆ ਰਹੇ ਹਨ। ਪਾਪੀਆਂ ਨੂੰ ਪਾਪ ਨਾਸ਼ ਕਰੇਗਾ, ਪਰ ਇਸ ਹਨੇਰੀ ਅੱਗੇ ਕੁਛ ਕਰ ਲਈਏ, ਸਮਾਂ ਥੋੜਾ ਹੈ।

ਸ੍ਰੀ ਗੁਰੂ ਜੀ-ਅੱਠ ਦਿਨ ਹੋਰ-ਅੱਠ ਦਿਨ-ਆਖਿਆ ਸੀ-ਕਸ਼ਟ ਝੱਲੋ, ਅੱਠ ਦਿਨ ਦੀ ਵਿਉਂਤ ਸੀ, ਜਿਸਨੇ ਕਿਸੇ ਸਿੱਟੇ ਤੇ ਅਪੜਾਉਣਾ ਸੀ, ਪਰ ਸਿੱਖਾਂ ਤੇ ਸੈਨਾਂ ਨੇ ਨਾ ਮੰਨੀ। ਆਖਜਾ ਸੀ, 'ਕਸਮਾਂ ਤੇ ਇਤਬਾਰ ਨਾ ਕਰੋ' ਪਰ ਨਾ ਮੰਨਿਓਨੇ। ਚੰਗਾ, ਹੋ ਬੀਤੀ, ਸੋ ਹੋ ਬੀਤੀ। ਹੁਣ ਬਸ ਇੱਥੇ ਹੀ ਮੈਦਾਨ ਮੰਡ ਦੇਣਾ ਹੈ, ਇਹੀ ਇਕੋ ਰਸਤਾ ਹੈ।

ਇੰਨੇ ਨੂੰ ਗ੍ਰਾਮ ਗਏ ਸਿੱਖ ਆ ਗਏ, ਗੜ੍ਹੀ ਦੇ ਦੋ ਮਾਲਕ ਨਾਲ ਲੈ ਆਏ। ਜ਼ਬਰਦਸਤ ਨੇ ਕਿਹਾ:-"ਮੈਂ ਨਹੀਂ ਵਿੱਚ ਵੜਨ ਦੇਣਾਂ"। ਲਿੱਸੇ ਨੇ ਕਿਹਾ:-"ਮੇਰੀ ਵੱਲੋਂ ਖੁੱਲ੍ਹ ਹੈ, ਰੁਪੱਯੇ ਦਾ ਲੋੜਵੰਦ ਹਾਂ, ਦਿਓ ਤਾਂ ਸਾਂਭ ਲਓ"। ਗਲ ਕੀ ਇਸ ਮਾਲਕ ਨੇ ਗੜ੍ਹੀ ਦੇ ਬੂਹੇ ਖੋਲ੍ਹ ਦਿੱਤੇ, ਮਾਇਆ ਦਿੱਤੀ ਗਈ। ਜਦੋਂ ਗੁਰੂ ਜੀ ਸਿਖਾਂ ਸਮੇਤ ਅੰਦਰ ਵੜੇ ਤਾਂ ਦੂਸਰਾ ਮਾਲਕ ਆਪੇ ਹੀ ਗੜ੍ਹੀ ਖਾਲੀ ਕਰਕੇ ਛੱਡਕੇ ਟੁਰ ਗਿਆ। ਸਿੱਖਾਂ ਨੇ ਹੁਣ ਇੱਥੇ ਮੋਰਚੇ ਬੰਦੀ ਕਰ ਲਈ। ਅੱਠ ਅੱਠ ਸਿੱਖ ਇਕ ਇਕ ਬਾਹੀ ਤੇ ਥਾਪੇ, ਜੋ ਵੈਰੀ ਨੂੰ ਤੀਰਾਂ ਗੋਲੀਆਂ ਦੀ ਬੁਛਾੜ ਨਾਲ ਨੇੜੇ ਨਾ ਆਉਣ ਦੇਣ। ਭਾਈ ਦਇਆ ਸਿੰਘ, ਭਾਈ ਸੰਤ ਸਿੰਘ, ਸਾਹਿਬਜ਼ਾਦੇ ਤੇ ਆਪ ਉਪਰਲੀ ਅਟਾਰੀ ਵਿਚ ਗਏ। ਕੋਠਾ ਸਿੰਘ ਤੇ ਮਦਨ ਸਿੰਘ ਦਰਵਾਜ਼ੇ ਦੀ ਰਾਖੀ ਤੇ ਤੁਫੰਗ ਆਦਿ ਦੇਕੇ ਥਾਪੇ। ਇਸ ਤਰ੍ਹਾਂ ਚਾਲੀ ਸਿੰਘ, ਜੋ ਗੜ੍ਹੀ ਵਿਚ ਆਏ ਸਨ, ਆਪੋ ਆਪਣੀ ਥਾਂ ਲਗ ਗਏ। ਜਿੰਨਾ ਦਾਰੂ ਸਿੱਕਾ, ਤੀਰ ਤੁਫੰਗ ਤੇ ਸ਼ਸਤ੍ਰ ਸਨ ਉਹ ਬੀ ਵੰਡੇ ਗਏ। ਇਸ ਵੇਲੇ ਬੀ ਉਸ ਚੜ੍ਹਦੀਆਂ ਕਲਾਂ ਦੇ ਪਾਤਸ਼ਾਹ ਦੀ ਸੁਰਤਿ ਝੰਵੀਂ ਨਹੀਂ, ਉਸੇ ਰੰਗ ਸ਼ੇਰ-ਦਿਲ ਸਨ। ਪਿਆਰਿਆਂ ਨੂੰ ਆਖਣ ਲੱਗੇ: 'ਦੇਖੋ! ਜੇ ਸਿੱਖ ਅਨੰਦਪੁਰ ਹੁਕਮ ਮੰਨਦੇ ਤਾਂ ਇਹ ਵੇਲੇ ਨਾ ਆਉਂਦੇ, ਸੋ ਕਾਹਲੇ ਲੋਕ ਬਾਹਲੇ ਮਾਰੇ ਗਏ, ਕਿਸੇ ਨੂੰ ਬਚਾਉ ਦਾ ਰਾਹ ਬੀ ਨੰਹੀਂ ਲੱਝਾ। ਕੁਛ ਨਿਕਲੇ ਹੋਸਣ। ...ਤੁਰਕ ਤੇ ਹਿੰਦੂ ਕਸਮਾਂ ਹਾਰ ਗਏ। ਮੇਰਾ ਪੰਥ ਕਦੇ ਧਰਮ ਹੀਨਾਂ ਦੀ ਸਹੁੰ ਤੇ ਨਾ ਪਤੀਜੇ। ਹਿੰਦੂ ਨਿਤਾਣੇ ਹੋ ਚੁਕੇ ਹਨ, ਗ਼ੁਲਾਮੀ ਵਿਚ ਸਦੀਆਂ ਲੰਘਾ ਚੁਕੇ ਹਨ, ਤੁਰਕ ਰਾਜਮਦ ਵਿਚ ਆ ਆਪਾ ਭੁੱਲ ਗਏ ਹਨ, ਜ਼ੁਲਮ ਕਰਦੇ ਤੇ ਧਨ ਨਾਲ ਮੌਜਾਂ ਮਾਣਦੇ ਸਦਾਚਾਰ ਤੋਂ ਗਿਰ ਰਹੇ ਹਨ। ਪਾਤਸ਼ਾਹ ਨੇ ਕਤਲ, ਤੱਅਸਬ ਤੇ ਜ਼ੁਲਮ ਨਾਲ ਪਿਆਰ ਪਾਇਆ ਹੈ, ਇਨ੍ਹਾਂ ਦਾ ਧਰਮ ਗਿਰ ਚੁੱਕਾ ਹੈ, ਏਹ ਸਭ ਹੁਣ ਤਬਾਹ ਹੋ ਜਾਣਗੇ, ਥੋੜੇ ਸਮੇਂ ਦੀ ਗੱਲ ਹੈ।

'ਹਾਂ, ਤੁਸੀਂ ਹੁਣ ਇਕ ਮੁੱਠੀ ਭਰ ਰਹਿ ਗਏ ਹੋ, ਕੋਈ ਰਸਤਾ ਫਤਹ ਦਾ ਯਾ ਵੈਰੀ ਤੋਂ ਮਾਰ ਨਾ ਖਾਣ ਦਾ ਜ਼ਾਹਰਾ ਹੈ ਨਹੀਂ, ਕੋਈ ਰਸਤਾ ਨਿਕਲ ਜਾਣ ਦਾ ਨਹੀਂ। ਪਰ ਤੁਸੀਂ ਜੀਉਂਦੇ ਬੰਦੇ ਹੋ, ਬੀਰਾਂ ਵਾਂਙ ਲੜਨਾ ਹੈ, ਟਿੱਡੀ ਦਲ ਸੈਨਾਂ ਜੋ ਦੋ ਦਿਸ਼ਾ ਤੋਂ ਆ ਰਹੀ ਹੈ, ਉਸਨੂੰ ਅੱਜ ਲੋਹਾ ਕਰਕੇ ਦੱਸਣਾ ਹੈ। ਅੱਜ ਦੱਸਣਾ ਹੈ ਕਿ ਧਰਮ ਨਾਲ ਜੀ ਉਠੇ ਬੰਦੇ ਕੀਹ ਹੁੰਦੇ ਹਨ? ਹਾਂ, ਜੀਉਂਦੇ ਬੰਦੇ ਰੱਬ ਨੂੰ ਯਾਦ ਕਰਦੇ ਹਨ, ਸੱਚ ਉਤੇ ਸ਼ਹੀਦ ਹੁੰਦੇ ਹਨ, ਜਾਨ ਪਰ ਹੱਸ ਹੱਸ ਕੇ ਖੇਲਦੇ ਹਨ, ਮਰਦੇ ਹਨ, ਪਰ ਮਰ ਕੇ ਜੀਉਂਦੇ ਹਨ। ਇਹ ਦਿੱਸਦਾ ਹੈ ਕਿ ਅਸੀਂ ਮੌਤ ਦੇ ਮੂੰਹ ਵਿਚ ਹਾਂ, ਪਰ ਅਸਾਂ ਅੱਜ ਮੌਤ ਦੇ ਦੰਦ ਭੰਨ ਕੇ ਦੱਸਣੇ ਹਨ। ਅਸਾਂ ਮਰਨਾ ਨਹੀਂ, ਅਸੀਂ ਜੀਉਣਾ ਹੈ। ਅਸੀਂ, ਚਾਹੇ ਸਾਰੇ ਕੱਟ ਮਰ ਜਾਈਏ, ਪਰ ਅਸੀਂ ਜੀਵਾਂਗੇ। ਸਾਨੂੰ-ਚਾਹੇ ਮੂਰਖ ਕਹਿਣਗੇ ਕਿ-ਤੁਰਕਾਂ ਮਾਰ ਲਿਆ, ਪਰ ਅਸੀਂ ਹਾਰੇ ਹੋਏ ਨਹੀਂ ਹੋਵਾਂਗੇ। ਜੋ ਸਾਡੀ ਜ਼ਾਹਰਾ ਹਾਰ ਦਿੱਸੇਗੀ, ਇਹ ਸਾਡੀ ਜਿੱਤ ਹੋਊ, ਫਤਹ ਹੋਊ। ਅਸੀਂ ਹਾਰ ਨਹੀਂ ਮੰਨਣੀ, ਈਨ ਨਹੀਂ ਕੱਢਣੀ, ਸ਼ਰਨ ਨਹੀਂ ਪੈਣਾ। ਅਸੀਂ ਸੱਚੇ ਹਾਂ, ਸੱਚ ਉਤੇ ਖੜੇ

ਹਾਂ, ਅਸੀਂ ਸੁਤੰਤ੍ਰਤਾ ਦੇ ਪਾਸੇ ਹਾਂ, ਅਸਾਂ ਅੰਤ ਤਕ ਆਪਣੇ ਸੱਚ ਉਤੇ ਲੜਨਾ ਹੈ। ਧਰਮ ਨੂੰ, ਸੱਚ ਨੂੰ, ਅਸਲ ਨੂੰ, ਅਸੂਲ ਨੂੰ ਅਸਾਂ ਨਹੀਂ ਛੋੜਨਾ! ਅਸਾਂ ਸੱਚ ਤੇ ਸ਼ਹਾਦਤ ਦੀ ਕੀਰਤੀ ਜਗਤ ਵਿਚ ਛੱਡਣੀ ਹੈ। ਅਸੀਂ ਖਾਲਸਾ ਹਾਂ, ਅਸਾਂ ਖਾਲਸਾ ਰਹਿਣਾ ਹੈ, ਮੌਤ ਖਾਲਸਾ ਨੂੰ ਨਹੀਂ ਮਾਰ ਸਕਦੀ। ਨਾ ਤੌਖਲਾ ਕਰੋ ਕਿ ਸਾਡੇ ਅੱਜ ਕੱਟ ਮਰਨ ਨਾਲ ਖਾਲਸਾ ਕੱਟ ਮਰੇਗਾ। ਖਾਲਸਾ ਅਮਰ ਹੈ, ਇਹ ਆਦਰਸ਼ ਜੀਵੇਗਾ। ਸੋ ਅੱਜ ਕਾਇਰਾਂ ਨੂੰ, ਮੂਰਖਾਂ ਨੂੰ, ਦੁਨਿਆਂ ਨੂੰ, ਸਜਣਾਂ ਨੂੰ, ਵੈਰੀਆਂ ਨੂੰ ਦੱਸ ਦਿਓ ਕਿ ਖਾਲਸਾ ਕੀ ਹੁੰਦਾ ਹੈ? ਤੁਸੀਂ ਸਾਰੇ ਸਿੱਖ ਹੋ, ਹਾਂ, ਤੁਸੀਂ ਸਾਰੇ ਪੁੱਤ੍ਰ ਹੋ, ਤੁਸੀਂ ਸਾਰੇ ਖਾਲਸਾ ਹੋ, ਅੱਜ ਤੁਸਾਂ ਨੇ 'ਖਾਲਸਾ' ਨੂੰ ਲਹੂ ਸਿੰਜ ਕੇ ਬਚਾ ਜਾਣਾ ਹੈ। ਜੇ ਆਪ ਬਚ ਨਿਕਲੇ ਰਾਜ ਤੁਸਾਡਾ ਹੈ, ਜੇ ਸ਼ਹੀਦ ਹੋ ਗਏ ਤਾਂ ਅੱਗੇ ਰੱਬੀ ਰਾਜ ਤੁਸਾਡਾ ਹੈ!

ਇਸ ਤਰ੍ਹਾਂ ਤਿਆਰੀ ਕਰਦਿਆਂ ਰਾਤ ਆ ਗਈ, ਕੁਛ ਸਿੰਘ ਵਾਰੋ ਵਾਰੀ ਪਹਿਰਾ ਦੇਂਦੇ ਰਹੇ ਤੇ ਗੁਰੂ ਜੀ ਤੇ ਸਾਹਿਬਜ਼ਾਦੇ ਤੇ ਵਾਰੀ ਦੇ ਚੁਕੇ ਸਿੰਘ ਵਾਰੋ ਵਾਰੀ ਕੁਛ ਥੋੜਾ ਥੋੜਾ ਸੈਂਦੇ ਰਹੇ, ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਪਾਠ ਹੋਇਆ।

ਜੋ ਕੁਮਕ ਦੀ ਸੈਨਾਂ ਦਿੱਲੀ ਤੋਂ ਆ ਰਹੀ ਸੀ ਉਨ੍ਹਾਂ ਨੂੰ ਪਤਾ ਲੱਗ ਚੁਕਾ ਸੀ ਕਿ ਗੁਰੂ ਜੀ ਚਮਕੌਰ ਹਨ। ਉਨ੍ਹਾਂ ਦੇ ਨਾਲ ਰਲ ਗਏ ਗੁੱਜਰ ਤੇ ਰੰਘੜ ਤੇ ਉੱਪਰੋਂ ਆ ਮਿਲੀ ਉਹ ਸੈਨਾਂ ਜੋ ਅਨੰਦਪੁਰੋਂ ਗੁਰੂ ਜੀ ਦੀ ਢੂੰਡ ਕਰਦੀ ਆ ਰਹੀ ਸੀ। ਸੋ ਇਸ ਰਲਵੇਂ ਘਮਸਾਨ ਨੇ ਹੁਣ ਚਮਕੌਰ ਡੇਰੇ ਆ ਪਾਏ ਤੇ ਘੇਰਾ ਘੱਤਣ ਤੇ ਗੜ੍ਹੀ ਨੂੰ ਹੱਲਾ ਕਰਕੇ ਲੈ ਲੈਣ ਦੇ ਮਨਸੂਬੇ ਸੋਚਣ ਲੱਗੇ।

੨. (ਪਿਆਰੇ ਨੁਸ਼ਾਵਰ)

ਦਿਨ ਚੜ੍ਹੇ ਜਦ ਗੜ੍ਹੀ ਚਮਕੌਰ ਦੇ ਦੁਆਲੇ ਧਰਮ, ਨੇਮ, ਸੌਹਾਂ ਧਰਮ ਦੀਆਂ ਤੇ ਕਸਮਾਂ ਕੁਰਾਨ ਦੀਆਂ ਹਾਰ ਕੇ ਟਿੱਡੀ ਦਲ ਸੈਨਾਂ, ਪਹਾੜੀਆਂ, ਲਾਹੌਰ ਦੇ ਫੌਜਦਾਰ ਤੇ ਸਰਹਿੰਦ ਦੇ ਸੂਬੇ ਅਰ ਬੇਅੰਤ ਪਠਾਣ ਤੇ ਤੁਰਕ ਸਰਦਾਰ ਮਲੇਰਕੋਟਲੀਆਂ ਵਰਗੇ ਹੱਲੇ ਦੀਆਂ ਤਿਆਰੀਆਂ ਕਰ ਰਹੇ ਸਨ, ਉਸ ਵੇਲੇ ਗੜ੍ਹੀ ਦੇ ਅੰਦਰ ਕੱਲ੍ਹ ਦੀ ਵਿਉਂਤ ਮੁਜਬ ਖਬਰਦਾਰੀ ਹੋ ਰਹੀ ਸੀ। ਮਾਨ ਸਿੰਘ ਤੇ ਆਲਮ ਸਿੰਘ ਗੜ੍ਹੀ ਦੇ ਵਿਚ ਫਿਰਨ ਤੇ ਲੱਗੇ ਹੋਏ ਸਨ। ਉੱਪਰ ਅਟਾਰੀ ਤੇ ਹੇਠਾਂ ਦਰਵਾਜ਼ੇ ਤੇ, ਬਾਹੀਆਂ ਤੇ ਜਿੱਥੇ ਜਿੱਥੇ ਸਿੰਘ ਸੀ ਏਹ ਵਾਰੋ ਵਾਰੀ ਅੱਪੜਦੇ ਤੇ ਹਾਲ ਚਾਲ ਦੇਖਦੇ, ਜੋ ਲੋੜ ਹੋਵੇ ਪਹੁੰਚਾਉਂਦੇ ਸਨ। ਤੁਰਕ ਸੈਨਾਂ ਨੂੰ ਗਿਰਾਵਾਂ ਦੇ ਲੋਕੀਂ ਮਿਲ ਮਿਲਕੇ ਉਤਸ਼ਾਹ ਤੇ ਪਤੇ ਦਿੰਦੇ। ਮੂਰਖ ਨਹੀਂ ਸਮਝਦੇ ਸੇ ਕਿ ਐਸਾ ਕਰਨ ਵਿਚ ਉਹ ਆਪਣੀ ਗ਼ੁਲਾਮੀ ਦੇ ਜ਼ੰਜੀਰ ਕੱਸ ਰਹੇ ਸਨ। ਹੁਣ ਤੁਰਕ ਇਕ ਦਸਤਾ ਹੱਲੇ ਦਾ ਬਣਾਕੇ ਗੜ੍ਹੀ ਖੋਹ ਲੈਣ ਲਈ ਆਵੇ, ਪਰ ਅੱਗੋਂ ਗੋਲੀਆਂ ਨਾਲ ਐਸਾ ਆਦਰ ਹੋਵੇ ਕਿ ਦੜ ਦੜ ਕਰਦੇ ਡਿੱਗ ਪੈਣ। ਇਸ ਤਰ੍ਹਾਂ ਜਿੰਨੀ ਵੇਰ ਜੋ ਦਸਤੇ ਦਰਵਾਜ਼ੇ ਵੱਲ ਆਏ, ਤੀਰਾਂ ਤੇ ਬਾਰੂਦ ਦੇ ਭਬਾਕਿਆਂ ਤੇ ਗੋਲੀਆਂ ਦਾ ਸ਼ਿਕਾਰ ਹੋਏ। ਕੁਛ ਮੋਏ, ਕੁਛ ਜ਼ਖਮੀ ਤੇ ਕੁਛ ਘਾਬਰ ਕੇ ਨੱਸ ਟੁਰੇ। ਫੇਰ ਦੁਸਮਨ ਦਲ ਵੱਲੋਂ ਚੁਫੇਰਿਓਂ ਘਰਾਂ ਦੇ ਉਹਲੇ ਉਹਲੇ ਆਕੇ ਗੜ੍ਹੀ ਤੇ ਚੜ੍ਹਨ ਦਾ ਜਤਨ ਹੋਇਆ। ਇਸ ਵੇਲੇ ਉਤੋਂ ਚਾਰੋਂ ਬਾਹੀਆਂ ਤੋਂ ਸਿੰਘਾਂ ਨੇ ਤੀਰਾਂ ਨਾਲ ਸਭ ਪ੍ਰੋ ਘੱਤੇ। ਇਸ ਤਰ੍ਹਾਂ ਜਦ ਘੋਰ ਕਟਾ ਵੱਢ ਹੋਕੇ ਨੁਕਸਾਨ ਹੋਇਆ ਤਾਂ ਬਿਲਾਸ ਪੁਰੀਏ ਤੇ ਹੋਰ ਰਾਜੇ ਸੈਨਾਪਤ ਖ਼ੂਜਾ ਮਰਦੂਦ ਤੇ ਸੂਬੇ ਸਲਾਹਾਂ ਕਰਨ ਲੱਗੇ। ਪਹਿਲੇ ਤਾਂ ਉਨ੍ਹਾਂ ਦਾ ਖਿਆਲ ਸੀ ਕਿ ਗੜ੍ਹੀ ਦੇ ਅੰਦਰ ਕੋਈ ਦਸ ਵੀਹ ਜੋਧੇ ਹਨ, ਪਰ ਹੁਣ ਲੋਕਾਂ ਤੋਂ ਫੇਰ ਪੁੱਛ ਹੋਈ ਤਾਂ ਕਿਸੇ ਦਸਿਆ ਕਿ ਪੰਜਾਹ ਸਠ, ਹੱਦ ਸੱਤਰ ਸਿੰਘ ਹੋਣਗੇ, ਪਰ ਕਈਆਂ ਨੇ ਦੱਸਿਆ ਕਿ ਰਾਤ ਨੂੰ ਹੋਰ ਸੈਨਾਂ ਨਵੀਂ ਆਈ ਹੈ, ਜੋ ਅੱਧੀ ਰਾਤ ਤੋਂ ਮਗਰੋਂ ਸ਼ਬਦ ਗਾਉਂਦੀ ਕਿਲੇ ਵਿਚ ਗਈ ਹੈ, ਉਹ ਢੇਰ ਸਾਰੀ ਸੀ, ਪਤਾ ਨਹੀਂ ਕਿੰਨੀ ਸੀ*। ਖਿਜ਼ਰਖਾਂ ਨੇ ਕਿਹਾ: ਬਈ ਸਰਦਾਰੋ ਇਹ ਜੋ ਸਾਡਾ ਨੁਕਸਾਨ ਹੋ ਰਿਹਾ ਹੈ ਤੇ ਗੁਰੂ ਸਾਡੇ ਹੱਥ ਵੇਲ ਨੂੰ ਲੱਗੇ ਫਲ ਵਾਂਙੂ ਸੁਖਾਲਾ ਨਹੀਂ ਆ ਰਿਹਾ, ਇਹ ਅਚਰਜ ਗੱਲ ਨਹੀਂ, ਉਹ ਜੋਧਾ ਹੈ ਅਰ ਸਾਹਿਬ ਕਸ਼ਫ ਸੁਣੀਂਦਾ ਹੈ। ਅਨੰਦਪੁਰ ਸੱਤ ਅਠ ਮਹੀਨੇ ਸਾਡਾ ਘੇਰਾ ਰਿਹਾ ਹੈ, ਉਸਦੀ ਆਨ ਬਾਨ ਝੱਵੀਂ ਨਹੀਂ, ਉਸਨੇ ਹੇਠਲਾ ਦਾਉ ਨਹੀਂ ਖਾਧਾ, ਹਾਰ

*ਇਹ ਉਨ੍ਹਾਂ ਨੇ ਪਾਠ ਕੀਰਤਨ ਤੋਂ ਖਿਆਲ ਕੀਤਾ ਸੀ।

ਨਹੀਂ ਮੰਨੀ, ਈਨ ਨਹੀਂ ਲਈ, ਫੇਰ ਨਿਕਲਿਆ ਹੈ ਤਾਂ ਸਾਡੀਆਂ ਕਸਮਾਂ ਤੇ ਸੁਰੀਦਾਂ ਤੇ ਭਰੋਸਾ ਕਰਕੇ। ਅਸਾਂ ਇਸ ਨੀਤੀ ਕਰਕੇ ਕਿ ਵੈਰੀ ਨੂੰ ਦਗੇ ਨਾਲ ਬੀ ਮਾਰ ਲੈਣਾ ਚਾਹੀਏ, ਅਪਣਾ ਕੌਲ ਤੋੜਿਆ ਹੈ। ਏਥੇ ਬੀ ਅਸਾਂ ਹੀ ਆਕੇ ਹੱਲਾ ਕੀਤਾ ਹੈ ਪਰ ਉਹ ਦੇਖੋ ਖ਼ੌਫ਼ ਨਹੀਂ ਖਾਂਦਾ, ਉੱਤੋਂ ਅਟਾਰੀ ਤੋਂ ਵੇਖਦਾ ਹੋਊ ਕਿ ਟਿੱਡੀ ਦਲ ਸੈਨਾਂ ਘੇਰਾ ਪਾਈ ਖੜੀ ਹੈ, ਕੋਹਾਂ ਵਿਚ ਘੇਰਾ ਪਿਆ ਹੈ, ਪਰ ਦੇਖੋ ਮਹਦਾਂ ਦਾ ਮਰਦ ਹੈ, ਹਾਰ ਨਹੀਂ ਮੰਨਦਾ, ਉੱਸੇ ਤਰ੍ਹਾਂ ਡਟਿਆ ਖੜਾ ਹੈ। ਫਿਰ ਉਸ ਦੀ ਧਾਰਮਕ ਆਨ, ਉਸ ਦੀ ਬੀਰਤਾ ਵਾਲੀ ਲੜਾਈ, ਸੂਰਮ-ਗਤੀ ਦਾ ਅਸੂਲ ਤੱਕੋ, ਕੋਈ ਗੱਲ ਦਾਉ ਫਰੇਬ ਦੀ ਨਹੀਂ ਕਰਦਾ! ਇਸ ਵੇਲੇ ਜੇ ਅਟਾਰੀ ਤੋਂ ਤੀਰ ਮਾਰੇ ਤਾਂ ਦੂਰ ਦੂਰ ਤੱਕ ਸਾਨੂੰ ਵਿੰਨ੍ਹ ਸੱਟੇ ਪਰ ਔਹ ਤੱਕੋ ਉੱਸੇ ਦਸਤੇ ਉੱਤੇ ਅਟਾਰੀ ਤੋਂ ਤੀਰ ਆਉਂਦਾ ਹੈ, ਜਿਸ ਦਸਤੇ ਵੱਲੋਂ ਕਿ ਗੜ੍ਹੀ ਉੱਤੇ ਹੱਲਾ ਹੁੰਦਾ ਹੈ; ਇਹ ਅਸਲੀ ਬੀਰਤਾ ਦਾ ਜੁੱਧ ਹੈ। ਇਹ ਹੈ ਸੂਰਮਗਤੀ। ਬਾਕੀ ਰਹੀ ਹਾਰ ਕਿ ਜਿੱਤ, ਜਿੱਤ ਸਾਡੀ ਹੈ, ਅਸੀਂ ਬੇਓੜਕੇ ਹਾਂ, ਉਹ ਥੋੜੇ ਹਨ, ਗੜ੍ਹੀ ਨਿੱਕੀ ਹੈ ਕਿੰਨੇ ਕੁ ਦਿਨ ਕੱਢੇਗਾ? ਰਸਦ ਅੰਦਰ ਥੋੜੀ ਹੈ, ਸਾਮਾਨ ਜੰਗ ਥੋੜਾ ਹੈ, ਬੜੀ ਹੋਊ ਚਾਰ ਦਿਨ, ਸੋ ਕਾਹਲੇ ਨਾ ਹੋਵੋ, ਕਸਮ ਤਾਂ ਹਾਰੀ ਹੈ, ਪਰ ਜੰਗ ਤਾਂ ਕਰੋ, ਹਾਂ ਕਰੋ ਪਰ ਕਿਸੇ ਰੁਖ ਨਾਲ। ਜ਼ਰਾ ਗੁਰੂ ਨੂੰ ਬੀ ਹੁਣ ਖੇਡ ਮੱਲ ਲੈਣ ਦਿਓ। ਜ਼ਿੰਦਗੀ ਦੇ ਦਿਨ ਮੁੱਕ ਚੁਕੇ ਹਨ, ਇਕ ਕਿ ਦੋ, ਉਸ ਦੀ ਮਰਦਾਨਗੀ ਦੇ ਅਖਾੜੇ ਵਿਚ ਨਿੱਤਰੋ। ਆਖ਼ਰ ਜਿਨ੍ਹਾਂ ਨੂੰ ਇਸ ਵੇਲੇ ਨਿਸ਼ਚੇ ਮੌਤ ਸਾਹਮਣੇ ਦਿੱਸ ਰਹੀ ਹੈ, ਓਹ ਤੁਹਾਡਾ ਲਿਹਾਜ਼ ਕਰਕੇ ਕੀਕੂੰ ਲੜਨਗੇ? ਪਰ ਫਿਰ ਆਫ਼ਰੀਨ ਹੈ ਉਸ ਆਨ ਦੇ ਕਿ ਹੱਲਾ ਕਰਨ ਵਾਲੇ ਦਸਤੇ ਤੋਂ ਬਿਨਾਂ ਕਿਸੇ ਵੱਲ ਉਨ੍ਹਾਂ ਦਾ ਤੀਰ, ਗੋਲੀ ਬਾਰੂਦ ਦਾ ਭਬਾਕਾ ਨਹੀਂ ਪੈਂਦਾ, ਤੁਸੀਂ ਬੀ ਕੁਛ ਕਰਕੇ ਦਿਖਾਓ, ਆਖ਼ਰ ਸੂਰਮੇ ਹੋ।

ਇਸ ਤਰ੍ਹਾਂ ਦੇ ਵਿਚਾਰ ਦੇ ਮਗਰੋਂ ਇਕ ਭਾਰੀ ਦਸਤਾ ਅੱਗੇ ਹੋਇਆ! ਗੁਰੂ ਜੀ ਇਸ ਵੇਲੇ ਅਟਾਰੀ ਦੀ ਦਰੀਚੀ ਦੇ ਪਿੱਛੇ ਬੈਠੇ ਸਨ, ਦਰੀਚੀ ਵਿਚੋਂ ਉਨ੍ਹਾਂ ਦੀ ਕਲਗੀ ਜਿਗ੍ਹਾ ਦੀ ਝਲਕ ਕਿਸੇ ਕਿਸੇ ਵੇਲੇ ਬਾਹਰ ਵੱਜਦੀ ਸੀ, ਉੱਥੋਂ ਤੱਕ ਤੱਕ ਕੇ ਮਾਰੇ ਤੀਰ ਵੈਰੀਆਂ ਦੇ ਸੀਨੇ ਵਿੰਨ੍ਹਦੇ ਸਨ। ਤੀਰ ਇਸ ਜ਼ੋਰ ਦੇ ਜਾਂਦੇ ਸਨ ਕਿ ਇਕ ਇਕ ਕਈਆਂ ਦਾ ਤਨ ਵਿੰਨ੍ਹ ਜਾਂਦਾ ਸੀ। ਹਾ ਹੂ ਦਾ ਸ਼ੋਰ! ਹਮਲਿਆਂ ਤੇ ਹਮਲੇ ਦੇ ਘਮਸਾਨ, ਢੋਲ ਢੁਮੱਕੇ, ਮਾਰੂ ਦੇ ਵਾਜੇ, ਇਕ ਅਨਰਥ ਮਚ ਗਿਆ:-

ਹਲਾ ਹਲੀ ਭਟ ਜੁੱਟੇ, ਭੜਥੂ ਮੱਚਿਆ। ਚੜ੍ਹੇ ਕੰਧ ਪੁਰ ਸੁੱਟੇ, ਮੁੰਡੀਆ ਹੇਠਵੇ। ਕੇਤਿਕ ਪਚ ਪਚ ਹੁੱਟੇ ਘਾਇਲ ਗਿਰ ਪਰੇ। ਮਰਿਗੇ ਪ੍ਰਾਣ ਨਿਖੁਟੇ ਟੱਟਰਿ ਫੁੱਟਕੇ॥੨੮॥ ਨੇਜੇ ਬੰਬਲਿਆਲੇ ਤੁਟਨ ਤੋੜਤੇ। ਰੁੰਡ ਮੁੰਡ ਖੜ ਢਾਲੇ ਲੋਥੈਂ ਗੁੱਥੀਆਂ! ਪਹੁੰਚੇ ਬੀਰ ਮੁਛਾਲੇ ਨੰਗੇ ਖੜਗ ਲੈ। ਗਹਿਕੇ ਹੱਥੀਂ ਢਾਲੇ ਸਨਮੁਖ ਆਂਵਦੇ ॥੨੯॥ ਭਿੜੇ ਭੇੜ ਭਟ ਭਾਰੇ ਭਭਕੈਂ ਭੀਖਣਾ। ਭਕ ਭਕ ਘਾਵ ਭਕਾਰੇ ਸ਼੍ਰੋਣਤ[1] ਨਿਕਸਕੇ। ਰਹਿਗੇ ਨੈਨ ਉਘਾਰੇ ਮਾਨੋ ਦੇਖਦੇ। ਲੋਹੂ ਬਹੇ ਪਨਾਰੇ, ਛਿਤ[2] ਰੰਗੀਨ ਕਰਿ॥੩੦॥ ਸਿਰ-ਤਲਵਾਏ ਡਿੱਗੇ ਜਿਉ ਨਟਬਾਜ਼ੀਆਂ। ਬਸਤਰ ਲੋਹੂ ਭਿੱਗੇ ਖੇਲਤ ਫਾਗ ਜਿਉਂ। ਧਾਇ ਕੰਧ ਸੋਂ ਲੱਗੇ ਘਾਵਨ ਤੇ ਡਰੇ। ਕਿਤਿਕ ਮਾਰ ਪਿਖਿ ਭੱਗੇ ਭੀਰੂ ਭੈ ਕਰੇ॥੩੧॥

(ਗੁ: ਪ੍ਰ: ਸੂਹਜ ਰੁਤ ੬-੨੬)

ਇਸ ਪ੍ਰਕਾਰ ਜਦ ਹੱਲਾ ਕਰਨ ਆਏ ਤਾਂ ਸਿੰਘਾਂ ਵੱਲੋਂ ਬਰੂਦ ਦੇ ਚੱਲੇ ਪਲੀਤੇ ਤੋਂ, ਵਿਚ ਵਿਚ ਚੱਲੀ ਗੋਲੀ ਤੋਂ, ਦਬਾਦਬ ਵੱਸਦੇ ਤੀਰਾਂ ਤੋਂ, ਉਤੋਂ ਗੁਰੂ ਸਾਹਿਬ ਜੀ ਦੇ ਚਲਦੇ ਤ੍ਰਿੱਖੇ ਤੀਰਾਂ ਤੋਂ, -ਜਿੰਨੀ ਵੇਰ ਵੈਰੀ ਦੇ ਹੱਲੇ ਹੋਏ-ਭਾਰੀ ਨੁਕਸਾਨ ਨਾਲ ਪਸਪਾਂ ਹੋਏ। ਦਰਵਾਜ਼ੇ ਵੱਲ ਆਏ ਤਾਂ ਮਾਰ ਖਾ ਪਿੱਛੇ ਹਟੇ, ਜੇ ਬਾਹੀਆਂ ਵੱਲੋਂ ਆਏ ਤਾਂ ਤੀਰ ਦਾ ਨਿਸ਼ਾਨਾ ਹੋ ਢੱਠੇ, ਜੇ ਕਿਸੇ ਲਾਂਭੋਂ ਵੱਸਦੇ ਤੀਰਾਂ ਵਿਚ ਪੌੜੀ ਲਾ ਚੜ੍ਹੇ ਤਾਂ ਨੇਜ਼ਿਆਂ, ਖੰਡਿਆਂ, ਤਲਵਾਰਾਂ ਨਾਲ ਘਾਇਲ ਹੋ ਹੇਠਾਂ ਢੱਠੇ ਤੇ ਢੱਠਦੇ ਸਿਰ ਫੁੱਟ ਕੇ ਮੋਏ।

ਹੁਣ ਵੈਰੀ ਦਲ ਦੇ ਚੋਣਵੇਂ ਸੂਰਮਿਆਂ ਨੇ ਡਿੱਠਾ ਕਿ ਦਿਨ ਢਲ ਗਿਆ ਹੈ ਤੇ ਨੁਕਸਾਨ ਭਾਰੀ ਹੋ

---

੧. ਲਹੂ। ੨. ਜ਼ਮੀਨ।

ਗਿਆ ਹੈ ਤੇ ਆਪਣੀ ਸੈਨਾਂ ਵਿਚ ਬੇਦਿਲੀ ਫੈਲਣ ਲੱਗ ਪਈ ਹੈ ਕਿ ਵੱਡੇ ਸੂਰਮੇ ਸਿਪਾਹੀਆਂ ਤੇ ਛੋਟੇ ਨੈਕਾਂ ਨੂੰ ਘੱਲ ਘੱਲ ਕੇ ਤਮਾਸ਼ਾ ਦੇਖ ਰਹੇ ਹਨ। ਗ਼ੈਰਤ ਖਾ ਕੇ ਕੁਛ ਨੀਤੀ ਵਿਚਾਰ ਕੇ ਹੁਣ ਖ਼ੂਜਾ ਖ਼ਿਜ਼ਰ ਖਾਂ ਆਇਆ, ਗੁਲਸ਼ੇਰ ਖਾਂ, ਨਾਹਰ ਖਾਂ ਆਦਿ ਵੱਡੇ ਵੱਡੇ ਸੂਰਮੇ ਸਰਦਾਰ ਸੈਨਾਂ ਲੈ ਹੱਲਾ ਕਰਨ ਨੂੰ ਅੱਗੇ ਵਧੇ, ਇਹ ਹੱਲਾ ਬੜਾ ਜ਼ਬਰਦਸਤ ਸੀ। ਸ੍ਰੀ ਗੁਰੂ ਜੀ ਨੇ ਆਪ ਇਸਦਾ ਥੋੜਾ ਜਿਹਾ ਹਾਲ ਫਾਰਸੀ ਵਿਚ ਲਿਖਿਆ ਹੈ, ਜਿਸ ਦਾ ਉਲਥਾ ਇਉਂ ਹੈ:-

ਬੜੇ ਸ਼ੋਰ ਮਚਾਉਂਦੇ ਨੀਲੇ ਕੱਪੜਿਆਂ ਵਾਲੇ ਸ਼ੱਤਰੂ ਹਮਲਾ ਕਰਕੇ ਆਏ। ਵੈਰੀ ਦਾ ਹਰ ਸਿਪਾਹੀ ਜੋ ਆਪਣੇ ਮੋਰਚਿਆਂ ਤੋਂ ਨਿਕਲ ਕੇ ਸਾਡੇ ਤੇ ਹਮਲਾ ਕਰਨ ਆਇਆ, ਉਹ ਲਹੂ ਵਿਚ ਗ਼ਰਕ ਹੋ ਕੇ ਢੱਠਾ। ਤੇਰੀ (ਹੇ ਔਰੰਗਜ਼ੇਬ) ਸੈਨਾਂ ਵਿਚੋਂ ਜੋ ਆਦਮੀ ਆਪਣੇ ਟਿਕਾਣੇ ਤੋਂ ਉੱਠਕੇ ਸਾਡੇ ਤੇ ਹਮਲਾਆਵਰ ਨਹੀਂ ਹੋਇਆ ਉਸਨੂੰ ਅਸੀਂ ਤੀਰ ਨਹੀਂ ਮਾਰਿਆ ਅਰ ਖੁਆਰੀ ਨਹੀਂ ਦਿਤੀ (ਭਾਵ ਇਹ ਕਿ ਕੇਵਲ ਹਮਲਾ ਕਰਨ ਵਾਲੇ ਦਸਤਿਆਂ ਤੇ ਹੀ ਗੁਰੂ ਜੀ ਵਲੋਂ ਤੀਰ ਚਲਿਆ, ਇਹ ਮਹਾਨ ਬੀਰਤਾ ਦੀ ਆਨ ਹੈ)। ਜਦੋਂ ਨਾਹਰ ਖਾਂ ਜੰਗ ਕਰਨ ਆਇਆ ਤਾਂ ਉਸ ਨੂੰ ਅਸਾਂ ਆਪਣੇ ਤੀਰ ਦਾ ਸੁਆਦ ਚਖਾ ਦਿਤਾ, ਬੜੇ ਖਾਨ, ਜੋ ਉਸਦੇ ਨਾਲ ਟੱਪਾਰਾਂ ਮਾਰਦੇ ਆਏ ਸਨ ਕਿ ਆਹ ਕਰਾਂਗੇ ਔਹ ਕਰਾਂਗੇ, ਮੈਦਾਨ ਛੱਡ ਕੇ ਕਾਇਰ ਹੋ ਭੱਜ ਗਏ। ਫਿਰ ਇਕ ਹੋਰ ਪਠਾਣ ਤੀਰ ਤੇ ਗੋਲੀਆਂ ਵਰਸਾਉਂਦਾ ਤੂਫਾਨ ਦੀ ਤਰ੍ਹਾਂ ਚੜ੍ਹ ਆਇਆ। ਉਸ ਨੇ ਬੜੇ ਹੱਲੇ ਕੀਤੇ, ਬੜੇ ਘਾਉ ਖਾਧੇ। ਜਦੋਂ ਉਹ ਮੇਰੇ ਦੋ ਸਿਖਾਂ ਨੂੰ ਮਾਰਨ ਲੱਗਾ ਸੀ, ਐਨ ਉਸ ਵੇਲੇ ਮਾਰਿਆ ਗਿਆ (ਯਾ ਦੋ ਪਠਾਣ ਸਰਦਾਰ ਮਾਰੇ ਗਏ)। ਫਿਰ ਖ਼ੁਵਾਜਾ ਮਰਦੂਦ ਆਇਆ, ਪਰ ਉਹ ਕੰਧ ਦੇ ਉਹਲੇ ਲੁਕ ਗਿਆ। ਅਫਸੋਸ! ਜੇ ਕਦੇ ਸਾਹਮਣੇ ਆ ਜਾਂਦਾ ਤਾਂ ਲਾਚਾਰ ਇਕ ਤੀਰ ਮੈਂ ਉਸਨੂੰ ਬੀ ਬਖਸ਼ ਦਿੰਦਾ। ਬਹੁਤ ਜੁੱਧ ਹੋਇਆ ਦੁਵੱਲੀ ਬੜੇ ਮੋਏ, ਮੈਦਾਨ ਲਾਲ ਹੋ ਗਿਆ ਲਹੂ ਨਾਲ। ਬੜੀ ਮਰਦਾਨਗੀ ਕੀਤੀ। ਭਾਵੇਂ ਕਿੱਡੀ ਬਹਾਦਰੀ ਕੀਤੀ, ਪਰ ਚਾਲੀਆਂ ਭੁੱਖਿਆਂ ਦੀ ਭਾਰੀ ਸੂਰਮਗਤੀ ਕੀਹ ਕਰੇ? ਜਦੋਂ ਉਨ੍ਹਾਂ ਉਤੇ ਦਸਲੱਖ* ਆ ਪੈਣ। ਫੇਰ ਬੀ ਜਦੋਂ ਦਿਨ ਦਾ ਦੀਵਾ ਛਿਪ ਗਿਆ ਤੇ ਰਾਤ ਦੀ ਰਾਣੀ (ਚੰਦ) ਨਿਕਲੀ, ਤਦ ਮੇਰੇ ਕਰਤਾਰ ਨੇ ਮੈਨੂੰ ਰਸਤਾ ਦੇ ਦਿੱਤਾ ਅਰ ਮੈਂ ਸਹੀ ਸਲਾਮਤ ਨਿਕਲ ਗਿਆ, ਮੇਰਾ ਵਾਲ ਬੀ ਵਿੰਗਾ ਨਾ ਹੋਇਆ। (ਜ਼ਫਰਨਾਮਾ)

ਅਮਲ ਵਿਚ ਜੰਗ ਦੀ ਸ਼ਕਲ ਹੁਣ ਉੱਪਰ ਦੱਸੇ ਹਾਲ ਵੇਲੇ ਇਹ ਹੋ ਗਈ ਸੀ ਕਿ ਅੰਦਰ ਤੀਰ, ਬੰਦੂਕ, ਗੋਲੀ, ਸਿੱਕਾ ਘਟ ਰਿਹਾ ਸੀ। ਦੁਸ਼ਮਨ

---

*'ਦਹਲਕ' ਤੋਂ ਆਮ ਮੁਰਾਦ ਬੇਸ਼ੁਮਾਰੀ ਦੀ ਹੈ। ਇਸੇ ਜ਼ਫਰਨਾਮੇ ਵਿਚ ਦੂਜੀ ਥਾਵੇਂ ਪਦ ਬੇਸ਼ੁਮਾਰ ਵਰਤਿਆ ਹੈ-'ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ।' (ਅੰਕ ੪੧)। ਪਰ ਬੇਸ਼ੁਮਾਰੀ ਦਾ ਅੰਦਾਜ਼ਾ ਇਸਤੋਂ ਘਟ ਨਹੀਂ ਰਹਿੰਦਾ ਜਦੋਂ ਖਯਾਲ ਕਰੋ ਕਿ ਅਨੰਦਪੁਰ ਨੂੰ ਘੇਰਾ ਪਾਉਣ ਵਾਲੀ ਸਰਹਿੰਦ ਤੇ ਲਾਹੌਰ ਦੇ ਮੂਖਿਆਂ ਦੀ ਫੌਜ ਹੈ। ਬਾਈਧਾਰ ਰਾਜਿਆਂ ਦੀ ਫੌਜ ਸ਼ਾਮਲ ਹੈ। ਇਨ੍ਹਾਂ ਤੋਂ ਛੁਟ ਰਾਜਿਆਂ ਦੀਆਂ ਬੇ-ਜਾਣਕਾਰ ਫੌਜਾਂ ਹਨ ਜਿਨ੍ਹਾਂ ਨੂੰ ਛੇੜਾਂ ਤੇ ਵਹੀਰ ਕਹਿੰਦੇ ਸਨ। ਹੁਣ ਹੇਠੋਂ ਦਿੱਲੀ ਵਲੋਂ ਹੋਰ ਫੌਜ ਆਈ ਹੈ ਜੋ ਇਨ੍ਹਾਂ ਨਾਲ ਏਥੇ ਮਿਲ ਪਈ ਹੈ। ਸਰਕਾਰੀ ਇਲਾਕੇ ਦੀਆਂ ਛੇੜਾਂ ਬੀ ਹੈਨ ਤੇ ਆਮ ਮੁਲਖਈਆ ਉਠ ਪਿਆ ਹੈ ਕਿ ਗੁਰੂ ਕੇ ਧਨ ਦੀ ਲੁੱਟ ਵਿਚ ਹਿੱਸਾ ਲਵਾਂਗੇ। ਅਨੰਦਪੁਰ ਲੁੱਗਾ (ਸੁੰਞਾ ਜਿਸ ਦਾ ਕੋਈ ਰਖਵਾਲਾ ਨਾ ਹੋਵੇ) ਹੋ ਜਾਣ ਕਰਕੇ ਬੀ ਲੁੱਟ ਦਾ ਨਿਸ਼ਾਨਾ ਮੁਲਖੱਯੇ ਨੂੰ ਥਾਂ ਥਾਂ ਤੋਂ ਪ੍ਰੇਰਕੇ ਲਿਆ ਰਿਹਾ ਸੀ। ਪ੍ਰਸਿੱਧ ਭਾਈ ਹੀਰਾ ਸਿੰਘ ਜੀ ਰਾਗੀ ਆਪਣੀ ਵਜਾਖਯਾ ਵਿਚ ਦੱਸਿਆ ਕਰਦੇ ਸਨ ਕਿ ਇਕ ਮੁਮਲਮਾਨ ਸੀ ਜੋ ਜੰਗ ਚਮਕੌਰ ਦੇ ਮੁਲਖਈਏ ਵਿਚ ਸੀ, ਇਹ ਦੱਸਦਾ ਹੁੰਦਾ ਸੀ ਕਿ ਮੈਂ ਮੁਲਖੱਯੇ ਵਿਚ ਸ਼ਾਮਲ ਸਾਂ, ਪਰ ਚਮਕੌਰ ਤੋਂ ਬਾਰਾਂ ਚੌਦਾਂ ਕੋਹ ਦੀ ਵਿੱਥ ਤੇ ਹੀ ਰਿਹਾ। ਇੰਨੀ ਫੌਜ ਤੇ ਵਹੀਰਾਂ ਸਨ ਜੋ ਮੇਰੇ ਤਕ ਫੈਲ ਰਹੀਆਂ ਸਨ ਤੇ ਮੈਂ ਇਸਤੋਂ ਅਗੇ ਨਹੀਂ ਸਾਂ ਵਧ ਸਕਿਆ। ਸੋ ਇਸ ਤਰ੍ਹਾਂ ਦੇ ਵੇਰਵਿਆਂ ਦੇ ਵੀਚਾਰ ਤੋਂ ਦਹਲਕ ਦੀ ਸਮਝ ਸਾਫ ਆ ਸਕਦੀ ਹੈ।

ਹਰ ਪਾਸਿਓਂ ਹੱਲੇ ਕਰਕੇ ਹਰ ਹੱਲੇ ਪਰ ਹਾਰ ਤੇ ਕਤਲ ਝੱਲ ਚੁਕਾ ਸੀ, ਸੋ ਇਕ ਵਾਰਗੀ ਦਰਵਾਜ਼ਾ ਤੋੜ ਕੇ ਅੰਦਰ ਧਸਣ ਦੀ ਧਾਰਕੇ ਨਾਹਰ ਖਾਂ, ਖ੍ਵਾਜਾ ਖਿਜ਼ਰ ਖਾਂ ਤੇ ਗ਼ੈਰਤ ਖਾਂ ਆਦਿ ਸੂਰਮੇ ਹੱਲਾ ਕਰਕੇ ਆਏ ਸਨ, ਜਿਨ੍ਹਾਂ ਦੇ ਹੱਲੇ ਨੂੰ ਗੁਰੂ ਜੀ ਨੇ ਤੂਫਾਨ ਦੀ ਆਮਦ ਦੱਸਿਆ ਹੈ। ਇਨ੍ਹਾਂ ਨੇ ਗੋਲੀਆਂ ਤੇ ਤੀਰਾਂ ਦਾ ਗੜ੍ਹੀ ਉੱਤੇ ਮੀਂਹ ਵਰਸਾਇਆ, ਪਰ ਉੱਪਰ ਓਹ ਅਸਰ ਨਹੀਂ ਸਨ ਕਰਦੇ, ਕਿਉਂਕਿ ਸਿੰਘ ਗੜ੍ਹੀ ਤੇ ਬਣੇ ਮੋਰਚਿਆਂ ਵਿਚੋਂ ਲੜਦੇ ਤੇ ਉਹਲਿਓਂ ਨਿਸ਼ਾਨੇ ਫੁੰਡਦੇ ਸਨ। ਗੜ੍ਹੀ ਬੜੇ ਉੱਚੇ ਟਿਕਾਣੇ ਸੀ। ਗੁਰੂ ਜੀ ਪਰ ਅਟਾਰੀ ਵਿਚ ਨਿਸ਼ਾਨਾ ਨਹੀਂ ਸੀ ਬੈਠਦਾ ਤੇ ਉਹ ਸੂਰਮੇ ਵੈਰੀ ਦਾ ਨਿਸ਼ਾਨਾ ਬਣਨੋਂ ਘੁਸਾ ਜਾਣ ਤੇ ਆਪਣੇ ਦਰੀਚੇ ਵਿਚੋਂ ਆਪਣਾ ਤੀਰ ਚਲਾ ਦੇਣੋਂ ਕਦੀ ਨਹੀਂ ਸਨ ਘੁੱਸਦੇ। ਜਦੋਂ ਨਾਹਰ ਖਾਂ ਅੱਗੇ ਵਧਿਆ ਤਾਂ ਆਪ ਦੇ ਤੱਕ ਕੇ ਛੱਡੇ ਤੀਰ ਨੇ ਉਸ ਨੂੰ ਫੁੰਡ ਵਿੰਨ੍ਹਕੇ ਪਿਛਾਹਾਂ ਮਾਰਿਆ। ਇਸ ਵੇਲੇ ਕੁਝ ਸਿੰਘ ਦਰਵਾਜ਼ੇ ਦੇ ਬਾਹਰ ਹੋ ਲੜ ਰਹੇ ਸਨ, ਕੁਝ ਉੱਤੋਂ ਤੀਰ ਵਸਾ ਰਹੇ ਸਨ ਤੇ ਧੁਰ ਉੱਪਰੋਂ ਗੁਰੂ ਸਾਹਿਬ ਜੀ ਮਾਰ ਕਰ ਰਹੇ ਸਨ। ਨਾਹਰ ਖਾਂ ਦੇ ਮਰਨ ਤੇ ਗ਼ੈਰਤ ਖਾਂ ਅੱਗੇ ਵਧਿਆ, ਬਹੁਤ ਦਿਲਾਵਰੀ ਨਾਲ ਲੜਿਆ, ਪਰ ਆਖਰ ਮਾਰਿਆ ਗਿਆ। ਖ੍ਵਾਜਾ ਮਰਦੂਦ ਇਸ ਵੇਲੇ ਇਕ ਘਰ ਦੀ ਕੰਧ ਦੇ ਉਹਲੇ ਹੋਕੇ ਜਾਨ ਬਚਾ ਗਿਆ, ਬਾਕੀ ਦੀ ਹਮਲਾਆਵਰ ਸੈਨਾਂ ਸਾਰੀ ਭੱਜ ਗਈ, ਹੁਣ ਕਿਸੇ ਵਡੇ ਸਰਦਾਰ ਨੂੰ ਅਗੇ ਵਧਣ ਦਾ ਹੌਸਲਾ ਨਾ ਪਵੇ।

ਕੇਤਿਕ ਸਿੰਘ ਲਰੇ ਮਰ ਬਾਹਰ ਜਾਹਿਰ ਜੰਗ ਦਿਖਾਇ ਉਦਾਰੇ। ਕੇਤਿਕ ਅੰਤਰ ਬੀਰ ਨਿਰੰ-ਤਰ ਜੂਝਤ ਹੈਂ ਸਰ ਬ੍ਰਿੰਦਨ ਮਾਰੇ। ਛੋਰਤ ਗੋਰੀ ਲਗੈ ਰਿਪੁ ਓਰੀ ਸਰੀਰਨ ਫੋਰ ਜ਼ਿਮੀ ਪਰ ਡਾਰੇ। ਹੇਲ ਕੋ ਪਾਵਤ ਆਵਤ ਧਾਵਤ ਪ੍ਰਾਨ ਗਵਾਵਤ ਪੁੰਜ ਜੁਝਾਰੇ॥੨੧॥

(ਗੁ: ਪ੍ਰ: ਸੂ: ਰੁਤ ੬-੩੮)

ਇਸ ਤਰ੍ਹਾਂ ਘੋਰ ਸੰਗ੍ਰਾਮ ਮਚ ਰਿਹਾ ਸੀ। ਇਸ ਵੇਲੇ ਤਕ ਅੱਧੇ ਸਿੰਘ ਗੁਰੂ ਕਿਆਂ ਦੇ ਸ਼ਹੀਦ ਹੋ ਚੁਕੇ ਸੇ, ਅੱਧੇ ਅੰਦਰੋਂ ਜੰਗ ਮਚਾ ਰਹੇ ਸੇ। ਤੁਰਕ ਸੈਨਾਂ ਵਲੋਂ ਚੁੱਪ ਸ਼ਾਂਤ ਨਹੀਂ ਸੀ ਹੁੰਦੀ, ਹੱਲੇ ਤੇ ਹੱਲਾ ਹੁੰਦਾ ਸੀ ਅਰ ਅੰਦਰੋਂ ਜੋ ਮੀਂਹ ਵੱਸਦਾ ਸੀ ਉਹ ਬੀ ਆਹੂ ਦੇ ਆਹੂ ਲਾਹੀ ਜਾਂਦਾ ਸੀ। ਗੁਰੂ ਕੇ ਪਿਆਰੇ ਮਹਾਂ ਜੋਧੇ ਤੇ ਰਾਠ ਸਿੰਘ, ਜੋ ਇਸ ਵੇਲੇ ਤਕ ਘੋਰ ਜੁੱਧ ਕਰਕੇ ਸ਼ਹੀਦ ਹੋ ਚੁਕੇ ਸਨ, ਅੱਗੇ ਦੱਸੀ ਤਰਕੀਬ ਵਿਚ ਸ਼ਹੀਦ ਹੋਏ ਸੇ:-ਇਹ ਓਹ ਸਿੰਘ ਸੇ ਜੋ ਦਰਵਾਜ਼ਾ ਖੋਲ੍ਹ ਬਾਹਰ ਹੋ, ਕਮਾਨਾਂ ਖਿੱਚ, ਕ੍ਰਿਪਾਨਾਂ ਧੂਹ, ਨੇਜ਼ੇ ਸੂਤ ਹੱਥੋਂ ਹੱਥ ਸ਼ਤ੍ਰੂਆਂ ਨਾਲ ਲੜਦੇ, ਦਰਵਾਜ਼ੇ ਤੱਕ ਪਹੁੰਚਣੋਂ ਉਨ੍ਹਾਂ ਨੂੰ ਰੋਕਦੇ ਸ਼ਹੀਦ ਹੋ ਜਾਂਦੇ ਰਹੇ। ਉਤੋਂ ਸਤਿਗੁਰ ਅਪਣੇ ਪਿਆਰਿਆਂ, ਖਾਲਸਾ ਹੋ ਰਹੇ ਖਾਲਸਿਆਂ ਦੀ ਸੱਚ ਦੀ ਜਗਵੇਦੀ ਪਰ ਘਾਲ ਤੇ ਆਪਾ ਵਾਰਨਾ ਤੱਕ ਤੱਕ ਕੇ ਅਸੀਸਾਂ ਦੇਂਦੇ ਤੇ ਆਪਣੇ ਤੀਰਾਂ ਦੀ ਭਰਮਾਰ ਨਾਲ ਸ਼ੱਤ੍ਰੂਆਂ ਨੂੰ ਓਨ੍ਹਾਂ ਤਕ ਅਪੜਨੋਂ ਫੁੰਡ ਫੁੰਡ ਡੇਗ ਡੇਗ ਕੇ ਰੋਕਦੇ। ਖਜ਼ਾਨ ਸਿੰਘ, ਦਾਨ ਸਿੰਘ, ਧਿਆਨ ਸਿੰਘ ਤ੍ਰੈ ਸੂਰਮੇਂ ਸਭ ਤੋਂ ਪਹਿਲਾਂ ਬਾਹਰ ਨਿਕਲਕੇ ਲੜੇ। ਇਨ੍ਹਾਂ ਦੇ ਹੱਥ ਸੇਲੇ (ਨੇਜ਼ੇ) ਸਨ, ਇਨ੍ਹਾਂ ਨੇ ਹੱਥੋਂ ਹੱਥੀ ਦੇ ਜੁੱਧ ਵਿਚ ਉਹ ਸੂਰਬੀਰਤਾ ਦਿਖਾਈ ਕਿ ਤੁਰਕ ਦੰਗ ਰਹਿ ਗਏ, ਕਿਤਨਾਂ ਚਿਰ ਲੜਦੇ ਅਨੇਕਾਂ ਨੂੰ ਮਾਰਦੇ ਤ੍ਰੈਏ ਸ਼ਹੀਦ ਹੋ ਗਏ। ਹੁਣ ਮੁਹਕਮ ਸਿੰਘ ਇਕੱਲਾ ਜਾ ਨਿਤਰਿਆ, ਵੰਗਾਰ ਪਾਈਓਸੁ ਕਿ ਆਓ ਜੇ ਬਹਾਦਰੀ ਹੈ ਤਾਂ ਇਕ ਇਕ ਆਓ, ਹੱਥ ਦਿਖਾਓ ਹੱਥ ਦੇਖੋ। ਵੰਗਾਰ ਸੁਣ ਕੇ ਇਕ ਮੁਗ਼ਲ ਅੱਗੇ ਹੋਇਆ। ਕਿੰਨੇ ਚਿਰ ਦੀ ਪਟੇਬਾਜ਼ੀ ਦੇ ਮਗਰੋਂ ਮੁਹਕਮ ਸਿੰਘ ਦੀ ਕ੍ਰਿਪਾਨ ਨੇ ਉਸ ਨੂੰ ਥਾਂ ਰਖਿਆ; ਫਿਰ ਜੋ ਜੋ ਸੂਰਮਾ ਨਿਤਰਿਆ ਮੁਹਕਮ ਸਿੰਘ ਨੇ ਜੰਗ ਕਰ ਕਰਕੇ ਆਖਰ ਦੋ ਟੁਕ ਕਰਕੇ ਔਹ ਰਖਿਆ। ਉਸ ਦੀ ਪਟੇਬਾਜ਼ੀ ਨੂੰ ਵੈਰੀਆਂ ਸਲਾਹਿਆ। ਪਰ ਫੇਰ ਵੈਰੀ ਗੁੱਸਾ ਖਾਕੇ ਕਈ ਹਲਕੇ ਆ ਪਏ। ਮੁਹਕਮ ਸਿੰਘ ਨੇ ਹੁਣ ਸੇਲਾ ਸੰਭਾਲਿਆ, ਇਉਂ ਰਣ ਵਿਚ ਇਕਲਾ ਖਲੋਕੇ ਪ੍ਰੋ ਪ੍ਰੋ ਵੈਰੀ ਸੱਟੀ ਜਾਵੇ, ਜਿਕੂੰ ਨੇਜ਼ੇ ਦੀ ਬਾਜ਼ੀ ਖੇਡੀਦੀ ਹੈ। ਬਿਜਲੀ ਵਾਂਙੂ ਦੌੜ ਦੌੜ ਤੇ ਕੁਦ ਕੁਦ ਪਏ। ਇਤਨੇ ਆਦਮੀ ਉਸ ਨੇ ਖੇਤ ਕੀਤੇ ਕਿ "ਸਵਾਲਾਖ ਸੰਗ ਏਕ ਲੜਾਉਂ" ਵਾਲਾ ਵਾਕ ਪੂਰਨ ਕਰਕੇ ਦਿਖਾ ਦਿੱਤਾ। ਜਦ ਉਸ ਦੀ ਇਹ ਬਹਾਦਰੀ ਅਰ ਰਾਠ ਪੁਣਾ ਆਹੂ ਲਾਹੀ ਗਿਆ ਤਾਂ ਖਵਾਜ਼ਾ

ਮਰਦੂਦ ਨੂੰ ਗੁੱਸਾ ਆਇਆ ਤਦ ਕੋਈ ਹੁਕਮ ਦਿੱਤੋਸੁ, ਇਕ ਨਿਹੱਤੇ ਲੜਦੇ ਉਤੇ ਗੋਲੀਆਂ ਦਾ ਮੀਂਹ ਵਰ੍ਹ ਪਿਆ, ਛਾਨਣੀ ਹੋਕੇ ਸੂਰਮਾਂ ਢੱਠਾ ਤੇ ਜਨਮ ਸਫਲ ਕਰ ਗਿਆ। ਮੁਹਕਮ ਸਿੰਘ ਸੰਨਮੁਖ ਢੱਠਾ ਵੇਖ ਤੁਰਕ ਦਰਵਾਜ਼ੇ ਵਲ ਵਧੇ, ਪਰ ਉਪਰੋਂ ਤੀਰਾਂ ਦੀ ਇਕ ਬੁਛਾੜ ਮੀਂਹ ਵਾਂਙ ਪਈ, ਇਧਰੋਂ ਦਰਵਾਜ਼ਾ ਫੇਰ ਖੁੱਲਾ, ਸਾਹਿਬ ਸਿੰਘ ਤੇ ਹਿੰਮਤ ਸਿੰਘ ਬਾਜਾਂ ਵਾਂਙੂ ਝਪਟਕੇ ਪਏ ਅਰ ਵਧੇ ਦਸਤੇ ਵਿੱਚ ਧਸ ਗਏ। ਇਸ ਫੁਰਤੀ ਤੇ ਤੇਜ਼ੀ ਨਾਲ ਤਲਵਾਰ ਚਲਾਈ ਕਿ ਦਸਤੇ ਦਾ ਦਸਤਾ ਹੀ ਕੋਈ ਜ਼ਖਮੀ ਤੇ ਕੋਈ ਮਾਰਕੇ ਪਛਾੜ ਦਿੱਤਾ, ਕੁਛ ਪਿਛਾਂਹ ਹਟ ਗਏ। ਇਕ ਵੇਰ ਦਰਵਾਜ਼ੇ ਦੇ ਅੱਗੋਂ ਦਾ ਮੈਦਾਨ ਇਨ੍ਹਾਂ ਨੇ ਸਾਫ ਕਰ ਦਿੱਤਾ। ਤੁਰਕ ਸੈਨਾਂ ਟਿੱਡੀ ਦਲ ਵਾਂਙੂ ਅਨਗਿਣਤ ਸੀ। ਹੋਰ ਹੱਲਾ ਆਇਆ, ਤੀਰ, ਗੋਲੀ, ਬੰਦੂਕ ਵਰਸਾਂਦਾ ਆਇਆ। ਸੂਰਮੇਂ ਦੋਇ ਜ਼ਖਮੀ ਹੋ ਗਏ, ਪਰ ਕਿਸੇ ਐਸੇ ਰੋਹ ਤੇ ਬਲ ਵਿਚ ਹਨ ਕਿ ਡਰਦੇ ਹੁਟਦੇ ਮੁੜਦੇ ਨਹੀਂ, ਅਗ੍ਹਾਂ ਹੀ ਅਗ੍ਹਾਂ ਮਾਰਦੇ ਵਢਦੇ, ਟੁੱਕਦੇ ਅਖੀਰ ਸ਼ਹੀਦ ਹੋ ਗਏ। ਅਟਾਰੀ ਵਿਚ ਬੈਠੇ ਵੇਖਦੇ, ਅਪਣੇ ਮੁਕਤੀ ਦਾਤਾ ਤੋਂ ਅਸ਼ੀਰਬਾਦ ਤੇ ਧੰਨ! ਧੰਨ! ਦੀ ਅਸੀਸ ਲੈਂਦੇ ਪ੍ਰਲੋਕ ਸਿਧਾਰ ਗਏ। ਹੁਣ ਪੰਜ ਮੁਕਤੇ ਭਾਈ ਈਸ਼ਰ ਸਿੰਘ ਤੇ ਦੇਵਾ ਸਿੰਘ ਆਦਿਕ ਬਾਹਰ ਆ ਨਿਕਲੇ, ਇਨ੍ਹਾਂ ਨੇ ਵੀ ਉਹ ਮੈਦਾਨ ਮੰਡਿਆ ਕਿ ਹੈਰਾਨ ਕਰ ਦਿੱਤਾ, ਪਰ ਪੇਸ਼ ਕੀ ਜਾਵੇ? ਲੜਨ, ਮਰਨ, ਮੁਕਾਉਣ; ਪਰ ਮੁੱਕਣ ਕਿਥੋਂ ਜੋ ਅਨਗਿਣਤ ਹੋਣ? ਆਖ਼ਰ ਇਹ ਬੇਗਿਣਤਾਂ ਨੂੰ ਮਾਰਦੇ ਸੈਨਾਂ ਨੂੰ ਦਰਵਾਜ਼ੇ ਤੋਂ ਦੂਰ ਦੂਰ ਰਖਦੇ, ਧੱਕਦੇ ਅੱਗੇ ਵਧਦੇ ਲੜਦੇ ਟੁਕੜਾ ਟੁਕੜਾ ਕਟ ਕਟ ਕੇ ਸ਼ਹੀਦ ਹੋ ਗਏ। ਹੁਣ ਦਇਆ ਸਿੰਘ ਆਦਿ ਪਿਆਰੇ ਸਿੱਖਾਂ ਨੇ ਬਿਨੈ ਕੀਤੀ ਕਿ ਪਾਤਸ਼ਾਹ! ਹੁਣ ਜੰਗ ਬੱਸ ਕਰੋ ਤੇ ਆਪ ਕਿਧਰੇ ਨਿਕਲ ਚੱਲੋ, ਆਪਦਾ ਦਮ ਸਲਾਮਤ ਹੈ ਤਾਂ ਸਭ ਕੁਝ ਹੈ, ਪਰ ਇਹ ਬਿਨੈ ਸੁਣਕੇ ਆਪ ਮੁਸਕ੍ਰਾਏ ਤੇ ਬੋਲੇ: 'ਦਇਆ ਸਿੰਘ ਜੀ! ਤੱਕੋ ਮੈਦਾਨ ਵਿਚ ਕਿੰਨੇ ਪੰਛੀ ਮਾਸ ਖਾਣ ਆ ਗਏ ਹਨ'। ਇਹ ਜਿਗਰਾ ਤੱਕ ਕੇ ਸਿੰਘ ਦੰਗ ਰਹਿ ਗਏ। ਫੇਰ ਆਪ ਬੋਲੇ: 'ਦੇਖੋ! ਤੁਸਾਡੇ ਪੱਲੇ ਸੱਚ ਹੈ, ਸੱਚ ਤੇ ਖੜੋਤੇ ਰਹੋ। ਮੇਰੇ ਸਿੱਖ ਝੂਠ ਤੋਂ ਕੰਮ ਨਾ ਲੈਣ, ਏਹ ਸਾਮ੍ਹਣੇ ਟਿੱਡੀ ਦਲ ਤੁਰਕ ਤੇ ਪਹਾੜੀਏ ਸ਼ਰਮਹੀਨ, ਧਰਮ ਹੀਨ ਹਨ। ਇਨ੍ਹਾਂ ਦਾ ਕਦੇ ਇਤਬਾਰ ਨਾ ਕਰੋ, ਮੇਰਾ ਪੰਥ ਸਦਾ ਵਾਹਿਗੁਰੂ ਦੀ ਓਟ ਤੇ ਰਹੇ ਤੇ ਅਪਣੀ ਟੇਕ ਤੇ ਟਿਕੇ। ਮੇਰਾ ਖਾਲਸਾ ਸਦਾ 'ਸੱਚ' ਤੇ ਟਿਕੇ, ਕਦੇ ਝੂਠ ਤੇ ਛਲ ਵਿਚ ਨਾ ਪਵੇ, ਕਦੇ ਇਨ੍ਹਾਂ ਸੁਰੀਦ-ਤੋੜੂ ਹਿੰਦੂ ਰਾਜਿਆਂ ਤੇ ਤੁਰਕਾਂ ਦੀ ਓਟ ਨਾ ਤਕਾਵੇ। ਖਾਲਸੇ ਵਿਚ ਤਦੋਂ ਸਦਾ ਤੇਜ ਵਧੇਗਾ, ਜਦੋਂ ਇਨ੍ਹਾਂ ਗਿਰੇ ਹੋਏ ਲੋਕਾਂ ਦਾ ਅਮੰਨਾ ਨਾ ਕਰੇਗਾ। ਜਦੋਂ ਇਨ੍ਹਾਂ ਦੀ ਓਟ ਤਕਾਵੇਗਾ ਤਦੋਂ ਹੀ ਸੱਟ ਖਾਵੇਗਾ। ਅਕਾਲ ਦੀ ਓਟ, ਗੁਰੂ ਦੀ ਓਟ, ਸੱਚ ਦੀ ਓਟ ਆਪਣੀ ਓਟ, ਚਾਰ ਓਟਾਂ ਖਾਲਸੇ ਦੀਆਂ ਹਨ।

ਇਸ ਵੇਲੇ ਮੇਹਰ ਸਿੰਘ, ਕੀਰਤ ਸਿੰਘ, ਅਨੰਦ ਸਿੰਘ, ਲਾਲ ਸਿੰਘ, ਕੇਸਰਾ ਸਿੰਘ, ਅਮੋਲਕ ਸਿੰਘ ਬੂਹਾ ਖੁਹਲ ਕੇ ਬਾਹਰ ਜਾ ਖੜੇ ਹੋਏ। ਇਹ ਉਹ ਵੇਲਾ ਸੀ ਜਿਸ ਵੇਲੇ ਨਾਹਰਖਾਂ, ਗ਼ੈਰਤਖਾਂ, ਗੁਲਸ਼ੇਰ ਖਾਂ ਤੇ ਖ੍ਵਾਜਾ ਮਰਦੂਦ ਆਪ ਵਧੇ ਆ ਰਹੇ ਸਨ। ਜਿਸਦਾ ਜ਼ਿਕਰ ਉਪਰ ਕਰ ਆਏ ਹਾਂ। ਇਨ੍ਹਾਂ ਦਾ ਜੰਗ ਇਸ ਉਮਡੇ ਦਲ ਨਾਲ ਪਿਆ। ਉਪਰੋਂ ਇਸ ਵੇਲੇ ਸਾਰੇ ਸਿੰਘ ਇਕ ਖਾਸ ਵਿਉਂਤ ਬੰਨ੍ਹਕੇ ਤੀਰਾਂ ਦੀ ਬਰਖਾ ਕਰ ਰਹੇ ਸਨ ਅਹ ਗੋਲੇ ਬੀ ਵਿਚ ਵਿਚ ਠਾਹ ਠਾਹ ਕਰਦੇ ਸਨ ਤੇ ਦਰੀਚੇ ਵਿਚੋਂ ਗੁਰੂ ਸਾਹਿਬ ਆਪ ਤੇ ਅਟਾਰੀ ਦੇ ਸ਼ਿਗਾਫਾਂ ਵਿਚੋਂ ਸਾਹਿਬਜ਼ਾਦੇ ਤੀਰਾਂ ਦਾ ਮੀਂਹ ਵਸਾਉਂਦੇ ਸਨ। ਇਹ ਭਾਰੀ ਘਮਸਾਨ ਸੀ, ਜਿਸ ਵਿਚ ਨਾਹਰ ਖਾਂ, ਗ਼ੈਰਤ ਖਾਂ ਤੇ ਹੋਰ ਇਕ ਦੋ ਸਰਦਾਰ ਮਰੇ ਤੇ ਖ੍ਵਾਜਾ ਕੰਧ ਉਹਲੇ ਹੋ, ਜਾਨ ਬਚਾਕੇ, ਢੇਰ ਸਿਪਾਹੀ ਮਰਵਾ ਤੇ ਜ਼ਖਮੀ ਕਰਵਾ ਕੇ ਪਿੱਛੇ ਹਟਿਆ। ਇਹ ਹਾਲ ਅਸੀਂ ਪਿੱਛੇ ਲਿਖ ਆਏ ਹਾਂ।

ਸ੍ਰੀ ਗੁਰ ਗੋਬਿੰਦ ਸਿੰਘ ਬਿਲੋਕਤ
ਰੋਕਤ ਸ਼ੋਕ ਤੇ ਸ਼ਤ੍ਰੁਨ ਕੋ। ਬਾਨ ਸਮੂਹ
ਪ੍ਰਹਾਰਤ ਹੈਂ ਵਧ ਆਗੈ ਜੋ ਆਵਤ
ਦੈਂ ਹਨ ਕੋ। ਲੋਥਨ ਪੋਥਨ ਢੇਰ ਗਏ
ਲਗ ਊਪਰ ਨੀਚੇ ਪਰੇ ਤਨ ਕੋ।
ਜਿਉਂ ਗਿਰ ਸ੍ਰਿੰਗ ਸ੍ਰਵੈਂ ਜਲਕੋ ਤਿਮ ਸ਼੍ਰੋਣ
ਚਲਯੋ ਸ਼ਵ ਢੇਰਨ ਕੋ।

(ਗੁ: ਪ: ਸੂਰਜ ਰੁਤ ੬-੩੮)

ਇਸ ਪ੍ਰਕਾਰ ਹੁਣ ਤਕ ਅੱਧੇ ਸਿੰਘ ਇਸ ਮਹਾਂ ਭਿਆਨਕ, ਮਹਾਂ ਕਰੜੇ ਜੁਧ ਵਿਚ ਜਗਤ ਦੇ ਇਤਿਹਾਸ ਵਿਚ ਅਦੁੱਤੀ ਬੀਰਤਾ ਦਿਖਾ ਕੇ ਸ਼ਹੀਦ ਹੋ ਚੁਕੇ ਸੇ।

੩. (ਪੁਤ੍ਰ ਨਛਾਵਰ)।

ਉਧਰ ਤੁਰਕ ਸੈਨਾਂ ਐਤਕੀ ਦਾ ਠੱਸਾ ਖਾਕੇ ਤੇ ਪਰ੍ਹੇ ਦੇ ਜਥੇਦਾਰ ਮਰਵਾ ਕੇ ਦਰਵਾਜ਼ੇ ਤੋਂ ਪਿੱਛੇ ਹਟੀ ਤੇ ਦਲਾਂ ਵਿਚ ਮੁੜੀ ਤਾਂ ਆਪੋ ਵਿਚ ਦੂਸਰੇ ਹੱਲੇ ਦੀ ਤਿਆਰੀ ਤੇ ਵਿਚਾਰ ਹੋਣ ਲਗੀ। ਇਹ ਸਮਾਂ ਵਿਚ ਕੁਛ ਸਾਹ ਕੱਢਣ ਦਾ ਮਾਨੋਂ ਆ ਗਿਆ ਪਰ ਜਿਨ੍ਹਾਂ ਸੰਗ੍ਰਾਮ ਮਚਾਯਾ ਤੇ ਮਰਨ ਮੰਡਿਆ ਹੈ, ਜਿਨ੍ਹਾਂ ਆਪੇ ਨੂੰ ਜਗਤ ਰੱਖਿਆ ਤੇ ਮੋਏ ਜਿਵਾਲਣ ਦੇ ਪਹਿਲੂ ਤੇ ਲਾਇਆ ਹੈ, ਉਨਾਂ ਲਈ ਆਰਾਮ ਕਿੱਥੇ ਤੇ ਸਾਹ ਕੱਢਣਾ ਕਿੱਥੇ? ਗੜ੍ਹੀ ਚਮਕੌਰ ਦੇ ਵਿਚ ਬਾਕੀ ਰਹੇ ਸਿੰਘਾਂ ਨੇ ਇਕ ਮਤਾ ਸਾਧਣਾ ਸ਼ੁਰੂ ਕੀਤਾ ਕਿ ਸਾਰੇ ਜਣੇ ਰਲਕੇ ਸਤਿਗੁਰੂ ਜੀ ਨੂੰ ਬਿਨੈ ਕਰੀਏ ਕਿ ਅਸੀਂ ਬਾਕੀ ਦੇ ਸਾਰੇ ਮਾਰੇ ਜਾਈਏ ਤਾਂ ਕੋਈ ਡਰ ਨਹੀਂ ਹੈ, ਪਰ ਆਪ ਜ਼ਰੂਰ ਇਸ ਸੰਗ੍ਰਾਮ ਵਿਚੋਂ ਸਹੀ ਸਲਾਮਤ ਨਿਕਲ ਜਾਓ। ਸਤਿਗੁਰੂ ਜੀ ਨੇ ਇਹ ਗੱਲ ਮੰਨਣੀ ਨਹੀਂ, ਉਹਨਾਂ ਸਾਡੇ ਨਾਲ ਅੰਤ ਤਕ ਰਹਿਣਾ ਤੇ ਸ਼ਹੀਦੀ ਤੋਂ ਪਰੇ ਨਹੀਂ ਹਟਣਾ, ਪਰ ਸਾਡਾ ਧਰਮ ਹੈ ਕਿ ਉਨ੍ਹਾਂ ਨੂੰ ਬਚਾਈਏ। ਉਹ ਜੇ ਨਿਕਲ ਗਏ ਤਾਂ ਪੰਥ ਸਲਾਮਤ ਹੈ, ਉਹ ਸਾਡੇ ਵਰਗੇ ਅਨਗਿਣਤ ਸਿੰਘ ਪੈਦਾ ਕਰ ਸਕਦੇ ਹਨ। ਇਹ ਗੱਲ ਸੋਚਕੇ ਜਦ ਸਤਿਗੁਰ ਜੀ ਪਾਸ ਗਏ ਤਾਂ ਕੀ ਦੇਖਦੇ ਹਨ ਕਿ ਅਗੇ ਸਾਹਿਬ ਅਜੀਤ ਸਿੰਘ ਜੀ ਹੱਥ ਜੋੜੇ ਖੜੇ ਹਨ ਅਰ ਪਿਤਾ ਗੁਰੂ ਜੀ ਤੋਂ ਆਗਜਾ ਮੰਗ ਰਹੇ ਹਨ ਕਿ ਹੁਕਮ ਹੋਵੇ ਤਾਂ ਦਾਸ ਬੀ ਬਾਹਰ ਜਾ ਕੇ ਭਰਾਵਾਂ ਵਾਂਙੂ ਲੜੇ ਤੇ ਸੱਚ ਤੋਂ ਵਾਰਨੇ ਹੋ ਜਾਏ। ਸੱਚੇ ਪਾਤਸ਼ਾਹ ਹੱਸਕੇ ਕਹਿ ਰਹੇ ਹਨ: "ਜਾਓ ਸੂਰਮੇ, ਸੂਰਮਿਆਂ ਦੇ ਸੂਰਮੇ, ਰਣ ਵਿਚ ਜਾਓ ਤੇ ਲੋਹਾ ਕਰੋ, ਨਿਸ਼ੰਕ ਲੋਹਾ ਕਰੋ"। ਇਹ ਬੇਨਤੀ ਤੇ ਆਗਜਾ ਸੁਣਕੇ ਸੂਰੇ ਸਿੰਘ ਜੋ ਉਨੀਂਦੇ, ਭੁੱਖ ਤੇ ਲਗਾਤਾਰ ਜੰਗ ਨਾਲ ਝੇਵੇਂ ਨਹੀਂ ਸਨ, ਨੇਤ੍ਰ ਭਰ ਲਿਆਏ ਤੇ ਹੱਥ ਜੋੜ ਕੇ ਬੋਲੇ: "ਸੱਚੇ ਪਾਤਸ਼ਾਹ! ਆਪ ਅਰ ਸਾਹਿਬਜ਼ਾਦੇ ਜਿਵੇਂ ਹੋ ਸਕੇ ਸਹੀ ਸਲਾਮਤ ਇੱਥੋਂ ਨਿਕਲ ਜਾਓ ਤੇ ਸਾਨੂੰ ਲੜਨ ਮਾਰਨ ਤੇ ਸ਼ਹੀਦ ਹੋਣ ਦਿਓ। ਆਪ ਤੇ ਸਾਹਿਬਜ਼ਾਦੇ ਸਲਾਮਤ ਹਓ ਤਾਂ ਸਭ ਕੁਛ ਹੈ ਅਤੇ ਸਾਡੇ ਵਰਗੇ ਤਾਂ ਹਜ਼ਾਰਾਂ ਤੇ ਅਨਗਿਣਤ ਆਪ ਸਾਜ ਲਓਗੇ, ਪਰ ਅਸੀਂ ਆਪ ਬਿਨਾਂ ਕੁਛ ਨਹੀਂ, ਸੋ ਬੇਨਤੀ ਮੰਨੋ ਤੇ ਸਾਹਿਬਜ਼ਾਦੇ ਜੀ ਨੂੰ ਨਾ ਘੱਲੋ ਅਰ ਆਪਣੇ ਨਿਕਲਣ ਦਾ ਉਪਾਵ ਕਰੋ"। ਪਰ ਗੁਰੂ ਜੀ ਉਸੇ ਚੜ੍ਹਦੀ ਕਲਾ ਵਿਚ ਬੋਲੇ "ਕਿ ਤੁਸੀਂ ਸਾਰੇ ਮੇਰੇ ਪੁੱਤ੍ਰ ਹੋ। ਮੇਰਾ ਫ਼ਿਕਰ ਨਾ ਕਰੋ, ਮੇਰਾ ਫ਼ਿਕਰ ਅਕਾਲ ਪੁਰਖ ਨੂੰ ਹੈ। ਹੁਣ ਵੇਲਾ ਸੋਚਾਂ ਦਾ ਨਹੀਂ, ਔਹ ਦੇਖੋ ਤੁਰਕ ਦਲ ਵਿਚੋਂ ਫੇਰ ਹੱਲੇ ਦੀ ਤਿਆਰੀ ਹੈ, ਇਹ ਹੱਲਾ ਮੋੜਨਾ ਹੈ ਤੇ ਸਮਾਂ ਨਹੀਂ ਹੱਥੋਂ ਗੁਆਉਣਾ"। ਬੱਸ! ਇਹ ਸੁਣਦੇ ਹੀ ਉੱਠਦੀ ਜੁਵਾਨੀ ਦਾ ਸੂਰਮਾਂ ਸਾਹਿਬ ਅਜੀਤ ਸਿੰਘ ਅੱਗੇ ਵਧਿਆ। ਪਿਤਾ ਗੁਰੂ ਜੀ ਦੀ ਪ੍ਰਕ੍ਰਮਾ ਕੀਤੀ, ਮੱਥਾ ਟੇਕਿਆ ਤੇ ਥਾਪੜਾ ਲੈਕੇ ਟੁਰ ਪਿਆ। ਗੁਰੂ ਜੀ ਦੀ ਕਰਨੀ ਦੇ ਸਦਕੇ ਹੋਏ ਹੋਏ ਗੁਰੂ ਜਯੋਤੀ ਦੇ ਪਰਵਾਨੇ ਹੋਰ ਪੰਜ ਕੁ ਸਿੰਘਾਂ ਨੇ ਨਾਲ ਜਾਣ ਦੀ ਆਗਜਾ ਮੰਗੀ। ਆਲਮ ਸਿੰਘ ਜੋ ਖਾਸ ਮੁਸਾਹਿਬ ਸੀ, ਜਵਾਹਰ ਸਿੰਘ ਮਹਾਂ ਜੋਧਾ, ਧਿਆਨ ਸਿੰਘ ਜੋਗੀ ਰਾਜ, ਸੁੱਖਾ ਸਿੰਘ ਬੰਦੂਕ ਚਲਾਉਣ ਦਾ ਖਾਸ ਉਸਤਾਦ ਸੀ, ਬੀਰ ਸਿੰਘ ਤਲਵਰੀਆ, ਇਹ ਪੰਜ ਸਿੰਘ ਚੋਟੀ ਦੇ ਸੂਰਮੇ ਤੇ ਰਣ ਵਿੱਦਯਾ ਦੇ ਉਸਤਾਦ ਆਗਜਾ ਲੈ ਕੇ ਸ਼ਾਹਜ਼ਾਦੇ ਦੇ ਨਾਲ ਟੁਰੇ। ਬਾਹਰੋਂ ਆ ਰਹੇ ਹੱਲੇ ਦੇ ਰੋਕਣ ਲਈ ਦਰਵਾਜ਼ਾ ਖੋਲ੍ਹ ਬਾਹਰ ਨਿਕਲ ਆ ਖੜੇ ਹੋਏ, ਜੋ ਜੰਗ ਉਸ ਵੇਲੇ ਇਨ੍ਹਾਂ ਸੂਰਮਿਆਂ ਨੇ ਮਚਾਇਆ, ਭਾਈ ਸੰਤੋਖ ਸਿੰਘ ਜੀ ਨੇ ਇਉਂ ਦੱਸਿਆ ਹੈ:

ਗੁਰ ਸੁਤ ਉਰ ਮਹਿਂ ਕੁਪਤ ਕੁਪਤ ਬਹੁ ਹਨਿ ਕਰਿ ਡਾਰੇ। ਔਚਿਤ ਨਿਠੁਰ ਕਮਾਨ ਮਾਨ ਖਾਨਿਨਿ ਨਿਰਵਾਰੇ। ਗਿਰਤੇ ਬੀਰ ਤੁਰੰਗ ਰੰਗ ਸ੍ਰੋਣਤ ਜਿਨ ਕੇਰਾ। ਤੀਛਨ ਬਾਨ ਪ੍ਰਹਾਰਿ ਹਾਰ ਦੇ ਤ੍ਰਾਸ ਬਡੇਰਾ॥ (ਗੁ: ਪ੍ਰ: ਸੂ: ਰੁ: ੬-੩੯)

ਇਸ ਤਰ੍ਹਾਂ ਗੁਰੂ ਸੁਤ ਸਾਹਿਬ ਅਜੀਤ ਸਿੰਘ ਤੇ ਪੰਜੇ ਸੂਰਮੇ ਘੋਰ ਯੁਧ ਮਚਾ ਰਹੇ ਸਨ, ਇਨ੍ਹਾਂ ਦੇ ਨਿਸ਼ਾਨੇ ਐਸੇ ਬੈਠਦੇ ਸਨ ਕਿ ਖਾਲੀ ਕੋਈ ਨਹੀਂ ਸੀ ਜਾਂਦਾ। ਉਧਰੋਂ ਜੋ ਤੀਰ, ਗੋਲੀ ਆਵੇ ਉਹ

ਨਿਸ਼ਾਨੇ ਨਹੀਂ ਸੀ ਬੈਠਦਾ। ਫੁਰਤੀ ਐਸੀ ਸੀ ਕਿ ਇਨ੍ਹਾਂ ਦੇ ਵਾਰ ਵੈਰੀ ਨੂੰ ਦਮ ਨਹੀਂ ਸਨ ਲੈਣ ਦਿੰਦੇ।

ਕਰਹਿ ਸ਼ੀਘ੍ਰਤਾ ਅਧਿਕ ਗੁਰੂ ਸੁਤ ਸਰ ਬਰਖਾਵੈ। ਬੇਧਤਿ ਦੁਸ਼ਮਨ ਦੇਹ ਗਿਰੇ ਧਰ ਪਰ ਤਰਫਾਵੈਂ। ਤਕ ਤਕ ਗੁਲਕਾਂ ਹਤਹਿਂ ਨਹੀਂ ਕੋ ਲਾਗਨ ਪਾਵੈ: ਕਰਹਿ ਚਲਾਕੀ ਚਰਨ ਚਹੂੰ ਦਿਸ਼ ਚਿਤਵ ਚਲਾਵੈ। ਰਣ ਖੇਤ ਬਿਖੈ ਇਤ ਉਤ ਫਿਰਤ ਫਾਂਦਤ ਦੌਰਤ ਸ਼ੱਤ੍ਰ ਹਤਿ। ਸਭ ਕਰਤਿ ਬਿਲੋਕਨ ਜੰਗ ਕੋ ਹੋਤਿ ਅਚੰਭੈ ਮਹਿਤ ਚਿਤ॥ (ਰੁਤ ੬-੩੯)

ਹੁਣ ਦੁਸ਼ਮਨ, ਜੋ ਅਨਗਿਣਤ ਸਨ, ਬਹੁਤ ਨੇੜੇ ਆ ਗਏ। ਆਪਣੇ ਆਦਮੀ ਮਰਦੇ ਡਿੱਗਦੇ ਤੋਂ ਬੇਪ੍ਰਵਾਹ ਹੁੰਦੇ ਵਧਦੇ ਆਏ। ਇਧਰ ਸਾਹਿਬਜ਼ਾਦੇ ਦੇ ਪੱਥੇ ਵਿਚੋਂ ਤੀਰ ਮੁੱਕ ਗਏ, ਪਰ ਇਕ ਛਿਨ ਵਿਚ ਆਪ ਨੇ ਸਾਂਗ ਖਿਚ ਲਈ ਅਰ ਨੇੜੇ ਆ ਗਏ ਵੈਰੀਆਂ ਵਿੱਚੋਂ ਪਰੋ ਪਰੋ ਸਿੱਟਣ ਲੱਗ ਗਏ। ਇਕ ਥਾਂ ਆਪ ਘਿਰ ਚੱਲੇ ਸਨ ਕਿ ਪੰਜੇ ਸਾਥੀ ਸਿੱਖ ਸਾਂਗਾਂ ਧੂਹ ਕੇ ਆ ਪਏ ਤੇ ਸਾਹਿਬਜ਼ਾਦੇ ਪੰਜੇ ਸਿੰਘ ਕਈਆ ਨੂੰ ਪ੍ਰੋਕੇ ਨਿਕਲ ਕੇ ਖੁੱਲ੍ਹੇ ਥਾਂ ਜਾ ਖੜੋਤੇ ਤੇ ਉੱਛਲ ਉੱਛਲ ਕੇ ਦੌੜ ਦੌੜ ਕੇ ਵਾਰ ਕਰਦੇ ਨਿਕਲਦੇ, ਵਧਦੇ, ਹਟਦੇ, ਦਾਉ ਬਚਾਉਂਦੇ ਦਾਉ ਲਾਉਂਦੇ ਲੜਦੇ ਰਹੇ। ਇਸ ਵੇਲੇ ਤੱਕ ਛੀਏ ਮੂਰਮੇਂ ਜ਼ਖਮੀ ਹੋ ਚੁੱਕੇ ਸੇ, ਕਈ ਘਾਉ ਲੱਗੇ ਸੇ, ਲਹੂ ਬੀ ਚਲਦਾ ਸੀ, ਪਰ ਆਪਣੇ ਆਤਮਾਂ ਦੇ ਜੋਸ਼ ਵਿਚ ਅਪਣੇ ਬੀਰ ਰਸ ਦੇ ਉਮਾਹ ਵਿਚ, ਅਪਣੇ ਵਿਚ ਭਰੇ ਸੰਚਾਰੀ ਕ੍ਰੋਧ ਵਿਚ ਲੜ ਰਹੇ ਸਨ ਕਿ ਅਜੀਤ ਸਿੰਘ ਨੇ ਸਾਂਗ ਇਕ ਜ਼ਿਹਰਬਕਤਰ* ਵਾਲੇ ਪਠਾਣ ਦੇ ਪ੍ਰੋ ਕੱਢੀ, ਪ੍ਰੋਤੀ ਤਾਂ ਗਈ, ਦੁਸ਼ਮਨ ਢਹਿ ਬੀ ਪਿਆ, ਪਰ ਸਾਂਗ ਮੋੜੀ ਬਾਹਰ ਨਾ ਆਵੇ ਬਹੁੰ ਜ਼ੋਰ ਨਾਲ ਖਿੱਚੀ ਤਾਂ ਵਿੱਚੋਂ ਟੁੱਟ ਗਈ। ਹੁਣ ਆਪ ਨੇ ਅਪਣੀ ਮਿਆਨ ਤੋਂ ਤਲਵਾਰ ਸੂਤ ਲਈ ਤੇ ਪਟੇਬਾਜ਼ੀ ਸ਼ੁਰੂ ਹੋਈ। ਕੁਛ ਚਿਰ ਦੇ ਇਸ ਜੰਗ ਨੂੰ ਦੇਖਕੇ ਦੁਵੱਲੀ ਵਾਹ! ਵਾਹ!! ਆਪ ਮੁਹਾਰੀ ਹੋਈ। ਪਿਤਾ ਗੁਰੂ ਤੇ ਸੈਨਾਪਤ ਗੁਰੂ ਨੇ ਸ਼ਾਬਾਸ਼ ਸ਼ਾਬਾਸ਼ ਦੀ ਲਲਕਾਰ ਦਿੱਤੀ। ਹੁਣ ਪੰਜੇ ਸਾਥੀ ਜ਼ਖਮਾਂ ਨਾਲ ਛਾਨਣੀ ਹੋਕੇ ਥਾਉਂ ਥਾਉਂ ਸ਼ਹੀਦ ਹੋ ਗਏ, ਸਾਹਿਬਜ਼ਾਦੇ ਇਕੱਲੇ ਹੀ ਜੂਝ ਰਹੇ ਸਨ, ਅਪਣੀ ਇਕੱਲ ਦੇਖਕੇ ਵੀ ਨਹੀਂ ਝੰਵੇਂ, ਸਗੋਂ ਕੋਪਿਤ ਹੋ ਹੋਰ ਜ਼ੋਰ ਨਾਲ ਲੜੇ-

ਜਿਸ ਦਿਸ਼ ਪਰਿਹੈਂ ਧਾਇ, ਅਰੈਂ ਨਹਿਂ ਭਾਜਤ ਹੈਂ ਅਰਿ। ਜਤਨ ਕਰਹਿਂ ਸਮੁਦਾਇ, ਹਤਹਿਂ ਕਿਮ ਫਿਰਤਿ ਸ਼ੀਘ੍ਰ ਕਰ। ਗੁਲਕਾ ਲਗੇ ਨ ਕੋਇ, ਖੜਗ ਲੋ ਪਹੁੰਚ ਨ ਦੇਤੰ। ਮਾਰ ਮਾਰ ਕਰ ਬੀਰ ਕਰਜੋ ਸੰਘਰ ਬਹੁ ਖੇਤੰ। ਕਰ ਕਰਾਚੋਲ ਜਬਿ ਟੂਟ ਗਇਓ ਜਮਧਰ ਲਈ ਨਿਕਾਸ ਕਰ। ਇਤ ਹੁਤੋ ਪਾਲਕੀ ਕੇ ਬਿਖੈ ਦੂਰਹਿ ਦੇਖਤ ਦ੍ਰਿਸ਼ਟਿ ਧਰਿ॥੩੩॥

(ਗੁ: ਪ੍ਰ: ਸੂ: ਰੁਤ ੬-੩੯)

ਇਕ ਸਰਦਾਰ ਅਨਵਰ ਖਾਂ ਨੂੰ ਪਾਲਕੀ ਵਿਚ ਤੱਕ ਕੇ ਅਜੀਤ ਸਿੰਘ ਜੀ ਜ਼ੋਰ ਨਾਲ ਜਾ ਪਏ। ਇਹ ਇਕ ਬਚਵੇਂ ਪਾਸੇ ਖੜਾ ਜੁੱਧ ਦੇਖ ਰਿਹਾ ਤੇ ਸੈਨਾਂ ਨੂੰ ਹੁਕਮ ਦੇ ਰਿਹਾ ਸੀ ਕਿ ਸਾਹਿਬਜ਼ਾਦੇ ਨੇ ਜਾ ਕਟਾਰ ਉਸਤੇ ਖੋਭੀ, ਕਟਾਰ ਖਿੱਚਕੇ ਪਿੱਛੇ ਫੁਰਤੀ ਨਾਲ ਮੁੜਨ ਹੀ ਲਗੇ ਸਨ ਕਿ ਵੈਰੀ ਦੇ ਇਕ ਦਸਤੇ ਨੇ ਘੇਰ ਲਏ।

ਇਮ ਕੀਨ ਜੁਧ, ਗਨ ਸ਼ਤ੍ਰ ਹਤਿ, ਲੋਪ ਭਏ ਤਤਕਾਲ ਰਨ। ਸਭ ਦਿਖਤ ਅਚੰਭੈ ਹੁਇ ਰਹੇ ਕਹਾਂਗਯੋ ਕਿਤ ਛਪਯੋ ਹਨਿ॥੩੪॥ ਇਸ ਬਿਧਿ ਗੁਰ ਨੰਦਨ ਲਰਜੋ ਜ਼ਹ ਅਜੀਤ ਸਿੰਘ ਨਾਮ। ਸੁਜਸ ਜਗਤ ਮਹਿਂ ਪ੍ਰਗਟ ਭਾ ਪੁਨ ਪਹੁੰਚੇ ਗੁਰ ਧਾਮ॥੩੫॥

(ਗੁਰ ਪ੍ਰਤਾਪ ਸੂਰਜ ਰੁਤ ੬-੩੯)

ਸਤਿਗੁਰੂ ਜੀ ਅਟਾਰੀ ਵਿਚ ਬੈਠੇ ਆਪਣੇ ਦੁਲਾਰੇ ਦੇ ਕਾਰਨਾਮਿਆਂ ਨੂੰ ਦੇਖ ਦੇਖਕੇ ਉਸ ਦੀ ਸੂਰਮਗਤੀ ਤੇ ਪ੍ਰਸੰਨ ਹੋ ਰਹੇ ਸਨ। ਆਪਣੀਆਂ ਅਖਾਂ ਦੇ ਸਾਹਮਣੇ ਆਪਣੇ ਦੁਲਾਰੇ ਤੇ ਪਿਆਰੇ ਦੇ ਨੌ ਜੁਵਾਨੀ ਨਾਲ ਪ੍ਰਫੁਲਤ ਸਰੀਰ ਨੂੰ ਘਾਇਲ ਹੁੰਦਾ ਵੇਖ, ਅੰਤ ਤਕ ਸਨਮੁਖ ਜੂਝਦੇ ਤੇ ਆਪਾ ਵਾਰਦੇ ਨੂੰ ਤੱਕਕੇ ਨਾਥ ਜੀ ਰਤਾ ਨਹੀਂ ਡੋਲੇ। ਚੜ੍ਹਦੀ ਕਲਾ, ਚੜ੍ਹਦੀ ਕਲਾ ਹੀ ਰਹੀ ਤੇ ਆਂਦਰਾਂ ਨੇ, ਮੋਹ ਨੇ, ਪਿਆਰ ਨੇ ਕਲਵਲੀ ਨਹੀਂ ਪਾਈ।

*ਸੰਜੋਅ।

ਉਹ ਜੋ ਖਾਲਸਾ ਪ੍ਰਗਟ ਕੀਤਾ ਸੀ, ਹਾਂ, ਅਪਣੇ ਪੁੱਤ੍ਰ ਵਿਚ ਖਾਲਸਾ ਆਦਰਸ਼ ਨੂੰ ਖਾਲਸਾ ਹੋਕੇ ਨਿਬਾਹੁੰਦਾ ਵੇਖ ਵੇਖ ਆਪ ਖੁਸ਼ ਹੋਏ। ਪੁੱਤ੍ਰ ਸਿਪਾਹੀ ਯੋਧਾ ਖਾਲਸਾ ਅਜੀਤ ਸਿੰਘ ਧਰਮ ਜੁੱਧ ਵਿਚ ਸ਼ਹੀਦ ਹੋ ਗਿਆ; ਹਾਂ, ਉਸ ਜੁੱਧ ਵਿੱਚ ਜਿਸ ਦੀ ਟੇਕ ਨਾ ਲਾਲਚ, ਨਾ ਵੈਰ ਸੀ, ਜੋ ਨਿਰੋਲ ਧਰਮ ਯੁੱਧ ਸੀ ਤੇ ਸੱਚ ਉਤੇ ਆਪਾ ਵਾਰ ਨੁਛਾਵਰੀ ਸੀ, ਸਾਹਿਬਜ਼ਾਦਾ ਸ਼ਹੀਦੀ ਪਾ ਗਿਆ। ਇਹ ਰੰਗ ਤੱਕਕੇ ਛੋਟੇ ਬੇਟੇ ਸਾਹਿਬ ਜੁਝਾਰ ਸਿੰਘ[1] ਜੀ ਨੇ ਪਿਤਾ ਜੀ ਤੋਂ ਰਣ ਵਿਚ ਜਣ ਦੀ ਵੱਡੇ ਭਰਾ ਵਾਂਙੂ ਯੁੱਧ ਮਚਾਉਣ ਦੀ ਆਗਜਾ ਮੰਗੀ। ਆਪ ਦੀ ਆਯੂ ਇਸ ਵੇਲੇ ਲਗ ਪਗ ਪੰਦਰਾਂ ਬਰਸ ਦੀ ਸੀ, ਪਰ ਬਚਪਨ ਤੋਂ ਹੀ ਤੀਰੰਦਾਜ਼ੀ ਤੇ ਪਟੇਬਾਜ਼ੀ ਦੀ ਜਾਚ ਸਿਖਾਈ ਗਈ ਸੀ। ਅੰਮ੍ਰਿਤ ਛਕਿਆ ਸੀ ਤੇ ਰਗ ਰਗ ਵਿੱਚ ਖਾਲਸਾ ਆਦਰਸ਼ ਪ੍ਰਵੇਸ਼ ਕਰ ਰਿਹਾ ਸੀ। ਧੁਰੋਂ ਉੱਚੇ ਦਰਜੇ ਤੇ ਆਏ ਸੇ, ਆਤਮਾਂ ਬਹੁੰ ਉੱਚੀ, ਸੁੱਚੀ ਤੇ ਬਲਵਾਨ ਸੀ, ਸੋ ਰਣ ਲਈ ਨਿੱਤਰ ਪਏ। ਹੋਰ ਪੰਜ ਸਿੰਘ ਆਪਦੇ ਨਾਲ ਬੀ ਤਿਆਰ ਹੋਏ। ਪਿਤਾ ਗੁਰੂ ਜੀ ਨੂੰ ਪ੍ਰਦੱਖਣਾ ਦੇ, ਥਾਪੜਾ ਲੈ ਆਪ ਟੁਰ ਪਏ। ਛੀਓ ਗੜ੍ਹੀ ਤੋਂ ਬਾਹਰ ਹੋਏ[2] ਸ਼ੱਤ੍ਰੂ ਦੇ ਸਾਹਮਣੇ ਜਾਂਦਿਆਂ ਬਲ ਤੇ ਓਜ ਦੂਣਾ ਹੋ ਗਿਆ। ਇਨ੍ਹਾਂ ਦਿਲਾਂ ਵਿਚ ਇਹ ਤਰਲਾ ਹੈ ਹੀ ਨਹੀਂ ਕਿ ਅਸਾਂ ਬਚਣਾ ਹੈ, ਇੱਕੋ ਗੱਲ ਹੈ ਕਿ ਅਸਾਂ ਮਰਨਾ ਹੈ ਤੇ ਵੈਰੀ ਨੂੰ ਮਾਰਨਾ ਹੈ। ਨਿਰਭੈਤਾ ਕਮਾਲ ਹੈ, ਅਕਾਲ ਤੇ ਡੋਰ ਹੈ, ਮਰਨਾ ਮੰਡ ਲਿਆ ਹੈ, ਵੱਧ ਤੋਂ ਵਧ ਨੂੰ ਮਾਰਨਾ ਹੈ, ਵੱਧ ਤੋਂ ਵੱਧ ਸਮਾਂ ਦੁਸ਼ਮਨ ਨੂੰ ਗੜ੍ਹੀ ਤੋਂ ਪਰੇ ਰੱਖਣਾ ਹੈ। ਗੁਰੂ ਦੀਆਂ ਖੁਸ਼ੀਆਂ ਲੈਣੀਆਂ ਹਨ, ਮਰਨਾ ਕਿ ਜੀਉਣਾ ਸਮ ਹੈ। ਅੱਗੇ ਦੀ ਸੋਝੀ ਹੈ ਦ੍ਰਿਸ਼ਟੀ ਪਾਰਦਰਸ਼ਕ ਹੈ, ਸੋ ਜਾ ਘੋਰ ਸੰਗ੍ਰਾਮ ਮਚਾਇਆ।

ਪ੍ਰਥਮ ਤੁਫੰਗਨਿ ਕੀ ਕਰਿ ਮਾਰ। 'ਮਾਰ ਮਾਰ' ਕਰ ਪਰੇ ਜੁਝਾਰ*॥੨॥ ਬਹੁਰ ਤੜਾਤੜ ਛੋੜਿ ਤਮਾਚੇ, ਸਤਿਗੁਰ ਕੋ ਰੁਖ ਪਿਖਿ ਰਿਸ ਰਾਚੇ। ਅਪਰ ਉਪਾਇ ਨ ਕੋ ਬਨ ਆਵੈ। ਪ੍ਰਭ ਸਨਮੁਖ ਹੁਇ ਸੀਸ ਚੜਾਵੈਂ॥੩॥ ਮ੍ਰਿਗ ਝੁੰਡਨਿ ਮਹਿਂ ਕੇਹਰਿ ਫਿਰੈਂ॥ ਨ੍ਰਿਭੈ ਬੀਰ ਕਿਹ ਤ੍ਰਾਸਨ ਧਰੈਂ। 'ਪ੍ਰਾਨ ਬਚੈਂ' ਇਹ ਲਾਲਚ ਛੋਰਾ, ਮਾਰਹਿਂ ਅੱਗ ਪਰਹਿਂ ਰਿਪੁ ਓਰਾ॥੪॥ ਔ ਗਰਜਤ ਹੈਂ ਸਿੰਘ ਜੁਝਾਰੇ*, ਥਿਰੈਂ ਨ ਰਿਪੁ ਇਤ ਉਤ ਦੇਂ ਟਾਰੇ। (ਸੁ: ਪ੍ਰ: ਰੁ: ੬-੩੯)

ਹੁਣ ਦਿਨ ਲਹਿ ਗਿਆ ਸੀ, ਸੂਰਜ ਡੁੱਬ ਗਿਆ ਸੀ, ਸੰਧਿਆ ਮਾਰੋ ਮਾਰ ਕਰਦੀ ਆ ਰਹੀ ਸੀ, ਉਧਰ ਛੀਏ ਸੂਰਮੇ ਜੂਝ ਰਹੇ ਸਨ। ਜਿੰਨਾਂ ਚਿਰ ਖਿਆਲ ਆਸ ਨਹੀਂ ਕਰ ਸਕਦਾ ਉੱਨਾਂ ਚਿਰ ਇਨਾਂ ਦਾ ਜੰਗ ਜਾਰੀ ਰਿਹਾ। ਇਨ੍ਹਾਂ ਨੇ ਗੜ੍ਹੀ ਦੇ ਨੇੜੇ ਵੈਰੀ ਨਹੀਂ ਆਉਣ ਦਿੱਤੇ ਪਰ ਅੰਤ ਅਨਗਣਾਂ ਦੇ ਸਾਮ੍ਹਣੇ ਅਨਗਿਣਤਾਂ ਨੂੰ ਮਾਰਦੇ, ਜ਼ਖਮੀ ਕਰਕੇ ਡੇਗਦੇ ਇਹ ਛੀਏ ਸੂਰਮੇ ਬੀ ਸ਼ਹੀਦ ਹੋ ਗਏ। ਹਨੇਰਾ ਹੁਣ ਵਧ ਰਿਹਾ ਸੀ, ਸਿੰਘਾਂ ਨੇ ਗੁਰੂ ਜੀ ਨੂੰ ਆਖਿਆ ਕਿ ਸਚੇ ਪਾਤਸ਼ਾਹ ਆਪ ਹੁਣ ਅਪਣੇ ਬਚਾਉ ਦਾ ਉਪਰਾਲਾ ਕਰੋ, ਹੁਣ ਯੁਧ ਦਾ ਜਾਰੀ ਰਹਿਣਾ ਕਠਨ ਹੈ। ਪਰ ਸਤਿਗੁਰੂ ਜੀ ਬੋਲੇ ਕਿ "ਇਹੋ ਵੇਲਾ ਸ਼ੱਤ੍ਰੂ ਦੇ ਬਲ ਖਾ ਜਾਣ ਦਾ ਹੈ। ਔਹ ਦੇਖੋ ਇਕ ਘਟਾ ਉਮੰਡ ਕੇ ਆ ਰਹੀ ਹੈ,

---

੧. ਭਾਈ ਸੰਤੋਖ ਸਿੰਘ ਜੀ ਨੇ ਨਾਮ ਜੋਰਾਵਰ ਸਿੰਘ ਲਿਖਿਆ ਹੈ। ਪਰ ਹੋਰ ਲੇਖਕਾਂ ਤੋਂ ਆਪ ਦਾ ਨਾਮ ਜੁਝਾਰ ਸਿੰਘ ਤੇ ਸਰਹਿੰਦ ਵਿਚ ਸ਼ਹੀਦ ਹੋਏ ਤੀਸਰੇ ਸਾਹਿਬਜ਼ਾਦੇ ਦਾ ਨਾਮ ਜ਼ੋਰਾਵਰ ਸਿੰਘ ਸਹੀ ਹੁੰਦਾ ਹੈ। (ਇਥੇ ਕਵੀ ਸੰਤੋਖ ਸਿੰਘ ਜੀ ਨੇ ਬੀ ਦੋ ਵੇਰ ਜੁਝਾਰ ਪਦ ਵਰਤਿਆ ਹੈ ਦੇਖੋ ਛੰਦ ੨ ਤੇ ੫) ਮਤਲਬ ਜੁਝਾਰ ਸਿੰਘ ਦਾ ਹੀ ਹੈ, ਉਂਵ ਅਰਥ ਜੁਝਾਰ ਦਾ ਜੋਧਾ ਵੀ ਲਗ ਸਕਦਾ ਹੈ।

੨. ਕਈ ਕਵੀਆਂ ਨੇ ਕਰੁਣਾ ਰਸ ਵਧੇਰੇ ਕਰਨ ਲਈ ਉਥੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਦਾ ਪਾਣੀ ਮੰਗਣਾ ਤੇ ਗੁਰੂ ਜੀ ਦਾ ਇਨਕਾਰ ਕਰਨਾ ਲਿਖਿਆ ਹੈ, ਪਰ ਕਵੀ ਸੰਤੋਖ ਸਿੰਘ ਜੀ ਤੇ ਹੋਰ ਪੁਰਾਤਨਾਂ ਤੋਂ ਇਹ ਪ੍ਰਸੰਗ ਨਹੀਂ ਮਿਲਦਾ ਤੇ ਇਹ ਮਲੂਮ ਬੀ ਮੁਬਾਲਗਾ ਹੁੰਦਾ ਹੈ। ਗੜ੍ਹੀ ਵਿਚ ਪਾਣੀ ਹੈਸੀ ਤੇ ਪਾਣੀ ਤੋਂ ਤਿਹਾਏ ਨੂੰ ਜੰਗ ਵਿਚ ਘੱਲ ਕੇ ਕੌਣ ਮਰਦਾਨਗੀ ਦੀ ਆਸ ਕਰ ਸਕਦਾ ਹੈ?

*ਦੇਖੋ ਪਿਛਲੇ ਕਾਲਮ ਦੀ ੧. ਨਿਸ਼ਾਨ ਵਾਲੀ ਟੂਕ।

ਸੂਰਮੇ ਤੇ ਸੂਰਮਾਂ ਆ ਰਿਹਾ ਹੈ। ਲਿਆਓ ਤੀਰਾਂ ਦੇ ਨਿਖੰਗ ਵਡੇ ਜੋ ਸੰਭਾਲਕੇ ਰੱਖੇ ਸਨ, ਹੁਣ ਉਨ੍ਹਾਂ ਦਾ ਸਮਾਂ ਆਇਆ ਹੈ। ਮੈਂ ਜਿਸ ਪਾਸੇ ਵਲ ਤੀਰ ਚਲਾਵਾਂ, ਸਾਰੇ ਚਲਾਓ; ਦਰਵਾਜ਼ੇ ਅੰਦਰ ਜੋ ਪਹਿਰੇ ਤੇ ਹਨ ਉਹ ਦਰਵਾਜ਼ੇ ਦੇ ਛੇਕਾਂ ਥਾਣੀ ਤੀਰ ਵਰਸਾਉਣ"। ਇਉਂ ਕਹਿ ਆਪ ਵੀਰਾਸਨ ਹੋ ਗਏ। ਇਕ ਉਮਡੀ ਆ ਰਹੀ ਸੈਨਾਂ ਉਤੇ ਲੱਗਾ ਮੀਂਹ ਵਰਸਣ। ਦੁਸ਼ਮਨਾਂ ਨੇ ਜਾਤਾ ਸੀ ਕਿ ਹੁਣ ਅੰਦਰ ਗੁਰੂ ਹੀ ਗੁਰੂ ਹੈ, ਇਕ ਹੱਲੇ ਨਾਲ ਹੁਣ ਗੜ੍ਹੀ ਮਾਰ ਲਵਾਂਗੇ, ਕਿੰਨੇ ਕੁ ਤੀਰ ਇਕ ਆਦਮੀ ਮਾਰੇਗਾ, ਸੌ ਪੰਜਾਹ ਜਣੇ ਅਸੀਂ, ਉਹ ਜਾਣੇ, ਮਰਕੇ ਜੇ ਉਸ ਨੂੰ ਫੜ ਲਈਏ ਤਾਂ ਸੁਖ ਨੀਂਦੇ ਸਵੀਏਂ। ਪਰ ਗੁਰੂ ਜੀ ਗੁਰੂ ਸੇ ਅਰ ਰਣ ਵਿਦਯਾ ਦੇ ਪੂਰੇ ਉਤਾਤਦ ਸੇ। ਇਸ ਵੇਲੇ ਜਿਸ ਤੇਜ਼ੀ ਨਾਲ ਤੇ ਜਿਸ ਫੁਰਤੀ ਨਾਲ ਗੜ੍ਹੀ ਤੋਂ ਤੀਰਾਂ ਦਾ ਮੀਂਹ ਵਸਿਆ; ਤੁਰਕ ਜਥੇਦਾਰਾਂ ਨੂੰ ਸਮਝ ਆ ਗਈ ਕਿ ਅੰਦਰ ਕੱਲਾ ਗੁਰੂ ਨਹੀਂ, ਅੰਦਰ ਅਜੇ ਸੌ ਦੋ ਸੌ ਆਦਮੀ ਹੈ। ਅਗਲਾ ਵਧਿਆ ਸਾਰਾ ਦਸਤਾ ਮਾਰਿਆ ਗਿਆ, ਪਿਛਲਾ ਕੁਛ ਮਾਰਿਆ ਤੇ ਕੁਛ ਜ਼ਖ਼ਮੀ ਹੋ ਰਿਹਾ ਸੀ, ਤੇ ਤੀਸਰੇ ਪਰ ਉਤੋਂ ਮੀਂਹ ਵੱਸ ਰਿਹਾ ਸੀ। ਜੋ ਸੂਰਮਾ ਹੌਸਲਾ ਕਰਕੇ ਦਰਵਾਜ਼ੇ ਵਲ ਅੱਗੇ ਵਧਿਆ, ਉਹ ਬੀ ਦਰਵਾਜ਼ੇ ਵਿਚੋਂ ਆਉਂਦੇ ਤੀਰਾਂ ਨਾਲ ਵਿੱਝ ਡਿੱਗਾ। ਇਸ ਵੇਲੇ ਜੋ ਦੁਸ਼ਮਨ ਦੀ ਸਿਪਾਹ ਦੀ, ਗੜ੍ਹੀ ਤੋਂ ਵੱਸ ਰਹੇ ਮੀਂਹ ਨਾਲ, ਹਾਲਤ ਹੋਈ ਉਸਨੇ ਤੁਰਕ ਸੈਨਾ ਨੂੰ ਮਜਬੂਰ ਕੀਤਾ ਕਿ ਪਿਛੇ ਹਟ ਜਾਏ, ਅਰ ਡੇਰੇ ਜਾਕੇ ਫੇਰ ਮਸ਼ਵਰਾ ਕਰੇ। ਸੋ ਸਲਾਹ ਹੁਣ ਇਹ ਠਹਿਰੀ ਕਿ ਰਾਤ ਦਾ ਹਨੇਰਾ ਪੈ ਰਿਹਾ ਹੈ, ਗੁਰੂ ਉੱਚੇ ਥਾਂ ਤੇ ਗੜ੍ਹੀ ਦੀ ਓਟ ਵਿਚ ਹੈ, ਅਸੀਂ ਖੁਲ੍ਹੇ ਮੈਦਾਨ ਨਿਸ਼ਾਨੇ ਫੁੰਡੇ ਜਾਣ ਦੀ ਥਾਵੇਂ ਬੇਓਟੇ ਵਧਣਾ ਹੈ, ਜੇ ਅਸਾਂ ਜੰਗ ਜਾਰੀ ਰਖਿਆ ਤਾਂ ਬੜਾ ਨੁਕਸਾਨ ਹੋਵੇਗਾ। ਫਤਹ ਸਾਡੀ ਨਿਸ਼ਚੇ ਹੈ, ਚੁਪ ਕਰਕੇ ਬਹਿ ਰਹੀਏ ਤਾਂ ਦੋ ਤ੍ਰੈ ਦਿਨਾਂ ਵਿਚ ਗੜ੍ਹੀ ਸਰ ਹੈ, ਐਵੇਂ ਕਿਉਂ ਮਰੀਏ? ਸੋ ਸਲਾਹ ਇਹ ਠਹਿਰੀ ਕਿ ਪਹਿਰੇ ਤਕੜੇ ਲਗਾਏ ਜਾਣ, ਜੋ ਰਾਤ ਨੂੰ ਗੜ੍ਹੀ ਅੰਦਰਲੇ ਭੱਜ ਨਾ ਜਾਣ ਤੇ ਦਿਨੇ ਫੇਰ ਦੇਖੀ ਜਾਊ। ਸੋ ਗੜ੍ਹੀ ਦੇ ਦਰਵਾਜ਼ੇ ਵਲ ਦੁਰੇਡਾ ਜਾਕੇ ਤਕੜਾ ਪਹਿਰਾ ਲਾਇਆ ਗਿਆ ਤੇ ਪਿੰਡ ਦੇ ਉਦਾਲੇ ਉਦਾਲੇ ਪਹਿਰੇ ਕਾਇਮ ਕੀਤੇ ਗਏ, ਕਿਉਂਕਿ ਗੜ੍ਹੀ ਪਿੰਡ ਦੇ ਵਿਚ ਸੀ, ਵੱਖਰੀ ਮੈਦਾਨ ਵਿਚ ਨਹੀਂ ਸੀ।

੪. (ਗੁਰਿਆਈ ਪੰਥ ਨੂੰ)

ਦੁਸ਼ਮਨ ਦੀ ਹੁਣ ਇਹ ਚਾਲ ਨਿਸ਼ਚਿਤ ਕਰਕੇ ਸਤਿਗੁਰਾਂ ਨੇ ਦੀਵਾਨ ਸਜਾ ਦਿੱਤਾ, ਰਹੁਰਾਸ ਦਾ ਭੋਗ ਪਾਇਆ। ਅੱਜ ਅਰਦਾਸਾ ਆਪ ਜੀ ਨੇ ਆਪ ਕੀਤਾ ਤੇ ਵਾਹਿਗੁਰੂ ਦਾ ਸ਼ੁਕਰ ਕੀਤਾ ਕਿ ਤ੍ਰੈ ਮਹਾਨ ਕਸ਼ਟ ਦੀਆਂ ਰਾਤਾਂ ਖਾਲਸੇ ਨੂੰ ਚੜ੍ਹਦੀਆਂ ਕਲਾਂ ਵਿਚ ਬੀਤੀਆਂ, ਅਰ ਵਾਹਿਗੁਰੂ ਅੰਗ ਸੰਗ ਰਿਹਾ। ਜਿਨ੍ਹਾਂ ਨੂੰ ਆਪਣੀ ਗੋਦ ਵਿਚ ਸੱਦਣਾ ਮਨਜ਼ੂਰ ਸੀ ਉਨ੍ਹਾਂ ਨੂੰ ਚੜ੍ਹਦੀਆਂ ਕਲਾਂ ਵਿਚ ਆਪਣੇ ਸਨਮੁਖ ਰਹਿੰਦਿਆਂ, ਚਿਤ ਵਿਚ ਨਾਮ ਤੇ ਮੂੰਹ ਵਿਚ ਫਤਹ, ਆਪ ਨੇ ਅਪਣੇ ਦਰ ਸੱਦ ਲਿਆ, ਘਾਲ ਪ੍ਰਵਾਣ ਹੋਈ। ਓਹ ਦਰ ਘਰ ਜਾਕੇ ਅੱਪੜੇ। ਜੋ ਬਾਕੀ ਰਹੇ ਆਪ ਦੀ ਓਟ ਵਿਚ ਸਾਵਧਾਨ, ਭਾਣੇ ਤੇ ਸ਼ਾਕਰ, ਰਜ਼ਾ ਵਿਚ ਰਾਜ਼ੀ, ਚੜ੍ਹਦੀਆਂ ਕਲਾਂ ਵਿਚ ਤਿਆਰ-ਬਰ-ਤਿਆਰ ਹਨ ਤੇ ਰਹਿਣ। ਇਹ ਆਪਦੀ ਮਿਹਰ ਹੈ। ਫੇਰ ਆਪ ਨੇ ਸਾਰੇ ਸ਼ਹੀਦਾਂ ਦੀ ਆਤਮਾਂ ਨੂੰ ਵਰ ਅਸੀਸਾਂ ਤੇ ਦਰ ਪਰਵਾਨਗੀ ਬਖਸ਼ੀ। ਹੁਣ ਬਚ ਰਹੇ ਸਿੰਘਾਂ ਨੇ ਸਤਿਗੁਰੂ ਜੀ ਦੀ ਸੇਵਾ ਵਿਚ ਬਿਨੈ ਕੀਤੀ ਕਿ ਪਤਸ਼ਾਹ! ਅਸੀਂ ਹੁਕਮ ਦੇ ਬੰਦੇ ਹਾਂ, ਜੋ ਆਗਯਾ ਹੋਊ ਸੋ ਕਰਾਂਗੇ, ਪਰ ਹੁਣ ਇਕ ਮਾਨ ਤੇ ਦਾਅਵੇ ਨਾਲ ਬੇਨਤੀ ਹੈ ਕਿ ਆਪ ਇਥੋਂ ਟੁਰ ਜਾਓ, ਇਹ ਸਾਡਾ ਸਾਰੇ ਆਪਦੇ ਦਾਸਾਂ ਦਾ ਵਿਚਾਰ ਹੈ ਤੇ ਆਸ਼ਾ ਹੈ ਕਿ ਆਪ ਪ੍ਰਾਰਥਨਾ ਮੰਨ ਲਓਗੇ। ਅਸੀਂ ਗੜ੍ਹੀ ਨੂੰ ਜਦ ਤਕ ਰਹੇ ਰੋਕਾਂਗੇ ਤੇ ਆਪ ਇੰਨੇ ਵਿਚ ਦੂਰ ਨਿਕਲ ਜਾਓਗੇ, ਇਹ ਦਾਉ ਹੈ, ਹਾਰ ਨਹੀਂ ਹੈ। ਇਸ ਵੇਲੇ ਸਾਡੇ ਪੰਥ ਦੀ ਜਿੱਤ ਇਹ ਹੈ ਕਿ ਆਪ ਵੈਰੀ ਦੇ ਹੱਥ ਨਾ ਆਓ। ਇਤਨੇ ਅਨਗਿਣਤ ਲਸ਼ਕਰ ਦੇ ਸਾਹਮਣੇ ਚਾਰ ਪੰਜ ਪਹਿਰ ਚਾਲੀਆਂ ਦਾ ਅੜੇ ਰਹਿਣਾ ਉਹਨਾਂ ਦੇ ਹਜ਼ਾਰਾਂ ਆਦਮੀ ਘਾਇਲ ਤੇ ਮੁਰਦੇ ਕਰ ਦੇਣੇ, ਇਹ ਆਪ ਦੀ ਸੂਰਮਗਤੀ ਤੇ ਫਤਹ ਹੈ। ਹੁਣ ਇਸ ਟਿੱਡੀ ਦਲ ਸੈਨਾਂ ਵਿਚੋਂ ਨਿਕਲ ਜਾਣਾ ਤੇ ਡਾਹੀ ਨਾ ਦੇਣੀ

ਉਸਤੋਂ ਵੱਡੀ ਬੀਰਤਾ ਤੇ ਫਤਹ ਹੈ। ਦੂਸਰੇ ਅਸਾਂ ਖਾਲਸਾ ਰੱਖਣਾ ਹੈ। ਖਾਲਸਾ ਅਜੇ ਬੱਚਾ ਹੈ, ਆਪ ਸਲਾਮਤ ਹੋ ਤਾਂ ਖਾਲਸਾ ਸਲਾਮਤ ਹੈ, ਇਸ ਲਈ ਹੁਣ ਅਰਜ਼ੋਈ ਮੰਨ ਲਓ। ਅਸਾਂ ਹਠ ਨਹੀਂ ਕਰਨਾ, ਅਸਾਂ ਸਿਰ ਭੇਟ ਕਰਕੇ ਸੁਖ ਪਾਉਣਾ ਹੈ, ਪਰ ਅਸਾਂ ਡਾਢੇ ਪਿਆਰ ਨਾਲ, ਸਿਦਕ ਨਾਲ, ਮਾਣ ਨਾਲ, ਦਾਅਵੇ ਨਾਲ ਹੁਣ ਆਪ ਨੂੰ ਏਥੋਂ ਟੋਰ ਦੇਣਾ ਹੈ। ਇਹ ਸੁਣਕੇ ਉਸ ਸੂਰਮਿਆਂ ਦੇ ਸੂਰਮੇ ਰੱਬੀ ਜੋਤ ਦੇ ਚਿਹਰੇ ਤੇ ਇਕ ਰੰਗ ਆਇਆ, ਉਹ ਦ੍ਰਵਣਤਾ ਆਈ ਜੋ ਪਿਆਰ ਹੀ ਲਿਆ ਸਕਦਾ ਹੈ। ਅਨੰਦ ਪੁਰ ਗੁਆਕੇ ਅਹਿੱਲ ਰਹੇ, ਟੱਬਰ ਕਬੀਲੇ ਬੱਚੇ ਪਤਾ ਨਹੀਂ ਕਿੱਥੇ ਗਏ, ਪਰ ਅਡੋਲ ਰਹੇ। ਚੋਣਵੇਂ ਪਿਆਰੇ ਅੱਖਾਂ ਦੇ ਸਾਹਮਣੇ ਟੁਕ ਟੁਕ ਸ਼ਹੀਦ ਹੋਏ, ਆਪ ਅਡੋਲ ਰਹੇ। ਜੁਆਨ ਸੂਰਮੇ, ਸੁਹਣੇ ਪੁੱਤਰ ਜੂਝ ਜੂਝ ਪਰਮ ਧਾਮ ਗਏ, ਆਪ ਅਛਿੜ ਰਹੇ। ਪਰ ਹੁਣ ਜਦ ਪਿਆਰਿਆਂ ਨੇ ਪਿਆਰ ਦਾ ਵਾਸਤਾ ਪਾਕੇ ਅਰਜ਼ ਕੀਤੀ ਤਾਂ ਦ੍ਰਵ ਪਏ, ਪਰ ਅੱਖਾਂ ਤੇ ਬੁੱਲ੍ਹਾਂ ਤੇ ਹੀ ਰੰਗ ਫਿਰਕੇ। ਫੇਰ ਅਟੱਲ ਸੁਰ ਵਿਚ ਬੋਲੇ: 'ਚੰਗਾ ਖਾਲਸਾ ਜੀ!' ਫੇਰ ਕੁਛ ਦੇਰ ਵਿਚਾਰ ਵਿਚ ਰਹੇ, ਫੇਰ ਬੋਲੇ 'ਅੱਜ ਖਾਲਸਾ ਡਾਢੇ ਕਸ਼ਟ ਅਸਹਿ ਪਰਤਾਵੇ ਵਿਚ ਪੂਰਨ ਨਿਕਲਿਆ, ਅੱਜ ਖਾਲਸਾ ਗੁਰਿਆਈ ਦਾ ਮਾਲਕ ਹੈ। ਦੇਖੋ: ਖਾਲਸਾ ਗੁਰੂ, ਗੁਰੂ ਖਾਲਸਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਖਾਲਸਾ ਕੀਤਾ। ਜਿਥੇ ਪੰਜ ਮਿਲੋਗੇ ਗੁਰੂ ਵਿਚ, ਗੁਰੂ ਨਾਮ ਤੇ ਗੁਰੂ ਆਦਰਸ਼ ਤੇ ਮਨ ਵਿਚ ਨਾਮ ਤੇ ਤਨ ਵਿਚ ਪ੍ਰੇਮ ਨਾਲ, ਉਥੇ ਗੁਰੂ ਹੋਵੇਗਾ। ਪੰਜਾਂ ਦਾ ਮਤਾ ਗੁਰੂ ਦਾ ਮਤਾ ਹੋਵੇਗਾ। ਗੁਰੂ ਗ੍ਰੰਥ ਹੈ, ਗੁਰੂ ਗ੍ਰੰਥ ਦੇ ਤਾਬਿਆ ਖਾਲਸਾ ਗੁਰੂ ਹੈ।

ਪੰਚਹੁ ਮੈਂ ਨਿਤ ਬਰਤਤਿ ਮੈਂ ਹੌ
ਪੰਚ ਮਿਲਹਿਂ ਸੋ ਪੀਰਨ ਪੀਰ।

ਪੰਚ ਉਹ ਖਾਲਸਾ ਹਨ ਕਿ ਖਾਲਸਾ ਆਦਰਸ਼ ਜਿਨ੍ਹਾਂ ਵਿਚ ਵਰਤਿਆ ਹੈ, ਹਿਰਦੇ ਨਾਮ ਹੈ, ਵਰਤਨ ਸੱਚ ਹੈ।' ਇਉਂ ਕਹਿਕੇ ਆਪ ਨੇ ਜਿਗ੍ਹਾ ਕਲਗੀ ਤੇ ਸ਼ਸਤਰ ਅੱਗੇ ਧਰੇ ਤੇ ਪੰਜਾਂ ਦੀ ਪ੍ਰਕ੍ਰਮਾ ਕਰਕੇ ਤਿੰਨ ਵੇਰ ਫੇਰ ਫਤਹ ਗਜਾਈ। ਆਪ ਸ਼ਸਤ੍ਰ ਪਹਿਨਾਏ ਤੇ ਆਖਿਆ-ਖਾਲਸਾ ਗੁਰੂ। ਇਸ ਵਡਿਆਈ, ਇਸ ਮਾਨ, ਇਸ ਦਾਤ ਨੂੰ ਪਾਕੇ ਖਾਲਸੇ ਵਿਚ ਮਾਨ ਨਹੀਂ ਆਇਆ। ਉਹ ਹਜਾਣਦੇ ਸਨ ਕਿ ਅਸੀਂ ਮੁਰਦੇ ਸਾਂ, ਇਸ ਸਤਿਗੁਰ ਨੇ ਆਤ੍ਰਮਾ, ਮਨ ਤੇ ਸਰੀਰ ਕਰਕੇ ਜ਼ਿੰਦਗੀ ਪਾਈ ਹੈ। ਗੁਰੂ ਗੁਰੂ ਹੈ, ਅਸੀਂ ਸਿੱਖ ਹਾਂ, ਇਸਨੇ ਗੁਰਿਆਈ ਬਖਸ਼ੀ ਹੈ, ਪਰ ਇਨ੍ਹਾਂ ਦੇ ਚਰਨੀ ਅਸਾਂ ਹੀ ਲੱਗਣਾ ਹੈ। ਅਸੀਂ ਸਦਾ ਸਿੱਖ ਹਾਂ, ਅਸੀਂ ਸੰਗਤ ਹਾਂ, ਖਾਲਸਾ ਹਾਂ, ਪਰ ਗੁਰੂ ਬਿਨਾਂ ਨਾਂ ਅਸੀਂ ਸੰਗਤ ਹਾਂ, ਨਾਂ ਖਾਲਸਾ। ਜਿਵੇਂ ਜੰਞ ਹੁੰਦੀ ਹੈ, ਜੇ ਲਾੜਾ ਹੈ ਤਾਂ ਜੰਞ, ਨਹੀਂ ਤਾਂ ਆਦਮੀਆਂ ਦਾ ਕੱਠ। ਇਸੇ ਤਰ੍ਹਾਂ ਜੇ ਵਿਚ ਗੁਰੂ ਹੈ ਤਾਂ ਸੰਗਤ ਹੈ, ਖਾਲਸਾ ਹੈ। ਜੇ ਗੁਰੂ ਵਿਚ ਨਹੀਂ, ਤਾਂ ਆਦਮੀਆਂ ਦਾ ਕੱਠ ਹੈ, ਸੋ ਜੇ ਸੰਗਤ 'ਖਾਲਸਾ ਗੁਰੂ' ਹੈ ਤਾਂ ਗੁਰੂ ਵਿਚ ਹੋਕੇ, ਗੁਰੂ ਸਮੇਤ। ਗੁਰੂ ਨੂੰ ਅਲੱਗ ਖੜਾ ਕਰਕੇ ਕੋਈ ਇਕੱਠ ਨਾ ਸੰਗਤ ਹੈ ਨਾ ਖਾਲਸਾ।

ਉਸ ਵੇਲੇ ਦੇ ਸਾਰੇ ਸਿਖ ਨਾਮੀ (ਬੰਦਗੀ ਕਰਨ ਵਾਲੇ) ਹੋਇਆ ਕਰਦੇ ਸਨ, ਇਸ ਕਰਕੇ ਆਤਮ ਭੇਤਾਂ ਦੇ ਜਾਣੂੰ ਹੁੰਦੇ ਸਨ। ਨਾਮ ਬਿਨਾ ਕੋਈ ਤਨ ਉਹ ਤਨ ਨਹੀਂ ਜਿਸ ਨੂੰ ਗੁਰੂ ਨੇ ਪਿਆਰ ਕੀਤਾ ਹੈ। ਨਾਮ ਬਿਨਾ ਤਨ ਤਾਂ ਖਗ ਤਨ, ਮੀਨ ਤਨ, ਵਰਾਹ ਤਨ ਹਨ, ਨਾਮ ਹੋਵੇ ਤਾਂ ਮਾਨੁਖ ਤਨ, ਦੇਵਤਾ ਤਨ ਬਣਦਾ ਹੈ। ਸੋ ਐਸੇ ਨਾਮੀ, ਰਸੀਏ, ਸੱਚੇ ਸੂਰੇ, ਜੀਉਂਦੇ ਸਮੁਦਾਇ, ਸਿਖਾਂ ਦੇ ਸਮੁਦਾਇ ਨੂੰ ਜਦੋਂ ਗੁਰਿਆਈ ਮਿਲੀ ਤਾਂ ਉਹਨਾਂ ਰਸੀਏ ਪੁਰਖਾਂ ਨੇ ਚਰਨਾਂ ਤੇ ਮੱਥਾ ਟੇਕਿਆ ਤੇ ਆਖਿਆ:-

ਪੰਚਹੁ ਸਿੰਘਨ ਹਾਥ ਜੋਰਿਕੈ, ਰਾਵਰ ਚਰਨਨਿ ਅਰਪੇ ਸੀਸ॥ ਹਮ ਜੈਸੇ ਤੁਮ ਕਹੁ ਜਨੁ ਲਾਖੋਂ, ਹਮ ਕੋ ਤਮ ਏਕੈ ਜਗਦੀਸ॥ ਬਿਰਦ ਕ੍ਰਿਪਾਲ ਕ੍ਰਿਪਾ ਕਰ ਤਾਰੋ, ਰਾਮ ਚੰਦ ਜਿਮ ਕਾਨਨ ਕੀਸ॥ ਜਿਮ ਤੁਮ ਬਡੇ ਬਡੇ ਬਡਿਆਈ, ਕੌਨ ਸਕੈ ਲਖਿ, ਸਭ ਗੁਨ ਧੀਸ॥

(ਗੁ: ਪ੍ਰ: ਸੂ: ਰੁ: ੬-੪੧)

ਇਸ ਤਰ੍ਹਾਂ ਜਦ ਖਾਲਸੇ ਨੇ (ਗੁਰੂ ਗ੍ਰੰਥ ਦੀ ਤਾਬਿਆ) ਗੁਰਿਆਈ ਪਾਈ ਤੇ ਗੁਰੂ ਅਗੇ ਨਿੰਮਰ ਹੋਕੇ ਆਪਣੀ ਨਿੰਮਰਤਾਈ ਵਿਚ ਬਿਨੈ ਅਲਾਈ ਤਾਂ ਵੇਲਾ ਗੁਰਮਤੇ ਦਾ ਆਇਆ, ਹਾਂ ਪਹਿਲੇ ਗੁਰਮਤੇ ਦਾ। ਝੱਟ ਵਿਚਾਰ ਹੋਕੇ ਗੁਰੂ ਖਾਲਸੇ ਵੱਲੋਂ

ਫੈਸਲਾ ਹੋਇਆ ਕਿ ਆਪ ਜਾਓ, ਨਾਲ ਆਪ ਦੇ ਦਇਆ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਜਾਣ, ਅੰਦਰ ਭਾਈ ਸੰਤ ਸਿੰਘ, ਸੰਗਤ ਸਿੰਘ ਅਟਾਰੀ ਵਿਚ ਰਹਿਣ ਤੇ ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਦੇਵਾ ਸਿੰਘ ਚਹੁੰ ਬੁਰਜਾਂ ਵਿਚ ਰਹਿਣ। ਜੀਵਨ ਸਿੰਘ ਸਿੰਘ ਕਾਲਾ ਸਿੰਘ ਧੌਂਸੇ ਵਜਾਉਣ ਤੇ ਰਹਿਣ*। ਇਸ ਤਰ੍ਹਾਂ ਗੁਰੂ ਖਾਲਸੇ ਦਾ ਫੈਸਲਾ ਮੰਨਕੇ ਗੁਰੂ ਜੀ ਟੁਰੇ, ਨਾਲ ਤ੍ਰੈਏ ਸਿੰਘ ਟੁਰੇ। ਗੜੀ ਦੇ ਦਰਵਾਜ਼ੇ ਥਾਣੀਂ ਜਾਣਾ ਮੁਨਾਸਬ ਨਹੀਂ ਸੀ, ਪਿਛਲੇ ਪਾਸੇ ਵਲ ਜੋ ਇਕ ਰਸਤਾ ਸੀ, ਉਸ ਨੂੰ ਤੋੜਕੇ ਮਲਕੜੇ ਨਿਕਲ ਗਏ। ਚੱਢਾਂ ਨੇ ਅਰਥਾਤ ਗੁਰੂ ਜੀ ਤੇ ਤ੍ਰੈ ਸਾਥੀਆ ਨੇ ਸ਼ਸਤ੍ਰ ਧਾਰੇ ਹੋਏ ਸੇ, ਭੱਥੇ ਭਰੇ ਹੋਏ ਸੇ, ਕੁਛ ਮੁਹਰਾਂ ਬੀ ਜੇਬੇ ਵਿਚ ਸਨ। ਚਾਰੇ ਸਾਰੀ ਤਿਆਰੀ ਕਰਕੇ ਨਿਕਲੇ ਸੇ। ਚਾਰੇ ਗੜ੍ਹੀ ਦੇ ਲੁਕਵੇਂ ਰਸਤਿਓਂ ਨਿਕਲ ਬਾਹਰ ਆਏ, ਦਾਉ ਬਚਾਉਂਦੇ, ਪਹਿਰਿਆਂ ਤੋਂ ਪਰੇ ਪਰੇ ਚੁਪਕੇ ਨਿਕਲ ਗਏ। ਇਕ ਟਿਕਾਣੇ ਅੱਪੜ ਕੇ ਗੁਰੂ ਕੇ ਜਥੇ ਵਿਚ ਲਲਕਾਰ ਉਠੀ "ਸਿਖਾਂ ਦਾ ਗੁਰੂ ਨਿਕਲ ਗਿਆ ਜੇ।" ਤ੍ਰੈ ਵਾਰ ਗੱਜਕੇ ਤਾੜੀ ਵਜਾਕੇ ਕਿਹਾ: "ਹਿੰਦ ਦਾ ਪੀਰ ਨਿਕਲ ਗਿਆ ਜੇ"। ਇਹ ਅਵਾਜ਼ ਸੁਣ ਇਕ ਦਮ ਸੁੱਤੇ ਲਸ਼ਕਰ ਵਿਚ ਰੌਲਾ ਪੈ ਗਿਆ। ਇਕ ਪਹਿਰੇ ਤੋਂ ਮਸ਼ਾਲਚੀ ਤੇ ਪਹਿਰੇ ਵਾਲੇ ਅਵਾਜ਼ ਦੀ ਸੇਧ ਨੂੰ ਭੱਜਕੇ ਆਏ। ਉਨ੍ਹਾਂ ਨੂੰ ਆਉਂਦੇ ਹੀ ਮਤਿਗੁਰਾਂ ਦੇ ਜਥੇ ਵੱਲੋਂ ਉਤੇ ਥੱਲੀ ਤੀਰ ਵੱਜੇ। ਜੋ ਮਸ਼ਾਲਾਂ ਡੇਗਕੇ ਆਉਂਦਿਆਂ ਨੂੰ ਲਿਟਾ ਗਏ। ਇਨ੍ਹਾਂ ਡਿਗਦਿਆਂ ਮਰਦਿਆਂ ਦੀ ਹਾਇ ਹੂ ਦੀ ਅਵਾਜ਼ ਐਨੀ ਉੱਠੀ ਕਿ ਘਬਰਾ ਕੇ ਸਾਰੇ ਜਾਗੇ, ਕੋਈ ਕਿਸੇ ਸੇਧ ਕੋਈ ਕਿਸੇ ਸੇਧ ਫੜਨ ਨੂੰ ਨੱਠਾ। ਅਗੋਂ ਕਈ ਥਾਂ ਆਪੋ ਵਿਚ ਟਕਰਾਏ। ਉਤੋਂ ਬੱਦਲ ਛਾਏ ਹੋਏ ਸੇ। ਦੁਸ਼ਟ ਸੈਨਾਂ ਨੇ ਆਪੋ ਵਿਚ ਇਕ ਦੂਜੇ ਨੂੰ ਘੇਰ ਲਿਆ ਤੇ ਕਟਾ ਵੱਢ ਸ਼ੁਰੂ ਹੋ ਗਈ! ਇਸ ਤੜਥੱਲੀ ਵਿਚ ਗੁਰੂ ਜੀ ਇਕ ਪਾਸੇ ਨਿਕਲ ਗਏ ਤੇ ਤ੍ਰੈਏ ਸਿੰਘ ਹੋਰ ਪਾਸੇ ਨਿਕਲ ਗਏ, ਪਰ ਵਿਛੁੜਨ ਤੋਂ ਪਹਿਲਾਂ ਗੁਰੂ ਜੀ ਨੇ ਪਿਆਰਿਆਂ ਨੂੰ ਕਹਿ ਦਿੱਤਾ ਸੀ ਕਿ ਅਸਾਂ ਤੁਮਾਂ ਵਿੱਛੜ ਜਾਣਾ ਹੈ, ਇਸ ਤਾਰੇ ਦੀ ਸੇਧ ਰੱਖਣੀ ਫਿਰ ਅਸੀਂ ਮਿਲ ਜਾਵਾਂਗੇ।

ਉਧਰ ਗੜ੍ਹੀ ਵਿਚ ਸਿੰਘਾਂ ਨੇ ਗੁਰਮਤਾ ਕਰਕੇ ਭਾਈ ਸੰਤ ਸਿੰਘ ਜੀ* ਨੂੰ ਗੁਰੂ ਕੀ ਥਾਵੇਂ ਜਥੇਦਾਰ ਥਾਪਿਆ। ਕਲਗੀ ਜਿਗ੍ਹਾ ਲਗਾਕੇ ਸੋਨਮੁਖੀ ਤੀਰਾਂ ਦਾ ਭੱਥਾ ਦੇਕੇ ਅਟਾਰੀ ਵਿਚ ਬਿਠਾਯਾ, ਸੰਗਤ ਸਿੰਘ ਨਾਲ ਬੈਠਾ। ਬਾਕੀ ਸਿੰਘ ਥਾਵੇਂ ਥਾਵੇਂ ਤੁਫੰਗਾਂ ਤੇ ਤੀਰ ਕਮਾਨ ਲੈਕੇ ਬਹਿ ਗਏ। ਜਦ ਥੋੜੀ ਦੇਰ ਮਗਰੋਂ ਗੁਰੂ ਜੀ ਦੀ ਸੱਦ ਰਾਰਜੀ ਤੇ ਤੁਰਕ ਸੈਨਾਂ ਉੱਠੀ, ਤਦ ਕਿਲੇ ਦੇ ਸਿੰਘ ਸਤਿਗੁਰ ਦੇ ਕੌਤਕ ਨੂੰ ਸਮਝ ਗਏ। ਉਨ੍ਹਾਂ ਨੇ ਧੌਂਸੇ ਦੀ ਧੁੰਕਾਰ ਦੇ ਦਿੱਤੀ ਤੇ ਦੂਰ ਦੂਰ ਥੋੜੇ ਤੀਰ ਛੱਡੇ! ਬੱਸ, ਇਸ ਧੁੰਕਾਰ ਤੇ ਤੀਰਾਂ ਦੀ ਵਰਖਾ ਨੇ ਉਨ੍ਹਾਂ ਵਿਚ ਰੌਲਾ ਮਚਾ ਦਿਤਾ। ਆ ਗਏ, ਆ ਗਏ। ਕਿਸ ਨੂੰ ਖਿਆਲ ਹੋਇਆ ਕਿ ਬਾਹਰੋਂ ਹੋਰ ਸਿੰਘ ਸੈਨਾ ਆ ਗਈ, ਕਿਸੇ ਜਾਤਾ ਗੁਰੂ ਜੀ ਤੇ ਸਿਖ ਸਾਰੇ ਅੰਦਰੋਂ ਬਾਹਰ ਆਕੇ ਛਾਪੇ ਮਾਰ ਰਹੇ ਹਨ, ਕਿਸੇ ਕੁਛ, ਕਿਸੇ ਕੁਛ। ਅੰਦਰੋਂ ਧੌਂਸੇ ਦੀ ਅਵਾਜ਼ ਦੱਸੇ ਕਿ ਸਿੱਖਾਂ ਨੇ ਅੰਦਰੋਂ ਬੀ ਜੰਗ ਰਚਾਯਾ ਹੈ ਤੇ ਬਾਹਰੋਂ ਬੀ ਛਾਪਾ ਮਾਰਨ ਆ ਪਏ ਹਨ। ਐਉਂ ਸੈਨਾਪਤਿ ਤੇ ਜਥੇਦਾਰਾਂ ਦੇ ਪ੍ਰਬੰਧ ਨੇ ਕੋਈ ਮਿਲਵਾਂ ਟਾਕਰਾ ਨਾ ਖਾਧਾ,

*ਇਕ ਕਥਾ ਇਹ ਹੈ ਕਿ ਅੰਦਰ ਕੇਵਲ ਦੋ ਹੀ ਸਿੰਘ ਸਨ, ਇਕ ਇਹ ਹੈ ਕਿ ਅੰਦਰ ਪੰਜਾਂ ਦੇ ਲਗ ਪਗ ਸਿੰਘ ਸਨ।

*(ਮੂ: ਪ੍ਰ:), ਪਰ ਗੁ: ਬਿ: (ਸੁ:ਸਿੰ:) ਵਿਚ ਭਾਈ ਸੰਗਤ ਸਿੰਘ ਜੀ ਨੂੰ ਗੱਦੀ ਦਿੱਤੀ ਲਿਖਿਆ ਹੈ। ਗੁਰਪ੍ਰਤਾਪ ਸੂਰਜ ਦੇ ਇਕ ਪੁਰਾਤਨ ਛਾਪੇ ਦੇ ਨੁਸਖੇ ਵਿਚ ਇਸ ਥਾਵੇਂ ਇਕ ਤੁਕ ਭਾਈ ਸੰਤ ਸਿੰਘ ਜੀ ਸੰਬੰਧੀ ਹੇਠਾਂ ਦਿੱਤੀ ਹੋਈ ਹੈ:-'ਸੰਤ ਸਿੰਘ ਅਰੋੜਾ ਮਾਝੇ ਦੇਸ਼ ਪੱਟੀ ਨਗਰ ਦਾ ਨਿਵਾਸੀ ਸੀ। ਇਸਦੇ ਪੁਤ੍ਰ ਹਾੜਾ ਸਿੰਘ ਨੂੰ ਹੁਕਮਨਾਮਾ ਬਖਸ਼ੀਸ਼ ਹੋਇਆ, ਜੋ ਹੁਣ ਤਕ ਤਿਸਦੀ ਸੰਤਾਨ ਪਾਸ ਹੈ।' ਹੋਰ ਖੋਜ ਇਸ ਸੰਬੰਧੀ ਇਹ ਹੈ ਕਿ ਹਾੜਾ ਸਿੰਘ ਪਸ਼ੌਰ ਜਾ ਵਸਿਆ ਸੀ, ਓਥੇ ਇਹ ਹੁਕਮਨਾਮਾ ਹੈ ਜੋ ਹੁਣ ਮਾਈ ਬੁਤਕੀ ਪਾਸ ਹੈ, ਘਰ ਭਾਈ ਉਤਮ ਸਿੰਘ ਦਾ ਹੈ, ਕੂਚਾ ਭਾਈਆਂ, ਮਹੱਲਾ ਰੀਜ਼। ਅਸਾਂ ਨੇ ਇਸ ਹੁਕਮਨਾਮੇ ਦੇ ਦਰਸ਼ਨ ਕੀਤੇ ਹਨ, ਇਸਤੋਂ ਤਾਂ ਪਤਾ ਭਾਈ ਸੰਤ ਸਿੰਘ ਜੀ ਦਾ ਹੀ ਚਲਦਾ ਹੈ, ਪਰ ਵਿਚਾਰ ਇਹ ਹੈ ਕਿ ਭਾਈ ਸੰਤ ਸਿੰਘ ਚਾਹੇ ਅਰੋੜ ਬੰਸੀ ਸੀ, ਚਾਹੇ ਖਤ੍ਰੀ ਬੰਸੀ, ਚਾਹੇ ਕਲਗੀ ਜਿਗਾ ਭਾਈ ਸੰਤ ਸਿੰਘ ਜੀ ਦੇ ਲਗੀ ਚਾਹੇ ਭਾਈ ਸੰਗਤ ਸਿੰਘ ਦੇ, ਜੋ ਕੁਛ ਕੀਤਾ ਗਿਆ ਖਾਲਸੇ ਦੀ ਹੈਸੀਅਤ ਵਿਚ ਖਾਲਸੇ ਪ੍ਰਤੀ ਹੋਇਆ ਹੈ। ਜਾਤ ਭੇਦ, ਦੇਸ਼ ਭੇਦ ਤਾਂ ਖਾਲਸੇ ਵਿਚ ਸਤਿਗੁਰੂ ਨੇ ਮੇਟ ਦਿਤਾ ਸੀ। ਸੋ ਦੋਇ ਸਾਹਿਬ ਭਾਈ ਸੰਤ ਸਿੰਘ ਤੇ ਭਾਈ ਸੰਗਤ ਸਿੰਘ ਜੀ ਸਾਡੇ ਸਤਿਕਾਰ ਯੋਗ ਖਾਲਸਾ ਹਨ। ਚਮਕੌਰ ਦਾ ਹਰ ਸ਼ਹੀਦ ਰਹਿੰਦੀ ਦੁਨੀਆਂ ਤਕ ਸਿਖ ਕੌਮ ਦਾ ਫ਼ਖ਼ਰ ਤੇ ਆਦਰਸ਼ ਹੈ ਤੇ ਹਿੰਦੁਸਤਾਨ ਦੀ ਬੀਰਤਾ ਦਾ ਚਾਨਣ ਮੁਨਾਰਾ ਹੈ।

ਹਫਲਾ ਤਫਲੀ ਵਿਚ ਜੋ ਉਠਿਆ ਸੋ ਜੂਝਨ ਲੱਗ ਪਿਆ ਤੇ ਲਗ ਪਏ ਆਪੋ ਵਿਚ। ਹਨੇਰਾ ਪੇਸ਼ ਨਾ ਜਾਣ ਦੇਵੇ, ਇੰਨੀ ਸੈਨਾਂ ਦੇ ਇਕ ਦਮ ਉੱਠਕੇ ਕੁੱਟਣ ਲਗ ਜਾਣ ਨੇ ਗਰਦ ਦਾ ਹੋਰ ਗੁਬਾਰ ਚੜ੍ਹਾ ਦਿਤਾ, ਜਿਸਨੇ ਹੋਰ ਹਨੇਰਾ ਗੂੜਾ ਕਰ ਦਿਤਾ। ਸਾਰੀ ਰਾਤ ਜੋ ਬਾਕੀ ਸੀ, ਕਟਾ ਵੱਢ ਆਪੋ ਵਿਚ ਹੁੰਦੀ ਰਹੀ।

ਮਚਜੋ ਕੁਲਾਹਲ ਭਿੜੇ ਭੇੜ ਭਟ, ਆਪਸ ਮਹਿਂ ਚਲਿਗੇ ਹਥੀਆਰ। ਛੁਟੀ ਤੁਪਕ ਤੋਮਰ ਤਰ ਤੀਰਨ, ਤਰਾਵਟਨ ਜੁਟਕੇ ਕਰਿ ਮਾਰ। ਪਿਤਾ ਪੂਤ ਕੇ ਸਿਰ ਮੈਂ ਝਾਰਤ, ਪੂਤ ਪਿਤਾ ਕੇ ਤਨ ਪਰ ਝਾਰ॥ ਭ੍ਰਾਤ ਭ੍ਰਾਤ ਕੋ, ਚਚਾ ਭਤੀਜਾ, ਸਖਾ ਸਖੇ ਕੇ ਬਹਿ ਤਰਵਾਰ॥੫॥ ਜਥੇਦਾਰ ਕੋ ਹਨਜੋ ਸਿਪਾਹੀ, ਮਾਰ ਸਿਪਾਹੀ ਕੋ ਜਥੇਦਾਰ। ਨਹੀਂ ਪਛਾਨ ਪਰਸਪਰ ਹੋਈ ਕਜਾਮਤ ਰਾਤ ਭਈ ਤਿਸ ਬਾਰ। ਭਏ ਕਤਲ ਸਿਰ ਧੜ, ਕਿਹ ਕਰ ਪਗ, ਕੇਤਿਕ ਦਰੜੇ ਕਰਹਿਂ ਪੁਕਾਰ। ਕਹਿਂ ਲਗ ਕਹੌਂ ਬਿਤੀ ਤੁਰਕਨ ਪਰ, ਬਿਨ ਮਾਰੇ ਮਰਿ ਗਏ ਗਵਾਰ।੬।

ਜੋ ਸਿਆਣੇ ਜਥੇਦਾਰ ਗੜ੍ਹੀ ਵੱਲ ਨੂੰ ਵਧੇ ਉਨ੍ਹਾਂ ਨੂੰ ਉਤੋਂ ਤੁਫਗਾਂ ਦੀ ਗੋਲੀ ਪਵੇ, ਉਹ ਪਿਛੇ ਮੁੜਕੇ ਹਾਹਾਕਾਰ ਮਚਾ ਦੇਣ ਕਿ ਗੁਰੂ ਤਾਂ ਗੜ੍ਹੀ ਦੇ ਅੰਦਰ ਸੈਨਾ ਸਣੇ ਹੈ। ਜਦੋਂ ਗੁਰੂ ਜੀ ਗੜ੍ਹੀ ਵਿਚ ਵੜੇ ਸੇ, ਆਪਣੇ ਨਾਲ ਜੋ ਗੋਲੀ ਬਰੂਦ, ਬੰਦੂਕ, (ਤੁਫੰਗ) ਤੀਰ ਭੱਥੇ ਕਮਾਨ, ਗੋਲੇ, ਬਰੂਦ ਪਲੀਤੇ ਲਿਆਏ ਸਨ, ਉਹ ਬੜੀ ਜੁਗਤਿ ਨਾਲ ਸਾਰਾ ਦਿਨ ਖਰਚ ਹੁੰਦੇ ਰਹੇ। ਹੁਣ ਜੋ ਬਾਕੀ ਸਾਮਾਨ ਸੀ ਸੋ ਕੁਝ ਹੀ ਵਰਤੀਣਾ ਸੀ, ਪਰ ਸਿੰਘ ਬੜੀ ਹੋਸ਼ ਨਾਲ ਸਾਮਾਨ ਵਰਤ ਰਹੇ ਸੇ। ਗੜ੍ਹੀ ਦੇ ਧੌਂਸੇ ਦੀ ਧੁੰਕਾਰ ਤੇ ਤੁਫੰਗਾਂ ਦੀ ਸਲਕ ਦੁਸ਼ਮਨਾਂ ਨੂੰ ਦੱਸਦੀ ਸੀ ਕਿ ਸਿਖ ਸੁਤੇ ਨਹੀਂ, ਲੜ ਰਹੇ ਹਨ ਤੇ ਉੱਧਰ ਕਟ ਵੱਢ ਦੱਸ ਰਹੀ ਸੀ ਕਿ ਕੋਈ ਸਿਖ ਬਾਹਰੋਂ ਆ ਪਏ ਹਨ। ਇਸ ਤਰ੍ਹਾਂ ਦੇ ਘਮਸਾਨ ਵਿਚ ਦਿਨ ਚੜ੍ਹ ਆਇਆ। ਅਜਮੇਰ ਚੰਦ ਭੀ ਰਾਤੀਂ ਜ਼ਖਮੀ ਹੋ ਗਿਆ ਸੀ, ਜ਼ੇਰਦਸਤ ਲਾਹੌਰੀ ਫੌਜਦਾਰ ਬੀ ਕੁਛ ਜ਼ਖਮੀ ਸੀ, ਹੋਰ ਸਾਰੇ ਸਰਦਾਰ ਬੀ ਰਾਤ ਦੀ ਆਪੋ ਵਿਚ ਦੀ ਕਟਾ ਵੱਢ ਤੇ ਗੜ੍ਹੀ ਤੋਂ ਬੰਦੂਕਾਂ ਤੀਰਾਂ ਦੀ ਬਾਢ ਨਾਲ ਹੋਏ ਨੁਕਸਾਨ ਤੋਂ ਬੜੇ ਦੁਖੀ ਸਨ। ਸੋ ਹੁਣ ਡਾਢੇ ਗੁੱਸੇ ਵਿਚ ਪ੍ਰਸਾਂਗਾਂ ਪੌੜੀਆਂ ਦਾ ਪ੍ਰਬੰਧ ਕਰ ਇਕ ਦਮ ਗੜ੍ਹੀ ਤੇ ਚੜ੍ਹ ਜਾਣ ਦਾ ਸਾਮਾਨ ਕਰਕੇ ਕੋਈ ਦੁਪਹਿਰ ਤੋਂ ਰਤਾ ਪਹਿਲਾਂ ਚੜ੍ਹ ਆਏ। ਅੰਦਰਲੇ ਸਿੰਘਾਂ ਨੇ ਜਦ ਤਕ ਗੋਲੀ ਬਰੂਦ ਰਿਹਾ, ਅਤੇ ਜਦ ਤਕ ਤੀਰ ਰਹੇ, ਜੰਗ ਮਚਾਈ ਰਖਿਆ। ਗੜ੍ਹੀ ਤੇ ਚੜ੍ਹਦਿਆਂ ਨੂੰ ਘਾਇਲ ਕਰ ਕਰ ਥੱਲੇ ਮਾਰਿਆ, ਪ੍ਰਸਾਂਗਾਂ ਵਾਲਿਆਂ ਨੂੰ ਫੌਡਿਆ, ਪਰ ਹੁਣ ਤੀਰ ਗੋਲੀ ਮੁਕ ਚੁਕੀ ਸੀ, ਸੋ ਤਲਵਾਰਾਂ ਧੂਹਕੇ ਦੀਵਾਰਾਂ ਤੇ ਚੜ੍ਹ ਗਏ! ਉਧਰੋਂ ਵੈਰੀ ਵੀ ਸਮਝ ਗਿਆ ਕਿ ਅੰਦਰ ਦਾਰੂ ਸਿਕਾ ਹੈ ਨਹੀਂ, ਸੋ ਹੋਰ ਦਲੇਰੀ ਨਾਲ ਚੜ੍ਹ ਆਏ। ਇਹ ਨਜ਼ਾਰਾ ਦੇਖਣ ਵਾਲਾ ਸੀ: ਗੜ੍ਹੀ ਦੀਆਂ ਕੰਧਾਂ ਤੇ ਅਪੜਦਿਆਂ ਦੇ ਹਥਾਂ ਉਤੇ ਕੀਕੂੰ ਸਿੰਘਾਂ ਦੀ ਤਲਵਾਰ ਮਾਰ ਕਰਦੀ ਤੇ ਹੇਠਾਂ ਡੇਗਦੀ ਸੀ, ਪਰ ਹੁਣ ਚੁਫੇਰੇ ਪ੍ਰਸਾਂਗਾਂ ਲਗ ਗਈਆਂ ਤੇ ਕਿਸੇ ਨਾ ਕਿਸੇ ਪਾਸਿਓਂ ਦੋ ਦੋ ਚਾਰ ਚਾਰ ਪਹੁੰਚਣ ਲਗ ਪਏ। ਕੁਛ ਚਿਰ ਹੁਣ ਗੜ੍ਹੀ ਉਤੇ ਹਥੋ ਹਥ ਤਲਵਾਰ ਤੇ ਪਟੇਬਾਜ਼ੀ ਦਾ ਜੰਗ ਹੋਇਆ।

ਸਭਿਹੂੰਨ, ਤ੍ਰਾਸ ਕੋ ਤਜਾਗਿ ਤਜਾਗਿ। ਜੂਗ ਸਿੰਘ ਖੜਗ ਤੇ ਭਾਗਿ ਭਾਗਿ। ਘਨ ਘਾਵ ਦੇਹਿ ਕੋ ਲਾਗਿ ਲਾਗਿ। ਬਹਿ ਚਲਜੋ ਰਕਤ ਪਟ ਪਾਗਿ ਪਾਗਿ।੧੩। ਤੁਰਕਾਨ ਤੋਮ ਕੋ ਕਾਟਿ ਕਾਟਿ। ਮ੍ਰਿਤ ਬੇਸ਼ੁਮਾਰ ਕੀਏ ਫਾਟਿ ਫਾਟਿ। ਰਿਪੁ ਆਇ ਸੈਂਕਰੇ ਘੇਰ ਘੇਰ, ਜਿਮ ਚੰਦ੍ਰ ਪ੍ਰਵਾਰੇ ਹੇਰਿ ਹੇਰਿ॥੧੫॥ ਤਬ ਗਿਰੇ ਧਰਨ ਅਰਿ ਗੇਰਿ ਗੇਰਿ, ਸਭ ਖੜਗ ਪ੍ਰਹਾਰੇ ਹੇਰਿ ਹੇਰਿ। ਇਹ ਗੁਰੂ ਆਪ ਰਣ ਠਾਨਿ ਠਾਨਿ। ਲਸ਼ਕਰ ਹਤਿਓ ਧਨੁ ਤਾਨਿ ਤਾਨਿ॥੧੭॥

ਐਉਂ ਸਿੰਘ ਲੜਦੇ ਮਾਰਦੇ ਮਰਦੇ ਸ਼ਹੀਦ ਹੋ ਗਏ। ਜਦੋਂ ਤੁਰਕਾਂ ਨੇ ਕਲਗੀ ਜਿਗ੍ਹਾ ਲੱਗੀ ਹੋਈ, ਪਤਲਾ ਲੰਮਾ ਸਰੀਰ ਸੁੰਦਰ ਸਡੌਲ ਚਿਹਰਾ ਡਿੱਠਾ, ਕਮਾਣ ਵਿਚ ਸੋਨੇ ਦਾ ਚੰਦ ਤੇ ਤਲਵਾਰ ਦਾ ਸੁਨਹਿਰੀ ਕਬਜ਼ਾ ਤੱਕਿਆ ਤਾਂ ਭਾਈ ਸੰਤ ਸਿੰਘ ਨੂੰ ਉਨ੍ਹਾਂ ਨੇ ਗੁਰੂ ਜਾਤਾ, ਫਿਰ ਉਨ੍ਹਾਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਫੌਰਨ ਲਸ਼ਕਰ ਵਿਚ ਖ਼ਬਰ ਗਈ, ਖ਼ੂਜਾ ਮਰਦੂਦ ਸੈਨਾਪਤਿ ਆਪ ਆਇਆ, ਸਰੀਰ ਤੇ ਸਿਰ ਵੇਖਕੇ ਆਪ ਅੱਲਾ ਦਾ ਸ਼ੁਕਰ ਕੀਤਾ, ਜਿਸ ਦੇ ਨਾਮ ਤੇ ਕਸਮ ਖਾਕੇ ਦਗ਼ਾ ਕਮਾਇਆ ਸੀ। ਹੁਣ ਖ਼ੂਜਾ ਸਿਰ ਚਕਵਾਕੇ ਲੈ ਗਿਆ ਕਿ ਪਾਤਸ਼ਾਹ ਪਾਸ

ਭਿਜਵਾਵਾਂ! ਭਾਈ ਸੰਤ ਸਿੰਘ ਦਾ ਬੀ ਤੇ ਭਾਈ ਸੰਗਤ ਸਿੰਘ ਦਾ ਬੀ। ਦੋਹਾਂ ਦੇ ਚਿਹਰੇ ਗੁਰੂ ਜੀ ਨਾਲ ਮਿਲਦੇ ਸੀ, ਖਾਸ ਕਰਕੇ ਭਾਈ ਸੰਤ ਸਿੰਘ ਜੀ ਦੇ ਜਿਗ੍ਹਾ ਕਲਗੀ ਵੀ ਲਗੀ ਹੋਈ ਸੀ। ਤੁਰਕ ਸੈਨਾ ਵਿਚ ਸ਼ਦਜਾਨੇ ਵਜ ਗਏ ਕਿ ਗੁਰੂ ਸ਼ਹੀਦ ਕਰ ਲਿਆ ਹੈ।

ਆਪ ਵਪਾਰੀ ਹੋ ਆਇਆ

(ਭਾਈ ਸੰਤ ਸਿੰਘ ਜੀ ਦੀ ਮਾਤਾ ਦੇ ਦਿਲ ਤਰੰਗ)

ਆਓ ਨੀ ਸਹੀਓ ਰਲ ਸੌਦੇ ਨੂੰ ਚੱਲੀਏ, ਆਪ ਵਪਾਰੀ ਹੋ ਆਇਆ।
ਲਾਲ ਲਿਆ ਸੀ ਮੈਂ ਮੁੱਲ ਸੁਵੱਲੇ, ਜੌਹਰੀ ਨੂੰ ਚਾ ਦਿਖਲਾਇਆ।
ਜੌਹਰੀ ਨੇ ਓਸਦੀ ਪਰਖ ਜੁ ਕੀਤੀ, ਪਰਖ ਖਜ਼ਾਨੇ ਪਾਇਆ।
ਮੁੱਲ ਪਿਆ ਮੁੱਲ ਏਹੋ ਨੀ ਸਹੀਓ! ਜੌਹਰੀ ਦੇ ਮੁੱਲ ਵਿਕਾਇਆ।
ਲਾਲ ਅਮੋਲਕ ਹੋਇਆ ਅਮੁੱਲਾ, ਜੌਹਰੀ ਨੇ ਮੁਲ ਵਧਾਇਆ।
ਆਪ ਵਧਾਇਓ ਸੂ ਆਪੇ ਸੂ ਭਰਿਆ, ਆਪ ਖਜਾਨੇ ਸੂ ਪਾਇਆ।
ਆਪਣੇ ਤੁੱਲ ਦਾ ਲਾਲ ਨੂੰ ਕੀਤੋਸੁ, ਏਸੇ ਭਾ ਲਾਲ ਵਿਕਾਇਆ।
ਲਾਲ ਗਿਆ ਮੈਨੂੰ ਕਹਿਣ ਅਪੁੱਤੀ, ਮੈਂ ਅੱਜ ਪੁੱਤਰ ਪਾਇਆ।
ਸਤਿਗੁਰ ਚਰਨਾਂ ਤੋਂ ਘੁੰਮ ਗਿਆ ਓ, ਸਫਲ ਹੋਯਾ ਪੁਤ ਆਇਆ।
ਮੈਂ ਸਫਲੀ ਹਾਂ ਨਾਲੇ ਹੀ ਹੋਈ, ਜਿਸਨੇ ਲਾਲ ਸੀ ਜਾਇਆ।
ਆਓ ਨੀ ਸਹੀਓ! ਰਲ ਸੌਦੇ ਨੂੰ ਚਲੀਏ, ਆਪ ਵਪਾਰੀ ਹੋ ਆਇਆ।

ਸੂਚਨਾ-ਤੁਰਕ ਸੈਨਾਂ ਕੁਛ ਚਿਰ ਤਾਂ ਭਾਈ ਸੰਤ ਸਿੰਘ ਜੀ ਦੇ ਸੀਸ ਨੂੰ ਗੁਰੂ ਜੀ ਦਾ ਸਮਝਕੇ ਅਵੇਸਲੀ ਸ਼ਦਿਆਨੇ ਵਜਾਉਂਦੀ ਰਹੀ। ਪਹਾੜੀਏ ਰਾਜਾ ਅਜਮੇਰ ਚੰਦ ਨੂੰ, ਜੋ ਜ਼ਖਮੀ ਹੋ ਗਿਆ ਸੀ, ਲੈ ਕੇ ਵਿਦਾ ਹੋਣ ਦੀ ਤਜਾਰੀ ਵਿਚ ਲੱਗੇ। ਲਾਹੌਰ ਦਾ ਫੌਜਦਾਰ ਬੀ ਚਾਹੇ ਕੁਛ ਕੁਛ ਜ਼ਖਮੀ ਸੀ ਹੁਣ ਕੂਚ ਦੀ ਤਿਆਰੀ ਵਿਚ ਲੱਗਾ। ਦਿਨ ਭਰ ਇਕ ਹੋਰ ਕੰਮ ਹੁੰਦਾ ਰਿਹਾ। ਤੁਰਕ ਆਪਣੇ ਮੁਰਦਿਆਂ ਨੂੰ ਬੜੇ ਬੜੇ ਗੜ੍ਹੇ ਕੱਢਕੇ ਦੱਬਦੇ ਰਹੇ, ਸਿਖਾਂ ਦੀਆਂ ਲੋਥਾਂ ਦੀ ਕਿਸੇ ਸਾਰ ਨ ਲਈ। ਰਾਤ ਪਈ ਤੇ ਇਕ ਬਹਾਦੁਰ ਸਿੰਘਣੀ ਇਹ ਸੇਵਾ ਕਰਨ ਵਾਸਤੇ ਆਈ, ਉਸ ਦਾ ਸੰਖੇਪ ਹਾਲ ਅਗਲੇ ਪ੍ਰਸੰਗ ਵਿਚ ਹੈ:-

੭੧. ਪ੍ਰਸੰਗ ਬੀਬੀ ਸ਼ਰਨ ਕੌਰ*।

ਜਦੋਂ ਜੰਗ ਚਮਕੌਰ ਦਾ ਮੁੱਕ ਚੁੱਕਾ, ਤੁਰਕਾਂ ਸਮਝਿਆ ਗੁਰੂ ਸ਼ਹੀਦ ਹੋਇਆ।
ਰਹੇ ਦੇਹੁ ਸਾਰਾ ਦਬਦੇ ਮੁਰਦਿਆਂ ਨੂੰ, ਨੈਣਾਂ ਨਾਲ ਹੀ ਦਿਲੋ ਦਾ ਦੁਖ ਰੋਇਆ।
ਤੁਰਕ ਥੱਕ ਕੇ ਅੱਕ ਕੇ ਜਾਇ ਸੁੱਤੇ, ਸੁੱਤੇ ਭਾਸਦੇ ਜਿਵੇਂ ਹਨ ਹੁਣੇ ਮੋਏ!
ਗੜ੍ਹੀ ਬਾਹਰ ਚਮਕੌਰ ਦੇ ਢੇਰ ਲੱਗੇ, ਲੋਥਾਂ ਖਿਲਰੀਆਂ ਟਿੱਬੀਆਂ ਵਿਚ ਟੋਏ।
ਅੱਧੀ ਰਾਤ ਦੇ ਬਾਦ ਇਕ ਨਾਰਿ ਆਈ, ਦੀਵਾ ਹੱਥ ਤੇ ਭੇਸ ਤੁਰਕਾਨ ਵਾਲਾ,
ਫਿਰਦੀ ਮਲਕੜੇ ਗੜ੍ਹੀ ਦੇ ਬਾਹਰ ਅੰਦਰ, ਲੋਥਾਂ ਵਿਚ ਝੁਕਦੀ ਕਰਦੀ ਢੂੰਡ ਭਾਲਾ।
ਮੂੰਹ ਦੇਖਦੀ ਸਿਰੇ ਤੇ ਕੇਸ ਤੱਕੇ, ਸਿੱਖ ਸਮਾਣਦੀ ਚੁੱਕਦੀ ਆਪ ਬਾਲਾ।
ਲੈਕੇ ਮਲਕੜੇ ਜਾਂਵਦੀ ਇਕ ਪਾਸੇ, ਰਖਦੀ ਹੇਠ ਉਪਰ ਅਤੇ ਨਾਲ ਨਾਲਾ।
ਇੱਕੁਰ ਭਾਲਦੀ ਟੋਲਦੀ ਲੱਭਦੀ ਨੇ, ਤੀਹੋਂ ਵੱਧ ਨੂੰ ਆਂਦੜਾ ਓਸ ਪਾਸੇ।
ਰਾਤ ਬੀਤ ਚੱਲੀ ਵੱਧ ਅੱਧ ਕੋਲੋਂ, ਅਜੇ ਜਿੰਦ ਦੇ ਖੇਡਦੀ ਨਾਰਿ ਪਾਸੇ।

*ਇਹ ਪ੍ਰਸੰਗ ੨੪ ਮਘਰ ਸੰ: ਗੁ: ਨਾ: ਸਾ: ੪੩੫ (੯ ਦਸੰਬਰ ੧੯੦੩ ਈ:) ਨੂੰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।

ਨਜ਼ਰ ਗਈ ਭੌਤਲ, ਹਾਰ ਗਈ ਹਿੰਮਤ, ਦੁਖਣ ਲੱਗ ਪਏ ਅੰਗ ਤੇ ਸਭ ਪਾਸੇ।
ਸੇਵਾ ਕਰਨ ਦਾ ਸ਼ੌਕ ਨਾ ਮੂਲ ਢੱਠਾ, ਫੜੀ ਗਈ ਜੇ-ਜਾਣਦੀ-ਮਿਲੂੰ ਫਾਂਸੇ।
ਢੇਰ ਲਗਿਆ ਦੇਹੀਆਂ ਸੁਹਣੀਆਂ ਦਾ, ਦੀਵੇ ਧਰਮ ਤੇ ਹੋ ਪਤੰਗ ਮੋਹਿਆਂ,
ਜਿਨ੍ਹਾਂ ਵਾਰਿਆ ਗੁਰੂ ਤੋਂ ਆਪ ਤਾਂਈ, ਦੇਖ ਦੇਸ਼ ਦੇ ਦੁੱਖ ਨੂੰ ਅੱਤਿ ਰੋਈਆਂ,
ਖੇਡ ਜਿੰਦ ਤੇ ਗਈਆਂ ਸੰਸਾਰ ਉਤੋਂ, ਘੱਟੇ ਰੁਲਦੀਆਂ ਸਦਾ ਦੀ ਨੀਂਦ ਸੋਈਆਂ।
ਏਸ ਭੈਣ ਨੇ ਆ ਹੁਣ ਸਾਰ ਲੀਤੀ, ਕਹਿੰਦੀ-"ਵਾਰਨੇ ਤੁਸਾਂ ਤੋਂ ਅੱਜ ਹੋਈਆਂ,
"ਤੁਸਾਂ ਪਾਲਿਆ ਸਿਦਕ ਨਿਬਾਹ ਦਿੱਤਾ, ਧਰਮ ਰੱਖਿਆ, ਧਰਮ ਦੀ ਲਾਜ ਭਾਰੀ।
"ਜਦੋਂ ਹੋਰਨਾਂ ਹਾਰਿਆ ਧਰਮ ਤਾਈਂ, ਤੁਸਾਂ ਸਿਦਕ ਦੀ ਡੋਲਦੀ ਨਾਉ ਤਾਰੀ।
"ਰਣ ਤੱਤਿਆਂ ਸਨਮੁਖੀ ਹੋਏ ਵੀਰੋ! ਦੇਹਿ ਤੂੰਬਿਆਂ ਵਾਂਗੂੰ ਹੈ ਤੁਸਾਂ ਵਾਰੀ।
"ਸੇਵਾ ਕਰਾਂ ਸਰੀਰਾਂ ਪਵਿੱਤ੍ਰਾਂ ਦੀ, ਜਿੰਦ ਸੇਵ ਤੁਹਾਡੀ ਵਿਚ ਜਾਇ ਵਾਰੀ।
"ਏਹੋ ਲੋਚਦੀ ਆਈ ਹਾਂ ਏਸ ਥਾਂ ਤੇ, ਲਾਵਾਂ ਹੱਥ ਪਵਿੱਤਰ ਦੇਹੀਆਂ ਨੂੰ।
"ਜਾਵਾਂ ਹੋਇ ਪਵਿੱਤ੍ਰ ਮੈਂ ਸੇਵ ਕਰਦੀ, ਕਰਦਾ ਠੌਰ ਹੈ ਧਰਮ ਸਨੇਈਆਂ ਨੂੰ।
"ਸੰਸਕਾਰ ਇਹ ਅੰਤ ਦਾ ਕਰਾਂ ਹੱਥੀਂ, ਦਿਆਂ ਦਾਹ ਮੈਂ ਤੁਸਾਂ ਵਿਦੇਹੀਆਂ ਨੂੰ।"
ਕਰੇ ਵੀਰਾਂ ਦੇ ਭੈਣ ਸਸਕਾਰ ਲੋਕੋ! ਦੇਖੋ ਹੋਣੀਆਂ ਅਟਲ ਅਸੇਹੀਆਂ ਨੂੰ।
ਲੋਥਾਂ ਉੱਪਰੇ ਛਾਪਿਆਂ ਢੇਰ ਕਰਦੀ, ਢੱਕ ਦਿੱਤੜਾ ਪਾਸਿਆਂ ਸਾਰਿਆਂ ਤੋਂ।
ਮੋੜ੍ਹੇ ਬੀੜਦੀ ਸ਼ੇਰਨੀ ਢੇਰ ਸਾਰੇ, ਵੀਰ ਕੱਜਦੀ ਰੱਬ ਦੇ ਮਾਰਿਆਂ ਤੋਂ।
ਮਲੇਛ ਹੱਥ ਨਾ ਲਾਣ ਪਿਆਰਿਆਂ ਨੂੰ, ਲੋਥਾਂ ਸਾਂਭਦੀ ਧਰਮ ਹੱਤਜਾਰਿਆਂ ਤੋਂ,
ਜਿਹੜੇ ਮੋਇਆਂ ਦਾ ਕਰਨ ਅਪਮਾਨ ਭਾਰੀ, ਧਰਮ ਬੀਰਤਾ ਵਾਲੜਾ ਹਾਰਿਆਂ ਤੋਂ,
ਸੋਧ ਲਿਆ ਅਰਦਾਸੜਾ ਸ਼ੇਰਨੀ ਨੇ, ਗਲ ਪੱਲੜਾ ਘੱਤਿਆ ਨੈਣ ਰੋਂਦੇ।
ਦਸਾਂ ਗੁਰਾਂ ਦਾ ਨਾਮ ਧਿਆਂਵਦੀ ਹੈ, ਨਾਲ ਨੈਣਾਂ ਤੋਂ ਟੇਪੜੇ ਰੱਤ ਚੋਂਦੇ:-
"ਵੀਰਾਂ ਪਿਆਰਿਆਂ ਰੱਬ ਜੀ ਵਾਸ ਦੇਵੋ, ਚਰਨੀਂ ਆਪਦੀ ਲੱਗ ਏ ਲਾਲ ਸੋਹਦੇ।
"ਥਿਰ ਆਪ ਹੈ ਜਗਤ ਦੇ ਰਚਣ ਹਾਰਾ, ਥਿਰ ਦਾਸ ਤੇਰੇ ਪਾਕੇ ਸ਼ਰਨ ਹੋਂਦੇ।
"ਥਿਰ ਕਰੀਂ, ਦੇ ਚਰਨ ਸ਼ਰਨ ਸਾਈਆਂ, ਭਾਰਤ ਭੂਮਿ ਦੇ ਲਾਲ ਏ ਤੁਸਾਂ ਜਾਏ।
"ਹੁਕਮ ਆਪਦਾ ਮੰਨਿਆਂ ਇਨ੍ਹਾਂ ਸਾਰਾ, ਰਖ ਕੁੱਛੜੇ ਜਗਤ ਦੀ ਰੱਬ ਮਾਏ!
"ਖੇਡਨ ਗੋਦ ਏ ਤੇਰੜੀ ਪਿਤਾ ਪਜਾਰੇ, ਬੰਧਪ ਤੂੰਹੀਂ ਹੈ ਤੇਰੀ ਏ ਸ਼ਰਨ ਆਏ।
"ਬਖਸ਼ ਅਸਾਂ ਸੁਮਤਿ ਇਨਾਂਹ ਵਾਲੀ, ਸਨਮੁਖ ਜੂਝੀਏ ਭਉਜਲੋਂ ਪਾਰ ਪਾਏ"।
ਏਹ ਆਖਕੇ ਚੰਡਿ ਪ੍ਰਚੰਡ ਕੀਤੀ, ਸਾਰੇ ਲਾਂਭਿਓਂ ਅੱਗ ਭੜਕਾ ਦਿੱਤੀ।
ਭੜਕ ਉੱਠਿਆ ਜਦੋਂ ਪ੍ਰਚੰਡ ਭਾਰਾ, ਤੁਰਕਾਂ ਸੁੱਤਿਆਂ ਬੀ ਕਨਸੋਅ ਲਿੱਤੀ।
ਘਾਬਰ ਦੇਖਦੇ ਅੱਗ ਕੀ ਭੜਕ ਉੱਠੀ, ਲਗ ਗਈ ਸੀ ਦਿਲਾਂ ਨੂੰ ਭਰਮ ਚਿੱਤੀ।
ਧਾਇ ਆ ਗਿਆ ਦਸਤੜਾ ਇਕ ਤੁਰਕੀ, ਦੇਖੀ ਨਾਰ ਹੈ ਬੈਠੜੀ ਭਰੀ ਪਿੱਤੀ।
ਕੜਕ ਪੁੱਛਦੇ "ਦੱਸ ਦੇਹ ਅਗ ਕੇਹੀ, ਕਿਸ ਅਰਥ ਤਾਈਂ ਬਲੇ ਭਾਂਬੜਾ ਏ?"
ਨਾਰਿ ਬੋਲਦੀ ਨਹੀਂ, ਏ ਜਾਣਦੀ ਹੈ, ਮਤਾਂ ਦੱਸਿਆਂ ਬੁਝੂ ਅਲਾਂਬੜਾ ਏ।
ਝੂਠ ਬੋਲਣਾ ਧਰਮ ਨਾਂ ਸਿੱਖ ਦਾ ਹੈ, ਮੌਤ ਚੱਖਣੋਂ ਸੂਲ ਨਾ ਕਾਂਬੜਾ ਏ।
ਖਿਝੇ ਤੁਰਕ ਚੁਪ ਓਸਦੀ ਅਗ ਤਕਦੇ, ਭਖ ਉੱਠੇ ਜਿਉਂ ਅੱਗ ਤੇ ਤਾਂਬੜਾ ਏ।
ਅੰਤ ਕੜਕਕੇ ਧ੍ਰੀਕਿਆ ਪਕੜ ਬਾਂਹੋਂ, ਧੂਹ ਖਿੱਚ ਕੇ ਪਰੇ ਸਟਪਾਇਆ ਨੇ।
ਬਿੱਲੀ ਚੂਹੇ ਨੂੰ ਜਿਵੇਂ ਧਰੀਕਦੀ ਏ, ਤਿਵੇਂ ਖਿਚ ਕੇ ਸਰੀਰ ਖਟਕਾਇਆ ਨੇ।
ਜਦੋਂ ਮੂਲ ਨਾ ਬੋਲੜੀ ਧਰਮ ਬੀਰਾ, ਵਿੰਨ੍ਹ ਨੇਜ਼ੜੇ ਨਾਲ ਪਟਕਾਇਆ ਨੇ।
ਦਿੱਤਾ ਚੰਡਿ ਪ੍ਰਚੰਡ ਵਿਚ ਸੁੱਟ ਉਸ ਨੂੰ, ਜਿਸਦਾ ਸਿਦਕ ਨਾਂ ਮੂਲ ਸਟਕਾਯਾ ਨੇ।
ਜੀਉਂਦੀ ਭੈਣ ਸ਼ਹੀਦ ਹੋ ਗਈ ਲੋਕੋ! ਮੋਏ ਵੀਰਾਂ ਦੀ ਦੇਹ ਸੰਭਾਲਦੀ ਸੀ।
ਇਕ ਕੁੱਖ ਦੀ ਭੈਣ ਨਾ ਜਾਣਨੀ ਏ, ਇਕ ਗੁਰਾਂ ਦੇ ਧਰਮ ਨੂੰ ਪਾਲਦੀ ਸੀ।

ਅੰਮ੍ਰਿਤ ਪਾਇਕੇ ਵੀਰ ਏ ਮਾਣਦੀ ਸੀ, ਪਿੱਛੇ ਜਿਨ੍ਹਾਂ ਦੇ ਜਿੰਦ ਨੂੰ ਘਾਲਦੀ ਸੀ।
ਧਰਮ ਵੀਰ ਤੇ ਧਰਮ ਦੀ ਭੈਣ ਸੁਹਣੀ, ਪਿੱਛੇ ਰਹੀ ਨ ਗਈ ਏ ਨਾਲ ਹੀ ਸੀ।
ਸ਼ਰਨ ਕੌਰ ਸੀ ਬੀਰਾ ਦਾ ਨਾਮ ਸੁੰਦਰ, ਸੁੰਦਰ ਪ੍ਰਭੂ ਦੀ ਸ਼ਰਨ ਸੰਭਾਲ ਲੀਤੀ।
ਕੀਤੀ ਘਾਲ ਜੋ ਮਰਦ ਨਾ ਮਕਣ ਕਰਨੀ, ਧਰਮ ਆਪਣੇ ਦੀ ਪੂਰੀ ਪਾਲ ਕੀਤੀ।
ਸੇਵਾ, ਸਿਦਕ ਤੇ ਪਿਆਰ ਦੇ ਮਹਿਲ ਉਤੋਂ, ਹੋਈ ਵਾਰਨੇ, ਦੇਹੁੜੀ ਜਾਲ ਲੀਤੀ।
ਬੀਤੀ ਸਿਰੇ ਤੇ ਕਸ਼ਟਣੀ ਅੱਤਿ ਭਾਰੀ, ਐਪਰ ਝੱਲ ਲੀਤੀ, 'ਸੀ' ਨਹੀਂ ਕੀਤੀ*।

ਸੂਚਨਾ-ਉਪਰਲਾ ਪ੍ਰਸੰਗ ਜੰਗ ਚਮਕੌਰ ਵਾਲੇ ਦਿਨ ਤੋਂ ਦੂਸਰੇ ਦਿਨ ਦੀ ਰਾਤ ਨੂੰ ਬੀਤਿਆ, ਪਰ ਉਸ ਜੰਗ ਵਾਲੇ ਦਿਨ ਦੀ ਜਦੋਂ ਰਾਤ ਪਈ ਤਾਂ ਸਿੱਖਾਂ ਨੇ ਸਤਿਗੁਰ ਜੀ ਨੂੰ ਅਪਣੇ ਗੁਰਮਤੇ ਨਾਲ ਚਮਕੌਰ ਤੋਂ ਬਾਹਰ ਟੋਰਿਆ ਤਾਂ ਜਿਵੇਂ ਹੋ ਬੀਤੀ ਉਸਦਾ ਸੰਖੇਪ ਮਾਜਰਾ ਅਗਲੇ ਪ੍ਰਸੰਗ ਤੋਂ ਸਮਝ ਆ ਜਾਏਗਾ।

੭੨. ਮਾਛੀਵਾੜੇ ਦੇ ਕੌਤਕ†:

੧. (ਅਤੀਤ ਮੂਰਤੀ)।

ਚਮਕੌਰ ਦੀ ਗੜ੍ਹੀ ਤੋਂ ਪਿਛਲੇ ਰਾਹੋਂ ਨਿਕਲ, ਦੁਸ਼ਮਨਾਂ ਵਿਚ ਹਰੋਲੀ ਮਚਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤ੍ਰੈਹਾਂ ਦੇ ਜਥੇ ਸਣੇ ਮਚੇ ਘਮਸਾਨ ਦੇ ਵਿਚ ਦੀ ਨਿਕਲੇ ਜਾ ਰਹੇ ਹਨ। ਓਸ ਤੜਥੱਲੀ ਹਨੇਰੇ ਤੇ ਗਰਦ ਗੁਬਾਰ ਵਿਚ ਆਪ ਇਕ ਪਾਸੇ ਵਲੋਂ ਦਲਾਂ ਤੋਂ ਨਿਕਲ ਗਏ, ਪਰ ਉਸ ਹਰੋਲੀ ਵਿਚ ਸਾਥੀ ਸਿੱਖ ਤ੍ਰੈਏ ਵਿਛੁੜ ਚੁਕੇ ਸੇ। ਉਹ ਬੀ ਕਿਸੇ ਹੋਰ ਰਾਮ ਰੌਲੇ ਦਾ ਹਿੱਸਾ ਬਣਦੇ ਤਿਲਕਦੇ ਦੂਰ ਨਿਕਲ ਗਏ। ਜਦ ਸਵਾਕੁ ਕੋਹ ਉਸ ਥਾਉਂ ਤੋਂ ਗੁਰੂ ਜੀ ਨਿਕਲ ਗਏ ਤਾਂ ਇਕ ਥਾਵੇਂ ਬੈਠ ਗਏ। ਥੋੜ੍ਹੀ ਦੂਰ ਨੂੰ ਦੋ ਗੁੱਜਰ ਲੰਘੇ, ਇਕ ਤਾਂ ਜ਼ਰਾ ਪਰਲੇ ਪਾਸੇ ਸੀ, ਇਕ ਕੋਲ ਆ ਨਿਕਲਿਆ! ਉਸ ਨੇ ਗੁਰੂ ਜੀ ਨੂੰ ਪਛਾਣਕੇ ਆਖਿਆ ਕਿ ਹੈਂ! ਤੁਸੀਂ ਤਾਂ ਘੇਰੇ ਵਿਚ ਸਾਓ, ਕੀਕੂੰ ਨਿਕਲ ਆਏ? ਆਪ ਨੇ ਉਸਨੂੰ ਕਿਹਾ: ਬੋਲ ਨਾ! ਉਸ ਨੇ ਕਿਹਾ:-ਮੈਂ ਪਕੜਾ ਕੇ ਇਨਾਮ ਲੈਸਾਂ। ਤਾਂ ਸਤਿਗੁਰਾਂ ਉਸ ਵੱਲ ਕੁਛ ਮਾਲੀਅਤ ਦੀ ਸ਼ੈ ਸੱਟੀ ਕਿ ਲੈ ਇਨਾਮ ਏਥੋਂ ਹੀ ਲੈਲੈ, ਪਰ ਉਹ ਲੈਕੇ ਬੀ ਉੱਚੀ ਉੱਚੀ ਰੌਲਾ ਪਾਉਣ ਲਗਾ। ਤਦ ਸਤਿਗੁਰਾਂ ਨੇ ਆਪਣੀ ਸੁਭਾਵਕ ਫੁਰਤੀ ਨਾਲ ਉਸ ਤੇ ਵਾਰ ਕੀਤਾ ਤੇ ਉਸ ਨੂੰ ਬੋਲਣੋਂ ਆਰੀ ਕਰ ਦਿਤਾ[1] ਤੇ ਆਪ ਅਗੇ ਟੁਰ ਪਏ। ਫੇਰ ਕੁਛ ਪੈਂਡਾ ਚਲਕੇ ਆਪ ਨੇ ਇਕ ਜੰਡ ਹੇਠ ਸਾਹ ਕੱਢਿਆ! ਬੜੀ ਕਠਨਤਾ ਨਾਲ ਨੰਗੇ ਪੈਰੀਂ ਚਲ ਰਹੇ ਹਨ, ਜੋੜਾ ਬੀ ਪੈਰਾਂ ਵਿਚ ਨਹੀਂ ਰਿਹਾ। ਇਕ ਥਾਵੇਂ ਬੇਰੀਆਂ ਅੱਕਾਂ ਦਾ ਝਾੜ ਦੇਖ ਕੇ ਗੁਰੂ ਜੀ ਇਨ੍ਹਾਂ ਦੇ ਵਿਚਕਾਰ ਉਹਲੇ ਬਹਿ ਗਏ। ਥੋੜੀ ਦੇਰ ਸਾਹ ਕੱਢਕੇ ਫੇਰ ਤਿਖੇ ਤਿਖੇ ਟੁਰੇ, ਪਰ ਹੁਣ ਸਰੀਰਕ ਸ਼ਕਤੀ ਹਾਰ ਦੇਣ ਲੱਗੀ, ਦੋ ਦਿਨ ਦੋ ਰਾਤਾਂ ਤੋਂ ਚਮਕੌਰੋਂ ਨਿਕਲਿਆਂ ਹੋ ਚੁਕੀਆਂ ਹਨ, ਉਸਤੋਂ ਪਹਿਲੀ ਰਾਤ ਤੇ ਦਿਨ ਬੀ ਨਿਕਲਣ ਦੀਆਂ ਤਿਆਰੀਆਂ ਵਿਚ ਲਗਾ ਸੀ। ਅਜ ਹੁਣ ਦੇ ਦਿਨ ਦੋ ਰਾਤਾਂ ਤੋਂ ਅਗਲੀ ਰਾਤ ਹੈ ਅਰਥਾਤ ਲਗ ਪਗ ਤੇਈ ਪਹਿਰ ਸਨੱਧਬੱਧ, ਕਮਰਕੱਸਾ ਖੁਹਲੇ ਬਿਨਾਂ ਜਾਗਦਿਆਂ ਤੇ ਜਗਤ ਦੇ ਮਹਾਨ ਕਠਨ ਤੇ ਦੁਸ਼ਤਰ ਜੰਗਾਂ ਵਿਚੋਂ ਮਹਾਨ ਕਠਨ ਜੰਗ ਕਰਦਿਆਂ

*ਚਮਕੌਰ ਵਿਚ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਅਧਵਾਟੇ ਰਿਹਾ, ਇਸ ਦੇ ਪੂਰੇ ਸਿਰੇ ਚੜ੍ਹਨ ਦਾ ਹਾਲ ਅਗੇ ਕਿਤੇ ਆਵੇਗਾ।

†ਇਹ ਪ੍ਰਸੰਗ ੧੮ ਪੋਹ ਸੰ: ਗੁ: ਨਾ: ਸਾ: ੪੫੬ (੧ ਜਨਵਰੀ ੧੯੨੫) ਦੇ ਗੁਰਪੁਰਬ ਸਪਤਮੀ ਪਰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।

੧. ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਦੋ ਘਸੁੰਨਾਂ ਨਾਲ ਉਸ ਦੇ ਦੰਦ ਭੰਨਕੇ ਬੋਲਣੋਂ ਆਰੀ ਕੀਤਾ। ਤਵਾਰੀਖ ਖਾਲਸਾ ਵਾਲੇ ਲਿਖਦੇ ਹਨ ਕਿ ਤਲਵਾਰ ਸੂਤਕੇ ਦੋਵੇਂ ਭਰਾ, ਜੋ ਆ ਪਏ ਸਨ, ਮੌਤ ਦੇ ਘਾਟ ਉਤਾਰੇ।

ਬੀਤਿਆ ਹੈ। ਸਰੀਰ ਨੇ ਜੋ ਐਤਨੀ ਝਾਲ ਝੱਲੀ ਹੈ ਇਹ ਵੀ ਇਕ ਬੜੀ ਅਨੋਖੀ ਗਲ ਹੈ। ਕੌਣ ਸੂਰਮਾ ਹੈ ਜੋ ਤ੍ਰੈ ਰਾਤਾਂ ਉਤੋਥਲੀ ਨਾ ਸਵੇਂ, ਜੁੱਧ ਵਿਚ ਰਹੇ ਅਰ ਲਗਾਤਾਰ ਨੱਵੇ ਯਾਂ ਸੌ ਘੰਟੇ ਜੁਧ ਵਿਚ ਜੁਟਿਆ ਰਹੇ? ਧੰਨ ਮਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਅਹਿੱਲ, ਅਜਿਤ, ਅਟੱਲ ਮਰਜ਼ੀ ਦੇ ਮਾਲਕ! ਹੁਣ ਸਰੀਰ ਨੂੰ ਝਉਂਦਾ ਦੇਖਕੇ ਬੀ ਮਨ ਨਹੀਂ ਝੰਵਿਆਂ, ਸਰੀਰ ਦਾ ਉਪਰਾਲਾ ਝਟਪਟ ਕਰ ਲਿਆ। ਇਕ ਅੱਕ ਦੇ ਬੂਟੇ ਦੇ ਫੁਲ ਤੋੜਕੇ ਖਾ ਲਏ, ਸ਼ੀਘਰ ਅਸਰ ਲਈ ਅੱਕ ਦੇ ਪੱਤੇ ਤੋਂ ਦੁਧ ਚੁਆਕੇ ਚੱਟ ਲਿਆ ਤੇ ਇਸਦੇ ਅਮਲ ਨਾਲ ਕੁਛ ਪੈਂਡਾ ਹੋਰ ਟੁਰੇ। ਹੁਣ ਮਾਛੀਵਾੜੇ ਦੀ ਜੂਹ ਆ ਗਈ, ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਛਾਲੇ ਪੈ ਗਏ ਸੇ, ਟੁਰਨਾ ਕਠਨ ਹੋ ਰਿਹਾ ਸੀ। ਇਕ ਥਾਂ ਲੱਪੀ, ਖੂਹੀ, ਨੇੜੇ ਸੰਘਣੇ ਬ੍ਰਿਛ ਸਨ, ਮਾਨੋ ਕੋਈ ਬਾਗ ਸੀ। ਇਸਦੇ ਬਾਹਰ ਵਿੱਥ ਤੇ ਇਕ ਓਟ ਤਕਾਈ ਤੇ ਇਥੇ ਓਟ ਤਕਾਕੇ ਸਤਿਗੁਰੂ ਜੀ ਬੈਠ ਗਏ। ਆਲਸ ਹੋਰ ਵਧਿਆ ਤਾਂ ਇਕ ਟਿੰਡ ਲੀਤੀ, ਉਸਨੂੰ ਦੁਪੱਟੇ ਵਿਚ ਲਪੇਟ ਕੇ ਸਿਰਹਾਣੇ ਰਖਿਆ, ਉਸੀ ਤਰ੍ਹਾਂ ਸ਼ਸਤ੍ਰ ਸਜੇ ਕਮਰਕੱਸਾ ਬੱਧੇ ਆਪ ਲੇਟ ਗਏ! ਮਾੜਾ ਜਿਹਾ ਕੱਪੜਾ ਜੋ ਕਮਰ-ਕੱਸੇ ਦੇ ਉਤੋਂ ਦੀ ਬੱਧਾ ਸੀ, ਉੱਤੇ ਲਿਆ ਤੇ ਸਿਆਲੇ ਦੀ ਮਹਾਂ ਠੰਢੀ ਰਾਤ ਦੇ ਪਿਛਲੇ ਪਹਿਰ ਨੀਂਦ ਵਿਚ ਸੌਂ ਗਏ। ਉਹ ਮਹਾਂ ਪੁਰਖ ਜੋ ਅਰਸ਼ਾਂ ਤੋਂ ਰੱਬੀ ਰੰਗ ਰਮਾਉਣ ਆਯਾ ਹੈ, ਜਿਸ ਦੀ ਸੇਵਾ ਵਿਚ ਦੇਵਗਣ ਤੇ ਫਰਿਸ਼ਤੇ ਹਾਜ਼ਰ ਹਨ, ਹਾਂ, ਓਹ ਜਿਸਦੇ ਟੁਰਨ ਲਈ ਮਖਮਲੀ ਫਰਸ਼ ਵਿਛਦੇ ਸਨ, ਜਿਸਦੇ ਆਰਾਮ ਲਈ ਜਗਤ ਆਪਾ ਵਾਰਦਾ ਸੀ, ਅੱਜ ਤੱਕਣਾ! ਟਿੰਡ ਸਿਰਹਾਣੇ ਰੱਖ ਭੁੰਞੇ ਪਿਆ ਹੈ, ਪੈਰੀਂ ਛਾਲੇ ਹਨ, ਸਰੀਰ ਥਕਤ ਹੈ, ਉੱਤੇ ਨੂੰ ਲੋਈ ਕੰਬਲੀ ਤਕ ਨਹੀਂ, ਪਾਸ ਕੋਈ ਦਰਦੀ ਪਿਆਰਾ ਨਹੀਂ, ਪਰਿਵਾਰ ਵਿਛੋੜ ਆਏ ਹਨ, ਬੱਚੇ ਕੁਹਾ ਆਏ ਹਨ, ਆਂਦਰਾਂ ਦੇ ਸਨੇਹ ਪੁਰਜ਼ੇ ਪੁਰਜ਼ੇ ਕਰਵਾ ਆਏ ਹਨ, ਪਜਾਰੇ-ਪਜਾਰਿਆਂ ਤੋਂ ਪਜਾਰੇ-ਬਲੀਦਾਨ ਦੇ ਆਏ ਹਨ, ਜੋ ਨਾਲ ਆਏ ਸਨ, ਓਹ ਬੀ ਖੁੰਝਾ ਆਏ ਹਨ, ਇਸ ਵੇਲੇ ਇਕੱਲੇ ਬਿਰਾਜ ਰਹੇ ਹਨ:-

ਧੰਨ ਧੰਨ ਗੁਰੂਦੇਵ ਜੂ ਸੁਖ ਦੁਖ ਬ੍ਰਿਤੀ ਸਮਾਨ।
ਹਰਖ ਸ਼ੋਕ ਜਾਂਕੈ ਨਹੀਂ, ਰਾਗ ਨ ਦੈਸ਼ ਮਹਾਨ।
੨੪॥ {ਗੁ: ਪ੍ਰ: ਸੂ: ਰੁ: ੬-੪੨}

ਦੇਖਣਾ ਗੁਰੂ ਜੀ ਠੰਢੀ ਠਾਰ, ਨੰਗੀ, ਕਰੜੀ ਮੈਲੀ ਧਰਤੀ ਉੱਤੇ, ਜਿਸਦਾ ਭਾਰ ਉਤਾਰਨ ਆਏ ਹਨ, ਡਾਢੀ ਸਰਦੀ ਵਿਚ ਬਿਰਾਜ ਰਹੇ ਹਨ। ਦੇਖੋ ਵੱਖੀ ਪਰਨੇ ਪਏ ਹਨ, ਖੱਬੀ ਵੱਖੀ ਹੇਠ ਨੂੰ ਹੈ, ਸੱਜੀ ਉਪਰ ਨੂੰ ਹੈ, ਮੂੰਹ ਉਸ ਪਾਸੇ ਨੂੰ ਹੈ ਜਿਧਰੋਂ ਕੋਈ ਆ ਸਕਦਾ ਹੈ। ਪਿੱਠ ਤੇ ਸੀਸ ਤੇ ਚਰਨਾਂ ਵੱਲ ਬ੍ਰਿਛਾਂ ਦੇ ਕਟੇ ਪਏ ਟਹਿਣਾਂ ਦੀ ਓਟ ਹੈ, ਦੋਨੋਂ ਹੱਥ ਛਾਤੀ ਅਗੇ ਹਨ, ਗੁਲਸ਼ਤ੍ਰਾਣ, ਜਿਸ ਵਿਚ ਹੀਰਾ ਜੜਿਆ ਹੈ, ਅੰਗੂਠੇ ਵਿਚ ਹੀ ਹੈ। ਸੁੱਤੇ ਪਏ ਹਨ, ਪਰ ਨਿੱਕੀ ਜਿਹੀ ਆਹਟ ਤੋਂ ਜਾਗ ਸਕਦੇ ਹਨ ਅਰ ਇਕ ਛਿਨ ਵਿਚ ਤਮਾਂਚਾ ਤੀਰ ਚਲਾ ਸਕਦੇ ਹਨ, ਐਉਂ ਸਾਵਧਾਨ ਹਨ। ਗੁਲਸ਼ਤ੍ਰਾਣ ਇਕ ਅੰਗੂਠੇ ਦਾ ਆਸਰਾ ਹੁੰਦਾ ਸੀ ਜੋ ਤੀਰ ਖਿੱਚਣ ਵੇਲੇ ਅੰਗੂਠੇ ਪੁਰ ਆਂਟੀਆਂ ਨਹੀਂ ਪੈਣ ਦੇਂਦਾ ਸੀ, ਉਹ ਬੀ ਹਥੋਂ ਨਹੀਂ ਉਤਾਰਿਆ। ਇਸ ਸਿਪਾਹੀ ਮੂਰਤਿ ਨੂੰ ਦੇਖਣਾ, ਇਸ ਮਹਾਂ ਯੋਧਾ ਮੂਰਤਿ ਦਾ ਦਰਸ਼ਨ ਕਰਨਾ, ਇਹ ਉਹੋ ਮੂਰਤੀ ਹੈ, ਜੋ ਕਵੀਆਂ ਦੇ ਦਰਬਾਰ ਲਾਕੇ ਕਵਿਤਾ ਦੇ ਕਟਾਖਜ ਸੁਣਦੀ ਤੇ ਆਪ ਕਵਿਤਾ ਕਹਿੰਦੀ ਹੁੰਦੀ ਸੀ। ਹਾਂ, ਇਹ ਗੁਲਸ਼ਤ੍ਰਾਣ ਵਾਲਾ ਹੱਥ ਉਹੋ ਹੈ ਜੋ ਸਿਰੰਦੇ, ਰਬਾਬ ਤੇ ਵੀਣਾਂ ਤੇ ਫਿਰਦਾ ਕੋਮਲਤਾਈ ਦੀ ਹੱਦ ਕਰ ਦੇਂਦਾ ਹੁੰਦਾ ਸੀ। ਹਾਂ, ਇਹ ਓਹੋ ਮੂਰਤੀ ਹੈ ਜੋ ਦੁਖੀਆਂ ਲਈ ਪਸੀਜਦੀ ਤੇ ਮਿਹਰਾਂ ਨਾਲ ਅੰਦਰੋਂ ਬਾਹਰੋਂ ਘੁਲ ਘੁਲ ਜਾਂਦੀ ਸੀ। ਇਹ ਓਹੋ ਮੂਰਤੀ ਹੈ, ਜਿਸ ਦੀ ਕਰਦਰਦਾਨੀ ਕਰਕੇ ਜਗਤ ਦੇ ਗੁਣੀ ਆਕੇ ਓਟ ਲੈਂਦੇ ਸਨ। ਹਾਂ, ਏਹ ਓਹੋ ਅੱਖਾਂ ਇਸ ਵੇਲੇ ਬੀਰ ਰਸ ਮੱਤੀਆਂ ਹਨ, ਜਿਨ੍ਹਾਂ ਨੇ ਜਗਤ ਦੇ ਦੁਖ ਹਰਨ ਲਈ ਆਪੇ ਨੂੰ ਕਈ ਵਾਰ ਭਰਿਆ। ਆਹ! ਕੌਣ ਸਮਝੇ ਇਸ ਮ੍ਰਿਦੁਲ ਤੇ ਹੀਰੇ ਵਾਂਗ ਪੀਡ ਦਿਲ ਦੀ ਘੁੰਡੀ ਨੂੰ? ਹਾਂ, ਦਰਸ਼ਨ ਕਰੋ ਮੂਰਤੀ ਦਾ। ਅੰਦਰ ਦਾ ਕਿਸ ਨੂੰ ਪਤਾ ਹੈ ਇਸ ਮਹਾਨ ਮਨ ਵਾਲੇ ਦਾ, ਜੋ ਆਪਣੀਆਂ ਅੱਖਾਂ ਦੇ ਸਾਹਮਣੇ ਪੁਤਰਾਂ ਨੂੰ ਜੂਝਦੇ ਤੇ

ਮੈਦਾਨ ਵਿਚ ਮਰਦੇ ਵੇਖਦਾ ਤੇ ਸ਼ਾਵਾਸ਼ੇ ਸ਼ਾਵਾਸ਼ੇ ਆਖਦਾ ਹੈ? ਕੌਣ ਇਸ ਗਹਿਰ ਗੰਭੀਰ ਅਥਾਹ ਦਿਲ ਨੂੰ ਸਮਝੇ? ਹਾਂ, ਦਰਸ਼ਨ ਕਰੋ ਤੇ ਨਮਸਕਾਰ ਕਰੋ ਤੇ ਆਖੋ:-

ਤੂੰ ਧੰਨ ਹੈਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ!
ਤੂੰ ਧੰਨ ਹੈਂ! ਤੂੰ ਧੰਨ ਹੈਂ!
੨ (ਆ ਮਿਲੇ)

ਉਧਰ ਤ੍ਰੈਏ ਸਿਖ ਉਸ ਘਮਸਾਨ ਵਿਚ ਵਿੱਛੜੇ ਖਿਸਕਦੇ, ਤਿਲਕਦੇ, ਰੌਲਾ ਪਾਉਂਦੇ, ਛਹਿੰਦੇ, ਲੁਕਦੇ, ਉਚਕਦੇ, ਲੋੜ ਨਹੀ ਤੇ ਧੌਲ ਧੱਪਾ ਕਰਦੇ ਨੱਸਦੇ ਨਿਕਲੇ ਚਲੇ ਜਾ ਰਹੇ ਹਨ। ਏਹ ਪਿਆਰੇ ਵਿਛੁੜੇ ਸਤਿਗੁਰਾਂ ਤੋਂ ਆਪਣੀ ਜਾਨ ਬਚਾਉਣ ਦੀ ਤਾਂਘ ਵਿਚ ਨਹੀਂ ਸਨ, ਪਰ ਕਿਸੇ ਔਖੀ ਥਾਂ ਫੁਰਤੀਆਂ ਦੇ ਸਰਦਾਰ ਸਤਿਗੁਰੂ ਜੀ ਇਉਂ ਸ਼ੀਘ੍ਰਤਾ ਨਾਲ ਨਿਕਲ ਗਏ ਕਿ ਉਸੇ ਕਠਨਤਾ ਵਿਚੋਂ ਨਿਕਲਦੇ ਸਿਖ ਆਪ ਨੂੰ ਮਿਲ ਨਾ ਸਕੇ, ਤੇ ਆਪ ਦੀ ਸ਼ੀਘ੍ਰਤਾ ਦੀ ਬਰਾਬਰੀ ਨਾ ਕਰ ਸਕੇ। ਪਰ ਏਹ ਤ੍ਰੈਏ ਸਤਿਗੁਰ ਦੇ ਅਟੱਲ ਵਾਕ ਦੇ ਭਰੋਸੇ ਵਾਲੇ ਉਸੇ ਤਾਰੇ ਦੀ ਸੇਧੇ, ਜੋ ਸਤਿਗੁਰੂ ਨੇ ਦੱਸਿਆ ਸੀ, ਤੁਰੀ ਗਏ। ਰਸਤੇ ਵਿਚ ਸੱਜੇ ਖੱਬੇ ਸਾਰੇ ਭਾਲ ਕਰਦੇ ਗਏ। ਇਹ ਬੀ ਉਨੀਂਦੇ ਤੇ ਥਕੇਵੇਂ ਵਿਚ ਸਨ, ਪਰ ਪਿਆਰੇ ਦੀ ਸੇਵਾ ਦਾ ਚਾਉ ਕਦੇ ਝਉਂਦਾ ਨਹੀਂ ਸੀ, ਅਨਝਵੇਂ-ਮਨ ਤੁਰੀ ਗਏ, ਤੁਰੀ ਕੀਹ ਨੱਸੀ ਗਏ। ਆਖਰ ਪਹੁ ਫੁਟੀ ਦੇ ਵੇਲੇ ਉਸੇ ਟਿਕਾਣੇ ਦੈਵ ਨੇ ਪਹੁੰਚਾਏ ਜਿਥੇ ਧਰਾ ਨਾਥ ਸੀਤਲ ਕਠੋਰ ਧਰਾ ਉਤੇ ਬਿਰਾਜ ਰਹੇ ਸਨ। ਖੂਹੇ ਤੇ ਪਾਣੀ ਲੈਣ ਗਏ ਤਾਂ ਦਇਆ ਸਿੰਘ ਨੇ ਕਿਹਾ ਕਦਮ ਏਥੋਂ ਅੱਗੇ ਨਹੀਂ ਟੁਰਦੇ, ਯਾ ਥਕੇਵਾਂ ਹੋਇਆ ਹੈ ਯਾ ਪਿਆਰੇ ਦਾ ਮਿਲੇਵਾਂ ਹੈ। ਧਰਮ ਸਿੰਘ ਨੇ ਕਿਹਾ, ਔਹ ਬ੍ਰਿੱਛਾਂ ਦੇ ਉਹਲੇ ਕੁਛ ਚਮਕ ਹੈ। ਜਾਂ ਅਗੇ ਵਧੇ ਤਾਂ ਹੀਰੇ ਦੀ ਚਮਕ ਹੋਰ ਸਾਫ ਹੋ ਦਿਸੀ, ਇਸ ਵੇਲੇ ਸਤਿਗੁਰ ਜੀ ਦਾ ਗੁਲਸ਼ਤ੍ਰਾਣ ਵਾਲਾ ਹੱਥ ਅੱਗੋਂ ਉਠਕੇ ਸੀਸ ਤੇ ਪਿਆ ਸੀ ਤੇ ਉਸ ਵਿਚ ਜੜਿਆ ਹੀਰਾ ਚਮਕ ਮਾਰ ਰਿਹਾ ਸੀ। ਮਾਨ ਸਿੰਘ ਨੇ ਅਗੇ ਜਾਕੇ ਡਿੱਠਾ ਤਾਂ ਖੁਸ਼ੀ ਦਾ ਹੜ ਚੜ੍ਹ ਆਇਆ: 'ਪਿਆਰਾ ਪਾ ਲਿਆ, ਪਿਆਰਾ ਪਾ ਲਿਆ'। ਪਰ ਆਹ! ਤੱਕੋ! ਰਾਠ ਮਾਨ ਸਿੰਘ, ਅਜਿੱਤ ਮਾਨ ਸਿੰਘ, ਅਹਿੱਲ ਮਾਨ ਸਿੰਘ ਦੇ ਨੈਣ ਭਰ ਆਏ। ਹਾਇ! ਮੇਰੇ ਅਰਸ਼ਾਂ ਦੇ ਮਾਲਕ ਕਿਮ ਦਸ਼ਾ ਵਿਚ ਕਿੰਵ ਇਸ ਕਠੋਰ ਧਰਤੀ ਪੁਰ ਭੁੰਵੇ ਬਿਰਾਜ ਰਹੇ ਹਨ। ਰੋ ਕੇ ਦਿਲ ਵਿੱਚੋਂ ਹਾਵਾ ਖਾਕੇ, ਫੇਰ ਸੰਭਲਕੇ, ਦਿਲ ਨੂੰ ਕਹਿਣ ਲੱਗਾ:-ਓ ਮਾਨ ਸਿੰਘ! ਇਹ ਰੱਬੀ ਜੋਤ ਹੈ, ਆਪ ਹੈ, ਧਰਾ ਦਾ ਭਾਰ ਹਰਣ ਆਈ ਹੈ! ਏਹ ਤਾਂ ਦੁਖ ਸਾਡੇ ਲਈ ਪਾ ਰਹੇ ਹਨ, ਸਾਡੇ ਮਨ ਨੂੰ ਮਾਇਆ ਦੀ ਗੁਲਾਮੀ ਤੋਂ ਤੇ ਸਾਡੇ ਸਰੀਰ ਨੂੰ ਪਾਪ ਦੀ ਗੁਲਾਮੀ ਤੋਂ ਤੇ ਸਾਡੇ ਦੇਸ਼ ਨੂੰ ਤੁਰਕ ਦੀ ਗੁਲਾਮੀ ਤੋਂ ਸੁਤੰਤ੍ਰ ਕਰਨ ਆਏ ਹਨ। ਸਾਨੂੰ ਨਿਰਭੈ ਪਦ ਤੇ ਪਹੁੰਚਾਵਣ ਲਈ ਭੈ ਨਾਲ ਲੜ ਰਹੇ ਹਨ। ਸਾਨੂੰ ਸੁਖ ਦੇਣ ਲਈ ਦੁਖਾਂ ਨਾਲ ਜੰਗ ਰਚਾ ਰਹੇ ਹਨ! ਹੋਹੁ ਬਲਿਹਾਰ ਇਸ ਪਾਵਨ ਮੂਰਤਿ ਦੇ, ਇਸ ਨੂੰ ਹਰਖ ਕਾਹਦਾ ਤੇ ਸ਼ੋਕ ਕਾਹਦਾ? ਇਸ ਨੂੰ ਹਾਨ ਕੀ ਹੈ ਤੇ ਲਾਭ ਕੀ ਹੈ? ਇਸ ਦਾ ਕੌਣ ਵੈਰੀ ਤੇ ਕੌਣ ਇਸ ਨੂੰ ਮੋਹ ਨਾਲ ਪਿਆਰਾ ਹੈ? ਇਹ ਇਕ ਰਸ, ਸਦਾ ਰੰਗ ਰੱਤੀ, ਹਰੀ ਦੀ ਮੂਰਤੀ, ਗੋਬਿੰਦ ਰੂਪ ਸੂਰਤ ਹੈ। ਇਸ ਖੁਸ਼ੀ, ਵੈਰਾਗ, ਪ੍ਰੇਮ ਤੇ ਗਿਆਨ ਦੇ ਰੰਗਾਂ ਵਿਚ ਦੀ ਲੰਘਦਾ ਮਾਨ ਸਿੰਘ ਪਿਛੇ ਮੁੜਿਆ, ਦਇਆ ਸਿੰਘ ਤੇ ਧਰਮ ਸਿੰਘ ਨੂੰ ਮੈਨਤ ਕੀਤੀ, ਉਹ ਭੀ ਆਏ। ਹਾਂ, ਬੇਵਸੇ ਨੈਣ ਭਰ ਆਏ। 'ਹੇ ਖੂਨੀ ਭੂਮੀ! ਤੂੰ ਆਪਣੇ ਭਾਰ ਹਰਨ ਆਏ ਨਾਲ ਬੀ ਉਹੋ ਰੰਗ ਵਰਤ ਰਹੀ ਹੈਂ ਜੋ ਤੇਰੇ ਤਲ ਉਤੇ ਆਮ ਵਰਤ ਰਿਹਾ ਹੈ!' ਪਰ ਦੋਵੇਂ ਨਾਮ ਰਸੀਏ ਸੂਰਮੇ ਸੇ, ਮਾਨ ਸਿੰਘ ਵਾਂਙ ਹੀ ਖੁਸ਼ੀ, ਵੈਰਾਗ, ਪ੍ਰੇਮ ਤੇ ਗਿਆਨ ਦੇ ਭਾਵਾਂ ਵਿਚ ਦੀ ਲੰਘਕੇ ਚਰਨ ਕਮਲਾਂ ਪਾਸ ਆ ਬੈਠੇ, ਸਹਿਜੇ ਸਹਿਜੇ ਚਰਨ ਮਲਣ ਲਗੇ। ਛਾਲੇ ਦੇਖਕੇ ਫੇਰ ਨੈਣ ਭਰ ਆਏ। ਬਚਾ ਬਚਾ ਕੇ ਦੋਵੇਂ ਜਣੇ ਚਰਨਾਂ ਨੂੰ ਮਲਣ ਲੱਗੇ। ਤੀਸਰੇ ਸਜਨ ਜੀ ਮਾਨੋ ਪਹਿਰੇ ਤੇ ਹਨ, ਧਨੁਖ ਸੰਭਾਲ ਕੇ ਟਹਿਲਣ ਲੱਗ ਗਏ। ਚਰਨਾਂ ਪਰ ਹਥ ਪੈਦਿਆਂ ਸਤਿਗੁਰ ਜੀ ਦੀ ਜਾਗ ਖੁਲ੍ਹੀ, ਪਰ ਦਿਲਾਂ ਦੇ ਮਹਰਮ ਤੇ ਆਤਮ ਰੌਆਂ ਦੇ ਜਾਣੂੰ ਪਿਆਰ ਦੀ ਝਰਟਾਟ ਤੋਂ ਜਾਣੂੰ ਸੁਖ ਵਿਚ ਹੀ ਰਹੇ। ਥੋੜ੍ਹੀ ਦੇਰ ਮਗਰੋਂ ਧਨੁਖ ਸੰਭਾਲ ਫੇਰ ਨੈਣ ਖੁਹਲਕੇ ਇਕ ਦਮ ਉੱਠੇ। ਪਿਆਰਿਆਂ ਨੂੰ ਡਿੱਠਾ, ਉਨ੍ਹਾਂ ਨੇ

ਮਥਾ ਟੇਕਿਆ, ਆਪ ਨੇ ਤ੍ਰੈਆਂ ਨੂੰ ਵਾਰੋ ਵਾਰੀ ਛਾਤੀ ਨਾਲ ਲਾਕੇ ਪਿਆਰ ਦਿਤਾ। ਹੁਣ ਦਇਆ ਸਿੰਘ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਦਿਨ ਚੜ੍ਹਨ ਲਗਾ ਹੈ, ਸੋਝਲੇ ਹੋਏ ਤੇ ਕੋਈ ਪਛਾਣ ਨਾ ਲਏ, ਇਸ ਕਰਕੇ ਸੂਰਜ ਚੜ੍ਹਨ ਤੋਂ ਪਹਿਲਾਂ ਕਿਤੇ ਲੁਕ ਚੱਲਣਾਂ ਚਾਹੀਏ! ਸਤਿਗੁਰ ਜੀ ਮੁਸਕ੍ਰਾਕੇ ਬੋਲੇ:--ਐਸ ਬਾਗ ਵਿਚ ਵੜ ਚੱਲੋ; ਜੇ ਸਮਾਂ ਲੰਘ ਗਿਆ ਤਾਂ ਸੁਖ, ਜੇ ਨਾ ਲੰਘਿਆ ਤਾਂ ਇਸੇ ਦੀ ਮਰੋਚੇਬੰਦੀ ਕਲ ਲਓ, ਪੱਕੀ ਕੰਧ ਹੈ, ਓਟ ਹੈ ਹੀ, ਜੰਗ ਰਚਾ ਦਿਆਂਗੇ। ਫੁਰਤੀ ਨਾਲ ਕੁਛ ਛਕਣ ਛਕਾਉਣ ਜੋਗਾ ਤੇ ਹੋਰ ਕੁਛ ਲੈ ਆਓ। ਇਹ ਕਹਿ ਉਠੇ। ਲੱਤਾਂ ਹੁਣ ਆਕੜ ਗਈਆਂ ਮਨ, ਤੇ ਪੈਰਾਂ ਦੇ ਛਾਲੇ ਕਦਮ ਨਹੀਂ ਮਨ ਧਰਨ ਦੇਦੇ, ਕੱਛੇ ਦੇ ਪਾਉਂਚੇ ਜੰਘਾਂ ਦੇ ਵਿਚ ਲਹਿ ਚੁਕੇ ਤੇ ਚੰਬੜ ਚੁਕੇ ਸੇ। ਟੁਰਨ ਦੀ ਕੋਈ ਤਾਬ ਨਹੀਂ ਸੀ, ਪਰ ਬਾਗ ਵਿਚ ਜਾ ਹੀ ਵੜੇ 'ਬਾਗ ਤਾਂ ਆਪਣਾ ਲੱਗਦਾ ਹੈ' ਕਹਿਕੇ ਸਤਿਗੁਰ ਜੀ ਨੇ 'ਜੰਗ ਆ ਪਏ ਕੀ ਕਰਨਾ ਹੋਊ' ਦੀ ਸੋਚ ਵਿਚ ਚਾਰ ਚੁਫੇਰੇ ਨਜ਼ਰ ਦੁੜਾਈ। ਬਾਗ ਵਿਚ ਸੰਘਣੇ ਬ੍ਰਿਛਾਂ ਦੀ ਓਟ ਵਿਚ ਜਾ ਬੈਠੇ। ਖੂਹ ਵਗ ਰਿਹਾ ਸੀ ਤੇ ਖੂਹ ਦੇ ਗਾਧੀ ਨੇ ਪਛਾਤਾ ਕਿ ਕੋਈ ਓਹ ਹਨ, ਜਿਨ੍ਹਾਂ ਦੀ ਮਹਿਮਾ ਮੇਰਾ ਮਾਲਕ ਕਰਿਆ ਕਰਦਾ ਹੈ। ਬਾਗ ਵਿਚ ਦਾਅਵੇਦਾਰ ਵਾਂਙੂ ਆ ਗਏ ਹਨ, ਮੈਂ ਦੌੜਕੇ ਮਾਲਕ ਨੂੰ ਖ਼ਬਰ ਕਰਾਂ, ਮਤਾਂ ਆਉ-ਭਗਤ ਵਿਚ ਫਰਕ ਨਾ ਪਵੇ। ਜਾਂ ਗੁਲਾਬੇ ਨੇ, ਜੋ ਉਸ ਦਾ ਮਾਲਕ ਸੀ ਤੇ ਗੁਰੂ ਘਰ ਦਾ ਮਸੰਦ ਸੀ, ਉਸ ਕਾਮੇ ਤੋਂ ਸੁਣਿਆਂ ਤਾਂ ਭੱਜਾ ਆਇਆ। ਇਹ ਮਸੰਦ ਡਰਾਕੁਲ ਮਨ ਦਾ ਤਾਂ ਸੀ, ਪਰ ਸੀ ਸਨਮੁਖ। ਸ੍ਰੀ ਗੁਰੂ ਜੀ ਤੇ ਭਰੋਸਾ ਰਖਦਾ ਸੀ, ਅਤੇ ਸੇਵਾ ਪੂਜਾ ਕਰਦਾ ਸੀ ਅਤੇ ਉਸ ਮੋਹਨ ਮੂਰਤੀ ਦਾ ਪ੍ਰੇਮੀ ਬੀ ਚੰਗਾ ਸੀ। ਸਾਰਾ ਹਾਲ ਦੇਖ, ਸੁਣ ਤੇ ਸਮਝਕੇ ਆਖਣ ਲੱਗਾ: ਏਥੇ ਦਿਨ ਲੁਕ ਛਿਪਕੇ ਗੁਜ਼ਾਰ ਲੈਣਾ ਠੀਕ ਹੈ ਤੇ ਹਨੇਰੇ ਹੋਏ ਮੇਰੇ ਘਰ ਚਲੋ, ਉਥੇ ਲੁਕ ਪੂਰਾ ਰਹਿ ਜਾਵੇਗਾ। ਗੁਲਾਬਾ ਮਿੱਠੇ ਸੁਭਾ ਦਾ ਤੇ ਕੁਛ ਹਥਹੁੰ ਦੇਣ ਵਾਲਾ ਸੀ, ਜਿਸ ਕਰਕੇ ਮਾਛੀਵਾੜੇ ਦੇ ਹਿੰਦੂ ਮੁਸਲਮਾਨ ਸਾਰੇ ਇਹਦਾ ਲਿਹਾਜ਼ ਮੁਹਾਲਜ਼ਾ ਚੰਗਾ ਰਖਦੇ ਸੇ। ਸਤਿਗੁਰਾਂ ਨੇ ਉਸਦੇ ਬਚਨ ਨੂੰ ਮੰਨ ਲਿਆ। ਉਸਨੇ ਹੁਣ ਬਾਗ ਦੀ ਤਕੜਾਈ ਕੀਤੀ, ਕਾਮੇ ਨੂੰ ਸਮਝਾ ਦਿਤਾ ਤੇ ਆਪ ਘਰੋਂ ਕੁਛ ਅੰਨ ਪਾਣੀ ਲੈਣ ਲਈ ਗਿਆ। ਸਿੰਘਾਂ ਨੇ ਸ੍ਰੀ ਗੁਰੂ ਜੀ ਨੂੰ ਪੰਜ ਇਸ਼ਨਾਨਾਂ ਕਰਵਾਇਆ। ਇੰਨੇ ਨੂੰ ਗੁਲਾਬੇ ਦਾ ਭਰਾ ਪੰਜਾਬਾ ਗਰਮ ਦੁੱਧ ਛੁਹਾਰੇ ਪਾਕੇ ਉਬਾਲਿਆ ਹੋਇਆ ਲੈ ਆਇਆ। ਸਭਨਾਂ ਨੇ ਦੁਧ ਛਕਿਆ। ਹੁਣ ਗੁਰੂ ਜੀ ਦੀ ਆਗਿਆ ਵਿਚ ਤ੍ਰੈਏ ਸਿੰਘ ਤੇ ਆਪ ਮਹਾਰਾਜ ਬਿਰਾਜ ਗਏ ਤੇ ਗੁਲਾਬਾ ਤੇ ਪੰਜਾਬਾ ਮਾਨੋਂ ਪਹਿਰੇ ਤੇ ਰਹੇ। ਦਿਨ ਢਲੇ ਦੇ ਵੇਲੇ ਸਾਰੇ ਉਠੇ, ਗੁਲਾਬੇ ਦੇ ਘਰੋਂ ਐਸ ਵੇਲੇ ਲਾਪਸੀ (ਸੀਰਾ ਯਾ ਪਤਲਾ ਕੜਾਹ) ਆਈ ਤੇ ਮਾਰਿਆਂ ਛਕੀ। ਗੁਲਾਬੇ ਨੇ ਘਰ ਜਾਕੇ ਤਿਆਰੀ ਅਰੰਭੀ ਅਤੇ ਰਾਖੀ ਲਈ ਸਿੰਘ ਸਾਵਧਾਨ ਹੋ ਗਏ। ਰਾਤ ਪਈ ਤੇ ਗੁਲਾਬਾ ਆਕੇ ਗੁਰੂ ਜੀ ਤੇ ਸਿੰਘਾਂ ਨੂੰ ਆਪਣੇ ਘਰ ਲੈ ਗਿਆ ਇਕ ਚੁਬਾਰਾ, ਜੋ ਨਵਾਂ ਬਣਿਆ ਸੀ*, ਉਥੇ ਗੁਰੂ ਜੀ ਨੂੰ ਨਵੇਂ ਪਲੰਘ ਪੁਰ ਡੇਰਾ ਕਰਵਾਇਆ। ਪ੍ਰੇਮ ਨਾਲ ਪ੍ਰਸ਼ਾਦ ਛਕਾਇਆ। ਰਾਤ ਸੌਂ ਰਹੇ ਤੇ ਸਵੇਰੇ ਗੁਰੂ ਜੀ ਇਸ਼ਨਾਨ ਕਰਨ ਲਗੇ। ਕਛਹਿਰੇ ਦੇ ਪੌਂਚੇ ਜੰਘਾਂ ਵਿਚ ਖਿਚੀਂਦੇ ਚੰਬੜ ਚੁਕੇ ਸਨ, ਗਰਮ ਪਾਣੀ ਨਾਲ ਉਚਾਏ ਫੇਰ ਇਸ਼ਨਾਨ ਕੀਤਾ।

ਇਥੇ ਹੁਣ ਇਸ ਪ੍ਰਕਾਰ ਦੀਆਂ ਸਾਖੀਆਂ ਮਿਲਦੀਆਂ ਹਨ:-ਲੰਗਰ ਵਾਸਤੇ ਜਦ ਬੱਕਰਾ ਆਇਆ ਤੇ ਗੋਲੀ ਮਾਰਕੇ ਝਟਕਾਇਆ ਗਿਆ ਤਾਂ ਗੁਆਂਢ ਦੇ ਇਕ ਬ੍ਰਾਹਮਣ ਨੇ ਖੜਾਕ ਸੁਣਕੇ ਸ਼ੱਕ ਕੀਤਾ ਕਿ ਕੀ ਹੈ? ਤੇ ਟੋਹ ਕਰ ਕਰ ਕੇ ਉਸ ਨੇ ਪਤਾ ਲਾ ਹੀ ਲੀਤਾ। ਸੋ ਉਹ ਥਾਲ ਪਤਾ-ਸਿਆਂ ਦਾ ਤੇ ਇਕ ਜੰਞੂ ਵਿਚ ਧਰਕੇ ਬੇਪੁਛੇ ਅੰਦਰ ਆਕੇ ਚੁਬਾਰੇ ਚੜ੍ਹ ਗਿਆ ਤੇ ਅਗੇ ਧਰਕੇ ਆ ਮੱਥਾ ਟੇਕਿਆ। ਇਹ ਬ੍ਰਾਹਮਣ ਅਗੇ ਗੁਰੂ ਜੀ ਦੇ ਦਰਸ਼ਨ ਕਰ ਆਇਆ ਸੀ ਤੇ ਗੁਰੂ ਜੀ ਪਰ ਸ਼ਰਧਾ ਬੀ ਰਖਦਾ ਸੀ, ਗ੍ਰੀਬ ਸੀ ਤੇ ਸਰਲ ਸੀ। ਸਤਿਗੁਰਾਂ ਨੇ ਪੰਜ ਮੁਹਰਾਂ ਥਾਲ ਵਿਚ ਰੱਖ

*'ਚੁਬਾਰਾ ਸਾਹਿਬ' ਕਰਕੇ ਏਥੇ ਨਿਸ਼ਾਨ ਅਜੇ ਦੱਸੀਦਾ ਹੈ।

ਦਿੱਤੀਆਂ। ਬ੍ਰਾਹਮਣ ਅਸੀਸ ਦੇਕੇ, ਮੱਥਾ ਟੇਕਕੇ ਤੇ ਥਾਲ ਚੁਕ ਕੇ ਘਰ ਆ ਗਿਆ। ਉਸਦਾ ਗੁਰੂ ਨਾਲ ਪਿਆਰ ਤੇ ਭਾਵ ਇਹ ਸੀ ਕਿ ਆਪ ਸਾਰਾ ਕਸ਼ਟ ਮਾਡੇ ਧਰਮ ਰੱਖਿਆ ਵਾਸਤੇ ਝੱਲ ਰਹੇ ਹੋ। ਜੰਞੂ ਅੱਗੇ ਧਰਨਾ ਇਸ ਗੱਲ ਦੀ ਨਿਸ਼ਾਨੀ ਸੀ ਕਿ ਮੈਂ ਆਪ ਦੀ ਸ਼ਰਨ ਹਾਂ, ਮਿੱਤ੍ਰ ਦਾਸ ਹਾਂ, ਦਰਸ਼ਨ ਨੂੰ ਆਇਆ ਹਾਂ ਤੇ ਆਪ ਆਪਣਾ ਮਿੱਤ੍ਰ ਜਾਣੋ। ਪਰੰਤੂ ਬ੍ਰਾਮਹਣ ਦੇ ਹੋ ਜਾਣ ਮਗਰੋਂ ਗੁਲਾਬੇ ਦੀ ਵਹੁਟੀ ਘਬਰਾਈ ਕਿ ਸਤਿਗੁਰਾਂ ਦੀ ਸੋਇ ਨਿਕਲ ਗਈ ਹੈ, ਉਹ ਨਾ ਹੋਵੇ ਜੋ ਇਹ ਪਤਾ ਬਾਹਰ ਕੱਢ ਦੇਵੇ। ਪਤੀ ਨੂੰ ਸਮਝਾਇਆ। ਉਹ ਬੀ ਡਰਿਆ, ਪਰ ਇਕ ਪਾਸੇ ਉਸਦਾ ਸਿਦਕ ਸੀ, ਦੂਏ ਪਾਸੇ ਡਰ, ਇਸ ਲਈ ਅਸਮੰਜਸ ਵਿਚ ਹੀ ਰਿਹਾ। ਐਤਨੇ ਨੂੰ ਦੂਸਰੇ ਹਮਸਾਏ ਸੱਯਦ ਦੇ ਘਰ ਮਹਾਂ ਪ੍ਰਸ਼ਾਦ ਦੀਆਂ ਹੱਡੀਆਂ ਜਾ ਪਈਆਂ, ਉਨ੍ਹਾਂ ਨੇ ਉੱਚੀ ਕਿਹਾ, ਓਇ ਗੁਲਾਬਿਆ! ਤੂੰ ਕਿਨ੍ਹਾਂ ਨੂੰ ਘਰ ਉਤਾਰਿਆ ਹੈ? ਪਰ ਐਤਨੇ ਨੂੰ ਸੱਯਦਾਣੀ ਨੇ ਕੀਹ ਡਿੱਠਾ ਕਿ ਮੁਹਰਾਂ ਬੀ ਡਿੱਗੀਆਂ ਹਨ। ਸੱਯਦਾਣੀ ਉਹ ਮੁਹਰਾਂ ਚਾਉਂਦੀ ਜਾਵੇ ਤੇ ਆਖੀ ਜਾਵੇ: ਕੋਈ ਡਰ ਨਹੀਂ; ਭੈਣ! ਭੁੱਲ ਭੁਲੇਖੇ ਜੇ ਕੁਛ ਕੂੜਾ-ਕਰਕਟ ਸਾਡੇ ਪਾਸੇ ਆ ਪਿਆ, ਤਾਂ ਸੁਖ! 'ਹਮਸਾਏਂ ਮਾਂ ਪਿਉ ਜਾਏ' ਹੁੰਦੇ ਹਨ ਤੇ ਉਧਰ ਸੱਯਦਾਣੀ ਪੁੱਤ੍ਰ ਪਤੀ ਨੂੰ ਮੁਹਰਾਂ ਦਿਖਾ ਕੇ ਉੱਚੀ ਬੋਲਣੋਂ ਹੋੜਦੀ ਜਾਵੇ। ਪਰ ਗੁਲਾਬੇ ਦੀ ਵਹੁਟੀ ਨੂੰ ਇਸਤੋਂ ਬੀ ਘਬਰਾ ਹੋਇਆ। ਸਤਿਗੁਰਾਂ ਨੇ ਇਸ ਕੌਤਕ ਨਾਲ ਮੁੱਲ ਪਾ ਲਿਆ ਕਿ ਹਮਸਾਏ ਲੋਭੀ ਹਨ। ਗੁਰੂ ਜੀ ਨੇ ਗੁਲਾਬੇ ਦਾ ਘਬਰਾ ਬੀ ਡਿੱਠਾ। ਗੁਲਾਬੇ ਨੇ ਬੇਨਤੀ ਕੀਤੀ ਕਿ "ਪਾਤਸ਼ਾਹ ਕੁਛ ਤੁਰਕ ਜਥਾ ਆ ਪੁੱਜਾ ਹੈ, ਆਪਦਾ ਹੁਣ ਇਥੋਂ ਟੁਰ ਜਾਣਾ ਹੀ ਸੁਹਣੀ ਗਲ ਹੈ। ਇਹ ਬੇਨਤੀ ਮੈਂ ਆਪਦੀ ਸਲਾਮਤੀ ਵਾਸਤੇ ਕਰਦਾ ਹਾਂ, ਪਰ ਉਂਵ ਮੈਂ ਬੀ ਆਪਣੇ ਲਈ ਡਰਦਾ ਹਾਂ, ਮੈਂ ਸ੍ਰੀ ਜੀ ਤੋਂ ਆਪਣੇ ਨਿਤਾਣਪੁਣੇ ਦਾ ਬੀ ਲੁਕੋ ਨਹੀਂ ਕਰਦਾ"। ਤਦ ਗੁਰੂ ਜੀ ਆਖਣ ਲਗੇ, "ਗੁਲਾਬਿਆ! ਘਬਰਾ ਨਾ, ਵਾਹਿਗੁਰੂ ਤੇਰਾ ਵਾਲ ਵਿੰਗਾ ਨਹੀਂ ਕਰੇਗਾ, ਤੇ ਅਸੀਂ ਸਹੀ ਸਲਾਮਤ ਅਛੋਪ ਨਿਕਲ ਜਾਵਾਂਗੇ, ਅਕਾਲ ਸਾਡੇ ਨਾਲ ਹੈ"।

੩. (ਔਰੰਗਜ਼ੇਬ ਵਲ ਖਤ[1])

ਇਥੇ, ਮਾਛੀਵਾੜੇ ਸਤਿਗੁਰ ਜੀ ਨੂੰ ਆ ਮਿਲੇ ਗ਼ਨੀ ਖਾਂ ਨਬੀ ਖ਼ਾਂ ਦੋ ਪਠਾਣ ਭਰਾ ਜੋ ਸਤਿਗੁਰ ਪਾਸ ਕਦੇ ਸੇਵਕ ਬੀ ਰਹਿ ਗਏ ਸੇ ਤੇ ਫੇਰ ਘੋੜੇ ਵੇਚਣ ਭੀ ਆਇਆ ਜਾਇਆ ਕਰਦੇ ਸੇ। ਫੇਰ ਇਨ੍ਹਾਂ ਨੇ ਨੂਰ ਪੁਰ ਦਾ ਸੱਯਦ ਲਿਆ ਮਿਲਾਇਆ ਜੋ ਕਾਜ਼ੀ ਸੀ ਤੇ ਜੋ ਪਹਿਲੇ ਤੋਂ ਸ੍ਰੀ ਗੁਰੂ ਜੀ ਦਾ ਪ੍ਰੇਮੀ[2] ਸੀ। ਇਥੇ ਸਤਿਗੁਰ ਜੀ ਨੇ ਇਕ ਖ਼ਤ ਔਰੰਗਜ਼ੇਬ ਨੂੰ ਲਿਖਿਆ। ਜਿਸ ਵਿਚ ਕੀਤੇ ਕੌਲ ਇਕਰਾਰ ਨੂੰ ਤੋੜਕੇ ਮੁੜ ਹਮਲਾ ਕਰਨ ਬਾਬਤ ਲਿਖਿਆ ਹੈ। ਇਹ ਖ਼ਤ ਇਥੋਂ ਹੀ ਤੋਰਨਾ ਸੀ ਤਾਕਿ ਸਰਕਾਰੀ ਤੌਰ ਤੇ ਜੋ ਸੱਚ ਝੂਠ ਦੀ ਮਿਲਾਵਟ ਭਰੀ ਖ਼ਬਰ ਪਾਤਸ਼ਾਹ ਨੂੰ ਪੁੱਜਣੀ ਹੈ ਉਸਤੋਂ ਪਹਿਲੋਂ ਪਾਤਸ਼ਾਹ ਨੂੰ ਗੁਰੂ ਜੀ ਵੱਲੋਂ ਸੱਚੀ ਖਬਰ ਪੁੱਜੇ ਕਿ ਜੋ ਮਨਸੂਬਾ ਪਾਤਸ਼ਾਹ ਨੇ ਯਾ ਅਹਿਲਕਾਰਾਂ ਨੇ ਬਣਾਇਆ ਸੀ ਕਿ ਕਸਮਾਂ ਖਾਕੇ ਗੁਰੂ ਜੀ ਨੂੰ ਕਿਲੇ ਤੋਂ ਬਾਹਰ ਕੱਢੋ ਤੇ ਫੇਰ ਕਸਮ ਤੋੜਕੇ ਹਮਲਾ ਕਰ ਦਿਓ ਤੇ ਇਸ ਤਰ੍ਹਾਂ ਦੇ ਦਗੇ ਨਾਲ ਮਾਰ ਲਓ; ਉਹ ਮਨਸੂਬਾ ਕਾਮਯਾਬ ਨਹੀਂ ਹੋਇਆ। ਫਿਰ ਪਾਤਸ਼ਾਹ ਨੂੰ ਪਤਾ ਲਗੇ ਕਿ ਗੁਰੂ ਜੀ ਜੀਉਂਦੇ ਹਨ, ਅਜੇ ਲੜਨ ਨੂੰ ਤਯਾਰ ਹਨ, ਪਰ

---

੧. ਇਹ ਅਗਲਾ ਲੇਖ ਇਸ ਪ੍ਰਸੰਗ ਵਿਚ ਇਸ ਗ੍ਰੰਥ ਦੀ ਪੰਜਵੀਂ ਐਡੀਸ਼ਨ ਦੇ ਛਾਪੇ ਜਾਣ ਸਮੇਂ ਸ਼ਾਮਲ ਕੀਤਾ ਗਿਆ ਸੀ।

੨. ਨੂਰਪੁਰੀ ਕਾਜ਼ੀ ਭਨਵਾਸੀ। ਮਹਰਮ ਹੁਤੋ ਆਦਿ ਅਬਿਨਾਸ਼ੀ। (ਗੁ: ਬਿ: ਸੁ: ਸਿੰਘ)। ਤਵਾ: ਖਾ: ਨੇ ਇਸ ਕਾਜ਼ੀ ਨੂੰ ਗੁਰੂ ਜੀ ਨੂੰ ਛੋਟੀ ਉਮਰੇ ਫਾਰਸੀ ਪੜ੍ਹਾਉਂਦਾ ਦੱਸਿਆ ਹੈ ਤੇ ਨਾਮ ਦਿਤਾ ਹੈ 'ਇਨਾਯਤ ਅਲੀ'। ਪਰ ਜਿਸਦੀ ਵੰਸ਼ ਪਾਸ ਹੁਕਮਨਾਮਾ ਦੱਸੀਦਾ ਹੈ ਉਸਦੇ ਵੰਸ਼ਜ ਉਸ ਦਾ ਨਾਮ ਪੀਰ ਮੁਹੰਮਦ ਦੱਸਦੇ ਹਨ। ਤਵਾ: ਖਾ: ਨੇ ਇਸ ਟਿਕਾਣੇ ਤ੍ਰੈ ਕਾਜ਼ੀਆਂ ਦੇ ਨਾਮ ਦਿੱਤੇ ਹਨ। ਕਾਜ਼ੀ 'ਇਨਾਯਤ ਅਲੀ', ਕਾਜ਼ੀ 'ਪੀਰ ਮੁਹੰਮਦ' ਸਲੋਹ ਵਾਲਾ ਤੇ ਸੱਯਦ 'ਹਸਨ ਅਲੀ' ਮਨੀ ਮਾਜਰੀਆ।

ਸ਼ਾਂਤੀ ਨਾਲ ਗਲਬਾਤ ਬੀ ਹੋ ਸਕਦੀ ਹੈ (ਦੇਖੋ ਸ਼ਿਅਰ ੧੮)। ਇਸ ਖ਼ਤ ਤੋਂ ਇਹ ਬੀ ਅਸਰ ਪੈਂਦਾ ਹੈ ਕਿ ਰਾਜਧਾਨੀ, ਫੌਜ ਗੁਆਕੇ ਤੇ ਦੋ ਪੁਤ੍ਰ ਚਮਕੌਰ ਵਿਚ ਸ਼ਹੀਦ ਕਰਾਕੇ ਬੀ ਗੁਰੂ ਜੀ ਦੀ ਸੁਰਤ ਨਹੀਂ ਹਾਰੀ, ਹੌਸਲਾ ਨਹੀਂ ਢੱਠਾ, ਮਰਦਾਨਗੀ ਨੇ ਝਵੀਂ ਨਹੀਂ ਖਾਧੀ ਤੇ ਪਾਤਸ਼ਾਹ ਤੋਂ ਡਰ ਨਹੀਂ ਮੰਨਿਆ। ਇਹ ਖ਼ਤ ਜਾਪਦਾ ਹੈ ਕਿ ਭਾਈ ਦਇਆ ਸਿੰਘ ਜੀ ਮਾਛੀਵਾੜੇ ਤੋਂ ਹੀ ਲੈਕੇ ਟੁਰੇ ਹਨ ਤੇ ਸੱਯਦ ਨੂਰਪੁਰੀਏ ਕਾਜ਼ੀ ਨੇ ਤੇ ਗ਼ਨੀ ਖ਼ਾਂ ਨਬੀ ਖ਼ਾਂ ਨੇ ਸਹਾਇਤਾ ਦਿੱਤੀ ਹੈ। ਪਠਾਣਾਂ ਨੇ ਤਾਂ ਉਨ੍ਹਾਂ ਨੂੰ ਮਾਛੀਵਾੜੇ ਤੋਂ ਪਾਰ ਪੁਚਾਯਾ ਹੈ ਤੇ ਕੋਹਕੁ ਪਰੇ ਜਦ ਓਹ ਖ਼ਤਰੇ ਵਿਚੋਂ ਨਿਕਲ ਗਏ ਤਾਂ ਕਾਜ਼ੀ ਨੇ ਉਹ ਖ਼ਤ ਭਾਈ ਦਇਆ ਸਿੰਘ ਨੂੰ ਪੁਚਾਇਆ ਹੈ*।

ਉਹ ਖ਼ਤ† ਜੋ ਮਾਛੀਵਾੜੇ ਤੋਂ ਸਤਿਗੁਰ ਨੇ ਔਰੰਗਜ਼ੇਬ ਨੂੰ ਘੱਲਿਆ ਟੀਕਾ ਸਹਿਤ ਐਉਂ ਹੈ:-

(ਨਾਮਹ ਗੁਰੂ ਗੋਬਿੰਦ ਸਿੰਘ ਬਾ-ਔਰੰਗਜ਼ੇਬ)

੧. ਬਨਾਮੇ ਖ਼ੁਦਾਵੰਦੇ ਤੇਗ਼ੋ ਤਬਰ। ਖ਼ੁਦਾਵੰਦੋ ਤੀਰੇ ਸਨਾਨੋ ਸਿਪਰ।	੧. ਤਲਵਾਰ ਤੇ ਤਬਰ ਦੇ ਮਾਲਕ (ਖ਼ੁਦਾ) ਦੇ ਨਾਮ ਨਾਲ, ਤੀਰ ਅਣੀ ਤੇ ਢਾਲ ਦੇ ਮਾਲਕ (ਖ਼ੁਦਾ) ਦੇ ਨਾਮ ਨਾਲ,
੨. ਖ਼ੁਦਾਵੰਦੇ ਮਰਦਾਨੇ ਜੰਗ ਆਜ਼ਮਾ। ਖ਼ੁਦਾਵੰਦੇ ਅਸਪਾਨੇ ਪਾ ਦਰ ਹਵਾ।	੨. ਸੂਰਮੇ ਮਰਦਾਂ ਦੇ ਮਾਲਕ (ਖ਼ੁਦਾ) ਦੇ ਨਾਮ ਨਾਲ, ਤ੍ਰਿੱਖੀ ਦੌੜ ਵਾਲੇ ਘੋੜਿਆਂ ਦੇ ਮਾਲਕ (ਖ਼ੁਦਾ) ਦੇ ਨਾਮ ਨਾਲ (ਅਸੀਂ ਇਹ ਨਾਮਾ ਲਿਖਦੇ ਹਾਂ)।
੩. ਹਮਾਂ ਕੋ ਤੁਰਾ ਪਾਦਸ਼ਾਹੀ ਬਿਦਾਦ। ਬਮਾ ਦੌਲਤੇ ਦੀਂ ਪਨਾਹੀ ਬਿਦਾਦ।	੩. ਓਸੇ (ਰਬ) ਨੇ ਹੀ ਕਿ ਜਿਸਨੇ ਤੈਨੂੰ ਬਾਦਸ਼ਾਹੀ ਦਿੱਤੀ ਹੈ ਸਾਨੂੰ ਦੀਨ ਪਨਾਹੀ ਦੀ ਦੌਲਤ ਦਿੱਤੀ ਹੈ ਭਾਵ ਸਾਨੂੰ ਧਰਮ ਦੀ ਰੱਖਿਆ ਦਾ ਕੰਮ ਦਿੱਤਾ ਹੈ।

*ਸਾਰੇ ਵੇਰਵੇ ਤੇ ਇਸ ਸਿੱਟੇ ਤੇ ਅੱਪੜਨ ਲਈ ਇਤਿਹਾਸਕ ਖੋਜ ਤੇ ਦਲੀਲਾਂ ਲਈ ਦੇਖੋ ਜ਼ਫ਼ਰਨਾਮਾ ਸਟਿੱਪਣ, ਕਰਤਾ ਕ੍ਰਿਤ, ਟੀਕਾ ਵਾਲਾ।

†ਇਹ ਖਤ ਪਟਨੇ ਸਾਹਿਬ ਦੇ ਪ੍ਰਸਿੱਧ ਮਹੰਤ ਬਾਬਾ ਸੁਮੇਰ ਸਿੰਘ ਜੀ ਪਾਸ ਸੀ। ਆਪ ਉੱਚ ਪਾਏ ਦੇ ਵਿਦਵਾਨ, ਹਿੰਦੀ ਦੇ ਸੁਹਣੇ ਕਵੀ ਤੇ ਸਿਖ ਰਹਿਤ ਮ੍ਰਿਯਾਦਾ ਵਿਚ ਪੱਕੇ ਤੇ ਬਾਣੀ ਨਾਮ ਦੇ ਪ੍ਰੇਮੀ ਸਜਣ ਹੋਏ ਹਨ। ਆਪ ਪਾਸ ਪੁਰਾਤਨ ਲਿਖਤਾਂ ਤੇ ਪੁਸਤਕਾਲਯ ਚੋਖਾ ਵਡਾ ਸੀ। ਇਹ ਖਤ ਆਪ ਜੀ ਨੇ ਬਾਬੂ ਜਗਨ ਨਾਥ ਦਾਸ ਰਤਨਾਕਰ, ਹਿੰਦੀ ਭਾਸ਼ਾ ਦੇ ਪ੍ਰਸਿਧ ਲੇਖਕ ਜੀ ਨੂੰ ੧੯੪੯ ਬਿ: ਦੇ ਲਗ ਪਗ ਲਿਖਵਾ ਦਿਤਾ ਸੀ। (ਦੇਖੋ ਨਾਗਰੀ ਪ੍ਰਚਾਰਨੀ ਪਤ੍ਰਿਕਾ ਮਿਤੀ ਸਾਵਨ ੧੯੭੯ ਬਿ:)। ਉਕਤ ਵਿਦਵਾਨ ਰਤਨਾਕਰ ਜੀ ਨੇ ਇਹ ਖਤ ਸ੍ਰੀ ਮਾਨ ਸ: ਉਮਰਾਉ ਸਿੰਘ ਜੀ ਸ਼ੇਰ ਗਿਲ ਮਜੀਠੀਏ ਜੀ ਨੂੰ ਲਿਖਵਾਯਾ ਸੀ। ਸਰਦਾਰ ਜੀ ਬੜੇ ਵਿਦਯਾ ਪ੍ਰੇਮੀ ਤੇ ਖੋਜੀ ਸਨ। ਆਪ ਹੀ ਪੈਰਮ ਤੋਂ ਸੁਖਮਨੀ ਸਾਹਿਬ ਦਾ ਫਾਰਸੀ ਤਰਜਮਾ ਕਿਸੇ ਪੁਰਾਤਨ ਕਵੀ ਦਾ ਕੀਤਾ ਹੋਯਾ ਲਿਆਏ ਸਨ ਤੇ ਉਸ ਪਰ ਆਪ ਨੇ ਉਥਾਨਕਾ ਲਿਖੀ ਸੀ, ਜੋ ਪੁਸਤਕ ਕਿ ਛਪ ਗਈ ਸੀ ਤੇ ਹੁਣ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਮਿਲਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪਹਿਲੇ ਖਤ ਦਾ ਇਕ ਉਤਾਰਾ ਸ: ਉਮਰਾਉ ਸਿੰਘ ਜੀ ਨੇ ਸ: ਬ: ਕਾਹਨ ਸਿੰਘ ਜੀ ਨੂੰ ਬੀ ਦਿੱਤਾ ਸੀ। ਇਕ ਦੋ ਸਾਲ ਹੋਏ ਤਾਂ ਇਸ ਬਾਰੇ ਵਿਚ ਜ਼ਿਕਰ ਆਉਣ ਤੇ ਅਸਾਂ ਆਪ ਜੀ ਤੋਂ ਇਸ ਖਤ ਦਾ ਇਕ ਉਤਾਰਾ ਮੰਗਿਆ। ਆਪ ਨੇ ਬਚਨ ਕੀਤਾ ਕਿ ਸ਼ਿਮਲੇ ਜਾਕੇ ਘੱਲਾਂਗੇ। ਆਪ ਜੀ ਨੇ ਕੁਛ ਸਮੇਂ ਬਾਦ ਇਸ ਦਾ ਉਤਾਰਾ ਖਾ: ਕਾਲਜ ਦੇ ਪ੍ਰਿੰਸੀਪਲ ਪਾਸ ਸਾਨੂੰ ਪੁਚਾਉਣ ਲਈ ਘੱਲਿਆ, ਗਾਲਬਨ ਇਸ ਲਈ ਕਿ ਲਗਦੇ ਹਥ ਇਕ ਕਾਪੀ ਇਸ ਅਮੋਲਕ ਸ਼ੈ ਦੀ ਕਾਲਜ ਵਿਚ ਬੀ ਉਪਸਥਿਤ ਹੋ ਜਾਏ। ਹੁਣ ਇਕ ਕਾਪੀ ਖਾ: ਕਾਲਜ ਵਿਚ ਹੈ ਤੇ ਇਕ ਸਾਡੇ ਪਾਸ ਪਹੁੰਚੀ ਹੈ। ਸੋ ਇਹ ਅਮੋਲਕ ਵਸਤੂ ਸਾਨੂੰ ਸ: ਉਮਰਾਉ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ, ਜਿਸ ਲਈ ਆਪ ਦਾ ਪਰਮ ਧੰਨਜਵਾਦ ਹੈ।

۸. ਤੁਰਾ ਤੁਰਕਤਾਜ਼ੀ ਬ-ਮਕਰੋ ਰਿਆ।
ਮਰਾ ਚਾਰਹ ਸਾਜ਼ੀ ਬਸਿਦਕੋ ਸਫ਼ਾ।
੫. ਨ ਜ਼ੇਬਦ ਤੁਰਾ ਨਾਮ ਔਰੰਗਜ਼ੇਬ।
ਕਿ ਔਰੰਗਜ਼ੇਬਾਂ ਨਿਆਯਦ ਫਰੇਬ।
੬. ਨ ਤਸਬੀਹਤ ਅਜ਼ ਸਜੋ ਰਿਸ਼ਤਹਏ ਬੇਸ਼।
ਕਜ਼ਾਂ ਦਾਨਾ ਸਾਜ਼ੀ ਵਜ਼ੀਂ ਦਾਨਾ, ਖੇਸ਼।

੭. ਤੁ ਖ਼ਾਕੇ ਪਿਦਰ ਰਾ ਬਕਿਰਦਾਰੇ ਜ਼ਿਸ਼ਤ।
ਬਖ਼ੂਨੇ ਬਿਰਾਦਰ ਬਿਦਾਦੀ ਸਰਿਸ਼ਤ।
੮. ਵਜ਼ਾਂ ਖਾਨ੍ਹਾਏ ਖ਼ਾਮ ਕਰਦੀ ਬਿਨਾ।
ਬਰਾਏ ਦਰੇ ਦੌਲਤੇ ਖੇਸ਼ ਰਾ।
੯. ਮਨ ਅਕਨੂੰ ਬਅਫ਼ਜ਼ਾਲੇ ਪੁਰਸ਼ੇ ਅਕਾਲ।
ਕ਼ੁਨਮ ਆਬੇ ਆਹਨ ਚੁਨਾਂ ਬਰਸ਼ਿਕਾਲ।
੧੦.ਜ਼ਿਕੇਹੇਦਕਨ ਤਿਸ਼ਨਹਕਾਮ ਆਮਦੀ।
ਜ਼ਿ ਮੈਵਾੜ ਹਮ ਤਲਖ਼ ਕਾਮ ਆਮਦੀ।
੧੧.ਬਦੀਂਸੂ ਚੁ ਅਕਨੂੰ ਨਿਗਾਹਤ ਦਵਦ।
ਕਿ ਆਂ ਤਲਖ਼ੀਓ ਤਿਸ਼ਨਰੀਯਤ ਰਵਦ।
੧੨.ਚੁਨਾਂ ਆਤਿਸ਼ੇ ਜ਼ੇਰਿ ਨਾਅਲਤਨਿ ਹੰਮ।
ਜ਼ਿ ਪੰਜਾਬ ਆਬਤ ਨ ਖ਼ੁਰਦਨ ਦਿਹੰਮ।

੧੩.ਚਿਹ ਮ਼ੁਦ ਗਰਸ਼ਿਗਾ ਲੇ ਬਮਕਰੋਰਿਆ।
ਹਮੀ ਕ਼ੁਸ਼ਤ ਦੋ ਬੱਚ੍ਹਾਏ ਸ਼ੇਰ ਰਾ।
੧੪. ਚੁ ਸ਼ੇਰੇ ਜ਼ਿਆਂ ਜ਼ਿੰਦਾ ਮਾਨਦ ਹਮੀਂ।
ਜ਼ਿ ਤੋ ਇੰਤਕਾਮੇ ਸਤਾਨਦ ਹਮੀਂ।
੧੫.ਨ ਦੀਗਰ ਗਰਾਇਮ ਬਨਾਮੇ ਖ਼ੁਦਾਤ।
ਕਿ ਦੀਦਮ ਖ਼ੁਦਾਓ ਕਲਾਮੇ ਖ਼ੁਦਾਤ।

੧੬. ਬ-ਸੌਗੰਦੇ ਤੋ ਇਅਤਬਾਰੇ ਨ ਮਾਂਦ।
ਮਰਾ ਜ਼ੁਜ਼ ਬ-ਸ਼ਮਸ਼ੀਰ ਕਾਰੇ ਨ ਮਾਂਦ।
੧੭. ਤੂਈ ਗੁਰਗਿ ਬਾਰਾਂ ਕਸ਼ੀਦਹ ਅਗਰ।
ਨਿਹੰਮ ਨੀਜ਼ ਸ਼ੇਰੇ ਜ਼ਿ-ਦਾਮੇ ਬਦਰ।
੧੮. ਅਗਰ ਬਾਜ਼ਗੁਫ਼ਤੋਸ਼ਨੀਦਤ ਬਮਾਸਤ।
ਨੁਮਾਇਮ ਤੁਰਾ ਜਾਦਹ ਏ ਪਾਕੋ ਰਾਸਤ।
੧੯. ਬਮੈਦਾਂ ਦੋ ਲਸ਼ਕਰ ਸਫ਼ ਆਰਾਸ਼ਵੰਦ।
ਜ਼ੂਦੀ ਬਹਮ ਆਸ਼ਕਾਰਾ ਸ਼ਵੰਦ।

੮. ਤੇਰੀ ਦੌੜਧੂਪ (ਯਾ ਲੁਟਮਾਰ) ਮਕਰ ਤੇ ਫਰੇਬ ਵਿਚ ਹੈ, ਮੇਰੀ ਤਦਬੀਰ ਸਚਾਈ ਤੇ ਸਿਦਕ ਨਾਲ ਹੈ।
੫. ਤੈਨੂੰ ਔਰੰਗਜ਼ੇਬ ਨਾਮ ਨਹੀਂ ਸੋਭਦਾ, ਕਿਉਂਕਿ ਔਰੰਗ-ਜ਼ੇਬਾਂ (ਬਾਦਸ਼ਾਹਾਂ) ਤੋਂ ਫਰੇਬ ਨਹੀਂ ਹੋਣਾ ਚਾਹੀਦਾ।
੬. ਤੇਰੀ ਤਸਬੀ 'ਮਣਕੇ ਤੇ ਧਾਗੇ' ਤੋਂ ਵੱਧ ਕੁਛ ਨਹੀਂ ਕਿਉਂਕਿ ਤੂੰ ਮਣਕਿਆਂ ਨੂੰ ਦਾਣਾ* ਬਣਾਉਂਦਾ ਹੈਂ ਤੇ ਧਾਗੇ ਨੂੰ ਆਪਣਾ ਜਾਲ।
੭. ਤੂੰ ਆਪਣੇ ਪਿਤਾ ਦੀ ਮਿੱਟੀ ਨੂੰ ਭੈੜੇ ਕੰਮਾਂ ਨਾਲ ਤੇ ਭਰਾ ਦੇ ਖ਼ੂਨ ਨਾਲ ਗੁੰਨ੍ਹਿਆ।
੮. ਤੂੰ ਉਸ ਨਾਲ ਕੱਚਾ ਘਰ ਬਨਾਇਆ, ਆਪਣੇ ਰਹਿਣ ਦੇ ਵਾਸਤੇ।
੯. ਮੈਂ ਹੁਣ ਅਕਾਲ ਪੁਰਖ ਦੇ ਫ਼ਜ਼ਲ ਨਾਲ ਲੋਹੇ ਦੇ ਪਾਣੀ (ਧਾਰ) ਨਾਲ ਬਰਸਾਤ ਵਾਂਗ ਹਮਲਾ ਕਰਾਂਗਾ।
੧੦. ਦੱਖਣ ਦੇ ਪਹਾੜਾਂ ਵਿਚੋਂ ਤੂੰ ਅਸਫਲ ਆਇਆ ਹੈਂ, ਤੇ ਮੈਵਾੜ ਤੋਂ ਵੀ ਤੂੰ ਤਿਹਾਯਾ ਆਇਆ ਹੈਂ।
੧੧. ਇਸ ਪਾਸੇ ਹੁਣ ਜੇ ਤੇਰੀ ਨਜ਼ਰ ਫਿਰੀ ਕਿ ਤੇਰੀ ਉਹ (ਗਲੇ ਦੀ) ਤਲਖੀ ਤੇ ਤ੍ਰੇਹ ਜਾਂਦੀ ਰਹੇ। (ਤਾਂ)
੧੨. ਤੇਰੇ ਪੈਰਾਂ ਹੇਠ ਇਸ ਤਰ੍ਹਾਂ ਅੱਗ ਰਖਾਂਗਾ, ਕਿ ਪੰਜਾਬ ਵਿਚੋਂ ਤੈਨੂੰ ਪਾਣੀ ਪੀਣ ਨਹੀਂ ਦਿਆਂਗਾ (ਭਾਵ ਐਸਾ ਬੇਕਰਾਰ ਕਰ ਦਿਆਂਗਾ ਕਿ...)।
੧੩. ਕੀ ਹੋਇਆ ਜੇ ਗਿਦੜ ਨੇ ਮਕਰ ਤੇ ਫ਼ਰੇਬ ਨਾਲ ਸ਼ੇਰ ਦੇ ਦੋ ਬੱਚੇ ਮਾਰ ਦਿੱਤੇ।
੧੪. ਜਦ ਕਿ ਸ਼ੇਰ ਬਬਰ (ਤੁੰਦਖ਼ੋ) ਅਜੇ ਜੀਉਂਦਾ ਹੈ ਤੇਰੇ ਕੋਲੋਂ ਉਹ ਬਦਲਾ ਲਏਗਾ।
੧੫. ਤੇਰੇ ਕੋਲੋਂ ਤੇਰੇ ਖ਼ੁਦਾ ਦੇ ਨਾਮ ਤੇ ਮੈਂ ਹੁਣ ਕੁਛ ਨਹੀਂ ਮੰਗਦਾ, ਕਿਉਂਕਿ ਮੈਂ ਤੇਰੇ ਖ਼ੁਦਾ ਨੂੰ ਤੇ ਤੇਰੇ ਖ਼ੁਦਾ ਦੀ ਕਲਾਮ ਨੂੰ ਦੇਖ ਲਿਆ ਹੈ।
੧੬. ਤੇਰੀ ਸੌਂਹ ਤੇ ਮੈਨੂੰ ਇਤਬਾਰ ਨਹੀਂ ਰਿਹਾ, ਮੈਨੂੰ (ਹੁਣ) ਸਿਵਾ ਤਲਵਾਰ ਦੇ ਹੋਰ ਕੰਮ ਨਹੀਂ ਰਿਹਾ।
੧੭. ਜੇ ਤੂੰ ਬੜਾ ਚਾਲਾਕ (ਜ਼ਮਾਨਾ ਦੀਦਹ) ਬਘਿਆੜ ਹੈਂ, ਸ਼ੇਰ ਨੂੰ ਫਿਰ ਵੀ ਤੇਰੇ ਜਾਲ ਤੋਂ ਬਾਹਰ ਰਖਾਂਗਾ।
੧੮. ਜੇ ਤੇਰੀ ਫਿਰ ਮੇਰੇ ਨਾਲ ਗਲ ਬਾਤ ਹੋਈ, ਤਾਂ ਤੈਨੂੰ ਸਿੱਧਾ ਤੇ ਪਵਿੱਤ੍ਰ ਰਾਹ ਦਿਖਲਾਵਾਂਗਾ।
੧੯. ਮੈਦਾਨ ਵਿਚ ਦੋ ਲਸ਼ਕਰ ਸਫ਼ਾਂ ਬੰਨ ਲੈਣ ਤੇ ਛੇਤੀ ਨਾਲ ਆਪੋ ਵਿਚ ਪਰਗਟ ਹੋ ਜਾਣ।

*ਪੰਛੀ ਫੜਨ ਲਈ ਜੋ ਦਾਣਾ ਯਾ ਚੋਗਾ ਪਾਈਦਾ ਹੈ ਜਾਲ ਉਤੇ।

੨੦. ਮਿਆਨੇ ਦੋ ਮਾਨਦੋ ਵ ਫਰਸੰਗ ਰਾ।	੨੦. ਦੋਹਾਂ ਦੇ ਵਿਚਕਾਰ ਹੋਵੇ ਫਾਸਲਾ ੩੍ ਮੀਲ ਦਾ।
... ...	... ...
੨੧. ਅਜ਼ਾਂ ਪਸ ਦਰ ਅਰਸਾਏ ਕਾਰਜ਼ਾਰ।	੨੧. ਉਸ ਤੋਂ ਪਿੱਛੋਂ ਉਸ ਲੜਾਈ ਦੇ ਸਮੇਂ ਮੈਂ
ਮਨ ਆਇਮ ਜੁਰੀਦਹ ਤੂ ਬਾ ਦੋ ਸਵਾਰ।	ਇਕੱਲਾ ਆਵਾਂਗਾ ਤੂੰ ਦੋ ਸਵਾਰਾਂ ਸਮੇਤ ਆਵੀਂ।
੨੨. ਤੂ ਅਜ਼ਨਾ ਜ਼ੋ ਨਿਅ੍ਮਤ ਸਮਰਖ਼ੁਰਦਹਈ।	੨੨. ਤੂੰ ਲਾਡਾਂ ਨਿਆਮਤਾਂ ਦੇ ਫਲ ਖਾਧੇ ਹੋਏ ਹਨ, (ਪਰ)
ਜ਼ਿ ਜੰਗੀ ਜੁਵਾਨਾਂ ਨਾਬਰ ਖ਼ੁਰਦਹਈ।	ਜੰਗ ਦੇ ਬਹਾਦਰਾਂ ਸਾਹਮਣੇ ਤੂੰ ਕਦੇ ਆਪ ਨਹੀਂ ਹੋਯਾ।
੨੩.ਬਮੈਦਾਂ ਬਿਆਂ ਖ਼ੁਦ ਬਤੇਗ਼ੋ ਤਬਰ।	੨੩. ਤਲਵਾਰ ਤੇ ਤਬਰ ਨਾਲ ਆਪ ਮੈਦਾਨ ਵਿਚ ਆ,
ਮਕੁਨ ਖ਼ਲਕੇ ਖ਼ੱਲਾਕ ਜ਼ੇਰੋ ਜ਼ਬਰ।	ਖਾਲਕ ਦੀ ਖਕਤ ਨੂੰ ਹੇਠਾਂ ਉਤੇ (ਤਬਾਹ) ਨ ਕਰ।

ਅਪਣਾ ਇਹ ਕਾਰਜ ਕਰਕੇ ਸਤਿਗੁਰ ਜੀ ਮਾਛੀਵਾੜੇ ਤੋਂ ਟੁਰ ਗਏ ਤੇ ਕਿਸੇ ਨੂੰ ਥਹੁ ਨਾ ਪਿਆ। ਮਾਛੀਵਾੜੇ ਤੋਂ ਟੁਰਕੇ ਸ੍ਰੀ ਗੁਰੂ ਜੀ ਘੁਲਾਲ, ਲਲਾਂ, ਕੁਥੇ, ਕਟਾਣੀ, ਰਾਮ ਪੁਰ ਹੁੰਦੇ ਹੋਏ ਕਨੇਚ ਅੱਪੜੇ। ਇਥੇ ਆਪ ਬੈਠੇ ਸਨ ਕਿ ਫੱਤਾ ਨਾਮੇ ਇਕ ਜੱਟ ਜੋ ਆਪਦਾ ਸਿੱਖ ਸੀ ਆ ਮਿਲਿਆ ਤੇ ਸੇਵਾ ਪੁਛਣ ਲੱਗਾ। ਗੁਰੂ ਜੀ ਨੇ ਕਿਹਾ ਆਪਣੀ ਘੋੜੀ ਲਿਆ ਦੇ। ਇਸ ਨੇ ਘਰ ਜਾਕੇ ਘੋੜੀ ਤਾਂ ਨਾ ਆਂਦੀ ਪਰ ਇਕ ਛੋਟੀ ਟੈਰ ਕਾਠੀ ਪਾਕੇ ਲੈ ਆਯਾ, ਜੋ ਬਹੁਤ ਨੀਵੀਂ ਸੀ। ਗੁਰੂ ਜੀ ਦੇਖਕੇ ਹੱਸੇ ਤੇ ਕਹਿਣ ਲੱਗੇ, ਫੱਤਿਆ! ਵਡੀ ਘੋੜੀ ਲਿਆ, ਇਹ ਟੈਰ ਤਾਂ ਸਾਡੇ ਸਵਾਰੀ ਲਾਇਕ ਨਹੀਂ। ਫੱਤੇ ਨੇ ਵਲਾ ਕਰਕੇ ਕਿਹਾ, ਪਾਤਸ਼ਾਹ ਉਹ ਤਾਂ ਮੇਰਾ ਜੁਵਾਈ ਲੈ ਗਿਆ ਹੈ। ਗੁਰੂ ਜੀ ਨੇ ਕਿਹਾ ਵਲਾ ਨਾ ਕਰ, ਘੋੜੀ ਲਿਆਦੇ, ਅਗਲੇ ਪਿੰਡੋਂ ਮੋੜ ਘੱਲਾਂਗੇ ਤੇ ਓਥੋਂ ਹੋਰ ਲੈ ਲਵਾਂਗੇ। ਪਰ ਫੱਤੇ ਨੇ ਝੂਠ ਨੂੰ ਹੀ ਪਿਆਰ ਕੀਤਾ ਤੇ ਘੋੜੀ ਨਾ ਦਿੱਤੀ। ਘਰ ਗਿਆ ਤਾਂ ਵਡੀ ਘੋੜੀ ਨੂੰ ਸੱਪ ਲੜ ਚੁਕਾ ਸੀ ਤੇ ਉਸੇ ਸੱਪ ਦੇ ਡੰਗ ਨਾਲ ਆਪ ਵੀ ਚਲ ਬਸਿਆ। ਇਥੋਂ ਰਵਾਨਾ ਹੋ ਕੇ ਗੁਰੂ ਜੀ ਆਲਮਗੀਰ ਜੋਧ ਮੋਹੀ ਹੁੰਦੇ ਹੋਏ ਹੇਹਰ ਆ ਆਪਣੇ ਸਿਖ ਕ੍ਰਿਪਾਲ ਉਦਾਸੀ ਦੇ ਡੇਰੇ ਉਤਰੇ।

੭੩. ਸਰਹਿੰਦ ਦਾ ਸਾਕਾ*।

ਇਧਰ ਸੱਤਿਗੁਰੂ ਜੀ ਮਾਲਵੇ ਨੂੰ ਚਲੇ ਜਾ ਰਹੇ ਹੇਹਰ ਪਹੁੰਚੇ ਹਨ। ਕਿਤੇ ਦਮ ਲੈਣ ਲਈ ਠਹਿਰਦੇ ਹਨ, ਕਿਤੇ ਦਿਨ ਗੁਜ਼ਾਰਦੇ ਹਨ ਤੇ ਕਿਤੇ ਰਾਤ। ਉਧਰ ਛੋਟੇ ਸਾਹਿਬਜ਼ਾਦਿਆਂ ਨਾਲ ਸਰਹਿੰਦ ਵਿਚ ਜੋ ਬਣੀ ਸੋ ਇਸ ਪ੍ਰਕਾਰ ਹੈ:-

ਰੋਪੜ ਲਾਗੇ ਘਮਸਾਨ ਮਚਿਆ ਸੀ, ਉਸ ਵਿਚ ਸ੍ਰੀ ਗੁਰੂ ਜੀ ਦੇ ਮਾਤਾ ਜੀ-ਸ੍ਰੀ ਮਾਤਾ ਗੁਜਰੀ ਜੀ-ਤੇ ਛੋਟੇ ਦੋਇ ਸਾਹਿਬਜ਼ਾਦੇ ਵਹੀਰ ਤੋਂ ਵਿਛੁੜੇ ਸਨ। ਉਸ ਸਮੇਂ ਰੀਗੂ ਮਿਲ ਪਿਆ ਜਿਸ ਦਾ ਹਾਲ ਗੁਰ ਬਿਲਾਸ ਵਿਚ ਐਉਂ ਲਿਖਿਆ ਹੈ:-

ਹੁਤੋ ਮਸੰਦ ਨੀਚ ਇਕ ਪਾਪੀ॥ ਬਿੱਪ੍ ਬੰਸ ਚੰਡਾਰ ਸੁ ਖਾਪੀ॥੨੪੦॥ ਰੋਪਰ ਤੇ ਵਹੁ ਰਾਹੁ ਭੁਲਾਈ॥ ਨਿਜ ਪੁਰਿ ਕੋ ਲੈ ਗਯੋ ਕਸਾਈ॥ ਸਾਹਿਬਜ਼ਾਦੇ ਦੋਊ ਕੁਮਾਰ॥ ਤੀਜੇ ਦਾਦੀ ਸਾਥ ਨਿਹਾਰ॥੨੪੧॥ ਏਕ ਆਧ ਅਨ ਖਿਜਮਤ ਦਾਰ॥ ਖੱਚਰ ਧਨ ਘੋਰੇ ਜੁਗ ਚਾਰ॥ ਪਲਕ ਹਜ਼ੂਰ ਸੁ ਰਹੇ ਪਿਛਾਰੀ॥ ਫਰਕ ਪਯੋ ਰਜਨੀ ਮਧ ਕਾਰੀ॥ ੨੪੨॥ ਬਿੱਪ ਕਹੀ ਮਿਲਤੇ ਹੈਂ ਅਬੀ॥ ਏ ਆਗੇ ਜਾਵਤ ਹੈਂ ਸਬੀ॥ ਯੋ ਕਹ ਕਰ ਦੋਖੀ ਲੈ ਧਾਯੋ॥ ਆਪਨ ਗ੍ਰਾਮ ਨੀਚ ਲੈ ਆਯੋ॥ ੨੪੩॥ ਖੱਚਰ ਮਾਯਾ ਨਿਰਖ ਗਵਾਰ॥

*ਇਹ ਪ੍ਰਸੰਗ ਸੰ: ਗੁ: ਨਾ: ਸਾ: ੪੨੭ (ਸੰਨ ੧੮੯੫) ਵਿਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਹ ਸਿੰਘ ਜੀ ਦੇ ਸ਼ਹੀਦੀ ਪੁਰਬ ਪੁਰ 'ਬਲੀਦਾਨ' ਨਾਮ ਹੇਠ ਪ੍ਰਕਾਸ਼ਤ ਹੋਇਆ ਸੀ।

ਬੂਡੋ ਪਾਪੀ ਲੋਭ ਮਝਾਰ॥ ਐਸ ਬਿਚਾਰ ਗਾਂਵ ਲੈ ਆਯੋ॥ ਮਾਤਾ ਜੀ ਯਹ ਭੇਦ ਨ ਪਾਯੋ॥ ੨੪੪॥ (ਗੁ: ਬਿ: ਸੁ: ਸਿੰ: ਧਿ: ੨੧)

ਇਸ ਅਪਦਾ ਵਿਚ ਮਾਤਾ ਜੀ ਨੇ ਗੰਗੂ ਦੇ ਇਸ ਸਹਾਰੇ ਨੂੰ ਹੀ ਉੱਤਮ ਜਾਣਿਆਂ, ਅਰ ਖੇੜੀ ਕਰਮਾਂ ਦੀ ਫੇੜੀ ਵਲ ਮੂੰਹ ਧਰ ਦਿੱਤਾ ਤੇ ਬ੍ਰਾਹਮਣ ਦੇ ਘਰ ਅੱਪੜ ਪਏ। ਉਸ ਨੇ ਘਰ ਦੀ ਅੰਦਰ ਵਾਲੀ ਕੋਠੜੀ ਵਿਚ ਉਤਾਰਾ ਦਿੱਤਾ, ਜਿੱਥੇ ਇਕ ਸਫ ਪਰ ਮਾਤਾ ਜੀ ਨੇ ਆਪਣੇ ਲਾਡਾਂ ਨਾਲ ਪਾਲੇ ਪੋਤ੍ਰਿਆਂ ਨੂੰ ਸੁਆ ਦਿਤਾ।

ਮਾਤਾ ਅੱਜ ਅੱਖਾਂ ਦੇ ਤਾਰਿਆਂ ਨੂੰ ਸੌਫ ਪੁਰ ਸੁਆਕੇ ਰਜ਼ਾ ਵਲ ਤੱਕ ਰਹੀ ਹੈ। ਪਲ ਮਗਰੋਂ ਸੱਜੇ ਪੱਟ ਪਰ ਜ਼ੋਰਾਵਰ ਸਿੰਘ ਤੇ ਖੱਬੇ ਪੁਰ ਫਤ ਸਿੰਘ ਦਾ ਸਿਰ ਰੱਖ ਲੀਤਾ। ਅਧੀ ਕੁ ਰਾਤ ਤੀਕ ਸਾਹਿਬਜ਼ਾਦੇ ਆਰਾਮ ਦੀ ਨੀਂਦਰ ਸੁੱਤੇ ਰਹੇ, ਪਰ ਹੁਣ ਪਿਆਰੀਆਂ ਪਿਆਰੀਆਂ ਰਸੀਲੀਆਂ ਅੱਖਾਂ ਜਿਨ੍ਹਾਂ ਵਲ ਮਾਤਾ ਜੀ, ਈਸ਼ੂਰ ਜਾਣੇ ਕਿਸ ਗੂੜ੍ਹੇ ਪ੍ਰੇਮ ਨਾਲ ਤੱਕ ਰਹੇ ਸਨ, ਕਵਲ ਵਾਂਙ ਖੋਲ੍ਹ ਦਿੱਤੀਆਂ। ਪਿਆਰੀ ਮਾਤਾ ਨੇ ਦੁਹਾਂ ਨੂੰ ਗਲ ਨਾਲ ਲਾਇਆ, ਪਿਆਰ ਦਿੱਤਾ। ਇਸ ਪ੍ਰੇਮ ਵਿੱਚ ਮਾਤਾ ਦੀਆਂ ਅੱਖਾਂ ਤੋਂ ਚਾਰ ਹੰਝੂ ਡਿੱਗੇ, ਜੋ ਤ੍ਰੁਪ ਤ੍ਰੁਪ ਕਰਦੇ ਫਤੇ ਸਿੰਘ ਜੀ ਦੀਆਂ ਗੁਲਾਬ ਵਰਗੀਆਂ ਗੱਲ੍ਹਾਂ ਪੁਰ ਪਏ। ਜ਼ੋਰਾਵਰ ਸਿੰਘ ਜੀ ਮਾਤਾ ਵੱਲ ਵੇਖਕੇ ਗ਼ਲ ਨਾਲ ਚੰਬੜਕੇ ਕਹਿਣ ਲੱਗੇ: "ਮਾਤਾ ਜੀ! ਤੁਸੀਂ ਕਿਉਂ ਉਦਾਸ ਹੁੰਦੇ ਹੋ, ਅਕਾਲ ਪੁਰਖ ਸਾਡੇ ਅੰਗ ਸੰਗ ਹੈ"। ਇਸ ਉੱਤਰ ਨੂੰ ਸੁਣ ਅਰ ਆਪਣੇ ਲਾਡਲੇ ਪੋਤਰਿਆਂ ਵਿਚ ਪਿਤਾ ਪਿਤਾਮਾਂ ਦੇ ਪੂਰੇ ਪ੍ਰਤਿਬਿੰਬ ਦੇਖ ਮਾਤਾ ਦੇ ਹਿਰਦੇ ਵਿਚ ਪ੍ਰੇਮ ਦੀ ਖਿੱਚ ਦਾ ਅਜਿਹਾ ਜ਼ੋਰ ਪਿਆ ਕਿ ਸਨੇਹ ਦੇ ਪੁਤਲਿਆਂ ਨੂੰ ਹੋਰ ਬੀ ਛਾਤੀ ਨਾਲ ਘੁੱਟਿਆ, ਅਰ ਅੱਖਾਂ ਬੰਦ ਹੋ ਗਈਆਂ। ਫੇਰ ਝੱਟ ਹੀ ਮਾਤਾ ਜੀ ਨੇ ਅੱਖਾਂ ਖੋਲ੍ਹੀਆਂ। ਤ੍ਰਿਪਹਿਰੇ ਮਗਰੋਂ ਅਕਾਲ ਪੁਰਖ ਦਾ ਆਸਰਾ ਠਾਣਕੇ ਉੱਠੇ, ਜਲ ਮੰਗਵਾਇਆ, ਇਸ਼ਨਾਨ ਕੀਤਾ ਕਰਵਾਇਆ, ਅਰ ਜਪੁਜੀ ਸਾਹਿਬ ਦਾ ਪਾਠ ਸੁਣਿਆਂ।

ਪੰਜ ਯਾ ਛੇ ਪੋਹ ੧੬੬੧ ਦੀ ਰਾਤ ਨੂੰ ਗੁਰੂ ਸਾਹਿਬ ਅਨੰਦਪੁਰੋਂ ਨਿਕਲੇ ਸਨ ਤੇ ਮਾਤਾ ਜੀ ੭ ਪੋਹ ਦੇ ਸਵੇਰ ਲਾਗ ਖੇੜੀ ਪਹੁੰਚੇ ਸਨ। ਅਜ ੭ ਪੋਹ ਦਾ ਦਿਨ ਇਸ ਘਰ ਬੀਤਿਆ। ਸੇਵਕ ਜੋ ਨਾਲ ਸੀ ਉਹ ਦੁਪਹਿਰ ਦਾ ਹੀ ਸੁੰਧਕਾਂ ਕੱਢਣ ਲਈ ਭੇਜਿਆ ਹੋਇਆ ਸੀ, ਆ ਗਿਆ, ਪਰ ਉਸਨੂੰ ਪੱਕਾ ਪਤਾ ਕੁਝ ਨਾ ਲੱਗਾ। ਉਸਨੂੰ ਮਾਤਾ ਜੀ ਨੇ ਸਾਮਾਨ ਠੀਕ ਕਰਨ ਤੇ ਲਾਇਆ:-ਦਾਸ ਗਯੋ ਥੋ ਵਹਿਰ ਕੋ ਸੋ ਤਿਸ ਛਿਨ ਆਯੋ॥ ਤਿਮਰ ਭਏ ਤੇ ਵਸਤ ਸਭਿ ਸੰਭਾਰਨਿ ਲਾਇਓ। (ਸੂ: ਪ੍ਰ:)। ਸਾਮਾਨ ਸੰਭਾਲਕੇ ਦਾਸ ਨੇ ਦੱਸਿਆ ਕਿ ਮੁਹਰਾਂ ਵਾਲੀ ਖੁਰਜੀ ਹੈ ਨਹੀਂ, ਹੋਰ ਸਾਮਾਨ ਸਾਰਾ ਪਿਆ ਹੈ, ਤਦ ਮਾਤਾ ਜੀ ਨੇ ਗੰਗੂ ਨੂੰ ਸੱਦ ਕੇ ਪੁੱਛਿਆ ਕਿ "ਕਾਕਾ ਜੇ ਤੁਮਾਂ ਇੱਥੋਂ ਖੁਰਜੀ ਸਾਂਭੀ ਹੈ ਤਾਂ ਚੰਗਾ"। ਉਸ ਕਿਹਾ ਕਿ "ਮੈਂ ਤੁਹਾਨੂੰ ਅੱਗੇ ਹੀ ਕਹਿ ਦਿੱਤਾ ਸੀ ਕਿ ਅਪਣਾ ਆਪ ਸੰਭਾਲ ਕੇ ਰੱਖਣਾ, ਇਸ ਪਿੰਡ ਚੋਰ ਵੱਡੇ ਹਨ।" ਮਾਤਾ ਜੀ ਨੇ ਕਿਹਾ, "ਮਿਸਰ ਜੀ! ਤੁਹਾਡੇ ਬਿਨਾਂ ਤਾਂ ਹੋਰ ਕੋਈ ਤੁਹਾਡੇ ਘਰ ਵਿਚ ਨਹੀਂ ਆ ਸਕਦਾ, ਪਰ ਜੇ ਕੋਈ ਚੋਰੀ ਆਕੇ ਲੈ ਹੀ ਗਿਆ ਹੈ ਤਾਂ ਵਾਹ ਵਾਹ"। ਤਾਂ ਰਸੋਈਏ ਨੇ ਲਾਲੋ ਲਾਲ ਹੋਕੇ ਉੱਤਰ ਦਿੱਤਾ, "ਵਾਹ ਵਾਹ! ਇਹ ਨੇਕੀ ਦਾ ਫਲ ਮੈਨੂੰ ਦੇਣ ਲਗੇ ਹੋ, ਆਪਣੀ ਜਾਨ ਤਲੀ ਉੱਤੇ ਧਰ ਕੇ ਤੁਹਾਨੂੰ ਬਚਾਇਆ, ਆਪਣੇ ਘਰ ਆਸਰਾ ਦਿੱਤਾ, ਜੇਕਰ ਕੋਈ ਕਾਜ਼ੀ ਯਾ ਨਵਾਬ ਸੁਣ ਪਾਵੇ ਤਾਂ ਮੇਰਾ ਘਾਣ ਬੱਚਾ ਪੀੜਿਆ ਜਾਵੇ। ਹਾਇ ਹਾਇ! ਜੇ ਮੈਨੂੰ ਇਹ ਫਲ ਮਿਲਣਾ ਸੀ ਤਾਂ ਮੈਂ ਕਿਉਂ ਇਕ ਬਾਗੀ ਦੀ ਮਾਂ ਤੇ ਪੁੱਤਰਾਂ ਨੂੰ ਮੌਤ ਤੇ ਬਿਪਤਾ ਦੇ ਮੂੰਹੋਂ ਛੁਡਾਇਆ? ਹਾਇ ਭਗਵਾਨ, ਇਹ ਕਲਜੁਗ ਹੈ ਕਲਜੁਗ! ਹਰੇ ਹਰੇ! ਨੇਕੀ ਬਰਬਾਦ ਇੰਜ ਹੀ ਹੁੰਦੀ ਹੈ!" ਮਾਤਾ ਜੀ ਨੇ ਵਡੇ ਧੀਰਜ ਨਾਲ ਉੱਤਰ ਦਿੱਤਾ: "ਮਿਸਰ ਜੀ! ਮੈਂ ਤਾਂ ਤੁਹਾਨੂੰ ਊਜ ਨਹੀਂ ਲਾਈ, ਇਕ ਰਾਹ ਦੀ ਗੱਲ ਕੀਤੀ ਹੈ, ਸੋ ਹਛਾ ਵਾਹ ਵਾਹ ਜਿਸ ਦੇ ਭਾਗਾਂ ਦਾ ਸੀ ਸੋ ਲੈ ਗਿਆ। ਵਾਹਿਗੁਰੂ ਦੀ ਜੋ ਇੱਛਾ ਹੋਵੇ, ਪਰਵਾਨ ਹੈ, ਤੁਸੀਂ ਕ੍ਰੋਧ ਨੂੰ ਦੂਰ ਕਰੋ"।

ਇਹ ਕੋਮਲ ਬਚਨ ਗੰਗੂ ਦੇ ਬੇਈਮਾਨ ਮਨ ਪੁਰ ਨਿਰਾ ਇੰਨਾਂ ਅਸਰ ਰਖਦੇ ਸਨ, ਜਿੰਨਾ ਕੁ ਇਕ ਜੁਆਲਾਮੁਖੀ ਪੁਰ ਪਾਣੀ ਦਾ ਛੱਟਾ। ਉਸੇ ਬਨਾਉਟੀ

ਰੋਹ ਵਿਚ ਉੱਤਰ ਦਿੱਤੋ ਸੁ: "ਨਹੀਂ ਨਹੀਂ, ਤੁਸੀਂ ਖੱਤ੍ਰੀ ਵਡੇ ਕ੍ਰਿਤਘਣ ਹੋ, ਇਸੇ ਕਰਕੇ ਪਰਮਰਾਮ ਨੇ ਤੁਹਾਡਾ ਨਾਸ਼ ਕੀਤਾ ਸੀ, ਹੁਣ ਮੈਂ ਬੀ ਤੁਹਾਨੂੰ ਨਾਸ਼ੁਕਰੀ ਦਾ ਸੁਆਦ ਚਖਾਉਂਦਾ ਹਾਂ। ਹੁਣ ਮੁਗ਼ਲ ਹਾਕਮ ਦੇ ਹਵਾਲੇ ਕਰਦਾ ਹਾਂ, ਤਦ ਇਸ ਆਰਾਮ ਤੇ ਮੇਰੀ ਦਯਾ ਦੀ ਕਦਰ ਪਵੇਗੀ"।

ਮਾਤਾ ਬੋਲੀ: "ਮਿਸਰ ਜੀ! ਕਿਉਂ ਕੋਪਵਾਨ ਹੁੰਦੇ ਹੋ? ਅਸੀਂ ਤੈਨੂੰ ਚੋਰ ਨਹੀਂ ਬਣਾਉਂਦੇ, ਕਿਉਂਕਿ ਅਸਾਂ ਕਿਸੇ ਨੂੰ ਡਿੱਠਾ ਨਹੀਂ, ਇਕ ਸਹਿਜ ਸੁਭਾ ਦੀ ਗਲ ਪੁੱਛੀ ਹੈ, ਸੋ ਸ਼ਾਂਤ ਕਰੋ। ਜਦੋਂ ਅਸੀਂ ਟਿਕਾਣੇ ਅੱਪੜਾਂਗੇ ਤੁਹਾਡੇ ਅੰਦਰ ਬਾਹਰ ਭਰ ਦਿਆਂਗੇ"।

ਇਸ ਧਨ ਨੇ ਪ੍ਰਿਥਵੀ ਪਰ ਉਹ ਉਹ ਉਪੱਦ੍ਰਵ ਕਰਾਏ ਹਨ ਕਿ ਜਿਨ੍ਹਾਂ ਦੇ ਸੁਣਿਆਂ ਪ੍ਰਾਣ ਕੰਬ ਉਠਦੇ ਹਨ। ਇਹ ਬੇਈਮਾਨ ਧਨ ਦੀ ਖ਼ਾਤਰ ਹੀ ਮਾਤਾ ਜੀ ਨੂੰ ਆਪਣੇ ਘਰ ਲਿਆਇਆ ਸੀ, ਸੋ ਧਨ ਤਾਂ ਉਸਨੇ ਕਾਬੂ ਕਰ ਲੀਤਾ ਸੀ, ਹੁਣ ਇਹ ਉਪਾਉ ਕਰਨ ਲਗਾ ਕਿ ਕਿਵੇਂ ਇਹ ਇੱਥੋਂ ਨਿਕਲਣ, ਕਿਉਂਕਿ ਜੇ ਤੁਰਕਾਂ ਨੂੰ ਪਤਾ ਲਗ ਗਿਆ ਕਿ ਮੈਂ ਪਨਾਹ ਦਿੱਤੀ ਹੈ ਤਾਂ ਮੈਂ ਭੀ ਫਸ ਜਾਊਂ, ਫੇਰ ਧਨ ਦੀ ਮੌਜ ਕੌਣ ਲਊ? ਇਹ ਵਿਚਾਰ ਕੇ ਹੁਣ ਓਹ ਦਾਦੀ ਪੋਤਰਿਆਂ ਨੂੰ ਫੜਾਉਣਾ ਚਾਹੁੰਦਾ ਸੀ ਸੋ ਉਹ ਇਹੋ ਜਿਹੇ ਕੁਟਲ ਮਨੋਰਥ ਕਰਕੇ ਪਿੰਡ ਦੇ ਚੌਧਰੀ ਨੂੰ ਨਾਲ ਲੈਕੇ ਮੋਰੰਡੇ ਚਲਾ ਗਿਆ। ਜਾਨੀ ਖਾਂ ਮਾਨੀ ਖਾਂ* ਦੋ ਵਡਕਿਆਂ ਨੂੰ ਪਤਾ ਦਿੱਤਾ, ਤੜਕੇ ਹੀ ਇਹ ਖੇੜੀ ਆ ਪਹੁੰਚੇ।

ਜਾਨੀ ਖਾਂ ਮਾਤਾ ਜੀ ਨੂੰ ਆਖਣ ਲੱਗਾ "ਮਾਈ ਜੀ! ਆਪ ਪੋਤਰਿਆਂ ਸਣੇ ਬਾਹਰ ਆ ਜਾਓ, ਆਪ ਨੂੰ ਨਵਾਬ ਸਾਹਿਬ ਦੇ ਲਿਜਾਣਾ ਹੈ"। ਦੁਖੀਆ ਮਾਤਾ ਨੇ ਉੱਤਰ ਦਿੱਤਾ: "ਭਾਈ! ਇਨ੍ਹਾਂ ਬਾਲਾਂ ਨੇ ਕਿਸੇ ਦਾ ਕੁਝ ਨਹੀਂ ਵਿਗਾੜਿਆ, ਇਨ੍ਹਾਂ ਨੂੰ ਕਿਉਂ ਤਸੀਹਾ ਦਿੰਦੇ ਹੋ"। ਸਰਦਾਰ ਨੇ ਉੱਤਰ ਦਿੱਤਾ ਕਿ "ਤਸੀਹਾ ਇਨਾਂ ਨੂੰ ਕੋਈ ਨਹੀਂ ਮਿਲਦਾ ਆਪ ਘਾਬਰੋ ਨਹੀਂ, ਨਿਹਾ ਨਵਾਬ ਦੇ ਰੋਬਰੂ ਕਰਨਾ ਹੈ, ਹੋਰ ਕੁਝ ਨਹੀਂ।" ਲਾਚਾਰ ਬ੍ਰਿਧ ਮਾਤਾ ਤੁਰੀ। ਆਹ! ਪਿਆਰੇ ਪਾਠਕ! ਤੁਰੀ ਨਹੀਂ, ਸਿੱਕਾਂ ਨਾਲ ਲੀਤੇ, ਲਾਡਾਂ ਨਾਲ ਪਾਲੇ, ਰੱਬੀ ਰੰਗ ਵਾਲੇ ਬੱਚੇ, ਖ਼ਾਲਸਾ ਧਰਮ ਦੀਆਂ ਉਮੈਦਾਂ ਦੇ ਨੌ ਨਿਹਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਅੱਖਾਂ ਦੇ ਤਾਰੇ, ਮਾਤਾ ਦੇ ਪਿਆਰੇ ਲਾਲ, ਸੱਤਿ ਧਰਮ ਲਈ ਬਲੀਦਾਨ ਕਰਨ ਲਈ, ਬ੍ਰਿੱਧ ਮਾਤਾ ਨਾਲ ਲੈ, ਨਿੱਜ ਨਾ ਹੋਣੇ ਬ੍ਰਹਮਣ ਦੇ ਘਰੋਂ ਟੁਰੀ। ਰਥ ਵਿਚ ਬਿਠਾਈ ਗਈ, ਪਲੋ ਪਲੀ ਵਿਚ ਧਰਮ ਰਾਜ ਦੇ ਬਿਬਾਣਾਂ ਵਰਗਾ ਰਥ ਰਿੜ੍ਹਿਆ। ਠੰਢੀ ਹਵਾ ਚਲ ਰਹੀ ਹੈ, ਚਾਦਰਾਂ ਪਾ ਪਾ ਤੇ ਛਾਤੀ ਨਾਲ ਲਾ ਲਾ ਮਾਤਾ ਰਾਖੀ ਕਰਦੀ ਹੈ ਪਰ ਪੋਹ ਦੀ ਪੌਣ ਕੱਪੜੇ ਵਿੰਨ੍ਹ ਵਿੰਨ੍ਹ ਕੇ ਜਾ ਚੁਭਦੀ ਹੈ। ਸੂਰਜ ਚੜ੍ਹੇ ਇਸ ਤਰ੍ਹਾਂ ਮੋਰੰਡੇ ਪਹੁੰਚੇ। ਇਥੇ[1] ਕੁਝ ਚਿਰ ਠਹਿਰਕੇ ਸਰਹਿੰਦ ਵਲ ਕੂਚ ਹੋਈ। ਜਾਂ ਲੌਢੇ ਪਹਿਰ ਮਗਰੋਂ ਸ਼ਾਮਾਂ ਕੁ ਵੇਲੇ ਸਰਹਿੰਦ ਪਹੁੰਚੇ ਤਾਂ ਬੁਰਜ[2] ਵਿਚ ਕੈਦ ਕੀਤੇ ਗਏ।

ਸ਼ਹਿਰ ਵਿਚ ਤੇ ਬਜ਼ਾਰ ਵਿਚ ਗਲੀ ਕੂਚੇ ਧੁੰਮ ਗਿਆ ਕਿ ਗੁਰੂ ਜੀ ਦੇ ਬੇਟੇ ਫੜੇ ਗਏ ਹਨ। ਇਹ ਖ਼ਬਰ ਸਾਰੇ ਨਗਰ ਵਿਚ ਤੇ ਨਵਾਬ ਦੇ ਆਪਣੇ ਮਹਿਲੀਂ ਬੀ ਧੁੰਮ ਗਈ ਸੀ। ਹਰ ਥਾਂ ਹਾਹਾਕਾਰ ਹੋ ਰਹੀ ਸੀ ਅਰ ਹਰ ਘਰ ਸਹਿਮ ਛਾ ਰਿਹਾ ਸੀ।

ਠੰਢੇ ਠਾਰ ਬੁਰਜ ਵਿਚ ਜਗਤ ਗੁਰੂ ਜੀ ਦੀ ਮਾਤਾ ਤੇ ਦੋ ਬੇਟੇ ਰੱਖੇ ਗਏ। ਸਿਆਲੇ ਦੀ ਕੱਕਰੀ ਰਾਤ ਇਸ ਅਪਦਾ ਦੇ ਕਸ਼ਟਾਂ ਵਿਚ ਨਹੀਂ ਕੱਟ ਸਕਦੀ। ਹਾਹ! ਮਾਤਾ ਗੁਜਰੀ! ਕਿੱਥੇ ਹਨ ਤੇਰੇ ਮੰਦਰ, ਗਰਮ ਮਕਾਨ, ਦੋਹਰੀਆਂ ਚੌਹਰੀਆਂ ਨਿਹਾਲੀਆਂ ਤੇ ਰਜ਼ਾਈਆਂ ਵਾਲੇ ਘਰ? ਓਹ ਪਾਤ-ਸ਼ਾਹੀ ਸੁੱਖ ਭਰੇ ਸਥਾਨ ਕਿਧਰ ਗਏ? ਉਹ ਸੁੱਖ ਤੇ ਸੰਪਦਾ ਨੂੰ ਕੀ ਹੋਇਆ? ਤ੍ਰਿਲੋਕੀ ਦਾ ਨਾਥ ਤੇਰਾ ਪੁੱਤ੍ਰ, ਜੋ ਤੇਰੇ ਪੈਰ ਕੰਡਾ ਚੁੱਭਦਾ ਨਾ ਦੇਖ ਸਕੇ,

*ਮੋਰੰਡੇ ਦਾ ਗ੍ਰਿਫ਼ਤਾਰ ਕਰਨ ਵਾਲਾ ਰੰਘੜ ਸੀ, ਇਹ ਗੱਲ ਸੂ: ਪ੍ਰ: ਦੀ ਰੁਤ ੬: ਧਿਆ ੧. ਅੰਕ ੭, ੮, ੯, ੧੦ ਤੋਂ ਬੀ ਵਿਦਤ ਹੋ ਜਾਂਦਾ ਹੈ।

੧. ਮੋਰੰਡੇ ਸਾਹਿਬਜ਼ਾਦਿਆਂ ਦੇ ਠਹਿਰਨ ਦੇ ਥਾਵੇ ਗੁਰਦੁਆਰਾ ਹੈ। ਖੇੜੀ ਬੀ ਨਿਸ਼ਾਨ ਹੈ।

੨. ਇਹ ਬੁਰਜ ਕਚਹਿਰੀ ਘਰ ਦੇ ਨੇੜੇ ਸਫ਼ੀਲ ਦੇ ਉਤੇ ਸੀ। ਗੁਰਦੁਆਰੇ ਦੇ ਨਾਲ ਹੀ ਹੁਣ ਤਕ ਜਿਉਂ ਕਾ ਤਿਉਂ ਵਿਦਮਾਨ ਹੈ।

ਤੇਰੇ ਪਾਸ ਨਹੀਂ। ਤੂੰ ਇਸ ਵੇਲੇ ਕਿਸ ਅਪਦਾ ਵਿਚ ਹੈਂ? ਸੂਰਬੀਰ ਵੱਡੇ ਪੋਤ੍ਰੇ ਕਿੱਧਰ ਟੁਰ ਗਏ? ਆਹ! ਪਿਆਰੀ ਮਾਤਾ! ਤੈਂ ਕੀਹ ਕੀਹ ਨਾ ਸਾਡੇ ਪਾਪੀਆਂ ਲਈ ਸਹਾਰਿਆ। ਤੇਰੀ ਗੋਦੀ ਵਿਚ ਖੇਡਦੇ ਬਾਲ ਬੀ ਪਰਾਹੁਣੇ ਹਨ, ਤੇ ਤੈਂ ਆਪ ਬੀ ਅਪਣੀ ਜਾਨ ਤਲੀ ਪੁਰ ਧਰੀ ਹੈ। ਸਾਰੀਆਂ ਬਲੀਆਂ ਦੇਸ ਦੇ ਛੁਟਕਾਰੇ ਲਈ ਹਨ।

ਸੁਹਲ ਤੇ ਕੋਮਲ ਜਿਗਰ ਦੇ ਟੁਕੜਿਆਂ ਨੂੰ ਛਾਤੀ ਨਾਲ ਲਾਕੇ ਮਾਤਾ ਰਾਤ ਬਿਤਾ ਰਹੀ ਹੈ। ਬੱਚਿਆਂ ਨੇ ਬ੍ਰਿੱਧ ਮਾਤਾ ਦੇ ਸੀਨੇ ਨਾਲ ਸਿਰ ਜੇ ਟਿਕਾਇਆ ਤਾਂ ਨੀਂਦ ਪੈ ਗਈ, ਪਰ ਬ੍ਰਿਧ ਮਾਤਾ ਦੀਆਂ ਅੱਖਾਂ ਵਿੱਚ ਨੀਂਦ ਕਿੱਥੋਂ? ਐਵੇਂ ਚਿੰਤਾ ਦੇ ਵਹਿਣਾਂ ਵਿੱਚ ਹੀ ਜ਼ਰਾ ਅੱਖ ਬੰਦ ਹੋਈ ਤਾਂ ਕੀ ਦੇਖਦੀ ਹੈ ਕਿ ਵੱਡੇ ਪੋਤ੍ਰੇ ਦੋਵੇਂ ਹੀ ਤੀਰਾਂ ਨਾਲ ਛਾਨਣੀ ਹੋ ਗਏ ਹਨ; ਇਨ੍ਹਾਂ ਨੂੰ ਮਾਤਾ ਹਿਲਾ ਹਿਲਾ ਮਾਨੋ ਕਹਿੰਦੀ ਹੈ:-

"ਜਾਗੋ ਜਾਗੋ ਵੇ ਲਾਲ ਦੁਲਾਰੇ!
ਬੁੱਢੀ ਮਾਤਾ ਪਈ ਵੇ ਪੁਕਾਰੇ;
ਕੇਹੀ ਨੀਂਦ ਤੁਸਾਂ ਨੂੰ ਪਿਆਰੀ,
ਉਠੋ ਉਠੋ ਵੇ ਮੇਰੇ ਪਿਆਰੋ"।

ਜਦ ਮਾਤਾ ਪਿੱਛੇ ਦੇਖਦੀ ਹੈ ਤਾਂ ਇਕ ਬੁਰਛਾ ਜਿਹਾ ਛੋਟੇ ਪੋਤ੍ਰੇ ਭੀ ਚੁੱਕ ਕੇ ਨੱਠਾ। ਮਾਤਾ ਉੱਠੀ ਕਿ ਫੜਾਂ, ਪਰ ਅੱਖ ਖੁਲ੍ਹ ਗਈ, ਮਾਤਾ ਜੀ ਦਾ ਹਿਰਦਾ ਇਸ ਵੇਲੇ ਇਕਬਾਹਰਗੀ ਅੰਤਰ ਮੁਖੀ ਦਸ਼ਾ ਵਿਚ ਹੋ ਗਿਆ; ਦੁਖ ਸੁਖ ਦੇ ਦਾਤਾ ਅਕਾਲ ਪੁਰਖ ਦੀ ਸੇਵਾ ਵਿਚ ਪ੍ਰਾਰਥਨਾ ਵਿਖੇ ਲੀਨ ਹੋ ਗਿਆ!

"ਹੇ ਅਕਾਲ ਪੁਰਖ! ਕ੍ਰਿਪਾ ਕਰ, ਆਪਣੇ ਪਿਆਰਿਆਂ ਦੀ ਇਸ ਬਿਪਤਾ ਨੂੰ ਦੂਰ ਕਰ, ਵਿੱਛੁੜਿਆਂ ਨੂੰ ਮੇਲ, ਇਨ੍ਹਾਂ ਮਸੂਮ ਬੱਚਿਆਂ ਨੂੰ ਪਾਪੀਆਂ ਤੋਂ ਛੁਟਕਾਰਾ ਬਖਸ਼, ਆਦਿਕ!" ਇਸ ਪ੍ਰਕਾਰ ਦੀ ਬੇਨਤੀ ਵਿਚ ਮਾਤਾ ਅਜੇਹੀ ਲੀਨ ਹੋਈ ਕਿ ਪੂਰਬੋਤਰੀ ਪੌਣ, ਜੋ ਹੁਣ ਵਡੇ ਵੇਗ ਨਾਲ ਵਗ ਰਹੀ ਸੀ ਅਰ ਉਸ ਬੁਰਜ ਦੇ ਬੂਹਿਆਂ ਥਾਣੀਂ-ਸਭ ਕੁਛ ਲੁਟਾ ਬੈਠੀ ਬ੍ਰਿਧ ਮਾਤਾ ਦੇ ਸਰੀਰ ਦੀ ਗਰਮੀ ਨੂੰ ਲੁੱਟਣ ਲਈ ਹੱਲੇ ਕਰਕੇ-ਆ ਰਹੀ ਸੀ, ਕੁਝ ਡਾਢੀ ਨਾ ਭਾਸੀ, ਸੱਚ ਹੈ:-

"ਜਾਕਉ ਮੁਸਕਲੁ ਅਤਿ ਬਣੇ ਢੋਈ ਕੋਇ ਨ ਦੇਇ॥ ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥" (ਸਿਰੀ : ਮ: ੫-੨੬)

ਮਹਾਂ ਸਿਆਲੇ ਦੀ ਕੱਕਰੀ ਤੇ ਅਪਦਾ ਬਿਪਤਾ ਦੀ ਦੁੱਖ ਭਰੀ ਰਾਤ ਪੱਛੋਂ ਨੂੰ ਤੁਰ ਪਈ। ਪੂਰਬ ਦਿਸ਼ਾ ਵਲੋਂ ਪੀਲਾ ਪੀਲਾ ਸੂਰਜ ਸੁਨਹਿਰੀ ਤੇ ਗਰਮਾਂ ਗਰਮ ਕਿਰਨਾਂ ਦੇ ਬਾਣ ਮਾਰਦਾ ਠਰੇ ਪਦਾਰਥਾਂ ਨੂੰ ਤਪਤ ਕਰਨ ਦਾ ਜਤਨ ਕਰਦਾ ਚੜ੍ਹਿਆ। ਸਾਡੀ ਮਾਤਾ ਜੀ ਦੇ ਬੁਰਜ ਵਿੱਚ ਵੀ ਧੁੱਪ ਆਈ, ਪਰ ਠੰਢੀ ਪੌਣ ਵਗਦੀ ਹੀ ਰਹੀ।

ਜ਼ੋਰਾਵਰ ਸਿੰਘ ਜੀ ਉੱਠਕੇ ਬੁਰਜ ਦੇ ਬੂਹਿਆਂ ਥਾਣੀਂ ਹੇਠਾਂ ਦੇਖਣ ਲੱਗੇ, ਦੇਖ ਦੇਖ ਕੇ ਆਖਣ ਲੱਗੇ: "ਮਾਤਾ ਜੀ! ਜੇਕਰ ਜਤਨ ਕਰੀਏ ਤਦ ਇਧਰੋਂ ਨਿਕਲ ਹੀ ਚਲੀਏ" ਮਾਤਾ ਬੋਲੀ; "ਬੀਬੇ ਜੀਓ! ਅਗੇ ਹੇਠਾਂ ਖਾਈ ਜਿਹੀ ਜਾਪਦੀ ਹੈ, ਹਰ ਥਾਂ ਤੁਰਕ ਸਿਪਾਹੀ ਖੜੇ ਹਨ। ਪਿਤਾ ਜੀ ਤੁਹਾਡੇ ਦਾ ਕੁਝ ਪਤਾ ਨਹੀਂ ਕਿਥੇ ਹਨ, ਭਰਾਵਾਂ, ਮਾਤਾ ਦਾ ਕੋਈ ਥਹੁ ਨਹੀਂ, ਮੇਰੀਆਂ ਅੱਖਾਂ ਲਈ ਹੁਣ ਹਰ ਪਾਸੇ ਬੀਆਬਾਨ ਤੇ ਜੰਗਲ ਹਨ, ਹਾਂ, ਜਦ ਸੁਰਤਿ ਹੰਭਲਾ ਮਾਰਦੀ ਹੈ ਤੇ ਮਨ ਪਰਮੇਸ਼ੁਰ ਦੇ ਧਿਆਨ ਵਿੱਚ ਲਗਦਾ ਹੈ, ਤਦ ਉਸ ਦੀਨਾ ਬੰਧੂ ਦੇ ਸਹਾਰੇ ਟਿਕਦਾ ਹੈ। ਜਾਂ ਹੁਣ ਤੁਸੀਂ ਬੁੱਢੀ ਦੀ ਡੰਗੋਰੀ ਦ੍ਰਿਸ਼ਟੀ ਆਉਂਦੇ ਹੋ:-

ਬਲ ਛੁਟਕਿਓ ਬੰਧਨ ਪਰੇ ਕਛੁ ਨ ਹੋਤ ਉਪਾਇ।
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥

ਇੰਨੇ ਨੂੰ ਮੋਰੰਡੇ ਵਾਲਾ ਰੰਘੜ ਸਾਹਮਣੇ ਆ ਖੜੋਤਾ ਅਰ ਆਖਣ ਲੱਗਾ: "ਮਾਤਾ! ਇਨ੍ਹਾਂ ਬੱਚਿਆਂ ਨੂੰ ਜ਼ਰਾ ਭੇਜੋ"।

ਮਾਤਾ-ਇਨ੍ਹਾਂ ਨੂੰ ਕੀ ਕਰੋਗੇ?

ਰੰਘੜ-ਮਾਈ ਜੀ! ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦਾ ਦਰਬਾਰ ਲੱਗਾ ਹੋਇਆ ਹੈ ਅਰ ਉਹ ਤੁਹਾਡੇ ਬਚਿਆਂ ਨੂੰ ਦੇਖਣਾ ਚਾਹੁੰਦਾ ਹੈ।

ਮਾਤਾ-ਨਵਾਬ ਨੂੰ ਆਖੋ ਕਿ ਇਨ੍ਹਾਂ ਮਸੂਮਾਂ ਥੋਂ ਕੀ ਲੈਣਾ ਸੂ?

ਰੰਘੜ ਮੁੜ ਗਿਆ, ਪਰ ਫੇਰ ਝੱਟ ਆ ਗਿਆ

ਅਰ ਆਖਣ ਲਗਾ ਕਿ ਨਵਾਬ ਆਖਦਾ ਹੈ: ਤੁਸੀਂ ਨਾ ਡਰੋ, ਇਨ੍ਹਾਂ ਦਾ ਵਾਲ ਵਿੰਗਾ ਨਹੀਂ ਹੋਵੇਗਾ, ਨਿਰੀ ਇਨ੍ਹਾਂ ਦੀ ਮੁਲਾਕਾਤ ਕਰਨੀ ਚਾਹੁੰਦਾ ਹੈ। ਤੁਸੀਂ ਕੁਝ ਤੌਖਲਾ ਨਾ ਕਰੋ, ਮੇਰਾ ਜ਼ਿੰਮਾ ਆਯਾ ਮੈਂ ਤੁਹਾਨੂੰ ਜਿਉਂ ਕੇ ਤਿਉਂ ਲਿਆ ਦਿਆਂਗਾ।[1]'

ਮਾਤਾ ਨੂੰ ਇਨ੍ਹਾਂ ਬਚਨਾਂ ਉੱਤੇ ਕੁਝ ਵਿਸ਼ਵਾਸ ਨਹੀਂ ਸੀ। ਜਿਉਂ ਜਿਉਂ ਉਹ ਮਿੱਠੀਆਂ ਗੱਲਾਂ ਕਰੇ ਮਾਤਾ ਪੋਤ੍ਰਿਆਂ ਨੂੰ ਹੋਰ ਘੁੱਟਦੀ ਜਾਵੇ।

ਇਸ ਵੇਲੇ ਮਾਤਾ ਗੁਜਰੀ ਜੀ ਅਗੇ ਕੇਡੀ ਮੁਸ਼ਕਲ ਹੈ, ਕਿਸ ਤਰ੍ਹਾਂ ਮਸੂਮ ਬਚਿਆਂ ਨੂੰ ਵੈਰੀਆਂ ਦੇ ਹੱਥੋਂ ਬਚਾਵੇ ਤੇ ਕੀਕੁਰ ਨਾ ਬਚਾਵੇ? ਜਾਣਦੀ ਹੈ, ਪਰ ਫੇਰ ਬੱਚੇ ਪਾਪੀ ਦੇ ਹੱਥ ਫੜਾਉਂਦੀ ਹੈ? ਨਹੀਂ ਨਹੀਂ, ਭਾਰਤ ਭੂਮੀ ਦੇ ਪਾਪਾਂ ਬਦਲੇ ਭੇਟਾ ਹੋਣ ਲਈ ਆਪਣੇ ਲਾਲ ਦੁਲਾਰੇ ਜਗਵੇਦੀ ਨੂੰ ਘੱਲਦੀ ਹੈ।

ਬੱਚੇ ਨਿਡਰ ਹਨ, ਝਿਜਕ ਨਹੀਂ ਰਹੇ। ਮਾਤਾ ਨੇ ਮਿਲ ਮਿਲਕੇ ਪਯਾਰ ਦੇ ਦੇਕੇ ਤੋਰਿਆ, ਤੁਰਨ ਵੇਲੇ ਕੰਨਾਂ ਵਿਚ ਮਾਤਾ ਨੇ ਕੁਝ ਕਿਹਾ, ਉਹ ਮੰਤ੍ਰ ਸੀ ਧਰਮ ਵਿਚ ਦ੍ਰਿੜਤਾ ਦਾ। ਮਾਤਾ ਬਾਹਰ ਦੇਖਣ ਖੜਤੀ, ਪਉੜੀਆਂ[2] ਉਤਰ ਰਹੇ ਹਨ ਕਲਗੀਆਂ ਵਾਲੇ ਦੇ ਨੌਨਿਹਾਲ। ਤੇੜ ਗੋਡਿਆਂ ਵਾਲੀਆਂ ਕੱਛਾਂ, ਗਲ ਚੁਸਤ ਕੁੜਤੇ ਤੇ ਅੰਗ ਰੱਖੇ, ਲੱਕ ਨਾਲ ਰੇਸ਼ਮੀ ਪਟਕੇ ਤੇ ਅਪਣੇ ਮੇਲ ਦੀਆਂ ਕ੍ਰਿਪਾਨਾਂ, ਸਿਰ ਤੇ ਸਿੱਧੀਆਂ ਪੱਗਾਂ ਤੇ ਉੱਪਰ ਦੁਪੱਟੇ। ਨਵਯੌਬਨੇ, ਸਰੂ ਵਰਗੇ ਕੱਦ, ਡੀਲ ਡੌਲ ਸਭ ਮਾਨੋਂ ਸੱਚੇ ਦੀ ਢਲੀ ਹੋਈ। ਚਿਹਰੇ ਗੋਰੇ ਗੋਰੇ ਜਿੱਕੁਰ ਚੰਦ ਦੇ ਟੁਕੜੇ ਹੁੰਦੇ ਹਨ, ਮੁਹਾਂਦਰਾ ਮਨਮੋਹਨ, ਮਾਨੋਂ ਕੋਈ ਦੇਵਤੇ ਇਸ ਜਗਤ ਵਿੱਚ ਆ ਗਏ ਹਨ। ਸਾਹਿਬਜ਼ਾਦੇ ਕਿਸ ਹੌਸਲੇ ਨਾਲ ਜਾ ਰਹੇ ਹਨ, ਮਾਤਾ ਖੜੋਤੀ ਦੇਖ ਰਹੀ ਹੈ, ਔਹ ਕਚਹਿਰੀ ਦੇ ਉਹਲੇ ਭੌਂ ਗਏ। ਬੈਠ ਜਾਹ ਪਿਆਰੀ ਮਾਤਾ! ਤੇਰੇ ਲਾਲ ਤੇਰੀਆਂ ਅੱਖਾਂ ਥੋਂ ਉਹਲੇ ਹੋ ਗਏ।

ਦਰਬਾਰ ਲੱਗਾ ਹੋਯਾ ਸੀ[3], ਵੱਡੇ ਵੱਡੇ ਹਿੰਦੂ ਤੇ ਮੁਸਲਮਾਨ ਰਈਸ ਬੈਠੇ ਸਨ, ਨਵਾਬ ਵਜ਼ੀਰ ਖਾਂ-ਮੋਟਾ, ਚਿਹਰੇ ਪੁਰ ਸੀਤਲਾ ਦੇ ਦਾਗ, ਅੱਖਾਂ ਹਾਥੀ ਵਾਂਗ ਨਿੱਕੀਆਂ ਨਿੱਕੀਆਂ-ਵਿਚਾਲੇ ਸਜ ਰਿਹਾ ਸੀ। ਸ਼ੇਰ ਦਿਲ ਬੱਚੇ ਬੇਧੜਕ ਜਾ ਖੜੇ ਹੋਏ। ਮੋਰੰਡੇ ਵਾਲੇ ਰੰਘੜ ਨੇ ਕਿਹਾ, ਬਰਖੁਰਦਾਰੋ! ਤਖ਼ਤ ਪਰ ਸਰਹਿੰਦ ਦੇ ਨਵਾਬ ਸਾਹਿਬ ਬਿਰਾਜਮਾਨ ਹਨ, ਇਨ੍ਹਾਂ ਨੂੰ ਝੁਕ ਕੇ ਸਲਾਮ ਕਰੋ।

ਜ਼ੋਰਾਵਰ ਸਿੰਘ-ਗੁਰੂ ਪਰਮੇਸ਼ਰ ਤੋਂ ਬਿਨਾਂ ਕਿਸੇ ਅੱਗੇ ਨਹੀਂ ਝੁਕੀਦਾ!

ਇਹ ਦਲੇਰੀ ਦੀ ਗੱਲ ਸੁਣਕੇ ਸਾਰੇ ਹੈਰਾਨ ਹੋ ਗਏ। ਨਵਾਬ ਕੁਛ ਕਿਚਕਿਚਾਇਆ, ਪਰ ਕੁਝ ਕੁ ਸਤਿਕਾਰ ਬੀ ਦਿਲ ਵਿਚ ਉਪਜਿਆ! ਮੋਰੰਡੇ ਵਾਲੇ ਨੇ ਕਿਹਾ: "ਦੇਖੋ ਕੁਛ ਦਿਨ ਹੋਏ ਕਿ ਤੁਹਾਡਾ ਪਿਤਾ ਚਮਕੌਰ ਵਿਚ ਸਾਰੇ ਸਾਥੀਆਂ ਸਣੇ ਫੜਿਆ ਗਿਆ ਅਰ ਮਾਰਿਆ ਗਿਆ ਹੈ। ਤੁਸੀਂ ਉਸਦੇ ਬੱਚੇ ਬਚ ਰਹੇ ਹੋ, ਅਰ ਸ਼ੁਕਰ ਹੈ ਕਿ ਇਸਲਾਮੀ ਦਰਬਾਰ ਵਿਚ ਅੱਪੜ ਪਏ ਹੋ, ਤੁਹਾਡੇ ਕਰਮ ਵਡੇ ਉਤਮ ਹਨ। ਨਵਾਬ ਸਾਹਿਬ ਕਿਤਨੇ ਮਿਹਰਬਾਨ ਹਨ ਤੁਸਾਂ ਉਤੇ।"

ਜ਼ੋਰਾਵਰ ਸਿੰਘ-ਸਾਡੇ ਪਿਤਾ ਜੀ ਜੀਉਂਦੇ ਹਨ, ਸਾਡੇ ਭਾਗ ਸਦਾ ਹੀ ਉੱਤਮ ਹਨ।

ਵਜ਼ੀਰ ਖਾਂ ਤੇ ਉਸਦੇ ਸਲਾਹਗੀਰ ਪਹਿਲੋਂ ਏਹੋ ਗੁਪਤ ਵਿਚਾਰ ਕਰ ਚੁਕੇ ਸੇ ਕਿ ਬਚਿਆਂ ਨੂੰ ਮੁਸਲਮਾਨ ਕਰ ਲੈਣਾ ਮਾਰ ਦੇਣ ਨਾਲੋਂ ਵਡੇਰੀ ਜਿੱਤ ਹੈ। ਇਸ ਲਈ ਪਾਸ ਸੱਦਕੇ ਤੇ ਮਿਹਰਬਾਨ ਸੁਰ ਬਣਾ ਕੇ ਬੋਲਿਆ: ਬੱਚਿਓ-ਦੇਖੋ, ਤੁਹਾਡਾ ਵਾਲੀ ਵਾਰਸ ਹੁਣ ਕੋਈ ਨਹੀਂ, ਤੁਹਾਡੇ ਪੁਰ ਮੈਨੂੰ ਵੱਡਾ ਤਰਸ ਆਇਆ ਹੈ, ਚਾਹੀਦਾ ਤਾਂ ਇਹ ਸੀ ਕਿ ਦੋਵੇਂ ਮਾਰ ਦਿੱਤੇ ਜਾਓ, ਪਰ ਨਹੀਂ, ਤੁਹਾਡੀ ਉਮਰ ਪੁਰ ਤਰਸ ਆਉਂਦਾ ਹੈ, ਤੁਸੀਂ ਜੀਉਂਦੇ ਰਹੋ ਤੇ ਵਡੇ ਨਵਾਬ ਬਣੋ ਤੇ ਸੁਖ ਭੋਗੋ, ਬੱਸ ਇੰਨੀ ਗੱਲ ਮੰਨ ਲਓ ਕਿ ਸਾਡੇ ਦੀਨ ਵਿਚ ਆ ਜਾਓ! ਫੇਰ ਤੁਸਾਂ ਦੀ ਵਾ ਵਲ ਕੋਈ ਨਹੀਂ ਤੱਕੇਗਾ। ਤੁਸੀਂ ਵੱਡੇ ਖਾਨ ਬਹਾਦੁਰ ਕਿ ਨਵਾਬ ਹੋ ਜਾਓਗੇ, ਐਸ਼ ਤੇ ਸੁਖ ਦੀ ਉਮਰ ਗੁਜ਼ਾਰੋਗੇ, ਦੀਨ ਦੁਨੀਆਂ ਦਾ ਸੁਖ ਪਾਓਗੇ। ਪਰ ਸਾਹਿਬਜ਼ਾਦੇ ਸਿਰ ਹੀ ਫੇਰਦੇ ਰਹੇ। ਨਵਾਬ ਨੇ ਬਾਲਕ ਵਿਦਾ ਕੀਤੇ ਤੇ ਕਿਹਾ

---

੧. ਪਿਖਹਿ ਨਵਾਬ, ਪਠਾਵੈ ਫੇਰ। ਚਾਹਤ ਸਭਾ ਬਿਖੇ ਇਕ ਬੇਰ। (ਸੂ: ਪ੍ਰ:)

੨. ਇਹੁ ਪਉੜੀਆਂ ਹੁਣ ਤਕ ਮੌਜੂਦ ਹਨ।

੩. ਅਜ ਹੁਣ ਪੋਹ ਦੀ ੧੦ ਹੋ ਚੁਕੀ ਸੀ।

ਬਰਖੁਰਦਾਰੋ ਹੋਰ ਸੋਚ ਲਓ, ਇਕ ਪਾਸੇ ਤਾਂ ਮੌਤ ਹੈ ਇਸ ਛੋਟੀ ਉਮਰੇ, ਦੂਜੇ ਪਾਸੇ ਤੁਸਾਂ ਲਈ ਸੁਖ ਹੀ ਸੁਖ ਹੈ। ਬੱਚੇ ਨਾ ਬਣੋ ਸਿਆਣਪ ਕਰੋ ਤੇ ਸੁਖ ਦਾ ਰਸਤਾ ਇਖ਼ਤਯਾਰ ਕਰੋ। ਜਾਓ ਬੀਬੇ ਰਾਣੇ ਸੋਚ ਕਰ ਲਓ।

ਜਾਪਦਾ ਹੈ ਕਿ ਅਗਲੇ ਦਿਨ ਫੇਰ ਸਭਾ ਵਿੱਚ ਬੁਲਾਏ ਗਏ ਤੇ ਫੇਰ ਪ੍ਰੇਰਨਾ ਹੋਈ ਤੇ ਕਿਹਾ ਗਿਆ ਕਿ ਤੁਸੀਂ ਜੇ ਇਸਲਾਮ ਵਿੱਚ ਆ ਜਾਓ ਤਾਂ ਪਾਤਸ਼ਾਹ ਤੁਸਾਨੂੰ ਪਯਾਰ ਕਰੇਗਾ ਅਤੇ ਆਪਣੇ ਪਾਸ ਰਖ ਲਏਗਾ, ਬੇਟਿਆਂ ਵਾਂਙੂ ਪਾਲੇਗਾ। ਹੋ ਸਕਦਾ ਹੈ ਆਪਣੀ ਕਾਕੀ ਨਾਲ ਵਿਆਹ ਕਰਕੇ ਸੂਬੇਦਾਰ ਬਣਾ ਦੇਵੇ, ਯਥਾ:-

ਤੁਮੈ ਸ਼ਾਹ ਕੋ ਮੇਲ ਕਰਾਵੈਂ। ਬਹੁ ਦੇਸਨ ਕੋ ਰਾਜ ਦਿਵਾਵੈਂ। ਪਟ ਭੂਖਨ ਤੁਮ ਅਨਗਨ ਦੈ ਹੈਂ। ਦੁਖਤਰ ਸਹਿਤ ਸੂਬ ਤੁਮ ਕੈ ਹੈਂ।

(ਗੁ: ਬਿ: ਮ: ਸਿੰਘ)

ਇਹੋ ਜਿਹੀਆਂ ਫੁਲਾਹੁਣੀਆਂ ਸੁਣ ਕੇ ਜ਼ੋਰਾਵਰ ਸਿੰਘ ਨੇ ਛੋਟੇ ਭਰਾ ਵੱਲ ਇਕ ਅਸਚਰਜ ਤੇ ਪ੍ਰੇਮ ਭਰੀ ਨਜ਼ਰ ਨਾਲ ਦੇਖਿਆ ਅਰ ਹੌਲੇ ਜਿਹੇ ਕਿਹਾ, "ਦੱਸੋ ਭਰਾ ਜੀ! ਇਹ ਕੀ ਆਂਹਦੇ ਹਨ?" ਧੁਰਿ ਤੋਂ ਆਏ, ਜਗਤ ਗੁਰੂ ਜੀ ਦੀ ਅੰਸ਼, ਯੋਗੀ ਜਨਨੀ ਦੇ ਜਾਏ, ਦੇਵਤਾ ਰੂਪ ਮਾਤਾ ਦੇ ਸਿਖਾਏ ਪੜ੍ਹਾਏ, ਦਾਦੇ ਗੁਰੂ ਜੀ ਦੀ ਰੱਬੀਅਤ ਤੋਂ ਜਾਣੂੰ ਤੇ ਆਪਾ ਵਾਰਨ ਤੋਂ ਵਾਕਫ਼, ਸਾਹਿਬਜ਼ਾਦੇ ਫਤੇ ਸਿੰਘ ਨੇ ਭਰਾ ਨੂੰ ਉੱਤਰ ਦਿੱਤਾ: "ਭਰਾ ਜੀ! ਚੱਲੋ ਇਸ ਜਗਤ ਥੋਂ ਕੂਚ ਕਰੀਏ। ਅਸੀਂ, ਹੈਂ, ਗੁਰੂ ਨਾਨਕ ਦੇਵ ਜੀ ਦੇ ਸੱਤ ਧਰਮ ਨੂੰ ਤਿਆਗ ਕੇ ਨਾਸ਼ ਹੋਣ ਵਾਲੇ ਸੁੱਖਾਂ ਲਈ ਮਲੇਸ਼ ਬਣੀਏਂ? ਪਿਉ, ਦਾਦੇ, ਪੜਦਾਦੇ ਦੇ ਨਾਂ ਨੂੰ ਵੱਟਾ ਲਾਈਏ? ਕਦੀ ਨਹੀਂ, ਸਮਾ ਆ ਪੁੱਜਾ ਹੈ। ਦਾਦਾ ਜੀ ਵਾਂਙੂ ਸੀਸ ਦੇਈਏ ਪਰ ਧਰਮ ਨਾ ਦੇਈਏ*।"

ਇਹ ਉੱਤਰ ਭਾਵੇਂ ਹੌਲੇ ਜਿਹੇ ਕਿਹਾ ਗਿਆ ਸੀ, ਪਰ ਦਰਬਾਰ ਵਿਚ ਇੱਕ ਚੁੱਪ ਵਰਤੀ ਹੋਈ ਸੀ, ਸਭ ਨੇ ਸੁਣ ਲੀਤਾ ਅਰ ਆਪੋ ਵਿਚ ਅਸਚਰਜ ਹੋਏ ਹੋਏ ਅੱਖਾਂ ਮਾਰਨ ਲੱਗੇ।

ਹੁਣ ਜ਼ੋਰਾਵਰ ਸਿੰਘ ਨੇ ਉਚੀ ਜਿਹੀ ਕਿਹਾ:- ਅਸੀਂ ਆਪਣਾ ਦੀਨ ਗੁਆਉਣ ਨੂੰ ਤਯਾਰ ਨਹੀਂ ਹਾਂ, ਨਾ ਸੁਰਗ ਦੀ ਲੋੜ ਹੈ, ਨਾ ਦੁਨੀਆਂ ਦੀ ਸਰਦਾਰੀ ਦੀ। ਅਸੀਂ ਧਰਮ ਆਪਣੇ ਤੇ ਖੜੇ ਹਾਂ;

"ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥ ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥੧੩॥"

ਵਜ਼ੀਰ ਖਾਂ ਕਹਿਰਵਾਨ ਹੋ ਕੇ ਬੋਲਿਆ:- "ਅਗਰ ਨਹੀਂ ਮਾਨੋਗੇ ਤੇ ਜਾਨ ਸੇ ਮਾਰੇ ਜਾਓਗੇ"। ਸੁੱਚਾ ਨੰਦ ਨੇ ਕੋਲੋਂ ਸੁਰ ਭਰੀ; "ਹਾਂ ਹਾਂ! ਠੀਕ ਹੈ, ਸੱਪ ਦੇ ਬੱਚੇ ਜੰਮਦੇ ਹੀ ਮਾਰਨੇ ਚਾਹੀਏ"।

ਜ਼ੋਰਾਵਰ ਸਿੰਘ ਨੇ ਉੱਤਰ ਦਿੱਤਾ, "ਕੁਛ ਪਰਵਾਹ ਨਹੀਂ, ਮੌਤ ਇਕ ਦਿਨ ਜ਼ਰੂਰ ਆਵੇਗੀ, ਫੇਰ ਅੱਜ ਆ ਜਾਊ ਤਦ ਕੀ ਬੁਰਾ ਹੋਊ? ਅਸੀਂ ਮਰਨੇ ਨੂੰ ਤਿਆਰ ਹਾਂ, ਪਰ ਧਰਮ ਤਿਆਗਣ ਨੂੰ ਨਹੀਂ[1]"।

ਫਤੇ ਸਿੰਘ-"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥"

(ਸੁਚਾਨੰਦ ਵਲ ਮੂੰਹ ਕਰਕੇ) ਮੌਤ ਤੋਂ ਉਹ ਡਰੇ ਜੋ ਸਿਰਜਣਹਾਰ ਥੋਂ ਵਿਛੁੜਿਆ ਹੋਵੇ।

ਹੁਣ ਸਾਰੇ ਦਰਬਾਰ ਵਿਚ ਖਿਲਬਿਲੀ ਮਚ ਗਈ, ਵੱਡੇ ਵੱਡੇ ਤੇ ਬੁੱਢੇ ਸਰਦਾਰ ਉਂਗਲਾਂ ਟੁੱਕ ਟੁੱਕ ਕੇ ਰਹਿ ਗਏ ਕਿ ਇਹ ਬਾਲ ਹਨ ਕਿ ਕੋਈ ਫਰਿਸ਼ਤੇ ਹਨ? ਦੁਸ਼ਟ ਮਨਾਂ ਵਾਲਿਆਂ ਨੂੰ ਬੱਚਿਆਂ ਦੀ ਦ੍ਰਿੜਤਾ ਦੇਖ ਕੇ ਅਤਿ ਪੀੜਾ ਹੋਈ[2]। ਕਈ ਕਹਿਣ-ਜਿਸਦੇ ਮਸੂਮ ਬੱਚੇ ਇਸ ਹੌਸਲੇ ਵਾਲੇ ਹਨ, ਉਹ ਆਪ ਕਦੇ ਵੀ ਮਾਮੂਲੀ ਮਨੁੱਖ ਨਹੀਂ

---

*ਫਤੇ ਸਿੰਘ ਨੇ ਕਿਹਾ:-"ਧਰਮ ਪਿਤਾਮੇ ਜਿਉਂ ਰਖ ਲੀਨਾ। ਸ਼ੁਭ ਜਸ ਤੇ ਜਗ ਪੂਰਨ ਕੀਨਾ। ਤੀਨ ਲੋਕ ਮਹਿੰ ਸਾਕਾ ਚੀਨਾ। ਹਮ ਤੁਮ ਕਉ ਤਿਮ ਹੀ ਬਨਿ ਆਵੈ। ਸਿਰ ਦਿਹੁ ਤੁਰਕਨ ਮੂਲ ਗਵਾਵੈਂ।" (ਸੂ: ਪ੍ਰ: ਸਫਾ ੫੯੪੯)

੧. ਆਪਨ ਹਮ ਤਜ, ਔਰ ਨ ਧਾਰੈਂ॥ (ਗੁ: ਬਿ: ਭਾ: ਮ: ਸਿੰਘ)

੨. ਭਾਰੀ ਜੁਵਾਬ ਜੁਝਾਰ ਦਏ ਸੁਣਕੈ ਸਭ ਦੂਤਨ ਅੰਗ ਪਿਰਾਏ। (ਗੁਰ ਸੋਭਾ ਸਫ਼ਾ ੭੩)

ਹੋ ਸਕਦਾ। ਇਸ ਪ੍ਰਕਾਰ ਦੇ ਖਿਆਲਾਂ ਵਿਚ ਕੁਝ ਚਿਰ ਰਹਿਕੇ ਸਾਰੇ ਦਰਬਾਰ ਵਿਚ ਚੁਪ ਛਾ ਗਈ। ਨਵਾਬ ਨੇ ਮੁਖੀ ਪੁਰਖਾਂ ਵੱਲ ਸੈਨਤ ਕੀਤੀ, ਪਰ ਸਭ ਦਾ ਜੁਵਾਬ ਚੁਪ ਹੀ ਪਾਇਆ। ਹਾਂ, ਸੁੱਚਾਨੰਦ ਨੇ ਦਲੇਰ ਹੋ ਕੇ ਕਿਹਾ:-"ਡਿੱਠਾ ਜੇ, ਜਿਨ੍ਹਾਂ ਦਾ ਬਚਪਨ ਵਿੱਚ ਇਹ ਹਾਲ ਹੈ ਓਹ ਵੱਡੇ ਹੋ ਕੇ ਕਦ ਘੱਟ ਕਰਨਗੇ? ਇਕ ਪਿਉ ਇਨ੍ਹਾਂ ਦਾ ਨਹੀਂ ਮਾਣ, ਜੇ ਕਰ ਏਹ ਦੋ ਵੱਡੇ ਹੋ ਗਏ ਤਾਂ ਖ਼ਬਰੇ ਕੀ ਹਨੇਰ ਮਾਰਨਗੇ? ਏਹ ਜੀਉਂਦੇ ਛੱਡਣੇ ਜੋਗ ਨਹੀਂ"। ਨਵਾਬ ਨੇ ਸ਼ੇਰ ਮੁਹੰਮਦ ਮਲੇਰ ਕੋਟਲੇ ਵਾਲੇ ਵਲ ਤੱਕਿਆ ਤੇ ਕਿਹਾ "ਏਹ ਤੇਰੇ ਭਰਾ ਦੇ ਕਾਤਲ ਦੇ ਬੇਟੇ ਹਨ!" ਮਲੇਰ ਕੋਟਲੇ ਦੇ ਨਵਾਬ ਨੇ ਉਤਰ ਦਿੱਤਾ: "ਬੇਸ਼ੱਕ ਸੱਚ ਹੈ, ਪਰ ਮਾਸੂਮ ਬੱਚਿਆਂ ਪੁਰ ਹੱਥ ਉਠਾਉਣਾ ਕਾਇਰਪੁਣਾ ਹੈ। ਇਨ੍ਹਾਂ ਨੇ ਸਾਡਾ ਕੁਝ ਨਹੀਂ ਵਿਗਾੜਿਆ, ਇਨ੍ਹਾਂ ਨੂੰ ਛੱਡ ਦੇਣਾ ਯੋਗ ਹੈ। ਇਨ੍ਹਾਂ ਬੱਚਿਆਂ ਤੇ ਹੱਥ ਚੁੱਕਣਾ ਇਸਲਾਮ ਨੂੰ ਕਾਲਾ ਕਰਨਾ ਹੈ। ਮਾਸੂਮਾਂ ਦਾ ਕਤਲ ਕਿਸੇ ਸ਼ਰਆ ਵਿਚ ਰਵਾ ਨਹੀਂ, ਮੇਰੇ ਭਰਾ ਜੰਗ ਵਿਚ ਮਾਰੇ ਗਏ ਸਨ ਉਸਦਾ ਬਦਲਾ ਮੈਂ ਜੰਗ ਵਿੱਚ ਹੀ ਲੈ ਸਕਦਾ ਹਾਂ, ਸਰਦ ਖੂਨੀ ਦੀ ਬੇਰਹਿਮੀ ਵਿਚ ਨਹੀਂ ਲੈ ਸਕਦਾ।" ਪਰ ਆਹ! ਕੱਚੇ ਕੁਸ਼ਾਮਤੀ ਬੋਲ ਉੱਠੇ, "ਨਹੀਂ ਗਰਦਨ ਜ਼ਦਨੀ ਦੇ ਲਾਇਕ ਹਨ"।

ਨਵਾਬ ਨੇ ਫੇਰ ਇੱਕ ਵੇਰ ਬੱਚਿਆਂ ਨੂੰ ਭਰਮਾਉਣ ਦਾ ਯਤਨ ਕੀਤਾ, ਪਰ ਸੂਰਬੀਰਾਂ ਨੇ ਇਹੋ ਉੱਤਰ ਦਿੱਤਾ ਕਿ ਅਸੀਂ ਸੱਤ ਧਰਮ ਨੂੰ ਛੱਡ ਕੇ ਅਸੱਤਿ ਨਹੀਂ ਗ੍ਰਹਿਣ ਕਰਾਂਗੇ।

(ਸਾਕਾ)

ਗੁ: ਬਿ: ਮਨੀ: ਸਿੰਘ ਦੇ ਮੁਤਾਲਜਾ ਤੋਂ ਖਜਾਲ ਪੈਂਦਾ ਹੈ ਕਿ ਪਹਿਲੇ ਤ੍ਰੈ ਕੁ ਦਿਨ ਤਾਂ ਬੱਚਿਆਂ ਨੂੰ ਲੋਭ ਲਾਲਚ ਪ੍ਰੇਰਨਾ ਕੀਤੀ ਜਾਂਦੀ ਰਹੀ ਹੈ। ਅਜ ਦੀ ਬੱਚਿਆਂ ਦੀ ਦਲੇਰੀ ਤੇ ਕਰੜੇ ਜੁਵਾਬਾਂ ਨੇ ਪਾਸਾ ਪਰਤਿਆ ਤੇ ਹੁਣ ਡਰ ਪੀੜਾ ਦੇ ਕੇ ਪ੍ਰੇਰਨ ਦਾ ਯਤਨ ਕੀਤਾ ਜਾਣ ਦਾ ਦਾਰੂ ਵਰਤੀਣ ਲਗਾ। ਚੁਨਾਂਚਿ ਓਥੇ ਲਿਖਿਆ ਹੈ ਕਿ ਆਪ ਸ੍ਰੀ ਦਾਦੀ ਜੀ ਤੋਂ ਵਿਛੋੜੇ ਗਏ, ਹਥਾਂ ਵਿਚ ਜ਼ੰਜੀਰ ਤੇ ਪੈਰੀਂ ਬੇੜੀਆਂ ਐਸੀਆਂ ਪਾਈਆਂ ਕਿ ਲਾਸਾਂ ਪੈ ਗਈਆਂ, ਭੁੱਖੇ ਬੀ ਰਖੇ ਗਏ ਤੇ ਤ੍ਰੇਹ ਦਾ ਦੁਖ ਬੀ ਦਿਤਾ ਗਿਆ। ਬੰਦ ਬੰਦ ਕੱਟਣ ਦਾ ਡਰਾਵਾ ਬੀ ਦਿਤਾ ਗਿਆ। ਗਲ ਕੀ ਕਈ ਤਾੜਨਾ ਕੀਤੀਆਂ, ਯਥਾ-'ਤਹਿਂ ਤੁਰਕ ਤਾਰਨ ਬਹੁ ਕਰੈਂ'। ਪਰ ਉਨ੍ਹਾਂ ਤੇ ਅਸਰ ਨਹੀਂ ਹੋਇਆ। ਦੋ ਚਾਰ ਦਿਨ ਮਗਰੋਂ ਤਸੀਹੇ ਦੇ ਦੇਕੇ ਫੇਰ ਦਰਬਾਰ ਵਿੱਚ ਆਂਦੇ ਗਏ[1]। ਇਕ ਪਾਸੇ ਭਯਾਨਕ ਡਰ, ਦੂਜੇ ਪਾਸੇ ਬੜੇ ਬੜੇ ਲਾਲਚ ਦਿੱਤੇ ਗਏ, ਅੰਤ ਕੰਧ ਵਿਚ ਚਿਣ ਦੇਣ ਦਾ ਡਰ ਦਿੱਤਾ। ਡਰ ਦਿੱਤਾ ਹੀ ਨਹੀਂ, ਸਚ ਮੁਚ ਇੱਟਾਂ ਗਾਰਾ ਮੰਗਾ ਕੇ ਚਿਣ ਦਿੱਤਾ, ਪਰ ਓਹ ਕੰਧ ਤਤ ਫਟ ਢਹਿ ਪਈ[2]। ਜਦ ਬੱਚੇ ਫੇਰ ਸਾਵਧਾਨ ਹੋਏ ਤੇ ਨਾ ਮੰਨੇ ਤਾਂ ਨਵਾਬ ਨੇ ਉਨ੍ਹਾਂ ਦੇ ਕਤਲ ਦਾ ਹੁਕਮ ਦੇ ਦਿੱਤਾ। ਸੂਰਜ ਪ੍ਰਕਾਸ਼ ਵਿੱਚ ਇੰਞ ਲਿਖਿਆ ਹੈ-

ਪਾਪੀ ਨਿਰਦਯਾਲੂ ਮਤਿ ਮੰਦ। ਗਹਿ ਖੈਂਚੀ ਸ਼ਮਸ਼ੇਰ ਬਿਲੰਦ। ਧੀਰਜ ਧਰੇ ਗੁਰੂ ਸੁਤ ਖਰੇ। ਨਹੀਂ ਦੀਨ ਮਨ ਕੈਸਿਹੁਂ ਕਰੇ॥੯॥ ਧਰਮ ਹੇਤ ਸਿਰ ਚਾਹਤਿ ਦੀਯੋ। ਤੁਰਕਨਿ ਜਰਾਂ ਬਿਨਾਸ਼ੀ ਕੀਯੋ। ਸਿਮਰਹਿਂ ਬਾਤ ਪਿਤਾਮੇ ਕੇਰੀ। ਲਾਜ ਬੰਸ ਕੀ ਚਹੈਂ ਬਡੇਰੀ॥੧੦॥ ਅਧਰਮ ਤਬੈ ਤਰਵਾਰ ਚਲਾਈ। ... ... ਹਾਹਾ ਕਾਰ ਜਹਾਂ ਕਹਿਂ ਭਯੋ। ਜੈ ਜੈ ਸ਼ਬਦ ਸੁਰਨਿ ਮਹਿਂ ਥਿਯੋ। ਧੰਨ ਗੁਰੂ ਸੁਤ ਧੀਰਜ ਧਾਰੀ। ਧਰਮ ਹੇਤ ਸਿਰ ਦਯੋ ਉਤਾਰੀ॥੧੨॥

ਹੁਣ ਅਪਣੇ ਕੀਤੇ ਪਾਪ ਦੀ ਫਿਟਕਾਰ ਨਵਾਬ ਦੇ ਮਨ ਪੁਰ ਸਵਾਰ ਹੋਈ, ਹਿਰਦੇ ਵਿਚ ਕੰਬਦਾ ਤੇ ਥ੍ਰਾਉਂਦਾ ਮਹਿਲਾਂ ਨੂੰ ਚਲਾ ਗਿਆ। ਇਧਰ ਭਾਰਤ ਭੂਮੀ ਵਿਚ ਪ੍ਰਗਟੇ ਰੱਬੀ ਜੋਤਿ ਦੇ ਚੰਦ ਸੂਰਜ, ਜਿਨ੍ਹਾਂ ਦੇ ਪ੍ਰਗਟ ਹੋਣ ਲਈ ਖ਼ਬਰ ਨਹੀਂ ਕਿੰਨੀਆਂ ਸਦੀਆਂ ਲਗੀਆਂ ਹੋਣਗੀਆਂ, ਗੁਰੂ ਜੀ ਦੇ ਹੋਣਹਾਰ ਨੌਨਿਹਾਲ, ਸੱਤ ਧਰਮ ਦੀਆਂ ਉਮੈਦਾਂ ਦੇ ਪੁੰਜ ਜਦ ਇਸ ਨਿਰਦਯਤਾ ਨਾਲ ਸ਼ਹੀਦ

---

੧. ਗੁ: ਬਿ: ਮ: ਸਿੰਘ ਨੇ ਅਜ ਦਾ ਦਿਨ ਅੱਠਵਾਂ ਲਿਖਿਆ ਹੈ।

੨. ਕੰਧ ਦਾ ਢੈ ਪੈਣਾ ਤਵਾਰੀਖ ਖਾਲਸਾ ਤੇ ਗੁਰ ਬਿਲਾਸ ਭਾ: ਮਨੀ ਸਿੰਘ, ਦੋਹਾਂ ਵਿਚ ਹੈ।

ਕੀਤੇ ਗਏ[1], ਤਦ ਹਨੇਰੀ ਵੱਡੇ ਕਹਿਰ ਦੀ ਵਗੀ, ਬ੍ਰਿੱਛ ਜੜਾਂ ਥੀਂ ਉੱਖੜ ਗਏ। ਧਰਤੀ ਕੰਬੀ, ਭਚਾਲ ਆਇਆ[2]।

ਟੋਡਰ ਮਲ ਨਾਮੇ ਇਕ ਗੁਰੂ ਕਾ ਸਿੱਖ ਕੁਝ ਦੂਰ ਰਹਿੰਦਾ ਸੀ, ਜਦ ਉਸ ਸੁਣਿਆਂ ਕਿ ਸਾਹਿਬ-ਜ਼ਾਦੇ ਫੜੇ ਗਏ ਹਨ, ਤਦ ਨੱਠਾ ਕਿ ਮੈਂ ਜਾਕੇ ਸਾਰਾ ਸਰਬੰਸ ਖਰਚ ਕਰ ਦਿਆਂ, ਪਰ ਬੱਚਿਆਂ ਨੂੰ ਬਚਾ ਲਵਾਂ। ਕਾਲੀ ਹਨੇਰੀ ਦਾ ਹਨੇਰਾ, ਘੱਟੇ ਦੀ ਭਰਮਾਰ, ਭੁਚਾਲ ਆਦਿਕ ਸਹਾਰਦਾ ਦਰਬਾਰ ਵੱਲ ਗਿਆ, ਪਰ ਹਾਇ! ਭਾਰਤ ਭੂਮੀ ਤੇਰੇ ਨਸੀਬ! ਇਹ ਸਿਦਕੀ ਪੁਰਖ ਉਸ ਵੇਲੇ ਪਹੁੰਚਾ, ਜਿਸ ਵੇਲੇ ਤੇਰੇ ਦੁਲਾਰੇ ਸਰੀਰਾਂ ਨੂੰ ਤਜ ਗਏ ਸਨ। ਇੱਥੋਂ ਤੁਰ ਕੇ ਟੋਡਰ ਮਲ ਨੇ ਮਾਤਾ ਨੂੰ ਜਾ ਸਮਾਚਾਰ ਸੁਣਾਇਆ। ਇਹ ਭਜਾਨਕ ਖ਼ਬਰ ਸੁਣਕੇ ਮਾਤਾ ਜੀ ਨੇ ਆਪਣੇ ਸਰੀਰ ਤੋਂ ਉਡਾਰੀ ਮਾਰੀ ਤੇ ਸਚੇ ਲੋਕ ਨੂੰ ਪਧਾਰ ਗਈ[3]। ਟੋਡਰ ਮਲ ਨੇ ਮਾਤਾ ਤੇ ਸਾਹਿਬਜ਼ਾਦਿਆਂ ਦਾ ਚੰਦਨ ਦੀਆਂ ਚਿਤਾਂ ਵਿਚ ਸਸਕਾਰ ਕਰਵਾਇਆ।

---

੧. ਮਿਤੀ ਪੋਹ ਦਿਨ ੧੩ ਸੰ: ੧੭੬੨ ਬਿ: ਸਵਾ ਪਹਿਰ ਦਿਨ ਚੜ੍ਹੇ। ੨. ਕੰਪੀ ਧਰਤਿ ਆਇ ਭੂਚਾਲਾ ਐਂਚਤ ਕੰਕਰ ਧੂਲ ਘਨੇਰੀ।

(ਸੂ: ਪ੍ਰ: ਸਫਾ ੫੯੫੨)

੩. ਸ੍ਰੀ ਮਾਤਾ ਗੁਜਰੀ ਜੀ ਦੇ ਜੋਤੀ ਜੋਤਿ ਹੋਣ ਦੇ ਪ੍ਰਸੰਗ ਇਤਿਹਾਸਾਂ ਵਿਚ ਜੁਦੇ ਜੁਦੇ ਦੱਸੇ ਗਏ ਹਨ। ਕਿਤੇ ਹੀਰਾ ਚੱਟਣਾ, ਕਿਤੇ ਬੁਰਜ ਤੋਂ ਡਿਗਣਾ ਤੇ ਕਿਤੇ ਮੱਥਾ ਕੰਧ ਨਾਲ ਟਕਰਾਉਣਾ ਆਦਿ। ਪਰੰਤੂ ਮਾਤਾ ਜੀ ਦਾ ਜੋਤੀ ਜੋਤਿ ਹੋਣਾ ਯੋਗਾਭਜਾਸ ਦੇ ਤ੍ਰੀਕੇ ਅਨੁਸਾਰ ਬ੍ਰਹਮਰੰਧ੍ਰ ਦਸਮ ਦ੍ਵਾਰ ਰਸਤੇ ਸਰੀਰ ਤਜਾਗਣਾ ਵਿਸ਼ੇਸ਼ ਸਹੀ ਭਾਸਦਾ ਹੈ, ਕਿਉਂਕਿ ਮਾਤਾ ਜੀ ਯੋਗੀ ਸਨ ਅਰ ਯੋਗ ਸਾਧਨਾ ਸਾਧਦੇ ਰਹੇ ਸਨ, ਜੈਸਾ ਕਿ ਸਾਹਿਬ ਦਸਮ ਪਾਤਸ਼ਾਹ ਜੀ ਨੇ ਬਚਿੱਤ੍ਰ ਨਾਟਕ ਦੇ ਧਿਆਇ ੬ ਅੰਕ ੩ ਵਿਚ ਆਪ ਦੱਸਿਆ ਹੈ 'ਤਾਤ ਮਾਤ ਮੂਰ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ।' ਇਸਤੋਂ ਵੱਧ ਹੋਰ ਪ੍ਰਮਾਣ ਦੀ

(ਬਾਕੀ ਟੂਕ ਦੇਖੋ ਕਾਲਮ ੨ ਦੇ ਹੇਠ)

ਭਾਰਤ ਭੂਮੀ ਦਾ ਵਿਰਲਾਪ

ਧਾਰਨਾ-ਕਹੂੰ ਕਿਆ ਤੁਝ ਕੋ ਐ ਬਾਦੇ ਬਹਾਰ।

ਤੁਰ ਗਏ ਦਸਮ ਗੁਰੂ ਦੇ ਲਾਲ। ਦੁਨੀਆਂ ਤਿਆਗੀ ਧਰਮ ਨ ਤਜਾਗਜਾ ਲਿਆ ਜਫਰ ਸਿਰ ਜਾਲ।

ਡਗਮਗ ਧਰਤੀ ਦਾ ਦਿਲ ਕੰਬਿਆ, ਆਯਾ ਕਹਿਰ ਭੁਚਾਲ। ਗੜ-ਗੜਾਟ ਕਰ ਗਗਨ ਗਰਜਿਆ, ਝੱਖੜ ਝੁਲੇ ਕਰਾਲ॥੧॥

ਕੁਦਰਤ ਹੋਇ ਗਈ ਬੇਹਾਲ॥ ਤੁ: ਭਾਰਤ ਭੂਮੀ ਹੋ ਰੋ ਕੂਕੇ, ਗਏ ਕਿਧਰ ਮੈਂ ਬਾਲ। ਨਜ਼ਰ ਮੇਰੀ ਥੀਂ ਉਹਲੇ ਹੋ ਗਏ ਜਾਇ ਲੁਕੇ ਕਿਮ ਢਾਲ॥੨॥

ਹਾਇ! ਮੈਂ ਰੋ ਰੋ ਹੋਈ ਨਿਢਾਲ॥ ਤੁ: ਆਓ ਪਿਆਰੇ ਦਰਸ ਦਿਖਾਓ, ਲਗੇ ਮਾਉਂ ਗਲ ਨਾਲ। ਅੱਖੀਂ ਸੁੱਖ ਕਲੇਜਾ ਠੰਢਾ, ਖੁਸ਼ੀ ਹੋਇ ਵਾਲ ਵਾਲ॥੩॥

ਵਿਛੜ ਕੇ ਪੈ ਗਏ ਚਿੰਤਾ ਜਾਲ॥ ਤੁ: ਆਖਣ ਲੋਕੀਂ ਲਾਲ ਦੁਲਾਰੇ, ਦੁਸ਼ਟਾਂ ਕੀਤੇ ਕਾਲ। ਚਿਣ ਕੇ ਕੰਧਾਂ ਵਿਚ ਮੈਂ ਸੁਹਣੇ ਹੋਏ

(ਕਾਲਮ ੧ ਦੀ ਬਾਕੀ ਟੂਕ)

ਲੋੜ ਨਹੀਂ, ਪਰ ਜੋ ਰਵਾਇਤ ਸ੍ਰੀ ਫ਼ਤਹ ਗੜ੍ਹ ਸਾਹਿਬ ਜੀ ਦੇ ਗ੍ਰੰਥੀ ਸਿੰਘਾਂ ਤੋਂ ਸੁਣੀ ਹੈ, ਉਹ ਇਥੇ ਦੱਸਣੀ ਜ਼ਰੂਰੀ ਹੈ। ੧੯੩੫ ਈ: ਵਿਚ ਕੁਛਕੁ ਯਾਤ੍ਰੀ ਸ੍ਰੀ ਫ਼ਤਹ ਗੜ੍ਹ ਸਾਹਿਬ ਗਏ ਸਨ। ਇਕ ਯਾਤਰੂ ਨੇ ਕਿਹਾ 'ਇਥੇ ਮਾਤਾ ਗੁਜਰੀ ਜੀ ਬੁਰਜ ਤੋਂ ਡਿਗ ਕੇ ਜੋਤੀ ਜੋਤ ਸਮਾਏ ਸਨ'। ਪਾਸ ਹੀ ਗ੍ਰੰਥੀ ਸਿੰਘ ਜੀ ਸੁਣ ਰਹੇ ਸਨ, ਉਨ੍ਹਾਂ ਨੇ ਉਸ ਯਾਤਰੂ ਨੂੰ ਕਿਹਾ: 'ਭਾਈ ਇਸ ਤਰ੍ਹਾਂ ਦੇ ਬੇਅਦਬੀ ਦੇ ਵਾਕ ਸ੍ਰੀ ਮਾਤਾ ਜੀ ਵਾਸਤੇ ਨਾ ਕਹੁ, ਅਸੀਂ ਆਪਣੇ ਪਿਤਾ ਪਿਤਾਮਾਂ ਜੀ ਤੋਂ ਸੁਣਦੇ ਆਏ ਹਾਂ ਕਿ ਮਾਤਾ ਜੀ ਨੂੰ ਜਦ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਸ੍ਰੀ ਜਪੁਜੀ ਦਾ ਪਾਠ ਕਰਕੇ ਅਰਦਾਸਾ ਸੋਧਿਆ ਤੇ ਚੌਕੜਾ ਲਾਕੇ ਦਸਮ ਦੁਆਰ ਵਿਚ ਪ੍ਰਾਣ ਚੜ੍ਹਾ ਲਏ ਤੇ ਸ਼ਰੀਰ ਤਿਆਗ ਦਿੱਤਾ'।

ਨੀਚ ਨਿਹਾਲ॥੪॥
ਹਾਂ ਜੀ ਡਿੱਗ ਪਈ ਓ ਪਾਲ॥ ਤੁ:
ਦੁਸ਼ਟ ਸਭਾ ਇਕ ਬੈਠੀ ਰਲਕੇ, ਖੜੇ ਬਹਾ-ਦੁਰ ਬਾਲ। ਕਹਿਣ ਕਬੂਲੋ ਦੀਨ ਨਹੀਂ ਤਾਂ ਮਾਰ ਕਰਾਂ ਬੇਹਾਲ॥੫॥
ਧਰਮ ਵਿਚ ਰਤਾ ਨਾ ਡੋਲੇ ਲਾਲ॥ ਤੁ:
ਦਸਮ ਗੁਰੂ ਦੇ ਬੋਲੇ ਸੂਰੇ, ਅੰਤ ਆਵਣਾ ਕਾਲ। ਅੱਜ ਨੂੰ ਆਵੇ ਕੱਲ ਨੂੰ ਆਵੇ, ਟਲੇ ਨ ਕੀਤਿਆਂ ਟਾਲ॥੬॥
ਧਰਮ ਲਈ, ਮਰਨਾ ਪੁੰਨ ਬਿਸਾਲ॥ ਤੁ:
ਦਰਦ ਬਿਦਰਦਾਂ ਮੂਲ ਨ ਉਪਜਿਆ, ਭੜਕੀ ਕ੍ਰੋਧ ਜੁਆਲ। ਮਾਰ ਖੜਗ ਤਨ ਜੁਦਾ ਕਰਾਏ, ਪਹੁੰਚੇ ਪਾਸ ਅਕਾਲ॥੭॥
ਹਾਂ ਜੀ ਪਹੁੰਚੇ ਪਾਸ ਅਕਾਲ॥ ਤੁ:
ਸਿੰਘ ਜ਼ੋਰਾਵਰ ਪਿਆਰੇ ਲੀਤੇ, ਭ੍ਰਾਤ ਫ਼ਤੇ ਸਿੰਘ ਨਾਲ। ਧਰਮ ਰਖਨ ਹਿਤ ਸਿਰ ਦੇ ਦੋਵੇ, ਪਹੁੰਚੇ ਪਾਸ ਗੁਪਾਲ॥੮॥
ਹੋਇ ਸ਼ਹੀਦ ਗਏ ਗੁਰ ਲਾਲ॥ ਤੁ:
ਮਹਿ ਨਾ ਸਕੇਗੀ ਦੁਖ ਇਹ ਮਾਤਾ, ਜਾਊ ਪੋਤਿਆਂ ਨਾਲ। ਸ਼ੋਕ ਹੋਇਗਾ ਦੇਸ਼ ਦੇਸ਼ ਵਿਚ, ਸੁਣ ਏ ਕਹਿਰ ਕਮਾਲ॥੯॥
ਗਏ ਓਹ, ਚਿਤਾ ਭਾਂਬੜ ਬਾਲ॥ ਤੁ:
ਦੁਸ਼ਟ ਰਾਜ ਦੇ ਸਖਤ ਉਪੱਦ੍ਰਵ, ਕਟਣੇ ਹੋਏ ਮੁਹਾਲ। ਚੜ੍ਹੇ ਸੂਰ ਨਿਤ ਸਹਾਂ ਨਵੇਂ ਦੁਖ, ਕਤਲ ਹੋਇ ਮੇਰੀ ਆਲ॥੧੦॥
ਹਾਇ ਪ੍ਰਭੂ ਜੀ! ਮੇਰੀ ਜਾਇ ਅਜਾਈਂ ਘਾਲ॥ਤੁ:
ਪਾਪ ਰਾਜ ਦਾ ਨਾਸ਼ ਕਰੋ ਪ੍ਰਭੂ, ਅਪਦਾ ਦੇਵੋ ਟਾਲ। ਸੱਤ ਧਰਮ ਜਗ ਵਿੱਚ ਫੈਲਾਵੋ, ਸਫਲ ਹੋਇ ਗੁਰ ਘਾਲ॥੧੧॥
ਗੱਜੇ ਫਿਰ ਮਤਿ ਸ੍ਰੀ ਅਕਾਲ॥ ਤੁ:
ਸ੍ਰਿਸ਼ਟੀ ਸਾਰੀ ਸਜੇ ਖਾਲਸਾ, ਦੂਰ ਹੋਨ ਭ੍ਰਮ ਜਾਲ। ਸਿੰਘ ਸੂਰ ਹੋ ਖੁਸ਼ੀਆਂ ਮਾਣਨ, ਕਰਨ ਧਰਮ ਪ੍ਰਤਿਪਾਲ॥੧੨॥
ਇਸ ਬਿਧ, ਕੂੜੇ ਟੁੱਟਨ ਪਾਲ॥ ਤੁ:

ਇਤਿਹਾਸਿਕ ਖੋਜ

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਬਤ ਇਤਿਹਾਸਾਂ ਵਿਚ ਤ੍ਰੈ ਗੱਲਾਂ ਬਾਬਤ ਕੁਛ ਵਖੇਵਾਂ ਹੈ:-੧. ਨਾਵਾਂ ਬਾਬਤ, ੨. ਗ੍ਰਿਫਤਾਰੀ ਦਾ ਟਿਕਾਣਾ, ੩. ਸ਼ਹਾਦਤ ਕੀਕੂੰ ਹੋਈ।

੧. ਨਾਵਾਂ ਦਾ ਵੇਰਵਾ।

ਸਰਹਿੰਦ ਵਿਚ ਸ਼ਹੀਦ ਹੋਏ ਸਾਹਿਬਜ਼ਾਦੇ ਫਤਹ ਸਿੰਘ ਜੀ ਸਨ, ਇਹ ਸਾਰੇ ਮੰਨਦੇ ਹਨ। ਦੂਜੇ ਬਹੁਤੇ ਜ਼ੋਰਾਵਰ ਸਿੰਘ ਜੀ ਤੇ ਕੋਈ ਜੁਝਾਰ ਸਿੰਘ ਜੀ ਦੱਸਦੇ ਹਨ। ਸਭ ਤੋਂ ਪੁਰਾਤਨ ਗ੍ਰੰਥ 'ਗੁਰ ਸ਼ੋਭਾ' ਹੈ ਜਿਸ ਵਿਚ ਪਹਿਲੋਂ ਤਾਂ ਜੁਝਾਰ ਸਿੰਘ ਜੀ ਨੂੰ ਚਮਕੌਰ ਵਿਚ ਜੂਝਦੇ ਲਿਖਿਆ ਹੈ ਤੇ ਫੇਰ ਸਰਹਿੰਦ ਦੇ ਸਾਕੇ ਸਮੇਂ ਲਿਖਿਆ ਹੈ:-
'ਫਤੇ ਸਿੰਘ ਜੁਝਾਰ ਸਿੰਘ ਇਹ ਬਿਧ ਤਜੇ ਪਰਾਨ।'
ਸੋ ਇਸ ਤੋਂ ਨਿਰਨੇ ਪਤਾ ਨਾ ਲਗ ਸਕਿਆ। ਪਰ ਜੇ ਵਧੇਰੇ ਗਹੁ ਨਾਲ ਪ੍ਰਸੰਗਲੀ ਮੇਲੋ ਤਾਂ ਇਹ ਜਾਪਦਾ ਹੈ ਕਿ ਜੁਝਾਰ ਸਿੰਘ ਜੀ ਨੂੰ (ਚਮਕੌਰ) ਲੜਦੇ ਵੇਖ ਕੇ ਜ਼ੋਰਾਵਰ ਸਿੰਘ ਜੀ ਮਦਦ ਨੂੰ ਆ ਪਏ ਤੇ ਮਾਰਦੇ ਮਾਰਦੇ ਜੀਉਂਦੇ ਕਿਸੇ ਪਾਸੇ ਨਿਕਲ ਗਏ। ਮਾਤਾ ਜੀ ਤੇ ਦੁਇ ਸਾਹਿਬਜ਼ਾਦੇ (ਚਮਕੌਰ ਤੋਂ) ਗ੍ਰਿਫਤਾਰ ਹੋਕੇ ਸਰਹਿੰਦ ਆਂਦੇ ਗਏ। ਸੋ ਇਉਂ ਸਰਹਿੰਦ ਸ਼ਹੀਦ ਹੋਣ ਵਾਲੇ ਸਾਹਿਬਜ਼ਾਦੇ ਜੁਝਾਰ ਸਿੰਘ ਤੇ ਫਤੇ ਸਿੰਘ ਜੀ ਹੋਏ।

ਮਹਿਮਾਂ ਪ੍ਰਕਾਸ਼ ਵਾਰਤਿਕ (੧੭੯੮ ਸੰਮਤ ਦਾ ਹੈ)। ਇਸ ਦਾ ਕ੍ਰਮ ਹੈ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹ ਸਿੰਘ। ਇਸ ਤੋਂ ਮਗਰੋਂ (੧੮੦੮-੧੮) ਗੁ: ਬਿ: ਮਨੀ ਸਿੰਘ ਵਾਲਾ ਹੈ ਉਸਨੇ ਚਮਕੌਰ ਵਿਚ ਦੇ ਦੋ ਸਾਹਿਬਜ਼ਾਦਿਆਂ ਦਾ ਨਾਮ ਅਜੀਤ ਸਿੰਘ ਜੁਝਾਰ ਸਿੰਘ ਦਿੱਤਾ ਹੈ। ਸੋ ਇਸਦਾ ਕ੍ਰਮ ਬੀ ਇਹੋ ਹੋਇਆ, ਬੰਸਾਵਲੀ ਨਾਮਾ (੧੮੩੬ ਬਿ:) ਇਸ ਵਿਚ ਸਰਹਿੰਦ ਵਾਲੇ ਸਾਹਿਬਜ਼ਾਦਿਆਂ ਦਾ ਨਾਮ ਜ਼ੋਰਾਵਰ ਸਿੰਘ ਤੇ ਫਤੇ ਸਿੰਘ ਹੀ ਦਿਤਾ ਹੈ।

ਸਿੰਘ ਸਾਗਰ-(੧੮੮੪) ਇਸਦੇ ਕਰਤਾ ਜੀ ਨੇ ਚਮਕੌਰ ਵਿਚ ਸ਼ਹੀਦ ਹੋਇਆਂ ਦਾ ਨਾਮ ਅਜੀਤ ਸਿੰਘ ਜੁਝਾਰ ਸਿੰਘ ਦਿੱਤਾ ਹੈ-ਤੇ ਸਰਹਿੰਦ ਵਾਲਿਆਂ

ਦਾ ਜ਼ੋਰਾਵਰ ਸਿੰਘ ਤੇ ਫਤੇ ਸਿੰਘ ਲਿਖਿਆ ਹੈ।

ਇਹੀ ਕ੍ਰਮ ਸਰਹਿੰਦ ਦੇ ਗੁਰਦੁਆਰੇ ਦੇ ਸੇਵਾਦਾਰਾਂ ਤੋਂ ਮਿਲਿਆ ਸੀ, ਇਹੀ ਵਧੇਰੇ ਸਹੀ ਜਾਪਦਾ ਹੈ। ਤਵਾ: ਖਾ:, ਕਨ੍ਹੈਯਾ ਲਾਲ, ਦੌਲਤ ਰਾਇ, ਸਾਧੂ ਗੋਬਿੰਦ ਸਿੰਘ ਆਦਿਕ ਲੇਖਕਾਂ ਨੇ ਬੀ-ਇਹੋ ਕ੍ਰਮ ਲਿਆ ਹੈ।

੨. ਗ੍ਰਿਫਤਾਰੀ ਦਾ ਟਿਕਾਣਾ।

ਗੁਰ ਸ਼ੋਭਾ ਤੇ ਇਸਤੋਂ ਬਣੇ ਗੁਰਬਿਲਾਸ ਭਾਈ ਮਨੀ ਸਿੰਘ ਨਾਮ ਵਾਲੇ ਨੇ ਗ੍ਰਿਫਤਾਰੀ ਛੋਟੇ ਸਾਹਿਬਜ਼ਾਦਿਆਂ ਦੀ ਚਮਕੌਰ ਤੋਂ ਲਿਖੀ ਹੈ। ਪਰ ਇਹ ਠੀਕ ਨਹੀਂ ਜਾਪਦਾ। ਗੁਰੂ ਸਾਹਿਬ ਜੀ, ਮਾਤਾ, ਤੇ ਦੋ ਬੱਚੇ ਚਮਕੌਰ ਗੜ੍ਹੀ ਵਿਚ ਇਕੱਲੇ ਤੁਰਕਾਂ ਦੇ ਰਹਿਮ ਤੇ ਛੱਡ ਕੇ ਕਦ ਆਪ ਬਾਹਰ ਨਿਕਲ ਜਾ ਸਕਦੇ ਸੇ। ਇਨ੍ਹਾਂ ਨੇ ਇਹ ਗੱਲ ਸਾਧਾਰਣ ਕਿਆਸ ਕੀਤੀ ਯਾ ਸੁਣੀ ਲਿਖੀ ਹੈ, ਪਰ ਸੁੱਖਾ ਸਿੰਘ ਜੀ ਜਿਨ੍ਹਾਂ ਨੇ ਆਪਣੇ ਗੁਰ ਬਿਲਾਸ ਵਿਚ ਚਾਹੇ ਭਾਈ ਮਨੀ ਸਿੰਘ ਵਾਲੇ ਗੁ: ਬਿ: ਤੇ ਗੁ: ਸੋਭਾ ਤੋਂ ਮਸਾਲਾ ਲਿਆ ਹੈ ਪਰ ਆਪ ਆਨੰਦਪੁਰ ਰਹੇ ਹਨ ਇਸ ਕਰਕੇ ਮੁਕਾਮੀ ਹਾਲਾਤ ਦੇ ਵਧੇਰੇ ਜਾਣੂ ਹੋਏ ਹਨ, ਆਪ ਨੇ ਲਿਖਿਆ ਹੈ ਕਿ ਰੋਪੜ ਤੋਂ ਬ੍ਰਾਹਮਣ ਮਸੰਦ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਰਸਤਾ ਭੁਲਾ ਕੇ ਆਪਣੇ ਪਿੰਡ ਲੈ ਗਿਆ।

ਰੋਪਰ ਤੇ ਵਹੁ ਰਾਹ ਭੁਲਾਈ। ਨਿਜ ਪੁਰ ਕੋ ਲੈ
ਗਯੋ ਕਸਾਈ। ਸਾਹਿਬਜ਼ਾਦੇ ਦੋਊ ਕੁਮਾਰ।
ਤੀਜੇ ਦਾਦੀ ਸਾਥ ਨਿਹਾਰ।

ਇਹੋ ਗਲ ਸਾਰੇ ਹੋਰਨਾਂ ਨੇ ਲਿਖੀ ਹੈ। ਫੇਰ ਜਿਸ ਪਿੰਡ ਖੇੜੀ ਜਾਕੇ ਰਹੇ ਸੇ, ਉਹ ਬਾਬੇ ਬੰਦੇ ਨੇ ੧੭੬੭ ਬਿ: ਵਿਚ ਉਜਾੜਿਆ ਸੀ। ਮਗਰੋਂ ਨੇੜੇ ਸਹੇੜੀ ਨਾਮ ਦਾ ਪਿੰਡ ਵਸਿਆ। ਸਹੇੜੀ ਪਿੰਡ ਤੋਂ ਪੱਛੋਂ ਵੱਲ ਥੋੜੀ ਦੂਰ ਤੇ ਮੰਜੀ ਸਾਹਬਿ ਹੈ ਜੋ ਛੋਟੇ ਸਾਹਿਬਜ਼ਾਦਿਆਂ ਦਾ ਯਾਦਗੀਰੀ ਨਿਸ਼ਾਨ ਹੈ। ਇਸੇ ਤਰ੍ਹਾਂ ਮੋਰੰਡੇ ਵਿਚ ਜਿਥੇ ਸਾਹਿਬਜ਼ਾਦੇ ਸਰਹਿੰਦ ਜਾਂਦੇ ਥੋੜੀ ਦੇਰ ਠਹਿਰੇ ਸਨ ਬੀ ਗੁਰਦੁਆਰਾ ਹੈ ਜੋ ਪਿੰਡ ਤੋਂ ਉਤਰ ਵਾਲੇ ਪਾਸੇ ਹੈ।

ਇਨ੍ਹਾਂ ਸਾਰੇ ਸਾਮਾਨਾਂ ਤੋਂ ਸਹੀ ਹੁੰਦਾ ਹੈ ਕਿ ਭਾ: ਸੁਖਾ ਸਿੰਘ ਜੀ ਦੀ ਲਿਖਤ ਸਹੀ ਹੈ। ਛੋਟੇ ਸਾਹਿਬਜ਼ਾਦੇ ਰੋਪੜ ਤੋਂ ਗੰਗੂ ਖੇੜੀ ਲੈ ਗਿਆ ਸੀ ਤੇ ਓਥੋਂ ਗ੍ਰਿਫਤਾਰ ਕਰਕੇ ਸਰਹਿੰਦ ਲਿਆਂਏ ਗਏ ਸੇ।

੩. ਕਤਲ ਕਿ ਨੀਹਾਂ ਹੇਠ?

ਗੁਰ ਸ਼ੋਭਾ (੧੭੫੮ ਯਾ ੧੭੯੯) ਵਿਚ ਲਿਖਤ ਹੈ:-ਯੋ ਖ੍ਰਭ ਕੋ ਕਰਨੀ ਤਬਹੀ ਦੋਊ ਜੂਝਤ ਹੀ ਪਰਲੋਕ ਸਿਧਾਏ। ਪੁਨਾ-ਫਤੇ ਸਿੰਘ ਜੁਝਾਰ ਸਿੰਘ ਇਹ ਬਿਧ ਤਜੇ ਪਰਾਨ।

ਇਸ ਵਿਚ ਜੂਝਤ ਪਦ ਹੈ, ਜਿਸਦੇ ਅਰਥ ਹਨ ਲੜਦੇ ਹੋਏ ਮਾਰੇ ਜਾਣਾ। ਉਨ੍ਹਾਂ ਨੇ ਜੋ ਤੁਰਕਾਂ ਦੀ ਪ੍ਰੇਰਨਾਂ ਨਾਲ ਟਾਕਰਾ ਕੀਤਾ ਹੈ ਉਸਨੂੰ ਜੰਗ ਦੀ ਤੁੱਲਤਾ ਦੇਕੇ 'ਜੂਝਤ ਤਜੇ ਪਰਾਣ' ਕਿਹਾ ਹੈ। ਸੋ ਚਿਣੇ ਜਾਣ ਦਾ ਜ਼ਿਕਰ ਇਸ ਵਿੱਚ ਸਫੁਟ ਨਹੀਂ ਹੈ, ਨਾਂ ਹੀ ਕਤਲ ਦਾ ਸਾਫ ਜ਼ਿਕਰ ਹੈ ਪਰ 'ਜੂਝਤ ਤਜੇ ਪਰਾਣ' ਤੋਂ ਧ੍ਰੁਨੀ ਕਤਲ ਦੀ ਹੋ ਸਕਦੀ ਹੈ।

ਗੁਰਬਿਲਾਸ ਭਾ: ਮਨੀ ਸਿੰਘ (੧੮੦੮-੧੮) ਸਭ ਤੋਂ ਪੁਰਾਣੀ ਲਿਖਤ ਨੀਂਹਾਂ ਵਿਦ ਚਿਣਨ ਦਾ ਜ਼ਿਕਰ ਕਰਨ ਵਾਲੀ ਇਹ ਪੋਥੀ ਹੈ:-

ਦੇ ਕਰ ਦੂਖ ਬਹੁਤ ਅਧਿਕਾਇ। ਤਬ ਨੀਹੋਂ
ਮੈਂ ਬਾਲ ਚਿਨਾਏ। ਬਹੁਤ ਕਲੇਸ਼ ਤੁਰਕ
ਤਬ ਦੀਨਾ। ਮੁਖ ਸੇ ਨਾਹ ਉਚਾਰਨ ਕੀਨਾ।
ਜੁਗ ਅਵਤਾਰ ਸਹੀ ਮਿਲ ਪੀੜਾ। ਪਰਾ-
ਲਬਧ ਵਸ ਜ਼ਾਨ ਮਰੀਰਾ। ਜ਼ਬੈ ਚਿਨਾਇ
ਭੀਤ ਮੈਂ ਦੀਨੇ। ਰਹੀ ਨ ਭੀਤ ਦਿਸਟ ਨਹਿ ਚੀਨੇ।
(ਅਧਜਾਇ ੧੬ ਅੰਕ ੨੫੬)

ਇਸ ਗੁ: ਬਿਲਾਸ ਤੋਂ ਇਹ ਪਤਾ ਬੀ ਚਲਦਾ ਹੈ ਕਿ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਦੁਖ ਬੀ ਕਈ ਪ੍ਰਕਾਰ ਦੇ ਦਿੱਤੇ ਗਏ ਸਨ। ਹਥਾਂ ਵਿਚ ਹਥੌੜੀਆਂ ਤੇ ਪੈਰਾਂ ਵਿਚ ਜ਼ੰਜੀਰ ਐਸੇ ਪਾਏ ਗਏ ਸਨ ਕਿ ਲਾਸਾਂ ਚੜ ਗਈਆਂ। ਭੁਖਿਆਂ ਰਖਣਾ, ਪਾਣੀ ਨਾ ਦੇਣਾ, ਮਾਤਾ ਜੀ ਦੇ ਪਾਸ ਨਾ ਜਾਣ ਦੇਣਾ ਆਦਿ ਯਥਾ:-

ਭੂਖੇ ਰਹੇ ਕਿਤਕ ਦਿਨ ਮਾਂਹੀ। ਨੀਰ ਨਾਹਿ ਤਿਨ
ਕਛੂਅਕ ਪਜਾਹੀਂ। ਲਾਸ ਪਰੀ ਤਾਂ
ਦਸਤਅਪਾਰਾ। ਪਾਦਨ ਮੱਧ ਸੁ ਅਪਰ ਅਪਾਰਾ*।

*ਦੂਸਰੇ ਲਿਖਤੀ ਨੁਸਖੇ ਵਿਚ ਇਸਦਾ ਪਾਠਾਂਤਰ ਐਉਂ ਹੈ-ਡਾਨ ਪਰੀ ਤਾਂ ਦਸਤਅਪਾਰਾ। ਪਾਦਨ ਮਧ ਅਖਰ ਸੁ ਅਪਾਰਾ।

ਐਸੋ ਦੂਖ ਦੀਨ ਅਧਿਕਾਈ। ਸਾਹਿਬ ਜਾਨੈ ਆਪ ਸੁਭਾਈ॥੨੫੬॥ (ਅਧਜਾਇ ੧੬)

ਅੱਠਵੇਂ ਦਿਨ ਬੰਦ ਬੰਦ ਜੁਦਾ ਕਰਨ ਦਾ ਡਰਾਵਾ ਦਿੱਤਾ ਗਿਆ:-ਅਸ਼ਟ ਰੋਜ ਮੈਂ ਆਇਕੈ ਕੀਨੋ ਰੋਖ ਅਪਾਰ। ਬੰਦ ਬੰਦ ਕਰੀਐ ਜੁਦਾ ਯਾ ਬਿਧ ਕਹੈਂ ਸੁਧਾਰ॥੨੫੪॥

ਬੰਸਾਵਲੀ ਨਾਮਾ (੧੮੩੬ ਬਿ:)-ਇਸ ਵਿਚ ਖੰਡੇ ਨਾਲ ਕਤਲ ਕੀਤੇ ਜਾਣਾ ਲਿਖਿਆ ਹੈ।

ਮਹਿੰਮਾ ਪ੍ਰਕਾਸ਼ (ਸਰੂਪ ਦਾਸ ਵਾਲਾ) 'ਤਦ ਉਸ ਨੇ ਜਲਾਦਾਂ ਕੋ ਕਹਾ ਇਸ ਤਰਾਂ ਕਰਕੇ ਇਹ ਕਾਰਨ ਹੂਆ' ਗੋਇਆ ਕਤਲ ਕੀਤੇ ਗਏ।

ਗੁਰ ਬਿਲਾਸ ਮੁਖਾ ਸਿੰਘ-

ਦੋਊ ਸਿਸਨ ਕੇ ਸੀਸ ਉਤਾਰੀ। ਦਏ ਕਾਟ ਉਨ ਅਧਮ ਗਵਾਰੀ। (ਸਫਾ ੪੫੦)

ਸਿੰਘ ਸਾਗਰ-(੧੮੮੪)

ਇਹ ਲਿਖਦਾ ਹੈ ਕਿ ਉਖੇੜੀ ਪਿੰਡ ਦੇ ਮਸੰਦ ਨੇ ਸਾਹਿਬਜ਼ਾਦੇ ਫੜਾ ਦਿੱਤੇ, ਨਾਮ ਇਸਨੇ ਜ਼ੋਰਾਵਰ ਸਿੰਘ ਤੇ ਫਤਹ ਸਿੰਘ ਦਿਤੇ ਹਨ ਤੇ ਲਿਖਿਆ ਹੈ:-

ਆਗੇ ਕਥਾ ਮੀਰੰਦ ਕੀ ਜਾਨਤ ਸਭ ਸੰਸਾਰ।

ਜੋ ਲਿਖਤੀ ਪੋਥੀ ਸਾਡੇ ਸਾਹਮਣੇ ਪਈ ਹੈ ਉਸ ਵਿਚ ਇਹੋ ਸਤਰ ਲਿਖਕੇ ਵੇਰਵਾ ਨਹੀਂ ਦਿੱਤਾ।

ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਇਹ ਲਿਖਦਾ ਹੈ ਕਿ ਜਲਾਦ ਨੇ ਜ਼ਿਬਹ ਕੀਤੇ।

ਸੂਰਜ ਪ੍ਰਕਾਸ਼ (੧੯੦੦) ਵਿਚ ਕਤਲ ਕਰਨਾ ਲਿਖਿਆ ਹੈ।

ਮੁਫਤੀ ਖੈਰਦੀਨ ਬਟਾਲੀਆ (੧੮੮੫) ਕੰਧਾਂ ਵਿਚ ਚਿਣੇ ਜਾਣਾ ਲਿਖਦਾ ਹੈ।

ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਇਆਣਿਆਂ ਮਸੂਮਾਂ ਨੂੰ ਕੰਧ ਵਿਚ ਚਿਣਾਇਆ ਜਦ ਓਹ ਕੰਧ ਫਟ ਗਈ ਤਾਂ ਕਤਲ ਕਰਾ ਦਿੱਤਾ।

ਭੁਲੇਵਾਂ ਐਉਂ ਪਿਆ ਜਾਪਦਾ ਹੈ ਕਿ ਜੋ ਡਰਾਵੇ ਦਿੱਤੇ ਗਏ ਉਨ੍ਹਾਂ ਵਿਚ ਕੰਧਾਂ ਉਸਾਰਕੇ ਵਿਚ ਚਿਣ ਦੇਣ ਦਾ ਵੀ ਜ਼ਰੂਰ ਹੋਣਾ ਹੈ। ਵਧੇਰੇ ਡਰਾਉਣ ਲਈ ਕੰਧ ਦੁਆਲੇ ਉਸਾਰੀ ਵੀ ਗਈ, ਜੋ ਮਨੀ ਸਿੰਘ ਜੀ ਵਾਲੇ ਗੁਰ ਬਿਲਾਸ ਵਿਚ ਦੱਸਿਆ ਹੈ ਕਿ ਕੰਧ ਨਾ ਰਹੀ ਤੇ ਤਵਾਰੀਖ ਖਾਲਸਾ ਬੀ ਦਸਦੀ ਹੈ ਕਿ ਕੰਧ ਢਹਿ ਪਈ। ਜਾਪਦਾ ਹੈ ਇਸ ਡਰਾਵੇ ਨਾਲ ਵੀ ਸਾਹਿਬਜ਼ਾਦਿਆਂ ਧਰਮ ਛਡਣਾਂ ਨਾ ਮੰਨਿਆਂ ਤਾਂ ਕਤਲਾਏ ਗਏ। ਇਟਾਂ ਵਿਚ ਚਿਣੇ ਜਾਣ ਤੋਂ ਹੀ ਸਰਹਿੰਦ ਦੀ ਇਟ ਨਾਲ ਇਟ ਖੜਕਣੀ ਦਾ ਖਜਾਲ ਵਾਬਸਤਾ ਹੈ। ਕਿਉਂਕਿ ਸਿੱਖਾਂ ਨੇ ੧੨ ਕੋਹਾਂ ਵਿੱਚ ਵਸਦੇ ਸਰਹਿੰਦ ਨੂੰ ਇੱਟ ਇੱਟ ਕਰਕੇ ਉਜਾੜਿਆ ਅਰ ਹਰ ਯਾਤ੍ਰੀ ਸਿੰਘ ਸਰਹਿੰਦ ਦੀਆਂ ਇੱਟਾਂ ਸਤਲੁਜ ਵਿਚ ਸਿੱਟਣੀਆਂ ਫਰਜ਼ ਸਮਝਦਾ ਰਿਹਾ, ਛੇਕੜ ਸਰਹਿੰਦ ਦੀਆਂ ਇੱਟਾਂ ਕੁੱਟ ਕੇ ਰੇਲ ਦੀ ਸੜਕ ਪੁਰ ਪਈਆਂ। ਇਹ ਜੋ ਇੱਟਾਂ ਪੁੱਟਣ ਦਾ ਖਿਆਲ ਸੀ ਏਹ ਉਨ੍ਹਾਂ ਦੇ ਇੱਟਾਂ ਵਿਚ ਚਿਣੇ ਜਾਣ ਤੋਂ ਹੀ ਚਲਿਆ ਜਾਪਦਾ ਹੈ ਤੇ ਇਹ ਪਤਾ ਵੀ ਲਗ ਗਿਆ ਕਿ ਸਭ ਤੋਂ ਪਹਿਲੋਂ (੧੮੦੮-੧੮) ਦਾ ਲਿਖਤੀ ਹਵਾਲਾ ਗੁ: ਬਿ: ਮ: ਸਿੰਘ ਵਿਚ ਹੈ ਜੋ ਗੁਰ ਸੋਭਾ ਤੋਂ ਥੋੜੇ ਸਾਲ ਮਗਰੋਂ ਦਾ ਹੈ। ਹੋਰ ਖੋਜ ਨਾਲ ਸ਼ਾਇਦ ਹੋਰ ਕੁਝ ਨਿਸ਼ਚਿਤ ਪਤਾ ਲੱਭ ਪਵੇ; ਪਰ ਹਾਲੇ ਇਹੀ ਜਾਪਦਾ ਹੈ ਕਿ ਚਿਣਨਾ ਇਕ ਡਰਾਵਾ ਸੀ ਤੇ ਸਰੀਰਾਂ ਦਾ ਅੰਤ ਕਤਲ ਨਾਲ ਹੋਇਆ ਹੈ।

ਸੂਚਨਾ-ਛੋਟੇ ਸਾਹਿਬਜ਼ਾਦਿਆਂ ਦੇ ਇਸ ਦਰਦਨਾਕ ਸਾਕੇ ਵੇਲੇ ਜੋ ਗੁਪਤ ਹਾਲ ਨਵਾਬ ਸਰਹਿੰਦ ਦੇ ਮਹਿਲਾਂ ਵਿਚ ਵਰਤਿਆ ਉਸਦਾ ਨਕਸ਼ਾ ਅਗਲੇ ਪ੍ਰਸੰਗ ਵਿਚ ਹੈ-

੭੪. ਜ਼ੈਨਾਂ ਦਾ ਵਿਰਲਾਪ*

ਸ੍ਰੀ ਗੁਰੂ ਕਲਗੀਧਰ ਜੀ ਮਹਾਰਾਜ, ਜਗਤ ਰਖਜਕ, ਅਵਤਾਰ ਸ਼ਿਰੋਮਣੀ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਖਿਡਾਉਣ ਵਾਸਤੇ ਇਕ ਰਾਜਪੂਤ ਜਾਤ ਤੋਂ ਬਣੀ ਸਿਖ ਇਸਤ੍ਰੀ ਸਿਖ ਪਤੀ ਸਣੇ ਮਹਿਲਾਂ ਵਿਚ ਰਹਿੰਦੀ ਹੁੰਦੀ ਸੀ। ਪਹਿਲੇ ਸਲ੍ਹੇੜ ਦੀ ਕੋਈ ਕੋਈ ਮੇਲਣ ਕਦੇ ਕਦੇ ਇਸ ਨੂੰ ਮਿਲਨੇ ਆ ਜਾਇਆ ਕਰਦੀ ਸੀ। ਇਕ ਵੇਰੀ ਇਕ ਰਾਜਪੂਤਣੀ ਸੁਹਾਗੋ ਨਾਮੇ

*ਇਹ ਪ੍ਰਸੰਗ ਸੰ: ਗੁ: ਨਾ: ਸਾ: ੪੩੪ ਅਪ੍ਰੈਲ ੧੯੦੨ ਈ: ਵਿਚ ਪ੍ਰਕਾਸ਼ਤ ਹੋਇਆ ਸੀ।

ਅਪਣੀ ਮੁਟਿਆਰ ਪਰ ਅਤਿ ਸੁੰਦਰ ਤੇ ਕੁਆਰੀ ਧੀ ਭਾਗੋ ਸਣੇ ਆਈ। ਕੁਝ ਦਿਨ ਪ੍ਰਾਹੁਣੀ ਰਹਿ ਕੇ ਬਿਲਾਸ ਪੁਰ ਦੇ ਰਾਜ ਵਿਚ ਚਲੀ ਗਈ, ਜਿਥੇ ਜਾ ਕੇ ਰਾਜਾ ਦੇ ਮਹਿਲਾਂ ਵਿਚ ਗੋਲੀ ਹੋ ਗਈ। ਇਸ ਦੀ ਇਹ ਮੁਟਿਆਰ ਲੜਕੀ ਕੁਝ ਦਿਨ ਗੁਰੂ ਮਹਿਲਾਂ ਦੇ ਦਾਸ ਘਰਾਂ ਵਿਚ ਰਹੀ ਸੀ। ਜਦੋਂ ਹੁਣ ਮੁੜਕੇ ਮਾਂ ਪਾਸ ਗਈ; ਗੁਰੂ ਘਰ ਦਾ ਅਸਰ ਉਸ ਦੇ ਦਿਲ ਪੁਰ ਹੋ ਗਿਆ ਸੀ ਜੋ ਅੰਤ ਤਕ ਨਾ ਭੁੱਲਾ। ਸਾਹਿਬਜ਼ਾਦਿਆਂ ਦੇ ਸੁੰਦਰ ਸਰੂਪ, ਸਿੱਖਾਂ ਦੇ ਤੇਜੱਸ੍ਵੀ ਦਰਸ਼ਨ, ਰਾਜਸੀ ਤੇ ਸ਼ਾਂਤਕੀ ਪ੍ਰਭਾਵ ਉਸਦੇ ਸਾਦੇ ਦਿਲ ਪੁਰ ਪੱਥਰ ਲੀਕ ਹੋ ਗਏ ਸੇ। ਰਾਜੇ ਬਿਲਾਸ ਪੁਰ ਦੇ ਦੁਆਰੇ ਮਾਂ ਨਾਲ ਸੇਵਾ ਕਰਦੀ ਰਾਜਸੀ ਰਣਵਾਸਾਂ ਦੇ ਸਾਰੇ ਹਾਲਾਂ ਦੀ ਵਾਕਫ ਹੋ ਗਈ ਸੀ। ਰਾਜੇ ਦੇ ਜੰਗ ਜੁੱਧਾਂ ਅਰ ਗੁਰ ਦ੍ਰੋਹਾਂ ਦੇ ਹਾਲ ਬੀ ਮਹਿਲਾਂ ਵਿਚ ਸੁਣਦੀ ਰਹਿੰਦੀ ਸੀ, ਪਰ ਉਹ ਬਾਲਪਨ ਦਾ ਬੱਧਾ ਨਕਸ਼ਾ ਭੋਲੇ ਭਾ ਵਿਚ ਜੋ ਅਸਰ ਕਰ ਗਿਆ ਹੋਇਆ ਸੀ, ਕਾਇਮ ਸੀ। ਇਹ ਅਸਰ ਕਿ ਅਨੰਦ ਪੁਰ ਦੇਵਤਿਆਂ ਦੀ ਪੁਰੀ ਹੈ, ਉੱਥੋਂ ਦੇ ਵਾਸੀ ਧਰਮੀ ਹਨ ਅਰ ਉਨ੍ਹਾਂ ਅੱਗੇ ਕਿਸੇ ਦੀ ਪਾਇਆਂ ਨਹੀਂ, ਦਿਲ ਤੋਂ ਕਦੀ ਦੂਰ ਨਾ ਹੋਇਆ। ਹੁਣ ਇਹ ਬਹੁਤ ਜੁਆਨ ਹੋ ਗਈ। ਕੁੜੀ ਪਿਤਾ ਨੇ ਵਿਆਹ ਦਿੱਤੀ। ਇਸ ਦਾ ਸਹੁਰਾ ਘਰ ਸਰਹਿੰਦ ਵਿਚ ਸੀ। ਅਜੇ ਡੋਲਾ ਸਰਹਿੰਦ ਨਹੀਂ ਪਹੁੰਚਾ ਸੀ ਕਿ ਇਸਦੀ ਸੁੰਦਰਤਾ ਅਰ ਜੁਆਨੀ ਦੀ ਧਾਕ ਪਹਿਲੇ ਅੱਪੜ ਪਈ। ਡੋਲਾ ਰਸਤੇ ਵਿਚ ਹੀ ਰੋਕ ਕੇ ਖੋਹ ਲਿਆ ਗਿਆ ਅਰ ਇਸ ਤਰ੍ਹਾਂ ਨਵਾਬ ਦੇ ਮਹਿਲੀਂ ਪਹੁੰਚਾਇਆ ਗਿਆ ਕਿ ਪਤਾ ਨਾ ਲੱਗ ਸਕੇ ਡੋਲਾ ਕਿਸ ਖੱਸ ਖੜਿਆ ਹੈ। ਪਹਿਲੇ ਤਾਂ ਇਹ ਸਖ਼ਤ ਰੰਜ ਵਿਚ ਰਹੀ, ਅਤੇ ਮਹੀਨਿਆਂ ਤੱਕ ਨਵਾਬ ਦੇ ਮੱਥੇ ਨਾ ਲਗੀ ਤੇ ਧਰਮ ਬਚਾਉਣ ਦਾ ਜ਼ੋਰ ਲਾਉਂਦੀ ਰਹੀ ਪਰ ਅੰਤ ਇਸਦਾ ਧਰਮ ਕਈ ਤਰੱਦਦਾਂ ਦੇ ਅੱਗੇ ਨਾ ਬਚਿਆ। ਹਠ ਨੇ ਹਾਰ ਦਿਤੀ ਤੇ ਬੇਗਮ ਬਣ ਗਈ*; ਐਸ਼੍ਵਰਜ ਪਾ ਕੇ ਵਿਪਦਾ ਨੂੰ ਭੁੱਲੀ ਤਾਂ ਸਹੀ, ਪਰ ਉਹ ਅਨੰਦ ਪੁਰ ਦੀ ਦੈਵੀ ਹਵਾ ਦਾ ਇੱਕ ਰੁਮਕਾ ਕਦੇ ਕਦੇ ਯਾਦ ਆਉਂਦਾ ਤਾਂ ਉਹ ਬਾਲਪਨੇ ਦਾ ਧਰਮੀ ਅਸਰ ਬਿਹਬਲ ਕਰ ਦਿੰਦਾ। ਇਸ ਯਾਦ ਦਾ ਸ਼ੁਭ ਫਲ ਬੀ ਕਈ ਵੇਰ ਨਿਕਲਦਾ ਕਿ ਸਿੱਖਾਂ ਨੂੰ ਕਈ ਮਦਦਾਂ ਇਸ ਤੋਂ ਗੁਪਤ ਪੁੱਜ ਜਾਂਦੀਆਂ*, ਪਰੰਤੂ ਤਦ ਬੀ ਆਪਣੀ ਸੁੰਦਰਤਾ ਅਰ ਗੁਣਾਂ ਦੀ ਕਦਰਦਾਨੀ ਵਿਚ ਭੁੱਲ ਦਾ ਨਸ਼ਾ ਅਕਸਰ ਚੜ੍ਹਿਆ ਰਹਿੰਦਾ ਅਰ ਬੇਗਮ ਬਹੁਤਾ ਵਕਤ ਭੁੱਲ ਦੇ ਆਸਰੇ ਸੁਖ ਵਿਚ ਹੀ ਬਿਤਾਉਂਦੀ। ਜਦ ਰੰਗੂ ਬ੍ਰਾਹਮਣ ਨੇ ਛੋਟੇਸਾਹਿਬਜ਼ਾਦੇ ਫੜਵਾਏ ਤੇ ਨਵਾਬ ਦੇ ਦਰਬਾਰ ਵਿਚ ਕਤਲ ਦੇ ਮੱਤੇ ਪਕੀਜੇ, ਤਦ ਘਰ ਘਰ ਹਾਹਾਕਾਰ ਮਚੀ। ਉਸ ਹਾਹਾਕਾਰ ਦੀ ਸੁੰਧਕ ਮਹਿਲਾਂ ਵਿਚ ਬੀ ਪਹੁੰਚੀ ਅਰ ਜ਼ੈਨਾਂ ਦੇ ਕੰਨੀਂ ਬੀ ਪਈ। ਜ਼ੈਨਾਂ ਨੇ ਅਮਲ ਹਾਲ ਪੁੱਛ ਮੰਗਵਾਏ। ਪੁਰਾਣੇ ਸਮੇਂ ਅੱਖਾਂ ਅਗੇ ਆ ਗਏ, ਨਾਲ ਸਿਖਾਂ ਦੇ ਬਲ ਤੇ ਤੇਜ਼ ਦਾ ਡਰ ਬੀ ਛਾ ਗਿਆ, ਤੇ ਸਿੱਖਾਂ ਦੇ ਹੱਥੋਂ ਆਪਣੇ ਰਾਜ ਭਾਗ ਨਿਸਚਿਤ ਤਬਾਹ ਹੋ ਜਾਣ ਦਾ ਸਹਿਮ ਛਾ ਗਿਆ। ਇਨ੍ਹਾਂ ਡਰਾਂ ਨਾਲ ਬਿਆਕੁਲ ਹੋ ਗਈ ਤੇ ਕਈ ਵੇਰ ਨੈਣ ਭਰ ਭਰ ਡੁੱਲ੍ਹਣ ਲਗ ਪਏ। ਇਸ ਦਸ਼ਾ ਵਿਚ ਰਾਤ ਕੁਝ ਬੀਤ ਗਈ। ਇਸ ਪ੍ਰਕਾਰ ਦੇ ਵਿਰਲਾਪ ਵਿਚ ਸੀ ਕਿ ਨਵਾਬ ਸਾਹਿਬ ਬੀ ਮਹਿਲੀਂ ਆ ਗਏ, ਉਸ ਦੀ ਬਿਆਕੁਲਤਾ ਦੇਖਕੇ ਉਸ ਦੇ ਰੂਪ ਦੇ ਕੈਦੀ ਨਵਾਬ ਸਾਹਿਬ ਬਿਆਕੁਲ ਹੋ ਗਏ ਅਰ ਖਹਿੜੇ ਪੈ ਪੈ ਕੇ ਪੁੱਛਣ ਲੱਗੇ ਅਰ ਅੱਗੇ ਲਿਖੀ ਬਾਤ ਚੀਤ ਸਾਰੀ ਰਾਤ ਹੁੰਦੀ ਰਹੀ ਜੋ ਪਹਿਲੇ ਅੰਕ ਵਿਚ ਲਿਖੀ ਹੈ। ਦੂਸਰੇ ਅੰਕ ਵਿਚ ਨਵਾਬ ਸਾਹਿਬ ਤੇ ਉਨ੍ਹਾਂ ਦੇ ਮੁਸਾਹਿਬਾਂ ਦੀ ਗੁਪਤ ਸਲਾਹ ਦੇ ਮਸ਼ਵਰੇ ਦਾ ਹਾਲ ਹੈ, ਜਿਸ ਦਾ ਸਿੱਟਾ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੀ। ਸ਼ਹੀਦ ਕਰਕੇ ਨਵਾਬ ਬੜਾ ਦਿਲਗੀਰ ਹੋਕੇ ਮਹਿਲੀਂ ਗਿਆ, ਬੇਗਮ ਅੱਗੇ ਹੀ ਇਹ ਦਿਲ-ਚੀਰ ਸਮਾਚਾਰ ਸੁਣ ਕੇ ਰੋ ਰਹੀ ਸੀ, ਨਵਾਬ ਦੇ ਪਹੁੰਚਿਆਂ ਫੇਰ ਬਹਿਸ ਛਿੜੀ। ਇਹ ਬਾਤ ਚੀਤ ਤੀਸਰੇ ਅੰਕ ਵਿਚ ਵਰਣਿਤ ਹੈ। ਏਹ ਹਾਲਾਤ ਇਕ ਦਰਦਨਾਕ ਗਾਇਨ ਧਾਰਨਾ ਵਿਚ ਲਿਖੇ ਹਨ।

*ਇਸ ਬੇਗ਼ਮ ਦਾ ਮੁਸਲਮਾਨੀ ਨਾਮ ਜ਼ੈਨਬੁੱਨਿਸਾ ਹੋਇਆ ਜਿਸ ਨੂੰ ਪਿਆਰ ਨਾਲ ਨਵਾਬ ਸਾਹਿਬ ਜ਼ੈਨਾ ਕਰਕੇ ਸੱਦਦੇ ਹੁੰਦੇ ਸਨ।

*ਦੇਖੋ ਏਸੇ ਪੋਥੀ ਦੇ ਪੂਰਬਾਰਧ ਵਿਚ 'ਤਿਲੋਕੀ ਬਾਈ ਤੇ ਘੁੱਲੂ ਸ਼ਾਹ' ਦਾ ਪ੍ਰਸੰਗ ਅੰਕ ੩੮ (ਪੰਨਾ-੩੬੬)

ਰਾਗ-ਪਹਾੜ।
ਤਾਲ-ਚੰਚਲ ਧਮਾਰ (ਯਾ ਗੀਤ ਤਾਰ)

ਧਾਰਨਾ- [ਸੁਣ ਰਾਜਾ ਮੇਰੀ ਬਾਤ,
[ਹੀਰਾ ਮਿਰਗ ਸੁਖ਼ਨ ਏ ਬੋਲਿਆ

ਚਿਤ੍ਰ ਵਾਜੇ {ਗਾ ਗਾ ਗਾ ਰੇ ਰੇ ਸਾ
ਵਿਚੋਂ {ਇਹ ਕੀ ਕੀ.....ਤਾ ਸੂ ਕਾਜ
ਗਾਉਣ {ਗਾਗਾ ਗਾ ਗਾ ਰੇ ਸਾ ਸਾ ਰੇ ਰੇ ਰੇ
ਲਈ {ਸੋਚੀ ਨਹੀਂ ਦੂ...ਰ ਦੀ ਸ਼ਾਹ ਨੇ

ਛੰਦ-ਸਿਰਖੰਡੀ ਛੰਦ*।

ਅੰਕ ੧

ਸਰਹੰਦ ਦੇ ਰਾਜ ਮਹਲ,
ਪਟਰਾਣੀ ਜ਼ੈਨਾਂ ਦਾ ਕਮਰਾ

ਆਈ ਜ਼ੈਨਾ ਘਾਬਰੀ ਹੋਈ ਤੇ ਰੋਂਦੀ ਰੋਂਦੀ:-

ਏ ਕੀ ਕੀਤਾ ਸੂ ਕਾਜ,
ਸੋਚੀ ਨਹੀਂ ਦੂਰ ਦੀ ਸ਼ਾਹ ਨੇ।
ਰਹਿਸੀ ਤਖਤੋ ਨ ਤਾਜ,
ਦੌਲਤ ਹੁਕਮ ਦੂਰ ਹੋ ਜਾਣਗੇ।
ਉਲਟੀ ਪੈਂਦੀ ਏ ਫਾਲ,
ਖੋਟੇ ਸ਼ਗਨ ਸਾਫ ਹਨ ਹੋ ਰਹੇ।
ਹੋਸੀ ਮੰਦਾ ਹਵਾਲ,
ਮੱਥਾ ਲਗਾ ਰੱਬ ਦੇ ਨਾਲ ਜੋ।

(ਗੋਲੀਆਂ ਨੂੰ)

ਕੋਈ ਜਾਈਓ ਸ਼ਿਤਾਬ,
ਲਿਆਵੋ ਤੁਰਤ ਸੱਦ ਨੀ ਸ਼ਾਹ ਨੂੰ।
ਮੈਂ ਹੋ ਰਹੀਆਂ ਬਿਤਾਬ,
ਮੈਨੂੰ ਸਹੀਓ ਚੈਨ ਨਾ ਆਂਵਦਾ।
ਕਰ ਨ ਬੈਠੇ ਕੁਕਾਜ,
ਹੋੜੇ ਕੁਈ ਜਾਇ ਕੇ ਸ਼ਾਹ ਨੂੰ।
ਉੱਡ ਜਏ ਹੱਥੋਂ ਜਿ ਬਾਜ,
ਹੱਥ ਆਵਣਾਂ ਫੇਰ ਨੀ ਔਖ ਹੈ।
ਦੌੜੋ ਦੌੜੋ ਨੀ ਦੌੜ,
ਲਿਆਵੋ ਘਰੀਂ ਸੱਦਕੇ ਕੰਤ ਨੂੰ।
ਕੀਮ ਨਾ ਹੋ ਜਾਏ ਚੌੜ,
ਛੇਤੀ ਕਰੋ ਗੋਲੀਓ ਮੇਰੀਓ!

{ਆ ਗਿਆ ਨਵਾਬ

ਨਵਾਬ-
ਪਿਆਰੀ ਜ਼ੈਨਾਂ ਅਜ਼ੀਜ਼,
ਤੇਰਾ ਕਿਹਾ ਰੰਗ ਨੀ ਹੋ ਗਿਆ?
ਬੋਲੀ ਕੋਈ ਕਨੀਜ਼?
ਮੰਦਾ ਕਿਸੇ ਦੱਸ ਜੇ ਬੋਲਿਆ?
ਤੇਰਾ ਚਿਹਰਾ ਗੁਲਾਬ,
ਕਿਹੜੀ ਵੱਲੇ ਉੱਡ ਨੀ ਹੈ ਗਿਆ?
ਮੰਦੀ ਚਿਹਰੇ ਦੀ ਆਬ,
ਕਿਹੜੀ ਗੱਲੇ ਦੱਸ ਹੈ ਪੈ ਗਈ?
ਦਸ ਦਿਹ ਛੇਤੀ ਹਵਾਲ,
ਮੈਨੂੰ ਬਿਚੈਨੀ ਨੇ ਹੈ ਘੇਰਿਆ।
ਦੇਈਂ ਮੂਲੋਂ ਨ ਟਾਲ,
ਘੁੰਡੀ ਦਿਲੇ ਦੀ ਨੀ ਤੂੰ ਖੋਲ੍ਹ ਦੇ।

ਬੇਗਮ-
ਸੁਣ ਸ਼ਾਹਾ! ਮੇਰੀ ਬਾਤ,
ਮੰਦਾ ਕਿਸੇ ਮੂਲ ਨਾ ਬੋਲਿਆ।
ਮੇਰੇ ਹਿਰਦੇ ਦੀ ਸ਼ਾਂਤ,
ਚਿੰਤਾ ਦੀ ਡਾਇਣ ਕਿਤੇ ਲੈ ਗਈ।
ਦੱਸਾਂ ਦਿਲ ਦਾ ਕੀ ਹਾਲ?
ਖੋਲ੍ਹ ਆਪਣਾ ਭਰਮ ਹੈ ਖੋਵਣਾ।
ਹੱਸ ਕੇ ਦੇਵੋਗੇ ਟਾਲ,
ਮੰਨੋਂਗੇ ਨਾ ਮੈਂਡੜਾ ਆਖਿਆ।
ਬਾਲਕ, ਨੌਕਰ ਤੇ ਨਾਰ,
ਇੱਕੋ ਜਿਹੇ ਲੋਕ ਹਨ ਜਾਣਦੇ।
ਕਰਦਾ ਕੌਣ ਏਤਬਾਰ?
ਕਿਹੜਾ ਮੰਨੇ ਏਨ੍ਹਾਂ ਦਾ ਆਖਿਆ।

ਨਵਾਬ-
ਸੁਣ ਬੇਗਮ ਮੇਰੀ ਜਾਨ!
ਤੇਰੇ ਉੱਤੋਂ ਵਾਰਨੇ ਮੈਂ ਗਿਆ।
ਘਰ ਬਾਹਰ ਸਾਡੇ ਮਾਨ
ਤੇਰਾ ਸਦਾ ਪਜਾਰੀਏ ਰੱਖਿਆ,
ਮੋੜੀ ਕੋਈ ਨ ਬਾਤ,

---

*ਇਸ ਛੰਦ ਦੀ ਚਾਲ ਸਿਰਖੰਡੀ ਹੈ, ਮਾਤਰਾ ੧੩+੧੭ ਹਨ। ਇਸ ਦਾ ਤੁਕਾਂਤ ਵਿਚਲੇ ਵਿਸਰਾਮ ਤੇ ਹੁੰਦਾ ਹੈ ਅਰ ਤੁਕਾਂਤ ਦਾ ਛੇਕੜਲਾ ਅੱਖਰ ਹ੍ਰਸਵ ਤੇ ਉਸਦੇ ਪਹਿਲਾ ਦੀਰਘ ਹੁੰਦਾ ਹੈ ਤੇ ਤੁਕ ਦੇ ਮੁੱਕਣ ਪਰ ਤੁਕਾਂਤ ਮਿਲਦਾ ਨਹੀਂ ਹੁੰਦਾ, ਪਰ ਛੇਕੜਲਾ ਅੱਖਰ ਦੀਰਘ ਹੁੰਦਾ ਹੈ।

ਹਾਸੇ, ਸਚੀਂ, ਜ਼ੋਰ, ਜੋ ਤੂੰ ਕਹੀ?
ਅਪਣੇ ਜੀ ਦੀ ਬੀ ਜਾਨ
ਤੈਨੂੰ ਸਦਾ ਸੁਹਣੀਏਂ ਮਾਣਿਆਂ।
ਅਪਣੀ ਜਿੰਦੜੀ ਦੀ ਜਾਨ
ਤੈਨੂੰ ਸਦਾ ਰੱਖਿਆ ਪਜਾਰੀਏ!
ਡਾਢਾ ਹੋਯਾਂ ਹਿਰਾਨ
ਤੇਰਾ ਬੁਰਾ ਹਾਲ ਨੀ ਵੇਖ ਕੇ।
ਹੋ ਜਾ ਹੁਣ ਮਿਹਰਬਾਨ,
ਗੁੱਸਾ ਗਿਲਾ ਛੱਡਦੇ, ਸੁਹਣੀਏਂ!

ਬੇਗਮ-
ਘਰ ਬਾਹਰ ਤੇ ਈਮਾਨ,
ਤੇਰੇ ਪਿੱਛੇ ਟੁਰ ਗਿਆ ਰਾਜਿਆ!
ਪੇਕੇ ਸਹੁਰੇ ਤੇ ਸਾਕ,
ਤੇਰੇ ਲਈ ਦੂਰ ਸਭ ਹੋ ਗਏ।
ਭੰਨ ਕੇ ਗਹਿਣੇ ਤਮਾਮ,
ਤੈਨੂੰ ਬਣਾ ਹੱਸ ਮੈਂ ਵੇ ਲਿਆ।
ਤੂਹੋਂ ਹੀ ਰੱਬ ਤੇ ਰਾਮ
ਆਸਰਾ ਸਭੀ ਥੋਕੜੀਂ ਮੈਂਡੜਾ!
ਵਿੰਗਾ ਹੋ ਜਾਏ ਵਾਲ
ਤੇਰੇ ਪਿੰਡਜੋਂ ਇਕ ਜੇ ਸ਼ਾਹ ਜੀ;
ਮੇਰਾ ਆ ਜਾਏ ਕਾਲ,
ਮੱਛੀ ਦਾ ਜਿਉਂ ਨੀਰ ਤੋਂ ਵਿਛੁੜਿਆਂ।
ਤੂੰ ਭਰਤਾ ਵੇ ਮੈਂ ਨਾਰ,
ਤੇਰੇ ਬਿਨਾਂ ਮੂਲੋਂ ਨਾ ਸ਼ੋਭਦੀ!
ਮੈਂ ਪੱਤਰ ਤੂੰ ਵੇ ਡਾਰ,
ਤੇਰੇ ਬਿਨਾਂ ਮੇਰਾ ਕੀ ਆਸਰਾ?
ਹੁਣ ਤੂੰ ਕੀਤਾ ਹਨੇਰ,
ਆਪੇ ਵੜਿਓਂ ਵਿਚ ਜਾ ਭੱਠ ਦੇ,
ਹੋ ਗਿਓਂ ਹੱਦੋਂ ਦਲੇਰ,
ਵਿਹੜੇ ਲੱਗੋਂ ਮੌਤ ਦੇ ਖੇਡਣੇ।
ਮਿਲ ਗਏ ਖੋਟੇ ਮੁਨੀਬ,
ਖੋਟੀਆਂ ਪੱਟੀਆਂ ਤੂੰ ਵਾਚੀਆਂ।
ਮਿੱਠੀ ਓਹਨਾਂ ਦੀ ਜੀਭ,
ਮਾਰੂ ਜਿਵੇਂ ਮਿੱਠੜਾ ਤੇਲੀਆ*।

*ਮਿੱਠਾ ਤੇਲੀਆ, ਨਾਂ ਨੂੰ ਮਿੱਠਾ ਹੈ, ਪਰ ਉਂਞ ਵਿਹੁ ਹੈ।

ਜਾਂਦੇ ਪਰਬਤ ਨੀ ਪਾੜ
ਸੁਣਦੇ ਰਹਿਣ ਮੰਤ੍ਰ ਜੋ ਖੋਟੜੇ।
ਚੁਗਲੀ ਨਿੰਦਾ ਦੀ ਚਾੜ੍ਹ
ਬੁਰਜਾਂ ਕਿਲੇ ਭੋਇਂ ਤੇ ਡੇਗਦੀ।

ਨਵਾਬ-
ਕੈਸੀ ਅਚਰਜ ਹੈ ਬਾਤ,
ਪਾਵੇਂ ਬੁਝਾਰਤਾਂ ਤੂੰ ਬੇਗਮੇਂ!
ਬੀਤੀ ਕਿੰਨੀ ਹੈ ਰਾਤ,
ਦੱਸੇਂ ਨਹੀਂ ਬਾਤ ਤੂੰ ਖੋਲ੍ਹ ਕੇ।
ਲੇਖੇ ਰਬ ਤੇ ਰਸੂਲ,
ਦੱਸੀਂ ਦਿਲੀ ਦਰਦ ਤੇ ਦੁੱਖ ਜੋ।
ਮੇਰਾ ਮਿਟ ਜਾਏ ਸ਼ੂਲ
ਜੇੜ੍ਹਾ ਉਦਾਸੀ ਤੇਰੀ ਛੇੜਿਆ।

ਬੇਗਮ-
ਖੇਡੇਂ ਸੱਪਾਂ ਦੀ ਖੇਡ
ਵਿਠੂੰਹੇਂ ਦਾ ਮੰਤਰ ਨ ਤੂੰ ਜਾਣਦਾ।
ਮਾਰੀ ਜਾਈਆ ਨ ਭੇਡ,
ਮੱਥੇ ਸਿਖਾਂ ਨਾਲ ਤੂੰ ਲਾ ਲਏ!
ਪੁਛੇਂ ਮੈਨੂੰ ਕੀ ਹਾਲ,
ਸਾਰੇ ਵ੍ਰਤਾਏ ਨੀ ਤੂੰ ਹਾਲ ਜੋ।
ਵਸ ਨ ਚਲੇ ਤੇਰੇ ਨਾਲ,
ਨਿਰਬਲ ਪਰਾਧੀਨ ਮੈਂ ਨਾਰ ਹਾਂ।
{ਅਸਮਾਨਾਂ ਵਲ ਤਕ ਕੇ
ਰੱਬਾ! ਬਿਜਲੀ ਨੂੰ ਭੇਜ,
ਭੈੜੇ ਮੁਸਾਹਿਬ ਤਿਰੇ ਮਾਰਦੇ,
ਗ਼ੈਬੀ ਗੋਲੇ ਦੀ ਤੇਜ
ਆ ਕੇ ਲਵੇ ਮਾੜੇ ਦਰਬਾਰੀਆਂ;
ਧਰਤੀ ਤੂੰਹੋਂ ਹੀ ਪਾਟ
ਸਮੇਟੀਂ ਜੋ ਕਾਜ਼ੀ ਬੁਰਾ ਬੀਜਦੇ।
ਆ ਪਏ ਪਰਬਤ ਦੀ ਫਾਟ
ਸੂੰਹੀਆਂ ਨੂੰ ਦੱਬੇ ਤਲੇ ਨੱਪ ਕੇ;
ਲਾਵੀਂ ਨਦੀਏ ਨੀ ਢਾਹ
ਝੂਠੀ ਸ਼ਰਅ ਵਾਲੜੇ ਰੋੜ੍ਹ ਲੈ;
ਪੈ ਜਾਇ ਮੇਰੀ ਹੀ ਹਾਹ;
ਸੜ ਕੇ ਸੁਆਹ ਸਾਰੇ ਹੀ ਜਾਣਹੋ!
ਮੰਦੀ ਦਿਤੜੀ ਸਲਾਹ

ਪਾਪੀ ਜਿਨ੍ਹਾਂ ਮੇਰੜੇ ਕੰਤ ਨੂੰ।
{ਕੰਤ ਵਲ ਤੱਕ ਕੇ
ਸਿਰ ਦੀ ਸਹੁੰ ਸਾਈਂ ਖਾਹ
ਕੌਲ ਦੇਈਂ ਸੁਖ਼ਨ ਦਾ ਸੱਚੜਾ।
ਦੱਸਸਾਂ ਤਦ ਮੈਂ ਓ ਹਾਲ,
ਖੋਲ੍ਹਾਂ ਦਿਲੇ ਵਾਲੀ ਤਾਂ ਘੁੰਡੜੀ,
ਨਹੀਂ ਤਾਂ ਮਾਰਾਂਗੀ ਛਾਲ,
ਮਾਰਾਂ ਕਟਾਰੀ ਯਾ ਮੈਂ ਪੇਟ ਨੂੰ।

ਨਵਾਬ-
ਹਾ ਹਾ! ਪਜਾਰੀ ਨ ਆਖ
ਐਸੀ ਬੁਰੀ ਗੱਲ ਤੂੰ ਮੂੰਹ ਤੋਂ।
ਜਲ ਬਲ ਹੋ ਜਾਵਾਂ ਰਾਖ,
ਤੈਨੂੰ ਹਵਾ ਤੱਤੜੀ ਜੇ ਲਗੇ।
ਖਾਵਾਂ ਸਹੁੰ ਨੀ ਸੁਰੀਦ,
ਅੱਲਾ ਮੁਹੰਮਦ ਤੇ ਮੈਂ ਪੀਰ ਦੀ।
ਸੰਭਲਾਂ ਕੱਚੀ ਜਿਉਂ ਤੰਦ
ਤੈਨੂੰ ਸੁਖ਼ਨ ਜੋ ਹਾਂ ਮੈਂ ਦੇਂਵਦਾ।
ਜੋ ਤੂੰ ਆਖੇਂਗੀ ਆਪ,
ਸੋਈਓ ਕਰਾਂ ਪਜਾਰੀਏ ਬੇਗਮੇਂ!
ਮੂਲੋਂ ਖਾਸਾਂ ਨ ਕਾਂਪ,
ਸਿਖਾਇਆ ਕਿਸੇ ਦੇ ਨ ਮੈਂ ਭੁੱਲਸਾਂ।

ਬੇਗਮ-
ਐਥੇ ਭਰਤਾ ਤੇ ਨਾਰ,
ਮੈਂ ਹਾਂ ਤੇ ਤੂੰ, ਹੋਰ ਨਾ ਤੀਜੜਾ।
ਕਸ਼ਮਾਂ ਖਾ ਲੈ ਹਜ਼ਾਰ,
ਦੇ ਲੈ ਸੁਖ਼ਨ ਲੱਖਾਂ ਵੇ ਵਾਰ ਤੂੰ।
ਕੋਈਓ ਮਿੱਤਰ ਨ ਯਾਰ,
ਨੇੜੇ ਤੇਰੇ ਨ੍ਹਾਬ ਜੀ ਬੈਠਿਆ।
ਮੂੰਹ ਮੁਲਾਹਜ਼ੇ ਦੀ ਕਾਰ,
ਸੌਹਾਂ ਸੁਰੀਦਾਂ ਜੋ ਤੂੰ ਖਾਧੀਆਂ।
ਜਾਏਂ ਕਲ ਜਾਂ ਦਰਬਾਰ,
ਹੋਵਾਂਗੀ ਅੱਖਾਂ ਤੋਂ ਮੈਂ ਓਲ੍ਹੜੇ।
ਹੁੰਦਾ ਗਲ ਵਿਚ ਜਿਉਂ ਹਾਰ,
ਮੁਸਾਹਬ ਤਿਵੇਂ ਕੋਲ ਵੇ ਹੋਣਗੇ।
ਤੋੜਨ ਤੇਰੀ ਸੁਰੀਦ,
ਆਖਣਗੇ ਜੋ ਸੋਈ ਤੂੰ ਵੇ ਕਰੇਂ।
ਪੀਹ ਪੀ ਪੀਹੇਂਗਾ ਦੰਦ,
ਟੁੱਕੇਂਗਾ ਤੂੰ ਜੀਭੜੀ ਆਪਣੀ।
ਬੈਠੀਏ ਉਪਰ ਜਿ ਡਾਲ,
ਕੱਟੀਏ ਉਹਨੂੰ, ਹੇਠ ਤਾਂ ਡਿਗੀਏ;
ਲੈਸੇਂ ਤਿੱਕੁਰ ਤੂੰ ਮਾਰ
ਪੈਰੀਂ ਕੁਹਾੜਾ ਹਥੀਂ ਆਪਣੇ।
ਮਾਰਾਂ ਖਿੱਚ ਕੇ ਕਟਾਰ
ਸੀਨੇ ਵਿਖੇ ਅੱਜ ਹੀ ਆਪਣੇ।
ਹੋਵੇ ਕਜ਼ੀਆ ਏ ਪਾਰ,
ਨ ਹੋਵਾਂ ਨ ਦੇਖਾਂਗੀ ਮੈਂ ਕਹਿਰ ਨੂੰ।
[ਕਟਾਰ ਕੱਢਕੇ ਮਾਰਨ ਲੱਗੀ,
[ਨਵਾਬ ਨੇ ਹੱਥ ਫੜ ਲਿਆ।

ਨਵਾਬ-
ਮੇਰੀ ਪਜਾਰੀਏ ਨਾਰ!
ਚਿੰਤਾ ਵਿਖੇ ਚੱਲੀ ਤੂੰ ਆਪ ਤੋਂ।
ਹਿਰਦੇ ਫੂਕੀ ਕੀ ਨਾਰ*,
ਕਿਹੜੇ ਤੰਦੂਰੋਂ ਨੀ ਤੂੰ ਕੱਢਕੇ।
ਦੱਸੇਂ ਮੂਲੋਂ ਨ ਭੇਤ,
ਰੋਂਦੀ ਜਾਏਂ ਖੇਡਦੀ ਆਪ ਤੇ।
ਨਿੰਦੇਂ ਸਜਣਾਂ ਸਮੇਤ
ਮੈਨੂੰ, ਮੁਸਾਹਬ ਜੋ ਹਨ ਮੈਂਡੜੇ।
ਕੌੜੀ ਕਜੋਂ ਹੋਈ ਜਿੰਦ
ਮਰਨਾ ਕਿਵੇਂ ਮਿੱਠੜਾ ਭਾਸਿਆ?
ਕੇਹੀ ਵਜਾਪੀ ਹੈ ਚਿੰਦਾ†?
ਹੋਈ ਅਵਾਜ਼ਾਰ ਤੂੰ ਐਤਨੀ?
ਦੱਸਦੇ ਦੱਸਦੇ ਹਵਾਲ,
ਘੁੱਟੀਂ ਨ ਤੂੰ ਜ਼ਹਿਰ ਨੂੰ ਅੰਦਰੇ।
ਆਵੇ ਅਗਨੀ ਦੀ ਚਾਲ,
ਘੁੱਟੀ ਕਿਵੇਂ ਕਹਿਰ ਲੈ ਆਂਵਦੀ।
ਵੱਧਦਾ ਜਾਏ ਸ਼ਿਤਾਬ,
ਫੋੜੇ ਨੂੰ ਜੇ ਘੁੱਟ ਕੇ ਰਖੀਏ।
ਰਾਜ਼ੀ ਹੋ ਜਏ ਸ਼ਿਤਾਬ,
ਤਿੱਖੀ ਛੁਰੀ ਨਾਲ ਜੇ ਚੀਰੀਏ।

ਬੇਗਮ-
ਸਕਿਓਂ ਸ਼ਾਹਾ ਨ ਮਾਰ,
ਰਾਜਾ ਮ੍ਹਾਰਾਜਾ ਜੁ ਸੀ ਸੂਰਮਾਂ;

*ਅੱਗ। †ਚਿੰਤਾ।

ਆਯੋਂ ਖਾਇ ਕੇ ਹਾਰ
ਸੱਚੇ ਵੇ ਤੂੰ ਸ਼ਾਹ ਤੋਂ ਰਾਜਿਆ!
ਕਿਹੜਾ ਪਾਣੀ ਹੈ ਹਾਰ,
ਜਿਹੜਾ ਲੜੇ ਨਾਲ ਔਤਾਰ ਦੇ?
ਹੋਂਦਾ ਏ ਟੁਕੜੇ ਦੁ ਚਾਰ,
ਜਿਹੜਾ ਲੜੇ ਸਾਹਮਣੇ ਓਸ ਦੇ।
ਸਾਈਂ ਸਚੜੇ ਸੰਮਾਰ,
ਆਪੇ ਹੈ, ਕਹਿੰਦੇ, ਉਨ੍ਹੂੰ ਭੇਜਿਆ।
ਲੜਨਾ ਘੱਲੇ* ਦੇ ਨਾਲ
ਪੈਰੀਂ ਕੁਹਾੜਾ ਹਥੀਂ ਮਾਰਨਾ।
ਹੁਣ ਕੀ ਮਰਦਾਂ ਦੀ ਕਾਰ
ਕਰਨੇ ਲਗੋਂ ਆਖਿਆਂ ਕਾਜ਼ੀਆਂ?
ਚੰਗੀ ਓਨ੍ਹਾਂ ਥੋਂ ਨਾਰ
ਗ਼ੈਰਤ ਜਿਨ੍ਹੂ ਮੁਣਿਆਂ ਹੈ ਆ ਰਹੀ।
ਕੀਤੀ ਭੁਲ ਤੈਂ ਅਪਾਰ,
ਲਜਾਂਦੀ ਹੈ ਫੜ ਮੌਤ ਤੂੰ ਆਪਣੀ।
ਜਾਣੇ ਫੜਿਆ ਸ਼ਿਕਾਰ,
ਏ ਤਾਂ ਫੜੀ ਆਪਣੀ ਮੌਤ ਤੂੰ।
{ਨਵਾਬ ਨੇ ਕਟਾਰ ਹਥੋਂ ਖੋਹ ਲਈ

ਨਵਾਬ-
ਕੀਤੀ ਕੋਈ ਨ ਕਾਰ
ਉਲ੍ਹਾਮਾ ਜਿਦ੍ਹਾ ਦੇਨੀਂ ਏਂ ਸੁਹਣੀਏ
ਕਿਹੜਾ ਕੀਤਾ ਸ਼ਿਕਾਰ?
ਨਾ ਮੈਂ ਸ਼ਿਕਾਰੇ ਗਿਆ ਅੱਜ ਨੀ।
ਝੂਠੀ ਕੀਤੀ ਪੁਕਾਰ
ਤੇਰੇ ਕਿਸੇ ਪਾਸ ਹੈ ਆਣਕੇ।
ਦਸ ਦੇਹ ਦਸਦੇ ਹਵਾਲ
ਸਾਰਾ ਤੂੰ ਜਿਹੜਾ ਨੀ ਹੈਂ ਜਾਣਦੀ,
ਐਕੁਰ ਆ ਜਾਊ ਸ਼ਾਂਤ;
ਦੋਹੀਂ ਧਿਰੀਂ ਬਾਤ ਜਾਂ ਨਿੱਕਲੂ।

ਬੇਗਮ-
ਕੈਸੀ ਅਚਰਜ ਹੈ ਖੇਲ,
ਹੋਣੀ ਜਦੋਂ ਜਾਲ ਫੈਲਾਂਵਦੀ,
ਦੇਂਦੀ ਪਹਿਲੇ ਹੀ ਤੇਲ
ਬੂਟੇ ਅਕਲ ਦੀ ਜੜ੍ਹਾਂ ਵਿੱਚ ਆ।

*ਰਬ ਦੇ ਘੱਲੇ ਹੋਏ ਨਾਲ।

ਲੈਂਦੀ ਸੁਰਤੀ ਨੂੰ ਮਾਰ,
ਭੁਲਾ ਸਾਰੜੀ ਹੋਸ਼ ਨੂੰ ਦੇਂਵਦੀ।
ਰਹਿੰਦੀ ਮੂਲੋਂ ਨ ਸਾਰ,
ਹੋਸੀ ਕੀ ਸਿੱਟਾ ਕਿਸੇ ਬਾਤ ਦਾ।
ਸਾਈਂ ਖਾਨਾਂ ਖ਼ਰਾਬ
ਖੋਟੇ ਮੁਸ਼ਾਬਾਂ ਦਾ ਅੱਜੋ ਕਰੇ।
ਲੈਣ ਦੇਂਦੇ ਨ ਤਾਬ,
ਧੂੜਨ ਸਿਰੇ ਬੂਟੀਆਂ ਖੋਟੀਆਂ।
ਸ਼ਾਹਾ ਸੁਰਤੀ ਸੰਭਾਲ,
ਦੇਵੀਂ ਦਿਲੋਂ ਕੱਢ ਵੇ ਗ਼ਾਫ਼ਲੀ,
ਭੋਲਾ ਬਣ ਵੇ ਨ ਬਾਲ,
ਮੈਂ ਹਾਂ, ਸ਼ਾਹਾ! ਹਾਲ ਨੂੰ ਜਾਣਦੀ।
ਕੀ ਨਾ ਜਾਣੇਂ ਤੂੰ ਆਪ,
ਗੁਰੂ ਸਿੰਘ ਗੋਬਿੰਦ ਔਤਾਰ ਨੂੰ।
ਜਿਸ ਦੇ ਦਿੱਤਿਆਂ ਸਰਾਪ
ਸ਼ਾਹੀਆਂ ਛਿਨਿਕ ਵਿਚ ਲੈ ਹੋਂਦੀਆਂ।
ਚਾਲੀ ਸਿਖਾਂ ਦੇ ਨਾਲ,
ਪਾਯਾ ਸੀ ਜਿਨ ਵਖਤ ਜੀ ਆਪ ਨੂੰ।
ਗਿਰਦੇ ਪਾਯਾ ਸੀ ਜਾਲ*
ਸੌਹਾਂ ਸੁਰੀਦਾਂ ਤੁਸਾਂ ਭੱਨ ਕੇ।
ਹਰਨਾਂ ਵਿੱਚੋਂ ਜਿਉਂ ਸ਼ੇਰ,
ਲਸ਼ਕਰ ਵਿਚੋਂ ਨਿਕਲ ਕੇ ਓ ਗਿਆ।
ਲੱਖਾਂ ਫੌਜਾਂ ਦੇ ਨਾਲ,
ਫੜਿਆ ਤੁਹਾਥੋਂ ਵੇ ਨਾ ਓ ਗਿਆ।
ਪਕੜੇ ਉਸ ਦੇ ਦੋ ਬਾਲ,
ਹੁਣ ਹਨ ਤੁਸਾਂ ਨਾਲ ਵੇ ਧ੍ਰੋਹ ਦੇ।
ਬੁੱਢੀ ਦਾਦੀ ਹੈ ਨਾਲ
ਕੀਤੀ ਜੁ ਹੈ ਕੈਦ ਵਿਚ ਬੁਰਜ ਦੇ।
ਫੜ ਲਏ ਬਾਲਕ ਮਸੂਮ
ਕਹਿਰਾਂ ਦੇ ਮੂੰਹ ਹਨ ਤੁਸਾਂ ਪਾਵਣੇ।
ਕਰਨਾ ਭਾਰਾ ਵਿਨਾਹ,
ਇਥੋਂ ਬੜਾ ਪਾਪ ਹੈ ਹੋਰ ਕੀ?
ਸਭਨਾਂ ਬਾਲਕ ਔਲਾਦ
ਅੱਖਾ ਤਆਲਾ ਤੋਂ ਹੈ ਮੰਗਣੀ!
ਹਿਰਦਾ ਕਰੜਾ ਫੌਲਾਦ

*ਚਮਕੌਰ ਦੀ ਗੜ੍ਹੀ ਵਿਚ।

ਬਾਲਾਂ ਵੇ ਵਾਲੇ ਕਰਨ ਨਾ ਕਦੀ।
ਸਿਕਦੇ ਸਭ ਹੋਵੇ ਬਾਲ,
ਬਾਲਕ ਨੂੰ ਸਭ ਚਿੱਤ ਤੋਂ ਲੋਚਦੇ।
ਬਾਲਕ ਸਾਂਝਾ ਵੇ ਮਾਲ
ਸਾਰੀ ਸਰਿਸ਼ਟੀ ਦਾ ਹਨ ਹੋਂਵਦੇ।
ਸਾਰੇ ਕਰਦੇ ਨੀ ਪਜਾਰ
ਹੋਵੇ ਚਹੇ ਬਾਲ ਹੀ ਓਪਰਾ।
ਹੈਂਸਿਆਰਾ* ਸੰਸਾਰ
ਸਾਰੇ ਵਿਖੇ ਕਿਹੜਾ ਹੈ ਐਸੜਾ
ਦੇਵੇ ਬਾਲਾਂ ਨੂੰ ਮਾਰ
ਡਰਦਾ ਨ ਹੈ ਮੂਲ ਜੋ ਰੱਬ ਤੋਂ?
ਅਜ ਮੈਂ ਸੁਣਿਆਂ ਹੈ ਆਪ,
ਮਾਰੋਗੇ ਕੱਲ ਆਪ ਓ ਬਾਲਕੇ।
ਡਾਢਾ ਚਿੰਤਾ ਦਾ ਤਾਪ
ਚੜ੍ਹਿਆ ਹੈ ਮੈਨੂੰ ਜੀਏ ਸੁਣਦਿਆਂ,
ਓ ਬੇਦੋਸੇ ਮਸੂਮ
ਬਾਲਾਂ ਵਿਰਾੜਿਆ ਕੀ ਆਪਦਾ?
ਜਾਣਨ ਝਗੜਾ ਨ ਵਜਾਧ
ਵੈਰੋਂ ਰਹਿਤ ਵਾਂਗ ਓਹ ਰੱਬ ਦੇ।
ਬੱਚੇ ਮਾਰਨ ਗੁਨਾਹ,
ਗੁਨਾਹਾਂ ਵਿਚੋਂ ਹੈ ਵਡਾ ਅੱਤ ਦਾ।
ਬਾਲਕ ਮਰਦੇ ਦੀ ਆਹ
ਦੁਨੀਆਂ ਨੂੰ ਫੂਕੇ ਹੈ, ਨਾ ਮਾਰਨੇ!

ਨਵਾਬ-
ਪੁੱਟਿਆ ਸਾਰਾ ਪਹਾੜ
ਚੂਹਾ ਵਿਚੋਂ ਇਕ ਹੀ ਨਿਕਲਿਆ।
ਐਡਾ ਲਾਇਆ ਤੈਂ ਸਾੜ,
ਕਿਹੜੀ ਨਿਕਾਰੀ ਤੁਛ ਬਾਤ ਦਾ।
ਕਾਫ਼ਰ ਮਾਰਨ ਹੈ ਪੁੰਨ,
ਸਾਡੀ ਸ਼ਰਅ ਬੇਗਮੇਂ ਆਖਦੀ।
ਝੋਲੀ ਕਾਫ਼ਰ ਦੀ ਸੁੰਨ
ਕਰਨੀ ਮਹਾਂ ਪੁੰਨ ਹੈ ਬੇਗਮੇਂ!
ਸਾਡਾ ਸ਼ਾਹਾਂ ਦਾ ਸ਼ਾਹ
ਉਰੰਗਜ਼ੇਬ ਜਿਸਦਾ ਅਨੀ ਨਾਉਂ ਹੈ
ਕਹਿਸੀ ਵਾਹ ਵਾਹ ਵਾਹ!
ਸੁਨਸੀ ਜਦੋਂ ਮਾਰੇ ਮੈਂ ਬੱਚੜੇ!

*ਬੇਤਰਸ।

ਬੇਗਮ-
ਹੋਣੀ ਆਈ ਹੈ ਸ਼ਾਹ!
ਤੇਰੇ ਸਿਰੇ ਝੁਰਮਟਾ ਪਾਂਵਦੀ।
ਧੂੜੀ ਜਾਦੂ ਦੀ ਸ੍ਵਾਹ
ਸਾਰੀ ਅਕਲ ਮਾਰੀ ਹੈ ਵੇ ਗਈ।
ਕਰਨਾਏਂ ਭਾਰੇ ਗੁਨਾਹ
ਓਨ੍ਹਾਂ ਨੂੰ ਫਿਰ ਤੁੱਛ ਹੈਂ ਜਾਣਦਾ।
ਫੜ ਲੌ ਅਕਲਾਂ ਦਾ ਰਾਹ,
ਗ਼ਫ਼ਲਤ ਤੋਂ ਛੇਤੀ ਅਵੇ ਜਾਗ ਪੌ।
ਪਾਵਨ ਔਝੜ ਦੇ ਰਾਹ
ਕਾਜ਼ੀ ਜੋ ਵਿਗੜੇ ਨੀ ਆ ਇਸ ਸਮੇਂ।
ਏ ਜੁ ਦੁਨੀਆਂ ਦਾ ਸ਼ਾਹ
ਅੱਲਾ ਤੋਂ ਛੋਟਾ ਤੇ ਹੈ ਨੀਂਵੜਾ।
ਡਰ ਖਾ ਅੱਲਾ ਦਾ ਨ੍ਵਾਬ
ਖੁਸ਼ਾਮਦ ਨ ਕਰ ਝੂਠੀ ਤੂੰ ਏਸਦੀ।
ਅੱਲਾ ਦੇਵੇਗਾ ਸ੍ਵਾਬ
ਬਾਲਾਂ ਤੇ ਖਾਵੇਂਗਾ ਜੇ ਤਰਸ ਤੂੰ।
ਗਲ ਇਕ ਸੋਚੀਂ ਤੂੰ ਹੋਰ
ਜੀ ਤੋਂ ਤਅੱਸਬ ਨੂੰ ਹਾਂ ਛੋਡਕੇ:-
ਫੋਕੀ ਸ਼ਰਆ ਦੇ ਲੋਰ
ਭੁੱਲੀਂ ਨ ਤੂੰ ਸੱਚ ਨੂੰ, ਹੱਕ ਨੂੰ,
ਉਹ ਤਾਂ ਸੱਚਾ ਅਉਤਾਰ
ਸਾਰਾ ਹੈ ਦੇਸ਼ ਓਸ ਨੂੰ ਮੰਨਦਾ।
ਹਿੰਦੂ ਤੁਰਕੀ ਸੰਸਾਰ
ਸਾਰੇ ਮੁਰਾਦਾਂ ਹਨ ਜਾ ਮੰਗਦੇ।
ਮਨ ਵਿਚ ਕੰਘੀ ਵੇ ਮਾਰ
ਪੁੱਤਰ ਉਦ੍ਹੇ ਘੱਟ ਕਿਉਂ ਹੋਣਗੇ?
ਅੱਲਾ ਸੱਚੇ ਦੇ ਯਾਰ
ਬੱਚੇ ਜੋ ਦੁਨੀਆਂ ਤੇ ਹਨ ਭਾਸਦੇ।
ਭੁੱਲੀਂ ਤਕ ਕੇ ਨ ਵੇਸ
ਜਾਮਾ ਜੋ ਹੈ ਆਦਮੀ ਵਾਲੜਾ।
ਨੂਰ ਅੱਲਾ ਦਾ ਦੇਖ
ਦੇਹੀ ਦੇ ਵਿਚ ਆਣਕੇ ਵੱਸਿਆ।
ਮਾਰੇਂ ਉਸਨੂੰ ਤੂੰ, ਵਾਹ,
ਕੈਸੇ ਭੁਲੇਵੇਂ ਦੇ ਵਿਚ ਫਸ ਗਿਓਂ?
ਪਈਂ ਨਾ ਖੋਟੇ ਵੇ ਰਾਹ,
ਤੈਨੂੰ ਸ਼ੈਤਾਨਾਂ ਨੇ ਹੈ ਘੇਰਿਆ।

ਨਵਾਬ-
ਤੂੰ ਤਾਂ ਭੋਲੀ ਨੀ ਨਾਰ,
ਜੰਮੀਂ ਪਲੀ ਹਿੰਦੂਆਂ ਦੇ ਵਿਖੇ।
ਮੂਲੋਂ ਜਾਣੇ ਨ ਸਾਰ,
ਸ਼ਰਅ਼ ਸ਼ਰੀਅ਼ਤ ਹੈ ਜੋ ਆਖਦੀ।
ਓਹੋ ਪਿਛਲੀ ਹੀ ਬਾਣ
ਤੇਰੀ ਨ ਜਾਂਦੀ ਹੈ, ਨੀ ਪਜਾਰੀਏ!
ਏ ਮੈਂ ਜਾਣਾਂ ਪਛਾਣ
ਭਾਰਾ ਗੁਰੂ ਪੀਰ ਹੈ, ਜ਼ੈਨਬੇ!
ਮੁਸਲਿਮ ਹੈ ਨਾਂ ਤੂੰ ਜਾਣ
ਸਾਡੀ ਸ਼ਰਅ਼ ਤਾਈਂ ਨਾ ਮੰਨਦਾ,
ਤਾਂਤੇ ਮੁਸਲਿਮ ਨ ਓਹ,
ਸਾਡੀ ਸ਼ਰਅ਼ ਐਕੁਰਾਂ ਆਖਦੀ।

ਬੇਗਮ-
ਜਾਣੇ ਪੀਰਾਂ ਦਾ ਪੀਰ
ਖਾਏਂ ਸ਼ਰਅ਼ ਦਾ ਹੈਂ ਤੂੰ ਧੋਖੜਾ,
ਹੋਇਓਂ ਕੰਗਲਾ ਤੇ ਕੀਰ,
ਦੌਲਤ ਤੇ ਮਾਲਾਂ ਦੇ ਵੇ ਹੁੰਦਿਆਂ।
ਬਲਦਾ ਦੀਵਾ ਲੈ ਹੱਥ,
ਡਿੱਗੋਂ ਤੂੰ ਫਿਰ ਖੂਹੇ ਦੇ ਵਿਚ ਹੈਂ।
ਐਸਾ ਧੋਖਾ ਨ ਖਾਹ,
ਪਜਾਰੇ! ਕਰੀਂ ਹੋਸ਼ ਤੇ ਸੰਭਲੀਂ।
ਪੱਈਏ ਕੋਹਾਂ ਤੇ ਜਾਇ,
ਜਾਈਏ ਜਿ ਖੁੰਝ ਪੈਰ ਵੇ ਇੱਕ ਤੋਂ।
ਛੱਡ ਦੇ ਬਾਲਕ ਅਵਾਣ,
ਧੱਕਾ ਮਸੂਮਾਂ ਤੇ ਨਾ ਸੋਭਦਾ।
ਕਰ ਲੈ ਚੰਗੀ ਪਛਾਣ,
ਮਰਨਾ ਹੈ, ਓਨਾਂ ਨੂੰ ਜੋ ਮਾਰਨਾ।
ਮਾਰਿਆਂ ਮਰਦੇ ਨ ਓਹ
ਜੀਉਂਦੇ ਸਦਾ ਹਨਗੇ ਓ ਦੇਵਤੇ।
ਪੀਆ! ਨਿਜ ਨੂੰ ਨ ਕੋਹ,
ਥੁੱਕਿਆਂ, ਪਵੇ ਆਪ ਤੇ, ਚੰਦ ਨੂੰ।
ਨਾਲੇ ਚੁਕੀਆ ਸੁਰੀਦ
ਕੀਤਾ ਸੁਖ਼ਨ ਧਰਮ ਦੇ ਜ਼ਾਮ੍ਹਨੀ।
ਪਾਲੀਂ ਕੱਚੀ ਜਿਉਂ ਤੰਦ,
ਸੰਭਾਲੀਂ ਸਦਾ ਕੌਲ ਜੋ ਦੇ ਚੁਕੈਂ।

ਨਵਾਬ-
ਡਾਢੀ ਸ਼ਾਹਾਂ ਦੀ ਕਾਰ
ਸੂਲੀ ਤੋਂ ਔਖੀ ਹਈ ਚਾਕਰੀ।
ਨੌਕਰ ਮੈਂ ਹਾਂ ਸ੍ਰਕਾਰ,
ਚਾਕਰ ਤਾਂ ਦਿੱਲੀ ਦੇ ਹਾਂ ਤਾਜ ਦਾ।
ਬਾਲਕ ਕਰਾਂ ਨਾ ਪ੍ਰਹਾਰ;
ਜੇ ਮੈਂ ਦਿਆਂ ਛੱਡ ਇਉਂ ਜੀਂਵਦੇ!
ਮੈਨੂੰ ਪੈਸੀ ਧਿਕਾਰ
ਜਾਏ ਮਤਾਂ ਖੁੱਸ ਏ ਹਾਕਮੀ।
ਕਾਜ਼ੀ ਮੁੱਲਾਂ ਤੇ ਸ਼ੇਖ,
ਮੈਨੂੰ ਤਾਂ ਕੱਢ ਦੇਣਗੇ ਦੀਨ ਤੋਂ।
ਮੇਰੀ ਔਕੜ ਨੂੰ ਦੇਖ
ਦੇਵੀਂ ਬਚਨ ਰਾਣੀਏਂ ਮੋੜ ਕੇ।

ਬੇਗਮ-
ਏ ਤਾਂ ਝੂਠੀ ਪੁਕਾਰ
ਮੰਨਾਂਗੀ ਮੈਂ ਨਾ ਰਤਾ ਸ਼ਾਹ ਜੀ!
ਬੱਚੇ ਕੀਤਿਆਂ ਸੰਘਾਰ,
ਸ਼ਾਹ ਜੇ ਤੁਹਾਡਾ ਖੁਸ਼ੀ ਹੋਂਵਦਾ,
ਸੂਬੇਦਾਰੀ ਨੂੰ ਅੱਜ
ਛੱਡੋ ਤੇ ਫੂਕੋ ਹੁਕਮਰਾਨੀਆਂ।
ਚੰਗਾ ਮੰਗਣ ਦਾ ਚੱਜ,
ਪਾਪੋਂ ਬਚੇ ਟੁੱਕ ਮੰਗ ਖਾਵਣਾ।
ਚੁੱਲ੍ਹੇ ਪੈ ਜਾਏ ਰਾਜ,
ਜਿਹੜਾ ਮਿਲੇ ਪਾਪਾਂ ਦੇ ਕੀਤਿਆਂ।
ਦਰਗਾਹ ਲਾਵੇ ਜੋ ਲਾਜ,
ਐਸੀ ਕਰੀਂ ਕਾਰ ਨਾ ਰਾਜਿਆ।
ਛੱਡੋ ਸ਼ਰਅ਼ ਦਾ ਖੌਫ,
ਡਰ ਦੂਰ ਸਿੱਟ ਕਾਜ਼ੀਆਂ ਵਾਲੜਾ।
ਧਨ ਦੌਲਤ ਹੈ ਵੇ ਜ਼ੌਫ*,
ਖ਼ਤਰਾ ਕਰੋ ਨਾ ਰਤਾ ਨਾਮ ਦਾ।
ਪਾਲੋ ਬਚਨਾਂ ਦੀ ਲਾਜ,
ਪਕੜੋ ਦਯਾ ਧਰਮ ਦਾ ਰਾਹ ਜੀ!

ਨਵਾਬ-
ਤੂੰ ਪਜਾਰੀ ਮੇਰੀ ਨਾਰ,
ਮੇਰੀ ਦਿਲੇ ਤੋਂ ਸੁਣੀਂ, ਬੇਨਤੀ।

*ਸੱਖਣੀ।

ਮੈਨੂੰ ਡਾਢੀ ਹੈ ਖਾਰ
ਗੁਰੂ ਨਾਲ, ਸੱਚ ਹਾਂ ਮੈਂ ਆਖਦਾ।
ਵੇੜ੍ਹੇ ਆਇਆ ਸ਼ਿਕਾਰ
ਛੱਡਿਆ ਤਾਂ ਮੈਥੋਂ ਨਹੀਂ ਜਾਂਵਦਾ।
ਬੱਚੇ ਦੇਸਾਂ ਜ਼ਿ ਮਾਰ
ਠੰਢਾ ਕਲੇਜਾ ਮੇਰਾ ਹੋਇਗਾ।
ਤੂੰਹ ਮੋਮਨ ਪਾਕਬਾਜ਼,
ਕਾਫ਼ਰ ਖਚੌਂਦੀ ਨਹੀਂ ਸ਼ੋਭਦੀ।
ਹੋ ਕੇ ਮੋਮਨ ਏ ਕਾਜ
ਸੋਹੇ ਨ ਤੈਨੂੰ, ਬੁਰਾ ਭਾਸਦਾ।
ਵੈਰੀ ਮਾਰਨ 'ਚ ਲਾਭ,
ਕੂੜਾ ਘਟੇ ਜੱਗ ਹੈ ਸ਼ੋਭਦਾ।
ਸੱਭੋ ਲਈਏ ਨੀ ਸਾਂਭ
ਦੌਲਤ ਮਿਲਖ ਵੈਰੀਆਂ ਵਾਲੜਾ।
ਹੁਣ ਤਾਂ ਛੱਡ ਜ਼ਿਦ ਦੀ ਬਾਤ
ਮੇਰੀ ਰਖੀਂ ਲਾਜ ਨੀ ਸੁਹਣੀਏਂ!
ਬੀਤੀ ਸਾਰੀ ਹੈ ਰਾਤ
ਝੇੜੇ ਅਨੀਂ ਬੇਗਮੇ ਛੇੜਿਆਂ।

ਬੇਗਮ--
ਪੱਥਰ ਪੈ ਗਏ ਨੂ ਹਾਇ!
ਸਮਝਾਂ ਵਿਚੀਂ, ਹਾਇ! ਕਜੋਂ ਨ੍ਹਾਬ ਜੀ।
ਮੰਗਾਂ 'ਚੱਕੀ ਮੈਂ ਦੇਉਂ'
ਪੱਥਰ ਤਾਂ ਡਾਹਵੋ ਤੁਸੀਂ ਅੱਗਿਓਂ।
ਮੰਗਾਂ 'ਨਥਲੀ ਤੇ ਲੌਂਗ'
ਚਾਕੂ ਦਿਓ ਕੱਪਣੇ ਨੱਕ ਨੂੰ।
ਜੇ ਤਾਂ ਛਡ ਦੇਵੋ ਬਾਲ,
ਬਾਲਾਂ ਨੂੰ ਫ਼ੈਦਾ ਨਾ ਹੈ ਏਸ ਦਾ।
ਜੇ ਤੂੰ ਕੋਹ ਸੁਟੇਂ ਲਾਲ,
ਘਟਣਾ ਉਨ੍ਹਾਂ ਦਾ ਨਹੀਂ ਕੁਝ ਬੀ।
ਸੁਣਸੀ ਜਾਂ ਗੁਰ ਜੀ ਬਾਤ,
'ਪੁਤਰ ਮੇਰੇ ਨ੍ਹਾਬ ਨੇ ਮਾਰ ਦੇਂ'।
ਓ ਸਮੁੰਦਰ ਹੈ ਸ਼ਾਂਤ,
ਗੁੱਸਾ ਕਰੂ ਨ੍ਹਾਬ ਜੀ ਮੂਲ ਨਾ।
ਓਹ ਨ ਡੋਲਣਗੇ ਆਪ,
ਕਰਸਨ ਕਹਿਰ ਮੂਲ ਨਾ ਆਪ ਤੇ।
ਤਾਂਤੇ ਕੁਹ ਦਿੱਤਿਆਂ ਬਾਲ
ਘਟਸੀ ਨ ਕੁਝ ਵੈਰੀਆਂ ਤੇਰਿਆਂ।

ਨਵਾਬ-
ਫਿਰ ਕੀ ਐਸਾ ਸਬੱਬ?
ਖਹਿੜੇ ਪਈ ਮੇਰੇ ਤੂੰ ਬੇਗਮੇਂ!
ਜੇ ਓਹ ਐਸੇ ਹੀ ਰੱਬ
ਤੈਨੂੰ ਪਈ ਲੋੜ ਕੀ? ਜਾਣ ਦੇ।

ਬੇਗਮ-
ਮੋਇਆ ਕੋਈਓ ਬੀ ਨਾਂਹ,
ਰੋਂਦਿਆਂ ਗਈ ਰਾਤ ਲੰਘ ਸਾਰੜੀ।
ਲੈਂਦਾ ਅਖੀਆਂ ਵਵਾਇ
ਅਗੇ ਹਨੇਰੇ ਦੇ ਜੋ ਰੋਂਵਦਾ।
ਤੈਨੂੰ ਦਸਿਆ ਸੀ, ਸ਼ਾਹ!
ਕਾਰਣ ਜੁ ਸੀ ਮੇਰੇ ਇਸ ਰੋਣ ਦਾ।
ਤੂੰ ਨਾ ਕੀਤੀ ਪ੍ਰਵਾਹ,
ਸਮਝਿਆ ਨਹੀਂ ਮੂਲੋਂ ਹੀ ਬੋਲਿਆ।
ਦੇਵਾਂ ਇਕੋ ਦ੍ਰਿਸ਼ਟਾਂਤ,
ਚੰਗੀ ਤਰ੍ਹਾਂ ਨ੍ਹਾਬ ਜੀ ਸਮਝਣਾ।
ਸੁਰਸੁਰਾ* ਲੋਹੇ ਦਾ ਤੇਜ਼
ਗਡਿਆ ਸੀ ਸਿਧਾ ਕਿਸੇ ਥਾਂ ਉਤੇ,
ਜਿਹੜਾ ਕਰਸੀ ਪ੍ਰਹੇਜ਼,
ਬਚਸੀ, ਰਹੂ ਦੂਰ ਜੇ ਓਸ ਤੋਂ,
ਜਿਹੜਾ ਮਾਰੇਗਾ ਪੈਰ,
ਜ਼ਖਮੀ ਦਰੂ ਪੈਰ ਓਹ ਆਪਣਾ।
ਲੋਹੇ ਨੂੰ ਸੱਤੀਂ ਵੇ ਖੈਰ,
ਵਿਗੜੇ ਨ ਉਸਦੀ ਹੈ ਹਿੰਗ ਫਟਕੜੀ।
ਮੈਂ ਇਹ ਡਿੱਠਾ ਹੈ ਆਪ,
ਨੌਕਰ ਸਾਂ ਜਦ ਰਾਜਿਆਂ ਦੇ ਘਰੀਂ।
ਜਿਸਨੇ ਕੀਤਾ ਸੀ ਪਾਪ,
ਦਸਮੇਂ ਗੁਰੂ ਨਾਲ ਹੀ ਕਿਸ ਤਰ੍ਹਾਂ,
ਹੋਇਆ ਆਪੇ ਵਰਾਨ,
ਦੁੱਖਾਂ ਤੇ ਅਪਦਾ ਨੇ ਆ ਘੇਰਿਆ।
ਗੁਰ ਜੀ ਰਹੇ ਸਾਵਧਾਨ,
ਹਰਦਮ ਸਦਾ ਰੰਗ ਵੇ ਰੱਤੜੇ;
ਤੀਕੂੰ ਸਾਡਾ ਹੋ ਨਾਸ਼
ਛੇੜੇ ਉਹਦੇ ਬਾਲਕੇ ਜੇ ਤੁਸਾਂ।

*ਲੋਹੇ ਦਾ ਕਿੱਲ ਯਾ ਮੇਖ, ਜਿਸ ਦੇ ਦੋਵੇਂ ਸਿਰੇ ਤ੍ਰਿੱਖੇ ਹੁੰਦੇ ਹਨ।

ਮੈਨੂੰ ਖਾਂਦਾ ਏ ਤ੍ਰਾਸ,
ਸੁਖ ਏਸ ਵਿਚ ਤੇਰੀ ਨਾ ਭਾਸਦੀ।
ਤੈਨੂੰ ਦੁਖਾਂ ਨੇ ਘੇਰ,
ਚੁਤਰਫੋਂ ਜਦੋਂ ਮਾਰਿਆ ਹੇਠ ਨੂੰ,
ਘੇਰਨ ਚਾਰੋਂ ਚੁਫੇਰ,
ਮੈਨੂੰ ਤਦੋਂ ਦੁਖੜੇ ਆਣਕੇ;
ਬਾਲ ਬਚੜੇ ਉਲਾਦ,
ਰੁਲਸੀ ਨਿਮਾਣੀ ਹੁਈ ਨ੍ਵਾਬ ਜੀ!
ਦੀਨ ਦੁਨੀਆਂ ਬ੍ਰਬਾਦ
ਹੋਵੇਗਾ, ਮਾਰੇ ਜੇ ਤੈਂ ਬਾਲਕੇ।
ਨਦੀਆਂ ਨੇੜੇ ਵਸਾਇ,
ਨਾ ਜੰਗੀਏ ਨਾਲ ਮਗ੍ਰਮੱਛ ਦੇ।
ਭੰਨਣ ਸਾਹਾ ਹੀ ਚਾਇ,
ਸੁਖੋ ਸੁਖਾਂ ਨਾਲ ਨਾ ਲੰਘਸੀ।
ਜਾਣੇ ਅੱਲਾਹ ਸਮੁੰਦ,
ਫਕੀਰਾਂ ਮਗਰਮੱਛ ਵੇ ਜਾਣੀਏ,
ਹੋਣ ਇਨ੍ਹਾਂ ਨਾਲ ਤੁੰਦ
ਪੈਰੀਂ ਕੁਹਾੜਾ ਹਥੀਂ ਮਾਰਨਾ।
ਸੁਣ ਸ਼ਾਹਾ ਮੇਰੀ ਬਾਤ,
ਛਡੋ ਤੁਸੀਂ ਹੱਠ ਨੂੰ ਆਪਣੇ।
ਨੇ ਆਈ ਪ੍ਰਭਾਤ,
ਛੁਟੀ ਦਿਓ ਬੁਰਜ ਤੋਂ ਬਾਲਕਾਂ।
ਛਡੋ, ਛਡੋ ਸੁਜਾਣ!
ਪੰਛੀ ਜਿਵੇਂ ਪਿੰਜਰਿਓਂ ਛਡੀਏ।
ਘਰ ਨੂੰ ਆਪਣੇ ਓ ਜਾਣ
ਮਿਰਗਾਂ ਜਿਵੇਂ ਭਰਦਿਆਂ ਚੌਕੜੀ।
ਹੋਣਾ ਬਾਲਾਂ ਤੇ ਦਜਾਲ
ਅਪਣੇ ਤੇ ਕਿਰਪਾ ਕਰੋ ਆਪ ਜੀ!
ਅਪਣਾ ਆ ਜਾਊ ਕਾਲ
ਦਿਤੇ ਤੁਸਾਂ ਬੱਚੇ ਜੇ ਮਾਰ ਏ।
ਮਾਰੇਂ ਬਾਲਕ ਜੇ ਜਾਣ
ਖਾਨਾ ਰੁੜ੍ਹੇ ਸਾਰਾ ਹੀ ਸਾਡੜਾ।
ਛਡੇਂ ਬਾਲਕ ਜੇ ਜਾਣ
ਸਲਾਮਤ ਰਹੇ ਰਾਜ ਤੇ ਮਾਲ ਹੈ।

{ਨਵਾਬ ਚੁਪ ਹੈਰਾਨ ਅਪਣੇ ਆਪ ਨਾਲ

ਨਵਾਬ–
ਆ ਗਿਆ ਕੈਸਾ ਅਜ਼ਾਬ
ਅੱਲਾ ਮਿਰੇ, ਮੇਰੇ ਹੈ ਸਾਮ੍ਹਣੇ,
ਦੇਵਾਂ ਉੱਤਰ ਕੀ ਹਾਇ!
ਮੈਨੂੰ ਨ ਮੂਲੋਂ ਹੈ ਕੁਝ ਔੜ੍ਹਦੀ।
ਹੋਇਆ ਸੱਪ ਵਾਲਾ ਹਾਲ
ਛਛੂੰਦਰ ਜਿਦ੍ਹੇ ਵਿਚ ਮੂੰਹ ਆ ਫਸੇ।
ਕੈਸਾ ਤਣਿਆ ਜੰਜਾਲ
ਭੌਰੇ ਦੇ ਵਾਂਙੂ ਮੈਂ ਨਿਜ ਲਾਂਭੜੇ।
ਮਾਰਾਂ, ਛੱਡਾਂ ਕਿ ਭੇਜ
ਦਿੱਲੀ ਦਿਆਂ ਦੋਵੇਂ ਹੀ ਬਾਲਕੇ?
ਬੱਚੇ ਮੱਚੇ ਤੇ ਤੇਜ਼
ਬਾਲਾਂ ਜਿਹੇ ਆਮ ਨਾ ਬਾਲਕੇ।
ਡਰਦੇ ਸੰਗਦੇ ਨ ਮੂਲ,
ਜਾਨਣ ਨ ਓ ਹਾਰਨਾਂ ਹੋਇ ਕੀਹ।
ਮੰਨਦੇ ਦਾਬਾ ਨ ਮੂਲ,
ਜਾਣਨ ਨ ਕੀ ਖੌਫ ਹੈ ਮੌਤ ਦਾ!
ਕਿ ਕਰਾਂ, ਕਿ ਕਰਾਂ, ਕਿ ਕਰਾਉਂ
ਕੋਈ ਬੀ ਤਦਬੀਰ ਨਾ ਔੜ੍ਹਦੀ।
ਭੱਜਾਂ ਕਿੱਥੇ ਨੂੰ ਜਾਉਂ
ਅੱਲਾ ਕੁਈ ਰਾਹ ਤੂੰ ਖੋਲ੍ਹ ਦੇ!

{ਚੁੱਪ

ਬੇਗਮ (ਕੁਛ ਚਿਰ ਪਿੱਛੋਂ)
ਕੇਹੀ ਪੈ ਗਈ ਹੈ ਸੋਚ,
ਬੋਲੋ ਸਹੀ ਮੇਰੇ ਸਿਰਤਾਜ ਜੀ!
ਲੇਵੋ ਬੁੱਧੀ ਨੂੰ ਬੋਚ
ਖੇਨੂੰ ਤਰ੍ਹਾਂ ਜੇੜ੍ਹੀ ਹੈ ਉੱਛਲੇ।
ਰਹਿਸੀ ਤਖਤੋ ਨ ਤਾਜ
ਮਾਰੇ ਜਿ ਬਾਲਕ ਤੁਸਾਂ ਰਾਜਿਆ!
ਉੱਡੂ ਸਾਰਾ ਏ ਰਾਜ
ਬਾਲਕ ਜਿ ਮਾਰੇ ਤੁਸਾਂ ਨ੍ਵਾਬ ਜੀ।
ਤੁਹਾਡਾ ਸੁੰਦਰ ਸਰੀਰ
ਦਿੱਸੇਗਾ ਹਸਦਾ ਨ ਇਉਂ ਏ ਕਿਤੇ*।
ਰੱਖੋ ਸੁਖਨਾਂ ਦੀ ਲਾਜ
ਸੋਚੋ ਜੁ ਅਰਜ਼ਾਂ ਹਾਂ ਮੈਂ ਕਰ ਰਹੀ।

*ਬੇਗਮ ਦੇ ਏਹ ਸਾਰੇ ਖ਼ਤਰੇ ਸੱਚੇ ਨਿਕਲੇ, ਥੋੜੇ ਹੀ ਅਰਸੇ ਮਗਰੋਂ ਸਿਖਾਂ ਨੇ ਸਰਹਿੰਦ ਫਤਹ ਕੀਤੀ, ਤੇ ਨਵਾਬ ਮਾਰਿਆ ਗਿਆ।

ਝੂਠੇ ਵਜਦੇ ਏ ਵਾਜ
ਕੱਚੇ ਦਸ਼ਾਮਤੀ ਜੋ ਵਾ ਰਹੇ।
ਕਾਹਲੀ ਕਰਨੀ ਨ ਠੀਕ,
ਟੋਏ ਤਾਂ ਕਾਹਲੀ ਨੂੰ ਹਨ ਬੋਚਦੇ।
ਰਖੋ ਵਾਗਾਂ ਨੂੰ ਛੀਕ
ਟੋਏ ਟਿਬੇ ਵੇਖ ਕੇ ਦੌੜਨਾ।
ਡਰ ਡਰ ਉਠਦੀ ਹਾਂ ਆਪ,
ਸੋਚਾਂ ਜਦੋਂ ਅਗਲੀਆਂ ਸੋਚਦੀ।
ਕੌੜੇ ਫਲ ਦੇਜਦੇ ਪਾਪ
ਕਰਦਜਾਂ ਜੁ ਮਿੱਠੜੇ ਹਨ ਭਾਸਦੇ।
{ਚੁੱਪ

ਨਵਾਬ (ਚਿਰ ਪਿੱਛੋਂ)-
ਫ਼ੁਰ ਪਈ ਸੁੰਦਰ ਦਲੀਲ
ਕੰਨ ਦਈਂ ਸੁਣ ਲਈਂ ਰਾਣੀਏਂ:-
ਲੈਸਾਂ ਬਾਲਾਂ ਨੂੰ ਕੀਲ
ਕੀਲੇ ਜਿਵੇਂ ਮਾਂਦਰੀ ਸੱਪ ਨੂੰ।
ਲਾਲਚ ਦੌਲਤ ਦਾ ਲਾਇ
ਭੁਲਾਵਾਂਗਾ ਬਾਲਾਂ ਤਈਂ, ਬੇਗਮੇਂ!
ਅਪਣੀ ਗੋਦੀ 'ਚ ਪਾਇ
ਪ੍ਰਚਾਵਾਂਗਾ ਬਾਲਾਂ ਨੂੰ ਮੈਂ ਬੇਗਮੇਂ!
ਨਰਮੀ ਖਾਵਣਗੇ ਬਾਲ,
ਲੋਹਾ ਜਿਵੇਂ ਤੇਲ ਲੈ ਨਰਮ ਹੋ।
ਏਹ ਅਮੋਲਕ ਦੋ ਲਾਲ
ਸਾਈਂ ਦਏ ਤੈਨੂੰ, ਤੂੰ ਸਾਂਭਣੇ।
ਹੱਸੀਂ ਗੁੱਸੇ ਨੂੰ ਟਾਰ
ਕੇਡੀ ਅਨੋਖੀ ਹੈ ਏ ਸੋਚ ਨੀ?
ਲੀਤਾ ਸੱਪ ਨੂੰ ਬੀ ਮਾਰ
ਸੋਟਾ ਬਚਾਇਆ ਹੈ ਮੈਂ ਨਾਲ ਹੀ।
{ਚੁਪ ਰਹੀ

ਬੇਗਮ (ਸਿਰ ਫੇਰ ਕੇ)-
ਸਲਾਹੁਣ ਜੋਗੀ ਹੈ ਸੋਚ,
ਸੋਚੀ ਜੁ ਹੈ ਨ੍ਹਾਬ ਜੀ ਆਪ ਨੇ।
ਇਸ ਦੀ ਵਰਤਣ ਹੈ ਪੋਚ
ਔਖੀ ਲਗੇ ਹੈ ਏ ਹੋ ਆਵਣੀ।
ਅੱਖੀਂ ਦੇਖੇ ਮੈਂ ਬਾਲ
ਵਡੇ, ਗੁਰੂ-ਮਹਿਲਾਂ ਵਿਚ ਖੇਡਦੇ।
ਵਾਦੀ ਜਾਣਾਂ ਮੈਂ ਚਾਲ
ਓਹੋ ਜੇਹੇ ਨਿੱਕੇ ਈ ਹੋਣਗੇ।
ਪੱਕੇ ਧੁਨ ਦੇ ਉਹ ਐਨ
ਵਾਕਫ ਧਰਮ ਦੇ ਉਹ ਹਨ ਆਪਣੇ,
ਬੋਲਣ ਸੁੰਦਰ ਓ ਬੈਨ
ਪਿੱਛੇ ਨ ਲਗਦੇ ਕਿਸੇ ਦੇ ਕਦੀ।
ਦੂਜਾ ਕਾਰਨ ਹੈ ਹੋਰ
ਪੁੱਤਰ ਉਹ ਅਵਤਾਰ ਦੇ ਹੈਨਗੇ।
ਕੌਣ ਸੱਕੇਗਾ ਤੋਰ
ਬਾਪੂ ਦੇ ਰਸਤੇ ਤੋਂ ਪੁੱਠਾ ਉਨ੍ਹਾਂ?
ਚੱਲਣ ਓਸੇ ਹੀ ਰਾਹ
ਬਾਪੂ ਤੁਰਾਉ ਹੈ ਜਿਸ ਪੰਥ ਦਾ।
ਦੇਖੀਂ ਕਰਸਨਗੇ ਨਾਂਹ
ਤਜਾਗਣ ਧਰਮ ਨ, ਓ ਸਿਰ ਦੇਣਗੇ।
ਕਰਦੀ ਅਰਜ਼ਾਂ ਲਾ ਤਾਨ,
ਕਰਦੀ ਜੁ ਕਰਦੀ ਹਾਂ ਮੈਂ ਸਹਿਮੰਦੀ।
ਗ੍ਰਾਇਆ ਧਰਮੋ ਈਮਾਨ
ਮੈਂ ਤਾਂ ਮੁੜੀ ਆਪਣੇ ਦੀਨ ਤੋਂ,
ਦੋਸ਼ ਭਾਵੇਂ ਸੀ ਨਾਂਹ
ਧਰਮ ਛੋੜਨੇ ਵਿਚ ਮੈਂਡੜਾ;
ਪਰ ਸੀ ਕਾਇਰ ਪੁਣਾਹ
ਗ਼ੈਰਤ ਤੋਂ ਸੀ ਦੂਰ ਏ ਹਾਰਨਾ।
ਖ਼ੈਰ ਹੋਇਆ ਸੁ ਹੋਇ
ਬੀਤਜਾ ਜੁ ਹੈ ਮੁੜ ਨ ਓ ਆਂਵਦਾ।
ਹੁਣ ਕੀ ਕਰਨਾ ਹੈ ਰੋਇ,
ਸਪ ਗਏ ਲੀਕ ਕਿਉਂ ਪਿੱਟਣੀ?
ਪਰ ਮੈਂ ਚਾਹਾਂ ਨ ਮੂਲ
ਧਰਮੋਂ ਡਿਗਾਵਾਂ ਕਿਸੇ ਹੋਰ ਨੂੰ।
ਤੋੜਾਂ ਡਾਲੀ ਤੋਂ ਫੂਲ,
ਸ਼ਾਖਾਂ ਤੋਂ ਤੋੜਾਂ ਫਲਾਂ ਲੱਗਿਆਂ।
ਮੈਨੂੰ ਨਹੀਂ ਮਨਜ਼ੂਰ
ਬਾਲਾਂ ਨੂੰ ਧਰਮੋਂ ਗਿਰਾ ਰੱਖਣਾ।
ਛਡਦੇ ਛਡਦੇ ਜ਼ਰੂਰ
ਐਵੇਂ ਜਿਵੇਂ ਫੜ ਲਏ ਬਾਲਕੇ।

ਨਵਾਬ-
ਲੈ ਨੀ ਹੋਸ਼ਾਂ ਸੰਭਾਲ

ਐਸੇ ਸੁਖ਼ਨ ਪੁੱਠੜੇ ਨਾ ਕਹੀਂ।
ਹੋਸੀ ਬੁਰਾ ਨੀ ਹਵਾਲ
ਸੁਣ ਜੇ ਲਏ ਮੁੱਲਾਂ ਤੇ ਕਾਜ਼ੀਆਂ।
ਤੂੰਹ ਮੋਮਨ ਪਾਕਬਾਜ਼
ਐਸੇ ਬਚਨ ਆਖ ਨ ਸ਼ੋਭਦੀ।
ਰੱਖੀਂ ਸ਼ਰਅ ਦੀ ਲਾਜ
ਹਲਕਾ ਕਦੀ ਦੀਨ ਨਾ ਆਖਣਾ।

ਬੇਗਮ-
ਸੱਚ ਹੈ, ਸੱਚ, ਹੇ ਨਵਾਬ!
ਜੋ ਕੁਝ ਕਿ ਆਖੇ ਸਭੀ ਸੱਚ ਹੈ।
ਦੇ ਦੇ, ਡਰ, ਜ਼ੋਰ, ਦਾਬ,
ਮੈਨੂੰ ਤੁਸਾਂ ਮਾਰਿਆ, ਰਾਜਿਆ!
ਹੁਣ ਤਾਂ ਬੰਦੀ ਗ਼ੁਲਾਮ,
ਤੁਹਾਡੀ ਤੁਹਾਡੀ ਸਦਾ ਦਾਸ ਹਾਂ।
ਦੁਨੀਆਂ ਵਿੱਚੋਂ ਤਮਾਮ,
ਤੁਹਾਡੇ ਜ਼ਿਹਾ ਹੋਰ ਨਾ ਲੱਗਦਾ,
ਪਰ ਜੋ ਬੀਤੀ ਮ੍ਹਾਰਾਜ,
ਸੋ ਤਾਂ ਸਚੀ ਆਖਣੀ ਪਾਪ ਨਾ।
ਹੱਛਾ ਛੱਡੋ ਏ ਕਾਜ,
ਸੌਂ ਵੇ ਰਹੋ ਰਾਤ ਹੈ ਬੀਤਦੀ।
ਸ੍ਹੇਰੇ ਜਾਂਦਜਾਂ ਹੀ ਸਾਰ
ਛਡ ਦੇਵਣੇ ਬਾਲਕੇ ਕੈਦ ਤੋਂ।
ਇਹ ਹੈ ਨੇਕੀ ਦੀ ਕਾਰ
ਤੁੰਹਾਨੂੰ ਭਲੀ, ਰੱਬ, ਮੈਂ ਭਾਉਂਦੀ।

ਨਵਾਬ-
ਚੰਗਾ ਚੰਗਾ ਐ ਜਾਨ!
ਸਵੇਰੇ ਦਿਆਂ ਛੱਡ ਮੈਂ ਬਾਲਕੇ।
ਤੇਰਾ ਰਖਣਾ ਹੀ ਮਾਨ
ਮੇਰੀ ਖੁਸ਼ੀ; ਧਰਮ ਤੇ ਦੀਨ ਹੈ।
{ਸੌਂ ਗਏ

ਨਵਾਬ (ਆਪਣੇ ਆਪ ਨਾਲ)-
ਕੋਈ ਕੱਢਾਂਗਾ ਰਾਹ
ਜ਼ੀਕਰ ਬਚਾਂ ਪਾਸਿਆਂ ਦੋਹੁੰ ਤੋਂ।
ਖਾਧੀ ਸਹੁੰ ਜੋ ਮੈਂ, ਆਹ!
ਪਾਲਾਂਗਾ ਉਸਨੂੰ ਜਿਵੇਂ ਹੋ ਕਿਵੇਂ।

ਅੰਕ ੨

ਰਾਜ ਭਵਨ-ਸਰਹਿੰਦ
ਗੁਪਤ ਮਸ਼ਵਰੇ ਦਾ ਦਾਲਾਨ
ਆਏ-ਕਾਜ਼ੀ, ਮੁੱਲਾਂ ਤੇ ਹੋਰ ਉਮਾਰਾ:

ਮੁੱਲਾਂ ਜ਼ਹੀਰੁੱਦੀਨ-
ਸੁਣ ਲੈਣੀ ਮੇਰੀ ਬਾਤ;
ਮੋਮਨ ਸਭੀ ਦੀਨ ਦੇ ਪਜ਼ਾਰਿਓ!
ਜੋ ਕੁਝ ਬੀਤੀ ਹੈ ਰਾਤ,
ਮਹਿਲਾਂ ਵਿਚ ਨ੍ਹਾਬ ਦੇ ਸੁਣ ਲਓ।
ਹਿੰਦੂ ਮੀਗੀ ਜੋ ਨਾਰ,
ਫੜ ਕੇ ਵਰੀ ਨ੍ਹਾਬ ਨੇ ਸੀਗ ਜੋ,
ਹੋਈ ਦੀਨੋਂ ਹੈ ਬਾਰ੍ਹ,
ਰਾਤੀਂ ਰਹੀ ਲੜਦੀ ਤੇ ਝਗੜਦੀ,
ਛੇਕੜ ਲੀਤਾ ਮਨਾਇ,
ਲੀਤਾ ਬਚਨ ਨ੍ਹਾਬ ਤੋਂ ਓਸ ਨੇ,
'ਹੁਣ ਨਾ ਦੇਊਂ ਸਜ਼ਾਇ,
ਬੱਚੇ ਫੜੇ ਜੋ ਅਸਾਂ ਹਿੰਦੂ ਦੇ'।
ਨਿਹਤੇ ਜਾਵਣਗੇ ਬਾਲ
ਸਲਾਮਤ ਘਰੀਂ ਭਰਦਿਆਂ ਚੌਕੜੀ।
ਵੱਡੇ ਹੋਵਣਗੇ ਲਾਲ
ਤਕੜੇ ਪਿਤਾ ਵਾਂਙ ਓ ਸੂਰਮੇ।
ਦੇਸਣ ਜੜ੍ਹਾਂ ਤੋਂ ਉਖੇੜ
ਸ਼ਾਹੀ ਅਸਾਡੀ ਉ ਜੇ ਬਚ ਰਹੇ।
ਔਖੇ ਹੋਵਣਗੇ ਭੇੜ
ਜੰਗਾਂ ਮਦਾਨਾਂ ਦੇ, ਹੇ ਸੱਜਣੋਂ!
ਮੁਗ਼ਲੀ ਹੋਵੇਗੀ ਦੂਰ
ਦੁਖ ਭੋਗਸਣ ਬੱਚੇ ਸਭ ਸਾਡੜੇ।
ਭ੍ਰਾਵੋ! ਕਰ ਲਓ ਸ਼ਊਰ,
ਮਾਰੋ, ਕਟੋ, ਸੂਲਾਂ ਏ ਫੁੱਟੀਆਂ।

ਕਾਜ਼ੀ ਰੁਕਨ ਦੀਨ-
ਸੋਚੀ ਸੁੰਦਰ ਹੈ ਬਾਤ,
ਤੇਰੀ ਅਕਲ ਦੇ ਹਾਂ ਮੈਂ ਵਾਰਨੇ।
ਡੂੰਘੀ ਪਾਈ ਆ ਝਾਤ
ਬੇਗਮ ਤੇ ਬੇਗੇ ਦੇ ਤੂੰ ਪਰਦਿਆਂ।
ਸਾਰੇ ਕਰ ਲਓ ਵਿਚਾਰ,
ਆਵੇਗਾ ਹੁਣ ਨ੍ਹਾਬ ਏਸੇ ਜਗ੍ਹਾ;

ਸਾਰੇ ਕਰੀਓ ਪੁਕਾਰ
ਮਾਰੋ ਇਨ੍ਹਾਂ ਬੱਚਿਆਂ ਡਾਢਿਆਂ।
ਦੀਵਾਨ ਸੁਚਾਨੰਦ-
ਸੁਹਣੀ ਸੋਚੀ ਹੈ ਸੋਚ
ਤੋੜੋ ਕਲੀ ਜੋ ਫਲੀ ਨਾ ਬਣੇ,
ਪਿੱਛੋਂ ਕੋਸ਼ਸ਼ ਹੈ ਪੋਚ
ਬਣਦਾ ਨਹੀਂ ਕੁੱਝ ਬੀ ਕੀਤਿਆਂ।
ਹੋ ਕੇ ਜਿਸ ਨੇ ਫਕੀਰ
ਪਾਏ ਵਖ਼ਤ ਸ਼ਾਹੀਆਂ ਰਾਜਿਆਂ।
ਹੋ ਕੇ ਪੁੱਤ ਏ ਅਮੀਰ
ਕਢਸਣ ਤੁਹਾਨੂੰ ਨ ਕਿਉਂ ਦੇਸ਼ ਤੋਂ?
ਯਾ ਤਾਂ [illegible] ਰਸੂਲ
ਕਾਬੂ ਆਏ ਛੱਡਣੇ ਪਾਪ ਹੈ।
ਬੂਟਾ ਉਗਦਾ ਨ੍ਰਿਮੂਲ
ਸੌਖਾ ਹੈ ਕਰਨਾ ਵਧੇ ਪੁੱਟਣੋਂ।
ਅਮੀਰ ਰਫੀਉੱਦੀਨ-
ਸਾਰੇ ਤੁਹਾਡੇ ਹਾਂ ਨਾਲ
ਪੱਟੀ ਪੜ੍ਹਾਂਵਾਂਗੇ ਨ੍ਵਾਬ ਨੂੰ।
ਮੰਤਰ ਦੇਵਾਂਗੇ ਜਾਲ
ਫੂਕਿਆ ਜੁ ਹੈ ਉਸ ਬੁਰੀ ਨਾਰ ਨੇ।
ਰਾਤੀਂ ਜਾਵੇਗਾ ਤਾਂਹਿ
ਬਾਲਕ ਕਤਲ ਪਹਿਲੇ ਜੇ ਹੋਣਗੇ,
ਫਿਰ ਕੀ ਚੱਲੇਗਾ ਦਾਉ
ਨਾਰੀ ਨਿਕਾਰੀ ਦਾ ਜੀ ਨ੍ਵਾਬ ਤੇ?
ਨਵਾਬ ਮਲੇਰ ਕੋਟਲਾ-
ਏਕਾ ਕਰ ਲਿਆ ਬਿਸ਼ਾਕ
ਮਤਾਇਆ ਮਤਾ ਹੈ ਤੁਸਾਂ ਪਾਪ ਦਾ,
ਦਿਲ ਨੇ ਕੀਤੀ ਨ ਠਾਕ
ਰੱਖੋ ਨਿਆਓਂ ਤੁਸੀਂ ਭੁੱਲਿਓ।
ਹੈ ਨ ਬੀਰਾਂ ਦਾ ਕੰਮ
ਬੱਚੇ ਤੇ ਤੀਵਿਆਂ ਨੂੰ ਮਾਰਨਾ।
ਖਾਵੋ ਕੋਈ ਸ਼ਰੰਮ
ਮਸੂਮਾਂ ਤੇ ਹਥ ਕਤਲ ਦੇ ਚੁਕਣੋ।
ਹਾਮੀ ਭਰਸਾਂ ਨਾ ਹਾਇ!
ਦੇਸਾਂ ਦੁਹਾਈ ਬਾਹਾਂ ਚੱਕਕੇ।
ਨਾਅਰਾ ਦੇਸਾਂ ਮੈਂ ਵਾਇ
ਹੋੜਾਂਗਾ ਹਟਕਾਂਗਾ, ਮੈਂ ਰੋਕਸਾਂ।
{ਚੋਬਦਾਰ ਆ ਗਿਆ
ਚੋਬਦਾਰ-
ਜੁਗ ਜੁਗ ਹੋਵੇ ਏ ਰਾਜ
ਮੁਗ਼ਲਾਂ ਦਾ ਦੁਨੀਆ ਤੇ ਡੰਕਾ ਬਜੇ।
ਝੁੱਲੇ ਸ਼ਾਹੀ ਦਾ ਸਾਜ
ਆਏ ਹੈਂ ਮਹਿਲੋਂ ਸ੍ਰੀ ਨ੍ਵਾਬ ਜੀ।
{ਆਇਆ ਨਵਾਬ, ਸਾਰਿਆਂ ਉੱਠਕੇ ਅਦਬ ਦਿੱਤਾ
ਸਾਰੇ ਦਰਬਾਰੀ-
ਮੁਜਰਾ ਹੋਵੇ ਅਦਾਬ,
ਜੁਗ ਜੁਗ ਜੀਓ ਰਾਜ ਨੂੰ ਮਾਣਦੇ।
ਕੁਰਨਿਸ਼ ਹੋਵੇ ਅਦਾਬ
ਸੂਰਜ ਤਰ੍ਹਾਂ ਤੇਜ ਵਾਧੇ ਰਹੇ।
ਨਵਾਬ-
ਕੈਸਾ ਔਖਾ ਹੈ ਰਾਜ!
ਖ਼ਲਕਤ ਖ਼ੁਦਾ ਵਾਲੀ ਨੂੰ ਸਾਂਭਣਾ।
ਨਜਾਈਂ ਤੇ ਰਾਸ੍ਤ ਮਿਜ਼ਾਜ,
ਰਹਿਕੇ ਅਦਲ ਤੋਲਣਾ ਤੱਕੜੀ।
ਕਾਰ ਨਾਜ਼ਕ ਹੈ ਠੀਕ
ਖ਼ੁਸ਼ੀ ਤੇ ਸੁਖੀ ਰੱਖਣਾ ਦੇਸ਼ ਨੂੰ,
ਅੱਲਾ ਹੋਵੇ ਰਫ਼ੀਕ
ਨਿਭ ਜਏ ਤਦ ਕਾਰ ਏ ਓਸਦੀ।
ਵਜ਼ੀਰ-
ਵਾਕਫ ਅਕਲਾਂ ਦੇ ਤਾਜ
ਲਾਇਕ ਹੋ ਹਰ ਇਲਮ, ਹੇ ਨ੍ਵਾਬ ਜੀ!
ਸੁਹਣਾ ਕਰਦੇ ਹੋ ਰਾਜ,
ਤੋਰਾ ਤੁਸੀਂ ਤੋਰਦੇ ਸੋਹਿਣਾ।
ਹਾਕਮ ਅਤੇ ਦੀਨਦਾਰ
ਜੜ੍ਹਾਂ ਕਾਫਰਾਂ ਖਿੱਚਕੇ ਪੁੱਟਦੇ।
ਸਿਰ ਤੇ ਹਰ ਚਾਰ ਯਾਰ,
ਸ਼ਰਅ੍ ਪੁਜਾਵਨ ਸਦਾ ਆਪ ਤੋਂ।
ਸਾਰੇ-
ਧਨ ਤੂੰ ਧਨ ਸ਼ਹਿਰ ਯਾਰ*
ਤੇਰਾ ਸਦਾ ਰਾਜ ਹੋ ਦੇਸ਼ ਤੇ।

*ਪਾਤਸ਼ਾਹ।

ਮਾਹ ਤੋਂ ਮਾਹੀ[1] ਵਿਚਾਲ
ਤੇਰਾ ਰਹੇ ਦਬਦਬਾ ਫੈਲਿਆ।
ਨਵਾਬ-
ਇਹ ਹੈ ਗੁਪਤੀ ਸਥਾਨ
ਗੁਪਤੀ ਇਕੱਠੇ ਅਸੀਂ ਹੋ ਰਹੇ।
ਚੁਣਵੇਂ ਗਿਣਵੇਂ ਪ੍ਰਧਾਨ,
ਸੱਦੇ ਅਸਾਂ ਸੋਚਣੇ ਸੋਚ ਨੂੰ।
ਔਕੜ ਘੇਰਜਾ ਹੈ ਆਣ
ਕਢੋ ਕੁਈ ਡੌਲ, ਜੋ ਠਿੱਲ੍ਹੀਏ।
ਲੈਣੀ ਬੱਚਿਆਂ ਦੀ ਜਾਨ,
ਦੁਨੀਆਂ ਨੂੰ ਚੰਗੀ ਨਹੀਂ ਭਾਸਦੀ।
ਮੁੱਲਾਂ-
ਕਹਿੰਦੇ ਹੈਗੇ ਹੋ ਖ਼ੂਬ
ਦਿਲ ਆਪਦਾ ਰਹਿਮ ਹੈ ਵਾਲੜਾ।
ਵੈਰੀ ਕਰਕੇ ਮਗ਼ਲੂਬ
ਕਰਦੇ ਤਰਸ ਨੇਕ ਜੀ ਵਾਲੜੇ,
ਪਰ ਏ ਰਹਿਮਾਂ ਦੀ ਕਾਰ
ਡਾਢੀ ਹੀ ਨਾਜ਼ਕ ਹੈ, ਹੇ ਸ਼ਾਹ ਜੀ!
ਕਰਦੀ ਪੁੱਠੜੀ ਹੈ ਮਾਰ
ਕੁਵੇਲੇ ਕੁਥਾਵੇਂ ਦਇਆ ਕੀਤੜੀ।
ਕਾਜ਼ੀ-
ਮੇਰੀ ਏਹੋ ਹੈ ਰਾਇ
ਸ਼ਾਹਾਂ ਨੂੰ ਹੀ ਰਹਿਮ ਹੈ ਸੋਜਦਾ।
ਪਰ ਨ ਕਰੀਏ ਕੁਥਾਇੰ
ਸ਼ਾਹੀਆਂ ਇਨ੍ਹੇਂ ਡੋਬੀਆਂ ਬਹੁਤੀਆਂ।
ਮੁਫਤੀ-
ਸਚ ਹੈ ਸਚ ਹੈ ਹੇ ਸ਼ਾਹ!
ਕਰਿਯੇ ਰਹਿਮ ਨ ਜਗਾ ਖੋਟੜੀ।
ਸੁਣ ਲੈ 'ਕਿਬਲ-ਉਲ-ਈਜ਼ਾ
ਕਤਲਉਲ ਮੂਜ਼ੀ[2]' ਹੈ ਸ਼ਰਅ ਆਖਦੀ!
ਸੱਪਾਂ ਬਿਛੂਆਂ ਤੇ ਸ਼ੇਰ
ਏਨ੍ਹਾਂ ਨੂੰ ਮਾਰੀਏ ਜੀ, ਜੰਮਦਿਆਂ।

ਕਰਨੀ ਸ਼ਾਹਾ! ਨ ਦੇਰ;
ਉਗਦੀਆਂ ਸੂਲਾਂ ਨੂੰ ਹੀ ਨੱਪਣਾ।
ਨਵਾਬ-
ਸੁੱਚਾ ਨੰਦ ਜੀ ਦੀਵਾਨ!
ਦਸੋ ਤੁਸੀਂ ਰਾਇ ਕੀ ਆਖਦੇ?
ਹਿੰਦੂ ਤੁਸੀਂ ਹੋ ਮੁਜ਼ਾਨ
ਝੱਕੇ ਬਿਨਾ ਸੱਚੁ ਸੱਚ ਆਖਣਾ।
ਸੁੱਚਾ ਨੰਦ-
ਮੇਰੀ ਏਹੋ ਹੀ ਰਾਇ,
ਕਾਜ਼ੀ ਤੇ ਮੁਫਤੀ ਨੇ ਜੋ ਹੈ ਕਿਹਾ।
ਦੇਵਾਂ ਉੱਚੀ ਸੁਣਾਇ,
ਚਾਹੇ ਮੈਂ ਹਿੰਦੂ ਹਾਂ ਉੱਚ ਖਤਰੀ।
ਸ਼ਰਅ ਮੇਰਾ ਨ ਕਾਮ
ਨਜ਼ਾਇ ਦੀ ਹਾਂ ਗਲ ਮੈਂ ਆਖਦਾ।
ਵੈਰੀ ਮਾਰੀਏ ਠਾਮ
ਦੇਈਏ ਨ ਜਾਵਨ ਮਦੋਂ ਦਾ ਫਬੇ।
ਵਹੁਟੀ ਧੀਆਂ ਤੇ ਪੂਤ,
ਵੈਰੀ ਦੇ ਮਾਰੀਏ, ਜਾਂ ਦਾ ਲਗੇ,
ਫੇਰ ਵੈਰੀ ਕੁਸੂਤ
ਜੈਸਾ ਗੁਰੂ ਲੱਭਿਆ ਆਪ ਨੂੰ।
ਪੁੱਤਾਂ ਤਿਸਦਿਆਂ ਤੇ ਰ੍ਹੈਮ
ਕਰਨਾ ਨਹੀਂ ਨੀਤੀ ਹੈ ਦੱਸਦੀ;
ਤਾਂਤੇ ਖਾਓ ਨ ਸ੍ਹੈਮ,
ਛੇਤੀ ਕਰੋ ਕਾਰ ਏ ਸੋਹਿਣੀ।
ਮਲੇਰ ਕੋਟਲਾ-
ਸੁਨ ਸ਼ਾਹਾ ਨੇਕ ਨਾਮ,
ਨੇਕੀ ਦਈ ਰੱਬ, ਲੈ ਨੇਕੀਆਂ।
ਕਰੀਏ ਓਹੋ ਹੀ ਕਾਮ,
ਨੇਕੀ ਜਿਨ੍ਹਾਂ ਕਾਰਣੇ ਜਗ ਰਹੇ।
ਕਹੀਏ ਬੁਰੀ ਓ ਨ ਰਾਤ,
ਦਿਨ ਦੇਖਕੇ ਚਮਕਦਾ ਸੋਹਿਣਾ।
ਦਿਨ ਬੁਰਾ ਨੇਕ ਰਾਤ,
ਏ ਬੀ ਨ ਕਹੁ ਦੇਖਕੇ ਤਾਰਜ਼ੇ।
ਪਾਓ ਸੂਰਜ ਨੂੰ ਝਾਤ,
ਜਿਸਨੇ ਬਨਾਯਾ ਦਿਨ ਰਾਤ ਨੂੰ।
ਦਿਨ ਤੋਂ ਉਲਟੀ ਹੈ ਰਾਤ;
ਦੋਹਾਂ ਦੇ ਵਿਚ ਫਰਕ ਹੈ ਬਹੁਤ ਹੀ।

---

੧. ਮਾਹ=ਚੰਦ। ਮਾਹੀ=ਮੱਛੀ ਜਿਸ ਉਤੇ ਧਰਤੀ ਖੜੀ ਮੰਨਦੇ ਹਨ। ਭਾਵ ਧਰਤੀ ਤੋਂ ਅਸਮਾਨ ਤਕ।

੨. ਬੁਰੇ ਤੋਂ ਦੁਖ ਝੱਲਣ ਤੋਂ ਪਹਿਲਾਂ ਉਸ ਨੂੰ ਮਾਰ ਦਿਓ।

ਪਰ ਏ ਦੋਵੇਂ ਹੈਂ ਪੁੱਤ
ਸੂਰਜ ਦੇ ਜਾਏ ਦੁਏ ਜਾਣੀਏ।
ਦੇਖੋ ਸੂਰਜ ਦਾ ਬੁੱਤ,
ਸੂਰਜ ਹੋਵੇ ਚਾਨਣਾ ਚਾਨਣਾ।
ਹਿੰਦੂ ਅਤੇ ਮੁਸਲਮਾਨ
ਉਲਟੇ ਏ ਦੋਨੋਂ ਟੁਰਨ ਆਪ ਤੋਂ,
ਬਖਸ਼ੀ ਦੋਹਾਂ ਨੂੰ ਜਾਨ
ਅੱਲਾ ਇਕੋ ਸੋਹਿਣੇ ਚਾਨਣੇ।
ਦੇਖੀਂ ਚਾਨਣ ਦਾ ਪੁੰਜ,
ਕਰ ਜੋ ਰਜ਼ਾ ਓਸ ਨੂੰ ਭਾਂਵਦੀ।
ਮਾਰ ਕਰਨਾ ਜੋ ਸੁੰਜ
ਉਸਦੇ ਬਨਾਏ ਨੂੰ, ਏ ਪਾਪ ਹੈ।
ਭਾਵੇ ਅੱਲਾ ਨੂੰ ਕੌਣ?
ਕਿਹੜੇ ਸਮੇਂ ਥੌਹ ਏ ਨਾ ਪਵੇ।
ਸਭ ਦੀ ਨਿੰਵਦੀ ਏ ਧੌਣ,
ਆਖਣ 'ਨਹੀਂ ਗ਼ੈਬ ਦਾ ਹੈ ਪਤਾ।'
ਸਕਿਆ ਕੋਈ ਨ ਪਾੜ
ਤਣ ਜੁ ਰਿਹਾ ਪਰਦਾ ਹੈ ਗ਼ੈਬ ਦਾ।
ਦਿਤਾ ਕਿਸ ਨੇ ਉਘਾੜ
ਕੁਦਰਤ ਤੇ ਕਾਦਰ ਦਾ ਜੋ ਭੇਤ ਹੈ।
ਪੰਛੀ ਅੰਡੇ ਦੀ ਓਟ
ਕੀਕਰ ਸਕੇ ਜਾਣ ਹੈ ਜੱਗ ਨੂੰ।
ਬਿਨ ਖੰਭਾਂ ਕੋਈ ਬੋਟ
ਅਸਮਾਨ ਦੇ ਹਾਲ ਕਿੰਵ ਕਹਿ ਸਕੇ?
ਅੰਕੁਰ[1] ਬੀਜਾਂ ਵਿਚਾਲ
ਮੌਜਾਂ ਲਵੇ ਕੁਦਰਤੀ ਕੀਕੁਰਾਂ?
ਤੀਕਰ ਸਾਡਾ ਹੈ ਹਾਲ;
ਜਾਣੀਏਂ ਕੀ ਗ਼ੈਬ ਦੇ ਵਿਚ ਹੈ।
ਕੀਕਰ ਆਖੀਏ ਸਾਫ,
ਕਰਨਾ ਕਤਲ ਰੱਬ ਨੂੰ ਭਾਂਵਦਾ?
ਕੀਕਰ ਮਾਰੀਏ ਲਾਫ[2],
ਅੱਲਾ ਦੇ ਜੀ ਦੀ, ਜੁ ਨਾ ਦੇਖਿਆ।
ਹਿੰਦੂ ਮਾਰਨ ਹੈ ਪੁੰਨ
ਅੱਲਾ ਕਿਸੇ ਤਾਂਈਂ ਨਾ ਆਖਿਆ।
ਧਿੰਗੋ ਜੋਰੀਂ ਘਸੁੰਨ
ਆਖੋ ਕੋਈ ਜਿਸਦਾ ਜੋ ਜੀ ਕਰੇ।
ਐਪਰ ਦੇਹੀ ਦੇ ਵਿਚ
ਨਿੱਕੀ ਜਿਹੀ ਰਬ ਦੀ ਲਾਟ ਹੈ।
ਉਸਤੋਂ ਚਾਨਣ ਨੂੰ ਖਿੱਚ
ਦੱਸੋ, ਕਿ ਓ ਰਸਤਾ ਕੀਹ ਆਖਦੀ?
'ਕਰਨਾ ਕਿਸੇ ਦਾ ਵਿਨਾਹ'
ਦੱਸੋ ਨ ਹੈ ਅੰਦ੍ਰਲੀ ਜੋਤ ਓ।
ਫਿਰ ਮਸੂਮਾਂ ਦਾ ਦਾਹ,
ਕਰਨਾ ਕਦੋਂ ਬੋਲਦੀ ਵਾਜ ਓ?
ਤੁਹਾਡੇ ਅਪਣੇ ਜਿ ਬਾਲ
ਹਿੰਦੂ ਕੋਈ ਪਕੜਕੇ ਲੈ ਜਾਏ।
ਹੋਵੇ ਤਦ ਕੀ ਹਵਾਲ?
ਦੱਸੋ ਦਿਲਾਂ ਦਾ ਤੁਸੀਂ ਆਪਣੇ।
ਕਰ ਲੌ ਚੇਤੇ ਓ ਬਾਤ,
ਬੀਤਿਆਂ ਜਿਨ੍ਹੂੰ ਸਾਲ ਨਾ ਬੀਤਿਆ!
ਹੋਈ ਤਦੋਂ ਵਾਰਦਾਤ,
ਇਸ ਤੋਂ ਭਯਾਨਕ ਅਤੇ ਕਹਿਰ ਦੀ।
ਰਾਜਾ ਨਾਹਰ ਜੁ ਦੀਨ[1]
ਟਿਵਾਣਾ, ਲੜਾਕਾ ਗਿਆ ਮਾਰਿਆ।
ਸਿੱਖਾਂ ਫੜ ਉਸ ਦੇ ਲੀਨ
ਡੋਲੇ ਤੇ ਬੱਚੇ ਮਚੇ ਜੰਗ ਆ!
ਲੈ ਗੈ ਸਤਿਗੁਰ ਦੇ ਪਾਸ,
ਜਾਕੇ ਕਿਹਾ 'ਹੁਕਮ ਹੋ ਸੋ ਕਰੇਂ'।
ਕੈਸੀ ਨੀਯਤ ਸੀ ਰਾਸ,
ਬਹਾਦਰ ਗੁਰੂ ਜੀ ਦੀ, ਹਾਂ ਸੋ ਸੁਣੋ:-
ਕਹਿੰਦੇ "ਆਦਰ ਦੇ ਨਾਲ
ਰੱਖੋ ਸਤਰ ਬੇਗਮਾਂ ਦੇ ਤੁਸੀਂ,
"ਰਾਖੀ ਕਰ ਜਾਨੋ ਮਾਲ
ਸਲਾਮਤ ਪੁਚਾਵੋ ਇਨ੍ਹਾਂ ਨੂੰ ਘਰੀਂ,
"ਰੋਣਾ ਪਾਵੇ ਨ ਬਾਲ
ਅੱਥਰੂ ਕਿਰੇ ਨਾਰ ਦੀ ਨਾ ਕੁਈ"।
ਮਾਲਕ ਅਪਣੇ ਦਾ ਵਾਕ
ਸਿੱਖਾਂ ਸਿਰੇ ਆਪਣੇ ਰੱਖਿਆ।
ਆਏ ਏਥੇ ਬੇਬਾਕ[2]
ਡੋਲੇ ਤੇ ਬਾਲਕ ਪੁਚਾ ਓਹ ਗਏ।

---

੧. ਬੀਜ ਦਾ ਉਹ ਹਿੱਸਾ ਜੋ ਪੁੰਗਰਦਾ ਹੈ।
੨. ਗੱਪ।

੧. ਨਾਹਿਰ ਖਾਂ ਮਲੇਰੀਆ ਹੋਰ ਸੀ।
੨. ਬੇਡਰ, ਨਿਰਭੈ।

ਖ਼ਾਤਰ ਕੀਤੀ ਵਧੀਕ
ਕਰ ਨ ਸਕੇ ਦੋਸਤ ਤੇ ਸਾਕ ਬੀ।
ਵਾਲ ਵਿੰਗਾ ਤਹਿਕੀਕ*
ਹੋਯਾ ਨ ਬਾਲਾਂ ਅਤੇ ਬੇਗਮਾਂ।
ਓਵੇਂ ਕਰਨਾ ਹੈ ਜੋਗ
ਕੀਤਾ ਜਿਵੇਂ ਓਸਨੇ, ਪਜਾਰਿਓ!
ਦੇਵੋ ਬਾਲਾਂ ਨ ਸੋਗ
ਅਜ਼ਮਤ ਕਰੋ ਮਾਤਾ ਜੀ ਬ੍ਰਿੱਧ ਦੀ।
ਕੀਤਾ ਭਾਰੀ ਮੈਂ ਜੰਗ
ਏਸੇ ਗੁਰੂ ਨਾਲ, ਫਿਰ ਤਜਾਰ ਹਾਂ।
ਐਪਰ ਖਾਂਦੀ ਏ ਸੰਗ
ਉਠਾਵਾਂ ਮਸੂਮਾਂ ਤੇ ਮੈਂ ਹੱਥ ਏ।
ਦੇਵਣ ਆਗਜਾ ਨ ਮੂਲ
ਮਾਰਨ ਦੀ ਦੁਧ ਪੀਂਦਿਆਂ ਬੱਚਿਆਂ।
ਮੇਰਾ ਰੱਬ ਤੇ ਰਸੂਲ,
ਐਸੇ ਗੁਨਾਹਾਂ ਤੋਂ ਹਨ ਵਰਜਦੇ।
ਨ ਸ਼ੁਜਾਅਤ ਦਾ ਕੰਮ
ਮੈਂ ਹਾਂ ਜਾਣਦਾ ਗੱਲ ਏ, ਸੂਰਮਾਂ।
ਮੈਂ ਤਾਂ ਭਰਸਾਂ ਏ ਦੰਮ
ਮਸੂਮਾਂ ਨੂੰ ਮਾਰਨ ਨ ਇਸਲਾਮ ਹੈ।

ਸ਼ਹਾਬੁੱਦੀਨ-
ਫਿੱਕਾ ਸ਼ਰਅ ਤੋਂ ਅਜਾਣ
ਸਿਪਾਹੀ, ਤੂੰ ਜਾਣੋਂ ਹੈਂ ਕੀ ਦੀਨ ਨੂੰ;
ਮਾਰੇਂ ਨਾਗਾਂ ਨੂੰ ਸਜਾਣ
ਬੱਚੇ ਰਖੇਂ ਪਜਾਰ ਕੇ ਓਸ ਦੇ।
ਬੋਲੇਂ ਸ਼ਰਅ ਖਿਲਾਫ
ਦੱਸੇ ਕੋਟਲੇ! ਵਿਗੜਿਓਂ ਕੀਕੁਰੇ?
ਸੂਫੀ ਹੋ ਗਇਓਂ ਸਾਫ?
ਕਿ ਕਾਫਰ ਵਿਦਾਂਤੀ ਕਿਤੋਂ ਹੋ ਗਿਓਂ?
ਕਿਉਂ ਕਰੇਂ ਪੱਖੋ ਪਾਤ?
ਚੇਲਾ ਗੁਰੂ ਦਾ ਕਿਤੇ ਬਣ ਗਿਆ?
ਦੱਸ ਦੇ ਦਿਲ ਦੀ ਤੂੰ ਬਾਤ
ਦੁਸ਼ਮਨ ਦੇ ਘਾਤੋਂ ਡਰੇਂ ਕਾਸਨੂੰ?

ਨਵਾਬ-
ਦੇਵ ਮੂੰਹ ਨੂੰ ਲਗਾਮ
ਸੰਭਲ, ਸ਼ਹਾਬੋ, ਜ਼ਰਾ ਬੋਲਣਾ।
ਏ ਹੈ ਮਖ਼ਫ਼ੀ ਮੁਕਾਮ[1]
ਮਖ਼ਫੀ[2] ਸਲਾਹ ਕਰ ਅਸੀਂ ਹਾਂ ਰਹੇ।

ਕਾਜ਼ੀ-
ਸ਼ਰਅ ਉਲਟੀ ਜੋ ਬਾਤ,
ਹੋਣੀ ਅਸੰਭਵ ਅਹੇ ਨ੍ਵਾਬ ਜੀ!
ਸਭ ਦਲੀਲਾਂ 'ਨ ਮਾਤ,
ਜੋ ਕੁਛ ਕਿ ਉਲਮਾਉ ਹਨ ਆਖਦੇ!
ਹਿੰਦੂ ਹੋਵੇ ਜਿ ਨਾਰ
ਵਸਦੀ ਕਿਸੇ ਮੋਮਨੇ ਦੇ ਘਰੇ।
ਦੇਈਏ ਗਰਦਨ ਤੋਂ ਮਾਰ,
ਹੋੜੇ ਸ਼ਰਅ. ਹੁਕਮ ਜੇ ਮੰਨਣੋਂ।
ਹੋਵੇ ਅਪਨਾ ਜਿ ਪੂਤ,
ਮੋੜੇ ਸ਼ਰਅ. ਤੋਂ ਤਾਂ ਦੇ ਮਾਰੀਏ।
ਰੱਖਣ ਸ਼ਾਹ ਨਾਲ ਸੂਤ
ਦੂਜੀ ਜ਼ਰੂਰੀ ਹੈ ਏ ਗਲ ਬੀ।

ਨਵਾਬ (ਆਪਣੇ ਦਿਲ ਵਿਚ)-
ਖੁਲ੍ਹ ਗਿਆ ਮਹਿਲਾਂ ਦਾ ਭੇਤ
ਨਿਕਲ ਗਈ ਗਲ ਹੈ ਪਰਦਿਓਂ,
ਗੋਲੀ ਕੋਈ ਸੁਚੇਤ
ਸੁਣਦੀ ਰਹੀ ਰਾਤ ਦੀ ਵਾਰਤਾ।
ਦੱਸੀ ਏਹਨਾਂ ਦੇ ਪਾਸ,
ਮੇਰੀ ਤੇ ਬੇਗਮ ਦੀ ਗਲ ਬਾਤ ਜੋ।
ਅਪਣੀ ਇੱਜ਼ਤ ਦੀ ਰਾਸ
ਔਖੀ ਹੁਈ ਹੁਣ ਹੈ ਸੰਭਾਲਣੀ!
ਝੂਠ ਵਹੁਟੀ ਦੇ ਨਾਲ
ਬੋਲਣ ਰਵਾ ਸਾਰੇ ਹਨ ਆਖਦੇ!
ਏਹ ਨ ਮੂਲੋਂ ਕੁਚਾਲ,
ਟਾਲਾਂਗੇ ਪੱਜੀਂ ਅਸੀਂ ਨਾਰ ਨੂੰ।
ਭਾਵੇਂ ਪਜਾਰੀ ਹੈ ਨਾਰ,
ਮੰਨੇਗੀ ਗੁੱਸੇ ਗਿਲੇ ਝਾਗ ਕੇ।
ਆਖਰ ਜਿੱਤੇਗਾ ਪਜਾਰ
ਰੁੱਸੀ ਹੁਈ ਨਾਰ ਨੂੰ ਮੇਰੜਾ।

ਨਵਾਬ (ਪ੍ਰਗਟ)-
ਬੋਲੋ ਬਾਕੀ ਦੇ ਯਾਰ,

*ਨਿਸਚੇ, ਜ਼ਰੂਰ।

੧. ਗੁਪਤ ਥਾਂ। ੨. ਗੁਪਤ।

ਮੁਸਾਹਿਬ, ਵਜ਼ੀਰੋ ਤੇ ਮੀਰੋ ਸਭੀ।

ਸਾਰੇ-

ਜਾਣੇ ਦੇਵੋ ਨ ਬਾਹਰ,
ਆਏ ਸ਼ਿਕਾਰਾਂ ਨੂੰ ਹੱਥੋਂ ਪਰੇ।

ਨਵਾਬ-

ਸਭਨਾਂ 'ਮਾਰੋ' ਸਲਾਹ,
ਇਕ ਵਾਜ ਸਭ 'ਮਾਰਨਾ' ਆਖਦੇ।
ਮੈਂ ਬੀ ਕਰਦਾ ਨ ਨਾਂਹ,
ਮੰਨਣ ਜੇ ਨਾ ਦੀਨ ਵਿਚ ਆਵਣਾ।
ਚੱਲੋ ਚੱਲੀਏ ਦਰਬਾਰ,
ਮਜਲਸ ਹੈ ਆਮਾਂ* ਜਿਥੇ ਲੱਗਣੀ।
ਕਰੀਏ ਏਹੋ ਹੀ ਕਾਰ,
ਮਿਲਨਾ ਗੁਪਤ ਏਸ ਥਾਂ ਦਾ ਰਹੇ।

ਮਲੇਰ ਕੋਟਲਾ-

ਮੇਰੀ ਮੂਲੋਂ ਨ ਨਾਲ
ਰਾਏ ਰਲੇ ਨ੍ਹਾਬ ਜੀ! ਆਪ ਦੇ।
ਕਰਮਾਂ ਹਾਲੋਂ ਮੈਂ ਹਾਲ,
ਮਜਲਸ ਬੀ ਆਮਾਂ ਦੇ ਵਿਚ ਨਾ ਟਲਾਂ।
ਹੋਵੇ ਕੈਮਾ ਹਵਾਲ,
ਸੱਚੋ ਮੈਂ ਸਚ ਓਸ ਥਾਂ ਕੂਕਸਾਂ।
'ਮਾਰੇ ਜਾਵਣ ਨ ਬਾਲ'
ਦੁਹਾਈ ਦਿਆਂਗਾ ਮੈਂ ਇਹੋ ਹਿ ਇਹੋ।

ਨਵਾਬ-

ਕਰੀਓ ਕਰਨੀ ਜੁ ਕਾਰ
ਲੱਗੇ ਤੁਹਾਨੂੰ ਭਲੀ, ਕੋਟਲੇ!
ਬਾਲਕ ਹੋਸਨ ਪ੍ਰਹਾਰ,
ਮੰਨਣ ਨ ਜੇ ਦੀਨ ਵਿਚ ਆਵਣਾ।

ਇਥੋਂ ਦਰਬਾਰ ਗਏ, ਸਹਿਬਜ਼ਾਦਿਆਂ ਨਾਲ ਬਹਿਸ ਹੋਈ, ਕਾਜ਼ੀਆਂ ਆਦਿਕਾਂ ਫਤਵੇ ਦਿਤੇ। ਮਲੇਰ ਕੋਟਲੇ ਨਾ ਮਾਰਨ ਦੀ ਦੁਹਾਨੀ ਦਿਤੀ। ਓਹ ਨਾ ਮੰਨੇ। ਛੇਕੜ ਸ਼ਹੀਦ ਕੀਤੇ ਗਏ। ਉਸ ਸੰਗਦਿਲ ਨਵਾਬ ਦਾ ਦਿਲ ਬੀ ਬਾਲਕਾਂ ਦੇ ਆਖਰੀ ਖੇਦ ਦੇਖਕੇ ਉਦਾਸ ਹੋ ਗਿਆ ਅਰ ਟੁੱਟੇ ਦਿਲ ਮਹਿਲੀਂ ਗਿਆ। ਅੱਗੇ ਬੇਗਮ ਰੋ ਰਹੀ ਸੀ।

*ਖੁੱਲ੍ਹਾ ਦਰਬਾਰ।

ਅੰਕ ੩

ਸਰਹਿੰਦ ਦੇ ਰਾਜ ਮਹਿਲ,
ਬੇਗਮ ਜ਼ੈਨਾਂ ਦਾ ਕਮਰਾ

{ਆਈ ਬੇਗਮ ਰੋਂਦੀ ਹੋਈ:-

ਵਰਤਿਆ ਕਹਿਰੋ ਕਹਾਰ,
ਮਾਰੇ ਗਏ ਬਾਲਕੇ ਰੱਬ ਦੇ।
ਹੈਂ ਤੂੰ ਡਾਢਾ ਜੱਬਾਰ,
ਭੇਜੇਂਗਾ ਸਿਰ ਸਾਡੜੇ ਕਹਿਰ ਨੂੰ।
ਹਾਏ ਅੰਮਾਂ ਨੀ ਹਾਇ!
ਜੰਮਦੀ ਦੀ ਗਿੱਚੀ ਨ ਕਿਉਂ ਨੱਪੀਓ?
ਘੇਰੇ ਦੁਖਾਂ ਨੇ ਪਾਇ
ਕੀਤਾ ਅਵਾਜ਼ਾਰ ਹੈ ਜਿੰਦ ਤੋਂ।
ਦੌਲਤ ਰੁਤਬਾ ਹੈ ਢੇਰ,
ਗ਼ਮਾਂ ਦੀ ਹੈ ਅਗਨੀ ਜਲਾ ਪਰ ਰਹੀ।
ਦਿਲ ਨੂੰ ਪੈਂਦੀ ਹੈ ਘੇਰ,
ਸੁਖਾਂ ਨੇ ਮੂੰਹ ਹਾਏ ਹੈ ਮੋੜਿਆ।
ਹਿੰਦੂ ਖੋਇਆ ਇਮਾਨ,
ਕਲੰਕਤ ਕਿਤਾ ਨਾਮ ਹੈ ਬਾਪ ਦਾ।
ਰੱਖੀ ਖਸਮੇਂ ਨ ਆਨ,
ਮੰਨੀ ਨਹੀਂ ਗਲ ਬੀ ਇੱਕ ਹੈ।
ਕਾਹਨੂੰ ਪੈ ਗਿਆ ਪਜਾਰ,
ਮੈਂ ਦੁਸ਼ਟ ਨੂੰ ਨਾਲ ਸੀ ਨ੍ਹਾਬ ਦੇ।
ਹਾਏ ਮੈਨੂੰ ਧਿਕਾਰ!
ਕਿਉਂ ਅਪਣਾ ਜ਼ਨਮ ਮੈਂ ਗਾਲਿਆ?

{ਆਇਆ ਨਵਾਬ-(ਉਦਾਸ ਤੇ ਦੁਖੀ ਜਿਹਾ)

ਬੇਗਮ-

ਹੁਣ ਕੀ ਰੋਣੇ ਦਾ ਲਾਭ
ਦੱਸੋ ਤਾਂ ਕੀ ਨ੍ਹਾਬ ਜੀ ਹੋ ਸਕੇ?
ਕੱਚੀ ਤੰਦਾਂ ਜਿਉਂ ਸਾਂਭ
ਸਕਿਓ ਨ ਰੱਖ ਸੁਖ਼ਨ ਤੂੰ ਆਪਣਾ।
ਬੱਚੇ ਮਾਰੇ, ਕਸਾਬ*!
ਮਸੂਮਾਂ ਦਾ ਹਾਏ! ਲਹੂ ਵੀਟਿਆ।
ਕੀਧੀਂ ਚਿਣ ਦੇ ਅਜ਼ਾਬ
ਮਾਰੇ ਤੁਸਾਂ ਬਾਲਕੇ ਰੱਬ ਦੇ।

*ਕਸਾਈ।

ਟੁੱਟੂ ਕਹਿਰੇ ਕਮਾਲ
ਸਾਈਂ ਦਾ ਸਿਰ ਸਾਡੜੇ, ਰਾਜਿਆ!
ਆਉਂਦੇ ਤਕ ਖਾਂ ਭੁਚਾਲ,
ਧਰਤੀ ਤਾਂ ਪਾਟੇਗੀ ਖਵਰੇ ਹੁਣੇ।
ਬੱਦਲ ਵੱਸਣਗੇ ਲਾਲ
ਗੜੇ ਬਿਜਲੀਆਂ ਨੀਰ ਟੁਟ ਪੈਣਗੇ।
ਰੋੜ੍ਹ ਲੈ ਜਾਣ ਨਾਲ
ਕਾਂਗਾਂ ਕੁਈ ਸ਼ਹਿਰ ਏ ਸਾਡੜਾ।
ਕਿੱਕੁਰ ਬਚਸੀ ਏ ਸ਼ੈਰ
ਜਿਥੇ ਕਹਿਰ ਏਡੜਾ ਵਰਤਿਆ।
ਕੀਕੁਰ ਬਚਸਣ ਓ ਮ੍ਹੈਰ[1]
ਪੁੱਟਿਆ ਜਿਨ੍ਹਾਂ ਬਾਗ਼ ਹੈ ਰੱਬ ਦਾ।
ਕੀਕੁਰ ਬਚਸੇਂ ਨਵਾਬ!
ਮਾਰੇ ਨੀ ਹਾਂ ਬੱਚੜੇ ਰੱਖ ਦੇ।
ਕੀਕੁਰ ਲਜਾਵਾਂਗੇ ਤਾਬ,
ਫਟਸੀ ਜਦੋਂ ਰੱਬ ਦਾ ਕਹਿਰ ਵੇ।
ਕੀਕੁਰ ਬਚ ਰਹਿਸਾਂ ਮੈਂਇ
ਬੱਝੀ ਜੋ ਹਾਂ ਨਾਲ ਵੇ ਤੇਰੜੇ।
ਆਉਸੀ ਦੁਖਾਂ ਦੀ ਨੈਂਇ,
ਰੋੜ੍ਹੇਗੀ ਮੁਗ਼ਲਾਂ ਦੇ ਵੇ ਰਾਜ ਨੂੰ।

ਨਵਾਬ-
ਪਜਾਰੀ ਹੋਹੁ ਨ ਨਰਾਜ਼,
ਬਖਸ਼ੀਂ ਗੁਨਾਂਹ ਹੋ ਗਿਆ ਦਾਸ ਤੋਂ।
ਲਾਨਤ ਦੇ ਨ ਤੂੰ ਨਾਜ਼[2]!
ਅੱਗੇ ਹੀ ਦਿਲ ਜਾਂਵਦਾ ਬੈਠਦਾ!
ਛਾਇਆ ਡਾਢਾ ਹਨੇਰ,
ਡਰ ਆਂਵਦਾ ਸਾਰਿਓਂ ਮੈਂ ਤਈਂ।
ਸ੍ਹੈਮ ਫੈਲਜਾ ਚੁਫੇਰ,
ਭੈ ਆਂਵਦਾ ਥ੍ਰਿੱਛ ਤੇ ਪੱਤਿਓਂ।
ਵਗਦੀ ਅੰਨ੍ਹੀ ਅਨ੍ਹੇਰ
ਆਏ ਭੁਚਾਲਾਂ ਦੇ ਹਨ ਝੂਟੜੇ।
ਖ਼ੌਫ ਛਾਇਆ ਚੁਫੇਰ,
ਉੱਤੋਂ ਤੂੰ ਹੈਂ ਰੋਂਵਦੀ, ਮਰ ਰਹੀ।
ਕਰ ਦਿਲਾਸੇ ਦੀ ਬਾਤ,
ਦਿਲ ਨੂੰ ਹੋ ਢਾਰਸ ਜ਼ਰਾ ਮੇਰੜੇ।

ਕਲ ਮੈਂ ਕਰਸਾਂ ਮਤਾਂਤ,
ਦਸਮਾਂ ਗੁਰੂ ਨਾ ਮੁਣੇ ਬਾਤ ਏ।

ਬੇਗਮ-
ਹਾਸਾ ਆਵੇ ਨਵਾਬ!
ਗੀਲਾਂ ਕਰੇਂ ਬੱਚਜਾਂ ਵੇ ਵਾਂਗਰੇ।
ਹਾਰੀ ਇੱਜ਼ਤ ਦੀ ਆਬ,
ਹਾਰਿਓਂ ਸੁਖਨ ਕੌਲ ਦੇ, ਕਸਮ ਖਾ।
ਮੰਨੀ ਕੋਈ ਨ ਹਾਇ!
ਰੋ ਰੋ ਕੇ ਰਾਤੀਂ ਜੋ ਮੈਂ ਕਹਿ ਰਹੀ।
ਲੀਤਾ ਦੁਸ਼ਟਾਂ ਮਨਾਇ,
ਕੀਤਾ ਕਹਿਰ ਹੈ ਤੁਸਾਂ ਨ੍ਹਾਬ ਜੀ!
ਮੰਨੀ ਉਹ ਨਾ ਪੁਕਾਰ,
ਪਾਈ ਜੁ ਸੀ ਰਹਿਮ ਦੀ ਕੋਟਲੇ।
ਸੂਰ ਵੀਰਾਂ ਦੀ ਕਾਰ,
ਦੱਸੀ ਨਬੀ ਰੱਬ ਦੀ ਗੱਲ ਜੋ।
ਡਰ ਨ ਗੁਰ ਜੀ ਦਾ ਖਾਇ,
ਪਾਪਾਂ ਦਾ ਡਰ ਆਪਣੇ ਖਾਵਣਾਂ।
ਉਹ ਤਾਂ ਮੰਨਦੇ ਰਜ਼ਾਇ,
ਗੁੱਸਾ ਗਿਲਾ ਕਰਦੇ ਹਨ ਨਾ ਕਦੇ।
ਉਹ ਨਾ ਮਾਰੇਗਾ ਆਨ
ਸਾਨੂੰ ਤਾਂ ਮਾਰਨਗੇ ਦੋ ਡਾਢੜੇ!
ਪਹਿਲੋਂ ਅੱਲਾ ਸੁਬ੍ਹਾਨ
ਖੋਹੇਗਾ ਇਸ ਸਾਡੜੇ ਰਾਜ ਨੂੰ।
ਮਾਰੇ ਬੱਚੇ ਨ ਜਾਣ
'ਦਸਵੇਂ ਗੁਰੂ ਦੇ' ਤੁਸਾਂ ਨ੍ਹਾਬ ਜੀ।
ਏ ਤਾਂ ਪੁੱਤਰ ਸੁਜਾਨ
ਅੱਲ੍ਹਾ ਦੇ ਸੀ, ਜਿਹੜਾ ਜੱਬਾਰ ਹੈ।
ਅੱਲ੍ਹਾ ਭੇਜੇਗਾ ਕ੍ਹੈਰ,
ਉਤਰੂ ਫਰਿਸ਼ਤਾ ਗਜ਼ਬ ਵਾਲੜਾ।
ਆਉਸਨ ਸਿਖਾਂ ਦੇ ਹ੍ਹੇਰ,
ਪੁਟਸਨ ਜੜ੍ਹਾਂ ਥੀਂ ਓ ਇਸ ਦੇਸ ਨੂੰ।
ਛਡਸਨ ਸਾਨੂੰ ਨ ਨਾਲ
ਕੀਤਾ ਅਸਾਂ ਕਹਿਰ ਹੈ ਅੱਤ ਦਾ।
ਪੀੜਨ ਸਾਨੂੰ ਓ ਨਾਲ,
ਗੀਨੇ ਜਿਵੇਂ ਵੇਲਣੇ ਪੀੜਦੇ।
ਥੋੜੀ ਸਿੱਖਾਂ ਦੀ ਫੌਜ,
ਭੁਲੇਖੇ ਰਹੀਂ ਏਸ ਨਾ ਰਾਜਿਆ!

---

੧. ਮਾਲੀ। ੨. ਲਾਡਲੀ।

ਦੇਖੀਂ ਅਗਨੀ ਦੀ ਸੌਜ
ਲੱਖਾਂ ਮਣਾਂ ਚਿਣੰਗ ਇੱਕ ਫੂਕਦੀ।
ਜਿਸਨੇ ਲੀਤਾ ਏ ਜਾਣ
'ਵੈਰੀ' ਤੇ ਹਾਂ 'ਅੱਗ' ਨੂੰ ਤੁੱਛ ਹੈ,
ਹੋਇਆ ਆਪੇ ਵਰਾਨ,
ਬੀਤਜਾ ਸਮਾਂ ਹੱਥ ਨਾ ਆਂਵਦਾ।
ਲਗਸੀ ਪੈਰਾਂ ਨੂੰ ਊਛ
ਸਿਖਾਂ ਜਦੋਂ ਮਾਜਰਾ ਸੁਣ ਲਿਆ।
ਮਾਰੋ ਮਾਰੀ ਓ ਕੂਚ
ਕਰਦੇ ਚੜ੍ਹੇ ਆਵਸਨ ਏਸ ਥਾਂ।
ਖਾਸਣ ਡਾਢਾ ਹੀ ਰੋਹ,
ਲੈਕੇ ਦਲਾਂ ਨੂੰ ਓ ਧਾ ਆਣਗੇ।
ਜਿੱਕੂੰ ਬੱਕਰੇ ਨੂੰ ਕੋਹ,
ਕੋਹ ਵੇ ਸਿੱਟਣ ਤੇਰੇ ਦਰਬਾਰੀਆਂ।
ਅੱਖੀਂ ਦੇਖੇ ਮੈਂ ਬਾਲ,
ਵੱਡੇ ਇਨ੍ਹਾਂ ਤੋਂ ਜੋ ਤੂੰ ਮਾਰ ਲੈ।
ਡਿੱਠਾ ਅੱਖੀਂ ਮੈਂ ਹਾਲ;
ਸਿੱਖਾਂ ਦਾ ਸਾਰਾ ਜੋ ਹੈ ਜੋਸ਼ ਦਾ।
ਰਹੀਆਂ ਕਿੰਨੇ ਕੁ ਸਾਲ
ਪਹਾੜੀਆਂ ਰਾਜਿਆਂ ਮੈਂ ਸੇਂਵਦੀ।
ਤਦ ਬੀ ਡਿੱਠਾ ਹਵਾਲ,
ਅੱਖੀਂ ਇਨ੍ਹਾਂ ਸਿੱਖਾਂ ਦਾ ਸਾਰੜਾ।
ਮੈਨੂੰ ਨਿਸ਼ਚਾ ਹੈ ਠੀਕ
ਚੁੱਕਣਗੇ ਨਾ ਓ ਕਦੇ ਸੂਰਮੇਂ,
ਥੁਹੜੇ ਬਰਸਾਂ ਦੇ ਤੀਕ,
ਦਾਓ ਭਰੇ ਟੁੱਟਕੇ ਔਣਗੇ।
ਮੈਂ ਨਾ ਸੱਕਾਂਗੀ ਦੇਖ
ਕਹਿਰਾਂ ਕਹਾਰਾਂ ਦਾ ਓ ਵੇਲੜਾ।
ਮੇਰੇ ਭੈੜੇ ਜੁ ਲੇਖ
ਮੇਟਾਂ ਕਿਵੇਂ, ਰੱਬ ਵੇ ਮੇਰਿਆ!
{ਅਕਾਸ਼ਾਂ ਵਲ ਤੱਕ ਕੇ
ਧ੍ਰਿਗ ਧ੍ਰਿਗ ਮੈਨੂੰ ਹੈ ਧਿੱਕਾਰ
ਗਵਾਇਆ ਧਰਮ ਨੂੰ ਮੈਂ ਹੈ ਮਾਲ ਤੇ,
ਜੈ ਜੈ ਜੈ ਜੈ ਜੈਕਾਰ
ਤੁਸਾਨੂੰ, ਧਰਮ ਹੈ ਜਿਨ੍ਹਾਂ ਪਾਲਿਆ।
ਲੈ ਕੇ ਚੱਲੋ ਵੇ ਨਾਲ
ਮੈਨੂੰ, ਮੈਂ ਗੋਲੀ ਬਣਾਂ ਆਪਦੀ।
ਲਾਮ ਪਾਲੋ ਵੇ ਲਾਲ!
ਚਰਨਾਂ ਤੁਹਾਡੇ ਹਾਂ ਮੈਂ ਤਾਂਘਦੀ।
ਭਾਵੇਂ ਮੂਰਖ ਅਜਾਣ
ਢੱਠੀ ਦੁਆਰੇ ਤੁਹਾਡੇ ਪਈ।
ਭਾਵੇਂ ਮੂਰਖ ਅਜਾਣ,
ਧੂੜੀ ਲਗੀ ਦੁਆਰ ਦੀ ਮੱਥੜੇ।
ਹਾਰਿਆ ਭਾਵੇਂ ਇਮਾਨ
ਤੁਹਾਨੂੰ ਬਿਰਦ ਦੀ ਸਦਾ ਲਾਜ ਹੈ।
ਛੋਟੇ ਭੁਲਦੇ ਨਦਾਨ
ਭੁਲਦੇ ਤੇ ਭੁਲਦੇ ਸਦਾ ਭੁੱਲਦੇ।
ਵੱਡੇ ਬਖਸ਼ੀ ਹੀ ਜਾਣ
ਭੁੱਲਾਂ ਚਿਤਾਰਨ ਨ ਓ ਹਨ ਕਦੇ।
ਬਖਸ਼ੋ ਬਖਸ਼ੋ ਗੁਪਾਲ
ਬਖਸ਼ੋ ਵੇ ਸਾਈਂ ਦਿਓ ਪੁੱਤ੍ਰਰੋ!
ਲਾ ਲਓ ਚਰਨਾਂ ਦੇ ਨਾਲ
ਮੰਦੀ ਤੇ ਮਾੜੀ ਤੇ ਮੈਂ ਪਾਪਣੀ।
ਮਰਸਾਂ ਹੋਕੇ ਖੁਆਰ
ਮੈਂ ਜੇ ਰਹੀ ਏਸ ਥਾਂ ਜੀਂਵਦੀ।
ਹੁਣ ਜੇ ਮਰਾਂ ਆਪਾਵਾਰ,
ਮਰਸਾਂ ਭੀ ਇੱਜ਼ਤ ਨੂੰ ਮੈਂ ਪਾਲਦੀ।
ਰਹਿ ਗਿਆ ਅੰਗੋ ਨ ਸਾਕ
ਪਿਆਰਾ ਤੇ ਨਾ ਆਪਣਾ ਹੈ ਕੁਈ।
ਇਕ ਸੀ ਸਾਈਂ ਤੇ ਤਾਕ
ਇਹ ਬੀ ਹੋ ਝੂਠਾ ਸੁਖਨ ਹਾਰਿਆ।
ਕਰਨੀ ਬੰਦੇ ਦੀ ਆਸ
ਝੂਠੀ, ਸਦਾ ਦੇਂਵਦੀ ਧੋਖੜਾ।
ਏਥੋਂ ਹੋਈਆਂ ਨਿਰਾਸ,
ਅਗੇ ਦਾ ਡਰ ਜੀਅ ਨੂੰ ਖਾਂਵਦਾ।
ਬਖਸ਼ੋ ਦੀਨਾਂ ਦੇ ਨਾਥ!
ਮੈਨੂੰ ਲਿਚੱਲੋ ਹੁਣੇ ਨਾਲ ਹੀ।
ਧਰਮ ਰਾਜੇ ਦੇ ਸਾਥ
ਦੇਣਾ ਫੜਾ ਭਾਵੇਂ ਇਸ ਦੁਸ਼ਟ ਨੂੰ,
ਪਰ ਨ ਛਡੋ ਇਥਾਇੰ,
ਐਥੇ ਦਾ ਰਹਿਣਾ ਬੁਰਾ ਭਾਸਦਾ।
ਫੜ ਲਿਚੱਲੋ ਉਥਾਇੰ
ਜਿਗਰਾ ਦਿਓ ਨਾਲ ਹੀ ਮੈਂ ਚਲਾਂ।
{ਛਿਤੀ ਕਟਾਰ ਖਿੱਚਕੇ

ਪਜਾਰੀ ਆ ਜਾ ਨੀ ਬ੍ਹਾਰ
ਪਜਾਰੀ ਕਟਾਰੀ ਤੂੰ ਕਰ ਕਾਰ ਨੂੰ,
ਹੋ ਜਾ ਸੀਨੇ ਤੋਂ ਪਾਰ
ਜਿੰਦੜੀ ਤੁਰੇ ਛਡ ਏ ਪਿੰਜਰਾ।

ਇਹ ਕਹਿੰਦੇ ਹੀ ਪੇਟ ਵਿਚ ਕਟਾਰੀ ਮਾਰੀ, ਨਵਾਬ ਫੜਦਾ ਰਹਿ ਗਿਆ। ਬੇਗਮ ਤੜਫ ਤੜਫ ਕੇ ਮਰ ਗਈ।

ਖਾਲਸੇ ਦੇ ਹਥੋਂ ਸਰਹਿੰਦ ਦਾ ਉਜੜਨਾ, ਨਵਾਬ, ਕਾਜ਼ੀਆਂ ਤੇ ਮੁਸਾਹਿਬਾਂ ਦੇ ਦੰਡ ਪਾਉਣੇ ਇਹ ਸਾਰਾ ਹਾਲ ਬਾਬੇ ਬੰਦੇ ਦੇ ਸਮੇਂ ਉਵੇਂ ਵਰਤਿਆ ਜਿਵੇਂ ਜ਼ੈਨਾਂ ਆਖਦੀ ਪਰਮ ਨਿਰਾਸ਼ਤਾ ਵਿਚ ਗਈ ਸੀ।

੭੫. ਰਾਇ ਕਲਾ*।

ਪਿਛੇ ਦੱਸ ਆਏ ਹਾਂ ਕਿ ਗੁਰੂ ਜੀ ਮਾਲਵੇ ਨੂੰ ਜਾ ਰਹੇ ਹੇਹਰ ਪਹੁੰਚੇ ਸਨ। ਹੇਹਰ ਕ੍ਰਿਪਾਲ ਉਦਾਸੀ ਦਾ ਡੇਰਾ ਸੀ ਜਿਸ ਥਾਂ ਨੂੰ ਆਪਣਾ ਜਾਣਕੇ ਗੁਰੂ ਜੀ ਡੇਰੇ ਪਹੁੰਚੇ ਤੇ ਮੁਕਾਮ ਕੀਤਾ। ਜਦ ਗੁਰੂ ਜੀ ਡੇਰੇ ਵਿਚ ਗਏ ਤਾਂ ਕ੍ਰਿਪਾਲ ਦੇ ਡੇਰੇ ਦੇ ਮਹੰਤ ਨੇ ਜਾਤਾ ਕਿ ਗੁਰੂ ਜੀ ਜੇ ਪੱਕੇ ਏਥੇ ਰਹਿ ਪਏ, ਅਤੇ ਉੱਤੋਂ ਆ ਚੜ੍ਹੇ ਤੁਰਕ, ਤਾਂ ਨਾ ਅਸੀਂ ਤੇ ਨਾ ਡੇਰਾ। ਇਹ ਸੋਚਕੇ ਉਸਨੇ ਇਕ ਨਾਲ ਦੇ ਸਿਖ ਪਾਸ ਅਰਜ਼ ਕੀਤੀ ਕਿ ਕਿਵੇਂ ਸਾਹਿਬਾਂ ਨੂੰ ਏਥੋਂ ਅੱਗੇ ਲੈ ਜਾਓ। ਸਿੰਘ ਨੇ ਕਿਹਾ: "ਭਾਈ ਮਹੰਤਾ! ਤੱਕੜਾ ਹੋ, ਗੁਰੂ ਜੀ ਰਾਤ ਸਮੇਂ ਤੇਰੇ ਡੇਰੇ ਅੱਪੜੇ ਹਨ, ਕਿਸੇ ਨੂੰ ਸੂੰਹ ਨਹੀਂ ਲੱਗੀ। ਨਾਹੀਂ ਉਨ੍ਹਾਂ ਏਥੇ ਰਹਿਣਾ ਹੈ। ਤੁਸੀਂ ਸਿੱਖ ਹੋ, ਉਹ ਗੁਰੂ ਹਨ। ਤੁਹਾਡੇ ਜੀ ਵਿੱਚ ਪਿਆਰ ਲੋੜੀਏ, ਉਨ੍ਹਾਂ ਦੇ ਜੀ ਵਿੱਚ ਤੁਹਾਡੀ ਸੁਖ ਦਾ ਫਿਕਰ ਹੈ, ਪਿਆਰ ਹੈ"। ਪਰ ਮਹੰਤ ਦੇ ਜੀ ਠੌਰ ਨਾ ਬੱਝੀ। ਜਦ ਸਿੰਘ ਜੀ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਤਾਂ ਆਪ ਬੋਲੇ: ਪਿਆਰ ਹੋਵੇ ਫਿਰ ਭਾਵੇਂ ਪਿਆ ਡਰੇ ਤਾਂ ਗੱਲ ਹੋਰ ਹੈ, ਪਰ ਇਨ੍ਹਾਂ ਲੋਕਾਂ ਦੀ ਮੱਤ ਪੂਜਾ ਦੇ ਧਾਨ ਨੇ ਮੈਲੀ ਕਰ ਰਖੀ ਹੈ। ਚਲੋ ਸਵੇਰੇ ਕੂਚ ਕਰੀਏ। ਮਹੰਤ ਨੂੰ ਆਖ ਦਿਓ 'ਭੈ' 'ਵਿਪਦਾ' ਨੂੰ ਵਾਜਾਂ ਮਾਰਦਾ ਹੈ, 'ਭਰਮ' 'ਕਲੇਸ਼ਾਂ' ਨੂੰ ਨਿਉਂਦ੍ਰਾ ਦੇਂਦਾ ਹੈ। ਭੈ ਤੇ ਭਰਮ ਹੀ ਦੁੱਖਾਂ ਤੇ ਰੋਗਾਂ ਨੂੰ ਜਨਮ ਦੇਂਦੇ ਹਨ। ਸੁਖਮਨੀ ਪੜ੍ਹਕੇ ਸੁਣਕੇ, ਤੁਸਾਂ ਨਾਮ ਨਹੀਂ ਜਪਿਆ, ਨਿਰਭੈ ਨਹੀਂ ਹੋਏ-'ਦੂਖ ਰੋਗ ਬਿਨਸੈ ਭੈ ਭਰਮ'। ਹਾਂ ਤੁਸੀਂ ਨਹੀਂ ਪੜ੍ਹੇ ਕਿ 'ਭੈ ਤੇ ਭਰਮ' ਅਰ ਇਨ੍ਹਾਂ ਦੇ ਫਲ 'ਦੁਖ ਤੇ ਰੋਗ' ਨਾਮ ਅਰਾਧਨ ਨਾਲ ਮਿਟਦੇ ਹਨ। ਪਿਆਰ ਬੀ ਨਹੀਂ ਹੈ, ਪਿਆਰ ਦੀ ਅੰਸ਼ ਹੋਵੇ ਫੇਰ ਕੁਛ ਮਨ ਡਰੇ ਤਾਂ ਸਾਈਂ ਮੇਹਰ ਕਰ ਹੀ ਦੇਂਦਾ ਹੈ। ਸੋ ਚੰਗਾ ਵਾਹ ਵਾਹ! ਭੈ ਨੇ ਮਹੰਤ ਨੂੰ, ਜਿਸ ਗਲ਼ੋਂ ਡਰਦਾ ਹੈ, ਉਸੇ ਵਿੱਚ ਫਸਾ ਦੇਣਾ ਹੈ। ਭੰਡਾਰੀ ਨੇ ਤੜਕੇ ਵਿਦੈਗੀ ਵੇਲੇ ਆ ਮੱਥਾ ਟੇਕਿਆ, ਕੁਛ ਭੇਟ ਧਰਨ ਲੱਗਾ, ਆਪ ਬੋਲੇ: "ਮੁੱਠ ਮੀਟੀ ਰੱਖ, ਕਦੇ ਖੁੱਲ੍ਹੇਗੀ, ਡੇਰਾ ਵਸਦਾ ਰਹੇਗਾ, ਸਾਡੇ ਕ੍ਰਿਪਾਲ ਦਾ ਹੈ। ਮਹੰਤ ਡਰਦਾ ਰਿਹਾ ਤਾਂ ਮਰੇਗਾ।"

ਇਥੋਂ ਟੁਰਕੇ ਆਪ ਲੰਮੇ[1] ਪਿੰਡ ਆਏ। ਜਗਰਾਵਾਂ ਦੇ ਇਲਾਕੇ ਦਾ ਇਕ ਜਾਤੋਂ ਰਾਜ਼ਪੂਤ ਪਰ ਜਨਮੋਂ ਮੁਸਲਮਾਨ ਚੌਧਰੀ ਉਸ ਇਲਾਕੇ ਦਾ ਮਾਨੋ ਰਾਜਾ ਸੀ, ਉਸ ਨੂੰ 'ਰਾਇ ਕੱਲਾ' ਕਹਿੰਦੇ ਸਨ।

---

੧. ਸੂਰਜ ਪ੍ਰ: ਤੋਂ ਇਉਂ ਜਾਪਦਾ ਹੈ ਕਿ ਲੰਮੇ ਠਹਿਰ ਗਏ ਤੇ ਏਥੋਂ ਦੀਨੇ ਗਏ, ਪਰ ਰਾਇ ਆਪ ਨੂੰ ਇਥੋਂ ਰਾਇਕੋਟ ਲੈ ਆਇਆ ਸੀ, ਜਿਥੇ ਗੁਰੂ ਜੀ ਠਹਿਰੇ ਸੇ, ਉਥੇ ਰਾਇਕੋਟ ਤੋਂ ਮੀਲ ਭਰ ਪਰੇ ਟਾਲ੍ਹੀਆਣਾ ਗੁਰਦੁਵਾਰਾ ਹੈ, ਸਾਹਿਬਜ਼ਾਦਿਆਂ ਦੀ ਖਬਰ ਏਥੇ ਆਈ ਜਾਪਦੀ ਹੈ। ਏਥੋਂ ਵਿਦਾ ਹੋਕੇ ਆਪ ਦੀਨੇ ਗਏ ਸੇ।

---

*ਇਹ ਪ੍ਰਸੰਗ ਇਸ ਸੰਚਯ ਲਈ ਸੰ: ਗੁ: ਨਾ: ਸਾ: ੪੫੬ (ਜਨਵਰੀ ੧੯੨੪ ਈ:) ਵਿਚ ਲਿਖਿਆ ਗਿਆ ਸੀ, ਮਗਰੋਂ ੩ ਪੋਹ ਸੰ: ਗੁ: ਨਾ: ਸਾ: ੪੫੭ (੧੭ ਦਸੰਬਰ ੧੯੨੫) ਈ: ਦੇ ਗੁਰਪੁਰਬ ਸਪਤਮੀ ਪਰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।

ਇਹ ਸ਼ਖਸ ਆਪਣੇ ਭਰੋਸੇ ਵਿੱਚ ਪੱਕਾ ਮੁਸਲਮਾਨ ਨਹੀਂ ਸੀ, ਸਗੋਂ ਹਿੰਦੂ ਸੀ, ਅਰ ਸਿੱਖ ਧਰਮ ਦੀ ਬੜੀ ਇੱਜ਼ਤ ਕਰਦਾ ਸੀ, ਹਰ ਮਤ ਦੇ ਫਕੀਰਾਂ ਵਿਚੋਂ ਕਣੀ ਵਾਲੇ ਦੀ ਢੂੰਡ ਰਖਦਾ ਸੀ। ਇਸਦਾ ਡੇਰਾ ਸੀਲੋਆਣੀ ਪਿੰਡ ਪਿਆ ਸੀ, ਇਹ ਪਿੰਡ ਲੰਮੇ ਤੋਂ ਨੇੜੇ ਹੀ ਸੀ। ਏਹ ਅਗੋਂ ਹੋਕੇ ਲੰਮੇ ਜਾ ਮਿਲਿਆ ਤੇ ਬੜੇ ਸਤਿਕਾਰ ਨਾਲ ਆਪਣੇ ਡੇਰੇ ਵਿੱਚ ਡੇਰਾ ਕਰਾਕੇ ਖੁਸ਼ ਹੋਇਆ[1], ਪਰ ਸਾਰੇ ਜੰਗ ਤੇ ਕਸ਼ਟਣੀਆਂ ਦੇ ਹਾਲ ਸੁਣਕੇ ਰੋਇਆ, ਅਰ ਪਹਿਲੇ ਤੋਂ ਵਧੀਕ ਦਰਦੀ ਤੇ ਪਿਆਰ ਵਾਲਾ ਹੋ ਗਿਆ ਸੀ। ਏਥੇ ਕੁਛ ਸਿੱਖ ਆ ਮਿਲੇ, ਸਤਿਗੁਰੂ ਜੀ ਦਾ ਆਦਰ ਤੇ ਖਾਤਰ ਬਹੁਤ ਕੀਤੀ ਤੇ ਕੋਈ ਖਾਸ ਸੇਵਾ ਪੁੱਛੀ। ਆਪ ਨੇ ਕਿਹਾ "ਛੋਟੇ ਸਾਹਿਬਜ਼ਾਦੇ ਤੇ ਸਾਡੀ ਮਾਈ ਉਸ ਰਾਤ ਵਿਛੁੜੇ ਹਨ, ਕਿਸੇ ਨੂੰ ਘੱਲੋ ਜੋ ਸਰਹਿੰਦ ਤੋਂ ਸੂੰਹ ਲਿਆਵੇ"। ਰਾਇ ਨੇ ਅਪਣੇ ਨਿਜ ਦੇ ਹਲਕਾਰੇ 'ਮਾਹੀ' ਨੂੰ ਘੱਲਿਆ। ਸਰਹਿੰਦ ਏਥੋਂ ਚਾਲੀ ਕੁ ਕੋਹ ਪੱਕੇ ਹੈ। ਉਹ ਹਲਕਾਰਾ ਚਲਾ ਗਿਆ ਤੇ ਥੋੜੇ ਚਿਰ ਬਾਦ ਹੀ ਹੋਣੀ ਦੀ ਖਬਰ ਲੈਕੇ ਵਾਪਸ ਆ ਗਿਆ। ਜਾਣੀ ਜਾਣ ਜੀ ਦੀਆਂ ਅੰਦਰਾਂ ਦੇ ਸਨੇਹ ਤਾਂ ਹੋਣਹਾਰ ਹੋ ਚੁਕੀ ਨੂੰ ਲਖ ਰਹੇ ਸਨ, ਪਰ ਜਦ ਮਾਹੀ ਨੇ ਆਕੇ ਵਰਤੰਤ ਦੱਸੇ ਤਾਂ ਸਭ ਨੂੰ ਸਰਹਿੰਦ ਦੇ ਨਵਾਬ ਦੀ ਦੁਸ਼ਟਤਾ ਤੇ ਕਹਿਰ ਦੇ ਜ਼ੁਲਮ ਪਰ ਕਸ਼ਟ ਹੋਇਆ[2]।

ਸਾਹਿਬ ਇਸ ਵੇਲੇ ਇਕ ਡਡਰੇ ਘਾਹ ਦੀ ਮਲਗੁਜ਼ਾਰ ਵਿਚ ਬੈਠੇ ਸਨ! ਹੱਥ ਵਿੱਚ ਤ੍ਰਿੱਖਾ ਖੰਜਰ ਸੀ, ਇਸਦੀ ਨੋਕ ਨਾਲ ਘਾਹ ਨਾਲ ਚੋਜ ਕਰ ਰਹੇ ਸਨ। ਜਦੋਂ ਇਹ ਦਰਦਨਾਕ ਪ੍ਰਸੰਗ ਹੋ ਚੁਕਾ ਤਾਂ ਆਪ ਦੇ ਨੈਣ ਮੁੰਦ ਗਏ, ਖੰਜਰ ਦੀ ਨੋਕ ਹਿਲਣੋਂ ਬੰਦ ਹੋ ਗਈ, ਇਹ ਘਾਹ ਦੇ ਬੂਟੇ ਦੀ ਜੜ੍ਹ ਉਖੜ ਚੁਕੀ ਸੀ। ਦੇਰ ਤਕ ਨੈਣ ਬੰਦ ਰਹੇ ਪਰ ਰਾਇ ਸਮੇਤ ਪਾਸ ਬੈਠੇ ਹੋਰ ਸਾਰੇ ਰੋ ਰਹੇ ਸੇ, ਕੋਈ ਘੜੀ ਬਾਦ ਆਪ ਦੇ ਇਲਾਹੀ ਨੈਣ ਖੁੱਲੇ, ਬਚਨ ਹੋਇਆ:-

"ਲਾਲ ਅਮਰ ਸਨ, ਅਮਰਾਪੁਰੀ ਤੋਂ ਆਏ ਸਨ, ਅਮਰਾਪੁਰੀ ਨੂੰ ਚਲੇ ਗਏ। ਦੋਹਾਂ ਬਿਨਸਨਹਾਰ ਹਨ, ਬਿਨਸਨੀਆਂ ਸਨ, ਬਿਨਸ ਗਈਆਂ, ਅਜ ਕੀਹ ਤੇ ਕੱਲ ਕੀ? ਪਰ ਲਾਲ ਧਰਮ ਪੁਰ ਜਾਨਾਂ ਖੇਡ ਗਏ, ਮਜ਼ਲੂਮਾਂ ਵਿਚ ਜਾਨ ਭਰ ਗਏ, ਗਿਰਿਆਂ ਨੂੰ ਚਾ ਗਏ, ਗੁਲਾਮਾਂ ਨੂੰ ਸੁਤੰਤ੍ਰਤਾ ਦਾ ਚਾਨਣ ਮੁਨਾਰਾ ਦੇ ਗਏ, ਪਰਜਾ ਵਿਚ ਰਾਜ ਦਾ ਮਦ ਭਰ ਗਏ, ਮੁਰਤਾਂ ਵਿਚ ਜਾਨ ਪਾ ਗਏ, ਜ਼ਾਲਮਾਂ ਦੇ ਜ਼ੁਲਮ ਦਾ ਪਿਆਲਾ ਲਬਰੇਜ਼ ਕਰ ਗਏ ਅਤੇ ਜ਼ੁਲਮ ਰਾਜ ਦਾ 'ਮੌਤ ਨਗਾਰਾ' ਵਜਾ ਗਏ। ਜੜ੍ਹ ਖੋਖਲੀ ਹੋ ਗਈ, ਇੱਟ ਨਾਲ ਇੱਟ ਖੜਕ ਗਈ।...ਮੇਰੇ ਪੁੱਤ, ਹਾਂ ਮੇਰੇ ਪੁੱਤ ਕੋਈ ਨਹੀਂ ਮੋਏ। ਜ਼ਾਲਮ ਦਾ ਕਾਇ-ਰਤਾ ਵਾਲਾ ਵਾਰ ਖਾਲੀ ਗਿਆ, ਮੇਰੇ ਪੁੱਤ ਮੇਰੇ ਪਾਸ ਬੈਠੇ ਹਨ, ਮੇਰੇ ਪੁੱਤ ਦੇਸ਼ ਦੇਸ਼ ਗਿਰਾਂ ਗਿਰਾਂ ਬੈਠੇ ਹਨ। ਹਾਂ ਮੇਰੇ ਪੁੱਤ, ਓਹ ਜੋ ਜ਼ਾਲਮ ਨੇ ਸਰਦ ਮਿਹਰੀ ਨਾਲ ਸਰਦ ਖੂਨ ਵਿਚ ਕੋਹੇ ਉਹ ਅਮਰ ਸਨ, ਮਰ ਸਕਦੇ ਹੀ ਨਹੀਂ ਸਨ, ਉਹ ਮੇਰੇ ਹੀ ਨਹੀਂ, ਪਿਤਾ ਦੇ ਦੇਸ਼ ਜੀਉਂਦੇ ਹਨ, ਇਸ ਲੋਕ ਵਿਚ ਸੁਜੱਸ ਨਾਲ ਬੀਰਤਾ ਦੇ 'ਚਾਨਣ ਮੁਨਾਰੇ' ਬਣਕੇ ਜੀਉਂਦੇ ਹਨ, ਓਹ ਜੋ ਮੇਰਾ ਪੁਤ ਇਸ ਲੋਕ ਵਿਚ ਬੀ ਅਮਰ ਹੈ, ਸੋ ਖਾਲਸਾ ਹੈ! ਹਾਂ, ਚਾਰ ਟੁਰ ਗਏ, ਚਾਲੀ ਟੁਰ ਗਏ, ਸੈਂਕੜੇ ਤੇ ਹਜ਼ਾਰਾਂ ਟੁਰ ਗਏ, ਪਰ ਅਜੇ ਲਖਾਂ ਜੀਉਂਦੇ ਹਨ ਤੇ ਲੱਖਾਂ ਜੀਉਂਦੇ ਰਹਿਣਗੇ*। ਮੇਰਾ ਵਿਹੜਾ, ਮੇਰਾ ਖੇੜਾ, ਮੇਰੀ ਗੋਦ ਹਰੀ ਹੈ, ਮੇਰਾ ਪੁੱਤ-ਖਾਲਸਾ-ਇਸ ਲੋਕ ਵਿੱਚ ਅਮਰ ਹੈ, ਜੀ ਰਿਹਾ ਹੈ ਤੇ ਸਦਾ ਇਸ ਲੋਕ ਵਿਚ ਜੀਵੇ-ਗਾ...। ਮੈਂ ਇਸ ਲੋਕ ਦਾ ਨਹੀਂ ਮੈਂ ਪ੍ਰੀਤਮ ਦੇ ਹੇਮਕੁੰਟ ਦਾ ਵਾਸੀ, ਇਸ ਲੋਕ ਵਿਚ ਬਾਪੂ ਦਾ ਹੁਕਮ ਚਲਾਉਣ ਆਇਆ ਹਾਂ। ਮੇਰਾ ਕਉਣ ਤੇ ਮੈਂ ਕਿਸ ਦਾ? ਮੇਰਾ ਬਾਪੂ, ਮੈਂ ਬਾਪੂ ਦਾ, ਬਾਪੂ ਬੇਟਾ ਇਕੋ, ਦੋਹਾਂ ਵਿੱਚ ਪ੍ਰੀਤ ਤਾਰ ਅਤੁੱਟ, ਬਾਪੂ ਦਾ ਹੁਕਮ

---

੧. ਲੰਮੇ ਤੇ ਸੀਲੋਆਣੀ ਦੁਹੀਂ ਥਾਈਂ ਗੁਰੂ ਜੀ ਦੇ ਠਹਿਰਨ ਦੇ ਥਾਵੇਂ ਗੁਰਦੁਆਰੇ ਹਨ।

੨. ਸਾਰੇ ਸਮਾਚਾਰ ਇਸੇ ਪੋਥੀ ਦੇ ਪਿਛੇ ਆਏ ਪ੍ਰਸੰਗ 'ਸਰਹਿੰਦ ਦਾ ਸਾਕਾ' ਵਿਚ ਛਪ ਚੁਕੇ ਹਨ।

*ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਭਹਿਆ ਏਹ ਜੀਵਤ ਕਈ ਹਜ਼ਾਰ।

ਮੇਰਾ ਕੰਮ, ਜੋ ਮੈਂ ਹਸ ਹਸਕੇ ਨਿਬਾਹੁਣਾ ਹੈ,...ਮੇਰਾ ਮੋਹ ਕਿਸ ਨਾਲ? ਪਿਆਰੇ ਦੇ-ਬਾਪੂ ਜੀ ਦੇ-ਹੁਕਮ ਨਾਲ। ਹਾਂ, ਹੁਕਮ ਹੈ ਬਾਪੂ ਜੀ ਦੇ ਪਿਆਰ ਦੇ ਪ੍ਰਚਾਰ ਦਾ, ਹੁਕਮ ਹੈ ਇਸ ਸਦੀਆਂ ਤੋਂ ਮਜ਼ਲੂਮ ਤੇ ਗ਼ੁਲਾਮ ਧਰਤੀ ਨੂੰ ਜ਼ਾਲਮਾਂ ਤੋਂ ਛੁਡਾਉਣ ਦਾ ਤੇ ਸੁਤੰਤਰ, ਸ੍ਵੈ ਸਤਿਕਾਰੀ, ਆਨ, ਸ਼ਾਨ, ਉੱਚੀ ਸ਼ਾਨ ਵਾਲਾ ਕਰ ਦੇਣ ਦਾ, ਇਸ ਰੁਲ ਗਈ, ਮਰਮਿਟੀ ਪਰਜਾ ਵਿੱਚ ਰੂਹ ਫੂਕ ਦੇਣ ਦਾ।...(ਉੱਪਰ ਤੱਕਕੇ) ਹਾਂ, ਬਾਪੂ ਜੀ! ਮੁਰਦੇ ਬੜੇ ਔਖੇ ਜੀਉਂਦੇ ਹਨ। ਪੁੱਤਰ ਕੀ ਹਜ਼ਾਰ ਪੁੱਤਰ ਬਲੀ ਦੇ ਕੇ ਜੇ ਆਪ ਦਾ ਹੁਕਮ ਸਿਰੇ ਚੜ ਜਾਵੇ ਤਾਂ ਸਸਤਾ ਵਿਉਪਾਰ ਹੈ?...(ਚੁਫੇਰੇ ਤੱਕ ਕੇ) ਨਾ ਰੋਵੋ ਮੇਰੇ ਪੁੱਤਰੋ-ਮੇਰੇ ਪੁੱਤਰ ਤੁਸੀਂ ਹੋ ਜੋ ਨਹੀਂ ਮੋਏ, ਮੈਂ ਅਕਾਲ ਦਾ ਪੁੱਤਰ ਹਾਂ, ਤੁਸੀਂ ਮੇਰੇ ਪੁੱਤਰ ਹੋ, ਨਾ ਹੋਵੋ ਦੋਂਹ ਲਈ ਜੋ ਸਰਹਿੰਦ ਮਾਕਾ ਕਰ ਗਏ, ਨਾ ਰੋਵੋ ਦੋਂਹ ਲਈ ਜੋ ਚਮਕੌਰ ਤੇਗ਼ਾਂ ਮਾਰ ਗਏ, ਓਹ ਚਾਰ ਤੇ ਤੁਸੀਂ ਸਾਰੇ ਮੈਨੂੰ ਨਿਖੇੜਵੇਂ ਨਾ ਦਿੱਸੋ, ਤੁਸੀਂ ਸਾਰੇ ਮੇਰੇ ਆਪਣੇ ਪੁੱਤਰ ਹੋ, ਹਜ਼ਾਰਾਂ ਮੇਰੇ ਪੁੱਤਰ ਅਨੰਦਪੁਰ ਦੇ ਜੰਗ ਵਿਚ, ਅਨੰਦਪੁਰੋਂ ਨਿਕਲਣ ਵਾਲੀ ਰਾਤ ਰਸਤੇ ਵਿਚ ਚਮਕੌਰ ਵਿੱਚ ਸ਼ਹੀਦ ਹੋ ਗਏ, ਚਾਰ ਨਿੱਖੜੇ ਨਾ ਗਿਣੋਂ, ਚੌਂਹ ਲਈ ਨਾ ਰੋਵੋ, ਸਾਰਿਆਂ ਲਈ ਖੁਸ਼ ਹੋਵੋ। ਮੇਰੇ ਸਾਰੇ ਪੁੱਤਰ ਮੌਤ ਪਰ ਫਤਹ ਪਾ ਗਏ, ਫਤਹਯਾਬਾਂ ਲਈ ਖੁਸ਼ ਹੋਵੋ, ਹਾਂ, ਖੁਸ਼ ਹੋਵੋ ਕਿ ਮਾਤਾ ਜੀ ਦਾ ਸਰੀਰ ਬੀ ਜਗਤ ਜਗਵੇਦੀ ਪਰ ਬਲੀ ਹੋ ਗਿਆ।"

ਰਾਇਕੱਲਾ-ਪਾਤਸ਼ਾਹ! ਰੋਣ ਨਹੀਂ ਰੁਕਦਾ, ਆਪਦੇ ਇਲਾਹੀ ਰੰਗ ਇਲਾਹੀ ਹਨ, ਆਪ ਅੱਲਾ ਦਾ ਨੂਰ ਹੋ। ਗੱਲਾਂ ਨਾਲ ਨਹੀਂ, ਖੁਸ਼ਾਮਦ ਨਾਲ ਨਹੀਂ, ਮੈਂ ਸੱਚ ਸੱਚ ਕਹਿ ਰਿਹਾ ਹਾਂ, ਜੋ ਕੁਛ ਮੈਂ ਦੇਖ ਰਿਹਾ ਹਾਂ, ਸੱਚੀ ਮੁੱਚੀ ਦੇਖ ਰਿਹਾ ਹਾਂ ਕਿ ਤੁਸੀਂ ਪੂਰਨ ਪੁਰਖ ਹੋ, ਕੋਈ ਓਹ ਉਚਾ ਇੰਦੀਆ (ਆਦਰਸ਼) ਤੁਹਾਡਾ ਹੈ ਜੋ ਨਾ ਡਿੱਠਾ ਨਾ ਸੁਣਿਆ ਹੈ। ਇਤਨਾ ਐਸ਼੍ਵਰਜ ਧਨ ਧਾਮ, ਪੁਤਰ, ਪਰਵਾਰ ਗੁਆਕੇ, ਸ਼ੀਰ ਖੋਰ ਬੱਚੇ ਕੁਹਾਕੇ ਅਪਣੇ ਰੱਬੀ ਰੰਗ ਵਿੱਚ ਹੋ। ਫੇਰ ਪੱਥਰ ਵਾਂਙੂ ਨਿਰਮੋਹ ਨਹੀਂ ਹੋ, ਪ੍ਰੇਮ ਨਾਲ ਗਦ ਗਦ ਹੋ ਪਰ ਸਭ ਹੋਣਹਾਰ ਨੂੰ ਰੱਬੀ ਰੰਗ ਵਿਚ ਤੱਕ ਰਹੇ ਹੋ! ਅਹਿੱਲ ਹੋ, ਅਡੋਲ ਹੋ, ਅਜਿੱਤ ਹੋ। ਸਾਨੂੰ ਆਪਦੇ ਪੂਰਨਿਆਂ ਪੁਰ ਟੁਰਨਾ ਚਾਹੀਦਾ ਹੈ। ਪਰ ਪਾਤਸ਼ਾਹ! ਸੱਚੇ ਪਾਤਸ਼ਾਹ!! ਰੋਣਾ ਇਸ ਗਲ ਦਾ ਹੈ ਕਿ ਸ਼ੀਰਖੋਰ ਬੱਚੇ ਜ਼ਾਲਮਾਂ ਨੇ ਕੁਹਕੇ ਕੀਹ ਲਿਆ? ਬੱਚਿਆਂ ਦੀ ਮਰਦਾਨਗੀ ਸੁਣਕੇ ਰਗਾਂ ਵਿਚ ਜੋਸ਼ ਭਰਦਾ ਹੈ, ਪਰ ਉਨ੍ਹਾਂ ਦਾ ਤਸੀਹਾ ਸੁਣ ਕੇ ਨੈਣ ਨਹੀਂ ਰੁਕਦੇ। ਇਹ ਸਮਝ ਨਹੀਂ ਪੈਂਦੀ ਕਿ ਜ਼ਾਲਮਾਂ ਨੇ ਬੱਚੇ ਮਾਸੂਮ ਮਾਰ ਕੇ ਕੀਹ ਖੱਟਿਆ?

ਗੁਰੂ ਜੀ ਇਕ ਅਹਿੱਲ ਅਡੋਲ, ਪਰ ਗੰਭੀਰ, ਗਰਜਵੀਂ, ਟਿਕਵੀਂ ਅਵਾਜ਼ ਵਿੱਚ ਬੋਲੇ, "-ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥ-। ਮਰਹਿੰਦ ਦੀ ਇੱਟ ਨਾਲ ਇੱਟ ਖੜਕ ਗਈ, ਮੁਗ਼ਲ ਰਾਜ ਦੀ-ਤੁਰਕ ਰਾਜ ਦੀ-ਹਿੰਦ ਵਿਚੋਂ ਜੜ੍ਹ ਕਟ ਗਈ। ਰਾਇ ਜੀ! ਤੁਸੀਂ ਕੀ ਸਮਝਦੇ ਹੋ? ਜ਼ੁਲਮ ਨਾਲ ਮਜ਼ਲੂਮ ਮਰਦਾ ਹੈ? ਨਹੀਂ ਨਹੀਂ, ਇਹ ਰੱਬੀ ਕਾਨੂੰਨ ਯਾਦ ਰੱਖੋ, ਜ਼ਾਲਮ ਦੇ ਹਰ ਜ਼ੁਲਮ ਦੇ ਕਰਤੱਵ ਨਾਲ ਉਸਦੀ ਆਪਣੀ ਤਬਾਹੀ ਦਾ ਪਿਆਲਾ ਭਰਦਾ ਹੈ, ਅਰ ਨਾਮ ਵਾਲੇ, ਰੱਬ ਵਿਚ ਜੀ ਉੱਠੇ, ਜਾਗਦੀ ਸੁਰਤ ਵਾਲੇ ਬੰਦਿਆਂ ਤੇ ਜੋ ਜ਼ੁਲਮ ਹੁੰਦਾ ਹੈ ਉਸਦੀ ਝਰਨਾਟ ਸਾਈਂ ਤੱਕ ਅੱਪੜਦੀ ਹੈ, ਫੇਰ ਸਾਈਂ ਦੀ ਤਾਕਤ ਜ਼ਾਲਮ-ਦੇ ਜ਼ੁਲਮ ਨੂੰ ਕਟਦੀ ਹੈ। ਸੋ ਰਾਇ ਜੀ! ਤੁਰਕ ਰਾਜ ਦੀ ਜੜ੍ਹ ਕਟ ਗਈ ਹੈ। ਸਾਈਂ ਨੂੰ ਜ਼ੁਲਮ ਨਹੀਂ ਭਾਉਂਦਾ, ਪੈਮਾਨਾ ਲਬਰੇਜ਼ ਹੋ ਗਿਆ ਹੈ। ਪਾਪ ਨੂੰ ਇਹੋ ਫਲ ਲਗਿਆ ਕਰਦਾ ਹੈ*।"

---

*ਹੋਨਹਾਰ ਤੁਰਕਨ ਘਰ ਖੋਵਾ। ਨਿਤ ਅਪਰਾਧ ਕਰਤ ਹੀ ਜੋਵਾ। ਨਹੀਂ ਨਗਾਰਬੰਦ ਕੋ ਰਹੈ। ਤੇਜ ਛੀਨਤਾ ਨਿਤ ਪ੍ਰੀਤ ਲਹੈ। ਅਬ ਇਕੀ ਸੈ ਕੋਸਨਿ ਰਾਜ। ਚੱਕ੍ਰਵਰਤਿ ਕੋ ਸਿਰ ਪਰ ਤਾਜ। ਥੋਰੇ ਦਿਨ ਮਹਿਂ ਇਮ ਹੁਇ ਹਾਨਾ। ਨੀਠ ਨੀਠ ਇਨ ਕੀ ਗੁਜਰਾਨਾ। ਜਿਹ ਸਿਰੰਦ ਮਹਿਂ ਸਾਹਿਬਜ਼ਾਦੇ। ਕਰੀ ਅਵੱਗਜਾ ਤੁਰਕਨ ਬਾਦੇ। ਬਡੀ ਬਸਹਿ ਕੋਸਨ ਲਗ ਜੋਈ। ਧਨੀ ਘਨੀ ਮਹਿਲਾਇਤ ਹੋਈ। ਸ਼ਕਲ ਸਦਨ ਕੀ ਜਰਾਂ ਉਖਰਿ ਹੈਂ। ਖੇਤੀ ਬਾਹਨ ਬੋਵਨ ਕਰਿ ਹੈਂ। ਅਸਲ ਫਲ ਪ੍ਰਾਪਤ ਪਾਪਨ ਕੇਰਾ। ਤੁਰਕ ਰਾਜ ਕੋ ਦੇਇ ਨਿਬੇਰਾ। (ਸੂ: ਪ੍ਰ:)

ਰਾਇ ਕੰਬਿਆ, ਡਰਿਆ: ਮੈਂ ਬੀ ਹੁਣ ਮੁਸਲਮਾਨਾਂ ਵਿਚ ਸ਼ੁਮਾਰ ਹਾਂ, ਕੀ ਮੇਰਾ ਰਾਜ ਬੀ ਗਿਆ? ਇਹ ਸੋਚ ਕੇ ਬੋਲਿਆ: "ਪਾਤਸ਼ਾਹ! ਮੈਨੂੰ ਰੱਖ ਲਿਆ ਜੇ!"

ਗੁਰੂ ਜੀ-ਦੇਖ ਕੱਲਾ! ਮਲੇਰਕੋਟ ਨੂੰ, ਜਿਸਨੇ ਉਸ ਜ਼ੁਲਮ ਵੇਲੇ ਇਨਸਾਫ ਦੀ ਅਵਾਜ਼ ਦਿੱਤੀ, ਸਾਈਂ ਨੇ ਰੱਖ ਲਿਆ ਹੈ। ਤੂੰ ਸਾਨੂੰ ਪਿਆਰ ਕੀਤਾ ਹੈ, ਤੈਨੂੰ ਰੱਖ ਲਿਆ ਹੈ। ਆਹ ਲੈ ਸ਼ਮਸ਼ੇਰ, ਇਸ ਦਾ ਸਤਿਕਾਰ ਰੱਖਣਾ, ਤੁਸੀਂ ਇਸ ਦੇ ਸਤਿਕਾਰ ਆਸਰੇ ਬਚੇ ਰਹੋਗੇ। ਖਬਰਦਾਰ! ਇਹ ਖਾਲਸਈ ਤਲਵਾਰ ਹੈ, ਇਸਦਾ ਨਿਰਾਦਰ ਨਹੀਂ ਕਰਨਾ, ਸਦਾ ਸਤਿਕਾਰ ਨਾਲ ਸਾਂਭਕੇ ਰੱਖਣਾ, ਖਬਰਦਾਰ[1]।

ਸੂਚਨਾ-ਅਨੰਦਪੁਰ ਤੇ ਚਮਕੌਰ ਦੇ ਸਾਕਿਆਂ ਦੀ ਸੋ ਹੁਣ ਦੇਸ਼ ਵਿਚ ਫੈਲ ਗਈ ਸੀ। ਸਿੱਖਾਂ ਦੇ ਘਰੀਂ ਕੀਹ ਕੁਝ ਵਰਤਿਆ, ਵੰਨਗੀ ਲਈ ਅਗਲਾ ਪ੍ਰਸੰਗ-ਰਾਣੀ ਝਾਲਾ ਕੌਰ-ਕੁਛ ਰੌਸ਼ਨੀ ਪਾਉਂਦਾ ਹੈ-

੭੬. ਰਾਣੀ ਝਾਲਾ ਕੌਰ[2]।

ਸਰਹਾਲੀ ਦਾ ਚੌਧਰੀ ਕੇਸਰੂ ਮਲ ਚਾਰ ਹਜ਼ਾਰੀ, ਜਿਸਨੂੰ ਰਾਜੇ ਦਾ ਖ਼ਿਤਾਬ ਸੀ, ਸਰਵਰ ਦੀ ਪੂਜਾ ਛੱਡਕੇ ਇਸਤ੍ਰੀ ਤੇ ਪੁੱਤ ਸਣੇ ਸਿੰਘ (ਮੱਲ ਸਿੰਘ) ਸਜ ਗਿਆ ਸੀ, ਅਰ ਦਸ਼ਮੇਸ਼ ਜੀ ਦੇ ਜੰਗਾਂ ਵਿਚ ਹਿੱਸਾ ਲੈਂਦਾ ਰਿਹਾ ਸੀ, ਉਸਦੀ ਵਹੁਟੀ ਜਿਸਨੂੰ ਰਾਣੀ ਕਰਕੇ ਕਹਿੰਦੇ ਸੀ, 'ਝਾਲਾ ਕੌਰ' ਬੜੀ ਮਿਦਕ ਵਾਲੀ ਸੀ, ਉਸਦੇ ਸਿਦਕ ਦੀ ਵੰਨਗੀ ਇਹ ਹੈ:-

ਬੈਠੀ ਵਿੱਚ ਸਹੇਲੀਆਂ ਲਾਇ ਤਿਵਣ, ਝਾਲਾ ਕੌਰ ਏ ਬਚਨ ਅਲਾਂਵਦੀ ਏ:-
"ਮੇਰਾ ਉਛਲਦਾ ਅੱਜ ਕਲੇਜੜਾ ਏ, ਮੇਰੀ ਜਿੰਦ ਮੈਨੂੰ ਖਾਈ ਜਾਂਵਦੀ ਏ।
"ਗ਼ਮਾਂ ਸੋਚਾਂ ਦੇ ਪਏ ਹਨ ਆਨ ਘੇਰੇ, ਚਿੰਤਾ ਚਿਖਾ ਦੇ ਵਾਂਗ ਜਲਾਂਵਦੀ ਏ।
"ਅੜੀਓ! ਅੱਖੀਆਂ ਅੱਗੇ ਗੁਬਾਰ ਆਇਆ, ਮੇਰੀ ਹੋਸ਼ ਉੱਡੀ ਟੁਰੀ ਜਾਂਵਦੀ ਏ"।

ਇਕ ਗੋਲੀ ਬੋਲੀ:-

ਸਦਕੇ ਤੁੱਧ ਤੋਂ ਵਾਰਨੇ ਮੱਟੀਆਂ ਮੈਂ, ਹੋ ਕੇ ਸ਼ੇਰਨੀ ਖੌਫ ਕਿਉਂ ਖਾਵਨੀ ਏਂ?
ਦਸਮੇਂ ਗੁਰੂ ਦਾ ਛੱਕ ਕੇ ਸੁਧਾ, ਰਾਣੀ! ਚਿੰਤਾ ਚਿੱਤ ਦੇ ਵਿੱਚ ਕਿਉਂ ਲਜਾਵਨੀ ਏਂ?
ਕਿਹੜੀ ਗੱਲ ਬਦਲੇ ਰਾਣੀ ਸਹਿਮ ਛਾਯਾ, ਕਿਸ ਕਾਰਣੇ ਲੱਜ ਲੁਆਵਨੀ ਏਂ?
ਠਿੱਲ ਝਾਗ ਕੇ ਲੰਘੀਓਂ ਸ਼ਹੁ ਸਾਗਰ, ਛੰਨੇ ਵਿਚ ਕਿਉਂ ਡੁਬਦੀ ਜਾਵਨੀ ਏਂ?
ਜਦੋਂ ਪਤੀ ਤੇਰੇ ਸੀਗਾ 'ਸਖੀ[3]' ਛੱਡਿਆ, ਦਸਮੇਂ ਗੁਰੂ ਦੀ ਸ਼ਰਨ ਜਾ ਲਈ ਸੀਗੀ।
ਪਿਆ ਕਟਕ ਸਰਕਾਰ ਬਿਰਾਦਰੀ ਦਾ, ਓਦੋਂ ਮੂਲ ਚਿੰਤਾ ਨਹੀਂ ਪਈ ਸੀਗੀ।
ਤੂੰ ਬੀ ਛੱਡ ਪੇਕੇ ਅਤੇ ਸਾਕ ਸਾਰੇ, ਮਤ ਆਪਣੇ ਪਤੀ ਦੀ ਲਈ ਸੀਗੀ।
ਜਗਤ ਇਕ ਪਾਸੇ, ਤੁਸੀਂ ਇਕ ਪਾਸੇ, ਤਦੋਂ ਗੱਜਦੀ ਸ਼ੇਰ ਜਿਉਂ ਰਹੀ ਸੀਗੀ।
ਕਈ ਬਾਲ ਮੋਏ, ਕਈ ਮਾਲ ਮੋਏ, ਕਈ ਵੇਰ ਨੁਕਸਾਨ ਧਨ ਧਾਮ ਹੋਇਆ।
ਨਾ ਹੀ ਚੌਧਰੀ ਆਪ ਨਾ ਤੂੰ ਰਾਣੀ! ਤਦੋਂ ਦੋਹਾਂ ਨਾ ਹੌਸਲਾ ਮੂਲ ਖੋਇਆ।
ਕੀਤੇ ਕੈਦ ਸੇ ਪਤੀ ਜੀ ਜਦੋਂ ਤੁਰਕਾਂ, ਛੁੱਟਣ ਵਾਲੜਾ ਰਾਹ ਨਾ ਰਿਹਾ ਕੋਇਆ,

---

੧. ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਅਸੀਂ ਅਜੇ ਛੋਟੀ ਉਮਰੇ ਸਾਂ ਕਿ ਰਾਇ ਕੱਲਾ ਦੇ ਪੋਤਰੇ ਨੇ ਕਾਜ਼ੀਆਂ ਦੇ ਆਖੇ ਲੱਗਕੇ ਤਲਵਾਰ ਦਾ ਅਪਮਾਨ ਕੀਤਾ, ਸ਼ਿਕਾਰ ਖੇਡਦਾ ਇਸੇ ਤਲਵਾਰ ਨਾਲ ਘਾਇਲ ਹੋ ਮਰ ਗਿਆ, ਪਿਛੋਂ ਰਾਜ ਬੀ ਜਾਂਦਾ ਰਿਹਾ।

੨. ਇਹ ਪ੍ਰਸੰਗ ੧੫ ਪੋਹ ਸੰ: ਗੁ: ਨਾ: ਸਾ: ੪੩੪ (੩੦ ਦਸੰਬਰ ੧੯੦੩) ਨੂੰ ਖਾ: ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

੩. ਸਖੀ ਸਰਵਰ।

ਤੁਸਾਂ ਕਰੀ ਅਰਦਾਸ ਤੇ ਹਹੇ ਸਾਬਤ, ਇੱਕੁਰ ਡੋਬ ਨਾ ਖਾਧਾ ਸੀ ਰਤਾ ਟੋਇਆ।
ਆਪ ਛੁੱਟ ਆਏ, ਤੁਸਾਂ ਸ਼ੁਕਰ ਕੀਤੇ, ਫੇਰ ਸਿੰਘ ਜੀ ਗਏ ਆਨੰਦ ਪੁਰ ਨੂੰ।
ਜਾ ਕੇ ਜੁੱਧ ਪਹਾੜੀ ਵਿਚ ਲਿਆ ਹਿੱਮਾ, ਕੀਤਾ ਖੂਬ ਪ੍ਰਸੰਨ ਦਸਮੇਸ਼ ਗੁਰ ਨੂੰ।
ਸੇਵਾ ਗੁਰੂ ਤੇ ਪੰਥ ਵਿਚ ਜੰਗ ਕਰਦੇ, ਗਏ ਆਪ ਸਿਧਾਰ ਅਰੀਮ ਪੁਰ ਨੂੰ।
ਤਦੋਂ ਰਾਣੀਏਂ ਰੱਖ ਕੇ ਤੂੰ ਜਿਗਰਾ, ਦਿੱਤਾ ਸ਼ੁਕਰ ਤੋਂ ਟਲਣ ਨਾ ਨਿੱਜ ਉਰ ਨੂੰ।
ਕੀਤਾ ਸ਼ੁਕਰ ਅਕਾਲ ਦਾ ਮੰਨ ਭਾਣਾ, ਸਤੀ ਸੀਲ ਸੰਤੋਖ ਦੀ ਬਣੀ ਰਾਣੀ।
ਦੇਵੇਂ ਸਿੱਖਿਆ ਪੁੱਤ ਇਕਲੌਤੜੇ ਨੂੰ, 'ਕਰੋ ਗੁਰੂ ਸੇਵਾ ਜਨਮ ਮਫ਼ਲ ਜਾਣੀ'।
ਸੱਚੀ ਸਿੰਘਣੀ ਰਾਣੀਏਂ! ਬਣੀ ਸੁਹਣੀ, ਲਾਇਆ ਪੁੱਤ ਨੂੰ ਗੁਰੂ ਦੀ ਪੜ੍ਹਨ ਬਾਣੀ!
'ਸੇਵਾ ਗੁਰੂ ਦੀ ਖੂਬ ਕਮਾਉ ਬਚੜਾ! ਜੀਵਨ ਜਾਨ ਪਤਾਸੜਾ ਵਿਚ ਪਾਣੀ।'
ਐਕੁਰ ਸਿਖ ਸਿਖਾ ਕੇ ਪਾਲਿਓ ਈ, ਉੱਠਿਆ ਖੂਬ ਜੁਆਨ ਸੁਹਾਵਣਾ ਓ।
ਸ਼ਸਤ੍ਰ ਵਿੱਦਯਾ ਵਿਚ ਚਲਾਕ ਸੁਹਣਾ, ਘੋੜ ਸ੍ਵਾਰ ਹੋਇਆ ਮਨ ਭਾਵਣਾ ਓ।
ਸਾਂਭੇ ਅਸਤਬਲ ਪਿਤਾ ਦੇ ਆਪ ਉਸਨੇ, ਹੋਇਆ ਬੀਰ ਸੀ ਤੀਰ ਚਲਾਵਣਾ ਓ।
ਜਦੋਂ ਸਭ ਗੱਲੀਂ ਹੋਇ ਗਿਆ ਲਾਇਕ, ਕਰੇ ਪਿਤਾ ਦਾ ਰਾਜ ਸੰਭਾਲਣਾ ਓ।
ਕਈ ਸਾਕ ਆਏ ਤੂੰਹੇਂ ਮੋੜ ਦਿੱਤੇ, ਆਖੇਂ ਸੁਫ਼ਲ ਕਰਸਾਂ ਜਨਮ ਪੁੱਤ ਦਾ ਨੀ।
ਏਸ ਸੋਚ ਦੇ ਦਿਨੀਂ ਸੀ ਖਬਰ ਆਈ, ਤੁਹਕ ਗੁਰੂ ਦੇ ਨਾਲ ਸ੍ਰੀ ਜੁੱਟਦਾ ਨੀ।
ਬਾਈ ਧਾਰ ਰਾਜੇ ਧਾਇ ਆਇ ਸਾਰੇ, ਸੂਬਾ ਆਨ ਸਰਹਿੰਦ ਦਾ ਟੁੱਟਦਾ ਨੀ।
ਫੌਜ ਦਿੱਲੀਓਂ ਸ਼ਾਹ ਨੇ ਆਪ ਭੇਜੀ, ਲਸ਼ਕਰ ਕਟਕ ਦਾ ਧਰਤ ਨੂੰ ਪੁੱਟਦਾ ਨੀ।
ਸਾਰੇ ਘੇਰਸਨ ਜਾਇ ਆਨੰਦ ਪੁਰ ਨੂੰ, ਜੰਗ ਮਚੇਗਾ ਕਹਿਰ ਕਹਾਰ ਭਾਰੀ।
ਤਦੋਂ ਸੱਦਿਆ ਪੁੱਤ ਨੂੰ ਲੈ ਗੋਦੀ, ਮੱਥਾ ਚੁੰਮ ਕੇ ਦਏਂ ਪਿਆਰ ਪਜਾਰੀ।
ਕੰਡ ਹੱਥ ਫੇਰੇਂ ਜਾਏਂ ਵਾਰ ਫੇਰੇ, ਆਖੇ:-'ਬਚੜਿਆ ਤੁਧ ਤੋਂ ਜਿੰਦ ਵਾਰੀ!
'ਮੇਰੀ ਜਿੰਦ ਦਾ ਨੂਰ ਇਕਲੌਤੜੇ ਵੇ! ਸਿਕਦੀ ਮਾਉਂ ਦੀ ਆਸ ਉਮੈਦ ਸਾਰੀ!
'ਤੂੰ ਤਾਂ ਚਾਨਣਾ ਭਾਸਦਾ ਬੱਚਿਆ ਵੇ! ਤੇਰੇ ਬਾਝ ਹਨੇਰੜਾ ਜੱਗ ਸਾਰਾ।
'ਤੈਥੋਂ ਵਿਛੁੜਨਾ ਮੌਤ ਨੂੰ ਸੱਦਣਾ ਹੈ, ਉਹਲੇ ਹੋਵਣਾ ਕਹਿਰ ਹੈ ਅੱਤਿ ਭਾਰਾ।
'ਮੈਨੂੰ ਤੇਰੜੀ ਲੋੜ ਹੈ ਅੱਤਿ ਭਾਰੀ, ਐਪਰ ਲੋੜਦਾ ਤੁੱਧ ਨੂੰ ਗੁਰੂ ਪਜਾਰਾ।
'ਜਨਮ ਤੁੱਧ ਦੇ ਸਫ਼ਲ ਦਾ ਪੁਰਬ ਲੱਗਾ, ਗੁਰੂ ਸੇਵ ਦਾ ਸਮਾਂ ਏ ਬੜਾ ਭਾਰਾ।
'ਮਮਤਾ ਆਖਦੀ ਘੁੱਟ ਕੇ ਰੱਖ ਬਚੜਾ, ਛਾਤੀ ਨਾਲ ਲਗਾਇਕੇ ਜਿੰਦ ਟੁਕੜਾ!
'ਗੁਰੂ ਆਖਦਾ ਸੇਵ ਨੂੰ ਘੱਲ ਬਚੜਾ, ਝਾਗ ਮੋਹ ਦੀ ਨੈਂ ਦਾ ਕਠਨ ਦੁਖੜਾ ।
'ਪੰਥ ਆਖਦਾ ਭੇਜ ਭਿਰਾਉ ਮਾਡਾ, ਬਾਝ ਵੀਰ ਦੇ ਚਿੱਤ-ਉਦਾਸ ਉਖੜਾ।
'ਦੇਸ਼ ਆਖਦਾ ਬਲੀ ਦੇਹ ਲਾਲ ਦੀ ਤੂੰ, ਪਾਪ ਰਾਜ ਪਾਟੇ, ਦੇਸ਼ ਹੋਇ ਸੁਖੜਾ।
'ਸੋ ਹੁਣ ਲਾਲ ਦੁਲਾਰਿਆ! ਹੋਹੁ ਤਕੜਾ, ਮੋਹ ਮਾਉਂ ਦਾ ਦਿਲੋਂ ਵਿਸਾਰ ਵਾਰੀ।
'ਮਮਤਾ ਮਾਉਂ ਤਿਆਗਦੀ ਦਿਲੋਂ ਬੱਚਾ, ਸਾਵਧਾਨ ਮੈਂ ਘੋਲੀਆਂ ਜਾਹੁ ਵਾਰੀ।
'ਪਹਿਨ ਪਿਤਾ ਦੇ ਸ਼ਸਤਰਾਂ ਅਸਤਰਾਂ ਨੂੰ, ਘੋੜੇ ਜੰਗ ਦੀ ਪੁੱਤ ਜੀ! ਕਰੋ ਸ੍ਵਾਰੀ।
'ਰਣ ਮੱਤੇ ਦੇ ਵਿਚ ਜਾ ਲੜੋ ਬਚੜਾ! ਜਿੰਦ ਚਰਨ ਤੋਂ ਲਾਲ ਜੀ! ਘੋਲ ਵਾਰੀ।'

ਦੂਜੇ ਦਿਨੋਂ ਤੂੰ ਲਾਲ ਨੂੰ ਤਯਾਰ ਕੀਤਾ, ਲਾੜਾ ਆਪ ਸ਼ਿੰਗਾਰ ਬਣਾਇਓ ਈ।
ਘੋੜੇ ਚਾੜ੍ਹ ਕੇ ਗੁਰਾਂ ਧਿਰ ਤੋਰਿਓ ਈ, ਮੱਥਾ ਚੁੰਮ ਇਹ ਹੁਕਮ ਸੁਣਾਇਓ ਈ:-
'ਨਾਰ ਫਤੇ ਨੂੰ ਵਿਆਹੁਕੇ ਲਿਆਉ ਬਚੜਾ' 'ਨਹੀਂ ਤਾਂ ਮੌਤ ਵਰਨੀ', ਸਮਝਾਇਓ ਈ।
ਤੇਰੇ ਹੁਕਮ ਬੱਧਾ ਆਗ਼ਜਾਕਾਰ ਤੁਰਿਆ, ਦੇ ਸੰਦੇਸੜੇ ਸ਼ੇਰ ਤੁਰਾਇਓ ਈ।

ਐਸੇ ਹੌਸਲੇ ਵਾਲੜੀ ਮਾਉਂ ਸਿੰਘਣੀ, ਜਿਨ ਮੌਤ ਦੇ ਮੂੰਹ ਪੁਤ ਘੱਤਿਆ ਏ।
ਗਏ ਗੁਜ਼ਰ ਮਹੀਨੜੇ ਕਈ ਪਜਾਰੀ, ਸਾਹ ਇੱਕ ਨਾ ਪੁੱਠੜਾ ਵੱਤਿਆ ਏ!
ਅੱਜ ਕੀਹ ਹੋਇਆ ਰਾਣੀ ਰੋਣ ਲੱਗੀ? ਤੇਰੀ ਏਹੋ ਹੀ ਸਿਦਕ ਦੀ ਸੱਤਿਆ ਏ?
ਪੱਕੀ ਰਹੋ ਖਾਂ ਨੇਮ ਤੇ ਰਾਣੀਏਂ ਨੀ! ਨੇਮੋਂ ਹਾਰਨਾ ਅਸਲ ਦੀ ਹੱਤਿਆ ਏ।

ਰਾਣੀ ਬੋਲੀ-

ਸੁਣੀ ਸਖੀ ਪਜਾਰੀ! ਤੇਰੀ ਸਮਝ ਹਾਰੀ, ਮੇਰੀ ਚਿੰਤ ਦਾ ਹਾਲ ਨਾ ਪੁੱਛਿਆ ਈ;
ਐਵੇਂ ਲਗੀ ਕੋਸਣ, ਮੈਂ ਨ ਅਜੇ ਦੋਸਣ, ਬਿਨਾਂ ਲੜੇ ਮੱਛਰ ਪਿੰਡਾ ਉੱਛਿਆ ਈ।
'ਪੁੱਤ ਮਰੇ ਨਾਹੀਂ', ਇਹ ਤਾਂ ਚਿੰਤ ਨਾਹੀਂ, ਚਿੰਤ ਹੋਰ ਨੇ ਹੌਸਲਾ ਮੁੱਛਿਆ ਈ!
'ਮਤਾਂ ਭੱਜ ਆਵੇ ਪਿੱਠ ਦੇ ਆਵੇ' ਇਸ ਅੱਗ ਕਲੇਜੜਾ ਲੁੱਛਿਆ ਈ।
ਅੱਜ ਖਬਰ ਪਾਈ:-ਘੇਰਾ ਪਿਆ ਆਹੀ, ਲਖਾਂ ਫੌਜ ਤੁਰਕਾਨ ਰਜਪੂਤ ਘੇਰੇ,
ਸੱਚੇ ਗੁਰੂ ਦੀ ਸਿੰਘ ਸਿਪਾਹ ਤਾਈਂ, ਪੁਰਿ ਅਨੰਦ ਨੂੰ ਬੈਠੇ ਹਨ ਦਈ ਫੇਰੇ,
ਅੰਦਰ ਰਸਦ ਪਾਣੀ ਸੱਭੇ ਮੁੱਕ ਚੁੱਕੇ, ਸਿੱਖ ਗੁਰੂ ਸਿਉਂ ਕਰਦੇ ਹਨ ਮੇਰ ਤੇਰੇ।
ਗੁਰੂ ਆਖਦੇ "ਹੌਸਲਾ ਨਹੀਂ ਹਾਰੋ, ਰੱਖੋ ਹੌਸਲਾ ਦੇਖਣੇ ਹੱਥ ਮੇਰੇ"।

ਮੇਰਾ ਜਿਗਰ ਪਾਟਾ ਸੁਣਕੇ ਵਿਥਿਆ ਏ, ਮੈਂਡਾ ਪੁੱਤ ਨਾ ਇਨ੍ਹਾਂ ਦੇ ਵਿਚ ਹੋਵੇ।
ਦੇਕੇ ਗੁਰੂ ਨੂੰ ਪਿੱਠ ਇਸ ਸਮੇਂ ਬਿਖੜੇ, ਕੁਰਬ ਪਿਤਾ ਦਾ ਆਪਣਾ ਮਤਾਂ ਖੋਵੇ।
ਜਿੰਦ ਮਤਾਂ ਪਿਆਰੜੀ ਕਰੇ ਲਾਲਨ, ਮੇਰਾ ਚਿੱਤ ਇਉਂ ਲਹੂ ਦੀ ਹੰਝ ਰੋਵੇ।
ਰੱਬਾ! ਮਾਰ ਮੈਨੂੰ ਪਹਿਲੇ ਸੁਣਨ ਕੋਲੋਂ, ਐਸੀ ਬੁਰੀ ਹੋਣੀ ਜਿਹੜੀ ਜ਼ਹਿਰ ਚੋਵੇ।
ਪਿੱਠ ਦਈ ਜੇ ਲਾਲ ਨੇ, ਪੰਥ ਮੈਨੂੰ ਸਦਾ ਦੇਊ ਧ੍ਰਿਕਾਰ ਏ ਆਖ ਕੇ ਨੀ:-
"ਕੁੱਖ ਸਿੰਘਣੀ ਜਾਇਆ ਪੁੱਤ ਗਿਦੜ, ਕੁੱਖ ਜਾਇ ਸਰਾਪੜੀ" ਭਾਖਕੇ ਨੀ।
ਅੱਗੇ ਗਈ ਨੂੰ ਪਤੀ ਨਾ ਮੂੰਹ ਲਾਵੇ, ਪਰੇ ਸੱਟਸੀ ਮੁੱਝ ਪਟਾਖਕੇ ਨੀ।
ਆਖੂ ਆਪਣੀ ਕੁੱਖ ਸਰਾਪੀਆ ਨੀ, ਨਾਉਂ ਆਈ ਹੈਂ ਮੈਂਡੜਾ ਧ੍ਰਾਂਖਕੇ ਨੀ।
ਪੰਥ ਆਖਸੀ ਰਹਿੰਦੜੇ ਜੁੱਗ ਤਾਈਂ, "ਕਿਤੇ ਸਿੰਘਣੀ ਠੌਰ ਨ ਮਿਲੇ ਤੈਨੂੰ।
"ਸਿੰਘ ਸ਼ੇਰ ਦਾ ਬੱਚੜਾ ਕੈਰ ਕੀਤਾ, ਮਾਰ ਦੇਂਦੀਓਂ ਪਾਲਿਓ ਹਾਇ ਕੈਨੂੰ"।
ਗੁਰੂ ਆਖਸੀ "ਪਿਤਾ ਸ਼ਹੀਦ ਹੋਇਆ, ਵੱਗ ਗਈ ਏ ਪੁੱਤ ਨੂੰ ਵਾਇ ਵੈਨੂੰ"।
ਅੰਤ ਆਖਸਣ ਦੋਸ਼ ਮੈਂ ਪਾਲਣੇ ਨੂੰ, ਅੱਗੇ ਗਈ ਨ ਢੋਈ ਓ ਦੇਣ ਮੈਨੂੰ।
ਏ ਕੁਝ ਆਖਦੀ ਅੱਖੀਓਂ ਨੀਰ ਤੁਰਿਆ, ਰੋ ਰੋ ਵਾਸਤੇ ਪਾਉਂਦੀ ਰੱਬ ਤਾਈਂ।
ਪੱਲਾ ਪਾਇਕੇ ਹੱਥਾਂ ਨੂੰ ਜੋੜ ਉੱਠੀ, ਕਰ ਅਰਾਧਣਾ ਗੁਰੂ ਜੀ ਲਏ ਧਜਾਈ।
ਕਹਿੰਦੀ "ਸੱਚਿਓ ਸਚ ਦੇ ਆਗੂਓ ਜੀ! ਮੈਂ ਨਿਮਾਣੀ ਦੀ ਆਸ ਨਾ ਟੁੱਟ ਜਾਈ।
"ਪੁੱਤ ਜੀਵੇ ਤਾਂ ਗੁਰੂ ਦੇ ਰਹੇ ਸਨਮੁਖ, ਮੌਤ ਆਉਸ ਤਾਂ ਪਿੱਠ ਨਾ ਦੇ ਜਾਈ।
"ਮਰੇ ਮੋਹਿਰੀ ਹੋਇਕੇ ਵਧੇ ਅੱਗੇ, ਮਾਰੋ ਮਾਰ ਕਰਦਾ ਮੌਤ ਚੱਖ ਲੇਵੇ।
"ਸਨਮੁਖ ਗੁਰਾਂ ਦੇ ਪੱਥ ਦੇ ਰਹੇ ਸੁਹਣਾ, ਪਤ ਮੁੱਝ ਨਿਮਾਣੀ ਦੀ ਰੱਖ ਲੇਵੇ!
"ਦੇਹ ਰਹੇਗੀ ਸਦਾ ਨਾ ਜੱਗ ਉੱਤੇ, ਏਸ ਮੱਤ ਨੂੰ ਪੁੱਤ ਪਰੱਖ ਲੇਵੇ।
"ਸੁਫਲ ਸੇਵਾ ਦੇ ਵਿੱਚ ਜੇ ਲੱਗ ਜਾਵੇ, ਏਸ ਸੱਚ ਨੂੰ ਬੱਚੜਾ ਲੱਖ ਲੇਵੇ।"
ਇੱਕੁਰ ਮਿੰਨਤਾਂ ਜੋਦੜੀ ਕਰੇ ਰਾਣੀ, ਪਈ ਰਹੀ ਸੀ ਜਿਵੇਂ ਸਥਾਰ ਹੋਵੇ।
ਖਾਣ, ਪੀਣ ਤੇ ਸੌਣ ਸੀ ਭੁੱਲ ਗਇਆ, ਵਿੱਚੇ ਮਿੰਨਤਾਂ ਤਰਲਿਆਂ ਨਾਲ ਰੋਵੇ।
ਖੰਭ ਹੁੰਦੇ ਤਾਂ, ਉੱਡਕੇ ਜਾ ਮਿਲਦੀ, ਕੰਨ ਪੁੱਤ ਦੇ ਜਾਇਕੇ ਮੱਤ ਪ੍ਰੋਵੇ।
ਐਪਰ ਬੇਨਤੀ ਬਾਝ ਨਾਂ ਹੋਰ ਰਸਤਾ, ਸਾਖੀ ਸੁਣੀ ਸਾਰੀ ਰਾਣੀ ਪਈ ਰੋਵੇ।

ਰੱਬ ਸੱਚੜੇ ਅਰਜ਼ ਮਨਜ਼ੂਰ ਕੀਤੀ, ਦਿਨਾਂ ਦਸਾਂ ਮਗਰੋਂ ਇਕ ਸੋਇ ਆਈ:-
"ਕੁਛ ਸਿੰਘ ਬਿਦਾਵੀਏ ਹੋਏ ਸੀਗੇ, ਸਿਦਕ ਬਹੁਤਿਆਂ ਮੂਲ ਨਾ ਹਾਰਿਆ ਈ।
"ਤੇਰਾ ਲਾਲ ਸੀ ਸਿਦਕੀਆਂ ਵਿੱਚ ਸੁਹਣਾ, ਤੇਰਾ ਨਾਮ ਉਸ ਬੀਰ ਨਿਬਾਹਿਆ ਈ।
"ਜਿੰਦ ਹੂਲ ਕੇ ਗੁਰਾਂ ਦੇ ਚਰਨ ਉੱਤੋਂ, ਮਾਉਂ, ਜਿੰਦ, ਧਨ ਧਾਮ ਵਿਸਾਰਿਆ ਈ"।
ਨਾਲੇ ਸੂਹੀਏਂ ਸ਼ਾਦੀ ਦੀ ਖਬਰ ਦੱਸੀ:-"ਤੇਰਾ ਲਾਲ ਸ਼ਹੀਦ ਹੋ ਗਿਆ ਅੰਮਾਂ!
"ਅੰਗ ਸੰਗ ਓ ਗੁਰਾਂ ਦੇ ਰਿਹਾ ਦੂਲਾ, ਨਾਲ ਵਿੱਚ ਚਮਕੌਰ ਓ ਗਿਆ ਅੰਮਾਂ!
"ਗੁਰੂ ਸਿੱਖ ਵਾਰੇ ਨਾਲੇ ਪੁੱਤ ਵਾਰੇ, ਗੜ੍ਹੀ ਗਿਰਦ ਸੀ ਘੇਰੜਾ ਪਿਆ ਅੰਮਾਂ!
"ਦੋ ਦੋ ਚਾਰ ਹੋ ਕੇ ਸਿੱਖ ਬਾਹਰ ਆਏ, ਲੱਖਾਂ ਨਾਲ ਆ ਮਾਮਲਾ ਪਿਆ ਅੰਮਾਂ!
"ਮਾਰ ਸੈਂਕੜੇ ਸਿੱਖ ਸ਼ਹੀਦ ਹੁੰਦਾ, ਗੁਰੂ ਦੇਖਕੇ ਦੇਣ ਅਸੀਸ ਭਾਰੀ।
"ਜਨਮ ਸੁਫਲ ਕੀਤਾ ਚਾਲੀ ਪਜਾਰਿਆਂ ਨੇ, ਜਿੰਦ ਗੁਰਾਂ ਦੇ ਹੁਕਮ ਤੇ ਵਾਰ ਵਾਰੀ।
"ਵੱਡੇ ਸਾਹਿਬਜ਼ਾਦੇ ਦੋਵੇਂ ਬਲੀ ਹੋਏ, ਏਸ ਪੁਰਬ ਦੇ ਦੇਹੁੰ ਤੇ ਪਏ ਪਾਰੀ।
"ਤੇਰਾ ਪੁੱਤ ਬੀ ਸ਼ਾਹਾਂ ਦੇ ਨਾਲ ਤੁਰਿਆ, ਖੇਡ ਜਿੰਦ ਤੇ ਗਿਆ ਬਲਵਾਨ ਭਾਰੀ।
"ਕਈ ਮਾਰਕੇ ਮੋਇਆਈ ਦੂਲੜਾ ਓ, ਗੁਰਾਂ ਆਖਿਆ:-ਬਚੜਿਆ ਧੰਨ ਤੁਹਨੂੰ!
"-ਤੇਰੇ ਪਿਤਾ ਨੇ ਸੀਸ ਸੀ ਦੀਆ ਅੱਗੇ, ਧੰਨ ਪਿਤਾ ਨੂੰ, ਬਚੜਿਆ ਧੰਨ ਤੁਹਨੂੰ।
"-ਧੰਨ ਮਾਉਂ ਜਿਨ ਜਾਇਆ ਤੁੱਧ ਤਾਈਂ, ਧੰਨ ਕੁੱਖ ਨੂੰ, ਬੱਚੜਿਆ! ਧੰਨ ਤੁਹਨੂੰ-!
"-ਧੰਨ ਵੰਸ ਸੁਲੱਖਣੀ ਤੇਰੜੀ ਓ, ਧੰਨ ਮਾਉਂ ਨੂੰ, ਬੱਚਿਆ! ਧੰਨ ਤੁਹਨੂੰ।"
ਸੁਣਕੇ ਪੁੱਤ ਦੀ ਮੌਤ ਦਾ ਏਹ ਸਾਕਾ, ਅੰਮਾਂ ਉਛਲ ਪੈਂਦੀ ਹੱਥ ਦੋਇ ਉੱਚੀ,
ਨਾਲ ਖੁਸ਼ੀ, ਪਰੇਮ ਤੇ ਚਿੰਤ ਭਾਰੀ, ਨੀਰ ਵਗ ਤੁਰਿਆ ਰੋਈ ਅੱਖ ਸੁੱਚੀ।
"ਧੰਨ ਧੰਨ ਗੁਰ" ਆਖਦੀ ਮੁੱਖੜੇ ਤੋਂ, ਲੂੰ ਲੂੰ ਆਖਦਾ "ਗੁਰੂ ਹੈ ਧੰਨ" ਉੱਚੀ।
"ਮੇਰੇ ਪੁੱਤ ਨੂੰ ਲਾਇ ਕੇ ਚਰਨ ਜਿਸਨੇ, ਦਿੱਤੀ ਪਦਵੀ ਹੈ ਜਗਤ ਤੋਂ ਬਹੁਤ ਉੱਚੀ"।
ਕਹਿੰਦੀ "ਸੌਤਰੀ ਅੱਜ ਹਾਂ ਜੱਗ ਹੋਈ, ਜਿਸਦਾ ਪੁੱਤ ਮੋਇਆ ਗੁਰੂ ਸਾਮ੍ਹਣੇ ਵੇ।
"ਦੇਸ਼ ਪੰਥ ਤੋਂ ਵਾਰਨੇ ਲਾਲ ਹੋਇਓਂ, ਰੱਬ ਨਿੱਤ ਮੰਨੀਂ ਤੇਰੇ ਆਮਨੇ ਵੇ।
"ਦਇਆ ਮੁੱਝ ਤੇ ਬੱਚਿਆ ਕੀਤੀਆ ਵੇ, ਮੋਤੋਂ ਸਖਤ ਹੁੰਦੇ ਮੂੰਹ ਉਲ੍ਹਾਮਨੇ ਵੇ।
"ਨਾਰ ਸਿੰਘ ਸ਼ਹੀਦ ਦੀ ਪਤੀ ਕੀਤੀ, ਮਾਉਂ ਸਿੰਘ ਸ਼ਹੀਦ ਕਰਾਵਨੇ ਵੇ।
"ਮੇਰੀ ਕੁੱਖ ਸੁਲੱਖਣੀ ਦੂਲਿਆ ਵੇ! ਭਾਗੇ ਭਰੀ ਅੱਜ ਜਗ ਵਿਚ ਹੋਈਆਂ ਮੈਂ।
"ਜਿਸਦੇ ਪਤੀ ਤੇ ਪੁੱਤ ਸ਼ਹੀਦ ਹੋਏ, ਓਹ ਅੱਜ ਸੁਲੱਖਣੀ ਹੋਈਆਂ ਮੈਂ।
"ਦੇਹ ਧਾਰਕੇ ਤੁਸਾਂ ਨੇ ਸਫਲ ਕੀਤੀ, ਹੋ ਤੁਸਾਡੜੀ ਸਫਲ ਹੁਣ ਹੋਈਆਂ ਮੈਂ।
"ਚਰਨਾਂ ਆਪਣੇ ਵਿਚ ਨਿਵਾਸ ਬਖਸ਼ੋ, ਰੱਬ ਸੱਚੜੇ ਦੀ ਲੜ ਲਾਈਆਂ ਮੈਂ।
"ਪਤੀ ਪੁੱਤ ਤਾਂ ਗੁਰਾਂ ਦੇ ਕੰਮ ਆਏ, ਬਾਕੀ ਦੇਹ ਧਨ ਧਾਮ ਹੈ ਅੱਜ ਮੇਰਾ।
"ਇਨਾਂ ਭੋਆਂ ਦੇ ਮਾਲ ਨੂੰ ਵੇਚ ਘੱਤਾਂ, ਕਲਗੀ ਵਾਲੜੇ ਕਰਾਂ ਆ ਦਰਸ ਤੇਰਾ।
"ਜੇ ਏ ਬਖਸ਼ਿਆ ਆਪਦਾ ਮਾਲ ਆਵੇ, ਕਾਰ ਆਪਦੇ, ਗੁਰੂ ਜੀ ਸਫਲ ਫੇਰਾ।
"ਮੇਰੀ ਦੇਹ ਬੀ ਸਫਲ ਹੁਣ ਹੋਇ ਗੁਰ ਜੀ! ਵਾਂਙ ਪੁੱਤ ਤੇ ਪਤੀ ਹੋ ਅੰਤ ਮੇਰਾ।"

ਸੂਚਨਾ-ਅਨੰਦਪੁਰ ਤੋਂ ਨਿਕਲਣ ਵਾਲੀ ਕਹਿਰ ਕਹਾਰਾਂ ਦੀ ਰਾਤ ਨੂੰ ਗੁਰੂ ਮਹਿਲਾਂ ਦੀ ਇਕ ਸੇਵਕ ਇਸਤ੍ਰੀ, ਧਰਮ, ਸ਼ਰਮ, ਕਰਮ ਦੀ ਪੂਰੀ ਹਫਲਾ ਤਫਲੀ ਵਿਚ ਵਿਛੜੀ ਤੁਰਕਾਂ ਦੇ ਹੱਥ ਆ ਗਈ, ਉਸ ਦੀ ਦਰਦਨਾਕ ਵਿਥਿਆ ਦਾ ਕੁਛ ਹਾਲ ਅੱਗੇ ਹੈ:-

੭੭. ਬਸੰਤ ਲੱਤਾ*।

ਘਰ ਬਾਹਰ ਤਜਿ ਸ਼ਰਨ ਆ ਰਹੀ ਇਕ ਗੁਰ ਚਰਨ ਪਜਾਰੀ। ਮਾਤਾ ਜੀ ਦੇ ਪਾਸ ਰਹਿ ਪਈ ਕਰਦੀ ਪਜਾਰ ਅਪਾਰੀ। ਮਾਤਾ ਪਿਤਾ ਪੁਤ ਪਤੀ ਏਸ ਦੇ ਸਨ ਪਰਲੋਕ ਸਿਧਾਏ। ਵੈਰਾਗਨ ਹੋ ਡੇਰੇ ਇਸਨੇ ਮਾਤ ਚਰਨ ਵਿਚ ਲਾਏ। ਮਾਤਾ ਜੀ ਨੂੰ ਪਜਾਰ ਏਸਦਾ, ਐਸਾ ਰਿਦੇ ਸਮਾਇਆ। ਨਾਮ 'ਬਸੰਤ ਲਤਾ' ਕਰ ਬੋਲਣ, ਕਰਦੇ ਪਜਾਰ ਸੁਵਾਯਾ। ਕਹਿਰ ਕਹਾਰੀ ਵੇਲਾ ਆਯਾ ਜਦੋਂ ਪੰਥ ਤੇ ਭਾਰੀ, ਹੁਕਮ ਗੁਰੂ ਦਾ ਸਿਖਾਂ ਮੋੜਿਆ ਬੇਦਾਵਾ ਲਿਖ ਭਾਰੀ। ਰਾਤ ਕਟਕ ਦੀ ਆਈ ਧਾਈ, ਜਦੋਂ ਕਿਲੇ ਤੋਂ ਚੱਲੇ। ਗੁਰੂ ਹੁਕਮ ਨੂੰ ਰੱਦ ਖਾਲਸਾ, ਆਨੰਦ ਪੁਰ ਤੋਂ ਹੱਲੇ। ਬਾਕੀ ਸਿਦਕ ਯਕੀਨਾਂ ਵਾਲੇ, ਲਾਜ ਪੰਥ ਦੀ ਪਜਾਰੇ! ਗੁਰ ਚਰਨਾਂ ਵਿਚ ਨਾਲ ਚਲੇ ਓ ਜਾਨਾਂ ਵਾਰਨ ਵਾਰੇ। ਹਿੰਦੂ ਤੁਰਕ ਫੌਜ ਜੋ ਉੱਠੀ, ਸਵ੍ਹਾਂ ਸੁਰੀਦਾਂ ਭੰਨੇ। ਹੁੰਮਸ ਧੁੰਮਸ ਭੜਥੂ ਮਚਿਆ, ਵਾਹੋ ਦਾਹੀ ਭੰਨੇ। ਹਾ ਹਾ ਹੂਲ ਪਿਆ ਚੌਫੇਰੇ, ਰੌਲਾ ਚਾਂਗ ਦੁਹਾਈ। ਪਤਾ ਨ ਲੱਗੇ ਗੋਲੀ ਚੱਲੇ, ਚੱਲੇ ਤੇਗ ਹਵਾਈ। ਮਾਤਾ ਕਿਤੇ ਪੋਤਿਆਂ ਵਾਲੀ, ਬਾਮ੍ਹਣ ਨਾਲ ਗੁਆਚੀ। ਡੋਲੇ ਕਿਤੇ ਸਿੱਖ ਦੇ ਆਸ਼ੇ, ਭੱਜੇ ਦਿਸ਼ਾ ਅਵਾਚੀ। ਬੇਦਾਵੇ ਵਾਲੇ ਸਿਖ ਲੜਦੇ, ਵਾਂਗ ਗਾਜਰਾਂ ਕਟਦੇ। ਸਨਮੁਖ ਸੂਰੇ ਤੇਗਾਂ ਵਾਹੁੰਦੇ, ਜਾਂਦੇ ਫਾਟਾਂ ਫੱਟਦੇ। 'ਜੀਤ ਸਿੰਘ ਨੂੰ ਤਦ ਸੀ ਨਾਲੇ, ਸਰਸੇ ਲਜਾ ਅਟਕਾਈ। ਲਤਾ ਬਸੰਤੀ ਓਸ ਸਮੇਂ ਸੀ ਵਿਪਦਾ ਦੇ ਮੂੰਹ ਆਈ। ਏ ਡੋਲੇ ਦੇ ਵਿਚ ਨ ਬੈਠੀ, ਮਾਤਾ ਕਹਿ ਕਹਿ ਹਾਰੀ; ਅਦਬ ਨ ਭੁੱਲਾ ਏਸ ਨਾਰ ਨੂੰ, ਵਿਚ ਇਸ ਕਹਿਰ ਕਹਾਰੀ। ਡੋਲੇ ਲੈਕੇ ਸਿੱਖ ਜੁ ਨੱਸੇ, ਨਾਲੇ ਨਸਦੀ ਜਾਵੇ; ਇਕ ਥਾਂ ਠੇਡਾ ਖਾਕੇ ਡਿੱਗੀ, ਲੁੜਕ ਪਰੇ ਪੈ ਜਾਵੇ; ਉਠ ਸੰਭਲੀ ਤੇ ਨੱਸਣ ਲਗੀ, ਤੁਰਕਾਂ ਨੇ ਫੜ ਲੀਤੀ। ਲੜਦੀ ਰਹੀ ਜ਼ੋਰ ਬਹੁ ਕਰਦੀ, ਬਹੁਤਿਆਂ ਕਾਬੂ ਕੀਤੀ। ਬੱਧੀ ਗਈ, ਦਿਲੋਂ ਪਰ ਮੂਲੋਂ ਨਾ ਮੰਨੀ ਨਾਰੀ ਹਾਰੀ। ਲੈ ਨੱਸੇ ਇਕ ਨਗਰ ਵੱਲ ਨੂੰ, ਰਾਜ ਪਠਾਣਾਂ ਭਾਰੀ। ਜਾ ਅਰਪੀ ਜਿਉਂ ਮਾਲ ਲੁੱਟ ਦਾ, ਤੁਹਫਾ ਏਹ ਨਵਾਬੀ। ਘਰ ਅਪਣੇ ਲੈ ਗਿਆ 'ਲਤਾ' ਨੂੰ, ਚਾਹੇ ਕਰਨ ਖਰਾਬੀ। ਮਾਤਾ ਦੀ ਉਹ ਸਖੀ ਅੰਤ੍ਰੰਗ, 'ਲਤਾ' ਬਸੰਤੀ ਪਜਾਰੀ। ਗੁਰ-ਪ੍ਰੇਮਣ ਸੀ ਸਿੰਘਣੀ ਸੱਚੀ, ਅੰਮ੍ਰਤ ਧਾਰਨ ਵਾਰੀ। 'ਲਤਾ' ਓਸਨੂੰ ਕਿਹਾ:-"ਦੁਸ਼ਟ ਸੁਣ, ਮੈਂ ਨੋਕਰ ਗੁਰ ਘਰ ਦੀ, ਜੋ ਤੂੰ ਜਾਣੇ ਸੋ ਮੈਂ ਨਾਹੀਂ, ਧੋਖ ਮਿਟਾ ਦੇ ਉਰ ਦੀ। ਮੈਂ ਚਖ ਅੰਮ੍ਰਿਤ ਧਰਮ ਧਾਰਿਆ, ਜਾਨ ਖੇਡਣੀ ਜਾਣਾ, ਧਰਮ ਆਤਮਾ ਨਾਲ ਜਾਵਸੀ ਮੰਨ ਗੁਰਾਂ ਦਾ ਭਾਣਾ।" ਤੁਰਕ ਕਰੇਂਦਾ ਹੀਲੇ ਡਾਢੇ, ਗਹਿਣੇ ਬਸਤ੍ਰ ਸੁਹਾਵੇ, ਦੇ ਦੇ ਚਾਹੇ ਮੁਹਣਾ ਉਸਨੂੰ, ਉਹ ਨਾ ਗਥਰ ਲਿਆਵੇ। ਮਹਿਲ ਮਾੜੀਆਂ ਬਾਗ ਬਗੀਚੇ, ਦੇਖ ਨ ਮੁੱਠੀ ਨਾਰੀ। ਉਹ ਮੁੱਠਾ ਸੀ ਸੂਰਤ ਉੱਤੇ, ਹੁਣ ਮੁੱਠਾ ਗੁਣ ਕਜਾਰੀ। ਹੀਲੇ ਲਾਲਚ ਵਾਲੇ ਹਾਰੇ, ਤਦ ਡਰ ਦਾਬਾ ਆਯਾ, ਬਹੁਤ ਅਜ਼ਾਬ ਪੁਚਾਏ ਉਸਨੇ, ਬਹੁਤਾ ਕਹਿਰ ਕਮਾਯਾ। ਫਾਕੇ ਕਈ ਕੜਾਕੇ ਦਿੱਤੇ, ਮੁਸ਼ਕਾਂ, ਮਾਰ ਕਰਾਈ, ਕੁੱਟਣ ਚੱਟੂ ਲਾਯਾ ਔਖਾ, ਚੱਕੀ ਬਹੁਤ ਪਿਸਾਈ। ਕਿਵੇਂ ਨ ਹਾਰੀ ਧਰਮ ਸੋਹਿਣੀ ਗੁਰ ਚਰਨਾਂ ਦੀ ਪਜਾਰੀ। ਆਖਰ ਵਕਤ ਕਸ਼ਟ ਦਾ ਆਯਾ, ਜ਼ੁਲਮੀ ਕਹਿਰ ਕਹਾਰੀ। ਬਦੋ ਬਦੀ ਹੁਣ ਧਰਮ ਖੁਹਣ ਦਾ ਇਹ ਹੀਲਾ ਸੀ ਬਾਕੀ, ਜਦੋਂ ਦੁਸ਼ਟ ਏ ਕਰਨੇ ਲੱਗੇ ਰਹੀ ਤਦੋਂ ਬੀ ਆਕੀ। ਅਧੀ ਰਾਤ ਬੀਤ ਸੀ ਚੁੱਕੀ, 'ਲਤਾ' ਨ ਨਿਰਬਲ ਹੋਈ, ਭੁੱਖਾਂ ਮਾਰੀ ਤੇਹਾਂ ਕੁੱਠੀ ਬਿਰਹੋਂ ਪਚ ਪਚ ਮੋਈ। ਦੁਸ਼ਟ ਜਾਣਦਾ ਨਿਰਬਲ ਨਾਰੀ, ਨਿਰਬਲ ਬਹੁਤੀ ਕੀਤੀ, ਮੰਨ ਲਏਗੀ ਹੁਣ ਤਾਂ ਕਹਿਆ, ਮੈਨੂੰ ਚੁੱਪ

*ਇਹ ਪ੍ਰਸੰਗ ੨੪ ਸਾਉਣ ਸੰ: ਗੁ: ਨਾ: ਸਾ: ੪੩੭ (੮ ਅਗਸਤ ੧੯੦੬) ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਕਰੀਤੀ। ਜ਼ਾਲਮ ਜਦੋਂ ਆ ਗਿਆ ਓਥੇ ਹੱਥ ਉਚੇਰਾ ਕੀਤਾ, ਉਸਦੀ ਕਮਰੋਂ ਖਿੱਚ ਕਟਾਰਾ 'ਲਤਾ' ਸਾਮ੍ਹਣੇ ਕੀਤਾ। ਫੁਰਤੀ ਨਾਲ ਵਾਹ ਲਿਆ ਨਿਜ ਨੂੰ, ਫੂਕ ਪੇਟ ਵਿਚ ਲੀਤਾ। ਲਹੂ ਫੁਹਾਰਾ ਛੁਟੇ ਜ਼ੋਰ ਦਾ, ਆਪਾ ਘਾਇਲ ਕੀਤਾ। ਡਿੱਗੀ ਡਿੱਗ ਧਰਾ ਤੇ ਸੁਹੰਣੀ, ਸਹਿਕ ਸਹਿਕ ਦਮ ਤੋੜੇ। ਕਾਫਰ ਖੜਾ ਵੇਖਦਾ ਹਿੰਮਤ, ਟੁਕ ਟੁਕ ਬੁੱਲ੍ਹ ਮਰੋੜੇ। ਹੁਣ ਜਾਤਾ ਉਸ ਸਿਖ ਕੀ ਹੁੰਦੇ, ਕਿਸ ਮਿੱਟੀ ਦੇ ਪੁਤਲੇ, ਕਿਸ ਧਰਤੀ ਤੇ ਤੁਰਦੇ ਦਿਸਣ, ਉਡਦੇ ਕਿਸ ਘਰ ਉਤਲੇ। ਦੇਖਦਿਆਂ ਉਹ ਠਰ ਗਈ ਦੇਹੀ, ਮਰ ਗਈ ਸੁੰਦਰ ਨਾਰੀ; ਮਰੀ ਨ, ਜੀਵੀ ਦੂਹੀਂ ਜਹਾਨੀਂ, ਧੰਨੀ ਗੁਰੂ ਸਵਾਰੀ। ਅੰਤ ਸਮੇਂ ਦੀ ਚਾਹ ਏ ਉਸਦੀ ਕਿਵੇਂ ਸੋਇ ਇਹ ਮੇਰੀ, ਮਾਤਾ ਜੀ ਦੇ ਕੰਨੀਂ ਜਾ ਪਏ:- 'ਲਤਾ ਗਈ ਸ਼ੁਧ ਤੇਰੀ'। ਪੂਰਨ ਐਕੁਰ ਹੋਈ ਇਛਾ, ਗੁਰ ਹੈ ਆਪ ਪੁਜਾਵੇ, ਆਪੇ ਰਸਤਾ ਕਢੇ ਪਜਾਰਾ, ਆਪੇ ਕਾਰ ਕਰਾਵੇ। ਜ਼ਾਲਮ ਖੌਫ ਅੱਤ ਦਾ ਖਾਧਾ, ਸਹਿਮ ਗਿਆ ਪਿਖ ਕਰਨੀ, ਤੀਮੀਂ ਜਾਤ ਬਹਾਦਰ ਐਸੀਂ, ਜਾਨ ਤਲੀ ਤੇ ਧਰਨੀ। ਹਿੰਦੂ ਇਕ ਦਾਸ ਨੂੰ ਤੜਕੇ, ਜੋ ਸੀ ਘਰ ਵਿਚ ਰਹਿੰਦਾ, ਸੱਦ ਕੰਨ ਵਿਚ ਜ਼ਾਲਮ ਉਸ ਨੂੰ, ਏਸ ਤਰ੍ਹਾਂ ਸੀ ਕਹਿੰਦਾ:- "ਚੁਪ ਚੁਪਾਤੇ ਏਸ ਨਾਰਿ ਨੂੰ ਜਾ ਕੇ ਅਗਨੀ ਸਾੜੋ। ਖਬਰ ਨ ਕਿਸੀ ਹੋਰ ਨੂੰ ਲਗੇ, ਤੁਰਤ ਚਿਖਾ ਤੇ ਚਾੜ੍ਹੋ। ਖਬਰ ਨ ਹੋਵੇ ਸਿਖਾਂ ਤਾਈਂ, ਮਤਾਂ ਪਏ ਫਿਰ ਭਰਨੀ, ਬੁਰੀ ਕੌਮ ਹੈ ਸਿਖਾਂ ਵਾਲੀ, ਕਹਿਰ ਨ ਸਕਦੇ ਜਰਨੀ"! ਏ ਨੌਕਰ ਸੀ ਸਹਿਜ ਧਾਰੀਆ, ਹਿੰਦੂ ਨਾ ਸੀ ਭਾਈ! ਸਿੱਖੀ ਸਿਦਕ ਵਿਚ ਸੀ ਪੱਕਾ, ਡਿਠੀ 'ਲਤਾ' ਕਮਾਈ! ਸੁਣਕੇ ਹੁਕਮ ਖੁਸ਼ੀ ਦਿਲ ਹੋਇਆ, ਸੱਦ ਉਸ ਵਹੁਟੀ ਅਪਣੀ, ਲਤਾ ਤਈਂ ਇਸ਼ਨਾਨ ਕਰਾਯਾ, ਦਿਤੀ ਚਾਦਰ ਖ਼ਫ਼ਨੀ। ਤਦੋਂ ਲਤਾ ਦੇ ਖੀਸੇ ਵਿਚੋਂ ਕਾਗਤ ਨਿਕਲਿਆ ਭਾਈ:-"ਮਾਤਾ ਸਾਹਿਬ ਜੀ ਨੂੰ ਕੋਈ ਦੇਵੋ ਖ਼ਬਰ ਪੁਚਾਈ। ਲਤਾ ਬਸੰਤੀ ਚਮੜ ਰਹੀ ਸੀ ਚਰਨ ਆਪ ਦੇ ਸੰਗੇ, ਚਰਨ ਛੁਟੇ ਤੇ ਸੁਕ ਗਈ ਹੈ ਮਾਰ ਕਟਾਰਾ ਅੰਗੇ। ਧਰਮ ਸੁਰਖਰੂ ਰਖੀ ਏਥੇ ਮੌਤ ਬਸੰਤੀ ਕੀਤੀ, ਸੁਰਤ ਆਪਦੇ ਚਰਨਾਂ ਅੰਦਰ ਟਰਦਮ ਹੈ ਵੇ ਸੀਤੀ। ਹੋਏ ਆਪ ਸਹਾਈ ਸਤਿਗੁਰ, ਮੈਂ ਚਰਨਾਂ ਦੀ ਬਰਦੀ, ਧਰਮ ਸ਼ਰਮ ਸੰਗ ਚਲੀ ਜਗਤ ਤੋਂ ਗੁਰ ਗੁਰ ਮੁਖ ਤੋਂ ਕਰਦੀ। ਰੰਜ ਨ ਮਾਤਾ ਕਰਨਾ ਮੇਰਾ, ਮੈਂ ਧਰਮੋਂ ਨਾ ਮੋਈ। ਜਾਨ ਮਿਰੀ ਮਰਨੀ ਸੀ ਇਕ ਦਿਨ ਇਸ ਦਾ ਦੁਖ ਨ ਕੋਈ। ਮਾਤਾ! ਬਖਸ਼ ਲਓ ਬੇਅਦਬੀ, ਜੋ ਕਰਦੀ ਮੈਂ ਰਹੀਆਂ, ਬਿਰਦ ਪਾਲਣਾਂ ਮਾਤਾ ਅਪਣਾ ਮੈਂ ਭੁਲਦੀ ਦੁਖ ਸਹੀਆਂ। ਅਗੋਂ ਹੋਣ ਜਦੋਂ ਫਿਰ ਮੇਲੇ ਲਤਾ ਨ ਮਾਤਾ! ਭੁਲੇ, ਚਰਨਾਂ ਵਿਚ ਸਮਾਣੀ ਦਾਸੀ ਲਵਾਂ ਸ਼ਰਨ ਦੇ ਬੁੱਲੇ। ਮੰਦੀ ਚੰਗੀ ਜੇਹੀ ਸਾਂ ਮੈਂ ਗੁਰ ਦੀ ਦਾਸ ਕਹਾਵਾਂ, ਬਿਰਦ ਟਕੇ ਲੈ ਗੁਰ ਦੀ ਹਿਰਦੇ, ਮਾਤਾ! ਅੱਜ ਸਿਧਾਵਾਂ"। ਓਸ ਸਿਖ ਨੇ ਪੜ੍ਹ ਏ ਕਾਗਜ਼ ਅਪਣੇ ਪਾਸ ਲੁਕਾਯਾ। ਕਰ ਮਸਕਾਰ, ਦਮਦਮੇ ਜਾਕੇ ਪਰਚਾ ਜਾਇ ਪੁਚਾਇਆ। ਪੜ ਕੇ 'ਲਤਾ ਬਸੰਤ' ਸਿਧਾਰੀ ਆਪਾ ਵਾਰ ਸਿਧਾਈ, ਮਾਤਾ ਨੈਣੋਂ ਨੀਰ ਵਹਾਯਾ, ਖ਼ਤ ਗੁਰ ਪਾਸ ਪੁਚਾਈ। ਪੜ੍ਹਕੇ ਸ੍ਰੀ ਦਸਮੇਸ਼ ਆਖਦੇ, "ਲਤਾ ਬਸੰਤ ਨ ਮੋਈ। - ਨਾ ਰਹਿਣੇ ਇਸ ਚਮਨੋਂ-ਉੱਖੜੀ, 'ਸਦਾ ਬਗੀਚੇ' ਬੋਈ। ਸਦਾ ਬਸੰਤ ਰਹੂ ਹੁਣ ਤੈਨੂੰ, ਹੇ ਤੂੰ ਧਰਮ ਪਿਆਰੀ! ਆਪੇ ਸਦਾ ਪ੍ਰਭੂ ਸੰਗ ਰਹਿਸੋਂ ਕਦੀ ਨ ਵਿਛੁੜਨ ਹਾਰੀ"। ਫਿਰ ਸੰਗਤ ਨੂੰ ਕਿਹਾ ਗੁਰਾਂ ਨੇ, ਸਿਖ ਇਕ ਮੇਰਾ ਹੋਊ। "ਏਸ 'ਲਤਾ' ਦਾ ਨਾਉਂ ਨਿਸ਼ਾਨਾ ਪੱਕਾ ਕਰਸੀ ਸੋਊ।" ਸਚ ਭਿਆ ਉਹ ਵਾਕ ਗੁਰਾਂ ਦਾ ਕਿਸੇ ਸਿਖ ਕਿਸ ਵੇਲੇ, ਮੰਦਰ ਯਾਦਗਾਰ ਇਕ ਉਸਦਾ, ਰਚਿਆ ਰੰਗ ਰਵੇਲੇ*। ਸੁਣੋਂ ਖਾਲਸਾ! ਉੱਚ ਕਮਾਈ ਕੈਸੀ ਇਸ ਨੇ ਕੀਤੀ; ਧਰਮ ਪਾਲਿਆ, ਸਿਦਕ ਨ ਹਾਰੀ ਝੱਲੀ ਜੋ ਸਿਰ ਬੀਤੀ।

*ਸ੍ਰੀ ਦਰਬਾਰ ਸਾਹਿਬ ਜੀ ਦੇ ਪੁਰਾਤਨ ਵਡੇ ਰਾਗੀਆਂ ਦੇ ਖਾਨਦਾਨ ਦੇ ਭਾਈ ਹਜ਼ੂਰਾ ਸਿੰਘ ਜੀ (ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਕਾਲਮ ੧ ਦੇ ਹੇਠ)

੭੮. ਸ੍ਰੀ ਕਲਗੀਧਰ ਜੀ ਦੀਨੇ*।

੧.

ਬੁਰਾ ਨਹੀਂ ਸਭੁ ਭਲਾ ਹੀ ਹੈ ਰੇ ਹਾਰ
ਨਹੀ ਸਭ ਜੇਤੈ॥ {ਕਾ: ਮ: ੫-੨੨}

ਦਿਨ ਤੇ ਰਾਤ ਕਬਡੀ ਖੇਡ ਰਹੇ ਹਨ। ਦੋਇ ਇਕ ਦੂਜੇ ਦੇ ਸਾਹਮਣੇ ਖੜੋਕੇ ਘੂਰੇ ਸਨ ਕਿ ਇਕ ਉੱਠ ਭਜਾ ਤੇ ਦੂਆ ਮਗਰੇ ਦੌੜ ਪਿਆ ਹੈ। ਅਗੇ ਅਗੇ ਰਾਤ ਤੇ ਮਗਰੇ ਮਗਰ ਦਿਨ। ਯਾ ਐਉਂ ਕਿ ਅਗੇ ਅਗੇ ਦਿਨ ਮਗਰੇ ਮਗਰ ਰਾਤ। ਰਾਤ ਠੰਢੀ ਤੇ ਹਨੇਰੀ, ਦਿਨ ਗਰਮ ਤੇ ਚਾਨਣਾ। ਦੁਇ ਵੇਲੇ (ਸਵੇਰੇ ਤੇ ਸੰਝ) ਦਿਨ ਤੇ ਰਾਤ ਆਮੋ ਸਾਹਮਣੇ ਮਾਨੋ ਵਿਹਰਦੇ[1] ਜਾਪਦੇ ਹਨ। ਸਵੇਰੇ ਤੇ ਸੰਝਾਂ ਵੇਲੇ ਚਾਨਣ ਤੇ ਹਨੇਰੇ ਦਾ ਮਾਨੋਂ ਸੰਗਮ ਹੁੰਦਾ ਹੈ, ਉਹ ਉਸ਼ਾ ਹੈ, ਇਸ ਵੇਲੇ ਠੰਢ ਤੇ ਗਰਮੀ ਦਾ ਬੀ ਸੰਗਮ ਹੁੰਦਾ ਹੈ, ਉਹ ਸੀਤਲਤਾ ਹੈ।

ਸਨਾਤਨ ਕਥਾ ਹੈ ਕਿ ਪ੍ਰਜਾਪਤ ਅਪਣੀ ਬੇਟੀ ਦਾ ਪ੍ਰੇਮੀ ਹੋ ਗਿਆ, ਬੇਟੀ ਅਗੇ ਅਗੇ ਉੱਠ ਨਠੀ, ਪ੍ਰਜਾਪਤ ਮਗਰੇ ਭੱਜਾ। ਦੇਖੋ ਦੁਇ ਭੱਜ ਰਹੇ ਹਨ ਪਰ ਪਕੜ ਨਹੀਂ ਸਕੇ। ਪ੍ਰਜਾਪਤ ਕੌਣ ਹੈ ਤੇ ਬੇਟੀ ਕੌਣ ਹੈ? ਬੇਟੀ ਦਾ ਨਾਮ ਉਸ਼ਾ ਹੈ ਤੇ ਬਾਪ ਦਾ ਪ੍ਰਜਾਪਤ। ਪ੍ਰਜਾਪਤ ਦਾ ਅਰਥ ਹੈ 'ਸੂਰਜ' ਤੇ ਉਸ਼ਾ ਦਾ ਅਰਥ ਹੈ 'ਪਹੁ'। ਪਹੁ ਹੈ ਰਾਤ ਮੁੱਕਣ ਤੇ ਸੂਰਜ ਚੜ੍ਹਨ ਦੇ ਵਿਚਕਾਰਲਾ ਮੱਧਮ ਚਾਨਣੇ ਦਾ ਸਮਾਂ ਤੇ ਸੂਰਜ ਡੁੱਬਣ ਤੇ ਰਾਤ ਪੈਣ ਦੇ ਵਿਚਕਾਰਲਾ ਮਿਠੇ ਪ੍ਰਕਾਸ਼ ਦਾ ਵੇਲਾ।

... ...

ਹੋਂਦ ਤੇ ਅਣਹੋਂਦ ਦੋ ਨੁਕਤੇ ਹਨ। ਸ਼ਾਹੀ ਦੀ ਬਿੰਦੀ ਵਾਂਙੂ; ਕਾਗਜ਼ ਨਾਲ ਜਕੜੇ ਨਹੀਂ ਖੜੇ, ਖੇਡ ਖੇਡ ਰਹੇ ਹਨ। ਇਕ ਦੂਜੇ ਦੇ ਸਾਹਮਣੇ ਹਨ, ਲਚਕਦੇ, ਲਿਫਦੇ, ਉਲਰਦੇ, ਪਲਮਦੇ ਤੇ ਐਉਂ ਘੁੰਮਦੇ ਹਨ ਕਿ ਜਾਣੋ ਇਕ ਦੂਜੇ ਨੂੰ ਫੜ ਲੈਣਗੇ, ਪਰ ਨਾ ਉਹ ਉਸ ਨੂੰ ਜਫੇ ਵਿਚ ਲੈਕੇ ਨਪੀੜਦਾ ਹੈ ਨਾ ਉਹ। ਦੁਹਾਂ ਦਾ ਕਿਤੇ ਆਮੋ ਸਾਹਮਣਾ ਹੈ, ਮਾਨੋ ਸੰਗਮ ਹੈ, ਇਕ ਦੂਜੇ ਤੇ ਪ੍ਰਭਾਉ ਹੈ। ਉਥੇ ਜਗਤ ਹੈ।

... ...

ਸੁਖ ਤੇ ਦੁਖ ਦੋ ਖਿਲਾਰੀ ਹਨ। ਇਕ ਦੂਏ ਦੇ ਪਿਛੇ ਪਏ ਜਾਪਦੇ ਹਨ। ਦੁਖ ਨਾਨਾ ਭਾਂਤੀ ਪੀੜਾਂ ਦਾ ਪੁਤਲਾ ਹੈ, ਸੁਖ ਨਾਨਾ ਭਾਂਤੀ ਰਸਾਂ ਦਾ ਪੁਤਲਾ ਹੈ। ਅਪਣੀ ਭਜ ਧ੍ਰੀਕ ਤੇ ਕਬਡੀ ਵਿਚ ਦੁਖ ਸੁਖ ਆਹਮੋ ਸਾਹਮਣੇ ਵਿਹਰਦੇ ਹਨ[1]। ਕਿਸ ਟਿਕਾਣੇ ਜਾਕੇ ਦੁਖ ਸੁਖ ਦਾ ਸੰਗਮ ਹੈ, ਉਹ ਸਮ ਹੈ। ਦੁਹਾਂ ਦੇ ਸੰਗਮ ਅਸਥਾਨ ਵਿਚ ਉਸ਼ਾ ਵਰਗਾ ਪ੍ਰਕਾਸ਼ ਹੈ।

... ...

ਤੰਦੂਰ ਪਿਆ ਹੈ ਠੰਢਾ, ਲਕੜਾਂ ਪਾਕੇ ਅੱਗ ਬਾਲ ਦਿੱਤੀ, ਅਲਾਂਬਿਆਂ ਨਾਲ ਭਰ ਗਿਆ। ਨਾ ਠੰਢੇ ਵਿਚ ਰੋਟੀ ਪਕਦੀ ਸੀ ਨਾਂ ਅਲਾਂਬਿਆਂ ਵਿੱਚ। ਠੰਢ ਦੂਰ ਹੋ ਗਈ, ਅਲਾਂਬੇ ਹਟ ਗਏ, ਮੱਧਮ ਸੇਕ ਹੈ। ਠੰਢ ਤੇ ਅਲਾਂਬਿਆਂ ਦੇ ਸੰਗਮ ਵਿਚ ਇਕ -ਨਿੱਘ-ਆ ਗਈ। ਹੁਣ ਰੋਟੀਆਂ ਪਕਦੀਆਂ ਹਨ।

ਦਿਨ, ਰਾਤ, ਉਸ਼ਾ, ਤ੍ਰੈ ਹਨ, ਪਰ ਤ੍ਰੈਹਾਂ ਦਾ ਕਾਰਨ ਸੂਰਜ ਹੈ। ਹੋਂਦ, ਅਣਹੋਂਦ, ਜਗਤ, ਤ੍ਰੈ ਹਨ, ਤ੍ਰੈਹਾਂ ਦਾ ਕਾਰਣ ਸੱਤ[2] ਹੈ। ਸਰਦੀ, ਗਰਮੀ, ਨਿੱਘ, ਤ੍ਰੈ ਹਨ, ਤ੍ਰੈਹਾਂ ਦਾ ਕਾਰਨ ਤੇਜ ਹੈ। ਸੁਖ, ਦੁਖ, ਸਮ, ਤ੍ਰੈ ਹਨ, ਤ੍ਰੈਹਾਂ ਦਾ ਕਾਰਨ ਆਨੰਦ ਹੈ। ਚਿਤ, ਜੜ੍ਹ, ਹਉਂ, ਤ੍ਰੈ ਹਨ, ਤ੍ਰੈਹਾਂ ਦਾ ਕਾਰਨ ਚੇਤਨ ਹੈ।

ਇਸ ਬੁਝਾਰਤ ਨੂੰ ਬੁੱਝਿਆਂ ਸੋਝੀ ਪੈਂਦੀ ਹੈ,

(☞ (ਪਿਛਲੇ ਪੰਨੇ ਦੇ ਕਾਲਮ ੨ ਦੀ ਬਾਕੀ ਟੂਕ) ਰਾਗੀ ਨੇ, ਜੋ ਥੋੜੇ ਬਰਸ ਹੋਏ ਪਰਲੋਕ ਗਏ ਹਨ, ਏਹ ਪ੍ਰਸੰਗ ਸੁਣਾਇਆ ਸੀ, ਸਾਨੂੰ ਅਜੇ ਤਕ ਜਾਕੇ 'ਲਤਾ' ਜੀ ਦਾ ਦੇਹੁਰਾ ਦੇਖਣ ਦਾ ਅਵਕਾਸ਼ ਨਹੀਂ ਮਿਲਿਆ।

---

੧. ਘੂਰ ਘੂਰ ਤਕਦੇ ਹਨ।
੨. ਅਜ਼ਲੀ ਹੋਂਦ।

---

*ਇਹ ਪ੍ਰਸੰਗ ਗੁਰਪੁਰਬ ਪੋਹ ਸੁਦੀ ਸਪਤਮੀ ਸੰ: ਗੁ: ਨਾ: ਸਾ: ੪੬੬ ਪੋਹ ਦੀ ੨੮ ਸੰ: ੧੯੯੧ ਬਿ: ਸ਼ੁਕਰਵਾਰ (੧੧ ਜਨਵਰੀ ੧੯੩੫) ਨੂੰ ਖਾਲਸਾ ਸਮਾਚਾਰ ਵਿਖੇ ਤੇ ਵੱਖਰਾ ਹਜ਼ਾਰਾਂ ਦੀ ਗਿਣਤੀ ਵਿਚ ਛਪਕੇ ਸੰਗਤਾਂ ਵਿਚ ਪ੍ਰਚਾਰਿਆ ਗਿਆ ਸੀ।

ਸੋਝੀ ਨਿਰਮਲਤਾ ਹੈ, ਨਿਰਮਲਤਾ ਬਲ ਹੈ। ਇਹ ਬਲ ਆਤਮਿਕ ਹੈ। ਇਹ ਬਲ ਸਰਬ ਸਮਰੱਥਾ ਦੇ ਸਮੁੰਦਰ ਨਾਲ ਸਾਂਝੀਵਾਲ ਹੋ ਜਾਣ ਕਰਕੇ ਸ਼ਿਰੋਮਣੀ ਬਲ ਹੈ। ਇਕ ਬਲ ਮਾਨਸਿਕ ਹੈ; ਜਿਸ ਵਿਚ ਬੁੱਧੀ ਦਾ ਤਾਣ ਹੈ ਤੇ ਹਿਰਦੇ ਇਸਥਿਤ ਉਚੇ ਸ਼ੀਲ ਦੀ ਤਾਕ਼ਤ ਹੈ। ਹਾਂ, ਇਕ ਬਲ ਸਰੀਰਕ ਹੈ। ਇਕ ਬਲ ਕੁਦਰਤ ਨੇ ਪਦਾਰਥਾਂ ਵਿਚ ਰਖਿਆ ਹੈ। ਸੋ ਸਾਰੇ ਬਲਾਂ-ਆਤਮਿਕ, ਮਾਨਸਿਕ, ਸਰੀਰਕ, ਪਦਾਰਥਕ-ਦੇ ਮਾਲਕ ਸਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇ ਜੀਵਨ ਦੀ ਇਕ ਦੁਖਾਂ ਭਰੀ ਅਵਸਥਾ ਪਿਛਲੇ ਪ੍ਰਸੰਗਾਂ ਵਿਚ ਤੱਕਦੇ ਆਏ ਹਾਂ। ਖਿਆਲ ਕਰੋ ਗੁਲਾਬੇ ਦੇ ਪਿਆਰ ਦਾ ਪਰ ਉਸਦੇ ਡਰਨ ਦਾ। ਕੋਈ ਡਰ ਸਰੀਰਕ ਯਾ ਮਾਨਸਿਕ ਕਮਜ਼ੋਰੀ ਤੋਂ ਪੈਦਾ ਹੁੰਦਾ ਹੈ ਪਰ ਕਦੇ ਕਦੇ ਬਹੁਤੀ ਸੋਚ ਤੇ ਇਹਤਜਾਤ ਵਾਲੀ ਦੂਰੰਦੇਸ਼ੀ ਤੋਂ ਬੀ ਡਰ ਉਪਜ ਪੈਂਦਾ ਹੈ। ਇਸ ਤਰ੍ਹਾਂ ਦੇ ਕਿਸੇ ਹਾਲ ਵਿਚ ਗੁਲਾਬੇ ਨੇ ਆਖਿਆ ਸੀ 'ਮਹਾਰਾਜ ਆਪ ਹੁਣ ਕੂਚ ਕਰੋ ਤਾਂ ਚੰਗਾ ਹੈ।' ਸਾਹਿਬ ਬੋਲੇ: 'ਘਬਰਾ ਨਹੀਂ, ਡਰ ਨਹੀਂ, ਅਸੀਂ ਇਥੇ ਟਿਕਣ ਵਾਸਤੇ ਨਹੀਂ ਠਹਿਰੇ, ਤੂੰ ਡਰ ਨਹੀਂ, ਤੇਰਾ ਵਾਲ ਵਿੰਗਾ ਨਹੀਂ ਹੋਵੇਗਾ'। ਪਰ ਗੁਲਾਬਾ ਕਹਿ ਰਿਹਾ ਹੈ:-'ਪਾਤਸ਼ਾਹ! ਤੁਰਕਾਂ ਦੇ ਸੂੰਹੀਏ ਫਿਰ ਰਹੇ ਹਨ, ਆਪ ਦੀ ਸਲਾਮਤੀ ਟੁਰ ਜਾਣ ਵਿਚ ਹੈ ਤੇ ਮੇਰੀ ਸਲਾਮਤੀ ਮੇਰੇ ਘਰ ਖਾਲੀ ਹੋ ਜਾਣ ਵਿਚ ਹੈ। ਮੈਂ ਸਿਦਕ ਵਿਚ ਬੀ ਹਾਂ। ਮੈਂ ਡਰਦਾ ਬੀ ਹਾਂ'।

ਬਲਾਂ ਦੇ ਸ੍ਵਾਮੀ ਹੱਸੇ ਤੇ ਸੋਚਣ ਲੱਗੇ 'ਸਿਦਕ ਤੇ ਡਰ! ਹੱਛਾ ਦੁਇ ਸਹੀ। ਚੰਗਾ ਚਲੋ ਬਈ।'.... ਚੱਲ ਪਏ। ਜਾਂਦੇ ਜਾਂਦੇ ਇਕ ਅਪਣਾ ਵਰੋਸਾਇਆ ਜ਼ਿਮੀਂਦਾਰ ਮਿਲਿਆ। ਆਖਣ ਲੱਗੇ 'ਫੱਤਿਆ, ਘੋੜੀ ਤਾਂ ਲਿਆ ਦੇ, ਇਸ ਵੇਲੇ ਲੋੜ ਹੈ'। ਫੱਤਾ ਡਰਿਆ, ਘੋੜੀ ਦਾ ਮੋਹ ਫੁਰਿਆ, ਵਲਾ ਕਰਨ ਲੱਗਾ, 'ਮਹਾਰਾਜ! ਘੋੜੀ ਤਾਂ ਹੈ ਨਹੀਂ'। ਦੇਖੋ ਜਿਸ ਦੇ ਦੁਆਰੇ ਹਜ਼ਾਰਹਾ ਰੁਪੈ ਦੀ ਕੀਮਤ ਦੇ ਘੋੜੇ ਸਨ, ਜਿਸ ਦੀ ਫੌਜ ਦੇ ਇਕ ਇਕ ਸਿਪਾਹੀ ਪਾਸ ਹਜ਼ਾਰ ਹਜ਼ਾਰ ਰੁਪੈ ਦਾ ਘੋੜਾ ਹੁੰਦਾ ਸੀ ਉਹ ਅੱਜ ਇਕ ਘੋੜੀ ਮੰਗ ਰਿਹਾ ਹੈ ਤੇ ਅੱਗੋਂ ਨਾਂਹ ਹੁੰਦੀ ਹੈ। ਨਾਂਹ ਕੌਣ ਕਰਦਾ ਹੈ? ਆਪਣਾ ਸੇਵਕ, ਪਿਆਰ ਕਰਨ ਵਾਲਾ ਤੇ ਪਜਾਰਿਆ ਗਿਆ। ਹੈ ਕਿ ਨਾ ਦਿਲ ਤੋੜ ਦੇਣ ਵਾਲਾ ਮਾਮਲਾ।

ਆਖਦੇ ਹਨ ਮਨਸੂਰ ਨੂੰ ਸੂਲੀ ਚਾੜ੍ਹਨ ਦਾ ਹੁਕਮ ਸ਼ਰਅ ਦੇ ਕਾਜ਼ੀਆਂ ਨੇ ਦੇ ਦਿੱਤਾ। ਮਨਸੂਰ ਜਾ ਰਿਹਾ ਹੈ ਸੂਲੀ ਚੜ੍ਹਨ। ਖ਼ਲਕਤ ਬਜ਼ਾਰਾਂ ਵਿਚ ਜੁੜੀ ਖੜੀ ਹੈ। ਕੋਈ ਤਮਾਸ਼ਾ ਦੇਖਣ ਤੇ ਕੋਈ ਪਿਆਰ ਤਰਸ ਨਾਲ ਅੱਥਰੂ ਵਰਾਉਣ ਅਤੇ ਕੋਈ ਸ਼ਰਅ ਵਾਲਿਆਂ ਦੀ ਸੰਗਦਿਲੀ ਤੇ ਫਿਟ-ਕਾਰਾਂ ਪਾਉਣ। ਪਰ ਇਨ੍ਹਾਂ ਖੜਿਆਂ ਨੂੰ ਹੁਕਮ ਆਇਆ ਹੈ ਕਿ ਲੰਘਦੇ ਮਨਸੂਰ ਨੂੰ ਰੋੜੇ ਮਾਰੋ। ਜੋ ਨਾ ਮਾਰੇਗਾ ਸਜ਼ਾ ਪਾਏਗਾ। ਮਨਸੂਰ ਜਾ ਰਿਹਾ ਹੈ, ਬੇਡਰ। ਰੋੜੇ ਪੈਂਦੇ ਹਨ, ਸ਼ਰਈ ਲੋਕ ਥੁੱਕਦੇ ਹਨ, ਲਾਨਤਾਂ ਭੇਜਦੇ ਹਨ, ਪਰ ਉਹ ਅਪਣੇ ਰੰਗ ਵਿਚ ਜਾ ਰਿਹਾ ਹੈ।

ਸ਼ਿਬਲੀ ਖੜਾ ਸੀ, ਇਹ ਉਸ ਮਨਸੂਰ ਦਾ ਗੁਰਭਾਈ ਸੀ, ਪਿਆਰਾ ਮਿੱਤ੍ਰ ਸੀ, ਮਨਸੂਰ ਨੂੰ ਸਮਝਦਾ ਸੀ ਸੱਚਾ ਹੈ ਤੇ ਕਾਜ਼ੀ ਝੂਠੇ ਹਨ, ਪਰ ਸ਼ਰਅ ਦਾ ਹੁਕਮ ਸੀ ਰੋੜੇ ਮਾਰਨ ਦਾ। ਜੀ ਨਹੀਂ ਸਹਿੰਦਾ ਕਿ ਮਿਤ੍ਰ ਨੂੰ ਤੇ ਬੇਗੁਨਾਹ ਨੂੰ ਰੋੜਾ ਮਾਰੇ, ਪਰ ਸ਼ਰਅ ਦਾ ਭੈ ਹੈ, ਇਸ ਕਰਕੇ ਇਸ ਨੇ ਇਕ ਫੁਲ ਚਾ ਮਾਰਿਆ। ਫੁਲ ਵੱਜਾ, ਮਨਸੂਰ ਨੇ ਡਿੱਠਾ ਕਿ ਮਿੱਤਰ ਵਲੋਂ ਆਇਆ ਹੈ। ਜਿੱਥੇ ਫੁੱਲ ਵੱਜਾ ਸੀ, ਮਨਸੂਰ ਨੂੰ ਤੜਪ ਪੈਦਾ ਹੋਈ, ਓਥੇ ਹੱਥ ਵੱਜਾ, ਨੈਣ ਭਰ ਆਏ ਤੇ 'ਹਾਏ ਪੀੜ' ਦੀ ਸਦਾ ਆਈ। ਲੋਕੀਂ ਹੈਰਾਨ ਸਨ ਕਿ ਹੈਂ ਰੋੜਿਆਂ ਤੇ ਪੱਥਰਾਂ ਦੀ ਮਾਰ ਨੇ ਹਾਇ ਨੂੰ ਨਾ ਸੱਦ ਲਿਆ, ਇਸ ਫੁਲ ਨੇ ਕਿਉਂ 'ਹਾਇ' ਨੂੰ ਕੰਨੋਂ ਫੜ ਆਂਦਾ ਹੈ। ਕਹਿੰਦੇ ਹਨ ਕਿ ਪਲ ਮਗਰੋਂ ਲੋਕੀਂ ਬੀ ਸਮਝ ਗਏ ਕਿ ਮਨਸੂਰ ਕਿਉਂ ਰੋਇਆ ਸੀ-ਸ਼ਿਬਲੀ ਮਿੱਤ੍ਰ ਨੂੰ ਰੋੜੇ ਮਾਰਨ ਵਾਲਿਆਂ ਵਿਚ ਨਹੀਂ ਖੜੋਣਾ ਚਾਹੀਦਾ ਸੀ। ਇਸ ਤੋਂ ਵੱਧ ਦਿਲ ਤੋੜਨ ਵਾਲੀ ਗੱਲ ਕੀਹ ਹੋਵੇ ਕਿ ਮਹਿਰਮ ਬੀ ਮਾਰਨ ਵਾਲਾ ਹੋ ਜਾਵੇ। ਮਨਸੂਰ ਰੋ ਪੈਣ ਵਿਚ ਸੱਚਾ ਸੀ, ਮਿੱਤ੍ਰ ਹੋਵੇ ਤੇ ਉਹ ਬੀ ਮਾਰਨ ਵਾਲਿਆਂ ਵਿਚ ਹੋਵੇ! ਚਾਹੋ ਫੁੱਲ ਹੀ ਮਾਰੇ, ਇਹ ਸੀ ਮਨਸੂਰ ਨੂੰ ਮਾਨਸਿਕ ਪੀੜਾ। ਮਨਸੂਰ ਮਨੁੱਖ ਸੀ। ਸਾਹਿਬ ਸ੍ਰੀ ਗੁਰੂ ਗੋਬਿੰਦ

ਸਿੰਘ ਜੀ ਸੇ ਭਗਵੰਤ ਰੂਪ, ਟਾਕਰਾ ਕਰਨਾ ਬੀ ਬੇ-ਅਦਬੀ ਹੈ, ਪਰ ਗੱਲ ਸਮਝਣ ਮਾਤ੍ਰ ਲਈ ਦੇਖੋ ਘਰ ਦੇ ਵਰੋਸਾਏ ਮਹਿਰਮ ਤੇ ਮਿੱਤ੍ਰ ਗੁਲਾਬੇ ਨੇ ਘਰ ਰੱਖਕੇ ਸੇਵਾ ਕਰਕੇ ਫਿਰ ਆਖਿਆ ਕਿ ਦੁਸ਼ਮਨ ਆਪਦੇ ਆ ਗਏ ਹਨ ਤੇ ਹੁਣ ਮੇਰੇ ਘਰੋਂ ਵਿਦਾ ਹੋ ਜਾਓ, ਮੈਨੂੰ ਨਾ ਫੜ ਲੈਣ। ਇਹਦੇ ਮਰਾਰੋਂ ਮਹਿਰਮ ਤੇ ਸਿੱਖ 'ਫੱਤਾ' ਆਖਦਾ ਹੈ, ਘੋੜੀ ਹੈ ਨਹੀਂ। ਘੋੜੀ ਹੈ, ਦੇ ਦੇਵੇ ਤਾਂ ਓਹ ਦੁਸ਼ਮਨ ਦੀ ਜ਼ਦ ਵਿਚੋਂ ਛੇਤੀ ਹੀ ਨਿਕਲ ਜਾਣ। ਪਰ ਉਮਨੂੰ ਘੋੜੀ ਵਧੀਕ ਪਿਆਰੀ ਹੈ ਉਸਤੋਂ ਜੋ ਉਸ ਲਈ ਤੇ ਉਸ ਦੇ ਦੇਸ਼ ਵਾਸੀਆਂ ਲਈ ਘੋੜੇ, ਲਸ਼ਕਰ, ਫੌਜਾਂ ਘਰ ਬਾਰ, ਕਿਲ੍ਹੇ, ਪੁੱਤ੍ਰ, ਪਰਵਾਰ ਵਾਰ ਕੇ ਆ ਰਿਹਾ ਹੈ। ਏਥੇ ਹੀ ਬੱਸ ਨਹੀਂ। ਅੱਗੇ ਅਪਣੇ ਗੁਰੂ ਘਰ ਦੇ ਵਰੋਸਾਏ ਬਾਬੇ ਕ੍ਰਿਪਾਲ ਦੇ ਡੇਰੇ ਦੇ ਮਹੰਤ ਪਾਸ ਜਾਕੇ ਇਕ ਰਾਤ ਦਾ ਰੈਣ ਬਸੇਰਾ ਮੰਗਦੇ ਹਨ, ਇਕ ਅੱਧੇ ਦਿਨ ਲਈ ਆਰਾਮ ਚਾਹੁੰਦੇ ਹਨ, ਪਰ ਮਹੰਤ ਆਖਦਾ ਹੈ, ਨਹੀਂ, ਮੈਂ ਤੁਰਕਾਂ ਤੋਂ ਡਰਦਾ ਹਾਂ, ਆਪ ਧਾਈ ਕਰੋ ਤੇ ਏਥੇ ਨਾ ਟਿਕੋ।

ਇਹ ਡੇਰਾ ਅਪਣਿਆਂ ਦਾ ਹੈ, ਮਹਿਰਮਾਂ ਦਾ ਹੈ, ਉਨ੍ਹਾਂ ਦਾ ਹੈ ਜਿਨ੍ਹਾਂ ਅੱਜ ਬੀ ਚਰਨਾਂ ਤੇ ਸੀਸ ਧਰਿਆ ਹੈ। ਪਰ ਕਿਡੀ ਦਿਲ ਤੋੜਵੀਂ ਗਲ ਕਹਿ ਰਹੇ ਹਨ ਕਿ ਤੁਰਕਾਂ ਤੋਂ ਡਰਦੇ ਹਾਂ, ਤੁਹਾਨੂੰ ਲੁਕਾ ਕੇ ਬੀ ਨਹੀਂ ਇਕ ਅੱਧਾ ਦਿਨ ਰੱਖ ਸਕਦੇ, ਜਾਓ ਤੇ ਛੇਤੀ ਜਾਓ। ਐਡੇ ਦਿਲੀ ਮਿੱਤ੍ਰਾਂ ਵਲੋਂ ਭੀੜ ਪਈ ਤੇ ਟੋਏ ਮਿਲਣੇ ਕਿਡੇ ਦਿਲ ਤੋੜਨ ਵਾਲੇ ਹਨ। ਪਰ ਮਹਾਂ ਬਲੀ ਜੀ ਦਿਲ ਨਹੀਂ ਤੋੜਦੇ, ਬੇਕਸਰ ਮਜ਼ਬੂਤ ਹਨ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ॥

(ਸੋ: ਮ: ੯-੧੧)

ਹਾਂ, ਇਸ ਬਲਵਾਨ ਮਹਾਂ ਬਲੀ ਜੀ ਨੇ ਆਪ ਆਖਿਆ ਹੈ ਆਪਣੇ ਬਲਾਂ ਦੇ ਸਮੁੰਦਰ ਨੂੰ:- **'ਨਮੋ ਤਾਨ ਤਾਨੇ'**। ਏਹ ਕੌਣ ਹਨ? ਏਹ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਰਬ ਸ਼ਕਤੀਆਂ ਦੇ ਮਾਲਕ। ਜਿਨ੍ਹਾਂ ਦਾ ਅਸੂਲ ਹੈ:-

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥

(ਕਾਨ: ਮ: ੫-੨੨)

ਦੇਖੋ ਅਜ ਆਪ ਮਨਸੂਰ ਵਾਂਙੂ ਬਿਪਤਾ ਵਿਚ ਹਨ। ਬਿਪਤਾ ਦੇ ਕਾਰਨ ਜੁਵਾਬ ਲੈ ਰਹੇ ਹਨ ਆਪਣਿਆਂ ਤੋਂ। ਮਨਸੂਰ ਵਾਂਙੂ ਦਿਲ ਤੋੜ ਤਜਰਬਿਆਂ ਵਿਚੋਂ ਲੰਘ ਰਹੇ ਹਨ, ਪਰ ਮਨਸੂਰ ਵਾਂਙੂ ਦਿਲ ਤੋੜਦੇ ਨਹੀਂ, ਬਿਪਤਾ ਨੂੰ ਬਿਪਤਾ ਨਹੀਂ ਸਮਝਦੇ ਤੇ ਉਸੇ ਅਪਣੇ ਅਝਵੇਂ ਅਝੁਕ ਰੰਗ ਚਲੇ ਜਾ ਰਹੇ ਹਨ। ਕਿਸੇ ਨਾਲ ਜਾ ਰਹੇ ਸਾਥੀ ਨੇ ਇਹ ਆਪਣਿਆਂ ਦੇ ਸਲੂਕਾਂ ਨੂੰ ਵੇਖਕੇ ਆਪ ਤੋਂ ਪੁੱਛਿਆ 'ਹੁਣ ਸਲਾਮਤੀ ਦੇ ਘਰ ਪੁੱਜ ਕੇ ਕੀਹ ਕਰੋਗੇ?' ਤਾਂ ਉਨ੍ਹਾਂ ਦਾ ਜੀਵਨ ਦੱਸਦਾ ਹੈ ਕਿ ਜੁਵਾਬ ਇਸ ਤਰ੍ਹਾਂ ਦਾ ਸੀ ਕਿ 'ਜੋ ਕਰ ਆਏ ਹਾਂ। ਪਰਜਾ ਦਾ ਭਾਰ ਹਰਾਂਗੇ। ਦੁਖ ਝੱਲਕੇ ਦੁਖ ਦੂਰ ਕਰਾਂਗੇ। ਇਨ੍ਹਾਂ ਨਿਤਾਣਿਆਂ ਦੀ ਰਖਜਾ ਕਰਾਂਗੇ।' ਇਹ ਸੀ ਅਵ-ਸਥਾ ਉਸ ਬਲਵਾਨ ਜੀ ਦੀ ਜੋ ਦਿਨ ਰਾਤ, ਦੁਖ ਸੁਖ, ਹੋਂਦ ਅਣਹੋਂਦ, ਜਿੰਦ ਜੜ, ਸਭ ਦੇ ਮਗਰ 'ਸਤਿ' ਸਰੂਪ ਸੂਰਜ ਨੂੰ ਦੇਖਦੇ ਸਨ ਤੇ ਉਸਨੂੰ ਆਖਦੇ ਸਨ **'ਨਮੋ ਤਾਨ ਤਾਨੇ'** ਤੇ ਆਖਦੇ ਆਖਦੇ ਉਸ ਤਾਨ ਸਮੁੰਦਰ ਨਾਲ ਅਭੇਦ ਹੋ ਜਾਂਦੇ ਸਨ ਤੇ **'ਨਮਸਤੰ ਅਜੀਤੇ ਨਮਸਤੰ ਅਭੀਤੇ'** ਕਹਿੰਦੇ ਕਹਿੰਦੇ ਨੈਣ ਖੁੱਲ੍ਹਦੇ ਸਨ, ਤਾਂ **'ਨਮਸਤੰ ਜਰਾਰੰ'** ਕਹਿੰਦੇ ਸੀਸ ਝੁਕਾਉਂਦੇ ਸਨ।

ਇਸ ਤਰ੍ਹਾਂ ਅਭੈ ਤੇ ਅਜਿੱਤ ਦਿਲ ਵਾਲੇ ਮਹਾਂ ਬਲੀ ਜੀ ਹਰ ਕਦਮ ਤੇ ਦੁਸ਼ਮਨ ਦੇ ਭੈ ਮੰਡਲ ਵਿਚੋਂ, ਅਭੈ ਅਜੈ ਰੰਗ ਨਾਲ ਜਾਂਦੇ ਜਾਂਦੇ ਜਦੋਂ ਰਾਇ ਕੱਲੇ ਪਾਸ ਪਹੁੰਚੇ ਤਾਂ ਉਸ ਨੇ ਬੜੇ ਆਦਰ ਸਤਿਕਾਰ ਨਾਲ ਪਾਸ ਉਤਾਰਿਆ।

ਇਥੋਂ ਹੁਣ ਸ੍ਰੀ ਗੁਰੂ ਜੀ ਅਗੇ ਟੁਰੇ। ਉਧਰ ਦੇ ਲੋਕੀ ਦੱਸਦੇ ਹਨ ਕਿ ਅਜੇ ਸਾਹਿਬ ਰਾਇਕੋਟ ਦੇ ਇਲਾਕੇ ਆਏ ਹੀ ਸਨ ਤੇ ਰਾਇ ਕੱਲਾ ਅਜੇ ਨਹੀਂ ਸੀ ਮਿਲਿਆ ਕਿ ਆਪ ਨੇ ਗੁੱਜਰ ਜਾਂਦੇ ਵੇਖੇ, ਉਨ੍ਹਾਂ ਤੋਂ ਦੁੱਧ ਮੰਗਿਆ, ਪਰ ਉਨ੍ਹਾਂ ਨੇ ਦੁੱਧ ਦੇਣ ਦੀ ਥਾਂ, ਹਾਂ ਪੈਸੇ ਬੀ ਲੈਕੇ ਦੇਣ ਦੀ ਥਾਂ, ਮਸ਼ਕਰੀ ਕੀਤੀ। ਕਹਿਣ ਲਗੇ 'ਗਊਆਂ ਲਵੇਰੀਆਂ ਨਹੀਂ, ਪਿਛੇ ਆ ਰਿਹਾ ਹੈ ਲਵੇਰੀਆਂ ਵਾਲਾ'। ਜਦੋਂ ਮਗਰਲਾ ਮਾਹੀ ਆ ਪੁਜਾ ਤੇ ਉਸ ਤੋਂ ਦੁੱਧ ਮੰਗਿਆ ਤਾਂ ਉਸ ਸੋਝੀ ਵਾਲੇ ਨੇ ਚਰਨਾਂ ਤੇ ਸਿਰ ਧਰਿਆ ਤੇ ਆਖਿਆ 'ਦੁਧ ਆਪ ਤੋਂ ਸਦਕੇ ਨਾ

ਕਰਾਂ ਪਰ ਲਵੇਰੀਆਂ ਅਗੇ ਲੰਘ ਗਈਆਂ ਹਨ। ਇਹ ਤਾਂ ਦੁਧੋਂ ਭਜੀਆਂ ਹੋਈਆਂ ਹਨ ਜੋ ਮੇਰੇ ਨਾਲ ਹਨ, ਓਹ ਜੋ ਆਪ ਨੂੰ ਦੱਸ ਗਏ ਹਨ ਮੂਰਖ ਸਨ, ਆਪ ਨਾਲ ਮਸ਼ਕਰੀ ਕਰ ਗਏ ਹਨ।' ਸਾਹਿਬ ਬੋਲੇ:-'ਮਸ਼ਕਰੀਆਂ ਬੀ ਕਰਨ ਲਈ ਹੀ ਬਣੀਆਂ ਹਨ। ਭਰਿਆ ਪੁਰਖਾ! ਬਹਿ ਜਾ, ਦੁੱਧ ਥਣਾਂ ਵਿਚ ਸਾਂਈ ਪਾਉਂਦਾ ਹੈ, ਚੋ ਦੇ'। ਮਾਹੀ ਭਰੋਸੇ ਵਾਲਾ ਬੰਦਾ ਸੀ, ਦੇਖ ਰਿਹਾ ਸੀ ਕਿ ਸਾਈਂ ਲੋਕ ਹਨ, ਤਿਆਰ ਹੋ ਪਿਆ। ਇਕ ਲੋਟਾ ਸੀ ਜੋ ਛੇਕੋ ਛੇਕ ਸੀ, ਇਸ ਵਿਚ ਮਾਹੀ ਇਕ ਗਾਂ ਦਾ ਦੁਧ ਚੋਣ ਬਹਿ ਗਿਆ। ਭੱਜੀ ਹੋਈ ਯਾ ਭਜ ਰਹੀ ਗਾਂ ਦੇ ਥਣਾਂ ਵਿਚ ਦੁਧ ਆ ਗਿਆ। ਮਾਹੀ ਚੋਵੇ, ਦੁਧ ਲੋਟੇ ਵਿਚ ਪਵੇ, ਕੁਛ ਰਹੇ ਕੁਛ ਛੇਕਾਂ ਥਾਣੀ ਵਹਿ ਜਾਵੇ। ਜਦੋਂ ਸਾਰਾ ਲੋਟਾ ਭਰ ਗਿਆ ਤਾਂ ਦੁਧ ਵਹਿਣੋ ਬੰਦ ਹੋ ਗਿਆ।

ਸਿਦਕ ਵਾਲਾ ਮਾਹੀ ਭਰਿਆ ਲੋਟਾ ਲੈਕੇ ਹਾਜ਼ਰ ਹੋ ਗਿਆ। ਆਪ ਨੇ ਦੁਧ ਵਰਤ ਲਿਆ। ਤੇ **"ਬਿਸ੍ਵੰਭਰ ਹੈਂ" "ਸਰਬੰ ਭਰ ਹੈਂ"** ਕਹਿੰਦਿਆਂ ਖਾਲੀ ਲੋਟਾ ਮਾਹੀ ਨੂੰ ਦੇ ਦਿਤਾ। ਫੁਰਮਾਯਾ ਇਹ ਰੱਖ ਲੈ, ਹੈ ਤਾਂ ਇਹ ਛੇਕੋ ਛੇਕ ਪਰ ਤੈਨੂੰ ਰਜਾ-ਵੇਗਾ। ਇਹ ਲੋਟਾ ਉਸ ਮਾਹੀ ਦੇ ਖਾਨਦਾਨ ਵਿਚ ਯਾ ਉਨ੍ਹਾਂ ਤੋਂ ਮਿਲਿਆ ਕਿਸੇ ਹੋਰ ਖਾਨਦਾਨ ਪਾਸ ਅਜੇ ਬੀ ਹੈ। ਦੇਖਣ ਵਾਲੇ ਦੱਸਦੇ ਹਨ ਕਿ ਇਹ ਲੋਟਾ ਛੇਕਾਂ ਵਾਲਾ ਹੈ; ਹੁਣ ਬੀ ਪਾਣੀ ਪਾਓ ਤਾਂ ਪਹਿਲੋਂ ਚੋਂਦਾ ਹੈ, ਜਦੋਂ ਭਰ ਜਾਂਦਾ ਹੈ, ਫਿਰ ਨਹੀਂ ਚੋਂਦਾ।

੨.

ਰਾਇਕੱਲੇ ਤੋਂ ਵਿਦਾ ਹੋਕੇ ਆਪ ਹੁਣ ਅਗੇ ਨੂੰ ਚਲੇ ਜਾ ਰਹੇ ਸਨ ਕਿ ਅਗੋਂ ਇਕ ਸਿੰਘ ਮਿਲਿਆ ਕਹਿੰਦੇ ਹਨ ਨਿਗਾਹੀਆ ਸਿੰਘ*, ਇਸ ਨੇ ਇਕ ਘੋੜਾ ਅਰਪਨ ਕੀਤਾ:-

ਪਰਜੋ ਜ਼ੀਨ ਜਿਸ ਪਾਸ ਤੁਰੰਗਾ॥ ਦੀਰਘ ਚਾਲ ਚਪਲ ਬਲ ਸੰਗਾ॥ ਅਰਪਨ ਕਰਜੋ ਹਾਥ ਜੁਗੁ ਜੇਰੇ॥ ਸ੍ਰੀ ਪ੍ਰਭੁ ਤਬ ਅਰੋਹਿ ਕਰਿ ਘੋਰੇ॥ {ਸੂ: ਪ੍:}

ਹੁਣ ਘੋੜੇ ਤੇ ਚੜ੍ਹੇ ਜੰਗਲ ਦੇਸ਼ ਨੂੰ ਜਾ ਰਹੇ ਹਨ, ਦਿਲ ਵਿਉਂਤਾਂ ਸੋਚ ਰਿਹਾ ਹੈ ਕਿ ਜੇ ਸਿਰ੍ਹੰਦੀ ਆਇਆ ਤਾਂ ਉਸ ਨਾਲ ਮੁੱਠ ਭੇੜ ਕਰਨੀ ਪੈਣੀ ਹੈ, ਸੋ ਕਰਾਂਗੇ। ਇੰਨੇ ਨੂੰ ਦੀਨਾ ਪਿੰਡ ਆ ਗਿਆ।

ਲਿਖਿਆ ਹੈ ਕਿ ਇਹ ਪਿੰਡ ਕਾਂਗੜ ਵਿਚੋਂ ਨਿਕਲਕੇ ਵਸਿਆ ਸੀ*। ਕਾਂਗੜ ਓਹ ਥਾਂ ਹੈ ਜਿਥੇ ਰਾਇ ਜੋਧ ਹੋਇਆ ਹੈ। ਇਸ ਜੋਧੇ ਨੇ ਛੇਵੇਂ ਗੁਰੂ ਜੀ ਦੀ ਸੇਵਾ ਵਿਚ ਹੋਕੇ ਭਾਰੀ ਜੁੱਧ ਕੀਤਾ ਸੀ। ਆਪਣੀ ਫੌਜ ਸਮੇਤ ਸਤਿਗੁਰਾਂ ਦੇ ਦਲ ਵਿਚ ਆਕੇ ਤੁਰਕਾਂ ਨਾਲ ਲੜਿਆ ਸੀ। ਗੁਰੂ ਕੀ ਫਤੇ ਹੋਈ ਸੀ ਤੇ ਤੁਰਕ ਦਲ ਹਾਰ ਖਾਕੇ ਤਬਾਹ ਹੋਇਆ ਸੀ। ਇਹ ਘਰਾਣਾ ਤਦ ਤੋਂ ਹੀ ਗੁਰੂ ਕਾ ਸਿਖ ਸੀ। ਰਾਇ ਜੋਧ ਦੇ ਇਸ ਵੇਲੇ ਤ੍ਰੈ ਪੋਤ੍ਰੇ ਸਨ। ਚੌਧਰੀ ਸ਼ਮੀਰ, ਲਖਮੀਰ ਤੇ ਤਖਤ ਮਲ। ਇਨ੍ਹਾਂ ਨੇ ਜਦ ਸੁਣਿਆਂ ਕਿ ਗੁਰੂ ਜੀ ਆ ਰਹੇ ਹਨ ਤਾਂ ਤਿਆਰ ਹੋਕੇ ਭੇਟਾ ਹੱਥਾਂ ਵਿਚ ਲੈਕੇ ਅਗਲ-ਵਾਂਢੀ ਮੱਧੇ ਪਿੰਡ ਗੁਰੂ ਜੀ ਨੂੰ ਜਾ ਮਿਲੇ। ਰਕਾਬਾਂ ਵਿਚ ਪਏ ਚਰਨਾਂ ਤੇ ਸੀਸ ਧਰਕੇ ਭੇਟਾ ਅਰਪਨ ਕੀਤੀਆਂ। ਸਤਿਗੁਰਾਂ ਨੇ ਸੁਖਸਾਂਦ ਪੁਛੀ। ਤ੍ਰੈਏ ਸੂਰਮੇ ਸਾਹਿਬਜ਼ਾਦਿਆਂ ਦੇ ਸਾਕਿਆਂ ਪਰ ਅਤਿ ਪਿਆਰ ਤੇ ਹਮਦਰਦੀ ਦੇ ਅੱਖਰੂ ਕੇਰਕੇ ਰੁੰਨੇ। ਫਿਰ ਬਿਨੈ ਕੀਤੀਓ ਨੇ ਕਿ ਅਸੀਂ ਕਦੀਮੀ ਸਿਖ ਗੁਰੂ ਘਰ ਦੇ ਹਾਂ ਤੁਸਾਂ ਬੜੀ ਮੇਹਰ ਕੀਤੀ ਹੈ ਕਿ ਇਧਰ ਆਏ ਹੋ, ਹੁਣ ਚੱਲੋ ਤੇ ਆਪਣੇ ਘਰਾਂ ਨੂੰ ਭਾਗ ਲਾਓ।

ਕਿਸੇ ਨੂੰ ਖੇਚਲ ਵਿਚ ਪਾਕੇ ਖੁਸ਼ ਨਾ ਹੋਣ ਵਾਲੇ ਗੁਰੂ ਜੀ ਬੋਲੇ:-

'ਭਾਈ! ਸਿਖ ਤਾਂ ਤੁਸੀਂ ਹੋ ਪਰ ਸਾਨੂੰ ਘਰ ਕਿਵੇਂ ਉਤਾਰਸੋ। ਅਸਾਂ ਪਰਜਾ ਸੁਖੀ ਕਰਨ ਲਈ ਜੰਗ ਰਚਾਏ, ਤੁਰਕਾਂ ਨੇ ਅਕਲ ਕਰਨ ਦੀ ਥਾਂ ਵੈਰ ਰਚਾਇਆ। ਅਸੀਂ ਮਾਅਰਕੇ ਮਾਰਦੇ ਆ ਰਹੇ ਹਾਂ, ਉਹ ਮਗਰੇ ਆਉਣਗੇ, ਤੁਸੀਂ ਉਨ੍ਹਾਂ ਦੀ ਰਖਤ ਹੋ। ਨਾ ਤੁਸਾਂ ਪਾਸ ਕੋਟ ਹੈ ਨਾ ਕਿਲ੍ਹਾ, ਨਾ ਦਿਲ ਜਮਾਕੇ ਲੜ ਸਕਦੇ ਹੋ। ਸਾਨੂੰ ਜੋ ਅਜੇ

*ਤਵਾਰੀਖ ਖਾਲਸਾ ਵਿਚ ਇਹ ਮਿਲਾਪ ਰਾਇਕੱਲੇ ਨੂੰ ਮਿਲਣ ਤੋਂ ਮੁਹਰਲਾ ਲਿਖਿਆ ਹੈ।

*ਦਿਆਲਪੁਰ ਜਿਥੇ ਹੁਣ ਠਾਣਾ ਹੈ ਤਦੋਂ ਅਜੇ ਨਹੀਂ ਸੀ ਵਸਿਆ ਤੇ ਇਹ ਥਾਉਂ ਕਾਂਗੜ ਵਿਚ ਹੀ ਸੀ।

ਲੜਨ ਦੇ ਦਮ ਖ਼ਮ ਵਿਚ ਹਾਂ, ਜਿਨ੍ਹਾਂ ਆਪਣਾ ਉਦੇਸ਼ ਸਿਰੇ ਚਾੜ੍ਹਨਾ ਹੈ, ਕੀਕੂੰ ਘਰ ਉਤਾਰ ਸਕੋਗੇ? ਅਗਨੀ ਦੇਵਤਾ ਦਾ ਡੇਰਾ ਖੁਲ੍ਹੇ ਮਦਾਨੀਂ ਜਾਂ ਜਗਵੇਦੀਆਂ ਪੁਰ ਸ਼ੋਭਦਾ ਹੈ'। ਇਹ ਸੁਣਕੇ ਉਹ ਬੋਲੇ: 'ਪਾਤਸ਼ਾਹ! ਅਸੀਂ ਆਪ ਦੇ ਪੁਸ਼ਤਾਂ ਦੇ ਸਿਖ ਹਾਂ, ਆਪ ਦੇ ਚਰਨ ਪਾਉਣ ਨਾਲ ਘਰ ਪਵਿੱਤ੍ਰ ਹੋਣਗੇ। ਤੁਸੀਂ ਆਓ ਤੇ ਸਾਡੇ ਨਾ ਉਤਰੋ! ਸਾਡੀ ਸਿਖੀ ਕੀ ਹੋਈ। ਬੇਸ਼ੱਕ ਅਸੀਂ ਕਿਲ੍ਹੇ ਕੋਟ ਵਾਲੇ ਨਹੀਂ, ਪਰ ਸਾਡੇ ਵਿਚ ਤੁਹਾਡੀ ਮਿਹਰ ਵਸਦੀ ਹੈ। ਸਾਡੇ ਡੌਲਿਆਂ ਵਿਚ ਤਾਣ ਤੇ ਮਨ ਵਿਚ ਆਪ ਦਾ ਮਾਨ ਹੈ। ਸਾਡੇ ਬਾਬੇ ਨੇ ਆਪ ਦੇ ਸ੍ਰੀ ਬਾਬੇ ਜੀ ਦੇ ਹੁਕਮ ਵਿਚ ਤੇਗ਼ ਵਾਹੀ ਸੀ, ਇਨ੍ਹਾਂ ਤੁਰਕਾਂ ਨੂੰ ਚਡੇ ਗਾਟੇ ਕੀਤਾ ਸੀ। ਰਯਤ ਅਸੀਂ ਤੁਹਾਡੀ ਹਾਂ। ਤੁਰਕਾਂ ਨਾਲ ਅਸੀਂ ਲੜਾਂਗੇ, ਓਹ ਸਾਡੇ ਵੈਰੀ ਹਨ। ਆਪ ਬਲ ਦਿਓ ਕਿ ਜੇ ਤੁਰਕ ਏਥੇ ਆਉਣ ਤਾਂ ਆਪ ਦੇ ਝੰਡੇ ਹੇਠ ਅਸੀਂ ਬਾਬੇ ਵਾਂਗੂ ਲੜੀਏ, ਵੈਰੀ ਨੂੰ ਗਰਦ ਵਿਚ ਮਿਲਾਈਏ ਯਾ ਸ਼ਹੀਦੀ ਪਾਈਏ। ਤੁਸੀਂ ਸਾਡੇ ਪਾਤਸ਼ਾਹ, ਤੁਰਕ ਸਾਡੇ ਮੁੱਢ ਕਦੀਮਾਂ ਦੇ ਵੈਰੀ। ਆਪ ਦੀ ਮਿਹਰ ਨਾਲ ਆ ਬਣੀ ਤੇ ਅਸੀਂ ਆਪ ਦਾ ਸੰਗ ਨਹੀਂ ਤਿਆਗਾਂਗੇ; ਖੰਡੇ ਦੀ ਧਾਰ ਹੇਠ ਮਰਾਂਗੇ'।

ਇਹ ਹਿਰਦੇ ਵਿਚ ਸ਼ਕਤੀ ਦਾ ਨਿਵਾਸ ਤੇ ਰਸਨਾ ਤੇ ਪ੍ਰਕਾਸ਼ ਵੇਖਕੇ ਆਪਦਾ ਹੱਥ ਸ਼ਮਸ਼ੇਰ ਤੇ ਗਿਆ ਤੇ ਦੂਜੀ ਛਿਨ ਵਾਗ ਉਧਰ ਮੋੜ ਲਈ ਜਿਧਰ ਘੋੜੇ ਦੀ ਗਿੱਚੀ ਤੇ ਹੱਥ ਧਰੇ ਸਮੀਰ ਹੌਲੇ ਹੌਲੇ ਨਾਲ ਜਾ ਰਿਹਾ ਸੀ ਤੇ ਘੋੜੇ ਨੂੰ ਪਿਆਰ ਨਾਲ ਤੋੜਨਾ ਚਾਹੁੰਦਾ ਸੀ।...ਥੋੜੇ ਚਿਰ ਵਿਚ ਗਿਰਾਂ ਜਾ ਪਹੁੰਚੇ।

੩.

ਸਾਹਿਬ ਹੁਣ ਦੀਨੇ ਟਿਕ ਗਏ ਹਨ*। ਏਸ ਜੰਗਲ ਦੇਸ਼ ਵਿਚ ਖਬਰਾਂ ਧੁੰਮ ਗਈਆਂ ਕਿ ਆਪ ਦੀਨੇ ਜੋਤ ਜਗਾ ਰਹੇ ਹਨ। ਸੰਗਤਾਂ ਪਹਿਲੇ ਨੇੜੇ ਦੀਆਂ, ਫਿਰ ਦੂਰ ਦੀਆਂ ਆਉਣ ਲੱਗ ਪਈਆਂ। ਸਮੀਰ ਭਰਾਵਾਂ ਨੇ ਪਰਬੰਧ ਕੀਤਾ ਜੋ ਗੁਰੂ ਕੇ ਦਰਸ਼ਨ ਨੂੰ ਆਵੇ ਪਹਿਲੇ ਇਨ੍ਹਾਂ ਨੂੰ ਮਿਲੇ, ਇਨ੍ਹਾਂ ਤਸੱਲੀ ਕਰ ਲੈਣੀ ਤੇ ਸਾਹਿਬਾਂ ਨੂੰ ਖਬਰ ਦੇਣੀ ਤੇ ਆਗਾਜ਼ਾ ਪਾਕੇ ਦਰਸ਼ਨ ਕਰਵਾਉਣਾ। ਸੰਗਤਾਂ ਵਿਚ ਸਤਿਗੁਰੂ ਜੀ ਦੀ ਕੁਰਬਾਨੀ ਦੀ ਤੇ ਨਿਰਮੋਹਤਾ ਦੀ ਚਰਚਾ ਚੱਲ ਰਹੀ ਸੀ। ਗਿਰਾਂ ਗਿਰਾਂ ਘਰ ਘਰ ਅਨੰਦ ਪੁਰ ਤੇ ਚਮਕੌਰ ਦੇ ਸਾਕੇ ਦੀਆਂ ਵਾਰਾਂ ਟੁਰ ਰਹੀਆਂ ਸਨ। ਲੋਕੀ ਇੰਞ ਦੀ ਵਾਰਤਾਲਾਪ ਕਰਦੇ ਸਨ:-

ਧੰਨ ਗੁਰੂ ਕਰਿ ਜੰਗ ਕਉ ਲਾਖਹੁ ਰਿਪੁ ਮਾਰੇ। ਸਾਹਿਬਜ਼ਾਦੇ ਰਣ ਮਰੇ ਸੁਰਲੋਕ ਸਿਧਾਰੇ। ਪੁੱਤ੍ਰ ਮੋਹ ਜਿਨਕੇ ਨਹੀਂ, ਇਕ ਰਸ ਮਨ ਸ਼ਾਂਤੀ। ਬੜੇ ਸਹਾਦਰ ਅਤਿਰਥੀ ਸ਼ਤ੍ਰ ਬਲਿ ਘਾਤੀ। {ਸੂ: ਪ੍:}

ਸੰਗਤਾਂ ਹੁਣ ਚੜ੍ਹਾਵੇ ਤੇ ਸੁਗਾਤਾਂ ਲਿਆਉਂਦੀਆਂ ਹਨ। ਜਿਉਂ ਜਿਉਂ ਪਦਾਰਥ ਆਉਂਦਾ ਹੈ ਤਿਉਂ ਤਿਉਂ ਆਪ ਸੈਨਾਂ ਦੀ ਸੂਰਤ ਬੰਨ੍ਹਦੇ ਹਨ। ਜਿੰਨੀ ਕੁ ਗੁੰਜਾਯਸ਼ ਮਾਇਆ ਦੇਂਦੀ ਹੈ ਸੂਰਮੇ ਨੌਕਰ ਰੱਖਦੇ ਹਨ। ਬੈਰਾੜ ਬਹਾਦਰਾਂ ਦੀ ਸੈਨਾ ਜੁੜਨੀ ਅਰੰਭ ਹੋ ਗਈ ਹੈ, ਸ਼ਸਤ੍ਰ ਤੇ ਘੋੜੇ ਖਰੀਦਣੇ ਸ਼ੁਰੂ ਹੋ ਗਏ ਹਨ। ਹੁਣ ਖਬਰ ਮਾਲਵੇ ਤੋਂ ਬਾਹਰ ਬੀ ਸਤਿਗੁਰੂ ਜੀ ਦੇ ਪਤੇ ਦੀ ਨਿਕਲ ਗਈ ਹੈ। ਕੁਛ ਦੂਰੋਂ ਪ੍ਰੇਮੀ ਇਕੱਲੇ ਦੁਕੱਲੇ ਯਾ ਸੰਗਤਾਂ ਬੰਨ੍ਹ ਕੇ ਆਉਣ ਲੱਗ ਪਏ ਹਨ। ਗੁਰੂ ਜੀ ਦੇ ਸ਼ਸਤ੍ਰ-ਪ੍ਰੇਮ ਦਾ ਸਭ ਨੂੰ ਪਤਾ ਸੀ। ਸੋ ਚੰਗੇ ਚੰਗੇ ਸ਼ਸਤ੍ਰ ਭੇਟਾ ਭੀ ਆਉਣ ਲਗ ਪਏ। ਨੇੜੇ ਤੇੜੇ ਦੇ ਕਾਰੀਗਰਾਂ ਤੋਂ ਆਪ ਬੀ ਤੀਰ ਕਮਾਨ ਖਰੀਦਣ ਲਗ ਪਏ। ਕਦੇ ਸ਼ਿਕਾਰ ਬੀ ਚੜ੍ਹਦੇ ਹਨ, ਦੀਵਾਨ ਬੀ ਲਾਉਂਦੇ ਹਨ, ਉਪਦੇਸ਼ ਬੀ ਕਰਦੇ ਹਨ, ਨਾਮ ਦਾਨ ਬੀ ਦੇਂਦੇ ਹਨ, ਪਰ ਸੂੰਹ ਬੀ ਸਾਰੀ ਰੱਖਦੇ ਹਨ। ਆਪ ਸਮਝ ਰਹੇ ਹਨ ਕਿ ਸਰਹਿੰਦ ਤੋਂ ਹਮਲਾ ਹੋਣਾ ਹੈ। ਇਸ ਆ ਰਹੇ ਦੁਖ ਦੇ ਸਾਂਢ ਨੂੰ ਸਿੰਗੋਂ ਫੜਕੇ ਮਰੋੜ ਦੇਣ ਲਈ ਅਝੰਵੇਂ ਦਿਲ ਵਾਲੇ ਗੁਰੂ ਜੀ ਤਿਆਰੇ ਕਰ ਰਹੇ ਹਨ।

ਏਸ ਦੇਸ਼ ਵਿਚ ਪਿਤਾ ਪੁੱਤ੍ਰ ਦੋ ਕਾਰੀਗਰ ਪ੍ਰੇਮੀ ਛੇਵੇਂ ਸਤਿਗੁਰਾਂ ਦੇ ਸਮੇਂ ਹੋਏ ਹਨ। ਜਦੋਂ ਇਕੇਰਾਂ

*ਇਕ ਦੇਸੂ ਨਾਮੇ ਤਿਖਾਣ ਦਾ ਉੱਚਾ ਚੁਬਾਰਾ ਸੀ, ਇਹ ਪਸੰਦ ਕਰਕੇ ਗੁਰੂ ਜੀ ਟਿਕ ਗਏ। ਇਥੇ ਹੁਣ ਗੁਰਦੁਆਰਾ ਹੈ।

ਸਾਹਿਬ ਡਰੋਲੀ ਸਨ ਤਾਂ ਕਈ ਕੋਹ ਦੀ ਵਿੱਥ ਤੇ ਪਿਤਾ ਪੁੱਤ੍ਰ ਠੰਢਾ ਜਲ ਵੇਖਕੇ ਪ੍ਰੇਮ ਦੇ ਪ੍ਰਵਾਹ ਵਿਚ ਰੁੜ ਗਏ ਕਿ ਇਹ ਜਲ ਗੁਰਾਂ ਦੇ ਛਕਣ ਦਾ ਹੈ, ਸਾਡੇ ਛਕਣ ਦਾ ਨਹੀਂ। ਇਨ੍ਹਾਂ ਦੀ ਉਸ ਪ੍ਰੇਮ ਬਿਹਬਲਤਾ ਪਰ ਤ੍ਰੁੱਠ ਕੇ ਛੇਵੇਂ ਸਤਿਗੁਰੂ ਹਰਗੋਬਿੰਦ ਜੀ ਸ਼ਿਕਲ ਦੁਪਹਿਰੀਂ ਘੋੜੇ ਤੇ ਚੜ੍ਹ ਵਾਹੋ ਦਾਹੀ ਓਥੇ ਅੱਪੜੇ, ਜਿੱਥੇ ਪ੍ਰੇਮੀ ਜਲ ਲਈ ਉਡੀਕ ਰਹੇ ਸੇ। ਉਥੇ ਪਹੁੰਚਕੇ ਡਾਢੇ ਤ੍ਰਿਖਾਤੁਰ ਹੋਕੇ ਆਪ ਨੇ ਜਲ ਮੰਗਿਆ ਤੇ ਪਿਤਾ ਪੁੱਤ੍ਰ ਪਿਲਾਕੇ ਪ੍ਰਸੰਨ ਹੋਏ। ਪਿਤਾ ਦਾ ਨਾਂ ਸੱਧੂ ਤੇ ਪੁੱਤ੍ਰ ਦਾ ਰੂਪਾ ਸੀ। ਜਲ ਛਕਕੇ ਗੁਰੂ ਹਰਗੋਬਿੰਦ ਜੀ ਨੇ ਉਨ੍ਹਾਂ ਨੂੰ ਆਤਮਸ਼ਕਤੀ ਨਾਲ ਭਰ ਦਿੱਤਾ, ਫੇਰ ਵਰ ਦਿੱਤਾ ਕਿ ਤੁਸੀਂ ਜਗਤ ਤਾਰੋਗੇ, ਫੇਰ ਕੰਮ ਤੁਡਾ ਦਿੱਤਾ ਤੇ ਦੇਗ਼ ਚਲਾਉਣ ਦੀ ਆਗਜ਼ਾ ਕੀਤੀ। ਇਸ ਵਰ ਦੇ ਬਾਦ ਦੇਗ ਚੱਲੀ, ਸਤਿਸੰਗ ਦਾ ਪ੍ਰਵਾਹ ਛੁੱਟ ਪਿਆ, ਕੁਲ ਵਧੀ ਤੇ ਗੁਰੂ ਘਰ ਨਾਲ ਪ੍ਰੇਮ ਬੀ ਜਿਉਂ ਕਾ ਤਿਉਂ ਰਿਹਾ। ਇਨ੍ਹਾਂ ਬਜ਼ੁਰਗਾਂ ਦੇ ਖਾਨਦਾਨ ਦੇ ਇਸ ਵੇਲੇ ਬੀ ਦੋ ਸੱਜਣ ਮੁਖੀਏ ਸਨ ਜੋ ਸ੍ਰੀ ਅਨੰਦ ਪੁਰ ਜਾਕੇ ਅੰਮ੍ਰਿਤ ਛਕਕੇ ਤਿਆਰ ਬਰ ਤਿਆਰ ਸਿੰਘ ਸਜੇ ਤੇ ਨਾਮ ਵਾਲੀ ਪ੍ਰੇਮਾ ਭਗਤੀ ਦਾ ਇਕ ਨਮੂਨਾ ਬਣ ਰਹੇ ਸੇ। ਇਨ੍ਹਾਂ ਦੇ ਨਾਮ ਸਨ, ਪਰਮ ਸਿੰਘ ਧਰਮ ਸਿੰਘ*। ਇਨ੍ਹਾਂ ਨੂੰ ਜਾਂ ਖਬਰ ਪਹੁੰਚੀ ਕਿ ਸਤਿਗੁਰੂ ਦੀਨੇ ਆਏ ਹਨ ਤਾਂ ਇਹ ਘਰੋਂ ਦਰਸ਼ਨਾਂ ਲਈ ਤਿਆਰ ਹੋਕੇ ਟੁਰੇ। ਨਾਲ ਕੁਛ ਸਿੰਘ ਲੀਤੇ ਤੇ ਸ਼ਸਤ੍ਰ ਬੀ ਬੰਨ੍ਹ ਲੀਤੇ। ਕੁਛ ਪਦਾਰਥ ਤੇ ਭੇਟਾ ਬੀ ਲੀਤੀਆਂ। ਬੜੇ ਚਾਉ ਤੇ ਪ੍ਰੇਮ ਭਰੇ ਜਾ ਰਹੇ ਹਨ। ਰਸਤੇ ਵਿਚ ਸ਼ਬਦ ਪੜ੍ਹਦੇ ਦੀਵਾਨ ਲਾਉਂਦੇ ਜਾਂਦੇ ਹਨ, ਜਗਾ ਜਗਾ ਤੋਂ ਹੋਰ ਸਿੰਘ ਜੀ ਨਾਲ ਰਲਦੇ ਜਾ ਰਹੇ ਹਨ। ਅੰਤ ਏਹ ਦੀਨੇ ਪੁੱਜੇ। ਸਤਿਗੁਰਾਂ ਦੇ ਦਰਸ਼ਨ ਕੀਤੇ, ਚਰਨਾਂ ਨੂੰ ਲਿਪਟ ਗਏ, ਲਿਪਟ ਕੇ ਬਿਹਬਲ ਹੋਕੇ ਰੋਏ, ਐਸੇ ਰੋਏ ਕਿ ਪੱਥਰ ਪੰਘਰ ਜਾਣ। ਦੁਇ ਸਾਹਿਬਾਂ ਦੇ ਦੁਖ ਨੂੰ ਨਿਜ ਦਾ ਦੁਖ ਪ੍ਰਤੀਤ ਕਰਕੇ ਆਪ ਪੀੜਿਤ ਹੋ ਰਹੇ ਸੇ। ਜਦ ਹਾਏ ਹਾਏ ਕਰਕੇ ਰੁੰਨੇ ਤਾਂ ਸਾਹਿਬਾਂ ਨੇ ਦਿਲਾਸਾ ਦਿੱਤਾ, ਫਿਰ ਬੀ ਆਪ ਇਸ ਤਰ੍ਹਾਂ ਪੁਕਾਰੇ:-

ਹਾਇ ਹਾਇ ਕਰ ਰੁਦਤ ਭੇ:-'ਬਡ ਸਾਂਗ ਅਰੰਭਾ। ਸਾਹਿਬਜ਼ਾਦੇ ਹਤਿ ਭਏ ਇਹ ਅਧਿਕ ਅਚੰਭਾ। ਹੇ ਪ੍ਰਭੂ! ਮਹਾਂ ਸਪੁੱਤ੍ਰ ਥੇ ਸੁੰਦਰ ਤਨ ਸੋਹੇ। ਤਪ ਜਪ ਦਾਨ ਅਨੇਕ ਤੇ ਅਸ ਪਾਇ ਨ ਕੋਹੇ॥੨੯॥ ਆਰਬਲਾ ਭੁਗਤੀ ਨ ਕੁਛ ਮ੍ਰਿਤੁ ਭੇ ਤੁਮ ਆਗੇ। ਬਸਤ੍ਰ ਬਿਭੂਖਨ ਤੇ ਦਿਪਤਿ ਸਭ ਕੋ ਪ੍ਰਿਯ ਲਾਗੇ। ਦਰਬ ਕਰੋਰਹੁੰ ਹੇਮ ਗਨ ਸਭ ਸ਼ਸਤ੍ਰ ਖਜ਼ਾਨਾ। ਆਦਿ ਪ੍ਰਸਾਦੀ ਗਜ ਬਡੇ ਜਿਨਿ ਮੋਲ ਮਹਾਨਾ॥੩੦॥ ਖਰੇ ਹਜ਼ਾਰਹੁੰ ਹਯ ਖਰੇ ਬਡ ਕੀਮਤ ਵਾਰੇ। ਦਲ ਬਿਡਾਰ ਤੇ ਆਦਿ ਜੇ ਨਹਿੰ ਪਰਹਿੰ ਨਿਹਾਰੇ। ਐਸ੍ਵਰਜ ਅਪਰ ਅਨੇਕ ਹੀ ਨਹਿੰ ਗਿਨਿਬੇ ਮਾਂਹੀ। ਏਕ ਬਾਰ ਹੀ ਨਾਸ਼ ਭਾ ਕੁਛ ਦੀਖਤਿ ਨਾਹੀ॥੩੧॥ ਸ੍ਰੀ ਪ੍ਰਭੂ ਵਡ ਅਫਸੋਸ ਹੈ, ਸਿਖ ਪਿਪਿ ਦੁਖ ਪਾਵੈਂ। ਅਸ ਰਾਵਰ ਕੇ ਸਾਂਗ ਤੇ, ਨਹਿੰ ਕੋ ਭਰਮਾਵੈ?॥ (ਰੁ: ੬। ਅੰ: ੫੪)

ਸਤਿਗੁਰ ਜੀ ਅਤਿ ਗੰਭੀਰ ਤੇ ਟਿਕਵੀਂ ਸੱਦ ਵਿਚ ਬੋਲੇ:-

ਜਗਤ ਪਦਾਰਥ ਰੀਤ ਇਹ ਬਿਨਸੈ ਤਤਕਾਲਾ ॥੩੨॥ ਉਪਜਹਿ ਬਿਨਸਨ ਹਾਰ ਜੋ ਆਰੋ ਕਜਾ ਪਾਛੇ। ਇਨਕੀ ਥਿਰਤਾ ਹੋਤਿ ਨਹਿੰ ਕਜੋਂ ਗਜਾਨੀ ਬਾਂਛੇ। ਇਕ ਆਤਮ ਸੱਤਾ ਮਦਾ ਉਪਜੈ ਨ ਬਿਨਾਸ਼ੀ। ਸੋ ਸਰੂਪ ਨਿਜ ਜਾਨਿਕੈ ਹੁਇ ਪਰਮ ਪ੍ਰਕਾਸ਼ੀ॥੩੩॥ਕੂਰ ਪਦਾਰਥ ਤੇ ਕਬਹੁੰ ਸ਼ੋਕ ਨ ਹਰਖਾਵੈ। ਇਕ ਰਸ ਥ੍ਰਿਤੀ ਸੁ ਆਤਮਾ ਤਿਹ ਜੋ ਲਿਵਲਾਵੈ। ਰੇਖ ਨਿਕਾ-ਰਹੁ ਮੇਟੀਐ ਜਜੋਂ ਲਾਭ ਨ ਹਾਨਾ। ਇਕ ਸਮ ਥ੍ਰਿਤਿ ਸਤਿਗੁਰਨ ਕੀ ਇਮ ਜਾਨਿ ਸੁਜਾਨਾ॥ ੩੪॥ ਤੁਰਕਨ ਜਰਾਂ ਉਖੇਰਨੇ ਅਸ ਕ੍ਰਿਤ ਹਮ ਠਾਨਾ। ਸਾਹਿਬਜ਼ਾਦੇ ਰੂਪ ਮਮ ਕਜਾ ਤਿਨਕੋ ਹਾਨਾ। ਸਦਾ ਅਮਰ ਆਨੰਦ ਜੁਤ ਮਨ ਮੋਹ ਨ ਲੇਸ਼ਾ। ਤਿਨਹੁੰ ਸ਼ੋਕ ਹਮ ਕਿਮ ਕਰੈਂ ਜੇ ਮੁਦਤਿ ਹਮੇਸ਼ਾ॥੩੫॥ (ਰੁ: ੬। ਅੰ: ੫੪)

*ਇਹੋ ਸੱਜਨ ਬਾਬੇ ਬੰਦੇ ਨੂੰ ਬੀ ਦੱਖਣੋਂ ਆਉਂਦਿਆਂ ਸੈਨਾ ਲੈਕੇ ਮਿਲੇ ਸਨ ਤੇ ਕਾਫੀ ਮਦਦ ਦਿੱਤੀ ਸੀ।

ਇਹ ਬਲਵਾਨ ਵੈਰਾਗ ਦਾ ਜਾਂ ਇਉਂ ਕਹੋ ਕਿ 'ਸੱਤ ਗਜਾਨ' ਦਾ ਉਪਦੇਸ਼ ਸੁਣਕੇ ਦੁਹਾਂ ਨੂੰ ਕੁਝ ਹੌਸਲਾ ਹੋ ਆਇਆ, ਪਰ ਫੇਰ ਬਿਹਬਲ ਹੋਕੇ ਬੋਲੇ:-'ਮਹਾਰਾਜ ਆਪ ਜਗਤਨਾਥ ਹੋ ਆਪ ਲਈ ਦੁਖ ਕਿਉਂ?' ਸਾਹਿਬ ਹੱਸੇ ਤੇ ਬੋਲੇ: **ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥** (ਤਿ: ਮ: ੧-੪)

ਕਿਸੇ ਮਨੁਖ ਨੇ ਇਕ ਦਿਨ 'ਦੁੱਖ' ਨੂੰ ਪੁੱਛਿਆ:-ਬਿਲੋੜਿਆ! ਤੂੰ ਕਿੱਥੋਂ ਉਗਮ ਪਿਆ?

ਦੁਖ ਤਾੜੀਂ ਮਾਰ ਕੇ ਹੱਸਿਆ ਤੇ ਕਹਿਣ ਲਗਾ:-ਤੂੰ 'ਸੁਖ' ਨੂੰ ਜਾਕੇ ਪੁੱਛ।

ਉਸ ਨੇ ਫੇਰ 'ਦੁੱਖ' ਨੂੰ ਪੁਛਿਆ:-ਤੂੰ ਕਾਸ ਲਈ ਰਚਿਆ ਗਿਆ? ਦੁੱਖ ਫੇਰ ਤਾੜੀ ਮਾਰ ਕੇ ਹੱਸਿਆ ਤੇ ਆਖਣ ਲੱਗਾ:-'ਸੁਖ' ਨੂੰ ਜਨਮ ਦੇਣ ਲਈ।

ਉਸ ਨੇ ਫੇਰ ਦੁੱਖ ਨੂੰ ਆਖਿਆ:-ਕਾਸ਼ ਤੂੰ ਨਾ ਹੁੰਦੋਂ।

ਦੁੱਖ ਸੋਚੀਂ ਪੈ ਗਿਆ ਪਰ ਫੇਰ ਖਿੜ ਖਿੜ ਹੱਸ ਪਿਆ ਤੇ ਆਖਣ ਲੱਗਾ:-ਫਿਰ ਭਾਈ ਤੂੰ ਬੀ ਨਾ ਹੁੰਦੋਂ, ਤੇਰਾ ਭਾਈਚਾਰਾ ਬੀ ਨਾ ਹੁੰਦਾ।

ਪੁੱਛਣ ਵਾਲਾ ਇਹ ਸੁਣ ਕੇ ਖਿਝਿਆ ਤੇ ਆਖਣ ਲੱਗਾ:-ਮੈਂ ਨਾ ਹੁੰਦਾ ਤਾਂ ਚੰਗਾ ਹੁੰਦਾ। ਤੇਰੇ ਨਾਲ ਹੁੰਦਿਆਂ ਜੇਹੜੀ 'ਹੋਂਦ' ਹੈ ਇਸ ਤੋਂ 'ਅਨਹੋਂਦ' ਭਲੀ ਹੈ।

ਦੁਖ ਨੇ ਹੁਣ ਡਾਢੇ ਟਿਕਾਉ ਵਾਲਾ ਮੂੰਹ ਬਣਾ ਲਿਆ ਤੇ ਅੰਤਰ ਮੁਖ ਰੁਖ ਕਰਕੇ ਇਕ ਬ੍ਰੀਕ ਸੁਰ ਵਿਚ ਬੋਲਿਆ:-ਭੋਲਿਆ! 'ਅਨਹੋਂਦ' ਹੈ ਨਹੀਂ। ਜੇ 'ਅਨਹੋਂਦ' ਹੁੰਦੀ ਤਾਂ ਅਨਹੋਂਦ ਤੋਂ ਕੋਈ 'ਹੋਂਦ' ਕਿਵੇ ਉਪਜਦੀ। 'ਹੋਂਦ' ਹੈ ਤੇ 'ਹੋਂਦ' ਤੇਰੇ ਮੇਰੇ ਵਸੋਂ ਬਾਹਰ ਹੈ।

ਉਹ ਫੇਰ ਨਿਰਾਸ ਹੋਕੇ ਬੋਲਿਆ, ਦੁਖਾ! ਫਿਰ ਤੈਥੋਂ ਖਹਿੜਾ ਕੀਕੂੰ ਛੁਟੇ? ਦੁਖ ਫੇਰ ਗੰਭੀਰ ਹੋ ਗਿਆ ਤੇ ਟਿਕਵੀਂ ਅਵਾਜ਼ ਵਿਚ ਬੋਲਿਆ: ਜੇ ਇਹ ਇੱਛਾ ਹਈ ਤਾਂ ਮੇਰੇ ਨਾਲ ਘੁਲ[1] ਤੇ ਉਸ ਅਜ਼ਲੀ 'ਹੋਂਦ' ਤੇ ਅਪਣੀ 'ਹੋਂਦ' ਦੇ ਵਿਚਲੀ ਵਿੱਥ ਨੂੰ ਮੇਟਣ ਵਿਚ ਲਗ ਪਉ[2]। ਮੇਰਾ ਵਾਸ ਉਸ ਵਿੱਥ ਵਿਚ ਹੀ ਹੈ*।

ਸਾਹਿਬ ਹੁਣ ਮੁਸਕ੍ਰਾ ਰਹੇ ਸਨ। ਪਰਮ ਸਿੰਘ ਧਰਮ ਸਿੰਘ ਦਿਲ ਵਿਚ ਅਸ਼ ਅਸ਼ ਕਰ ਰਹੇ ਸਨ। ਹੁਣ ਦੋਹਾਂ ਨੇ ਆਪ ਦੇ ਚਰਨਾਂ ਵਿਚ ਧੰਨ ਧੰਨ ਆਖਦਿਆਂ ਇਕ ਪੁਸ਼ਾਕ ਅਰਪਨ ਕੀਤੀ, ਕੁਛ ਮਾਇਆ ਅੱਗੇ ਧਰੀ, ਇਕ ਘੋੜੀ ਵੀ ਭੇਟਾ ਕੀਤੀ।

ਸਤਿਗੁਰ ਜੀ ਨੇ ਪ੍ਰੇਮ ਵੇਖਕੇ ਬਸਤ੍ਰ ਪਹਿਰ ਲਏ ਤੇ ਪ੍ਰੇਮੀਆਂ ਦੇ ਚਿੱਤ ਨੂੰ ਠੰਢ ਪਾਈ। ਭਾਵੇਂ ਦੁਇ ਸੁਖੀ ਹੋ ਗਏ ਸੇ, ਪਰ ਚਿੱਤ ਵਿਚ ਇਹ ਪ੍ਰਸ਼ਨ ਅਜੇ ਕਸਕਦੇ ਰਹੇ ਕਿ ਆਪ ਨੇ ਈਸ਼ਵਰ ਹੋਕੇ, ਅਵਿਤਾਰ ਹੋਕੇ, ਗੁਰੂ ਹੋ ਕੇ ਕਿਉਂ ਦੁਖ ਪਾਏ? ਆਪ ਦੇ ਨੇੜੇ ਦੁਖ ਕਿਉਂ ਆਏ? ਜਦੋਂ ਸੰਝ ਹੋਈ ਤਾਂ ਅਪਣੇ ਡੇਰੇ ਚਲੇ ਗਏ ਜੋ ਦੀਨੇ ਦੇ ਨਗਰੋਂ ਪਰੇ ਤੰਬੂਆਂ ਵਿਚ ਸੈਨਾ ਨਾਲ ਹੋਣ ਕਰਕੇ ਕੁਛ ਦੂਰੀ ਤੇ ਲਾ ਰੱਖਿਆ ਸੀ।

੪.

ਅਗਲੇ ਦਿਨ ਭਾਈ ਧਰਮ ਸਿੰਘ ਦੇ ਦਿਲ ਵਿਚ ਪ੍ਰੇਮ ਨੇ ਉਛਾਲਾ ਖਾਧਾ ਡਾਢੇ ਜ਼ੋਰ ਦਾ। ਚਾਉ ਆਇਆ ਕਿ ਆਪਣੇ ਹਥੀਂ ਚਾਕੇ ਪ੍ਰਸ਼ਾਦ ਲੈ ਜਾਵਾਂ, ਇਕੱਲਾ ਹੀ ਟੁਰ ਪਿਆ। ਰਸਤੇ ਵਿਚ ਅੱਗੇ ਪਿੱਛੇ ਤੱਕਦਾ ਜਾਂਦਾ ਸੀ ਕਿ ਕੋਈ ਸਿੰਘ ਆ ਜਾਵੇ ਤਾਂ ਨਾਲ ਰਲਾ ਲਵਾਂ, ਪੈਂਡਾ ਜ਼ਰਾ ਉਜਾੜ ਦਾ ਹੈ। ਏਨੇ ਨੂੰ ਇਕ ਸਿਖ ਆਉਂਦਾ ਭਾਸਿਆ ਜਿਸਦੇ ਕਪੜਿਆਂ ਵਲ ਦੇਖਣ ਨਾਲ ਭਾਈ ਧਰਮ ਸਿੰਘ ਨੂੰ ਕਈ ਰੰਗ ਬਦਲਦੇ ਦਿੱਸੇ। ਧਰਮ ਸਿੰਘ ਅਚਰਜ ਹੋ ਕੇ ਠਹਿਰ ਗਿਆ। ਇਹ ਪੁਰਸ਼ ਜਾਂ ਨੇੜੇ ਆਇਆ ਤਾਂ ਦੁਵੱਲੀ ਫਤੇ ਬੋਲੀ। ਧਰਮ ਸਿੰਘ ਨੂੰ ਤੱਕ ਕੇ ਕੁਛ ਝੁਨਝੁਨੀ ਜੇਹੀ ਸਰੀਰ ਵਿਚ ਦੀ ਲੰਘੀ, ਕੁਛ ਅਚਰਜ ਹੋਇਆ, ਪਰ ਫੇਰ ਲੱਗਾ ਉਹ ਸੱਜਣ ਚੰਗਾ ਤੇ ਪਿਆਰਾ, ਸੋ ਦੁਇ ਗੱਲਾਂ ਕਰਦੇ ਕੱਠੇ ਟੁਰ ਪਏ।

ਧਰਮ ਸਿੰਘ-ਭਾਈ ਜੀ ਸਮਝ ਨਹੀਂ ਪੈਂਦੀ ਕਿ ਦੁਖ ਕਿਉਂ ਹੈ ਜਗਤ ਵਿਚ?

ਸਿੰਘ ਸੁਣਕੇ ਮੁਸਕ੍ਰਾਇਆ ਤੇ ਪੁਛਣ ਲੱਗਾ

---

੧. ਭਾਂਤ ਅਨੇਕ ਦੁਖਨ ਸੇ ਦਲਹੀਂ॥ {ਪਾ: ੧੦}

੨. ਪ੍ਰਭ ਕੈ ਸਿਮਰਨਿ ਦੂਖੁ ਨ ਸੰਤਾਪੈ॥ {ਸੁਖਮਨੀ}

*ਕੀ ਵਿਸਰਹਿ ਦੁਖੁ ਬਹੁਤਾ ਲਾਗੈ॥ {ਆ: ਮ: ੧}
ਪੁਨਾ:-ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ {ਮਾਝ ਮ: ੫-ਬਾਰਾਮਾਹ}

ਭਲਾ ਜੇ ਪਤਾ ਲੱਗ ਜਾਵੇ ਕਿ ਦੁਖ ਕਿਉਂ ਹੈ ਤਾਂ ਸੁਖ ਉਪਜ ਪਵੇ?

ਧਰਮ ਸਿੰਘ ਸੋਚੀਂ ਪੈ ਗਿਆ। ਫੇਰ ਆਖਣ ਲੱਗਾ, ਸਿੰਘ ਜੀ! ਸਮਝੇ ਪੈ ਗਿਆਂ ਤਾਂ ਪਤਾ ਨਹੀਂ, ਪਰ ਦਿਲ ਕਹਿੰਦਾ ਹੈ ਕਿ ਦੁਖ ਦਾ ਦਾਰੂ ਹੋਇਆਂ ਹੀ ਠੰਢ ਪਵੇਗੀ।

ਸਿੰਘ-ਭਲਾ ਦੱਸੋ ਖਾਂ, ਧੁਪ ਸੁਖ ਹੈ ਕਿ ਦੁਖ?

ਧਰਮ ਸਿੰਘ (ਸੋਚ ਕੇ)-ਸਿਆਲੇ ਸੁਖ ਹੈ, ਹੁਨਾਲੇ ਦੁਖ।

ਸਿੰਘ-ਤਾਂ ਇੱਕੋ ਸ਼ੈ ਨੂੰ ਦੋ ਹਾਲਤਾਂ ਵਿਚ ਤੁਸੀਂ ਦੋ ਨਾਮਾਂ ਨਾਲ ਸੱਦ ਲੈਂਦੇ ਹੋ। ਜਿਸ ਨੂੰ ਦੁਖ ਕਹਿ ਰਹੇ ਹੋ ਉਸੇ ਨੂੰ ਸੁਖ ਕਹਿ ਲੈਂਦੇ ਹੋ।

ਧਰਮ ਸਿੰਘ ਡੂੰਘੀ ਸੋਚੀਂ ਪੈ ਗਿਆ।

ਸਿੰਘ-ਭਲਾ ਦੱਸੋ ਖਾਂ, ਪੁੱਤ੍ਰ ਦੁਖ ਹੈ ਕਿ ਸੁਖ?

ਧਰਮ ਸਿੰਘ-ਹੈ ਤਾਂ ਸੁਖ।

ਸਿੰਘ-ਮਾਂ ਨੂੰ ਪੁੱਤ੍ਰ ਜਨਮ ਸੁਖਾਂ ਨਾਲ ਹੁੰਦਾ ਹੈ ਕਿ ਦੁੱਖਾਂ ਨਾਲ?

ਧਰਮ ਸਿੰਘ-ਸਖਤ ਪੀੜਾਂ ਨਾਲ।

ਸਿੰਘ-ਮਾਂ ਨੂੰ ਪੁੱਛੋ ਪੀੜਾਂ ਨਾਲ ਪ੍ਰਾਪਤ ਪੁੱਤ੍ਰ ਦੁਖ ਰੂਪ ਹੈ ਕਿ ਸੁਖ ਰੂਪ?

ਧਰਮ ਸਿੰਘ-ਪਰਮ ਸੁਖ ਰੂਪ।

ਸਿੰਘ-ਇਸ ਸੁਖ ਲਈ ਪੁੱਤ੍ਰ ਜਨਮ ਦੀ ਪੀੜਾ ਨੂੰ ਮਾਂ ਸੁਖ ਕਰ ਜਾਣਦੀ ਹੈ?

ਧਰਮ ਸਿੰਘ-ਜੀ ਹਾਂ।

ਸਿੰਘ-ਤਾਂ ਕਿਸੇ ਦੁਖ ਨੂੰ ਹੀ ਇਨਸਾਨ ਸੁਖ ਰੂਪ ਸਮਝ ਲੈਂਦਾ ਹੈ।

ਧਰਮ ਸਿੰਘ-ਆਖਦੇ ਤਾਂ ਠੀਕ ਹੋ।

ਸਿੰਘ-ਪੂਰਨ ਨੂੰ ਲੂਣਾ ਰਾਜ ਭਾਗ ਦੇ ਸੁਖ ਅਰਪਦੀ ਸੀ, ਸਰੀਰਕ ਸੁਖ ਭੇਟਾ ਕਰਦੀ ਸੀ। ਪੂਰਨ ਨੇ ਇਨ੍ਹਾਂ ਸੁਖਾਂ ਨੂੰ, ਜਿਨ੍ਹਾਂ ਨੂੰ ਜਗਤ ਸੁਖ ਜਾਣਦਾ ਹੈ, ਸੁਖ ਨਾ ਜਾਣਿਆਂ ਤੇ ਜ਼ਖਮੀ ਹੋਕੇ ਖੂਹ ਪੈਣ ਨੂੰ ਤੇ ਜਗਤ ਨਮੋਸ਼ੀ ਦੇ ਦੁਖਾਂ ਨੂੰ ਖੁਸ਼ੀ ਨਾਲ ਕਬੂਲ ਲਿਆ। ਤਾਂਤੇ ਕੋਈ ਮਨ ਦੀ ਅਵਸਥਾ ਹੈ ਕਿ ਦੁਖ ਤੇ ਸੁਖ ਦੀ ਕੀਮਤ ਅੰਦਰ ਬਦਲ ਜਾਂਦੀ ਹੈ!

ਧਰਮ ਸਿੰਘ-ਹੈਂ.....। ਹੋਰ ਸੋਚੀਂ ਪੈ ਗਿਆ।

ਸਿੰਘ-ਪੀਪਾ ਜੀ ਪਾਸ ਸੌ ਰਾਣੀਆਂ ਤੇ ਰਾਜ ਭਾਗ ਹੈਸੀ। ਏਹ ਸੁਖ ਸਨ, ਪਰ ਉਸ ਨੇ ਸਭ ਤਜਾਗਕੇ ਬਨ ਬਨ ਰੁਲਣਾ ਤੇ ਦਰ ਦਰ ਟੁੱਕ ਮੰਗਕੇ ਖਾਣੇ ਨੂੰ ਸੁਖ ਜਾਣਿਆਂ।

ਸੂਰਮਾ ਘਰ ਦੇ ਸੁਖ ਤਿਆਗਕੇ ਦਿਨ ਭਰ ਗਤਕੇ ਬਾਜ਼ੀਆਂ ਤੇ ਕਸਰਤਾਂ ਦੇ ਕਸ਼ਟ ਝੱਲਦਾ ਹੈ। ਜੰਗ, ਜਿਸ ਦੇ ਨਾਮ ਤੋਂ ਜਗਤ ਕੰਨੀ ਕੜ੍ਹਾਂਉਂਦਾ ਹੈ, ਸੂਰਮਾ ਉਸ ਨੂੰ ਹੱਸ ਹੱਸ ਕੇ ਵਾਜਾਂ ਮਾਰਦਾ ਹੈ। ਜਿੰਦ ਸਭ ਤੋਂ ਪਿਆਰੀ ਸ਼ੈ ਹੈ ਉਸਨੂੰ ਬੀ ਜੋਖੋਂ ਵਿਚ ਪਾਉਂਦਾ ਹੈ ਤੇ ਜਾਨ ਤਕ ਦੇ ਦੇਂਦਾ ਹੈ।

ਸੋ ਕਿਤੇ ਸੁਖ ਨੂੰ ਸਮਝਣ ਵਾਲਾ ਕਾਂਟਾ ਆਪਣੀ ਚਾਲ ਬਦਲ ਲੈਂਦਾ ਹੈ।

ਧਰਮ ਸਿੰਘ-ਮਤਲਬ ਇਹ ਹੋਇਆ ਕਿ ਸਾਡੀ ਸੋਝੀ ਹੀ ਆਪ ਟਿਕਾਣੇ ਨਹੀਂ ਜੋ ਦੁਖ ਸੁਖ ਨੂੰ ਏਹ ਨਾਉਂ ਦੇਂਦੀ ਹੈ।

ਸਿੰਘ ਮੁਸਕ੍ਰਾਇਆ ਤੇ ਕਹਿਣ ਲਗਾ-ਕਾਇਰ ਬੰਦੂਕ ਨੂੰ ਹੱਥ ਲਾਉਣੋ ਡਰਦਾ ਹੈ, ਸੂਰਮਾ ਛਾਤੀ ਡਾਹਕੇ ਗੋਲੀ ਝੱਲਦਾ ਹੈ।

ਧਰਮ ਸਿੰਘ-ਮੈਂ ਸਮਝਿਆ ਹੈ ਕਿ ਦੁਖ ਸੁਖ ਨੂੰ ਵਿਤ੍ਰੇਕ ਕਰਨ ਵਾਲਾ ਸਾਡਾ ਅੰਦਰਲਾ ਪਹਿਲਾਂ ਕਿਸੇ ਦਰੁਸਤ ਸੋਝੀ ਦੇ ਘਰ ਅੱਪੜਨਾ ਚਾਹੀਦਾ ਹੈ।

ਸਿੰਘ-ਤੁਸਾਂ ਠੀਕ ਸਮਝਿਆ ਹੈ।

ਧਰਮ ਸਿੰਘ-ਪਰ ਜੀ ਜਗਤ ਦੁਖੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਇਸ ਨੂੰ ਦੁਖੀ ਦੱਸਿਆ ਹੈ। **'ਨਾਨਕ ਦੁਖੀਆ ਸਭੁ ਸੰਸਾਰ॥'** ਫੇਰ ਦੁਖ ਤਾਂ ਹੋਇਆ ਨਾਂ, ਇਸਦਾ ਦਾਰੂ ਕੀਹ?

ਸਿੰਘ-ਅਗਲੀ ਤੁਕ ਭੀ ਪੜ੍ਹੋ। ਜਿਸ ਤੱਕੜੀ ਤੇ ਤੋਲਕੇ ਸੱਚੇ ਗੁਰੂ ਨੇ ਜਗਤ ਦੁਖੀ ਦੱਸਿਆ ਹੈ ਉਥੋਂ ਦਾ ਦੂਸਰਾ ਅਵਾਜ਼ਾ ਇਹ ਹੈ-**'ਮੰਨੈ ਨਾਉ ਸੋਈ ਜਿਣਿ ਜਾਇ॥'** ਇਥੇ ਦੁਖ ਨੂੰ ਜਿੱਤਣਾ ਗੁਰੂ ਜੀ ਨੇ ਦੱਸਿਆ ਹੈ। ਦੁਖ ਦਾ ਨਾ ਹੋਣਾ ਤੇ ਹਾਇ ਦੁਖ ਕਿਉਂ ਹੈ, ਇਹ ਹਾਵਾ ਨਹੀਂ ਸਿਖਲਾਇਆ। ਆਖਿਆ ਹੈ ਕਿ ਇਕ ਤਰੀਕਾ ਅਸੀਂ ਦੱਸਦੇ ਹਾਂ ਜਿਸ ਨਾਲ ਦੁਖ ਜਿਤਿਆ ਜਾ ਸਕਦਾ ਹੈ।

ਧਰਮ ਸਿੰਘ-ਫੇਰ ਦੁਖ ਤਾਂ ਹੋਇਆ ਨਾ। ਇਸ ਨੂੰ ਜਿੱਤਣਾ ਹੋਇਆ।

ਸਿੰਘ-ਤੇ ਉਸਨੂੰ ਜਿੱਤਣ ਲਈ ਪਹਿਲੀ ਪੌੜੀ ਮਨ ਦੇ ਅੰਦਾਜ਼ ਨੂੰ ਠੀਕ ਕਰਨਾ ਹੈ, ਜਿਸਨੇ ਦੁਖ

ਸੁਖ ਦੀ ਪਰਖ ਕਰਨੀ ਹੈ। ਕਿਉਂਕਿ ਅਸੀਂ ਵੇਖਿਆ ਹੈ ਕਿ ਹਾਲਤਾਂ ਬਦਲਨ ਕਰਕੇ ਯਾ ਖਿਆਲ ਬਦਲਨ ਕਰਕੇ ਮਨ ਇਕੋ ਸ਼ੈ ਨੂੰ ਕਦੇ ਦੁਖ ਕਦੇ ਸੁਖ ਸਮਝ ਲੈਂਦਾ ਹੈ। ਫਿਰ ਉਚੇ ਘਰੀਂ ਜਾਕੇ ਪਤਾ ਲਗਦਾ ਹੈ ਕਿ ਸੋਝੀ ਦੀ ਕਸਵੱਟੀ ਸਾਡੀ ਗ਼ਲਤ ਹੈ, ਸੋ ਇਸ ਨੂੰ ਦਰੁਸਤ ਕਰਨਾ ਲੋੜੀਏ। ਦੂਸਰਾ ਉਪ੍ਰਾਲਾ ਹੈ ਦੁਖ ਨੂੰ ਜਿੱਤਣ ਦਾ, ਇਸ ਪਰ ਬਲ ਪਾਉਣ ਦੇ ਜਤਨ ਕਰਨ ਦਾ।

ਧਰਮ ਸਿੰਘ-ਫੇਰ ਕਿੰਵ ਕਰੀਏ?

ਸਿੰਘ-ਸਤਿਗੁਰ ਨੇ ਜਾਚ ਦੱਸੀ ਹੈ।

ਧਰਮ ਸਿੰਘ-ਤੁਸੀਂ ਖੋਹਲ ਕੇ ਦੱਸੋ ਨਾ।

ਸਿੰਘ-ਗੁਰੂ ਜੀ ਨੇ ਜਾਚ ਦੱਸੀ ਹੈ:-'ਮੰਨੇ ਨਾਉ ਸੋਈ ਜਿਣਿ ਜਾਇ'॥ ਸੋ ਪਹਿਲੀ ਗੱਲ ਹੋਈ-ਮੰਨੈ ਨਾਮ।

ਨਾਮ ਨਾਲ ਮਨ ਮੈਲ ਤੋਂ ਮਫਾ ਹੋਵੇਗਾ -ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥- ਫਿਰ ਇਹ ਮਨ ਸਿੱਧਾ ਹੋ ਜਾਏਗਾ-ਇਹ ਮਨ ਉਲਟ ਸਨਾਤਨ ਹੂਆ-ਤਦੋਂ ਸੱਚੀ ਸੋਝੀ ਦੇ ਘਰ ਜਾਏਗਾ। ਜੈਸਾ ਕਿ ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ,- 'ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤ ਸੰਗਤਿ ਗੁਰ ਪਿਆਰ॥' {ਮਲਾ: ਮ: ੧-੫} ਫੇਰ ਸਮਝ ਆਵੇਗੀ ਕਿ ਦੁਖ ਕੀ ਹੈ ਤੇ ਸੁਖ ਕੀ ਹੈ। ਇਸ ਨਿਰਮਲ ਸੋਝੀ ਨਾਲ ਇਹ ਸਮਝ ਬੀ ਪੈਂਦੀ ਹੈ:

'ਦੁਖ ਸੁਖ ਦੋਊ ਸਮ ਕਰਿ ਜਾਨੈ
ਬੁਰਾ ਭਲਾ ਸੰਸਾਰ॥' {ਮਲਾਰ ਮ: ੧-੫}

ਫਿਰ ਇਸਨੂੰ ਸਮਝ ਆਵੇਗੀ ਕਿ ਦੁਖਾਂ ਦੀਆਂ ਅੱਗਾਂ ਮਾਰਦੀਆਂ ਹਨ ਪਰ ਦੁਖ ਦਾਰੂ ਬੀ ਹੈ, ਜੈਸਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ:- ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ॥ {ਸਾਰੰ: ਵਾਰ-੮}

ਧਰਮ ਸਿੰਘ-ਪਰ ਇਸ ਵਾਕ ਦੀਆਂ ਪਹਿ-ਲੀਆਂ ਤੁਕਾਂ ਵਿਚ ਦੁਖ ਦਾ ਕੈਸਾ ਨਕਸ਼ਾ ਗੁਰੂ ਬਾਬੇ ਨੇ ਬੱਧਾ ਹੈ:

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ॥ ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹ ਕਰਹਿ ਪੁਕਾਰ॥ ਦੁਖ ਕੀਆ ਪੰਡਾ ਖੁਲੀਆ ਸੁਖੁ ਨ ਨਿਕਲਿਓ ਕੋਇ॥ ਦੁਖ ਵਿਚਿ ਜੀਉ ਜਲਾਇਆ ਦੁਖੀਆ ਜਲਿਆ ਰੋਇ॥

{ਸਾਰ ਕੀ ਵਾ: ਮ: ੧-੮}

ਸਿੰਘ ਜੀ-ਫੇਰ ਏਸੇ ਦੀ ਅੰਤਲੀ ਤੁਕ ਹੈ ਨਾ ਜੋ ਮੈਂ ਪੜੀ ਹੈ। ਦੁਖ ਸਾੜਦਾ ਬੀ ਹੈ ਪਰ ਦਾਰੂ ਬੀ ਹੈ।

ਧਰਮ ਸਿੰਘ-ਉਹ ਕਿਵੇਂ?

ਸਿੰਘ ਜੀ-ਅੰਤਲੀ ਤੋਂ ਪਹਿਲੀ ਤੁਕ ਪੜ੍ਹੋ:- ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥

ਧਰਮ ਸਿੰਘ-ਸਿੰਘ ਜੀ ਤੁਸਾਂ ਬੜੀ ਕਿਰਪਾ ਕੀਤੀ ਹੈ। ਗੁਰਬਾਣੀ ਦੇ ਪ੍ਰਕਾਸ਼ ਵਿਚ ਪਏ ਤੋਰਦੇ ਹੋ, ਪਰ ਦੁੱਖ ਦਾ ਨਾਂ ਹੀ ਭੈੜਾ ਹੈ। ਜ਼ਰਾ ਸੋਚਣਾ, ਦੁੱਖ ਕਈ ਪ੍ਰਕਾਰ ਦੇ ਹਨ। ਚਾਰ ਦੁਖ ਬੜੇ ਬਲੀ ਹਨ। ਗੁਰੂ ਬਾਬੇ ਜੀ ਨੇ ਆਪ ਗਿਣੇ ਹਨ ਦੇਖੋ:-

ਦੁਖੁ ਵਿਛੋੜਾ ਇਕੁ ਦੁਖੁ ਭੂਖ॥ ਇਕੁ ਦੁਖੁ ਸਕਤਵਾਰ ਜਮਦੂਤ॥ ਇਕੁ ਦੁਖੁ ਰੋਗੁ ਲਗੋ ਤਨਿ ਧਾਇ॥ ਵੈਦ ਨ ਭੋਲੇ ਦਾਰੂ ਲਾਇ॥

{ਮਲਾਰ ਮ: ੧-੭}

ਇਕ ਦੁਖ ਵਿਛੋੜਾ ਹੈ, ਇਕ ਦੁਖ ਭੁਖ ਦਾ ਹੈ ਇਕ ਦੁਖ ਮੌਤ ਦਾ ਹੈ, ਇਕ ਦੁਖ ਬੀਮਾਰੀ ਹੈ।

ਇਹ ਚਾਰ ਦੁਖ ਚਾਰੇ ਤੋਂ ਬਿਨਾਂ ਹਨ। ਤੁਸੀਂ ਦੱਸੋ ਕਿ ਏਥੇ ਕੋਈ ਕੀਹ ਕਰੇਗਾ। ਗੁਰੂ ਜੀ ਬੀ ਵੈਦ ਨੂੰ ਕਹਿੰਦੇ ਹਨ ਕਿ ਇਨ੍ਹਾਂ ਦਾ ਦਾਰੂ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੈਦ ਨੂੰ ਫੇਰ ਦੱਸਦੇ ਹਨ ਕਿ 'ਦਰਦ ਹੋਵੈ ਦੁਖੁ ਰਹੈ ਸਰੀਰ॥ ਐਸਾ ਦਾਰੂ ਲਗੈ ਨ ਬੀਰ'॥ ਜਦ ਤਕ ਸਰੀਰ ਰਹੇਗਾ ਦਰਦ ਤੇ ਦੁਖ ਬਣੇ ਰਹਿਣੇ ਹਨ, ਤੇਰੇ ਪਾਸ ਐਸਾ ਦਾਰੂ ਨਹੀਂ ਹੈ ਕਿ ਜੋ ਇਨ੍ਹਾਂ ਨੂੰ ਲਗ ਸਕੇ।

ਸਿੰਘ-ਹੁਣ ਅੱਗੇ ਬੀ ਪੜ੍ਹੋ। ਗੁਰੂ ਜੀ ਫੁਰਮਾ-ਉਂਦੇ ਹਨ:-'ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥ ਮਨ ਅੰਧੈ ਕਉ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ'॥ ਕਿ ਹੇ ਵੈਦ ਤੂੰ ਤਾਂ ਜੜ੍ਹੀ ਬੂਟੀਆਂ ਲਈ ਫਿਰਦਾ ਹੈਂ ਪਰ ਦੁਖ ਦਾ ਕਾਰਨ ਤਾਂ ਮਨ ਦਾ ਅੰਨ੍ਹਾ ਹੋਣਾ ਹੈ। ਇਹ ਅੰਨ੍ਹਾ ਹੋਇਆ ਮਨ ਸੱਚੀ ਸੋਝੀ ਤੋਂ ਬਾਹਰ ਹੋ ਗਿਆ ਰਸਾਂ ਤੇ ਭੋਗਾਂ ਨੂੰ ਸੁਖ ਰੂਪ ਸਮਝਦਾ ਹੈ। ਉਹ ਹਨ ਦੁਖ ਰੂਪ ਤੇ ਪਰਤੱਖ ਪਤਾ ਲਗ ਜਾਂਦਾ ਹੈ ਕਿ ਭੋਗਾਂ ਦਾ ਫਲ ਰੋਗ ਨਿਕਲਦਾ ਹੈ। ਮਨ ਅੰਧਾ ਕਿਉਂ ਹੋ ਗਿਆ? ਦੱਸਦੇ ਹਨ ਕਿ ਖਸਮ ਨੂੰ

ਵਿਸਾਰ ਕੇ। ਅੱਗੇ ਚਲ ਕੇ ਅੰਨ੍ਹੇ ਮਨ ਨੂੰ ਅਰੋਗ ਕਰਨ ਦੀ ਜੁਗਤ੍ਰ ਦੱਸਦੇ ਹਨ:-

ਕੰਚਨ ਕਾਇਆ ਨਿਰਮਲ ਹੰਸੁ॥ ਜਿਸੁ ਮਹਿ ਨਾਮ ਨਿਰੰਜਨ ਅੰਸੁ॥ ਦੂਖ ਰੋਗ ਸਭਿ ਗਇਆ ਗਵਾਇ॥ ਨਾਨਕ ਛੂਟਸਿ ਮਾਚੈ ਨਾਇ॥ ੪॥੨॥੭॥ {ਮਲਾਰ ਮ: ੧}

ਕਿ ਜਿਸ ਦੇ ਅੰਦਰ ਨਾਮ ਦੀ ਅੰਸ਼ ਵਾਸਾ ਪਾਉਂਦੀ ਹੈ, ਉਹ ਮਨ ਦੀਆਂ ਮੈਲਾਂ ਦੂਰ ਕਰਕੇ ਅਪਣੇ ਹੰਸ ਆਤਮਾ ਨੂੰ ਨਿਰਮਲ ਪ੍ਰਤੀਤ ਕਰਦਾ ਹੈ ਤੇ ਹੰਸ ਵਰਗੇ ਉੱਜਲ ਆਤਮਾ ਦੇ ਵਸੇਬੇ ਵਾਲੀ ਦੇਹੀ ਕੰਚਨ ਵਾਂਙੂ ਦਿੱਬ ਹੁੰਦੀ ਹੈ। ਐਉਂ ਦੁੱਖ ਤੇ ਰੋਗ ਦੂਰ ਹੁੰਦੇ ਹਨ। ਸਿੱਧ ਇਹ ਹੋਇਆ ਕਿ ਦੁੱਖਾਂ ਤੋਂ ਨਾਮ ਨਾਲ ਛੁਟਕਾਰਾ ਹੁੰਦਾ ਹੈ।

ਧਰਮ ਸਿੰਘ-ਪਰ ਤੁਸੀਂ '**ਚੰਦਨ ਕਾ ਫਲੁ ਚੰਦਨ ਵਾਸੁ॥ ਮਾਣਸ ਕਾ ਫਲ ਘਟ ਮਹਿਸਾਸੁ॥ ਸਾਸਿ ਗਇਐ ਕਾਇਆ ਢਲਿ ਪਾਇ॥ ਤਾਕੈ ਪਾਛੈ ਕੋਇ ਨ ਖਾਇ॥੩॥**' ਏਹ ਤੁਕਾਂ ਵਿਚੋਂ ਛੋੜ ਗਏ ਹੋ।

ਸਿੰਘ ਜੀ-ਇਨ੍ਹਾਂ ਵਿਚ ਗੁਰੂ ਜੀ ਓਹੋ ਸੋਝੀ ਦੇਂਦੇ ਹਨ ਕਿ ਜਿਵੇਂ ਚੰਦਨ ਵਿਚ ਉਸਦੀ ਖੁਸ਼ਬੋ ਉਸਦੀ ਚੰਦਨ ਹਸਤੀ ਦਾ ਆਧਾਰ ਹੈ ਤਿਵੇਂ ਮਨੁੱਖ ਦੇਹੀ ਦਾ ਆਧਾਰ ਸ੍ਵਾਸ ਹਨ। ਜਦੋਂ ਸਾਸ ਨਿਕਲ ਗਏ ਦੇਹੀ ਮਰ ਗਈ। ਫਿਰ ਉਸ ਦੇਹੀ ਨੂੰ ਭੁੱਖ ਰੋਗ ਆਦਿ ਦੁੱਖ ਕੋਈ ਨਹੀਂ ਆਕੇ ਖਾਂਦੇ ਯਾ ਇਉਂ ਕਿ ਉਹ ਦੇਹੀ ਫੇਰ ਕਿਸੇ ਭੁੱਖ ਦੇ ਦੁਖ ਨਾਲ ਪੀੜਤ ਨਹੀਂ ਹੁੰਦੀ। ਸੋ ਇਨ੍ਹਾਂ ਤੁਕਾਂ ਵਿਚ ਇਹ ਬੀ ਸੋਝੀ ਦਿੱਤੀ ਨੇ ਕਿ ਸਰੀਰ ਤਕ ਸਾਰੇ ਦੁਖ ਭਾਸਦੇ ਹਨ। ਤਾਂ ਜਿਸ ਦੇਹੀ ਨੇ ਮਰ ਜਾਣਾ ਹੈ ਉਸ ਲਈ ਕਿਉਂ ਵਿਕਾਰ ਕਮਾਵੇ। ਸਾਫ ਕਰਕੇ ਸਮਝ ਲਵੋ ਕਿ ਮਨ ਦੇ ਅੰਧੇ ਰਹਿਣ ਨਾਲ ਸਰੀਰ ਵਿਕਾਰਾਂ ਵਿਚ ਜਾਂਦਾ ਹੈ, ਵਿਕਾਰਾਂ ਤੋਂ ਦੁਖ ਉਪਜਦੇ ਹਨ। ਸਰੀਰ ਦੇ ਅੰਦਰ ਹੰਸ ਹੈ, ਪਰ ਉਹ ਵਿਕਾਰਾਂ ਕਰਕੇ ਅੰਨ੍ਹੇ ਹੋਏ ਮਨ ਤੋਂ ਉਹਲੇ ਰਹਿੰਦਾ ਹੈ। ਮਨ ਦਾ ਅੰਧਕਾਰ ਨਾਮ ਨਾਲ ਦੂਰ ਹੁੰਦਾ ਹੈ ਤੇ ਕਾਇਆਂ ਦਿੱਬ ਤੇ ਮਨ ਵਿਚ ਉੱਜਲਾਪਨ ਆ ਜਾਂਦਾ ਹੈ ਤਾਂ ਸੋਝੀ ਪੈ ਜਾਂਦੀ ਹੈ ਤੇ ਪਤਾ ਲਗਦਾ ਹੈ ਕਿ ਆਹ 'ਆਪਾ' ਹੈ, ਆਹ 'ਨਿਰੰਜਨ' ਹੈ, ਇਉਂ ਸੁਖ ਦੀ ਸੋਝੀ ਆਪੇ ਨੂੰ ਮੁੜ ਬੁੱਧੀ ਤੋਂ ਨਿਰਮਲ ਕਰਨੇ ਵਿਚ ਹੈ। ਦੇਖੋ ਅਗਲੇ ਸ਼ਬਦ ਵਿਚ ਗੁਰੂ ਜੀ ਖੋਹਲਕੇ ਇਹ ਗਲ ਸਮਝਾਉਂਦੇ ਹਨ:-

ਦੁਖ ਮਹੁਰਾ ਮਾਰਣ ਹਰਿ ਨਾਮੁ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ॥ ਨਿਤ ਨਿਤ ਲੇਹੁ ਨ ਛੀਜੈ ਦੇਹ॥ ਅੰਤ ਕਾਲਿ ਜਮਿ ਮਾਰੈ ਠੇਹ॥ ੧॥ਐਸਾ ਦਾਰੂ ਖਾਹਿ ਗਵਾਰ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ॥੧॥ {ਮਲਾ: ਮ: ੧-੮}

ਅਰਥਾਤ ਦੁਖ ਇਕ ਜ਼ਹਿਰ ਹੈ, ਇਸਨੂੰ ਕੋਈ ਨਹੀਂ ਖਾਣਾ ਚਾਹੁੰਦਾ ਪਰ ਇਹ ਜ਼ਹਿਰ ਦਵਾਈ ਬੀ ਹੈ। ਸਾਰੇ ਜ਼ਹਿਰ ਦਵਾਈਆਂ ਹਨ ਪਰ ਵਿਧੀ ਸੰਯੁਕਤ ਮਾਰਿਆਂ ਤੇ ਵਿਧੀ ਪੂਰਬਕ ਸੇਵਨ ਕੀਤੀਆਂ। ਜਿਵੇਂ ਸੰਖੀਆ ਵਿਹੁ ਹੈ, ਇਸ ਨੂੰ ਦਵਾਈ ਬਨਾਉਣ ਲਈ ਮਾਰੀਦਾ ਹੈ। ਤਿਵੇਂ ਦੱਸਦੇ ਹਨ ਕਿ ਦੁਖ ਜ਼ਹਿਰ ਹੈ, ਇਸ ਬਿਖ ਨੂੰ ਮਾਰਕੇ ਦਵਾਈ ਬਨਾਉਣ ਵਾਸਤੇ 'ਹਰਿ ਨਾਮ' ਇਸ ਦਾ ਮਾਰਣ* ਹੈ। ਇਸ ਨੂੰ ਹਰਿ ਨਾਮ ਰੂਪੀ ਮਮਾਲੇ ਨਾਲ ਮਾਰਕੇ, ਸੰਤੋਖ ਰੂਪੀ ਸਿਲਾ ਤੇ ਪੀਸੀਦਾ ਹੈ ਤੇ ਹੱਥ ਜਿਹੜੇ ਵੱਟੇ ਨੂੰ ਫੜਕੇ ਪੀਸਦੇ ਹਨ ਏਥੇ ਦਾਨ ਦੇ ਲੋੜੀਏ। ਅਰਥਾਤ ਨਾਮ, ਸੰਤੋਖ ਤੇ ਦਾਨ ਏ ਤ੍ਰੈ ਵਸਤਾਂ ਦੁੱਖ ਨੂੰ ਹੀ ਦਵਾਈ ਬਣਾ ਦੇ ਦੀਆਂ ਹਨ। ਇਹ ਦਵਾਈ ਸਦਾ ਖਾਓ ਤਾਂ ਦੇਹ ਤੁਹਾਡੀ ਅਰੋਗ ਰਹੇਗੀ ਤੇ ਅੰਤ ਸਮੇਂ ਜਮ ਨੂੰ ਤੁਸੀਂ ਠੇਹ ਕਰਕੇ ਮਾਰ ਲਓਗੇ। ਸੋ ਦੇਖੋ 'ਨਾਮ' ਦੁਖ ਨੂੰ ਹੀ ਦਾਰੂ ਬਣਾ ਦੇਵੇਗਾ ਦੁਖਾਂ ਦੇ ਦੂਰ ਕਰ ਦੇਣ ਦਾ। ਦਸ਼ਮੇਸ਼ ਪਿਤਾ ਜੀ ਨੇ ਫੁਰਮਾਇਆ ਹੈ:-

ਜਿਨ ਜਿਨ ਨਾਮੁ ਤਿਹਾਰੋ ਧਿਆਇਆ॥
ਦੂਖ ਪਾਪ ਤਿਹ ਨਿਕਟ ਨ ਆਇਆ॥

ਧ: ਸਿੰਘ-ਠੀਕ ਹੈ। ਬਹੁਤ ਠੀਕ ਹੈ। ਪਰ ਸਿੰਘ ਜੀ ਸੰਸਾ ਅਜੇ ਦਿਲ ਨੂੰ ਫੜੀ ਬੈਠਾ ਹੈ। ਤਾਂਤੇ ਹੁਣ ਇਹ ਗੱਲ ਦੱਸੋ ਜੀ ਕਿ ਨਾਮੀ ਪੁਰਖ ਤਾਂ ਦੁਖੀ ਨਹੀਂ ਹੋਣੇ ਚਾਹੀਏ।

ਸਿੰਘ-ਫੇਰ ਤੁਸੀਂ ਉਸੇ ਲੀਕ ਵਿਚ ਜਾ ਪੈਂਦੇ ਹੋ, ਜਿਸਨੂੰ ਮਨ, ਜੋ ਪ੍ਰਬੁਧ ਨਹੀਂ, ਦੁੱਖ ਦੀ ਲੀਹ

*ਉਹ ਮਸਾਲਾ ਜਿਸ ਨਾਲ ਧਾਤਾਂ ਤੇ ਬੂਟੀਆਂ ਮਾਰੀਦੀਆਂ ਹਨ।

ਸਮਝਦਾ ਹੈ। ਜਿਸ ਨੂੰ ਤੁਸੀਂ ਦੁਖ ਸਮਝਦੇ ਹੋ ਨਾਮੀ ਪੁਰਖ ਦੇ ਭਾਣੇ ਉਹ ਖਬਰੇ ਦੁਖ ਹੈ ਵੀ ਕਿ ਨਹੀਂ। ਸਾਡੀ ਤਾਂ ਅਜੇ ਸਿਆਣ ਹੀ ਠੀਕ ਨਹੀਂ। ਨਾਮ ਜਪਿਆਂ ਇਹ ਸਿਆਣ ਆਉਂਦੀ ਹੈ ਤੇ ਦੁਖ ਦਾ ਵਰਤਾਉ ਬਦਲੀ ਦਾ ਹੈ:-

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥ {ਆਸਾ ਮ: ੧-੩੨}

ਜਿਵੇਂ ਪਹਿਲਵਾਨ ਦਾ ਸ਼ਾਗਿਰਦ ਤੁਹਾਨੂੰ ਦੁਖੀ ਦਿੱਸੇਗਾ, ਕਈ ਵੇਰ ਹੱਡੀ ਪੱਸਲੀ ਤੁੜਾ ਬੈਠੇਗਾ। ਤੁਸੀਂ ਰੋਵੋਗੇ ਕਿ ਹਾਇ ਇਸਨੂੰ ਦੁਖ ਹੈ, ਪਰ ਇਹ ਦੁਖ ਤਾਂ ਉਸਦੀ ਪਹਿਲਵਾਨਗੀ ਦੀ ਕਸਰਤ ਹੈ। ਸੋ ਪ੍ਰਬੁਧ ਮਨ ਵਾਲੇ ਦੇ ਦੁੱਖ ਨੂੰ ਤੁਸੀਂ ਜੋ ਦੁਖ ਸਮਝ ਰਹੇ ਹੋ ਉਹ ਤਾਂ ਦੁੱਖ ਨੂੰ ਦੱਲ ਰਿਹਾ ਹੈ ਆਤਮ-ਬਲ ਨਾਲ, ਕਿਉਂਕਿ ਉਸ ਨੇ ਇਨ੍ਹਾਂ ਨੂੰ ਦਲਕੇ ਮੁਕਤੀ ਦੀ ਪਹਿਲਵਾਨਗੀ ਪਾਕੇ ਸਾਂਈ ਨੂੰ ਮਿਲਨਾ ਹੈ ਜੋ ਚੋਟੀ ਦਾ ਸੁਖ ਹੈ। ਦੇਖੋ ਸ੍ਰੀ ਗੁਰੂ ਸਾਹਿਬ ਦਸਮੇ ਪਾਤਸ਼ਾਹ ਫੁਰਮਾਉਂਦੇ ਹਨ:-

ਜਿਨ ਮਤਿ ਬੇਦ ਕਿਤੇਬਨ ਤਿਆਗੀ॥ ਪਾਰ-ਬ੍ਰਹਮ ਕੇ ਭੇ ਅਨੁਰਾਗੀ॥ ਤਿਨ ਕੇ ਗੂੜ ਮੱਤ ਜੇ ਚਲਹੀ॥ ਭਾਂਤ ਅਨੇਕ ਦੁਖਨ ਸੋ ਦਲ ਹੀ॥

ਭਾਵ ਇਹ ਕਿ ਪ੍ਰਬੁੱਧ ਮਨ ਵਾਲਾ ਜੋ ਨਾਮ ਜਪਦਾ ਤੇ ਦੁੱਖਾਂ ਦੇ ਟਾਕਰੇ ਕਰਦਾ ਹੈ ਦੁਖਾਂ ਨੂੰ ਦਲ ਰਿਹਾ ਹੈ। ਉਹ ਦੁਖੀ ਨਹੀਂ, ਉਹ ਰਾਹਕ ਵਾਂਙੂ ਹੈ ਜੋ ਜਗਤ ਜਦ ਸੁਖ ਦੀ ਨੀਂਦੇ ਸੁੱਤਾ ਪਿਆ ਹੁੰਦਾ ਹੈ, ਉਹ ਉਸ ਨੀਂਦਰ ਦੇ ਵੇਲੇ ਹਲ ਵਾਹੁਣ ਦਾ ਦੁਖ ਭੋਗ ਰਿਹਾ ਹੁੰਦਾ ਹੈ। ਪਰ ਉਹ ਅਸਲ ਵਿਚ ਦੁਖ ਨਹੀਂ ਭੋਗ ਰਿਹਾ ਉਹ ਆਪਣੇ ਲਈ, ਪ੍ਰਵਾਰ ਲਈ ਤੇ ਜਗਤ ਲਈ ਅੰਨ ਪੈਦਾ ਕਰ ਰਿਹਾ ਹੁੰਦਾ ਹੈ। ਇਸੇ ਕਰਕੇ ਸੋਝੀ ਵਿਚ ਆਏ ਦੀ ਪਦਵੀ, ਜੋ ਦੁਖਾਂ ਨਾਲ ਟਾਕਰੇ ਕਰਦਾ ਸਾਈਂ ਦੀ ਲਿਵ ਵਿਚ ਜੀ ਰਿਹਾ ਹੈ ਦਸਮੇ ਪਾਤਸ਼ਾਹ ਨੇ ਆਪ ਇਹ ਦਸੀ ਹੈ:-

"ਜੇ ਜੇ ਜਾਤ ਸਹਿਤ ਸੰਦੇਹਾ॥ ਪ੍ਰਭੁ ਕੋ ਸੰਗ ਨ ਛੋਡਤ ਨੇਹਾ॥ ਤੇਤੇ ਪਰਮਪੁਰੀ ਕਹ ਜਾਹੀ॥ ਤਿਨ ਹਰਿ ਸਿਉ ਅੰਤਰੁ ਕਛੁ ਨਾਹੀ।"

ਸੋ ਜਿਸ ਇਹ ਰਾਹ ਦੇ ਟੁਰਨ ਵਾਲੇ ਨੂੰ ਤੁਸੀਂ ਦੁਖੀ ਸਮਝੋਗੇ, ਉਹ ਦੁਖ ਪਾ ਰਿਹਾ ਹੈ ਤੇ ਪ੍ਰਭੂ ਦੇ ਸੰਗ ਨੂੰ ਨਹੀਂ ਛੱਡ ਰਿਹਾ ਉਹ ਤਾਂ ਪਰਮ ਪੁਰੀ ਨੂੰ ਜਾ ਰਿਹਾ ਹੈ। ਅੰਤ ਉਸਦੇ ਤੇ ਵਾਹਿਗੁਰੂ ਦੇ ਵਿਚ ਵਿੱਥ ਕੋਈ ਨਹੀਂ ਰਹੇਗੀ।

ਜ਼ਰਾ ਵਿਚਾਰ ਕਰੋ, 'ਤੁਸੀਂ ਕਦੇ ਮਿੱਠਾ ਮਿੱਠਾ ਸੰਗੀਤ ਸੁਣਕੇ ਸੁਖੀ ਹੋਏ ਹੋ? ਪਰ ਪਤਾ ਜੇ ਕਿ ਕਿਨਾਂ ਦੁਖਾਂ ਨਾਲ ਓਹ ਗਵੱਯੇ ਨੇ ਸਿੱਖਿਆ ਹੈ? ਉਸਦੇ ਦੁੱਖ ਉਸ ਨੂੰ ਸੰਗੀਤ ਦੀਆਂ ਮਧੁਰ ਧੁਨਾਂ ਦੇ ਸੁਖਾਂ ਵਿਚ ਲੈ ਗਏ। ਉਸਦੀ ਕਸਰਤ ਦੇ ਦਿਨਾਂ ਵਿਚ ਜੋ ਪੀੜਾ ਹੋ ਰਹੀ ਸੀ ਤੁਹਾਨੂੰ ਦੁਖ ਰੂਪ ਦਿੱਸ ਰਹੀ ਸੀ ਪਰ ਓਹ ਪਰਮ ਰਸ ਰੂਪੀ ਸੁਖ ਨੂੰ ਜਨਮ ਦੇ ਰਹੀ ਸੀ।

ਧ: ਸਿੰਘ-ਮੈਂ ਸਭ ਕੁਛ ਸਮਝ ਤਾਂ ਲਿਆ ਹੈ, ਆਪ ਤਾਂ ਕੋਈ ਪਾਰਗਿਰਾਮੀ ਹੋ, ਐਸੀ ਸੁੰਦਰ ਸੋਝੀ ਦਿੱਤੀ ਨੇ, ਪਰ ਜੀਓ, ਸਭ ਕੁਛ ਸਮਝਕੇ ਬੀ ਜੀ ਚੁਰਾਉਂਦਾ ਹੀ ਹੈ ਦੁਖ ਤੋਂ।

ਸਿੰਘ-ਭਾਈ ਧਰਮ ਸਿੰਘ ਜੀ! ਇਕ ਵੀਚਾਰ ਕਰੋ ਮਨ ਚਿਤ ਏਕਾਗਰ ਕਰਕੇ। ਇਹ ਗੱਲ, ਜੋ ਮੈਂ ਕਹਿਣ ਲੱਗਾ ਹਾਂ, ਡਾਢੀ ਡੂੰਘੀ ਸਮਝ ਤੇ ਕਰੜੇ ਤੰਜਰਬੇ ਦੀ ਹੈ। ਭਲਾ ਜੇ ਤੁਹਾਨੂੰ ਲਗਾਤਾਰ ਅਖੰਡ ਤੁਹਾਡੀ ਮਨ ਮਰਜ਼ੀ ਦਾ ਸੁਖ ਦਿੱਤਾ ਜਾਵੇ ਕਿ ਸੁਖ ਦੁਆਲੇ ਹੋ ਜਾਵੋ, ਯਾ ਸਮਝੋ ਕਿਸੇ ਆਦਮੀ ਨੂੰ ਉਸਦੀ ਇੱਛਾ ਮੁਜਬ ਪੂਰਨ ਸੁਖ ਉਸਨੂੰ ਲਗਾਤਾਰ ਮਿਲ ਜਾਣ, ਤੁਸੀਂ ਸਮਝਦੇ ਹੋ ਕਿ ਉਹ ਲਗਾਤਾਰ ਸੁਖ ਨੂੰ ਝੱਲ ਸਕੇਗਾ?

ਧਰਮ ਸਿੰਘ ਜੀ ਸੁਣਕੇ ਧਯਾਨ ਮਗਨ ਹੋ ਗਏ। ਕਿੰਨਾ ਚਿਰ ਸੋਚ ਵਿਚ ਸੁਖ ਦਾ ਨਕਸ਼ਾ ਅੱਖਾਂ ਅਗੇ ਬੰਨ੍ਹਕੇ ਖੜੇ ਰਹੇ। ਸਿੰਘ ਨੇ ਬੀ ਨਾ ਹਿਲਾਯਾ। ਕੁਛ ਚਿਰ ਮਗਰੋਂ ਆਪ ਨੇ ਨੈਣ ਖੁਹਲੇ, ਬੜਾ ਲੰਮਾ ਤੇ ਠੰਢਾ ਸਾਹ ਲੈਕੇ ਬੋਲੇ:-ਮੈਂ ਅੱਖਾਂ ਅੱਗੇ ਸਾਰੀ ਖੇਲ ਆਂਦੀ ਹੈ। ਆਪ ਨੇ ਡਾਢੇ ਮਰਮ ਵਾਲੇ ਥਾਂ ਤੇ ਮੇਰੀ ਨਜ਼ਰ ਪੁਆਈ ਹੈ। ਸੱਚ ਹੈ, ਲਗਾਤਾਰ ਅਖੰਡਾਕਾਰ ਸੁਖ ਦਾ ਜਾਰੀ ਰਹਿਣਾ ਬੀ ਸਾਨੂੰ ਉਕਤਾ ਦੇਵੇਗਾ, ਘਬਰਾ ਦੇਵੇਗਾ ਅਰ ਵਟਾਉ ਦੇ ਪੱਖ ਵਲ ਧਿਆਨ ਨੂੰ ਲਿਜਾਵੇਗਾ, ਅੰਤ ਸੁਖ ਦੀ ਲਗਾਤਾਰਤਾ ਅਸਹਿ ਹੋ ਜਾਵੇਗੀ। ਸਾਡਾ ਸੁਭਾਉ ਜੁ ਵਟਾਉ ਸਟਾਉ ਦਾ ਆਦਤਗੀਰ ਹੋਇਆ।

ਧਰਮ ਸਿੰਘ-ਇਸੇ ਕਰਕੇ ਸ੍ਰੀ ਗੁਰੂ ਜੀ ਨੇ ਫੁਰਮਾਇਆ ਹੈ 'ਸੁਖੁ ਦੁਖੁ ਦੁਇ ਦਰਿ ਕਪੜੇ

ਪਹਿਰਹਿ ਜਾਇ ਮਨੁਖ॥' ਮਨੁਖ ਨੂੰ ਚਾਹੀਏ ਕਿ

ਸੁਖ ਦੇ ਮਗਰ ਸ਼ੁਦਾਈ ਨਾਂ ਹੋਵੇ,
ਦੁਖ ਦਾ ਭੈ ਨਾ ਕਰੇ।

ਜਿਉਂ ਜਿਉਂ ਦੋਵੇਂ ਆਉਣ, ਕਪੜੇ ਬਦਲਣ ਵਾਂਙੂ ਉਨ੍ਹਾਂ ਨੂੰ ਸਮਝੇ। ਮਨ ਸਾਡੇ ਦੀ ਬਣਤਰ ਐਸੀ ਹੈ ਕਿ ਉਹ ਇਕ ਰਸ ਸੁਖ ਦੀ ਤਾਬ ਬੀ ਨਹੀਂ ਰੱਖਦਾ ਤੇ ਨਾਹੀਂ ਦੁਖਾਂ ਦੀ ਲਗਾਤਾਰ ਝਾਲ ਝੱਲ ਸਕਦਾ ਹੈ। ਸਿੱਟਾ ਹੁਣ ਕੀਹ ਹੋਇਆ? ਦੁਖ ਸੁਖ ਨੂੰ ਕਪੜੇ ਵਟਾਉਣ ਵਾਂਙੂ ਸਮਝਣਾ! ਦੇਖੋ ਸੱਜਣ ਜੀ ਹੁਣ ਸਾਡੇ ਅੰਦਰ ਦੀ ਸੋਝੀ ਨੇ ਕੈਸਾ ਵਟਾਉ ਖਾਧਾ ਹੈ ਸੁਖ ਦੁਖ ਸਮਝਣ ਵਿਚ। ਹੁਣ ਤੁਸੀਂ ਸਮਝ ਜਾਓਗੇ ਕਿ ਪ੍ਰਭਾਤੀ ਰਾਗ ਵਿਚ ਆਦਿ ਪਾਤਸ਼ਾਹੀ ਨੇ ਇਹ ਤੁਕ ਕਿਉਂ ਲਿਖੀ ਸੀ, **'ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ॥'** ਤੇ ਫੇਰ ਮਲਾਰ ਰਾਗ ਵਿਚ ਫੁਰਮਾਯਾ ਸਾਨੇ:-**'ਦੁਖ ਸੁਖ ਦੋਊ ਸਮ ਕਰਿ ਜਾਨੈ।'**

ਪਯਾਰੇ ਜੀਓ! ਮਨ ਵਿਚ ਮੈਲਾਂ ਹਨ। ੧. ਭੋਗੇ ਪਦਾਰਥਾਂ ਦੀ 'ਰਸ-ਟੋਟ' ਦੀ ਤਰ੍ਹਾਂ ਦੀ ਅੰਦਰ ਇਕ ਮੈਲ ਹੁੰਦੀ ਹੈ। ੨. ਅਨਭੋਗਿਆਂ ਲਈ ਤ੍ਰਿਸ਼ਨਾਂ ਦੀ ਅੰਦਰ ਮੈਲ ਹੁੰਦੀ ਹੈ। ੩. ਸੁਖ ਦੀ ਪਕੜ ਦੀ ਤੀਸਰੀ ਮੈਲ ਹੈ ਜੋ ਅੰਦਰ ਰਾਗ ਰੂਪ ਲੈਕੇ ਬੈਠੀ ਹੈ। ੪. ਦੁਖ ਤੋਂ ਨਫਰਤ ਦੀ ਚੌਥੀ ਮੈਲ ਹੈ ਜੋ ਦ੍ਵੈਖ ਦਾ ਰੂਪ ਲੈਕੇ ਬੈਠੀ ਹੈ। ੫. ਸੰਸੇ ਬ੍ਰਿਤੀ ਦਾ ਬੇ-ਟਿਕਾਣਾ ਪਨ ਇਕ ਹੋਰ ਮੈਲ ਹੈ ਜੋ ਵਿਵੇਕ ਵਿਚਾਰ ਦੇ ਰਸਤੇ ਪਾਕੇ ਫਿਰ ਅੱਗੇ ਨਹੀਂ ਚੜ੍ਹਨ ਦੇਂਦੀ ਤੇ ਅਪਣੇ ਵਿਚ ਹੀ-ਵੜ ਬਹਾਂਦੀ ਹੈ, **ਸਹਸੇ ਜੀਉ ਮਲੀਨ ਹੈ**-ਸਤਿਗੁਰ ਦਾ ਵਾਕ ਹੈ। ੬. ਛੇਵੀਂ ਮੈਲ ਹੈ, ਮੈਂ ਮੈਂ ਦੀ, ਹਉਂ ਨੂੰ ਹਉਂ ਵਿਚ ਪ੍ਰਤੀਤ ਕਰਕੇ ਹਉਂ ਵਿਚ ਗਰਬੇ ਰਹਿਣ ਦੀ। ਇਸ ਤਰ੍ਹਾਂ ਦੀਆਂ ਸੂਖਮ ਮੈਲਾਂ ਕਈ ਹਨ। ਮਨ ਇਨ੍ਹਾਂ ਦੇ ਹਨੇਰੇ ਵਿਚ ਦੁਖ ਸੁਖ ਦੀ ਅਸਲੀ ਪਰਖ ਤੋਂ ਅਗਯਾਨ ਵਿਚ ਹੈ। ਇਸ ਹਨੇਰੇ ਨੂੰ ਵਿਚਾਰਨ ਲਈ ਹੀ ਹੁਕਮ ਇਹ ਹੈ-**'ਆਸ ਅੰਦੇਸੇ ਤੇ ਨਿਹਕੇਵਲ ਹਉਮੈ ਸਬਦ ਜਲਾਏ।'** {ਆ: ਵਾ: ਮ: ੧} ਮਨ ਵਿਚ ਨਿਵਾਸ ਹੈ ਆਸ ਅੰਦੇਸੇ ਦਾ, ਬੁੱਧੀ ਵਿਚ ਨਿਵਾਸ ਹੈ ਸੰਸੇ ਦਾ, ਅੰਦਰਲੇ ਅਹੰ ਵਿਚ ਨਿਵਾਸ ਹੈ ਹਉਮੈ-ਹੰਕਾਰ ਦਾ। ਕਿਉਂਕਿ ਪਰਖ ਦੇ ਘਰ ਜਾਕੇ ਬੁੱਧੀ ਨੇ ਸੰਸੇ ਦੂਰ ਕਰਕੇ ਨਿਸ਼ਚੇ ਵਿਚ ਟਿਕਣਾ ਹੈ, ਫੇਰ ਮਨ ਨੇ ਇਸਦੇ ਮਗਰ ਲਗਕੇ ਵਾਹਿਗੁਰੂ ਪ੍ਰੇਮ ਵਿਚ ਲਗ ਪੈਣਾ ਹੈ, ਅਹੰ ਨੇ ਮਾਈਂ ਸਮਰਪਨ ਹੋਕੇ ਵਿੱਥ ਮੇਟ ਲੈਣੀ ਹੈ। ਇਸ ਪਰਖ ਦੀ ਪ੍ਰਾਪਤੀ ਦਾ ਸਾਧਨ 'ਨਾਮ' ਦੱਸਿਆ ਹੈ-**'ਹਰਿ ਕਾ ਨਾਮ ਮਨ ਵਸਾਏ'**। ਨਾਮ ਮਿਲਣਾ ਹੈ ਸਤਿਸੰਗ ਨਾਲ। ਸੋ ਸਤਿਸੰਗ ਨੇ ਨਾਮ ਦੇ ਰਸਤੇ ਪਾਉਣਾ ਹੈ, ਨਾਮ ਨੇ ਮੈਲ ਕੱਟਣੀ ਹੈ। ਨਾਮ ਹੈ ਵਾਹਿਗੁਰੂ। ਵਾਹਿਗੁਰੂ ਹੈ ਸਿਫਤ ਸਲਾਹ। ਸਿਫਤ ਸਲਾਹ ਨੇ ਅੰਦਰ ਨੂੰ ਉੱਚਾ ਕਰਨਾ ਹੈ ਵਿਸਮਾਦ ਵਿਚ, ਵਿਸਮਾਦ ਵਿਚ ਗੋਤਿਆਂ ਨੇ ਜਾਚ ਦੇਣੀ ਹੈ ਸੱਤਿ ਅਸੱਤਿ ਦੀ। ਇਸੇ ਨੇ ਮਨ ਨੂੰ ਰਸਮਯ ਤੇ ਤਨ ਨੂੰ ਪ੍ਰਫੁਲਤ ਕਰਨਾ ਹੈ।[1] ਅਸੱਤਿ-ਨਾਸ਼ਵਾਨ-ਦੀ ਕੀਮਤ ਫਿਰ ਸਾਡੇ ਅੰਦਰੋਂ ਘਟ ਜਾਣੀ ਹੈ। ਸੱਤਿ ਵਸਤੂ ਨੇ ਬੇਸ਼ ਕੀਮਤ ਤੇ ਅਮੋਲਕ ਜਚਣਾ ਹੈ। ਤਦੋਂ ਦਿੱਸੇਗਾ ਕਿ ਜਿਸ ਨੂੰ ਸੁਖ ਸਮਝਦੇ ਸਾਂ ਉਹ ਅਤੇ ਜਿਸ ਨੂੰ ਦੁਖ ਸਮਝਦੇ ਸਾਂ ਉਹ ਦੁਏ ਕੀਹ ਹਨ। ਤਦੋਂ ਪਰਮ ਸੁਖ ਫਿਰ ਅਬਿਨਾਸ਼ੀ ਸੁਖ ਵਿਚ ਦਿੱਸੇਗਾ। ਅਬਿਨਾਸ਼ੀ ਸੁਖ ਅਬਿਨਾਸ਼ੀ ਦੇ ਪਿਆਰ ਤੇ ਪ੍ਰਾਪਤੀ ਵਿਚ ਜਚੇਗਾ[2]। ਜਿਨ੍ਹਾਂ ਗੱਲਾਂ ਵਿਚ ਪਹਿਲੇ ਸੁਖ ਵੇਖਦੇ ਸਾਂ ਓਨ੍ਹਾਂ ਵਿਚ ਦੁਖ ਦਿੱਸੇਗਾ। ਹਾਂ, ਫੇਰ ਦਿੱਸੇਗਾ।

'ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥'
{ਮਲਾਰ ਵਾਰ- ੨੧}

ਹਾਂ ਤਦੋਂ ਸਮਝ ਪਵੇਗੀ:-

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥
{ਮਲਾਰ ਵਾਰ ਮ- ੨੧}

ਤਾਂ ਫੇਰ ਪਤਾ ਲੱਗੇਗਾ:-

ਦੁਖੁ ਤਦੇ ਜਾ ਵਿਸਰਿ ਜਾਵੈ॥ {ਮਾਝ ਮ: ੫-੧੫}

ਕੀ ਵਿਸਰਹਿ ਦੁਖੁ ਬਹੁਤਾ ਲਾਗੈ ਦੁਖੁ ਲਾਗੈ ਤੂੰ ਵਿਸਰੁ ਨਾਹੀ॥ {ਮਾਝ ਮ: ੧-੧੯}

ਫਿਰ ਸਮਝ ਆਵੇਗੀ ਕਿ ਅਸਾਂ ਦੁੱਖਾਂ ਨੂੰ ਦਲਨਾ ਹੈ! ਸੁਖਾਂ ਦੀ ਤ੍ਰਿਸ਼ਨਾ ਵਿਚ ਕਮਜ਼ੋਰ ਨਹੀਂ

---

੧. ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥ {ਸਾਰੰ: ਵਾਰ-੮}

੨. ਨਾ ਓਹੁ ਮਰੈ ਨ ਹੋਵੈ ਸੋਗੁ॥ ਦੇਦਾ ਰਹੈ ਨ ਚੂਕੈ ਭੋਗੁ॥ {ਆਸਾ ਮ: ੧}

ਹੋਣਾ। 'ਦੁਖੁ ਦਾਰੂ ਸੁਖੁ ਰੋਗੁ ਭਇਆ' ਦੀ ਤਦੋਂ ਸੋਝੀ ਆਵੇਗੀ। ਹਾਂ, ਤਦੋਂ ਪਤਾ ਲੱਗੇਗਾ ਕਿ ਸਾਡਾ ਕੰਮ ਹੈ--ਭਾਂਤ ਅਨੇਤ ਦੁਖਨ ਸੋ ਦਲਹੀ।

ਧ: ਸਿੰਘ-ਫੇਰ ਸੁਖ ਦੀ ਵਾਸ਼ਨਾ ਹੀ ਨਾ ਰਹੇ।

ਸਿੰਘ-ਮੁੱਖ ਗੱਲ ਹੈ ਇਸ ਸੁਖ ਦੁਖ ਦੀ ਠੀਕ ਪਰਖ ਸਿਖਾਉਣੀ ਜੋ ਨਾਮ ਨਾਲ ਹੋਣੀ ਹੈ। ਜਿਨ੍ਹਾਂ ਗੱਲਾਂ ਨੂੰ ਆਮ ਤੌਰ ਤੇ ਸੁਖ ਦੁਖ ਸਮਝਿਆ ਜਾਂਦਾ ਹੈ ਉਨ੍ਹਾਂ ਵਲ ਇਹ ਰੁਖ ਰੱਖਣਾ ਚਾਹੀਏ:-

ਸੁਖ ਦੀ ਆਸ ਨਾ ਕਰਨੀ, ਦੁਖ ਤੋਂ ਭੈ ਨਾ ਖਾਣਾ। ਸੁਖ ਆਵੇ ਤਾਂ ਮਦਮੱਤੇ ਨਹੀਂ ਹੋਣਾ, ਨਾਮ ਜਪਣਾ ਤੇ ਭਲਾ ਕਰਨਾ। ਦੁਖ ਆਵੇ ਤਾਂ ਨਾਮ ਜਪਣਾ ਤੇ ਦੁਖਾਂ ਨੂੰ ਦਲਨਾ। ਬ੍ਰਿਤੀ ਨੂੰ ਢਹਿੰਦੀਆਂ ਕਲਾਂ ਵਿਚ ਨਾ ਜਾਣ ਦੇਣਾ। ਅਤੇ 'ਨਾਮ ਵਿਚ ਲੱਗ ਕੇ ਵਾਪਰ ਰਹੇ ਦੁਖਾਂ ਤੋਂ ਬਨਾਂ ਨੂੰ ਨਹੀਂ ਭੱਜਣਾ! ਵਿੱਚੇ ਰਹਿਕੇ ਜਗਤ ਦੀ ਜਲ-ਪਛਾੜ ਸਹਿਕੇ ਅਡੋਲ ਟਿਕਣਾ। **'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲ ਰਹੈ ਵਿਚਿ ਪਾਣੀ ਹੇ'**॥ {ਮਾਰੂ: ਸੋਲ: ਮ: ੫-੧੦}

੫.

ਧਰਮ ਸਿੰਘ ਜੀ ਦੀ ਬੜੀ ਨਿਸ਼ਾ ਹੋਈ। ਪਰ ਸਤਿਗੁਰਾਂ ਨਾਲ ਬੇੜਾ ਪ੍ਰੇਮ ਹੋਣ ਕਰਕੇ ਉਨ੍ਹਾਂ ਦੇ ਦੁਖ ਨੂੰ ਉਹ ਅਪਣਾ ਦੁਖ ਅਨੁਭਵ ਕਰ ਰਹੇ ਸਨ। ਇਤਨੀ ਬਾਤਚੀਤ ਦੇ ਅਮਰ ਨੇ ਤਬੀਅਤ ਬਦਲ ਤਾਂ ਦਿੱਤੀ ਪਰ ਮਰਮੀ ਹਮਦਰਦੀ ਦੇ ਕਾਰਨ ਫੇਰ ਅਵਾਜ਼ ਨਿਕਲੀ:-ਸਿੰਘ ਜੀ! ਗੁਰੂ ਸਾਹਿਬ ਸਮਰੱਥ ਹਨ। ਏਹ ਦੁਖ ਅਪਣੇ ਤੇ ਨਾ ਲੈਂਦੇ ਤਦ ਸਾਡੇ ਤੇ ਮਿਹਰ ਹੁੰਦੀ, ਅਸੀਂ ਉਨ੍ਹਾਂ ਦੇ ਦੁਖ ਨਾਲ ਪੀੜਤ ਨਾ ਹੁੰਦੇ। ਦੁੱਖਾਂ ਦੇ ਮੂੰਹ ਸਾਨੂੰ ਦੇ ਦੇਂਦੇ ਓਹ ਆਪ ਤਾਂ ਸੁਖੀ ਰਹਿੰਦੇ! ਉਨ੍ਹਾਂ ਦਾ ਤਾਂ ਸੁਖ ਦੁਖ ਉਤੇ ਹੁਕਮ ਹੈ।

ਸਿੰਘ ਜੀ ਹੱਸੇ ਤੇ ਆਖਣ ਲਗੇ 'ਤੁਸਾਂ ਡਾਢੇ ਡੂੰਘੇ ਪਿਆਰ ਦੀ ਗੱਲ ਆਖੀ ਹੈ। ਸਤਿਗੁਰ ਸਮਰੱਥ ਹਨ ਤੇ ਮੇਰੇ ਵਰਗੇ ਹਜ਼ਾਰਾਂ ਉਨ੍ਹਾਂ ਦੇ ਹੁਕਮ ਵਿਚ ਹਨ। ਮੈਂ ਇਕੱਲਾ ਉਸ ਵੇਲੇ ਵੈਰੀ ਦਲ ਨੂੰ ਨਸਾ ਸਕਦਾ ਸਾਂ*, ਪਰ ਸਤਿਗੁਰ ਨੇ ਆਪਣੀ ਰੂਹਾਨੀ ਤਾਕਤ ਨੂੰ ਵਰਤਿਆ ਨਹੀਂ।'

ਧਰਮ ਸਿੰਘ-ਕਿਉਂ?

ਸਿੰਘ-ਇਸ ਲਈ ਕਿ ਆਪ ਨੇ ਇਹ ਇਕ ਮਨੁੱਖ-ਨਾਟ ਰਚਾਇਆ ਹੈ। ਆਪ ਨੇ ਕੁਛ ਸਮੇਂ ਬਾਦ ਸੱਚਖੰਡ ਚਲੇ ਜਾਣਾ ਹੈ। ਪੰਥ ਨੂੰ ਉਨ੍ਹਾਂ ਨੇ ਬਲ ਦੇਕੇ ਉੱਚਿਆਂ ਕਰਨਾ ਹੈ, ਪਰਜਾ ਜੋ ਨਿਤਾਣੀ ਹੋਕੇ ਦੁਖ ਪਾ ਰਹੀ ਹੈ ਉਸ ਨੂੰ ਉੱਚਿਆਂ ਕਰਨਾ ਹੈ ਕਿ ਇਹ ਤਾਕਤਵਰ ਹੋਕੇ ਸੁਤੰਤ੍ਰ ਹੋ ਜਾਏ। ਇਹ ਦੁਖਾਂ ਦੀ ਦਬੇਲ ਨਾ ਰਹੇ, ਮਜ਼ਲੂਮ ਤੇ ਸਿਤਮ ਰਸੀਦਾ ਨਾ ਰਹੇ ਸਗੋਂ ਬਲ ਪਕੜੇ। ਹਾਂ, ਇਹ ਗ਼ੁਲਾਮੀ ਦੇ ਸੁਖਾਂ ਨੂੰ ਪਿਆਰ ਨਾ ਕਰੇ, ਆਜ਼ਾਦੀ ਦੇ ਦੁੱਖਾਂ ਨੂੰ ਮਿੱਠੇ ਕਰਕੇ ਬਲਵਾਨ ਹੋ ਜਾਵੇ। ਗ਼ੁਲਾਮੀ ਤੇ ਆਜ਼ਾਦੀ-ਮਨ ਦੀ, ਸਰੀਰ ਦੀ, ਦੇਸ਼ ਦੀ। ਦੁੱਖ ਜਦ ਪੈਂਦਾ ਹੈ ਤਾਂ ਕਮਜ਼ੋਰ ਕਰਦਾ ਹੈ, ਕਿਉਂਕਿ ਦੁੱਖ ਅਗੇ ਦਿਲ ਹਾਰ ਦੇਈਦਾ ਹੈ। ਦੁਖ ਨੂੰ ਝੱਲਣਾ ਤੇ ਹਾਰਨਾ ਨਾ, ਅਤੇ ਦੁੱਖ ਨੂੰ ਨੇਹਣਨਾ ਤੇ ਟਾਕਰਾ ਕਰਨਾ ਸਾਨੂੰ ਬਲੀ ਬਣਾਉਂਦਾ ਹੈ। ਸਭ ਤੋਂ ਵਡਾ ਬਲ ਹੈ 'ਆਤਮਿਕ ਤੇ ਮਾਨਸਿਕ ਬਲ' ਜੇ ਹੁਣ ਗੁਰੂ ਜੀ ਆਤਮ ਸ਼ਕਤੀ ਨਾਲ ਸੁਖ ਹੀ ਮਾਣੀ ਜਾਣ ਤੇ ਦੁਖ ਪਰੇ ਰਖੀ ਜਾਣ ਤਾਂ ਇਨਸਾਨ ਅਪਣੇ ਵਿਚ ਮਾਨਸਕ ਤੇ ਸਰੀਰਕ ਬਲ ਕਿੱਥੋਂ ਭਰੇ ਤੇ ਕਿੱਥੋਂ ਸਿੱਖੇ? ਇਸ ਕਰਕੇ ਸ੍ਰੀ ਗੁਰੂ ਜੀ ਅਪਣੇ ਆਪ ਨੂੰ ਮਨੁੱਖੀ ਹਦ ਵਿਚ ਰਖਕੇ ਮਨੁੱਖੀ ਬਲ ਤੇ ਬੁੱਧੀ ਨਾਲ ਕਸ਼ਟਾਂ ਦਾ ਮੁਕਾਬਲਾ ਕਰਦੇ ਰਹੇ ਹਨ ਤੇ ਏਹੋ ਜਾਚ ਸਿੱਖਾਂ ਨੂੰ ਸਿਖਾਲਦੇ ਰਹੇ ਹਨ। ਸਿੱਖ ਦੁੱਖ ਦੇ ਸਾਹਮਣੇ ਕੀਕੂੰ ਡਟੇ, ਕੀਕੂੰ ਤਸੀਹੇ ਭੋਗੇ ਇਹ ਜਾਚ ਸਿੱਖਾਂ ਨੂੰ ਸਿਖਾਉਣੀ ਸੀ। ਕੀਕੂੰ ਸਿੱਖ ਕਸ਼ਟ, ਭੁਖ, ਵਿਛੋੜੇ, ਮੌਤਾਂ, ਜ਼ਖਮ, ਰੋਗ ਆਦਿ ਆਪਣੇ ਤੇ ਲਵੇ ਤੇ ਫੇਰ ਡਰੇ ਨਾ, ਝਿਜਕੇ ਨਾ, ਆਪਣੇ ਆਦਰਸ਼ ਵਿਚ ਆਪਣੇ ਅਸੂਲ ਪਰ ਖੜਾ ਰਹੇ ਤੇ ਮੁਕਾਬਲੇ ਵਿਚ ਪੈਰ ਪਿੱਛੇ ਨਾ ਪਾਵੇ ਤੇ

*ਕਵਿ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਹ ਸ਼ਹੀਦ ਸਿੰਘ ਜੀ ਗੁਪਤ ਸੰਸਾਰ ਵਿਚੋਂ ਪ੍ਰਤੱਖ ਰੂਪ ਧਾਰੀ ਹੋਕੇ ਧਰਮ ਸਿੰਘ ਜੀ ਨੂੰ ਸੰਸੇ ਰਹਿਤ ਕਰਨ ਆਏ ਸਨ ਤੇ ਉਨ੍ਹਾਂ ਧਰਮ ਸਿੰਘ ਨੂੰ ਆਪਾ ਦਿਖਾ ਬੀ ਦਿਤਾ ਸੀ।

ਇਸ ਨੂੰ ਸਮਝੇ ਕਿ ਸੁਖ ਹੈ, ਤਾਂ ਹੀ ਉਹ ਜਗਤ ਵਿਚ ਸੁਖੀ ਤੇ ਸੁਤੰਤ੍ਰ ਹੋ ਸਕਦਾ ਹੈ। ਇਸ ਕਰਕੇ ਉਹਨਾਂ ਨੇ ਇਨਸਾਨ ਵਾਂਙੂ ਦੁਖਾਂ ਵਿਚ ਖੜੋਕੇ, ਦੁੱਖਾਂ ਦੀ ਨੈਂ ਤਰਕੇ, ਦੁੱਖਾਂ ਨਾਲ ਟਾਕਰੇ ਕਰਕੇ ਨਮੂਨਾ ਕਾਇਮ ਕਰ ਦਿੱਤਾ ਹੈ ਕਿ ਮੁਸ਼ਕਲਾਂ ਤੇ ਦੁਖਾਂ ਦੇ ਸਾਹਮਣੇ ਇਕ ਜੀਉ ਪਏ ਇਨਸਾਨ ਨੇ ਕਿਵੇਂ ਕੰਮ ਕਰਨਾ ਹੈ। ਜੇ ਇਨਸਾਨ ਨੂੰ ਇਨ-ਸਾਨੀ ਨੁਕਤਾ ਨਿਗਾਹ ਤੋਂ, ਇਨਸਾਨੀ ਬਲ ਪ੍ਰਾਕ੍ਰਮ ਦੇ ਟਿਕਾਣੇ ਤੋਂ, ਇਨਸਾਨੀ ਬੁੱਧੀ ਦੇ ਧੁਰੇ ਤੋਂ ਦੁਖ ਦੇ ਟਾਕਰੇ ਦੀ ਜਾਚ ਨਾ ਸਿਖਾਉਣ ਤੇ ਆਪ ਨਮੂਨਾ ਬਣਕੇ ਨਾ ਦੱਸਣ ਤਾਂ ਇਨਸਾਨ ਵਿਚ ਬਲ, ਬੁੱਧ, ਧੈਰਯ, ਹੌਸਲਾ ਤੇ ਕੁਰਬਾਨੀ ਦਾ ਮਾਦਾ ਕੀਕੂੰ ਤ੍ਰੱਕੀ ਕਰੇ ਤੇ ਕੁਰਬਾਨੀ ਦਾ ਉਦੇਸ਼ ਤੇ ਆਦਰਸ਼ ਸਿੱਖਾਂ ਵਿਚ ਪਰਵੇਸ਼ ਕੀਕੂੰ ਕਰੇ। ਹੁਣ ਤੁਸਾਂ ਦੇਖਣਾ ਹੈ ਕਿ ਇਹ ਗੱਲ ਸਾਰਿਆਂ ਸਿੱਖਾਂ ਦੀ ਸਮਝ ਵਿਚ ਆ ਜਾਵੇਗੀ!

ਸਿੱਖਾਂ ਨੇ ਸੱਚੇ ਪਾਤਸ਼ਾਹ ਦੇ ਪਰਲੋਕ ਜਾਣ ਮਗਰੋਂ ਓਹ ਕਾਰਨਾਮੇ ਕਰਨੇ ਹਨ ਕਿ ਦੁਨੀਆਂ ਦੰਗ ਰਹੇਗੀ। ਇਹ ਮਾਨੁੱਖੀ ਨੁਕਤੇ ਤੋਂ ਝੱਲੇ ਦੁਖ ਤੇ ਝੱਲ ਕੇ ਨਾ ਹਾਰੇ ਹੌਸਲੇ ਪੰਥ ਵਿਚ ਆਦਰਸ਼ ਬਣ ਗਏ ਹਨ ਕਦੇ ਬੀ ਦਿਲਝਵੀਂ ਨਾ ਖਾਣ ਦੇ, ਕਦੇ ਨਾ ਪਿੱਛੇ ਹਟਣ ਦੇ, ਕਦੇ ਨਾ ਦੁਖਾਂ ਨਾਲ, ਨਿਰਾਸਤਾਈਆਂ ਨਾਲ ਟਾਕਰਾ ਕਰਨੋਂ ਕਾਂਪ ਖਾਣ ਦੇ। ਤੁਸੀਂ ਦੇਖੋਗੇ, ਇਕ ਜ਼ਮਾਨਾ ਦੇਖੇਗਾ! ਗੁਰੂ ਗੋਬਿੰਦ ਸਿੰਘ ਜੀ ਨੇ ਇਨਸਾਨੀ ਨਾਟ ਕਰਕੇ, ਇਨਸਾਨੀ ਤ੍ਰੀਕੇ ਨਾਲ ਆਪਣੇ ਉਤੇ ਦੁਖ ਭੋਗ ਝਾਗ ਕੇ ਇਨਸਾਨ ਨੂੰ ਜਾਚ ਸਿਖਾ ਦਿੱਤੀ ਹੈ ਦੁਖਾਂ ਦੇ ਅੱਗੇ ਬਲ ਨਾਲ ਟਾਕਰਾ ਕਰਨ ਦੀ ਤੇ ਕਦੇ ਨਾ ਹਾਰਨ ਦੀ। ਜਿਸ ਨੂੰ ਜਗਤ ਹਾਰ ਕਹੇਗਾ, ਸੱਤਿ ਤੇ ਡਟਿਆ ਸਿਖ ਅਜਿੱਤ ਸੂਰਮਾ ਹੋਕੇ ਉਸ ਵੇਲੇ ਬੀ ਕਾਂਪ ਨਹੀਂ ਖਾਵੇਗਾ, ਹਾਰ ਨਹੀਂ ਸਮਝੇਗਾ।

ਧਰਮ ਸਿੰਘ-ਠੀਕ।.....ਠੀਕ।

ਇਸ ਤਰ੍ਹਾਂ ਕੁਛ ਹੋਰ ਗੱਲਾਂ ਬਾਤਾਂ ਕਰਕੇ ਤੇ ਧਰਮ ਸਿੰਘ ਜੀ ਦੀ ਤਸੱਲੀ ਕਰਕੇ ਸਿੰਘ ਜੀ, ਜੋ ਲਿਖਿਆ ਹੈ ਕਿ ਸ਼ਹੀਦ ਸਿੰਘ ਸਨ, ਫਤੇ ਗਜਾਕੇ ਜਿਥੇ ਸਨ ਓਥੇ ਹੀ ਲੋਪ ਹੋ ਗਏ ਤੇ ਧਰਮ ਸਿੰਘ ਜੀ ਨੇ ਸਤਿਗੁਰਾਂ ਦੇ ਜਾ ਦਰਸ਼ਨ ਕੀਤੇ ਤੇ ਪ੍ਰਸ਼ਾਦ ਅਗੇ ਧਰਿਆ।

ਗੀਤ!

ਸਿਰ ਭੇਟਾ ਚਾ ਧਰੀਏ!

ਵਿਖਮ ਪਦ-ਦਰਸ਼ਨ ਚੱਲ ਆਨੰਦਪੁਰ ਕਰੀਏ!

ਚਲੋ ਸਹੀਓ! ਆਨੰਦ ਪੁਰ ਚਲੀਏ
ਦਰਸ਼ਨ ਕਰ ਕਰ ਠਰੀਏ।
ਝਿੰਮਣੀਆਂ ਦੇ ਝਾੜੂ ਕਰਕੇ
ਥਾਂ ਥਾਂ ਪਏ ਸੰਭਰੀਏ।
ਚਰਨ ਛੋਹ ਵਰੁਸਾਇਆ ਕਿਣਕਾ
ਕਿਣਕਿਆਂ ਵਿਚ ਢੂੰਡੱਰੀਏ।
ਕਰ ਸੁਰਮਾ ਅਖੀਂ ਵਿਚ ਪਾਈਏ
ਦਿਲ ਅੰਧੇਰਾ ਹਰੀਏ।
ਇਸ ਰੌਸ਼ਨ ਦਿਲ ਨਾਲ ਸਖੀ!
ਗੁਰ ਗੋਬਿੰਦ ਸਿੰਘ ਸਿਮੱਰੀਏ!
ਸਿਮਰ ਸਿਮਰ ਸ੍ਵਾਮੀ ਗੁਰ ਅਪਨਾ
ਨੈਂ ਸਮਿਆਂ ਦੀ ਤਰੀਏ।
ਦਰਸ ਸੁਹਾਵੇ ਸੈ ਵਰ੍ਹਿਆਂ ਦੇ
ਕਲਗੀਧਰ ਦੇ ਕਰੀਏ।
ਖਿਚ ਸ਼ਮਸ਼ੇਰ ਖੜੇ ਦੇ ਅੱਗੇ
ਸਿਰ ਭੇਟਾ ਚਾ ਧਰੀਏ।
ਅੰਮ੍ਰਿਤ ਦਾਤ ਮਿਲੇ ਦਾਤੇ ਤੋਂ
ਖਿੜ ਖਿੜ ਘੁਟ ਘੁਟ ਭਰੀਏ।
ਜੀਵਾਲੇ ਤਾਂ ਜੀਉ ਜੀਉ ਪਈਏ
ਮਾਰੇ ਹਸ ਹਸ ਮਰੀਏ।
ਮਰ ਕੇ ਅਮਰ, ਅਮਰ ਹੋ ਸੇਵਾ
ਕਰੀਏ, ਹਉਂ ਤੋਂ ਡਰੀਏ!
ਸੇਵਕ ਤੋਂ ਤਦ ਮਿਲੇ ਪੁੱਤ੍ਰ ਪਦ,
ਭੀ ਸੇਵਾ ਨੂੰ ਵਰੀਏ!
ਸੇਵਾ ਕਰੀਏ, ਨਾਮ ਸਿਮਰੀਏ,
ਹਉਂ ਹਰੀਏ, ਭਵ ਤਰੀਏ!
ਕਲਗੀਧਰ ਦੀ ਛੁਹ ਪਾਰਸ ਲਭ
ਕੰਚਨ ਕਾਯਾਂ ਕਰੀਏ।
ਕੰਚਨ ਕਾਯਾਂ ਕਾਲ ਨ ਗ੍ਰਾਸੇ
'ਵਾਹ ਵਾਹ' ਸਦਾ ਉਚੱਰੀਏ।

੭੯. ਚੌਧਰੀ ਸਮੀਰ*।

ਇਕ ਪਾਸੇ ਉਹ ਲਿਵਲੀਨਤਾ ਹੋਵੇ ਕਿ ਸੂਰਤ ਪ੍ਰਭੂ ਚਰਨਾਂ ਤੋਂ ਉੱਠੇ ਹੀ ਨਾ, ਦੂਏ ਪਾਸੇ ਉਹ ਪ੍ਰਵਿਰਤੀ ਹੋਵੇ, ਕਿ ਰਾਜਸੀ ਠਾਠ ਬਾਠ, ਫੌਜਾਂ ਤੋਪਾਂ, ਜੰਗੀ ਪ੍ਰਬੰਧ ਹੋ ਰਹੇ ਹੋਣ। ਹਾਂ, ਇਕ ਪਾਸੇ ਉਹ ਕੋਮਲਤਾ ਹੋਵੇ ਕਿ ਜੋ ਅਦੁਤੀ ਕਵਿਤਾ ਕਰ ਰਹੀ ਹੋਵੇ, ਸ਼ਾਂਤਿ ਰਸ ਦੇ ਨਕਸ਼ੇ ਬੰਨ੍ਹ ਰਹੀ ਹੋਵੇ, ਦੂਜੇ ਪਾਸੇ ਉਹ ਬੀਰਤਾ ਹੋਵੇ ਕਿ ਔਰੰਗਜ਼ੇਬ ਵਰਗੇ ਜਰਵਾਣੇ ਨਾਲ ਜੁੱਧ ਅਖਾੜੇ ਰਚੇ ਹੋਏ ਹੋਣ। ਹਾਂ ਜੀ, ਇਕ ਪਾਸੇ ਕਵੀ ਦਰਬਾਰ ਲਗ ਰਹੇ ਹੋਣ, ਦੂਏ ਪਾਸੇ ਮੈਦਾਨੇ ਜੰਗ ਆ ਰਹੇ ਹੋਣ, ਸੱਜੇ ਹੱਥ ਫੜੀ ਹੋਵੇ ਕਲਮ ਤੇ ਡੁਬਕੇ ਲੈ ਰਹੀ ਹੋਵੇ ਦਵਾਤ ਵਿਚ ਤੇ ਖੱਬੇ ਹਥ ਵਿਚ ਹੋਵੇ ਕਮਾਨ ਤੇ ਮੋਢੇ ਪਿੱਛੇ ਭੱਥੇ ਵਿਚ ਪਏ ਤੜਫ ਰਹੇ ਹੋਣ ਤੀਰ। ਹਾਂ, ਕੌਣ ਹੋਵੇ ਉਲਟ ਵੇਗੀਆਂ ਨੂੰ ਇਕੋ ਥਾਂ ਮੇਲ ਕੇ ਰਖ ਲੈਣ ਵਾਲਾ? ਇਕ ਪਾਸੇ ਸੰਗਤਾਂ ਦੇ ਤੁਹਫੇ ਤੇ ਭੇਟਾ ਦੇ ਅੰਬਾਰ ਲਗ ਰਹੇ ਹੋਣ, ਦੂਜੇ ਪਾਸੇ ਦਾਨ ਦਾ ਹਥ ਬਲੀ, ਭੋਜ, ਬਿਕ੍ਰਮ ਨੂੰ ਸ਼ਰਮਾ ਰਿਹਾ ਹੋਵੇ, ਹਾਂ, ਲੈਣ ਨਾਲੋਂ ਦੇਣ ਵਿਚ ਉਮਾਹ ਵਧੇਰੇ ਉਛਾਲੇ ਖਾਵੇ। ਇਕ ਪਾਸੇ ਮਾਤਾ ਪਾਸ ਬੈਠੇ ਹੋਣ ਅਦਬ ਵਿਚ, ਫੇਰ ਪੁੱਤ੍ਰਾਂ ਨਾਲ ਬੈਠੇ ਹੋਣ ਪਿਆਰ ਵਿਚ, ਦੂਏ ਪਾਸੇ ਬੀਤਰਾਗ ਹੋਕੇ ਬੈਠੇ ਹੋਣ ਤੇ ਤੱਕ ਰਹੇ ਹੋਣ ਕਿ ਚੜ੍ਹ ਗਈ ਹੈ ਪਜਾਰੀ ਇਸਤ੍ਰੀ ਯੋਗੀ ਰਾਜ ਜੀਤੋ ਜੀ, ਸ਼ਹੀਦ ਹੋ ਗਏ ਹਨ ਜਿਗਰ ਦੇ ਟੋਟੇ ਅੱਖਾਂ ਦੇ ਸਾਹਮਣੇ ਟੁਕੜੇ ਹੋ ਹੋਕੇ ਤੇ ਸੋ ਆ ਰਹੀ ਹੋਵੇ ਕੰਨੀਂ ਛੋਟੇ ਪਜਾਰੇ ਪੁਤ੍ਰਾਂ ਦੇ ਚਿਣੇ ਜਾਣ ਤੇ ਸ਼ਹੀਦ ਕੀਤੇ ਜਾਣ ਦੀ ਤੇ ਮਾਤਾ ਜੀ ਦੀ ਸ਼ਹਾਦਤ ਦੀ, ਹਾਂ ਦੁਹਾਂ ਹਾਲਤਾਂ ਵਿਚ ਬੈਠੇ ਹੋਣ ਇਕ ਰਸ ਅਤੀਤ, ਰਸਿਕ ਬੈਰਾਗੀ ਜੀ, **'ਜਤ੍ਰ ਤਤ੍ਰ ਬਿਰਾਜ ਹੀ ਅਵਧੂਤ ਰੂਪ ਰਿਮਾਲ।'** ਮੋਹ ਦੀ ਨੈਯਾ ਲੀਨ ਹੋ ਰਹੀ ਹੋਵੇ ਨਿਰਵਾਣ ਦੇ ਸਾਗਰ ਵਿਚ ਤੇ ਸੰਗਮ ਸਥਾਨ ਤੇ ਮ੍ਰਿਗਛਾਲਾ ਵਿਛਾਕੇ ਉਤੇ ਬੈਠ ਰਹੇ ਹੋਣ ਆਪ, ਅਨੁਰਾਗ ਰੂਪ ਤੇ ਵੈਰਾਗ ਰੂਪ ਹੋਕੇ। ਅਡੋਲ ਸਾਗਰ ਦੇ ਸੰਗਮ-ਸਥਾਨਾਂ ਤੇ ਦੁਵੱਲੀ ਮੇਲ ਵੇਲੇ ਕੱਪਰਾਂ ਦੇ ਜ਼ੋਰ ਅਸਹਿ ਹੁੰਦੇ ਹਨ, ਹਾਂ, ਉਨ੍ਹਾਂ ਤਰਲੋਮੱਛੀ ਹੋ ਰਹੇ ਪਾਣੀਆਂ ਉੱਤੇ ਮ੍ਰਿਗਛਾਲਾ ਡਾਹਕੇ ਅਡੋਲ ਟਿਕੇ ਹੋਏ ਹੋਣ ਐਉਂ ਜਿਵੇਂ ਟਿਕ ਰਹੇ ਹੋਣ ਉਚੇ ਪਹਾੜ ਹੇਮਕੁੰਟ ਦੀ ਵਾਦੀ ਵਿਚ, ਸਮਾਧੀ ਲਾਕੇ। ਹਾਂ ਜੀਓ! ਜਿਸ ਦੇ ਸਾਹਮਣੇ ਆਪਣਾ ਮੋਹਨਹਾਰ ਤੇ ਉਛਾਲਣਹਾਰ ਰੂਪ ਲੈਕੇ ਖੜੀ ਹੋਵੇ 'ਫਤਹ' ਤੇ ਨਾਲ ਖੜੀ ਹੋਵੇ 'ਹਾਰ' ਆਪਣੇ ਨਿਰਾਸਤਾ ਉਦਾਸੀਆਂ ਤੇ ਗ਼ਮਾਂ ਦੇ ਸੂਰਤ ਨੂੰ ਡੇਗਣਹਾਰ ਦਿਲਗੀਰੀਆਂ ਲੈਕੇ, ਦੁਇ ਇਲਾਹੀ ਨੈਣਾਂ ਤੇ ਆਪਣਾ ਅਸਰ ਪਾ ਰਹੀਆਂ ਹੋਣ, ਦ੍ਰਿਸ਼ਟੀ ਨੂੰ ਅਸਮ (ਅ+ਸਮ) ਕਰ ਦੇਣ ਦਾ। ਹਾਂ ਉਸ ਵੇਲੇ ਦੇਖੋ ਓਹ ਇਲਾਹੀ ਨੈਣ ਦੇਖਕੇ ਇਕੋ ਮੁਸਕ੍ਰਾਹਟ ਭਰੀ ਸਮਦ੍ਰਿਸ਼ਟੀ ਨਾਲ ਤੱਕ ਰਹੇ ਹੋਣ ਦੁਹਾਂ ਨੂੰ ਅਤੇ ਅਸਮਤਾ ਵਾਲਾ ਅਸਰ ਦੁਹਾਂ ਦਾ ਨਾ ਲੈ ਰਹੇ ਹੋਣ ਪਰ ਆਪਣੇ ਜਲਾਲ ਵਾਲੇ ਮਟਕਾਰੇ ਨਾਲ ਰੰਗ ਲਾ ਰਹੇ ਹੋਣ ਦੋਹਾਂ ਨੂੰ, ਆਪਣੇ ਟਿਕਵੇਂ ਪ੍ਰਭਾਵ ਦਾ। ਜਿਸ ਦੇ ਅੱਗੇ ਨੀਤੀ ਵਿਛੀ ਹੋਈ ਹੋਵੇ, ਨੀਤੀ ਵਰਤਣੀ ਪਵੇ, ਨੀਤੀ ਨਾਲ ਬਨਾਵਟ ਮਿਲੀ ਹੋਈ ਵਾਲੀ ਕਾਮਯਾਬੀ ਹੱਥ ਜੋੜੀ ਖੜੋਤੀ ਹੋਵੇ, ਇਸ ਨੂੰ ਤਾਂ ਨਾ ਵਰਤੇ ਪਰ ਉੱਚੀ ਅਕਲ ਦੀ ਕਮਾਨ ਤੇ ਚਾੜ੍ਹਕੇ ਤੇ ਇਖ਼ਲਾਕ ਦੀ ਸੇਧ ਵਿਚ ਰੱਖਕੇ ਨੀਤੀ ਵਰਤੇ। ਕਾਮਯਾਬੀ ਦਾ ਲੋਭ ਉਸ ਨੂੰ ਆਪਣੀ ਸੱਚ ਦੀ ਸੇਧ ਤੋਂ ਨਾ ਹਿਲਾ ਸਕੇ। ਕੋਈ ਔਕੜ, ਕੋਈ ਮੁਸ਼ਕਲ ਉਸਨੂੰ ਅਸੱਤਿ ਦੀ ਸੇਧ ਵਲ ਨਾ ਲਿਜਾ ਸਕੇ। ਫੇਰ ਉਸ ਦਾ ਇਖ਼ਲਾਕ ਹਿਸਾਬੀਆਂ ਦੀ ਮੁਰਦਾ ਗੇਣਤੀ ਵਾਲਾ ਲੇਖਾ ਪੱਤਾ ਨਾ ਹੋਵੇ, ਸਗੋਂ ਦਾਮਨਿਕ ਹੋਵੇ,-ਹਾਂ ਇਖ਼ਲਾਕ ਉਸਦਾ ਉਹ ਹੋਵੇ ਕਿ ਜਿਸ ਵਿਚ ਜਿੰਦ ਹੋਵੇ ਥਰਰ ਥਰਰ ਕਰਦੀ। ਨੀਤੀ ਹੋਵੇ ਸੱਚ ਦੀ, ਇਖ਼ਲਾਕ ਦੀ; ਹਾਂ ਇਖ਼ਲਾਕ ਹੋਵੇ ਥਰਕਦਾ ਤੇ ਜੀਉਂਦਾ। ਕੌਣ ਹੋਵੇ ਜੋ ਧਾਰਨ ਕਰੇ ਦੁਹਾਂ ਤਰ੍ਹਾਂ ਦੇ ਵਿਰੋਧੀ

*ਇਹ ਲੇਖ ਗੁਰਪੁਰਬ ਪੋਹ ਸੁਦੀ ਸਪਤਮੀ, ਜੋ (੧ ਜਨਵਰੀ ੧੯੩੬ ਈ:) ਪੋਹ ਦੀ ੧੮ ਸੰ: ਗੁ: ਨਾ: ਸਾ: ੪੬੭ ਨੂੰ ਸੀ, ਨੂੰ ਖਾ: ਸਮਾ: ਵਿਖੇ ਪ੍ਰਕਾਸ਼ਤ ਹੋਇਆ ਸੀ।

ਭਾਵਾਂ ਨੂੰ ਤੇ ਅਮਲੀ ਜੀਵਨ ਵਿਚ ਨਿਬਾਹ ਕੇ ਦਿਖਾ ਦੇਵੇ ਤੇ ਫੇਰ ਉੱਚਾ ਉੱਡਦਾ ਦਿੱਸੇ। ਕੌਣ ਹੋਵੇ ਐਸਾ ਜੋ ਵਿਦੇਹੀ ਨਾ ਹੋਵੇ ਸਗੋਂ ਦੇਹ ਵਾਲਾ ਹੋਵੇ, ਇਨਸਾਨਾਂ ਵਿਚ ਇਨਸਾਨ ਹੋਵੇ, ਪਰ ਫੇਰ ਆਪਣੇ ਵਿਚ 'ਇਕ ਦੂਏ ਦੇ ਉਲਟ ਭਾਵਾਂ, ਰਸਾਂ, ਕੰਮਾਂ ਤੇ ਕਰਨੀਆਂ ਦੇ ਸੰਗਮ' ਦਾ ਕਮਾਲ ਰੱਖਦਾ ਹੋਵੇ। ਦੁਹਾਂ ਨੂੰ ਵਰਤਦਾ ਹੋਵੇ ਕਿਸੇ ਤੁਲਨਾ ਤੇ ਰੱਖਕੇ ਤੇ ਆਪ ਨੂੰ ਦੁਹਾਂ ਤੋਂ ਉੱਪਰ ਰੱਖਕੇ ਤਰਦਾ ਹੋਵੇ ਅਲੇਪਤਾਈ ਦੇ ਗਗਨਾਂ ਵਿਚ ਹੁਮਾ ਵਾਂਗੂੰ। ਜਿਸ ਨੂੰ ਵੀਣਾਂ ਦਾ ਬਿਲਾਵਲ ਅਲਾਪ ਤੇ ਰਣਤੱਤੇ ਦਾ ਮਾਰੂ ਢੋਲ ਦੋਵੇਂ ਇਕੋ ਜਿਹਾ ਸਰੂਰ ਦੇਂਦੇ ਹੋਣ। ਹਾਂ ਨਾਲੇ ਸਰੂਰ ਦੇਂਦੇ ਹੋਣ, ਨਾਲੇ ਅਲੇਪ ਰੱਖਦੇ ਹੋਣ। ਉਹ ਹੋਵੇ ਦੁਹਾਂ ਦਾ ਰਸੀਆ ਤੇ ਫੇਰ ਹੋਵੇ ਸਾਖੀ ਦੁਹਾਂ ਦਾ ਅਸੰਗ ਤੇ **'ਪਾਕੀ ਨਾਈ ਪਾਕ'**। ਜੋਧੇ ਮਿਲਨਗੇ ਬੜੇ ਬੜੇ ਪਰ ਇਖ਼ਲਾਕ ਵਿਚ ਕਮਾਲ ਨਾ ਹੋਵੇਗਾ; ਸਲਤਨਤਾਂ ਬੰਨ੍ਹਣ ਵਾਲੇ ਮਿਲਨਗੇ ਪਰ ਦਰਿਆਂ ਨਾਲ, ਕਵੀ ਮਿਲਨਗੇ ਪਰ ਇਕ ਰੰਗੀ ਕੋਮਲ ਸੁੰਦਰਤਾ ਵਾਲੇ, ਤਲਵਰੀਏ ਮਿਲਨਗੇ ਕਰੜੇ, ਕਠੋਰ, ਅਜਿੱਤ; ਤਪੀ ਜਪੀ ਸਮਾਧੀਆਂ ਵਾਲੇ ਮਿਲਣਗੇ ਪਰ ਨਿਰੇ ਸ਼ਾਂਤ ਰਸੀਏ, ਪਰ ਐਸੀ ਵਜਕਤੀ ਇਕੋ ਮਿਲੇਗੀ ਜਿਸ ਵਿਚ ਸਾਰੇ ਵਿਰੋਧੀ ਭਾਵ, ਗੁਣ, ਕਮਾਲ ਤੇ ਕਰਨੀਆਂ ਇਕ ਥਾਵੇਂ ਕਮਾਲ ਤੇ ਹੋਣ ਤੇ ਫੇਰ ਉਸ ਵਿਚ ਸਭ ਤੋਂ ਉਚੇਰੀ ਉਡਾਰੀ ਹੋਵੇ। ਹਾਂ ਜਦ ਚੰਗੀ ਤਰ੍ਹਾਂ ਇਤਿਹਾਸ ਪੜ੍ਹੋਗੇ, ਘੋਖੋਗੇ, ਤਾਂ ਇਕੋ ਦੇਖੋਗੇ ਵਜਕਤੀ:-

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ!

ਆਖੋ, ਹਾਂ ਨੈਣ ਮੁੰਦ ਕੇ, ਸ਼ਰਧਾ ਵਿਚ ਭਰਕੇ ਆਖੋ: **ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ!**

ਤੁਸੀਂ ਆਖਸੋ:-ਅਜ ਤੁਸਾਂ ਸਾਹਿਬਾਂ ਦਾ ਜ਼ਿਕਰ ਇਨਸਾਨਾਂ ਵਾਂਙੂ ਤੇ ਇਨਸਾਨਾਂ ਦੇ ਟਾਕਰੇ ਤੇ ਕਿਉਂ ਕੀਤਾ ਹੈ? ਉਨ੍ਹਾਂ ਬਾਬਤ ਤਾਂ ਸਾਡੇ ਬਜ਼ੁਰਗਾਂ ਨੇ ਲਿਖਿਆ ਹੈ:-

'ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ',

ਤਦ ਅਸੀਂ ਸਨਿੰਮ੍ਰ ਕਹਾਂਗੇ ਕਿ ਭਾਈ ਅਸਾਂ ਅੱਜ ਇਹ ਪਹਿਲੂ ਗੁਰੂ ਜੀ ਦੇ ਜੀਵਨ ਦਾ ਦਰਸਾਇਆ ਹੈ ਕਿ ਉਨ੍ਹਾਂ ਨੂੰ ਜੇ ਇਨਸਾਨੀ ਐਨਕ ਲਾਕੇ ਉਨ੍ਹਾਂ ਦੇ ਇਨਸਾਨੀ ਰੂਪ ਵਿਚ ਤੱਕੀਏ ਤਾਂ ਬੀ ਉਹ 'ਵਰਿਯਾਮ ਇਕੇਲਾ' ਤੇ 'ਮਰਦ ਅਰੀਮੜਾ' ਹਨ।

'ਵਹਿ ਪ੍ਰਗਟਿਓ ਮਰਦ ਅਰੀਮੜਾ ਵਰਿਯਾਮ ਇਕੇਲਾ[1]'॥

ਤੇ ਇਸਦੇ ਨਾਲ ਹੀ ਉਸੇ ਲੇਖਕ ਦੀ ਤੁਕ ਪੜ੍ਹੋ:-

ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ ਗੋਬਿੰਦ ਸਿੰਘ ਸੂਰਾ[2]'॥

ਉਹ ਗੁਰੂ ਹਨ ਪਰ ਨਿਰੇ ਸਿੱਖਜਾਦਾਤਾ ਉਸਤਾਦ ਯਾ ਮੁਰਸ਼ਿਦ ਦੇ ਅਰਥਾਂ ਵਿਚ ਗੁਰੂ ਨਹੀਂ, ਉਹ ਭਗਵੰਤ ਰੂਪ ਗੁਰੂ ਹਨ, ਜਿਸ ਗੱਲ ਨੂੰ ਪੁਰਾਤਨ ਜਨਮ ਸਾਖੀ ਵਿਚ ਵਾਹਿਗੁਰੂ ਜੀ ਨੇ ਐਉਂ ਆਖਿਆ ਹੈ:-**'ਮੇਰਾ ਨਾਉਂ ਪਾਰਬ੍ਰਹਮ ਪਰਮੇਸ਼ਰ ਤੇ ਤੇਰਾ ਨਾਉਂ ਗੁਰ ਪਰਮੇਸੁਰ।'** ਹਾਂ ਜਿਸ ਗੱਲ ਨੂੰ ਪੰਜਵੇਂ ਸਤਿਗੁਰਾਂ ਨੇ **'ਗੁਰ ਨਾਨਕ ਦੇਵ ਗੋਵਿੰਦ ਰੂਪ'॥ 'ਹਰਿ ਜੀਉ ਨਾਮੁ ਪਰਿਓ ਰਾਮਦਾਸੁ'** ਆਖਿਆ ਹੈ ਤੇ ਜਿਸ ਗੱਲ ਨੂੰ ਦਸਮੇ ਪਾਤਸ਼ਾਹ ਨੇ ਆਪ ਅਕਾਲ ਪੁਰਖ ਦੀ ਜ਼ੁਬਾਨੀ-**'ਮੈਂ ਅਪਨਾ ਸੁਤ ਤੋਹਿ ਨਿਵਾਜਾ'** ਆਖਕੇ ਦੱਸਿਆ ਹੈ। ਭਾਈ ਦੇਖੋ ਇਹੋ ਹੈ ਉਸ ਗੱਲ ਦਾ ਇਕ ਪਹਿਲੂ ਜਿਸਨੂੰ ਭਾ: ਗੁਰਦਾਸ ਦੂਜੇ ਨੇ ਦਰਸਾਇਆ ਹੈ ਇਹ ਕਹਿਕੇ:-

ਵਹ ਪ੍ਰਗਟਿਓ ਪੁਰਖ ਭਗਵੰਤ ਰੂਪ॥

ਇਹ ਹੈ ਸ੍ਰੀ ਗੁਰੂ ਜੀ ਦੀ ਸ਼ਖਸੀਅਤ ਦਾ ਦੈਵੀ ਪੱਖ। ਦੂਜਾ ਪੱਖ ਹੈ ਵਰਿਯਾਮ ਇਕੇਲਾ, ਇਹ ਹੈ ਇਨਸਾਨੀ ਪੱਖ:-ਵਰਿਯਾਮ ਮਰਦ, ਹਰ ਗੁਣ ਵਿਚ ਬਲਵਾਨ, ਕੈਸਾ ਬਲਵਾਨ ਕਿ ਉਸ ਜੈਸਾ ਉਹ ਆਪ ਹੀ ਹੈ, ਇਸ ਕਰਕੇ ਕਿਹਾ ਹੈ **'ਇਕੇਲਾ'**। ਫਿਰ ਤੱਕੋ ਵਰਿਯਾਮ ਇਕੇਲਾ ਕੀਕੂੰ ਹੈ ਕਿ ਉਸ ਵਿਚ ਵਿਰੋਧੀ ਲਗ ਰਹੇ ਗੁਣ, ਪ੍ਰਬੀਨਤਾਈਆਂ, ਪ੍ਰਾਪਤੀਆਂ ਤੇ ਕਮਾਲ ਕੱਠੇ ਹੋ ਰਹੇ ਹਨ ਤੇ ਇਕ ਦੂਸਰੇ ਨੂੰ ਧੁੰਧਲਾ ਨਹੀਂ ਕਰਦੇ ਸਗੋਂ ਚਮਕਾਉਂਦੇ ਹਨ। ਵਿਰੋਧੀਆਂ ਦਾ ਧਰਮ ਹੈ ਇਕ ਦੂਸਰੇ ਦੀ ਸੁੰਦਰਤਾ ਨੂੰ ਮਲਿਨ ਕਰ ਦੇਣਾ ਯਾ ਉਡਾ ਦੇਣਾ। ਏਥੇ ਇਸ ਵਰਿਯਾਮ ਇਕੇਲਾ ਜੀ ਨੇ ਕਿਸ ਤਨਾਸਬ ਵਿਚ, ਕਿਸ ਢੁਕਾਉ ਵਿਚ, ਕਿਸ ਰੁਖ਼ ਵਿਚ

---

੧. ਭਾਈ ਗੁਰਦਾਸ ਦੂਜੇ ਦੀ ਵਾਰ।

੨. ਪਾਠਾਂਤ੍ਰ-ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ॥

ਸਭਨਾ ਨੂੰ ਰੱਖਿਆ ਹੈ ਕਿ ਇਕ ਦੂਜੇ ਨੂੰ ਚਮਕਾ ਰਹੇ ਹਨ ਤੇ ਚਾਰ ਚੰਨ ਲਾ ਰਹੇ ਹਨ। ਹਾਂ ਇਹ ਕਿਵੇਂ ਹੈ ਕਿ ਇਹ ਸ਼ਖਸੀਅਤ ਐਸੇ ਅਕਹਿ ਕਮਾਲ ਤੇ ਹੈ? ਇਸ ਸ਼ਖਸੀਤ ਦੇ ਆਪਣੇ ਕਮਾਲ ਨੇ ਸਭ ਕਮਾਲਾਂ ਨੂੰ ਕੱਠਿਆਂ ਕਰਕੇ ਵਰਤ ਦਿਖਾਇਆ ਹੈ, ਇਹ ਹੈ ਵਰਿਯਾਮਤਾ। ਪਰ ਇਹ ਵਰਿਯਾਮਤਾ ਢੂੰਡਕੇ ਤੱਕੋ, ਇਨਸਾਨੀ ਇਤਿਹਾਸ ਨੂੰ ਖੋਜ ਮਾਰੋ, ਹੋਰ ਕਿਸੇ ਵਿਚ ਇਸ ਕਮਾਲ ਦੀ ਤੁਸਾਨੂੰ ਨਾ ਮਿਲੇਗੀ। ਇਸੇ ਇਨਸਾਨੀ ਨੁਕਤੇ ਤੋਂ ਬੀ ਜੇ ਤੁਸੀਂ ਆਪਣੀ ਖੋਜ ਅਰੰਭ ਕਰੋਗੇ ਅਰ ਆਪ ਰਸੀਏ ਹੋਕੇ, ਜ਼ਮਾਲ ਜਲਾਲ ਨੂੰ ਵੇਖਕੇ, ਪਰਮਪਦ ਦੀ ਸੋਝੀ ਵਿਚ ਪੈਕੇ ਕਿਤੇ ਅੱਪੜੋਗੇ ਤਾਂ ਕੀਹ ਦੇਖੋਗੇ ਕਿ ਇਹ ਕਮਾਲਾਂ ਦੇ ਕਮਾਲ ਵਾਲਾ ਵਰਿਯਾਮ ਇਕੇਲਾ **'ਭਗਵੰਤ ਰੂਪ'** ਹੈ। ਤਦੋਂ ਤੁਸੀਂ ਅਨੁਭਵ ਕਰ ਲਓਗੇ ਕਿ ਇਹ ਪਰਮ ਪੁਰਖ ਦਾ ਦਾਸ ਹੁੰਦਾ ਹੋਇਆ ਪਰਮ ਪੁਰਖ ਦਾ ਸੁਤ ਕਿਵੇਂ ਹੈ, ਦ੍ਵੈ ਤੇ ਏਕ ਰੂਪ ਕਿਵੇਂ ਹੈ, ਹਰੀਜਨ ਤੇ ਹਰੀ ਕਿਵੇਂ ਹੈ। ਇਸ ਲਈ ਅਗੇ ਭਗਵੰਤ ਰੂਪਤਾ ਦਿਖਾਲਦਿਆਂ ਅਸਾਂ ਅੱਜ ਆਪ ਨੂੰ **'ਵਰਿਯਾਮ ਇਕੇਲਾ'** ਦੀ ਤਸਵੀਰ ਦਿਖਾਈ ਹੈ। ਅਮਾਂ ਨਹੀਂ, ਅਨਜ ਮਤਾਂ ਵਾਲੇ ਜਦ ਨਿਰਾ ਇਨਸਾਨੀ ਨੁਕਤਾ ਲੈਕੇ ਨਿਰਪੱਖ ਹੋਕੇ ਤੱਕਦੇ ਹਨ ਤਾਂ ਇਥੇ ਹੀ ਅੱਪੜਦੇ ਹਨ ਕਿ ਜਗਤ-ਇਤਿਹਾਸ ਵਿਚ ਇਹ ਵਜਕਤੀ, ਇਹ ਸ਼ਖਸੀਅਤ ਇਕੋ ਹੈ। ਹਾਂ ਇਹ ਵਰਿਯਾਮ ਇਕੇਲਾ ਹੈ* ਤੇ ਇਕ ਮਰਦ ਅਰੀਮੜਾ ਹੈ ਤੇ ਭਗਵੰਤ ਰੂਪ ਹੈ। ਦੂਜਾ ਕਮਾਲ ਇਹ ਹੈ ਕਿ ਇਹੋ ਆਦਰਸ਼ ਜੋ ਆਪ ਵਰਤਕੇ ਦੱਸਿਆ, ਆਪਣੇ ਸਿਖਾਂ ਨੂੰ ਸਿਖਾਇਆ ਜਿਨ੍ਹਾਂ ਨੇ ਸਤਜ ਤੇ ਉੱਚ ਆਚਰਨ ਵਾਲੀ ਨੀਤੀ ਤੇ ਦਇਆ, ਧਰਮ, ਪਵਿਤ੍ਰਤਾ ਵਾਲੀ ਬੀਰਤਾ ਕਮਾਕੇ ਜਗਤ ਨੂੰ ਦਿਖਾ ਦਿਤੀ!

ਲਓ ਤੱਕੋ ਅਜ ਆਪ ਦੇ ਇਕ ਇਲਾਹੀ ਦਰਸ਼ਨ। ਧਨਧਾਮ, ਰਾਜਧਾਨੀ ਗੁਆਕੇ, ਪਰਿਵਾਰ ਤੋਂ ਵਿੱਛੁੜ ਕੇ, ਪੁੱਤ੍ਰ ਕੁਹਾਕੇ, ਆਪਣੇ ਬਿਗਾਨਿਆਂ ਤੋਂ ਜੁਵਾਬ ਲੈਕੇ, ਜਗਤ ਵਿਚ ਵਾਪਰ ਸਕਣ ਵਾਲੀ ਡਾਢੀ ਅਪਦਾ ਨੂੰ ਪੈਰਾਂ ਹੇਠ ਦੇਕੇ ਆਪ 'ਦੀਨੇ' ਪਿੰਡ ਬੈਠੇ ਹਨ। ਕਸ਼ਟਾਂ ਵਾਲੇ ਬੁਲਬੁਲੇ ਐਉਂ ਆਉਂਦੇ ਤੇ ਉਡਦੇ ਹਨ ਜਿਵੇਂ ਕਿਸੇ ਯੋਗੀ-ਰਾਜ ਦੇ ਸਮਾਧੀ ਆਸਨ ਤੇ ਤ੍ਰੇਲ ਦੇ ਤੁਪਕੇ ਪੈ ਰਹੇ ਤੇ ਉਡ ਰਹੇ ਹਨ। ਪਰਮ ਪਿਆਰੇ ਪਰਮ ਸਿੰਘ ਧਰਮ ਸਿੰਘ ਦੁਖ ਰੋਣੀਆਂ ਰੋ ਚੁਕੇ ਹਨ, ਆਪਣੀਆਂ ਨਹੀਂ ਆਪ ਜੀ ਦੇ ਖੇਦਾਂ ਨਾਲ ਦੁਖੀ ਹੋ ਹੋਕੇ ਪੂਰਨ ਹਮਦਰਦੀ ਤੇ ਪਿਆਰ ਵਿਚ। ਪਰ ਅੱਗੋਂ ਉਤ੍ਰ ਕੀਹ ਦੇਂਦੇ ਰਹੇ ਹਨ ਆਪ ਜੀ, ਉਹ ਸੁਣੋ-

ਸਾਹਿਬਜ਼ਾਦੇ ਰੂਪ ਮਮ ਕਿਆ ਤਿਨ ਕੋ ਹਾਨਾ॥ ਸਦਾ ਅਮਰ ਆਨੰਦ ਜੁਤਿ ਮਨ ਮੋਹ ਨ ਲੇਸ਼ਾ॥ ਤਿਨਹੁ ਸ਼ੋਕ ਹਮ ਕਿਮ ਕਰੈਂ, ਜੋ ਮੁਦਤ ਹਮੇਸ਼ਾ॥.....ਰੇਖ ਨਿਕਾਰਹੁ ਮੇਟੀਐ, ਜਿਉਂ ਲਾਭ ਨ ਹਾਨਾ। ਇਕ ਸਮ ਬ੍ਰਿਤਿ ਸਤਿਗੁਰਨਿ ਕੀ, ਇਮ ਜਾਨਿ ਸੁਜਾਨਾ। {ਸੂ: ਪ੍ਰ:}

ਆਪਣੀ ਬ੍ਰਿਤੀ ਤਾਂ ਵਰਿਯਾਮ ਇਕੇਲਾ ਨੇ ਇਹ ਦੱਸੀ ਤੇ ਉਪਦੇਸ਼ ਭਾਈ ਪਰਮ ਸਿੰਘ ਧਰਮ ਸਿੰਘ ਨੂੰ ਇਹ ਦਿੱਤਾ:-

ਜਗਤ ਪਦਾਰਥ ਰੀਤਿ ਇਹ ਬਿਨਸੈ ਤਤਕਾਲਾ। ਉਪਜਹਿਂ ਬਿਨਸਨਹਾਰ ਜੇ, ਆਗੇ ਕਿਆ ਪਾਛਹਿ। ਇਨ ਕੀ ਥਿਰਤਾ ਹੋਤ ਨਹਿ ਕਿਉਂ ਗਯਾਨੀ ਬਾਂਛਹਿ। ਇਕ ਆਤਮ ਸੱਤਾ ਸਦਾ ਉਪਜੈ ਨ ਬਿਨਾਸੀ। ਸੋ ਸਰੂਪ ਨਿਜ ਜਾਨਿ ਕੈ ਹੁਇ ਪਰਮ ਪ੍ਰਕਾਸ਼ੀ। ਕੂਰ ਪਦਾਰਥ ਤੇ ਕਬਹੂੰ ਸ਼ੋਕ ਨ ਹਰਖਾਵੈ। ਇਕ ਰਸ ਬ੍ਰਿਤੀ ਸੁ ਆਤਮਾ ਤਿਹ ਜੋ ਲਿਵਲਾਵੈ। {ਗੁ: ਪ੍ਰ: ਸੂ:}

ਇਸ ਪ੍ਰਕਾਰ ਦੇ ਉਸ **'ਵਹਿ ਪ੍ਰਗਟਿਓ ਮਰਦ ਅਰੀਮੜਾ ਵਰਿਯਾਮ ਇਕੇਲਾ'** ਦੇ ਵਾਕ ਰੂਪੇ ਬੰਸੀ ਪਾਸ ਬੈਠੇ ਸੁਣਦੇ ਰਹੇ ਤੇ ਫੇਰ ਆਗਾਜ਼ਾ ਲੈਕੇ ਘਰ ਗਏ। ਕੀ ਅਸਰ ਲੈਕੇ ਗਏ? ਕਵੀ ਜੀ ਦੱਸਦੇ ਹਨ:

---

*ਐਸਾ ਮਹਾਂ ਪੁਰਸ਼ ਔਰ ਬੀਰ ਨਾ ਚਸ਼ਮੇ ਜ਼ਮਾਨਾਂ ਨੇ ਕਭੀ ਦੇਖਾ ਔਰ ਨਾ ਕਭੀ ਜ਼ਮਾਨੇ ਨੇ ਪੈਦਾ ਕੀਆ। ਸਾਰੀ ਕੌਮੇਂ ਅਪਨੇ ਬਹਾਦਰੋਂ ਔਰ ਸ਼ਹੀਦੋਂ ਪਰ ਜਿਸ ਕਦਰ ਫਖਰ ਕਰੇਂ, ਜ਼ੇਬਾ। ਲੇਕਨ ਜੋ ਫਖਰ ਹਿੰਦੂਓਂ ਕੋ ਔਰ ਖਾਲਸਾ ਕੋ ਗੁਰੂ ਗੋਬਿੰਦ ਸਿੰਘ ਕਾ ਹੈ ਉਸਕਾ ਮੁਕਾਬਲਾ ਰੂਏ ਆਲਿਮ ਮੇਂ ਸ਼ਸ਼ਦਰ ਜਹਾਨ ਮੇਂ ਔਰ ਕੋਈ ਕੌਮ ਨਹੀਂ ਕਰ ਸਕਤੀ। ਕਿਉਂਕਿ ਵੋਹ ਕੋਈ ਐਸੀ ਮਿਸਾਲ ਪੇਸ਼ ਨਹੀਂ ਕਰ ਸਕਤੀ। {ਦੌਲਤ ਰਾਇ}

ਕਿਤਿਕ ਸਮਾ ਹੇਠੈ ਨਿਕਟ ਰੂਪੈ ਬੰਸਾ। ਪੁਨ ਬੰਦਨ ਕਰਿ ਸਤਨ ਗੇ ਮੁਖ ਕਰਤਿ ਪ੍ਰਸੰਸਾ। ਇਤਨੇ ਬਿਨਸਜੋ ਪਾਸ ਤੇ ਜਿਨ ਸ਼ੋਕ ਨ ਦੇਸ਼ਾ! ਪੁੱਤ੍ਰਾਦਿਕ ਪ੍ਰਿਯ ਵਸਤੁ ਬਹੁ ਹਤਿ ਭੇ, ਨਕਲੇਸ਼ਾ! {ਗੁ: ਪ੍ਰ: ਸੂ:}

੨.

ਪਿੱਛੇ ਦੱਸ ਆਏ ਹਾਂ ਕਿ ਸਾਹਿਬ ਹੁਣ ਦੀਨੇ ਠਹਿਰੇ ਹੋਏ ਹਨ[1]। ਪਰਮ ਸਿੰਘ ਧਰਮ ਸਿੰਘ ਕ੍ਰਿਤ ਕ੍ਰਿਤ ਹੋ ਗਏ ਹਨ। ਜੋ ਸੰਸੇ ਪਿਆਰ ਵਿਚ ਉਪਜੇ ਸਨ ਉਹ ਇਕ ਸ਼ਹੀਦ ਸਿੰਘ ਜੀ ਦੀ ਗਲ ਬਾਤ ਨਾਲ ਦੂਰ ਹੋ ਚੁਕੇ ਹਨ। ਸਮੀਰ ਗੁਰੂ ਜੀ ਨਾਲ ਅਤਿ ਪਿਆਰ ਕਰਦਾ ਹੈ ਤੇ ਸੇਵਾ ਭਾਉ ਨਾਲ ਕਰ ਰਿਹਾ ਹੈ। ਸੰਗਤਾਂ ਆਉਂਦੀਆਂ ਤੇ ਪਹਿਲਾਂ ਸਮੀਰ ਨੂੰ ਮਿਲਦੀਆਂ ਹਨ, ਉਹ ਆਗਿਆ ਲੈਕੇ ਸਤਿਗੁਰਾਂ ਦੇ ਹਜ਼ੂਰ ਹਾਜ਼ਰ ਕਰਦਾ ਹੈ। ਹਾਂ ਜੀਓ! ਅਜ ਆਇਆ ਹੈ ਦਿਆਲ ਦਾਸ, ਭਾਈ ਰੂਪੇ ਦੀ ਵੰਸ਼ ਦਾ ਇਕ ਹੋਰ ਰਤਨ[2]। ਸਮੀਰ ਨੂੰ ਦਜਾਲ ਦਾਸ ਆਖਣ ਲੱਗਾ:-ਸੋਹਣਿਆਂ ਤੇਰੇ ਘਰ ਆ ਉੱਤਰੇ ਨੀ ਸੋਹਣਿਆਂ ਦੇ ਸੁਲਤਾਨ, ਕਰਾ ਦੇ ਦਰਸ਼ਨ ਸਾਨੂੰ ਬੀ ਨੈਣ ਤ੍ਰਾਸਿਆਂ ਨੂੰ, ਤੇਰਾ ਭਲਾ ਹੋਵੇ। ਅੱਖੀਂ ਠਾਰ ਲਈਏ ਅਸੀਂ ਬੀ ਦੀਦਾਰ ਪਾਕੇ ਉਸ ਸਾਰੀਆਂ ਸੁਣ੍ਹੱਪਾਂ ਦੇ ਸਾਈਂ ਦੇ, ਜਿਸ ਨੇ ਕਹਿਕੇ ਨਹੀਂ ਪਰ ਕਰਕੇ ਦਰਸਾ ਦਿੱਤਾ ਹੈ, **'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।'** ਹਾਂ, ਸਾਡੇ ਅਮਲ ਆਪਣੇ ਤਾਂ ਮੋਹ ਮਾਇਆ ਦੀ ਫਾਸ ਵਿਚ ਟੁਰਦੇ ਹਨ, ਦਰਸ਼ਨ ਤਾਂ ਕਰ ਲਈਏ ਉਸ ਸਰਬ ਬੰਧਨਾ ਰਹਿਤ ਮੋਹ ਮਾਇਆ ਪਰਉਪਕਾਰੀ ਦੇ ਜੋ ਨੀਲੇ ਨੀਲੇ ਅੰਬਰਾਂ ਦੀਆਂ ਡੂੰਘਾਈਆਂ ਵਿਚ ਉਡਦਾ ਹੈ ਤੇ ਫੇਰ ਸਾਡੀ ਮਿੱਟੀ ਰੰਗੀ ਧਰਤੀ ਉਤੇ ਸਾਡੇ ਵਿਚ ਟੁਰਦਾ ਫਿਰਦਾ ਸਾਡੇ ਦੁੱਖਾਂ ਦਰਿੱਦ੍ਰਾਂ ਨਾਲ ਹਮ-ਦਰਦ ਹੋ ਹੋਕੇ ਆਪੇ ਨੂੰ ਵਾਰਦਾ ਹੈ। ਸਮੀਰ, ਦਜਾਲ ਦਾਸ ਦੇ ਭਾਉ ਨਾਲ ਤਰ ਬਤਰ ਹੋਕੇ, ਲੈ ਗਿਆ ਇਸ ਸਾਈਂ ਪਿਆਰੇ ਨੂੰ ਹਜ਼ੂਰੀ ਵਿਚ, ਜਾਂ ਦੀਦਾਰ ਪਾਏ ਰਸਿਕ ਬੈਰਾਗੀ ਦੇ ਦਜਾਲ ਦਾਸ ਨੇ ਤਾਂ ਸੁਹਣੇ ਦੇ ਚਰਨਾਂ ਨੂੰ ਲਿਪਟ ਗਿਆ ਤੇ ਪਿਆਰ ਨਾਲ ਨੈਣ ਭਰ ਆਇਓਸੁ। ਅੱਥਰੂ ਚਰਨਾਂ ਤੇ ਢੱਠੇ ਤਾਂ ਦਜਾਲ ਦਾਸ ਕੰਬ ਗਿਆ, ਸੋਚ ਫੁਰੀ-ਹੈਂ, ਮੈਂ ਇਨ੍ਹਾਂ ਪਰਮ ਪਾਵਨ ਚਰਨਾਂ ਨੂੰ ਅਪਣੇ ਖਾਰੇ ਤੇ ਲੂਣੇ ਨੈਣ-ਜਲ ਨਾਲ ਕਿਉਂ ਮੈਲਿਆਂ ਕੀਤਾ ਹੈ? ਕੰਬ ਗਿਆ, ਪਰ ਪਿਆਰ ਦੀ ਪੰਘਰ ਨੈਣਾਂ ਨੂੰ ਮੁੱਕਣ ਨਹੀਂ ਦੇਂਦੀ ਤੇ ਅਦਬ ਦਾ ਖਿਆਲ ਉਨ੍ਹਾਂ ਨੂੰ ਠੱਲ੍ਹਦਾ ਹੈ। ਆਤਮ ਝਰਨਾਟਾਂ ਦੇ ਮਹਿਰਮ ਨੇ ਉਸ ਪਜਾਰ ਝਰਨਾਟ ਨੂੰ ਲਖ ਲਿਆ, ਸਿਰ ਤੇ ਹੱਥ ਧਰ ਦਿੱਤਾ, ਰਤਾਕੁ ਸਿਰ ਨੂੰ ਪਜਾਰ ਨਾਲ ਦਬ ਰਖਿਆ, ਜੋ ਅਦਬ ਦਾ ਖਿਆਲ ਪਿਆਰ ਦੇ ਵੇਗ ਨੂੰ ਅਧਵਾਟੇ ਠਠੰਬਰ ਵਿਚ ਨਾ ਪਾ ਦੇਵੇ। ਹਾਂ ਇਸ ਪਿਆਰਾਂ ਦੀ ਫੁਹਾਰ ਵਰਸਾ ਰਹੇ ਹੱਥ ਦੀ ਛੁਹ ਨੇ ਪਿਆਰ ਦਾ ਵੇਗ ਹੋਰ ਉਮਡਾ ਦਿੱਤਾ, ਉੱਡ ਗਿਆ ਸਿਰ ਵਿਚੋਂ ਖਿਆਲ ਸੂਖਮ ਅਦਬ ਦਾ ਜੋ ਰੋਕ ਬਣ ਰਿਹਾ ਸੀ ਪਜਾਰ ਕਾਂਗਾਂ ਦੀ। ਮਗਨਤਾ ਛਾ ਗਈ ਉਮਦੀ ਥਾਵੇਂ, ਹਾਂ ਪ੍ਰੇਮੀ-ਮੱਥਾ ਤੇ ਪ੍ਰੀਤਮ-ਚਰਨ ਇੱਕ ਹੋ ਗਏ ਪ੍ਰੇਮ ਦੀ ਗੋਦ ਵਿਚ। **ਦ੍ਵੈ ਤੇ ਏਕ ਰੂਪ ਹ੍ਵੈ ਗਯੋ।**

ਚਿਰਕਾਲ ਪਿੱਛੋਂ ਪਵਿੱਤ੍ਰ ਹੱਥ ਉਠਿਆ, ਪਿੱਠ ਤੇ ਗਿਆ, ਪਿੱਠ ਤੇ ਫਿਰਿਆ, ਸੁਰਤ ਪਰਤ ਆਈ, ਦਿਆਲ ਦਾਸ ਨੂੰ ਫੇਰ ਖਿਆਲ ਫੁਰ ਪਿਆ, ਹਾਇ ਕਿੰਨੇ ਚਿਰ ਤੋਂ ਚਰਨਾਂ ਕਮਲਾਂ ਤੇ ਮੈਂ ਖਾਰੇ ਨੀਰ ਦਾ ਸਪਰਸ਼ ਲਾ ਰਿਹਾ ਹਾਂ ਤੇ ਸੋਚਾਂ ਨਾਲ ਭਾਰੇ ਸਿਰ ਦਾ ਭਾਰ ਪਾ ਰਖਿਆ ਹੈ ਮੈਂ। ਸਾਹਿਬ ਮੁਸਕ੍ਰਾਏ, ਮੱਥੇ ਹੇਠ ਹੱਥ ਦੇਕੇ ਸਿਰ ਚਾਇਆ, ਬੋਲੇ 'ਦਿਆਲ ਦਾਸ! ਆਪਾ ਨਿਜ ਘਰ ਨੂੰ ਇਵੇਂ ਪਿਆਰ ਤ੍ਰੰਗੀਂ ਉਠਦਾ, ਸੂਖਮ ਹੁੰਦਾ ਲੀਨਤਾ ਦੇ ਰਸਤੇ ਪੁਜਦਾ ਹੈ। ਸ਼ਾਬਾਸ਼! ਸੁਹਣੇ ਲਗ ਰਹੇ ਹੋ, ਲਗਦੇ ਰਹੋ, ਨਾਮ ਚਿਤ ਰਹੇ। **'ਰਾਮ ਨਾਮ ਗੁਣ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ॥ ਹਰਿ ਸਿਮਰਤ ਜਮੁ ਕਛੁ ਨ ਕਹੈ॥'** {ਰਾ:ਮ:੫-੨੨}

ਦਜਾਲ ਦਾਸ ਨੇ ਫੇਰ ਨਮਸਕਾਰ ਕੀਤੀ ਫੇਰ ਇਕ ਸੂਖਮ ਬਸਤ੍ਰਾਂ ਦੀ ਪੁਸ਼ਾਕ ਅੱਗੇ ਧਰੀ ਜੋ ਪਰਵਾਨ ਹੋਈ।

---

੧. ਦੇਖੋ 'ਸ੍ਰੀ ਕਲਗੀਧਰ ਜੀ ਦੀਨੇ' ਨਾਮੇ ਲੇਖ ਜੋ ਇਸੇ ਪੋਥੀ ਵਿਚ ਪਿਛੇ ਸਫ਼ਾ ੧੫੫ ਤੇ ਆ ਚੁਕਾ ਹੈ।

੨. ਇਸੇ ਦਾ ਪੱਤ੍ਰ ਹੋਇਆ ਹੈ ਭਾਈ ਗੁਦੜੀਆ, ਇਕ ਪਰਮ ਪ੍ਰਸਿੱਧ ਗੁਰੂ ਕਾ ਕਰਨੀ ਵਾਲਾ ਲਾਲ।

ਹੁਣ ਸਹਿਜੇ ਸਹਿਜੇ ਚੁੱਗ ਵਿਦਾ ਹੋ ਗਈ। ਕੁਛ ਚਿਰ ਬਚਨ ਬਿਲਾਸ ਹੋਏ। ਦਜਾਲ ਦਾਸ ਨੂੰ ਅਮੋਲਕ ਅਸੀਸ ਤੇ ਪਜਾਰ ਮਿਲ ਗਿਆ। ਫਿਰ ਚੁਪ ਆ ਗਈ। ਕੁਛ ਚਿਰ ਸਾਹਿਬ ਆਪਣੇ ਮਗਨ ਰੰਗ ਰਹੇ, ਫੇਰ ਨੈਣ ਖੋਹਲੇ ਤੇ ਬੋਲੇ-'ਸਮੀਰ ਤੂੰ ਬੜੀ ਸੇਵਾ ਕਰ ਰਿਹਾ ਹੈਂ, ਤੇਰਾ ਭਾਉ ਥਾਂ ਪਿਆ ਹੈ, ਉੱਠ ਪਹਿਨ ਲੈ ਇਹ ਪੁਸ਼ਾਕੀ ਜੋ ਦਜਾਲ ਦਾਸ ਲਿਆਇਆ ਹੈ, ਹੱਥਾਂ ਨਾਲ ਚਾਈ ਪਿਆਰ ਨਾਲ ਬਣਾਈ ਪੁਸ਼ਾਕੀ। ਅਰਪਣਹਾਰ ਦਾ ਭਾਉ ਪੂਰਾ ਹੋ ਗਿਆ ਹੈ। ਸਮੀਰ! ਸਤਿਨਾਮ ਕਹਿ ਕੇ ਪੁਸ਼ਾਕੀ ਪਹਿਨ ਲੈ, ਘੋੜੇ ਤੇ ਚੜ੍ਹ ਬਹੁ ਤੇ ਘੋੜਾ ਫੇਰ ਲੈ। ਜਿੱਥੋਂ ਤਾਈਂ ਫੇਰ ਲਏਂਗਾ ਤੇਰਾ ਰਾਜ ਹੋ ਜਾਏਗਾ, ਹਾਂ ਤੇਰੀ ਬੰਸ ਵਿਚ ਰਾਜ ਰਹੇਗਾ।

ਸਮੀਰ ਖਿੜ ਗਿਆ, ਬਖਸਿਸ਼ ਸਿਰ ਤੇ ਚਾਈ ਤੇ ਘਰ ਲੈ ਆਇਆ। ਆ ਕੇ ਸਾਰੀ ਗੱਲ ਬਾਤ ਦੱਸੀ। ਦੋਏ ਭਰਾ ਲਖਮੀਰ ਤੇ ਤਖਤ ਮਲ ਸੁਣ ਕੇ ਪ੍ਰਸੰਨ ਹੋਏ, ਪਰ ਜਿਵੇਂ ਚਾਨਣੇ ਦੇ ਨਾਲ ਪਰਛਾਵਾਂ ਟੁਰਦਾ ਹੈ, ਸਿਦਕ ਦੇ ਕਿਤੇ ਨੇੜੇ ਤੇੜੇ ਹੀ, ਮਗਰ ਹੀ ਮਗਰ ਬੇਸਿਦਕੀ ਟੁਰਦੀ ਹੈ। ਹੋਸ਼ ਕਰਨੀ ਚਾਹੀਏ ਕਿ ਸਿਦਕ ਦੀ ਲਿਸ਼ਕ ਜੇ ਬੇ-ਸਿਦਕੀ ਨੂੰ ਮਿਲ ਜਾਵੇ ਤਾਂ ਉਹ ਸੁਣਦੇ ਸਾਰ ਨੱਠ ਕੇ ਆਉਂਦੀ ਹੈ। ਸਮੀਰ ਦਾ ਇਕ ਮਾਮਾ ਸੀ ਜਿਸ ਦਾ ਕਿਹਾ ਤਿੰਨੇ ਭਰਾ ਮੰਨਦੇ ਸਨ, ਉਹ ਸੀ ਪੰਜ ਪੀਰੀਆ, ਪੰਜ ਪੀਰਾਂ ਦਾ ਮੁਰੀਦ। ਸੀ ਹਿੰਦੂ ਪਰ ਮੰਨਦਾ ਸੀ ਇਨ੍ਹਾਂ ਪੀਰਾਂ ਦੇ ਸਮੁਦਾਇ ਨੂੰ। ਇਸ ਦਾ ਗੁਰਾਂ ਪਰ ਨਿਸ਼ਚਾ ਨਹੀਂ ਸੀ। ਸਾਰੀ ਗਲ ਸਮੀਰ ਤੋਂ ਸੁਣ ਕੇ ਕਹਿਣ ਲੱਗਾ, ਭੋਲਿਆ ਕੁਛ ਅਕਲ ਤੋਂ ਕੰਮ ਲੈ, ਅੱਖਾਂ ਨਾ ਮੀਟ, ਦੇਖ ਸੁਣ ਕੇ ਭੁਲੇਵੇਂ ਵਿਚ ਨਾ ਪਉ। ਜਿਹੜਾ ਗੁਰੂ ਅਪਣਾ ਰਾਜ ਭਾਗ, ਗੁਆ ਆਇਆ ਹੈ, ਉਹ ਦੂਜੇ ਨੂੰ ਕਿਵੇਂ ਰਾਜ ਭਾਗ ਦੇ ਸਕਦਾ ਹੈ?

ਠੀਕ ਹੈ, ਮਾਮੇ ਨੇ ਅਕਲ ਦੀ ਗਲ ਆਖੀ ਹੈ, ਇਹੋ ਅਕਲ ਹੈ ਜੋ ਜਗਤ ਤੋਂ ਇਸ ਪ੍ਰਕਾਰ ਦੇ ਵਾਕ ਬੀ ਅਖਵਾ ਦੇਂਦੀ ਹੈ, ਜਿਵੇਂ ਕੋਈ ਕਹਿ ਦੇਵੇ ਕਿ ਮੇਰੇ ਮੂੰਹ ਵਿਚ ਜੀਭ ਨਹੀਂ, ਜਗਤ ਜਾਣਦਾ ਹੈ ਤੇ ਅਜਾਣ ਬਣਦਾ ਹੈ, ਦੇਖੋ, ਮਾਮਾ ਆਪ ਪੀਰਾਂ ਦੀਆਂ ਕਬਰਾਂ ਤੇ ਟੱਕਰਾਂ ਮਾਰਦਾ ਹੈ, ਦਰੂਦਾਂ ਫਾੜ੍ਹੇ ਦਿਵਾਂਦਾ ਹੈ, ਕਈ ਨਾਕਾਮਯਾਬ ਮਰ ਗਿਆਂ ਤੋਂ ਬੀ ਵਰ ਮੰਗਦਾ ਹੈ ਪਰ ਹੁੱਜਤਾਂ ਪੜ੍ਹਦਾ ਹੈ ਉਸ ਤੇ ਜਿਸ ਦੇ ਆਦਰਸ਼ ਦਾ ਉਹ ਜਾਣੂ ਨਹੀਂ।

ਮਾਮੇ ਦੀ ਗਲ ਸੁਣ ਕੇ ਲਖਮੀਰ ਨੇ ਕਿਹਾ-'ਮਾਮਾ! ਉਹ ਸਾਡੇ ਵੱਡਿਆਂ ਦੇ ਗੁਰੂ ਹਨ, ਸਾਡੇ ਪੂਜ ਹਨ, ਅਸੀਂ ਸੇਵਾ ਕਰ ਰਹੇ ਹਾਂ, ਹੁਣ ਓਹ ਖੁਸ਼ੀ ਹੋਕੇ ਕੋਈ ਵਰ ਦੇ ਰਹੇ ਹਨ, ਕੁਛ ਮੰਗ ਨਹੀਂ ਰਹੇ, ਮੁਸ਼ਕਲ ਨਹੀਂ ਪਾ ਰਹੇ। ਹੁਕਮ ਮੋੜ ਕੇ ਗੁੱਸਾ ਹੀ ਲੈਣਾ ਹੈ ਉਨ੍ਹਾਂ ਦਾ। ਜੇ ਤੇਰੇ ਕਹੇ ਮੰਨ ਹੀ ਲਈਏ ਕਿ ਉਨ੍ਹਾਂ ਦੀ 'ਰੀਝ ਤੇ ਰਿਸ' ਅਸਰ ਨਹੀਂ ਰਖਦੀਆਂ ਫਿਰ ਬੀ ਦੱਸ ਅਸੀਸ ਚੰਗੀ ਕਿ ਬਦ-ਅਸੀਸ? ਹੇ ਮਾਮਾ ਜੀ, ਪਿਉ, ਚਾਚੇ, ਤਾਏ ਦੀ, ਜਿਨ੍ਹਾਂ ਵਿਚ ਕੋਈ ਫਕੀਰੀ ਸੱਤਿਆ ਨਹੀਂ ਹੁੰਦੀ, ਅਸੀਸ ਦਿਲ ਉੱਤੇ ਚੰਗਾ ਅਸਰ ਪਾਉਂਦੀ ਹੈ, ਚਾਹੇ ਉਹ ਕੁਛ ਬੀ ਨਾ ਸਾਰੇ। ਤੂੰ ਦੱਸ ਕਿ ਕੁਲ ਗੁਰੂ, ਅਪਣੇ ਗੁਰੂ, ਜਗਤ ਦੇ ਗੁਰੂ ਦੀ ਅਸੀਸ ਕਿਉਂ ਮਾੜੀ ਹੈ ਤੇ ਬਦਅਸੀਸ ਲੈਣ ਦਾ ਸਾਮਾਨ ਕਰਨਾ ਕਿਉਂ ਚੰਗਾ ਹੈ? ਮਾਮਿਆ! ਤੂੰ ਵੱਡਾ ਹੈਂ ਸੋਚ ਕਰ ਲੈ।

ਮਾਮਾ-ਠੀਕ ਹੈ, ਪਰ ਐਵੇਂ ਨੱਠੇ ਫਿਰਨ ਦਾ ਤੇ ਘੋੜੇ ਭਜਾ ਭਜਾ ਹਾਰਨ ਦਾ ਕੀ ਲਾਭ ਹੈ? ਚੁੱਪ ਕਰ ਰਹੋ, ਗੁਰੂ ਨੂੰ ਕਹਿ ਛੱਡਣਾ ਫੇਰ ਲਿਆ ਹੈ ਘੋੜਾ।

ਮਾਮਿਆਂ! ਤੇਰੇ ਪੀਰ ਤੈਨੂੰ ਝੂਠੋਂ ਨਹੀਂ ਵਰਜਦੇ? ਝੂਠੋਂ ਤਾਂ ਸਾਰੇ ਪੀਰ ਸਾਧ ਵਰਜਦੇ ਆਏ। ਮਾਮਿਆਂ! ਅਸਾਂ ਇਕ ਪਾਸੇ ਤਾਂ ਭਾਵਨਾ ਧਾਰਕੇ ਘਰ ਉਤਾਰੇ, ਸੇਵਾ ਕੀਤੀ, ਦੂਜੇ ਪਾਸੇ ਝੂਠ ਬੋਲੀਏ ਤੇ ਲਈਏ ਸ੍ਰਾਪ। ਫਿਰ ਸੋਚਕੇ ਦੇਖ ਕਿ ਸਰਹਿੰਦ ਤਕ ਖਬਰਾਂ ਜਾ ਰਹੀਆਂ ਹਨ ਸਾਡੇ ਘਰ ਉਨ੍ਹਾਂ ਦੇ ਉਤਰਨ ਦੀਆਂ, ਸੂਬੇ ਨੂੰ ਠੰਢਾ ਥੋੜਾ ਕੜਨਾ ਹੈ ਗੁਰਾਂ ਦਾ ਸਾਡੇ ਘਰ ਠਹਿਰਨਾ ਸੁਣਕੇ। ਇਸ ਵਿਚ ਗੁਰਾਂ ਦਾ ਰਤੀ ਜ਼ਿੰਮਾ ਨਹੀਓਂ, ਉਨ੍ਹਾਂ ਨੇ ਸਾਨੂੰ ਪਹਿਲੇ ਕਹਿ ਦਿੱਤਾ ਸੀ ਕਿ ਤੁਸੀਂ ਤੁਰਕ ਰਾਜ ਦੀ ਤਾਬੇ ਹੋ, ਅਸਾਡੀ ਉਨ੍ਹਾਂ ਨਾਲ ਲੜਾਈ ਹੈ, ਸਾਨੂੰ ਘਰ ਉਤਾਰਕੇ ਤੁਸੀਂ ਦੁੱਖਾਂ ਵਿਚ ਪੈਸੋ, ਅਸੀਂ ਅੱਗੇ ਚਲਦੇ ਹਾਂ। ਤਦੋਂ ਅਸਾਂ ਮਿੰਨਤਾਂ ਕਰਕੇ ਭੋਣੀ ਨਾਲ ਘਰ ਆਂਦੇ। ਸੋਚ ਮਾਮਿਆਂ! ਇਕ ਪਾਸੇ ਤਾਂ ਵਜ਼ੀਰ ਖਾਂ ਦਾ ਗੁੱਸਾ ਅਪਣੇ ਤੇ

ਲਿਆ ਤੇ ਦੂਜੇ ਪਾਸੇ ਉਨ੍ਹਾਂ ਦਾ ਖਚਨ ਨਾ ਮੰਨ ਕੇ ਉਨ੍ਹਾਂ ਦਾ ਖਸ਼ਾ ਨਾ ਲਿਆ, ਸਗੋਂ ਉਨ੍ਹਾਂ ਨੂੰ ਰੰਜ ਕਰ ਲਿਆ। ਇਕ ਪਾਸੇ ਸੂਬਾ ਗੁੱਸੇ, ਦੂਏ ਪਾਸੇ ਗੁਰੂ ਗੁੱਸੇ, ਅਸਾਂ ਦੁਹਾਂ ਨਾਲ ਗੁਆ ਲਈ, ਨਾ ਇਹ ਲੋਕ ਰਿਹਾ ਨਾ ਓਹ! ਦੱਸੋ ਘੋੜੇ ਫੇਰਨ ਵਿਚ ਕੀ ਦੋਸ਼ ਹੈ, ਕੀ ਖੇਚਲ ਹੈ? ਏਨੀ ਗਲ ਨਾਲ ਜੇ ਰਸ ਬਣਿਆ ਰਹੇ ਤਾਂ ਅਵੱਗਜਾ ਕਰਨੇ ਦਾ ਕੀਹ ਗੁਣ ਹੈ?

ਹੁਣ ਸਮੀਰ ਬੋਲਿਆ: ਬਈ ਮਾਮਾ ਮੇਰਾ ਤਾਂ ਗੁਰਾਂ ਤੇ ਨਿਸਚਾ ਹੈ। ਸਾਡੇ ਵਡਕੇ ਏਸੇ ਘਰ ਦੇ ਸਿੱਖ ਸਨ, ਉਨ੍ਹਾਂ ਸੇਵਾ ਕਰ ਸੁਖ ਪਾਇਆ ਸੀ, ਮੈਂ ਬੀ ਆਸ ਰੱਖੀ ਬੈਠਾ ਹਾਂ। ਅਜੇ ਮੈਂ ਤਾਂ ਕੁਛ ਹੋਰ ਮੰਗਣਾ ਹੈ, ਹਾਲੇ ਜੋ ਉਹ ਦੇਂਦੇ ਹਨ ਉਹ ਕਿਉਂ ਮੜਾਂ? ਫੇਰ ਦੂਜੀ ਮੰਗ ਕਿਸ ਮੂੰਹ ਮੰਗਾਸਾਂ। ਨਾਲੇ ਮਾਮਾ! ਤੂੰ ਗਿਆ ਨਹੀਂ, ਦਰਸ਼ਨ ਨਹੀਂ ਕੀਤੇ; ਨਾਲੇ ਸੋਚ! ਉਨ੍ਹਾਂ ਦਾ ਸਰਵੰਸ ਕਿਸੇ ਤਾਂ ਨਹੀਂ ਨਾ ਖੋਹ ਲਿਆ ਜਿਦਾਂ ਤੂੰ ਸਮਝਿਆ ਹੈ। ਉਨ੍ਹਾਂ ਤਾਂ ਪਰਜਾ ਸੁਖੀ ਕਰਨ ਵਾਸਤੇ ਪਾਤਸ਼ਾਹ ਨਾਲ ਮੱਥਾ ਲਾਇਆ ਹੈ। ਉਸ ਪਰਉਪਕਾਰ ਵਿਚ ਉਨ੍ਹਾਂ ਸਭ ਕੁਛ ਵਾਰਿਆ ਹੈ। ਕੋਈ ਆਪਣੇ ਲਬ ਨੂੰ ਉਨ੍ਹਾਂ ਥੁਹੜਾ ਜੰਗ ਕੀਤਾ ਸੀ ਤੇ ਉਸ ਵਿਚ ਸਭ ਕੁਛ ਹਾਰ ਆਏ ਹਨ? ਮਾਮਾ! ਕੀਹ ਗੁਣ ਦੀ ਗੱਲ ਨੂੰ ਔਗੁਣ ਕਰ ਮੰਨਣਾ ਇਹ ਭੁੱਲ ਨਹੀਂ? ਮੇਰੀ ਜਾਚੇ ਤਾਂ ਭਾਰੀ ਪਾਪ ਹੈ, ਕੀਤੇ ਨੂੰ ਵਿਸਾਰਨਾ, ਕਿਸੇ ਦੇ ਗੁਣ ਨੂੰ ਲਿਤਾੜ ਛੱਡਣਾ। ਮੇਰੀ ਜਾਚੇ ਉਹ ਸਮਰੱਥ ਹਨ, ਗੁਰੂ ਨਾਨਕ ਦਾ ਹੱਥ ਉਨ੍ਹਾਂ ਦੇ ਸਿਰ ਤੇ ਹੈ ਕਿ ਆਪ ਉਹੋ ਹਨ, ਮੇਰਾ ਤਾਂ ਹੀਆ ਨਹੀਂ ਪੈਂਦਾ ਕਿ ਵਾਕ ਮੋੜ ਸਕਾਂ।

ਹੁਣ ਮਾਮੇ ਨੇ ਡਿੱਠਾ ਕਿ ਮੇਰੀ ਨਹੀਂ ਚਲਦੀ, ਕਹਿਣ ਲੱਗਾ 'ਚੰਗਾ, ਬੱਚਾ! ਫਿਰ ਦੋਇ ਗੱਲਾਂ ਕਰ ਲਓ, ਘੋੜਾ ਪਿੰਡ ਦੇ ਦੁਆਲੇ ਨਾਲ ਨਾਲ ਵਸੋਂ ਦੇ ਫੇਰ ਲਓ, ਬਚਨ ਵੀ ਮੰਨਿਆਂ ਗਿਆ ਤੇ ਹਾਂਡ ਬੀ ਨਾ ਪਈ'। ਗਲ ਕੀਹ ਇਹ ਸਲਾਹ ਹੋਕੇ ਸਮੀਰ ਨੇ ਪੁਸ਼ਾਕੀ ਪਹਿਨੇਕ ਪਿੰਡ ਉਦਾਲੇ ਘੋੜਾ ਫੇਰ ਲਿਆ। ਮਾਮੇ ਦੇ ਲਿਹਾਜ ਨੇ ਗੁਰੂ ਮਿਹਰ ਦਾ ਪੂਰਾ ਪਾਤ੍ਰ ਬਣਨੋਂ ਸਮੀਰ ਨੂੰ ਰੋਕ ਲਿਆ। ਜਦੋਂ ਹਜ਼ੂਰੀ ਵਿਚ ਗਏ ਤਾਂ ਪੁੱਛਣੇ ਪਰ ਉਸ ਨੇ ਦੱਸਿਆ ਕਿ ਪਾਤਸ਼ਾਹ ਪਿੰਡ ਉਦਾਲੇ ਘੋੜਾ ਫੇਰ ਲਿਆ ਹੈ। ਸਾਹਿਬ ਮੁਸਕ੍ਰਾਏ ਤੇ ਸਮਝ ਗਏ ਕਿ ਇਸਦਾ ਦੋਸ਼ ਨਹੀਂ, ਕੁਸੰਗ ਦਾ ਫਲ ਹੈ, ਇਹ ਭਾਵ ਵਾਲਾ ਹੈ, ਸੇਵਕ ਹੈ ਤੇ ਗੁਰੂ ਪਿਆਰੇ 'ਜੋਧ' ਦੀ ਵੰਸ਼ ਹੈ, ਪਰ ਅਜੇ ਸੁਰਤ ਵਿਚ ਨਿਤਾਣਾ ਹੈ, ਬੱਚਾ ਹੈ।

੩.

ਜਦ ਸਮੀਰ ਦੇ ਘਰ ਟਿਕਿਆਂ ਕਈ ਦਿਨ ਬੀਤ ਗਏ ਤੇ ਸਮੀਰ ਬੜੇ ਭਾਉ ਨਾਲ ਸੇਵਾ ਕਰਦਾ ਰਿਹਾ ਤਾਂ ਇਕ ਦਿਨ ਸਤਿਗੁਰਾਂ ਦਾ ਪ੍ਰਸ਼ਾਦਿ ਬਣਕੇ ਆਇਆ। ਸਮੀਰ ਜਲ ਦਾ ਕਟੋਰਾ ਭਰਕੇ ਲੈ ਆਇਆ। ਸਮੀਰ ਪ੍ਰਸ਼ਾਦਿ ਦਾ ਸਾਰਾ ਸਾਮਾਨ ਆਪ ਦੇਂਦਾ ਸੀ, ਪ੍ਰਸ਼ਾਦਿ ਪਾਸ ਬਿਠਾ ਕੇ ਖੁਲਾਉਂਦਾ ਸੀ। ਡਾਢੇ ਪਿਆਰ ਵਿਚ ਸੀ ਸਮੀਰ, ਪਰ ਮਾਮੇ ਦਾ ਕੁਸੰਗ ਕਦਮ ਕਦਮ ਤੇ ਠੁਹਕਰ ਦਾ ਕਾਰਨ ਬਣਦਾ ਸੀ। ਅੱਜ ਜੁ ਬਾਲ ਆਇਆ ਤਾਂ ਸਮੀਰ ਨੇ ਬਿਨੈ ਕੀਤੀ ਕਿ ਮੈਨੂੰ ਪ੍ਰਸ਼ਾਦਿ ਮਿਲੇ। ਸਤਿਗੁਰਾਂ ਕਿਹਾ ਜੇ ਤੇਰੀ ਇਹੋ ਭਾਵਨਾ ਹੈ ਤਾਂ ਥਾਲ ਲੈ ਲੈਣਾ ਤੇ ਛਕ ਲੈਣਾ। ਸਮੀਰ ਕਿਹਾ, ਬਖਸ਼ਿਸ਼ ਕਰ ਦਿਓ, ਥਾਲ ਘਰ ਲੈ ਜਾਮਾਂ ਤੇ ਸਾਰਾ ਪਰਵਾਰ ਛਕਸੀ! ਆਪ ਹੱਸ ਪਏ ਤੇ ਥਾਲ ਦੇ ਦਿੱਤਾ। ਜਦੋਂ ਘਰ ਲੈ ਗਿਆ ਤੇ ਪਰਵਾਰ ਸੱਦਿਆ ਤਾਂ ਮਾਮਾ ਲੱਕੜ ਡਾਹ ਬੈਠਾ ਕਿ ਗੁਰੂ ਜੀ ਤਾਂ ਮਹਾਂ ਪ੍ਰਸ਼ਾਦਿ ਛਕਦੇ ਹਨ, ਝਟਕਾ ਭਾਈ ਝਟਕਾ। ਮੈਂ ਪੀਰਾਂ ਦਾ ਮੰਨਣ ਵਾਲਾ ਹਾਂ, ਮੈਂ ਉਨ੍ਹਾਂ ਦਾ ਪ੍ਰਸ਼ਾਦਿ ਨਹੀਂ ਖਾਣਾ, ਪੀਰ ਮੇਰੇ ਗੁੱਸੇ ਹੋ ਜਾਣਗੇ। ਇਸ ਪਰ ਬਹੁਤ ਚਿਰ ਬਹਿਸ ਹੋਕੇ ਅੰਤ ਮਾਮੇ ਨੇ ਕਾਢ ਕੱਢੀ ਕਿ ਨਾ ਖਾਈਏ ਤੇ ਨਾ ਅਪਮਾਨ ਨਾਲ ਸੁੱਟੀਏ, ਕਿਸੇ ਸੁਹਣੇ ਥਾਂ ਧਰਤੀ ਵਿਚ ਦੱਬ ਦੇਈਏ, ਸੋ ਐਸਾ ਹੀ ਕੀਤਾ ਗਿਆ।

ਸਮੀਰ ਮਾਮੇ ਤੇ ਪਰਿਵਾਰ ਦੇ ਆਖੇ ਤੇ ਪੀਰਾਂ ਦਾ ਭੈ ਮੰਨਕੇ ਕਰ ਤਾਂ ਬੈਠਾ ਪਰ ਹੁਣ ਦਿਲ ਨੂੰ ਦਰਦ ਉੱਠਦੀ ਹੈ ਕਿ ਇਹ ਬੇਅਦਬੀ ਹੋਈ ਹੈ, ਆਪ ਮੰਗ ਲਈ ਦਾਤ ਤੇ ਆਪ ਅਨਾਦਰ ਕੀਤਾ। ਜੇ ਗੁਰਾਂ ਪੁਛਿਆ ਤਾਂ ਕੀਹ ਜੁਵਾਬ ਦੇਸਾਂ? ਇਸ ਡੱਕੋਡੋਲੇ ਵਿਚ ਕਿਸੇ ਸਿੰਘ ਨਾਲ ਗੱਲ ਕੀਤੀਓਸੁ। ਉਸ ਕਿਹਾ ਭਾਈ ਤੇਰੇ ਭਾਗ, ਜਿੰਨੇ ਸਤਿਗੁਰੂ ਤੇਰੇ

ਤੇ ਪ੍ਰਸੰਨ ਹਨ ਅਸਾਂ ਕਦੇ ਕਦੇ ਕਿਸੇ ਤੇ ਵੇਖੇ ਹਨ। ਤੂੰ ਏਸ ਕੁਸੰਗ ਦਾ ਤਿਆਗ ਕਰ। ਕੁਸੰਗ ਤਾਂ ਸੁਰਗਾਂ ਦੀਆਂ ਦਲ੍ਹੀਜਾਂ ਵਿਚ ਪੈਰ ਧਰੇ ਹੋਣ ਤਾਂ ਬੀ ਪਿੱਛੇ ਖਿੱਚ ਲੈਂਦਾ ਹੈ।

ਸਮੀਰ-ਸੱਚ ਕਿਹਾ ਨੇ। ਪਰ ਕੀਹ ਕਰਾਂ, ਘਰ ਦਾ ਵੱਡਾ ਹੈ ਮਾਮਾ, ਸਰਦੇ ਪੁਜਦੇ ਵਾਲਾ, ਸਾਰੇ ਉਸਦੇ ਮਗਰ ਹਨ, ਪੇਸ਼ ਨਹੀਂ ਜਾਂਦੀ।

ਸਿੰਘ-ਜਦੋਂ ਸਤਿਗੁਰ ਦਾ ਹੁਕਮ ਮੰਨ ਲਈਏ ਤਾਂ ਉਸ ਨਾਲ ਸੁਰਤ ਵਿਚ ਜਾਨ ਭਰਦੀ ਹੈ, ਨਿਰਭੈਤਾ ਆਉਂਦੀ ਹੈ। ਜਦ ਜਗਤ ਦੇ ਦਬੇਲ ਹੋਕੇ ਜਗਤ ਦਾ ਹੁਕਮ ਮੰਨੋ ਤਾਂ ਸੁਰਤ ਵਿਚ ਮੁਰਦਿਹਾਨ ਵਰਤਦੀ ਹੈ, ਡਰ ਵਧਦਾ ਹੈ। ਸਤਿਗੁਰ ਗ਼ੁਲਾਮ ਕਿਸੇ ਨੂੰ ਨਹੀਂ ਬਣਾਉਂਦਾ ਸਗੋਂ ਸਭ ਕਿਸੇ ਦੀ ਗ਼ੁਲਾਮੀ ਦੇ ਬੰਧਨ ਕੱਟਦਾ ਹੈ, ਆਪਣੇ ਪੈਰਾਂ ਤੇ ਖੜਾ ਕਰਦਾ ਹੈ, ਅਤੇ ਸੁਹਤਾਂ ਵਿਚ ਤਾਣ ਭਰਦਾ ਹੈ। ਪਰੰਤੂ ਭਾਈ! ਜਗਤ ਦੂਏ ਨੂੰ ਆਪਣੇ ਹੇਠ ਲਾਉਂਦਾ ਹੈ, ਦਾਸ ਬਣਾਉਂਦਾ ਹੈ। ਸੋ ਸਮੀਰ ਜੀ! ਜੀਵਨ ਤੇ ਮੌਤ ਦਾ ਸ੍ਵਾਲ ਹੈ, ਧਾਰ ਲੌ ਜੋ ਜੀ ਆਵੇ, ਚਾਹੋ ਜੀਵਨ ਚਾਹੋ ਮੌਤ!

ਸਮੀਰ ਜੀ! ਤੁਸੀਂ ਬਾਣੀ ਪੜ੍ਹੋ, ਨਾਮ ਜਪੋ, ਗੁਰਮਤ ਸਿਖੋ ਤੇ ਗੁਰੂ ਹੁਕਮ ਵਿਚ ਟਿਕ ਜਾਓ, ਤੁਹਾਡੀ ਸੁਰਤ ਜੀਉਕੇ ਸਿੱਧੀ ਆਪਣੇ ਆਪ ਦੇ ਧ੍ਰੂਵੇ ਤੇ ਟਿਕੇ ਤਦ ਸੁਆਦ ਮਾਣੇਗੀ ਅੰਦਰਲੀ ਸੁਤੰਤ੍ਰਤਾ ਦਾ। ਤਦੋਂ ਅਨੁਭਵ ਕਰੇਗੀ ਆਪਣੇ ਨਾਲ ਲਗਾ ਨਾਮੀ-ਵਾਹਿਗੁਰੂ। ਫਿਰ ਇਹ ਦੇਖੇਗੀ ਵਿਛਿਆ ਹੋਇਆ ਆਪਣੇ ਸਾਹਮਣੇ ਜਗਤ, ਜਿਸਦੀ ਇਹ ਹੋਵੇਗੀ ਦੇਖਣਹਾਰ, ਹਾਂ ਇਸ ਵਿਚ ਫਸਣਹਾਰ ਤੇ ਇਸ ਦੀ ਦਬੇਲ ਤੇ ਹੇਠਾਂ ਲੱਗੀ ਹੋਈ ਨਹੀਂ ਰਹੇਗੀ। ਫੇਰ ਤੇਰੀ ਸੁਰਤੀ ਨਿਰਭੈ ਹੋਵੇਗੀ, ਫੇਰ ਰਸ ਹੈ ਜੀਵਨ ਦਾ ਭਾਈ!

ਸਮੀਰ ਦੇ ਮਨ ਕੁਛ ਹੋਸ਼ ਆਈ। ਮਾਮੇ ਦਾ ਦਬਾ ਘਟਿਆ। ਸਮਝ ਆਈ ਕਿ ਮੈਂ ਐਵੇਂ ਕੁਸੰਗ ਦੇ ਹੇਠਾਂ ਲੱਗ ਰਿਹਾ ਹਾਂ। ਮਾਮੇ ਨੇ ਪਹਿਲੇ ਵੀ ਟਪਲਾ ਲਾਯਾ ਤੇ ਹੁਣ ਬੀ ਡਰਾ ਡਰਾ ਕੇ ਸਾਨੂੰ ਵਰਜਿਆ। ਪੀਰ ਜਾਣਨ ਤੇ ਮਾਮਾ, ਮੈਨੂੰ ਕੀਹ ਲੱਗੇ ਉਨ੍ਹਾਂ ਨਾਲ। ਮਨਾ! ਡਰ ਸੱਟ ਮਾਮੇ ਦਾ, ਪੀਰਾਂ ਦਾ ਤੇ ਨ੍ਹਾਬ ਦਾ। ਹੁਣ ਤਾਂ ਸਤਿਗੁਰੂ ਜੋ ਆਖਸਣ ਕਰਸਾਂ।

੪.

ਇਉਂ ਸੁਰਜੀਤ ਜੇਹਾ ਹੌਕੇ ਗਿਆ ਦਰਬਾਰ। ਅਗੇ ਬੈਠੇ ਸਨ ਖੁੱਲ੍ਹਾਂ ਦੇ ਸਾਈਂ, ਸੁਰਤ ਨੂੰ ਜੀਵਾ-ਲਣਹਾਰ, ਹਉਮੈਂ ਦੇ ਬੰਧਨ ਕੱਟਣਹਾਰ, ਪਰ 'ਸੁਚੀ ਸ਼ੁੱਧ ਮੈਂ' ਦੇ ਕੇਂਦ੍ਰ ਤੇ 'ਮੈਂ' ਨੂੰ ਸ੍ਵਯੰ ਆਧਾਰ ਸਿੱਧਾ ਕਰਕੇ ਖੜਾ ਕਰ ਦੇਣ ਵਾਲੇ, ਭੈ ਹੇਠੋਂ ਕੱਢ ਦੇਣ ਵਾਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਦੀਵਾਨ ਲੱਗ ਰਿਹਾ ਸੀ, ਸਮੀਰ ਨੇ ਮੱਥਾ ਟੇਕਿਹਾ। ਸਾਹਿਬ ਦੇਖ ਕੇ ਪਜਾਰ ਨਾਲ ਹੱਸੇ। ਸੁਣਾ ਬਈ ਸਮੀਰ ਪ੍ਰਸ਼ਾਦਿ ਛਕਿਆ ਕਿ ਨਾ?

ਸਮੀਰ ਘਬਰਾਇਆ ਪਰ ਸੱਚ ਬੋਲਣ ਦਾ ਸਾਹਸ ਭਰ ਆਇਆ। ਕਹਿਣ ਲੱਗਾ: ਪਾਤਸ਼ਾਹ ਜੈਤੋ ਵਾਲੇ ਮਾਮੇ ਨੇ ਪੀਰਾਂ ਦਾ ਡਰ ਦੇਕੇ ਖਾਣ ਨਹੀਂ ਦਿਤਾ, ਉਹ ਫੇਰ ਅਦਬ ਨਾਲ ਧਰਤੀ ਵਿਚ ਦੱਬ ਦਿਤਾ ਹੈ। ਕਵਿ ਜੀ ਦੱਸਦੇ ਹਨ ਸਤਿਗੁਰੂ ਜੀ ਨੇ ਤਦੋਂ ਮਾਲਵੇ ਧਰਤੀ ਨੂੰ ਵਰ ਦਿਤਾ ਤੇ ਵਚਨ ਕੀਤਾ:-

ਅਵਨੀ ਜੰਗਲ ਦੇਸ਼ ਕੀ ਬਹੁ ਅੰਨ ਉਪਾਵੈ।
ਅਬਿ ਤੇ ਦੁਗਨੇ ਚੌਗੁਨੇ ਅਠ ਗੁਨੇ ਜਮਾਵੈ।
ਹੋਇ ਹਮਾਰਾ ਮਾਲਵਾ ਜਿਤ ਕਿਤ ਬਿਦਤਾਵੈ।
ਉਪਜੇਂ ਸਿੰਘ ਸਹੰਸ੍ਰ ਹੀ ਮਲਵਈ ਕਹਾਵੈਂ।
ਸੁਨੀਅਹਿ ਸਿੱਖ ਸਮੀਰ ਭੋ ਚਾਹਤ ਹਮ ਦੀਨੋ।
ਪ੍ਰਥਮ ਰਾਜ ਤੇ ਛੂਛ ਰਹਿ ਅਬ ਛੇਮ ਨ ਲੀਨੋ*।

ਇਹ ਵਰ ਜੋ ਮਾਲਵੇ ਦੀ ਧਰਤੀ ਨੂੰ ਹੋਇਆ ਸਫਲ ਹੋਇਆ। ਜੇ ਹੁਣ ਤ੍ਰੀਕਾਂ ਦੀ ਵੀਚਾਰ ਕਰੀਏ ਤਾਂ ਇਹ ਵਰ ਕੋਈ ੧੭੬੦ ਬਿ: ਤੋਂ ਮਗਰੋਂ ਤੇ ੧੭੬੫ ਬਿ: ਤੋਂ ਪਹਿਲੋਂ ਹੋਯਾ ਨਿਸਚੇ ਹੈ। ਤਦੋਂ ਮਾਲਵੇ ਵਿਚ ਮੋਠ ਬਾਜਰੀ ਹੁੰਦੀ ਸੀ। ਕਵੀ ਸੰਤੋਖ ਸਿੰਘ ਜੀ ਨੇ ਇਹ ਭਵਿੱਖਤ ਵਾਕ ਜੋ, ਸਤਿਗੁਰਾਂ ਨੇ ਉਚਾਰੇ, ੧੯੭੦ ਬਿ: ਤੋਂ ਪਹਿਲੋਂ ਲਿਖੇ ਹਨ।

*ਕਵਿ ਜੀ ਦੱਸਦੇ ਹਨ ਕਿ ਇਸ ਵੇਲੇ ਸਤਿਗੁਰਾਂ ਨੇ ਉਸ ਗ਼ੁਲਾਮੀ ਦੇ ਹਲਕਾਰੇ ਆਪਣੇ ਦੀਨੋਂ ਬੇਦੀਨ ਮਾਮੇ ਨੂੰ ਕਿਹਾ ਕਿ ਉਸ ਨੂੰ ਕੁਸ਼ਟ ਹੋਏਗਾ, ਉਸਨੂੰ ਹੋਯਾ ਤੇ ਉਸ ਦੇ ਵੰਸ਼ ਵਿਚ ਹੁਣ ਤਕ ਲਾਗ ਚਲੀ ਆਉਂਦੀ ਹੈ, ਇਹ ਗੱਲ ਕਵੀ ਨੇ ਆਪ ਸੁਣੀ ਦੱਸੀ ਹੈ।

ਤਦੋਂ ਬੀ ਮਾਲਵਾ ਉਵੇਂ ਸੀ। ਹੁਣ ਮਾਲਵੇ ਵਿਚ ਵਾਕ ਪੂਰੇ ਹੋ ਰਹੇ ਹਨ। ਕਾਰਨ ਹੋਈ ਹੈ ਨਹਿਰ। ਨਹਿਰ ਬਣੀ ਹੈ (ਰੋਪੜ ਵਾਲੀ) ੧੮੮੨ ਈ: ਵਿਚ ਅਰਥਾਤ ੧੯੩੯ ਬਿਕ੍ਰਮੀ ਵਿਚ, ਅਰਥਾਤ ਕਵੀ ਜੀ ਦੇ ਚਲਾਣੇ ਤੋਂ ੩੯ ਬਰਸ ਮਗਰੋਂ। ਸੋ ਸਿੱਧ ਹੋ ਗਿਆ ਕਿ ਕਵੀ ਜੀ ਨੇ ਇਹ ਵਾਕ ਮਾਲਵੇ ਵਿਚ ਨਹਿਰਾਂ ਚਲਦੀਆਂ ਤੇ ਨਹਿਰਾਂ ਦੇ ਸ਼ਾਦਾਬੀ ਤੱਕਕੇ ਨਹੀਂ ਲਿਖੇ, ਨਾ ਕਿਸੇ ਨੇ ੧੯੩੯ ਬਿ: ਤੋਂ ਮਗਰੋਂ ਜੋੜੇ ਹਨ, ਕਿਉਂਕਿ ੧੯੧੨ ਤੇ ੧੯੧੯ ਦੇ ਲਿਖੇ ਨੁਸਖਿਆਂ ਵਿਚ ਹੈਨ। ਸੋ ਇਹ ਵਾਕ ਸ੍ਰੀ ਗੁਰੂ ਜੀ ਨੇ ਪਹਿਲੋਂ ਉਚਾਰੇ, ਪਹਿਲੋਂ ਕਲਮ ਬੰਦ ਹੋ ਗਏ ਤੇ ਮਗਰੋਂ ਨਹਿਰਾਂ ਆਈਆਂ ਤੇ ਵਾਕ ਪੂਰਨ ਹੋਏ। ਇਹ ਪੇਸ਼ੀਨਗੋਈ ਤੇ ਇਸਦੀ ਪੂਰਨਤਾ ਹੁਣ ਇਤਿਹਾਸਿਕ ਸਤਜਤਾ ਦਾ ਹੁਕਮ ਰਖਦੀ ਹੈ।

੫.

ਸਮੀਰ ਦੀ ਸਰਲਤਾ ਪਿਆਰ ਤੇ ਅੰਦਰ ਲੁਕੀ ਬੈਠੀ ਸੁਰਤ ਦੀ ਸਤਜਾ ਨੂੰ ਗੁਰੂ ਜੀ ਪਸੰਦ ਕਰ ਰਹੇ ਸੀ ਅਤੇ ਉਸਦੀ ਸੇਵਾ, ਭਾਉ ਭਗਤੀ ਉਤੇ ਤੁੱਠ ਰਹੇ ਸੀ। ਉਸਨੂੰ ਕੁਸੰਗ ਮਾਰ ਰਿਹਾ ਸੀ, ਪਰ ਹੁਣ ਕੁਸੰਗ ਦਾ ਦਬਾ ਘਟ ਰਿਹਾ ਸੀ। ਉਸ ਨੂੰ ਸਮਝ ਪੈ ਗਈ ਸੀ ਕਿ ਮਾਮਾ ਧਰਮਹੀਨ ਹੈ ਤੇ ਦਬੇਲ ਸੁਰਤ ਵਾਲਾ ਹੈ। ਉਸਨੂੰ ਮਾਮੇ ਦੇ ਈਮਾਨ ਦੀ ਹੀਣਤਾ ਤੇ ਆਪਣੇ ਧਰਮ ਦੀ ਜੀਵਨ ਰੌ ਦਾ ਫਰਕ ਦਿੱਸਣ ਲੱਗ ਪਿਆ ਸੀ। ਸਤਿਗੁਰੂ ਜੀ ਨੇ ਉਸ ਨਵੀਂ ਜਿੰਦ ਦਾ ਰੁਮਕਾ ਵਜਦਾ ਸਿਆਣ ਲਿਆ ਸੀ ਤੇ ਇਕ ਦਿਨ ਬੋਲੇ 'ਸਮੀਰ! ਮੰਗ ਜੋ ਜੀ ਚਾਹੇ। ਤੈਨੂੰ ਮੂੰਹ ਮੰਗੀ ਮੁਰਾਦ ਦਿਆਂਗੇ।' ਸਮੀਰ ਨੇ ਨਿੰਮ੍ਰਤਾ ਨਾਲ ਕਿਹਾ:-

'ਮਿਟਹਿ ਚੁਰਾਸੀ ਕੋ ਭ੍ਰਮਣ ਭਵਜਲ ਦੁਖ-ਦਾਈ। ਸ੍ਰੀ ਸਤਿਗੁਰ! ਇਸ ਤ੍ਰਾਸ ਤੇ ਲਿਹੁ ਮੋਹਿ ਬਚਾਈ।' {ਸੂ: ਪ੍:}

ਸ੍ਰੀ ਗੁਰੂ ਜੀ ਸੁਣਕੇ ਚੁਪ ਹੋ ਗਏ, ਕਿਸੇ ਹੋਰ ਖਿਆਲ ਲਗ ਗਏ ਤੇ ਓਹ ਮੰਗ ਵਿਚੇ ਰਹਿ ਗਈ। ਦੋ ਤ੍ਰੈ ਦਿਨਾਂ ਬਾਦ ਫੇਰ ਕਰੁਣਾ ਧਾਰਕੇ ਗੁਰੂ ਜੀ ਨੇ ਸਮੀਰ ਨੂੰ ਉਹੋ ਗਲ ਆਖੀ।

ਪਰ ਸਮੀਰ ਨੇ ਫਿਰ ਜਨਮ ਮਰਨ ਤੋਂ ਖਲਾਸੀ ਤੇ ਮੁਕਤੀ ਦਾਨ ਮੰਗਿਆ। ਸਤਿਗੁਰਾਂ ਨੇ ਤਦ ਕਿਹਾ 'ਤੂੰ ਤਾਂ ਕਈ ਜਨਮ ਧਾਰਨੇ ਹਨ'।

...'ਤੁਵ ਜਨਮ ਘਨੇਰੇ। ਧਰਨੇ ਹੈਂ ਭਵਜਲ ਬਿਖੇ, ਕਿਮ ਜਾਹਿਂ ਨਿਬੇਰੇ। ਕਹਿਂ ਲਗ ਕਰਹਿਂ ਬਚਾਇਬੋ, ਜਾਚਹੁ ਵਥੁ ਆਨਾ। ਇਸ ਬਿਨ ਅਪਰ ਅਦੇਯ ਨਹਿਂ, ਲਿਹੁ ਮਹਿਦ ਮਹਾਨਾ। ਹਮ ਪ੍ਰਸੰਨ ਪਿਖਿ ਸੇਵ ਤੁਮ ਅਰੁ ਪ੍ਰੇਮ ਘਨੇਰਾ। ਉਰ ਅਕਪਟ ਸਚ ਕਹਤ ਹੈਂ ਪਰਖਜੋ ਬਹੁ ਬੇਰਾ। ਕਰਹੁ ਸਫਲ ਨਿਜ ਘਾਲ ਕੋ, ਹਮ ਦੈਂ ਤਤਕਾਲਾ।' {ਸੂ: ਪ੍:}

ਪਰ ਸਮੀਰ ਨੇ ਫਿਰ ਇਹੋ ਕਿਹਾ, 'ਹੇ ਸਤਿਗੁਰ ਮੇਰੀ ਭਵ ਬੇੜੀ ਕੱਟ ਦਿਓ ਤੇ ਅਪਣੇ ਨੇੜੇ ਥਾਂ ਬਖਸ਼ੋ, ਮੈਨੂੰ ਹੋਰ ਕੋਈ ਕਾਮਨਾ ਨਹੀਂ ਹੈ।' ਇਹ ਸੁਣਕੇ ਗੁਰੂ ਜੀ ਫੇਰ ਹੋਰ ਖਿਆਲ ਵਿਚ ਪਰਚ ਗਏ। ਇਕ ਦਿਨ ਫੇਰ ਬੋਲੇ 'ਸਮੀਰ! ਮੰਗ ਲੈ ਕੁਛ।'

ਸਮੀਰ-ਪ੍ਰਭੂ ਜੀ ਭਵਜਲ ਤੇ ਰਖਹੁ ਕਟ ਦੇਹੁ ਚੁਰਾਸੀ। ਬਹੁਰ ਨ ਪਾਵੈਂ ਜਨਮਕੋ ਜਮ ਪਰੇ ਨ ਫਾਸੀ।

ਸੁਣਕੇ ਹੱਸੇ ਕ੍ਰਿਪਾਲੂ ਜੀ ਤੇ ਕਹਿਣ ਲੱਗੇ, 'ਚੰਗਾ ਭਾਈ ਇਹੋ ਕੁਛ ਮਿਲ ਜਾਏਗਾ, ਕਲ ਸਵੇਰੇ ਆਵੀਂ।'

ਸਮੀਰ ਵਰਦਾਨ ਲੈਕੇ ਘਰ ਗਿਆ। ਚਿਹਰੇ ਦੀ ਪ੍ਰਸੰਨਤਾ ਵੇਖਕੇ ਕੁਟੰਬ ਅਚਰਜ ਸੀ। ਪਰ ਕਿਸੇ ਨੂੰ ਕੀਹ ਪਤਾ ਸੀ ਕਿ ਇਸ ਨੂੰ ਕੁਝ ਲੱਭ ਪਿਆ ਹੈ ਤੇ ਉਸਨੂੰ ਅਜੇ ਆਪੂੰ ਬੀ ਪਤਾ ਨਹੀਂ ਕਿ ਮੈਂ ਕਿੱਥੇ ਕੁ ਹਾਂ। ਰਾਤ ਅੰਨ ਪਾਣੀ ਖਾਕੇ ਸਾਰੇ ਸੌਂ ਗਏ, ਸਮੀਰ ਬੀ ਸੌਂ ਗਿਆ। ਕੀਹ ਦੇਖਦਾ ਹੈ ਕਿ ਮੈਂ ਮਰ ਗਿਆ ਹਾਂ ਤੇ ਸਰੀਰ ਵਿੱਚੋਂ ਨਿਕਲ ਕੇ ਕਿਸੇ ਹੋਰ ਵਿਚ ਪੈ ਗਿਆ ਹਾਂ। ਕੋਈ ਚਕਰ ਚੱਲ ਰਿਹਾ ਹੈ ਛੇਤੀ ਛੇਤੀ ਕਿ ਜਿਸ ਨਾਲ ਇਕ ਸਰੀਰ ਤੋਂ ਦੂਸਰੇ, ਦੂਸਰੇ ਤੋਂ ਤੀਸਰੇ ਵਿਚ ਪੈਂਦਾ ਨਿਕਲਦਾ ਹਾਂ। ਕਈ ਏਹੋ ਜਿਹੇ ਪ੍ਰਵੇਸ਼ ਤੇ ਨਿਕਾਸ ਦੇਖਕੇ ਅਖੀਰ ਓਹ ਕਿਸੇ ਗਰੀਬ ਚੰਡਾਲ ਦੇ ਘਰ ਜਾ ਜੰਮਿਆਂ। ਓਥੇ ਉਹ ਪਲਿਆ, ਵੱਡਾ ਹੋਇਆ, ਵਿਆਹਿਆ, ਪੁਤ੍ਰ ਜਨਮੇ, ਵਡ ਪਰਵਾਰੀ ਹੋ ਗਿਆ, ਦੇਸ਼ ਵਿਚ ਫਿਰ ਕਾਲ ਪੈ ਗਿਆ। ਅੰਨ ਪਾਣੀ ਤੋਂ ਤੰਗ ਆਕੇ ਸਮੀਰ ਸੁਪਨੇ ਵਿਚ ਹੀ ਬਨ ਨੂੰ ਚਲਾ

ਗਿਆ, ਜਿੱਥੇ ਪੀਲੂ ਫਲ ਰਹੇ ਸਨ। ਉਥੇ ਹੁਣ ਨਿਰਬਾਹ ਹੋ ਪਿਆ, ਪੀਲੂ ਰੱਜਵੇਂ ਮਿਲਣ ਲਗ ਗਏ। ਇਕ ਦਿਨ ਇਕ ਵਡੇ ਪੁਰਾਣੇ ਪੀਲੂ ਤੇ ਚੜ੍ਹਕੇ ਸਮੀਰ ਪੀਲੂ ਖਾਂਦਾ ਤੇ ਹੇਠਾਂ ਬੱਚਿਆਂ ਨੂੰ ਸੱਟਦਾ ਸੀ ਕਿ ਪੀਲੂ ਦਾ ਡਾਲ ਟੁੱਟ ਗਿਆ ਤੇ ਹੇਠਾਂ ਆ ਪਿਆ। ਸੱਟ ਲਗੀ ਤਾਂ ਜਾਗ ਖੁੱਲ੍ਹ ਗਈ। ਕੀਹ ਦੇਖਦਾ ਹੈ ਕਿ ਨਾ ਤਾਂ ਵਹੁਟੀ ਹੈ ਓਹ, ਨਾ ਹਨ ਓਹ ਬੱਚੇ, ਨਾ ਓਹ ਬਨ ਤੇ ਪੀਲੂ, ਪਰ ਮੂੰਹ ਵਿਚ ਪੀਲੂ ਦਾ ਸੁਆਦ ਹੈ। ਅਚਰਜ ਹੋ ਉਠਿਆ, ਫਿਰ ਦੀਵਾਨ ਵਿਚ ਜਾਣ ਲਈ ਤਿਆਰ ਹੋਣ ਦਾ ਉੱਦਮ ਕੀਤਾ। ਦਾਤਣ ਕਰਨ ਬੈਠਾ ਤਾਂ ਮੂੰਹ ਵਿਚੋਂ ਦੰਦਾਂ ਵਿਚ ਫਸੀਆਂ ਪੀਲੂ ਬੀ ਨਿਕਲ਼ਣ। ਸੋਚੇ, ਇਹ ਕੀ ਵਰਤੀ? ਜੋ ਡਿੱਠਾ ਸੀ, ਸੀ ਸੁਪਨਾ, ਬੀਤ ਗਿਆ, ਪਰ ਜੇ ਇਹ ਸੁਪਨਾ ਸੀ ਤਾਂ ਇਹ ਬੀਜ ਕਿੱਥੋਂ ਆ ਗਏ? ਮੈਂ ਰਾਤ ਪੀਲੂ ਖਾਧੇ ਨਹੀਂ, ਪੀਲੂ ਦੀ ਰੁਤ ਨਹੀਂ। ਅਚਰਜ ਹੁੰਦਾ ਤਿਆਰ ਹੋਕੇ ਦੀਵਾਨ ਵਿਚ ਪਹੁੰਚਾ। ਇਉਂ ਸਤਿਗੁਰ ਨੇ ਸਮੀਰ ਨੂੰ ਚਿੰਤਾ ਵਿਚ ਦੇਖਕੇ ਆਖਿਆ-'ਸਮੀਰ ਚਿੰਤਾ ਨਾ ਕਰ, ਭਲਾ ਹੋਇਆ ਹੈ, ਭਲੇ ਪਰ ਕੀ ਸੋਚ!' ਸੀਮਰ ਨੇ ਕਿਹਾ, 'ਹੇ ਪ੍ਰਭੂ ਜੀ ਅਚਰਜ ਹਾਂ ਕਿ ਸੀ ਤਾਂ ਸੁਪਨਾ ਪਰ ਬੀਜ ਪ੍ਰਤੱਖ ਕੀਕੂੰ ਆ ਗਏ। ਇਹ ਸੂਪਨ ਸੀ ਕਿ ਪ੍ਰਤੱਖ!' ਸਤਿਗੁਰਾਂ ਫੁਰਮਾਇਆ-'ਸਮੀਰ! ਪ੍ਰਤੱਖ ਬੀ ਸੀ, ਕਿਉਂਕਿ ਦੁੱਖ ਜੋ ਤੂੰ ਪਾਏ ਉਸਦੀ ਪੀੜਾ ਤੈਨੂੰ ਹੋਈ, ਜੋ ਪੀੜਾ ਕਿ ਤੂੰ ਚਾਹੇ ਸੁਪਨੇ ਵਿਚ ਭੋਗੀ ਪਰ ਉਸ ਵੇਲੇ ਪ੍ਰਤੱਖ ਭੋਗੀ। ਸੁਪਨਾ ਬੀ ਸੀ, ਪਰ ਸੁਪਨਾ ਸੀ ਕਾਲ ਵਿਚ, ਹਾਂ ਕਾਲ ਅਲਪ (ਛੋਟਾ) ਹੋ ਗਿਆ। ਨੀਂਦਰ ਦੇ ਵਕਤ ਵਿਚ ਲੰਘ ਗਿਆ। ਤੇਰੇ ਕਰਮ ਜਾਲ ਨੇ ਤੇਰੇ ਲਈ ਇਹ ਕੁਛ ਰਚ ਰਖਿਆ ਸੀ। ਹਾਂ ਤੇਰੇ ਵਾਕ, ਤੇਰੇ ਕਰਮ, ਤੇਰੇ ਖਜਾਲ ਤੇਰੇ ਲਈ ਇਹ ਕੁਛ ਰਚ ਰਹੇ ਸਨ, ਜਿਸ ਦੇ ਵਿਚਦੀ ਤੂੰ ਲੰਘਣਾਂ ਸੀ ਦੀਰਘ ਕਾਲ, ਸੋ ਤੈਨੂੰ ਲੰਘਾ ਦਿੱਤਾ ਅਲਪ ਕਾਲ ਵਿਚ ਤੇ ਕਰਮ ਦਾ ਫਲ ਭੁਗਤ ਗਿਆ ਤੇ ਤੈਨੂੰ ਪ੍ਰਤੱਖ ਵਾਂਙੂ ਪੀੜਾ ਬੀ ਦੇ ਗਿਆ। ਪਰ ਉਸ ਪ੍ਰੇਮ ਨੇ ਜੋ ਤੂੰ ਕੀਤਾ, ਉਸ ਭਾਉ ਭਗਤੀ ਨੇ ਜੋ ਤੂੰ ਕਮਾਈ, ਉਸ ਮੇਹਰ ਨੇ ਜੋ ਤੇਰੇ ਤੇ ਹੋਈ ਉਸ ਭੋਗ ਨੂੰ ਸਮੇਂ ਵਿਚ ਅਪਲ ਕਰ ਦਿੱਤਾ, ਸੁਪਨਾ ਹੋ ਲੰਘ ਗਿਆ। ਕਰਮ ਦਾ ਫਲ ਤੇ ਮਿਹਰ ਦਾ ਸਦਕਾ ਦੁਇ ਮਿਲਕੇ ਸੰਪੂਰਨ ਹੋ ਗਏ। ਪੀਲੂ ਬੀਜ ਤੇਰੇ ਨਿਸ਼ਚੇ ਲਈ ਰਹੀਆਂ ਸਨ, ਕਿ ਉਹ ਸੂਪਨ ਵਿਚ 'ਸੂਪਨ-ਪ੍ਰਤੱਖ' ਦਾ ਮਾਮਲਾ ਤੈਨੂੰ ਨਿਰਾ ਭਖਲਾ ਨਾ ਭਾਸੇ, ਪਰ ਨਿਹਚੇ ਹੋ ਜਾਏ ਕਿ ਉਹ ਸਚ ਮੁਚ ਭੀ ਸੀ। ਹੁਣ ਮਿਹਰ ਦਾ ਸਦਕਾ ਉਸ ਪਦ ਦੀ ਪ੍ਰਾਪਤੀ ਤੈਨੂੰ ਹੋਈ ਜਾਣ ਕਿ ਜਿਸ ਨੂੰ ਜੋਗੀ ਭਾਲਦੇ ਹਨ। 'ਦੁਰਲਭ ਪਦ ਜੋਗੀਨਿ ਕੋ ਸੋ ਪ੍ਰਾਪਤਿ ਹੋਵੈਂ। ਭਵਜਲ ਦਿਯੋ ਤਰਾਏ ਕਰ ਨਹਿਂ ਸੰਕਟ ਜੋਵੈਂ।' {ਸੂ: ਪ੍:}

ਇਸ ਵੇਲੇ ਦਿਆਲਪੁਰੇ ਦਾ ਇਕ ਤ੍ਰਿਖਾਣ ਪਾਸ ਬੈਠਾ ਸੀ, ਉਹ ਸਾਰੀ ਗਲ ਬਾਤ ਸੁਣਕੇ ਪ੍ਰੇਮ ਦੇ ਘਰ ਚੜ੍ਹ ਗਿਆ ਅਤੇ ਬਿਹਬਲ ਹੋਕੇ ਚਰਨਾਂ ਨੂੰ ਲਿਪਟ ਗਿਆ: 'ਪਾਤਸ਼ਾਹ! ਮੇਰੀ ਬੀ ਭਵ ਬਾਧਾ ਹਰੋ'। ਉਸ ਮਿਹਰਾਂ ਵਾਲੀ ਛਿਨ ਵਿਚ ਜਦੋਂ ਦਜਾਲ ਜੀ ਕ੍ਰਿਪਾ ਦੇ ਘਰ ਵਿਚ ਆਏ ਹੋਏ ਸਨ, ਹੱਸ ਬੋਲੇ 'ਹੱਛਾ ਬਈ ਤੂੰ ਬੀ ਨਿਕਟ ਵਰਤੀ ਹੈਂ ਤੇ ਅਤਿ ਪ੍ਰੇਮ ਵਿਚ ਹੈਂ ਤੂੰ ਬੀ ਸਮੀਰ ਦੇ ਨਾਲ ਪ੍ਰਾਣ ਤਿਆਗੇਂਗਾ, ਤੇਰੇ ਬੀ ਬੰਧਨ ਕਟ ਗਏ, ਤੂੰ ਬੀ ਸਾਡੇ ਪਾਸ ਅੱਪੜੇਂਗਾ'। ਇਹ ਵਾਕ ਸੁਣਕੇ ਹੁਣ ਦੋਹਾਂ ਦੇ ਕਪਾਟ ਖੁੱਲ੍ਹ ਗਏ ਤੇ ਉਹ ਗਤੀ ਹੋ ਗਈ ਜੋ ਜੀਵਨ ਮੁਕਤਾਂ ਦੀ ਹੁੰਦੀ ਹੈ।

ਇਸ ਪ੍ਰਸੰਗ ਵਿਚ ਉਹੋ ਅਸੂਲ ਸਤਿਗੁਰੂ ਜੀ ਦਾ ਨਿਰੂਪਣ ਹੋਇਆ ਹੈ ਜੋ ਆਦਿ ਤੋਂ ਹੈਸੀ ਕਿ ਜੱਗਜਾਸੂ ਦੀ ਸੇਵਾ ਤੇ ਨਾਮ ਦੇ ਪ੍ਰੇਮ ਰੰਗ ਨਾਲ ਅਤੇ ਸਤਿਗੁਰੂ ਦੀ ਮਿਹਰ ਉਪਰੋਂ ਪੈ ਜਾਣ ਨਾਲ ਕਰਮ ਦਗਧ ਹੁੰਦੇ ਹਨ। ਕਰਮ ਜਾਲ ਅਮਿੱਟ ਤੇ ਅਟੱਲ ਨਿਯਮ ਨਹੀਂ, ਕਰਮ ਦਾ ਫਲ ਹੈ, ਪਰ ਕਰਮ ਆਦਿ ਅੰਤ ਵਾਲਾ ਹੋਣ ਕਰਕੇ ਤੁਟ ਸਕਦਾ ਹੈ, ਯਥਾ:-'ਲੋਕਾ ਮਤ ਕੋ ਫਕੜਿ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।'

{ਆਸਾ: ਮ: ੧-੩੨}

ਸਤਿਗੁਰੂ ਨਾਨਕ ਦੇਵ ਜੀ ਦੀ ਸਾਖੀ ਮੁਹਰਾਂ ਤੋਂ ਕੋਲੇ ਹੋਣ ਦੀ ਤੇ ਸੂਲੀ ਤੋਂ ਸੂਲ ਹੋਣ ਦੀ, ਪੰਜਵੇ ਪਾਤਸ਼ਾਹ ਵੇਲੇ ਮੰਡੀ ਦੇ ਰਾਜੇ ਦਾ ਪ੍ਰਸੰਗ, ਦਸਵੇਂ ਪਾਤਸ਼ਾਹ ਜੀ ਦੇ ਹਜ਼ੂਰ ਕਾਜ਼ੀ ਸਲਾਰਦੀਨ ਨਾਲ ਕੌਤਕ ਤੇ ਇੱਥੇ ਇਹ ਵਾਰਤਾ, ਸਭ ਉਸੇ ਅਸੂਲ ਦੇ ਪ੍ਰਤੀਪਾਦਿਕ ਹਨ ਕਿ ਕਰਮ ਹੈ, ਭੋਗਣਾ ਪੈਂਦਾ

ਹੈ, ਪਰ ਕਰਮ ਬਖਸ਼ਿਆ ਬੀ ਜਾਂਦਾ ਹੈ। ਕਿਉਂਕਿ ਕਰਮ ਅਨਾਦ ਤੇ ਅਨੰਤ ਨਹੀਂ ਜਿਵੇਂ ਸ੍ਰੀ ਗੁਰ ਗ੍ਰੰਥ ਜੀ ਦਾ ਵਾਕ ਹੈ:-

ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ॥ {ਸੂਹੀ ਮ: ੫-੫੩}

'ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ'॥ {ਗੌਡ ਕਬਰ ਜੀ-੩}

ਕਰਮ ਜੀਵ ਨੇ ਸਰੀਰ ਧਾਰਕੇ ਕੀਤੇ ਹਨ। ਆਦਿ ਵਿਚ ਕਰਮ ਕਰਕੇ ਜੀਵ ਸ਼ਰੀਰ ਵਿਚ ਨਹੀਂ ਸੀ ਆਇਆ। ਸੋ ਹੱਦ ਮਿਤ ਵਾਲੇ ਦੇ ਕਰਮ ਅਮਿੱਤ ਤੇ ਅਵਿਨਾਸ਼ ਨਹੀਂ ਹੋ ਸਕਦੇ, ਓਹ ਮਿਟਦੇ ਹਨ। ਜੋ ਚੀਜ਼ ਮਿਟਦੀ ਹੈ, ਓਹ ਕਈ ਕਾਰਨਾਂ ਦੇ ਅਧੀਨ, ਕਦੇ ਹੌਲੀ, ਕਦੇ ਮਝਲੀ ਚਾਲ ਨਾਲ ਤੇ ਕਦੇ ਤੁਰਤ ਚਾਲ ਨਾਲ ਮਿਟ ਸਕਦੀ ਹੈ। ਸੋ ਛੇਤੀ ਮੇਟਣ ਦਾ ਵਸੀਲਾ ਜਗਜਾਸੂ ਦਾ ਪ੍ਰੇਮ, ਨਾਮ ਦੀ ਅਰਾਧਨਾ, ਗੁਰੂ ਤੇ ਪਰਮੇਸ਼ੁਰ ਦੀ ਮਿਹਰ ਹੈ!

੬.

ਸਰਹਿੰਦ ਵਿਚ ਖਬਰਾਂ ਪੁੱਜ ਗਈਆਂ ਸਨ ਕਿ ਸਾਹਿਬ ਮਾਲਵੇ ਵਿਚ ਹਨ ਤੇ ਅਗੇ ਵਾਂਙੂ ਹੀ ਸਿੱਖਾਂ ਨੂੰ ਨਾਮ ਰੰਗ ਲਾ ਰਹੇ ਤੇ ਜਗਤ ਨੂੰ ਤਾਰ ਰਹੇ ਹਨ। ਇਹ ਖ਼ਬਰ ਬੀ ਕੰਨੇ ਸੰਨੇ ਉਥੇ ਹੋਣ ਲਗ ਪਈ ਸੀ ਕਿ ਸਤਿਗੁਰਾਂ ਨੇ ਫੁਰਮਾਇਆ ਹੈ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕੇਗੀ। ਸ਼ਰਧਾਵਾਨ ਸੁਣਕੇ ਸਮਝਦੇ ਸਨ ਕਿ ਇਹ ਗੱਲ ਵਰਤੇਗੀ, ਅਸ਼ਰਧਿਕ ਤੇ ਮੁਗ਼ਲ ਪਾਠਣ ਹੱਸਦੇ ਸਨ ਕਿ ਇਹ ਇਕ ਹਾਸੇ ਦ ਰੱਲ ਹੈ ਤੇ ਹੱਸ ਕੇ ਹੀ ਟਾਲ ਦੇਣਾ ਇਸ ਦਾ ਮੁੱਲ ਹੈ। ਸੀਤਲਪੁਰੀ ਨਾਮੇ ਇਕ ਕਰਨੀ ਵਾਲਾ ਸਾਧੂ ਸਰਹਿੰਦ ਰਹਿੰਦਾ ਸੀ। ਉਸ ਦੇ ਚੱਲ ਬਸਨ ਮਗਰੋਂ ਉਸ ਦਾ ਚੇਲਾ ਦਿਆਲਪੁਰੀ ਉੱਥੇ ਵਸਦਾ ਸੀ, ਉਹ ਕਰਨੀ ਵਾਲਾ ਤੇ ਅਜ਼ਮਤ ਵਾਲਾ ਪ੍ਰਸਿੱਧ ਸੀ। ਉਹ ਜਾਣਦਾ ਸੀ ਕਿ ਇਹ ਵਾਕ ਅਮੋਘ ਬਾਣ ਹੈ ਜੋ ਸਾਈਂ ਨਾਲ ਇਕ ਸੁਰ ਤੇ ਸਤਿਗੁਰੂ ਦੇ ਧਨੁਖ ਤੋਂ ਚੱਲ ਗਿਆ ਹੈ। ਵਾਕ ਸੁਣਕੇ ਉਹ ਕੰਬਿਆ ਤੇ ਥਰਰਾ ਗਿਆ। ਫੇਰ ਵੀਚਾਰ ਕਰਕੇ ਅਵਤਾਰ ਗੁਰੂ ਦੀ ਸ਼ਰਨ ਲੈਣ ਤੁਰ ਪਿਆ। ਦੀਨੇ ਪੁੱਜਾ, ਸਮੀਰ ਪਾਸ ਹਾਜ਼ਰ ਹੋਇਆ। ਆਗਜ਼ਾ ਲੈਕੇ ਤੇ ਆਪ ਬੀ ਪਰਖ ਕੇ ਸਮੀਰ ਨੇ ਉਸ ਨੂੰ ਸਤਿਗੁਰ ਦੀ ਸ਼ਰਨੀ ਪੁਚਾਇਆ। ਚਰਨ ਸ਼ਰਨ ਪਹੁੰਚ ਕੇ ਮੱਥਾ ਟੇਕਕੇ ਦਜਾਲਪੁਰੀ ਖੜਾ ਹੋ ਗਿਆ ਤੇ ਇਹ ਸਤੋਤ੍ਰ ਪੜ੍ਹਿਆ:

ਨਮੋ ਪਾਦ ਕੰਜੰ ਗੁਰੂ ਰੂਪ ਸੋਹੇ। ਪਰਜੋ ਈਸ਼ ਔਤਾਰ ਕੋ, ਲੋਕ ਮੋਹੇ। ਨਹੀਂ ਜਾਨ ਸਾਕੈਂ,- ਪ੍ਰਭੂ ਰੂਪ ਤੇਰੋ। ਸਦਾ ਜੈ, ਸਦਾ ਜੈ, ਕ੍ਰਿਪਾ ਧਾਰਿ ਹੇਰੋ॥੬॥ ਪੂਰਾ ਰੂਪ ਬਦੀਨਿ ਕੇ ਬੰਸ ਹੋਏ। ਗੁਰੂ ਨਾਨਕੰ ਆਦਿ ਭੇ, ਲੋਕ ਜੋਏ। ਦਸੋ ਦੇਹਿ ਸੋਈ ਮਹਾਰਾਜ ਧਾਰੇ। ਉਧਾਰੇ ਘਨੇ, ਕੋ ਗਨੇ ਪੁੰਜ ਤਾਰੇ॥੭॥ ਕਰਜੋ ਪੰਥ ਬੀਰਾਨਿ ਕੋ ਸਿੰਘ ਹੋਏ। ਮਹਾਂ ਪਾਪ ਕਾਰੀਨਿ ਕੇ ਮੂਲ ਖੋਏ। ਸਕੇਸ਼ੰ ਸਕਾਛੰ ਸਦਾ ਸ਼ਸਤ੍ਰ ਧਾਰੀ। ਜਪੈ ਨਾਮ ਕੋ ਤੇਜ ਦੀਨੋ ਸੁ ਭਾਰੀ॥੮॥ ਨਹੀਂ ਪੰਥ ਐਸੋ ਕਬੈ ਅੱਗ੍ਰ ਹੋਯੋ। ਦੁਹੂੰ ਲੋਕ ਮਹਿਂ ਸ਼ੋਕ ਦਾਸਾਨਿ ਖੋਯੋ। ਮਹਾਂ ਤੇਜ ਧਾਰੀ ਮਹਾਂ ਓਜਵੰਤੇ। ਮਹਾਂ ਕਾਜ ਕਾਰੀ ਮਹਾਂ ਸ਼ਸਤ੍ਰ ਹੰਤੇ॥੯॥ ਅਰੈ ਕੌਨ ਆਗੇ ਤਿਹੂੰ ਲੋਕ ਮਾਂਹੀਂ। ਰਖੋ ਦਾਸ ਲਾਜੇ ਮਿਟੈਂ ਦੁੰਦ ਜਾਂਹੀਂ। ਮਹਾਂ ਮਾਰ ਮੋਹੰ ਅਹੋ ਪੰਖਿਰਾਜੰ! ਸਦਾ ਜੈ, ਸਦਾ ਜੈ, ਸਦਾ ਸ੍ਰੇਯ ਸਾਜੰ॥੧੦॥ ਛਕੇ ਛੈਲ ਛਾਜੇ ਛਬੰ ਛੇਤ੍ਰ ਛੱਤ੍ਰੀ। ਛਮਾ ਛੇਮ ਛੋਨੀ, ਛੁਭੈ ਛੋਭ ਅੱਤ੍ਰੀ। ਮਲੇਛਾਨ ਲੱਛਾਨਿ ਛੈ, ਰੱਛ ਸ੍ਰੱਛੰ। ਲਸੋ ਬੀਰ ਰੂਪੰ ਬਸੋ ਦਾਸ ਬੱਛੰ॥੧੧॥ ਸਰੂਪੰ ਅਨੂਪੰ ਮਹਾਂ ਭੂਪ ਭੂਪੰ। ਉਧਾਰੇ ਪ੍ਰਭੂ ਜੋ ਪਰੇ ਮੋਹ ਕੂਪੰ॥ ਨਿਸੇਸ਼ੰ, ਦਿਨੇਸ਼ੰ, ਜਲੇਸ਼ੰ, ਧਨੇਸ਼ੰ। ਰਹੈਂ ਬੀਚ ਆਕਾਜਾ ਸੁ ਆਦੰ ਸੁਰੇਸ਼ੰ॥੧੨॥ ਪਰੀ ਪੰਕਜੰ ਪ੍ਰੇਮ ਪਾਗੇ ਪਰੇ ਹੈਂ। ਜਪੈਂ ਨਾਮ ਭੈ ਸਿੰਧ ਤੇਈ ਤਰੇ ਹੈਂ। ਅਮੰਦੰ ਮੁਕੰਦੰ ਬਿਲੰਦੰ ਅਨੰਦੰ! ਨਮੋ ਲੇਹੁ ਮੇਰੀ ਕਰੋਂ ਹਾਥ ਬੰਦੀ।੧੩। {ਗੁ:ਪ੍ਰ:ਸੂ:}

ਇਹ ਆਪਣੇ ਰੂਹਾਨੀ ਸਰੂਪ ਦੀ ਮਹਿਮਾ ਤੇ ਸਰੀਰ ਧਾਰਕੇ ਕੀਤੇ ਕੌਤਕਾਂ ਦਾ ਜਸ ਸੁਣਕੇ ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਕਹਿਣ ਲੱਗੇ, 'ਦਜਾਲ-ਪੁਰੀ! ਕੌਣ ਕਾਜ ਆਏ?' ਸਾਧੂ ਨੇ ਚਰਨ ਫੜਕੇ ਬਿਨੈ ਕੀਤੀ, 'ਪਾਤਸ਼ਾਹ! ਭਾਰੇ ਪਾਪੀ ਹਾਂ, ਕਿ ਸਾਡੇ ਸ਼ਹਿਰ ਘੋਰ ਅਤਜਾਚਾਰ ਹੋਇਆ ਤੇ ਅਸੀਂ ਸੇਵਾ ਨਾ ਕਰ ਸਕੇ, ਆਪ ਜਾਣਦੇ ਹੀ ਹੋ ਕਿ

ਅਸੀਂ ਕੀਹ ਹਾਂ ਤੇ ਕੀਹ ਕਰ ਸਕਦੇ ਹਾਂ। ਸੁਣਿਆਂ ਹੈ ਕਿ ਅਮੋਘ ਬਾਣ ਵਰਗਾ ਵਾਕ ਹੋ ਗਿਆ ਹੈ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕੇਗੀ। ਇਹ ਵਾਕ ਟਲਨਾ ਨਹੀਂ, ਚਾਹੋ ਇਹ ਸ੍ਰੀ ਜੀ ਨੇ ਹੋਣਹਾਰ ਕਹੀ ਹੈ, ਚਾਹੋ ਆਪ ਨੇ ਕਹੀ ਹੈ ਤੇ ਇਸ ਨੇ ਹੋਣਹਾਰ ਹੋ ਜਾਣਾ ਹੈ। ਪਾਤਸ਼ਾਹ! ਇਹ ਮਾਇਆ ਮਦ ਮੱਤਾ ਪਰ ਸਾਈਂ ਸ਼ਰਨ ਪ੍ਰਾਪਤੀ ਦੇ ਤਰਲੇ ਲੈਣ ਵਾਲਾ ਦਾਮ ਬੀ ਓਥੇ ਵਸਦਾ ਹੈ, ਮਿਹਰ ਕਰੋ ਤਾਂ ਇਸ ਮਨਮੁਖ ਦਾਸ ਦੀ ਇੱਟ ਨਾਲ ਇੱਟ ਨਾ ਖੜਕੇ'। ਇਹ ਸੁਣਕੇ ਸਤਿਗੁਰੂ ਜੀ ਦਾ ਰੰਗ ਪਲੱਟਿਆ। ਪਹਿਲਾਂ ਲਾਲ ਸੂਹਾ ਫੇਰ ਮ੍ਰਿਦੁਲ ਕਪਾਹੀ ਹੋਕੇ ਹਵਾ ਪਿਆਜ਼ੀ ਆਭਾ ਵਿਚ ਟਿਕ ਗਿਆ ਤੇ ਵਿਚ ਲਸ ਵੱਜੇ ਨਿੰਬਲ ਅੰਬਰਾਂ ਦੇ ਨੀਲਗੂੰ ਵੰਨ ਦੀ। ਫੇਰ ਆਪ ਮੁਸਕ੍ਰਾਏ ਤੇ ਬੋਲੇ-'ਸਾਧ ਰਾਮ, ਤੈਨੂੰ ਬਖਸ਼ਿਆ, ਤੇਰੇ ਬਖਸ਼ੇ, ਜਾਹ ਸੰਖ ਵਜਾ, ਜਿਥੋਂ ਤਕ ਤੇਰੇ ਸੰਖ ਦੀ ਧੁਨਿ ਪਹੁੰਚੇਗੀ ਉਥੋਂ ਤਕ ਸਰਹਿੰਦ ਦੀ ਇੱਟ ਨਾਲ ਇੱਟ ਨਾ ਖੜਕੇਗੀ'। ਦਜਾਲਪੁਰੀ ਨੇ ਚਰਨਾਂ ਤੇ ਸੀਸ ਧਰਿਆ, ਧੰਨਵਾਦ ਕੀਤਾ, ਰਸਨਾਂ ਨਾਲ ਕਹਿ ਕੇ, ਨੈਣਾਂ ਨਾਲ ਰੋ ਕੇ, ਲੂਆਂ ਨਾਲ ਕੰਬਕੇ, ਮਨ ਨਾਲ ਸ਼ੁਕਰ ਦੇ ਵਲਵਲੇ ਵਿਚ ਜਾਕੇ, ਆਤਮਾ ਨਾਲ ਸੁਖੀ ਹੋਕੇ, ਫੇਰ ਆਗਿਆ ਲੈਕੇ ਸਰਹਿੰਦ ਗਿਆ ਤੇ ਸੰਖ ਵਜਾਇਆ, ਕੋਹਾਂ ਵਿਚ ਵਸਦਾ ਸਰਹਿੰਦ ਹੁਣ ਉਤਨਾ ਬਾਕੀ ਹੈ ਜਿਤਨਾ ਦਜਾਲ ਪੁਰੀ ਨੇ ਬਚਾ ਲਿਆ।

੭.

ਹੁੰਦੇ ਹੁੰਦੇ ਗਲ ਵੀਜ਼ਰ ਖਾਂ ਪਾਸ ਅੱਪੜ ਗਈ ਸੀ ਕਿ ਗੁਰੂ ਜੀ ਚਮਕੌਰ ਜੁੱਧ ਵਿਚ ਸ਼ਹੀਦ ਨਹੀਂ ਹੋਏ, ਰਾਤ ਨਿਕਲ ਗਏ ਸਨ। ਇਹ ਸੁਧ ਤਦੋਂ ਅੱਪੜੀ ਸੀ ਜਦੋਂ ਕਿ ਆਪ ਮਾਲਵੇ ਆ ਗਏ ਸਨ। ਫਿਰ ਨਵਾਬ ਨੇ ਸੁਣਿਆਂ ਕਿ ਕਿਤੇ ਛਿਪ ਰਹੇ ਹਨ, ਹੁਣ ਸੋ ਅੱਪੜੀ ਕਿ ਉਹ ਛਿਪੇ ਕਿਤੇ ਨਹੀਂ, ਦੀਨੇ ਵਿਚ ਪ੍ਰਗਟ ਰੂਪ ਵਿਚ ਪ੍ਰਚਾਰ ਕਰ ਰਹੇ ਹਨ ਨਾਮ ਦਾ। ਨਿਰਭੈ ਵਿਚਰਦੇ ਹਨ ਤੇ ਉਹੀ ਠਾਠ ਬਾਠ ਹੈ, ਉਹੀ ਦਮ ਖ਼ਮ ਹੈ! ਸੁਣਕੇ ਉਸਦੇ ਪਾਪ ਕੰਬੇ, ਝੂਠੀਆਂ ਕੀਤੀਆਂ ਸੁਰੀਦਾਂ ਨੇ ਉਸਨੂੰ ਡਰਾਇਆ, ਮਾਸੂਮਾਂ ਦੇ ਕਤਲ ਕਰਨ ਦੇ ਘੋਰ ਪਾਪ ਨੇ ਲਰਜ਼ਾ ਦਿਤਾ ਕਿ ਗੁਰੂ ਜੀ ਕਦੇ ਏਡੇ ਅਤਜਾਚਾਰ ਬਖਸ਼ਣਗੇ ਨਹੀਂ। ਗੁਰੂ ਕਾ ਜੀਵਨ ਉਸ ਨੂੰ ਕੰਡੇ ਵਾਂਙੂ ਨਹੀਂ, ਪਰ ਨਟਸਾਲ* ਵਾਂਙੂ ਚੁਭਣ ਤੇ ਚਸਕਾਂ ਮਾਰਨ ਲੱਗਾ, ਲੱਗਾ ਜੋੜ ਤੋੜ ਸੋਚਣ ਉਸ ਦੈਵੀ ਸਰੀਰ ਨੂੰ ਸਮਾਪਤ ਕਰਨ ਦੇ। ਸਭ ਤੋਂ ਪਹਿਲਾ ਹੀਲਾ ਇਹ ਚੰਗਾ ਲੱਗਾ ਕਿ ਚੌਧਰੀ ਸਮੀਰ ਦੇ ਨਾਮ ਹੁਕਮ ਭੇਜੇ ਕਿ ਉਹ ਗੁਰੂ ਜੀ ਨੂੰ ਬੰਨ੍ਹ ਕੇ ਉਸ ਪਾਸ ਘੱਲ ਦੇਵੇ। ਆਪਣੇ ਰਾਜ ਮਦ ਵਿਚ, ਆਪਣੇ ਬਲ ਦੇ ਅਭਿਮਾਨ ਵਿਚ, ਇਸ ਜਾਤਾ ਕਿ ਚੌਧਰੀ ਹੁਕਮ ਸੁਣਕੇ ਕੰਬੇਗਾ ਤੇ ਫੌਰਨ ਘੱਲ ਦੇਵੇਗਾ, ਤਦ ਮੈਂ ਸਾਹਿਬਜ਼ਾਦਿਆਂ ਵਾਂਙੂ 'ਸਾਹਿਬ ਜੀ' ਦਾ ਬੀ ਸਰਹਿੰਦ ਦੇ ਵਿਚ ਸਿਰ ਕਲਮ ਕਰ ਲਵਾਂਗਾ। ਹਾਂ, ਉਸਨੇ ਕਈਆਂ ਦੇ ਸਿਰ ਧੜ ਤੋਂ ਜੁਦਾ ਕੀਤੇ ਸੇ।

ਇਹ ਇਕ ਅਰਚਜ ਭੁਲੇਵਾ ਹੈ ਕਿ ਇਤਿਹਾਸ ਵਿਚ ਜਰਵਾਣਿਆਂ ਦੇ ਅੰਤ ਪੜ੍ਹ ਸੁਣ ਕੇ ਬੀ ਜ਼ਾਲਮ ਹਾਕਮ ਤੇ ਜਰਵਾਣੇ ਪਾਤਸ਼ਾਹ ਨੇ ਕਦੇ ਅਕਲ ਨਹੀਂ ਸਿੱਖੀ। ਜਦ ਕਦ ਇੰਵੇ ਹੀ ਹੋਇਆ ਹੈ ਕਿ ਜਰਵਾਣਿਆਂ ਦੇ ਪਾਪੀ ਜੀਵਨਾਂ ਨੂੰ ਸਾਈਂ ਨੇ ਜ਼ੋਰ ਵਾਲੇ ਪੈਦਾ ਕਰਕੇ ਹੀ ਦੰਡਿਆ ਹੈ; ਉਨ੍ਹਾਂ ਨੇ ਆਪ ਇਤਿਹਾਸ ਤੋਂ ਸਬਕ ਨਹੀਂ ਸਿੱਖਿਆ।

ਜਦੋਂ ਸਮੀਰ ਲਖਮੀਰ ਭਰਾਵਾਂ ਦੇ ਨਾਉਂ ਪਰਵਾਨਾ ਪੁੱਜਾ ਕਿ ਗੁਰੂ ਨੂੰ ਪਕੜਕੇ ਫੌਰਨ ਮੇਰੇ ਪਾਸ ਘੱਲ ਦਿਓ, ਤਾਂ ਸੁਣਕੇ ਆਪੋ ਵਿਚ ਸਲਾਹ ਕੀਤੀਓ ਨੇ। ਸਮੀਰ ਦਾ ਭਰੋਸਾ ਹੁਣ ਅਹਿੱਲ ਹੋ ਚੁੱਕਾ ਸੀ, ਉਸ ਵਿਚ ਮਰਦਊ ਪੈਦਾ ਹੋ ਗਿਆ ਸੀ, ਉਹ ਜੁ ਮਾਮੇ ਦੇ ਲਿਹਾਜ਼ ਤੇ ਪੀਰਾਂ ਦੇ ਭੈ ਕਰਕੇ ਡਰਦਾ ਸੀ, ਹੁਣ ਸੀਸ ਦੇਣ ਨੂੰ ਕੁਝ ਸ਼ੈ ਨਹੀਂ ਸਮਝਦਾ। ਉਸਦੇ ਅੰਦਰ ਜਾਗ੍ਰਤ ਹੈ ਆਤਮਕ, ਜਿਸ ਨੇ ਸਾਈਂ ਨਾਲ ਲਿਵ ਬਖਸ਼ੀ ਹੈ। ਜਾਗ੍ਰਤ ਹੈ ਇਖ਼ਲਾਕੀ ਜਿਸ ਨੇ ਸੱਚ ਦਾ ਪਿਆਰ ਦਿਤਾ ਹੈ, ਜਾਗ੍ਰਤ ਹੈ ਬੀਰ ਰਸੀ ਜਿਸ ਨੇ ਅਣਖ, ਗ਼ੈਰਤ, ਸ੍ਵੈ ਸਤਿਕਾਰ ਤੇ ਆਪੇ ਦਾ ਮਾਨ ਬਖਸ਼ਿਆ ਹੈ,--

*ਨਟਸਾਲ=ਨਖ਼ੂਸ਼ਲ=ਬਰਛੀ ਯਾ ਭਾਲੇ ਦਾ ਸਿਰਾ ਜੋ ਮਾਸ ਵਿਚ ਖ਼ੁਭ ਕੇ ਮਾਸ ਵਿਚ ਹੀ ਟੁੱਟ ਗਿਆ ਹੋਵੇ।

ਅਭਿਮਾਨ ਰੂਪੀ ਸ੍ਹੈ ਸਤਿਕਾਰ ਤਾਂ ਨਾ ਪਰ ਸੁੱਚੀ ਸ਼ਖਸੀਅਤ ਦਾ ਸ੍ਹੈ ਸਤਿਕਾਰ। ਤ੍ਰਿਸ਼ਨਾ ਰਹਿਤ ਮਨ, ਕੁਰਬਾਨੀ ਵਾਲਾ, ਫੇਰ ਸ਼ੁੱਧ, ਆਪੇ ਦੇ ਕੇਂਦਰ ਤੇ ਟਿਕਣ ਵਾਲਾ ਮਨ ਹੈ ਹੁਣ ਸਮੀਰ ਦਾ ਜਾਗਿਆ ਤੇ ਜੀਉਂਦਾ ਮਨ। ਸੋ ਸਮੀਰ ਨੇ ਜਵਾਬ ਲਿਖਵਾ ਘੱਲਿਆ ਤੇ ਭਰਾਵਾਂ ਨੇ ਬੀ ਕਹਿ ਦਿਤਾ ਠੀਕ ਹੈ। ਜੁਵਾਬ ਇਹ ਸੀ:-

'ਮੇਰੇ ਪਾਸ ਮੇਰੇ ਦੀਨ ਦੇ ਹਾਦੀ ਟਿਕੇ ਹੋਏ ਹਨ, ਦੀਨ ਦੇ ਹਾਦੀਆਂ ਦੀ ਇੱਜ਼ਤ ਉਵੇਂ ਹੈ ਜਿਵੇਂ ਆਪ ਆਪਣੇ ਪੀਰਾਂ ਪੈਕੰਬਰਾਂ ਦੀ ਕਰੋ। ਮੇਰੇ ਗੁਰੂ ਕਿਸੇ ਦੇ ਦ੍ਰੋਹੀ ਨਹੀਂ, ਉਹ ਸਭ ਨੂੰ ਪਿਆਰ ਕਰਦੇ ਹਨ, ਇਸ ਕਰਕੇ ਮੈਂ ਮਜਬੂਰ ਹਾਂ, ਖਿਮਾ ਕਰਨੀ।'

ਇਹ ਉੱਤਰ ਆਏ ਅਹਿਦੀਏ ਨੂੰ ਦੇਕੇ ਸਮੀਰ ਨੇ ਟੋਰਿਆ, ਜੋ ਇਹ ਸੋਇ ਬੀ ਲਿਆਇਆ ਸੀ ਕਿ ਨਵਾਬ ਨੇ ਫੌਜ ਬੀ ਤਿਆਰ ਕਰ ਰਖੀ ਹੈ, ਪਰ ਅਜੇ ਟੋਰਨ ਵਿਚ ਕੁਛ ਸੋਚ ਕਰ ਰਿਹਾ ਹੈ। ਇਧਰ ਗੁਰੂ ਜੀ ਵਲੋਂ ਤਿਆਰੀ ਵਧੇਰੇ ਜ਼ੋਰ ਨਾਲ ਅਰੰਭ ਹੋ ਗਈ ਜੋ ਜੰਗ ਆ ਪਏ ਤੇ ਜੁਵਾਬ ਦਿੱਤਾ ਜਾ ਸਕੇ। ਨਵੇਂ ਸਿਰੇ ਸਾਮਾਨ, ਆਦਮੀ ਤਿਆਰ ਕਰਨੇ ਤੇ ਪਦਾਰਥ ਸਿਰੇ ਚਾੜ੍ਹਨੇ ਆਦਿ ਕੰਮ ਮੁਸ਼ਕਲ ਸਨ, ਪਰ ਓਹ ਅਹਿੱਲ ਅਝੱਵੇਂ ਮਨ ਵਾਲੇ ਸੂਰਮੇ ਉਸੇ ਰੰਗ ਵਿਚ ਫੇਰ ਲਗੇ ਹੋਏ ਸਨ।

ਹੁਣ ਇਸ ਵਾਕਿਆ ਤੋਂ ਸਮਝ ਆ ਜਾਂਦੀ ਹੈ ਕਿ ਗੁਰੂ ਜੀ ਨੇ ਕਿਸ ਤਰ੍ਹਾਂ ਦੇ ਸ੍ਹੈ ਸਤਿਕਾਰ ਵਾਲੇ, ਤੇ ਸੱਚ ਉੱਤੇ ਟਿਕਣ ਵਾਲੇ ਬੰਦੇ ਰਚ ਦਿੱਤੇ ਸੇ। ਉਹ ਸਮੀਰ ਜੋ ਮਾਮੇ ਤੋਂ ਝਕਦਾ, ਘੋੜੇ ਤੇ ਚੜ੍ਹਕੇ ਫੇਰਨ ਮਾਤ੍ਰ ਦੀ ਖੇਚਲ ਨਹੀਂ ਕਰ ਸਕਦਾ, ਜੋ ਓਸਦੇ ਲਿਹਾਜ਼ ਤੇ ਪੀਰਾਂ ਦੀ ਖ਼ਫ਼ਗੀ ਤੋਂ ਡਰਦਾ ਪ੍ਰਸ਼ਾਦਿ ਜ਼ਿਮੀਂ ਵਿਚ ਨੱਪਦਾ ਹੈ, ਅਜ ਇੰਨਾਂ ਉੱਚ-ਸੁਰਤਾ ਤੇ ਤਾਣ ਵਾਲੇ ਮਨ ਦਾ ਮਾਲਕ ਹੋ ਗਿਆ ਹੈ ਕਿ ਸਰਹਿੰਦ ਦੇ ਨਵਾਬ ਨੂੰ ਨਿਧੜਕ ਪਰ ਬੁੱਧੀਮਤਾ ਦਾ ਜੁਵਾਬ ਦੇਂਦਾ ਹੈ। ਜਾਣਦਾ ਹੈ ਕਿ ਨਵਾਬ ਜੇ ਆ ਪਵੇ ਤਾਂ ਧਨ ਧਾਮ ਚੌਧਰ ਨਹੀਂ ਰਹਿ ਸਕਦੇ, ਪਰ ਹੁਣ ਸੁਰਤ ਨੂੰ ਪਰਵਾਹ ਨਹੀਂ।

ਸਮੀਰ ਗੁਰੂ ਪ੍ਰੇਮ ਵਿਚ ਹੈ, ਉਸਦੀ ਸੁਰਤ ਲਿਵ ਵਿਚ ਹੈ। ਇਕ ਪਾਸੇ ਸਮੀਰ ਸੰਤ ਹੈ ਅਕਾਲ ਪੁਰਖ ਨੂੰ ਪ੍ਰਾਪਤ, ਦੂਸਰੇ ਪਾਸੇ ਸੂਰਮਾਂ ਹੈ ਅਭੈ, ਵਿਚਾਲੇ ਸੁਤੇ ਵੈਰਾਗ ਹੈ ਮਾਲ ਤੋਂ, ਜਾਨ ਤੋਂ, ਸੰਬੰਧੀਆਂ ਤੋਂ। ਸਭ ਕੁਝ ਪਾਸ ਹੈ, ਪਰ ਕਮਲ ਵਾਂਗੂ ਜਲ ਵਿਚ ਅਲੇਪ ਖੜਾ ਹੈ ਸਮੀਰ। ਲੋੜ ਪਵੇ ਤਾਂ ਸਭ ਕੁਝ ਅਰਪਨ ਹੈ, ਨਾ ਪਵੇ ਤਾਂ ਵਿਚ ਬੈਠਾ ਹੈ, ਜਿਵੇਂ ਮੁਰਗਾਬੀ ਹੈ ਜੋ ਹੈ ਤਾਂ ਨਦੀ ਵਿਚ, ਪਰ ਅਭਿੱਜ। ਜਿਸ ਦਿਨ ਆਏ ਸਨ ਗੁਰੂ ਜੀ ਦੀਨੇ ਸਮੀਰ ਸਮੀਰ ਸੀ ਸੂਰਮਾ, ਪਰ ਖਲੋਤੀ ਹੋਈ ਸਮੀਰ* ਵਾਂਗੂ, ਹੁਣ ਸਮੀਰ ਹੈ ਸੂਰਮਾ ਪਰ ਵੇਗ ਨਾਲ ਵਗ ਰਹੀ ਸਮੀਰ ਵਾਂਙੂ, ਜਿਸ ਵਿਚ ਬਲ ਹੁੰਦਾ ਹੈ ਜਹਾਜ਼ ਟੋਰ ਸਕਣ ਦਾ, ਜਿਸ ਵਿਚ ਤਾਣ ਹੁੰਦਾ ਹੈ ਰੁੱਖ ਤੋੜ ਦੇਣ ਦਾ, ਜਿਸ ਵਿਚ ਸੱਤਿਆ ਹੁੰਦੀ ਹੈ ਕਦੇ ਅਟਾਰੀਆਂ ਡੇਗ ਦੇਣ ਦੀ ਬੀ। ਖੜਾ ਜਲ ਬੀ ਜਲ ਹੈ, ਪਰ ਕਾਂਗਾਂ ਵਾਲਾ ਜਲ ਬੀ ਜਲ ਹੈ। ਸਮੀਰ ਸਮੀਰ ਹੀ ਹੈ। ਪਰ ਪਹਿਲਾਂ ਸਮੀਰ ਖੜਾ ਜਲ ਸੀ, ਹੁਣ ਸਮੀਰ ਕਾਂਗਾਂ ਭਰੀ, ਠਾਠਾਂ ਮਾਰਦੀ, ਜੀਉਂਦੀ, ਸ਼ੂਕਦੀ, ਮਦਭਰੀ ਨਦੀ ਦਾ ਜਲ ਹੈ ਬਲਵਾਨ। ਹਾਂ, ਜੀਓ ਇਕ ਪਾਸੇ ਪਾਰੰਗਤ ਹੈ, ਦੂਸਰੇ ਪਾਸੇ ਤਾਰਨਹਾਰ ਹੈ। ਜਗਤ ਖੇਲ ਵਿਚ ਉਸਨੇ ਹਉਮੈ ਜਿੱਤੀ ਹੈ ਪਰ ਅਮੁੜ ਹੈ। ਫਿਰ ਵੈਰਾਗਵਾਨ ਹੈ ਤੇ ਸਰਵੰਸ ਵਾਰਨਹਾਰ ਹੈ- ਤ੍ਰਿਸ਼ਨਾ ਰਹਿਤ ਕੰਮਾਂ ਲਈ, ਭਲੇ ਲਈ, ਦੁਖ ਹਰਨ ਲਈ ਤੇ ਸੁਖ ਦੇਣ ਲਈ।

❄❄❄

ਗੀਤ

ਦਰਸ਼ਨ-ਸਿੱਕ

ਭਰ ਭਰ ਡੁਲ੍ਹਦੇ ਨੈਣ,
ਕਲਗੀਆਂ ਵਾਲੇ ਪਿਆਰੇ ਤੈਨੂੰ
ਢੂੰਡ ਰਹੇ ਦਿਨ ਰੈਣ,
ਆ ਵਾਰੀ ਹੁਣ ਪਾ ਜਈਂ ਫੇਰਾ,
ਹੋਰ ਨਹੀਓਂ ਹੁਣ ਹੁੰਦਾ ਜੇਰਾ,
ਇਕ ਝਾਕੇ ਦੀ ਕਰ ਮਿਹਰਾਂਮਤ
ਬਿਨ ਦਰਸ਼ਨ ਨਹੀਂ ਚੈਨ।

*ਹਵਾ।

੮੦. ਜ਼ਫਰਨਾਮਹ*।

ਹੁਣ ਜੋ ਮਾਛੀਵਾੜੇ ਤੋਂ ਘੱਲਿਆ ਗੁਰੂ ਜੀ ਦਾ ਖਤ ਮਿਲ ਗਿਆ ਹੈ। (ਦੇਖੋ ਪਿਛੇ ਸਫਾ ੧੫੫) ਇਸ ਤੋਂ ਸਹੀ ਹੁੰਦਾ ਹੈ ਕਿ ਦੀਨੇ ਬੈਠੇ ਆਪ ਔਰੰਗਜ਼ੇਬ ਦਾ ਜੁਵਾਬ ਉਡੀਕ ਰਹੇ ਸੇ ਕਿ ਜਦੋਂ ਨ੍ਹਾਬ ਸਰਹਿੰਦ ਦਾ ਸੁਨੇਹਾ ਸਮੀਰ ਲਖਮੀਰ ਭਰਾਵਾਂ ਨੂੰ ਪੁੱਜਾ ਕਿ ਗੁਰੂ ਜੀ ਨੂੰ ਮੇਰੇ ਪਾਸ ਪਹੁੰਚਾ ਦਿਓ। ਹੁਣ ਕੋਈ ਸੰਸਾ ਬਾਕੀ ਨਾ ਰਹਿ ਗਿਆ ਕਿ ਇਸਨੇ ਵਾਰ ਕਰਨਾ ਹੈ। ਇਸ ਲਈ ਗੁਰੂ ਜੀ ਨੇ ਸੈਨਾ ਜੋੜਨ ਦਾ ਉੱਦਮ ਹੋਰ ਤ੍ਰਿੱਖਾ ਕਰ ਦਿਤਾ। ਉਧਰੋਂ ਦੱਖਣ ਤੋਂ ਭਾਈ ਦਇਆ ਸਿੰਘ ਜੀ ਦੇ ਕਾਸਦ ਪਹੁੰਚ ਗਏ, ਜੋ ਜਾਪਦਾ ਹੈ ਕਿ ਔਰੰਗਜ਼ੇਬ ਦੀਆਂ ਹੋਰ ਪੁੱਛਾਂ ਆਦਿ ਦੇ ਉੱਤਰ ਲੈਣ ਆਏ ਸੀ। ਤਦ ਸਤਿਗੁਰਾਂ ਨੇ ਇਕ ਹੋਰ ਖਤ ਲਿਖਿਆ ਜੋ ਜ਼ਫਰ ਨਾਮਹ ਕਰਕੇ ਪ੍ਰਸਿੱਧ ਹੈ। ਖਯਾਲ ਪੈਂਦਾ ਹੈ ਕਿ ਉਹੋ ਕਾਸਦ ਇਹ ਖ਼ਤ ਲੈਕੇ ਦੱਖਣ ਨੂੰ ਗਏ ਹਨ। ਇਸਦੀ ਅਸਲ ਕਾਪੀ ਦਾ ਤਾਂ ਪੱਕਾ ਪਤਾ ਅਜੇ ਨਹੀਂ ਪਿਆ, ਪਰ ਜੋ ਉਤਾਰੇ ਗੁਰਮੁਖੀ ਅੱਖਰਾਂ ਵਿਚ ਮਿਲਦੇ ਹਨ, ਉਨ੍ਹਾਂ ਵਿਚ ਜ਼ੁਬਾਨ ਫਾਰਸੀ ਹੋਣ ਕਰਕੇ ਬਹੁਤ ਭੁੱਲਾਂ ਪੈ ਗਈਆਂ ਹਨ।

ਇਸ ਪੱਤ੍ਰ ਦਾ ਨਾਮ ਆਪ ਨੇ ਜ਼ਫਰਨਾਮਹ ਧਰਿਆ, ਜਿਸਦਾ ਅਰਥ ਹੈ ਬਿਜੈ ਦਾ ਪੱਤ੍ਰ। ਦੇਖੋ ਚੜ੍ਹਦੀਆਂ ਕਲਾਂ ਦੇ ਸਾਈਂ ਦਾ ਇਖ਼ਲਾਕੀ ਆਦਰਸ਼! ਜ਼ਫਰਨਾਮਹ ਇਸ ਦਾ ਨਾਉਂ ਇਸ ਕਰਕੇ ਧਰਿਆ ਕਿ ਗੁਰੂ ਸਾਹਿਬ ਜੀ ਇਸ ਵਿਚ ਆਪਣੀ ਫਤਹ ਦੱਸ ਰਹੇ ਹਨ ਤੇ ਇਸ ਵਿਚ ਇਹ ਨੇਮ ਦੱਸ ਰਹੇ ਹਨ ਕਿ ਇਖ਼ਲਾਕੀ ਹਾਰ ਅਸਲੀ ਹਾਰ ਹੈ ਤੇ ਇਸ ਹਾਰ ਨਾਲ ਅੰਤ ਸ਼ਰੀਰਕ ਹਾਰ ਹੋ ਜਾਂਦੀ ਹੈ। ਔਰੰਗਜ਼ੇਬ ਦੀ ਹਾਰ ਹੋਈ ਹੈ, ਜਿਸਨੇ ਤੇ ਜਿਸ ਦੇ ਜ਼ਿੰਮੇਵਾਰ ਆਹੁਦੇਦਾਰਾਂ ਨੇ ਇਖ਼ਲਾਕ ਦਾ ਖ਼ੂਨ ਕੀਤਾ ਹੈ; ਸੌਂਹਾਂ ਖਾਕੇ ਤੋੜੀਆਂ ਤੇ ਆਪਣੇ ਆਚਰਨ ਨੂੰ ਗਿਰਾਇਆ ਹੈ। ਉਸ ਵੇਲੇ ਜਗਤ ਨੂੰ ਦਿੱਸਦਾ ਹੋਊ ਕਿ ਖਾਲਸੇ ਜੀ ਦੀ ਹਾਰ ਹੋਈ ਹੈ, ਪਰ ਨਹੀਂ, ਔਰੰਗਜ਼ੇਬ ਦੀ ਉਹ ਹਾਰ ਸੀ ਤੇ ਖਾਲਸੇ ਜੀ ਦੀ ਜਿੱਤ ਸੀ। ਹਾਰ ਜਿੱਤ ਦੇ ਉਸੇ ਵੇਲੇ ਅੰਗੂਰ ਫੁੱਟੇ ਸੇ, ਵਿਚ ਗੱਲ ਕੁਛ ਸਮੇਂ ਦੀ ਸੀ, ਸਮਾਂ ਪਾਕੇ ਉਹ ਹਾਰ ਜਿੱਤ ਫਲ ਦੀ ਸੂਰਤ ਵਿਚ ਮੂਰਤੀਮਾਨ ਹੋ ਗਈ; ਤੁਰਕ ਰਾਜ ਸਮਾਪਤ ਹੋ ਗਿਆ ਤੇ ਖਾਲਸੇ ਦਾ ਰਾਜ ਪੰਜਾਬ ਵਿਚ ਕਾਮਯਾਬ ਹੋ ਗਿਆ। ਕਈ ਵਾਰੀ ਹਾਰ ਜਿੱਤ ਨੂੰ ਸਮਝਣਾ ਮੁਸ਼ੱਕਲ ਹੋ ਜਾਂਦਾ ਹੈ, ਪਰ ਜਦੋਂ ਇਖ਼ਲਾਕੀ ਮੁੱਲ ਪਾਇਆ ਜਾਏ ਤਾਂ ਠੀਕ ਠੀਕ ਪਤਾ ਲਗਦਾ ਹੈ। ਬੇਸ਼ਕ ਝੂਠ, ਫਰੇਬ, ਦਗ਼ੇ, ਚਾਲਾਂ ਕਾਮਯਾਬ ਹੁੰਦੇ ਹਨ, ਪਰ ਅੰਤ ਸੱਤਿ ਦੀ ਜੈ ਹੁੰਦੀ ਹੈ। ਸਤਿ ਦੀ ਜੈ ਕਿਤੇ ਹਾਰ ਹੋਵੇ ਤਾਂ ਅਸੱਤਿ ਦੀ ਜੈ ਤੋਂ ਉਹ ਕੀਮਤੀ ਹੁੰਦੀ ਹੈ। ਫਰਕ ਕੀਮਤ ਪਾਉਂਦ ਵਾਲਿਆਂ ਮੰਡਲਾਂ ਦਾ ਹੁੰਦਾ ਹੈ; ਸੋ ਇਹ ਖ਼ਤ ਬਿਜੈ ਦਾ ਸੀ, ਇਸਦੀ ਧੁਨਿ ਬਿਜੈ ਦੀ ਹੈ, ਇਸਦਾ ਲੇਖਕ ਬਿਜੈ ਵਿਚ ਹੈ ਤੇ ਆਪਣੇ ਇਰਦੇ ਤੋਂ ਪਿੱਛੇ ਨਹੀਂ ਹਟ ਰਿਹਾ।

ਉਹ ਖ਼ਤ ਜੋ ਦੀਨੇ ਬੈਠਕੇ ਗੁਰੂ ਜੀ ਨੇ ਲਿਖਿਆ ਉਸ ਵੇਲੇ ਦਾ ਇਕ ਸ੍ਵੈਲਿਖਤ ਇਤਿਹਾਸ ਹੈ ਤੇ ਸਭ ਤੋਂ ਵਧੀਕ ਮੁਸਤਨਿਦ (ਪੱਕਾ) ਇਤਿਹਾਸ ਹੈ, ਫਿਰ ਉਸਦੀ ਮੁਤਾਲਜ਼ਾ ਇਕ ਰਸਦਾਇਕ ਤੇ ਜਾਨ ਭਰਨਹਾਰੀ ਤਾਕਤ ਹੈ, ਪਰ ਹੈ ਓਹ ਫ਼ਾਰਸੀ ਵਿਚ, ਇਸ ਕਰਕੇ ਉਸ ਦਾ ਮੂਲ ਤੇ ਟੀਕਾ ਇੱਥੇ ਦੇਂਦੇ ਹਾਂ :-

ਜ਼ਫਰਨਾਮਹ

{ਮੰਗਲਾਚਰਨ-ਵਾਹਿਗੁਰੂ ਜੀ ਦੀ ਉਸਤਤਿ[1]}

੧. ਕਮਾਲੇ ਕਰਾਮਾਤ ਕਾਯਮ ਕਰੀਮ॥
ਰਜ਼ਾ ਬਖ਼ਸ਼ੁ ਰਾਜ਼ਕ ਰਹਾਕੋ[2] ਰਹੀਮ॥

੧. ਇਹ ਸਿਰਲੇਖ ਤੇ ਵਿਚ ਵਿਚ ਸੂਚਨਾ ਭਾਵ ਸੁਗਮ ਕਰਨ ਲਈ ਦਿੱਤੀਆਂ ਗਈਆਂ ਹਨ, ਇਹ ਫ਼ਾਰਸੀ ਮੂਲ ਵਿਚ ਨਹੀਂ ਹਨ।

੨. ਪਾਠਾਂਤ੍ਰ-ਰਿਹਾਕੁਨ।

*ਇਹ ਪ੍ਰਸੰਗ ਗੁਰਪੁਰਬ ਸਪਤਮੀ ਲਈ, ਜੋ (੨੯ ਦਸੰਬਰ ੧੯੩੮) ਪੋਹ ਦੀ ੧੫ ਸੰ: ਗੁ: ਨਾ: ਸਾ: ੪੭੦ ਤੇ ਬਿ: ੧੯੯੫ ਵੀਰਵਾਰ ਨੂੰ ਸੀ, ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

(ਧੰਨ ਹੈ ਅਕਾਲ ਪੁਰਖ ਜੋ) ਸਦਾ ਥਿਰ ਹੈ, ਕ੍ਰਿਪਾਲੂ ਹੈ ਤੇ ਜਿਸ ਦੀਆਂ ਬਖਸ਼ਸ਼ਾਂ ਕਮਾਲ ਦੀਆਂ ਹਨ[1]। ਪ੍ਰਸੰਨਤਾ ਦਾ ਦਾਤਾ ਹੈ, ਰਿਜ਼ਕ ਦੇ ਦੇਣ ਵਾਲਾ ਹੈ, ਖਲਾਸੀ ਦਾਤਾ ਹੈ ਤੇ ਰਹਿਮ ਕਰਨੇ ਵਾਲਾ ਹੈ।

੨. ਅਮਾਂ ਬਖ਼ਸ਼ੁ ਬਖ਼ਸ਼ਿੰਦਹ ਓ ਦਸਤਗੀਰ॥
ਰਜ਼ਾ ਬਖ਼ਸ਼ੁ[2] ਰੋਜ਼ੀ ਦਿਹੋ ਦਿਲਪਜ਼ੀਰ॥

ਪਨਾਹ ਦੇਣ ਵਾਲਾ (ਸ਼ਰਨ ਪਾਲ) ਹੈ, ਬਖ-ਸ਼ਸ਼ਾਂ ਕਰਨ ਵਾਲਾ ਤੇ (ਨਿਆਸਰਿਆਂ ਦੀ) ਬਾਂਹ ਫੜਨੇ ਵਾਲਾ ਹੈ; ਖੁਸ਼ੀ ਦੇਣ ਵਾਲਾ, ਰੋਜ਼ੀ ਦੇਣ ਵਾਲਾ ਤੇ ਮਨ ਨੂੰ ਪਿਆਰਾ ਲਗਣ ਵਾਲਾ ਹੈ।

੩. ਸ਼ਹਿਨਸ਼ਾਹਿ ਖ਼ੂਬੀ ਦਿਹੋ ਰਹਨਮੂੰ॥
ਕਿ ਬੇਗੂਨੁ ਬੇਚੂਨ ਚੂੰ ਬੇਨਮੂੰ[3]॥

(ਉਹ) ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਨੇਕੀ ਦਾ ਦਾਤਾ ਹੈ ਤੇ (ਨੇਕੀ ਦਾ) ਰਸਤਾ ਦੱਸਣ ਵਾਲਾ ਹੈ। (ਐਸੇ ਗੁਣਾਂ ਵਾਲਾ ਹੋਕੇ ਫੇਰ ਉਹ) ਅਰੰਗ ਹੈ, ਅਰੂਪ ਹੈ ਤੇ ਬੇਨਮੂਨਾ ਹੈ।

੪. ਨ ਮਾਜ਼ੋ ਨ ਬਾਜ਼ੋ ਨ ਫ਼ਉਜੋ ਨ ਫਰਸ਼॥
ਖ਼ੁਦਾਵੰਦ ਬਖ਼ਸ਼ਿੰਦਹ ਏ ਐਸ਼ ਅਰਸ਼॥

(ਫਿਰ ਉਹ ਐਸਾ ਹੈ ਕਿ ਜਿਸਦੇ ਪਾਸ ਨਾ ਤਾਂ ਸ਼ਾਹੀ ਦਾ) ਸਾਮਾਨ ਹੋਵੇ ਨਾ ਬਾਜ਼ ਹੋਣ ਨਾ ਫ਼ੌਜ ਹੋਵੇ ਨਾ ਆਰਾਮ ਦੇ ਸਾਮਾਨ ਹੋਣ[4] (ਉਸ ਨੂੰ ਉਹ) ਅਰਸ਼ੀ ਸੁਖ ਬਖਸ਼ਣੇ ਵਾਲਾ ਹੈ।

੫. ਜਹਾਂ ਪਾਕ ਜ਼ਬਰਸਤ ਜ਼ਾਹਿਰ ਜ਼ਹੂਰ॥
ਅਤਾ ਮੇ ਦਿਹਦ ਹਮਚੁ ਹਾਜ਼ਰ ਹਜ਼ੂਰ॥

ਜਹਾਨ ਤੋਂ ਅਤ੍ਰਿਕਤ ਹੈ, ਇਸ ਤੋਂ ਪਰੇ ਤੇ ਉੱਪਰ ਹੈ, (ਫਿਰ ਉਸਦਾ) ਪ੍ਰਕਾਸ਼ ਪ੍ਰਕਾਸ਼ਮਾਨ ਹੈ, (ਜਹਾਨ ਤੋਂ ਅਤ੍ਰਿਕਤ ਤੇ ਪਰੇ ਹੋਕੇ ਫਿਰ ਮਲੂਮ ਕੀਕੂੰ ਹੁੰਦਾ ਹੈ? ਉੱਤਰ) ਉਸ ਦੀਆਂ ਬਖਸ਼ਿਸ਼ਾਂ ਤੋਂ (ਉਹ ਮਾਲੂਮ ਹੋ ਜਾਂਦਾ ਹੈ, ਹਾਂ ਉਹ) ਹਾਜ਼ਰਾ ਹਜ਼ੂਰ ਹੈ (ਭਾਵ ਸਾਮਰਤੱਖ ਹੈ)।

੬. ਅਤਾ ਬਖ਼ਸ਼ਦੋ ਪਾਕ ਪਰਵਰਦਗਾਰ॥
ਰਹੀਮਸਤੁ ਰੋਜ਼ੀ ਦਿਹੋ ਹਰ ਦਿਯਾਰ॥

(ਪਾਕ=) ਅਤ੍ਰਿਕਤ ਹੈ (ਜਗਤ ਤੋਂ ਪਰ ਫੇਰ ਜਗਤ ਦਾ) ਪਾਲਣਹਾਰ ਹੈ, ਦਿਆਲੂ ਹੈ, ਰਹਿਮ ਕਰਨੇ ਵਾਲਾ ਹੈ, ਹਰੇਕ ਵਲਾਯਤ ਦਾ ਰੋਜ਼ੀ ਦਾਤਾ ਹੈ।

੭. ਕਿ ਸਾਹਿਬ ਦਿਯਾਰਸਤੁ ਆਜ਼ਮ ਅਜ਼ੀਮ॥
ਕਿ ਹੁਸਨਲ ਜਮਾਲਸਤੁ ਰਾਜ਼ਕ ਰਹੀਮ॥

ਕਿਉਂਕਿ (ਸਭ) ਵਲਾਯਤਾਂ ਦਾ ਮਾਲਕ (ਉਹੀ ਆਪ) ਹੈ (ਤੇ ਸਭ) ਵਡਿਆਂ ਤੋਂ ਵਡਾ ਹੈ (ਐਡਾ ਵਡਾ ਹੋਕੇ ਨਿਰੇ ਜਲਾਲ ਤੇਜ ਵਾਲਾ ਨਹੀਂ, ਸਗੋਂ ਉਹ) ਜਮਾਲ (=ਮਿੱਠੀ ਸੁੰਦਰਤਾ ਵਿਚ ਬੀ ਅਤਿ) ਸੁੰਦਰਤਾ ਵਾਲਾ ਹੈ (ਤੇ ਰੋਜ਼ੀ ਦੇਣ ਵਿਚ) ਰਾਜ਼ਿਕ (ਰਿਜ਼ਕ ਦੇਣ ਵਾਲਾ ਹੈ ਤੇ ਔਗੁਣ ਗਿਣਨ ਵਿਚ) ਰਹਿਮ ਕਰਨੇ ਵਾਲਾ ਹੈ।

੮. ਕਿ ਸਾਹਿਬ ਸ਼ਊਰਸਤੁ ਆਜਿਜ਼ ਨਿਵਾਜ਼॥
ਗ਼ਰੀਬੁਲ ਪਰਮਤੋ ਗ਼ਨੀਮੁਲ ਗ਼ੁਦਾਜ਼॥

(ਰਾਜ਼ਿਕ ਤੇ ਰਹੀਮ ਹੋਣ ਵਿਚ ਉਹ) ਸ਼ਊਰ (ਵਿਵੇਕ ਵਾਲੀ ਬੁੱਧੀ) ਦਾ ਮਾਲਕ ਹੈ। ਦੀਨਾਂ ਦਾ ਰਖਜਕ ਹੈ, ਗ਼ਰੀਬਾਂ ਨੂੰ ਨਿਵਾਜਣ ਵਾਲਾ ਅਤੇ ਵੈਰੀਆਂ ਦੁਸ਼ਟਾਂ ਨੂੰ ਦਮਨ ਕਰਨ ਵਾਲਾ ਹੈ।

੯. ਸ਼ਰੀਅਤ ਪਰਸਤ ਫ਼ਜ਼ੀਲਤ ਮਆਬ॥
ਹਕ਼ੀਕਤ ਸ਼ਨਾਸੋ ਨਬੀ ਉਲ ਕਿਤਾਬ॥

(ਉਹ ਰੱਬ) ਸ਼ਰੀਅਤ[1] ਪਰਸਤ ਹੈ (ਪਰ ਤੁਸਾਂ ਵਾਂਙੂ ਕਿਸੇ ਨੀਵੇਂ ਭਾਵਾਂ ਨਾਲ ਨਹੀਂ, ਉਹ) ਬਜ਼ੁਰਗੀ ਦਾ ਘਰ ਹੈ, (ਉਸ ਬਜ਼ੁਰਗੀ ਦੇ ਘਰ ਵਿਚ ਬੈਠਾ ਉਹ ਸ਼ਰਅ ਪਰਸਤੀ ਕਰਦਾ ਹੈ, ਫਿਰ ਉਹ) ਹਕੀਕਤ ਦਾ ਬੀ ਜਾਣੂ ਹੈ (ਜਿਸ ਨੂੰ ਤੁਸੀਂ ਨਜ਼ਰ ਅੰਦਾਜ਼ ਕਰਦੇ ਹੋ, ਤੁਸੀਂ ਨਬੀ ਤੇ ਕਿਤਾਬ ਕਹਿਕੇ ਤਅੱਸਬ ਵਿਚ ਹੋ, ਪਰ) ਨਬੀ[2] ਉਹ ਆਪ ਹੈ ਤੇ (ਆਪਣੀ ਅਰੀਮੀ) ਕਿਤਾਬ ਵਾਲਾ (ਉਹ ਆਪ) ਹੈ।

੧੦. ਕਿ ਦਾਨਸ਼ ਪਯੋਹਸਤੁ ਸਾਹਿਬ ਸ਼ਊਰ॥
ਹਕ਼ੀਕਤ ਸ਼ਨਾਸਸਤੋ ਜ਼ਾਹਿਰ ਜ਼ਹੂਰ॥

---

੧. (ਅ) ਜਿਸ ਦੀਆਂ ਕਰਾਮਾਤਾਂ ਕਮਾਲ ਦੀਆਂ ਹਨ। ੨. ਪਾਠਾਂਤ੍ਰ-ਖ਼ਤਾ ਬਖਸ਼।
੩. ਨਮੂੰ-ਨਮੂਨਾ, ਭਾਵ ਸ਼ਕਲ, ਸ਼ਬੀਹਾ, ਨੁਹਾਰੋ।
੪. ਫਰਸ਼-ਸੌਣ ਬੈਠਣ ਦੇ ਵਿਛੌਣੇ ਕਾਲੀਨ ਆਦਿਕ, ਭਾਵ ਆਰਾਮ ਦੇ ਸਾਮਾਨ।

੧. ਧਰਮ ਬਿਵਸਥਾ। ਸ਼ਰਅ=ਸਿੱਧਾ ਰਾਹ।
੨. ਅੱਖਰੀ ਅਰਥ ਹਨ ਖ਼ਬਰਾਂ ਦੇਣ ਵਾਲਾ।

ਉਹੀ ਦਾਨਾਈ ਦੀ ਕਦਰ ਪਾਉਂਦ ਵਾਲਾ ਹੈ[1] (ਕਿਉਂਕਿ ਉਹ ਆਪ) ਵਿਵੇਕ ਦਾ ਮਾਲਿਕ ਹੈ। ਹਕੀਕਤ ਨੂੰ ਪਛਾਣਨ ਵਾਲਾ ਹੈ ਤੇ ਉਸ ਦਾ ਪ੍ਰਕਾਸ਼ (ਸਾਰੇ) ਪ੍ਰਕਾਸ਼ਮਾਨ ਹੈ।

੧੧. ਸ਼ਨਾਸਿੰਦਹ ਏ ਇ਼ਲਮਿ ਆਲਮ ਖ਼ੁਦਾਇ॥
ਕੁਸ਼ਾਇੰਦਹ ਏ ਕਾਰਿ ਆਲਮ ਕਸ਼ਾਇ॥

(ਹਾਂ ਉਹ) ਖ਼ੁਦਾ ਜਹਾਨ ਦੀ (ਸਾਰੀ ਗੁਪਤ ਪ੍ਰਗਟ) ਵਾਕਫੀਅਤ ਨੂੰ ਜਾਣਨੇ ਵਾਲਾ ਹੈ, ਦੁਨੀਆਂ ਦੇ (ਮੁਸ਼ਕਲ) ਕੰਮਾਂ (ਮਾਮਲਿਆਂ) ਨੂੰ ਖੁਹਲਣੇ ਵਾਲਾ ਹੈ (ਤੇ ਵਿਗੜਿਆਂ ਨੂੰ) ਸੰਵਾਰਣ ਵਾਲਾ ਹੈ[2]।

੧੨. ਗੁਜ਼ਾਰਿੰਦਹਏ ਕਾਰਿ ਆਲਮ ਕਬੀਰ॥
ਸ਼ਨਾਸਿੰਦਹਏ ਇ਼ਲਮਿ ਆਲਮ ਅਮੀਰ॥

(ਸਭ ਤੋਂ ਵਡਾ ਕੰਮ ਹੈ ਸੰਸਾਰ ਦਾ ਪ੍ਰਬੰਧ ਕਿਸੇ ਤਰਤੀਬ, ਕ੍ਰਮ ਤੇ ਵਿਉਂਤ ਵਿਚ ਸੋ ਸਾਈਂ) ਸੰਸਾਰ ਦੇ (ਇਸ) ਵਡੇ ਕੰਮ ਨੂੰ (ਆਪਣੀ) ਵਿਉਂਤ ਵਿਚ ਚਲਾ ਰਿਹਾ ਹੈ[3]। (ਕਿਉਂਕਿ ਜਹਾਨ ਦਾ) ਗਿਆਨ (ਉਸ ਨੂੰ ਹੈ, ਸਭ ਕਿਸੇ ਦਾ ਉਹ) ਪਛਾਣਨ ਵਾਲਾ ਹੈ (ਤੇ ਸਭ ਤੇ) ਹੁਕਮ ਕਰਨੇ ਵਾਲਾ ਹੈ[4]।

(ਦਾਸਤਾਨ)

(ਭਾਵ ਹਾਲ ਦਾ ਬਿਆਨ ਚਲਿਆ)

੧੩. ਮਰਾ ਐਤਬਾਰੇ ਬਰੀਂ ਕਸਮ ਨੇਸਤ॥
ਕਿ ਏਜ਼ਦ ਗਵਾਹਸਤੁ ਯਜ਼ਦਾਂ ਯਕੇਸਤ॥

ਮੈਨੂੰ ਇਸ ਕਸਮ ਉਤੇ (ਜੋ ਤੂੰ ਇਹ ਲਿਖਕੇ ਖਾਧੀ[1] ਸੀ) ਕਿ ਇਕ ਹੈ ਖ਼ੁਦਾ ਤੇ ਉਹ ਖ਼ੁਦਾਗਵਾਹ ਹੈ, ਇਤਬਾਰ ਨਹੀਂ।

੧੪. ਨ ਕ਼ਤਰਹ ਮਰਾ ਐਤਬਾਰੇ ਬਰੋਸਤ॥
ਕਿ ਬਖ਼ਸ਼ੀ ਵ ਦੀਵਾਨ ਹਮਹ ਕਿਜ਼ਬਗੋਸਤ॥

ਫੂਹੀ ਜਿੰਨਾਂ ਮੈਨੂੰ ਇਤਬਾਰ ਉਸ (ਕਸਮ) ਉਤੇ ਨਹੀਂ (ਕਿ ਜੋ ਆਪ ਦੇ ਸਰਦਾਰਾਂ ਨੇ ਮੇਰੇ ਪਾਸ ਚੁੱਕੀ ਸੀ), ਕਿਉਂਕਿ (ਆਪ ਦਾ) ਬਖ਼ਸ਼ੀ[2] ਤੇ ਦੀਵਾਨ (ਹਰ ਕੋਈ) ਝੂਠ ਬੋਲਣੇ ਵਾਲਾ ਹੈ।

੧੫. ਕਸੇ ਕ਼ਉਲ ਕੁਰਆਂ ਕੁਨੱਦ ਐਤਬਾਰ॥
ਹਮਾ ਰੋਜ਼ ਆਖ਼ੱਰ ਸ਼ਵੱਦ ਮਰਦ ਖ਼ੂਆਰ॥

(ਤੇਰੇ ਸਰਦਾਰਾਂ ਦੀਆਂ ਤੇ ਤੇਰੀਆਂ ਸੁਹੰਵਾਂ ਦਾ ਇਹ ਹਾਲ ਹੋ ਰਿਹਾ ਹੈ ਕਿ) ਜੋ ਕੋਈ ਕੁਰਾਨ (ਵਿਚ ਦੇਕੇ ਕੀਤੇ ਤੁਸਾਡੇ) ਕੌਲ ਉਤੇ ਇਤਬਾਰ ਕਰ ਲੈਂਦਾ ਹੈ ਉਹ ਮਰਦ ਉਸੇ ਦਿਨ ਯਾ ਅੰਤ ਨੂੰ ਖ਼ੁਆਰ ਹੀ ਹੁੰਦਾ ਹੈ। (ਭਾਵ-ਕਿ ਨਾ ਕੇਵਲ ਮੈਨੂੰ ਹੀ ਤੁਸਾਡੀ ਸਹੁੰ ਤੇ ਭਰੋਸਾ ਨਹੀਂ ਹੈ, ਬਲਕਿ ਤਜਰਬੇ ਨੇ ਕਿਸੇ ਦੇ ਦਿਲ ਵਿਚ ਬੀ ਭਰੋਸਾ ਨਹੀਂ ਰਹਿਣ ਦਿਤਾ)।

੧੬. ਹੁਮਾ ਰਾ ਕਸੇ ਸਾਯਹ ਆਯਦ ਬਜ਼ੇਰ॥
ਬਰੋ ਦਸਤ ਦਾਰਦ ਨ ਜ਼ਾਗ਼ੋ ਦਲੇਰ॥

(ਪਰ ਜਾਣ ਲੈ ਕਿ ਜੇ) ਹੁਮਾ ਦੇ ਸਾਏ ਦੇ ਹੇਠ ਕੋਈ ਆ ਜਾਵੇ ਉਸ ਉੱਤੇ ਕਾਉਂ ਕਾਬੂ ਨਹੀਂ ਪਾ ਸਕਦਾ, (ਚਾਹੋ ਉਹ ਕਾਉਂ ਕਿੰਨਾ) ਦਲੇਰ (ਹੋਵੇ)।

ਭਾਵ-ਅਸੀਂ ਵਾਹਿਗੁਰੂ ਦੀ ਛਾਂ ਹੇਠ ਮਾਂ, ਸ਼ੇਅਰ ੪੩ ਵਿਚ ਦੱਸਦੇ ਹਨ ਕਿ ਜੋ ਸਹੁੰ ਦਾ ਇਤਬਾਰ ਕਰ ਲਵੇ ਖ਼ੁਦਾ ਉਸ ਦਾ ਰਾਹਨੁਮਾ ਹੋ ਜਾਂਦਾ ਹੈ। ਤੇਰੇ ਦਲੇਰ ਫੌਜੀ ਸਰਦਾਰ ਜੋ ਝੂਠੇ ਹੋਣ ਕਰ ਕੇ ਕਾਂ ਵਾਂਙੂ ਬਿਰਥਾ ਪ੍ਰਲਾਪੀ ਸਨ, ਸਾਡੇ ਤੇ ਕਾਬੂ ਨਾ ਪਾ ਸਕੇ ਤੇ ਅਸੀਂ ਜੀਉਂਦੇ ਨਿਕਲ ਆਏ।

੧੭. ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ॥
ਨ ਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ॥

---

੧. ਪਯੋਹ-ਢੂੰਡਣ ਵਾਲਾ, ਲੱਭ ਲੈਣ ਵਾਲਾ, ਭਾਵ ਹੈ ਕਦਰ ਪਾਉਣ ਵਾਲਾ।

੨. ਕਸ਼ੂਦਨ ਤੋਂ ਕੁਸ਼ਾਇੰਦਹ-ਖੁਹਲਣੇ ਵਾਲਾ, ਕਸ਼ੀਦਨ ਤੋਂ ਕਸ਼ਾਇ-ਤਰਤੀਬ ਦੇਣ ਵਾਲਾ, ਸੰਵਾਰਨ ਵਾਲਾ।

੩. ਗੁਜ਼ਾਰਦਨ, ਗੁਜ਼ਾਰੀਦਨ-ਅਦਾ ਕਰਨਾ, ਚਲਾਉਣਾ, ਚਿਤ੍ਰਕਾਰ ਦਾ ਚਿਤ੍ਰ ਦਾ ਖ਼ਾਕਾ ਵਾਹੁਣਾ। ਇਸ ਤੋਂ ਭਾਵ ਹੈ ਸੰਸਾਰ ਨੂੰ ਵਿਉਂਤਣਾ ਤੇ ਇਸ ਦੀ ਵਿਉਂਤ ਤੇ ਅਵੈਵਾਂ ਨੂੰ ਤਰਤੀਬ ਸਿਰ ਰੱਖ ਕੇ ਸਾਰੇ ਨੂੰ ਟੋਰਨਾ।

੪. ਆਮੀਰ, ਅਮੀਰ=ਅਮਰ ਕਰਨੇ ਵਾਲਾ ਹੁਕਮ ਕਰਨੇ ਵਾਲਾ।

---

੧. 'ਈਂ' ਤੋਂ ਮੁਰਾਦ ਔਰੰਗਜ਼ੇਬ ਦੀ ਸਹੁੰ ਦੀ ਹੈ ਇਹ ਗੱਲ ਅੰਕ ੪੫, ੪੬ ਤੋਂ ਸਾਫ ਹੋ ਜਾਂਦੀ ਹੈ। ੨. ਬਖ਼ਸ਼ੀ ਉਸ ਸਮੇਂ ਦੇ ਫੌਜੀ ਜਰਨੈਲ ਨੂੰ ਕਹਿੰਦੇ ਹੁੰਦੇ ਸਨ।

ਜੇ ਕੋਈ ਸ਼ੇਰ ਨਰ ਦੀ ਪਿੱਠ ਪਿੱਛੇ ਆ ਜਾਵੇ, ਬੱਕਰੀ, ਭੇਡ ਤੇ ਹਰਨ (ਨੇ ਉਸਨੂੰ ਫੜਨਾ ਤਾਂ ਕੀਹ, ਓਹ) ਉਸ ਰਾਹੋਂ ਬੀ ਨਹੀਂ ਲੰਘ ਸਕਦੇ[1]।

੧੮. ਕਸਮ ਮੁਸਹਫੇ ਖ਼ਦਅ੍ਹ ਗਰ ਈਂ ਖ਼ੁਰਮ॥
ਨ ਫਉਜੇ ਅਜ਼ੀਜ਼ ਰਾ ਸੁਮ ਅਫ਼ਗਨਮ॥

ਇਸ 'ਕੁਰਾਨ ਦੀ ਸਹੁੰ' ਦਾ ਫਰੇਬ (ਜੇ) ਮੈਂ ਖਾਵਾਂ ਨਾ (ਤਾਂ ਆਪਣੀ) ਪਿਆਰੀ ਫੌਜ ਨੂੰ ਲੰਗੜਿਆਂ ਕਰ ਲਵਾਂ ਨਾ[2]।

{ਜੰਗ ਚਮਕੌਰ}

ਅਨੰਦਪੁਰ ਵਿਚ ਸਹੁੰ ਖਾਣ ਤੇ ਫੇਰ ਸਹੁੰ ਤੋੜ ਕੇ ਆ ਪੈਣ ਦਾ ਤੁਰਕ ਦਲ ਦਾ ਹਾਲ ਕਹਿਕੇ ਹੁਣ ਚਮਕੌਰ ਯੁੱਧ ਦਾ ਹਾਲ ਵਰਣਨ ਕਰਦੇ ਹਨ ਕਿ ਜਦ ਅਸੀਂ ਚਮਕੌਰ ਦੀ ਗੜ੍ਹੀ ਵਿਚ ਆ ਟਿਕੇ ਤਾਂ ਸਹੁੰ ਖਾਣ ਵਾਲਿਆਂ ਨੇ ਕੀ ਕੁਛ ਕੀਤਾ:-

੧੯. ਗੁਰਮਨਹ ਚਿ ਕਾਰੇ ਕੁਨਦ ਚਿਹਲ ਨਰ॥
ਕਿ ਦਹ ਲਕ ਬਰਾਯਦ ਬਰੋ ਬੇਖਬਰ॥

(ਵੀਚਾਰ ਕਰੋ) ਚਾਲੀ ਆਦਮੀ ਭੁੱਖੇ ਭਾਣੇ ਕੀ ਕਰਨ ਜਦ ਦਸ ਲੱਖ[1] ਉਨ੍ਹਾਂ ਦੇ ਉਤੇ ਅਚਾਨਕ ਆ ਪੈਣ।

੨੦. ਕਿ ਪੈਮਾ ਸ਼ਿਕਨ ਬੇਦਰੰਗ ਆਮਦੰਦ॥
ਮਟੇ ਤੇਗ਼ੁ ਤੀਰੋ ਤੁਫ਼ੰਗ ਆਮਦੰਦ॥

ਬਿਨਾਂ ਕੋਈ ਢਿੱਲ ਲਾਏ ਦੇ (ਉਹ ਸਾਰੇ ਕੀਤੇ ਹੋਏ) ਅਹਿਦ ਨੂੰ ਤੋੜਨ ਵਾਲੇ (ਚਮਕੌਰ) ਆ ਗਏ, ਤਲਵਾਰਾਂ ਤੀਰਾਂ ਬੰਦੂਕਾਂ ਸਮੇਤ ਆ ਗਏ (ਭਾਵ ਵਾਰ ਕਰਨ ਲਗ ਪਏ)।

ਗੁਰੂ ਸਾਹਿਬ ਦੱਸ ਰਹੇ ਹਨ ਕਿ ਅਨੰਦਪੁਰੋਂ ਸਾਡੇ ਨਿਕਲਣ ਦੇ ਬਾਦ ਸਹੁੰ ਤੋੜ ਕੇ ਤੇਰੇ ਲਸ਼ਕਰੀ ਤੇ ਸਰਦਾਰ ਸਾਡੇ ਤੇ ਆ ਪਏ। ਜਦ ਅਸੀਂ ਚਮਕੌਰ ਆ ਟਿਕੇ ਤਾਂ ਏਥੇ ਬੀ ਮਗਰੇ ਆਏ ਤੇ ਮੈਦਾਨ ਵਿਚ ਉਤਰ ਪਏ, ਦੋਹੀਂ ਥਾਈਂ ਉਨ੍ਹਾਂ ਨੇ ਅਹਿਦ ਸ਼ਿਕਨੀ ਕੀਤੀ। ਅੱਗੇ ਦੱਸਦੇ ਹਨ ਕਿ ਫੇਰ ਮਜਬੂਰਨ ਮੈਨੂੰ ਬੀ ਉਨ੍ਹਾਂ ਦੇ ਵਾਰ ਦਾ ਮੁਕਾਬਲਾ ਕਰਨਾ ਪਿਆ:-

੨੧. ਬਾਲਾਚਾਰਰਗੀ ਦਰਮਿਯਾਂ ਆਮਦਮ॥
ਬਤਦਬੀਰ ਤੀਰੋ ਤੁਫ਼ੰਗ ਆਮਦਮ॥

ਮਜਬੂਰ ਹੋ ਕੇ ਮੈਨੂੰ ਬੀ (ਜੰਗ) ਵਿਚ ਆਉਣਾ ਪਿਆ। ਮੈਂ ਬੀ ਤੀਰਾਂ ਤੇ ਬੰਦੂਕਾਂ ਦੇ ਪ੍ਰਬੰਧ ਨਾਲ ਆਇਆ (ਭਾਵ ਮੈਂ ਭੀ ਅੱਗੋਂ ਤੀਰਾਂ ਤੁਫ਼ੰਗਾਂ ਨਾਲ ਜੁਵਾਬ ਦਿੱਤਾ[2])।

---

੧. ਨ ਗੀਰਦ ਗੁਜ਼ਰ-ਉਹ ਰਾਹ ਨਹੀਂ ਫੜ ਸਕਦੇ ਭਾਵ ਉਸ ਰਸਤੇ ਨਹੀਂ ਲੰਘ ਸਕਦੇ।

੨. ਗੁਰਮੁਖੀ ਲਿਖਾਰੀਆਂ ਨੇ 'ਖ਼ਦਅਹ' ਨੂੰ ਖ਼ੁਫੀਆ ਬਣਾ ਦਿਤਾ ਹੈ ਤੇ 'ਅਜ਼ੀਜ਼ੇ ਰਾ' ਨੂੰ 'ਅਜ਼ੀ ਜ਼ੇਰ' ਕਰ ਦਿਤਾ ਹੈ। 'ਖਦਅ੍' ਨਾਮ ਹੈ ਫ਼ਰੇਬ ਕਰਨ ਦਾ। ਖ਼ਦੀਅਤ=ਫ਼ਰੇਬ। ਖਦਅ੍ਹ= ਫ੍ਰੇਬ (ਲੁ: ਕਿ:)। ਮੁਸਹਫ ਦਾ ਅਰਥ ਹੈ ਸਹੀਫੇ ਯਾ ਰਸਾਲਿਆਂ ਦੇ ਕੱਠ ਤੋਂ ਬਣੀ ਪੁਸਤਕ-ਕੁਰਾਨ। ਸੁਮ ਅਫਰੀਦਨ, ਅਫਰੀਦਹ ਸੁਮ=ਆਜਜ਼, ਅਪਾਹਜ। ਲੰਗੜੇ ਹੋਣਾ। ਦੂਸਰੇ ਮਿਸਰੇ ਦਾ 'ਨ' ਦੇਹੁਰੀ ਦੀਪਕ ਹੈ।

ਭਾਵ ਇਹ ਹੈ ਕਿ ਤੁਸਾਡੀ ਫੌਜ ਨੇ ਸਹੁੰ ਤੋੜ ਕੇ ਹਮਲਾ ਕੀਤਾ, ਮੇਰੀ ਫੌਜ ਸ਼ਾਂਤੀ ਨਾਲ ਆ ਰਹੀ ਸੀ, ਹੱਲੇ ਕਰਨ ਦੀ ਉਸ ਨੂੰ ਆਗਿਆ ਨਹੀਂ ਸੀ, ਮੈਂ ਆਪਣੇ ਅਹਿਦ ਤੇ ਪੱਕਾ ਸਾਂ-ਐਉਂ ਉਹ ਮਾਨੋਂ ਜੰਗ ਕਰਨੋਂ ਲੰਗੜੀ ਸੀ। ਭਾਵ ਰੁਕੀ ਹੋਈ ਸੀ।

੧. ਦਸ ਲਖ, ਦੇਖੋ ਸ਼ਿਆਰ-੪੧। ਔਰੰਗਜ਼ੇਬ ਦੀ ਫੌਜ ਦੀ ਬਹੁਤਾਤ ਦਾ ਭੇਦ ਐਲਫਿਨਸਟੋਨ ਨੇ ਸਫਾ ੫੩੦ ਤੇ ਦਿੱਤਾ ਹੈ ਕਿ ਅਫਸਰ ਜਿੰਨੇ ਸਿਪਾਹੀ ਆਪਣੇ ਪਾਸ ਰੱਖੇ ਹੋਏ ਦੱਸਦੇ ਉਸ ਤੋਂ ਅੱਧੇ ਆਪਣੇ ਪਾਸ ਰੱਖਦੇ ਸੇ ਤੇ ਘਰ ਦੇ ਨੌਕਰਾਂ ਤੇ ਹੋਰ ਗੁਲਾਮਾਂ ਛੇੜੂਆਂ ਨੂੰ ਵਿਚ ਲਿਖ ਛਡਦੇ ਸੇ ਤੇ ਐਉਂ ਤਾਦਾਦ ਵਧਾ ਵਧਾ ਕੇ ਦੱਸਦੇ ਸੇ। ਉਂਞ ਪਤੇ ਚਲਦੇ ਹਨ ਕਿ ਰਾਜਿਆਂ ਦੀ ਫੌਜ, ਲਾਹੌਰ ਦੀ ਫੌਜ, ਸਰਹਿੰਦ ਦੀ ਫੌਜ ਤੋਂ ਵਖਰੇ ਪਹਾੜੀ ਛੇੜਾਂ ਤੇ ਗੁਜਰ-ਆਦਿ ਲੜਾਕੇ ਪੇਂਡੂ ਆ ਜੁੜੇ ਸੇ ਤੇ ਆਮ ਮੁਲਖਈਆ ਟੁੱਟ ਪਿਆ ਸੀ ਕਿ ਗੁਰੂ ਕੇ ਖ਼ਜ਼ਾਨੇ ਦੀ ਲੁੱਟ ਹੱਥ ਆਵੇਗੀ। ਤੇਰਾਂ ਚੌਦਾਂ ਮੀਲਾਂ ਤਕ ਇਸ ਸਰਕਾਰੀ ਤੇ ਗ਼ੈਰ ਸਰਕਾਰੀ ਮੁਲਖਈਏ ਦੇ ਲੋਕ ਫੈਲੇ ਹੋਏ ਸਨ।

੨. ਜਾਪਦਾ ਹੈ ਕਿ ਇਹ ਸਰਹਿੰਦ ਤੋਂ ਗਈ ਰਪੋਰਟ ਦੇ ਆਧਾਰ ਤੇ ਪਾਤਸ਼ਾਹ ਵਲੋਂ ਹੋਈ ਪੁੱਛ ਦਾ ਉੱਤਰ ਹੈ।

੨੨. ਚੁ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ॥
ਹਲਾਲਸਤ ਬੁਰਦਨ ਬਸ਼ਮਸ਼ੀਰੇ ਦਸਤ॥

ਜਦੋਂ (ਨੀਤੀ ਦੇ) ਸਾਰੇ (ਹੋਰ) ਚਾਰਿਆਂ ਤੋਂ ਗਲ ਲੰਘ ਟੁਰੇ ਤਾਂ ਤਲਵਾਰ ਤੇ ਹੱਥ ਧਰਨਾ (ਭਾਵ ਲੜਨਾ) ਰਵਾ ਹੈ।

੨੩. ਚਿ ਕ਼ਸਮੇ ਕ਼ੁਰਾਂ ਮਨ ਕਨਮ ਐਤਬਾਰ॥
ਵਗਰਨਹ ਤੂਗੋਈਮਨ ਈਂ ਰਾਹ ਚਿਹਕਾਰ॥

(ਹੁਣ ਜਦ ਉਨ੍ਹਾਂ ਨੇ ਮੇਰੇ ਤੇ ਤੀਰ ਤੁਫ਼ੰਗ ਦੇ ਵਾਰ ਸ਼ੁਰੂ ਕਰ ਦਿੱਤੇ) ਤੂੰ ਹੀ ਦੱਸ ਕਿ ਕ਼ੁਰਾਨ ਦੀ ਕਸਮ ਦਾ ਮੈਂ ਕੀ ਇਤਬਾਰ ਕਰਾਂ? (ਸੋ ਮੈਂ ਬੀ ਵਾਰ ਰੋਕਣ ਦੀ ਤਦਬੀਰ ਕੀਤੀ) ਨਹੀਂ ਤਾਂ ਮੈਨੂੰ ਇਸ ਰਸਤੇ ਪੈਣ ਦੀ ਕੋਈ ਲੋੜ ਨਹੀਂ ਸੀ। (ਭਾਵ-ਜੇ ਉਹ ਪਹਿਲੋਂ ਅਹਿਦ ਤੋੜਕੇ ਵਾਰ ਨਾ ਕਰਦੇ ਤਾਂ ਮੈਨੂੰ ਲੜਨ ਦੀ ਕੀਹ ਲੋੜ ਪਈ ਸੀ[1]?)

੨੪. ਨ ਦਾਨਮ ਕਿ ਈਂ ਮਰਦ ਰੋਬਾਹ ਪੇਚ॥
ਦਿਗਰ ਹਰਗਿਜ਼ੀਂ ਰਾਹਨਿਯਾਰਦ ਬਹੇਚ॥

ਮੈਨੂੰ ਕੀਹ ਪਤਾ ਸੀ ਕਿ ਇਹ ਆਦਮੀ ਲੂਮੜੀ ਵਾਂਙੂ ਪੇਚਾਂ ਵਾਲਾ ਹੈ (ਫਰੇਬੀ ਹੈ ਤੇ ਪੇਚ ਬਿਨਾਂ) ਦੂਸਰੀ ਹੋਰ ਕਿਸੇ ਗਲ ਦੀ ਇਸ ਰਸਤੇ ਪਰਵਾਹ ਨਹੀਂ ਕਰਦਾ। (ਭਾਵ-ਆਪਣੇ ਇੰਦੀਏ ਨੂੰ ਬਿਨਾਂ ਧਰਮ ਤੇ ਆਚਰਨ ਦੀ ਪਰਵਾਹ ਕੀਤੇ ਦੇ ਸਿਰੇ ਚਾੜ੍ਹਨਾ ਹੀ ਨੀਤੀ ਦੇ ਰਸਤੇ ਵਿਚ ਠੀਕ ਜਾਣਦਾ ਹੈ[2])।

੨੫. ਹਰਾਂਕਸ ਕਿ ਕ਼ੁਉਲੇ ਕ਼ੁਰਾਂ ਆਯਦਸ਼॥
ਨਸ਼ੋ ਬਸਤਨੋ ਕ਼ੁਸ਼ਤਨੋ ਬਾਯਦਸ਼॥

ਹਰ ਉਹ ਸ਼ਖਸ ਕਿ ਜਿਸਨੂੰ ਕ਼ੁਰਾਨ ਦੇ ਕੌਲ ਉਤੇ (ਯਕੀਨ ਆ ਜਾਵੇ), ਉਸ ਨੂੰ ਇਸ ਤੋਂ (ਭਾਵ ਸਹੁੰ ਤੇ ਇਤਬਾਰ ਕਰ ਲੈਣ ਦੇ ਕਾਰਨ ਕਰਕੇ) ਨਾ ਕੈਦ ਕਰਨਾ ਬਣਦਾ ਹੈ ਤੇ ਨਾ ਕਤਲ ਕਰਨਾ ਬਣਦਾ ਹੈ (ਪਰ ਓਹ ਸੌਹਾਂ ਤੋੜ ਕੇ ਸਾਨੂੰ ਫੜਨ ਯਾ ਮਾਰਨ ਆ ਪਏ ਅੜੇ)--

੨੬. ਬਰੰਗੇ ਮਗਸ ਸਜਾਹ ਪੋਸ਼ ਆਮਦੰਦ॥
ਬਯਕਬਾਰਗੀ ਦਰ ਖ਼ਰੋਸ਼ ਆਮਦੰਦ॥

ਮੱਖੀਆਂ ਵਾਂਙੂ (ਓਹ) ਕਾਲੇ ਲਿਬਾਸਾਂ ਵਿਚ ਆ ਪਏ ਤੇ ਇਕੋ ਵਾਰੀ ਹੀ ਰੌਲਾ ਗੌਲਾ ਮਚਾਉਣ ਲਗ ਪਏ। (ਭਾਵ-ਨਾਅਰੇ ਮਾਰਦਿਆਂ ਨੇ ਹੱਲਾ ਕਰ ਦਿੱਤਾ, ਪਰ ਆ ਕੇ ਫਸੀਲ ਦੀ ਕੰਧ ਦੀ ਓਟ ਲੈ ਲਈਓ ਨੇ)।

੨੭. ਹਰਾਂਕਸ ਜ਼ਿ ਦੀਵਾਰ ਆਮਦ ਬਿਰੂੰ॥
ਬਖ਼ੁਰਦਨ ਯਕੇ ਤੀਰ ਸ਼ੁਦ ਗਰਕਿ ਖ਼ੂੰ॥[1]

ਪਰ ਜੋ ਕੋਈ ਕਿ (ਉਸ) ਕੰਧ ਤੋਂ ਬਾਹਰ ਆਇਆ (ਸਾਡੀ ਵਲੋਂ) ਇਕੋ ਤੀਰ ਖਾਕੇ ਲਹੂ ਵਿਚ ਡੁਬ ਗਿਆ।

੨੮. ਕਿ ਬੇਰੂੰ ਨਿਯਾਮਦ ਕਸੇ ਜ਼ਾਂ ਦਿਵਾਰ॥
ਨਾ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼ੂਆਰ॥

ਉਸ ਕੰਧ ਤੋਂ ਜੇੜ੍ਹੇ ਕੋਈ ਬਾਹਰ ਨਹੀਂ ਆਏ ਉਨ੍ਹਾਂ ਨਾ ਤੀਰ ਖਾਧੇ ਨਾ ਖੁਆਰ ਹੋਏ[1]।

੨੯. ਚੁ ਦੀਦਮ ਕਿ ਨਾਹਰ ਬਿਆਮਦ ਬਜੰਗ॥
ਚਸ਼ੀਦਹ ਯਕੇ ਤੀਰ ਤਨ ਬੇਦਰੰਗ॥[2]

(ਇਹ ਦੇਖਕੇ ਕਿ ਘੇਰਾ ਪਾਉਣ ਵਾਲਿਆਂ ਦੀ ਹਾਰ ਹੋ ਰਹੀ ਹੈ, ਸਾਥੀ ਨਾਲ ਲੈ ਕੇ ਨਾਹਰ ਖਾਂ ਅਗੇ ਵਧਿਆ) ਜਦ ਮੈਂ ਡਿੱਠਾ ਕਿ ਨਾਹਰ ਜੰਗ ਲਈ ਆ ਗਿਆ ਤਾਂ ਝਟ ਪਟ ਉਸ ਨੇ ਬੀ (ਸਾਡੇ) ਇਕ ਤੀਰ (ਦਾ ਸੁਆਦ ਆਪਣੇ) ਤਨ ਵਿਚ ਚੱਖਿਆ। (ਭਾਵ ਅਸਾਂ ਝੱਟ ਤੀਰ ਮਾਰਿਆ ਤੇ ਉਸਦਾ ਕੰਮ ਪਾਰ ਹੋ ਗਿਆ।)

੩੦. ਹਮਾਖ਼ਰ ਗੁਰੇਜ਼ੰਦ ਬਜਾਏ ਮੁਸਾਫ਼॥
ਬਸੇ ਖ਼ਾਨਾਂ ਖ਼ੁਰਦੰਦ ਬੇਰੂੰ ਗ਼ਜ਼ਾਫ਼॥

(ਉਹ) ਬਹੁਤੇ ਪਠਾਣ (ਜੋ ਉਸਦੇ ਨਾਲ ਆਏ

---

੧. ਭਾਵ ਇਹ ਬੀ ਲੈਂਦੇ ਹਨ ਕਿ ਮੈਨੂੰ ਅਨੰਦ ਪੁਰ ਛੱਡ ਕੇ ਚਮਕੌਰ ਦੀ ਗੜ੍ਹੀ ਵਿਚ ਆਉਣ ਦੀ ਕੀਹ ਲੋੜ ਪਈ ਸੀ।

੨. 'ਦਿਗਰ' ਦੀ ਥਾਂ ਪਦ 'ਵਗਰ' ਸਮਝ ਕੇ ਇਹ ਭਾਵ ਬੀ ਲੈਂਦੇ ਹਨ ਕਿ ਨਹੀਂ ਤਾਂ ਕੋਈ ਹੋਰ ਸ਼ੈ ਮੈਨੂੰ ਇਸ ਰਸਤੇ (ਚਮਕੌਰ) ਵਲ ਨਾਂ ਲਿਆਉਂਦੀ।

੧. ਇਸ ਵਿਚ ਬੀ ਇਹੋ ਭਾਵ ਹੈ ਕਿ ਜੋ ਅਗੇ ਵਧਕੇ ਹਮਲਾ ਕਰਨ ਆਇਆ ਉਸੇ ਤੇ ਅਸਾਂ ਤੀਰ ਚਲਾਇਆ ਜੋ ਸ੍ਵੈ ਰਖਜਾ ਦਾ ਹਕ ਹਰੇਕ ਨੂੰ ਪ੍ਰਾਪਤ ਹੈ।

੨. ਇਥੇ ਬੀ ਹਮਲੇ ਕਰਨ ਦੀ ਪਹਿਲ ਨਾਹਰ ਵਲੋਂ ਦੱਸੀ ਹੈ+

ਸਨ ਤੇ ਜੋ) ਬਾਹਰ ਬਹੁਤ ਫੜਾਂ (ਖਾਂਦੇ=) ਮਾਰਦੇ ਸਨ, ਆਖਰ ਲੜਾਈ ਦੀ ਥਾਂ ਤੋਂ ਨੱਸ ਗਏ।

੩੧. ਕਿ ਅਫ਼ਗਾਨ ਦੀਗਰ ਬਿਆਮਦ ਬਜੰਗ॥
ਚੁ ਸੈਲੇ ਰਵਾਂ[1] ਹਮਚੁ ਤੀਰੋ ਤੁਫੰਗ॥

ਕਿ (ਇੰਨੇ ਨੂੰ ਇਕ) ਹੋਰ ਪਠਾਣ ਜੰਗ ਵਿਚ ਆਇਆ, ਮਾਨੋਂ ਇਕ ਹੜ੍ਹ ਚਲਾ ਆ ਰਿਹਾ ਹੈ ਯਾ ਤੀਰ ਆ ਰਿਹਾ ਹੈ ਕਿ ਬੰਦੂਕ (ਦੀ ਗੋਲੀ) ਆ ਰਹੀ ਹੈ[2]।

੩੨. ਬਸੇ ਹਮਲਹ ਕਰਦੰਦ ਬਮਰਦਾਨਗੀ॥
ਹਮ ਅਜ਼ ਹੋਸ਼ਗੀ ਹਮ ਜ਼ਿ ਦੀਵਾਨਗੀ॥

(ਉਸ ਨੇ ਤੇ ਉਸਦੇ ਸਾਥੀਆਂ ਨੇ) ਬਹਾਦਰੀ ਨਾਲ ਬਹੁਤੇ ਹੱਲੇ ਕੀਤੇ, ਅਕਲਮੰਦੀ ਨਾਲ ਬੀ (ਤੇ) ਸ਼ੁਦਾਈ (ਦੇ ਜੋਸ਼) ਵਾਂਙੂ ਬੀ।

੩੩. ਬਸੇ ਹਮਲਹ ਕਰਦਹ ਬਸੇ ਜ਼ਖਮ ਖ਼ੁਰਦ॥
ਦੁ ਕਸ ਰਾ ਬਜਾਂ ਕੁਸ਼ਤੁ ਜਾਂ ਹਮ ਸਪੁਰਦ॥

(ਇਨ੍ਹਾਂ ਨੇ) ਬੜੇ ਹੱਲੇ ਕੀਤੇ ਤੇ ਬੜੇ ਜ਼ਖਮ ਖਾਧੇ, ਦੋ (ਸਾਡੇ) ਆਦਮੀਆਂ ਨੂੰ ਜਾਨ ਤੋਂ ਮਾਰਿਆ ਤੇ ਆਪ ਬੀ ਜਾਨ ਦੇ ਗਿਆ।

੩੪. ਕਿ ਆਂ ਖ਼ੂਾਜਹ ਮਰਦੂਦ ਸਾਯਹ ਦਿਵਾਰ॥
ਬਮੈਦਾਂ ਨਿਆਮਦ ਬਮਰਦਾਨਹ ਵਾਰ॥

ਪਰ ਉਹ ਰੱਦਿਆ ਹੋਇਆ (ਬੇਇਜ਼ਤ, ਬੇ-ਗ਼ੈਰਤ) ਖ਼ੂਾਮਾ ਕੰਧ ਦੇ ਉਹਲੇ (ਹੀ ਰਿਹਾ), ਮਰਦਾਂ ਵਾਂਙੂ (ਇਕ ਵਾਰ ਬੀ) ਮੈਦਾਨ ਵਿਚ ਨਾ ਆਇਆ[3]।

੩੫. ਦਰੇਗ਼ਾ! ਅਗਰ ਰੂਏ ਓ ਦੀਦਮੇ॥
ਬਯਕ ਤੀਰ ਲਾਚਾਰ ਬਖ਼ਸ਼ੀਦਮੇ॥

ਅਫਸੋਸ ਕਿ ਜੇ ਕਦੇ ਮੈਂ ਉਸਦਾ ਮੂੰਹ ਵੇਖ ਲੈਂਦਾ ਤਾਂ ਇਕ ਤੀਰ ਜ਼ਰੂਰ ਉਸਨੂੰ ਬੀ ਮੈਂ ਬਖ਼ਸ਼ਦਾ[4]।

੩੬. ਹਮਾਖ਼ਰ ਬਸੇ ਜ਼ਖਮ ਤੀਰੋ ਤੁਫੰਗ॥
ਦੁਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ॥

ਆਖ਼ਰਕਾਰ ਦੁਹਾਂ ਪਾਸਿਆਂ ਤੋਂ ਬਹੁਤੇ ਤੀਰਾਂ ਤੇ ਗੋਲੀਆਂ ਦੇ ਜ਼ਖਮਾਂ ਨਾਲ ਬਹੁਤੇ ਆਦਮੀ ਛੇਤੀ ਛੇਤੀ ਮਾਰੇ ਗਏ।

੩੭. ਬਸੇ ਬਾਰ ਬਾਰੀਦ ਤੀਰੋ ਤੁਫ਼ੰਗ॥
ਜ਼ਿਮੀ ਗ਼ਸ਼ਤ ਹਮਚੂੰ ਗੁਲੇ ਲਾਲਹ ਰੰਗ॥

ਤੀਰਾਂ ਤੇ ਬੰਦੂਕੀ ਗੋਲੀਆਂ ਦੀ ਵਰਖਾ ਬਹੁਤ ਹੋਈ (ਇੰਨੀ ਕਿ ਉਨ੍ਹਾਂ ਨਾਲ ਮਰ ਗਿਆਂ ਦੀ ਰੱਤ ਨਾਲ) ਜ਼ਿਮੀਂ ਲਾਲੇ ਦੇ ਫੁੱਲ[1] ਵਾਂਙੂ (ਲਾਲ) ਰੰਗ ਦੀ ਹੋ ਗਈ।

੩੮. ਸਰੋਪਾਇ ਅੰਬੋਹ ਚੰਦਾਂ ਸ਼ੁਦਹ॥
ਕਿ ਮੈਦਾਂ ਪੁਰ ਅਜ਼ ਗੋਇ ਚੌਗਾਂ ਸ਼ੁਦਹ॥

ਸਿਰਾਂ ਤੇ ਪੈਰਾਂ ਦਾ ਢੇਰ ਐਤਨਾ ਕੱਠਾ ਹੋ ਗਿਆ ਕਿ ਮਾਨੋਂ ਉਹ ਮੈਦਾਨ ਖਿੱਧੂਆਂ ਤੇ ਖੂੰਡੀਆਂ ਨਾਲ ਭਰ ਗਿਆ ਹੈ। (ਸਿਰ=ਖਿਧੂ! ਪੈਰ ਲੱਤਾਂ=ਖੂੰਡੀ)।

੩੯. ਤਰੰਕਾਰ[2] ਤੀਰੋ ਤਰੰਕੇ ਕਮਾਂ॥
ਬਰਾਮਦ ਯਕੇ ਹਾਇ ਹੂ ਅਜ਼ ਜਹਾਂ॥

ਕਮਾਨਾਂ (ਦੇ ਖਿੱਚੀਣ ਦੀ) ਅਵਾਜ਼ ਤੀਰਾਂ (ਦੇ ਚੱਲਣ) ਤੇ ਵੱਜਣ ਦੀ, (ਬੰਦੂਕਾਂ ਦੇ ਭਰਨ ਤੇ ਸਰ ਹੋਣ ਦੀ ਸੜਕ ਤੜਕ ਦੀ ਅਵਾਜ਼ ਨਾਲ) ਜਹਾਨ ਤੋਂ ਇਕ ਹਾਹਾਕਾਰ ਨਿਕਲੀ।

੪੦. ਦਿਗਰ ਸ਼ੇਰਸ਼ੇ ਕੈਬਰੇ ਕੀਨਹ ਕੋਸ਼॥
ਜ਼ਿ ਮਰਦਾਨ ਮਰਦਾਂ ਬਿਰੂੰ ਰਫ਼ਤ ਹੋਸ਼॥

ਫਿਰ ਮਾਰੂ ਤੀਰਾਂ ਦੀ ਸ਼ਰੋਸ਼ (ਤੜਥੱਲ) ਨੇ (ਉਹ ਊਧਮ ਮਚਾਇਆ ਕਿ) ਬਹਾਦਰਾਂ ਤੋਂ

---

੧. ਪਾਠਾਂਤ੍ਰ-ਸੈਲੇ ਦਵਾਂ। ੨. ਸੈਲੇ ਰਵਾਂ ਤੋਂ ਮਤਲਬ ਉਸਦੇ ਸਾਥੀਆਂ ਦੀ ਬਹੁਤਾਤ ਤੋਂ ਹੈ, ਤੇ ਤੀਰ ਗੋਲੀ ਵਾਂਗ ਆਉਣ ਤੋਂ ਉਨ੍ਹਾਂ ਦੀ ਰਫਤਾਰ ਦੀ ਤੇਜ਼ੀ ਮੁਰਾਦ ਹੈ। ੩. ਸੈਨਾਪਤ ਵਲ ਇਸ਼ਾਰਾ ਹੈ।

੪. ਅੱਖਰੀ ਅਰਥ-ਇਕ ਲਾਚਾਰ ਤੀਰ ਨਾਲ ਮੈਂ ਉਸ ਨੂੰ ਬਖਸ਼ ਦੇਂਦਾ। ਸ਼ਾਯਦ ਇਹੋ ਅਰਥ ਠੀਕ ਹੈ ਤੇ ਭਾਵ ਹੈ ਕਿ ਮੈਂ ਇਕ ਤੀਰ ਮਾਰ ਕੇ ਉਸਦੇ ਬੇਈਮਾਨ ਹੋ ਜਾਣ ਦਾ ਗੁਨਾਹ ਉਸ ਨੂੰ ਬਖਸ਼ ਦੇਂਦਾ ਹੈ (ਲਾਚਾਰ=ਜ਼ਰੂਰ। ਯਾ ਐਸਾ ਕਿ ਜਿਸਦਾ ਦਾਰੂ ਨਾ ਹੋ ਸਕੇ)।

੧. ਲਾਲ ਰੰਗ ਦਾ ਇਕ ਫੁਲ, ਕਈ ਇਸ ਨੂੰ ਲਾਲ ਪੋਸਤ ਦਾ ਫੁੱਲ ਸਮਝਦੇ ਹਨ

੨. ਤਰੰਕਾਰ ਲਿਖਾਰੀ ਦੀ ਉਕਾਈ ਹੈ, ਫਾਰਸੀ ਪਦ ਹੈ ਤਰੰਗ, ਉਸਤੋਂ ਤਰੰਗਾਰ, ਤਰੰਗ ਦੇ ਅਰਥ ਹਨ:-ਉਹ ਆਵਾਜ਼ ਜੋ ਤੀਰ ਛੁੱਟਣ ਵੇਲੇ ਕਮਾਨ ਤੋਂ, ਤੀਰ ਤਰਵਾਰ ਗੁਰਜ ਦੇ ਲੱਗਣ ਵੇਲੇ ਯਾ ਤਲਵਾਰ ਦੇ ਟੁੱਟਣ ਵੇਲੇ ਹੋਵੇ। 'ਤਰੰਗਾਰ' ਪਦ ਵਿਚ ਸਾਰੀਆਂ ਅਵਾਜ਼ਾਂ ਤੋਂ ਮੁਰਾਦ ਲਈ ਗਈ ਸਹੀ ਹੁੰਦੀ ਹੈ।

ਬਹਾਦਰਾਂ ਦੇ ਹੋਸ਼ ਗੁੰਮ ਹੋ ਗਏ[1]।

੪੧. ਹਮਾਖ਼ਰ ਚਿ ਮਰਦੀ ਕੁਨਦ ਕਾਰਜ਼ਾਰ[2]॥
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ॥

(ਸੋਚ) ਕਿ ਆਖ਼ਰ ਲੜਾਈ ਵਿਚ (ਬਹਾਦਰਾਂ ਦੀ ਇਕੱਲੀ) ਮਰਦਾਨਗੀ ਕੀ ਕਰੇ ਜਦੋਂ ਚਾਲੀ ਮਰਦਾਂ ਉਤੇ ਬੇਸ਼ੁਮਾਰ[3] (ਸੈਨਾ) ਆ ਪਵੇ।

{ਚਮਕੌਰ ਤੋਂ ਨਿਕਲਣਾ}

੪੨. ਚਰਾਗ਼ੋ ਜਹਾਂ ਚੂੰ ਸ਼ੁਦਹ ਬੁਰਕ਼ਹ ਪੇਸ਼॥
ਸ਼ਹੇ ਸ਼ਬ ਬਰਾਮਦ ਹਮਹ[4] ਜਲਵਹ ਜੋਸ਼॥

ਜਗਤ ਦਾ ਦੀਵਾ[5] ਜਦ ਘੁੰਡ ਕੱਢ ਬੈਠਾ (ਤੇ) ਰਾਤ ਦਾ ਸ਼ਾਹ[6] ਪੂਰੇ ਜੋਸ਼ ਵਾਲੇ ਜਲਵੇ (ਨਾਲ) ਬਾਹਰ ਆਇਆ। (ਭਾਵ-ਸੂਰਜ ਡੁਬ ਗਿਆ, ਰਾਤ ਪੈ ਗਈ ਤੇ ਚੰਦ ਚੜ੍ਹ ਪਿਆ)।

੪੩. ਹਰਾਂਕਸ ਕਿ ਕ਼ੁਉਲੇ ਕ਼ੁਰਾਂ ਆਯਦਸ਼॥
ਕਿ ਯਜ਼ਦਾਂ ਬਰੋ ਰਹਨੁਮਾ ਆਯਦਸ਼॥

ਹਰ ਉਸ ਕਿਸੇ ਉਤੇ ਕਿ ਜਿਸ ਨੂੰ (ਦੂਸਰੇ ਦੇ) ਕੁਰਾਨ ਨਾਲ (ਦਿੱਤੇ) ਕੌਲ ਪਰ (ਭਰੋਸਾ) ਆ ਜਾਵੇ (ਕੌਲ ਦੇਣ ਵਾਲਾ ਚਾਹੋ ਦਗ਼ਾ ਕਰੇ, ਪਰ ਜਾਣ) ਕਿ ਰੱਬ ਉਸ ਦੇ (ਸਿਰ) ਉਤੇ (ਹੁੰਦਾ ਹੈ ਤੇ ਉਸ ਦਾ) ਰਹਿਬਰ ਹੋ ਜਾਂਦਾ ਹੈ।

੪੪. ਨ ਪੇਚੀਦ ਮੂਏ ਨ ਰੰਜੀਦ ਤਨ॥
ਕਿ ਬੇਰੂੰ ਖ਼ੁਦ ਆਵੂਰਦ ਦੁਸ਼ਮਨ ਸ਼ਿਕਨ॥

ਸੋ (ਦੇਖ ਲੈ ਕਿ ਉਹ) ਦੁਸ਼ਮਨਾਂ ਨੂੰ ਤੋੜ ਦੇਣ ਵਾਲਾ (ਰੱਬ ਸਾਨੂੰ ਉਸ ਰਾਤ ਦੁਸ਼ਮਨ ਦੇ ਘੇਰੇ ਵਿਚੋਂ) ਆਪ ਬਾਹਰ ਲੈ ਆਇਆ (ਇਸ ਖ਼ੂਬੀ ਨਾਲ ਕਿ) ਨਾ ਤਾਂ (ਸਾਡੇ) ਸਰੀਰ ਨੂੰ ਕੋਈ ਨੁਕ-ਸਾਨ ਪੁੱਜਾ ਤੇ ਨਾ ਵਾਲ (ਤਕ) ਹੀ ਵਿੰਗਾ ਹੋਇਆ।

੪੫. ਨ ਦਾਨਮ ਕਿ ਈਂ ਮਰਦ ਪੈਮਾਂ ਸ਼ਿਕ਼ਨ॥
ਕਿ ਦਉਲਤ ਪਰਸਤਸਤ ਈਮਾਂ ਫ਼ਿਰੋਸ਼॥

ਪਤਾ ਨਹੀਂ ਕਿ (ਕਿਉਂ) ਇਹ ਮਰਦ[1] ਜੋ ਅਹਿਦ ਕਰਕੇ ਤੋੜਨ ਵਾਲਾ ਹੈ (ਇੰਨਾਂ) ਦੌਲਤ ਦੀ ਪੂਜਾ ਕਰਨੇ ਵਾਲਾ ਹੈ (ਕਿ ਦੌਲਤ ਬਦਲੇ) ਦੀਨ ਨੂੰ ਬੀ ਪਰੇ ਸੱਟਣੇ ਵਾਲਾ ਹੈ।

੪੬. ਨ ਈਮਾਂ ਪਰਸਤੀ ਨ ਅਉਜ਼ਾਇ ਦੀਂ॥
ਨ ਸਾਹਿਬ ਸ਼ਨਾਸੀ ਨ ਮਹਮਦ ਯਕੀਂ॥

(ਸੱਚ ਹੈ ਕਿ) ਤੂੰ ਨਾ ਤਾਂ ਦੀਨ ਦੀ ਪੂਜਾ ਕਰਨੇ ਵਾਲਾ ਹੈਂ, ਨਾ ਤੇਰੇ (ਏਹ) ਤਰੀਕੇ[2] ਦੀਨ ਦੇ ਹਨ, ਨਾ ਤੂੰ ਮਾਲਕ (ਵਾਹਿਗੁਰੂ) ਨੂੰ ਪਛਾਣਦਾ ਹੈਂ, ਨਾਂ ਤੈਨੂੰ ਮੁਹੰਮਦ ਤੇ ਭਰੋਸਾ ਹੈ[3]।

੪੭. ਹਰਾਂਕਸ ਕਿ ਈਮਾਂ ਪਰਸਤੀ ਕੁਨਦ॥
ਨ ਪੈਮਾਂ ਖ਼ੁਦਸ਼ ਪੇਸ਼ੋ ਪਰਸਤੀ ਕੁਨਦ॥

(ਕਿਉਂਕਿ) ਹਰ ਕੋਈ ਜੋ (ਆਪਣੇ) ਈਮਾਨ ਦੀ ਪਾਲਣਾ ਕਰਦਾ ਹੈ, ਉਹ ਆਪਣੇ (ਕੀਤੇ) ਇਕਰਾਰ ਤੋਂ ਟਲਦਾ ਨਹੀਂ[4]।

੪੮. ਕਿ ਈਂ ਮਰਦ ਰਾ ਜ਼ੱਰਹ ਐਤਬਾਰ ਨੇਸਤ॥
ਚਿ ਕ਼ਸਮੇ ਕ਼ੁਰਾਨਸਤ ਯਜ਼ਦਾਂ ਯਕੇਸਤ॥

ਪਰ ਇਸ ਮਰਦ ਨੂੰ ਜ਼ਰਾ ਜਿੰਨਾ ਇਤਬਾਰ ਨਹੀਂ ਹੈ (ਇਸ ਗਲ ਉਤੇ ਕਿ) ਕੁਰਾਨ ਦੀ ਸਹੁੰ ਕੀ (ਸ਼ੈ) ਹੁੰਦੀ ਹੈ (ਤੇ ਨਾ ਇਸਨੂੰ ਇਤਬਾਰ ਹੈ ਕਿ) ਰੱਬ ਇਕ ਹੈ (ਭਾਵ ਕਿ ਜਿਸਦੀ ਉਹ ਸਹੁੰ ਖਾ ਰਿਹਾ ਹੈ ਤੇ ਜਿਸ ਪਾਸ ਹਿਸਾਬ ਹੋਣਾ ਹੈ ਸਹੁੰਆਂ ਖਾਧੀਆਂ ਦਾ ਉਹ ਸਾਰਿਆਂ ਦਾ ਰੱਬ ਇਕੋ ਹੈ)।

---

੧. ਭਾਵ ਹੈ ਕਿ ਸਾਡੇ ਤੀਰ ਅਚੁੱਕ ਨਿਸ਼ਾਨੇ ਬੈਠਦੇ ਸਨ ਤੇ ਐਵੇਂ ਲੱਗ ਕੇ ਨਹੀਂ ਢੈ ਪੈਂਦੇ ਸਨ, ਜਿਸ ਨੂੰ ਲੱਗਦੇ ਉਸਨੂੰ ਘਾਇਲ ਕੀਤੇ ਬਿਨਾਂ ਨਹੀਂ ਸਨ ਛੱਡਦੇ। ਇਸ ਕਰਕੇ ਤੁਸਾਡੇ ਦਲ ਵਿਚ ਸਭ ਦੇ ਛੱਕੇ ਛੁੱਟ ਰਹੇ ਸਨ।

੨. ਪਾਠਾਂਤ੍ਰ ਭੇਦ ਹੈ, 'ਕੁਨਦ ਕਾਰਜ਼ਾਰ' ਤੇ 'ਦੁਨਦ ਵਕਤ ਕਾਰ' ਪਹਿਲਾ ਪਾਠ ਸ਼ੁੱਧ ਹੈ।

੩. ਇਥੇ ਮਾਨੋਂ ਪਿੱਛੋਂ ਆਏ 'ਦਹ-ਲਕ' ਪਾਠ ਦਾ ਟੀਕਾ ਆਪ ਕਰ ਦਿੱਤਾ ਹੈ-ਬੇਸ਼ੁਮਾਰ।

੪. ਬਹਮ। ੫. ਪਾ:-ਚਾਰਗੋ ਜਹਾਨੇ।

੬. ਪਾ:-ਸ਼ਬੇ ਸ਼ਾਹ।

---

੧. ਮਰਦ ਤੋਂ ਮੁਰਾਦ ਔਰੰਗਜ਼ੇਬ ਹੈ ਜੋ ਦੁਨੀਆਂ ਵਿਚ ਇੱਡਾ ਵਡਾ ਹੋਕੇ ਫੇਰ ਅਹਿਦ ਤੋੜਦਾ ਹੈ।

੨. ਔਜ਼ਾਦਿ, ਜਮਾਂ ਹੈ ਵਜ਼ਅ੍ਹ ਦੀ=ਤਰੀਕੇ।

੩. 'ਨ ਮਹਮਦ ਯਕੀਂ' ਦੀ ਥਾਵੇਂ 'ਮੁਹੰਮਦ ਯਕੀਂ' ਸ਼ੁੱਧ ਪਾਠ ਹੋਣਾ ਹੈ। ਪਹਿਲਾ 'ਨ' ਦੇਹੁਰੀ ਦੀਪਕ ਹੈ।

੪. ਪਸੋ ਪੇਸ਼ ਕਰਨਾ=ਨੁਕਤੇ ਤੇ ਨਾ ਟਿਕੇ ਰਹਿਣਾ। ਮੁਹਾਵਰੇ ਵਿਚ ਹੈ ਟਾਲਣਾ, ਪੂਰਾ ਨਾ ਕਰਨਾ।

੪੯. ਚੁ ਕ਼ਸਮੇ ਕ਼ੁਰਾਂ ਸਦ ਕ਼ੁਨਦ ਇਖ਼ਤੀਆਰ॥
ਮਰਾ ਕ਼ਤਰੋਹ ਨਾਯੋਦ ਅਜ਼ੋ ਐਤਬਾਰ॥

(ਹੁਣ) ਜੇ (ਉਹ) ਕੁਰਾਨ ਦੀਆਂ ਸੌ ਕਸਮਾਂ ਪਿਆ ਚਾਵੇ ਮੈਨੂੰ ਉਸ ਤੇ ਫੂਹੀ ਜਿੰਨਾਂ ਇਤਬਾਰ ਨਹੀਂ ਆ ਸਕਦਾ, ਇਸ (ਉਪਰ ਦੱਸੇ) ਕਾਰਨ ਕਰਕੇ*।

੫੦. ਅਗਰਚਿਹ ਤੁਰਾ ਐਤਬਾਰ ਆਮਦੇ॥
ਕਮਰ ਬਸਤਹਏ ਪੇਸ਼ਵਾ ਆਮਦੇ॥

ਜੇ ਤੈਨੂੰ (ਆਪਣੀ ਸਹੁੰ ਉਤੇ) ਇਤਬਾਰ ਹੁੰਦਾ ਤਾਂ ਤੂੰ (ਆਪਣੇ ਕੀਤੇ ਇਕਰਾਰ ਉਤੇ) ਲੱਕ ਬੰਨ ਕੇ ਸਾਡੇ ਸਾਹਮਣੇਂ ਆ ਜਾਂਦਾ।

੫੧. ਕਿ ਫ਼ਰਜ਼ਸਤ ਬਰਸਰ ਤੁਰਾ ਈਂ ਸਖ਼ੁਨ॥
ਕਿ ਕ਼ਉਲ ਖ਼ੁਦਾ ਅਸਤੁ ਕਸਮ ਅਸਤ ਮਨ॥

(ਹੁਣ) ਤੇਰੇ ਸਿਰ ਉਤੇ ਇਸ ਸੁਖਨ (ਦੀ ਪਾਲਣਾ ਕਰਨਾ) ਫਰਜ਼ ਹੈ, ਕਿਉਂਕਿ ਤੁਸਾਂ ਕੌਲ ਕੀਤਾ ਹੈ ਮੇਰੇ ਨਾਲ ਤੇ ਕਸਮ ਖਾਧੀ ਹੈ ਖ਼ੁਦਾ ਦੀ (ਉਸ ਕੌਲ ਦੇ ਪੂਰਾ ਕਰਨ ਲਈ)।

੫੨. ਅਗਰ ਹਜ਼ਰਤੇ ਖ਼ੁਦ ਸਿਤਾਦਹ ਸ਼ਵਦ॥
ਬਜ਼ਾਨੋ ਦਿਲੇ ਕਾਰ ਵਾਜ਼ਹ ਸ਼ਵਦ॥

(ਕਿਉਂਕਿ) ਜੇ ਤੂੰ (ਇੱਥੇ) ਆਪ ਆ ਮੌਜੂਦ ਹੋਵੇਂ (ਤਾਂ ਮੇਰੀ ਵਲੋਂ) ਦਿਲੋਂ ਜਾਨੋਂ ਸਾਰਾ (ਹੋ ਚੁਕਾ) ਕੰਮ (ਤੇਰੇ ਤੇ) ਵਾਜ਼ਿਆ ਹੋ ਜਾਵੇ[1]।

੫੩. ਸ਼ੁਮਾ ਰਾ ਚੁ ਫਰਜ਼ ਅਸਤ ਕਾਰੇ ਕੁਨੀ॥
ਬਮੂਜਬ ਨਵਿਸ਼ਤਹ ਸ਼ੁਮਾਰੇ ਕੁਨੀ॥

ਤੁਹਾਡਾ ਫਰਜ਼ ਹੈ ਕਿ (ਚੁ=) ਜਦ ਕੋਈ ਕੰਮ ਕਰੋ (ਤਾਂ ਆਪਣੇ) ਲਿਖੇ ਦੇ ਅਨੁਸਾਰ ਵੀਚਾਰ (ਬੀ) ਕਰੋ[2]।

੫੪. ਨਵਿਸ਼ਤਹ ਰਸੀਦੋ ਬਿਗੁਫ਼ਤਹ ਜ਼ੁਬਾਂ॥
ਬਬਾਯਦ ਕਿ ਕਾਰ ਈਂ ਬਰਾਹਤ ਰਸਾਂ॥

(ਤੇਰਾ) ਜ਼ੁਬਾਨੀਂ ਆਖਿਆ (ਤੇ) ਲਿਖਿਆ (ਸੰਦੇਸਾ) ਪਹੁੰਚ ਗਿਆ ਸੀ (ਹੁਣ ਤੈਨੂੰ) ਬਣਦਾ ਹੈ (ਕਿ ਉਸ ਲਿਖੇ ਤੇ ਆਖੇ ਮੁਜ਼ਬ) ਇਸ ਕੰਮ ਨੂੰ ਕਿਸੇ ਸੁਖ ਵਿਚ ਪੁਚਾਵੇਂ।

੫੫. ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ॥
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ॥

ਹਰੇਕ ਆਦਮੀ ਨੂੰ ਚਾਹੀਦਾ ਹੈ (ਕਿ ਆਪਣੇ ਇਕਰਾਰਾਂ ਦੇ ਪੂਰਾ ਕਰਨੇ ਵਾਲਾ ਹੋਵੇ, (ਇਹ ਜੋਗ ਨਹੀਂ ਕਿ) ਦਿਲ ਵਿਚ[3] ਕੁਛ ਹੋਰ ਹੋਵੇ ਤੇ ਮੂੰਹ ਵਿਚ ਕੁਛ ਹੋਰ ਹੋਵੇ।

੫੬. ਕਿ ਕ਼ਾਜ਼ੀ ਮਰਾ ਰੁਫ਼ਤਹ ਬੇਰੂੰ ਨਿਯਮ॥
ਅਗਰ ਰਾਸਤੀ ਖ਼ੁਦ ਬਿਯਾਰੀ ਕ਼ਦਮ॥

ਕਾਜ਼ੀ ਨੇ (ਤੁਹਾਡਾ ਸੰਦੇਸ) ਮੈਨੂੰ ਇਹ ਆਖਿਆ ਸੀ (ਕਿ ਪਾਤਸ਼ਾਹ ਕਹਿੰਦਾ ਹੈ ਕਿ) ਮੈਂ (ਆਪਦੇ ਭਾਵ ਗੁਰੂ ਜੀ ਦੇ ਹੁਕਮ ਤੋਂ) ਬਾਹਰ ਨਹੀਂ ਹਾਂ। ਜੇ ਤੂੰ ਸੱਚਾ ਹੈਂ (ਤਾਂ ਹੁਣ ਬਣਦਾ ਹੈ ਕਿ ਤੂੰ) ਏਥੇ ਆਪਣੇ ਕਦਮ ਲਿਆਵੇਂ (ਭਾਵ ਆਪ ਏਥੇ ਆਵੇਂ)।

ਇਸ ਤੋਂ ਜਾਪਦਾ ਹੈ ਕਿ ਜਦੋਂ ਕਾਜ਼ੀ ਨੇ ਗੁਰੂ ਜੀ ਪਾਸ ਜਾ ਕੇ ਪਾਤਸ਼ਾਹ ਦਾ ਨਵਿਸ਼ਤਹ ਦਿਤਾ

---

*ਅਜ਼ੋ ਦਾ ਇਸ਼ਾਰਾ ਪਿਛਲੇ ਸ਼ਿਅਰ ਵਿਚ ਦੱਸੇ ਕਾਰਨ ਵਲ ਹੈ। ਸਹੁੰ ਖਾਣ ਵਾਲੇ ਨੂੰ ਖ਼ੁਦ ਕ਼ੁਰਾਨ ਦੀ ਸਹੁੰ ਤੇ ਇਤਬਾਰ ਨਹੀਂ ਤੇ ਨਾ ਰੱਬ ਦੀ ਏਕਤਾਈ ਉਤੇ।

ਆਖਦੇ ਹਨ ਕਿ ਔਰੰਗਜ਼ੇਬ ਨੇ ਆਪ ਨੂੰ ਸੱਦ ਘੱਲਿਆ ਸੀ, ਜਦੋਂ ਸਹੁੰ ਖਾਧੀ ਸੀ ਕਿ ਜੰਗ ਛੱਡਕੇ ਮੇਰੇ ਪਾਸ ਆਓ। ਉਸ ਬਾਬਤ ਕਹਿ ਰਹੇ ਹਨ ਕਿ ਹੁਣ ਤੇਰੇ ਤੇ ਇਤਬਾਰ ਨਹੀਂ ਰਿਹਾ, ਤੇ ਮੈਂ ਨਹੀਂ ਆ ਰਿਹਾ। ਪਰ ਤੂੰ ਆਪ ਦਗ਼ੇਬਾਜ਼ ਹੈਂ ਤੈਨੂੰ ਦੂਸਰੇ ਤੇ ਬੀ ਭਰੋਸਾ ਨਹੀਂ। ਕਿਉਂਕਿ ਤੈਨੂੰ ਕਿਸੇ ਤੇ ਇਤਬਾਰ ਨਹੀਂ ਇਸ ਕਰਕੇ ਤੂੰ ਬੀ ਨਹੀਂ ਆਇਆ। ਜਾਪਦਾ ਹੈ ਕਿ ਕਾਜ਼ੀ ਨੇ ਪਾਤਸ਼ਾਹ ਦੇ ਆਪ ਆਉਣ ਬਾਬਤ ਗੁਰੂ ਜੀ ਨੂੰ ਸੱਚ ਯਾ ਖੁਸ਼ ਕਰਨੇ ਲਈ ਕਿਹਾ ਸੀ। ਅਗੇ ਸ਼ੇਅਰ ੫੬ ਤਕ਼ ਇਹੋ ਗੱਲ ਖੁੱਲ੍ਹਦੀ ਹੈ।

੧. ਕਈ ਸਿਆਣਿਆਂ ਨੇ ਇਸਦਾ ਭਾਵ ਇਹ ਬੀ ਕੱਢਿਆ ਹੈ ਕਿ ਜੇ ਤੁਹਾਡਾ (ਮੁਹੰਮਦ) ਆ ਮੌਜੂਦ ਹੋਵੇ ਤਾਂ ਉਸ ਉਤੇ ਸਾਰੀ ਗਲ ਖੁੱਲ੍ਹ ਜਾਵੇ ਤਾਂ ਤੇਰੀ ਝੂਠੀ ਸਹੁੰ ਦਾ ਮੁੱਲ ਪਵੇ।

੨. ਸ਼ੁਮਾਰੇ ਕੁਨੀ=ਵੀਚਾਰ ਕਰੋ। ਭਾਵ ਪੜਤਾਲ ਕਰੋ ਕਿ ਲਿਖ ਕੇ ਦਿੱਤੇ ਅਹਿਦ ਮੁਜਬ ਕੰਮ ਹੋਯਾ ਹੈ ਕਿ ਉਲਟ।

੩. ਢਿਡ ਵਿਚ ਕੁਛ ਹੋਰ ਹੋਣੇ ਦਾ ਭਾਵ ਹੈ ਦਿਲ ਵਿਚ ਕੁਛ ਹੋਰ ਹੋਵੇ।

ਤਾਂ ਜ਼ੁਬਾਨੀ ਸੁਨੇਹੇ ਬੀ ਦਿਤੇ। ਉਸ ਵੇਲੇ ਇਹ ਬੀ ਕਿਹਾ ਕਿ ਪਾਤਸ਼ਾਹ ਤੁਹਾਡੀ ਬਜ਼ੁਰਗੀ ਦਾ ਕਾਯਲ ਹੈ ਤੇ ਤੁਹਾਥੋਂ ਨਾਬਰ ਨਹੀਂ, ਹੁਣ ਜੰਗ ਵਿਚ ਰੁੱਝਾ ਹੈ, ਪਰ ਥੋੜੇ ਚਿਰ ਨੂੰ ਵਿਹਲਾ ਹੋਕੇ ਉਹ ਆਪ ਆਕੇ ਨਜਾਜ਼ ਹਾਸਲ ਕਰੇਗਾ, ਜੀਕੂੰ ਅਕਬਰ ਗੁਰਾਂ ਨੂੰ ਮਿਲਿਆ ਸੀ। ਕਿਸੇ ਇਸ ਪ੍ਰਕਾਰ ਦੇ ਇਕਰਾਰ ਵਲ, ਜੋ ਕਾਜ਼ੀ ਨੇ ਕੀਤਾ ਸੀ, ਗੁਰੂ ਜੀ ਔਰੰਗਜ਼ੇਬ ਦੀ ਤਵੱਜੋ ਦਿਵਾ ਰਹੇ ਹਨ ਕਿ ਤੂੰ ਏਥੇ ਆ। ਤੇ ਅਗਲੇ ਸ਼ਿਅਰ ਵਿਚ ਕਹਿਣਗੇ ਕਿ ਜੋ ਲਿਖੀ ਹੋਈ ਕਸਮ ਤੇਰੀ ਹੈ, ਉਹ ਜੇ ਚਾਹੋਂ ਤਾਂ ਮੈਂ ਤੇਰੇ ਪਾਸ ਪੁਚਾ ਦਿਆਂ; ਗੋਯਾ ਉਸ ਵੇਲੇ ਤਕ ਉਹ ਅਹਿਦਨਾਮਾ ਗੁਰੂ ਜੀ ਦੇ ਪਾਸ ਹੈਗਾ ਸੀ। ਇਸ ੫੬ ਸ਼ਿਅਰ ਵਿਚ ਕਾਜ਼ੀ ਦਾ ਜ਼ਿਕਰ ਹੈ ਕਿ ਜ਼ੁਬਾਨੀ ਹੋਈ ਗੱਲ ਬਾਤ ਉਸ ਤੋਂ ਪੁਛ ਲਵੋ, ਇਸ ਤੋਂ ਪਹਿਲੇ ਸ਼ਿਅਰ ੫੦-੫੨ ਵਿਚ ਕਹਿ ਆਏ ਹਨ ਕਿ ਜੇ ਤੂੰ ਮੇਰੇ ਸਾਹਮਣੇ ਖੜਾ (ਮੌਜੂਦ) ਹੋਵੇਂ ਤਾਂ.....

੫੭. ਤੁਰਾ ਗਰ ਬਬਾਯਦ ਓ[1] ਕ਼ਉਲੇ ਕ਼ੁਰਾਂ॥
ਬਨਿਜ਼ਦੇ ਸ਼ੁਮਾ ਰਾ ਰਸਾਨਮ ਹੋਮਾਂ॥

ਜੇਕਰ ਤੈਨੂੰ ਲੋੜ ਹੋਵੇ ਉਸ ਕੁਰਾਨ ਦੇ ਕੌਲ ਦੀ ਤਾਂ ਉਹ ਮੈਂ ਤੁਸਾਂ ਦੇ ਪਾਸ ਪਹੁੰਚਾ ਦੇਂਦਾ ਹਾਂ।

ਕੌਲੇ ਕੁਰਾਂ ਦਾ ਇਹ ਭਾਵ ਬੀ ਹੋ ਸਕਦਾ ਹੈ, ਕੌਲ ਵਾਲਾ ਕੁਰਾਨ ਜਿਸ ਕੁਰਾਨ ਪਰ ਕੌਲ ਲਿਖ ਕੇ ਕਾਜ਼ੀ ਗੁਰੂ ਜੀ ਪਾਸ ਲੈ ਗਿਆ ਸੀ[2] ਦੂਜੇ ਕੁਰਾਂ ਦੀ ਕਸਮ ਨਾਲ ਜੋ ਇਕਰਾਰ ਨਾਮਾ ਲਿਖਿਆ ਗਿਆ ਸੀ[3]।

---

੧. ਫਾਰਸੀ ਤੋਂ ਅੰਞਾਣ ਲਿਖਾਰੀਆਂ ਨੇ ਫਾਰਸੀ ਦੇ 'ਓ' ਦੀ ਥਾਵੇਂ ਏਥੇ 'ਬ' ਕਰ ਦਿੱਤਾ ਹੈ।

੨. ਕਈ ਵੇਰ ਕੀਤੇ ਇਕਰਾਰ ਕੁਰਾਨ ਦੇ ਖ਼ਾਲੀ ਸਫੇ ਤੇ ਲਿਖਕੇ ਜ਼ਾਮਨੀ ਦਿਤੀ ਜਾਂਦੀ ਸੀ। ਐਸਾ ਇਕ ਕੁਰਾਨ ਮਹਾਰਾਜਾ ਰਣਜੀਤ ਸਿੰਘ ਨਾਲ ਹੋਏ ਕਾਬਲੀਆਂ ਵਲੋਂ ਕਿਸੇ ਅਹਿਦਨਾਮੇ ਵਾਲਾ ਕਿਸੇ ਸਜਣ ਪਾਸ ਸੁਣੀਦਾ ਹੈ।

੩. ਉਹ ਕੀਤਾ ਇਕਰਾਰ ਅਜੇ ਗੁਰੂ ਜੀ ਪਾਸ ਹੈ ਤੇ ਪਾਤਸ਼ਾਹ ਨੂੰ ਦੱਸਣ ਲਈ ਤਯਾਰ ਹਨ। ਇਸ ਤੋਂ ਪਤਾ ਚਲਦਾ ਹੈ ਕਿ ਇਸ ਜ਼ਫਰਨਾਮੇ ਵਿਚ ਕੁਛ ਪੁੱਛਾਂ ਦੇ ਉੱਤਰ ਹਨ।

੫੮. ਕਿ ਤਸ਼ਰੀਫ ਦਰ ਕਸਬਹ 'ਕਾਂਗੜ' ਕੁਨਦ॥
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ॥

(ਸੋ ਕਾਜ਼ੀ ਦੇ ਕਹੇ ਮੂਜਬ ਨੇ ਔਰੰਗਜ਼ੇਬ) ਕਾਂਗੜ ਕਸਬੇ ਵਿਚ ਤਸ਼ਰੀਫ (ਆਵਰੀ) ਕਰੇ, ਇਸਤੋਂ ਉਪਰੰਤ ਆਪੋ ਵਿਚ ਮੁਲਾਕਾਤ ਹੋ ਜਾਵੇ।

੫੯. ਨ ਜ਼ੱਰਹ ਦਰੀਂ ਰਾਹਿ ਖ਼ਤਰਹ ਤੁਰਾਸਤ॥
ਹਮਹ ਕੌਮ 'ਬੈਰਾੜ' ਹੁਕਮੇ ਮਰਾਸਤ॥

ਇਸ ਰਸਤੇ ਵਿਚ ਤੁਸਾਂ ਲਈ ਜ਼ਰਾ ਭਰ ਬੀ ਖ਼ਤਰਾ ਨਹੀਂ ਹੈ (ਕਿਉਂਕਿ ਇਹ ਬੈਰਾੜਾਂ ਦਾ ਦੇਸ਼ ਹੈ ਤੇ) ਸਾਰੀ ਬੈਰਾੜਾਂ ਦੀ ਕੌਮ ਮੇਰੇ ਹੁਕਮ ਵਿਚ ਹੈ।

੬੦. ਬਿਆ ਤਾ ਬਮਨ[1] ਖ਼ੁਦ ਜ਼ੁਬਾਨੀ ਕੁਨੇਮ॥
ਬਰੂਏ ਸ਼ੁਮਾ ਮਿਹਰਬਾਨੀ ਕੁਨੇਮ॥

(ਤੂੰ) ਆਪ ਆ ਮੇਰੇ ਪਾਸ ਤਾਂ ਜ਼ੁਬਾਨੀ (ਗੱਲ ਬਾਤ) ਕਰੀਏ, ਫੇਰ ਤੁਸਾਡੇ ਉੱਤੇ ਮੂੰਹ ਰੋਬਰੂ ਮਿਹਰਬਾਨੀ ਕਰੀਏ। (ਭਾਵ-ਜੋ ਅਹਿਦ ਸ਼ਿਕਨੀ ਕੀਤੀ ਗਈ ਤੇ ਸਾਨੂੰ ਖੇਚਲ ਦਿਤੀ ਗਈ, ਉਹ ਮਾਫ ਕਰ ਦੇਵੀਏ)।

੬੧[2]. ਯਕੇ ਅਸਪ ਸ਼ਾਇਸਤਹਏ ਯਕ ਹਜ਼ਾਰ॥
ਬਿਆ ਤਾ ਬਗੀਰੀ ਬਮਨ ਈਂ ਦਿਆਰ॥

ਇਕ ਚੰਗਾ ਘੋੜਾ ਇਕ ਹਜ਼ਾਰ (ਮੁੱਲ) ਦਾ ਲੈਕੇ (ਨਜ਼ਰਾਨੇ ਵਜੋਂ) ਮੇਰੇ ਪਾਸ ਆ ਤਾਕਿ ਇਹ ਇਲਾਕਾ ਮੇਰੇ ਪਾਸੋਂ ਲੈ ਲਵੇਂ।

ਉਸ ਸਮੇਂ ਪਾਤਸ਼ਾਹਾਂ ਦੀ ਮਿਹਰ ਦੇ ਪਾਤ੍ਰ ਇਕ ਕੀਮਤੀ ਘੋੜਾ ਨਜ਼ਰ ਦੇ ਤੌਰ ਤੇ ਪੇਸ਼ ਕਰਦੇ ਸਨ ਤੇ ਪਾਤਸ਼ਾਹ ਵਲੋਂ ਜਾਗੀਰ ਮਿਲ ਜਾਂਦੀ ਸੀ। ਸੋ ਗੁਰੂ ਸਾਹਿਬ ਕਹਿ ਰਹੇ ਹਨ ਕਿ ਇਹ ਇਲਾਕਾ ਜੇ ਤੂੰ ਲੈਣਾ ਹੈ ਤਾਂ ਘੋੜਾ ਨਜ਼ਰ ਕਰ ਤਾਂ ਅਸੀਂ ਇਹ ਇਲਾਕਾ ਤੈਨੂੰ ਬਖਸ਼ ਦੇਵੀਏ। ਕਾਜ਼ੀ ਦੇ ਕਹੇ ਮੂਜਬ ਪਾਤਸ਼ਾਹ ਦੇ ਆਉਣ ਦੀ ਗੱਲ ਮੁਕਾ ਕੇ ਆਪਣੇ ਜਾਣੇ ਬਾਬਤ ਜ਼ਿਕਰ ਚਲਦਾ ਹੈ। ਏਥੋਂ ਜਾਪਦਾ ਹੈ ਕਿ ਪਾਤਸ਼ਾਹ ਨੇ ਆਪ ਨੂੰ ਸੱਦਿਆ ਹੈ। ਫੁਰਮਾਉਂਦੇ ਹਨ:-

---

੧. ਏਥੇ 'ਬਮਨ' ਦੀ ਥਾਵੇਂ ਪਾਠ 'ਸੁਖਨ' ਹੋਣਾ ਹੈ।

੨. ਜ਼ਫਰਨਾਮੇ ਦੀ ਇਕ ਕਾਪੀ ਵਿਚ ੬੦, ੬੧, ੬੨, ੬੩ ਚਾਰੇ ਨਹੀਂ ਹਨ। ਇਨ੍ਹਾਂ ਨੂੰ ਕਈ ਆਖੇਪਕ ਮੰਨਦੇ ਹਨ।

੬੨. ਸ਼ਹਨਸ਼ਾਹ ਰਾ ਬੰਦਹਏ ਚਾਕਰੇਮ॥
ਅਗਰ ਹੁਕੰਮ ਆਯਦ ਬਜਾਂ ਹਾਜ਼ਰੇਮ॥

ਪਾਤਸ਼ਾਹਾਂ ਦੇ ਪਾਤਸ਼ਾਹ (ਰੱਬ)੧ ਦੇ ਅਸੀਂ ਬੰਦੇ ਤੇ ਦਾਸ ਹਾਂ, (ਜੇ) ਉਸ ਦਾ ਹੁਕਮ ਆ ਜਾਵੇ ਤਾਂ ਜਾਨ ਤੋਂ ਹਾਜ਼ਰ ਹਾਂ।

੬੩. ਅਗਰਚਿ ਬਿਆਯਦ ਬਫ਼ੁਰਮਾਨੇ ਮਨ॥
ਹਜ਼ੂਰਤ ਬਿਆਯਮ ਹਮਹ ਜਾਨੋ ਤਨ॥

ਜੇ (ਉਸ ਦਾ) ਹੁਕਮ ਆ ਜਾਵੇ ਮੇਰੇ ਪਾਸ ਤਾਂ ਜਾਨ ਤੇ ਤਨ ਤੋਂ ਮੈਂ ਤੇਰੇ ਪਾਸ ਆ ਜਾਵਾਂਗਾ।

੬੪. ਅਗਰ ਤੂ ਬਯਜ਼ਦਾਂ ਪਰਸਤੀ ਕੁਨੀ॥
ਬਕਾਰੇ ਮਰਾ ਈਂ ਨ ਸੁਸਤੀ ਕੁਨੀ॥

ਜੇ ਤੂੰ ਪੂਜਾ (ਸੱਚ ਮੁਚ) ਰੱਬ ਵਾਲੀ ਕਰਦਾ ਹੈਂ (ਤਾਂ ਚਾਹੀਦਾ ਹੈ ਕਿ) ਮੇਰੇ ਇਸ ਕੰਮ ਵਿਚ ਸੁਸਤੀ ਨਾ ਕਰੇਂ।

੬੫. ਬਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ॥
ਨ ਗੁਫ਼ਤਹ ਕਸੇ ਕਸ ਖ਼ਰਾਸ਼ੀ ਕੁਨੀ॥

(ਤੈਨੂੰ) ਚਾਹੀਦਾ ਹੈ ਕਿ ਖ਼ੁਦਾ ਦੀ ਪਛਾਣ ਕਰੇਂ ਤੂੰ (ਤੇ) ਕਿਸੇ ਦੇ ਕਹੇ ਕਹਾਏ ਇਨਮਾਨਾਂ ਨੂੰ ਦੁਖ ਦੇਣਾ ਨਾ ਕਰੇਂ ਤੂੰ।

੬੬. ਤੂ ਮਸਨਦ ਨਸ਼ੀਂ ਸਰਵਰੇ ਕਾਇਨਾਤ॥
ਕਿ ਅਜਬਸ਼ਤ ਇਨਸਾਫ਼ ਈਂ ਹਮ ਸਿਫ਼ਾਤ॥

ਤੂੰ (ਪਾਤਸ਼ਾਹੀ ਦੀ) ਗੱਦੀ ਤੇ ਬੈਠਾ ਹੈਂ ਤੇ ਦੁਨੀਆਂ ਦਾ ਸਰਦਾਰ ਹੈਂ, ਤੇਰਾ ਨਿਆਂ ਅਸਚਰਜ ਹੈ, ਤੇਰੀਆਂ ਏਹ ਸਿਫਤਾਂ ਭੀ ਅਸਚਰਜ ਹਨ।

੬੭. ਕਿ ਅਜਬਸਤੁ ਇਨਸਾਫ਼ੇ ਦੀਂ ਪਰਵਰੀ॥
ਕਿ ਹੈਫ਼ ਅਸਤੁ ਸਦ ਹੈਫ਼ ਈਂ ਸਰਵਰੀ॥

(ਹਾਂ), ਅਸਚਰਜ ਹੈ (ਤੇਰਾ) ਇਨਸਾਫ ਤੇ (ਅਸਚਰਜ ਹੈ ਤੇਰੀ) ਦੀਨ ਦੀ ਪਾਲਣਾ ਕਰਨੀਂ। ਇਸ (ਤੇਰੀ) ਸਰਦਾਰੀ ਤੇ ਅਫਸੋਸ ਹੈ ਸੌ ਵਾਰੀ ਅਫਸੋਸ ਹੈ[੨]।

੬੮. ਕਿ ਅਜਬਸਤੁ ਅਜਬਸਤੁ ਫਤਵਹ ਸ਼ੁਮਾ॥
ਬਜ਼ੁਜ਼ ਰਾਸਤੀ ਸੁਖ਼ਨ ਗੁਫਤਨ ਜ਼ਿਯਾਂ॥

ਫਿਰ ਤੁਸਾਡੇ ਫਤਵੇ (ਵੀ) ਅਨੋਖੇ ਹਨ, (ਬਹੁਤ) ਅਨੋਖੇ ਹਨ, (ਕਿ ਜੋ ਸੱਚ ਨੂੰ ਛੱਡ ਕੇ ਦਿਤੇ ਜਾਂਦੇ ਹਨ, ਪਰ ਜਾਣ ਲੈ ਕਿ ਸੱਚੇ ਰੱਬ ਦੀ ਸ਼ਰਅ੍ ਵਿਚ) ਸੱਚ ਤੋਂ ਬਿਨਾਂ (ਕਿਸੇ) ਸੁਖਨ ਦਾ ਕਹਿਣਾ (ਆਪਣਾ) ਨੁਕਸਾਨ (ਆਪ ਕਰਨਾ) ਹੈ।

(ਸੁਖ਼ਨ ਦੇਣੇ ਤੇ ਪਾਲਣੇ ਨਾ, ਆਪਣੀ ਹਾਨੀ ਆਪ ਕਰ ਲੈਣੀ ਹੈ)।

੬੯. ਮਜ਼ਨ ਤੇਗ਼ ਬਰ ਖ਼ੂਨੇ ਕਸ ਬੇਦਰੇਗ਼॥
ਤੁਰਾ ਨੀਜ਼ ਖ਼ੂਨ ਅਸਤ ਬਾ ਚਰਖ਼ ਤੇਗ਼ ॥

ਕਿਸੇ ਦਾ ਖ਼ੂਨ ਕਰਨ ਲਈ ਬੇਦਰੇਗ ਹੋਕੇ ਤਲਵਾਰ ਨਾ ਚਲਾ, (ਨਹੀਂ ਤਾਂ) ਤੇਰਾ ਬੀ ਅਸਮਾਨ ਦੀ ਤਲਵਾਰ ਖ਼ੂਨ ਕਰੇਗੀ[੧]।

੭੦. ਤੂ ਗ਼ਾਫ਼ਲ ਮਸ਼ਉ ਮਰਦ ਯਜ਼ਦਾਂ ਸ਼ਿਨਾਸ॥
ਕਿ ਓ ਬੇਨਿਆਜ਼ਸਤ ਓ ਬੇ ਸਿਪਾਸ॥

ਤੂ ਗ਼ਾਫ਼ਲ ਨਾ ਹੋ ਹੇ ਮਰਦ! ਰੱਬ ਨੂੰ ਪਛਾਣ[੨], ਉਹ ਬੇਲੋੜ ਹੈ ਤੇ ਕਿਸੇ ਖੁਸ਼ਾਮਦ ਦੀ ਲੋੜ ਨਹੀਂ ਰਖਦਾ।

੭੧. ਕਿ ਓ ਬੇ ਮੁਹਾਬਸਤੁ ਸ਼ਾਹਾਨ ਸ਼ਾਹ॥
ਜ਼ਮੀਨੋ ਜ਼ਮਾਂ ਰਾ ਹਮ ਓ[੩] ਪਾਤਸ਼ਾਹ॥

ਹਾਂ, ਉਹ ਨਿਰਭਉ ਹੈ, ਸ਼ਾਹਾਂ ਦਾ ਸ਼ਾਹ ਹੈ, ਜ਼ਮੀਨ ਤੇ ਅਸਮਾਨ[੪] ਦਾ ਬੀ ਉਹੀ ਪਾਤਸ਼ਾਹ ਹੈ।

੭੨. ਖ਼ੁਦਾਵੰਦ ਏਜ਼ਦ ਜ਼ਮੀਨੋ ਜ਼ਮਾਂ॥
ਕੁਨਿੰਦਸਤ ਹਰ ਕਸ ਮਕੀਨੋ ਮਕਾਂ॥

---

੧. ਅੰਕ ੩ ਅਤੇ ੭੧ ਵਿਚ ਬੀ 'ਸ਼ਾਹਨਸ਼ਾਹ' ਪਦ ਆਪਣੇ ਪਰਮੇਸ਼ੁਰ ਵਾਸਤੇ ਵਰਤੇ ਹਨ।

੨. ਇਨ੍ਹਾਂ ਦੋ ਸ਼ਿਅਰਾਂ ਵਿਚ ਔਰੰਗਜ਼ੇਬ ਦੇ ਜ਼ੁਲਮਾਂ ਵਲ ਨਜ਼ਰ ਪਾਈ ਹੈ, ਜੋ ਉਸ ਨੇ ਪਿਉ ਭਰਾਵਾਂ ਤੇ ਸੂਫੀ ਮੁਸਲਮਾਨਾਂ ਨਾਲ ਕੀਤੇ ਤੇ ਹਿੰਦੂਆਂ ਪਰ ਜੋ ਸਖ਼ਤੀਆਂ ਕੀਤੀਆਂ ਤੇ ਸਤਨਾਮੀਏ ਸਾਰੇ ਕਤਲ ਕਰਵਾਏ ਆਦਿ, ਸਾਰੇ ਜ਼ੁਲਮਾਂ ਨੂੰ 'ਅਚਰਜ ਤੇ ਹੈਫ' ਕਹਿਕੇ ਜਿਤਾ ਦਿਤਾ ਹੈ।

੧. ਦੋ ਪਾਠ ਹਨ:-ਤੁਰਾ ਨੀਜ਼ ਖ਼ੂਨ ਅਸਤ ਬਾ ਚਰਖ਼ ਤੇਗ਼=ਅਸਮਾਨ ਦੀ ਤਲਵਾਰ ਤੋਂ ਤੇਰਾ ਬੀ ਖ਼ੂਨ ਹੈ। (੨) ਤੁਰਾ ਨੀਜ਼ ਖ਼ੂੰ ਚਰਖ ਰੇਜ਼ਦ ਖ ਤੇਗ਼=ਤੇਰਾ ਖ਼ੂਨ ਵੀ ਅਸਮਾਨ ਮਲਵਾਰ ਨਾਲ ਕਰੇਗਾ।

੨. ਪਾ:-'ਸ਼ਿਨਾਸ' ਦੀ ਥਾਂ 'ਹਿਰਾਸ'। ਅਰਥ:-ਹੇ ਮਰਦ ਤੂੰ ਗ਼ਾਫ਼ਲ ਨਾ ਹੋ ਰੱਬ ਤੋਂ ਡਰ ਕਿ ਉਹ ਬੇਲੋੜ ਹੈ ਕਿਸੇ ਖੁਸ਼ਾਮਦ ਤੋਂ।

੩. ਪਾ:-ਹਮੂੰ, ਸੱਚਾ ਏ।

੪. ਜ਼ਮਾਂ=ਸਮਾਂ। ਪਰ ਜਦ 'ਜ਼ਿਮੀਂ' ਦੇ ਨਾਲ ਇਹ ਆਵੇ ਤਾਂ ਅਰਥ 'ਅਸਮਾਨ' ਲੈਂਦੇ ਹਨ।

ਉਹ ਖ਼ੁਦਾਵੰਦ ਹੈ (ਆਪਣੇ ਆਪ ਤੋਂ ਹੈ ਤੇ ਮਾਲਕ ਹੈ) ਪਰ ਜ਼ਮੀਨ ਅਸਮਾਨ ਦਾ (ਪੈਦਾ ਕਰਨੇ ਵਾਲਾ) ਰੱਬ ਹੈ ਤੇ ਉਹ ਹਰ ਅਸਥਾਨ (ਤੇ ਉਸ ਵਿਚ) ਰਹਿਣੇ ਵਾਲੇ ਦਾ ਕਰਤਾਰ ਹੈ।

੭੩. ਹਮ ਅਜ਼ ਪੀਰ ਮੋਰੋ ਹਮ ਅਜ਼ ਪੀਲਤਨ॥
ਕਿ ਆਜਜ਼ ਨਵਾਜ਼ਸਤ ਗ਼ਾਫ਼ਲ ਸ਼ਿਕਨ॥

ਹਾਂ ਬੁੱਢੀ (ਕਮਜ਼ੋਰ) ਕੀੜੀ ਤੋਂ ਲੈਕੇ ਹਾਥੀ ਵਰਗੇ (ਪੁਸ਼ਟ) ਸਰੀਰ ਵਾਲਿਆਂ (ਸਾਰਿਆਂ ਦਾ ਕਰਤਾ ਬੀ ਉਹੀ ਹੈ ਤੇ) ਉਹੀ ਆਜਿਜ਼ਾਂ (ਨਿਤਾਣਿਆਂ) ਨੂੰ ਵਡਿਆਉਣ ਵਾਲਾ ਹੈ ਤੇ ਉਹੀ) ਗ਼ਾਫ਼ਲਾਂ ਨੂੰ ਮਾਰਨੇ ਵਾਲਾ ਹੈ।

੭੪. ਕਿ ਓਰਾ ਚੁ ਇਮਮਅਸਤ ਆਜਜ਼ ਨਿਵਾਜ਼॥
ਕਿ ਓ ਬੇ ਸਿਪਾਸ ਅਸਤ ਓ ਬੇ ਨਿਆਜ਼॥

ਕਿਉਂਕਿ ਉਸ ਦਾ ਨਾਮ ਦੀਨਾ ਬੰਧੂ ਹੈ (ਇਸ ਕਰ ਕੇ) ਓਹ ਕਿਸੇ ਤੋਂ ਕੁਛ ਲੋੜ ਨਹੀਂ ਰਖਦਾ ਤੇ ਓਹ ਬੇਪਰਵਾਹ ਹੈ।

੭੫. ਕਿ ਓ ਬੇਨਗ੍ਹੂੰ ਅਸਤੁ ਓ ਬੇਚਗ੍ਹੂੰ॥
ਕਿ ਓ ਰਹਨੁਮਾਅਸਤ ਓ ਰਹਨਮ੍ਹੂੰ॥

ਹਾਂ, ਉਹ (ਰੱਬ) ਅਝੁਕ ਹੈ ਤੇ ਉਹ ਵਰਣਨ ਨਹੀਂ ਹੋ ਸਕਦਾ[1]। ਹਾਂ, ਉਹੀ ਰਸਤਾ ਦੱਸਣੇ ਵਾਲਾ ਹੈ ਉਹੀ ਰਸਤੇ ਪਾਉਣ ਵਾਲਾ ਹੈ[2]।

੭੬. ਕਿ ਬਰ ਸਰ ਤੁਰਾ ਫ਼ਰਜ਼ ਕ਼ਸਮੇ ਕੁਰਾਂ॥
ਬਗ਼ੁਫ਼ਤਸ਼ ਸ਼ੁਮਾ ਕਾਰ ਖ਼ੂਬੀ ਰੋਮਾਂ॥

ਕਿਉਂਕਿ ਤੇਰੇ ਸਿਰ ਉਤੇ ਕੁਰਾਨ ਦੀ ਸਹੁੰ ਦਾ ਭਾਰ ਹੈ (ਤੇ ਭਾਰ ਹੈ ਤੇਰੇ ਸਿਰ ਤੇ) ਤੇਰੇ (ਕੀਤੇ) ਸੁਖ਼ਨ ਦਾ, (ਹੁਣ ਤੇਰਾ) ਕੰਮ ਹੈ (ਉਨ੍ਹਾਂ ਨੂੰ ਕਿਸੇ ਖ਼ੂਬੀ ਤੇ ਪਹੁੰਚਾ[1]।

੭੭. ਬਬਾਯਦ ਤੁ ਦਾਨਸ਼ ਪਰਸਤੀ ਕੁਨੀ॥
ਬਕਾਰੇ ਸ਼ੁਮਾ ਚੀਰਹ ਦਸਤੀ ਕੁਨੀ॥

ਚਾਹੀਦਾ ਹੈ ਕਿ ਤੂੰ (ਹੁਣ) ਅਕਲਮੰਦੀ ਦੀ ਪਾਲਣਾ ਕਰੇਂ (ਇਹ ਤੇਰਾ ਆਪਣਾ ਕੰਮ ਹੈ, ਇਸ) ਅਪਣੇ ਕੰਮ ਵਿਚ (ਲੋੜੀਦਾ ਹੈ ਕਿ) ਤੂੰ ਬਲਵਾਨਤਾ ਕਰੇਂ (ਪਰ ਅਕਲ ਨਾਲ)[2]।

੭੮. ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਾ ਚਾਰ॥
ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ॥

ਭਾਵੇਂ ਮੇਰੇ ਚਾਰ ਬੱਚੇ ਮਾਰੇ ਗਏ ਹਨ (ਇਸ ਨਾਲ ਪਰ) ਕੀਹ ਹੋਇਆ, ਜਦੋਂ ਕਿ ਵਲਦਾਰ ਸੱਪ[3] ਬਾਕੀ ਰਹਿ ਗਿਆ ਹੈ।

੭੯. ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ॥
ਕਿ ਆਤਸ਼ ਦਮਾਂ ਰਾ ਬਦਉਰਾਂ ਕੁਨੀ॥

ਇਹ ਕੀ ਮਰਦਾਨਗੀ ਹੈ ਕਿ (ਜੀਵਨ ਦੇ) ਚੰਗਿਆੜਿਆਂ ਨੂੰ ਬੁਝਾ ਰਿਹਾ ਹੈਂ, ਪਰ ਭੜਕਦੀ ਅੱਗ ਨੂੰ ਹੋਰ ਤੇਜ਼ ਕਰ ਰਿਹਾ ਹੈਂ[4]।

---

੧. ਨਿਗ੍ਹੂੰ=ਜੋ ਨੀਵਾਂ ਯਾ ਉਲਟਾ ਨਾਂ ਹੋਵੇ, ਅਝੁਕ। ਚਗ੍ਹੂੰ=ਕਿਸ ਤਰ੍ਹਾਂ, ਕਿਸ ਭਾਂਤ ਦਾ, ਜਿਸ ਦੀ ਬਾਬਤ ਇਹ ਨਾਂ ਕਿਹਾ ਜਾ ਸਕੇ ਕਿ ਓਹ ਕਿਸ ਤਰ੍ਹਾਂ ਦਾ ਹੈ।

੨. 'ਰਹਨੁਮਾ' ਤੇ 'ਰਹਨਮ੍ਹੂੰ' ਦੇ ਲਗ ਪਗ ਇਕੋ ਅਰਥ ਹਨ, ਭਾਵ ਜ਼ੋਰ ਦੇਣ ਤੋਂ ਹੈ, ਕਿਉਂਕਿ ਉਸ ਰਾਤ ਚਮਕੌਰ ਤੋਂ ਰਾਹ ਖਹਿੜੇ ਛੱਡ ਕੇ ਝੱਲਾਂ ਤੇ ਬਨਾਂ ਨੂੰ ਚੀਰਦੇ ਗੁਰੂ ਜੀ ਮਾਛੀਵਾੜੇ ਅੱਪੜੇ ਸੇ, ਰਸਤਾ ਦੱਸਣਾ ਤੇ ਰਸਤੇ ਸਿਰ ਲਈ ਜਾਣਾ ਰੱਬ ਦਾ ਕੰਮ ਸੀ।

੧. ਅਥਵਾ, ਆਪਣੇ ਕਹੇ ਨੂੰ ਕਿਸੇ ਖ਼ੂਬੀ ਨਾਲ ਸਫਲ ਕਰ। ੨. ਭਾਵ ਨਿਡਰ ਹੋ ਕੇ ਜ਼ੋਰ ਨਾਲ ਨਿਆਂ ਤੇ ਅਕਲ ਦਾ ਕੰਮ ਕਰੇਂ। ਚੀਰਹ ਦਸਤੀ-ਗ਼ਲਬੇ ਨਾਲ ਕੰਮ ਕਰਨਾ।

੩. ਬਾਜ਼ੇ ਸਮਝਦੇ ਹਨ ਕਿ ਆਪਣੀ ਵਲ ਇਸ਼ਾਰਾ ਹੈ, ਪਰ ਅਗਲੇ ਸ਼ਿਅਰ ਤੋਂ ਸ਼ੁਬਹ ਨਹੀਂ ਰਹਿ ਜਾਂਦਾ ਕਿ ਮਤਲਬ ਖਾਲਸੇ ਤੋਂ ਹੈ। ਗੁਰੂ ਜੀ ਨੌਜਵਾਨ ਖ਼ਾਲਸੇ ਨੂੰ ਭੁਜੰਗੀ ਕਿਹਾ ਕਰਦੇ ਸਨ, ਜਿਸ ਦਾ ਅਰਥ ਸੱਪ ਹੈ। 'ਮਾਰ ਪੇਚੀਦਾ' ਦੀ ਮੁਰਾਦ ਜ਼ੰਜੀਰ ਦੀ ਹੁੰਦੀ ਹੈ। (ਲੁਗਾਤੇ ਕਿਸ਼ਵਰੀ)। ਸਾਹਿਬਜ਼ਾਦੇ ਤਾਂ ਮਾਰੇ ਗਏ ਫਰਦਨ ਫਰਦਨ, ਪਰ ਖਾਲਸਾ ਤਾਂ ਜ਼ੰਜੀਰ ਹੈ, ਜੋ ਖਤਮ ਨਹੀਂ ਹੋਣਾ।

੪. ਸਾਹਿਬਜ਼ਾਦਿਆਂ ਨੂੰ 'ਅਖ਼ਗਰ' ਕਿਹਾ ਹੈ ਤੇ ਖਾਲਸੇ ਨੂੰ ਭੜਕਦੀ ਅੱਗ ਜੋ ਉਸਦੇ ਜ਼ੁਲਮਾਂ ਨਾਲ ਹੋਰ ਵਧੇਗੀ। ਸਪੁੱਤ੍ਰਾਂ ਨੇ ਆਖ਼ਰ ਜਗਤ ਤੋਂ ਟੁਰ ਜਾਣਾ ਸੀ, ਪਰ ਖਾਲਸੇ ਨੇ ਤਾਂ ਜਗਤ ਪਰ ਸਦਾ ਰਹਿਣਾ ਹੈ। ਜੋ ਭੜਕਦੀ ਅੱਗ ਹੈ ਤੁਰੇ ਰਹਿਣ ਵਾਲੀ।

੮੦. ਚਿ ਖੁਸ਼ ਗੁਫ਼ਤ ਫਿਰਦੌਸੀਏ ਖ਼ੁਸ਼ ਜ਼ੁਬਾਂ॥
ਸ਼ਿਤਾਬੀ ਬਵਦ ਕਾਰੇ ਆਹਰਮਨਾ॥

ਸੁਹਣੀ ਰਸਨਾ ਵਾਲੇ (ਪ੍ਰਬੀਨ ਕਵੀ) ਫਿਰਦੌਸੀ ਨੇ ਕਿਹੀ ਸੁਹਣੀ ਗੱਲ ਆਖੀ ਹੈ ਕਿ ਕਾਹਲੀ ਕਰਨੀ ਸ਼ੈਤਾਨਾਂ ਦਾ ਕੰਮ ਹੈ, (ਛੋਟੇ ਸਾਹਿਬਜ਼ਾਦਿਆਂ ਦੇ ਕਤਲ ਵਲ ਇਸ਼ਾਰਾ ਹੈ।)

੮੧. ਕਿ ਮਾ ਬਾਰਗਹਿ ਹਜ਼ਰਤ ਆਯਮ ਸ਼ੁਮਾ॥
ਅਜ਼ਾਂ ਰੋਜ਼ ਬਾਸ਼ੀ ਵ ਸ਼ਾਹਿਦ ਸ਼ੁਮਾ॥

ਕਿ ਮੈਂ ਤੂੰ ਤੇਰੇ ਰੱਬ ਦੀ ਕਚਹਿਰੀ ਵਿਚ ਆਵਾਂਗੇ, ਉਸ ਦਿਨ ਮੈਂ ਤੁਹਾਡਾ ਸਰਦਾਰ ਤੇ ਉਗਾਹ (ਹੋਵਾਂਗਾ)[1]।

੮੨. ਵਗਰਨਹ ਤੂ ਈਂ ਹਮ ਫ਼ਰਾਮੁਸ਼ ਕੁਨਦ॥
ਤੁਰਾ ਹਮ ਫ਼ਰਾਮੋਸ਼ ਯਜ਼ਦਾਂ ਕੁਨਦ॥

ਜੇਕਰ ਤੂੰ ਇਸ (ਇਨਸਾਫ ਦੇ ਕੰਮ) ਨੂੰ ਬੀ (ਇਸ ਵੇਲੇ) ਭੁਲਾ ਦੇਂਦਾ ਹੈਂ ਤਾਂ (ਜਾਣ ਲੈ ਕਿ) ਤੈਨੂੰ ਬੀ ਖ਼ੁਦਾ ਭੁਲਾ ਦੇਵੇਗਾ।

੮੩. ਅਗਰ ਕਾਰਿ ਈਂ ਬਰ ਤੋ ਬਸਤੀ ਕਮਰ॥
ਖ਼ੁਦਾਵੰਦ ਬਾਸ਼ਦ ਤੁਹਾ ਬਹਿਰਾਵਰ[2]॥

ਪਰ ਜੇ ਤੂੰ ਇਸ (ਹੁਣ ਇਨਸਾਫ ਕਰਨ ਦੇ) ਕੰਮ ਤੇ ਲੱਕ ਬੰਨ੍ਹ ਲਿਆ ਤਦ ਰੱਬ ਤੈਨੂੰ ਖੁਸ਼ਕਿਸਮਤ (ਕਰਨ ਵਾਲਾ) ਹੋਵੇਗਾ।

੮੪. ਕਿ ਈਂ ਕਾਰ ਨੇਕ ਅਸਤੁ ਦੀਂ ਪਰਵਰੀ॥
ਚੁ ਯਜ਼ਦਾਂ ਸ਼ਨਾਸੀ ਬਜਾਂ ਬਰਤਰੀ॥

ਕਿਉਂਕਿ ਇਹ ਕੰਮ ਨੇਕ ਕੰਮ ਹੈ, ਹਾਂ, ਦੀਨ ਪਰਸਤੀ ਦਾ (ਇਹ ਕੰਮ) ਹੈ, ਜੇ ਤੂੰ ਰੱਬ ਨੂੰ ਪਛਾਣਦਾ ਹੈਂ ਤਾਂ (ਇਸ ਕੰਮ ਨੂੰ) ਜਾਨ ਨਾਲੋਂ ਬੀ ਉੱਚਤਾ ਦੇਹ (ਭਾਵ ਪਜਾਰ ਕਰ)।

੮੫. ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ॥
ਬਰਾਮਦ ਜ਼ਿ ਤੋ ਕਾਰਹਾ ਦਿਲ ਖਰਾਸ਼[3]॥

ਤੇਰੇ ਕੋਲੋਂ (ਹੁਣ ਤਕ) ਦਿਲ ਦੁਖਾਉਣ ਵਾਲੇ ਅਨੇਕਾਂ ਕੰਮ ਹੋਏ ਹਨ, (ਇਸ ਲਈ) ਤੈਨੂੰ ਮੈਂ ਰੱਬ ਨੂੰ ਪਛਾਣਨੇ ਵਾਲਾ ਨਹੀਂ ਸਮਝਦਾ।

੮੬. ਸ਼ਨਾਸਦ ਹਮੀਂ ਤੋ ਨ ਯਜ਼ਦਾਂ ਕਰੀਮ॥
ਨ ਖ਼ਾਹਦ ਹਮੀਂ ਤੋ ਬਦੌਲਤ ਅਜ਼ੀਮ॥

ਇਸ ਕਰਕੇ[1] ਕ੍ਰਿਪਾਲੂ ਰੱਬ ਤੈਨੂੰ ਬੀ ਨਹੀਂ ਪਛਾਣਦਾ ਤੇ ਇਸੇ ਕਰਕੇ[1] ਤੈਨੂੰ ਤੇਰੀ ਇਤਨੀ ਬੜੀ ਦਉਲਤ ਸਣੇ ਨਹੀਂ ਚਾਹੁੰਦਾ, (ਭਾਵ ਤੈਨੂੰ ਕਬੂਲਦਾ ਨਹੀਂ)।

੮੭. ਅਗਰ ਸਦ ਕੁਰਾਂ ਰਾ ਬਖ਼ੁਰਦੀ ਕਸਮ॥
ਮੇਰਾ ਐਤਬਾਰੇ ਨਾਈਂ ਜ਼ਰਹ ਦਮ॥

ਜੇਕਰ (ਹੁਣ ਤੂੰ) ਕੁਰਾਨ ਦੀਆਂ ਸੌ ਕਸਮਾਂ ਬੀ ਖਾਧੀਆਂ (ਭਾਵੇਂ ਖਾਵੇਂ) ਤਾਂ ਮੈਨੂੰ ਉਨ੍ਹਾਂ ਪਰ ਰਤੀ ਜਿੰਨਾ ਇਤਬਾਰ ਇਕ ਛਿਨ ਲਈ ਭੀ ਨਹੀਂ (ਆ ਸਕਦਾ। ਭਾਵ ਜੇ ਸਹੁੰਵਾਂ ਖਾਕੇ ਸੱਦੇਂ ਤਾਂ ਮੈਂ ਨਹੀਂ ਆਵਾਂਗਾ)।

੮੮. ਹਜ਼ੂਰੀ ਨ ਆਯਮ ਨ ਈਂ ਰਾਹ ਸ਼ਵਮ॥
ਅਗਰ ਸ਼ਾਹ ਬਖ਼ਾਹਦ ਨ ਆਂਜਾ ਰਵਮ[2]॥

ਨਾ ਮੈਂ ਤੇਰੇ ਪਾਸ ਆਵਾਂਗਾ ਨਾ ਇਸ ਰਸਤੇ ਹੀ ਪਵਾਂਗਾ। ਜਿੱਥੇ ਸ਼ਾਹ ਚਾਹੇਗਾ ਉੱਥੇ ਨਹੀਂ ਜਾਵਾਂਗਾ।

--o--

ਹੁਣ ਤਕ ਔਰੰਗਜ਼ੇਬ ਦੀ ਬੇਇਨਸਾਫੀ, ਕਪਟ ਤੇ ਅਧਰਮ ਆਦਿ ਬਦੀਆਂ ਉਸਨੂੰ ਨਿਧੜਕ ਹੋਕੇ ਦੱਸੀਆਂ ਹਨ, ਪਰ ਉਸ ਵਿਚ ਗੁਣ ਬੀ ਸੇ, ਉਹ ਕਿਸੇ ਗੁੱਸੇ ਦੇ ਰੌ ਵਿਚ ਭੁਲਾਏ ਨਹੀਂ, ਹੁਣ ਉਨ੍ਹਾਂ ਦਾ ਜ਼ਿਕਰ ਕਰਦੇ ਹਨ, ਨਾ ਡਰਦੇ ਹਨ ਨਾ ਸੱਚ ਨੂੰ ਲੁਕਾਉਂਦੇ ਹਨ।

੮੯. ਖ਼ੁਸ਼ਾ[3] ਸ਼ਾਹ ਸ਼ਾਹਾਨ ਅਉਰੰਗਜ਼ੇਬ॥
ਕਿ ਚਾਲਾਕ ਦਸਤਸਤ ਚਾਬਕ ਰਕੇਬ॥

ਸ਼ਾਹਾਂ ਦਾ ਸ਼ਾਹ ਔਰੰਗਜ਼ੇਬ ਭਾਗਾਂ ਵਾਲਾ ਹੈ, (ਤਲਵਾਰ ਚਲਾਉਣ ਵਿਚ) ਪ੍ਰਬੀਨ ਹੱਥਾਂ ਵਾਲਾ

---

੧. ਹਜ਼ਰਤ=ਹਜ਼ੂਰੀ, (ਰੱਬ ਤੋਂ ਬੀ ਮੁਰਾਦ ਹੈ)। (ਅੰਕ ੮੩ ਵਿਚ 'ਖ਼ੁਦਾਵੰਦ' ਕਿਹਾ ਹੈ)। ਬਾਸ਼ੀ=ਸਰਦਾਰ। ਸ਼ਾਹਿਦ=ਉਗਾਹ। (ਅ) ਬਾਸ਼ੀ=ਹੋਵੇਗਾ। ਉਸ ਦਿਨ ਤੂੰ ਹੋਵੇਂਗਾ ਤੇ (ਮੈਂ) ਤੇਰਾ ਉਗਾਹ ਹੋਵਾਂਗਾ।

੨. ਬਹਿਰਾਵਰ=ਖ਼ੁਸ਼ ਨਸੀਬ, ਖ਼ੁਸ਼ ਕਿਸਮਤ।

੩. ਪਾ:-ਪੁਰ ਖ਼ਰਾਸ਼।

੧. ਹਮੀਂ=ਇਸ ਕਰਕੇ।

੨. ਪਾ:-ਅਗਰ ਸ਼ਾਹ ਬਖ਼ਾਹਦ ਮਨ ਆਂ ਜਾ ਰਵਮ-ਮੈਂ ਉਸ ਥਾਂ ਜਾਵਾਂਗਾ, ਜਿੱਥੇ ਰੱਬ ਚਾਹੇਗਾ। ਇਉਂ ਬੀ ਅਰਥ ਕਰਦੇ ਹਨ-ਜੇ ਰੱਬ ਚਾਹੇ ਤਾਂ ਉਸ ਥਾਂ ਜਾਵਾਂਗਾ। ੩. ਪਾ=ਖ਼ੁਸ਼ਸ਼।

ਹੈ, ਤੇ ਘੋੜ ਅਸਵਾਰੀ ਵਿਚ ਲਾਇਕ ਹੈ।

੯੦. ਚਿ ਹੁਸਨਲ ਜਮਾਲਅਸਤੁ ਰੌਸ਼ਨ ਜ਼ਮੀਰ॥
ਖ਼ੁਦਾਵੰਦ ਮੁਲਕ ਅਸਤੁ ਸਾਹਿਬ ਅਮੀਰ॥

ਕਿ ਰੂਪ ਦਾ ਸੁੰਦਰ ਹੈ, ਤ੍ਰਿੱਖੀ ਬੁਧੀ ਵਾਲਾ ਹੈ[1]। ਦੇਸ਼ ਦਾ ਮਾਲਕ ਹੈ ਤੇ ਅਮੀਰਾਂ (ਸਰਦਾਰਾਂ ਯਾ ਹੁਕਮ ਕਰਨ ਵਾਲਿਆਂ) ਦਾ ਬੀ ਸਾਹਿਬ ਹੈ।

੯੧. ਬ ਤਰਤੀਬ ਦਾਨਸ਼ ਬਤਦਬੀਰ ਤੇਗ॥
ਖ਼ੁਦਾਵੰਦਿ ਦੇਗ਼ੋ ਖ਼ੁਦਾਵੰਦ ਤੇਗ॥

ਤਲਵਾਰ ਦੀ ਜੁਗਤ ਨਾਲ ਤੇ ਦਨਾਈ ਦੀ ਵਿਧੀ ਨਾਲ (ਤੂੰ ਕੰਮ ਕਰ ਰਿਹਾ ਹੈਂ, ਇਸ ਕਰਕੇ ਤੂੰ) ਦੇਗ ਤੇ ਤੇਗ ਦਾ ਮਾਲਿਕ ਹੋ ਰਿਹਾ ਹੈਂ[2]।

੯੨. ਕਿ ਰੌਸ਼ਨ ਜ਼ਮੀਰ ਅਸਤ ਹੁਸਨਲ ਜਮਾਲ॥
ਖ਼ੁਦਾਵੰਦਿ ਬਖਸ਼ਿੰਦਹਏ ਮੁਲਕੁ ਮਾਲ॥

ਹਾਂ, ਦਾਨਸ਼ਮੰਦ (ਅਕਲ ਵਾਲਾ) ਹੈ, ਰੂਪ ਦਾ ਸੁਹਣਾ ਹੈ, ਮੁਲਕ ਤੇ ਮਾਲ ਦਾ ਮਾਲਕ (ਬੀ) ਹੈ ਤੇ ਬਖਸ਼ਣ ਵਾਲਾ ਬੀ ਹੈ।

੯੩. ਕਿ ਬਖਸ਼ਿਸ਼ ਕਬੀਰ ਅਸਤ ਦਰ ਜੰਗਕੋਹ॥
ਮਲਾਯਕ ਸਿਫਤ ਚੂੰ ਸੁਰੱਯਾ ਸ਼ਕੋਹ॥

ਬਖਸ਼ਸ਼ ਵਡੀ ਹੈ ਤੇ ਜੰਗ ਵਿਚ ਪਹਾੜ (ਤੁੱਲ) ਹੈ, ਤਾਕਤਵਰੀ ਸਿਫ਼ਤ ਹੈ[3], ਪ੍ਰਤਾਪ ਖਿੱਤੀਆਂ ਤਕ ਹੈ (ਮਾਨੋ)।

੯੪. ਸ਼ਹਨਸ਼ਾਹ ਅਉਰੰਗ ਜ਼ੇਬ ਆਲਮੀਂ॥
ਕਿ ਦਾਰਾਇ ਦੌਰ ਅਸਤੁ ਦੂਰ ਅਸਤਦੀਂ॥

ਜਹਾਨ ਦੇ ਤਖ਼ਤ ਨੂੰ ਸ਼ੋਭਾ ਦੇਣ ਵਾਲਾ ਸ਼ਹਿਨਸ਼ਾਹ ਹੈ। ਜ਼ਮਾਨੇ ਦਾ ਪਾਤਸ਼ਾਹ ਹੈ, ਪਰ ਦੀਨ ਉਸਤੋਂ ਦੂਰ ਹੈ।

--o--

ਅਗੇ ਹੁਣ ਰੱਬ ਦੀ ਮਿਹਰ ਨਾਲ ਆਪਣੇ ਬਚਾਉ, ਰੱਬ ਦੀ ਸਿਫਤ ਤੇ ਔਰੰਗਜ਼ੇਬ ਦੇ ਅਧਰਮ ਦੇ ਕਥਨ ਚਲਦੇ ਹਨ:-

੯੫. ਮਨਮ ਕੁਸ਼ਤਨਮ ਕੋਹੀਆਂ ਬੁਤ ਪਰਸਤ॥
ਕਿ ਓ ਬੁਤ ਪਰਸਤੰਦੁ ਮਨ ਬੁਤ ਸ਼ਿਕਸਤ॥

ਮੇਰੀ (ਲੜਾਈ ਤੇ ਮਰਨਾ) ਮਾਰਨਾ ਬੁਤ ਪਰਸਤ ਪਹਾੜੀਆਂ ਨਾਲ ਸੀ[1], ਪਹਾੜੀਏ ਬੁਤ ਪਰਸਤ ਹਨ, ਮੈਂ ਬੁਤ ਸ਼ਿਕਨ ਹਾਂ[2]।

੯੬. ਬਬੀਂ ਗਰਦਸ਼ੇ ਬੇਵਫ਼ਾਈਏ ਜ਼ਮਾਂ॥
ਪਸੇ ਪੁਸ਼ਤ ਉਫ਼ਤਦ ਰਸਾਨਦ ਜ਼ਿਯਾਂ॥

(ਦੇਖ ਜ਼ਮਾਨੇ ਦੀ) ਬੇਵਫਾਈ (ਬੇ ਅਸੂਲੀ, ਅਧਰਮ) ਜਿਸ ਦੇ ਪਿੱਛੇ ਪੈ ਜਾਵੇ ਉਸਦਾ ਨੁਕਸਾਨ ਕਰਦਾ ਹੈ।

੯੭. ਬਬੀਂ ਕੁਦਰਤੇ ਨੇਕ ਯਜ਼ਦਾਨਿ ਪਾਕ॥
ਕਿ ਅਜ਼ ਯਕ ਬ ਦਹਲਕ ਰਸਾਂਨਦ ਹਲਾਕ॥

(ਪਰ ਨਾਲ) ਦੇਖ ਉਸ ਪਵਿੱਤ੍ਰ ਤੇ ਨੇਕ ਰਬ ਦੀ ਕੁਦਰਤ ਕਿ ਇਕ ਪਾਸੋਂ ਦਸ ਲਖ ਨੂੰ ਹਲਾਕਤ[3] ਪੁਚਾਉਂਦਾ ਹੈ।

੯੮. ਚਿ ਦੁਸ਼ਮਨ ਕੁਨਦ ਮਿਹਰਬਾਨਸਤ ਦੋਸਤ॥
ਕਿ ਬਖ਼ਸ਼ਿੰਦਗੀ ਕਾਰਿ ਬਖਸ਼ਿੰਦਹ ਓਸਤ॥

ਦੁਸ਼ਮਨ ਕੀਹ ਕਰ ਸਕਦਾ ਹੈ (ਜਦ) ਦੋਸਤ (ਪਰਮੇਸ਼ਰ) ਮਿਹਰਬਾਨ ਹੈ। ਕਿਉਂਕਿ ਉਸ ਬਖਸ਼ਨ-ਹਾਰ ਦਾ ਕੰਮ (ਹੀ) ਬਖਸ਼ਸ਼ ਹੈ।

੯੯. ਰਿਹਾਈ ਦਿਹੋ ਰਹਨੁਮਾਈ ਦਿਹਦ॥
ਜ਼ੁਬਾਂ ਰਾ ਬ ਸਿਫਤ ਆਸ਼ਨਾਈ ਦਿਹਦ॥

(ਉਹ ਮਿਤ੍ਰ ਬੰਦੀ ਵਿਚੋਂ) ਛੁਟਕਾਰਾ ਦੇਣ ਵਾਲਾ ਹੈ (ਤੇ ਔਝੜਾਂ ਵਿਚ) ਰਸਤੇ ਦਿਖਾਲਣ

---

੧. ਰੌਸ਼ਨ ਜ਼ਮੀਰ=ਦਾਨਸ਼ਮੰਦ। (ਜ਼ਮੀਰ=ਦਿਲ। ਰੌਸ਼ਨ=ਚਾਨਣੇ ਵਾਲਾ)

੨. ਤੇਗ ਤੋਂ ਮੁਰਾਦ ਜੰਗੀ ਤਾਕਤਾਂ ਤੇ ਸਾਮਾਨਾਂ ਦੀ ਹੈ। ਦੇਗ ਤੋਂ ਮੁਰਾਦ ਖ਼ਜ਼ਾਨੇ ਤੇ ਮਾਲ ਆਦਿ ਹੈ।

੩. ਮਲਾਯਕ-ਫਰਿਸ਼ਤੇ। ਅਰਬੀ ਵਿਚ 'ਮ' 'ਲ' 'ਕ' ਵਾਲੇ ਹਰਫ ਤੋਂ ਜੋ ਪਦ ਬਣੇ ਉਸ ਵਿਚ ਤਾਕਤ, ਕੁੱਵਤ ਦੇ ਅਰਥ ਜ਼ਰੂਰ ਹੋਣਗੇ। ਪ੍ਰਤਾਪ ਜਦ ਖਿੱਤੀਆਂ ਤਕ ਕਿਹਾ ਤਾਂ ਮਲਾਯਕ ਦਾ ਭਾਵ ਫਰਿਸ਼ਤੇ ਦੀ ਨੇਕੀ ਨਹੀਂ, ਪਰ ਉਸਦੀ ਤਾਕਤ ਤੋਂ ਹੀ ਹੈ।

੧. ਇਸ ਸ਼ਿਅਰ ਦਾ ਪਾਠਾਂਤ੍ਰ ਭੇਦ ਹੈ-ਮਨਮ ਕੁਸ਼ਤਨਮ ਕੋਹੀਆਂ ਪੁਰ ਫਿਤਨ। ਕਿ ਆਂ ਬੁਤ ਪਰਸਤੰਦੋ ਮਨ ਬੁਤ ਸ਼ਿਕਨ।

੨. ਇਸ ਤੇ ਅਗਲੇ ਸ਼ਿਅਰ ਵਿਚ ਔਰੰਗਜ਼ੇਬ ਨੂੰ ਤਨਜ਼ ਦਿੱਤੀ ਹੈ ਕਿ ਤੂੰ ਖ਼ੁਦਾ ਪਰਸਤ ਨਹੀਂ, ਜੇ ਹੁੰਦਾ ਤਾਂ ਖ਼ੁਦਾ ਪਰਸਤਾਂ ਦੀ ਮਦਦ ਕਰਦਾ, ਨਾਕਿ ਬੁਤ ਪਰਸਤਾਂ ਦੀ।

੩. ਹਲਾਕ (ਹਲਾਕਤ)=ਜ਼ਾਯਾ ਕਰਨਾ, ਮਾਰਨਾ, ਨੁਕਸਾਨ, ਮੌਤ।

(ਦੀ ਦਾਤ) ਦੇਂਦਾ ਹੈ (ਤੇ ਛੁਟਕਾਰਾ ਪਾ ਟਿਕਾਣੇ ਪੁੱਜ ਗਿਆਂ ਦੀ) ਰਸਨਾਂ ਨੂੰ (ਉਸਦੀ) ਸਿਫਤ ਕਰਨ ਦੀ ਦੋਸਤੀ ਦਾਨ ਕਰਦਾ ਹੈ (=ਸਿਫਤ ਸਲਾਹ ਬਖਸ਼ਦਾ ਹੈ)।

੧੦੦. ਖ਼ਸਮ ਰਾ ਚੁ ਕੋਰ ਓ ਕੁਨਦ ਵਕਤੇ ਕਾਰ॥
ਯਤੀਮਾਂ ਬਿਰੂੰ ਖ਼ੁਰਦ ਬੇ ਜ਼ਮ ਖ਼ਾਰ[1]॥

ਵੈਰੀਆਂ ਨੂੰ ਓਹ (ਐਨ ਵੈਰ ਦੇ) ਕੰਮ (ਕਾਮ-ਯਾਬੀ ਨਾਲ ਕਰ ਲੈਣ) ਵੇਲੇ ਅੰਨ੍ਹਿਆਂ ਵਾਂਗੂ ਕਰ ਦੇਂਦਾ ਹੈ ਤੇ ਅਨਾਥਾਂ ਨੂੰ (ਉਨ੍ਹਾਂ ਦੇ ਘੇਰੇ ਵਿਚੋਂ) ਬਿਨਾਂ ਕੰਡੇ ਜਿੰਨੇ ਜ਼ਖਮ ਲਗੇ ਦੇ ਬਾਹਰ ਕੱਢ ਲੈ ਜਾਂਦਾ ਹੈ।

੧੦੧. ਹਰਾਂਕਸ ਕਜ਼ੋ ਰਾਸਤਬਾਜ਼ੀ ਕੁਨਦ॥
ਰਹੀਮੇ ਬਰੋ ਰਹਮ-ਸਾਜ਼ੀ ਕੁਨਦ[2]॥

ਹਰ ਉਹ ਪੁਰਖ ਕਿ ਜੋ (ਸੰਸਾਰ ਵਿਚ) ਸਚਿਆਈ (ਸੱਚ ਦੀ ਕਮਾਈ) ਕਰਦਾ ਹੈ, ਰਹਮਤਾਂ ਦਾ ਸਾਈਂ ਉਸ ਨਾਲ ਰਹਮ ਦਾ ਵਰਤਾਉ ਕਰਦਾ ਹੈ।

੧੦੨. ਕਸੇ ਖ਼ਿਦਮਤ ਆਯਦ ਬਸੇ ਦਿਲੋ ਜਾਂ॥
ਖ਼ੁਦਾਵੰਦ ਬਖ਼ਸ਼ੀਦ ਖ਼ਰ ਵੈ ਅਮਾਂ[3]॥

ਜੇ ਕੋਈ ਦਿਲੋਂ ਜਾਨੋਂ ਹੋਕੇ ਉਸ ਦੀ ਸੇਵਾ ਵਿਚ ਹੀ ਬਹੁਤਾ ਰਹੇ, (ਜਾਣ ਲੌ) ਪਰਮੇਸ਼ਰ ਮਾਲਕ ਨੇ ਉਸ ਉਤੇ ਅਮਾਨ ਬਖਸ਼ਸ਼ ਕਰ ਦਿੱਤੀ ਹੈ।

੧੦੩. ਚਿ ਦੁਸ਼ਮਨ ਕਜ਼ਾਂ ਹੀਲਹ ਸਾਜ਼ੀਕੁਨਦ॥
ਅਗਰ ਰਹਨੁਮਾ ਬਰ ਵੈ ਰਾਜ਼ੀ ਸ਼ਵਦ॥

ਵੈਰੀ ਉਸ ਨਾਲ ਕੀ ਚਲਾਕੀਆਂ ਕਰ ਸਕੇਗਾ ਕਿ ਜੇ ਉਸ ਉਤੇ (ਰੱਬ) ਰਸਤਾ ਦੱਸਣੇ ਵਾਲਾ ਰਾਜ਼ੀ ਹੋਵੇ।

੧੦੪. ਅਗਰ ਬਰ ਯਕ ਆਯਦ ਦਹੋਦਹ ਹਜ਼ਾਰ॥
ਨਿਗਹਬਾਨ ਓਰਾ ਸ਼ਵਦ ਕਿਰਦਗਾਰ॥

ਜੇ ਇਕ ਉਤੇ ਇਕ ਲਖ (ਬੀ) ਚੜ੍ਹਾਈ ਕਰਕੇ ਆਵੇ, ਉਸ ਦਾ ਰਾਖਾ ਕਰਤਾਰ ਹੁੰਦਾ ਹੈ।

੧੦੫. ਤੁਰਾ[1] ਗਰ ਨਜ਼ਰ ਹਸਤ ਲਸ਼ਕਰ ਵ ਜ਼ਰ॥
ਕਿ ਮਾਰਾ ਨਿਗਾਹਸਤ ਯਜ਼ਦਾਂ ਸ਼ੁਕਰ[2]॥

ਤੇਰੀ ਨਜ਼ਰ (ਜੇ ਆਪਣੀ) ਫੌਜ ਤੇ ਸੋਨੇ ਉਤੇ ਹੈ, (ਜਾਣ ਲੈ) ਕਿ ਮੇਰੀ ਨਜ਼ਰ ਪਰਮੇਸ਼ੁਰ ਦੇ ਸ਼ੁਕਰ ਕਰਨੇ ਤੇ ਹੈ।

੧੦੬. ਕਿ ਓਰਾ[1] ਗ਼ਰੂਰਅਸਤ ਬਰ ਮੁਲਕੋਮਾਲ॥
ਵ ਮਾਰਾ ਪਨਾਹਸਤ ਯਜ਼ਦਾਂ ਅਕਾਲ॥

ਜੇ ਉਸ (ਅਉਰੰਗਜ਼ੇਬ) ਨੂੰ ਆਪਣੀ ਸਲਤ-ਨਤ ਤੇ ਦੌਲਤ ਉਤੇ ਹੰਕਾਰ ਹੈ ਤਾਂ ਮੈਨੂੰ ਅਕਾਲ ਪੁਰਖ ਯਜ਼ਦਾਂ ਦੀ ਟੇਕ ਹੈ[3]।

੧੦੭. ਤੁ ਗ਼ਾਫ਼ਲ ਮਸ਼ਉ ਜ਼ੀਂ ਸਿਪੰਜੀ ਸਰਾਇ॥
ਕਿ ਆਲਮ ਬਿਗੁਜ਼ਰਦ ਸਰੇ ਜਾ ਬਜਾਇ॥

ਤੂੰ ਇਸ (ਜਹਾਨ ਦੇ ਮਾਣ) ਕਰਕੇ, ਜੋ ਚੱਲਣੀ ਸਰਾਂ[4] ਹੈ ਗ਼ਾਫ਼ਲ ਨਾ ਹੋ, ਕਿ ਜਹਾਨ ਥਾਓਂ ਥਾਈਂ[5] (ਸਭ ਦੇ) ਸਿਰ ਤੋਂ ਲੰਘ ਰਿਹਾ ਹੈ (ਭਾਵ ਸਭ ਕਿਸੇ ਮਰਨਾ ਹੈ)।

੧੦੮. ਬਬੀਂ ਗਰਦਸ਼ੇ ਬੇਵਫ਼ਾਈਏ ਜ਼ਮਾਂ॥
ਕਿ ਬਿਗੁਜ਼ਸ਼ਤ ਬਰ ਹਰ ਮਕੀਨੋ ਮਕਾਂ॥

ਬੇ ਵਫ਼ਾ (ਨਾ ਅੰਗ ਪਾਲਣਹਾਰ) ਜ਼ਮਾਨੇ ਦੀ

---

੧. ਪਾਠਾਂਤ੍ਰ-ਯਤੀਮਾਂ ਬਿਰੂੰ ਮੇਂਬੁਰੱਦ ਬੇ ਆਜ਼ਾਰ-ਯਤੀਮਾਂ ਨੂੰ ਬਿਨਾਂ ਖੇਚਲ ਪੁੱਜੇ ਦੇ ਬਾਹਰ ਲੈ ਜਾਂਦਾ ਹੈ। ਅ: ਯਤੀਮ-ਜਿਸ ਦਾ ਪਿਤਾ ਨਾ ਹੋਵੇ। ਕਦੇ ਮਾਤਾ ਹੀਨ ਨੂੰ ਬੀ ਕਹਿੰਦੇ ਹਨ। ਦੋਨਾਂ ਦੇ ਨਾ ਹੋਇਆਂ ਤੇ ਬੀ ਇਹ ਪਦ ਵਰਤਦੇ ਹਨ। ਯਤੀਮ ਦਾ ਅਰਥ ਅਦੁਤੀ ਬੀ ਹੋਇਆ ਕਰਦਾ ਹੈ। ਗੁਰੂ ਜੀ ਦਾ ਭਾਵ ਉਸ ਵੇਲੇ ਦੀ ਕਿਸੇ ਸੰਸਾਰਕ ਸਹਾ-ਇਤਾ ਦੀ ਅਣਹੋਂਦ ਦੀ ਦਸ਼ਾ ਸੂਚਤ ਕਰਨੇ ਤੋਂ ਹੈ।

੨. ਪਾ:-ਕਿ ਬਰ ਵੈ ਖ਼ੁਦਾ ਰਹਮ ਸਾਜ਼ੀ ਕੁਨਦ।

੩. ਪਾ:-ਬਿਬਖਸ਼ਦ ਖ਼ੁਦਾਵੰਦ ਬਰ ਵੈ ਅਮਾਂ। ਅਮਾਂ=ਸ਼ਰਨ, ਪਨਾਹ, ਰਖਜਾ, ਸੁਖ, ਸ਼ਾਂਤੀ।

੧. ਫਾਰਸੀ ਵਿਚ ਇਸ ਤਰ੍ਹਾਂ ਸੀਗ਼ਾ ਗਾਇਬ ਤੇ ਮੁਖ਼ਾਤਬ ਬਦਲਿਆ ਜਾਵੇ ਤਾਂ ਖ਼ੂਬੀ ਮੰਨਦੇ ਹਨ।

੨. ਪਾ:-ਨਿਗਰ=ਦੇਣ ਵਾਲਾ, ਸਦਾ ਜਾਗਦਾ, ਅੰਤਰਯਾਮੀ!

੩. ਭਾਵ, ਜਿਸਨੂੰ ਤੁਸੀਂ ਯਜ਼ਦਾਂ ਤੇ ਅਸੀਂ ਅਕਾਲ ਕਹਿੰਦੇ ਹਾਂ, ਸਾਨੂੰ ਉਸੇ ਇਕ ਦਾ ਆਸਰਾ ਹੈ।

੪. ਸਿਹ+ਪੰਜੀ=੩+੫=ਅੱਠ ਦਿਨੀਂ। ਚਰਵਾਹੇ ਤੇ ਰਾਖੇ ਜੋ ਆਰਜ਼ੀ ਕੁੱਲੀਆਂ ਬਨਾਂ ਤੇ ਖੇਤਾਂ ਵਿਚ ਪਾਉਂਦੇ ਹਨ ਉਨ੍ਹਾਂ ਨੂੰ 'ਸਿਪੰਜੀ' ਆਖਦੇ ਹਨ, ਭਾਵ ਚੰਦ ਰੋਜ਼ਹ, ਚੱਲਣਹਾਰ, ਅਨਿਸਥਰ।

੫. (ਅ) ਜਾ ਬੇਜਾ=ਹਰ ਭਲੇ ਬੁਰੇ ਉਤੋਂ!

ਗਰਦਸ਼ ਵਲ ਤੱਕ, ਕਿ ਇਹ ਹਰ ਮਕਾਨ ਤੇ ਉਸ ਵਿਚ ਰਹਿਣ ਵਾਲੇ ਹਰੇਕ ਦੇ ਸਿਰ ਤੋਂ ਲੰਘ ਗਿਆ।

੧੦੯. ਤੁ ਗਰ ਜ਼ਬਰ ਆਜ਼ਜ਼ ਖ਼ਰਾਸ਼ੀ ਮਕੁਨ॥
ਕਸਮ ਰਾ ਬਤੇਸ਼ਹ ਤਰਾਸ਼ੀ ਮਕੁਨ॥

ਜੇ ਤੂੰ (ਇਸ ਵੇਲੇ ਬਹੁਤ) ਬਲਵਨ ਹੈਂ ਤਾਂ ਗ਼ਰੀਬਾਂ ਦੇ ਦਿਲ ਨਾ ਦੁਖਾ (ਤੇ ਆਪਣੀਆਂ ਖਾਧੀਆਂ) ਸੌਹਾਂ ਸ਼ੁਰੀਦਾਂ ਦੀ ਤੇਸੇ ਨਾਲ ਕੱਟ ਵੱਢ ਨਾ ਕਰ।

੧੧੦. ਚੁ ਹਕ਼ ਯਾਰ ਬਾਸ਼ਦ ਚਿ ਦੁਸ਼ਮਨ ਕੁਨੱਦ॥
ਅਗਰ ਦੁਸ਼ਮਨੀ ਰਾ ਬਮਦ ਤਨ ਕੁਨੱਦ॥

ਜਿਸਦਾ ਰੱਬ ਮਿੱਤ੍ਰ ਹੋਵੇ ਦੁਸ਼ਮਨ ਉਹਦਾ ਕੀ ਕਰ ਸਕਦਾ ਹੈ, ਚਾਹੇ (ਉਹ) ਇਕ ਦੀ ਥਾਂ ਸੌ ਬਣਕੇ ਦੁਸ਼ਮਨੀ ਪਿਆ ਕਰੇ।

੧੧੧. ਖ਼ਸਮ ਦੁਸ਼ਮਨੀ ਗਰ ਹਜ਼ਾਰ ਅਵੁਰੱਦ॥
ਨ ਯਕ ਮੂਏ ਓਰਾ ਆਜ਼ਾਰ ਆਵੁਰੱਦ॥

ਵੈਰੀ ਚਾਹੇ ਹਜ਼ਾਰ ਦੁਸ਼ਮਨੀ ਪਿਆ ਕਰੇ (ਜਿਸ ਨਾਲ ਦੁਸ਼ਮਨੀ ਕਰ ਰਿਹਾ ਹੈ) ਉਸ ਦੇ ਇਕ ਵਾਲ ਨੂੰ ਨਹੀਂ ਦੁਖਾ ਸਕਦਾ।

{ਜ਼ਫਰਨਾਮੇ ਦੀ ਅੰਦਰਲੀ ਉਗਾਹੀ}

ਪਿਛੇ ਪੰਨੇ ੧੧੫ ਤੇ ਪਹਿਲਾ ਖ਼ਤ, ਜੋ ਔਰੰਗਜ਼ੇਬ ਵਲ ਗੁਰੂ ਜੀ ਨੇ ਮਾਛੀਵਾੜੇ ਤੋਂ ਲਿਖਿਆ ਸੀ, ਦੇ ਆਏ ਹਾਂ। ਇਉਂ ਇਹ ਦੂਸਰਾ ਖ਼ਤ ਹੈ ਜੋ ਦੀਨੇ ਤੋਂ ਲਿਖਿਆ ਗਿਆ। ਜਾਪਦਾ ਹੈ ਕਿ ਔਰੰਗਜ਼ੇਬ ਵਲੋਂ ਕੋਈ ਪੁੱਛਾਂ ਆਈਆਂ ਹਨ ਤੇ ਇਸ ਜ਼ਫਰਨਾਮੇ ਵਿਚ ਉਮਦੇ ਉੱਤਰ ਹਨ। ਇਹ ਬੀ ਹੋ ਸਕਦਾ ਹੈ ਕਿ ਇਹ ਚੇਤਾਵਨੀ ਪੱਤ੍ਰ ਹੈ ਤੇ ਇਸ ਵਿਚ ਵੇਰਵੇ ਦਿਤੇ ਹਨ ਜੋ ਪਹਿਲੇ ਵਿਚ ਨਹੀਂ ਸਨ। ਇਹ ਜ਼ਫਰਨਾਮਾ ਇਕ ਪੱਤ੍ਰ ਹੋਣ ਤੋਂ ਛੁਟ ਇਤਿਹਾਸਕ ਕੀਮਤ ਕੂਤ ਦੀ ਵਸਤੂ ਬੀ ਹੈ। ਇਹ ਗੁਰੂ ਜੀ ਦੀ ਸ੍ਵੈਜੀਵਨੀ ਸੰਬੰਧੀ ਸ੍ਵੈਲਿਖਤ ਉਸ ਮੌਕੇ ਦਾ ਇਤਿਹਾਸ ਹੈ। ਸ੍ਵੈਜੀਵਨੀ ਸੰਬੰਧੀ ਸ੍ਵੈਲਿਖਤ ਵਾਕਿਆਤ ਇਤਿਹਾਸਕਾਰਾਂ ਵਿਚ ਬੜੇ ਕੀਮਤੀ ਸਮਝੇ ਜਾਂਦੇ ਹਨ।

ਸਰਸਰੀ ਨਜ਼ਰ ਨਾਲ ਪੜ੍ਹਿਆਂ ਜ਼ਫਰਨਾਮੇ ਦੇ ਭਾਵਾਂ ਦਾ ਪਤਾ ਨਹੀਂ ਲਗਦਾ, ਪਰ ਪੜਚੋਲ ਕਰਕੇ ਪੜ੍ਹਿਆਂ ਬਹੁਤ ਕੁਛ ਇਤਿਹਾਸਕ ਹਾਲ ਖੁਲ੍ਹਦੇ ਹਨ ਜੋ ਇਸ ਪ੍ਰਕਾਰ ਹਨ:-

੧. ਪਹਿਲੀ ਗਲ ਇਸ ਵਿਚੋਂ ਇਹ ਲੱਭਦੀ ਹੈ ਕਿ ਔਰੰਗਜ਼ੇਬ ਵਲੋਂ ਗੁਰੂ ਜੀ ਪਾਸ ਕੋਈ ਕਾਜ਼ੀ ਆਇਆ ਹੈ। {ਦੇਖੋ ਸ਼ਿਅਰ ੫੬}

੨. ਜਿਸ ਨੇ ਆਕੇ ਪਾਤਸ਼ਾਹ ਦਾ ਲਿਖਿਆ ਖ਼ਤ ਯਾ ਅਹਿਦ ਯਾ ਕੋਈ ਸ਼ੈ ਦਿੱਤੀ ਹੈ। ਇਸ ਖ਼ਤ ਵਿਚ ਇਹ ਲਿਖਿਆ ਜ਼ਰੂਰ ਸਹੀ ਹੁੰਦਾ ਹੈ ਕਿ ਕਾਜ਼ੀ ਜ਼ੁਬਾਨੀ ਬੀ ਮੇਰੇ ਸੁਨੇਹੇ ਦੇਵੇਗਾ ਤੇ ਜੋ ਕੁਛ ਉਹ ਕਹੇਗਾ ਮੇਰੀ ਵਲੋਂ ਹੋਵੇਗਾ। {ਸ਼ਿਅਰ ੫੪}

੩. ਗੁਰੂ ਸਾਹਿਬ ਨੇ ਇਹ ਸ਼ੈ ਸੰਭਾਲ ਕੇ ਪਾਸ ਰਖੀ ਹੈ ਤੇ ਇੰਨੇ ਖਖੇੜ ਬਖੇੜਾਂ ਦੇ ਵਿਚੋਂ ਲੰਘਕੇ ਬੀ ਉਹ ਸ਼ੈ ਉਨ੍ਹਾਂ ਦੇ ਪਾਸ ਸੀ ਜੋ ਉਹ ਦੀਨੇ ਤੋਂ ਉਸਨੂੰ ਲਿਖਦੇ ਹਨ ਕਿ ਉਹ ਲਿਖਿਆ ਅਹਿਦ ਨਾਮਾ ਜੋ ਚਾਹੋ ਤਾਂ ਮੈਂ ਤੁਸਾਂ ਪਾਸ ਘੱਲ ਸਕਦਾ ਹਾਂ। {ਸ਼ਿਅਰ ੫੭}

੪. ਇਹ ਅਹਿਦਨਾਮੇ ਵਿਚ ਜੋ ਔਰੰਗਜ਼ੇਬ ਵਲੋਂ ਆਇਆ ਕੁਰਾਨ ਦੀ ਕਸਮ ਖਾਧੀ ਗਈ ਹੈ, ਰੱਬ ਦੀ ਸਹੁੰ ਖਾਧੀ ਗਈ ਹੈ ਤੇ ਹੋ ਸਕਦਾ ਹੈ ਕਿ ਇਹ ਲਿਖਿਆ ਹੀ ਕੁਰਾਨ ਦੀ ਜਿਲਦ ਦੇ ਕੋਰੇ ਸਫੇ ਉਤੇ ਹੋਵੇ। {ਦੇਖੋ ਸ਼ਿਅਰ ੪੮, ੪੯}

੫. ਇਸ ਵਿਚ ਇਹ ਸ਼ਰਤ ਜ਼ਰੂਰੀ ਸੀ ਕਿ ਤੁਸੀਂ ਜੋ ਕਿਲਾ ਛੱਡ ਦਿਓ ਤਾਂ ਅਮਨ ਅਮਾਨ ਜਿਧਰ ਜੀ ਕਰੇ ਚਲੇ ਜਾਓ, ਕੋਈ ਤੁਸਾਂ ਨੂੰ ਕੁਛ ਨਾ ਕਹੇਗਾ। {ਸ਼ਿਅਰ ੧੮, ੨੦}

੬. ਚਾਹੋ ਔਰੰਗਜ਼ੇਬ ਦੇ ਖਤ ਵਿਚ ਇਹ ਗੱਲ ਸੀ ਤੇ ਚਾਹੋ ਕਾਜ਼ੀ ਨੇ ਗੁਰੂ ਜੀ ਨੂੰ ਜ਼ੁਬਾਨੀ ਕਹਿਕੇ ਨਿਸਚੇ ਕਰਾਈ ਸੀ ਕਿ ਪਾਤਸ਼ਾਹ ਤੁਹਾਨੂੰ ਦੀਨ ਦੇ ਬਜ਼ੁਰਗ ਸਮਝਦਾ ਹੈ, ਤੁਹਾਡਾ ਅਦਬ ਕਰਦਾ ਹੈ ਤੇ ਉਹ ਹੁਣ ਦੱਖਣ ਦੇ ਜੰਗ ਵਿਚ ਰੁੱਝਾ ਹੈ, ਨਹੀਂ ਤਾਂ ਉਹ ਆਪ ਆਕੇ ਜ਼ਜ਼ਾਰਤ ਹਾਸਲ ਕਰਦਾ। ਹੁਣ ਵੀ ਜਦ ਦਿੱਲੀ ਆਇਆ, ਉਹ ਆਪ ਆਕੇ ਜ਼ਜ਼ਾਰਤ ਕਰੇਗਾ। ਤਦੇ ਇਸ ਗਲ ਨੂੰ ਗੁਰੂ ਜੀ ਖੁਹਲਕੇ ਖਤ ਵਿਚ ਲਿਖਦੇ ਹਨ ਕਿ ਔਰੰਗਜ਼ੇਬ ਨੂੰ ਪਤਾ ਲਗ ਜਾਵੇ ਕਿ ਉਸਦਾ ਘੱਲਿਆ ਕਾਜ਼ੀ ਕਿਸ ਹਦ ਤਕ ਇਕਰਾਰ ਕਰ ਆਇਆ ਹੈ। ਕਾਜ਼ੀ ਨੇ ਐਸੇ ਖੁਸ਼ ਕਰਨ ਵਾਲੇ ਇਕਰਾਰ ਮਦਾਰ

ਇਸ ਲਈ ਕਰ ਲਏ ਕਿ ਅਨੰਦਪੁਰੋਂ ਨਿਕਲ-ਦਿਆਂ ਤਾਂ ਅਸਾਂ ਇਸਨੂੰ ਮਾਰ ਲੈਣਾ ਹੈ, ਪਾਤਸ਼ਾਹ ਨੂੰ ਇਕਰਾਰਾਂ ਦਾ ਪਤਾ ਹੀ ਨਹੀਂ ਲਗਾਣਾ। ਨਾਲੇ ਉਹ ਜਾਣਦਾ ਸੀ ਕਿ ਕਸਮ ਤੋੜਕੇ ਕਾਮਯਾਬੀ ਕੀਤੀ ਨੂੰ ਔਰੰਗਜ਼ੇਬ ਮਾੜਾ ਨਹੀਂ ਸਮਝਦਾ।

੭. ਇਸੇ ਕਰਕੇ ਗੁਰੂ ਜੀ ਔਰੰਗਜ਼ੇਬ ਨੂੰ ਅਝਕ ਲਿਖਦੇ ਹਨ ਕਿ ਤੂੰ ਉਸ ਇਕਰਾਰ ਮੁਜਬ ਕਾਂਗੜ ਅਸਾਡੇ ਪਾਸ ਆ ਤਾਂ ਅਸੀਂ ਤੈਨੂੰ ਸਾਰਾ ਹਾਲ ਦੱਸੀਏ। ਤੇ ਤਨਜ਼ ਨਾਲ ਕਹਿੰਦੇ ਹਨ ਕਿ ਇਲਾਕਾ ਸਾਡਾ ਹੈ ਜੇ ਲੈਣਾ ਹੈ ਤਾਂ ਘੋੜਾ ਲੈਕੇ ਆ ਤੈਨੂੰ ਦੇ ਦਵੀਏ। {ਸ਼ਿਅਰ ੫੮ ਤੋਂ ੬੧}

੮. ਫਿਰ ਇਹ ਬੀ ਪਤਾ ਲਗਦਾ ਹੈ ਕਿ ਸੌਹਾਂ ਸੁਰੀਦਾਂ ਖਾਣ ਵਿਚ ਸਿਰਫ ਔਰੰਗਜ਼ੇਬ ਦਾ ਘੱਲਿਆ ਕਾਜ਼ੀ ਹੀ ਨਹੀਂ ਸੀ, ਉਸਦੇ ਹੋਰ ਅਹੁਦੇਦਾਰ ਬੀ ਸਨ, ਅਰ ਓਹ ਫੌਜੀ ਤੇ ਸਿਵਲ ਦੋਹਾਂ ਪੱਖਾਂ ਦੇ ਸਿਰਕਰਦੇ ਸਨ, ਜਿਨ੍ਹਾਂ ਨੂੰ ਬਖਸ਼ੀ ਤੇ ਦੀਵਾਨ ਕਰਕੇ ਦੱਸਿਆ ਹੈ। {ਸ਼ਿਅਰ ੧੪}

੯. ਫਿਰ ਇਹ ਖਜਾਲ ਕਿ ਗੁਰੂ ਜੀ ਦੱਖਣ ਔਰੰਗਜ਼ੇਬ ਕੋਲ ਜਾਂਦੇ ਪਏ ਸਨ ਕਈਆਂ ਦੇ ਕਿਆਸ ਵਿਚ ਹੈ, ਜ਼ਫਰਨਾਮੇ ਦੇ ਕਿਸੇ ਸ਼ਿਅਰ ਤੋਂ ਭੀ ਸ਼ੁਬਹ ਪੈ ਸਕਦਾ ਹੈ, ਪਰ ਇਸ ਵਿਚ ਸਾਫ ਹਰਫਾਂ ਵਿਚ ਇਨਕਾਰ ਹੈ: ਕਿ ਤੂੰ ਮੈਨੂੰ ਸੱਦੇਂ ਤਾਂ ਮੈਂ ਨਹੀਂ ਆਉਣਾ, ਨਾ ਤੇਰੀ ਕਸਮ ਦਾ ਇਤਬਾਰ ਕਰਨਾ ਹੈ। {ਸ਼ਿਅਰ ੮੭-੮੮} ਪਰ ਇਹ ਬੀ ਕਿਹਾ ਹੈ ਕਿ ਜੇ ਰੱਬ ਦਾ ਹੁਕਮ ਆਵੇ ਤਾਂ ਆ ਬੀ ਸਕਦੇ ਹਾਂ। {ਸ਼ਿਅਰ ੬੩}

੧੦. ਘੇਰੇ ਘੱਤਣ ਵਾਲਿਆਂ ਅਹਿਦ ਤੋੜਿਆ ਤੇ ਹਮਲਾ ਕੀਤਾ। {ਸ਼ਿਅਰ ੨੦}

੧੧. ਉਸ ਘਮਸਾਣ ਵਿਚੋਂ ਮਸਾਂ ਮਸਾਂ ਗੁਰੂ ਜੀ ਕੁਛ ਸਾਥੀਆਂ ਸਣੇ ਨਿਕਲੇ ਤੇ ਕਿਸੇ ਤਰ੍ਹਾਂ ਚਮਕੌਰ ਜਾ ਗੜੀ ਵਿਚ ਠਹਿਰੇ। ਉੱਥੇ ਉਨ੍ਹਾਂ ਦੇ ਨਾਲ ਕੇਵਲ ੪੦ ਸਿੱਖ ਸਨ ਤੇ ਓਹ ਬੀ ਰਸਦ ਪਾਣੀ ਤੋਂ ਵਿਰਵੇ ਸਨ। {ਸ਼ਿਅਰ ੧੯}

੧੨. ਉੱਥੇ ਬੀ ਗੁਰੂ ਜੀ ਨੇ ਪਹਿਲ ਨਹੀਂ ਕੀਤੀ, ਪਹਿਲਾ ਵਾਰ ਤੁਰਕਾਂ ਵਲੋਂ ਹੋਇਆ, ਫੇਰ ਸ੍ਹੈ-ਰਖਜਾ ਵਿਚ ਜੰਗ ਹੋਇਆ। {ਸ਼ਿਅਰ ੨੧}

੧੩. ਅੰਕ ੨੭ ਤੋਂ ੪੦ ਤਕ ਨੂੰ ਵੀਚਾਰਿਆਂ ਸਮਝ ਆਉਂਦੀ ਹੈ ਕਿ ਗੁਰੂ ਸਾਹਿਬ ਦੀ ਤੀਰ ਅੰਦਾਜ਼ੀ ਬੜੇ ਕਮਾਲ ਦੀ ਸੀ। ਇਹ ਖਜਾਲ ਕਿ ਅਮੋਘ ਬਾਣਾਂ ਦੇ ਆਖਰੀ ਤੀਰ ਅੰਦਾਜ਼ ਗੁਰੂ ਸਾਹਿਬ ਹੋਏ ਹਨ, ਇਨ੍ਹਾਂ ਸ਼ਿਅਰਾਂ ਤੋਂ ਉਸਦੀ ਸਤਜਤਾ ਪਈ ਸਫ਼ੁਟ ਹੁੰਦੀ ਹੈ। {ਸ਼ਿਅਰ ੨੭ ਤੋਂ ੪੦}

੧੪. ਨਾਹਰ ਖਾਂ ਦਾ ਇਕ ਆਪ ਦੇ ਤੀਰ ਨਾਲ ਮਾਰਿਆ ਜਾਣਾ ਇਸ ਵਿਚ ਸਪਸ਼ਟ ਹੈ। {ਸ਼ਿਅਰ ੨੯}

੧੫. ਖ੍ਵਾਜਾ ਮਰਦੂਦ ਆਪਦੀ ਤੀਰ ਅੰਦਾਜ਼ੀ ਤੋਂ ਡਰਦਾ ਲੁਕਿਆ ਰਿਹਾ ਹੈ ਕੰਧ ਦੇ ਉਹਲੇ। {ਸ਼ਿਅਰ ੩੪, ੩੫}

੧੬. ਚਮਕੌਰ ਦਾ ਜੰਗ ਸਾਰਾ ਦਿਨ ਭਰ ਹੁੰਦਾ ਰਿਹਾ, ਗੋਯਾ ੪੦ ਸਿਖਾਂ ਨੇ ਬੇਸ਼ੁਮਾਰ ਸੈਨਾਂ ਨੂੰ ਗੜ੍ਹੀ ਦੇ ਲਾਗੇ ਚਾਰ ਪਹਿਰ ਨਹੀਂ ਆਉਣ ਦਿਤਾ। {ਸ਼ਿਅਰ ੪੨}

੧੭. ਚਮਕੌਰ ਦਾ ਜੁੱਧ ਸਖਤ ਜੰਗ ਸੀ, ਇਸ ਵਿਚ ਕੱਟ ਵੱਢ ਬਹੁਤ ਹੋਈ ਤੇ ਮੁਰਦਿਆਂ ਦੇ ਢੇਰਾਂ ਦੇ ਢੇਰ ਲਗ ਗਏ, ਦੁਵੱਲੀ ਮਰੇ, ਪਰ ਸਿਖ ਤਾਂ ਚਾਲੀ ਸਨ ਸਾਰੇ। ਜੇ ਢੇਰਾਂ ਦੇ ਢੇਰ ਲਗੇ ਤਾਂ ਸਾਫ ਹੈ ਕਿ ਘੇਰੇ ਪਾਉਣ ਵਾਲਿਆਂ ਦੀ ਕਟਾ ਵੱਢ ਬਹੁਤ ਵਧੀਕ ਹੋਈ। {ਸ਼ਿਅਰ ੩੬ ਤੋਂ ੪੦}

੧੮. ਦੁਵੱਲੀ ਨਿਹਾਯਤ ਖੂੰਖਾਰ ਜੰਗ ਹੁੰਦਿਆਂ ਰਾਤ ਪੈ ਗਈ ਤੇ ਗੁਰੂ ਜੀ ਬੇਸ਼ੁਮਾਰ ਸੈਨਾਂ ਦੇ ਘੇਰੇ ਵਿੱਚੋਂ ਸਹੀ ਸਲਾਮਤ ਨਿਕਲ ਗਏ। {ਸ਼ਿਅਰ ੪੨ ਤੋਂ ੪੪}

੧੯. ਔਰੰਗਜ਼ੇਬ ਦੇ, ਸਿਪਾਹਗੀਰੀ, ਹੁਕਮਰਾਨੀ, ਰਾਜਨੀਤੀ, ਖੁਸ਼ ਅਕਲੀ, ਦਾਨ, ਕਾਮਯਾਬ ਪਾਤਸ਼ਾਹ ਹੋਣ, ਦੂਰੰਦੇਸ਼ੀ, ਜੰਗ ਵਿਚ ਅਹਿੱਲ ਰਹਿਣਾ ਆਦਿ ਸਾਰੇ ਗੁਣ ਮੰਨੇ ਹਨ ਅਰ ਕਿਸੇ ਭਾਵ ਵਿਚ ਜਾਕੇ ਜੋ ਕੁਛ ਸੱਚ ਹੈ ਉਸਨੂੰ ਨਜ਼ਰ ਅੰਦਾਜ਼ ਨਹੀਂ ਕੀਤਾ। {ਸ਼ਿਅਰ ੮੯ ਤੋਂ ੯੪}

੨੦. ਇਸਤੋਂ ਪਹਿਲੋਂ ਬੀ ਉਸਦੇ ਇਨਸਾਫ, ਦੀਨ ਪਰਸਤੀ, ਸੁਖਨ ਪਰਸਤੀ, ਮੁਹੰਮਦ ਤੇ ਭਰੋਸਾ ਤੇ ਖ਼ੁਦਾ ਪਰਸਤੀ ਪਰ ਇਤ੍ਰਾਜ਼ ਕਰਦੇ ਤੇ ਇਨ੍ਹਾਂ ਗੁਣਾਂ ਦੇ ਅਸਲੀ ਈਮਾਨ ਤੇ ਵਰਤਾਉ ਤੋਂ ਉਸਨੂੰ ਸੱਖਣਾ ਦੱਸਦੇ ਹਨ। ਇਤਿਹਾਸ ਦੱਸਦੇ ਹਨ ਕਿ ਏਹ ਸਾਰੀਆਂ ਗੱਲਾਂ ਵਿਚ ਗੁਰੂ ਸਾਹਿਬ ਨੇ

ਇਸ ਆਦਮੀ ਦਾ ਦਰੁਸਤ ਮੁਤਾਲਜ਼ਾ ਇਮ ਵਿਚ ਲਿਖ ਦਿੱਤਾ ਹੈ, ਅਰ ਇਤਨੇ ਜ਼ਬਰਦਸਤ ਪਾਤਸ਼ਾਹ ਨੂੰ ਉਸਦੇ ਅਸਲੀ ਅਵਗੁਣ ਲਿਖ ਘੱਲਣੋਂ ਹਤਾ ਨਹੀਂ ਡਰੇ; ਹਾਲਾਂਕਿ ਸਰਹਿੰਦ ਦਾ ਨਵਾਬ ਮਗਰ ਲਗ ਰਿਹਾ ਹੈ ਅਰ ਖ਼ਤਰਾ ਹੈ ਕਿ ਹੁਣੇ ਆਇਆ ਕਿ ਆਇਆ, ਅਰ ਥੋੜੇ ਹੀ ਚਿਰ ਬਾਅਦ ਮੁਕਤਮਰ ਵਾਲੇ ਥਾਂ ਉਸ ਨੇ ਆ ਹੀ ਹਮਲਾ ਕੀਤਾ। ਜੇ ਔਰੰਗਜ਼ੇਬ ਬੀ ਆਪਣੇ ਅਵਗੁਣ ਸੁਣਕੇ ਤਿਲਕ ਪਵੇ ਤਾਂ ਫੇਰ ਅਪਣੀ ਜ਼ਿੰਦਗੀ ਹੋਰ ਬੀ ਵਧੇਰੇ ਖ਼ਤਰੇ ਵਿਚ ਪੈ ਜਾਵੇ, ਪਰ ਆਪ ਨੇ ਉਹਦੇ ਏਹ ਅਵਗੁਣ, ਜੋ ਠੀਕ ਉਸ ਵਿਚ ਸਨ, ਗਿਣਵੇਂ ਤੋਲਵੇਂ ਬੇਝਿਜਕ ਲਿਖਕੇ ਘੱਲ ਦਿੱਤੇ ਹਨ।

੨੧. ਸ਼ਿਅਰ ੯੪ ਵਿਚ ਪਹਾੜੀ ਰਾਜਿਆਂ ਨੂੰ ਬੁਤਪਰਸਤ ਕਿਹਾ ਹੈ ਤੇ ਆਪਣੇ ਆਪਨੂੰ ਬੁਤ ਸ਼ਿਕਨ। ਇਸ ਸ਼ਿਅਰ ਦਾ ਇਹ ਮਤਲਬ ਨਹੀਂ ਕਿ ਪਹਾੜੀ ਰਾਜਿਆਂ ਨਾਲ ਗੁਰੂ ਸਾਹਿਬ ਦੀ ਲੜਾਈ ਕਿਸੇ ਬੁਤ ਪਰਮਤੀ ਦੇ ਅਸੂਲ ਤੋਂ ਸੀ। ਇਸਦਾ ਭਾਵ ਕੇਵਲ ਔਰੰਗਜ਼ੇਬ ਨੂੰ ਇਹ ਜਤਾਉਣ ਦਾ ਹੈ ਕਿ ਤੂੰ ਮਜ਼ਬੀ ਨੁਕਤੇ ਤੋਂ ਬੁਤ ਪਰਸਤਾਂ ਨੂੰ ਹਾਨੀ ਪਹੁੰਚਾਉਂਦਾ ਰਹਿੰਦਾ ਹੈਂ, ਐਸ ਵੇਲੇ ਆਪਣੇ ਮਤਲਬ ਲਈ ਉਨ੍ਹਾਂ ਦੀ ਮਦਦ ਕਰ ਰਿਹਾ ਹੈਂ ਮੇਰੇ ਬਰਖਿਲਾਫ-ਮੈਂ ਜੋ ਬੁਤ ਪਰਸਤ ਨਹੀਂ ਹਾਂ ਸਗੋਂ ਬੁਤਾਂ ਦੀ ਪੂਜਾ ਦਾ ਖੰਡਨ ਕਰਨ ਵਾਲਾ ਹਾਂ। ਇਸ ਸ਼ਿਅਰ ਵਿਚ ਔਰੰਗਜ਼ੇਬ ਨੂੰ ਮਤਲਬ ਪਰਸਤੀ ਦਾ ਉਲਾਂਭਾ ਹੈ ਕਿ ਉਹ ਕਿਸੇ ਬੀ ਅਸੂਲ ਦਾ ਪਾਬੰਦ ਨਹੀਂ, ਚਾਹੇ ਉਹ ਅਸੂਲ ਆਪਣੇ ਆਪ ਵਿਚ ਬੁਰੇ ਹੋਣ ਚਾਹੇ ਭਲੇ। {ਸ਼ਿਅਰ ੯੫, ੯੬}

੨੨. ਇਸ ਖਤ ਵਿਚ ਦੋ ਇਕ ਵੇਰੀ ਵੈਰੀਆਂ ਦੀ ਫੌਜ ਨੂੰ ਦਹ ਲਕ ਕਿਹਾ ਹੈ। ਇਸ ਤੋਂ ਦਸ ਲੱਖ ਦੀ ਛਾਣੀ ਪੁਣੀ ਗਿਣਤੀ ਮੁਰਾਦ ਨਹੀਂ, ਭਾਵ ਬੇ ਸ਼ੁਮਾਰ ਹੈ। ਰਵਾਇਤਾਂ ਦਸਦੀਆਂ ਹਨ ਕਿ ੧੩-੧੪ ਮੀਲਾਂ ਤਕ ਫੌਜਾਂ, ਛੇੜਾਂ, ਵਹੀਰਾਂ ਤੇ ਲੁਟੇਰਾ ਮੁਲਖਈਆ ਆ ਪਿਆ ਸੀ ਸੋ ਦਹ ਲੱਖ ਦਾ ਅਵਾਜ਼ਾ ਦਰੁਸਤ ਹੈ।

{ਸ਼ਿਅਰ ੪੧ ਤੇ ੧੯ ਦੇ ਹੇਠਲਾ ਨੋਟ ਬੀ ਦੇਖੋ}

੨੩. ਫਿਰ ਇਸ ਮਾਰੇ ਖਤ ਵਿਚ ਉਸਤੇ ਵਾਜ਼ਿਆ ਕੀਤਾ ਗਿਆ ਹੈ ਕਿ ਤੇਰਾ ਫਰਜ਼ ਅਜੇ ਬੀ ਨਹੀਂ ਮੁੱਕਾ। ਜੋ ਕੁਛ ਸਹੁੰ ਤੋੜਕੇ ਤੇਰੇ ਵੱਲੋਂ ਤੇ ਤੇਰੇ ਸੂਬਿਆਂ ਆਦਿਕਾਂ ਵਲੋਂ ਅਹਿਦ ਸ਼ਿਕਨੀ ਹੋਈ ਹੈ ਉਸਦੀ ਤਲਾਫੀ ਦਾ ਅਜੇ ਵਕਤ ਹੈ ਅਰ ਤੇਰਾ ਫਰਜ਼ ਹੈ ਉਮਨੂੰ ਧਰਮ, ਨਿਆਂ ਤੇ ਨੀਤੀ ਤ੍ਰੈਆਂ ਨੁਕਤਿਆਂ ਤੋਂ ਸਿਰੇ ਚਾੜ੍ਹੇਂ। {ਸ਼ਿਅਰ ੫੩-੫੪}

੨੪. ਫਿਰ ਇਸ ਖ਼ਤ ਵਿਚੋਂ ਗੁਰੂ ਸਾਹਿਬ ਦਾ ਅਕਾਲ ਪੁਰਖ ਤੇ ਭਰੋਸਾ ਕਮਾਲ ਦਾ ਸਹੀ ਹੁੰਦਾ ਹੈ, ਉਸਦੀ ਸਿਫਤ ਸਲਾਹ ਵੀ ਕਮਾਲ ਦੀ ਹੈ। ਉਸ ਨਾਲ ਪਿਆਰ ਤੇ ਸਿਦਕ ਦਾ ਉਨ੍ਹਾਂ ਦਾ ਸੰਯੋਗ ਬੜਾ ਜ਼ੋਰਦਾਰ ਸਾਬਤ ਹੁੰਦਾ ਹੈ: ਪਾਤਸ਼ਾਹ ਨੂੰ ਦੌਲਤ ਤੇ ਮਾਣ ਹੈ ਤੇ ਆਪ ਦਾ ਤਕੀਆ ਸਾਈਂ ਦੀ ਟੇਕ ਤੇ ਹੈ ਅਰ ਉਹ ਯਕੀਨ ਕਾਮਯਾਬੀ ਪ੍ਰਾਪਤ ਕਰਕੇ ਨਹੀਂ ਸਖ਼ਤ ਦੁੱਖ ਮੁਸੀਬਤਾਂ ਤੇ ਵਿਛੋੜੇ ਝੱਲਕੇ ਜਿਉਂ ਕਾ ਤਿਉਂ ਹੈ। ਇਹ ਯਕੀਨ ਮਾਤ੍ਰ ਹੀ ਨਹੀਂ ਸਗੋਂ ਰੱਬ ਉਨ੍ਹਾਂ ਨੂੰ ਅਪ੍ਰੋਖ ਦਿੱਸ ਰਿਹਾ ਹੈ ਤੇ ਫੇਰ ਆਪਣੇ ਰੱਬ ਅਕਾਲ ਪੁਰਖ ਤੇ ਮੁਸਲਮਾਨੀ ਰੱਬ 'ਯਜ਼ਦਾਂ' ਨੂੰ ਇਕ ਕਹਿ ਰਹੇ ਹਨ।

{ਸ਼ਿਅਰ ੧੦੫-੧੦੬}

੨੫. ਫੇਰ ਔਰੰਗਜ਼ੇਬ ਨੂੰ ਉਸੇ ਰੱਬ ਦੀ ਰਬੀਅਤ, ਸ਼ਹਿਨਸ਼ਾਹਾਂ ਉਤੇ ਬੀ ਉਮ ਦੀ ਕੁਦਰਤ ਤੇ ਤਾਕਤ ਦੱਸਕੇ ਮਰਕੇ ਉਸਦੇ ਦੀਨ ਮੂਜਬ ਉਸ ਵਲੋਂ ਇਨਸਾਫ ਹੋਣਾ ਤੇ ਰਾਸਤ ਬਾਜ਼ਾਂ ਦੀ ਕਦਰ ਹੋਣੀ ਆਦਿ ਉਪਦੇਸ਼ ਦੇਕੇ ਰਾਸਤਬਾਜ਼ੀ ਵਲ ਤੇ ਨੇਕੀ ਵਲ ਪ੍ਰੇਰਦੇ ਹਨ, ਜਗਤ ਦੀ ਅਸਾਰਤਾ ਦਾ ਨਜ਼ਾਰਾ ਦੱਸਦੇ ਹਨ ਤੇ ਉਮਦੀ ਰਹਿਮਤ ਪ੍ਰਾਪਤ ਕਰਨੇ ਦੀ ਪ੍ਰੇਰਨਾ ਕਰਦੇ ਹਨ।

{ਸ਼ਿਅਰ ੬੮, ੬੯, ੧੦੭, ੧੦੮}

੨੬. ਬੈਰਾੜ ਸਾਰੇ ਗੁਰੂ ਦੇ ਸਿਖ ਸਨ।

{ਸ਼ਿਅਰ ੫੯}

ਔਰੰਗਜ਼ੇਬ ਦੇ ਕੈਰੈਕਟਰ ਦੀ ਤਮਦੀਕ ਹੋਰਨਾਂ ਇਤਿਹਾਸਕਾਰਾਂ ਤੋਂ।

ਸ਼ਿਅਰ ਨੰਬਰ ੧੩, ੧੪, ੨੩, ੨੪ ਵਿਚ ਔਰੰਗਜ਼ੇਬ ਦੀ ਕੁਰਾਨ ਤੇ ਸਹੁੰ ਖਾਣ ਦੀ ਬੇਇਤ-

ਬਾਰੀ ਦਾ ਜ਼ਿਕਰ ਹੈ, ਇਸ ਸੰਬੰਧ ਵਿਚ ਹੇਠਲੀਆਂ ਤਵਾਰੀਖੀ ਉਗਾਹੀਆਂ ਜੋ ਔਰੰਗਜ਼ੇਬ ਦੀਆਂ ਸੁਹੰਵਾਂ ਖਾਣ ਸਬੰਧੀ ਤੇ ਇਕਰਾਰ ਤੋੜਨ ਸਬੰਧੀ ਹਨ, ਪਾਠਕਾਂ ਲਈ ਦਿਲਚਸਪ ਹੋਸਨ:-

੧. "(ਔਰੰਗਜ਼ੇਬ ਕੀ ਤਰਫ ਸੇ) ਬਹੁਤ ਸੇ ਐਸੇ ਅਹਮਕਾਮਾਤ ਭੀ ਦੀਏ ਗਏ ਜਿਸ ਸੇ ਉਸਕੀ ਅਪਣੀ ਮਤਲਬ ਬਰਾਰੀ ਹੋਤੀ ਥੀ, ਮਸਲਨ ਲੋਗੋਂ ਕੋ ਯਿਹ ਕਹਾ ਗਿਆ ਕਿ ਬੇਸ਼ਕ ਝੂਟੀ ਕਸਮੇਂ ਖਾ ਲੋ ਔਰ ਇਸ ਤਰ੍ਹਾਂ ਸੇ ਗਿਰਦੋਨਵਾਹ ਕੀ ਸਲਤਨਤੋਂ ਮੇਂ ਬਗ਼ਾਵਤ ਕੀ ਆਗ ਭੜਕਾ ਕਰ ਲੋਗੋਂ ਕੋ ਆਪਣੀ ਤਰਫ ਮਿਲਾ ਲੋ ਔਰ ਜੰਬ ਕਾਮ ਨਿਕਲ ਆਏ ਤੋ ਦਸ ਟੁਕਰਾ ਕੋ ਖਾਨਾ ਖੁਲਾ ਦੋ ਔਰ ਖਾਹ ਕੁਰਾਨ ਕੀ ਹਜ਼ਾਰੋਂ ਕਸਮ ਖਾਕਰ ਹੀ ਤੁਮਨੇ ਵਾਅਦੇ ਕਿਉਂ ਨਾ ਕੀਏ ਹੋਂ ਤੁਮ ਸਭ ਸੇ ਬਰੀ ਹੋ ਜਾਓਗੇ।"

{ਸਟੋਰੀਆ ਡੋਮੋਗਰ ਜਿ: ੩ ਹਿੱਸਾ ੨ ਸਫਾ ੫}

੨. "(ਗੋਲਕੰਡਾ ਕੇ ਬਾਦਸ਼ਾਹ ਨੇ ਔਰੰਗਜ਼ੇਬ ਕੀ ਚੜ੍ਹਾਈ ਕੀ ਖਬਰ ਪਾ ਕਰ) ਔਰੰਗਜ਼ੇਬ ਕੋ ਪੈਗਾਮ ਭੇਜਾ ਕਿ 'ਆਪ ਜੰਗ ਨਾਂ ਕਰੋਂ ਮੈਂ ਅਪਨੇ ਆਪ ਕੋ ਹਜ਼ੂਰ ਕੇ ਦੀਗਰ ਹੁੱਕਾਮ ਔਰ ਸੂਬੇਦਾਰੋਂ ਕੀ ਤਰਹ ਸਮਝਤਾ ਹੂੰ ਔਰ ਇਸੀ ਹੈਸੀਅਤ ਸੇ ਗੋਲਕੰਡਾ ਪਰ ਕਬਜ਼ਾ ਰਖਨਾ ਚਾਹਤਾ ਹੂੰ'। ਇਸਕੇ ਜੁਵਾਬ ਮੇਂ ਔਰੰਗਜ਼ੇਬ ਨੇ ਉਸੇ ਕਹਿਲਾ ਭੇਜਾ ਕਿ 'ਆਪ ਫਿਕਰ ਮਤ ਕੀਜੀਏ, ਆਪ ਕੀ ਬਾਦਸ਼ਾਹਤ ਕੋ ਕੋਈ ਕੁਛ ਨਹੀਂ ਕਹੇਗਾ, ਹਮ ਸਿਰਫ 'ਗੁਲਬਰਗਾ' ਤਕ ਜਾਨਾ ਚਾਹਤੇ ਹੈਂ, ਜਹਾਂ ਔਲੀਆ ਲੋਗੋਂ ਕੀ ਮਜ਼ਾਰੋਂ ਪਰ ਦੁਆ ਕਰਨੇ ਔਰ ਮਿੰਨਤ ਮਾਨਨੇ ਕੀ ਖਾਹਸ਼ ਹੈ।'

ਸ਼ਾਹੇ ਗੋਲਕੰਡਾ ਨੇ ਇਸਕੇ ਇਲਫਾਜ਼ ਕੋ ਸੱਚ ਜਾਨ ਕਰ ਇਸੇ ਪਾਂਚ ਲਾਖ ਰੁਪਏ ਮਜ਼ਾਰ ਪਰ ਫੁਕਰਾ ਕੋ ਤਕਸੀਮ ਕਰਨੇ ਕੇ ਲੀਏ ਭੇਜੇ, ਜਿਸੇ ਵਸੂਲ ਕਰਕੇ ਔਰੰਗਜ਼ੇਬ ਨੇ ਬਜਾਏ ਗੁਲਬਰਗਾ ਕੀ ਤਰਫ ਕੂਚ ਕਰਨੇ ਕੇ ਸੀਧਾ ਗੋਲਕੰਡਾ ਕਾ ਰੁਖ਼ ਕੀਆ।....." {ਸਟੋਰੀਆ ਡੋਮੋਗਰ ਸਫਾ ੩੨੦}

੩. ਔਰੰਗਜ਼ੇਬ ਨੇ ਜਿਸ ਵਕਤ ਕੁਛ ਤਲਵਾਰ ਸੇ ਔਰ ਕੁਛ ਧੋਕੇ ਫਰੇਬ ਸੇ ਸਲਤਨਤ ਬੀਜਾਪੁਰ ਪਰ ਕਬਜ਼ਾ ਕਰ ਲੀਆ..." {ਸਟੋ. ਡੋਮੋ: ਸ: ੩੧੬}

੪. "(ਮੁਰਾਦ ਬਖਸ਼) ਜਿਸਨੂੰ ਪੁਰਫਰੇਬ ਆਲਮਗੀਰ (ਔਰੰਗਜ਼ੇਬ) ਨੇ ਇਹ ਗੱਲ ਦੱਸ ਕੇ ਕਿ ਉਹ ਦਾਰਾ ਸ਼ਿਕੋਹ ਦੀ ਲੜਾਈ ਦੇ ਪਿੱਛੋਂ ਮੱਕੇ ਤੇ ਮਦੀਨੇ ਟੁਰ ਜਾਏਗਾ ਅਤੇ ਆਪਣੇ ਬੇਵਕੂਫ ਭਰਾ (ਮੁਰਾਦ ਬਖਸ਼ ਨੂੰ) ਸਲਤਨਤ ਤੇ ਕਾਮਯਾਬੀ ਦੀ ਮੁਬਾਰਕ ਤੇ ਬਾਦਸ਼ਾਹੀ ਦੀ ਉਮੈਦ ਦੇਕੇ ਤਸੱਲੀ ਤੇ ਤਸ਼ੱਫੀ ਨਾਲ ਪੁਸ਼ ਰਖਦਾ ਸੀ ਅਤੇ ਉਹ (ਮੁਰਾਦ ਬਖਸ਼) ਬੇਵਕੂਫ ਮੱਕਾਰ ਭਰਾ ਔਰੰਗਜ਼ੇਬ ਦੇ ਫ਼ੇਬ ਵਿਚ ਆਕੇ ਨਿਸ਼ੰਕ ਉਸਦੇ ਪਾਸ ਆਉਂਦਾ ਜਾਂਦਾ ਸੀ। ਉਸਦੇ ਖ਼ੈਰਖ਼ਾਹ ਉਸਦੀ ਇਸ ਬੇਮੌਕਾ ਆਉਣ ਜਾਣ ਦੀ ਸਖ਼ਤ ਰੋਕ ਕਰਦੇ ਸਨ, ਪਰ ਉਹ ਆਪਣੇ ਮੱਕਾਰ ਭਰਾ ਦੀਆਂ ਗੱਲਾਂ ਤੇ ਕੌਲ ਇਕਰਾਰ ਦੇ ਸਬੱਬ ਇਸਤੋਂ ਕਿਸੇ ਤਰ੍ਹਾਂ ਦੀ ਬੁਰਿਆਈ ਦੀ ਆਸ ਨਾ ਰਖਦਾ ਹੋਇਆ ਉਨ੍ਹਾਂ (ਹਮਦਰਦਾਂ) ਦੀ ਨਸੀਹਤ ਨਹੀਂ ਸੁਣਦਾ ਸੀ। ਦਾਰਾ ਸ਼ਿਕੋਹ ਦੀ ਹਾਰ ਦੇ ਪਿੱਛੋਂ ਸਫਰ ਵਿਚ ਜਦ ਕਿ ਉਹ ਦਾਰਾ ਸ਼ਕੋਹ ਦੇ ਪਿਛੇ ਜਾ ਰਿਹਾ ਸੀ, ਇਸ ਬਦਨਸੀਬ (ਮੁਰਾਦ ਬਖਸ਼) ਨੂੰ ਵੀ (ਔਰੰਗਜ਼ੇਬ) ਨੇ ਕੈਦ ਕਰਕੇ ਗੁਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿਤਾ।" {ਸੈਰੁਲਮੁਤਾਖ਼ੀਨ ਸਫਾ ੩੩੮}

੫. ਵੁਹ ਅਪਨੇ ਭੇਦਕੋ ਨਿਹਾਯਤ ਛੁਪਾਏ ਰਖਤਾ ਥਾ, ਔਰ ਮੱਕਾਰੀ ਔਰ ਰਿਆਕਾਰੀ ਕੇ ਫੰਨ ਮੇਂ ਤੋ ਕਾਮਲ ਉਸਤਾਦ ਥਾ।

{ਬਰਨੀਅਰ (ਉਰਦੂ ਤਰਜਮਾ) ਸਫਾ ੧੭}

੬. ਕਿਹਾ ਜਾ ਸਕਦਾ ਹੈ ਕਿ ਅਨੰਦਪੁਰ ਦੇ ਜੰਗ ਦੀ ਤਫਸੀਲ ਨਾਲ ਔਰੰਗਜ਼ੇਬ ਨੂੰ ਕੀਹ ਤਅੱਲਕ ਸੀ? ਪਰ ਇਤਿਹਾਸ ਦੱਸਦਾ ਹੈ ਕਿ ਉਹ ਅਪਨੇ ਜੰਗ ਵਿਚ ਰਾਜ ਪ੍ਰਬੰਧ ਦੀ ਤਫਸੀਲ ਆਪ ਹੱਲ ਕਰਦਾ ਸੀ, ਹੱਤਾ ਕਿ ਪਟਵਾਰੀ ਤੇ ਕਲਰਕ ਦੇ ਚੁਣਨ ਵਿਚ ਬੀ ਉਸਦਾ ਹੱਥ ਹੋਣਾ ਅਸਚਰਜ ਨਹੀਂ। ਐਲਫਿਨਸਟੋਨ ਅਪਣੇ ਇਤਿਹਾਸ ਦੇ ਸਫਾ ੫੪੧ ਤੇ ਲਿਖਦਾ ਹੈ:-

He alone conducted every branch of his government in the most minute detail. He Planned compaigns and issued instructions during their progress.... his letters embrace measures for keeping open the roads in the Afghan country for quelling disturbances at Multan & Agra.

੭. ਐਲਫਿਨਸਟੋਨ ਸਫਾ ੫੪੫ ਦੇ ਫੁਟ ਨੋਟ ਵਿਚ 'ਮੁਲਤਾਨ' ਦੇ ਮਾਮਲਾਤ ਤੋਂ ਸੰਭਾਵਨਾ ਗੁਰੂ ਗੋਬਿੰਦ ਸਿੰਘ ਜੀ ਤੇ ਸਿੰਘਾਂ ਦੇ ਮਾਮਲਾਤ ਦੀ ਕਢਦਾ ਹੈ। ਸੋ ਥਹੁ ਪਿਆ ਕਿ ਅਨੰਦਪੁਰ ਜੁੱਧ ਦੀ ਤਫਸੀਲ ਬੀ ਔਰੰਗਜ਼ੇਬ ਦੀ ਗੋਣਤੀ ਵਿਚ ਸੀ।

ਅਨੰਦਪੁਰ ਤੋਂ ਦੀਨੇ* ਤਕ ਦੇ ਮੁਕਾਮਾਤ

ਜਿੱਥੇ ਜਿੱਥੇ ਗੁਰੂ ਸਾਹਿਬ ਜੀ ਨੇ ਦਮ ਲੀਤਾ, ਕੁਛ ਵਕਤ ਠਹਿਰੇ, ਰਾਤ ਯਾ ਕੁਛ ਦਿਨ ਗੁਜ਼ਾਰੇ ਉਨ੍ਹਾਂ ਦੇ ਨਾਮ ਤਰਤੀਬਵਾਰ ਐਉਂ ਹਨ। ਲਗ ਪਗ ਸਾਰੀਆਂ ਇਨ੍ਹਾਂ ਥਾਵਾਂ ਤੇ ਗੁਰਦੁਵਾਰੇ ਯਾ ਨਿਸ਼ਾਨ ਹੁਣ ਤਕ ਕਾਇਮ ਹਨ:-

ਸਰਸਾ ਨਾਲੇ ਦਾ ਕਿਨਾਰਾ-ਜਿੱਥੇ ਵੈਰੀ ਦਲ ਪਿੱਛਾ ਕਰਕੇ ਆ ਪਹੁੰਚਾ ਤੇ ਹਮਲਾ ਆਵਰ ਹੋਇਆ, ਜਿਥੇ ਉਦੈ ਸਿੰਘ ਵਰਗੇ ਸੂਰਮੇ ਸ਼ਹੀਦੀਆਂ ਪਾ ਗਏ। ਰੋਪੜ, ਚਮਕੌਰ-ਜਿਥੇ ਸਾਰੇ ਦਿਨ ਦਾ ਜੁੱਧ ਮਚਿਆ। ਜੰਡ ਸਾਹਿਬ। ਝਾੜ ਸਾਹਿਬ। ਮਾਛੀ ਵਾੜਾ, ਘਲਾਲ, ਲੱਲਾ, ਕੁਬਾ, ਘੁੰਘਰਾਲੀ, ਕਟਾਣੀ (ਦੇਗਸਰ ਗੁਰਦੁਆਰਾ), ਰਾਮਪੁਰ (ਰੇਰੂ ਗੁ:) ਕਣੇਚ, ਆਲਮਗੀਰ, ਜੋਧ, ਮੋਹੀ, ਹੇਹਰ, ਕਮਾਲਪੁਰਾ, ਲੰਮੇ, ਸੀਲੋਆਣੀ, ਰਾਇਕੋਟ, ਮਾਣੂ ਕੇ, ਚਕਾਰ, ਤਖਤੂਪੁਰਾ, ਮਧਾ, ਦੀਨਾ, ਜੋ ਕਾਂਗੜ ਦੀ ਜ਼ਿਮੀਂ ਵਿਚ ਕਾਂਗੜ ਦੇ ਪਾਸ ਮੀਲਕੁ ਉਤੇ, ਉਸੇ ਖਾਨਦਾਨ ਦੀ ਮਾਲਕੀ ਸੀ ਤੇ ਜਿੱਥੇ ਇਕ ਭਰਾ ਰਹਿੰਦਾ ਸੀ। ਏਥੇ ਹੀ ਆਪ ਦੇ ਕਜਾਮ ਵਾਲੇ ਥਾਂ ਲੋਹਗੜ੍ਹ ਨਾਮੇ ਗੁਰਦੁਆਰਾ ਹੈ।

*ਇਹ ਜ਼ਫਰ ਨਾਮਹ ਕਿੱਥੇ ਲਿਖਜਾ ਗਿਆ? ਸਾਰੇ ਇਤਿਹਾਸਾਂ ਵਿਚ ਜ਼ਫਰਨਾਮਹ ਦੀਨੇ ਲਿਖਿਆ ਗਿਆ ਦੱਸਿਆ ਹੈ, ਪਰ ਜ਼ਫਰਨਾਮੇ ਵਿਚ ਲਿਖਿਆ ਹੈ ਕਿ ਅਸੀਂ ਕਾਂਗੜ ਠਹਿਰੇ ਹੋਏ ਹਾਂ। ਕਾਂਗੜ ਉਹ ਟਿਕਾਣਾ ਹੈ ਜਿਥੇ ਛੇਵੇਂ ਗੁਰਾਂ ਦਾ ਤੁਰਕ ਦਲ ਨਾਲ ਜੁੱਧ ਹੋਇਆ ਤੇ ਜਿੱਥੋਂ ਦੇ ਰਈਸ ਰਾਇ ਜੋਧ ਨੇ ਇਕ ਹਜ਼ਾਰ ਆਪਣੇ ਸਾਥੀਆਂ ਸਣੇ ਗੁਰੂ ਜੀ ਦੀ ਸਹਾਇਤਾ ਵਿਚ ਜੰਗ ਕੀਤਾ ਸੀ। ਇਹ ਜੁੱਧ ੧੬੮੮ ਬਿ: ਵਿਚ ਹੋਇਆ ਸੀ, ਜਿਸ ਵਿਚ ਗੁਰੂ ਜੀ ਦੀ ਫਤਹ ਹੋਈ ਸੀ। ਇਸ ਨਗਰ ਦੇ ਵਸਾਉਣ ਵਾਲਾ ਰਾਇ ਜੋਧ ਦਾ ਵਡਕਾ ਮਹਿਰ ਮਿੱਠਾ ਸੀ, ਜਿਸਦੀ ਇਕ ਪੋਤੀ ਅਕਬਰ ਨਾਲ ਵਿਆਹੀ ਗਈ ਸੀ। ਜਿਸ ਕਰਕੇ ੧੨੦ ਪਿੰਡ ਦਾ ਤਲਕਾ ਅਕਬਰ ਵਲੋਂ ਇਸਨੂੰ ਮਿਲ ਗਿਆ ਤੇ ਤਦ ਤੋਂ ਕਾਂਗੜ ਇਸ ਤਲਕੇ ਦੀ ਮਾਨੋ ਰਾਜਧਾਨੀ ਸੀ। ਦੀਨਾ ਕਾਂਗੜ ਤੋਂ ਇਕ ਮੀਲ ਉੱਤਰ ਨੂੰ ਕਾਂਗੜ ਦੀ ਭੋਂ ਵਿਚ ਨਵਾਂ ਵਸਿਆ ਨਗਰ ਸੀ (ਸੰ: ੧੭੨੦ ਬਿ: ਵਿਚ) ਤੇ ਰਾਇ ਜੋਧ ਦੇ ਤ੍ਰੈ ਵੰਸ਼ਜ-ਜੋ ਦਸਮੇ ਪਾਤਸ਼ਾਹ ਨੂੰ ਮਿਲੇ-ਤਖਤਮਲ, ਲਖਮੀਰ ਤੇ ਸਮੀਰ ਸਨ। ਇਕ ਭਰਾ ਦੀਨੇ ਰਹਿੰਦਾ ਸੀ ਤੇ ਦੂਜੇ ਦੋ ਕਾਂਗੜ। ਜਦ ਸਾਹਿਬ ਮਧੇ ਆਏ ਤਾਂ ਤ੍ਰੈਏ ਭਰਾ ਗੁਰੂ ਜੀ ਨੂੰ ਸਨਮਾਨ ਨਾਲ ਲੈ ਆਏ ਤੇ ਇਤਿਹਾਸਾਂ ਵਿਚ ਦੱਸਿਆ ਹੈ ਕਿ ਦੀਨੇ ਉਤਾਰਾ ਦਿੱਤਾ। ਸੋ ਦੀਨੇ ਠਹਿਰਨਾ, ਕਾਂਗੜ ਠਹਿਰਨਾ ਜਿਥੇ ਬਾਕੀ ਦੇ ਦੋ ਭਰਾ ਰਹਿੰਦੇ ਸਨ, ਇਉਂ ਇਕੋ ਗੱਲ ਹੈ, ਜਿਵੇਂ ਸੁਲਤਾਨਵਿੰਡ ਠਹਿਰਨਾ ਅੰਮ੍ਰਿਤਸਰ ਠਹਿਰਨਾ ਕਿਹਾ ਜਾ ਸਕਦਾ ਹੈ।

ਜ਼ਫਰ ਨਾਮਹ ਕਦ ਲਿਖਿਆ ਗਿਆ? ਗਿਣਤੀ ਕਰਨ ਤੋਂ ਸ੍ਰੀ ਗੁਰੂ ਜੀ ਦਾ ਅਨੰਦਪੁਰ ਛਡਣਾ ੬-੭ ਤ੍ਰੀਕ ਪੋਹ ਦੀ ਸੰਮਤ ੧੭੬੧ ਵਿਚ ਢੁਕਦੀ ਹੈ। ਇਥੋਂ ਟੁਰਕੇ ਦੀਨੇ ਅੱਪੜਦਿਆਂ ਤਕ ਮਾਘ ਚੜ੍ਹ ਪਿਆ ਜਾਪਦਾ ਹੈ। ਦੀਨੇ ਦਾ ਕਜਾਮ ਗੁਰੂ ਜੀ ਦਾ ਲਗ ਪਗ ਢਾਈ ਮਹੀਨੇ ਰਿਹਾ। ਸੋ ਹੋ ਸਕਦਾ ਹੈ ਕਿ ਇਹ ੧੭੬੧ ਸੰਮਤ ਦੇ ਮਾਘ ਯਾ ਸ਼ੁਰੂ ਫਗਣ ਵਿਚ ਘੱਲਿਆ ਗਿਆ ਹੋਵੇ, ਇਸਦੇ ਰਵਾਨਾ ਕਰਨ ਮਗਰੋਂ ਗੁਰੂ ਜੀ ਇਥੋਂ ਟੁਰ ਪਏ ਤੇ ਕੋਟ ਕਪੂਰੇ ਆਦਿ ਅਨੇਕ ਥਾਈਂ ਹੁੰਦੇ ਖਿਦਰਾਣੇ ਦੀ ਢਾਬ ਪੁਰ ਪੁਜੇ, ਜਿਥੇ ਸੂਬਾ ਸਰਹਿੰਦ ਆ ਪਿਆ। ਇਹ ਜੁਧ ਵਿਸਾਖ ੧੭੬੨ ਦੇ ਲਗ ਪਗ ਹੋਇਆ। ਇਸ ਤੋਂ ਮਗਰੋਂ ਨੌਂ ਦਸ ਮਹੀਨੇ ਮਹਾਰਾਜ ਦਾ ਕਜਾਮ ਦਮਦਮੇ ਸਾਹਿਬ ਹੈ। ਓਥੋਂ ਜਦ ਰਾਜਪੂਤਾਨੇ ਚਲੇ ਗਏ ਤਾਂ ਦਇਆ ਸਿੰਘ ਜੀ ਵਾਪਸ ਆਕੇ ਮਿਲੇ। ੧੭੬੩ ਦੇ ਮਾਘ ਵਿਚ ਔਰੰਗਜ਼ੇਬ ਦਾ ਦੇਹਾਂਤ ਹੁੰਦਾ ਹੈ (ਫਰਵਰੀ ੧੭੦੭)।

ਮਹਿਕ ਕਲਗੀ ਵਾਲੜੇ ਦੀ

{ਤਰਜ਼=ਗਜ਼ਲ}

ਮਹਿਕ ਕਲਗੀ ਵਾਲੜੇ ਦੀ ਓਸ ਥਾਂ ਤੋਂ ਲੈਕੇ ਆ!

ਐ ਸਬਾ ! ਚਮਕੌਰ ਜਾ, ਧੂੜੀ ਦੇ ਗਲ ਲਗ ਕੇ ਆ,
ਮਹਿਕ ਕਲਗੀ ਵਾਲੜੇ ਦੀ ਓਸ ਥਾਂ ਤੋਂ ਲੈ ਕੇ ਆ :-
ਹੋਲੀਆਂ ਜਿਸ ਥਾਂ ਤੇ ਸੁਹਣੇ ਨਾਲ ਜਿੰਦਾਂ ਖੇਡੀਆਂ,
ਅਤਰ ਤੇ ਅੰਬੀਰ ਜਿਸ ਥਾਂ ਹੈ ਅਜੇ ਤਕ ਫੈਲਿਆ।
ਪੁੱਤਰਾਂ ਦੇ 'ਗੁਲ ਸ਼ਗੂਫੇ' ਖ਼ੂਨ ਹੋ ਜਿਸ ਥਾਂ ਖਿੜੇ,
ਮਿਤਰਾਂ ਦਾ 'ਗੁਲੇ ਲਾਲਹ' ਰੱਤ ਹੋ ਸੀ ਟਹਿਕਿਆ।
'ਆਪਾ ਨੁਛਾਵਰ' ਦੀ ਕਲੀ ਜਿਸ ਥਾਂ ਬਲੀ ਹੋ ਖਿੜ ਪਈ,
ਗੁੰਚਹ ਸੀ ਦਿਲਵਾਰਨੇ ਦਾ ਜਿਸ ਜਗ੍ਹਾ ਤੇ ਮੁਸ਼ਕਿਆ।
'ਬੁਲਬੁਲ' ਨੇ ਜਿਸਥਾਂ ਖ਼ੂਨ ਦੇ 'ਬਾਜ਼ਾਂ' ਦੀ ਮਾਰੀ ਮੁਸ਼ਕ ਸੀ,
'ਅਤਰ-ਗੁਲ' ਹੋ ਲਹੂ ਜਿਸਦੇ 'ਮਹਿਕ ਡੱਬਾ' ਖੁਹਲਿਆ।
ਇਸ਼ਕ ਦੀ ਰੌਸ਼ਨ ਸ਼ਮਾ ਨੂੰ ਜਿਸ ਜਗ੍ਹਾ ਪਰਵਾਨਿਆਂ
ਖ਼ੂਨ ਅਪਣੇ ਦੇ ਫ਼ੁਲੇਲੀਂ ਵਧ ਤੋਂ ਵਧ ਸੀ ਪਾਲਿਆ,
ਜ਼ੁਲਮ ਦੀ ਬੂ ਬਾਸ ਨੂੰ ਕੁਰਬਾਨੀਆਂ ਦੇ ਅਗਰ ਨੇ
ਅਮਨ ਦੇ ਬੂਟੇ ਤਲੇ ਕਰ ਖਾਦ ਸੀਗਾ ਡਾਲਿਆ।
ਹਾਂ, ਜਿਸ ਜਗ੍ਹਾ ਸੀ ਉਗ ਪਿਆ ਉਹ ਬੀਜ ਪਜਾਰਾਂ ਵਾਲੜਾ,
ਜਿਸ ਨੂੰ ਤਸ਼ੱਦਦ ਦੇ ਲਹੂ ਸਿੰਜ-ਸਿੰਜ ਕੇ ਸੀ ਪਾਲਿਆ।
ਜਿਸ ਥਲੀ ਨੂੰ ਸੀ ਬਲੀ ਨੇ 'ਬਾਗ਼-ਮਹਿਕਾਂ' ਸਾਜਿਆ,
ਉਹ ਥਲੀ ਦੀ ਮਹਿਕ, ਹਾਂ, ਤੂੰ ਐ ਸਬਾ 'ਅਜ ਲੈਕੇ ਆ !
ਵੰਡ ਦੇ ਵਿਚ ਖ਼ਾਲੰਸੇ ਕਰਦੇ ਸੁਗੰਧਿਤ ਸੱਭ ਨੂੰ
'ਪਿਆਰ ਲਪਟਾਂ' ਵਿਚ ਲਪੇਟੀਂ, ਐ ਸਬਾ ! ਤੂੰ ਸਾਰਿਆਂ।
ਮਹਿਕ ਕਲਗੀ ਵਾਲੜੇ ਦੀ ਲਜਾ ਸਬਾ ਚਮਕੌਰ ਤੋਂ,
'ਵੈਰ-ਗ਼ਫ਼ਲਤ' ਵਿਚ ਪਿਆਂ ਨੂੰ ਦੇ ਸੁੰਘਾ ਤੇ ਹੋਸ਼ ਲਜਾ।
ਕਰ ਮਸਤ ਸਭ ਨੂੰ ਪ੍ਰੇਮ ਵਿਚ, ਦੇ ਝੂਮ 'ਆਪਾ ਵਾਰ' ਦੀ,
ਰਸ ਰੰਗ ਲਾਦੇ ਪ੍ਰੇਮ ਦਾ, ਪਜਾਰੇ ਦੀ ਗੋਦੀ ਵਿਚ ਬਿਠਾ।

੮੧. ਮੁਕਤਸਰ ਦਾ ਯੁੱਧ*

ਸਰਹਿੰਦ ਤੋਂ ਵਜ਼ੀਰ ਖਾਂ ਦੇ ਫੇਰ ਹਮਲਾ ਕਰਨ ਦੀ ਸੰਭਾਵਨਾ ਸਮਝਕੇ ਗੁਰੂ ਜੀ ਜ਼ਫ਼ਰਨਾਮਾ ਟੋਰਕੇ ਆਪ ਦੀਨੇ ਤੋਂ ਵਿਦਾ ਹੋਕੇ ਅੱਗੇ ਨੂੰ ਟੁਰ ਪਏ ਇਹ ਵਿਚਾਰਕੇ ਕਿ ਇਥੇ ਘਮਸਾਨ ਨਾ ਮਚੇ, ਤੇ ਅਗੇ ਚਲਕੇ ਅਸੀਂ ਬੀ ਪ੍ਰਬੰਧ ਚੰਗਾ ਕਰ ਸਕਾਂਗੇ। ਦੀਨੇ ਤੋਂ ਟੁਰਕੇ ਜਲਾਲ ਪਿੰਡ ਹੁੰਦੇ

*ਇਹ ਪ੍ਰਸੰਗ ਇਸ ਮੰਚਯ ਲਈ ਮਾਘ ਸੰ: ਗੁ: ਨਾ: ਸਾ: ੪੫੬ (ਫਰਵਰੀ ੧੯੨੫) ਵਿਖੇ ਲਿਖਿਆ ਗਿਆ ਸੀ ਤੇ ਉਸ ਤੋਂ ਮਗਰੋਂ ੩ ਪੋਹ ਸੰ: ਗੁ: ਨਾ: ਸਾ: ੪੫੭ (੧੭ ਦਸੰਬਰ ੧੯੨੫) ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।

ਹੋਏ ਕਈ ਹੋਰ ਪਿੰਡੀਂ ਵਿਚਰਦੇ, ਠਹਿਰਦੇ, ਉਪਦੇਸ਼ ਦੇਂਦੇ, ਸੂਰਮੇ ਚੁਣਦੇ ਭਗਤੇ ਪਿੰਡ ਗਏ ਜੋ ਭਾਈ ਬਹਿਲੋ ਦੇ ਪੋਤੇ ਭਾਈ ਭਗਤੇ ਦੇ ਨਾਮ ਤੇ ਵੱਸਿਆ ਸੀ। ਭਗਤੇ ਦੇ ਪੰਜ ਪੁਤ ਸਨ, ਉਹਨਾਂ ਨੇ ਇਕ ਤਿਆਰ ਘੋੜਾ ਅਰਪਨ ਕਰਕੇ ਮੱਥਾ ਟੇਕਿਆ। ਤ੍ਰੈ ਦਿਨ ਏਥੇ ਰਹਿਕੇ ਗੁਰੂ ਜੀ ਅਨੇਕ ਥਾਈਂ ਫਿਰਦੇ, ਉਪਦੇਸ਼ ਕਰਦੇ, ਨਾਲੇ ਜੰਗ ਦਾ ਸਮਾਨ ਤੇ ਮਰਦ ਕੱਠੇ ਕਰਦੇ ਇਕ ਜੰਗਲ ਵਿਚ ਜਾ ਨਿਕਲੇ। ਇੱਥੇ ਕੁਛ ਠਹਿਰਕੇ ਬਾਹੀਵਾਲ ਸਰਵਨ ਆਦਿ ਥਾਈਂ ਹੁੰਦੇ ਆਪ ਕੋਟ ਕਪੂਰੇ ਜਾ ਨਿਕਲੇ। ਇਹ ਇਕ ਢਾਬ ਵਿਚ ਵਧੀ ਹੋਈ ਅੰਤ੍ਰੀਪ ਜੇਹੀ ਉਤੇ ਵੱਸਦਾ ਸੀ, ਜੋ ਚੌਧਰੀ ਕਪੂਰੇ ਨੇ ਆਪਣੇ ਨਾਮ ਤੇ ਬਿ: ੧੭੧੮ ਦੇ ਲਗ ਪਗ ਵਸਾਯਾ ਸੀ, ਕਪੂਰਾ ਗੁਰੂ ਦਾ ਸਿਖ ਸੀ, ਪਹਿਲੋਂ ਬੀ ਅਨੰਦ ਪੁਰ ਘੋੜੇ ਆਦਿ ਭੇਟਾ ਭੇਜਦਾ ਹੁੰਦਾ ਸੀ, ਹੁਣ ਵੀ ਦਰਸ਼ਨ ਲਈ ਭੇਟਾ ਲੈਕੇ ਆਇਆ। ਸਤਿਗੁਰਾਂ ਨੇ ਆਖਿਆ: ਕੋਟ ਦਾ ਕਬਜ਼ਾ ਅਸੀਂ ਕਰ ਲਈਏ ਤੇ ਵਜ਼ੀਰ ਖਾਂ ਜੋ ਸਾਡੇ ਮਗਰ ਆ ਰਿਹਾ ਹੈ, ਉਸਨੂੰ ਐਥੇ ਜੰਗ ਦੇ ਹੱਥ ਦਿਖਾਈਏ। ਪਰ ਕਪੂਰੇ ਨੇ ਨਾਂਹ ਕੀਤੀ ਕਿ ਮੈਨੂੰ ਤੁਰਕਾਂ ਤੋਂ ਡਰ ਲਗਦਾ ਹੈ ਜੋ ਫਾਹੇ ਨਾ ਲਾ ਦੇਣ। ਸਤਿਗੁਰ ਬੋਲੇ:-"ਆਪਣਾ ਭੈ ਹੀ ਸਰੂਪ ਧਾਰਕੇ ਆਪਣਾ ਜਮ ਬਣ ਜਾਂਦਾ ਹੈ। ਭਾਵੀ ਨੇ ਕਰਨਾ ਹੀ ਐਸਾ ਹੈ"।

ਗੁਰੂ ਜੀ ਏਥੋਂ ਟੁਰਕੇ ਚਾਰ ਪੰਜ ਮੀਲ ਦੱਖਣ ਪੂਰਬ ਰੁਖ ਨੂੰ ਢਿੱਲਵਾਂ ਪਿੰਡ ਜਾ ਉਤਰੇ; ਏਥੇ ਸੋਢੀ ਕੌਲ ਪ੍ਰਿਥੀਏ ਦੀ ਵੰਸ਼ ਦਾ ਦੱਸੀਦਾ ਹੈ ਕਿ ਇਕ ਵਡਕਾ ਬੜੇ ਆਦਰ ਨਾਲ ਆ ਮਿਲਿਆ।

ਫੇਰ ਸਤਿਗੁਰੂ ਜੀ ਮਲੂਕੇ ਤੇ ਕੋਠੇ ਦੇ ਬਨ ਵਿਚ ਠਹਿਰਦੇ ਹੋਏ ਜੈਤੋ ਆਏ। ਇਹ ਜਗਾ ਅਜ ਕਲ ਨਾਭਾ ਰਿਆਸਤ ਵਿਚ ਹੈ, ਪਰ ਗਿਰਦ ਗਿਰਦ ਸਾਰੇ ਫਰੀਦਕੋਟ ਦਾ ਰਾਜ ਹੈ। ਆਖਦੇ ਹਨ ਕਿ ਚੌਧਰੀ ਕਪੂਰਾ ਏਥੇ ਆ ਮਿਲਿਆ ਤੇ ਸਤਿਗੁਰਾਂ ਨੂੰ ਕਹਿਣ ਲਗਾ ਕਿ ਮੇਰਾ ਸ੍ਰਾਪ ਬਖਸ਼ ਦਿਓ ਮੈਂ ਤੁਰਕਾਂ ਤੋਂ ਡਰਦਾ ਹਾਂ, ਰਾਜ ਭਾਗ ਛੋੜ ਨਹੀਂ ਸਕਦਾ, ਇਸ ਕਰਕੇ ਕਿਲਾ ਨਹੀਂ ਦੇ ਸਕਿਆ। ਭਾਈ ਮਾਨ ਸਿੰਘ ਜੀ ਪਾਸ ਬੈਠੇ ਸਨ, ਸਤਿਗੁਰ ਜੀ ਉਧਰ ਤੱਕੇ ਤੇ ਬੋਲੇ: "ਮੈਂ ਵਰ ਸ੍ਰਾਪ ਵਿਚ ਕਾਹਨੂੰ, ਭੈ ਸਭ ਤੋਂ ਵੱਡਾ ਸ੍ਰਾਪ ਹੈ। (ਕਪੂਰੇ ਵਲ ਤੱਕਕੇ) ਨਿਰਭੈ ਹੋ ਜਾ। ਤੂੰ ਨਿਰਭੈ ਹੋਣਾ ਨਹੀਂ ਤੇਰੇ ਭੈ ਨੇ ਪ੍ਰਤੱਖ ਹੋਕੇ ਤੈਨੂੰ ਖਾਣਾ ਹੈ, ਇਸੇ ਕਰਕੇ ਅਸਾਂ ਆਦਮੀ ਦਾ ਆਦਰਸ਼ 'ਖਾਲਸਾ' ਵਿਚ ਪ੍ਰਗਟ ਕਰ ਦਿੱਤਾ ਹੈ:-**'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ'**। ਕੋਟ ਤੇਰਾ ਅਸੀਂ ਛਡ ਆਏ, ਭੈ ਭੀਤ ਮਨਾਂ ਦੀ ਮਦਦ ਦੀ ਸਾਨੂੰ ਲੋੜ ਨਹੀਂ। ਅਸੀਂ ਅਪਣੇ ਪਿਤਾ ਦਾ ਹੁਕਮ ਵਜਾਣ ਆਏ ਹਾਂ। ਕਿਲ੍ਹਾ ਨਹੀਂ ਮਿਲਿਆ ਤਾਂ ਉਸਦਾ ਹੁਕਮ ਹੈ ਮਦਾਨੇ ਲੜੋ, ਮਦਾਨੇ ਲੜਾਂਗੇ। ਹਾਰ ਜੀਤ ਉਸਦੀ ਹੈ, ਸਾਡਾ ਧਰਮ ਉਸਦੇ ਦੱਸੇ ਹੁਕਮ ਉਤੇ ਤੁਰਨਾ ਹੈ। ਹੁਕਮ ਹੈ ਅਭੈ ਹੋਕੇ ਲੜਨਾ। ਮਰਨਾ, ਬਚਨਾ ਸਭ ਬਾਪੂ ਜੀ ਦੇ ਹੱਥ ਹੈ। ਸੋ ਬੁੱਲੇ ਲੁੱਟ ਕਪੂਰਿਆ! ਤੂੰ ਅਜੇ ਖਾਲਸਾ ਨਹੀਂ ਸਜਿਆ। ਜੇ ਬਚਣਾ ਹਈ ਤਾਂ ਨਿਰਭੈ ਹੋ"।

ਆਖਦੇ ਇਹ ਬੀ ਹਨ ਕਿ ਇਹ ਵਾਰਤਾ ਜੈਤੋ ਦੀ ਨਹੀਂ, ਪਰ ਢਿਲਵਾਂ ਦੀ ਹੈ। ਉਥੇ ਕਪੂਰੇ ਨੇ ਮਹਾਰਾਜ ਦਾ ਉਪਦੇਸ਼ ਸੁਣਕੇ ਸ਼ਰਨ ਲਈ, ਪੁੱਤ੍ਰਾਂ ਤੇ ਪੋਤ੍ਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਆਪ ਵੀ ਛਕਿਆ, ਸੋਢੀ ਕੌਲ ਨੇ ਬੀ ਆਪਣੇ ਪੋਤ੍ਰੇ* ਨੂੰ ਅੰਮ੍ਰਿਤ ਛਕਵਾਕੇ ਅਭੈ ਸਿੰਘ ਬਨਾਇਆ। ਸਤਿ-ਗੁਰਾਂ ਨੇ ਆਗਿਆ ਕੀਤੀ ਕਿ ਚੌਥੇ ਸਤਿਗੁਰਾਂ ਨੇ ਜੋ ਪ੍ਰਿਥੀ ਚੰਦ ਨੂੰ ਮੀਣਾ ਕਿਹਾ ਸੀ ਹੁਣ ਉਨ੍ਹਾਂ ਦੀ ਵੰਸ਼ ਜੋ ਅੰਮ੍ਰਿਤ ਛਕ ਲਵੇ ਮੀਣੇ ਦੇ ਦੋਸ਼ ਤੋਂ ਮਾਫ ਕੀਤੀ ਗਈ। ਜੋ ਅੰਮ੍ਰਿਤ ਛਕੇ ਸੋ ਗੁਰੂ ਕਾ ਸਿੰਘ, ਸਾਰਾ ਪੰਥ ਉਸ ਨਾਲ ਨਿਰਸੰਸੇ ਵਰਤੋਂ ਕਰੇ। ਕਪੂਰੇ ਨੂੰ ਬੀ ਸਤਿਗੁਰਾਂ ਨੇ ਆਖਿਆ ਕਿ ਤੇਰੀ ਵੰਸ਼ ਰਾਜ ਕਰੇਗੀ, ਖੰਡਾ ਤੇ ਇਕ ਢਾਲ ਵੀ ਬਖਸ਼ੀ। ਦੁਇ ਸਾਮਾਨ ਹੁਣ ਤਕ ਫਰੀਦ ਕੋਟ ਦੇ ਰਾਜ ਘਰਾਣੇ ਵਿਚ ਸਨਮਾਨ ਨਾਲ ਰੱਖੇ ਹਨ।

ਇਸੇ ਇਲਾਕੇ ਵਿਚ ਵਿਚਰਦਿਆਂ ਇਕ ਦਿਨ ਭੋਰ ਪਿੰਡ ਦੇ ਬਖਸ਼ਾ ਸਿੰਘ ਨੇ ਖਬਰ ਦਿੱਤੀ ਕਿ ਵਜ਼ੀਰ ਖਾਂ ਆਪ ਫੌਜ ਲੈਕੇ ਆ ਰਿਹਾ ਹੈ ਅਰ ਦੋ ਚਾਰ ਦਿਨਾਂ ਤਕ ਅੱਪੜਨ ਵਾਲਾ ਹੈ, ਉਸਦੇ ਨਾਲ

---

*ਕੋਈ ਆਖਦੇ ਹਨ ਕਿ ਕਪੂਰੇ ਚੌਧਰੀ ਨੇ ਅੰਮ੍ਰਿਤ ਪਿੰਡ ਸਰੀਏ ਵਾਲੇ ਛਕਿਆ ਸੀ।

ਪੰਜ ਕੁ ਹਜ਼ਾਰ ਫੌਜ ਹੈ। ਸਤਿਗੁਰ ਨੇ ਕਪੂਰ ਸਿੰਘ ਨੂੰ ਆਖਿਆ ਕਿ ਆਪਣਾ ਕੋਈ ਮਾਤਬਰ ਆਦਮੀ ਇਸ ਇਲਾਕੇ ਦਾ ਸੂਹੀਆ ਦੇਹ ਜੋ ਸਾਨੂੰ ਖਿਦਰਾਣੇ ਦੀ ਢਾਬ ਤੇ ਅਪੜਾ ਦੇਵੇ। ਕਪੂਰ ਸਿੰਘ ਨੇ 'ਖਾਨੇ' ਨਾਮੇ ਬੈਰਾੜ ਨੂੰ ਕੁਛ ਸਵਾਰਾਂ ਸਣੇ ਨਾਲ ਟੋਰਿਆ ਕਿ ਸਤਿਗੁਰੂ ਜੀ ਨੂੰ ਖਿਦਰਾਣੇ ਅਪੜਾ ਦੇਵੇ ਪਰ ਆਪ ਜੁੱਧ ਵਿਚ ਹਿਸਾ ਨਾ ਲਵੇ, ਹੋ ਸਕੇ ਤਾਂ ਸਤਿਗੁਰ ਜੀ ਨੂੰ ਬੀ ਜੰਗ ਤੋਂ ਹੋੜਦਾ ਜਾਵੇ। ਇਥੋਂ ਟੁਰਕੇ ਗੁਰੂ ਜੀ ਸਨੇਅਰ ਪਿੰਡ ਅੱਪੜੇ। ਏਥੇ ਅਤਰਾ, ਚਤਰਾ, ਸਤਰਾ ਤ੍ਰੈ ਭਰਾ ਜੋ ਬੜੇ ਨਿਰਭੈ ਸੂਰਮੇ ਸੇ ਅਰ ਜਿਨ੍ਹਾਂ ਤੋਂ ਦੇਸ਼ ਡਰਦਾ ਸੀ, ਪਰ ਜੋ 'ਭੈ ਕਾਹੂ ਕਉ ਦੇਤ ਨਹਿ' ਦੇ ਅਸੂਲ ਦੇ ਜਾਣੂ ਨਹੀਂ ਸੇ, ਅੰਮ੍ਰਿਤ ਛਕਕੇ ਖਾਲਸਾ ਸਜੇ ਤੇ ਸਤਿਗੁਰ ਦੇ ਨਾਲ ਹੋ ਟੁਰੇ। ਫੇਰ ਰਾਮਿਆਣੇ ਪਿੰਡ ਠਹਿਰੇ, ਏਥੇ ਇਕ ਜੱਟ ਨੂੰ ਗੁਰੂ ਜੀ ਨੇ ਕਿਹਾ, "ਡੇਲੇ ਨਾ ਖਾਹ, ਸੱਟ ਦੇਹ, ਏਹ ਕੌੜੇ ਹਨ", ਪਰ ਉਸ ਨੇ ਕੁਛ ਰਖ ਲਏ ਤੇ ਥੋੜੇ ਸੱਟੇ। ਸਤਿਗੁਰਾਂ ਕਹਿਆ, "ਭੋਲਿਆ! ਅਸਾਂ ਤਾਂ ਮਾਲਵੇ ਦਾ ਕਾਲ ਕੱਟ ਦਿੱਤਾ ਸੀ ਜੋ ਏਥੇ ਕਣਕਾਂ ਤੇ ਸੁਕਾਲ ਹੋਣ, ਪਰ ਤੂੰ ਥੋੜਾ ਰੱਖ ਹੀ ਲਿਆ, ਚੰਗਾ!"

ਇਸ ਅਨੰਦੀ ਰੰਗ ਖੇਲਦੇ, ਨਿਰਭੈਤਾ ਦੇ ਸਰਦਾਰ ਹੋਰ ਅੱਗੇ ਵਧੇ ਤੇ ਇਕ ਉਜਾੜ ਵਿਚ ਡੇਰਾ ਜਾ ਪਾਇਆ।

ਇਧਰ ਪੰਜਾਬ ਵਿਚ ਅਨੰਦ ਪੁਰ, ਚਮਕੌਰ, ਸਰਹਿੰਦ ਦੇ ਸਾਕੇ ਪ੍ਰਸਿੱਧ ਹੋ ਚੁਕੇ ਸੇ, ਘਰ ਘਰ ਤੇ ਗਿਰਾਂ ਗਿਰਾਂ ਸਿੱਖਾਂ ਵਿਚ ਪੀੜਾ ਤੇ ਚਰਚਾ ਹੋ ਰਹੀ ਸੀ। ਅਖੀਰ ਇਕ ਵਹੀਰ ਖਾਲਸਿਆਂ ਦਾ ਤਿਆਰ ਹੋਕੇ ਮਾਲਵੇ ਨੂੰ ਸਤਿਗੁਰਾਂ ਵਲ ਟੁਰਿਆ। ਇਨ੍ਹਾਂ ਵਿਚ ਉਹ ਬੀ ਸ਼ਾਮਲ ਸੇ ਜੋ ਅਨੰਦਪੁਰ ਦੇ ਕਿਲ੍ਹੇ ਵਿੱਚ ਸਤਿਗੁਰ ਦੀ ਆਗਾਜ਼ਾ ਦੇ ਵਿਰੁੱਧ ਕਿਲ੍ਹੇ ਵਿਚੋਂ ਟੁਰਨਾ ਚੰਗਾ ਸਮਝਦੇ ਸੇ ਤੇ ਜਿਨ੍ਹਾਂ ਨੇ ਬੇਦਾਵੇ* ਬੀ ਲਿਖ ਦਿੱਤੇ ਸੇ, ਐਸੇ ਪੁਰਖਾਂ ਵਿਚੋਂ ਬਹੁਤੇ ਤਾਂ ਮਾਰੇ ਗਏ ਸੇ, ਪਰ ਜੋ ਬਚਕੇ ਘਰੀਂ ਅਪੜੇ ਸੇ, ਘਰਾਂ ਵਾਲਿਆਂ ਕਿਸੇ ਨੂੰ ਮੂੰਹ ਨਾ ਲਾਇਆ ਤੇ ਵਾਪਸ ਟੋਰਨ ਦਾ ਪ੍ਰਬੰਧ ਕੀਤਾ, ਨਾਲ ਹੋਰ ਬੀ ਵਹੀਰ ਪਾ ਟੁਰੇ। ਲਾਹੌਰੋਂ ਕੁਛ ਸਿਆਣੇ ਪਾਤਸ਼ਾਹ ਨਾਲ ਸੁਲਹ ਕਰਨ ਦੀ ਤਜਵੀਜ਼ ਪੇਸ਼ ਕਰਨ ਲਈ ਮਤਾ ਮਤਾਕੇ ਬੀ ਟੁਰੇ। ਏਹ ਸਾਰੇ ਸ੍ਰੀ ਗੁਰੂ ਜੀ ਨੂੰ ਰਾਮਿਆਣੇ ਤੋਂ ਅਗੇ ਖਿਦਰਾਣੇ ਦੇ ਲਾਗੇ ਜਿਹੇ ਜਾਕੇ ਮਿਲੇ। ਉਥੇ

*ਅਨੰਦਪੁਰ ਵਿਚ ਜਿਨ੍ਹਾਂ ਮਝੈਲਾਂ ਨੇ ਬੇਦਾਵਾ ਲੈਣਾ ਮੰਨ ਲਿਆ ਸੀ ਉਨ੍ਹਾਂ ਦੀ ਗੇਣਤੀ ਦਾ ਪਤਾ ਨਹੀਂ ਪਰ ਜਿਨ੍ਹਾਂ ਨੇ ਨਹੀਂ ਸੀ ਮੰਨਿਆ ਤੇ ਬਾਕੀ ਟੂਕ ਦੇਖੋ ਇਸੇ ਸਫੇ ਦੇ ਕਾਲਮ ੨ ਦੇ ਹੇਠ)

☞ (ਇਸੇ ਸਫੇ ਦੇ ਕਾਲਮ ੧ ਦੀ ਬਾਕੀ ਟੂਕ) ਸਨਮੁਖ ਸੇਵਾ ਵਿਚ ਹਾਜ਼ਰ ਰਹੇ ਓਹ ਬੀ ਬਹੁਤੇ ਸਨ। ਇਹ ਗੱਲ ਗ਼ਲਤ ਹੈ ਕਿ ਅਨੰਦਪੁਰੋਂ ਗੁਰਾਂ ਨਾਲ ਕੇਵਲ ੪੦ ਸਿਖ ਸਨਮੁਖੀਏ ਨਿਕਲੇ ਸਨ। ਚਾਲੀ ਤਾਂ ਉਸ ਵੇਲੇ ਦੀ ਗਿਣਤੀ ਸੀ ਜਿਸ ਵੇਲੇ ਕਿ ਚਮਕੌਰ ਦੀ ਗੜ੍ਹੀ ਵਿਚ ਦਾਖਲ ਹੋਏ ਸੇ। ਕਿਉਂਕਿ ਕਿਤਨੇ ਤਾਂ ਕਿਲ੍ਹਾ ਅਨੰਦਪੁਰ ਚੋਂ ਨਿਕਲਣ ਦੇ ਮਗਰੋਂ ਦੁਸ਼ਮਨਾਂ ਦੇ ਅਚਾਨਕ ਆ ਪੈਣ ਤੇ ਸ਼ਹੀਦ ਹੋਏ। ਕਿਤਨੇ ਸਰਸਾ ਦੇ ਕੰਢੇ ਸਤਿਗੁਰਾਂ ਦੇ ਅੱਗੇ ਚਲੇ ਜਾਣ ਤੇ ਸਾਹਿਬ ਅਜੀਤ ਸਿੰਘ ਜੀ ਦੀ ਤਾਬਿਆ ਤੇ ਲੜਦੇ ਸ਼ਹੀਦ ਹੋਏ ਤੇ ਫੇਰ ਉਹ ਦਸਤਾ ਬੀ ਕਿਤਨਾ ਕੁ ਹੋਊ ਜਿਸਨੇ ਸਾਹਿਬ ਅਜੀਤ ਸਿੰਘ ਜੀ ਨੂੰ ਸਰਸੇ ਨਾਲੇ ਤੋਂ ਪਾਰ ਕਰ ਸਤਿਗੁਰਾਂ ਦੀ ਵਲ ਦੁੜਾਇਆ ਤੇ ਆਪ ਦੁਸ਼ਮਨ ਰੋਕ ਖਲੇ ਹੋਏ ਤੇ ਕਈ ਘੰਟੇ ਲੜਦੇ ਇਕ ਇਕ ਕਰਕੇ ਕੱਟ ਮੋਏ। ਕਿਤਨੇ ਰੋਪੜ ਸ਼ਹੀਦ ਹੋਏ। ਇਨ੍ਹਾਂ ਵਿਚੋਂ ਪੰਜ ਸਿੰਘ ਸਵਾਰ ਚਮਕੌਰ ਵਲ ਸਤਿਗੁਰਾਂ ਨੂੰ ਖਬਰ ਦੇਣ ਲਈ ਟੋਰੇ ਗਏ ਸੇ ਕਿ ਹੁਣ ਪਿਛੇ ਰੋਕ ਮੁੱਕੀ ਖਲੀ ਹੈ ਤੇ ਆਪ ਉਪਰਾਲਾ ਕਰ ਲਓ। ਸੋ ਸਤਿਗੁਰਾਂ ਨਾਲ ਕਈ ਸੌ ਸੂਰਮੇ ਸਿੰਘ ਸਨਮੁਖ ਤੇ ਜਾਂ-ਨਿਸਾਰ ਨਿਕਲੇ ਸੇ, ਜਿਨ੍ਹਾਂ ਵਿਚ ਮਾਝੇ ਦੇ ਸਨਮੁਖੀਏ ਵੀ ਸੇ ਜੋ ਚੋਖੇ ਸੇ। ਚਮਕੌਰ ਵਿਚ ਜੋ ੪੦ ਗਏ ਸੇ, ਉਸ ਸਾਰੇ ਕਈ ਸੌ ਦੇ ਜਥੇ ਦਾ ਬਕਾਇਆ ਸਨ ਜੋ ਉਸ ਘੋਰ ਸੰਗ੍ਰਾਮ ਦੀ ਰਾਤ ਬਚ ਰਹੇ ਸੇ। ਸਤਿਗੁਰ ਜੀ ਨੇ ਆਪ ਜ਼ਫਰਨਾਮੇ ਵਿਚ ਜੋ ੪੦ ਦੀ ਗੇਣਤੀ ਦਿੱਤੀ ਹੈ ਉਹ ਚਮਕੌਰ ਦੀ ਗੜ੍ਹੀ ਵਿਚ ਪ੍ਰਵੇਸ਼ ਹੋਏ ੪੦ ਸਿਖਾਂ ਦੀ ਗਿਣਤੀ ਦਿੱਤੀ ਹੈ।

ਸਤਿਗੁਰਾਂ ਦੇ ਪੇਸ਼ ਹੋਏ। ਪਹਿਲੀ ਗੱਲ ਤਾਂ ਬੇਮੁਖਾਂ ਨੇ ਆਪਣਾ ਪਸਚਾਤਾਪ ਪੇਸ਼ ਕਰਨ ਦੀ ਕੀਤੀ ਦੂਸਰੀ ਗੱਲ ਨਵੇਂ ਆਏ ਸੱਜਣਾਂ ਨੇ ਉਨ੍ਹਾਂ ਦੀ ਸਿਪਾਰਸ਼ ਵੀ ਕੀਤੀ ਤੇ ਤੀਸਰੀ ਗੱਲ, ਜਿਨ੍ਹਾਂ ਵਿਚ ਲਾਹੌਰ ਦੇ ਦਾਨੇ ਵੀ ਸੇ, ਪਾਤਸ਼ਾਹ ਨਾਲ ਸੁਲਹ ਵਾਲੀ ਪੇਸ਼ ਕੀਤੀ।

ਅਹਿੱਲ, ਅਜਿੱਤ ਚਿਹਰਾ ਸਤਿਗੁਰ ਜੀ ਦਾ ਕਰੜਾ ਹੋ ਗਿਆ, ਕੱਸ ਗਿਆ, ਨਿਗਾਹ ਅਸਮਾਨਾਂ ਵਲ ਉਠ ਗਈ, ਨੈਣ ਮੁੰਦ ਗਏ ਅਰ ਫੇਰ ਹੇਠਾਂ ਤੱਕੇ, ਸੰਗਤ ਵਲ ਡਿੱਠਾ, ਇਲਾਹੀ ਰੰਗ ਵਾਲੇ ਬੁੱਲ੍ਹ 'ਬੁੱਕਦੇ ਸ਼ੇਰਾਂ ਵਾਲੀ' ਧੂਨੀ ਵਿੱਚ ਖੁੱਲ੍ਹੇ:- "ਸਿਖ ਮੇਰੇ ਤੇ ਮੈਂ ਸਿਖਾਂ ਦਾ ਹਾਂ। ਭੁੱਲ ਇਨਸਾਨੀ ਖਾਸਾ ਹੈ ਤੇ ਸਾਈਂ ਬਖਸ਼ਿੰਦ ਹੈ। ਪਰ ਰਣ ਵਿਚ; ਤੱਤੇ ਰਣ ਵਿਚ ਪਿੱਠ ਦੇਣੀ ਖਾਲਸਾ ਦਾ ਕੰਮ ਨਹੀਂ, ਖਾਲਸਾ ਅਭੈ ਹੈ। ਹਾਂ, ਪਾਤਸ਼ਾਹ ਨਾਲ ਸੁਲਹ! ਮੇਰੀ ਕਿਸੇ ਨਾਲ ਲੜਾਈ ਨਹੀਂ, ਜ਼ਾਲਮ ਜ਼ੁਲਮ ਕਰਦਾ ਹੈ, ਪਰਜਾ ਦੀ ਪੀੜਾ ਦਰਗਾਹੇ ਅੱਪੜੀ ਹੈ, ਮੈਂ ਉਸ ਪੀੜਾ ਨੂੰ ਹਰਣ ਲਈ ਘੱਲਿਆ ਗਿਆ ਹਾਂ। ਮੈਂ ਪ੍ਰਜਾ ਦੀ ਪੀੜਾ ਹਰਨੀ' ਹੈ। ਮੈਂ-ਜੰਗ ਕੀਹ ਤੇ ਸੁਲਹ ਕੀ-ਪਰਜਾ ਦਾ ਭਾਰ ਹਰਨਾ ਹੈ, ਜ਼ੁਲਮ ਅਗੇ ਢਾਲ ਬਣਨਾ ਹੈ ਸ਼ਮਸ਼ੇਰ ਹੋਕੇ। ਮੇਰੀ ਸ਼ਮਸ਼ੇਰ ਹੋ ਰਹੇ ਜ਼ੁਲਮ ਅਗੇ ਢਾਲ ਹੈ, ਤੇ ਹੁਕਮ ਵਿਚ ਹੈ ਤੁਸੀਂ ਆਓ ਨਿੱਤਰੋ, ਹੁਕਮ ਵਿਚ ਵਰਤੋ, ਫਤਹ ਅਕਾਲ ਪੁਰਖ ਦੀ ਹੈ, ਸਾਡਾ ਕੰਮ ਹੁਕਮ ਹੈ। ਜੋ ਤੁਹਾਡੀ ਮਰਜ਼ੀ ਹੈ, ਉਹ ਭੈ ਦੀ ਪੁੱਤਰੀ ਹੈ, ਹੁਕਮ ਤੋਂ ਅਜਾਣੂੰ ਹੈ, ਉਹ ਅਗੇ ਗੁਰੂ ਅਰਜਨ ਦੇਵ ਜੀ ਦੇ ਵੇਲੇ, ਗੁਰ ਤੇਗ ਬਹਾਦਰ ਜੀ ਦੇ ਵੇਲੇ ਕੁਛ ਨਹੀਂ ਮਾਰ ਸੱਕੀ, ਹੁਣ ਕੀਹ ਸਾਰੇਗੀ? ਜ਼ਾਲਮ ਜੇ ਨੇਕ ਨਸੀਹਤ ਨਾਲ ਸੁਧਰ ਜਾਏ ਤਾਂ ਅਜ਼ਲੀ ਤਾਕਤਾਂ ਨੂੰ ਡਾਢੇ ਉਪਰਾਲੇ ਕਿਉਂ ਕਰਨੇ ਪੈਣ? ਮੈਨੂੰ ਦੁਖ ਨਹੀਂ ਅਨੰਦ ਪੁਰ ਦੇ ਸੁਖਾਂ ਦਾ, ਪੁੱਤਰਾਂ ਦੀ ਸ਼ਹਾਦਤ ਦਾ, ਮਾਤਾ ਦੇ ਵਿਯੋਗ ਦਾ, ਪਿਆਰੇ ਦੂਲ੍ਹੇ ਸਿੰਘ ਪੁੱਤ੍ਰਾਂ ਦੇ ਸ਼ਹੀਦ ਹੋਣ ਦਾ। ਮੈਨੂੰ ਦੁਖ ਹੈ ਕਿ ਖ਼ਾਲਕ ਦੀ ਖ਼ਲਕ ਦੁਖੀ ਹੈ, ਮੈਨੂੰ ਸੋਚ ਹੈ ਕਿ ਖ਼ਲਕ ਦਾ ਦੁਖ ਕਿਵੇਂ ਨਿਵਰੇ? ਹੁਣ ਇੱਕੋ ਇਲਾਜ ਹੈ ਕਿ ਸ਼ਾਂਤੀ ਰਸ ਦੀ ਸ਼ਮਸ਼ੇਰ ਜ਼ੁਲਮ ਦੀ ਸ਼ਮਸ਼ੇਰ ਨੂੰ ਕੱਟ ਦੇਵੇ। ਰਾਜੇ ਨਿਮਾਣੇ ਹੋ ਚੁਕੇ ਹਨ, ਪਰਜਾ ਮੁਰਦਾਰ ਹੋ ਚੁਕੀ ਹੈ, ਇਕ ਸ਼ਾਂਤ ਰਸ ਦੀ ਸ਼ਮਸ਼ੇਰ ਜੀਉਂਦੀ ਹੈ। ਹੁਕਮ ਅੱਗੇ ਸੀਸ ਹਾਜ਼ਰ ਹਨ ਤਾਂ ਆਓ!.....ਤੁਹਾਡੀ ਸਿੱਖਿਆ ਦੀ ਮੈਨੂੰ ਲੋੜ ਨਹੀਂ, ਮੇਰਾ ਆਗੂ ਅਕਾਲ ਪੁਰਖ ਹੈ। ਤੁਸੀਂ ਸਿੱਖ ਹੋ ਤਾਂ ਸਿੱਖਿਆ ਮੰਨੋ, ਨਿਤਰੋ, ਨਹੀਂ ਤਾਂ ਜਿੱਥੇ ਚੁਰਾਸੀ ਵਸਦੀ ਹੈ ਜਾਓ ਉਥੇ ਵੱਸੋ। ਖਾਲਿਸਾ ਤਾਂ ਨਾਮ ਜਪੇਗਾ ਤੇ ਹੁਕਮ ਤੇ ਟੁਰੇਗਾ"।

ਦਾਨਿਆਂ ਨੇ ਜੋ ਜੋ ਦਲੀਲਾਂ ਇਸ ਵੇਲੇ ਪੇਸ਼ ਕਰਨੀਆਂ ਸਨ, ਸੋ ਸਾਰੀਆਂ ਰਹਿ ਗਈਆਂ। ਦਾਤੇ ਨੇ ਇਹ ਵਦਾਣ* ਦੀ ਸੱਟ ਵਾਲੇ ਅਮਿੱਟ ਵਾਕ ਕਹਿਕੇ, ਹਾਂ ਅਰਸ਼ਾਂ ਦੇ ਦਾਤੇ ਨੇ, ਅਰਸ਼ੀ ਰੌਸ਼ਨੀ ਵਿਚ ਟੁਰਨ ਵਾਲੇ ਨੇ, ਇਨਸਾਨੀ ਦਿਮਾਗ਼ੀ ਰੌਸ਼ਨੀ ਉੱਤੇ ਅਪਣੀ ਤ੍ਰਿੱਖੀ ਰੌਸ਼ਨੀ ਨਾਲ ਚਕਾ-ਚੂੰਧ ਪਾਈ ਤੇ ਅੱਗੇ ਨੂੰ ਕੂਚ ਕੀਤੀ। ਆਪ ਤਾਂ ਖਿਦਰਾਣੇ ਵੱਲ ਨੂੰ ਵਧੇ ਤੇ ਪਿੱਛੇ ਪੰਜਾਬ ਤੋਂ ਆਈ ਇਸ ਵਹੀਰ ਵਿਚ ਵਿਚਾਰ ਅਰੰਭ ਹੋਈ। ਵਿਚਾਰ ਵਧਦੀ ਤੇ ਵਕਤ ਬਹਿਸਾਂ ਤੇ ਖਰਚ ਹੁੰਦਾ ਪਰ ਥੋੜੇ ਚਿਰ ਵਿਚ ਹੀ ਅਚੰਭੇ ਨਾਲ ਫ਼ੈਸਲਾ ਹੋ ਗਿਆ। ਇਕ ਸੂਰਬੀਰ ਦੇਉ ਕੱਦ ਪਤਲਾ, ਪਰ ਹੱਡੀਆਂ ਦਾ ਮਜ਼ਬੂਤ, ਚਿਹਰੇ ਦਾ ਜਲਾਲੀ ਤੇ ਦਿੱਵਜ, ਗੁਰੂ ਘਰ ਦੀ ਵਿੱਦਜਾ ਦਾ ਸੂਰਮਾਂ ਸਿੰਘ ਉੱਠ ਖੜਾ ਹੋਇਆ, ਤਲਵਾਰ ਸੂਤ ਕੇ ਧਰਤੀ ਤੇ ਲੀਕ ਵਾਹ ਕੇ ਖੜਾ ਹੋ ਗਿਆ। "ਜੋ ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ! ਨਿੱਤਰੇ ਸੋ ਤਰੇ, ਅੜੇ ਸੋ ਝੜੇ, ਵਧ ਦਿਲ ਲੜੇ, ਜੋ ਝਵੇਂ ਸੋ ਮੁੜੇ, ਸਿਰ ਧੜ ਦੀ ਬਾਜ਼ੀ ਖੇਲੇ ਉਹ ਜੋ ਖਾਲਸਾ ਹੋਵੇ। ਇਹ ਸਰੀਰ ਤਾਂ 'ਹੁਕਮ ਦਾ ਬੰਦਾ' ਹੋ ਗਿਆ ਹੈ। ਵਡੇ ਹੁਕਮ ਦਾ ਪਤਾ ਸਤਿਗੁਰੂ ਨੂੰ ਹੈ, ਸਤਿਗੁਰ ਦੇ ਹੁਕਮ ਦਾ ਪਤਾ ਸਾਨੂੰ ਪੈ ਗਿਆ ਹੈ। ਸਤਿਗੁਰ ਨੇ ਜੰਗ ਮੰਡਿਆ ਹੈ, ਜਗ ਹੁਕਮ ਹੈ। ਸੋ ਜੇ ਖਾਲਸਾ ਹੈ, ਜਿਸ ਸੀਸ ਦੇਣਾ ਹੈ, ਲੀਕ ਟੱਪ ਆਵੇ"। ਚਾਰ ਸਿੰਘ ਹੋਰ ਲੀਕ ਟੱਪੇ ਤੇ ਖੜੇ ਹੋਕੇ ਲਲਕਾਰੇ "ਅੱਜ ਸੀਸ ਦੇਣਾ ਹੈ ਸੀਸ"। ਫੇਰ ਇਕ ਮਾਈ ਸਾਂਗ ਹੱਥ ਵਿਚ ਸੂਤੀ ਸੁਹਣੀ, ਭਰਵੀਂ ਤੇ ਸ਼ੇਰ ਨੁਹਾਰ ਵਾਲੀ ਲੀਕ ਟਪਕੇ ਬੋਲੀ: "ਤ੍ਰੀਮਤ

---

*ਵਡਾ ਹਥੌੜਾ।

ਬੀ ਖਾਲਸਾ ਜੇ ਵੀਰੋ! ਤੇ ਅੱਜ ਲੜੇਗੀ ਸਨ-ਮੁਖ, ਹਾਂ, ਹੁਕਮ ਦੇ ਮਗਰ ਸੀਸ ਪਰ ਖੇਲੇਗੀ। ਭੈਣ ਲੜੇਗੀ, ਵਧੇਗੀ, ਮਰੇਗੀ, ਵੀਰ ਘਰਾਂ ਨੂੰ ਜਾਣਗੇ''।

ਐਉਂ ਦੀ 'ਸੱਦ ਮਾਹੀ ਦੀ' ਉੱਥੇ ਹੁਣ ਪਰਤਵੀਂ ਹੋ ਗੂੰਜੀ, ਕਿ ਚਾਲੀ ਹੋਰ ਲੀਕ ਟੱਪ ਆਏ*। ਚਾਲੀ ਹੋਰ ਆਏ। ਮਨਮਤਿ ਮਰ ਗਈ, ਧੁਰ ਹੁਕਮ ਤੇ ਟੇਕ ਲੱਗ ਗਈ, ਨਿਰਭੈ ਹੋ ਗਏ, ਖਾਲਸਾ ਖਾਲਸਾ ਹੋ ਗਏ। ਹਾਂ ਜੀ, ਹੁਣ ਹੋਰ ਨਿੱਤਰ ਆਏ। ਚਿਹਰੇ ਭੱਖ ਉਠੇ, ਲਹੂ ਮਾਨੋਂ ਚੋ ਰਹੇ ਹਨ। ਹੁਣ ਖਾਲਸਾ ਲੜੇਗਾ, ਮਰੇਗਾ, ਹੁਕਮ

*ਏਥੇ ਬੀ ਚਾਲੀ ਦੀ ਗਿਣਤੀ ਚਮਕੌਰ ਦੀ ਚਾਲੀਆਂ ਵਾਲੀ ਗਿਣਤੀ ਦਾ ਭੁਲੇਵਾਂ ਹੈ: ਇਥੇ ਵਹੀਰ ਕਈ ਸੌ ਦਾ ਸੀ, ਕੇਵਲ ਜਿਨ੍ਹਾਂ ਮੁਖੀਆਂ ਦੇ ਨਾਮ ਲਿਖੇ ਮਿਲਦੇ ਹਨ, ਉਹ ੪੦ ਦੇ ਲਗ ਪਗ ਸਨ। ਇਕ ਖਿਆਲ ਵਿਚਾਰ ਯੋਗ ਇਹ ਹੈ ਕਿ ਜਿੰਨਾਂ ਵਹੀਰ ਇਹ ਆਇਆ ਸੀ ਸਾਰੇ ਦਾ ਸਾਰਾ ਸਨਧਬੱਧ ਸਾਮਾਨ ਜੰਗ ਨਾਲ ਸ਼ਸ਼ੋਭਤ ਸੀ ਤੇ ਘਰੋਂ ਸਤਿਗੁਰੂ ਜੀ ਦੀ ਸੇਵਾ ਵਿਚ ਜੁੱਧ ਕਰਨ ਹੀ ਆਇਆ ਸੀ। ਮਹਾਂ ਸਿੰਘ ਜਥੇਦਾਰ ਦੇਸ਼ੋਂ ਹੀ ਥਾਪਕੇ ਟੋਰਿਆ ਗਿਆ ਸੀ, ਖਰਚ ਵਾਸਤੇ ਪਦਾਰਥ ਭੀ ਨਾਲ ਸੀ। ਮੁੱਖ ਕੰਮ ਤਾਂ ਮੁਕਾਲਕ ਦਾ ਧੋਣਾ ਸੀ ਜੋ ਬੇਦਾਵੇ ਨਾਲ ਮਲੀ ਗਈ ਸੀ ਤੇ ਉਹ ਧੋਣ ਲਈ ਜੰਗ ਵਿਚ ਫੇਰ ਅੰਗਪਾਲ ਹੋਣਾ ਇਹ ਘਰੋਂ ਟੁਰਨ ਵੇਲੇ ਕੁਦਰਤੀ ਵਲਵਲਾ ਤੇ ਵੀਚਾਰ ਸੀ, ਸੋ ਸਾਰੇ ਵਹੀਰ ਵਿਚੋਂ ਜੋ ਕਈ ਸੌ ਦਾ ਸੀ ਸ਼ੂਰ ਜਿਸ ਵਿਚ ਮਝੈਲਾਂ ਤੋਂ ਸਿਵਾ ਪੰਜਾਬ ਦੇ ਕਈ ਇਲਾਕਿਆਂ ਦੇ ਸਿੰਘ ਸਨ, ਕੋਈ ਵਿਰਲੇ ਹੀ ਇਸ ਵੇਲੇ ਪਿੱਛੇ ਮੁੜੇ ਹੋਣ, ਪਰ ਆਸ ਕੋਈ ਨਹੀਂ ਕਿ ਕੋਈ ਮੁੜਿਆ ਹੋਵੇ। ਸਤਿਗੁਰੂ ਜੀ ਦੀ ਲਲਕਾਰ ਤੇ ਮਹਾਂ ਸਿੰਘ ਦੀ ਆਪਾਵਾਰ ਪੁਕਾਰ ਨੇ ਸਾਰੇ ਮੋਹ ਲਏ। ਮਾਈ ਭਾਗੋ ਦੀ ਵੰਗਾਰ ਬੀ ਇਸੇ ਵੇਲੇ ਪਈ ਸੀ। ਇਸ ਜਥੇ ਦੀ ਗਿਣਤੀ, ਤਿਆਰੀ ਤੇ ਸੂਰਮਗਤੀ ਦਾ ਫਲ ਸੀ ਕਿ ਕਈ ਹਜ਼ਾਰ ਸੈਨਾਂ ਵਾਲਾ ਨਵਾਬ ਮੂੰਹ ਦੀ ਖਾਕੇ ਮੁੜ ਗਿਆ।

ਜੋ ਬਾਪੂ ਜੀ ਦਾ ਹੈ, ਉਹੀ ਖਾਲਸੇ ਜੀ ਦਾ ਕਰਮ ਹੈ। ਫੇਰ ਪਹਿਲੇ ਨਿੱਤਰੇ ਸਿੰਘ ਜੀ-ਮਹਾਂ ਸਿੰਘ ਜੀ-ਬੋਲੇ:-

"ਹਮ ਤੋ ਗੁਰ ਹਿਤ ਦੈ ਹੈਂ ਪ੍ਰਾਨ। ਬਿਚ ਸੰਗ੍ਰਾਮ ਕਰੈਂ ਅਰਿ ਹਾਨ। ਤੁਰਕ ਹਜ਼ਾਰਹੁੰ ਗੁਰ ਕੇ ਗਿਰਦ। ਕੋ ਇਸ ਸਮੈ ਤਜੈ ਹੁਇ ਮਰਦ॥੧੬॥ ਏਤੀ ਭੀਰ ਗੁਰੂ ਪਰ ਪਰੀ। ਹੈ ਸਦ ਹੈਫ ਤਜਹਿਂ ਇਸ ਘਰੀ। ਜੀਵਨ ਪਾਇ ਕਰਹਿਂਗੇ ਕਹਾਂ। ਜੋ ਪ੍ਰਭੁ ਕਾਜ ਨ ਐਹੈਂ ਇਹਾਂ॥੧੭॥

ਹੁਣ ਮਹਾਂ ਸਿੰਘ ਜੀ ਨੇ ਆਪਣੀ ਜੱਥੇਦਾਰੀ ਵਿਚ ਸਤਿਗੁਰ ਜੀ ਦੇ ਮਗਰ ਕੂਚ ਦਾ ਹੁਕਮ ਦੇ ਦਿਤਾ। ਇਹ ਸੂਰਮਿਆਂ ਦਾ ਦਲ-ਇਕ ਵੇਰੀ ਸਿਦਕ ਵਿਚ ਹਾਰ ਖਾਕੇ ਮੁੜ ਜੀ ਉਠੇ, ਤਿਆਰ ਬਰਤਿਆਰ ਹੋ ਚੁਕੇ ਸਿੱਖਾਂ ਦਾ ਦਲ-ਖਿਦਰਾਣੇ ਦੇ ਸਰ ਕਿਨਾਰੇ ਅੱਪੜਿਆ। ਸਰ ਸੁੱਕਾ ਪਿਆ ਸੀ, ਗੁਰੂ ਜੀ ਉੱਥੇ ਅੱਪੜਕੇ ਸਰ ਨੂੰ ਸੱਕਾ ਵੇਖਕੇ ਅੱਗੇ ਕੂਚ ਕਰ ਗਏ ਸੇ। ਮਹਾਂ ਸਿੰਘ ਖਿਦਰਾਣਾ ਸੁੱਕਾ ਦੇਖਕੇ ਆਪਣਾ ਦਲ ਖੜਾ ਕਰਕੇ ਆਖਿਆ ਕਿ ਆਹ ਵੇਲਾ ਜੇ ਸੱਚੀ ਸੇਵਾ ਦਾ, ਇਥੇ ਹੀ ਟਿਕ ਜਾਓ ਤੇ ਵੈਰੀ ਨੂੰ ਇੱਥੇ ਰੋਕੋ, ਉਸਨੇ ਇਧਰ ਧਾਵਾ ਕਰਨਾ ਹੈ ਕਿ ਪਾਣੀ ਦਾ ਛੰਭ ਮਾਂਡ ਲਵਾਂ ਤੇ ਅਸਾਂ ਅਗੋਂ ਰੋਕ ਕੀਤੀ ਤਾਂ ਉਹ ਸਮਝਸੀ ਕਿ ਗੁਰੂ ਜੀ ਇੱਥੇ ਹੀ ਹਨ, ਸੋ ਸੰਗ੍ਰਾਮ ਇਥੇ ਮੱਚ ਜਾਊ ਤੇ ਗੁਰੂ ਜੀ ਨੂੰ ਅੱਗੇ ਨਿਕਲ ਜਾਣ ਦਾ ਯਾ ਕੋਈ ਹੋਰ ਆਪਣੇ ਦੈਵੀ ਖਿਆਲ ਵਿਚ ਪ੍ਰਬੰਧ ਕਰਨ ਦਾ ਸਮਾਂ ਮਿਲ ਜਾਊ। ਸੋ ਗੁਰਮਤਾ ਸਾਧਕੇ ਉੱਥੇ ਡੇਰੇ ਪੈ ਗਏ। ਉੱਥੇ ਬੇਰੀਆਂ ਦਾ ਭਾਰੀ ਜੰਗਲ ਸੀ, ਸਿੰਘਾਂ ਨੇ ਵਡੇ ਵਡੇ ਚਾਦਰੇ ਬੇਰੀਆ ਤੇ ਪਾਕੇ ਐਸੀ ਸ਼ਕਲ ਰਚ ਦਿੱਤੀ ਜੋ ਦੂਰੋਂ ਤੰਬੂ ਨਜ਼ਰ ਪੈਣ! ਇਧਰ ਦਸ ਦਸ ਦਾ ਜੱਥਾ ਵੰਡ ਕੇ ਇਕ ਇਕ ਜੱਥੇਦਾਰ ਦੇ ਤਾਬੇ ਕਰਕੇ ਅੱਡ ਅੱਡ ਦਾਉ ਪੇਚ ਦੇ ਵਧਣ ਹਟਣ ਤੇ ਹਮਲਾ ਕਰਨ ਦੇ ਸਾਮਾਨ ਝੱਟ ਪੱਟ ਸੋਚ ਕੇ ਫੈਸਲਾ ਕਰ ਲਏ।

ਜਦੋਂ ਕਿ ਟਾਂਗੂ ਨੇ ਉੱਚੇ ਬ੍ਰਿੱਛਾਂ ਤੋਂ ਤੁਰਕ ਦਲ ਦੇ ਆ ਜਾਣ ਦੀ ਸੂਹ ਦਿੱਤੀ ਤਾਂ ਇਧਰੋਂ ਬੰਦੂਕਾਂ ਦੀ ਬਾੜ੍ਹ ਛੱਡੀ ਗਈ, ਜਿਸਤੋਂ ਦੁਸ਼ਮਨ ਨੂੰ

ਆਪਣੀ ਵੱਲ ਖਿੱਚ ਲੈਣ ਦਾ ਮਤਲਬ ਸੀ ਕਿ ਮਤਾਂ ਕਿਸੇ ਦੇ ਆਖੇ ਜਾਂ ਅੱਚਨਚੇਤ ਵੈਰੀ ਉਥੇ ਨਾ ਅੱਪੜ ਪਵੇ ਜਿਥੇ ਗੁਰੂ ਜੀ ਹੋਣ। ਇਨ੍ਹਾਂ ਦਾ ਮਤਾ ਇਹ ਸੀ ਕਿ ਅਸੀਂ ਵੈਰੀ ਨੂੰ ਆਪਣੇ ਨਾਲ ਜੁੱਟਮ ਜੁਟ ਕਰ ਲਈਏ, ਵੱਸ ਚੱਲੇ ਤਾਂ ਮਾਰ ਲਈਏ, ਜੇ ਮਰ ਜਾਈਏ ਤਾਂ ਇਹ ਪਾਪੀ ਦਲ ਸਤਿਗੁਰ ਤਕ ਨਾ ਅੱਪੜ ਸਕੇ। ਸੋ ਬੰਦੂਕਾਂ ਦੀ ਅਵਾਜ਼ ਸੁਣਕੇ ਵਜ਼ੀਰ ਖਾਂ ਨੇ ਇਧਰ ਰੁਖ਼ ਕਰਕੇ ਹਮਲੇ ਦਾ ਹੁਕਮ ਦੇ ਦਿਤਾ, ਪਰ ਅਗੋਂ ਕਈ ਪਾਸਿਆਂ ਤੋਂ ਬੇਰੀਆਂ ਦੇ ਉਹਲਿਓਂ ਗੋਲੀਆਂ ਦਾ ਮੀਂਹ ਆ ਪਿਆ। ਇਧਰ ਉਧਰ ਤੱਕ ਕੇ ਤੁਰਕਾਂ ਨੇ ਫੇਰ ਗੋਲੀਆਂ ਦਾ ਮੀਂਹ ਵਸਾਇਆ, ਪਰ ਬੇਰੀਆਂ ਦੇ ਅਤੇ ਝੰਗੀਆਂ ਦੇ ਕੁਦਰਤੀ ਮੋਰਚੇ ਸਿੰਘਾਂ ਨੂੰ ਵਾਧੇ ਦਾ ਦਾਉ ਦੇ ਗਏ। ਜਦ ਦੁਵੱਲੀ ਬੰਦੂਕਾਂ ਚੱਲ ਪਈਆਂ ਤਾਂ ਉਧਰ ਦਾਨ ਸਿੰਘ ਨੇ ਸਤਿਗੁਰੂ ਜੀ ਨੂੰ ਆਖਿਆ, "ਮਹਾਰਾਜ! ਵੈਰੀ ਨੇ ਹੱਲਾ ਬੋਲ ਘੱਤਿਆ"। ਸਤਿਗੁਰ ਬੋਲੇ: "ਪਤਾ ਹੈ ਸਜਨਾਂ! ਹੱਲਾ ਬੋਲ ਦਿਤਾ ਤੇ ਪਾਲਸੇ ਨੇ ਬੀ ਬੋਲ ਬਾਲਾ ਕਰ ਦਿਤਾ ਹੈ, ਆਓ ਟਿੱਬੀ ਉੱਤੇ ਚਲੋ"। ਇਹ ਕਹਿ ਦਾਤਾ ਜੀ ਜਿਥੇ ਸੇ ਉਥੋਂ ਟਿੱਬੀ ਉਤੇ ਚੜ੍ਹ ਗਏ, ਥਾਂ ਥਾਂ ਆਪਣੇ ਸੂਰਮੇ ਖੜੇ ਕਰ ਦਿਤੇ, ਆਪ ਸਭ ਤੋਂ ਉੱਚੀ ਥਾਵੇਂ ਬੀਰਾਸਨ ਹੋਕੇ ਕਮਾਨ ਸੂਤ ਲਈ। ਅਜ ਇਸ ਮੈਦਾਨ ਵਿਚ ਫੇਰ ਧਨੁਸ਼ ਵਿਦਯਾ ਦੇ ਜੌਹਰ ਖੁੱਲ੍ਹਣ ਲੱਗੇ। ਉਚਾਈ ਤੋਂ ਤਕ ਤਕ ਤੇ ਆੜਾਂ ਵਿਚੋਂ ਸੇਧਾਂ ਬੰਨ੍ਹ ਬੰਨ੍ਹ ਲਗੇ ਤੀਰ ਬਰਸਾਨ। ਕਿਸੇ ਕਿਸੇ ਟਿਕਾਣੇ ਬੈਰਾੜ ਬੰਦੂਕਚੀ (ਤੁਪਕਚੀ) ਨਿਸ਼ਾਨੇ ਫ਼ੁੰਡਣ ਵਾਸਤੇ ਸਤਿਗੁਰੂ ਜੀ ਨੇ ਖੜੇ ਕੀਤੇ ਸੀ। ਇਧਰੋਂ ਤਾਂ ਤੁਰਕ ਹਮਲਾਅਵਰਾਂ ਤੇ ਗ਼ੈਬੀ ਅੱਗ ਵਾਂਙੂ ਤੀਰ ਤੇ ਗੋਲੀ ਪੈਣ ਲਗੀ, ਮੀਂਹ ਵੱਸਵੀਂ ਨਹੀਂ; ਟਾਂਵੀਂ ਟਾਂਵੀਂ ਪਰ ਤਾਕੀ ਹੋਈ, ਸੇਧੀ ਹੋਈ, ਚੋਣਵੀਂ ਤੇ ਨਿਸ਼ਾਨੇ ਬੈਠਵੀਂ। ਉਧਰੋਂ ਸਿੱਧੀ ਬਰਖਾ ਤੀਰਾਂ ਤੁਫੰਗਾਂ ਦੀ ਖਿਦਰਾਣੇ ਤੋਂ ਹੋਣ ਲੱਗੀ।

ਸੋ ਪਹਿਲਾ ਹੱਲਾ ਤੁਰਕਾਂ ਦਾ ਮੂੰਹ ਦੀ ਖਾਕੇ ਰੁਕ ਗਿਆ ਤੇ ਵਜ਼ੀਰ ਖਾਂ ਨੇ ਹੁਣ ਪੈਂਤੜਾ ਬਦਲਿਆ। ਛੋਟੇ ਛੋਟੇ ਦਸਤੇ ਬਣਾਏ ਤੇ ਇਧਰ ਉਧਰ ਵਧਾਏ। ਅੱਗੇ ਹਰ ਪਾਸੇ ਕਿਤੇ ਨਾ ਕਿਤੇ ਮੋਰਚਿਆਂ ਵਿਚ ਸਿੰਘ ਤਿਆਰ ਸੇ। ਸੋ ਤੀਰ ਬੰਦੂਕ ਦੀ ਲੜਾਈ ਹੁੰਦੀ ਰਹੀ ਤੇ ਬਹੁਤੇ ਹੋਣ ਕਰਕੇ ਇਹ ਲੜਾਈ ਵਜ਼ੀਰ ਖਾਂ ਲਈ ਬਹੁੰ ਦੁਖਦਾਈ ਨਾ ਹੋਈ। ਕਿਉਂਕਿ ਬਹੁਤੇ ਮਰਵਾ ਲੈਣੇ ਉਸ ਲਈ ਕਠਿਨਤਾ ਨਹੀਂ ਸੀ, ਪਰ ਉਸਦੇ ਲਸ਼ਕਰ ਵਿਚ ਅਚਾਨਕ ਗੋਲੀ ਤੀਰ ਕਿਤੋਂ ਦੂਰੋਂ ਆਕੇ ਜੱਥੇਦਾਰਾਂ ਨੂੰ ਫੁੰਡਦਾ ਸੀ, ਜਿਸ ਨਾਲ ਉਸ ਨੂੰ ਜਲਦੀ ਜਲਦੀ ਆਪਣੀ ਵੰਡ ਸੁਧਾਰਨੀ ਪੈਂਦੀ ਤੇ ਜਥੇਦਾਰਾਂ ਦੇ ਮਰਨ ਨਾਲ ਕਸ਼ਟ ਹੁੰਦਾ, ਟਿੱਬੀ ਦਾ ਇਸ ਨੂੰ ਪਤਾ ਨਹੀਂ ਪੈ ਸਕਿਆ। ਪਰ ਉਹ ਲੜਦਾ ਰਿਹਾ। ਇਧਰ ਖਿਦਾਰਣੇ ਦੇ ਸਿੰਘਾਂ ਨੇ ਬੀ ਉਹ ਹੱਲੇ ਬੋਲੇ ਕਿ ਰਹੇ ਸਾਈਂ ਦਾ ਨਾਮ। ਆਖਰ ਵਧਦੇ ਵਧਦੇ ਤੁਰਕ ਤਾਲ ਦੇ ਨੇੜੇ ਆ ਢੁਕੇ। ਹੁਣ ਖਾਲਸੇ ਨੂੰ ਹੱਥੋ ਹੱਥ ਜੰਗ ਆ ਪਿਆ। ਸ਼ਮਸ਼ੇਰਾਂ ਮੂਤ ਕੇ, ਨੇਜ਼ੇ ਭਾਲੇ ਸੰਭਾਲਕੇ ਆਪਣੀ ਵੰਡ ਮੂਜਬ ਵਧ ਵਧ ਕੇ ਲੜੇ। ਅਨੇਕਾਂ ਦੇ ਆਹੂ ਲਾਹੁੰਦੇ ਜ਼ਖਮੀ ਹੋ ਹੋ ਕੇ ਬੀ ਵਧੇਰੇ ਬਲਕਾਰ ਨਾਲ ਲੜਦੇ ਟੁਕੜੇ ਹੋ ਹੋ ਡਿਗਦੇ।

ਉਛੱਲੇ ਛਲੰਗੀ, ਗੁਰੂ ਕੇ ਭੁਜੰਗੀ, ਦੀਓ
ਓਜ ਐਸੋ, ਹਜ਼ਾਰਾਨ ਜੈਸੋ॥੨੯॥ ਮਹਾਂ ਕੋਪ
ਠਾਨੈ, ਗਜੰ ਕੀਟ ਮਾਨੈ, ਬਡੇ ਉਤਸਾਹੇ,
ਰਣੰ ਸ਼ੱਤ੍ਰੂ ਗਾਹੇ॥੩੦॥

ਇਕ ਪੰਜਾਂ ਦੇ ਜਥੇ ਦਾ ਜੁੱਧ ਐਉਂ ਵਰਣਿਤ ਹੈ:-

ਪੰਚਹੁੰ ਬੀਰ ਜੁਝਾਰੇ ਮਾਰਿ ਅਨੇਕ ਕੋ। ਕਰਾ-ਚੋਲ ਪਰਹਾਰੇ ਤੁਰਕ ਗਿਰਾਇਕੈ। ਪਰੇ ਤੁਰੰਗਮ- ਭਾਰੇ ਮੁਖ ਅਰ ਚਰਨ ਕਟਿ। ਗੁਲਕਾਂ ਤੀਰ ਸਹਾਰੇ ਭਿਦੇ ਸਰੀਰ ਸਭਿ॥੩੧॥ ਨਿਕਸੇ ਪ੍ਰਾਨ ਸੁ ਡਿੱਗੇ ਸਨਮੁਖ ਵੈਰੀਆਂ। ਸਭ ਸ੍ਰੋਣਤ ਸਨ ਭਿੱਗੇ ਬਾਗੇ ਲਾਲ ਹ੍ਵੈ। ਤਜੇ ਨ ਹਾਥੋਂ ਖੱਗੇ ਇੱਛਾ ਹਤਨਿ ਕੀ। ਘਨੇ ਘਾਵ ਤਨ ਲੱਗੇ ਮਰ ਕਰ ਗਿਰ ਪਰੇ॥੩੨॥

(ਗੁ: ਪ੍ਰ: ਸੂ: ਐਨ ੧-੧੦)

ਉਧਰ ਬੰਦੂਕਾਂ ਚਲਾਉਣ ਹਾਰੇ ਸਿੰਘਾਂ ਦੇ ਹਾਲ ਦੀ ਵੰਨਗੀ ਇਸ ਵੇਲੇ ਐਉਂ ਸੀ:-

ਬੱਦ੍ਰੀ ਬ੍ਰਿੰਦ ਮਝਾਰੇ* ਸੂਕੇ ਸਰ ਬਿਖੇ। ਥਿਰੇ

*ਬੇਰੀਆਂ ਦੀਆਂ ਝੰਗੀਆਂ ਵਿਚ।

ਸਿੰਘ ਤਹਿਂ ਭਾਰੇ ਤੁਪਕ ਚਲਾਵਤੇ। ਉਠੇ
ਸ਼ਬਦ ਕੜਕਾਰੇ ਗੁਲਕਾਂ ਸ਼ੂੰਕਤੀ। ਲਗੈਂ
ਤੁਰਕ ਤਨ ਮਾਰੇ ਗਿਰੈਂ ਪਵੰਗਮਹੁ॥੩੩॥
(ਗੁ: ਪ੍ਰ: ਸੂ: ਐ: ੧-੧੦)

ਇਸ ਤਰ੍ਹਾਂ ਜੋ ਜੋ ਦਸਤਾ ਦੁਸ਼ਮਨ ਦਾ ਵਧਕੇ ਤਾਲ ਵੱਲ ਆਉਂਦਾ, ਇਧਰੋਂ ਅੱਠ ਦਸ ਦਾ ਦਸਤਾ ਬੰਦੂਕਾਂ ਤੀਰ ਲੈ ਅੱਗੇ ਹੁੰਦਾ। ਜਦ ਤੀਰ ਗੋਲੀ ਮੁੱਕ ਜਾਂਦੇ ਤਾਂ ਤਲਵਾਰਾਂ ਸੂਤਕੇ ਜਾ ਪੈਂਦੇ। ਇਹ ਜਾਨਾਂ ਵਾਰਕੇ ਲੜ ਰਹੇ ਸੇ, ਬਚਣ ਦੀ ਆਸ ਧਾਰਕੇ ਫਤਹ ਦਾ ਖਿਆਲ ਜੀ ਵਿਚ ਲੈਕੇ ਨਹੀਂ ਲੜ ਰਹੇ ਸੇ, ਇਨ੍ਹਾਂ ਨੇ ਤਾਂ ਲੜਨਾ ਸੀ ਤੇ ਲੜਨਾ ਸੀ, ਅਰ ਮਰਨਾ ਸੀ ਤੇ ਮਰਨ ਤੋਂ ਪਹਿਲਾਂ ਵਧ ਤੋਂ ਵਧ ਨੂੰ ਮਾਰਨਾ ਸੀ। ਇਨ੍ਹਾਂ ਦੇ ਤੇਜ, ਬਲ, ਕੁਰਬਾਨੀ, ਬੀਰਤਾ ਦੇ ਅੱਗੇ ਤਨ-ਖਾਹਦਾਰ, ਬਚਕੇ ਲੜਨਹਾਰਾਂ ਨੇ ਕਦੇ ਉਹ ਬੀਰਤਾ ਦੱਸ ਹੀ ਨਹੀਂ ਸਕਣੀ ਸੀ, ਜੋ ਏਹ ਦਿਖਾ ਰਹੇ ਸੇ। ਸਿੱਖਾਂ ਦਾ ਜੋ ਦਸਤਾ ਮੁਕਦਾ ਅਰਾਲੇ ਪਾਸੇ ਦੀ ਅਨਗਿਣਤੀ ਦੇ ਸਾਹਮਣੇ ਮਰਦਾ ਸੀ, ਪਰ ਗਿਣਤੀ ਕੀਤਿਆਂ ਇੱਕ ਇੱਕ ਸਿੱਖ ਦੇ ਬਦਲੇ ਵੀਹ ਵੀਹ ਤੀਹ ਤੀਹ ਤੁਰਕ ਮਰਦੇ ਤੇ ਘਾਇਲ ਹੋਕੇ ਡਿੱਗਦੇ ਸੇ। ਇਸ ਤਰ੍ਹਾਂ ਕਈ ਘੰਟੇ ਜੰਗ ਮਚਾਈ ਲੜਦੇ, ਮਰਦੇ, ਮਾਰਦੇ ਰਹੇ, ਅੰਤ ਬਾਕੀ ਤੇਰਾਂ ਸਿੰਘ ਰਹਿ ਗਏ। ਸੋ ਏਹ ਇਕੱਠੇ ਹੀ ਤੇਰਾਂ ਤਲਵਾਰਾਂ ਸੂਤਕੇ ਵਧੇ ਤੇ ਘੱਤਰੂ ਉੱਤੇ ਜਾ ਪਏ:-

ਚਲੇ ਬੀਰ ਸੋਊ ਬਡੇ ਓਤਸਾਹੇ,
ਧਰੇ ਸ਼ਸਤ੍ਰ ਮਾਰੇ ਮਹਾ ਜੰਗ ਮਾਹੇ।
ਕਢੇ ਮਜ਼ਾਨ ਤੇਗ ਗਹੇ ਹੱਥ ਢਾਲੇ;
ਚਲਾਕੀ ਕਰੰਤ ਸੁ ਛਾਲੈਂ ਉਛਾਲੇ॥੫੦॥
ਝਟਾ ਪੱਟ ਜੁੱਟੇ ਲਟਾ ਲੱਟ ਹੋਏ।
ਸਟਾਪੱਟ ਸੁੱਟੇ ਕਟਾ ਕੱਟ ਜੋਏ।
ਕਟਾ ਕੂਟ ਕੱਟੇ ਚਟਾਪੱਟ ਮਾਰੇ,
ਖਟਾ ਖੱਟ ਖੋਟੇ ਹਟਾ ਹੱਟ ਹਾਰੇ॥੫੧॥

ਇਸ ਤਰ੍ਹਾਂ ਲੜਦੇ ਇਹ ਅੱਗੇ ਵਧ ਗਏ ਅਰ ਸੈਨਾ ਵਿਚ ਜਾ ਧਸੇ, ਵਡੇ ਵਡੇ ਜੱਥੇਦਾਰ ਨੂੰ ਜੋ ਅੱਗੋਂ ਆਉਂਦਾ ਏਹ ਚੁਣ ਚੁਣ ਕੇ ਮਾਰਦੇ। ਇਸ ਤਰ੍ਹਾਂ ਲੜਦੇ ਵੱਧਦੇ ਚਲੇ ਗਏ। ਛੇਕੜ ਇਨ੍ਹਾਂ ਨੇ ਅਪਣੀਆਂ ਪਵਿੱਤ੍ਰ ਦੇਹੀਆਂ ਟੋਟੇ ਟੋਟੇ ਕਰਾਕੇ ਅਪਣੇ ਪਿਆਰੇ ਮਤਿਗੁਰ ਤੋਂ, ਪੰਥ ਤੋਂ, ਦੇਸ਼ ਤੋਂ, ਸੱਚ ਤੋਂ ਵਾਰ ਘੱਤੀਆਂ। ਤੁਰਕ ਦਾ ਇੰਨਾ ਨੁਕਸਾਨ ਹੋਇਆ ਕਿ ਕੁਛ ਹਿਸਾਬ ਨਾ ਰਿਹਾ, ਰਵਾਇਤਾਂ ਹਨ ਕਿ ਪੰਜ ਹਜ਼ਾਰ ਸੈਨਾ ਵਿੱਚੋਂ ਪਿੱਛੇ ਮੁੜਨ ਜੋਗ ਮੁਸ਼ਕਲ ਨਾਲ ਦੋ ਹਜ਼ਾਰ ਰਹਿ ਗਏ। ਹੁਣ ਇਹ ਤੱਕਕੇ ਕਿ ਨਾ ਤਾਂ ਅੱਗੋਂ ਕੋਈ ਦਸਤਾ ਸਿੱਖਾਂ ਦਾ ਲੜਨ ਆਉਂਦਾ ਹੈ ਨਾ ਕਿਤੋਂ ਝਾੜ ਝੰਗੀ ਵਿੱਚੋਂ ਤੀਰ ਗੋਲੀ ਆਉਂਦੀ ਹੈ, ਨ੍ਹਾਬ ਅੱਗੇ ਵਧਿਆ ਕਿ ਤਾਲ ਉਤੇ ਕਬਜ਼ਾ ਝਟ ਪਟ ਹੋ ਜਾਏ! ਪਰ ਬਦ-ਕਿਸਮਤੀ ਨਾਲ ਉਸ ਨੇ ਅਗੇ ਵਧਕੇ ਕੀ ਡਿੱਠਾ ਕਿ ਤਾਲ ਸੁੱਕਾ ਪਿਆ ਹੈ, ਘੁੱਟ ਪਾਣੀ ਦਾ ਨਹੀਂ ਹੈ। ਹੈਰਾਨ ਹੋਇਆ ਕਿ ਸੁੱਕੀ ਢਾਬ ਲਈ ਸਿੱਖ ਕਿਉਂ ਲੜ ਮਰੇ? ਪਰ ਸੱਖਣੇ ਦਿਮਾਗ ਵਾਲੇ ਜ਼ਾਲਮ ਨੂੰ ਕੀਹ ਪਤਾ ਸੀ ਕਿ ਜੀਉਂਦੇ ਜੋਧਿਆਂ ਦੇ ਜੰਗੀ ਦਾਉ ਪੇਚ ਕੁਛ ਹੋਰ ਤਰ੍ਹਾਂ ਦਾ ਮੁੱਲ ਰੱਖਦੇ ਹਨ। ਨਵਾਬ ਨੇ ਠੰਢਾ ਸਾਹ ਲੀਤਾ ਤੇ ਆਖਿਆ:-"ਹੈਫ! ਸੈਨਾਂ ਬੀ ਮਰਵਾਈ ਤੇ ਪਾਣੀ ਬੀ ਨਾ ਲੱਝਾ, ਪਰ ਹਸਰਤ ਮਿਟ ਜਾਏ, ਜੋ ਅੱਲਾ ਚਾਹੇ ਤਾਂ ਮਿਟੇਗੀ ਕਿ ਇਸ ਮੁਰਦਾ ਪਈ ਵਹੀਰ ਵਿੱਚੋਂ ਹੁਣ ਕਲਗੀ-ਧਰ ਦਾ ਕਲਗੀ ਵਾਲਾ ਸੀਸ ਮਿਲੇਗਾ, ਤਲਾਸ਼ ਕਰੋ"। ਆਪ ਨਵਾਬ ਪਰਲੇ ਪਾਸੇ ਇਕ ਝੰਗੀ ਵਲ ਗਿਆ, ਕੀ ਦੇਖਦਾ ਹੈ ਕਿ ਇਕ ਗ੍ਰਾਂਡੀਲ ਲੰਮੀ ਤ੍ਰੀਮਤ ਸਾਂਗ ਲਈ ਖੜੀ ਹੈ। ਇਸ ਨੇ ਅੱਗੇ ਜੁੱਧ ਵਿਚ ਕਾਫੀ ਹਿੱਸਾ ਲਿਆ ਸੀ, ਹੁਣ ਇਕ ਅਪਣੇ ਵੱਲ ਵਧੇ ਆ ਰਹੇ ਪਠਾਣ ਨੂੰ ਸਾਂਗ ਨਾਲ ਪੋਕ ਪਰੇ ਸੁੱਟਕੇ ਅੱਗੇ ਵਧੀ ਹੀ ਸੀ ਕਿ ਇਕ ਹੋਰ ਤੁਰਕ ਨੇ ਜੋ ਘੋੜੇ ਪਰ ਸਵਾਰ ਸੀ, ਅੱਗੇ ਵਧਕੇ ਤਲਵਾਰ ਚਲਾਈ, ਪਰ ਉਸ ਤੋਂ ਪਹਿਲਾਂ ਤ੍ਰੀਮਤ ਨੇ ਉਸ ਨੂੰ ਸਾਂਗ ਨਾਲ ਪ੍ਰੋਕੇ ਧਰਾ ਤੇ ਡੇਗ ਲਿਆ। ਇਧਰੋਂ ਇਕ ਹੋਰ ਪਠਾਣ ਅੱਗੇ ਵਧਿਆ, ਇਸਨੇ ਗਤਕੇਬਾਜ਼ੀ ਦਾ ਇਕ ਪਲੱਥਾ ਕਰਕੇ ਵਾਰ ਕੀਤਾ, ਸੱਟ ਖਾਕੇ ਤ੍ਰੀਮਤ ਢਹਿ ਪਈ, ਉਸਨੂੰ ਢੱਠੀ ਸਮਝ ਕੇ ਪਠਾਣ ਅੱਗੇ ਹੋਣ ਲੱਗਾ ਸੀ ਕਿ ਉਸਦੇ ਮੱਥੇ ਵਿਚ ਇਕ ਸ਼ੂਕਦਾ ਤੀਰ ਆ ਵੱਜਾ, ਉਹ ਉੱਥੇ ਹੀ ਕਾਇਰ ਸੈਆਂ ਵਰ੍ਹਿਆਂ ਦਾ ਹੋ ਢੱਠਾ। ਚਾਰ ਚੁਫੇਰੇ ਦੇਖ ਭਾਲ ਹੋਈ ਕਿ ਤੀਰ ਕਿੱਥੋਂ ਆਇਆ ਹੈ। ਛੇਕੜ

ਇਹ ਸਮਝਕੇ ਕਿ ਸਿਖ ਤਾਂ ਕੋਈ ਬਾਕੀ ਨਹੀਂ ਹੈ, ਇਹ ਕਿਤੋਂ ਕਿਸੇ ਆਪਣੇ ਦਾ ਹੀ ਤੀਰ ਹੋਣਾ ਹੈ ਜੋ ਦੂਰੋਂ ਭੁਲੇਵੇਂ ਸਿਰ ਆ ਗਿਆ ਹੋਊ ਤੇ ਇਹ ਸਮਝ ਕੇ ਕਿ ਤ੍ਰੀਮਤ ਮਰ ਗਈ ਹੈ ਫੇਰ ਤਲਾਸ਼ ਸ਼ੁਰੂ ਹੋਈ। ਪਰ ਕਪੂਰ ਸਿੰਘ ਨੇ ਸਿਆਣ ਲਿਆ ਸੀ ਕਿ ਤੀਰ ਇਹ ਮੇਰੇ ਸਤਿਗੁਰ ਦਾ ਹੈ। ਤਾਲ ਵਿਚ, ਤਾਲ ਦੇ ਕੰਢੇ, ਝੰਗੀਆਂ, ਬੇਰੀਆਂ ਝਾੜੀਆਂ ਦੂਰ ਦੂਰ ਤੱਕ ਜਿੱਥੇ ਸਿਖ ਮੁਰਦਾ ਯਾ ਸਿਸਕਦਾ ਪਿਆ ਸੀ, ਤਲਾਸ਼ ਹੋਈ। ਕਪੂਰ ਸਿੰਘ ਨਾਲ ਸੀ, ਜਿਸ ਜਿਸ ਸੀਸ ਤੇ ਸ਼ੱਕ ਪਵੇ ਕਪੂਰ ਸਿੰਘ ਨੂੰ ਦਿਖਲਾਉਣ, ਉਹ ਸਿਰ ਫੇਰੇ ਤੇ ਆਖੇ, "ਨਵਾਬ ਜੀ! ਗੁਰੂ ਜੀ ਹੱਥ ਆਉਣ ਵਾਲੀ ਸੱਤਜਾ ਨਹੀਂ। ਓਹ ਸਾਹਬ ਕਸ਼ਫ ਲੋਕ ਹਨ। ਗ਼ੈਬੀ ਤਾਕਤ ਬੀ ਉਨ੍ਹਾਂ ਦੇ ਵੱਸ ਵਿਚ ਹਨ, ਤੁਸੀਂ ਜ਼ਤਨ ਕਰ ਚੁਕੇ ਹੋ, ਪਰ ਮੈਨੂੰ ਆਸ ਨਹੀਂ ਕਿ ਉਹ ਲਸ਼ਕਰ ਵਿਚ ਮਾਰੇ ਗਏ ਹੋਣ, ਜਿਸ ਵਿਚ ਕਿ ਆਪ ਐਸ ਵੇਲੇ ਫਤਹਯਾਬ ਵਿਚਰ ਰਹੇ ਹੋ"। ਨਵਾਬ ਘੂਰਕੇ ਤੱਕਿਆ, ਪਰ ਫੇਰ ਕਹਿਣ ਲੱਗਾ: "ਦੱਸੋ ਹੁਣ ਚੌਧਰੀ ਜੀ! ਪਾਣੀ ਕਿੱਥੇ ਮਿਲੇ? ਸਾਰੀ ਫੌਜ ਵਿਚ ਅਲਅਤਸ਼ ਅਲਅਤਸ਼ (ਪਿਆਸ ਪਿਆਸ) ਹੋ ਰਹੀ ਹੈ। ਵਿਸਾਖ ਦਾ ਮਹੀਨਾ ਹੈ, ਜ਼ਖਮੀਆਂ ਵਿਚ ਕੁਰਲਾਟ ਪਾਣੀ ਦੀ ਪੈ ਰਹੀ ਹੈ। ਮਸ਼ਕਾਂ, ਚਮਰਟੇ ਤੇ ਚਰਸੇ, ਜੋ ਖੱਚਰਾਂ ਬੌਲਦਾਂ ਦੇ ਨਾਲ ਲਿਆਏ ਸਾਂ, ਮੁੱਕ ਗਏ ਹਨ, ਦਿਨ ਢਲ ਗਿਆ ਹੈ, ਪਾਣੀ ਦਾ ਛੇਤੀ ਉਪਰਾਲਾ ਕਰੋ"। ਕਪੂਰ ਸਿੰਘ ਨੇ ਆਖਿਆ, "ਪਾਤਸ਼ਾਹ! ਜੇ ਤਾਂ ਅੱਗੇ ਵਧਣਾ ਹੈ ਤਾਂ ਪਾਣੀ ੩੦ ਕੋਹ ਤੇ ਹੈ ਤੇ ਜੇ ਪਿੱਛੇ ਮੁੜਨਾ ਹੈ ਤਾਂ ਪਾਣੀ ਦਸਾਂ ਕੋਹਾਂ ਦੇ ਲਗ ਪਗ ਮਿਲੇਗਾ"। ਨਵਾਬ ਨੇ ਆਖਿਆ ਕਿ ਵਧਣਾਂ ਤਾਂ ਅੱਗੇ ਹੈ ਹੁਣ ਪਿੱਛਾ ਕਰਕੇ ਗੁਰੂ ਨੂੰ ਫੜਨਾ ਹੈ! ਐਨ ਇਸ ਵੇਲੇ ਇਕ ਡਾਢਾ ਵਜ਼ਨਦਾਰ ਤੀਰ ਮੂੰਕਦਾ ਆਇਆ ਅਰ ਨਵਾਬ ਦੇ ਸਾਹਮਣੇ ਖੜੇ ਇਕ ਤ੍ਰਬੂਜ਼ ਜੇਡੇ ਸਿਰ ਵਾਲੇ ਮੁਗਲ ਦੇ ਸੀਨੇ ਵਿਚ ਵੱਜਾ ਜੋ ਦੜ ਕਰਦਾ ਢੱਠਾ। ਨਵਾਬ ਇਸ ਵੇਲੇ ਤਾਲ ਦੇ ਢਾਹੇ ਦੇ ਆਸਰੇ ਸੀ। ਕਪੂਰੇ ਆਖਿਆ, "ਇਹ ਮਾਰੂਥਲ ਹੈ, ਪਾਣੀ ਹੈ ਨਹੀਂ, ਗ਼ੈਬੀ ਤੀਰ ਦੇਖ ਲਓ ਕੋਈ ਨਾ ਕੋਈ ਸਾਰਿਆਂ ਦੇ ਮਰ ਗਿਆਂ ਬੀ ਆ ਪੈਂਦਾ ਹੈ। ਕਦ ਤਕ ਪਿਆਸੇ ਰਹੋਗੇ ਤੇ ਅੱਗੇ ਵਧੋਗੇ"। ਇਹ ਸੁਣਕੇ ਨਵਾਬ ਨੇ ਬੁੱਲ੍ਹ ਟੁੱਕੇ, ਚਾਰ ਚੁਫੇਰੇ ਤ੍ਰਬ੍ਹਕਦਾ ਤੱਕਦਾ ਡੇਰੇ ਆਇਆ, ਬਾਕੀ ਬਚੇ ਸਰਦਾਰਾਂ ਨਾਲ ਵਿਚਾਰ ਕੀਤੀ। ਅੰਤ ਪਿਛਾਂਹ ਮੁੜਨਾ ਹੀ ਸਹੀ ਠਹਿਰਿਆ। ਅੱਜ ਦੀ ਕਟਾ ਵੱਢ ਨੂੰ ਫਤਹ ਆਖਕੇ ਤੇ ਫਤਹ ਦਾ ਡੰਕਾ ਵਜਾਕੇ ਲਸ਼ਕਰ ਪਿੱਛੇ ਮੁੜ ਪਿਆ। ਪਾਣੀ ਦੀ ਟੋਟ ਨੇ ਮੁਰਦਿਆਂ ਦੇ ਦਫਨ ਕਰਨ ਦੀ ਬੀ ਫੁਰਸਤ ਨਾ ਦਿੱਤੀ ਅਤੇ ਜ਼ਖਮੀਆਂ ਵਾਸਤੇ ਕੁਛ ਬੈਰਾੜ ਸੇਵਾਦਾਰ ਛੱਡੇ ਗਏ ਕਿ ਸਹਿਜੇ ਬੰਦੋਬਸਤ ਕਰਕੇ ਵਾਪਸ ਯਾ ਡੇਰੇ ਮਗਰ ਮਗਰ ਅਪੜਾ ਦੇਣ। ਜਦੋਂ ਨੂੰ ਲਸ਼ਕਰ ਸ਼ਾਹੀ ਮੁੜ ਗਿਆ ਤਾਂ ਉਸ ਟਿੱਬੀ ਤੋਂ ਸ੍ਰੀ ਗੁਰੂ ਜੀ ਹੇਠਾਂ ਉਤਰੇ, ਆਪ ਘੋੜੇ ਤੇ ਚੜ੍ਹੇ ਹੋਏ ਨਾਲ ਪਿਆਰੇ ਟੁਰਦੇ ਸਾਰੇ ਜਣੇ ਖਿਦਰਾਣੇ ਆਏ।

ਆਹ! ਹੁਣ ਨਜ਼ਾਰਾ ਪਿਆਰਿਆਂ ਦਾ! ਆਪਾ ਵਾਰਨ ਦਾ ਅੱਖਾਂ ਅੱਗੇ ਹੈ। ਕੌਣ ਪਏ ਸਨ? ਕੱਟ ਵੱਢੇ ਟੁਕੜੇ ਹੋਏ ਹੋਏ? ਸੀਸ ਕਿਤੇ, ਧੜ ਕਿਤੇ, ਬਾਂਹਾਂ ਕਿਤੇ। ਕੋਈ ਗੋਲੀ ਨਾਲ ਫਟਿਆ ਪਿਆ ਹੈ, ਕੋਈ ਦੇਹੀ ਲਹੂਧਾਰਾ ਵਹਿ ਵਹਿ ਕੇ ਸਰਦ ਹੋ ਰਹੀ ਹੈ। ਕੋਈ ਤੀਰਾਂ ਨਾਲ ਵਿੰਨ੍ਹਿਆਂ ਸੇਹ ਵਾਂਙੂ ਪ੍ਰੋਤਾ ਪਿਆ ਹੈ। ਕੋਈ ਸੇਲੇ ਨਾਲ ਘਾਇਲ ਹੋ ਤਨ ਤੋੜਦਾ ਪਿਆ ਹੈ। ਕੋਈ ਬੇਸੁਧ ਹੈ, ਅੱਖਾਂ ਤਾੜੇ ਲਗ ਰਹੀਆਂ ਹਨ, ਜਾਨ ਟੁੱਟ ਰਹੀ ਤੇ ਪਿੰਜਰ ਛਡ ਰਹੀ ਹੈ। ਆਹ, ਖਾਲਸੇ ਦੇ ਪਿਤਾ! ਪੁੱਤ੍ਰਾਂ ਦੇ ਇਸ ਦਰਸ਼ਨ ਨੂੰ ਦੇਖ ਰਹੇ ਹੋ! ਏਹ ਓਹ ਲਾਡਲੇ ਪੁਤ੍ਰ ਹਨ, ਜੋ ਗੁਸਤਾਖ਼ ਹੋ ਗਏ ਸਨ, ਬੇਅਦਬ ਹੋ ਗਏ ਸਨ, ਟੁੱਟੇ ਪਏ ਸਨ, ਬੇਦਾਵੇ ਬੀ ਹੋ ਗਏ ਸਨ। ਪਰ ਹਾਇ! ਅੰਦਰ ਦੀਆਂ ਲੱਗੀਆਂ, ਟੁੱਟੇ ਹੋਏ ਨਹੀਂ ਟੁੱਟੇ, ਪਿੱਠਾਂ ਦੇ ਗਏ, ਮੂੰਹ ਮੋੜ ਗਏ ਪਰ ਦਿਲਾਂ ਵਿਚ ਕੋਈ ਕਸਕ ਕਸਕਦੀ ਹੀ ਰਹੀ। ਘਰੀਂ ਗਏ, ਘਰ ਚੰਗੇ ਨਹੀਂ ਲੱਗੇ। ਘਰਾਂ ਤੋਂ ਫੇਰ ਮੁੜੇ, ਫੇਰ ਆਏ, ਫੇਰ ਅਝਕੇ, ਫੇਰ ਝਿਜਕੇ, ਫੇਰ ਠੱਸਾ ਖਾਧਾ, ਪਰ ਹਾਇ! ਅੰਦਰ ਦੀਆਂ ਲੱਗੀਆਂ ਓਹ ਮੋਹ ਤਣਾਵਾਂ ਜੋ ਅੰਦਰੋਂ ਨਹੀਂ ਸਨ ਤਰੁੱਟੀਆਂ ਫਰ ਲੈ ਉਡੀਆਂ। ਪਿਆਰੇ ਦੀ ਆਖ਼ਰੀ ਸੱਦ ਤੋਂ ਸਦਕੇ ਕਰ ਹੀ ਦਿਤਾ। ਹਾਂ, ਗੁਰੂ ਗੋਬਿੰਦ ਸਿੰਘ! ਏਹ ਤੇਰੇ ਸ਼ੋਰੀ ਪੁਤ੍ਰ ਹਨ, ਬੇਦਾਵੇ ਵਾਲੇ ਪੁਤ੍ਰਾਂ ਦਾ

ਏਹ ਹਾਲ ਹੈ ਦਾਹਵੇਦਾਰਾਂ ਦੀ ਕਰਨੀ ਦਾ ਕੌਣ ਅੰਦਾਜ਼ਾ ਕਰੇ? ਏਹ ਤੇਰੇ ਓਹ ਪੁਤ੍ਰ ਹਨ ਜੋ ਪਿੱਛੇ ਹਟ ਹਟਕੇ ਅੱਗੇ ਵਧੇ ਹਨ। ਹਾਂ, ਜਗਤ ਤਾਂ ਇਨ੍ਹਾਂ ਨੂੰ ਬਹੁਤ ਹੀ ਮਾੜਾ ਕਹਿੰਦਾ ਹੈ, ਪਰ ਮੂਰਖ ਹੈ ਜਗਤ। ਵੇਖੋ ਗੁਰੂ ਇਨ੍ਹਾਂ ਨੂੰ ਕਿੰਨਾ ਪਿਆਰ ਕਰਦਾ ਹੈ। ਜਿਸਨੇ ਚਮਕੌਰ ਤਨ ਦੇ ਜਾਏ ਅੱਖਾਂ ਅੱਗੇ ਕੁਹਾਏ ਤੇ ਅੱਖੀਂ ਨੀਰ ਨਹੀਂ ਭਰਿਆ, ਅੱਜ ਦੇਖੋ ਉਸ ਪਿਤਾ ਜੀ ਨੇ ਨੈਣ ਭਰ ਲਏ ਹਨ! ਔਹ ਦੇਖੋ ਮਹਾਂ ਜੋਧਾ ਮੂਰਤੀ ਕਿਸ ਤਰ੍ਹਾਂ ਦ੍ਰਵੀ ਹੈ, ਕਿਵੇਂ ਇਕ ਸੀਸ ਉਤੇ ਝੁਕੇ ਹਨ, ਗਰਦ ਪੂੰਝੀ ਹੈ, ਮੱਥਾ ਚੁੰਮਿਆ ਹੈ ਤੇ ਆਖਿਆ, "ਮੇਰਾ ਪੰਜ ਹਜ਼ਾਰੀ ਲਾਲ, ਸ਼ਾਬਾਸ਼! ਪੁੱਤ੍ਰ ਤੇਰੇ ਉੱਤੇ ਨਰਕਾਂ ਦਾ ਦੁਖ ਹਰਾਮ ਕੀਤਾ"। ਔਹ ਦੇਖੋ, ਇਕ ਤੀਰ ਵਿੱਧੀ ਲੋਥ ਦਾ ਸੀਸ ਗੋਦ ਵਿਚ ਲੈਕੇ ਦੁਪੱਟੇ ਨਾਲ ਪੂੰਝਦੇ ਤੇ ਆਖਦੇ ਹਨ, "ਮੇਰਾ ਤ੍ਰੀਹ ਹਜ਼ਾਰੀ ਪੁੱਤ੍ਰ।" ਦੇਖੋ ਨੈਣ ਭਰ ਆਏ, ਦੈਵੀ ਸੋਮੇ ਅੱਖਾਂ ਤੋਂ ਤ੍ਰੁੱਪ ਤ੍ਰੁੱਪ ਕਿਰੇ ਅਰ ਤ੍ਰੀਹ ਹਜ਼ਾਰੀ ਦੀਆਂ ਗਲ੍ਹਾਂ ਤੇ ਪਏ। ਓ ਸਖਿ ਪਿਆਰੇ ਸਿੱਖ! ਦੇਖ, ਤੂੰ ਮਰਕੇ ਨਿਹਾਲ ਹੋ ਗਿਆ। ਐਉਂ ਉਤਾਵਲੇ ਕਾਹਲੇ ਕਾਹਲੇ ਹਰ ਸੀਸ ਨੂੰ ਪਿਆਰ ਤੇ ਵਰਦਾਨ ਦੇਂਦੇ ਵਧਦੇ ਚਲੇ ਗਏ ਕਿ ਇਕ ਸਿਸਕਦਾ ਸੀਸ ਮਿਲਿਆ। ਕਮਰਕਸੇ ਦੀ ਬੰਦਸ਼ ਤੋਂ ਪਛਾਣਿਆਂ, ਉਹੋ ਏਹ ਮੇਰਾ ਜਥੇਦਾਰ ਹੈ। ਸਿਰਹਾਣੇ ਬਹਿ ਗਏ, ਸੀਸ ਗੋਦ ਵਿਚ ਲੈ ਲਿਆ, ਆਪਣੇ ਰੁਮਾਲ ਨਾਲ ਮੂੰਹ ਪੂੰਝਿਆ, ਲਬਾਂ ਆਪ ਖੁਹਲੀਆਂ, ਪਾਣੀ ਮੂੰਹ ਵਿਚ ਚੋਇਆ, ਇਕ ਘੁੱਟ ਲੰਘ ਗਿਆ। ਦੂਸਰਾ ਹੋਰ ਚੋਇਆ, ਇਹ ਬੀ ਲੰਘ ਗਿਆ, ਹੋਰ ਤ੍ਰੈ ਘੁੱਟ ਪਾਏ ਸਾਰੇ ਲੰਘ ਗਏ। ਨੈਣ ਖੁੱਲ੍ਹ ਆਏ, ਹੋਸ਼ ਪਰਤ ਆਈ, ਆਸੰਕ ਉੱਠਣ ਦੀ ਨਹੀਂ, ਪਰ ਕੁਛ ਚਿਰ ਵਿਚ ਜੀਭ ਵਿਚ ਬੋਲਣ ਦਾ ਤਾਣ ਆ ਗਿਆ: 'ਆਹ, ਮੇਰੇ ਕਲਗੀਧਰ ਪਿਤਾ! ਹਾਂ, ਮੇਰਾ ਪਿਤਾ ਮੈਨੂੰ ਗੋਦ ਵਿਚ ਲਈ ਮੇਰੇ ਵੱਲ ਤੱਕ ਰਿਹਾ ਹੈ, ਕੋਈ ਕੋਈ ਨੈਣਾਂ ਦਾ ਮੋਤੀ ਮੇਰੇ ਉਤੇ ਡੁੱਲ੍ਹ ਰਿਹਾ ਹੈ। ਆਹ, ਸਤਿਗੁਰ ਬਖਸ਼ਿੰਦ ਬਾਪੂਆ! ਆਹ, ਪਾਪੀਆਂ ਦੇ ਬੇਲੀਆ, ਬੇਮੁਖਾਂ ਦੇ ਰਾਖਿਆ, ਧੰਨ ਤੂੰ! ਇਹ ਕ੍ਰਿਪਾ! ਮੇਰਾ ਅੰਤ ਸਫਲ ਹੋ ਗਿਆ, ਤੈਂ ਦਰਸ਼ਨ ਦਿਤੇ।'

ਕਲਗੀਧਰ-ਮੈਂ ਸਿਆਣ ਲੀਤਾ ਹੈ, ਬੱਚਾ ਮਹਾਂ ਸਿੰਘ! ਮੰਗ, ਕੁਝ ਮੰਗ, ਵੇਲਾ ਥੋੜਾ ਹੈ, ਮੰਗ, ਮੈਂ ਦਿਆਂ ਤੇ ਮੇਰੀ ਛਾਤੀ ਠਰੇ ਜੋ ਪੁੱਤ੍ਰ ਦੀ ਮੈਂ ਮੰਗ ਪੂਰੀ ਕੀਤੀ ਹੈ, ਬੱਚਾ ਮੰਗ। ਮਹਾਂ ਸਿੰਘ ਨੇ ਇਸ ਵੇਲੇ ਕੰਬਦੇ ਹੱਥ ਕਠੇ ਕਰਕੇ ਜੋੜੇ ਤੇ ਕਿਹਾ "ਟੁੱਟੀ ਰੀਢੋ"। ਸਤਿਗੁਰ ਨੇ ਕਿਹਾ "ਕੁਛ ਆਪਣੇ ਲਈ ਮੰਗ"। ਮਹਾਂ ਸਿੰਘ ਨੇ ਕਿਹਾ:"ਪੰਥ ਲਈ, ਵੀਰਾਂ ਲਈ, ਮੇਰੇ ਵਰਗੇ ਖਰੂਦੀ ਪੁੱਤਰਾਂ ਲਈ ਦਾਨ ਦੇਹੁ, ਦਾਨ ਦੇਹੁ, ਦਾਨ ਦੇਹੁ, ਟੁੱਟੀ ਰੀਢੋ, ਟੁੱਟੀ ਰੀਢੋ, ਟੁੱਟੀ ਰੀਢੋ।" ਸਤਿਗੁਰ ਦੇ ਨੈਣ ਇਸ ਵੇਲੇ ਵਾਤਸਲ ਰਸ ਤੇ ਸਿਖ ਦੇ ਸਿਖੀ ਪ੍ਰੇਮ ਨਾਲ ਉੱਛਲ ਆਏ। ਅਚਰਜ ਮਿਹਰਾਂ ਨਾਲ ਤੱਕ ਰਹੇ ਸਨ ਕਿ ਮਹਾਂ ਸਿੰਘ ਦੇ ਮਿਟਦੇ ਨੈਦ ਫੇਰ ਖੁਲ੍ਹੇ, ਫੇਰ ਬੋਲਿਆ:"ਸਾਡਾ ਲਿਖਿਆ ਕਾਗਦ, ਭੈੜਾ ਕਾਗਦ ਪਾੜ ਦਿਓ।" ਸਤਿਗੁਰ ਨੇ ਉਹ ਕਾਗਜ਼ ਜੇਬੇ ਵਿਚੋਂ ਕੱਢਿਆ, ਮਹਾਂ ਸਿੰਘ ਨੂੰ ਦਿਖਾਇਆ, ਸਤਿਗੁਰ ਨੇ ਕਾਗਜ਼ ਫਾੜਿਆ, ਟੁਕੜੇ ਟੁਕੜੇ ਕੀਤਾ, ਟੁਕੜੇ ਹਵਾ ਵਿਚ ਉਡਾ ਦਿਤੇ। ਆਖਿਆ "ਲੈ ਬੱਚਾ ਮਹਾਂ ਸਿੰਘ, ਟੁੱਟੀ ਰੀਢੀ ਗਈ" ਹਾਂ ਜੀ, ਮਹਾਂ ਸਿੰਘ ਨੇ ਦੇਖ ਲਿਆ, ਕਾਗਤ ਪਾਟ ਗਿਆ, ਟੁੱਟੀ ਰੀਢੀ ਗਈ ਤੇ ਸ੍ਰੀ ਮੁਖ ਤੋਂ ਵਾਕ ਹੋਇਆ:-

"ਜਾਹੁ ਮਹਾਂ ਸਿੰਘ ਜਹਿਂ ਮਮਲੋਕ! ਬਸਹੁ ਸਦਾ ਕਬ ਨਹਿਂ ਤਹਿਂ ਸ਼ੋਕ। ਦੇ ਕਰ ਪ੍ਰਾਨ ਕੀਨ ਉਪਕਾਰ। ਤਿਸਕੋ ਫਲ ਤੁਹ ਭਇਓ ਅਪਾਰ"॥੩੭॥ (ਗੁ: ਪ੍ਰ: ਸੂ: ਐ: ੧-੧੨)

ਹੁਣ ਮਹਾਂ ਸਿੰਘ ਨੇ ਇਕ ਲੰਮਾ ਸੁਖ ਦਾ ਸਾਹ ਲਿਆ ਤੇ ਨੈਣ ਮੁੰਦ ਲਏ। ਠੰਢੇ ਠੰਢੇ ਨੈਣ ਅੰਦਰਲੀ ਠੰਢ ਨਾਲ ਸੀਤਲ ਹੋ ਗਏ, ਨੈਣ ਮਿਟ ਗਏ, ਸਦਾ ਲਈ ਮਿਟ ਗਏ, ਪਰ ਖੁਲ੍ਹ ਗਏ ਸਦਾ ਲਈ ਇਸ ਦੇਸ਼ ਦੇ ਦੂਸਰੇ ਪਾਸੇ।

ਸੂਚਨਾ-ਉੱਪਰ ਲਿਖੇ ਭਾਈ ਮਹਾਂ ਸਿੰਘ ਜੀ ਜਥੇਦਾਰ ਦੇ ਅੰਤਮ ਸਮੇਂ ਦਿਲ ਦਾ ਨਕਸ਼ਾ ਸਿੱਕ ਤੇ ਤਾਂਘ, ਕਲਗੀਧਰ ਦੇ ਦਰਸ਼ਨ ਤੇ ਮੇਹਰਾਂ ਅਗਲੀ ਕਵਿਤਾ ਵਿਚ ਕੁਛ ਅੰਕਿਤ ਹਨ:-

੮੨. ਭਾਈ ਮਹਾਂ ਸਿੰਘ*।

ਭਾਈ ਮਹਾਂ ਸਿੰਘ ਜੀ ਸੱਚੇ ਸ਼ਹੀਦ ਦੀ ਆਤਮਾ ਆਪਣੇ ਅੰਤਮ ਸੁਆਸਾਂ ਵੇਲੇ ਇਸ ਪ੍ਰਕਾਰ ਸੰਬਾਦ ਕਰਦੀ ਹੈ:-

ਆਤਮਾਂ (ਮਾਨੋ ਦੇਹ ਨੂੰ ਆਖਦੀ ਹੈ)-

ਹੋ ਜ਼ਿੰਦਗੀ ਦੀ ਕਾਰ ਚੁੱਕੀ,
ਦੇਸ਼ ਨਿਜ ਹੁਣ ਚੱਲੀਏ।
ਦੇ ਆਗਿਆ ਹੁਣ ਦੇਹ ਪਜਾਰੀ,
ਨਾਲ ਖੁਸ਼ੀਆਂ ਘੱਲੀਏ।
ਧੰਨ ਹੈਂ ਤੂੰ ਧੰਨ ਪਜਾਰੀ!
ਧੰਨ ਤੈਨੂੰ ਆਖੀਏ!
ਉਪਕਾਰ ਤੇਰੇ ਸਦਾ ਪਜਾਰੇ
ਰਿਦੇ ਅਪਣੇ ਰਾਖੀਏ।
ਤੂੰ ਧੰਨ ਹੈਂ ਜਿਨ ਕ੍ਰਿਪਾ ਕੀਤੀ
ਮੈਂ ਜਿਹੇ ਇਕ ਨੀਚ ਤੇ।
ਗੁਰ ਸੇਵ ਸੰਦਾ ਸਮਾਂ ਦਿੱਤਾ,
ਰੱਖਿਆ ਜਗ ਕੀਚ ਤੇ।
ਹਾਂ ਸੇਵ ਕਲਗੀ ਵਾਲੜੇ ਦੀ-
ਦਾਸ ਕੋਲੋਂ, ਸੁਹਣੀਏਂ!
ਲੈ, ਰੋਗ ਬੇਮੁਖ ਹੋਣ ਦਾ
ਹਈ ਕੱਟਿਆ ਮਨ ਮੋਹਣੀਏਂ!
ਹਾਂ ਵਾਰਨੇ ਮੈਂ ਤੁੱਧ ਦੇ,
ਤੂੰ ਸਫਲ ਗੁਰੂ ਸੁਵਾਰੀਏ!
ਹੁਣ ਦੇਹੁ ਛੁੱਟੀ ਚਲੀਏ,
ਹੈ ਵਾਟ ਲੰਮੀ ਪਜਾਰੀਏ!
ਹੈ ਆਗਿਆ ਹੁਣ ਪ੍ਰਭੂ ਜੀ ਦੀ,
ਪਹੁੰਚ ਪਈਏ ਘਰਾਂ ਨੂੰ,
ਹੈ ਸਿੱਕ ਦਰਸ਼ਨ ਪਿਤਾ ਦੀ,
ਉਡ ਚੱਲੀਏ ਲਾ ਪਰਾਂ ਨੂੰ।

ਦੇਹ (ਮਾਨੋਂ ਉੱਤਰ ਦੇਂਦੀ ਹੈ)-

ਹੋ ਤੁਰੇ ਜਾਂਦੇ ਲਾਲ ਜੀ!
ਨਹੀਂ ਅਟਕ ਸਕਦੇ ਜ਼ਰਾ ਖੀ,
ਜੀ ਨਹੀਂ ਚਾਹੇ ਵਿਛੁੜਨਾਂ,
ਮੈਂ ਰੋਂਵਦੀ ਹਾਂ, ਕਰਾਂ ਕੀ?
ਚਲ ਸਕਾਂ ਨਾਹੀਂ ਨਾਲ ਮੈਂ
ਹਾਂ ਨੀਚ ਮਿੱਟੀ ਅੰਧ ਮੈਂ,
ਛਡ ਸਕਾਂ ਨਾਹੀਂ ਸੰਗ ਸੁਹਣਾ,
ਖਾਂਵਦੀ ਹਾਂ ਰੰਜ ਮੈਂ।
ਹੇ ਤੁਸੀਂ ਆਤਮ ਰੂਪ ਜੀ,
ਨਿਤ ਸਦਾ ਹੀ ਅਵਿਨਾਸ਼ ਹੋ!
ਮੈਂ ਨਾਸ਼ਵੰਤੀ ਬਿਨਸਦੀ,
ਵਿਗੜਾਂ ਕਦੀ ਮੈਂ ਰਾਸ ਹੋ।
ਵਿਛੁੜਨਾਂ ਮੈਂ ਨਾਂ ਚਹਾਂ,
ਮੈਂ ਆਪ ਦੇ ਬਿਨ ਮਾਸ ਹਾਂ,
ਸੁਰਜੀਤ ਹਾਂ ਮੈਂ ਨਾਲ ਲੱਗੀ,
ਵਿੱਛੁੜੀ ਮੈਂ ਨਾਸ਼ ਹਾਂ।

ਆਤਮਾ-

ਤੂੰ ਸਫਲ ਹੋਈ ਸਫਲ ਹੋਈ,
ਨਹੀਂ ਛੁੱਟੜ ਪਜਾਰੀਏ!
ਹੁਕਮ ਹੈ ਗੁਰ ਰੱਬ ਦਾ ਏ,
ਕਿਵੇਂ ਇਸ ਨੂੰ ਟਾਰੀਏ?
ਹਾਂ, ਟਾਰੀਏ ਨਾ ਧਾਰੀਏ ਏ,
ਧਾਰਕੇ ਉਠ ਚੱਲੀਏ।
ਹੁਣ ਛੱਡ ਛੇਤੀ ਚੱਲੀਏ,
ਤੇ ਜਾਇ ਪੱਤਣ ਮੱਲੀਏ।
ਦੇ ਆਗਿਆ ਹੁਣ ਚੱਲੀਏ,
ਹੁਣ ਚੱਲੀਏ; ਹੁਣ ਚੱਲੀਏ,
ਹੁਣ ਰਹਿਣ ਨਾਹੀਂ ਬਣੇ ਸਾਨੂੰ,
ਚੱਲੀਏ, ਹੁਣ ਚੱਲੀਏ।

ਦੇਹ-

ਇਕ ਸੋਚ ਸੋਚੋ ਲਾਲ ਜੀ!
ਹੈ ਕੌਮ ਟੁੱਟੀ ਗੁਰਾਂ ਤੋਂ,
ਇਉਂ ਛੱਡ ਟੁੱਟੀ ਤੁਰੇ ਜਾਂਦੇ,
ਚਹੋ ਸੱਦਾ ਧੁਰਾਂ ਤੋਂ*
ਹੈ ਤੁਸਾਂ ਸੇਵਾ ਸਿਰੇ ਚਾੜ੍ਹੀ,
ਆਪ ਸਨਮੁਖ ਚਲੇ ਹੋ,
ਪਰ ਬੇਮੁਖਾਈ ਹੈ ਲਿਖੀ
ਸੋ ਤੁਰਨ ਨੂੰ ਕਿਉਂ ਖਲੇ ਹੋ?
ਹੁਣ ਤੁਰ ਚਲੇ ਹੋ ਆਪ ਪਜਾਰੇ
ਕੌਮ ਡੁੱਬੀ ਰਹੀ ਹੈ,
ਹੈ ਧੰਨ ਸਿੱਖੀ ਆਪ ਦੀ
ਕੀ ਸਫਲ ਸਿੱਖੀ ਇਹੀ ਹੈ?

ਆਤਮਾ-

ਹਾਂ ਸੱਚ ਹੈ, ਏ ਸੱਚ ਪਜਾਰੀ
ਦੁਖ ਕਲੇਜੇ ਰਿਹਾ ਹੈ:-
ਮੈਂ ਆਪ ਉਠ ਹਾਂ ਚੱਲਿਆ ਤੇ
ਪੰਥ ਟੁੱਟਾ ਰਿਹਾ ਹੈ!
ਹਾਂ, ਧੰਨ ਹੈਂ ਤੂੰ ਦੇਹ ਮੇਰੀ,
ਧੰਨ ਤੇਰੀ ਸਿੱਖਿਆ,
ਜੇ ਗੁਰੂ ਆ ਹੁਣ ਬਾਹੁੜੇ
ਤਾਂ ਪਾਟ ਜਾਵੇ ਲਿੱਖਿਆ।

(ਵਾਹਿਗੁਰੂ ਵੱਲ ਧਿਆਨ ਕਰਕੇ)

ਹਾਂ ਪ੍ਰਭੂ ਪਜਾਰੇ ਸੁਣੀਂ ਬਿਨਤੀ
ਮੌਤ ਰੋਕੀਂ ਪਜਾਰਿਆ!
ਹਾਂ ਭੇਜ ਕਲਗੀ ਵਾਲੜਾ ਤੂੰ
ਭੇਜ ਲਾਲ ਦੁਲਾਰਿਆ!

*ਚਾਹੋ ਤੈਨੂੰ ਸੱਦਾ ਧੁਰਾਂ ਦਾ ਆ ਗਿਆ ਹੈ।

*ਇਹ ਕਵਿਤਾ 'ਮਾਨੂੰ ਗੁਰਪੁਰਬ ਕਰਨ ਜੋਗਾ ਕਿਸ ਨੇ ਰੱਖਿਆ' ਦੇ ਨਾਮ ਹੇਠ ੨੯ ਪੋਹ ਸੰ: ਗੁ: ਨਾ: ਸਾ: ੪੩੪ (੧੧ ਜਨਵਰੀ ੧੯੦੫) ਵਿਚ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਈ ਸੀ।

(ਗੁਰੂ ਦਾ ਧਿਆਨ ਧਰ ਕੇ)
ਦਿਹ ਦਰਸ ਕਲਗੀ ਵਾਲਿਆ!
ਆ ਬਹੁੜ ਵੇਲੇ ਅੰਤ ਦੇ,
ਹੁਣ ਢਿੱਲ ਦਾ ਕੁਛ ਸਮਾ ਨਾ,
ਆ ਵਾਸਤੇ ਭਗਵੰਤ ਦੇ।
ਹਾਂ ਚੱਲਿਆ ਹਾਂ, ਬਹੁੜ ਸਤਿਗੁਰ
ਬਹੁੜ ਕਲਗੀ ਵਾਲਿਆ!
ਤੂੰ ਆਸ ਪੂਰੀਂ ਆਪ ਆ ਕੇ
ਆਉ ਫੌਜਾਂ ਵਾਲਿਆ!
ਆ ਕਰੀਂ ਔਕੜ ਦੂਰ ਮੇਰੀ,
ਸਨਮੁਖੇ ਆ ਕਰ ਲਈਂ,
ਤੇ ਮੇਲ ਲੈਣੀ ਟੁੱਟ ਚੁੱਕੀ,
ਭੁੱਲ ਸਾਡੀ ਹਰ ਲਈਂ।
(ਆਪਣੇ ਆਪ ਨਾਲ)-
ਟਾ! ਜਿੰਦ ਨਾ ਹੈ ਤੁਰੇ ਮੇਰੀ
ਹੁਕਮ ਨੂੰ ਹੈ ਟਾਲਦੀ।
ਜੇ ਹੁਕਮ ਮੰਨੇ, ਕਾਰ ਸਿਖੀ
ਇਸ ਸਮੇਂ ਨਹੀਂ ਪਾਲਦੀ!
ਮੈਂ ਤੁਰਾਂ? ਰਹਾਂ ਉਡੀਕ ਕਰਦਾ?
ਫਸ ਗਿਆ ਦੋਚੋਂਝ ਹਾਂ।
ਤੇ ਝੁਕਾਂ ਜੇਕਰ ਇਕ ਪਾਸੇ,
ਦੂਜਿਓਂ ਫਿਰ ਚੌਂਝ ਹਾਂ।
(ਫਿਰ ਗੁਰੂ ਧਿਆਨ ਵਿਚ)-
ਏ ਤਿਲ ਨ ਵਧਣੀ ਉਮਰ ਹੈ,
ਇਸ ਸਮੇਂ ਸਿਰ ਟੁਟ ਜਾਵਣਾ,
ਉਸ ਸਮੇਂ ਨਾਲੋਂ ਰਤਾ ਪਹਿਲੇ,
ਪਜਾਰਿਆ ਤੂੰ ਆਵਣਾ।
ਹਾਂ ਸੁਰਖਰੋਈ ਸਿੱਖ ਦੀ ਤਦ
ਹੋਇ ਕਲਗੀ ਵਾਲਿਆ!
ਤੇ ਵੀਰ ਮਰਿਆਂ ਸਾਰਿਆਂ ਦੀ,
-ਬਚ ਜਿਨ੍ਹਾਂ ਨੇ ਪਾਲਿਆ-।
ਸੰਦੇਸ 'ਟੁੱਟੀ ਗੰਢ ਦੇਵੀਂ'
ਸੁਣ ਲਈਂ, ਰਖਵਾਲਿਆ!
ਕਰ ਦਯਾ ਆਵੀਂ ਗੁਰੂ ਪਜਾਰੇ,
ਬਹੁੜ ਬਹੁੜਨ ਵਾਲਿਆ।
ਇਸ ਫਿਕਰ ਦੇ ਵਿਚ ਸਿੱਖ ਸੀਗਾ,
ਪਿਆ ਘਾਇਲ ਸੋਚਦਾ,
ਹੈ ਪੀੜ ਅਪਣੀ ਚਿੱਤ ਨਾਹੀਂ,
ਪੰਥ ਮੇਲਣ ਲੋਚਦਾ;
ਹੈ ਜਾਨ ਟੁਟਦੀ ਕੁੜਕ ਮੁੜਦੀ
ਸਿੱਖ ਨੂੰ ਪਰਵਾਹ ਨਾ,
'ਏ ਕਿਵੇਂ ਸਿੱਖੀ ਜਾਇ ਬਖਸ਼ੀ'
ਰੜਕਦੀ ਏ ਚਾਹਿਨਾ!
'ਮੈਂ ਮੇਲ ਜਾਵਾਂ ਕੌਮ ਟੁੱਟੀ
ਆਪ ਪਹਿਲੇ ਮਰਨ ਤੋਂ
'ਏ ਰਹੇ ਨਾਹੀਂ ਵਿੱਛੁੜੀ
ਗੁਰੂ ਸੰਦੀ ਸ਼ਰਨ ਤੋਂ।'
ਹੈ ਬਿਨੈ ਕਰਦਾ ਗੁਰੂ ਅੱਗੇ,
ਪਿਆ ਧਰ ਸਿਰ ਮੂਧ ਹੈ;
ਹੈ ਲਹੂ ਵਗਦਾ ਫੱਟ ਚੀਸਣ
ਪਰ ਨ ਇਸ ਦੀ ਸੂਧ ਹੈ।
ਹਾਂ, ਸੂਧ ਹੈ ਇਸ ਸਿੱਕ ਵਾਲੀ
ਦਰਸ ਗੁਰ ਦਾ ਪਾ ਲਵਾਂ,
ਤੇ ਚਰਨ ਪਕੜਾਂ ਗੁਰੂ ਜੀ ਦੇ,
ਪੰਥ ਨੂੰ ਬਖਸ਼ਾ ਲਵਾਂ।
ਉਹ ਪੰਥ ਪਾਲਕ ਗੁਰੂ ਪਜਾਰੇ,
ਪਜਾਰ ਕਰਦੇ ਸਾਰਿਆਂ,
ਹਾਂ, ਪਜਾਰਦੇ ਹਰ ਸਿੱਖ ਨੂੰ, ਜੋ
ਗਿਆ ਸੀਗਾ ਮਾਰਿਆ,
ਆ ਸਹਿਕਦੇ ਦੇ ਪਾਸ ਬੈਠਣ
ਲਹੂ ਪੂੰਝਣ ਚਿਹਰਿਓਂ,
ਤੇ ਗਰਦ ਝਾੜਨ ਆਪ ਹੱਥੀਂ,
ਧੰਨ ਤੇਰੀ ਮਿਹਰ ਓ!
ਹੁਣ ਗੋਦ ਅਪਣੀ ਸਿੱਖ ਦਾ ਸਿਰ
ਆਪ ਚਾ ਕੇ ਰੱਖਿਆ,
ਫਿਰ ਪਜਾਰ ਦੇਕੇ ਨੈਣ ਖੋਲ੍ਹੇ,
ਬਿਰਦ ਅਪਣਾ ਲੱਖਿਆ।
ਫਿਰ ਨੀਰ ਚੋਇਆ ਤ੍ਰਾਣ ਦਿੱਤਾ
ਪਜਾਰ ਦੇ ਸੁਰਜੀਤਿਆ,
ਤੇ ਅੰਤ ਛਿਨ ਦੀ ਲਾਲਸਾ ਨੂੰ
ਆਪ ਪੂਰਾ ਕੀਤਿਆ।
ਸਿਖ ਨੈਣ ਖੁਲ੍ਹੇ ਦੇਖਦੇ ਹਨ:-
ਸਿੱਕ ਪੂਰੀ ਗਈ ਹੈ,
ਜੋ ਚਿੱਤ ਵਿਚ ਮੈਂ ਚਿਤਵਦਾ ਸਾਂ
ਚਿਤਵਨੀ ਉਹ ਲਈ ਹੈ।
ਹੈ ਅੱਖ ਦੇ ਤਿਲ ਵਿੱਚ ਗੁਰ ਦਾ
ਰੂਪ ਹੁਣ ਪਰਕਾਸ਼ਦਾ,
ਹੈ ਮਿਹਰ ਦਾ ਝਲਕਾਰ ਪੈਂਦਾ
ਪ੍ਰੇਮ ਰੰਗ ਵਿਗਾਸਦਾ।
ਗੁਰ ਹੋਇ ਬਿਹਬਲ ਕਹਿਣ "ਪਜਾਰੇ
ਮੀਰਾ ਜੋ ਤੂੰ ਚਾਹਿ ਹੈ।
"ਜੋ ਚਾਟਿੰਗਾ ਸੋ ਪਾਇੰਗਾ, ਘਰ
ਮੈਂਡੜੇ ਨਹੀਂ ਨਾਂਹਿ ਹੈ"।
ਉਸ ਧੰਨ ਮੁਖ ਸਿੱਖ ਧੰਨ ਤੋਂ
ਬਲਿਹਾਰ ਹੋਵੇ ਖਾਲਸਾ!
ਓ ਬੁੱਲ੍ਹ ਖੁੱਲ੍ਹੇ ਅੰਤ ਦੇ, ਓ
ਬੋਲਦੇ ਕੀ ਖਾਲਸਾ!
ਓ ਆਖਦੇ ਕੀ ਬੁੱਲ੍ਹ ਪਾਵਨ,
ਬੋਲਦੇ ਕੀ ਬੈਨ ਹੈ?
ਉਸ ਬੋਲਣੇ ਦਾ ਖਾਲਸਾ ਜੀ
ਅੱਜ ਤੁਹਾਨੂੰ ਚੈਨ ਹੈ।
ਓ ਬੁੱਲ੍ਹ ਮਿਟਣੇ ਪਹਿਲਿਓਂ
ਕੀ ਬੋਲਦੇ ਹਨ ਸੋਹਿਣਾ?
ਉਹ ਬੋਲਣਾ ਸੀ ਅੰਤ ਦਾ, ਅਤਿ
ਪਜਾਰ ਦਾ ਮਨ ਮੋਹਿਣਾ!
ਦੋ ਹੱਥ ਨਿਰਬਲ ਨਾਲ ਜੁੜਦੇ,
ਅੱਖੀਆਂ ਵਿਰਲਾਪ ਕੇ,
ਏ ਮਧੁਰ ਬੋਲੀ ਬੋਲਦੇ, ਤੇ
ਰਾਗ ਮੇਲ ਅਲਾਪ ਕੇ।
ਏ ਬਿਨੈ ਆਖਣ ਗੁਰੂ ਅੱਗੇ,
ਵਾਜ ਸੁਣੀਂ ਨ ਜਾਂਵਦੀ।
ਤੇ ਕੰਨ ਨੀਵੇਂ ਗੁਰੂ ਕਰਦੇ,
ਵਾਜ ਕੀ ਹੈ ਆਂਵਦੀ:-
"ਇਸ ਟੁੱਟੜੀ ਨੂੰ ਮੇਲ ਲੇਵੋ,
ਗੰਢ ਲੇਵੋ ਵਿੱਛੁੜੀ।
"'ਬੇਦਾਵਿ ਪੱਤਰ' ਪਾੜ ਸੁੱਟੋ;
ਕੱਜ ਲੇਵੋ ਉੱਛੜੀ"।
ਏ ਨਰਮ ਧੀਮੀਂ ਵਾਜ ਸੀਗੀ,
ਮਲ੍ਹਮ ਮੇਲਣ ਵਾਲੜੀ।
ਏ ਪ੍ਰੇਮ ਦੀ ਸੀ ਰਾਗਣੀ, ਸਭ
ਪਾੜ ਮੇਲਣ ਵਾਲੜੀ।

ਓ ਗੁਰੂ-ਹਿਰਦਾ ਪ੍ਰੇਮ ਵਾਲਾ,
ਦੇਖ ਸਿੱਖੀ ਪਜਾਰ ਨੂੰ,
ਓ ਦ੍ਰਵ ਗਿਆ ਹਦ ਲੰਘਕੇ, ਪਿਖ
ਸਿੱਖ ਦੀ ਇਸ ਕਾਰ ਨੂੰ।
ਝਟ ਕੱਢ ਕਾਗਤ ਖੀਸਿਓਂ, ਦਿਖ-
ਲਾਇ ਪਜਾਰੇ ਸਿੱਖ ਨੂੰ।
ਓ ਪਾੜ ਦਿੱਤਾ ਉਸੀ ਵੇਲੇ,
ਠੰਢ ਪਾਈ ਸਿੱਖ ਨੂੰ।
ਫਿਰ ਲਾਇ ਛਾਤੀ ਨਾਲ ਸਿਰ ਨੂੰ,
ਗੁਰੂ ਉਸ ਨੂੰ ਆਖਦੇ-
"ਤੈਂ ਲਈ ਸਿੱਖੀ ਵਾਸਤੇ, ਕੁਛ
ਮੰਗ ਅਪਣੇ ਵਾਸਤੇ।"
ਓ ਮੰਗਦਾ ਕੀ? ਆਪ ਸੀ ਓ
ਗੁਰੂ ਦਾ ਤੇ ਗੁਰੂ ਨੂੰ
ਉਨ ਸੌਂਪ ਦਿੱਤਾ ਸੀਗ ਆਪਾ,
ਗੁਰੂ ਆਸਾ ਪੂਰੂ ਨੂੰ।
ਓ ਆਖਦਾ "ਹੇ ਗੁਰੂ ਦੇਵੋ,
ਦਾਨ ਮੈਨੂੰ ਅੰਤ ਨੂੰ,
"ਹਾਂ ਮੇਲ ਲੇਵੋ, ਮੇਲ ਲੇਵੋ,
ਬਖਸ਼ ਲੇਵੋ ਪੰਥ ਨੂੰ।"

ਗੁਰੂ ਜੀ-

"ਤੂੰ ਮੇਲ ਲੀਤੀ ਸਿਖ ਪਜਾਰੇ!
ਵਿੱਥ ਰਹੀ ਨ ਰਤਾ ਹੈ,
"ਏ ਧੰਨ ਸਿੱਖੀ, ਧੰਨ ਸਿੱਖੀ,
ਧੰਨ ਸਿੱਖੀ ਮਤਾ ਹੈ!
"ਤੂੰ ਜਾਉ ਸੋਖਾ ਪਾਇ ਵਾਸਾ
ਵਿੱਚ ਖਾਸ ਸਰੂਪ ਦੇ,
"ਸਚਖੰਡ ਵਾਸੀ ਹੋਹੁ ਪਜਾਰੇ
ਦਰਸ ਕਰ ਪ੍ਰਭ ਰੂਪ ਦੇ।
"ਤੂੰ ਮੇਲ ਤੁੱਟਜਾਂ ਨੂੰ ਲਿਆ
"ਤੂੰ ਆਪ ਮਿਲਿਓਂ ਕੰਤ ਨੂੰ।
"ਹਾਂ ਮਦਾ ਮਿਲਿਓਂ ਸਦਾ ਮਿਲਿਓਂ
ਸਦਾ ਓਸ ਅਨੰਤ ਨੂੰ।"
ਫਿਰ "ਧੰਨ ਸਤਿਗੁਰ" ਸਿੱਖ ਆਖੇ
ਮੀਟਿਆ ਮੁਖ ਗਿਆ ਸੀ।
ਓ ਨੈਣ ਮੀਟੇ ਗਏ ਸੇ, ਜੁਟ
ਹੱਥ ਦਾ ਖੁੱਲ ਪਿਆ ਸੀ।
ਓ ਸਿੱਖ ਪੂਰਾ ਹੋ ਗਿਆ, ਗੁਰ
ਗੋਦ ਪਜਾਰਾ ਵੱਸਿਆ,
ਦਰਬਾਰ ਉੱਜਲ ਮੁੱਖੜਾ ਲੈ,
ਜਾ ਸਰੂਪੇ ਵੱਸਿਆ।

ਮਹਾਂ ਸਿੰਘ ਜੀ ਦੇ ਚਲਾਣੇ ਮਗਰੋਂ ਸਾਰੇ ਸਿਖਾਂ ਦੀ ਦੇਖ ਭਾਲ ਹੋ ਗਈ, ਸਾਰਿਆਂ ਨੂੰ ਪਿਆਰ ਤੇ ਵਰਦਾਨ ਮਿਲੇ, ਇਕ ਇਕ ਦੀ ਸੰਭਾਲ ਸੂਰੇ ਸਤਿਗੁਰ ਨੇ ਕੀਤੀ। ਜਿਤਨੇ ਸ਼ਹੀਦ ਹੋਏ ਸੇ ਸਾਰਿਆਂ ਦਾ ਇਕ ਅੰਗੀਠਾ ਤਿਆਰ ਕੀਤਾ ਗਿਆ ਤੇ ਸਤਿਗੁਰ ਨੇ ਆਸੀਸ ਦੇ ਕੇ ਪਿਆਰੇ ਪੁੜ੍ਹਾਂ ਦੇ ਸਰੀਰ ਸਫਲ ਕੀਤੇ। ਜਿਸ ਵੇਲੇ ਅੰਗੀਠਾ ਬਲ ਰਿਹਾ ਸੀ, ਆਪ ਨੇ ਹੁਕਮ ਦਿੱਤਾ:-

ਏਹ ਮੁਕਤ ਹੋਏ ਮੁਕਤੇ, ਇਹ ਤਾਲ ਹੁਣ ਖਿਦਰਾਣਾ ਨਹੀਂ ਮੁਕਤਸਰ ਹੈ।

ਮੁਕਤਿਆਂ ਦੀ ਯਾਦਗਾਰ ਰਹੇਗੀ, ਸ਼ਹੀਦਗੰਜ ਰਹੇਗਾ, ਨਗਰੀ ਵੱਸੇਗੀ, ਸਰੋਵਰ ਲਹਿ ਲਹਿ ਕਰੇਗਾ। ਅੰਨ ਧਨ ਬਹੁਤੇ ਹੋਣਗੇ*।

ਇਸ ਵੇਲੇ ਇਕ ਸਿੱਖ ਨੇ ਆਕੇ ਆਖਿਆ: "ਸਚੇ ਪਾਤਸ਼ਾਹ! ਇਕ ਝੰਗੀ ਲਾਗੇ ਇਕ ਮਾਈ ਦਾ ਸ਼ਰੀਰ ਹੈ, ਮਰੀ ਨਹੀਂ ਜਾਪਦੀ, ਤੁਰਕਾਂ ਨਾਲ ਲੜੀ ਹੈ ਤੇ ਘਾਇਲ ਜਾਪਦੀ ਹੈ"। ਸੁਣਕੇ ਗੁਰੂ ਜੀ ਮੁਸਕ੍ਰਾਏ ਤੇ ਉਧਰ ਗਏ। ਅੱਗੇ ਮਾਈ ਢੱਠੀ ਪਈ ਬੇਸੁੱਧ ਸੀ, ਪਾਸ ਉਹ ਤੁਰਕ ਦੇਹ ਬੀ ਪਈ ਸੀ, ਜਿਸਨੂੰ ਮਾਈ ਨੇ ਸਾਂਗ ਨਾਲ ਪਰੋਕੇ ਸੱਟਿਆ ਸੀ। ਪਾਸ ਉਹ ਲੋਥ ਬੀ ਪਈ ਸੀ, ਜਿਸਨੂੰ ਵਾਰ ਕਰਦਿਆਂ ਟਿੱਬੀ ਤੋਂ ਆਏ ਆਪ ਦੇ ਤੀਰ ਨੇ ਪ੍ਰੋ ਸੁੱਟਿਆ ਸੀ। ਪਾਸ ਆਕੇ ਸਤਿਗੁਰਾਂ ਕ੍ਰਿਪਾ ਦ੍ਰਿਸ਼ਟੀ ਨਾਲ ਡਿੱਠਾ, ਅਸੀਸ ਦਿੱਤੀ, ਹੋਸ਼ ਪਰਤ ਪਈ, ਮਾਈ ਉਠ ਖੜੀ ਹੋਈ। ਮਾਈ ਨੂੰ ਜ਼ਖਮ ਮਾਮੂਲੀ ਸਨ, ਸਦਮਾ ਖਾਕੇ ਬੇਸੁੱਧ ਪਈ ਸੀ। ਸਾਵਧਾਨ ਹੋਕੇ ਸਤਿਗੁਰਾਂ ਦੇ ਨਾਲ ਅੰਗੀਠੇ ਪਾਸ ਆਈ। ਉਸਦੇ ਘਾਵ ਬੱਧੇ ਗਏ, ਜਲ ਪਿਲਾਯਾ ਗਿਆ। ਜੰਗ ਦਾ ਸਾਰਾ ਵਿਰਤੰਤ ਮਾਈ ਨੇ ਸਤਿਗੁਰਾਂ ਨੂੰ ਆਪ ਦੱਸਿਆ ਕਿ ਆਪਦੇ ਚਲੇ ਜਾਣ ਮਗਰੋਂ ਕੀਕੂੰ ਗੁਰਮਤਾ ਹੋਇਆ? ਕੀਕੂੰ ਸਿੰਘ ਨਿੱਤਰੇ ਤੇ ਕੀਕੂੰ ਅਜਿੱਤ ਬਹਾਦਰੀ ਨਾਲ ਕਟ ਕੱਟਕੇ ਮਰੇ? ਸੁਣਕੇ ਸਤਿਗੁਰ ਜੀ ਦੇ ਨੈਣ ਕਈ ਵੇਰ ਪਿਆਰ ਨਾਲ ਭਰ ਭਰਕੇ ਆਏ ਤੇ ਅਸੀਸਾਂ ਦਿੰਦੇ ਰਹੇ। ਅੰਤ ਗੁਰੂ ਜੀ ਨੇ ਭਾਗੋ ਨੂੰ ਮਹਾਂ ਸਿੰਘ ਦੀ ਅੰਤਲੀ ਕਰਨੀ ਸੁਣਾਈ। ਭਾਗੋ ਦੀ ਬਹਾਦਰੀ ਤੇ ਕਰਨੀ ਉਤੇ ਗੁਰੂ ਜੀ ਨੇ ਵਰ ਦਿੱਤੇ ਤੇ ਸੰਗਤ ਵਿਚ ਮਹਿਮਾਂ ਹੋਈ!

ਸੂਚਨਾ ਭਾਗੋ ਦੀ ਕਰਨੀ ਤੇ ਉੱਚਤਾ ਦਾ ਕੁਛ ਨਕਸ਼ਾ ਅਗਲੀ ਕਵਿਤਾ ਵਿਚ ਅੰਕਿਤ ਹੈ-

*ਫਿਰੋਜ਼ਪੁਰ ਦੇ ਜ਼ਿਲੇ ਵਿਚ ਇਹ ਟਿਕਾਣਾ ਹੁਣ 'ਮੁਕਤਸਰ' ਨਾਮੇ ਹੈ। ਨਗਰੀ, ਮੰਦਰ, ਸਰ ਸਭੋ ਕੁਛ ਹੁਣ ਵਿਦਮਾਨ ਹੈ ਤੇ ਦੇਸ਼ ਧਨ ਉਪਜਾਊ ਹੋ ਗਿਆ ਹੈ।

੮੩. ਮਾਈ ਭਾਗੋ*

ਦੁਨੀਆਂ ਦੀ ਉੰਗਲ ਤੋਂ ਉੱਚਾ ਦਾਗ਼ ਦੋਖ ਤੋਂ ਖਾਲੀ। ਤੇਰਾ ਤੰਬੂ ਨਿੱਕਾ ਜੇਹਾ, ਦੇਂਦਾ ਪ੍ਰਿਆ ਦਿਖਾਲੀ। ਨਿੰਦਾ ਦੀ ਨਹੀਂ ਪਹੁੰਚ ਓਸ ਥਾਂ ਜਿਸ ਟਿੱਬੀ ਤੈਂ ਡੇਰਾ, ਕੁਈ ਉਲਾਮ੍ਹਾਂ ਉਡ ਨ ਪਹੁੰਚੇ, ਉੱਚ ਟਿਕਾਣਾ ਤੇਰਾ। ਤੂੰ ਲੰਮੀ ਉੱਚੀ ਤੇ ਭਰਵੀਂ ਸੂਰਤ ਰੰਗ ਜਲਾਲੀ, ਤਰਸਾਂ ਵਾਲੀ ਪਰ ਭੈ ਨਾਹੀਂ, ਚੜ੍ਹੀ ਸੱਚ ਦੀ ਲਾਲੀ। ਸੱਚ ਉਭਰੇਂਦਾ ਸੀਨੇ ਤੇਰੇ, ਚਿਹਰੇ ਸਿਦਕ ਚੜੇਂਦਾ; ਤੋੜ ਨਿਭਾਵਨ ਵਾਲਾ ਖੇੜਾ ਲੂੰ ਲੂੰ ਵਿਚ ਵਸੇਂਦਾ। ਸੱਜੇ ਖੱਬੇ ਤੱਕੇਂ ਨਾਹੀਂ, ਪਿੱਛੇ ਮੁੜ ਨਾ ਦੇਖੇਂ, ਅੱਗੇ ਤਾਂਘ ਅਗੇਰੇ ਰੱਖੇਂ, ਅੱਗਾ ਅੱਗਾ ਵੇਖੇਂ। "ਸੱਚ" "ਸਿਦਕ"[1] ਦੋ ਤਾਰੇ ਤੇਰੀ ਅਖੀਂ ਅਰਸ਼ੋਂ ਆਏ, ਨਜ਼ਰ ਉਚੇਰੀ ਅਰਸ਼ਾਂ ਵੰਨੇ, ਪੱਕੀ ਗਏ ਟਿਕਾਏ। ਟਕ ਬੰਨ੍ਹੀਂ ਦੋਹਾਂ ਤੇ ਤੂੰ ਹੈਂ, ਵਧਦੀ ਵਧਦੀ ਜਾਏਂ, ਇਕੋ ਸਾਂਗ ਹਥ ਦੀ ਤੇਰੀ ਦੁਨੀਆਂ ਰਾਹ ਦਿਖਾਏ। ਭਾਗੋ! ਤੂੰ ਭਾਗਾਂ ਹੈਂ ਵਾਲੀ, ਬਡੇ ਭਾਗ ਹਨ ਤੇਰੇ! ਭਾਗ ਗਏ ਤੈਂ ਪਾਸੋਂ ਪਾਪੀ ਪੰਜ ਦੂਤ ਚਕ ਡੇਰੇ। ਨਿਤਰੀ ਤੂੰ, ਨਿੱਤਰ ਵਿਚ ਥਲ ਦੇ ਸੱਚੀ ਸਾਂਗ ਘੁਕਾਈ, ਡੁੱਬੇ ਤਰੇ, ਨਿੱਤਰੇ ਵੀਰਨ ਤਿੱਖੀ ਤੇਗ ਚਲਾਈ। ਤੇਰੇ ਸਿਦਕ-ਸਿਤਾਰੇ ਬੀਰਾ! ਕਿੰਨੇ ਰਾਹ ਲਗਾਏ, ਸੱਚੇ ਯਗ, ਸਿਦਕਾਂ ਯਗਵੇਦੀ, ਹਸ ਹਸ ਹੋਮ ਕਰਾਏ। ਤੂੰ ਚਾਨਣ, ਸਾਰ ਘਰ ਚਾਨਣ, ਬੜਿਆਂ ਰਾਹ ਦਿਖਾਏਂ, ਤੈਂ ਵਲ ਤੱਕ ਬਚੇ ਕਈ ਬੋਹਿਥ, ਰਸਤੇ ਜਿਨਾਂ ਖੁੰਝਾਏ। ਤੂੰ ਮੀਨਾਰ, ਮੁਨਾਰਾ ਚਾਨਣ, ਤੂੰ ਪਾਂਧੀਆਂ ਦਾ ਤਾਰਾ, ਅੱਚੁਤ[1] ਸਦਾ ਨਿਰੋਲ ਲਿਸ਼ਕਦਾ ਤੇਰਾ ਹੈ ਚਮਕਾਰਾ।

ਸੂਚਨਾ--ਮੁਕਤਿਆਂ ਦਾ ਅੰਤਮ ਸੰਸਕਾਰ ਕਰਕੇ[2] ਸਤਿਗੁਰੂ ਜੀ ਅੱਗੇ ਕੂਚ ਕਰ ਗਏ। ਫਿਰ ਨਾਗੇ ਦੀ ਸਰਾਇ ਕੁਛ ਅਰਾਮ ਕਰਕੇ ਨੌਥੇਹੇ ਪਿੰਡ ਜਾ ਠਹਿਰੇ। ਜਿਥੋਂ ਦੇ ਹਰੀ ਕੇ ਗੋਤ ਦੇ ਜੱਟਾਂ ਨੇ ਸਰਦਾਰੀ ਦੇ ਘੁਮੰਡ ਵਿਚ ਚੰਗੀ ਸੇਵਾ ਨਾ ਕੀਤੀ, ਪਰ ਡੋਗਰਾਂ ਨੇ ਰਾਤ ਪਹਿਰਾ ਚੰਗੀ ਤਰ੍ਹਾਂ ਦਿਤਾ, ਇਸ ਪਰ ਖੁਸ਼ ਹੋਕੇ ਡੋਗਰਾਂ ਨੂੰ ਜ਼ਿਮੀਆਂ ਦੇ ਮਾਲਿਕ ਹੋਣ ਦਾ ਵਰ ਦੇਕੇ ਗੁਰੂ ਜੀ ਅਗੇ ਟੁਰੇ ਤੇ ਰਾਤ ਵਜੀਦ ਪੁਰ[3] ਜਾ ਰਹੇ। ਦੂਏ ਦਿਨ ਸੈਂਕੜਿਆਂ ਨੇ ਅੰਮ੍ਰਿਤ ਛਕਿਆ। ਏਥੋਂ ਫੇਰ ਮੁੜੇ ਤੇ ਜਿਸ ਥਾਂ ਨੂੰ ਪਵਿੱਤ੍ਰ ਕਹਿਕੇ ਮੁਕਤਸਰ ਨਾਮ ਦੇ ਆਏ ਸੇ ਓਥੇ ਜਾ ਅੱਪੜੇ। ਪਿਆਰੇ ਮੁਕਤਿਆਂ ਦੇ ਦੁਸਹਿਰੇ ਦਾ ਅਰਦਾਸਾ ਸੋਧਿਆ ਤੇ ਦਾਹ ਦਾ ਟਿਕਾਣਾ ਬਣਾਇਆ। ਏਥੋਂ ਤ੍ਰੈ ਕੋਹ ਤੇ ਰੂਪਾਣੇ ਪਿੰਡ ਦੱਖਣ ਰੁਖ ਜਾ ਠਹਿਰੇ। ਭੂੰਦੜ ਪਿੰਡ ਹੋਕੇ ਦੁਪਹਿਰ ਜੰਗਲ ਵਿਚ ਆ ਟਿਕੇ, ਜਿਥੇ ਹੁਣ ਗੁਰੂ ਸਰ ਹੈ। ਇਥੋਂ

*ਇਹ ਪ੍ਰਸੰਗ ੩ ਪੋਹ ਸੰ: ਗੁ: ਨਾ: ਸਾ: ੪੪੬ (੧੭ ਦਸੰਬਰ ੧੯੧੪) ਨੂੰ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

੧. ਨਾ ਮੁੱਕਣ ਵਾਲਾ।

੨. ਇਹ ਅੰਗੀਠਾ ਠੰਢਾ ਹੋਕੇ ਉਥੇ ਹੀ ਰਿਹਾ, ਕੁਛ ਦਿਨਾਂ ਮਗਰੋਂ ਸਤਿਗੁਰੂ ਜੀ ਫੇਰ ਆਏ ਤੇ ਨਿਸ਼ਾਨ ਕੈਮ ਕੀਤੇ। ਪਿੱਛੋਂ ਜਦੋਂ ਸਮੇਂ ਬੀਤੇ ਤੇ ਖਾਲਸੇ ਦੇ ਦਲਾਂ ਨੇ ਥਾਂ ਢੂੰਡਿਆ ਤਾਂ ਭਾਈ ਲੰਗਰ ਸਿੰਘ ਨੇ, ਜੋ ਤਦੋਂ ਸਤਿਗੁਰੂ ਜੀ ਦੇ ਨਾਲ ਸਨ ਤੇ ਫੇਰ ਹਰੀਕੇ ਪਿੰਡ ਰਹੇ, ਨਿਸ਼ਾਨ ਪਤਾ ਦੱਸਿਆ ਤਾਂ ਖਾਲਸੇ ਨੇ ਪੱਕਾ ਸ਼ਹੀਦ ਗੰਜ ਬਣਾਇਆ, ਤੇ ਮਾਘੀ ਦਾ ਮੇਲਾ ਯਾਦਗਾਰ ਬਣਾਇਆ। ਇਹ ਜੰਗ ਵਿਸਾਖ ਦਾ ਹੈ, ਪਰ ਮਾਘੀ ਠੰਢੀ ਰੁਤ ਕਰਕੇ ਥਾਪੀ ਸੀ, ਜੋ ਵਿਸਾਖ ਵਿਚ ਏਥੇ ਗਰਮੀ ਬਹੁਤ ਹੁੰਦੀ ਹੈ।

੩. ਫੀਰੋਜ਼ਪੁਰ ਤੋਂ ਪੰਜ ਮੀਲ ਦੀ ਵਿੱਥ ਤੇ ਪੂਰਬ ਵਲ ਲੁਧਿਆਣੇ ਜਾਣ ਵਾਲੀ ਜਰਨੈਲੀ ਸੜਕ ਦੇ ਲਾਗ ਹੈ, ਇਸ ਟਿਕਾਣੇ ਗੁਰਦਵਾਰਾ ਵਿਦਮਾਨ ਹੈ, ਨਾਮ 'ਗੁਰੂ ਸਰ' ਹੈ।

ਥੋਹੜੀ ਜਾ ਰਾਤ ਰਹੇ। ਸਭ ਥਾਈਂ ਕਈ ਕੌਤਕ ਵਰਤੇ, ਜੀਅਦਾਨ ਹੋਏ। ਥੋਹੜੀ ਤੋਂ ਹਰੀਕੇ, ਹਰੀਕੇ ਤੋਂ ਕਾਲ ਝਿਰਾਣੀ ਜਾ ਠਹਿਰੇ! ਮਾਲੂਮ ਹੁੰਦਾ ਹੈ ਕਿ ਮੁੜਕੇ ਮੁਕਤਸਰ ਆਉਣਾ ਨਿਸ਼ਾਨ ਕਾਇਮ ਕਰਨ ਵਾਸਤੇ ਸੀ ਅਰ ਲਾਗੇ ਲਾਗੇ ਦੇ ਗਿਰਾਵਾਂ ਵਿਚ ਘੁੰਮਣਾ ਪਿਛਲੇ ਜੰਗਾਂ ਵਿਚ ਜ਼ਖਮੀ ਹੋਏ ਸਿਖਾਂ ਦੀ ਦਾਰੀ ਤੇ ਪਿਆਰ ਵਾਸਤੇ ਸੀ ਜੋ ਪਿਆਰਿਆਂ ਦੇ ਘਰੀਂ ਸੇਵਾ ਤੇ ਸੁਖ ਪਾ ਰਹੇ ਸੀ ਇਨ੍ਹੀਂ ਗਿਰਾਈਂ ਜ਼ਖਮੀ ਖਾਲਸੇ ਦੀ ਸੁਰਤ ਲਈ। ਅੰਮ੍ਰਿਤ ਪ੍ਰਚਾਰ ਉਪਦੇਸ਼ ਕਰਦੇ ਅੱਗੇ ਟੁਰੇ, ਪ੍ਰਿਥੀ ਚੰਦ ਦੀ ਵੰਸ਼ ਦੇ ਸੋਢੀ ਆ ਮਿਲੇ, ਸੇਵਾ ਭਾਉ ਕੀਤਾ, ਅੰਮ੍ਰਿਤ ਛਕੇ, ਨੌ ਦਿਨ ਡੇਰਾ ਇਥੇ ਰਿਹਾ। ਏਥੇ ਹੀ ਪੰਜਾਬ ਦੀ ਢੇਰ ਸਾਰੀ ਸੰਗਤ ਤੇ ਮੁਕਤਸਰ ਦੇ ਮੁਕਤਿਆਂ ਦੇ ਸਨਬੰਧੀ ਫੇਰ ਵਹੀਰਾਂ ਪਾਕੇ ਆ ਮਿਲੇ। ਇਥੋਂ ਸੰਗਤਾਂ ਨੂੰ ਵਿਦਾ ਕਰਕੇ ਟੁਰੇ, ਇਕ ਟਿੱਬੇ ਤੇ ਜਾ ਚੜ੍ਹੇ, ਏਥੋਂ ਦੋ ਕੋਹ ਅਗੇ ਜੰਘੀਰਾਣੇ ਪਿੰਡ ਗਏ, ਫੇਰ ਸਾਹਿਬ ਚੰਦ ਪਿੰਡ ਠਹਿਰਕੇ ਛਤਿਆਣੇ ਜਾ ਉਤਰੇ। ਦੂਜੇ ਦਿਨ ਉਥੋਂ ਟੁਰੇ, ਇਕ ਟਿੱਬੀ ਦੇ ਲਾਗੇ ਮਾਲਵੇ ਦੇ ਸਿੰਘ ਤੇ ਬੈਰਾੜਾਂ ਨੇ, ਜੋ ਸਤਿਗੁਰ ਦੀ ਫੌਜ ਦੇ ਸਿਪਾਹੀ ਸਨ, ਅਪਣੀ ਤਨਖਾਹ ਲੈਣ ਦੀ ਮੰਗ ਕੀਤੀ। ਤਨਖਾਹ ਦੀ ਮੰਗ ਤਾਂ ਕਈ ਦਿਨਾਂ ਦੀ ਸੀ, ਪਰ ਮਾਇਆ ਨਾ ਹੋਣ ਕਰਕੇ ਅਦਾ ਨਹੀਂ ਸੀ ਹੋਈ। ਪ੍ਰਸ਼ਾਦ ਪਾਣੀ ਸਰੀਰਕ ਲੋੜਾਂ ਦੀ ਤੰਗੀ ਕੋਈ ਨਹੀਂ ਸੀ, ਪਰ ਨਕਦੀ ਅਦਾ ਨਾ ਹੋ ਸਕੀ। ਏਥੇ ਤਨਖਾਹ ਦੇਣ ਦੇ ਤੇ ਹੋਰ ਹਾਲ ਅਗਲੇ ਪ੍ਰਸੰਗ 'ਇਬਰਾਹੀਮ-ਅਜਮੇਰ ਸਿੰਘ' ਵਿਚ ਵਰਣਿਤ ਹਨ :-

੮੪. ਇਬਰਾਹੀਮ-ਅਜਮੇਰ ਸਿੰਘ*।

੧. {ਚੋਜੀ ਦਰਸ਼ਨ}

ਇਕ ਟਿੱਬੇ ਦੇ ਪਾਸ ਇਕ ਅਬਲਕ ਘੋੜਾ ਖੜਾ ਹੈ, ਸਜੀਲਾ, ਫਬੀਲਾ, ਉੱਚੀ ਧੌਣ ਵਾਲਾ। ਇਸ ਦੀ ਪਿੱਠ ਤੇ ਦੀਨ ਦੁਨੀ ਦੇ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਸਵਾਰ ਹਨ, ਇੰਵ ਬੈਠੇ ਹਨ ਜਿਵੇਂ ਜੋਗੀ ਆਸਨ ਤੇ ਅਹਿੱਲ, ਅਡੋਲ ਬੈਠਦਾ ਹੈ। ਮਸਤਕ ਚਮਕ ਰਿਹਾ ਹੈ, ਦਿੱਵਜਤਾ ਦਗ ਦਗ ਕਰ ਰਹੀ ਹੈ। ਅੱਖਾਂ ਸਾਹਮਣੇ ਖੜਿਆਂ ਤੇ ਟਿਕ ਰਹੀਆਂ ਹਨ, ਨਾ ਖ਼ਫ਼ਾ ਹਨ, ਨਾ ਕ੍ਰਿਪਾਲ; ਅਛੋਹ, ਅਛਿੜ, ਅਡੋਲਤਾ ਵਿਚ ਟਿਕੀਆਂ ਹਨ।

ਅੱਗੇ ਖੜਿਆਂ ਨੇ ਵਾਗ ਨੂੰ ਹੱਥ ਪਾਇਆ ਹੈ ਤੇ ਆਖ ਰਹੇ ਹਨ:-

"ਸਾਹਿਬਾ! ਸਾਡੀ ਜੂਹ ਮੁੱਕ ਚੱਲੀ ਹੈ, ਅੱਗੇ ਸਾਥੋ ਕਾ ਦੇਸ਼ ਆ ਚੱਲਿਆ ਹੈ, ਸਾਡੀਆਂ ਤਲਬਾਂ ਐਥੇ ਚੁਕਾ ਦਿਓ, ਤਦ ਅੱਗੇ ਚੱਲੋ[1]"। ਆਪ ਬੋਲੇ- "ਤਲਬਾਂ ਚੁੱਕ ਜਾਣਗੀਆਂ, ਸੰਗਤਾਂ ਲਿਆਉਣਗੀਆਂ, ਵੰਡ ਅਸੀਂ ਕਰ ਦਿਆਂਗੇ, ਅੱਜ ਪੈਸੇ ਹਨ ਨਹੀਂ, ਦੇਗਾਂ ਮਸਤਾਨੀਆਂ ਹਨ, ਮਾਲਕ ਘੱਲੇਗਾ, ਪਰ ਜੇਰਾ ਕਰੋ।"

ਬੈਰਾੜਲੋਕ-ਬਹੁਤ ਜੇਰੇ ਕੀਤੇ, ਹੁਣ ਜੇਰੇ ਨਹੀਂ, ਅਸਾਂ ਤਾਂ ਪ੍ਰਸ਼ਾਦ ਲੰਗਰੋਂ ਛਕ ਲਏ, ਘਰ ਦਿਆਂ ਨੂੰ ਕੀ ਘੱਲੀਏ? ਪਿਛਲੀਆਂ ਤਲਬਾਂ ਦਿਓ, ਅੱਗੋਂ ਤੋਂ ਦਰਮਾਹੇਂ ਦੂਣੇ ਕਰ ਦਿਓ, ਤਦ ਅੱਗੇ ਕਦਮ ਪੁੱਟੋ। ਤੁਸੀਂ ਆਖਦੇ ਸਾਓ ਬਰਖਾ ਕਰਾਂਗੇ ਉਹ ਬੀ ਨਾ ਹੋਈ। ਮੀਂਹ ਪੈ ਜਾਂਦੇ ਤਾਂ ਸਾਡੇ ਪਿਛਲਿਆਂ ਦਾ ਗੁਜ਼ਾਰਾ ਪੈਲੀ ਬੰਨਾ ਕਰਕੇ ਹੋ ਜਾਂਦਾ।

ਅਡੋਲ ਤੇ ਅਹਿੱਲ ਅੱਖੀਆਂ ਅਸਮਾਨ ਵੱਲ ਹੋ ਗਈਆਂ। ਪਵਿੱਤ੍ਰ ਤੇ ਬਲੀ ਹੱਥ ਤੀਰ ਕਮਾਨ ਵਲ ਚਲੇ ਗਏ। ਤੀਰ ਚੱਲਿਆ ਤੇ ਟੇਢ ਦੇ ਕੇ ਅਸਮਾਨਾਂ ਵਲ ਚੱਲਿਆ। ਤੀਰ ਨਿਕਲ ਗਿਆ, ਪਰ ਕਮਾਨ ਉਸੇ ਤਰ੍ਹਾਂ ਸੂਤੀ ਪਈ ਹੈ ਤੇ ਹੱਥ ਤੰਦੀ ਤੇ ਹੈ। ਸੁਹਣੀ ਗਰਦਨ ਤਣੀ ਹੋਈ ਉਸੇ ਟੇਢ ਵਿਚ ਹੈ ਤੇ ਅੱਖਾਂ ਉਵੇਂ ਅਸਮਾਨ ਤੇ ਗੱਡੀਆਂ ਹਨ।

ਅਸਮਾਨ ਗਹਿਰਾ ਹੋ ਗਿਆ, ਝੜ ਪੈ ਗਿਆ ਨੀਵਾਂ ਹੋ ਗਿਆ, ਬੂੰਦਾਂ ਉਤਰੀਆਂ, ਵੱਸ ਪਿਆ;

---

੧. ਤਵਾ: ਖਾਲਸਾ ੧. ੩, ਸੂਰਜ ਪ੍ਰਕਾਸ਼ ਐ: ੧

*ਇਹ ਪ੍ਰਸੰਗ ਟ੍ਰੈਕਟ ਦੀ ਸੂਰਤ ਵਿਚ ਸੰ: ਗੁ: ਨਾ: ਸਾ: ੪੫੧ (੧੯੨੦ ਈ:) ਦੇ ਗੁਰਪੁਰਬ ਸਪਤਮੀ ਪਰ ਪ੍ਰਕਾਸ਼ਿਆ ਸੀ।

ਮੋਲ੍ਹੇ ਪਾਰ ਹੋ ਗਿਆ, ਬੈਰਾੜ ਸਿਪਾਹੀ ਮੀਂਹ ਦੀ ਬੁਛਾੜ ਦੀ ਤਾਬ ਨ ਲਿਆਕੇ ਵਣਾਂ ਬੂਟਿਆਂ ਹੇਠ ਜਾ ਖੜੇ ਹੋਏ। ਸਤਿਗੁਰੂ 'ਤ੍ਰਿਪਾਲ ਪਲਟਨ ਹਾਰ' ਉਥੇ ਹੀ ਉਸੇ ਤਰ੍ਹਾਂ ਤਾੜੀ ਲਾਈ ਖੜੇ ਹਨ, ਜਿਵੇਂ ਖੜੇ ਸਨ। ਪਿਆਰ ਵਾਲੇ ਸਿੱਖਾਂ ਕੰਬਲੀਆਂ ਤਾਣ ਤਾਣ ਕੇ ਕੱਜਿਆ, ਪਰ ਆਪ ਨੂੰ ਨਾਂ ਮੀਂਹ ਦਾ ਭੈ ਹੈ ਨਾਂ ਕੰਬਲੀਆਂ ਦੀ ਟੇਕ ਦੀ ਪਰਵਾਹ। ਮੀਂਹ ਵੱਸ ਹਟਿਆ, ਥਲ ਜਲ ਹੋ ਗਏ। ਦੇਸ਼ ਵੱਸ ਪਿਆ ਹੁਣ ਬੈਰਾੜ ਫੇਰ ਅੱਗੇ ਵਧੇ ਤੇ ਬੋਲੇ:-ਮਾਂਡੀ ਤਲਬ?

ਸਤਿਗੁਰੂ-ਰੁਪੱਯੇ ਕਿ ਸਿੱਖੀ?

ਬੈਰਾੜ (ਘਬਰਾਕੇ)-ਸਿੱਖੀ...? ਰੁਪਏ?... ਜੀ ਸਿੱਖ ਤਾਂ ਹਾਂ ਹੀ, ਰੁਪੱਯੇ ਦਿਓ?

ਸਤਿਗੁਰੂ-ਸਿੱਖੀ ਕਿ ਰੁਪੱਯੇ?

ਬੈਰਾੜ-ਰੁਪੱਯੇ ਬਖਸ਼ੋ, ਸਿੱਖ ਤਾਂ ਹਾਂ ਹੀ।

ਸਤਿਗੁਰੂ-ਅੱਗੇ ਚੱਲਕੇ ਸਹੀ।

ਬੈਰਾੜ-ਏਥੇ ਹੀ ਦਿਓ।

ਸਤਿਗੁਰ-

ਦਦਾ ਦਾਤਾ ਏਕੁ ਹੈ ਸਭ ਕਉ ਦੇਵਨ ਹਾਰ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥ ਦੈਨਹਾਰੁ ਸਦ ਜੀਵਨ ਹਾਰਾ॥ ਮਨ ਮੂਰਖ ਕਿਉ ਤਾਹਿ ਬਿਸਾਰਾ॥ ਦੋਸੁ ਨਹੀ ਕਾਹੂ ਕਉ ਮੀਤਾ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ॥ ਦਰਦ ਨਿਵਾਰਹਿ ਜਾਕੇ ਆਪੇ॥ ਨਾਨਕ ਤੇਤੇ ਗੁਰਮੁਖਿ ਧ੍ਰਾਪੈ॥ (ਰਾਉ: ਮ: ੫ ਬਾ: ਅ: ੩੪)

ਕਿਉਂ ਬਈ ਸੱਜਨੋਂ! ਸਿੱਖੀ ਕਿ ਰੁਪੱਯੇ?

ਬੈਰਾੜ-ਪਾਤਸ਼ਾਹ! ਰੁਪੱਯੇ ਦਾਨ ਕਰੋ।

ਹੁਣ ਪਿਛਲਾ ਵਹੀਰ ਆ ਮਿਲਿਆ, ਨਾਲ ਨਵੀਂ ਆਈ ਸੰਗਤ ਬੀ ਕੁਛ ਸੀ, ਇਸ ਵਹੀਰ ਵਿਚੋਂ ਇਕ ਸਿਖ ਅਗੇ ਵਧਿਆ, ਸਤਿਗੁਰ ਘੋੜੇ ਤੋਂ ਉਤਰੇ, ਸਿਖ ਨੇ ਮੱਥਾ ਟੇਕਿਆ। ਇਸ ਦੇ ਪਿੱਛੇ ਖੱਚਰ ਖੜੀ ਸੀ, ਇਸ ਪਰ ਛੱਟ ਸੀ, ਜਿਸ ਵਿਚ ਰੁਪਯੇ ਤੇ ਅਸ਼ਰਫੀਆਂ ਸਨ। ਇਹ ਛੱਟ ਅਗੇ ਧਰਕੇ ਸਿੱਖ ਨੇ ਕਿਹਾ:-

ਪਾਤਸ਼ਾਹ! ਆਪ ਦੀ ਮਾਇਆ ਹੈ।

ਗੁਰੂ ਜੀ-ਕਿਥੋਂ ਲਿਆਇਆ ਹੈਂ?

ਸਿੱਖ-ਆਪ ਦਾ ਖਜ਼ਾਨਾ ਅਤੁੱਟ ਹੈ। ਆਪ ਦਾ ਖਜ਼ਾਨਚੀ ਕੁਬੇਰ ਹੈ, ਕੇਵਲ ਲਿਆਵਨ ਹਾਰ ਤੇ ਪੇਸ਼ ਕਰਨ ਹਾਰ ਦਾਸ ਹੈ।

ਸਤਿਗੁਰਾਂ ਨੇ ਖੁਸ਼ ਹੋਕੇ ਪਿਅਰੇ ਦੀ ਨਿੰਮ੍ਰਤਾ ਤੇ ਦ੍ਰੱਵਕੇ ਉਸਨੂੰ ਗਲੇ ਲਾਕੇ ਆਖਿਆ 'ਨਿਹਾਲ'!

ਤੇ ਫੇਰ ਤੋੜੇ ਖੋਹਲਕੇ ਮਾਇਆ ਡਿੱਠੀ, ਆਖਿਆ-ਮੋਹਨ ਹਾਰ ਆ ਗਈ, ਕਰੋ ਸੇਵਾ। ਹੁਕਮ ਹੋ ਗਿਆ ਤੇ ਸਭ ਦੇ ਪਲੇ ਗਿਣ ਗਿਣ ਕੇ ਪੈ ਗਈ ਮਾਇਆ।

ਗੁਰੂ ਜੀ (ਬੈਰਾੜਾਂ ਦੇ ਜਥੇਦਾਰ ਵਲ ਮੂੰਹ ਕਰਕੇ)-ਦਾਨਿਆਂ, ਬੈਰਾੜਾਂ ਦੇ ਜਥੇਦਾਰਾ! ਤੈਨੂੰ ਕਿਸ ਹਿਸਾਬ ਦੇਈਏ, ਤੂੰ ਜਥੇਦਾਰ ਜੁ ਹੋਇਆ?

ਦਾਨਾ-ਪਾਤਸ਼ਾਹ! ਮੈਂ ਤਾਂ ਦਾਸ ਹਾਂ ਤੇ ਸਿਖੀ ਦਾਨ ਮੰਗਦਾ ਹਾਂ, ਮੈਨੂੰ ਮੋਹਨਹਾਰੀ ਦੇ ਲੜ ਨਾ ਲਾਓ, ਅਪਣੀ ਚਰਨੀਂ ਲਾਓ, ਮਾਇਆ ਆਪਦੀ ਬਖਸ਼ੀ ਹੋਈ ਹੈ ਤੇ ਉਹ ਬੀ ਨਾਲ ਨਹੀਂ ਜਾਂਦੀ।

ਗੁਰੂ ਜੀ-(ਮੁਸਕ੍ਰਾਏ ਨੇਤ੍ਰ ਮੁੰਦੇ। ਫੇਰ ਖੋਹਲੇ) ਦਾਨਿਆਂ! ਮਹਾਂ ਸਿੰਘ ਨੇ ਮਾਝੇ ਵਿਚ ਤੇ ਤੂੰ ਮਾਲਵੇ ਵਿਚ ਸਿਖੀ ਨੂੰ ਕਾਇਮ ਰਖ ਲਿਆ*, ਦੁਹੀਂ ਥਾਈਂ ਸਿਖੀ ਦਾ ਨੌਨਿਹਾਲ ਹੁਲਾਰੇ ਲਏਗਾ। ਜਾਹ:-

ਜਿਮ ਸਭਿ ਮਾਝੇ ਕੀ ਵਡਿਆਈ।
ਮਹਾਂ ਸਿੰਘ ਨੇ ਰਾਖ ਦਿਖਾਈ।
ਦੇਸ਼ ਮਾਲਵੇ ਕੀ ਤੂੰ ਰਾਖੀ।
ਉਪਜਹਿਂ ਸਿੱਖੀ ਕੇ ਅਭਿਲਾਖੀ॥੩੦॥

(ਗੁ: ਪ੍ਰ: ਸੂ: ਅ: ੧-੧੭)

ਹੁਣ ਬੈਰਾੜ ਵਿਦਾ ਹੋ ਗਏ, ਦਾਤਾ ਤੇ ਉਸਦੇ ਪ੍ਰੇਮੀ ੨੦ ਕੁ ਬੈਰਾੜ ਸਿਪਾਹੀ ਨਾਲ ਰਹੇ। ਪੰਜਾਹ ਕੁ ਪ੍ਰੇਮੀ ਸਿੰਘ, ਜੋ ਪ੍ਰੇਮ ਦੇ ਪਰਵਾਨੇ ਸਨ, ਨਾਲ ਹੋਰ ਸਨ। ਕੁਛ ਪਿਆਰੇ ਸਿਖ ਆਂਵਦੇ ਜਾਂਦੇ ਰਹਿੰਦੇ ਸਨ। ਜੋ ਮਾਇਆ ਖਰਚ ਦੀ ਛੱਟ ਵਿਚੋਂ ਬਚ ਰਹੀ ਸੀ, ਸੋ ਉਥੇ ਹੀ ਦਬ ਦਿਤੀ। ਜਗ੍ਹਾ ਦਾ ਨਾਉਂ ਗੁਪਤ ਮਰ ਹੋਇਆ। ਦਾਨੇ ਨੇ ਬੇਨਤੀ ਕੀਤੀ "ਮੇਰੇ ਪਿੰਡ ਚਰਨ ਪਾਓ", ਸਤਿਗੁਰ ਨੇ ਓਧਰ ਵਾਗਾਂ ਮੋੜ ਦਿਤੀਆਂ। ਰਸਤੇ ਵਿਚ ਸਤਿ-ਸੰਗ ਦੇ ਬਚਨ ਤੁਰ ਪਏ। ਚਲੇ ਚਲੇ ਜਾਂਦੇ ਇਕ ਲਹਿਲਹਾ ਬਨ ਆ ਗਿਆ, ਉਪਰੋਂ ਤ੍ਰਿਕਾਲਾਂ ਦਾ ਸਮਾਂ ਹੋ ਗਿਆ, ਇਕ ਸਿਖ ਨੇ ਕਿਹਾ:

---

*ਸੂਰਜ ਪ੍ਰਕਾਸ਼, ਤਵਾਰੀਖ ਖਾ:, ਗੁਰਪੁਰ ਪ੍ਰਕਾਸ਼।

ਪਾਤਸ਼ਾਹ! ਸੋਦਰ ਦਾ ਵੇਲਾ ਹੋ ਗਿਆ ਹੈ। ਹੁਕਮ ਹੋਇਆ ਕਿ ਦੀਵਾਨ ਸਜੇ, ਸੋ ਉਥੇ ਹੀ ਦੀਵਾਨ ਸਜ ਗਿਆ। ਦਾਨੇ ਦਾ ਪਿੰਡ ਅਜੇ ਸਵਾ ਕੁ ਕੋਹ ਸੀ, ਜਦ ਦੀਵਾਨ ਸਜ ਗਿਆ ਤੇ ਡੇਰੇ ਲਗ ਗਏ, ਤਦ ਦਾਨਾ ਪ੍ਰੇਮੀ ਰਸਤ ਪਾਣੀ ਪਲੰਘ ਸਾਮਾਨ ਪਿੰਡ ਵਿਚੋਂ ਜਾਕੇ ਓਥੇ ਹੀ ਲੈ ਆਇਆ ਤੇ ਲੰਗਰ ਬੀ ਓਥੇ ਹੀ ਸਜ ਗਿਆ। ਪਿੰਡ ਦਾ ਚੌਧਰੀ 'ਸੂਮਾ' ਬੂਰੀ ਮਹਿੰ ਦਾ ਦੁਧ ਲੈ ਆਇਆ। ਸਤਿਗੁਰ ਜੀ ਬੋਲੇ: ਦੁਧ ਬੂਰੀ ਮਹਿੰ ਦਾ ਹੈ?

ਸੂਮਾਂ-ਜੀ ਪਾਤਸ਼ਾਹ!

ਸਤਿਗੁਰ ਹਸ ਪਏ ਤੇ ਰਾਤ ਬਿਸਰਾਮ ਕੀਤਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਦੀਵਾਨ ਸਜ ਗਿਆ, ਦੂਰ ਦੂਰ ਤੱਕ ਖ਼ਬਰਾਂ ਧੁੰਮ ਗਈਆਂ ਸਨ। ਸੰਗਤਾਂ ਹੁੰਮ ਹੁਮਾਕੇ ਆ ਗਈਆਂ, ਕੜਾਹ ਪ੍ਰਸ਼ਾਦ ਤੇ ਰਸਦ ਦੁੱਧ ਤੇ ਹੋਰ ਸਾਮਾਨ ਅਰੀਮੀ ਆ ਗਏ, ਉਹ ਮੌਜ ਲੱਗੀ ਕਿ ਉਸ ਜੰਗਲ ਵਿਚ ਮੰਗਲ ਹੋ ਗਿਆ। ਸਤਿਗੁਰ ਪ੍ਰਸੰਨ ਹੋ ਬੋਲੇ ਇਹ ਜੰਗਲ ਤਾਂ 'ਲੱਖੀ ਜੰਗਲ*' ਹੈ, ਏਥੇ ਹੀ ਡੇਰਾ ਰਹੇ। ਕਈ ਦਿਨ ਉਥੇ ਟਿਕੇ ਰਹੇ। ਅਨੰਦਪੁਰ ਨਗਰੀ ਦੇ ਵਾਸੀ; ਓਥੋਂ ਤੋਂ ਵਿਛੁੜੇ ਪ੍ਰੇਮੀ ਤੇ ਹੋਰ ਪਿਆਰੇ ਦੂਰ ਦੂਰ ਤੋਂ ਦਰਸ਼ਨਾਂ ਵਾਸਤੇ ਆ ਰਹੇ ਸਨ, ਸੋ ਬਹੁਤ ਏਥੇ ਆ ਮਿਲੇ। ਅਨੰਦ ਪੁਰ ਵਾਲਾ ਮੰਗਲ ਬੱਝ ਗਿਆ। ਕਈ ਦਾਨੇ ਕਵੀ ਪੰਡਤ ਬੀ ਆ ਜੁੜੇ।

੨. (ਗੁਰੂ-ਲੱਖੀ ਜੰਗਲ)

ਜੰਗਲ ਵਿਚ ਮੰਗਲ, ਮੰਗਲ ਵਿਚ ਉਮਾਹ, ਅਨੰਦ, ਰਸ, ਰੰਗ, ਰੱਬੀ ਹੁਲਾਰੇ, ਸੁਆਦ ਹੀ ਸੁਆਦ। ਇਕ ਦਿਨ ਲੋਢੇ ਪਹਿਰ ਸਤਿਗੁਰ ਬੈਠ ਗਏ, ਪ੍ਰੇਮੀ ਦੁਆਲੇ ਆ ਜੁੜੇ, ਚੰਦ ਦੇ ਦੁਆਲੇ ਪਰਵਾਰ ਪੈ ਗਿਆ, ਚੰਦ ਨੂੰ ਹਾਲੇ ਨੇ ਘੇਰ ਲਿਆ, ਸਤਿਗੁਰ ਦੇ ਕਵੀ-ਮਨ ਨੇ ਇਕ ਹੁਲਾਰਾ ਖਾਧਾ ਤੇ ਸੱਦ ਹੋਈ। ਹਾਂ, ਇਲਾਹੀ ਗਲੇ ਤੋਂ ਮਾਝ ਵਿਚ ਸ੍ਰੀ ਮੁਖਵਾਕ ਦੀ ਧੁਨ ਉਚਾਰਨ ਹੋਈ:-

ਸੁਣ ਕੇ ਸੱਦ ਮਾਹੀ ਦਾ ਮੇਂਹੀ ਪਾਣੀ ਘਾਹੁ
ਮੁਤੋ ਨੇ। ਕਿਸੇ ਨਾਲ ਨ ਰਲੀਆ ਕਾਈ
ਕੋਈ ਜੁ ਸ਼ਉਂਕ ਪਿਯੋ ਨੇ। ਗਿਆ ਫ਼ਿਰਾਕ
ਮਿਲਿਆ ਮਿਤ ਮਾਹੀ ਤਾਹੀ ਸ਼ੁਕਰ ਕਿਤੋ ਨੇ।

ਜਦ ਸਤਿਗੁਰ ਨੇ ਇਹ ਸਦ ਡਾਢੀ ਰਸੀਲੀ ਸੁਰ ਵਿਚ ਦਿਤੀ ਤਾਂ ਅਚਰਜ ਰੰਗ ਛਾ ਗਿਆ, ਪਿਆਰਿਆਂ ਦੇ ਹਿਰਦੇ ਪਿਆਰ ਨਾਲ ਉੱਛਲ ਪਏ ਤੇ ਭਾਈ 'ਅਡਾ' ਛਾਪ ਵਾਲੇ ਕਵੀ ਜੀ ਬੋਲੇ:

[1]ਗੁਰ ਗੋਬਿੰਦ ਜਿਨ੍ਹਾਂ ਦੇ ਸਿਰ ਤੇ ਤਿਨ੍ਹਾਂ ਨੂੰ
ਕਮੀ ਨ ਕਾਈ। ਖਾਵਨ ਪੀਵਨ ਤੇ ਭੋਗਨ
ਭੁੰਚਨ ਭਾਗ ਉਨ੍ਹਾਂ ਦੇ ਆਈ। ਕਰਨ ਅਰਦਾਸ
ਸਤਿਗੁਰ ਦੇ ਅਗੇ ਸਤਿਗੁਰ ਹੋਗੁ ਸਹਾਈ।
ਅਡਾ ਮੈਂ ਕੁਰਬਾਨ ਤਿਨ੍ਹਾਂ ਤੋਂ ਜਿਨ੍ਹਾਂ ਮਨ
ਪਰਤੀਤ ਸਵਾਈ। ਮਨ ਪਰਤੀਤ ਜਿਨ੍ਹਾਂ ਦੇ
ਵੱਠੀ ਕਾਜ ਉਨ੍ਹਾਂ ਦੇ ਹੋਏ। ਗੁਰ ਗੋਬਿੰਦ ਸਿੰਘ
ਦਾ ਦਰਸ਼ਨ ਕੀਤਾ[2] ਮੁਕਤ ਪ੍ਰਾਪਤ ਹੋਏ।

ਕੁਛ ਚਿਰ ਠਹਿਰਕੇ ਅਡਾ ਜੀ ਨੇ ਫੇਰ ਸੱਦ ਦਿਤੀ-

ਨਾਮ ਤੁਮਾਹਰਾ ਜਪ ਜਪ ਜੀਵਾਂ ਸੁਰਤ ਕਰਾਂ
ਜਪੁ ਮਾਲੀ। ਆਠ ਪਹਿਰ ਹੀਏ ਵਿਚ ਰਖਦਾ
ਸੁਰਤ ਸਤਿਗੁਰ ਵਾਲੀ। ਮਨ ਨੀਵਾਂ ਮਤ
ਉੱਚੀ ਹੋਈ ਉਨਮਨ ਦੀ ਚੜ੍ਹ ਲਾਲੀ।
ਗੁਰਮੁਖ ਹਰਿ ਹਰਿ ਜਪ ਆਘਾਨੇ ਸਿਰ ਤੇ
ਸਤਿਗੁਰ ਵਾਲੀ[3]।

ਜਦ ਅਡਾ ਜੀ ਸੱਦ ਦੇ ਚੁਕੇ ਤਾਂ ਕਵਿ ਜੀ 'ਬਿਹਾਰੀ' ਛਾਪ ਵਾਲੇ ਬੋਲੇ:-

ਯਾਰ ਯਾਰਾਂ ਕੋਲੋਂ ਵਿਦਾ ਜੁ ਮੰਗਦੇ ਆਖ

---

*ਪਾਤਸ਼ਾਹਾਂ ਦੇ ਦਫਤਰ ਵਿਚ ਜਿਸ ਜਗਾ ਦਾ ਨਾਮ ਲਖੀ ਜੰਗਲ ਲਿਖੀਂਦਾ ਸੀ ਉਹ ਟਿਕਾਣਾ ਬਠਿੰਡੇ ਤੋਂ ਪੰਜ ਸਤ ਮੀਲ ਪਰੇ ਮਹਿੰਮੇ ਪਿੰਡ ਦੇ ਲਾਗ ਸੀ।

੧. ਇਹ ਸਾਰੇ ਛੰਦ ਜੋ ਅਗੇ ਆਉਂਦੇ ਹਨ 'ਉਚਾਰ ਖਾਸੇ ਲਖੀ ਜੰਗਲ' ਕਰਕੇ ਪ੍ਰਸਿਧ ਹਨ। ਹੁਣ ਤਕ ਦੀ ਪੜਤਾਲ ਏਹ ਦਸਦੀ ਹੈ ਕਿ ਇਸੇ ਟਿਕਾਣੇ ਲਖੀ ਜੰਗਲ ਦੇ ਏਹ ਉਚਰੇ ਹਨ। ਏਹ ਬੀ ਖਿਆਲ ਹੈ ਕਿ ਸ਼ਾਯਦ ਏਹ ਉਚਾਰ ਬਠਿੰਡੇ ਵਾਲੇ ਲਖੀ ਜੰਗਲ ਵਿਚ ਹੋਏ ਹੋਣ, ਪਰ ਇਹ ਸਹੀ ਨਹੀਂ ਜਾਪਦਾ।

੨. 'ਗੋਬਿੰਦ ਸਿੰਘ ਦਾ ਦਰਸ਼ਨ ਕੀਤਾ' ਬੀ ਪਾਠਾਂਤ੍ਰ ਹੈ।

੩. ਪਾਠਾਂਤ੍ਰ ਇਹ ਬੀ ਹੈ 'ਨਿੰਦਕ ਦਾ ਘਟ ਖਾਲੀ'।

ਦਿਖਾ ਕੀ ਕਰੀਐ? ਸਿਰ ਨੂੰ ਕਟਿ ਰੀਸਾਲ
ਬਣਾਈਐ ਪੇਸ਼ ਮਿਤ੍ਰਾਂ ਦੀ ਧਰੀਐ। ਜੇ ਸਿਰ
ਦਿਤੇ ਰਾਜ਼ੀ ਥੀਵਨ ਸਿਰ ਦੇਂਦੇ ਢਿਲ ਨ
ਕਰੀਐ? ਸਿਰ ਸਦਕੇ ਕੁਰਬਾਨ 'ਬਿਹਾਰੀ'
ਜੇ ਵਿਚ ਨਿਗਾਹਾਂ ਦੇ ਮਰੀਐ।

ਇਹ ਮਾਝ ਦੀ ਸੱਦ ਜਾਂ ਠਹਿਰੀ ਤਾਂ 'ਲਾਲ' ਕਵਿ ਜੀ ਬੋਲੇ:-

ਮਹਿਬੂਬਾਂ ਦੇ ਦਰਸ਼ਨ ਕਾਰਣ ਸੁਰਮਾਂ ਆਪ
ਪਿਸਾਇਆ। ਦੇ ਦੇ ਧਮਕਾਂ ਨਿੱਕਾ ਕੀਤਾ
ਪਥਕਰ ਜ਼ੋਰ ਸਹਾਇਆ। ਜਿਉਂ ਜਿਉਂ ਘਸੇ
ਤਿਉਂ ਤਿਉਂ ਰੱਸੇ ਚੜ੍ਹਦਾ ਰੂਪ ਸਵਾਇਆ।
'ਲਾਲ' ਖਿਆਲ ਮੁਇਆਂ ਫਿਰ ਜੀਵੇ ਜਾਂ
ਚਸ਼ਮਾਂ ਦਾਖਲ ਆਇਆ।

ਇਸਦੀ ਧੁਨ ਮੁੱਕਣ ਮਗਰੋਂ 'ਬਿਹਾਰੀ'[1] ਛਾਪ ਵਾਲੇ ਕਵੀ ਜੀ ਫੇਰ ਬੋਲੇ:-

ਇਸ ਨੇਹਾਂ ਮੈਂਡੇ ਸਤਿਗੁਰ[2] ਵਾਲੇ ਮੇਰੇ ਸੀਨੇ
ਅੰਦਰ ਪੁੜਿਆ। ਹੁਣ ਤਾਂ ਮੁੜਿਆ ਬਣਦੀ
ਨਾਹੀਂ ਜਾਂ ਸਨਮੁਖ ਮੱਥਾ ਜੁੜਿਆ। ਭੰਨੀ
ਭੰਨੀ ਪੱਤਣ ਵੱਵਾਂ ਅਗਹੁੰ ਬੇੜਾ ਹੁੜਿਆ!
ਤਿਨ੍ਹਾਂ ਨਾਲੋਂ ਟੁੱਟੀਆ ਚੰਗੇਰੀ ਸਿਦਕ ਜਿਨ੍ਹਾਂ
ਦਾ ਮੁੜਿਆ।

ਇਸ ਸੱਦ ਵਿਚ ਦਸੇ ਸਿਦਕ ਦੇ ਜੋਸ਼ ਵਿਚ ਭਰਕੇ ਆਪ ਨੇ ਹੋਰ ਇਕ ਸੱਦ ਲਾਈ:-

ਜੈਂ ਦੀ ਸਿੱਕ ਤੈਈਂ ਦਾ ਸਿੱਕਾ ਬਿਆ ਸਿੱਕਾ
ਫਿੱਕਾ ਲੱਗੇ। ਜੈਂਦੇ ਦਰਦ ਤਈਂ ਦਾ ਦਾਰੂ
ਬਿਆ ਦਾਰੂ ਕੀਹ ਲਗੇ। ਜੈਂਦਾ ਨਾਉਂ
ਨੀਸਾਣ ਤਈਂ ਦਾ ਵੱਜ ਰਿਹਾ ਵਿਚ ਜੱਗੇ।
ਸੱਜਨ ਕੋਲੋਂ[3] ਮੁਖ ਜਿ ਮੋੜਨ ਸੇ ਦਰਗਹਿ
ਮੂਲ ਨ ਤੱਗੇ।

ਬਿਹਾਰੀ ਦੇ ਏਹ ਸਿਦਕਾਂ ਵਾਲੇ ਕਟਾਖਜ, ਪਰ ਕਮਜ਼ੋਰਾਂ ਲਈ ਰਤਾ ਚੁਭਵੇਂ ਖਿਆਲ ਉਤੇ 'ਨੰਦ ਲਾਲ' ਨੇ ਨਿੰਮ੍ਰਤਾ ਤੇ ਸੰਭਾਲ ਦੇ ਭਾਵ ਵਿਚ ਸੱਦ ਲਾਈ:-

ਏਕ ਦਿਹਾਂ ਮੈਂ ਸਤਿਗੁਰ ਕੋਲੋਂ ਪ੍ਰੇਮ ਸੁਰਾਹੀ
ਪੀਤੀ। ਭਾਇ ਅਸਾਡੇ ਲਿਖੀ ਫਕੀਰੀ ਸੋ
ਮਸਤਕ ਧਰ ਲੀਤੀ। ਪਿਛਲਾ ਜਨਮ ਅਕਾ-
ਰਥ ਖੋਇਆ ਹਰਿ ਕੀ ਭਗਤ ਨ ਕੀਤੀ। ਆਗੈ
ਸਮਝ ਚਲਹੁ 'ਨੰਦ ਲਾਲ'[1] ਜੋ ਬੀਤੀ ਹੋ ਬੀਤੀ[2]।

ਇਸ ਵੇਲੇ ਇਕ 'ਬਿਹੰਗਮ' ਦੂਰ ਬੈਠੇ ਸੇ, ਇਨ੍ਹਾਂ ਦਾ ਵਰਤਾਰਾ ਮਸਤਾਨਾ ਸੀ, ਅਪਣੀ ਮਸਤੀ ਦੀ ਲੈ ਵਿਚ ਇਹ ਸੱਦ ਲਾ ਉਠੇ:-

ਮੁਸ਼ਕਲ ਮਿਲਣ ਮਾਹੀ ਨੂੰ ਹਾਰੇ ਔਝੜ ਝੰਗ
ਬਲਾਈਂ। ਕਰ ਕਰ ਸ਼ੇਰ ਜਮਾਤੀਂ ਬੈਠੇ ਨਾਗ
ਕੁੰਡਲ ਬਲ ਪਾਈ। ਪੰਧ ਮੁਹਾਲ ਨ ਦੇਂਦੇ
ਜਾਵਣ, ਮਲ ਡਾਕੇ ਬਹਿਣ ਸਰਾਈਂ। ਅੱਗੇ
ਬੇਪਰਵਾਹ ਰੰਝੇਟਾ ਭਾਣੇਂ ਮਿਲਣ ਰਜਾਈਂ।

ਇਸ ਵਿਚ ਰਜ਼ਾ ਤੇ ਭਾਣੇ ਦਾ ਸਿੱਖੀ ਅਸੂਲ, ਪਰ ਮੁਸ਼ਕਲ ਦੀ ਅੱਤਤਾਈ ਦਾ ਕਟਾਖਜ ਸੀ; ਇਸ ਪਰ ਇਕ ਹੋਰ ਸਿਦਕਾਂ ਵਾਲੇ ਪ੍ਰੇਮੀ ਜੀ ਨੇ ਸੱਦ ਲਾਈ:-

ਬੇ ਫਿਕਰਾਂ ਨੋ ਫਿਕਰ ਨ ਕਾਈ ਸਦਾ ਰਹਿਣ
ਮਤਵਾਲੇ। ਅੱਠੇ ਪਹਿਰ ਰਹਿਣ ਵਿਚ ਗਿਣਤੀ
ਬਹੁਤੀ ਮਾਇਆ ਵਾਲੇ। ਇਸ ਮਾਇਆ ਤੇ ਦੂਰ
ਖੜੋਤੇ ਕਾਈ ਵਿਰਲੇ ਸਾਧ ਮੁਖਾਲੇ। ਕੰਮ
ਸੁਆਲੀਆਂ ਬੇੜੇ ਭਗਤਾਂ ਦੇ ਮੈਂਡਾ ਸਤਿਗੁਰ
ਆਪ ਸੰਭਾਲੇ।

ਹੁਣ ਬਿਹਾਰੀ ਨੇ ਫੇਰ ਸੱਦ ਉਠਾਈ:-

ਆਸ਼ਕ ਆਸ਼ਕ ਸਭ ਕੋਈ ਆਖੇ ਟੇਢੀ ਪਗਰੀ
ਧਰਕੇ। ਸਿਰ ਤੇ ਪਰੇ ਇਸ਼ਕ ਦਾ ਡੇਰਾ ਸਭ ਮੁੜ
ਆਏ ਡਰ ਕੇ। ਮਾਨ ਮਨੀ ਤੇ ਖ਼ੁਦੀ ਤਕੱਬਰ
ਕੋਈ ਨ ਰਹਿਓ ਜਰਕੇ। ਸੱਜਨਾਂ[3] ਦੇ ਉਸ
ਮਹਿਲ ਬਿਹਾਰੀ! ਕੋਈ ਆਸ਼ਕ ਪਹੁਤਾ ਮਰਕੇ।
ਇਸ਼ਕ ਨਗੀਨਾ ਸੋਈ ਜਾਣਨ ਜਿਹੜੇ ਹੋਵਣ

---

੧. ਇਹ ਕਵੀ ਜੀ ਭਾਗੀ ਬਾਦਰ ਪਿੰਡ ਤਲਵੰਡੀ ਦੇ ਲਾਗੇ ਦਮਦਮੇ ਦੇ ਇਲਾਕੇ ਵਿਚ ਹੋਏ ਹਨ।

੨. ਪਾਠਾਂਤ੍ਰ 'ਮੁਰਸ਼ਦ' ਬੀ ਹੈ।

੩. ਪਾਠਾਂਤ੍ਰ 'ਮਿਤ੍ਰਾਂ ਕੋਲੋਂ' ਬੀ ਹੈ।

---

੧. ਇਹ ਭਾਈ ਨੰਦ ਲਾਲ ਜੀ ਫਾਰਸੀ ਵਾਲੇ ਕਵੀ ਨਹੀਂ, ਹੋਰ ਸੱਜਣ ਹਨ।

੨. ਪਾਠਾਂਤ੍ਰ 'ਪਿਛਲੀ ਹੋਇ ਸੁ ਬੀਤੀ' ਬੀ ਹੈ।

੩. ਪਾਠਾਂਤਰ 'ਮਹਿਬੂਬਾਂ'।

ਆਪ ਨਗੀਨੇ। ਇਸ਼ਕ ਮੁਸ਼ਕ ਦੀ ਸਾਰ ਕੀ ਜਾਣਨ ਕੋਈ ਕਾਇਰ ਲੋਕ ਕਮੀਨੇ। ਇਸ਼ਕ ਨਹੀਂ ਕੋਈ ਤਿਖੀਆਂ ਛੁਰੀਆਂ ਘਾਉ ਕਰਨ ਵਿਚ ਸੀਨੇ। ਤਨ ਦੀਆਂ ਤਪਤਾਂ ਮਿਟਨ ਬਿਹਾਰੀ ਜੇ ਦਿੰਸਣ ਗੁਰੂ ਨਗੀਨੇ[1]।

ਹੁਣ 'ਬਿਹਾਰੀ' ਜੀ ਫੇਰ ਉਮਾਹ ਭਰੀ ਸ਼ਾਂਤ ਵਾਲੀ ਧੁਨਿ ਵਿਚ ਬੋਲੇ:-

ਮਨ ਅਸਵਾਰ ਪਵਨ ਕਾ ਘੋੜਾ ਅਸਾਂ ਗਗਨ ਤਮਾਸ਼ੇ ਜਾਣਾ। ਗਗਨ ਅੰਦਰ ਇਕ ਬਾਗ ਅਜਾਇਬ ਚੁਣ ਅੰਮ੍ਰਿਤ ਫਲ ਖਾਣਾ। ਮਿੱਠਾ ਬੋਲਣ ਤੇ ਨਾਮ ਅਰਾਧਨ ਸੀਤਲ ਪਵਨ ਫੁਹਾਰਾ। ਮਨ ਦੀਆਂ ਵਾਗਾਂ ਹੱਥ ਬਿਹਾਰੀ[2] ਤਿਨ੍ਹਾਂ ਕਉਣ ਮਿਲੈ ਅਸਵਾਰਾ।

ਹੁਣ ਫੇਰ 'ਬਿਹੰਗਮ' ਮਸਤ ਜੀ ਨੇ ਮੱਦ ਲਾਈ:-

ਮਹਿਬੂਬਾਂ ਦੇ ਵੇਖਣ ਕਾਰਨ ਕਖ ਗਲੀ ਦਾ ਖੀਵਾਂ। ਵੱਗੇ ਵਾਉ ਪੁਰੇ ਦੀ ਜਿਉਂ ਤਿਉਂ ਦਰ ਤੇ ਜਾਇ ਸਟੀਵਾਂ। ਆਂਦੇ ਜਾਂਦੇ ਦਾ ਦਰਸ਼ਨ ਪਾਵਾਂ ਚਰਨੀਂ ਕਦੇ ਛੁਹੀਵਾਂ। ਚਰਣ ਧੂੜ ਬਨ ਸਤਿਗੁਰ ਵਾਲੀ ਮਰਕੇ ਮੈਂ ਮੁੜ ਜੀਵਾਂ।

ਇਸ ਵੇਲੇ ਸ੍ਰੀ ਸਤਿਗੁਰ ਜੀ ਨੇ ਕ੍ਰਿਪਾ ਕਟਾਖਜ ਨਾਲ ਤੱਕਿਆ, ਤਦ ਅੱਡਾ ਜੀ ਫੇਰ ਬੋਲੇ:-

ਗੁਬਿੰਦ ਸਿੰਘ ਗੁਰਾਂ ਗੁਰ ਸੂਰੇ ਮਿਹਰ ਆਪਣੀ ਕੀਤੀ। ਜਿਤ ਵਲ ਨਜ਼ਰ ਉਤੇ ਵਲ ਮੇਹਰ ਮਿਹਰ ਅਸਾਂ ਲੈ ਲੀਤੀ। ਕਾਹਦੇ ਇਸ਼ਕ ਤੇ ਸਿਦਕ ਅਸਾਡੇ ਸਾਡੀ ਭੁੱਲ ਪਰੀਤੀ। ਨਾਮ ਦਾਨ ਇਸ਼ਨਾਨ ਦਾਤ ਦੇ ਕਮੀਂ ਨ ਕੋਈ ਕੀਤੀ।

ਇਉਂ ਲੱਖੀ ਜੰਗਲ ਵਿਚ ਵਿਦਵਾਨਾਂ ਤੇ ਕਵੀਆਂ ਦੇ ਮੇਲੇ, ਵਿਛੁੜਿਆਂ ਪਿਆਰਿਆਂ ਅਨੇਕਾਂ ਦੇ ਮੇਲੇ ਹੋ ਗਏ ਤੇ ਕਈ ਦਿਨ ਅਨੰਦ ਮੰਗਲਚਾਰ ਹੁੰਦੇ ਰਹੇ। ਦਾਨਾ ਜੀ ਨੇ ਪਰਿਵਾਰ ਸਮੇਤ ਅੰਮ੍ਰਿਤ ਛਕਿਆ ਤੇ ਇਨ੍ਹਾਂ ਦਾ ਪਵਿਤ੍ਰ ਨਾਮ ਦਾਨ ਸਿੰਘ ਹੋਇਆ। ਦਾਨ ਸਿੰਘ ਜੀ ਨੇ ਏਸ ਟਿਕਾਣੇ ਬੜੀ ਟੁੱਟ ਕੇ ਸੇਵਾ ਕੀਤੀ, ਮਹਾਂ ਸਿੰਘ ਜੀ ਤਾਂ ਬੇਦਾਵਾ ਫੜਵਾਕੇ ਸਤਿਗੁਰ ਦੇ ਦਰ ਜਾ ਖੜੋਤੇ, ਪਰ ਦਾਨ ਸਿੰਘ ਜੀ ਨੇ ਸਿਦਕ ਸਬੂਰੀ ਵਿਚ ਸਾਦਕ ਨਿਤਰਕੇ ਫੇਰ ਸੇਵਾ ਦਾ ਰੰਗ ਮਾਣਿਆਂ। ਸਤਿਗੁਰ ਜੀ ਹੁਣ ਇਥੋਂ ਟੁਰਨ ਦੇ ਖਿਆਲਾਂ ਵਿਚ ਸਨ ਕਿ ਇਕ ਹੋਰ ਪ੍ਰੇਮ ਦੀ ਕਲੀ ਆ ਖਿੜੀ।

੩. {ਇਬਰਾਹੀਮ}

ਮਾਲਵਾ ਦੇਸ਼, ਛਤਿਆਣਾ ਪਿੰਡ, ਲੱਖੀ ਜੰਗਲ ਸਤਿਗੁਰ ਵਾਲਾ, ਇਕ ਟਿੱਬੀ, ਇਕ ਕੁਟੀਆ, ਸੱਯਦ ਫਕੀਰ, ਨਾਉਂ ਪ੍ਰਸਿੱਧ 'ਬਾਹਮੀ ਸੱਯਦ' ਅਸਲ ਨਾਮ 'ਇਬਰਾਹੀਮ ਸਯੱਦ' ਕੁਟੀਆ ਦੇ ਬਾਹਰ ਬੈਠੇ ਹਨ, ਨੈਣਾਂ ਤੋਂ ਤ੍ਰੁਪ ਤ੍ਰੁਪ ਹੰਝੂ ਕਿਰਦੇ ਹਨ ਤੇ ਆਪੇ ਨਾਲ ਗੱਲਾਂ ਕਰਦੇ ਹਨ:-

"ਮਨ ਦੀ ਨਾ ਬੁਝਣ ਵਾਲੀ ਤ੍ਰਿਖਾ! ਤੂੰ ਕਦੇ ਨਾ ਲੱਥੀ। ਘਰ ਵਿਚ ਸਾਰਾ ਐਸ਼੍ਵਰਜ਼ ਸੀ, ਸੋ ਡਿੱਠਾ, ਭੋਗਿਆ, ਰੱਜ ਨਾ ਆਈ। ਘਰ ਛੱਡ ਫਕੀਰ ਹੋਏ, ਦੁੱਖ ਭੁੱਖ ਸਹੇ, ਤਪ ਤਪੇ, ਰਿਆਜ਼ਤਾਂ[1], ਕੀਤੀਆਂ, ਚਿਲ੍ਹੇ ਕੱਟੇ, ਰੋਜ਼ੇ ਰਖੇ, ਆਪਾ ਮਾਰਿਆ, ਸੁਆਸ ਚੜ੍ਹਾਏ, ਨਾਤੀਆਂ ਧੋਤੀਆਂ ਭੀ ਕੀਤੀਆਂ ਤ੍ਰਿਸ਼ਨਾ ਬੀ ਘਟੀ, ਪਰ ਪਿਆਸ ਨਾ ਬੁਝੀ। ਫੇਰ ਐਸ਼੍ਵਰਜ ਬਣਿਆਂ, ਮੁਰੀਦ ਮਿਲੇ, ਮਾਇਆ ਆਈ, ਹੁਕਮ ਮਨੀਜੇ, ਪਿਆਰ ਮਿਲੇ, ਤਲੀਆਂ ਹੇਠ ਹੱਥ ਰਖੀਜੇ, ਪਰ ਹੇ ਅਤ੍ਰਿਪਤ ਮਨ! ਤੇਰੀ ਤ੍ਰੇਹ ਨਾ ਮਿਟੀ, ਪਰ ਨਾ ਮਿਟੀ। ਪਦਾਰਥ ਨੂੰ ਭੀ ਜੀ ਨਹੀਂ ਚਾਹੁੰਦਾ, ਕਿਸੇ ਦਿੱਸਦੀ ਵਸਤੂ ਦੀ ਲਾਲਸਾ ਨਹੀਂ, ਫੇਰ ਇਹ ਪਿਆਸ ਕਾਸ ਦੀ? ਇਹ ਅਬੁਝ ਤ੍ਰਿਖਾ ਹੈ, ਇਹ ਨਾ ਸਮਝ ਆਉਣ ਵਾਲੀ ਡੰਝ ਮਾਇਕ ਹਉਬਲਿਖਾ[2] ਨਹੀਂ, ਇਹ ਪਿਆਸ ਕੋਈ ਡੂੰਘੀ ਪਿਆਸ ਹੈ। ਹਾਇ! ਮਿਲੇ; ਕੌਣ ਮਿਲੇ? ਪਤਾ ਨਹੀਂ ਮਨ ਕਿਸਨੂੰ ਲੋਚਦਾ ਹੈ?"

ਫਕੀਰ ਜੀ ਇਸ ਵੇਲੇ ਮਾਨੋਂ ਇਸ ਪ੍ਰਕਾਰ ਦੀ ਪੀੜਾ ਵਿਚ ਹਨ:-

ਤੜਪ ਪਈ ਤੜਪਾਂਦੀ ਅੰਦਰ ਸਿੱਕ ਕੁਈ ਧੂਹ ਪਾਂਦੀ ਹੈ। ਅਣਬੁਝਦੀ ਕੁਈ ਡੰਝ ਕਾਲਜਾ ਖੁਹ ਖੁਹ ਕੇ ਲਈ ਜਾਂਦੀ ਹੈ। ਕੁਝ ਹੁੰਦਾ ਕੁਝ ਹੁੰਦਾ ਭਾਸੇ, ਕੀ ਭਾਸੇ?

---

੧. ਪਾਠਾਂਤਰ 'ਤ੍ਰੁਸ ਮਿਲਨ ਯਾਰ ਨਗੀਨੇ'।

੨. ਬਿਹਾਰੀ ਜੀ ਦੀਆਂ ਹੋਰ ਸਦਾਂ, ਦੇਖੋ ਪ੍ਰਸੰਗ ਬੀਬੀ ਦੇਸਾਂ।

---

੧. ਤਪ, ਹਠ। ੨. ਅਤਿ ਤ੍ਰਿਸ਼ਨਾ।

ਕੁਈ ਸਮਝ ਨਹੀਂ, ਪੀੜ ਕਲੇਜੇ! ਨੀਰ ਨੈਣ ਵਿਚ ਘੁਲਦੀ ਜਿੰਦੜੀ ਜਾਂਦੀ ਹੈ।

ਆਹ! ਕੋਈ ਅਰਸ਼ਾਂ ਤੋਂ ਆਓ, ਮੇਰੀ ਲੱਗੀ ਨੂੰ ਪੁਗਾ ਦਿਓ। ਮੈਂ ਮੰਗਤੇ ਨੂੰ ਤਾਂ ਇਹ ਭੀ ਸਾਰ ਨਹੀਂ ਕਿ ਕੀ ਮੰਗਾਂ? ਹਾਇ! ਕਾਲਜਾ ਵੱਸ ਨਹੀਂ! ਹੇ ਚਮਕ ਰਹੇ ਤਾਰਿਓ! ਚੰਦ ਕਿੱਥੇ ਨੇ? ਕਿਉਂ ਡੁਲ੍ਹ ਡੁਲ੍ਹ ਅੱਖੀਆਂ ਭਰ ਰਹੇ ਹੋ? ਤੁਹਾਨੂੰ ਪਤਾ ਹੈ ਕਿ ਆਹ ਤੁਹਾਡਾ ਚੰਦ ਹੈ, ਤੁਸੀਂ ਡਿਠਾ ਹੈ ਕਈ ਰਾਤਾਂ ਦਰਸ਼ਨਾਂ ਨਾਲ ਖੀਵੇ ਹੋਏ ਹੋ, ਪਰ ਮੈਨੂੰ ਵਲੱਲੇ ਨੂੰ ਇਹ ਭੀ ਪਤਾ ਨਹੀਂ ਕਿ ਮੇਰਾ ਚੰਦ ਕਿਹੜਾ ਹੈ? ਕਿੱਥੇ ਹੈ? ਕਦੇ ਡਿੱਠਾ ਨਹੀਂ, ਸੁਣਿਆਂ ਨਹੀਂ, ਸੁਪਨੇ ਨਹੀਂ ਆਇਆ, ਝਾਉਲਾ ਨਹੀਂ ਪਿਆ, ਪਰ ਹਾਇ! ਫੇਰ ਸਦਾ ਨੈਣ ਡਲ੍ਹਕਦੇ, ਕਲੇਜਾ ਸਰਕਦਾ ਤੇ ਅੰਦਰਲਾ ਫੜਕਦਾ ਹੈ, ਮੱਥਾ ਤੜਫਦਾ ਹੈ, ਕਲਾਈਆਂ ਝਰਨਾਟ ਖਾਂਦੀਆਂ ਤੇ ਛਾਤੀ ਥ੍ਰੱਰਾਂਦੀ ਹੈ।

ਇੰਨੇ ਨੂੰ ਆਏ ਇਕ ਸੁਹਣੇ ਭਰਵੇਂ ਜੁਆਨ ਸਿਪਾਹੀ।

ਸਿਪਾਹੀ-ਸੱਯਦ ਸਾਹਿਬ!

ਸੱਯਦ-ਆਈਏ, ਜੀ ਆਇਆਂ ਨੂੰ।

ਸਿਪਾਹੀ-ਅਵਾਜ਼ ਬੜੀ ਨਿੰਮ੍ਹੀ ਉਦਾਸੀ ਭਰੀ ਹੈ, ਸੁਖ ਹੈ?

ਸੱਯਦ-ਓਹੋ ਵਹਿਣ ਦਾ ਦੌਰਾ ਹੈ, ਅੱਜ ਫੇਰ, ਅਗੇ ਤੋਂ ਰੋੜ੍ਹ ਵਧੀਕ ਹੈ।

ਸਿਪਾਹੀ-ਤੁਸੀਂ ਖ਼ਫ਼ੇ ਨਹੀਂ ਹੋਣਾ, ਮੈਂ ਚਿਰਕਾ ਆਇਆ ਹਾਂ, ਸੁਨੇਹਾ ਤਾਂ ਪੁੱਜ ਗਿਆ ਸੀ, ਪਰ ਰੋਝਾ ਵਧੇਰੇ ਸੀ!

ਸੱਯਦ-ਸ਼ੁਕਰ ਹੈ, ਰੋਝਾ ਹੀ ਸਹੀ, ਵਕਤ ਤਾਂ ਲੰਘ ਜਾਂਦਾ ਹੈ, ਸਾਡੇ ਵਿਹਲਿਆਂ ਦਾ ਤਾਂ ਵਕਤ ਭੀ ਨਹੀਂ ਲੰਘਦਾ; ਗੱਲ ਭੀ ਕਿਸ ਨਾਲ ਕਹੀਏ? ਸਾਰੇ ਮੁਰੀਦ ਹਨ, ਕਿਸ ਨੂੰ ਦੱਸੀਏ ਕਿ ਅਜੇ ਤਾਂ ਅਪਣਾ ਕੁਛ ਨਹੀਂ ਬਣਿਆਂ? ਧੁਰ ਟੇਕ ਨਹੀਂ ਬੱਝੀ। ਕਿਸ ਅੱਗੇ ਦੁਖ ਰੋਗ ਕਹੀਏ? ਸਭੇ ਆਪ ਦੁਖੀ ਹਨ, ਕਿਸ ਨੂੰ ਮਿੱਤ ਕਹੀਏ? ਕੋਈ ਵਿਹਲਾ ਨਹੀਂ। ਸੰਨਜਾਸ ਕਰੀਏ, ਕੀਤਾ, ਛਤਿਆਣੇ ਦੀ ਸਰਦਾਰੀ ਛੱਡੀ ਤੇ ਫਕੀਰੀ ਮੱਲੀ, ਪਰ ਦੇਖੋ! ਮਨ ਕੁਛ ਮੰਗਦਾ ਹੀ ਮੰਗਦਾ ਹੈ।

ਸਿਪਾਹੀ-ਸੱਯਦ ਸਾਹਿਬ! ਤੁਹਾਡੇ ਮਨ ਦੀ ਮੰਗ ਲੋਕਾਂ ਵਾਲੀ ਤਾਂ ਹੈ ਨਹੀਂ, ਇਹ ਤਾਂ ਲਗਨ ਹੈ। ਇਸ ਲੱਗੀ ਨੂੰ ਕੋਈ ਲਾਉਣ ਵਾਲਾ ਹੈ ਜੋ ਕਿਤੇ ਉਹਲੇ ਹੈ, ਉਹ ਬੁਝਾਵੇ ਤਾਂ ਬੁਝਾਵੇ। ਇਹ ਤਾਂ ਮੇਰੇ ਜਾਣੇ ਮਨ ਦੀ ਪਿਆਸ ਨਹੀਂ, ਅੰਦਰਲੇ ਦੀ ਡੰਝ ਹੈ, ਜੋ ਕਿਸੇ ਨਾ ਮਾਲੂਮ ਵਿਛੋੜੇ ਦੀ ਕਸਕ ਖਾਂਦਾ ਹੈ। ਹੋਰ ਤੁਸਾਨੂੰ ਕੋਈ ਲਾਲਸਾ ਨਹੀਂ, ਮੈਂ ਜਾਣਦਾ ਹਾਂ, ਬਾਲਸਖਾਈ ਹਾਂ। ਭਲਾ ਜੀਉ! ਤੁਸਾਂ ਕਦੇ ਮੁਰਸ਼ਿਦ ਭੀ ਕੀਤਾ ਹੈ? ਵਡੇ ਸਾਈਂ ਲੋਕ ਏਸ ਟਿਬੀ ਤੇ ਧੂਣੀ ਤਾਇਆ ਕਰਦੇ ਸਨ। ਜਦੋਂ ਅਮੀਂ ਖੇਡਦੇ ਖੇਡਦੇ ਆ ਨਿਕਲਿਆ ਕਰਦੇ ਮਾਂ ਤਾਂ ਉਨ੍ਹਾਂ ਨੂੰ ਦੇਖਦੇ ਹੁੰਦੇ ਸਾਂ। ਤੁਸਾਂ ਉਨ੍ਹਾਂ ਤੋਂ ਫੈਜ਼ ਪਾਇਆ ਹੋਊ?

ਸੱਯਦ-ਕੱਠੇ ਖੇਡਦੇ ਆਇਆ ਕਰਦੇ ਸਾਂ, ਹਾਂ, ਉਨ੍ਹਾਂ ਦੇ ਹੀ ਮੈਂ ਚਰਨੀ ਲੱਗਾ, ਪਹਿਲਾਂ ਇਕ ਹੋਰ ਮਿਰਜ਼ੇ ਦੀ ਸੁਹਬਤ ਰਹੀ, ਫੇਰ ਸਾਈਂ ਲੋਕਾਂ ਨੂੰ ਪੀਰ ਬਣਾਇਆ। ਫੇਰ ਇਕ ਜੋਗੀ ਦੀ ਕਸ਼ਟ ਸਾਧਨਾ ਦੀ ਸਿਖ ਮਤ ਲਈ, ਪਰ ਬਣਿਆਂ ਕੁਝ ਨਾ।

ਸਿਪਾਹੀ-ਇਹ ਅਨੋਖੀ ਜੇਹੀ ਗੱਲ ਹੈ, ਜੋ ਮਿਲਿਆਂ ਤੇ ਸਾਧਨਾਂ ਕੀਤਿਆਂ ਕੁਛ ਨਾ ਬਣਿਆਂ ਤੇ ਫੇਰ ਡੰਝ ਦੀ ਡੰਝ ਬਣੀ ਰਹੀ।

ਸੱਯਦ-ਸੱਜਨ ਜੀ! ਵਿਆਹਾਂ ਨਿਕਾਹਾਂ ਵੇਲੇ ਕਿੰਨੇ ਸਾਧਨ ਹੁੰਦੇ ਹਨ; ਪੰਡਤ ਮੁੱਲਾਂ ਆਉਂਦੇ ਹਨ, ਦੇਉਤਿਆਂ ਤੇ ਉੱਚਿਆਂ ਦੀ ਅਰਾਧਨਾ ਕਰਦੇ ਹਨ, ਮੁੰਡੇ ਕੁੜੀ ਨੂੰ ਸੋਹਾਂ ਸੁਰੀਦਾਂ ਦੇਂਦੇ ਹਨ, ਸਾਰੇ ਹੀ ਜਤਨ ਸਾਧਨ ਹੁੰਦੇ ਹਨ, ਕਸਰ ਕੋਈ ਨਹੀਂ ਰਹਿੰਦੀ, ਪਰ ਕਦੇ ਡਿੱਠਾ ਨੇ ਕਿ ਸਾਰੇ ਹੀ ਡੂੰਘੇ ਪਿਆਰ ਵਿਚ ਇਕ ਜੋਤ ਹੋ ਗਏ ਹੋਣ। ਨਹੀਂ! ਪਿਆਰ ਦੇ ਕੀ ਸਾਧਨ, ਲੱਗਣ ਤਾਂ ਅਵੱਲੀਆਂ, ਨਾ ਲੱਗਣ ਤਾਂ ਪਏ ਸਾਧਨ ਤਪ ਕਰੋ।

ਸਿਪਾਹੀ (ਤ੍ਰਬ੍ਹਕ ਕੇ)-ਸੱਚ ਹੈ। (ਨੈਣੀ ਨੀਰ ਭਰ ਆਇਆ) ਜ਼ੋਰੋ ਜ਼ੋਰੀ ਕਦ ਲਗਦੀਆਂ ਹਨ? ਪ੍ਰੀਤ ਤਾਰਾਂ ਲਾਇਆਂ ਕਦ ਲੱਗੀਆਂ?

ਸੱਯਦ-ਦੁੱਖ ਇਕ ਹੋਰ ਹੈ, ਤ੍ਰਿੱਖੀ ਅਕਲ ਤੇ ਇਲਮ ਦੀ ਵਾਕਬੀ, ਏਹ ਜ਼ਾਨ ਦੇ ਵੈਰੀ ਹੋ ਢੁੱਕੇ ਹਨ। ਪੀਰੀ ਫਕੀਰੀ ਦੀ ਮਾਨ ਵਡਿਆਈ ਇਹ ਦੁਸ਼ਮਨੇ ਜਾਨ ਹੋ ਰਹੀ ਹੈ, ਨਹੀਂ ਤਾਂ ਢੂੰਡ ਭਾਲ

ਲੱਗੀ ਰਹੇ, ਹੋਰ ਨਹੀਂ ਤਾਂ ਇਹੋ ਹੀ ਸਹੀ।

ਸਿਪਾਹੀ-ਪੀਰ ਜੀ! ਆਪੇ ਦੀ ਸੋਝੀ ਬਿਨਾਂ ਟਿਕਾਉ ਨਹੀਂ, ਸੰਸਾਰ ਦੇ ਰੰਗ ਇਸ ਮਨ ਦੇ ਅੱਗੇ ਪੜਦਾ ਹਨ ਜੋ ਇਸ ਨੂੰ ਆਪੇ ਦੇ ਦਰਸ਼ਨ ਨਹੀਂ ਹੋਣ ਦੇਂਦੇ। ਆਪੇ ਦੇ ਅੱਗੇ ਆਪੇ ਦਾ ਹੀ ਪੜਦਾ ਹੈ, ਜੋ ਸਾਈਂ ਦੇ ਦੀਦਾਰ ਨਹੀਂ ਲੈਣ ਦੇਂਦਾ। ਫਿਰ ਜਿੰਨਾਂ ਆਪਾ ਤ੍ਰਿੱਖੀ ਸੋਝੀ ਵਾਲਾ, ਤ੍ਰਿੱਖੀ ਅਕਲ ਵਾਲਾ, ਇਲਮ ਵਾਲਾ, ਓਨਾਂ ਵਧੀਕ ਹੁੱਜਤੀ ਤੇ ਖੁੱਜਤੀ, ਓਨਾਂ ਵਧੀਕ ਸਹਿੰਸਿਆਂ ਵਾਲਾ ਤੇ ਖੁੰਦ੍ਰਾਂ ਪੁੱਟਣ ਵਾਲਾ ਤੇ ਓਨਾਂ ਹੀ ਵਧੀਕ ਆਪੇ ਦਾ ਪੜਦਾ ਆਪੇ ਦੇ ਅੱਗੇ ਗਾਹੜਾ। ਦਿਸੇ ਕੀ ਤੇ ਕੀਕੂੰ? ਮੈਨੂੰ ਤਾਂ ਜੋ ਚਾਰ ਸਤਰਾਂ ਸੁਣੀਆਂ ਸਨ ਬੜੀ ਵਾਰ ਹਨੇਰਾ ਹੋ ਢੁਕਦੀਆਂ ਹਨ ਤੇ ਆਪ ਤਾਂ ਭਾਰੇ ਪੜ੍ਹੇ ਹੋਏ ਹੋ।

ਸੱਯਦ-ਸੱਜਨਾਂ! ਗੱਲਾਂ ਬੜੇ ਪਤੇ ਦੀਆਂ ਸਟਣ ਲੱਗ ਗਿਆ ਹੈਂ! ਨੁਹਾਰ ਹੋਰ ਹੈ, ਤੌਰ ਹੋਰ ਹਨ, ਅਸਰ ਤਾਸੀਰ ਵਾਲੀ ਗੱਲ ਕਰਦਾ ਹੈਂ। ਕੀ ਹੋ ਗਿਆ ਹੈ? ਮੈਂ ਅੱਜ ਤੈਨੂੰ ਉਚੇਚੇ ਸੱਦ ਘੱਲਿਆ ਨੈ। ਯਾਰਾ! ਨਿੱਕੇ ਹੁੰਦਿਆਂ ਦਾ ਮਿੱਤ੍ਰ ਹੈਂ, ਕੁਛ ਦੱਸ ਅਸਾਂ ਨੂੰ ਬੀ। ਅੱਜ ਮੇਰੀ ਜਾਨ ਬੜੀ ਤ੍ਰੁੱਟਦੀ ਹੈ, ਇਉਂ ਹੁੰਦਾ ਹੈ ਜਿਵੇਂ ਸਾਰੇ ਦਾ ਸਾਰਾ ਪੰਘਰਕੇ ਢਲ ਚੱਲਿਆ ਹਾਂ। ਅਕਲਾਂ ਇਲਮ ਕੋਈ ਰਸਤਾ ਨਹੀਂ ਦੇਂਦੇ। ਇਸ ਵਲਵਲੇ ਨੂੰ ਕੱਢਦਾ ਹਾਂ, ਪਰ ਨਿਕਲਦਾ ਨਹੀਂ।

ਸਿਪਾਹੀ-ਇਹ ਕੀਕੂੰ ਨਿਕਲੇ? ਕੋਈ ਓਪਰੀ ਸ਼ੈ ਹੈ, ਕੋਈ ਅਹੁਰ ਹੈ ਜੋ ਨਿਕਲੇ? ਹੋਈ ਤਾਂ ਕੁਦਰਤੀ ਕੋਸ਼ਿਸ਼। ਕਿਸੇ ਘੁੱਸੇ ਟਿਕਾਣੇ ਤੇ ਅੱਪੜਨ ਦੀ ਜਾਂ ਕਿਸੇ ਸੁਖਦਾਈ ਟਿਕਾਣੇ ਅੱਪੜਨ ਦੀ ਇਹ ਡੰਝ ਹਰ ਇਨਸਾਨ ਨੂੰ ਹੈ। ਕਿਸੇ ਘਣੀ ਕਿਸੇ ਥੋੜੀ, ਕਿਸੇ ਨੂੰ ਕਦੇ ਇਕ ਅਧ ਵਾਰ ਲੱਗੀ ਤੇ ਝਲਕਾ ਦੇ ਗਈ, ਕਿਸੇ ਨੂੰ ਅਣਬੁਝਵੀਂ ਹੋ ਗਈ। ਇਹ ਸ਼ਰ੍ਹਾ ਦੇ ਫਤਵਿਆਂ ਤੇ ਪੜ੍ਹਿਆਂ ਦੀਆਂ ਦਲੀਲਾਂ ਦੇ ਕਾਬੂ ਦੀ ਸ਼ੈ ਨਹੀਂ ਇਸ ਨੂੰ ਹਰ ਦੇਸ਼, ਹਰ ਥਾਂ ਪੜ੍ਹਿਆਂ ਨੇ ਮਾਰਿਆ, ਨੱਪਿਆ, ਪਾਤਸ਼ਾਹਾਂ ਨੇ ਤਸੀਹੇ ਦਿਤੇ, ਪਰ ਇਹ ਆਪੇ ਦੀ ਡੰਝ ਅਮਿਟ ਰਹੀ।

ਸੱਯਦ-ਫੇਰ ਹੁਣ, ਕੀ ਡੰਝ ਹੀ ਡੰਝ ਲੱਗੀ ਰਹੇ, ਉਡੀਕ ਹੀ ਉਡੀਕ, ਇੰਤਜ਼ਾਰ ਹੀ ਇੰਤਜ਼ਾਰ? ਮਿਲਾਪ ਨਹੀਂ, ਤ੍ਰਿਪਤੀ ਨਹੀਂ, ਵਸਾਲ ਨਹੀਂ। ਇਸੇ ਪੀੜ ਦੀਆਂ ਕਸਕਾਂ ਦਾ 'ਆਪਾ ਖਾਣਾਂ ਰਸ' ਹੀ ਮਹਾਂ ਰਸ ਜਾਣੀਏ!

ਸਿਪਾਹੀ (ਮਿੱਠਾ ਹਾਹੁਕਾ ਲੈਕੇ) -

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥
ਨਾਨਕ ਤਾਕੈ ਬਲਿ ਬਲਿ ਜਾਸਾ॥ {ਸੁਖਮਨੀ}

ਸੱਜਨਾਂ! ਪਿਆਸ ਕਿਥੇ ਧਰੀ ਪਈ ਹੈ, ਪਿਆਸ ਲਗੇ ਤਾਂ ਪਾਣੀ ਮੰਗੇ ਨਾ!

ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ। {ਆ: ਮ: ੧}

ਭੁੱਖ ਹੀ ਤਾਂ ਜੀ ਉੱਠਣਾ ਹੈ। ਭੁੱਖ ਹੀ ਨਹੀਂ ਤਾਂ ਮੌਤ ਹੈ! ਭੁੱਖ ਮੁਬਾਰਕ ਹੈ। ਹਾਂ, ਤ੍ਰੇਹ ਭਾਗੇ ਭਰੀ ਹੈ, ਲਗੇ ਸਹੀ, ਚਾਹੇ ਤ੍ਰੇਹ ਵਿਚ ਮਰ ਜਾਏ, ਪਰ ਸਾਈਂ ਜੀ! ਤ੍ਰੇਹ ਨਾ ਮਿਟੇ, ਪਰ ਨਾ ਮਿਟੇ। (ਰੋ ਪਿਆ ਤੇ ਨਰਮ ਅਵਾਜ਼ ਵਿਚ):-

ਦੇਹੁ ਦਰਸੁ ਨਾਨਕ ਬਲਿਹਾਰੀ
ਜੀਅੜਾ ਬਲਿ ਬਲਿ ਕੀਨਾ॥ {ਤੁਖ: ਮ: ੫-੧੧}

ਸੱਯਦ-ਹੇ ਚਾਤ੍ਰਿਕ ਮਿੱਤ੍ਰਾ! ਜਿਸ ਨੂੰ ਸ੍ਵਾਂਤੀ ਬੂੰਦ ਲੱਝ ਗਈ ਹੈ, ਓ ਬੰਬੀਹੇ! ਜਿਸ ਨੂੰ ਉਹ ਜਲ ਦੀ ਬੂੰਦ ਮਿਲ ਗਈ ਹੈ, ਕਿ ਜਿਸ ਦਾ ਮੈਂ ਅਜੇ ਪਿਆਸਾ ਹਾਂ, ਤੇਰੇ ਵਾਕ ਸੁਹਾਗਣਾਂ ਵਾਲੇ ਹਨ, ਤੇਰੇ ਨੈਣ ਰਸੀਲੇ ਹੋ ਗਏ ਹਨ, ਤੇਰੀ ਬਾਣੀ ਵਿਚ ਮਿਠਾਸ ਆ ਗਈ ਹੈ, ਤੇਰੀਆਂ ਮੁਬਾਰਕ ਬਾਹਾਂ ਗਲੇ ਜਾ ਲਗੀਆਂ ਜਾਪਦੀਆਂ ਹਨ, ਕੁਈ ਦੱਸ ਉਪਦੇਸ਼ੜਾ, ਕੋਈ ਪਾ ਰਸਤੜੇ, ਕੁਈ ਵੰਡਾ ਹਿੱਸਾ। ਬਾਲ ਸਖੇ! ਲੁਕੋ ਨਾ ਕਰ, ਤੇਰੀ ਗਲ ਨਿਰਾਲੀ ਹੈ, ਤੂੰ ਪਾਇਆ ਹੈ, ਤੂੰ ਪਾਇਆ ਹੈ, ਨਹੀਂ ਤਾਂ ਲਪਟ ਤੇਰੇ ਵਿਚ ਕਾਹਦੀ ਹੈ?

ਸਿਪਾਹੀ (ਕਿੰਨਾਂ ਚਿਰ ਛਮਾਂ ਛਮ ਰੰਗਾਂ ਵਿਚ ਰਹਿਕੇ)-ਕਿਸਨੇ ਪਾਇਆ ਹੈ? ਕੌਣ ਪਾ ਸਕਦਾ ਹੈ? ਟੁੰਡੇ ਦਾ ਜੱਫੀ ਪਾਣਾ ਕੀ? ਸਾਈਂਆਂ! ਉਹ ਜੱਫੇ ਪਾਵੇ ਜੋ ਬਾਹਾਂ ਵਾਲਾ ਹੈ। ਹਦ ਵਾਲੇ ਦਾ ਬੇਹਦ ਨੂੰ ਕਲਾਈ ਵਿਚ ਲੈਣਾ ਕੀਹ? ਉਹ ਝਾਂਵਲਾ ਦੇਵੇ ਉਹ ਮਿਹਰ ਕਰੇ, ਉਹ ਆਪ ਗੋਦੀ ਲੈ ਲਵੇ। ਦਿਸੇ ਨੈਣੀਂ, ਵਸੇ ਅੰਦਰ, ਚਰਨੀਂ ਲਾ ਲਵੇ, ਸ਼ਰਨੀ ਪਾ ਲਵੇ, ਆਪੇ। ਟੁੰਡੇ ਨੇ ਗਲ ਕੀ ਲਗਾਣਾਂ ਤੇ ਰੁਹਲੇ ਨੇ ਕੀ ਪਹੁੰਚਣਾਂ।

ਸੱਯਦ (ਮਹੀਨ ਤੇ ਠਹਿਰਵੀਂ ਸੁਰ ਨਾਲ)- ਠੀਕ! ਫੇਰ ਬੈਠੇ ਰਹੀਏ ਆਸਵੰਦ?

ਸਿਪਾਹੀ-**'ਆਸਾ ਪਿਆਸੀ ਰੈਨਿ ਦਿਨੀਅਰੁ ਰਹਿ ਨ ਸਕੀਐ ਇਕੁ ਤਿਲੈ'॥** {ਬਿ: ਮ: ੫-੨}

ਸੱਯਦ-ਠੀਕ, ਪਰ ਦਿਲ ਵਿਲਕਦਾ ਹੈ ਮਿਲਨ ਨੂੰ।

ਸਿਪਾਹੀ-ਇਹੋ ਤਾਂ ਪਿਆਸ ਹੈ ਤੇ ਪਿਆਸ ਹੀ ਜਿੰਦ ਹੈ, ਤੇ ਜੀਉਂਦੇ ਨੂੰ ਹੀ ਕੋਈ ਕਦੇ ਗਲੇ ਆ ਲਾਉਂਦਾ ਹੈ। ਮੁਰਦੀਆਂ ਲੋਥਾਂ ਨੂੰ ਤਾਂ ਸਭ ਕੋਈ ਪਰੇ ਹੀ ਪਰੇ ਕਰਦਾ ਹੈ। ਹਾਂ ਜੀ, ਲਗੀ ਰਹੇ।

ਦੇਹੁ ਦਰਸੁ ਨਾਨਕ ਬਲਿਹਾਰੀ
ਜੀਅੜਾ ਬਲਿ ਬਲਿ ਕੀਨਾ॥ {ਤੁਖਾ: ਮ: ੫-੧੧}

ਸੱਯਦ-ਲੱਗੀ ਰਹੇ ਬਈ।

ਸਿਪਾਹੀ-ਲਗੀ ਰਹੇ ਬੀ ਮਿਹਰ ਹੈ, ਪਰ ਲਗੀ ਰਹੇ ਤੇ ਲਾਈ ਰਖੇ। ਹਾਂ, ਪਰ ਇਹ ਵੀ ਮੇਲਨਹਾਰ ਦੀ ਮਿਹਰ ਹੈ ਤੇ ਮਿਹਰ ਓਸੇ ਵਿਚ ਵਸਦੀ ਤੇ ਓਸ ਦੀ ਸ਼ੈ ਹੈ, ਮੇਰੇ ਤਪ ਹਠ ਸਾਧਨ ਦੇ ਵਸ ਕਾਬੂ ਦੀ ਸ਼ੈ ਨਹੀਂ, ਪਰ ਮੈਂ ਝੋਲੀ ਤਾਂ ਅੱਡੀ ਰੱਖਾਂ:-

ਚਾਤ੍ਰਿਕ ਚਿਤ ਮੁਚਿਤ ਸੁ ਸਾਜਨੁ ਚਾਹੀਐ॥
ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥
ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥
ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ॥੧੧॥ {ਫੁਨਹੇ}

ਖ਼ਬਰੇ ਕਦੇ ਖ਼ੈਰ ਪਵੇ। ਐਉਂ ਪਿਆਸ ਨਾ ਬੁਝੇ ਕਿ ਲੋੜ ਚੁਕ ਜਾਵੇ। ਮਿਲੇ ਤਾਂ ਠੰਢ ਪਵੇ, ਆ ਵਸੇ ਤਾਂ ਡੰਝ ਬੁਝੇ। ਬੂੰਦ ਮੂੰਹ ਪਵੇ ਤਾਂ ਪ੍ਰਿਉ ਪ੍ਰਿਉ ਸ਼ਮਨ ਹੋਵੇ।

ਸੱਯਦ-ਸੁਹਾਗਣੇ! ਲਾ ਕੰਤ ਦੀ ਚਰਨੀਂ। ਹਾਇ! ਲੁਕੋ ਨਾ ਕਰ।

ਸਿਪਾਹੀ-ਯਾਰਾ! ਲੁਕੋ ਕਾਹਦੇ, ਲਗੀਆਂ ਦੇ ਲੁਕਾ ਕਦੇ ਹੁੰਦੇ ਹਨ? ਰੂੰ ਦੇ ਸੰਦੂਕਾਂ ਵਿਚ ਚੰਗਿ-ਆੜੇ ਲੁਕਾਏ ਜਾ ਸਕਦੇ ਹਨ? ਮੇਰੀਆਂ ਤਾਂ ਲਗ ਗਈਆਂ ਤੇ ਲਗ ਗਈਆਂ ਨੀ ਜ਼ੋਰੋ ਜ਼ੋਰੀ। ਤੇ:-

ਸੱਯਦ (ਤ੍ਰਬੂਕ ਕੇ)-ਕਿਥੇ ਤੇ ਕਿਸ ਤਰ੍ਹਾਂ?

ਸਿਪਾਹੀ-ਆਪੇ ਵਿਚ, ਆਪੇ ਨਾਲ। ਆਪੇ ਦੇ ਪਿਛੇ; ਆਪੇ ਦੇ ਆਪੇ ਨਾਲ।

ਸੱਯਦ-ਕਿਵੇਂ?

ਸਿਪਾਹੀ-ਇਕ 'ਰੱਬ ਦੀਦਾਰ ਦੇ ਸ਼ੀਸ਼ੇ' ਵਿਚ ਮੂੰਹ ਤਕ ਬੈਠਾ ਸਾਂ ਕਿ ਮੈਂ ਆਪਣਾ ਰੂਪ ਦੇਖਾਂ। ਸ਼ੀਸ਼ੇ ਵਿਚ ਜੜੀ ਸੀ ਮੂਰਤ ਰੱਬ ਦੀ, ਮੈਂ ਆਪਾ ਦੇਖਣ ਲਗਾ ਉਸ ਮੂਰਤ ਦੇ ਦਰਸ਼ਨੀਂ ਹੀ ਰਚ ਮਿਚ ਗਿਆ।

ਸੱਯਦ-ਬੁਝਾਰਤਾਂ ਸੁਆਦਲੀਆਂ ਹੁੰਦੀਆਂ ਹਨ, ਪਰ ਤਿਹਾਏ ਨੂੰ ਪਾਣੀ ਦੀ ਬੁਝਾਰਤ ਘਬਰਾ ਵਧਾਉਂਦੀ ਹੈ।

ਸਿਪਾਹੀ-ਇਹ ਬੁਝਾਰਤ ਖੁਲ੍ਹੇ ਫੇਰ ਬੁਝਾਰਤ ਹੀ ਰਹਿੰਦੀ ਹੈ। ਦਫਤ੍ਰ ਲਿਖੇ ਗਏ, ਬੁਝਾਰਤ ਬੁਝਾਰਤ ਹੀ ਰਹੀ! ਕਾਜ਼ੀ, ਮੁੱਲਾਂ, ਪੰਡਤ, ਪਾਂਧੇ, ਗਿਆਨੀ ਪੜ੍ਹੇ ਲੋਕ ਦਿਨ ਰਾਤ ਖੁਹਲਦੇ ਹਨ, ਦਫਤਰ ਤੋਲਦੇ ਹਨ, ਕਥਾ ਵਖ਼ਿਆਨ ਦੇ ਪ੍ਰਕਾਸ਼ ਕਰਦੇ ਹਨ, ਪਰ ਹਾਇ! ਬੁਝਾਰਤ ਖੁਲਦੀ ਫੇਰ ਬੁਝਾਰਤ ਹੋ ਜਾਂਦੀ ਹੈ। ਸੀਨੇ ਤੋਂ ਸੀਨੇ ਨੂੰ ਤ੍ਰੁੱਪਦੀ ਹੈ, ਸੈਨਤਾਂ ਦੀ ਤਾਰ ਤੇ ਟੁਰਦੀ ਹੈ, ਅੱਖ ਮਟੱਕਿਆਂ ਦੀ ਸੜਕ ਉੱਤੇ ਫਿਰਦੀ ਹੈ। ਬੁਝਾਰਤ ਖ਼ੁਲ੍ਹਦੀ ਹੈ, ਪਰ ਅੰਦਰ ਵੜਦੀ ਫੇਰ ਬੁਝਾਰਤ ਹੋ ਜਾਂਦੀ ਹੈ। ਜਦੋਂ ਖੁਲ੍ਹ ਗਈ, ਨਾ ਧੁਨਿ, ਨਾ ਧੁਨਕਾਰ। ਕੱਸੀ ਰਹੇ ਤਾਰ, ਖਿੱਚੀ ਰਹੇ, ਤਾਂ ਇਲਾਹੀ ਨਾਦ। ਮੈਂ ਕੀ ਖੋਹਲਾਂ? ਖੋਲਣ ਦੇ ਦਾਵੇ ਦਾਰਾਂ ਦੀਆਂ ਉਮਰਾ ਸੇਵਾ ਕੀਤੀਆਂ, ਕੰਨ ਸੁਣ ਸੁਣਕੇ ਘਸ ਲੱਥੇ ਤੇ ਮਗਜ਼ ਸਮਝ ਸਮਝਕੇ ਪਤਲਾ ਪੈ ਗਿਆ, ਬੁਝਾਰਤ ਨਾ ਖੁੱਲ੍ਹੀ, ਬਣੇ ਤਾਂ ਕੀ ਬਣੇ? ਓਹੋ ਜੇਹੇ ਖੁਹਲਣਹਾਰ, ਪੜ੍ਹੇ ਤੋਤੇ ਪੜ੍ਹਾ ਦਿੱਤੀ ਡਾਰ, ਪੜ੍ਹ ਗਈਆਂ ਡਾਰਾਂ, ਪਰ ਜੋ ਪੜ੍ਹਦੇ ਹਨ ਸੋ ਨਹੀਂ ਬੁੱਝਦੇ। ਅਨਪੜ੍ਹੇ ਤੋਤੇ ਨੂੰ ਪੜ੍ਹੇ ਤੋਤੇ ਦੀ ਲਟਪਟ ਪੈਂਤੀ ਬੁਝਾਰਤ, ਤੇ ਪੜ੍ਹੇ ਤੋਤੇ ਨੂੰ ਪੜ੍ਹਦਿਆਂ ਸੁਣਦਿਆਂ ਬੁਝਾਰਤ! ਗੱਲ ਹੋਈ ਨੁਕਤਾ, ਬਿੰਦੀ ਲਗੀ ਹੋਈ ਕਿਸੇ ਦੇ ਮੱਥੇ। ਮੱਥੇ ਨਾਲ ਠਹਿਕੇ ਮੱਥਾ, ਲੱਗ ਜਾਏ ਬਿੰਦੀ। ਬਿੰਦੀ ਦੇ ਖੋਹਲਿਆਂ, ਫੇਰ ਬਿੰਦੀਆਂ ਭਾਵੇਂ ਨਿੱਕੀਆਂ, ਜਿਉਂ ਜਿਉਂ ਖੋਹਲੇ ਤਿਉਂ ਤਿਉਂ ਬਿੰਦੀਆਂ।

ਸੱਯਦ (ਹਾਹੁਕਾ ਲੈਕੇ)-ਯਾਰਾ ਕੀ ਹੋ ਗਿਆ, ਕੁਝ ਦੱਸ ਬੀ, ਤੂੰ ਬੀ ਬੁਝਾਰਤ ਬਣ ਗਿਆ!

ਸਿਪਾਹੀ-ਦੱਸਾਂ ਹੀ ਦੱਸਾਂ, ਪਰ ਕੀ ਦੱਸਾਂ? ਹੱਛਾ ਦੱਸਾਂ? ਸੱਜਣ ਜੀ! ਮੈਂ ਸਿਖ ਹੋ ਗਿਆ ਹਾਂ।

ਸੱਯਦ-ਇਹ ਫੇਰ ਬ੍ਰਸ਼ਾਰਤ ਹੈ।

ਸਿਪਾਹੀ-ਇਹੋ ਤਾਂ ਮੈਂ ਆਖਦਾ ਹਾਂ।

ਸੱਯਦ-ਹੱਛਾ ਬਈ ਨਾ ਦੱਸ। ਇਹ ਤਾਂ ਅਸਾਂ ਬੀ ਬੁੱਝ ਲਿਆ ਹੈ ਕਿ:-

ਤੂੰ ਪਾਇਆ ਹੈ ਤੂੰ ਪਾਇਆ ਹੈ
ਪਰ ਸਾਥੋਂ ਖੂਬ ਛਿਪਾਇਆ ਹੈ।

ਚਲੋ ਤੇਰੇ ਹੀ ਦਰਸ਼ਨ ਮੇਲੇ ਕਰਿਆ ਕਰਾਂਗੇ, ਤੇਰੇ ਵਿੱਚੋਂ ਹੀ ਖੁਸ਼ਬੋ ਲੈਕੇ ਖੀਵੇ ਹੋ ਰਿਹਾ ਕਰਾਂਗੇ। ਸਾਨੂੰ ਬੀ ਇਕ ਲਪਟ ਦਾ ਹੀ ਚਸਕਾ ਹੈ। ਫੁੱਲਾਂ ਵਿਚੋਂ ਆ ਗਈ ਤਾਂ ਕੀਹ, ਜੇ ਫੁਲੇਰੇ ਕੋਲੋਂ ਆ ਗਈ ਤਾਂ ਕੀਹ। ਅਸਾਂ ਲਪਟ ਲੈਣੀ ਹੈ, ਅਤਰ ਨਹੀਂ ਕੱਢਣੇ, ਅਤਰਾਂ ਦੀ ਰਸਾਇਣ ਨਹੀਂ ਲੱਭਣੀ। ਅਸਾਂ ਸਮੁੰਦਰ ਅੱਪੜਨਾ ਹੈ, ਸਿੱਧੇ ਅੱਪੜ ਗਏ ਤਾਂ ਕੀਹ ਜੇ ਕਿਸੇ ਕੂਲ, ਨਾਲੇ, ਨਦੀ, ਦਰਯਾ ਨਾਲ ਰਲਕੇ ਜਾ ਮਿਲੇ ਤਾਂ ਕੀਹ?

ਸਿਪਾ:-ਪਰ ਬਈ ਖੁਸ਼ਬੋ ਕਿਸੇ ਦੇ ਕੈਦ ਦੀ ਨਹੀਂ।

ਸੱਯਦ-ਸਾਨੂੰ ਜੇ ਘਰ ਬੈਠਿਆਂ ਆਵੇ ਤਾਂ। ਅੱਜ ਤੂੰ ਨਹੀਂ ਆਇਆ ਤਾਂ ਸੱਦ ਘੱਲਿਆ ਹੈ। ਕੱਲ੍ਹ ਤੋਂ ਹੁਣ ਤੇਰੇ ਦਰਸ਼ਨ ਨੂੰ ਆਪ ਚੱਲਿਆ ਕਰਾਂਗੇ। ਤੂੰ ਖੇਚਲ ਨਾ ਕਰੀਂ, ਲੋਕ ਲਾਜ ਦੇ ਸਿਰ ਪਾਨੇ ਹਾਂ ਹੁਣ ਖੇਹ। ਜੋ ਕਹਿਣਗੇ ਲੋਕੀਂ ਸੋ ਪਏ ਕਹਿਣ, ਹਾਂ ਪਏ ਕਹਿਣ।

ਸਿਪਾਹੀ (ਹੱਸਕੇ)-ਐਉਂ ਨਾ ਬਈ।

ਸੱਯਦ-ਤੇ ਹੋਰ ਕਿਸ ਤਰ੍ਹਾਂ?

ਸਿਪਾਹੀ-ਦੋਵੇਂ ਹੋਏ ਨਾ ਯਾਰ, ਦੋਵੇਂ ਹੋਈਏ ਸੰਗੀ, ਸਤਿਸੰਗੀ।

ਸੱਯਦ-ਫੇਰ ਫੜ ਬਾਂਹ।

ਸਿਪਾਹੀ-ਮੈਂ ਸਿੱਖ ਹੋਇਆ ਹਾਂ, ਤੂੰ ਬੀ ਸਿੱਖ ਹੋ। ਫੜਾ ਬਾਂਹ, ਜਿਸ ਨੇ ਮੇਰੀ ਫੜੀ ਹੈ, ਉਸ ਨੂੰ।

ਸੱਯਦ-ਤੂੰ ਫੜਕੇ ਫੜਾ ਦੇਹ, ਚੱਲ।

ਸਿਪਾਹੀ-ਚੱਲ, ਨਹੀਂ ਬਈ 'ਸੰਸੇ ਦੀ ਨਦੀ' ਤਰ ਲੈ ਨਾਂ ਪਹਿਲੇ।

ਸੱਯਦ-ਤਰਾ ਲੈ। ਦੱਸ ਕਿਵੇਂ ਤਰਾਂ?

ਸਿਪਾਹੀ-ਮੈਂ ਸਿਖ ਹੋਇਆ ਹਾਂ। ਕੇਸ ਰਖੇ ਹਨ, ਅੰਮ੍ਰਿਤ ਛਕਿਆ ਹੈ, ਤੂੰ ਤਿਆਰ ਹੈਂ?

ਸੱਯਦ-ਮੇਰੀ ਅੰਦਰਲੀ ਲੱਗੀ ਨੂੰ ਠੰਢ ਪਾ। ਕੋਈ ਸ੍ਰਾਂਤ ਬੂੰਦ ਦੇਕੇ ਪਾ, ਕੇਸ ਰਖਾ, ਅੰਮ੍ਰਿਤ ਛਕਾ।

ਸਿਪਾਹੀ-ਬਈ ਠੰਢ ਤਾਂ ਪੈ ਜਾਊ, ਪਰ ਫੇਰ ਰਹੁ ਰੀਤਾਂ?

ਸਯਦ-ਜਿਸਦੇ ਆਖੇ ਠੰਢ ਪਊ, ਜਿਸਦੇ ਮੇਲਿਆਂ ਮਨ ਠਰੂ, ਉਸਦੇ ਸਾਰੇ ਕਹਿਣੇ ਮੁੱਲ ਵਾਲੇ ਤੇ ਮੰਨਣੇ। ਉਹ ਰਹਿਬਰ ਰਸਤੇ ਦਾ, ਭੁੱਲ ਉਥੇ ਕਿਥੇ? ਉਹ ਜੋ ਆਖੇ ਉਹ ਮਿਰਯਾਦਾ, ਇਹ ਤਾਂ ਰਾਹ ਹੀ ਇਸ਼ਕ ਦਾ ਹੋਇਆ, ਚੂੰਚਰਾਂ ਕਾਹਦੀ?

ਸਿਪਾਹੀ-ਮੈਂ ਤਾਂ ਅੜੀ ਕੀਤੀ ਸੀ।

ਸੱਯਦ-ਸਾਰੀ ਗਲ ਸੁਣਾਂ ਨਾ ਬਈ।

ਸਿਪਾਹੀ-ਸੁਣੋਂ! ਮੈਨੂੰ ਪਿੰਡ ਦੇ ਗੱਭਰੂਆਂ ਕਿਹਾ: ਚਲ ਬਈ ਤੂੰ ਬਣ ਸਾਡਾ ਤੁੰਮਣਦਾਰ ਤੇ ਸਾਰੇ ਹੋਈਏ ਕੱਠੇ ਤੇ ਤੁੰਮਣ ਬੰਨ੍ਹਕੇ ਚੱਲੀਏ। ਇਕ ਜੋਧਾ ਆਇਆ ਹੈ, ਸਿਪਾਹੀ ਰਖਦਾ ਹੈ, ਤਲਬਾਂ ਢੇਰ ਦੇਂਦਾ ਹੈ, ਚਲ ਉਸਦੇ ਕੋਲ ਭਰਤੀ ਹੋ ਚਲੀਏ। ਸਾਰੇ ਘਰੀਂ ਬੈਠੇ ਕੀ ਕਰਦੇ ਹਾਂ? ਤੇਰੇ ਆਸਰੇ ਚਾਰ ਪੈਸੇ ਲੈ ਆਵਾਂਗੇ ਤੇ ਜੇ ਕੋਈ ਨਹੁੰ ਅੜ ਗਿਆ, ਤੇਰੀ ਰਾਜ ਸਰਦਾਰੀ ਬਣ ਜਾਊ ਤਾਂ ਅਸੀਂ ਤੇਰੇ ਮੁਸਾਹਿਬ ਹੁਦੇਦਾਰ ਬਣਕੇ ਬੁੱਲੇ ਲੁਟਾਂਗੇ। ਲਓ ਸਾਈਂ ਜੀ! ਜਾਂ ਅਸੀਂ ਗਏ ਖਿਦਰਾਣੇ ਤੋਂ ਉੱਪਰ ਵਾਰ ਤਾਂ ਉਹ ਜੋਧਾ ਕੌਣ ਸੀ?

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ!

ਸਾਡੇ ਸਾਰੇ ਲੋਕਾਂ ਦਾ ਗੁਰੂ, ਕਿਸੇ ਦਾ ਸੁਣਿਆਂ, ਕਿਸੇ ਦਾ ਮੰਨਿਆਂ, ਬਹੁਤਿਆਂ ਦਾ ਆਪ ਧਾਰਿਆ। ਅਨੰਦਪੁਰ ਤਾਂ ਵਰ੍ਹਾ ਦਿਨ ਵੈਰੀ ਦੇ ਦੰਦ ਭੰਨਕੇ ਸਾਥੀਆਂ ਦੇ ਦਿਲ ਛਡਣ ਕਰਕੇ ਛਡ ਆਇਆ ਸੀ, ਫੇਰ ਚਮਕੌਰ ਉਹ ਤੇਹਾ ਮਾਰੀ ਸੂ ਕਿ ਦੁਨੀਆਂ ਵਾਰਾਂ ਗਾਊ। ਫੇਰ ਏਥੇ ਆਕੇ ਵਜ਼ੀਰੇ ਦੇ ਉਹ ਦੰਦ ਭੰਨੇ ਸੂ ਕਿ ਗਲੂਰੇ ਵਾਂਙੂ ਚਊਂ ਚਊਂ ਕਰਦਾ ਮੁੜ ਗਿਆ ਹੈ। ਅਸੀਂ ਜਾਕੇ ਕੀ ਡਿਠਾ ਕਿ ਉਹ ਤਾਂ ਸਾਡਾ ਗੁਰੂ ਹੈ ਤੇ ਅਸੀਂ ਗੁਰੂ ਦੇ ਘਰ ਭਰਤੀ ਹੋ ਰਾਏ ਹਾਂ। ਖਾਣ ਪੀਣ ਨੂੰ ਖੁਲ੍ਹਾ ਮਿਲੇ, ਪਰ ਤਲਬਾਂ ਖੇਚਲ ਨਾਲ। ਖ਼ੈਰ ਮਤਲਬ ਦੀ ਗਲ ਇਹ ਹੈ ਕਿ ਮੈਨੂੰ ਤਾਂ ਦਰਸ਼ਨ ਕਰਦਿਆਂ ਕੁਛ ਹੋ ਗਿਆ ਸੀ, ਜੋ ਠਰਕ ਮੁੰਢ ਦਾ ਅੰਦਰ ਸੀ ਉਹ ਪੁੱਗ ਆਇਆ। ਜਿਉਂ ਜਿਉਂ ਸੇਵਾ ਕੀਤੀ ਮੇਰਾ ਚਾਉ ਤੇ

ਖਿੱਚ ਵਧਦੀ ਗਈ, ਤਲਬ ਤੇ ਸਰਦਾਰੀਆਂ ਦੇ 'ਸੁਪਨੇ' ਸੁਪਨੇ ਹੋ ਗਏ। ਟੁੱਟਕੇ ਸੇਵਾ ਵਿਚ ਚਾਉ, ਪਿਆਰ ਤੇ ਦਰਸ਼ਨਾਂ ਵਿਚ ਸਿੱਕ ਤੇ ਪ੍ਰੇਮ ਭਾਉ ਵਸ ਗਿਆ। ਪਹਿਲਾ ਅਸਰ ਇਹ ਹੋਇਆ ਕਿ ਜਗਤ ਦਾ ਮੋਹ ਟੁੱਟ ਗਿਆ, ਦੂਜਾ ਅਸਰ ਆਪੇ ਦਾ ਮੋਹ ਮਾਤ ਪੈ ਗਿਆ, ਤੇ ਕੁਛ ਹੋ ਗਿਆ। ਕੀ ਹੋ ਗਿਆ? ਕੁਝ ਆਪਾ ਸੁਆਦ ਵਿਚ, ਉਚਜਾਣ ਵਿਚ, ਕਿਸੇ ਲਗਨ ਵਿਚ, ਖ਼ਬਰੇ ਕਿਸ ਵਿਚ ਉਹ ਮੇਰੇ ਆਪਣੇ ਲਈ ਬੁਝਾਰਤ ਹੈ, ਆਪਾ ਕਿਸੇ ਹੋਰਵੇਂ ਡੌਲ ਵਿਚ ਹੋ ਗਿਆ ਜੋ ਕਹੀ ਨਹੀਂ ਜਾਂਦੀ।

ਅੰਤ ਸਾਰਾ ਜਥਾ ਸਤਿਗੁਰੂ ਦੇ ਸਾਹਮਣੇ ਹੋ ਗਿਆ ਮਾਇਆ ਬਦਲੇ। ਓਹ ਪਾਤਸ਼ਾਹ ਹਨ ਦੀਨ ਦੁਨੀ ਦੇ, ਪਰ ਚੋਜੀ ਹਨ, ਮਾਇਆ ਆਉਂਦੀ ਹੈ ਲੁਟਾ ਦੇਂਦੇ ਹਨ, ਨਹੀਂ ਆਉਂਦੀ ਤਾਂ ਕੜਾਕੇ ਵਿਚ ਖੁਸ਼ ਰਹਿੰਦੇ ਹਨ। ਜ਼ਥੇ ਨੇ ਤਾਂ ਵਿੰਗਾੜੀ, ਪਰ ਮੇਰੇ ਅੰਦਰ ਆਪ ਹੋ ਬੈਠਾ, ਮੈਂ ਆਖਿਆ ਸਿਖੀ ਦਾਨ ਕਰ, ਅਪਨਾ ਲੈ ਮੈਨੂੰ, ਦੇਹ ਨਾ ਕੁਛ, ਮੈਨੂੰ ਲੈ ਲੈ, ਮੇਰੀ ਸੇਵਾ ਨਾ ਖਰੀਦ, ਮੈਨੂੰ ਖਰੀਦ ਲੈ। ਇਹ ਸੁਣਕੇ ਹੱਸ ਪਏ ਤੇ ਕਹਿਣ ਲਗੇ, 'ਨਿਹਾਲ!' ਉਨ੍ਹਾਂ ਦਾ 'ਨਿਹਾਲ' ਕਹਿਣਾ ਸੀ ਕਿ ਮੇਰੇ ਲੂੰ ਲੂੰ ਵਿਚ ਝਰਨਾਟ ਛਿੜੀ ਇਕ ਝੂਟਾ ਆਇਆ, ਅਖ ਤੇ ਹੋਵੇ ਫੋਲਾ ਤੇ ਉਹ ਤੁਟਕੇ ਢੈ ਪਏ ਤੇ ਦਿੱਸ ਪਵੇ ਸੰਸਾਰ ਐਉਂ ਮੈਨੂੰ ਹੋਇਆ। ਕੋਈ ਅਕਹਿ ਸੁਆਦ ਦਿਸ ਪਿਆ, ਬਸ! ਮੈਂ ਕੀ ਕਹਾਂ?

ਫੇਰ ਹੁਕਮ ਹੋਇਆ ਅੰਮ੍ਰਿਤ ਛਕ।

ਮੈਨੂੰ ਫੇਰ ਨੀਚਤਾ ਫੁਰੀ, ਮੈਂ ਕਿਹਾ ਪਾਤਸ਼ਾਹ! ਮੈਨੂੰ ਕੁਛ ਹੋਰ ਛਕਾਓ।

ਹੁਕਮ ਹੋਇਆ ਕੇਸ ਰਖ, ਅੰਮ੍ਰਿਤ ਛਕ।

ਮੈਨੂੰ ਫੇਰ ਨੀਚਤਾ ਫੁਰੀ ਤੇ ਫੇਰ ਮੋੜ ਕੀਤਾ ਆਖਿਆ: ਪਾਤਸ਼ਾਹ! ਕੇਸਾਂ ਨਾਲ ਕੀ ਕਰੋਗੇ? ਹੱਸ ਪਏ ਤੇ ਚੋਜੀ ਕਹਿਣ ਲਗੇ ਨਾਰਕੀ! ਓ ਨਾਰਕੀ! ਨਰਕ ਵਿਚੋਂ ਤੈਨੂੰ ਕੇਸਾਂ ਨਾਲ ਫੜ ਕੇ ਪੂਹ ਕਢਾਂਗੇ? ਮੈਂ ਫੇਰ ਢੀਠਤਾ ਕੀਤੀ ਤੇ ਆਖਿਆ: ਪਾਤਸ਼ਾਹ! ਮੇਰੀ ਦਾੜ੍ਹੀ ਜੂ ਹੈ। ਹਸ ਪਏ ਤੇ ਕਹਿਣ ਲਗੇ:-ਅਸਾਂ ਉੱਪਰ ਨੂੰ ਲਿਜਾਣਾ ਹੈ*। ਮੈਂ ਕੀ ਸਮਝਾਂ ਕਿ ਕੀਹ ਪਏ ਲਖੌਂਦੇ ਹਨ। ਫੇਰ ਮੈਂ ਪੁੱਛਿਆ: ਜੀ ਕੇਸਾਂ ਦਾ ਗੁਣ? ਆਖਣ ਲਗੇ: ਮੇਰੀ ਖੁਸ਼ੀ। ਮੈਂ ਆਖਿਆ, ਜੀ ਮੇਰਾ ਲਾਭ? ਕਹਿਣ ਲਗੇ, ਤੇਰਾ ਲਾਭ ਮੇਰੀ ਖੁਸ਼ੀ। ਮੈਂ ਢੀਠ ਨੇ ਫੇਰ ਚੁੱਕ ਆਖਿਆ, ਜੀ ਹੋਰ ਕੋਈ? ਇਸ ਵੇਲੇ ਆਪ ਨੂੰ ਅਚਾਨਕ ਸੱਦ ਆ ਗਈ ਤੇ ਟੁਰ ਗਏ ਤੇ ਰਾਧਾ ਸਿੰਘ ਜੀ ਜੋ ਆਪ ਦੇ ਨਾਲ ਸਨ, ਮੇਰੇ ਪਾਸ ਬਹਿ ਗਏ। ਕਹਿਣ ਲਗੇ ਸੱਜਣਾਂ! ਰਬੀ ਰਜ਼ਾ ਵਿਚ ਕਿਉਂ ਦਖਲ? ਹਰਿ ਜਨ ਰਮਜ਼ ਦੇਂਦੇ ਹਨ, ਰਾਜ਼ ਨਹੀਂ ਦੇਂਦੇ। ਮੈਂ ਕਿਹਾ, ਹੇ ਤਾਰਿਆ! ਤਾਰ ਦੇ ਖਾਂ। ਉਹ ਬੋਲੇ: ਜੋ ਰਸ, ਜੋ ਆਤਮ ਰੰਗ ਤੈਨੂੰ ਚੜ੍ਹ ਰਿਹਾ ਹੈ ਇਸਦੀ ਰਾਖੀ ਕੇਸ ਹਨ। ਜਿਵੇਂ ਰੂੰ ਦੀ ਰਜ਼ਾਈ ਪਾਈ ਦੀ ਹੈ ਕਿ ਸ਼ਰੀਰ ਦੀ ਨਿੱਘ ਖਚੀ ਰਹੇ, ਜਿਸ ਤਰ੍ਹਾਂ ਗਰਮ ਆਸਣ ਰੋਟੀ ਤੇ ਪਾਈਦਾ ਹੈ ਕਿ ਇਸਦੀ ਗਰਮੀ ਛੇਤੀ ਨਾ ਉੱਡੇ, ਇਸੇ ਤਰ੍ਹਾਂ ਆਤਮ ਸ਼ਕਤੀ ਦੀ ਗੱਲ ਹੈ। ਜੋ ਅੰਦਰੋਂ ਆਤਮ ਸ਼ਕਤੀ ਉਦੈ ਹੁੰਦੀ ਹੈ, ਉਸਦਾ ਮੁੱਢ ਸਿਰ ਵਿਚ ਹੈ: ਸਾਰੇ ਸ਼ਰੀਰਕ ਤੇ ਮਾਨਸਿਕ ਬਲਾਂ ਦਾ ਕਾਰਖਾਨਾਂ ਸਿਰ ਵਿਚ ਹੈ। ਦਾਮਨਿਕ ਸ਼ਕਤੀਆਂ ਤੇ ਬਿਜਲੀਹਾਰ ਤ੍ਰਿੱਖੀਆਂ ਤਾਕਤਾਂ ਸ਼ਰੀਰ ਦੀਆਂ ਤੇ ਮਨ ਦੀਆਂ ਦਾ ਕੇਂਦਰ ਸਿਰ ਵਿਚ ਹੈ। ਸਾਰੇ ਸ਼ਰੀਰ ਦਾ ਕਾਬੂ ਸਿਰ ਵਿਚ ਹੈ। ਸਾਰੇ ਸ਼ਰੀਰ ਦੀ ਚਾਲ ਚੇਸ਼ਟਾ ਹਰਕਤ ਸਿਰ ਦੇ ਵਿਚ ਕਾਰ-ਖਾਨਾ ਰਖਦੀ ਹੈ। ਸਾਰੀ ਪ੍ਰਤੀਤੀ, ਮਲੂਮੀ, ਪੀੜ, ਰਸ, ਸੁਆਦ ਦਾ ਸਿਰ ਵਿਚ ਇਕ ਤਰ੍ਹਾਂ ਦਾ ਅਪਣਾ ਪ੍ਰਬੰਧ ਰਖਦੀ ਹੈ। ਹੁਣ ਸਿਰ ਦੀਆਂ ਸਾਰੀਆਂ ਸੂਖਮ ਦਾਮਨਿਕ ਰੌਆਂ ਦਾ ਕੋਈ ਰਾਖਾ ਲੋੜੀਏ ਜੋ ਉਨ੍ਹਾਂ ਨੂੰ ਉੱਡਣ ਨਾ ਦੇਵੇ, ਜ਼ਾਇਲ ਨਾ ਹੋਣ ਦੇਵੇ। ਜਿਵੇਂ ਪਾਣੀ ਦਾ ਦੇਗਚਾ ਤੂੜੀ ਵਿਚ ਨੱਪਿਆਂ ਉਮਦੀ ਨਿੱਘ ਨੂੰ ਨਹੀਂ ਉੱਡਣ ਦੇਂਦਾ, ਤਿਵੇਂ ਸਿਰ ਵਿਚ ਪੈਦਾ ਹੋਈਆਂ ਦਾਮ-ਨਿਕ ਸ਼ਕਤੀਆਂ ਨੂੰ ਕੇਸ ਉੱਡਣ ਨਹੀਂ ਦੇਂਦੇ। ਕੁਦਰਤ ਨੇ ਕੇਸ ਇਸ ਵਾਸਤੇ ਪੈਦਾ ਕੀਤੇ ਹਨ ਕਿ ਸਿਰ ਦੇ ਉੱਪਰ ਇਹ ਬਚਾਉ ਦਾ ਸਾਮਾਨ ਰਹੇ

*ਦਾੜ੍ਹੀ ਖਿਚੋ ਤਾਂ ਹੇਠਾਂ ਨੂੰ ਜਾਈਦਾ ਹੈ।

ਤੇ ਉਹ ਸਾਮਾਨ ਰੱਖਿਆ ਦਾ ਆਪ੍ਹੂੰ ਰਹੇ ਕਿ ਜੋ ਦਾਮਨਿਕ ਸ਼ਕਤੀ ਨੂੰ ਜ਼ਾਇਲ ਨਾ ਹੋਣ ਦੇਵੇ, ਵਿਅਰਥ ਨਾ ਉੱਡਣ ਦੇਵੇ, ਤਾਕਿ ਮਨ ਦੇ ਅਧੀਨ ਸਾਰੀ ਦੀ ਸਾਰੀ ਤਾਕਤ ਜੋ ਦਿਮਾਗ਼ ਵਿਚੋਂ ਆਉਂਦੀ ਹੈ, ਕਾਇਮ ਰਹੇ ਤੇ ਮਾਨਸਿਕ ਕਮਜ਼ੋਰੀ ਨਾ ਪਵੇ। ਤੁਸਾਂ ਸੁਣਿਆਂ ਹੋਊ ਕਿ ਕੋਈ ਬੀਮਾਰ ਹੋਵੇ ਤਾਂ ਹਕੀਮ ਆਖਦੇ ਹਨ 'ਤਬੀਅਤ' ਬੀਮਾਰੀ ਨਾਲ ਲੜ ਰਹੀ ਹੈ ਤੇ ਆਖਦੇ ਹਨ, ਬੁਹਰਾਨ ਦਾ ਦਿਨ ਆਉਂਦਾ ਹੈ ਜਿਸ ਦਿਨ ਖਾਸ ਘੋਲ ਹੁੰਦਾ ਹੈ ਤਬੀਅਤ ਤੇ ਬੀਮਾਰੀ ਦਾ; ਤਬੀਅਤ ਜਿਤ ਜਾਵੇ ਤਾਂ ਰੋਗ ਹਟ ਜਾਂਦਾ ਹੈ। ਮੈਨੂੰ ਦੱਸਿਆ ਗਿਆ ਕਿ ਇਹ ਜੋ ਤਬੀਅਤ ਦੀ ਤਾਕਤ ਹੈ, ਇਹ ਉਨ੍ਹਾਂ ਸੂਖਮ ਦਾਮਨਿਕ ਰੌਆਂ ਦੇ ਆਸਰੇ ਹੈ ਜੋ ਸਿਰ ਵਿਚ ਮਨ ਤੋਂ ਹੁੰਦੀਆਂ ਹਨ। ਉਨ੍ਹਾਂ ਦਾਮਨਿਕ ਤਾਕਤਾਂ ਦਾ ਸਾਂਭਣਾ, ਸੰਭਾਲਣਾ, ਜ਼ਾਇਆ ਹੋਣੋਂ ਰੋਕਣਾ ਜ਼ਰੂਰੀ ਹੈ ਤੇ ਕੁਦਰਤ ਨੇ ਉਸਦਾ ਆਪ ਉਪਰਾਲਾ ਕੀਤਾ ਹੈ ਜੋ ਉਸਦੇ ਰੱਖਜਕ ਕੇਸ ਉਪਜਾਏ ਹਨ। ਮਨ ਦੀਆਂ ਦਾਮਨਿਕ ਤਾਕਤਾਂ ਦੀ ਸੋਝੀ ਫਕੀਰਾਂ ਨੂੰ ਹੁੰਦੀ ਹੈ, ਸੋ ਤੁਸੀਂ ਦੇਖ ਲਓ ਕਿ ਰਾਮ, ਕ੍ਰਿਸ਼ਨ, ਬੁੱਧ; ਪੂਰਬ, ਪੱਛਮ, ਉੱਤਰ, ਦੱਖਣ ਤੇ ਸਭ ਸਮੇਂ ਦੇ ਅਵਤਾਰਾਂ ਪੈਕੰਬਰਾਂ ਤੇ ਫਕੀਰਾਂ ਨੇ ਕੇਸ ਰੱਖੇ ਹਨ। ਓਨ੍ਹਾਂ ਨੂੰ ਪਤਾ ਹੈ ਕਿ ਕੁਦਰਤਨ ਪ੍ਰਾਪਤ ਤਾਕਤਾਂ ਤੇ ਫੇਰ ਸਾਡੇ ਸਾਧਨਾ ਯਾ ਉੱਪਰੋਂ ਮਿਹਰਾਂ ਨਾਲ ਸੂਖਮ ਦਾਮਨਿਕ ਤੇ ਮਿਕਨਾਤੀਸੀ ਕਿਸਮ ਦੀਆਂ ਵਧ ਗਈਆਂ ਸ਼ਕਤੀਆਂ ਸਿਰ ਦੇ ਅੰਦਰ ਜਨਮ ਰਖਦੀਆਂ ਹਨ। ਸਿਰ ਸਭ ਤਾਕਤਾਂ ਦਾ ਮਾਨੋਂ ਖਜ਼ਾਨਾ ਹੈ, ਸੋ ਉਸਦੇ ਉਦਾਲੇ ਰੱਖਿਆ ਦਾ ਸਾਮਾਨ-ਜੋ ਕਾਦਰ ਨੇ ਰਚਿਆ ਹੈ-ਰੱਖਣਾ ਚਾਹੀਏ ਤੇ ਉਸਦਾ ਪੂਰਨ ਲਾਭ ਉਠਾਉਣਾ ਚਾਹੀਏ, ਤਾਂਕਿ ਜੋ ਤਾਕਤ ਐਵੇਂ ਜ਼ਾਇਆ ਹੋਣੀ ਹੈ ਉਹ ਕਾਮਨ੍ਹੂੰ ਹੋਵੇ।

ਸੱਯਦ-ਹੈ ਠੀਕ! ਗੱਲ ਮੇਰੇ ਦਿਲ ਲੱਗੀ ਹੈ, ਮੇਰੇ ਸਾਈਂ ਲੋਕਾਂ ਦੇ ਬਾਉਰੀਆਂ ਹੋ ਗਈਆਂ ਸਨ, ਤਾਂ ਮੈਂ ਪੁੱਛਿਆ, ਹਜ਼ੂਰ! ਇਹ ਕੀ ਹੈ? ਤੇ ਕਿਉਂ ਲੰਮੇ ਕੀਤੇ ਹਨ ਇਹ ਕੇਸ? ਆਖਣ ਲੱਗੇ: "ਭੋਲਿਆ! ਸਰਵੀਆਂ ਖਾਵਾਂ ਤੇ ਹਰੇ ਹਰੇ ਆਪੇ ਉੱਗ ਤੇ ਉੱਚੇ ਹੋ ਆਉਂਦੇ ਹਨ"। ਮੈਂ ਤਦੋਂ ਨਾ ਸਮਝਿਆ, ਕੀ ਆਖਦੇ ਹਨ? ਅੱਜ ਸੋਝੀ ਆਈ ਕਿ ਸਿਰ ਸਰਵਾ ਥਾਂ ਹੈ। ਸਭ ਸੂਖਮ ਤਾਕਤਾਂ ਦਾ ਮੰਬਾ (ਮੁੰਢ) ਹੈ ਤੇ ਇੱਥੋਂ ਉਪਜੀਆਂ ਤਾਕਤਾਂ ਦੇ ਕਾਇਮ ਰਖਣ ਵਾਸਤੇ ਰੱਖਿਆ ਦੀ ਲੋੜ ਹੈ ਕਿ ਜੋ ਉਨ੍ਹਾਂ ਸ਼ਕਤੀਆਂ ਨੂੰ ਜ਼ਾਇਲ ਹੋਣੋਂ ਤੇ ਉੱਡਣੋਂ ਰੋਕੇ। ਬਹੁਤ ਖ਼ੂਬ! ਸਾਡੇ ਮੁਹੰਮਦ ਸਾਹਿਬ ਬੀ ਇਸ ਕਰਕੇ ਕੇਸ਼ਾਧਾਰੀ ਸਨ ਤੇ ਸੂਫ਼ੀ ਫ਼ਕੀਰ ਜੋ ਜਜ਼ਬੇ ਤੇ ਕਣੀਆਂ ਵਾਲੇ ਦੇਖੇ ਸੁਣੇ ਹਨ, ਅਕਸਰ ਕੇਸਾਂ ਵਾਲੇ, ਬਾਉਰੀਆਂ ਵਾਲੇ ਹੋਏ ਹਨ। ਇਸ ਗੱਲ ਦੀ ਸੋਝੀ ਫਕੀਰਾਂ ਨੂੰ ਹੈ, ਆਮ ਲੋਕਾਂ ਨੂੰ ਨਹੀਂ।

ਸਿਪਾਹੀ-ਫੇਰ ਮੈਨੂੰ ਰਾਧਾ ਸਿੰਘ ਜੀ ਨੇ ਦੱਸਿਆ: ਜਿਵੇਂ ਗਰਮੀ ਤੇ ਨੇੱਘ ਹੈ, ਤਿਵੇਂ ਇਕ ਤਾਕਤ ਹੋਰ ਹੈ, ਬਿਜਲੀ ਯਾ ਉਸਦੀ ਇਕ ਹੋਰ ਸ਼ਕਲ ਮਿਕਨਾਤੀਸ! ਉਹ ਜੋ ਬਿਜਲੀ ਬੱਦਲਾਂ ਵਿਚੋਂ ਕੂੰਦੀ ਹੈ ਉਹ ਸਾਰੇ ਦਰਖਤ ਮਨੁਖਾਂ ਪਸ਼ੂ ਪੰਛੀਆਂ ਵਿਚ ਵਸਦੀ ਹੈ ਤੇ ਉਹ ਜੇ ਕਿਤੇ ਪ੍ਰਗਟੇ ਤਾਂ ਤੁਰਤ ਜ਼ਾਇਲ ਹੋ ਜਾਂਦੀ ਹੈ। ਉਸ ਸੱਤਿਆ ਦੇ ਕਈ ਰੱਖਜਤ ਸਾਮਾਨ ਹਨ, ਜਿਨ੍ਹਾਂ ਵਿਚੋਂ ਜ਼ਾਇਲ ਨਹੀਂ ਹੁੰਦੀ, ਜੈਸੇ ਕੇਸ। ਫਿਰ ਕਹਿਣ ਲਗੇ ਕਿ ਉਸ ਤੋਂ ਬੀ ਸੂਖਮ ਤਾਕਤਾਂ ਇਸ ਪ੍ਰਕਾਰ ਦੀਆਂ ਸੀਸ ਵਿਚ ਹਨ ਤੇ ਉਨ੍ਹਾਂ ਨੂੰ ਅਸੀਂ ਦਾਮਨਿਕ ਕਰਕੇ ਕਿਹਾ ਹੈ। ਦਾਮਨਿਕ ਸ਼ਕਤੀਆਂ ਬੜੀਆਂ ਜ਼ਬਰਦਸਤ ਤਾਕਤਾਂ ਨੂੰ ਕਹਿੰਦੇ ਹਨ, ਜੋ ਬੜੇ ਥੋੜੇ ਚਿਰ ਵਿਚ ਬੜਾ ਭਾਰਾ ਕੰਮ ਕਰ ਸਕਦੀਆਂ ਹਨ ਤੇ ਓਹ ਹਨ ਅਰੂਪ ਰੂਪ ਜੇਹੀਆਂ ਤੇ ਓਹ ਸਭ ਸਾਡੀ ਇੱਛਾ ਸ਼ਕਤੀ ਦੇ ਅਧੀਨ ਹਨ, ਅਸੀਂ ਓਨ੍ਹਾਂ ਨੂੰ ਮਰਜ਼ੀ ਨਾਲ ਵਰਤ ਸਕਦੇ ਹਾਂ। ਸਿਰ ਹੈ ਓਨ੍ਹਾਂ ਦਾ ਜਨਮ ਅਸਥਾਨ, ਖਜ਼ਾਨਾ ਤੇ ਕਾਬੂ ਅਸਥਾਨ। ਸਿਰ ਦੇ ਉਦਾਲੇ ਕੇਸ ਉਨ੍ਹਾਂ ਤਾਕਤਾਂ ਨੂੰ ਆਪੇ ਉੱਡਦੇ ਰਹਿਣੋਂ ਤੇ ਜ਼ਾਇਲ ਹੁੰਦੇ ਰਹਿਣੋਂ ਰੋਕਦੇ ਹਨ।

ਹਾਂ, ਅਸੀਂ ਮਨ ਨੂੰ ਖਿੰਡਾਈ ਰਖਦੇ ਹਾਂ ਤੇ ਓਹ ਤਾਕਤਾਂ ਕਮਜ਼ੋਰ ਹੋ ਜਾਂਦੀਆਂ ਹਨ। ਅਸੀਂ ਜੋ ਕਾਮ ਕ੍ਰੋਧ ਆਦਿਕ ਵਿਕਾਰਾਂ ਵਿਚ ਲਗਦੇ ਹਾਂ ਤਾਂ ਬੀ ਓਹ ਤਾਕਤਾਂ ਘਟ ਜਾਂਦੀਆਂ ਹਨ। ਤ੍ਰਿਸ਼ਨਾਂ ਦੇ ਜਿਤਨੇ ਕੰਮ ਹਨ ਸਾਰੇ ਖਿੰਡਾਉਂਦੇ

ਹਨ, ਖਿੰਡਿਆਂ ਓਹ ਬਲ ਘਟਦੇ ਹਨ ਤੇ ਮਨ ਨੂੰ ਕੱਠਿਆਂ ਕੀਤਿਆਂ ਓਹ ਵਧਦੇ ਹਨ। ਤੁਸਾਂ ਡਿੱਠਾ ਹੋਊ ਕਿ ਕ੍ਰੋਧ ਕਰਨ ਦੇ ਮਗਰੋਂ ਸਰੀਰ ਢਿੱਲਾ ਤੇ ਹਫਿਆ ਜੇਹਾ ਹੋ ਜਾਂਦਾ ਹੈ। ਇਸੇ ਤਰ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਾਰੇ ਅੰਦਰ-ਲੀਆਂ ਤਾਕਤਾਂ ਨੂੰ ਥੋੜੇ ਚਿਰ ਵਿਚ ਵਰਤ ਸਿੱਟਦੇ ਹਨ ਤੇ ਉਨ੍ਹਾਂ ਜ਼ਬਰਦਸਤ ਤਾਕਤਾਂ ਦੇ ਘਟ ਜਾਣ ਨਾਲ ਸਰੀਰ ਬੀ ਸਿਥਲ ਹੋ ਜਾਂਦਾ ਹੈ। ਓਹੀ ਤਾਕਤਾਂ ਅੰਦਰ ਪ੍ਰਬਲ ਹੋਣ ਤਾਂ ਬੀਮਾਰੀਆਂ ਦੇ ਅਵੈਵ ਜਦ ਅੰਦਰ ਜਾਂਦੇ ਹਨ ਤਦ ਹਰਜ਼ ਨਹੀਂ ਪੁਚਾ ਸਕਦੇ, ਤੇ ਓਹ ਤਾਕਤਾਂ ਜਦ ਨਿਰਬਲ ਹੋਣ ਤਦ ਬੀਮਾਰੀ ਦੇ ਅਵੈਵ ਅੰਦਰ ਜਾ ਕੇ ਬਲ ਪਾ ਲੈਂਦੇ ਹਨ। ਸੋ ਸਰੀਰ ਅਰੋਗ ਰੱਖਣ ਲਈ, ਮਨ ਨੂੰ ਮਜ਼ਬੂਤ ਤੇ ਏਕਾਗ੍ਰ ਰੱਖਣ ਲਈ, ਮਨ ਦੇ ਵੱਸ ਵਿਚ ਮਾਰੀਆਂ ਅੰਦਰਲੀਆਂ ਦਾਮਨਿਕ ਤਾਕਤਾਂ ਰੱਖਣ ਲਈ ਜੋ ਜਦੋਂ ਲੋੜ ਪਵੇ ਜ਼ਬਰਦਸਤੀ ਨਾਲ ਵਰਤ ਸਕੇ, ਸਦਾ ਖਿੰਡਾਉ ਦੇ ਕੰਮਾਂ ਤੋਂ ਬਚਨਾਂ ਚਾਹੀਏ। ਐਸਾ ਕਰਨ ਨਾਲ ਤਾਕਤ ਅੰਦਰ ਰਹੇਗੀ ਤੇ ਆਪੇ ਤਾਕਤ ਦੇ ਜ਼ਾਇਲ ਹੁੰਦੇ ਰਹਿਣ ਨੂੰ ਰੋਕਣ ਵਾਸਤੇ ਤਾਕਤਾਂ ਦੇ ਉਪਜਾਊ ਮੰਬੇ ਅਰਥਾਤ ਸਿਰ ਨੂੰ ਸਦਾ ਐਸੇ ਸਾਮਾਨਾਂ ਨਾਲ ਕੱਜ ਰਖਣਾ ਚਾਹੀਏ, ਜਿਸ ਨਾਲ ਕਿ ਉਹ ਤਾਕਤ ਜ਼ਾਇਲ ਨਾ ਹੋਵੇ, ਅੰਦਰ ਹੀ ਕਾਇਮ ਰਹੇ। ਉਹ ਕੱਜਣ ਕੇਸ ਹਨ, ਕੇਸ ਉਨ੍ਹਾਂ ਨੂੰ ਉੱਡਣ ਨਹੀਂ ਦੇਂਦੇ, ਫੇਰ ਦਿਮਾਗ਼ ਦੇ ਸਾਰੇ ਰਸਤੇ ਖੁਲ੍ਹੇ ਤੇ ਸਾਫ ਬੀ ਰਖਦੇ ਹਨ। ਕੇਸ ਰੱਖੋ, ਕੇਸਾਂ ਨੂੰ ਸਦਾ ਸਾਫ ਰੱਖੋ, ਤੁਹਾਡੀਆਂ ਅੰਦਰਲੀਆਂ ਤਾਕਤਾਂ ਦਾਮਨਿਕ ਸ਼ਕਤੀਆਂ, ਸੂਖਮ ਰੌਆਂ ਹੀ ਕੈਮ ਰਹਿਣਗੀਆਂ ਜਦੋਂ ਤੁਸੀਂ ਭਜਨ ਕਰੋਗੇ, ਕੋਈ ਸਾਧਨ ਕਰੋਗੇ, ਜਿਨ੍ਹਾਂ ਨਾਲ ਮਨ ਇਕਾਗ੍ਰ ਹੁੰਦਾ ਹੈ, ਤਦ ਇਸਦੇ ਏਹ ਅਰਥ ਹਨ ਕਿ ਤੁਸੀਂ ਆਪਣੇ ਅੰਦਰ ਮਾਮੂਲੀ ਤੋਂ ਵੱਧ ਤਾਕਤਾਂ ਪੈਦਾ ਕਰ ਰਹੇ ਹੋ ਅਰ ਬਹੁਤ ਬਲਵਾਨ ਹੋ ਰਹੇ ਹੋ ਤੇ ਤੁਹਾਨੂੰ ਰਾਖੀ ਦੀ ਬਹੁਤ ਲੋੜ ਹੈ। ਜੇ ਤਦੋਂ ਸਿਰ ਪਰ ਕੇਸ ਹੋਣਗੇ ਤਾਂ ਤਾਕਤਾਂ ਦੀ ਰਾਖੀ ਹੋਵੇਗੀ ਤੇ ਤੁਹਾਨੂੰ ਅੰਦਰੋਂ ਸੋਝੀ ਤੇ ਪ੍ਰਤੀਤ ਹੋ ਆਵੇਗੀ ਕਿ ਠੀਕ ਕੇਸ ਉਨ੍ਹਾਂ ਤਾਕਤਾਂ ਦੇ ਰਾਖੇ ਹਨ ਅਰ ਇਨ੍ਹਾਂ ਦਾ ਰੱਖਣਾ ਲਾਭਦਾਇਕ ਹੀ ਨਹੀਂ ਅਤਿ ਆਵਸ਼ਜਕ ਹੈ ਤੇ ਐਸੀ ਲੋੜ ਹੈ ਕਿ ਜਿਸ ਦੀ ਬੇਪ੍ਰਵਾਹੀ ਕੀਤੀ ਹੀ ਨਹੀਂ ਜਾ ਸਕਦੀ। ਇਥੇ ਆ ਕੇ ਅੰਦਰੋਂ ਸੋਝੀ ਦੱਸਦੀ ਹੈ ਕਿ ਕੇਸ ਆਤਮ ਜੀਵਨ ਦਾ ਹਿੱਸਾ ਹਨ, ਉੱਚੇ ਰੂਹਾਨੀ ਧਰਮ ਦਾ ਇਕ ਅਸੂਲ ਹਨ। ਸਾਧਾਰਨ ਹਾਲਤ ਵਿਚ ਕੇਸ ਰਖੋਗੇ ਤਾਂ ਅੰਦਰਲੀਆਂ ਸਾਧਾਰਨ ਦਾਮਨਿਕ ਸ਼ਕਤੀਆਂ ਦੀ ਰਾਖੀ ਦੀ ਵਧੀਕ ਲੋੜ ਹੈ, ਕਿਉਂਕਿ ਜਿਤਨਾ ਵਧੀਕ ਤੁਸੀਂ ਬਲ ਸੰਭਾਲੋਗੇ ਉਨੇ ਘਟ ਬੀਮਾਰ ਹੋਵੋਗੇ ਤੇ ਜੇ ਬੀਮਾਰ ਹੋਵੋਗੇ ਤਾਂ ਛੇਤੀ ਵਲ ਹੋਵੋਗੇ, ਇਉਂ ਸਰੀਰ ਨੂੰ ਵੀ ਸੁਖ ਹੋਸੀ। ਸਾਡਾ ਮਨ ਬੀ ਐਉਂ ਹਾਵੀ ਵਧੀਕ ਰਹੇਗਾ ਤੇ ਦਬੇਲ ਘਟ ਹੋਵੇਗਾ। ਆਮ ਵਰਤਨ ਵਿਚ ਬੀ ਤੁਸੀਂ ਉੱਚੇ ਤੇ ਹਾਵੀ ਰਹੋਗੇ। ਸੋ ਆਤਮਾ, ਮਨ, ਸਰੀਰ ਸੁਭਾਵ ਸਾਰੇ ਸੁਖੀ ਰਹਿਣਗੇ।

ਸਯਦ-ਹੈ ਤਾਂ ਠੀਕ, ਰਾਧਾ ਸਿੰਘ ਜੀ ਦੀ ਗਲ ਦਿਲ ਲਗਦੀ ਹੈ, ਪਰ ਸੰਸਾਰ ਸਾਰਾ ਯਾ ਬਹੁਤਾ ਸਿਰ ਮਨਾਉਂਦਾ ਫਿਰਦਾ ਹੈ, ਫੇਰ ਇਸ ਹਿਸਾਬ ਸਾਰੇ ਮਾੜੇ ਹਨ?

ਸਿਪਾਹੀ-ਮੈਂ ਬੀ ਬੜਾ ਹੁੱਜਤੀ ਹਾਂ, ਕਿਹੜਾ ਛੇਤੀ ਨਾਲ ਮੰਨ ਜਾਣ ਵਾਲਾ ਹਾਂ ਚਾਰ ਅਖਰ ਬੀ ਢਿਡ ਵਿਚ ਹਨ, ਉਹ ਚੈਨ ਲੈਣ ਦੇਂਦੇ ਹਨ? ਸਾਈਂ ਜੀ! ਮੈਂ ਕਈ ਮਹੀਨੇ ਤੋਂ ਸਤਿਗੁਰਾਂ ਦੇ ਚਰਨਾਂ ਵਿਚ ਹਾਂ, ਉਨ੍ਹਾਂ ਦੇ ਸਰੀਰ ਤੇ ਪਹਿਰੇਦਾਰ ਹਾਂ, ਇਸ ਲਈ ਹਰ ਗਲ ਦਾ ਅਵਸਰ ਸਤਿਸੰਗ ਦਾ ਸਮਾਂ ਮੈਨੂੰ ਲਭਦਾ ਰਿਹਾ ਹੈ। ਏਹ ਹੁੱਜਤਾਂ ਮੈਂ ਪੜ੍ਹ ਚੁਕਾ ਹਾਂ। ਜੇ ਸਤਿਸੰਗੀ ਮਿਤ੍ਰ ਨੇ ਮੈਨੂੰ ਉੱਤਰ ਦੇਕੇ ਮੇਰੀ ਨਿਸ਼ਾ ਕੀਤੀ ਸੋ ਦਸਦਾ ਹਾਂ। ਲਓ ਸੁਣੋ-ਪੜ੍ਹੇ ਹੋਏ ਦੀ ਅਕਲ ਸਦਾ ਲੋਕਾਂ ਵੱਲ ਜਾਂਦੀ ਹੈ, ਅਸੂਲ ਤੋਂ ਤ੍ਰਪਦੀ ਹੈ ਤੇ ਆਮ ਰੁਚੀ ਵਲ ਜਾ ਟਿਕਦੀ ਹੈ। ਆਮ ਲੋਕਾਂ ਨੂੰ ਮੈਂ ਨਾ ਮਾੜੇ ਕਿਹਾ ਹੈ ਨਾ ਚੰਗੇ। ਮੈਂ ਤਾਂ ਕੇਸਾਂ ਬਾਬਤ ਇਕ ਖਿਆਲ ਆਪ ਨੂੰ ਦਸਿਆ ਹੈ ਕਿ ਕੈਸੇ ਸੁਖਦਾਇਕ ਹਨ, ਜ਼ਰੂਰੀ ਹਿੱਸਾ ਸਰੀਰ ਤੇ ਮਨ ਦੀ ਤਾਕਤ ਦੀ ਰਖਿਆ ਦਾ ਹਨ ਜੋ ਆਪ ਕੁਦਰਤ ਨੇ ਯੋਗ ਥਾਂ ਤੇ ਪੈਦਾ ਕੀਤੇ ਹਨ। ਆਮ ਵਰਤਾਰੇ ਵਲ ਤੱਕੋਗੇ ਤਾਂ ਆਪ ਕੀ ਦੇਖੋਗੇ ਕਿ ਕਾਮ ਕ੍ਰੋਧ ਵਜਾਪ ਰਿਹਾ ਹੈ। ਲੋਕ ਜਾਣਦੇ ਹਨ ਕਿ ਸ਼ਰਾਬ ਜ਼ਹਿਰ ਹੈ, ਪਰ ਆਮ ਪੀਂਦੇ

ਹਨ। ਲੋਕ ਜਾਣਦੇ ਹਨ ਕਿ ਕਾਮ ਕ੍ਰੋਧ ਕਾਯਾਂ ਨੂੰ ਗਾਲਦਾ ਹੈ, ਆਮ ਲੋਕ ਕਾਮੀ ਹਨ, ਕ੍ਰੋਧੀ ਹਨ, ਕਿੰਨੇ ਕੁ ਹਨ ਜੋ ਕਾਮ ਕ੍ਰੋਧ ਦੇ ਹਥੋਂ ਆਪਣੇ ਪੈਰੀਂ ਆਪ ਕੁਹਾੜਾ ਨਹੀਂ ਮਾਰ ਰਹੇ? ਆਮ ਲੋਕ ਜਾਣਦੇ ਹਨ ਕਿ ਬਹੁਤ ਖਾਣਾ ਉਮਰ ਘਟਾਉਂਦਾ ਹੈ, ਸ੍ਵਾਦੀਕ ਭੋਜਨ ਤੇ ਮਠਿਆਈਆਂ ਅੰਤ ਜ਼ਹਿਰ ਦਾ ਕੰਮ ਕਰਦੀਆਂ ਹਨ ਤੇ ਲੋੜੋਂ ਵਧ ਭੋਜਨ ਅੰਦਰ ਲੈ ਜਾ ਕੇ ਨਰੋਏ ਰਹਿਣ ਦੇ ਜੜ੍ਹੀਂ ਤੇਲ ਦੇਂਦੀਆਂ ਹਨ, ਪਰ ਆਮ ਲੋਕ ਇਹ ਭੁੱਲ ਕਰ ਰਹੇ ਹਨ। ਹਕੀਮ ਦਸਦੇ ਹਨ ਕਿ ਸੌ ਵਿਚੋਂ ਨਨਿਨਵੇਂ ਬੀਮਾਰ ਲੋੜ ਤੋਂ ਵਧ ਖਾਣ ਦੇ ਕਾਰਨ ਰੋਗੀ ਹੁੰਦੇ ਹਨ। ਹਕੀਮ ਦਸਦੇ ਹਨ ਕਿ ਅਫੀਮ ਖਾਣ ਵਾਲਾ, ਹੁੱਕਾ ਪੀਣ ਵਾਲਾ, ਭੰਗ ਉਡਾਣ ਵਾਲਾ ਆਪਣੀ ਕਬਰ ਆਪ ਪੁੱਟਦਾ ਹੈ। ਸਾਰੇ ਅਫੀਮੀ, ਹੁਕਈ, ਭੰਗੀ ਇਸ ਗਲ ਨੂੰ ਜਾਣਦੇ ਹਨ, ਪਰ ਸਾਰੇ ਵਰਤਦੇ ਹਨ, ਸਾਰੇ ਦੁਖ ਪਾਉਂਦੇ ਹਨ। ਇਕ ਦੁਖ ਪਾਉਂਦਾ ਹੈ ਦੂਜਾ ਵੇਖਦਾ ਹੈ, ਪਰ ਫੇਰ ਨਹੀਂ ਟਲਦਾ। ਫਲ ਕੀ ਹੈ? ਕਿ ਜਗਤ ਵਿਚ ਰੋਗ ਹੈ। ਆਮ ਲੋਕ ਆਪੋ ਆਪਣੇ ਟਿਕਾਣੇ ਵਿਚ ਥੋੜ੍ਹੀਆਂ ਬਹੁਤ ਅਹੁਰਾਂ (ਰੋਗ) ਵੇਖਦੇ ਹਨ, ਪਰ ਫੇਰ ਵੀ ਕੋਈ ਫ਼ਿਕਰ ਨਹੀਂ ਕਰ ਰਿਹਾ! ਕਥਾ ਸੁਣਦੇ ਹਨ ਕਿ ਸਾਡੇ ਵਡੇ ਭੀਮ ਵਰਗੇ ਕੱਦਾਵਰ ਤੇ ਬਲੀ ਹੁੰਦੇ ਸਨ। ਆਮ ਜਾਣਦੇ ਹਨ ਕਿ ਅਸੀਂ ਆਦਿ ਕਾਲ ਦੇ ਬਜ਼ੁਰਗਾਂ ਦੇ ਕੱਦ ਤੋਂ ਛੋਟੇ ਹੋ ਗਏ ਹਾਂ, ਪਰ ਸਾਰੇ ਉਹਨਾਂ ਵਰਗੇ ਜੀਵਨ ਬਸਰ ਨਹੀਂ ਕਰਦੇ। ਸੋ ਥਾਂ ਥਾਂ ਬੀਮਾਰੀ ਹੈ, ਹਰ ਜੀ ਵਿਚ ਕਮਜ਼ੋਰੀ ਹੈ, ਮੌਤ ਸਭ ਦੀ ਉਰੇ ਆ ਗਈ ਹੈ। ਜਿਥੇ ੧੦੦ ਬਰਸ ਆਮ ਉਮਰ ਹੁੰਦੀ ਸੀ ਉਥੇ ਸੌ ਵਰ੍ਹੇ ਦਾ ਬੁੱਢਾ ਕੋਈ ਦਿਸਦਾ ਹੈ। ਫੇਰ ਜੇ ਲੋਕਾਂ ਦੀ ਮਤ ਦਾ ਰੋ ਐਸਾ ਹੋ ਗਿਆ ਹੈ ਕਿ ਕਿਸੇ ਗਲ ਤੇ ਦੀਰਘ ਵਿਚਾਰ ਨਹੀਂ ਕਰਨੀ, ਜੀਵਨ ਨੂੰ ਕੋਈ ਪਲਟਾ ਦੇਕੇ ਉੱਤਮ ਤੇ ਨਰੋਆ ਨਹੀਂ ਬਨਾਉਣਾ, ਸੁਖ ਰਹਿਣੇ ਤੋਂ ਸੁਖ ਜੀਉੜੇ ਆਲਸੀ ਜੇਹੀ ਲਟਕ ਵਿਚ ਦਿਨ ਬਿਤਾਉਣੇ ਹਨ, ਤਾਂ ਕੀ ਇਹ ਵਤੀਰਾ ਅਸੂਲ ਬਣ ਜਾਵੇਗਾ? ਜੇ ਹਕੀਮ ਤੇ ਵੈਦ ਸ੍ਰੀਰ ਤੇ ਤਬੀਅਤ ਦੇ ਅਸੂਲਾਂ ਦਾ ਪ੍ਰਚਾਰ ਨਹੀਂ ਕਰਨਗੇ ਤਾਂ ਕੀਹ ਉਨ੍ਹਾਂ ਦੇ ਅਸੂਲ ਗ਼ਲਤ ਹੋ ਜਾਣਗੇ? ਕਦੇ ਨਹੀਂ! ਅਸੂਲ ਅਸੂਲ ਹਨ, ਉਹਨਾਂ ਦੀ ਦਰੁਸਤੀ ਅਜ਼ਲੀ ਹੈ, ਵਰਤਾਰੇ ਗ਼ਲਤੀ ਵਾਲੇ ਗ਼ਲਤ ਹਨ, ਚਾਹੇ ਉਹ ਆਮ ਪ੍ਰਵਿਰਤੀ ਪਾ ਜਾਣ। ਆਮ ਹੋ ਗਈ ਗ਼ਲਤੀ ਕਦੇ ਦਰੁਸਤੀ ਦੀ ਥਾਂ ਨਹੀਂ ਮੱਲ ਸਕਦੀ, ਕਦੇ ਉਹ ਠੀਕ ਨਹੀਂ ਹੋ ਸਕਦੀ। ਫੇਰ ਫਲ ਜੋ ਹੈ ਉਸ ਲਈ ਹਰ ਕੋਈ ਮਿਹਨਤ ਨਹੀਂ ਕਰਦਾ। ਇਕ ਆਦਮੀ ਅਫੀਮੀ ਹੈ, ਇਕ ਸੰਜਮ ਨਾਲ ਸਫਾ ਖੇ ਨਸ਼ਾ ਜੀਵਨ ਰਖਦਾ ਹੈ, ਦੋਵੇਂ ਕਹਿੰਦੇ ਹਨ ਅਸੀਂ ਠੀਕ ਹਾਂ, ਪਰ ਕੁਝ ਵਰ੍ਹੇ ਬਾਦ ਇਕ ਬੀਮਾਰ ਹੋ ਜਾਂਦਾ ਹੈ ਤੇ ਦੂਜਾ ਅਰੋਗ ਰਹਿੰਦਾ ਹੈ। ਸਮਾ ਪਾ ਕੇ ਰੋਗੀ ਪਹਿਲੇ ਮਰ ਜਾਂਦਾ ਹੈ ਦੂਜਾ ਲੰਮੀ ਉਮਰ ਭੋਗਦਾ ਹੈ। ਇਕ ਦਾ ਬੁਢਾਪਾ ਸੁਖਾਲਾ ਲੰਘਦਾ ਹੈ, ਦੂਜਾ ਬੁਢਾਪੇ ਵਿਚ ਚੁੜ ਚੁੜਕੇ ਮਰਦਾ ਹੈ। ਮੌਤ ਆਮ ਵਰਤਾਰਿਆਂ ਦੀਆਂ ਭੁੱਲਾਂ ਕਰਕੇ ਸਸਤੀ ਹੋ ਗਈ ਹੈ, ਨੇੜੇ ਆ ਗਈ ਹੈ, ਤੇ ਬਲ ਘਟ ਰਹੇ ਹਨ। ਕਮਜ਼ੋਰੀ ਤੇ ਬੀਮਾਰੀ ਹੋਰ ਵਧੇਗੀ, ਮੌਤ ਹੋਰ ਸੌਖੀ ਹੋ ਜਾਏਗੀ, ਇਲਮ ਵਧਣਗੇ, ਅਕਲਾਂ ਵਧਣ-ਗੀਆਂ, ਸਰੀਰ ਦੇ ਨੇਮਾਂ ਦੀ ਹੋਰ ਸੌਝੀ ਹੋਵੇਗੀ; ਪਰ ਤਦ ਤਕ ਆਮ ਨੂੰ ਲਾਭ ਨਹੀਂ ਹੋਵੇਗਾ ਜਦ ਤਕ ਆਮ ਲੋਕਾਂ ਦੇ ਵਰਤਾਰੇ ਨਹੀਂ ਬਦਲਣਗੇ। ਫੇਰ ਦੂਸਰੀ ਗਲ ਇਹ ਹੋਵੇਗੀ ਕਿ ਆਮ ਲੋਕ ਅਕਲਾਂ ਤੇ ਵਾਕਬੀਆਂ ਵਧ ਜਾਣ ਤੇ ਬੀ ਮਨ ਤੇ ਸਰੀਰ ਦੋਹਾਂ ਕਰਕੇ ਸੁਖੀ ਤਦ ਤਕ ਨਹੀਂ ਹੋਣਗੇ ਜਦ ਤਕ ਕਿ ਮਾਨਸਿਕ ਸ਼ਕਤੀਆਂ ਨੂੰ ਵਿਚਾਰ ਵਿਚ ਲੈਕੇ ਅਮਲ ਨਹੀਂ ਕਰਨਗੇ। ਸਰੀਰ ਦੇ ਸੁਖ ਤੇ ਅਰਾਮ ਤਦ ਤਕ ਮੁਕੰਮਲ ਨਹੀਂ ਜਦ ਤਕ ਕਿ ਮਨ ਦੀ ਚਕਿਤਸਾ ਦੀ ਸੌਝੀ ਨਾ ਹੋਵੇ, ਕਿਉਂਕਿ ਮਨ ਸਰੀਰ ਨੂੰ ਚਲਾਉਣ ਵਾਲਾ ਹੈ ਤੇ ਮਨ ਨਿਰਾ ਪਸ਼ੂ ਮਨ ਨਹੀਂ। ਮਨ ਵਿਚ ਗਿਆਨ ਹੈ ਤੇ ਦਾਮ-ਨਿਕ ਸ਼ਕਤੀਆਂ ਦਾ ਕਾਬੂ ਮਨ ਦਾ ਧਰਮ ਹੈ, ਜੇ ਨਹੀਂ ਕਾਬੂ ਪਾਂਦਾ ਤਾਂ ਪਸ਼ੂ ਸਮਾਨ ਹੁੰਦਾ ਹੈ। ਸੋ ਮਨ ਦੀਆਂ ਸ਼ਕਤੀਆਂ ਕਿਉਂ ਘਟਦੀਆਂ ਹਨ, ਕਿਕੁਰ ਵਧਦੀਆਂ ਹਨ, ਕਿਉਂ ਜ਼ਾਇਲ ਤੇ ਕਿਉਂ ਰੱਖਜਤ ਹੁੰਦੀਆਂ ਹਨ? ਅਸੂਲ ਹਨ, ਜਿਨ੍ਹਾਂ ਤੇ ਅਮਲ ਜ਼ਰੂਰੀ ਹੈ। ਜੇ ਅਮਲ ਨਹੀਂ ਹੋ ਰਿਹਾ ਤਾਂ ਅਸੂਲ ਅਟੱਲ ਹਨ, ਜੋ ਉਨ੍ਹਾਂ ਪਰ ਟੁਰਨਗੇ ਸੁਖ ਪਾਉਣਗੇ, ਇਕ ਟੁਰੇਗਾ ਇਕ ਮੁਖ ਪਾਏਗਾ,

ਸਾਰੇ ਟੁਰਨਗੇ ਮਾਰੇ ਸੁਖ ਪਾਉਣਗੇ। ਸਤਿਗੁਰਾਂ ਨੇ ਤਮਾਕੂ ਮਨ੍ਹਾਂ ਕੀਤਾ ਹੈ ਇਸ ਵਿਚ ਉਨ੍ਹਾਂ ਨੂੰ ਕੀ ਲਾਭ ਹੈ? ਪਰ ਇਸ ਨਾਲ ਸਰੀਰ ਆਲਸੀ ਹੁੰਦਾ ਹੈ, ਸੂਖਮ ਪੱਠਿਆਂ ਨੂੰ ਵਾਧੂ ਉਛਾਲ ਮਿਲਦਾ ਹੈ ਜੋ ਪਿੱਛੋਂ ਨਿਰਬਲ ਕਰਦਾ ਹੈ, ਸੁਭਾ ਦਲਿਦ੍ਰੀ ਹੋ ਜਾਂਦਾ ਹੈ, ਉਮਰ ਘਟਦੀ ਹੈ, ਪਰ ਦੂਜੇ ਪਾਸੇ ਤੱਕੋ ਇਸ ਦਾ ਵਰਤਾਰਾ ਆਮ ਹੋ ਰਿਹਾ ਹੈ ਤੇ ਵਧ ਰਿਹਾ ਹੈ, ਜੋ ਇਕ ਹੜ੍ਹ ਦੀ ਤਰ੍ਹਾਂ ਆ ਰਿਹਾ ਹੈ। ਗੁਰਾਂ ਨੇ ਆਪਣਿਆਂ ਨੂੰ ਬਚਾ ਲਿਆ, ਹੋਕਾ ਦੇ ਦਿਤਾ ਹੈ: ਬਚੋ। ਜੋ ਬਚਣਗੇ, ਸੋ ਸੁਖ ਪਾਉਣਗੇ। ਆਮ ਜੇ ਇਸਨੂੰ ਵਰਤਣਗੇ ਤਾਂ ਆਮ ਦੀ ਗ਼ਲਤੀ ਹੈ, ਇਸਨੇ ਦਰੁਸਤੀ ਨਹੀਂ ਬਣ ਜਾਣਾ। ਕਈ ਪੀਣ ਵਾਲੇ ਕਹਿਣਗੇ ਕਿ ਇਹ ਬੁਰੀ ਇੱਲਤ ਹੈ, ਪਰ ਛੱਡਣਗੇ ਨਹੀਂ, ਸੋ ਬੀ ਦੁਖ ਪਾਉਣਗੇ। ਸਤਿਗੁਰ ਜੀ ਨੇ ਤਾਂ ਮਨੁਖ ਨੂੰ ਚੋਟੀ ਦਾ ਮਨੁਖ ਬਨਾਉਣਾ ਹੈ, ਜੋ:-

ਸ਼ਰੀਰ ਦਾ ਅਰੋਗ ਹੋਵੇ, ਮਨ ਦਾ ਨਰੋਆ
ਹੋਵੇ ਤੇ ਆਤਮਾ ਦਾ ਬਲਵਾਨ ਹੋਵੇ।

ਮੈਨੂੰ ਰਾਧਾ ਸਿੰਘ ਜੀ ਨੇ ਦੱਸਿਆ ਸੀ ਕਿ ਗੁਰਾਂ ਨੇ ਆਦਰਸ਼ਕ ਇਨਸਾਨ, ਨਿਰਭੈ ਨਿਰਛਲ ਆਤਮ ਰੌ ਨਾਲ ਜੀਵਤ ਸਾਜਨਾ ਹੈ। ਉਹ ਕਹਿੰਦੇ ਸਨ ਆਦਰਸ਼ਕ ਨਾ ਹੋਣਾ ਕੀਹ ਹੈ। ਉਹ ਇਹ ਹੈ ਕਿ ਇਨਸਾਨ ਉਹ ਕੁਝ ਨਹੀਂ ਜੋ ਕੁਛ ਕਿ ਇਨਸਾਨ ਹੋਣਾ ਚਾਹੀਦਾ ਹੈ, ਉਹ ਇਹ ਹੈ ਕਿ ਸੂਰਤ ਸੀਰਤ ਅਰੋਗਤਾ ਵਾਲੀ; ਜਥ੍ਹੇ ਵਾਲੀ, ਚੜ੍ਹਦੀਆਂ ਕਲਾਂ ਵਾਲੀ, ਅਭੈ, ਸੁਤੰਤ੍ਰ ਤੇ ਲਿਵ ਵਿਚ ਵੱਸਣ ਵਾਲੀ ਹੋਵੇ। ਇਸ ਲਈ ਗ਼ਲਤੀਆਂ ਕਢਣੀਆਂ ਹਨ ਚਾਹੇ ਆਮ ਵਰਤਾਰੇ ਵਿਚ ਹੋਣ। ਦੇਖੋ! ਧਰਮ ਦੇ ਰਹਿਬਰ ਜੋਗੀ ਸਾਰੇ ਸ਼ਰਾਬਾਂ ਤਕ ਅੱਪੜ ਪਏ ਸਨ, ਗੁਰੂ ਨਾਨਕ ਜੀ ਨੇ ਸ਼ਰਾਬ ਦੇ ਔਗੁਣ ਦਸਕੇ ਛੁਡਾ ਦਿਤੀ, ਜਿਨ੍ਹਾਂ ਨਾ ਛੱਡੀ ਓਹ ਚਾਹੇ ਬਹੁਤੇ ਹੋਣ, ਮਾੜਾ ਕਰ ਰਹੇ ਹਨ। ਗੁਰੂ ਜੀ ਦੇ ਅਟੱਲ ਵਾਕ ਮੌਜੂਦ ਹਨ। ਬਾਬਰ ਜੈਸੇ ਜਾਬਰ ਬਾਦਸ਼ਾਹ ਨੂੰ ਸ਼ਰਾਬ ਤੋਂ ਆਪ ਨੇ ਹੀ ਹੋੜਿਆ ਸੀ। ਸਤੀ ਦੀ ਰਸਮ ਬੜੀ ਖ਼ਰਾਬ ਹੈ, ਆਮ ਵਰਤਾਰੇ ਵਿਚ ਸੀ, ਤੀਜੇ ਸਤਿਗੁਰ ਨੇ ਹੋੜ ਦਿਤੀ। ਆਮ ਵਰਤਾਰੇ ਤੋਂ ਨਹੀਂ ਡਰੇ; ਅਸੂਲ ਥਾਪ ਦਿਤਾ। ਕੇਸ਼ ਆਤਮਕ ਸੱਤਜਾ ਦੇ ਰੱਖਜਕ ਹਨ, ਦਾਮਨਿਕ ਰੌਆਂ ਦੇ ਰਾਖੇ ਹਨ, ਮਾਨਸਿਕ ਤੇ ਐਂਤ੍ਰੀਵ ਉਤਪਤੀਆਂ ਤੇ ਤਾਕਤਾਂ ਨੂੰ ਜ਼ਾਇਲ ਹੋਣੋਂ-ਵਜਰਥ ਉੱਡਣੋਂ-ਬਚਾਉਣ ਵਾਲੇ ਹਨ, ਸਤਿਗੁਰਾਂ ਨੇ ਆਪ ਰੱਖੇ, ਗੁਰੂ ਅੰਗਦ ਜੀ ਨੂੰ ਰਖਾਏ, ਭਾਈ ਬੁੱਢੇ ਨੂੰ ਰਖਾਏ, ਆਪ ਦੇ ਪੁੱਤਰ ਸ੍ਰੀ ਚੰਦ ਲਖਮੀ ਚੰਦ ਨੇ ਰਖੇ, ਜੇ ਆਮ ਵਰਤਾਰਾ ਜਗਤ ਦਾ ਨਾ ਰੱਖਣ ਦਾ ਸੀ ਤਾਂ ਗੁਰੂ ਨਾਨਕ ਆਮ ਵਰਤਾਰੇ ਤੋਂ ਨਹੀਂ ਡਰੇ, ਉਹਨਾਂ ਨੇ ਆਦਰ-ਸ਼ਕ ਇਨਸਾਨ ਬਨਾਯਾ, ਲਿਵ ਟੁੱਟੇ ਤ੍ਰਿਸ਼ਨਾਂ ਰੁੜ੍ਹ ਇਨਸਾਨ ਨੂੰ ਲਿਵ ਧਾਰੀ ਕੀਤਾ। ਲਿਵ ਦੇ ਸਹਾਇਕ ਕੀਰਤਨ ਸਿਮਰਨ ਸਿਖਾਏ, ਅੰਦਰਲੀ ਸੱਤਜਾ ਦੀ ਸੰਭਾਲ ਲਈ ਕੇਸ਼ ਰਖੇ, ਓਹ ਜਾਣਨ ਉੱਚੇ ਹੋਰ ਭਾਵ ਜਿਨ੍ਹਾਂ ਕਰਕੇ ਕੇਸ ਰੱਖੇ, ਪਰ ਜੋ ਰੱਖੇ ਸੋ ਠੀਕ ਰੱਖੇ, ਜਿਨਾਂ ਅਮਲ ਕੀਤਾ ਲਾਭ ਪਾਇਆ, ਸੋ ਅਸੂਲ ਤਾਂ ਇਹ ਹੈ; ਆਮ ਵਰਤਾਰਾ ਕੋਈ ਅਸੂਲ ਨਹੀਂ, ਇਹ ਜੇ ਗ਼ਲਤ ਹੈ ਤਾਂ ਗ਼ਲਤ ਹੈ, ਆਮ ਹੋਣਾ ਇਸ ਨੂੰ ਕਿਵੇਂ ਬੀ ਦਰੁਸਤ ਅਰ ਅਸੂਲ ਨਹੀਂ ਬਣਾ ਕੱਢਦਾ।

ਸੱਯਦ-ਠੀਕ ਜੀ ਠੀਕ! ਆਪ ਤਾਂ ਥੋੜੇ ਮਹੀਨਿਆਂ ਵਿਚ ਫਕੀਰ ਹੀ ਨਹੀਂ ਹੋਏ, ਪੰਡਤ ਬੀ ਹੋ ਗਏ ਹੋ, ਕੋਈ ਹੋਰ ਲਾਭ ਭੀ ਦੱਸੋ?

ਸਿਪਾਹੀ-ਮੈਂ ਭਾਈ ਰਾਧਾ ਸਿੰਘ ਜੀ ਤੋਂ ਪਾਈ ਸਿੱਖਿਆ ਆਪ ਨੂੰ ਸੁਣਾਈ ਹੈ ਕਿ ਦਾਮ-ਨਿਕ ਲਾਭਾਂ ਤੋਂ ਵਧਕੇ ਆਤਮ ਲਾਭ ਤੋਂ ਉੱਤੇ ਹੋਰ ਕਿਹੜਾ ਲਾਭ ਹੈ, ਜਿਨ੍ਹਾਂ ਦੇ ਕਾਰਨ ਅੰਦਰਲਾ ਤਾਕਤ ਵਿਚ ਤੇ ਸਰੀਰ ਅਰੋਗਤਾ ਤੇ ਬਲ ਵਿਚ ਰਹਿੰਦਾ ਹੈ? ਪਰ ਹੋਰ ਆਮ ਲਾਭ ਬੀ ਹਨ, ਅਸੀਂ ਲੋਕ ਕਮਜ਼ੋਰ ਹਾਂ, ਬਲ ਚਾਹੀਏ, ਸੂਰਤ ਜਥ੍ਹੇ ਵਾਲੀ ਚਾਹੀਏ, ਗ਼ੁਲਾਮ ਲੋਕਾਂ ਨੂੰ ਗੁਰੂ ਜੀ ਅਭੈ ਪਦ ਬਖਸ਼ ਰਹੇ ਹਨ, ਅਭੈ ਪੁਰਖ ਦਾ ਮਨ ਅਭੈ ਤੇ ਸਰੀਰ ਜਥ੍ਹੇ ਵਾਲਾ ਲੋੜੀਏ। ਸਦੀਆਂ ਤੋਂ ਤੁਰਕਾਂ ਦੀ ਗ਼ੁਲਾਮੀ ਨੇ ਸਾਡੀ ਸੁਰਤਿ ਤਬਾਹ ਕਰ ਰੱਖੀ ਹੈ, ਸੁਰਤਿ ਨੂੰ ਜਿਵਾਕੇ ਸ਼ਰੀਰ ਨੂੰ ਜ਼ਬਰਦਸਤ ਕਰਕੇ ਸਤਿਗੁਰ ਨੇ ਸਾਨੂੰ ਗੁਲਾਮੀ ਤੋਂ ਛੁਡਾਉਣਾ ਹੈ। ਉਨ੍ਹਾਂ ਐਸਾ ਇਨਸਾਨ

ਬਨਾਉਣਾ ਹੈ ਕਿ ਇਨਸਾਨ, ਜ਼ਾਲਮ ਇਨਸਾਨ ਤੋਂ ਨਾ ਡਰੇ, ਸੀਰਤ ਤੇ ਸੂਰਤ ਜਥ੍ਹੇ ਵਾਲੀ ਧਾਰ।

ਸੱਯਦ-ਸੂਰਤ ਦਾ ਧਰਮ ਨਾਲ ਕੀ ਸੰਬੰਧ?

ਇੰਨੇ ਨੂੰ ਰਾਧਾ ਸਿੰਘ ਜੀ ਲੰਘ ਪਏ। ਸਿਪਾਹੀ ਨੇ ਆਵਾਜ਼ ਮਾਰੀ ਤੇ ਸਾਰੀ ਗੱਲ ਬਾਤ ਸੁਣਾਕੇ ਕਿਹਾ ਕਿ ਸੱਯਦ ਸਾਹਿਬ ਨਾਲ ਆਪ ਵਿਚਾਰ ਦੀ ਗੱਲ ਬਾਤ ਕਰੋ। ਸੱਯਦ ਨੇ ਫਿਰ ਪ੍ਰਸ਼ਨ ਕੀਤਾ ਕਿ ਸੂਰਤ ਦਾ ਧਰਮ ਨਾਲ ਕੀ ਜੋੜ ਹੈ?

ਰਾਧਾ ਸਿੰਘ-ਸੂਰਤ ਤਾਂ ਕੋਈ ਨਾ ਕੋਈ ਰਹੇਗੀ, ਅਸੂਰਤ ਅਸੀਂ ਹੋ ਨਹੀਂ ਸਕਦੇ, ਕਿਉਂਕਿ ਅਸੀਂ ਅਮੂਰਤ ਨਹੀਂ ਹਾਂ। ਸੋ ਜੇ ਪਟੇ ਰੱਖੇ ਤਾਂ ਇਕ ਸੂਰਤ, ਰੋਡ ਭੋਡ ਹੋਏ ਤਾਂ ਇਕ ਹੋਰ ਸੂਰਤ, ਜੇ ਮੁੱਛਾਂ ਨਹੀਂ ਤਾਂ ਇਕ ਹੋਰ ਸੂਰਤ, ਜੇ ਹਨ ਤਾਂ ਇਕ ਹੋਰ ਸੂਰਤ, ਜੇ ਤਬਦੀਲੀ ਕਰੋ ਪਿੱਛੇ ਕੋਈ ਨਾ ਕੋਈ ਸੂਰਤ ਹੋਵੇਗੀ, ਸੂਰਤ ਬਦਲੇਗੀ, ਪਰ ਸੂਰਤ ਉੱਡੇਗੀ ਨਹੀਂ। ਫਿਰ ਜੇ ਕੋਈ ਨਾ ਕੋਈ ਸੂਰਤ ਰਹਿਣੀ ਹੈ ਤਾਂ ਇਹ ਖਿਆਲ ਕਿ ਸੂਰਤ ਨਾ ਰਹੇ, ਵਿਅਰਥ ਹੈ। ਫੇਰ ਸੂਰਤ ਉਹ ਸੁਭਾਗ ਹੋਊ ਜਿਹੜੀ ਕੁਦਰਤੀ ਹੋਊ, ਮਭ ਤੋਂ ਸਾਦੀ, ਸੋਖੀ, ਤੇ ਕੁਦਰਤੀ ਸੂਰਤ ਉਹੋ ਹੋਊ ਜੋ ਕੁਦਰਤ ਨੇ ਸਾਜੀ ਹੈ; ਹੇਰਾ ਫੇਰੀ ਵਾਲੀ ਸੂਰਤ ਪਰ ਤਾਂ ਇਤਰਾਜ਼ ਹੋਵੇ, ਕੁਦਰਤੀ ਸੂਰਤ ਪਰ ਕਿਉਂ ਸ਼ੰਕਾ?

ਸੱਯਦ-ਠੀਕ ਹੈ, ਤੁਸਾਂ ਤੋਂ ਤਮਾਕੂ ਬੀ ਛੁੱਟ ਗਿਆ ਹੈ?

ਰਾਧਾ ਸਿੰਘ-'ਹਜ਼ਾਰ ਇੱਲਤ ਉਸ ਸੱਚੇ ਪਾਤਸ਼ਾਹ ਦੇ ਇਕ ਗ਼ਮਜ਼ੇ ਵਿਚ ਦੂਰ ਹੁੰਦੀ ਹੈ' ਭਾਈ ਨੰਦ ਲਾਲ ਜੀ ਆਖਦੇ ਹਨ ਤੇ ਮੈਂ ਪਰਤਾ ਕੇ ਡਿੱਠਾ ਹੈ। ਓਹ ਜਿਹੜੇ ਮੈਂ ਸ਼ੰਕੇ ਕੀਤੇ ਉਹ ਤਾਂ ਮੇਰੇ ਨੀਵੇਂ ਸੁਭਾਵ ਦੀਆਂ ਹੁੱਜਤਾਂ ਮਨ, ਨਹੀਂ ਤਾਂ ਨੇਹੁੰ ਕੀ ਤੇ ਸੰਸੇ ਕੀਹ? ਦਰਸ਼ਨ ਕੀਤਿਆਂ ਪਾਪ ਝੜਦੇਹਨ, ਕੀਰਤਨ ਸੁਣਿਆਂ ਸਮਾਧੀ ਲਗਦੀ ਹੈ, ਉਪਦੇਸ਼ ਸੁਣਿਆਂ ਪੂਰਨ ਗਿਆਨ ਹੁੰਦਾ ਹੈ, ਨਾਮ ਲੀਤਿਆਂ ਲਿਵ ਲਗਦੀ ਹੈ।

ਸੱਯਦ-ਹਾਂ ਸਚੀਂ, ਸਿੱਖ ਕੀਰਤਨ ਕਿਉਂ ਕਰਦੇ ਹਨ?

ਰਾਧਾ ਸਿੰਘ-ਕੀਰਤਨ ਨਾਲ ਮਨ ਦਾ ਰੁਖ਼ ਲਿਵ ਵਲ ਲੱਗਦਾ ਹੈ ਤੇ ਤ੍ਰਿਸ਼ਨਾ ਖਿੰਡਾਉ (ਇੰਤ-ਸ਼ਾਰ) ਤੋਂ ਮੋੜਾ ਖਾ ਕੇ ਜੁੜਦਾ ਹੈ, ਇਹ ਲਾਭ ਤਾਂ ਇਕ ਹੈ, ਦੂਸਰੇ ਜੋ ਅਰਥ ਭਾਵ ਬਾਣੀ ਦੇ ਹਨ ਉਨ੍ਹਾਂ ਨਾਲ ਅੰਦਰੋਂ ਉੱਚੇ ਵਲਵਲੇ ਤੇ ਖੂਬਸੂਰਤ ਜਜ਼ਬੇ ਪੈਦਾ ਹੁੰਦੇ ਹਨ, ਪਸ਼ੂ ਬ੍ਰਿਤੀ, ਪਸ਼ੂ ਸੁਭਾਵ ਤੁਟਦਾ ਹੈ ਤੇ ਦੈਵੀ ਭਾਵ ਤੇ ਈਸ਼ਵਰੀ ਗੁਣ ਪ੍ਰਵੇਸ਼ ਕਰਦੇ ਹਨ। ਬਾਣੀ ਰਚਨਹਾਰ ਮਤਿਗੁਰੂ ਹਨ, ਸੁਤੇ ਹੀ ਮਨ ਜੇ ਸਥੂਲ ਰੂਪ ਵਲ ਜਾਂਦਾ ਹੈ, ਤਾਂ ਬਾਣੀਆਂ ਦੇ ਕਰਤਿਆਂ ਵਲ ਜਾਂਦਾ ਹੈ। ਉਨਾਂ ਮਹਾਂ ਪੁਰਖਾਂ ਰੱਬੀ ਰੰਗ ਵਾਲਿਆਂ ਦੇ ਚਿੱਤ ਦਾ ਧਿਆਨ ਉਨ੍ਹਾਂ ਦੇ ਹਿਰਦੇ ਦਾ ਨਕਸ਼ਾ ਅੱਖਾਂ ਅੱਗੇ ਆਕੇ ਟਿਕਾਉ ਤੇ ਉਚਾਉ ਦਾ ਅਸਰ ਪਾਉਂਦਾ ਹੈ, ਜੀਕੂੰ ਅਸੀਂ ਦਿੱਸਦੇ ਸੰਸਾਰ ਦੀਆਂ ਸੂਰਤਾਂ ਮੂਰਤਾ ਮੋਹਨੀਆਂ ਰੰਗਤਾਂ ਵਿਚ ਮਗਨ ਹਾਂ, ਇਸ ਤਰ੍ਹਾਂ ਅਸੀਂ ਅਣ-ਡਿੱਠੇ ਦੇ ਅਰੂਪ ਅਰੰਗ ਸਰੂਪ ਦੇ ਪ੍ਰੇਮੀ ਹੋ ਜਾਂਦੇ ਹਾਂ, ਕੀਰਤਨ ਦਾ ਇਹ ਅਸਰ ਹੁੰਦਾ ਹੈ।

ਸੱਯਦ-ਬਹੁਤ ਖ਼ੂਬ! ਫਿਰ ਸਿੱਖ ਤੇ ਗੁਰੂ ਦਿਨ ਰਾਤ ਮਰਾਕਬੇ (ਸਮਾਧੀ) ਵਿਚ ਬੈਠੇ ਨਹੀਂ ਦਿੱਸਦੇ। ਇਹ ਕੀ ਗੱਲ ਹੈ?

ਰਾਧਾ ਸਿੰਘ-ਦਿਨ ਰਾਤ ਦਾ ਮਰਾਕਬਾ-ਹਾਂ ਸ਼ਰੀਰ ਦਾ ਮਰਾਕਬਾ*, ਨਹੀਂ ਸਿਖਾਇਆ ਜਾ ਰਿਹਾ ਕਿ ਕੋਈ ਪੱਥਰ ਹੋ ਜਾਏ, ਸਿਖਾਇਆ ਜਾ ਰਿਹਾ ਹੈ:- **'ਸੋ ਇਕਾਂਤੀ ਜਿਸੁ ਰਿਦਾ ਥਾਇ'॥** {ਬਸੰ: ਮ: ੫-੩}

ਟੁਰਦੇ ਫਿਰਦੇ, ਕੰਮ ਕਰਦੇ ਕਰਾਂਦੇ ਅੰਦਰਲੇ ਦਾ ਰੁਖ਼ ਰੱਬ ਵਲ ਝੁਕਾਉ ਰੱਖੇ, ਅੰਦਰ ਐਉਂ ਰਹੇ ਜਿਸ ਤਰ੍ਹਾਂ ਰੱਬ ਦੇ ਨਾਲ ਲਗਾ ਹੋਇਆ ਹੈ। ਜਿਸ ਵੇਲੇ ਸ਼ਰੀਰ ਕੰਮ ਕਰੇ ਅੰਦਰ ਕੁਛ ਰੌ ਜੇਹੀ ਰੁਮ-ਕਦੀ ਰਹੇ। ਜਿਉਂ ਜਿਉਂ ਰੌ ਪ੍ਰਬਲ ਹੁੰਦੀ ਜਾਏਗੀ, ਆਪਣਾ ਆਪ ਦਿਖਾਉਂਦੀ ਜਾਏਗੀ, ਪਰ ਜਦ ਤਕ ਸ਼ਰੀਰ ਦੀ ਖ਼ਾਤਰ ਦਾ ਰੁਖ਼ ਸੰਸਾਰਾਕਾਰ ਹੈ, ਛੱਡ ਦੇਣਾ ਹੋ ਨਹੀਂ ਸਕਦਾ, ਛੱਡੂ ਤਾਂ ਫੇਰ ਫੜੂ। ਜਦ ਮਨ ਦਾ ਸੁਭਾਉ, ਮਨ ਦਾ ਰੁਖ਼, ਮਨ ਦਾ ਰੌ ਬਦਲੇਗਾ ਤਾਂ ਆਪੇ ਸੰਸਾਰ ਛੁੱਟ ਗਿਆ। ਮਨੋਂ ਛੱਡਣਾ ਹੈ ਨਾਂਕਿ ਸ਼ਰੀਰੋਂ, ਮਨ ਜਦ ਪਕੜ ਵਿਚ ਨਹੀਂ ਰਹੇਗਾ ਕਾਰਜ ਹੋ ਗਿਆ। ਸ਼ਰੀਰ ਨੇ ਤਾਂ ਇਕ ਦਿਨ ਰਹਿਣਾਂ ਨਹੀਂ, ਆਪੇ ਛੁਟ ਜਾਣਾ ਹੈ ਤੇ ਸ਼ਰੀਰ ਦੇ ਸੰਬੰਧ ਸਾਰੇ ਛੁੱਟ ਜਾਣੇ ਹਨ, ਨਹੀਂ

*ਸਮਾਧੀ।

ਛੁੱਟਦੀ ਤਾਂ ਮਨ ਦੀ ਪਕੜ, ਕਿਉਂਕਿ ਇਸ ਮਨ ਨੂੰ ਰੋ ਹੈ 'ਪਕੜ' ਦਾ ਪੁਰਾਣਾ। ਮਨ ਦਾ ਰੋ ਸਮੇਂ ਨਾਲ ਬਦਲਦਾ ਹੈ। ਸੋ ਲਗਾਤਾਰਤਾ ਦਾ ਉਪਦੇਸ਼ ਹੈ ਕਿ ਲਗਾ ਰਹੇ ਲਗਾਤਾਰ, ਚਾਹੇ ਮੱਧਮ, ਚਾਹੇ ਜ਼ੋਰਦਾਰ। ਇਸ ਤਰ੍ਹਾਂ ਕਰਦਿਆਂ ਅੰਦਰਲਾ ਰੁਖ 'ਰੱਬ ਰੁਖੀਆ' ਹੋ ਜਾਂਦਾ ਹੈ ਤੇ ਬਾਹਰੋਂ ਸ਼ਰੀਰ ਆਪਣੇ ਫਰਜ਼ਾਂ ਦੇ ਕੰਮ ਕਰਦਾ ਹੈ ਤੇ ਭਲਿਆਈ ਵਿਚ ਖੇਡਦਾ ਹੈ। ਸਿੱਖ ਦੇਸ਼ ਤੇ ਦੁਖੀ ਪਰਜਾ ਲਈ ਦਾਨੀ ਬੀ ਹਨ। ਹੁਣੇ ਸਤਿਗੁਰੂ ਜੀ ਰਾਜਧਾਨੀ, ਧਨ, ਧਾਮ, ਪਰਿਵਾਰ, ਪੁਤਰ, ਸਿੱਖ, ਪਿਆਰੇ, ਸੁਖ, ਸਾਮਾਨ ਸਭ ਲੁਟਾਕੇ ਆਏ ਹਨ, ਭਲੇ ਲਈ। ਦੁਖੀ ਪ੍ਰਜਾ ਦੇ ਸੰਕਟ ਹਰਨੇ ਨਮਿੱਤ ਸਭੋ ਕੁਛ ਵਾਰ ਆਏ ਹਨ। ਫੇਰ ਦੁਖੀ ਨਹੀਂ, ਉਸੇ ਤਰ੍ਹਾਂ ਪ੍ਰਸੰਨ ਹਨ, ਉਸ ਤਰ੍ਹਾਂ ਚੜ੍ਹਦੀ ਕਲਾ ਵਿਚ ਹਨ, ਰਸ ਰੰਗ ਵਿਚ ਹਨ, ਉੱਧਾਰ ਕਰਦੇ ਤੇ ਪਿਆਰਦੇ ਹਨ, ਅਪਣੇ ਬਿਗਾਨੇ ਜਿਨ੍ਹਾਂ ਦੀ ਖ਼ਾਤਰ ਸਭ ਕੁਝ ਵਾਰ ਆਏ ਹਨ, ਉਨ੍ਹਾਂ ਦੇ ਧ੍ਰੋਹ ਵਿਦ੍ਰੋਹ ਮੋਹ-ਤੋੜੀ ਕਿਸੇ ਗੱਲ ਤੋਂ ਖ਼ਫੇ ਨਹੀਂ ਹੋਏ, ਫੇਰ ਦਾਨ ਦੇ ਰਹੇ ਹਨ, ਵਾਰ ਰਹੇ ਹਨ ਤੇ ਉੱਨਤ ਕਰ ਰਹੇ ਹਨ।

ਸੱਯਦ-ਕ੍ਰਿਪਾ ਕਰਕੇ ਦੱਸੋ ਕਰਮ ਦਾ ਕੀ ਖਿਆਲ ਹੈ? ਹਿੰਦੂਆਂ ਵਿਚ ਕਰਮ ਅਤੁੱਟ ਹੈ, ਸਾਡੇ ਵਿਚ ਅਮਲਾਂ ਤੇ ਨਿਬੇੜੇ ਹਨ।

ਰਾਧਾ ਸਿੰਘ-ਸਾਈਂ ਜੀਵੇ! ਕਰਮ ਦੇਹ ਧਾਰਕੇ ਜੀਵ/ਕਰਦਾ ਹੈ। ਸੋ ਕਰਮ ਕਈ ਤਰ੍ਹਾਂ ਦੇ ਹਨ। ਇਕ ਕਰਮ ਸੰਸਾਰ ਦੇ ਪ੍ਰਬੰਧ ਅਰਥ ਹਨ, ਇਕ ਆਪਣੀ ਮੁਕਤੀ ਅਰਥ ਹਨ, ਇਕ ਅਕਰਮ ਕਰਮ ਹਨ। ਅਸੀਂ ਕਰਮ ਬੱਧ ਨਹੀਂ ਤੇ ਹਾਂ ਬੀ। ਨਾਮ ਜਪਣਾ ਕਰਮ ਹੈ ਪਰ ਇਹ ਅਕਰਮ ਕਰਮ ਹੈ। ਅਸੀਂ ਨਾਮ ਰੱਬ ਦਾ ਜਪਦੇ ਹਾਂ ਤਾਂ ਮਾਨੋ ਕਰਮ ਕਰਦੇ ਹਾਂ, ਪਰ ਇਸ ਨਾਲ ਅਸੀਂ ਰੱਬ ਦੇ ਧਿਆਨ ਵਿਚ ਰਹਿੰਦੇ ਹਾਂ। ਕਰਦੇ ਤਾਂ ਹਾਂ ਕਰਮ, ਖ਼ੈਰ ਇਸ ਨਾਲ ਪਕਦਾ ਹੈ ਰੱਬ ਜੀ ਦਾ ਧਿਆਨ। ਹਾਂ, ਰੱਬੀ ਗੁਣਾਂ ਦਾ ਪ੍ਰਵੇਸ਼ ਸਾਡੇ ਮਨ ਵਿਚ ਹੁੰਦਾ ਹੈ, ਇਸ ਨਾਲ। ਰੱਬੀ ਗੁਣ ਚਿਤਵਦੇ ਅਸੀਂ ਫਿਰ ਉਸ ਸੁਭਾਵ ਵਾਲੇ ਹੋ ਜਾਂਦੇ ਹਾਂ। ਫੇਰ: ਐਸੇ ਕਰਮ ਸਾਥੋਂ ਹੁੰਦੇ ਨਹੀਂ ਕਿ ਜਿਨ੍ਹਾਂ ਤੋਂ ਦੁੱਖ ਪਹੁੰਚੇ।

ਸੋ ਜਿਸਨੂੰ ਕਰਮ ਕਹੀਦਾ ਹੈ ਉਹ ਨਾਮ ਨਾਲ ਆਪੇ ਸ੍ਵੱਛ ਹੋ ਜਾਂਦਾ ਹੈ। ਨਾਮ ਅਭਜਾਸੀ ਪਹਿਲਾ ਕਰਮ ਇਹ ਸਿਖਦਾ ਹੈ:-

"ਦੂਖ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਹੁ॥" {ਗਉ: ਵਾਰ-੧੭}

ਸੋ ਜਦ ਦੁਖ ਨਾ ਦੇਣਾ ਅਸੂਲ ਹੈ ਤਾਂ ਵਰਤੋਂ ਸਾਰੀ ਨੇਕੀ ਦੀ ਹੋ ਗਈ, ਇਸ ਤੋਂ ਅਗੇ ਨੇਕੀ ਤੇ ਫੇਰ ਨਿਸ਼ਕਾਮਕ ਨੇਕੀ ਹੈ, ਇਹ ਨੇਕੀ ਸੁਭਾਵ ਹੈ ਉਸਦਾ ਜਿਸਦੇ ਅੰਦਰ ਲਿਵ ਹੈ। ਜੇ ਲਿਵ ਨਹੀਂ ਤੇ ਨੇਕੀ ਕਰਦਾ ਹੈ ਤਾਂ ਨੇਕੀ ਦੀ ਜੜ੍ਹ ਸਵਾ ਗਿੱਠ ਉੱਚੀ ਜਾਣੋ, ਉਹ ਲਗੇਗੀ ਮੁਸ਼ਕਲ। ਐਉਂ ਕਰਮ ਤੁਸਾਂ ਸਮਝ ਲਿਆ ਹੈ ਕਿ ਹੈ ਤੇ ਨਹੀਂ ਬੀ ਹੈ। ਬਾਕੀ ਰਹੀ ਰਬ ਦੀ ਪ੍ਰਾਪਤੀ, ਇਹ ਸਾਡੇ ਕਿਸੇ ਕਰਮ ਦੇ ਬੂਟੇ ਦਾ ਫਲ ਨਹੀਂ, ਇਹ ਮਿਟਰ ਹੈ ਮਿਹਰ ਸਾਥੋਂ ਬਾਹਰ ਹੈ, ਤੇ ਰਬ ਵਿਚ ਹੈ ਤੇ ਉਸਦੇ ਹੁਕਮ ਵਿਚ ਹੈ:

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕਿ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ॥੧॥ {ਸਿਰੀ: ਵਾਰ-੨}

ਪਰ ਇਹ ਪੜ੍ਹਕੇ ਅਸਾਂ ਦਲਿੱਦ੍ਰੀ ਤੇ ਬੇਮੁਖ ਨਹੀਂ ਹੋਣਾ, ਅਸੀਂ ਦਿਨ ਰਾਤ ਲਗੇ ਰਹਿਣਾ ਹੈ: **'ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥ ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥੨੨੩॥**

ਇਉਂ ਸਾਡੀ ਸਦਾ ਦੀ ਤਾਂਘ ਉਡੀਕ ਤੇ ਮੰਗ ਜਾਰੀ ਹੈ। ਸੋ ਨਾਮ ਝੋਲੀ ਹੈ ਜੋ ਅਸਾਂ ਕਰਤਾ ਪੁਰਖ ਅਗੇ ਅੱਠ ਪਹਿਰ ਅੱਡ ਰਖੀ ਹੈ, ਲਿਵ ਸਾਡੀ ਉਹ ਲਗਨ ਹੈ ਜੋ ਮਿਹਰ ਦੇ ਦਾਤੇ ਅਗੇ ਸਦਾ ਮੰਗਣ ਹਾਰ ਰਹਿੰਦੀ ਹੈ, ਖ਼ੈਰ ਪਾਉਣੀ ਉਸ ਦੇ ਵੱਸ ਹੈ। ਕਾਰਨ ਇਹ ਹੈ ਕਿ ਉਹ ਹੈ ਬੇਅੰਤ, ਨਾ ਉਹ ਦੇਸ਼ ਨਾਲ ਬੱਧਾ ਹੈ ਨਾ ਸਮੇਂ ਨਾਲ। ਅਸੀਂ ਹਾਂ ਕਾਲ ਵਿਚ, ਦੇਸ਼ ਵਿਚ। ਸਾਡਾ ਕੋਈ ਕਰਮ ਉਸ ਪੁਰ ਹਾਵੀ ਹੋ ਨਹੀਂ ਸਕਦਾ, ਨਾਮ ਸਾਨੂੰ ਉਸਦੇ ਧਿਆਨ ਵਿਚ ਰਖਦਾ ਹੈ, ਵਾਹਿਗੁਰੂ ਦੀ ਪੂਜਾ ਵਿਚ ਰਖਦਾ ਹੈ, ਐਉਂ ਉਸਦਾ ਪਿਆਰ ਵਧਦਾ ਹੈ ਤੇ ਜਗਤ ਦਾ ਮੋਹ ਤੁਟਦਾ ਹੈ, ਤਿਆਰੀ ਪੂਰਨ ਹੋ ਜਾਂਦੀ ਹੈ। ਪਯਾਰ ਤੇ ਧਯਾਨ ਨਾਲ ਮਾਨੋਂ ਦੇਸ਼ ਕਾਲ ਦੀ ਸਰਹੱਦ ਉੱਤੇ

ਅੱਪੜ ਪਈਦਾ ਹੈ। ਅਰਥਾਤ ਆਪਣੇ ਹਦ ਬੰਨੇ ਵਾਲੇ, ਅੰਤ ਵਾਲੇ, ਮਿਤ ਵਾਲੇ ਸੁਭਾਵ ਦੇ ਅਖੀ-ਰਲੇ ਕਿੰਗਰੇ ਤੇ ਜਾ ਖੜੋਈਦਾ ਹੈ। ਹੁਣ ਅਗੋਂ ਅਮਿੱਤ, ਅਨੰਤ, ਅਸੀਮਾਂ ਵਿਚ ਛਾਲ ਸਾਥੋਂ ਵੱਜ ਨਹੀਂ ਸਕਦੀ, ਉਹ ਅਨੰਤ ਦਾ ਕ੍ਰਿਸ਼ਮਾਂ ਹੈ, ਜੋ ਸਾਨੂੰ ਆਪਣੇ ਵਿਚ ਖਿਚ ਲੈਂਦਾ ਹੈ:-

ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗੁਣ ਨ ਪਛਾਣੇ॥ (ਜੈਤਸਿਰੀ ਮ: ੫-੧)

ਇਹ ਨਦਰ ਹੈ, ਇਹ ਮਿਹਰ ਹੈ, ਪਰ ਇਹ 'ਨਦਰ' ਉਸ ਅਨੰਤ ਦਾ ਅਪਣਾ ਕ੍ਰਿਸ਼ਮਾ ਹੈ, ਉਸਦਾ ਕਟਾਖਜ ਹੈ, ਉਸ ਦਾ ਕੋਈ ਚੋਜ, ਖੇਲ, ਪਿਆਰ ਹੈ। ਸਾਡੇ ਕਰਮ ਦਾ ਇਹ 'ਫਲ', ਸਾਡੇ ਕਰਮ ਦੇ ਇਹ ਅਧੀਨ, ਸਾਡੇ ਕਰਮ ਦੇ ਵਸ ਦਾ ਇਹ ਕੌਤਕ, ਇਹ ਕਟਾਖਜ ਨਹੀਂ ਹੈ, ਨਾ ਹੋ ਸਕਦਾ ਹੈ। ਐਉਂ ਹੈ ਸਾਈਂ ਜੀ! ਮੁਕਤੀ ਦੀ ਪ੍ਰਾਪਤੀ। ਸਾਨੂੰ ਸਤਿਸੰਗ ਹੋਵੇ, ਦਾਤਾ ਮਿਹਰ ਕਰੇ ਤਾਂ ਅਸੀਂ ਉਠਦੇ ਬਹਿੰਦੇ, ਤੁਰਦੇ ਫਿਰਦੇ ਉਸ ਨੂਰੋ ਨੂਰ ਅਕਾਲ ਪੁਰਖ ਦੇ ਪਿਆਰ ਦੀ ਲਿਵ ਵਿਚ ਰਹੀਏ। ਸਾਡਾ ਜੀਵਨ ਹੋਵੇ ਲਿਵ ਦਾ, ਨਾਮ ਦਾ, ਰਜ਼ਾ ਦਾ। ਇਹ ਜੀ ਉਠਣਾ ਹੈ:-'**ਨਾਨਕ ਸੇ ਜਾਗੀਨਿ ਜਿ ਰਸਨਾ ਨਾਮੁ ਉਚਾਰਣੇ॥**' ਜੀ ਉਠੇ ਦਾ ਸਾਈਂ ਨਾਲ ਸੰਜੋਗ ਸਾਈਂ ਦੀ ਨਦਰ ਹੈ:-

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ॥
{ਤਿਲ: ਮ: ੧-੪}

ਹਾਂ ਜੀ-

ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥੩੮॥ {ਜਪੁਜੀ}

ਜੋ ਨਾਮ ਵਿਚ ਆ ਗਏ ਹਨ, ਮਿਹਰ ਨਾਲ ਆਏ ਹਨ-ਹਾਂ, ਇਹ ਬੀ ਇਕ ਮਿਹਰ ਹੈ, ਅਪਣੇ ਜ਼ੋਰ ਹੰਕਾਰ ਨਾਲ ਇਹ ਬੀ ਨਹੀਂ।

ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ {ਜਪੁਜੀ}

ਪਰ ਕੀਹ ਜਦ ਪਤਾ ਇਹ ਲੱਗ ਜਾਏ ਤਾਂ ਉੱਦਮ ਤੇ ਜਤਨ ਛੱਡ ਦੇਵੇ? ਕਦੇ ਨਹੀਂ। ਹੁਕਮ ਹੈ:-

ਉਦਮੁ ਕਰਹੁ ਵਡਭਾਗੀ ਹੋ ਸਿਮਰਹੁ ਹਰਿ ਹਰਿ ਰਾਇ॥{ਆਸਾ ਮ: ੫-੬}

ਸਯਦ-ਫੇਰ ਨਾ ਜੋਰ ਕਰੇ, ਨਾ ਉੱਦਮ ਤਜੇ, ਇਹ ਤੀਸਰੀ ਹਾਲਤ ਕੀ ਹੋਈ?

ਰਾਧਾ ਸਿੰਘ-ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥ {ਸੁਖਮਨੀ}

ਪ੍ਰਭ ਦੀ ਉਸਤਤ ਕਰਹੁ, ਕਹਿੰਦੇ ਹਨ ਕਰਹੁ, ਪਰ ਜ਼ੋਰ ਨਾਲ ਨਹੀਂ:-

ਸਾਵਧਾਨਤਾ ਨਾਲ ਏਕਾਗ੍ਰਤਾ ਨਾਲ, ਅਰਥਾਤ ਆਲਸ ਨ ਕਰੋ ਸਾਵਧਾਨ ਰਹੋ, ਜ਼ੋਰ ਨਾਲ ਨਾ ਸਮਝੋ ਮਿਹਰ ਨਾਲ ਸਮਝੋ। ਮਿਹਰ ਸਮਝੋ ਪਰ ਹਰ ਹਾਲਤ ਕਰੋ। ਕੀ?-ਨਾਮ ਅਰਾਧਨ-ਸਿਮਰਨ। ਫਲ ਕੀ?

ਤੁਸਾਡਾ ਜੀ ਪੈਣਾ, ਆਪੇ ਦਾ ਟਿਕਾਉ, ਰਮ। ਇਸ ਅਵਸਥਾ ਤੇ ਮਿਹਰ ਹੋਊ, ਨਦਰ ਪਊ ਤਾਂ-'**ਨਾਨਕ ਨਦਰੀ ਨਦਰਿ ਨਿਹਾਲ**' ਹੋ ਜਾਊ।

ਸੋ ਇਹ ਨਾਮ ਜਪਣਾ ਮਿਹਰ ਬੀ ਹੈ, ਪਰ ਇਹ ਨਾਮ ਜਪਣਾ ਗੁਰੂ ਜੀ ਦੱਸਦੇ ਹਨ ਕਿ ਘਾਲ ਬੀ ਹੈ:

'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥ {ਜਪੁਜੀ}

ਜੋ ਨਾਮ ਜਪੇਗਾ ਉਹ ਆਪ ਛੁਟੇਗਾ, ਹੋਰਨਾਂ ਨੂੰ ਛੁਡਾਏਗਾ, ਉਹ ਮਰਦ ਸਿਖ ਹੈ ਜੋ ਜਪਦਾ ਤੇ ਜਪਾਉਂਦਾ ਹੈ। ਸਤਿਗੁਰ ਜਪਣ ਤੇ ਜਪਾਉਣ ਵਾਲੇ ਦੇ ਸਦਕੇ ਹੁੰਦੇ ਹਨ।

ਸਯਦ-ਹੱਥ ਬੰਨ੍ਹ ਕੇ ਤੇ ਨਿੰਮ੍ਰਤਾ ਨਾਲ ਬੋਲੇ ਜਿਸ ਦਾ ਮਤਲਬ ਇਹ ਹੈ:-

ਤੂੰ ਡਿੱਠਾ ਅਸਾਂ ਦਿਖਾਲ ਕੁੜੇ।
ਕਰਿ ਦਰਸ਼ਨ ਨਾਲ ਨਿਹਾਲ ਕੁੜੇ।
ਤੂੰ ਜਪਿਆ ਅਸਾਂ ਜਪਾਲ ਕੁੜੇ।
ਅੰਗ ਪਿਆਰਾਂ ਵਾਲਾ ਪਾਲ ਕੁੜੇ।

੪. (ਅਜਮੇਰ ਸਿੰਘ)

ਲੱਖੀ ਜੰਗਲ ਵਿਚ ਮਾਨੋ ਮੁੜ ਆਨੰਦਪੁਰ ਬਣ ਗਿਆ। ਅਜ ਵੇਖੋ ਕੀ ਕੌਤਕ ਹੋ ਰਿਹਾ ਹੈ? ਦੀਵਾਨ ਸਜ ਰਿਹਾ ਤੇ ਆਸਾ ਦੀ ਵਾਰ ਦਾ ਭੋਗ ਪੈ ਰਿਹਾ ਹੈ, ਸਤਿਗੁਰ ਜੀ ਮਸਨਦ ਤੇ ਬੈਠੇ ਹਨ, ਸੰਗਤ ਅਪਾਰ ਜੁੜੀ ਹੋਈ ਹੈ, ਕੜਾਹ ਪ੍ਰਸ਼ਾਦ ਵਰਤ ਰਿਹਾ ਹੈ, ਦਾਨਾ ਸਿੰਘ ਜੀ ਭੱਜੇ ਆਏ ਹਨ ਤੇ ਆਖਦੇ ਹਨ:-

ਸੱਚੇ ਪਾਤਸ਼ਾਹ ਜੀਓ! ਮਹੰਤ ਸੁੱਖੂ ਬੁੱਧੂ ਘੁਦੇ ਪਿੰਡ ਤੋਂ ਆ ਰਹੇ ਹਨ, ਉਨ੍ਹਾਂ ਦੇ ਨਾਲ ਇਕ

ਤਕੜੀ ਵਹੀਰ ਲੱਠ ਬਾਜ਼ਾਂ ਦੀ, ਸ਼ਸਤ੍ਰ ਧਾਰੀਆਂ ਦੀ ਹੈ, ਸ੍ਰੀ ਜੇ ਦੇ ਕਰ ਕਮਲਾਂ ਤੋਂ ਸ਼ਹੀਦੀ ਪ੍ਰਾਪਤ ਕਰਨ ਵਾਸਤੇ ਆ ਰਹੇ ਹਨ।

ਸਤਿਗੁਰੂ ਜੀ-ਅਸਾਂ ਉਨ੍ਹਾਂ ਦਾ ਕੀ ਗੁਵਾਇਆ ਹੈ ਜੋ ਸਾਨੂੰ ਮਾਰਨ ਆ ਰਹੇ ਹਨ?

ਦਾਨਾ ਸਿੰਘ-ਮੇਰੇ ਸੂਹੀਏ ਨੇ ਦੱਸਿਆ ਹੈ ਕਿ ਜਦੋਂ ਸ੍ਰੀ ਜੀ ਕੋਟ ਕਪੂਰੇ ਨੂੰ ਗਏ ਹਨ ਤਦ ਮਲੂਕੇ ਦੇ ਕੋਠੇ ਪਾਸ ਇਕ ਸਿੰਘ ਜੀ ਸ਼ਿਕਾਰ ਖੇਡ ਰਹੇ ਸਨ, ਤਦ ਇਕ ਦੀਵਾਨੇ ਸਾਧੂ ਨੂੰ ਇਸ ਸਿੰਘ ਤੋਂ ਅਭੋਲ ਸੱਟ ਲੱਗ ਗਈ ਸੀ, ਜਿਸ ਨਾਲ ਉਹ ਚੜ੍ਹਾਈ ਕਰ ਗਿਆ ਸੀ। ਸ੍ਰੀ ਜੀ ਨੇ ਉਸ ਸਾਧ ਦੀ ਬਹੁਤ ਪਾਲਨਾ ਕੀਤੀ ਸੀ, ਸੰਗਤ ਵਲੋਂ ਜਥਾਸ਼ਕਤ ਸੇਵਾ ਮਦਦ ਹੋਈ ਸੀ, ਪਰ ਸੱਖੂ ਤੇ ਬੁੱਧੂ ਮਹੰਤ ਆਖਦੇ ਹਨ: ਬਦਲਾ ਲੈਣਾ ਹੈ, ਸੋ ਆ ਰਹੇ ਹਨ, ਆਖਦੇ ਹਨ 'ਮਾਰ ਲੈਣਾ ਹੈ।'

ਸਤਿਗੁਰੂ ਜੀ-ਸੂਹੀਏ ਨੂੰ ਫੇਰ ਘੱਲੋ, ਉਹ ਤਾਂ ਭੈ ਨੇ ਰਸਤੇ ਵਿਚ ਹੀ ਫੜ ਲਏ ਹਨ ਤੇ ਸਾਥੀ ਨੱਠੇ ਜਾਂਦੇ ਹਨ, ਵਹੀਰ ਖਿਸਕ ਰਹੀ ਹੈ, ਫਿਕਰ ਅਕਾਲਪੁਰਖ ਜਦ ਕਰ ਰਿਹਾ ਹੈ ਤਦ ਅਸੀਂ ਕਾਸਨੂੰ ਕਰੀਏ? ਤੁਸੀਂ ਅਚਿੰਤ ਰਹੋ। ਜੇ ਪਤਾ ਕਰਨਾ ਹੈ ਤਾਂ ਕਰ ਲਓ, ਪਰ ਚੜ੍ਹਕੇ ਪਹੁੰਚਦਾ ਕੋਈ ਨਹੀਂ।

ਕੁਛ ਚਿਰ ਸਤਿਗੁਰੂ ਪ੍ਰੇਮੀਆਂ ਨੂੰ ਮਿਲਦੇ ਰਹੇ ਘੰਟਾ ਕੁ ਬੀਤਿਆ ਹੋਊ ਕਿ ਦੋ ਸਜਣਾਂ ਨੇ ਆਕੇ ਮੱਥਾ ਟੇਕਿਆ। ਸਤਿਗੁਰ ਬੋਲੇ: ਓ ਸੰਤੋ! ਸਾਜ ਕਿਥੇ ਛੱਡ ਆਏ, ਜਾਓ ਲਿਆਓ ਤੇ ਮਾਲਵੇ ਦੀ ਕੋਈ ਸੱਦ ਸੁਣਾਓ। ਦੋਵੇਂ ਨੱਠੇ ਗਏ ਤੇ ਢੱਡ-ਸਾਰੰਗੀ ਲੈ ਆਏ ਤੇ ਸੁਰ ਤਾਨ ਕਰਕੇ ਗਾਵੇਂ:-

ਕੱਚਾ ਕੋਠਾ ਵਿਚ ਵੱਸਦਾ ਜਾਨੀ।
ਸਦਾ ਨ ਮਾਪੇ ਨਿੱਤ ਨਹੀਂ ਜੁਆਨੀ।
ਚੱਲਣਾ ਅੱਗੇ ਨਾ ਟੋ ਗੁਮਾਨੀ।
*ਹਰਿ ਭਜ ਲੈ ਨ ਹੁਇ ਪਛੁਤਾਨੀ।

ਖੁਸ਼ ਹੋਕੇ ਸਤਿਗੁਰਾਂ ਨੇ ਕਿਹਾ:"ਕੁਛ ਮੰਗੋ?"

ਓਹ ਬੋਲੇ-ਪਾਤਸ਼ਾਹ! ਚੜ੍ਹਕੇ ਆਏ ਸਾਂ, ਨਾਲ ਵਹੀਰ ਸੀ, ਰਸਤੇ ਵਿਚ ਸਭ ਤੇ ਭੈ ਛਾ ਗਿਆ ਸਾਰੇ ਸਾਥ ਛੱਡ ਗਏ। ਅਸੀਂ ਭੁੱਲ ਕੀਤੀ ਸੀ, ਚਾਹੀਦਾ ਸੀ ਆਪਦੀ ਸ਼ਰਨ ਆਉਣਾ, ਆਪ ਗੁਰੂ ਹੋ, ਗੁਰੂ ਦੀ ਸ਼ਰਨ ਨਿਉਂਕੇ ਜਾਈਦਾ ਹੈ। ਆਪ ਨੇ ਮਿਹਰ ਕੀਤੀ, ਬੇਅਦਬੀ ਕਰਨੋ ਬਚਾ ਲਿਆ। ਪਾਪ ਉਘੜ ਗਿਆ, ਚੰਗਾ ਹੋਇਆ। ਹੁਣ ਮਿਹਰ ਕਰੋ, ਬਖਸ਼ੋ ਤੇ ਕੁਛ ਦਿਨ ਸੇਵਾ ਦਾਨ ਕਰੋ। ਨਾਲ ਰਹੀਏ ਹੱਥ ਸਫਲੇ ਕਰੀਏ, ਕੋਈ ਦੋ ਚਾਰ ਕੋਹ ਆਪ ਦਾ ਪਲੰਘ ਮੋਢੇ ਚਾ ਕੇ ਟੁਰੀਏ, ਜੋ ਅੰਦਰ ਦਾ ਗੁਮਾਨ ਤੇ ਮੈਲ ਧੋਪ ਜਾਵੇ। ਤੈਨੂੰ ਪਛਾਣੀਏਂ, ਤੇਰੇ ਨਾਮ ਦਾਨ ਦੇ ਪਰ-ਵਾਹ ਵਿਚੋਂ ਕੋਈ ਚੁੰਝ ਭਰਕੇ ਅਸੀਂ ਬੀ ਖੀਵੇ ਹੋਈਏ।

ਤਦ ਸਤਿਗੁਰ ਨੇ ਸੇਵਾ ਦੀ ਆਗਜ਼ਾ ਸੰਗਤ ਵਿਚ ਰਹਿਕੇ ਕਰਨ ਦੀ ਬਖਸ਼ ਦਿਤੀ।

ਹੁਣ ਸਤਿਗੁਰ ਉੱਠਣ ਵਾਸਤੇ ਤਿਆਰ ਹੋਏ, ਤਦ ਕੀ ਵੇਖਦੇ ਹਨ ਕਿ ਦੂਰ ਇਕ ਮੁਸਲਮਾਨ ਫਕੀਰ ਚੰਗੇ ਸੁਹਣੇ ਰੂਪ ਰੰਗ ਵਾਲਾ ਗਲ ਵਿਚ ਪੱਲਾ ਪਾਈ ਖੜਾ ਹੈ, ਨੈਣਾਂ ਤੋਂ ਨੀਰ ਜਾਰੀ ਹੈ, ਚਿਹਰੇ ਦਾ ਰੰਗ ਦੱਸਦਾ ਹੈ ਕਿ ਅੰਦਰੋਂ ਕੁਛ ਢੱਵ ਰਿਹਾ ਹੈ ਤੇ ਪਿਆਰ ਦੇ ਜਜ਼ਬੇ ਵਿਚ ਗੁੰਮ ਹੈ। ਸਤਿਗੁਰ ਨੇ ਅਵਾਜ਼ ਦਿਤੀ:-

ਦਾਨਾ ਸਿੰਘ ਬਰਖ਼ੁਰਦਾਰ! ਇਹ ਪ੍ਰੇਮੀ ਦੋਣ ਹੈ?

ਦਾਨਾ ਸਿੰਘ-ਜੀ ਪਾਤਸ਼ਾਹ! ਚਰਨ ਕਮਲ ਦਾ ਭਉਰਾ ਹੈ।

ਸਤਿਗੁਰ-ਕਿਉਂ ਆਇਆ ਹੈ?

ਦਾਨਾ ਸਿੰਘ-ਜੀਅ ਦਾਤੇ ਜੀ, ਸ਼ਮਆ (ਦੀਵਾ) ਬਲੇ ਤਾਂ ਪਤੰਗੇ ਆਪੇ ਆ ਜਾਂਦੇ ਹਨ।

ਸਤਿਗੁਰ-ਅਸੀਂ ਤਾਂ ਤੁਰਕ ਰਾਜ ਦੀ, ਜ਼ਾਲਮ ਹੋ ਜਾਣ ਕਰਕੇ, ਇੱਟ ਨਾਲ ਇੱਟ ਵਜਾਉਂਣੀ ਹੈ ਤੇ ਇਹ ਤੁਰਕ ਕਿਵੇਂ ਸਾਡੇ ਆ ਗਿਆ ਹੈ?

ਦਾਨਾ ਸਿੰਘ-ਪਾਤਸ਼ਾਹ! ਅਤਿ ਪ੍ਰੇਮੀ ਹੈ* ਤੇ

---

*ਚੌਥੀ ਤੁਕ ਸੂਰਜ ਪ੍ਰਕਾਸ਼ ਵਿਚ ਨਹੀਂ ਹੈ, ਤਵਾਰੀਖ ਵਿਚ ਇਉਂ ਹੈ-'ਹੁਣ ਹੋਹੁ ਸਿਆਣਾ ਨਹੀਂ ਪੁਗੂ ਨਿਦਾਨੀ'। ਤੇ ਪਾਠਾਂਤਰ ਇਉਂ ਬੀ ਹੈ, 'ਉਡਜਾ ਭੌਰ ਤਾਂ ਖਾਕ ਨਿਸ਼ਾਨੀ'।

*ਇਕ ਪੁਰਾਤਨ ਗੀਤ ਫਕੀਰ ਦੀ ਪ੍ਰੇਮ ਮਈ ਅਵਸਥਾ ਦਾ ਲਖਾਯਕ ਹੈ:-
ਸਿਕਦੇ ਰਾਂਹਦੇ ਨੈਣ ਮਰੇ, ਸਿਕਦੇ ਰਾਂਹਦੇ। ਰਾਤੀਂ ਦਿਹੋਂ ਸਾਨੂੰ ਧਜਾਨ ਤੁਸਾਂਦਾ ਜਿਉਂ ਦਰਯਾ ਪਏ ਵਾਂਹਦੇ। ਸੂਰਤ ਤੇਰੀ ਸਾਈਆਂ ਜਗ ਵਿਚ ਜ਼ਾਹਰ ਉਹਲੇ ਕਿਉਂ ਛਪ ਬਾਂਹਦੇ। ਨਾਨਕ ਗੁਰੂ! ਤੇਰਾ ਸਭ ਸਦਕਾ ਜੋ ਗੁਰ ਕੀ ਪੈਰੀਂ ਪਾਂਦੇ।

ਸ਼ਰਨ ਆਇਆ ਹੈ!

ਸਤਿਗੁਰ-ਅਕਾਲ ਪੁਰਖ ਦਾ ਦਰ ਸਦਾ ਖੁੱਲ੍ਹਾ ਹੈ, ਸਿਮਰਨ ਦਾ ਰਸਤਾ ਕਦੇ ਬੰਦ ਨਹੀਂ। ਕਿਸੇ ਲਈ ਕਦੇ ਬੰਦ ਨਹੀਂ।

ਦਾਨਾ ਸਿੰਘ-ਜਪਾਵੋ ਨਾ।

ਇਸ ਵੇਲੇ ਬੇਵਸਾ ਹੋ ਫਕੀਰ ਚਰਨਾਂ ਤੇ ਢਹਿ ਪਿਆ, ਹਾਂ, ਸ਼ਰੀਰ ਨੇ ਢਹਿ ਕੇ ਦਸ ਦਿਤਾ ਕਿ ਪਿਆਸੇ ਦਰ ਦਰਸ਼ਨ ਦੇ ਪ੍ਰੇਮੀ, ਕਿਸ ਤਰ੍ਹਾਂ 'ਬਨੁ ਬਨੁ ਫਿਰਤ ਉਦਾਸ ਬੂੰਦ ਜਲਕਾਰਣੇ' ਡਿੱਗਦੇ ਹਨ।

ਸਤਿਗੁਰ ਸਿਰ ਤੇ ਹਥ ਫੇਰਕੇ-ਸਿੱਖੀ ਧਾਰੋਗੇ?

ਫਕੀਰ-ਜੋ ਬਖਸ਼ੋਗੇ।

ਸਤਿਗੁਰ-ਸਾਡੇ ਪਾਸ ਸਭ ਤੋਂ ਪਿਆਰੀ ਚੀਜ਼ ਸਿਖੀ ਹੈ।

ਫਕੀਰ-ਕਰੋ ਮਿਹਰ! (ਸਿਰ ਚਾ ਕੇ ਹਥ ਬੰਨ੍ਹਕੇ)।

ਸਤਿਗੁਰੂ-ਉੱਮਤ ਗੁੱਸੇ ਹੋ ਜਾਏਗੀ?

ਫਕੀਰ-ਸਾਰੀਆਂ ਲਾਜਾਂ ਘਰ ਛਡ ਆਇਆ ਹਾਂ, ਆਤਮਾ ਵਿਚ ਇਕ ਪਿਆਸ ਹੈ, ਕਾਹਦੀ? ਪਤਾ ਨਹੀਂ, ਤ੍ਰਿਪਤੀ ਹੋਈ ਹੈ ਤਾਂ ਦਰਸ਼ਨ ਕਰਕੇ। ਇਕ ਭੁਖ ਹੈ, ਕਿਉਂ? ਸੋਝੀ ਨਹੀਂ, ਰੱਜ ਆਇਆ ਹੈ ਤਾਂ ਚਰਨ ਕਮਲ ਪਰਸਕੇ। ਮੈਨੂੰ ਕੀ ਕਰਨਾ ਹੈ? ਆਪ ਜਾਣੋਂ। ਉੱਮਤ ਦੇ ਲੋਕੀਂ ਮੇਰੇ ਅੰਦਰ ਠੰਢ ਨਹੀਂ ਪਾ ਸਕੇ, ਬਾਹਰ ਵੀ ਬਨਾਵਟ ਮੈਨੂੰ ਥਕਾ ਚੁਕੀ ਹੈ। ਹੁਣ ਤਾਂ ਇਕ ਇਹੋ ਓਟ ਹੈ (ਚਰਨ ਪਕੜਕੇ):-

'ਜਿਉ ਭਾਵੈ ਤਿਉ ਰਖ ਲੈ।'

ਸਤਿਗੁਰ-ਸਿੱਖੀ ਕਠਨ ਹੈ, ਗਾਖੜੀ ਹੈ। ਜੇ ਤੁਸੀਂ ਸਿਖ ਹੋ ਗਏ ਤਾਂ ਜਗਤ ਹੱਸੇਗਾ, ਜਗਤ ਦੁੱਖ ਦੇਵੇਗਾ। ਸਿਖੀ ਅਲੂਣੀ ਸਿਲਾ ਹੈ, ਉੱਚੇ ਰਸ ਨੂੰ ਪੈਂਦਿਆਂ ਸਮੇਂ ਲਗ ਜਾਂਦੇ ਹਨ। ਹਾਂ, ਸਿਖੀ ਕਮਾਉਣੀ ਕਸ਼ਟਾਂ ਦੇ ਬਨ ਵਿਚ ਡਿੱਗਣਾ ਹੈ। ਫੇਰ ਅਜ ਕਲ ਸਿਖੀ ਧਾਰਨੀ ਜਾਨ ਤਲੀ ਤੇ ਧਰਨੀ ਹੈ।

ਫਕੀਰ-ਪਰ ਜਾਨ ਕਿਸੇ ਤੜਪ ਵਿਚ ਹੈ, ਇਸ ਨੂੰ ਠੰਡ ਪਾਓ, ਫੇਰ ਜੋ ਹੋਇ ਸੋ ਹੋਇ। ਦਾਨਾ ਸਿੰਘ ਦੀ ਮਿਹਰ ਨਾਲ ਮੇਰੇ ਕਰਮ ਜਾਲ ਦੇ ਵਹਿਮ ਤੁੱਟੇ ਹਨ, ਮੇਰੇ ਸੰਸੇ ਨੱਸੇ ਹਨ, ਮੈਂ ਬੁਝਿਆ ਦੀਵਾ ਕਿਸੇ ਵਛੋੜੇ ਦੇ ਦਾਗ ਨਾਲ ਦਾਗਿਆ ਪਿਆ ਹਾਂ ਕੋਈ ਛੋਹ ਲਾਕੇ ਜਗਾ ਦਿਓ।

ਸਤਿਗੁਰ-ਸਿਖੀ ਗਾਖੜੀ ਹੈ, ਅੰਮ੍ਰਿਤ ਛਕਣਾ ਪਏਗਾ।

ਫ:-ਮੁਰਦਾ ਹਾਂ, ਦੇਹ ਕੋਈ ਆਬੇਹਯਾਤ ਦੀ ਬੂੰਦ।

ਸਤਿਗੁਰ-ਸਾਬਤ ਸੂਰਤ!

ਫਕੀਰ-ਜੋ ਰੱਬ ਨੇ ਬਣਾਈ, ਉਸ ਪਰ ਸ਼ੱਕ ਕਰਾਂ ਤਾਂ ਕੁਫ਼ਰ ਹੈ।

ਸਤਿ:-ਸਾਧਸੰਗਤ ਖਾਲਸਾ ਜੀ! ਇਹ ਕੌਣ ਹੈ?

ਫਕੀਰ-ਮੁਸਲਮਾਨ।

ਸਤਿਗੁਰ-ਕਿਹੜਾ?

ਹਿੰਦੂ ਜਿਨ੍ਹਾਂ ਨੂੰ ਗਿਲਾਨੀ ਕਰਦੇ ਹਨ, ਅਤੇ ਅਰਬ ਦੇ ਪੈਗੰਬਰ ਦੇ ਨਾਮ ਤੇ ਜੋ ਇਕ ਬਿਰਾਦਰੀ ਹੈ। ਯਾ ਈਮਾਨਦਾਰ, ਅੰਦਰੋਂ ਰੱਬ ਤੇ ਸਿਦਕ ਵਾਲਾ।

ਫਕੀਰ-ਓਹ ਜਿਨ੍ਹਾਂ ਦੇ ਪਰਛਾਵੇਂ ਤੋਂ ਹਿੰਦੂ ਨਫਰਤ ਕਰਦੇ ਹਨ, ਘ੍ਰਿਣਤ ਨੂੰ, ਉਸ ਨੀਵੇਂ ਨੂੰ ਕਬੂਲ ਕਰ।

ਸਤਿਗੁਰ-ਸਾਧਸੰਗਤ ਜੀ! ਇਹ ਮੁਸਲਮਾਨ ਹੈ, ਮੁਸਲਮਾਨ ਤੋਂ ਹਿੰਦੂ ਇਕ ਅਛੂਤ ਲੋਕਾਂ ਦਾ ਭਾਵ ਲੈਂਦੇ ਹਨ, ਤੁਸਾਂ ਖਾਲਸਾ ਕਰਨਾ ਹੈ?

ਸਭ ਖਾਲਸਾ-ਪਾਤਸ਼ਾਹ! ਤੇਰੇ ਦਰ ਏਕਤਾ ਹੈ।

ਸਤਿਗੁਰੂ-ਤੁਸੀਂ ਪ੍ਰਸੰਨ ਹੋ?

ਖਾਲਸਾ-ਆਪਦੀ ਰਜ਼ਾ ਵਿਚ ਅਪਣੀ ਮਰਜ਼ੀ ਮੇਲਣ ਵਾਲੇ ਦਾਸ ਪ੍ਰਸੰਨ ਹਨ।

ਸਤਿਗੁਰੂ-ਮਾਨ ਸਿੰਘ! ਅੰਮ੍ਰਿਤ ਤਿਆਰ ਕਰੋ ਤੇ ਸਾਈਂ ਜੀ ਨੂੰ ਛਕਾਵੋ। ਰੱਬੀ ਦੀਦਾਰ ਦੀ ਤੜਪ ਵਾਲਾ ਹ੍ਰਿਦਾ ਹੈ, ਦਰ ਦਰਸ਼ਨ ਦਾ ਪ੍ਰੀਤਮ ਹੈ, ਇਸਦੇ ਅੰਦਰ ਗੁਰ ਨਾਨਕ ਮਿਹਰ ਨਾਲ ਰੱਬੀ ਰੌ ਆ ਵਰਤੀ ਹੈ, ਅੰਮ੍ਰਿਤਦਾਨ ਕਰੋ, ਖਾਲਸਾ ਸਜਾਓ, ਜੋ ਕੱਚ ਪਿੱਲ ਨੇੜੇ ਨਾ ਫਟਕੇ।

ਹੁਕਮ ਹੁੰਦੇ ਹੀ ਫਕੀਰ ਦੇ ਡੇਰਿਓਂ ਸਵਾ ਸਵਾ ਮਣ ਰਸਤ ਕੜਾਹ ਪ੍ਰਸ਼ਾਦ ਲਈ ਆਈ, ਲੰਗਰ ਲਈ ਵੱਖਰੀ ਰਸਦ ਆਈ। ਹੁਣ ਪੰਜ ਪਿਆਰੇ ਆਏ, ਅੰਮ੍ਰਿਤ ਤਿਆਰ ਹੋਇਆ ਤੇ ਸਤਿਗੁਰੂ ਦੀ ਹਜ਼ੂਰੀ ਵਿਚ ਮਾਨ ਸਿੰਘ ਜੀ ਨੇ ਅਪਣੇ ਹਥੀਂ

ਛਕਾਇਆ। ਪਾਤਸ਼ਾਹ ਨੇ ਨਾਮ ਅਜਮੇਰ ਸਿੰਘ* ਰਖਿਆ। ਯਥਾ:-

ਸੁਨ ਸ੍ਰੀ ਪ੍ਰਭ ਪ੍ਰਸੰਨਤਾ ਧਾਰੀ। ਪੂਰਬ ਭਲੀ ਰੀਤ ਤੈਂ ਡਾਰੀ। ਮੁਸਲਮਾਨ ਹੁਇ ਭਾਵਨ ਧਰੈ, ਮਿਲਨ ਪੰਥ ਮੈਂ ਜੇ ਹਿਤ ਕਰੈ॥੮॥ ਤਉ ਇਹੁ ਉਚਿਤ ਖਾਲਸੇ ਬੀਚ, ਅੰਮ੍ਰਿਤ ਲੈ ਊਚੋ ਕੈ ਨੀਚ। ਮਾਨ ਸਿੰਘ ਸਿਉਂ ਹੁਕਮ ਬਖਾਨਾ। ਖਰੇ ਹੋਹੁ ਕਰਿ ਸਿੱਖ ਸੁਜਾਨਾ॥੯॥ ਲੈ ਆਗਾਜਾ ਅੰਮ੍ਰਿਤ ਬਨਵਾਯੋ। ਖਰੇ ਹੋਇ ਤਤਕਾਲ ਛਕਾਯੋ। ਸ੍ਰੀ ਮੁਖ ਤੇ ਤਬਿ ਨਾਮ ਉਚਰਿਓ। ਸ਼ੁਭ ਅਜਮੇਰ ਸਿੰਘ ਤਿਹ ਧਰਿਓ ।੧੦। ਵਾਹਿਗੁਰੂ ਜੀ ਕੀ ਕਹਿ ਫਤੇ। ਭਾ ਕਲਜਾਣ ਉਚਿਤ ਮੁਦ ਚਿਤੇ। ਸਿਮਰਨ ਕਰਨ ਲਗਜੋ ਗੁਰ ਕੇਰਾ। ਗੁਰਬਾਣੀ ਪਠਿ ਸੰਝ ਸਵੇਰਾ॥੧੧॥ (ਗੁ: ਪ੍ਰ: ਸੂ: ਐ: ੧-੧੮)

੫. (ਸਦਾ ਅੰਗ ਸੰਗ)

ਅਜਮੇਰ ਸਿੰਘ ਦਾ ਭੰਡਾਰਾ ਛਕ ਕੇ ਸੰਗਤਾਂ ਗਦ ਗਦ ਸਨ। ਖਾਲਸੇ ਵਿਚ ਪ੍ਰੇਮ ਹੁਲਾਰੇ ਲੈ ਰਿਹਾ ਸੀ। ਇਕ ਭਾਰੀ ਪੀਰੀ ਮੁਰੀਦੀ ਵਾਲੇ, ਵਿਦਵਾਨ, ਖੋਜੀ, ਜਗਜਾਸੂ, ਤਪੀ, ਪਰ੍ਹੇ ਦੇ ਆਗੂ ਦਾ, ਸਤਿਗੁਰ ਵਿਚ ਇਲਾਹੀ ਜਜੋਤ ਦੀ ਪ੍ਰਤੀਤੀ ਤੇ ਅਨੁਭਵ ਕਰਕੇ, ਉਨ੍ਹਾਂ ਦੇ ਆਦਰਸ਼ ਤੇ ਆ ਟਿਕਣਾ ਇਕ ਜੀਉਂਦੀ ਕਰਾਮਾਤ ਸੀ। ਉਧਰ ਫਕੀਰ ਵਲੋਂ ਅਪਣੇ ਦੀਨ ਮਜ਼ਹਬ ਤੇ ਇੱਜ਼ਤ ਦਾ ਨੁਛਾਵਰ ਕਰਨਾ ਉਹ ਕੁਰਬਾਨੀ ਸੀ ਕਿ ਜੋ ਦੇਸ਼ ਵਿਚ ਰੂਟ ਫੂਕਣ ਵਾਲੀ ਸੀ। ਅਜਮੇਰ ਸਿੰਘ ਦੀ ਕਥਾ ਸਾਰੇ ਮਾਲਵੇ ਵਿਚ ਫੈਲ ਗਈ। ਮੁਸਲਮਾਨਾਂ ਵਿਚ ਅਚਰਜ ਹੋਇਆ, ਸਿਖਾਂ ਵਿਚ ਵਿਸਮਾਦ ਹੋਇਆ, ਹਿੰਦੂ ਹੱਕੇ ਬੱਕੇ ਰਹਿ ਗਏ, ਭੰਡਾਰੇ ਤੇ ਲੰਗਰ ਵੇਲੇ ਬੀ ਕਿਸੇ ਨੇ ਕੁਛ ਨਹੀਂ ਆਖਿਆ ਸਭ ਨੇ ਪ੍ਰਸ਼ਾਦਾ ਛਕਿਆ। ਸੱਚੇ ਜਿਵਾਲਨਹਾਰ ਇਹ ਭਾਰੀ ਕਿਲ੍ਹਾ ਫਤਹ ਕਰਕੇ, ਇਹ ਪਕੀ ਨੀਂਹ ਧਰਕੇ ਕਿ ਸਿਖ ਧਰਮ ਸਰਬ ਦੇਸ਼ੀ ਤੇ ਸਰਬਕਾਲੀ ਹੈ, ਹੁਣ ਅਗੇ ਨੂੰ ਵਿਦਾ ਹੋਣ ਲਈ ਤਿਆਰ ਹੋਏ।

*ਤਵਾਰੀਖ ਵਿਚ ਲਿਖਿਆ ਹੈ ਕਿ ਵਡੀ ਮਹਿੰਮਾ ਨਾਲ ਸਿੰਘ ਸਜਣ ਕਰਕੇ ਸਿੰਘਾਂ ਵਿਚ ਅਕਸਰ ਮਹਿੰਮਾ ਸਿੰਘ ਕਰਕੇ ਬੀ ਕੁਆਂਦੇ ਸਨ।

ਇਹ ਤਜਾਰੀ ਉਸ ਤੜਫਦੀ ਰੂਹ ਲਈ ਭਾਰੀ ਵਿਯੋਗ ਸੀ, ਜਿਸ ਰੂਹ ਨੇ ਸੱਚੀ ਪਿਆਸ ਵਿਚ, ਸੱਚੀ ਤਲਾਸ਼ ਵਿਚ ਉਮਰਾ ਬਿਤਾਈ ਸੀ। ਉਸਨੂੰ ਠੰਢ ਪੈਂਦਿਆਂ ਸਾਰ ਠੰਢ ਦੇ ਸੋਮੇਂ ਤੋਂ ਵਿਛੁੜਦਿਆਂ ਇਕ ਸੱਲ ਪੈਂਦਾ ਸੀ, ਇਕ ਘਾਉ ਲਗਦਾ ਸੀ --ਮਰਮੀ ਘਾਉ-- ਜਿਸ ਨੂੰ ਲੱਗੀਆਂ ਵਾਲੇ ਹੀ ਸਮਝ ਸਕਦੇ ਹਨ। ਪਿਆਰ ਨਾ ਲਗੇ ਤਾਂ ਮਾਰੇ ਦਾਨੇ ਹਨ ਤੇ ਸਿੱਖਿਆ ਦਾਤੇ ਹਨ, ਪਰ ਲੱਗੇ ਤਾਂ ਸਭ ਸੱਟੀ ਪੱਟੀ ਭੁੱਲ ਜਾਂਦੀ ਹੈ। ਫੇਰ ਜੇ ਪ੍ਰੇਮ ਰੂਹਾਨੀ ਪੱਖ ਦਾ ਹੋਵੇ ਤਾਂ ਅਕਲ ਪ੍ਰੇਮ ਤੇ ਹਾਵੀ ਨਹੀਂ ਪੈ ਸਕਦੀ। ਇਸਦਾ ਇਹ ਭਾਵ ਨਹੀਂ ਕਿ ਅਕਲੋਂ ਬਿਅਕਲੀ ਹੋ ਜਾਂਦੀ ਹੈ ਪਰ ਇਹ ਕਿ ਜਗਤ ਦੀ ਅਕਲ ਉਸਨੂੰ ਦਬਾ ਨਹੀਂ ਸਕਦੀ। ਅਜਮੇਰ ਸਿੰਘ ਨੂੰ ਦਿਓ ਉਪਦੇਸ਼ ਕਿ ਵਿਯੋਗ ਦੀ ਪੀੜਾ ਨਾ ਸਹੇ। ਕੁਛ ਲੋੜ ਹੈ? ਉਹ ਆਪ ਘੰਟਿਆਂ ਬਧੀ ਵਿਆਖਿਆ ਕਰ ਸਕਦਾ ਹੈ, ਪਰ ਇਸ ਅੰਦਰਲੀ ਪ੍ਰੇਮ ਪੀੜ ਨੂੰ ਕੌਣ ਸਿਖਾਵੇ? ਬਿਰਹਾ ਬਿਰਹਾ ਹੈ, ਰੱਲਾਂ ਨਹੀਂ।

ਆਏ ਹਨ ਹੁਣ ਦਾਨਾ ਸਿੰਘ ਜੀ, ਦਨਾਈ ਦਾਨ ਕਰ ਰਹੇ ਹਨ:-

ਦਾਨਾ ਸਿੰਘ-ਪਿਆਰੇ ਜੀ! ਸਤਿਗੁਰ ਆਪਣੇ ਰੋ ਦੇ ਮਾਲਕ ਹਨ। ਕਿਸੇ ਰੱਬੀ ਰੰਗ ਵਿਚ ਵਿਚਰ ਰਹੇ ਹਨ, ਕੌਣ ਕਹੇ ਇਉਂ ਨਹੀਂ ਇਉਂ ਕਰ। ਉਨ੍ਹਾਂ ਜਾਣਾ ਹੈ, ਕਿਥੇ? ਕਿਉਂ? ਉਹ ਜਾਣਦੇ ਹਨ, ਅਸਾਂ ਹੁਕਮ ਮੰਨਣਾ ਹੈ।

ਅਜਮੇਰ ਸਿੰਘ-ਠੀਕ ਹੈ, ਮੈਂ ਮੰਨਾਂ? ਹੈਂ..... ਮੈਂ ਮੰਨਣਾ ਹੈ, ਪਰ ਹੱਥ ਰੱਖ ਕਲੇਜੇ ਤੇ। ਵੇਖਿਆ ਈ। ਕੱਲ ਰਾਗੀਆਂ ਕੀਹ ਗਾਵਿਆਂ ਸੀ:-

ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥੩॥

{ਮਾਰੂ : ਡਖਨੇ-੧੮}

ਰੱਖ ਖਾਂ ਹੱਥ ਮੇਰੇ ਕਲੇਜੇ ਤੇ (ਹੱਥ ਫੜਕੇ ਰੱਖਕੇ) ਵੇਖ ਕੀਹ ਹੁੰਦਾ ਹੈ? ਮੈਂ ਆਪੇ ਨੂੰ ਆਪ ਪਿਆ ਆਖਦਾ ਹਾਂ:-ਤੂੰ ਮਰਦ ਹੈਂ, ਵੱਡੀ ਉਮਰ ਦਾ ਹੈਂ, ਤੈਨੂੰ ਸਿਮਰਨ ਬਾਣੀ ਦਾਨ ਮਿਲਿਆ ਹੈਂ, ਜੀਵਨ ਕਣੀ ਪ੍ਰਾਪਤ ਹੋਈ ਹੈ, ਰੱਬ ਦਾ ਪਿਆਰ ਪੱਲੇ ਪਿਆ ਹੈ, ਤੂੰ ਖੁਦਾ ਪਰਸਤ ਹੈਂ,

ਤੈਨੂੰ ਲਿਵ ਮਿਲੀ ਹੈ, ਤ੍ਰਿਸ਼ਨਾ ਤੋੜੀ ਗਈ ਹੈ, ਰਹੁ ਲਿਵ ਵਿਚ। ਵਿਆਪਕ ਹੈ ਪਰਮੇਸ਼ੁਰ, ਘਟ ਘਟ ਵਿਚ ਵੱਸਦਾ ਹੈ ਪਿਆਰਾ, ਰਹੁ ਉਸ ਦੇ ਧਿਆਨ ਵਿਚ, ਆਪੇ ਦਾ ਪਰਦਾ ਚਾਈ ਰੱਖ ਤੇ ਰਹੁ ਦੀਦਾਰ ਵਿਚ। ਪਰ ਮੈਂ ਕੀਹ ਕਰਾਂ? ਮੈਥੋਂ ਵਿਛੁੜਿਆ ਨਹੀਂ ਜਾਂਦਾ, ਮੈਂ ਸਿੰਘ ਹਾਂ, ਕੇਸਾਧਾਰੀ ਬੀਰ ਹੋਇਆ ਹਾਂ, ਮੈਂ ਖਾਲਸਾ ਹਾਂ, ਮੈਂ ਉਸ ਆਦਰਸ਼ ਦਾ ਪੰਧਾਊ ਹਾਂ ਜੋ ਸਤਿਗੁਰੂ ਆਖਦੇ ਹਨ ਕਿ ਰੱਬ ਦਾ ਹੁੰਦਾ ਹੈ ਕਿ ਐਸੇ ਬੰਦੇ ਹੋਣ। ਮੈਂ ਅਭੈ ਪਦ ਦਾ ਰਾਹੀ ਹਾਂ, ਮੈਂ ਸੂਰਬੀਰ ਵਰਿਆਮ ਫਕੀਰ ਹਾਂ, ਪਰ ਦਾਨਾ ਸਿੰਘ! ਮੈਂ ਸੁੱਕਾ ਬੰਜਰ ਨਹੀਂ, ਮੈਂ ਖੁਸ਼ਕ ਚਿਟਾਨ ਨਹੀਂ। ਮੈਂ ਦਿਲਹੀਨ ਰੁੱਖ ਬਿਰਖ ਨਹੀਂ, ਮੈਂ ਦਿਲ ਵਾਲਾ ਹਾਂ ਤੇ ਉਸ ਦਿਲ ਵਾਲਾ ਹਾਂ ਜਿਸ ਵਿਚ ਸਤਿਗੁਰਾਂ ਨੇ ਜਿੰਦ ਪਾ ਦਿਤੀ ਹੈ, ਜਿਸ ਨਾਲ ਦਿਲ ਹਰ ਉੱਤਮ ਵਲਵਲੇ ਨੂੰ ਲਖਦਾ ਹੈ, ਦ੍ਰਵਦਾ ਹੈ, ਦੱਸ ਮੈਂ ਕੀ ਕਰਾਂ? ਮੈਥੋਂ ਵਿਛੁੜ ਨਹੀਂ ਹੁੰਦਾ।

ਦਾਨਾ ਸਿੰਘ (ਵੈਰਾਗ ਮੂਰਤ ਹੋ ਕੇ)-ਸਿੰਘ ਜੀ! ਸਤਿਗੁਰੂ ਇਸ ਪ੍ਰੇਮ ਦੇ ਜਾਣੂੰ ਹਨ ਤੇ ਪਸੀਜਣ ਵਾਲੇ ਪ੍ਰੀਤਮ ਹਨ। ਉਹ ਦ੍ਰੱਵੀ ਭੂਤ ਹੁੰਦੇ ਹਨ, ਪਰ ਉਹ ਕਿਸੇ ਉੱਚੇ ਆਦਰਸ਼, ਕਿਸੇ ਮਰਮ, ਕਿਸੇ ਫਰਜ਼ ਦੇ ਮਗਰ ਹਨ। ਕਈ ਵਾਰ ਕਹਿ ਚੁਕੇ ਹਨ ਕਿ ਅਕਾਲ ਪੁਰਖ ਦੇ ਅਦੇਸ਼ ਦੇਸ਼ ਤੋਂ ਆਉਣ ਨੂੰ ਚਿੱਤ ਨਹੀਂ ਸੀ, ਹੁਕਮ ਕਰਕੇ ਆਏ ਹਾਂ, ਹੁਕਮ ਕਮਾਉਂਦੇ ਹਾਂ, ਪਰ ਸੁਰਤ ਪ੍ਰਭ ਚਰਨਾਂ ਵਿਚ ਹੀ ਰਹਿੰਦੀ ਹੈ, ਉਥੋਂ ਉਠਦੀ ਨਹੀਂ; ਪਿਆਰ ਨਹੀਂ ਮੁੜਦਾ ਤੇ ਚੇਤਾ ਨਹੀਂ ਵਿਸਾਰਾ ਖਾਂਦਾ। ਜੋ ਆਪ ਪ੍ਰੀਤ ਤਾਰ ਖੇਲ ਰਹੇ ਹਨ ਉਹ ਕਦੇ ਦੂਸਰੇ ਦੀ ਪ੍ਰੀਤ-ਤਰਬ ਦੀ ਝਨਾਟ ਨੂੰ ਨਹੀਂ ਪਛਾਣਦੇ, ਤੇ ਨਹੀਂ ਦ੍ਰਵਦੇ ਪਰ ਅਸੀਂ ਉਨ੍ਹਾਂ ਦੇ ਚਿੱਤ ਨੂੰ ਨਹੀਂ ਸਮਝ ਸਕਦੇ। ਉਹ ਉਦਾਸ ਚਿੱਤ ਹੋ ਨਹੀਂ ਟੁਰ ਰਹੇ। ਜਿਸ ਹੁਕਮ ਨੇ ਰੱਬੀ ਦਰ ਤੋਂ ਐਥੇ ਲੈ ਆਂਦਾ ਹੈ ਉਹੋ ਹੁਕਮ ਹਰ ਪਿਆਰ, ਹਰ ਸੁਖ ਦੇ ਟਿਕਾਣੇ ਤੋਂ ਉਨ੍ਹਾਂ ਨੂੰ ਲਈ ਫਿਰਦਾ ਹੈ। ਤੁਸਾਂ ਲਈ ਮੈਂ ਬਿਨੈ ਕੀਤੀ ਸੀ, ਫੁਰਮਾਉਂਦੇ ਸਨ, ਓਦਰਨ ਦੀ ਜ਼ਾਗਾ ਨਹੀਂ, ਸਿਮਰਨ ਕਰਨ, ਸਿਮਰਨ ਕਰਨ! ਅਕਾਲ ਪੁਰਖ ਅੰਗ ਸੰਗ ਹੈ, ਸਤਿਗੁਰ ਨਾਨਕ ਦੀਆਂ ਰੱਖਾਂ ਹਨ, ਰਾਖੀਆਂ ਹਨ, ਪਿਆਰ ਹਨ।

ਅਜਮੇਰ ਸਿੰਘ-ਫੇਰ, ਕੀ ਹੁਕਮ ਹੋ ਗਿਆ ਹੈ ਕਿ ਮੈਂ ਏਥੇ ਹੀ ਰਹਾਂ ਤੇ ਸਤਿਗੁਰ ਟੁਰ ਜਾਣ?

ਦਾਨਾ ਸਿੰਘ-ਸਤਿਗੁਰ ਜੀ ਟੁਰ ਜਾਣ, ਇਹ ਤਾਂ ਹੁਕਮ ਹੈ। ਤੁਸੀਂ ਏਥੇ ਰਹੋ, ਇਹ ਸਹਿ ਸੁਭਾ ਦੀ ਗੱਲ ਹੈ, ਹੁਕਮ ਜਾਂ ਆਗਜਾ ਨਹੀਂ ਹੋਈ।

ਅਜਮੇਰ ਸਿੰਘ (ਸੁਖ ਦਾ ਸਾਹ ਲੈਕੇ)-ਸ਼ੁਕਰ ਹੈ!

ਦਾਨਾ ਸਿੰਘ-ਕਿਉਂ?

ਅਜਮੇਰ ਸਿੰਘ-ਮੂੰਹ ਛੋਟਾ ਗੱਲ ਵੱਡੀ ਹੈ। ਭਰਾ ਜੀਓ! ਮੈਂ ਕੀ ਕਰਾਂ? ਮੇਰੇ ਵੱਸ ਨਹੀਂ, ਵਿਛੁੜਕੇ ਰਹਿਣਾ ਜੇ ਹੁਕਮ ਹੈ ਤਾਂ ਹੋ ਜਾਏਗਾ? ਪਰ ਇਸ ਵੇਲੇ ਮੈਂ ਬੇਵੱਸ ਲੋਚਦਾ ਹਾਂ ਕਿ ਮੈਂ ਅੰਗ ਸੰਗ ਰਹਾਂ, ਮੈਂ ਸੇਵਾ ਕਰਾਂ, ਮੈਂ ਇਹ ਨੈਣ ਰੱਬੀ ਦੀਦਾਰ ਦੇ ਸ਼ੀਸ਼ੇ ਤੇ ਟਿਕਾ ਟਿਕਾਕੇ ਦਰਸ਼ਨ ਦਾ ਸ਼ਰਬਤ ਪੀਵਾਂ ਤੇ ਠਰਾਂ! ਮੇਰੇ ਅੰਦਰ ਸੁਖ ਵਰਤੇ, ਕੋਲੇ ਰਹਾਂ ਤੇ ਸੇਵ ਕਮਾਵਾਂ, ਜੋ ਮੇਰੇ ਹੱਥ, ਪੈਰ ਸਫਲ ਹੋਵਣ। ਜੇ ਸਤਿਗੁਰ ਕਿਵੇਂ ਬੀ ਨਹੀਂ ਅਟਕਦੇ ਤਾਂ ਮੈਂ ਅਪਣੀ ਅਟਕ ਭੰਨਾਂ ਤੇ ਚਰਨਾਂ ਵਿਚ ਹੋ ਟੁਰਾਂ, ਆਗਜਾ ਲੈ ਦੇਹ।

ਦਾਨਾ ਸਿੰਘ-ਅਚਰਜ ਹੋਕੇ, ਇਹ ਡੇਰਾ ਤੇ ਇਹ ਪਰਚਾ ਕੀਕੂੰ ਛਡੋਗੇ। ਤੁਹਾਡੇ ਪ੍ਰੇਮੀ ਕੇਡੇ ਚੰਗੇ ਹਨ ਕਿ ਤੁਹਾਡੇ ਸਿੰਘ ਸਜ ਜਾਣ ਤੇ ਬੀ ਖ਼ਫ਼ਾ ਨਹੀਂ ਹੋਏ ਸਿਵਾ ਗਿਣਤੀ ਦੇ ਸ਼ਰਈਆਂ ਦੇ।

ਅਜਮੇਰ ਸਿੰਘ-ਨੈਣ ਭਰਕੇ:-

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਰਿਹੁ ਹੋਤੀ ਸਾਟ॥ ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰਿ ਦੀਨੇ ਕਾਟ॥ {ਚਉਬੋਲੇ ਮ:੫-੧}

ਤੁਸੀਂ ਹੀ ਪੜ੍ਹਿਆ ਕਰਦੇ ਹੋ, ਠੀਕ ਹੈ ਨਾ.....। ਮੈਂ ਪੀਰੀ ਮੁਰੀਦੀ ਤੇ ਇਸ ਤਰ੍ਹਾਂ ਦੀ ਆਈ ਪੂਜਾ ਨੂੰ ਕੀਹ ਕਰਨਾ ਹੈ? ਮੈਨੂੰ ਦਿਲ ਦੀ ਠੰਢ ਦੀ ਲੋੜ ਹੈ, ਦੀਦਾਰ ਦੀ ਲੋੜ ਹੈ, ਹੋਰ ਲੋੜ ਮੁੱਕ ਚੁਕੀ ਹੈ।

ਦਾਨਾ ਸਿੰਘ-ਬੜੀ ਕੁਰਬਾਨੀ ਹੈ।

ਅਜਮੇਰ ਸਿੰਘ-ਕਾਹਦੀ ਕੁਰਬਾਨੀ ਹੈ? ਰਹਿ ਜੁ ਨਹੀਂ ਹੁੰਦਾ। ਰਹਿ ਹੋਵੇ ਤਦ ਟੁਰਾਂ ਤਾਂ ਫੇਰ ਕੁਰਬਾਨੀ ਹੈ। ਦਿਲ ਦਾ ਦਾਰੂ ਦੀਦਾਰ ਹੋ ਗਿਆ ਹੈ, ਦਵਾ ਖਾਣੀ ਬੀ ਕੋਈ ਕੁਰਬਾਨੀ ਹੁੰਦੀ ਹੈ?

ਇਹ ਤਾਂ ਦਾਰੂ ਹੈ ਤੇ ਆਪਣਾ ਭਲਾ ਹੈ, ਯਾ ਇਉਂ ਕਹੋ ਕਿ ਖ਼ੁਦਗਰਜ਼ੀ ਹੈ। ਮੈਂ ਤਾਂ ਆਪਣੇ ਮਨ ਦੀ ਠੰਢ ਲਈ ਵਿਛੁੜਦਾ ਨਹੀਂ, ਵਿਛੁੜ ਸਕਦਾ ਨਹੀਂ। ਹਾਂ, ਕਰ ਮਿਹਰ ਜਿਥੇ ਚਰਨੀਂ ਲਾਇਆ ਹਈ, ਚਰਨੀਂ ਸਮਾ ਬੀ ਦੇਹੁ, ਲੈ ਦੇਹ ਆਗਜ਼ਾ।

ਦਾਨਾ ਸਿੰਘ-ਤੋਲ ਲੈ, ਸੇਵਾ ਧਰਮ ਕਠਨ ਧਰਮ ਹੈ, ਹਰ ਵੇਲੇ ਦੀ ਹਜ਼ੂਰੀ ਤੇ ਸੇਵਾ ਗਾਖੜੀ ਕਮਾਈ ਹੈ, ਪਾਸ ਰਹਿਕੇ ਸ਼ਬਦ ਦੀ ਚੋਟ ਉਸ ਤੋਂ ਔਖੀ ਹੈ। ਪਿਛੋਂ ਜੇ ਦਿਲ ਡੋਲੇ ਤਾਂ ਭਲਾ ਨਹੀਂ, ਪਹਿਲਾਂ ਕਦਮ ਨਾ ਪੱਟਣਾ ਚੰਗਾ ਹੈ, ਪੱਟਕੇ ਮੁੜਨਾ ਮਾੜਾ ਹੈ!

ਅਜਮੇਰ ਸਿੰਘ-ਦਾਨਿਆਂ! ਛੱਡ ਦਾਨਾਈਆਂ, ਪਿਆਰ ਕਰ, ਨਦੀ ਨੂੰ ਸਮੁੰਦਰ ਵਿਚ ਡਿੱਗਣ ਦੇਹ, ਢਹਿਣ ਦੇਹ ਸੁ ਵਿਚ, ਬਹੁਤ ਦੂਰ ਤੋਂ ਆਈ ਹੈ, ਬੜੇ ਡੂਗਰ ਪੱਥਰ ਰੜੇ ਰੇਤੇ ਥਲਾਂ ਵਿਚ, ਰਗੜਾਂ ਵਿਚ ਰਗੜੀਂਦੀ ਤੇ ਟੱਕਰਾਂਦੀ ਆਈ ਹੈ, ਪੈਣ ਦੇਹ ਸੂ ਸਾਗਰ ਵਿਚ ਤੇ ਲੈਣ ਦੇਹ ਸੂ ਆਰਾਮ, ਕਿਉਂ ਡਰਾਉਂਦਾ ਤੇ ਹੌੜਦਾ ਹੈਂ? ਤੂੰ ਤਾਂ ਮਹਰਮ ਹੈਂ ਆਪ, ਮਰਮੀ ਪੀੜਾਂ ਦਾ ਜਾਣੂੰ ਹੈਂ ਤੇ ਪੀੜਾਂ ਵਾਲਾ ਹੈਂ, ਰਹਿਣ ਦੇਹ ਸੁ ਚਰਨ ਸ਼ਰਨ, ਨਾਲ ਨਾਲ।

ਇਹ ਕਹਿਕੇ ਅਜਮੇਰ ਸਿੰਘ ਜੀ ਬਿਹਬਲ ਹੋ ਗਏ। ਦਾਨਾ ਸਿੰਘ ਦੇ ਨੈਣ ਬੀ ਨਾ ਰੁਕੇ। ਚੁਪ ਵਰਤ ਗਈ। ਆਹ! ਪਿਆਰਾਂ ਦੀਆਂ ਕਸਕਾਂ।

ਆ ਗਏ ਰੱਬੀ ਪਿਆਰ ਦੇ ਮਹਿਰਮ, ਹਾਂ ਸਮੁੰਦਰ ਆ ਗਿਆ।

'ਗੁਰੂ ਸਮੁੰਦੁ ਨਦੀ ਸਭਿ ਸਿਖੀ' {ਮਾਝ ਵਾਰ-੧}

ਹਾਂ, ਉਛਲ ਪਿਆ ਹੈ ਸ਼ਹੁ ਸਾਗਰ। ਧਾਈ ਨਦੀ ਨੂੰ ਅਗੋਂ ਉਛਲ ਕੇ ਗੁਰੂ ਸਮੁੰਦੁ ਲੈਣ ਆਇਆ ਹੈ, ਥਲ ਉੱਤੇ ਆ ਗਿਆ ਹੈ ਲੈਣ ਨਦੀ ਨੂੰ। ਆ ਗਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਰੂਹ ਫੂਕਣ ਵਾਲੇ, ਜਿਵਾਲਣਹਾਰੇ। ਅਜਮੇਰ ਸਿੰਘ ਦਾ ਸਿਰ ਆਪਣੀ ਸੀਤਲ ਛਾਤੀ ਨਾਲ ਲਾਇਆ, ਹਾਂ ਪਿਆਰਾ ਸੀਸ ਝੁਕ ਰਿਹਾ ਹੈ ਦਰ ਦਰਸ਼ਨ ਦੇ ਪ੍ਰੇਮ ਦੇ ਸੀਸ ਉਤੇ; ਤੇ ਮਧੁਰ ਤੇ ਪਿਆਰੀ ਹੋ ਰਹੀ ਹੈ ਬਾਣੀ:-

ਚੱਲ ਪਯਾਰੇ ਰੱਬ ਸੁਆਰੇ ਅਜਮੇਰ ਸਿੰਘ!
ਚਲ ਬਈ ਨਾਲ ਚੱਲ; ਖਾਲਸੇ ਵਿਚ ਅੰਗ
ਸੰਗ ਰਹੁ, ਕਰ ਸਤਿਸੰਗਤ ਤੇ ਕੀਰਤਨ,
ਜਪ ਤੇ ਜਪਾ, ਵਿਛੁੜਕੇ ਕਿਉਂ ਰਹਿਣਾ ਹੈ,
ਰਹੁ ਬਈ ਨਾਲ।

ਇਹ ਅਚਾਨਕ ਬਹੁੜਨਾ, ਇਨਸਾਨੀ ਪੀੜ ਦਾ ਤੜੱਕ ਜਵਾਬ ਦੇਣਾ, ਸਾਰੇ ਸਿੱਖ ਗੁਰੂ ਸਾਹਿਬਾਂ ਦਾ ਇਕ ਅਨੋਖਾ ਢੰਗ ਰਿਹਾ ਹੈ। ਜਿਥੇ ਪੀੜ ਹੈ, ਝਰਨਾਟ ਹੈ, ਜਿਥੇ ਲੋੜ ਹੈ, ਕਸਕ ਹੈ ਉਥੇ ਹੀ ਅੱਪੜੇ ਹਨ। ਹਾਂ, ਵਲਿੱਖਾਂ ਝਾਗ ਕੇ ਅੱਪੜੇ ਹਨ, ਖੇਦ ਝੱਲਕੇ ਅੱਪੜੇ ਹਨ। ਕਿਸੇ ਵਿਲਪਦੀ ਰੂਹ ਦੀ ਪੁਕਾਰ ਸੁਣਕੇ ਕਦੇ ਕੰਨ ਨਹੀਂ ਮੋੜੇ ਤੇ ਬਟੂੜਨੋਂ ਕਦੇ ਚਰਨ ਨਹੀਂ ਹੋੜੇ। ਇਹ ਇਨਸਾਨ ਦੀ ਅੰਦਰਲੀ ਤੜਪ ਨੂੰ ਉੱਤਰ ਦੇਣਾ ਪੂਰਨ ਇਲਾਹੀ ਖਸਲਤ ਕਮਾਲ ਦੀ ਸਾਰੇ ਗੁਰੂ ਸਾਹਿਬਾਂ ਵਿਚ ਹੋਈ ਹੈ। ਦਿਲਾਂ ਦੇ ਮਹਿਰਮ ਦਿਲਾਂ ਨੂੰ ਠਾਰਦੇ ਹਨ। ਇਨਸਾਨ ਕਮਜ਼ੋਰ ਹੈ, ਇਨਸਾਨ ਦੇ ਅੰਦਰ ਅਗੀਮ ਦੇ ਸ਼ਾਮਾਨ ਹਨ। ਇਨਸਾਨ ਅੰਦਰਲੇ ਨੂੰ ਆਪ ਨਹੀਂ ਸਮਝਦਾ। ਅੰਦਰਲੇ ਦੇ ਉਛਾਲੇ ਤੇ ਵਲੇਵੇਂ, ਵਲਵਲੇ ਤੇ ਉਤਕੰਠਾ ਅਕਿਹ ਤੜਪਾਂ ਪੈਦਾ ਕਰਦੇ ਹਨ। ਇਨਸਾਨ ਦੇ ਅੰਦਰ ਕਦੇ ਕਦੇ ਨਾਂ ਬੁੱਝਦੀਆਂ ਨਾ ਮੁਝੀਂਦੀਆਂ ਡੰਝਾਂ ਲਾਉਣ ਵਾਲੇ ਤ੍ਰੰਗ ਉੱਠਦੇ ਹਨ। ਕੌਣ ਹੈ ਜੋ ਇਨ੍ਹਾਂ ਦੇ ਲਹਿਹਾਉ ਵੱਲੇ ਬਹੁੜੇ। ਸੁਧਾਰਕ ਤੇ ਸਿੱਖਜਾਦਾਤੇ; ਉਪਦੇਸ਼ ਦਾਤੇ ਤੇ ਮੱਤਾਂ ਦੇ ਦਾਤੇ, ਸਮਝਾਉਣ ਤੇ ਵਜਾਖਜਾ ਦੇਣ ਵਾਲੇ ਅਨੰਤ ਆਏ ਤੇ ਗਏ, ਪਰ ਇਨਸਾਨ ਦੀ ਪੁਕਾਰ, ਪੀੜ ਤੇ ਦਿਲੀ ਡੰਝ ਉੱਪਰ ਇਨ੍ਹਾਂ ਮਹਾਂਪੁਰਖਾਂ ਵਾਂਗ ਏਹ ਆਪ ਹੀ ਤ੍ਰੂੰਠੇ ਹਨ ਕਿਉਂ ਨਾ ਇਸ ਤ੍ਰੂੰਠਣਹਾਰੀ ਖਸਲਤ ਤੋਂ ਇਨ-ਸਾਨ ਸਦਕੇ ਹੋਵੇ। ਕਿਉਂ ਨਾ ਦਿਲ, ਇਨਮਾਨ ਦਾ ਦਿਲ, ਇਨ੍ਹਾਂ ਦੇ ਮੋਹ ਵਿਚ ਦ੍ਰਵੇ? ਹਰ ਗੁਰੂ ਸਾਹਿਬ ਦੇ ਜੀਵਨ ਵਿਚ ਐਸੇ ਵਾਕਿਆ ਹਨ, ਜਦੋਂ ਆਪ ਇਸ ਸਮਝ ਨਾ ਆਉਣ ਵਾਲੇ ਅਨੰਤ ਭਾਵ ਨਾਲ ਭਰੇ ਇਨੀਸਾਨੀ ਦਿਲ ਦੀ ਅਬੁਝ ਤੇ ਅਸੁਝ ਬਿਲਬਲਾਹਟ, ਤੜਪ ਤੇ ਉਤਕੰਠਾ ਉਤੇ ਥੰਮ੍ਹਾਂ ਵਿਚੋਂ ਮਾਨੋਂ ਬਹੁੜਦੇ ਰਹੇ ਹਨ। ਆਪ ਆਪਣੇ ਰੂਹਾਨੀ ਔਜ, ਇਖ਼ਲਾਕੀ ਉੱਚਾਣ, ਜਥ੍ਹੇ, ਐਸ਼ੂਰਜ ਪ੍ਰਤਾਪ ਦੇ ਕਦੇ ਮਾਣ ਵਿਚ ਨਹੀਂ

ਗਏ। ਗ਼ਰੀਬ, ਅਮੀਰ, ਬਿਰਧ, ਜੁਆਨ, ਮਰਦ, ਤੀਮੀਂ, ਹੀਣੇ, ਬਾਹੂ ਬਲ ਵਾਲੇ, ਜਿਮਦੇ ਅੰਦਰ ਬਿਰਹਾ ਕਸਕਿਆ, ਆਪ ਅੱਪੜੇ ਹਨ। ਹਾਂ, ਜਿਥੇ ਇਨਸਾਨੀ ਦਿਲ ਤੜਪਿਆ ਹੈ, ਉਥੇ ਹੀ ਗੁਰੂ ਦੀ ਹਜ਼ੂਰੀ ਹਾਜ਼ਰ ਹੋਈ ਹੈ ਤੇ ਠੰਢੀ ਠੰਢੀ ਮਲ੍ਹਮ ਰੱਖਣਹਾਰ ਹੋਈ ਹੈ। ਇਨਸਾਨ ਦਾ ਦਿਲ ਕਿਉਂ ਨਾ ਇਸ ਮਿਹਰ ਭਰੀ ਹਮਦਰਦੀ ਤੇ ਏਸ ਪਯਾਰ ਲਹਿਰੇ ਦੀ ਝਰਨਾਟ ਪਰ ਮੋਹਿਤ ਹੋ ਜਾਏ ਅਰ ਕਹੇ ਕਿ ਮੇਰਾ ਆਸਰਾ, ਸਹਾਰਾ, ਰੌਸ਼ਨੀਘਰ, ਰਹਿਬਰ, ਰਸਤੇ ਦਾ ਰਾਹ ਦੱਸ, ਦਿਲ ਦੀ ਟੇਕ ਤੇ ਮਨ ਦਾ ਆਧਾਰ ਗੁਰੂ ਹੈ। ਅੱਜ ਬੀ ਦੇਖੋ ਸਮੁੰਦਰ ਉਛਲਕੇ ਦੂਰੋਂ ਚੱਲਕੇ ਆਈ ਨਦੀ ਨੂੰ ਆ ਮਿਲਿਆ ਹੈ ਤੇ ਆਖਦਾ ਹੈ:-ਹਾਂ ਜੀਉ, ਆਓ ਚਲੋ ਮੈਂ ਵਿਚ ਤੇ ਮੈਂ ਦੇ ਅੰਗ ਸੰਗ।

ਅਜਮੇਰ ਸਿੰਘ ਜੀ ਦ੍ਰੱਵ ਗਏ। ਦ੍ਰੱਵ ਤਾਂ ਅਗੇ ਹੀ ਰਹੇ ਸੇ, ਦ੍ਰੱਵ ਕੇ ਵਹ ਗਏ। ਹਾਂ ਜੀ, ਦ੍ਰਵਣਾ ਰੱਬੀ ਦਰਬਾਰ ਵਿਚ ਜਾਣ ਲਈ ਲਾਜ਼ਮੀ ਕ੍ਰਿਸ਼ਮਾ ਹੈ:

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ।
ਹਰਿ ਦਰਗਹ ਕਹੁ ਕੈਸੇ ਗਵੈ। {ਸੁਖਮਨੀ}

ਆਤਮਾ ਦ੍ਰਵ ਗਿਆ ਹੈ ਤਾਂ ਹੁਣ ਹਰਿ ਦਰਗਹ ਦੀ ਕੀ ਰੋਕ ਹੈ?

ਹਾਂ ਜੀ, ਦ੍ਰੱਵ ਰਹੇ ਅਜਮੇਰ ਸਿੰਘ ਹੋਰ ਦ੍ਰੱਵੇ ਹਨ, ਬਿਰਦ ਪਾਲਕ ਬਿਰਦ ਦੀ ਕਰਨੀ ਵੇਖਕੇ ਆਪਾ ਘੁਲਕੇ ਘੁਲ ਮਿਲ ਗਿਆ ਹੈ! ਚਰਨਾਂ ਨੂੰ ਲਪਟ ਗਏ ਹਨ ਤੇ ਬੋਲਦੇ ਹਨ: "ਧੰਨ! ਧੰਨ! ਧੰਨ!" ਪਰ ਗਲਾ ਰੁਕ ਗਿਆ ਹੈ, ਸ਼ਰੀਰ ਗਦਗਦ ਹੈ ਤੇ ਅਵਾਜ਼ ਰੂਹ ਵਿਚ ਹੀ ਗੁੰਜਾਰ ਦੇ ਰਹੀ ਹੈ ਤੇ ਅਨਹਤ ਰੂਪ ਵਿਚ ਕਹਿ ਰਹੀ ਹੈ, "ਧੰਨ! ਧੰਨ! ਧੰਨ!" ਤੇ ਸਤਿਗੁਰ ਅਨੁਭਵ ਕਰ ਰਹੇ ਤੇ ਕਹਿ ਰਹੇ ਹਨ:-"ਚਲੋ ਅਜਮੇਰ ਸਿੰਘ! ਸੱਜਣਾ! ਕੱਠੇ ਰਹਾਂਗੇ।" ਇਹ ਨਕਸ਼ਾ, ਇਹ ਝਾਕਾ ਗੁਰ ਸਿਖ ਸੰਗਮ ਦਾ ਸਦਾ ਅੱਖਾਂ ਅੱਗੇ ਟਿਕਿਆ ਰਹੇ।

-o-

ਸੂਚਨਾ-ਫੇਰ ਸਤਿਗੁਰ ਕਈ ਗਿਰਾਵਾਂ (ਬਾਜਕ, ਜੱਸੀ ਆਦਿ) ਵਿਚ ਹੁੰਦੇ ਪੱਕੇ ਪਿੰਡ ਆ ਗਏ, ਰਸਤੇ ਵਿਚ ਅਨੇਕਾਂ ਕੌਤਕ ਵਰਤੇ, ਮਿਹਰਾਂ ਹੋਈਆਂ। ਇਸ ਤੋਂ ਅਗੇ ਦੇ ਕੌਤਕਾਂ ਦਾ ਕੁਛ ਹਾਲ ਅਗਲੇ ਪ੍ਰਸੰਗ ਵਿਚ ਹੈ:-

੮੫. ਬੀਬੀ ਦੇਸਾਂ*

੧.

ਜਾਚਕ ਜਨੁ ਜਾਚੈ ਪ੍ਰਭ ਦਾਨੁ॥ ਕਰਿ ਕਿਰਪਾ ਦੇਵਹੁ ਹਰਿਨਾਮੁ॥ ਸਾਧ ਜਨਾ ਕੀ ਮਾਗਉ ਧੂਰਿ॥ ਪਾਰਬ੍ਰਹਮ ਮੇਰੀ ਸਰਧਾ ਪੂਰਿ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ॥ ਚਰਨ ਕਮਲ ਸਿਉ ਲਾਗੈ ਪ੍ਰੀਤਿ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥ ਏਕ ਓਟ ਏਕੋ ਆਧਾਰੁ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥੧॥ {ਸੁਖਮਨੀ-੨੦}

ਸੁਖਮਨੀ ਦੀ ਇਹ ਪਿਆਰੀ ਪਿਆਰੀ ਪੌੜੀ ਪਹਾੜੀ ਦੀ ਮਿੱਠੀ ਮਿੱਠੀ ਸੁਰ ਵਿਚ ਕਿਸੇ ਤਿੱਖੇ ਕੋਇਲ ਵਰਗੇ ਗਲੇ ਤੇ ਵਿੱਧੇ ਹੋਏ ਮਨ ਤੋਂ ਗਾਵੀਂ ਜਾ ਰਹੀ ਹੈ। ਰਾਤ ਪਹਿਰ ਕੁ ਬੀਤ ਚੁਕੀ ਹੈ, ਨੀਲੇ ਅਕਾਸ਼ ਤੇ ਤਾਰਿਆਂ ਦੀ ਛਟਕ ਝਲ੍ਹਕ ਝਲ੍ਹਕ ਕਰ ਰਹੀ ਹੈ। ਦੇਸ਼ ਭਾਵੇਂ ਡਾਢਾ ਗਰਮ ਹੈ, ਪਰ ਮਾਰੂ ਥਲੇ ਦਾ ਹੈ ਤੇ ਥਲਾਂ ਨੂੰ ਏਹੋ ਸੁਆਉ ਹੈ ਕਿ ਦਿਨੇ ਅਤਿ ਤਪਦੇ ਹਨ ਪਰ ਰਾਤ ਨੂੰ ਛੇਤੀ ਠਰ ਜਾਂਦੇ ਹਨ। ਇਸ ਵੇਲੇ ਮਿੱਠੀ ਮਿੱਠੀ ਠੰਢੀ ਠੰਢੀ ਹਵਾ ਵਗ ਰਹੀ ਹੈ, ਚੁਪ ਛਾ ਰਹੀ ਹੈ ਤੇ ਟਿਕਾਉ ਭਰੀ ਏਕਾਂਤ ਰਸਮਈ ਪ੍ਰਭਾਵ ਪਾ ਰਹੀ ਹੈ। ਇਸ ਟਿਕਾਉਦੇ ਸਮੇਂ ਉੱਪਰਲੀ ਬੇਨਤੀ ਦਾ ਗਾਇਨ ਹੋ ਰਿਹਾ ਹੈ ਤੇ ਆਤਮਾ ਅਰਦਾਸ ਵਿਚ ਜੁੜੀ ਪਈ ਹੈ।

ਰਾਤ ਕੁਛ ਹੋਰ ਬੀਤ ਗਈ ਤੇ ਇਹ ਆਵਾਜ਼ ਬੀ ਚੁੱਪ ਹੋ ਗਈ। ਅਵਾਜ਼ ਬੀ ਚੁਪ ਹੋ ਗਈ ਤੇ ਅੰਦਰੋਂ ਅਰਦਾਸ ਵੀ ਹੁਣ ਨਹੀਂ ਹੋ ਰਹੀ, ਪਰ ਲੋ ਉਸੇ ਦਰ ਵੱਲ ਉਸੇ ਰੱਬੀ ਨੂਰ ਵੱਲ ਲਗ ਰਹੀ ਹੈ.....।

*ਇਹ ਪ੍ਰਸੰਗ ਸੰ: ਗੁ: ਨਾ: ਸਾ: ੪੫੪ (੧੯੨੩ ਈ:) ਦੇ ਗੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਅਰਦਾਸ ਕਬੂਲ ਹੋਕੇ ਚੁਪ ਦੇਸ਼ ਤੋਂ, ਆਪਣਾ ਜੁਵਾਬ ਲੈ ਆਈ ਹੈ। ਉਹ ਹੈ:-ਮਨ ਵਿਚ ਸਿਮਰਨ ਦਾ ਰਸ ਭਰੇ ਹੋਕੇ ਟੁਰ ਪੈਣਾ। ਸੁਰਤਿ ਨਾਮ ਵਿਚ ਪ੍ਰੋਤੀ ਗਈ ਹੈ, ਲੂੰ ਲੂੰ ਤੋਂ ਵਾਹਿਗੁਰੂ ਵਾਹਿਗੁਰੂ ਦੀ ਝੁਨ-ਕਾਰ ਟੁਰ ਪਈ ਹੈ! ਨੈਣਾਂ ਵਿਚ ਇਕ ਸਰੂਰ ਹੈ, ਸਰੀਰ ਦਾ ਹਲਕਾਪਨ ਇੰਨਾ ਹੈ ਕਿ ਸਰੀਰ ਜਾਪਦਾ ਹੀ ਨਹੀਂ। ਸੁਆਦ ਹੈ, ਠੰਢ ਹੈ, ਟਿਕਾਉ ਹੈ, ਇਕ ਖਿੱਚ ਹੈ ਉਸਦਾ ਰੰਗ ਹੈ ਤੇ ਸਿਮਰਨ ਇਕ ਸੰਗੀਤ ਦੀ ਥੱਰ੍ਹਾਟ ਵਾਂਙੂ ਲੂੰਆਂ ਵਿਚ ਆਪੂੰ ਜਾਰੀ ਹੈ। ਠੰਢੀ ਠੰਢੀ ਹਵਾ ਦੀ ਤਰੌਤ ਮੱਥੇ ਤੇ ਅੱਖਾਂ ਤੇ ਆਕੇ ਵੱਜਦੀ ਇਕ ਅਚਰਜ ਰਸ ਭਰ ਰਹੀ ਹੈ। ਐਉਂ ਨਿਮਗਨ ਬੈਠਿਆਂ ਰਾਤ ਬੀਤ ਰਹੀ ਹੈ।

ਪਰ ਨਿੰਦ੍ਰਾਵਲੇ ਨੈਣ ਊਂਘ ਰਹੇ ਹਨ, 'ਜਗਤ-ਅੱਖ' ਘੂਕ ਸੁੱਤੀ ਪਈ ਹੈ, ਪਰ ਏਹ ਨੇਹੁੰ ਵਾਲੇ-ਰੱਬੀ ਨੇਹੁੰ ਵਾਲੇ-ਨੈਣ ਜਾਗ ਰਹੇ ਹਨ। ਨੇਹੁੰ ਵਾਲੇ ਨੈਣ ਜਾਗਕੇ ਪਿਆਰੇ ਦੀ ਛਬੀ ਵਿਚ ਮਸਤ ਹੋ ਰਹੇ ਹਨ! ਇਸ ਤਰ੍ਹਾਂ ਬੈਠਿਆਂ ਦੂਜਾ ਪਹਿਰਾ ਬੀ ਬੀਤ ਗਿਆ। ਭਾਗਾਂ ਵਾਲਾ ਹੈ ਇਹ ਸਰੀਰ ਜੋ ਸਤਿਗੁਰਾਂ ਦੀ ਬਖਸ਼ਿਸ਼ ਵਾਲੇ ਘਰ ਆਇਆ ਹੋਇਆ ਹੈ। ਭਾਈ ਭਗਤੂ ਪਰਲੋਕ ਜਾ ਚੁਕੇ ਹਨ, ਇਹ ਆਪਦੇ ਘਰ ਦੀ ਇਕ ਨੋਂਹ ਹੈ, ਜਿਸ ਦਾ ਪਤੀ ਭੀ ਸੱਚ ਖੰਡ ਪਿਆਨਾ ਕਰ ਚੁਕਾ ਹੈ। ਇਹ ਬਖਸ਼ੇ ਘਰਾਣੇ ਦੀ ਰੰਗ ਰੱਤੜੀ ਸ੍ਰੀ ਕਲਗੀਧਰ ਜੀ ਦੇ ਇਲਾਹੀ ਅਨੁਰਾਗ ਵਿਚ ਆਪਣਾ ਉੱਚ ਜੀਵਨ ਬਿਤਾ ਰਹੀ ਹੈ। ਜਦ ਕਦੇ ਸਮਾ ਲੱਝਾ ਹੈ, ਅਨੰਦਪੁਰ ਗਈ ਹੈ ਤੇ ਦਰਸ਼ਨਾਂ ਨਾਲ ਕ੍ਰਿਤ ਕ੍ਰਿਤ ਹੋਕੇ ਆਪਣੇ ਆਤਮਾ ਵਿਚ ਦਾਤੇ ਦੀ ਮਿਹਰ ਨਾਲ ਵਾਹਿਗੁਰੂ ਜੀ ਦਾ 'ਨਾਮ ਪ੍ਰੇਮ' ਵਿਚ ਵਾਧਾ ਹੀ ਵਾਧਾ ਲੈਕੇ ਆਈ ਹੈ! ਇਹ ਬੀਬੀ ਆਪਣੇ ਘਰ ਵਿਚ ਬਾਕੀ ਕੁਲ ਤੋਂ ਅਲੱਗ ਥਲੱਗ ਰਹਿੰਦੀ ਹੈ। ਸ਼ਰੀਕਾ ਵਡੇਰਾ ਹੈ, ਜੇਠਾਂ ਦੇ ਪਰਵਾਰ ਹਨ, ਉਹ ਨੇੜੇ ਨੇੜੇ ਹਵੇਲੀਆਂ ਵਿਚ ਰਹਿੰਦੇ ਹਨ, ਉਹਨਾਂ ਦੇ ਘਰੀਂ ਸਿੱਖਾਂ ਸੰਗਤਾਂ ਦੇ ਭੌਣ ਪਰਸੀਂਦੇ ਹਨ, ਪਰ ਇਸ ਪ੍ਰੇਮਣ ਨੂੰ ਕਿਸੇ ਨਾਲ ਲੈਣ ਦੇਣ ਨਹੀਂ। ਆਪਣੇ ਦਾਣਿਆਂ ਵਿਚ ਨਿਰਬਾਹ ਤੇ ਆਪਣੀ ਕੁਲੀ ਵਿਚ ਕਜੇਵਾਂ। ਬੱਸ ਉਲਝਣ ਉਲਝਾ ਇਕ ਸਾਈਂ ਦੇ ਨਾਮ ਦਾ, ਹੋਰ ਸਾਈਂ ਦੀਆਂ ਸੱਤੇ ਖੈਰੀਂ। ਰੋਟੀ ਪਕਾ ਲੈਣੀ ਤੇ ਖਾ ਲੈਣੀ, ਕੰਮ ਕਰਨਾ ਤਾਂ ਹਰਿਕੇ ਨਾਮ ਦਾ। ਜੇ ਬੀਬੀ ਦੇ ਹਥ ਚਲਣ ਤੇ ਜ਼ਰੂਰ ਨਿਚਲੇ ਨਾ ਰਹਿ ਸਕਣ ਤਾਂ ਫੁੱਟੀ ਚੁਣਨੀ, ਝੰਬਣੀ, ਵੇਲਣੀ, ਵੱਟਣੀ, ਕੱਤਣੀ, ਮਟੇਰਨੀ ਤੇ ਕੋਈ ਸੁਹਣੀ ਸ਼ੈ ਉਨਵਾਉਂਣੀ, ਜਦ ਕਦੇ ਕਿਸੇ ਅਨੰਦਪੁਰ ਜਾਣਾ, ਅਪਾਰੇ ਦੇ ਚਰਨ ਕਮਲਾਂ ਵਿਚ ਰੇਜਾ ਭੇਜ ਕੇ ਨਿਹਾਲ ਹੋ ਜਾਣਾ। ਸਾਰਾ ਕੰਮ ਕਰਦਿਆਂ ਬੀਬੀ ਦੇ ਧਿਆਨ ਤੇ ਚਰਨਾਂ ਕਮਲਾਂ ਵਿਚ ਜੁੜਿਆ ਰਹਿਣਾ, ਇਸੇ ਚਾਉ ਵਿਚ ਹੀ ਕਾਰ ਹੋਣੀ, ਧਿਆਨ ਨੇ ਇਸ ਆਸਰ ਬੇਮਲੂੰਮੇ ਟਿਕੇ ਰਹਿਣਾ, ਰਸਨਾ ਨੇ ਸਿਮਰਨ ਕਰਦੇ ਰਹਿਣਾ ਤੇ ਮਨ ਨੇ ਉਡਣੋਂ ਟਿਕਾਉ ਖਾਣਾ ਤੇ ਰੱਬੀ ਲਹਿਰ ਵਿਚ ਝੂਮਦੇ ਰਹਿਣਾ, ਲਿਵ ਵਿਚ ਜੁੜ ਜੁੜ ਜਾਣਾ। ਇਸ ਤਰ੍ਹਾਂ ਦੇ ਜੀਉਂਦੇ ਜਾਗਦੇ ਸਿਮਰਨ-ਰੰਗਾਂ ਵਿਚ ਇਸ ਬੀਰ ਇਸਤ੍ਰੀ ਨੇ ਆਪਣਾ ਜੀਵਨ ਪਾ ਰੱਖਿਆ ਸੀ।

ਪਰ ਹਾਇ! ਐਡੇ ਸੁਹਣੇ ਰੰਗਾਂ ਵਿਚ ਰਹਿਣ ਵਾਲੀ ਹੁਣ ਦਿਲਗੀਰ ਹੋ ਹੋ ਜਾਂਦੀ ਹੈ। ਅਨੰਦ ਪੁਰ ਵਿਰਾਨ ਹੋ ਚੁਕਾ ਹੈ, ਅਰਸ਼ੀ ਜੋਤ ਉਸਨੂੰ ਛੱਡ ਚੁਕੀ ਹੈ, ਭਾਣੇ ਤੇ ਸਾਕੇ ਵਰਤ ਚੁਕੇ ਹਨ ਤੇ ਇਹ ਕੋਮਲ ਪ੍ਰੇਮ ਵਾਲੀ ਮਾਈ, ਜਿਸ ਦਾ ਨਾਮ ਦੇਮਾਂ ਸੀ, ਸਾਰੇ ਖੇਦ ਸੁਣ ਚੁਕੀ ਹੈ, ਚਮਕੌਰ ਦੇ ਸਾਕੇ ਕੰਨੀ ਪੈ ਚੁਕੇ ਹਨ। ਉਹ ਅਨੰਦਪੁਰ ਦੇ ਰੱਬੀ ਸੁਆਦਾਂ ਦੇ ਨਜ਼ਾਰੇ ਅੱਖਾਂ ਅਗੇ ਆਉਂਦੇ ਹਨ, ਦਿਲ ਖਿੱਚ ਹੋ ਜਾਂਦਾ ਹੈ, ਫੇਰ ਉਹ ਖੇਦ, ਉਹ ਜੰਗ, ਉਹ ਕਤਲਾਂ, ਉਹ ਪਿਆਰਿਆਂ ਦੇ ਵਿਛੋੜੇ, ਕਾਲੀਆਂ ਰਾਤਾਂ, ਘਮਸਾਨ, ਸਾਹਿਬਜ਼ਾਦਿਆਂ ਤੇ ਸਿਖਾਂ ਦੀਆਂ ਸ਼ਹਾਦਤਾਂ, ਜੋ ਸੁਣੀਆਂ ਸਨ, ਅੱਖਾਂ ਅੱਗੇ ਫਿਰਦੀਆਂ ਹਨ, ਕਲੇਜਾ ਡਾਵਾਂ ਡੋਲ ਹੋਕੇ ਵਹਿ ਟੁਰਦਾ ਹੈ, ਘੜੀਆਂ ਹੀ ਵੈਰਾਗ ਦੇ ਵਿਚ ਬੀਤਦੀਆਂ ਹਨ, ਪਰ ਫੇਰ ਸੁਰਤ ਪਰਤਾ ਮਾਰਦੀ ਹੈ ਤੇ ਆਖਦੀ ਹੈ: 'ਪਿਆਰੇ ਦੇ ਚੋਜ ਹਨ, ਉਸਦੀ ਆਪਣੀ ਰਜ਼ਾ ਹੈ। ਉਸਨੂੰ ਕੌਣ ਦੁਖ ਦੇ ਸਕਦਾ ਹੈ? ਏਹ ਸਾਡੇ ਦੁਖ ਹਨ ਜੋ ਉਨ੍ਹਾਂ ਨੇ ਮਾਰਨੇ ਹਨ, ਉਨ੍ਹਾਂ ਦਾ ਜੰਗ ਸਾਡੇ ਦੁੱਖਾਂ ਨਾਲ ਹੈ। ਸ੍ਰਿਸ਼ਟੀ ਦਾ ਭਾਰ ਹਰ ਰਹੇ ਹਨ, ਸਾਡੇ ਸਹੇੜੇ ਆਪਣੇ ਤੇ ਲੈਕੇ ਮੁਕਾ ਰਹੇ ਹਨ। ਮਾਲਕ ਹਨ, ਪਾਲਕ ਹਨ, ਚੋਜੀ ਹਨ। ਹਾਂ, ਉਨ੍ਹਾਂ ਨੂੰ ਦੁਖ ਕਿਉਂ ਹੈ? ਉਨ੍ਹਾਂ ਦੀ ਤਾਂ ਦੁਖ ਦਰਦ ਤੇ

ਫਤਹ ਹੈ, ਉਹ ਤਾਂ ਅਕਾਲ ਦੇ ਆਪਣੇ ਹਨ।'

ਐਉਂ ਅਭਿਆਸੀ 'ਨਾਮ-ਅਭਿਆਸੀ ਮਨ' ਵੈਰਾਗ, ਪ੍ਰੇਮ ਤੇ ਟਿਕਾਉ ਵਿਚ ਘੁੰਮਦਾ ਰਹਿੰਦਾ ਸੀ ਕਿ ਇਹ ਖਬਰਾਂ ਕੰਨੀ ਪਈਆਂ:-ਮੁਕਤਸਰ ਫੇਰ ਜੰਗ ਹੋਇਆ ਹੈ, ਖਾਲਸੇ ਨੇ ਤੁਰਕ ਮਾਰ ਭਜਾਏ ਹਨ। ਬਿਜੈਮਾਨ ਸਤਿਗੁਰ ਮਾਲਵੇ ਤੋਂ ਨਿੱਘ-ਮਾਲਵੇ ਆ ਬਿਰਾਜੇ ਹਨ, ਤਲਵੰਡੀ ਸਾਬੋ ਕੀ ਜੋਤ ਆ ਜਗੀ ਹੈ, ਦਮਦਮਾ ਰਚ ਲਿਆ ਨੇ, ਸੰਗਤਾਂ ਆ ਮਿਲੀਆਂ ਹਨ, ਉਸ **'ਹਰਖ ਸੋਗ ਬੈਰਾਗ ਅਨੰਦੀ ਖੇਲੁਰੀ ਦਿਖਾਇਓ'**{ਆਸਾ: ਮ:੫-੧੫੬} ਵਾਲੇ ਦਾਤਾ ਨੇ ਅਨੰਦਪੁਰ ਵਰਗਾ ਸਮਾਗਮ ਰਚ ਦਿਤਾ ਹੈ। ਉਹੋ ਦੀਵਾਨ ਤੇ ਕੀਰਤਨ ਹਨ, ਓਹੋ ਇਲਾਹੀ ਦਰਸ਼ਨ, ਓਹੋ ਅੰਮ੍ਰਿਤ ਦੇ ਪ੍ਰਵਾਹ ਜਾਰੀ ਹਨ ਤੇ ਉਹੋ ਹੰਸ-ਰੰਗ ਪ੍ਰੇਮੀਆਂ ਦੇ ਝੁੰਡ ਉਮਡ ਉਮਡ ਆ ਰਹੇ ਹਨ। ਇਸ ਤਰ੍ਹਾਂ ਦੀਆਂ ਗੱਲਾਂ ਸੁਣਕੇ ਦੇਸਾਂ ਦਾ ਜੀਉ ਦਰਸ਼ਨਾਂ ਨੂੰ ਤੜਫਦਾ ਹੈ, ਪਰ ਅਜੇ ਪੈਰ ਨਹੀਂ ਟੁਰਦੇ! ਹੁਣ ਕਿਸੇ ਮਾਈ ਨੇ ਪੱਕੀਆਂ ਸੋਆਂ ਦਾਤੇ ਦੇ ਸੁਖੀ ਚੋਜਾਂ ਦੀਆਂ ਆ ਦੱਸੀਆਂ ਹਨ, ਤਦੇ ਹੀ ਇਸ ਤਰ੍ਹਾਂ ਪਿਆਰ ਵਿਚ ਅਰਦਾਸਾਂ ਕਰ ਰਹੀ ਹੈ ਤੇ ਦਰਸ਼ਨ ਦਾਤ ਮੰਗ ਰਹੀ ਹੈ।

ਅੱਧੀ ਰਾਤ ਬੀਤ ਜਾਣ ਮਗਰੋਂ ਦੇਸਾਂ ਸੁੱਤੀ ਸੀ, ਸੋ ਤ੍ਰਿਪਹਿਰਾ ਝੱਟ ਬੀਤ ਗਿਆ। ਅੱਜ ਤ੍ਰਿਪਹਿਰੇ ਤੇ ਜਾਗ ਨਹੀਂ ਖੁੱਲ੍ਹੀ, ਜਾਂ ਕੁੱਕੜ ਬੋਲੇ ਤਾਂ ਅੱਭੜਵਾਹੀ ਉੱਠੀ:-

'ਇਉ ਕਿਉ ਕੰਤ ਪਿਆਰੀ ਹੋਵਾ॥
ਸਹੁ ਜਾਂਗੀ ਹਉ ਨਿਸਿ ਭਰਿ ਸੋਵਾ॥'{ਆ:ਮ:੧-੨੬}

ਗਾਉਂਦੀ ਹਾਹੁਕਾ ਭਰਦੀ ਉੱਠੀ 'ਹਾਇ! ਮੇਰਾ ਰਮ ਸੁਆਦ ਕਿਥੇ ਗਿਆ? ਨੀਂਦ ਖਾ ਗਈ? ਨੀਂਦ ਵੈਰਨ ਬੀ ਤੇ ਨੀਂਦ ਸੁਖਦਾਈ ਬੀ ਹੈ। ਨੀਂਦ ਥਕਾਨ ਦੂਰ ਕਰਕੇ ਸੁਰਤ ਨੂੰ ਸੁਖੀ ਕਰਦੀ ਹੈ, ਪਰ ਕਦੇ ਉੱਚੇ ਸੁਖ ਦੇ ਘਰ ਵਿਚ ਗਈ ਹੋਈ ਸੁਰਤ ਨੂੰ ਹੇਠਾਂ ਬੀ ਲੈ ਆਉਂਦੀ ਹੈ। ਹੱਛਾ ਮਿੱਟੀ ਦੀ ਦੇਹ ਹੈ, ਨੀਂਦ ਭੁਖ ਦੋ ਇਸ ਦੀਆਂ ਲੋੜਾਂ ਹਨ। ਹੇ ਆਤਮਾ! ਜਿੰਨਾਂ ਚਿਰ ਤੇਰਾ ਸਾਥ ਇਸ ਮਿੱਟੀ ਦੀ ਮੜੋਲੀ ਨਾਲ ਹੈ, ਇਸਦੇ ਗੁਣ ਤੇ ਮੁਭਾ ਵਰਤਣੇ ਹੋਏ। ਸ਼ੋਕ ਨਾ ਕਰ, ਤਕੜਾ ਹੋ, ਮਾਰ ਹੰਭਲਾ!' ਐਉਂ ਆਪੇ ਨਾਲ ਗੱਲਾਂ ਕਰਦੀ ਦੇਸਾਂ ਉੱਠੀ, ਉੱਠਕੇ ਆਪ ਨੂੰ ਸੁਚੇਤ ਕੀਤਾ ਤੇ **'ਭਲਕੇ ਉਠਿ ਹਰਿ ਨਾਮੁ ਧਿਆਵੈ'** ਦੇ ਰੰਗ ਵਿਚ ਜੁੜ ਬੈਠੀ, ਪਰ ਅੱਜ ਜੁੜਿਆ ਜਾਏ ਨਾ ਜੋ ਨੀਂਦ ਜ਼ੋਰ ਕਰੇ। ਸੋ ਦੇਸਾਂ ਉਠ ਖੜੀ ਹੋਈ ਤੇ ਮਿੱਠੀ ਮਿੱਠੀ ਸੁਰ ਵਿਚ ਟਹਿਲਕੇ ਜਪੁਜੀ ਸਾਹਿਬ ਦਾ ਪਾਠ ਕਰਨ ਲਗ ਪਈ। ਜਿਸ ਵੇਲੇ **'ਆਦੇਸ ਤਿਸੈ ਆਦੇਸੁ'** ਤੇ ਆਈ ਤਾਂ ਮਨ ਜੁੜ ਗਿਆ, ਸਾਈਂ ਚਰਨਾਂ ਤੇ ਢੈ ਪਿਆ, ਵਿਆਪਕ ਵਾਹਿਗੁਰੂ ਦੇ ਚਰਨਾਂ ਕਮਲਾਂ ਦੀ ਛੁਹ ਦਾ ਮਾਨੋਂ ਝਲਕਾ ਵੱਜਾ, ਲੂੰ ਲੂੰ ਠਰ ਗਿਆ। ਦੋ ਭੋਗ ਜਪੁਜੀ ਸਾਹਿਬ ਦੇ ਐਉਂ ਪਾਏ। ਹੁਣ ਰੌ ਬੱਝ ਗਿਆ, ਦੇਸਾਂ ਫੇਰ ਬੈਠ ਗਈ, ਜੁੜ ਗਈ ਤੇ ਮਨ ਸਾਈਂ ਦੀ ਯਾਦ ਵਿਚ ਸੁਖੀ ਹੋਕੇ ਲੱਗ ਪਿਆ।

ਦਿਨ ਹੋ ਆਇਆ, ਹੁਨਾਲੇ ਦੇ ਸੂਰਜ ਨੇ ਨਿਕਲਦੇ ਹੀ ਤ੍ਰਿਖੇ ਤੀਰ ਛੱਡੇ। ਦੇਸਾਂ ਹੁਣ ਗੁਰ-ਬਾਣੀ ਬੋਲਦੀ ਅਪਣੇ ਕੰਮ ਕਾਜ ਵਲ ਖਿਆਲ ਕਰਨ ਹੀ ਲੱਗੀ ਸੀ ਕਿ 'ਅਤੀਸੋ' ਸਹੇਲੀ ਆ ਗਈ। ਇਹ ਵੀ ਕੋਈ ਇਸ ਭੁਲ ਵਾਲੇ ਜਗਤ ਵਿਚ ਰੱਬ ਦੀ ਬੰਦੀ ਸੀ। ਇਸ ਨੇ ਆ ਨਵੇਂ ਹਾਲ ਸੁਣਾਏ। ਸਚੇ ਪਾਤਸ਼ਾਹ ਦੇ ਦਮਦਮੇ ਦੇ ਚੋਜਾਂ ਦੇ ਹਾਲ ਦੱਸੇ, ਪਰ ਨਾਲ ਇਕ ਮਾੜੀ ਗੱਲ ਦੱਸੀ ਕਿ ਤੁਹਾਡੇ ਘਰਾਣੇ ਦਾ ਵੱਡਾ ਦਿਆਲਾ ਐਡਾ ਵਡਾ ਆਦਮੀ ਹੋਕੇ ਸਤਿਗੁਰੂ ਦੇ ਦਰੋਂ ਉਦਾਸੀਆਂ ਲੈ ਆਇਆ ਹੈ। ਜਿਸ ਦਰੋਂ ਪਹਿਲੇ ਸਤਿਗੁਰਾਂ ਤੋਂ ਅਮੀਸਾਂ, ਵਰ ਤੇ ਬਖਸ਼ਿਸ਼ ਮੰਜ਼ੀ ਮਿਲੀ ਸੀ, ਉਸ ਦਰੋਂ ਦਸਵੇਂ ਜਾਮੇ ਹੁਕਮ ਅਦੂਲੀ ਕਰਕੇ ਲੋਕ ਪ੍ਰਲੋਕ ਵਿਗਾੜ ਆਇਆ ਹੈ। ਉਸ ਦੀ ਵਿਥਿਆ ਇਹ ਹੈ:-

"ਦਿਆਲਾ ਜਦ ਸਚੇ ਪਾਤਸ਼ਾਹ ਜੀ ਨੂੰ ਮਿਲਿਆ ਹੈ ਤਾਂ ਉਹਨਾਂ ਕਿਹਾ-'ਗੁਰੂ ਕਿਆ! ਤੁਸਾਂ ਤੇ ਗੁਰੂ ਸਾਹਿਬਾਂ ਜੀ ਦੀ ਅਤਿ ਮਿਹਰ ਹੋਈ ਹੈ, ਤੁਸੀਂ ਭਾਈ ਭਗਤੂ ਦੀ ਵੰਸ਼ ਹੋ, ਡਾਢੇ ਪਿਆਰੇ ਹੋ, ਹੁਣ ਸਿੰਘ ਸਜ ਜਾਓ, ਅੰਮ੍ਰਿਤ ਛਕੋ ਤੇ ਖਾਲਸਾ ਹੋਕੇ ਸੇਵਾ ਕਰੋ'। ਦਿਆਲੇ ਨੇ ਕਿਹਾ-'ਜੀ! ਉਮਰ ਵਡੇਰੀ ਹੈ, ਸਿਖੀ ਤੁਸਾਂ ਤੇ ਆਪਦੇ ਵਡਿਆਂ ਬਖਸ਼ ਰਖੀ ਹੈ'। ਸਤਿਗੁਰਾਂ ਕਿਹਾ-'ਸਿਖੀ ਹੀ ਖਾਲਸਾ ਹੈ, ਖਾਲਸਾ ਹੀ ਸਿਖੀ ਹੈ। ਰੰਗ ਉਹੋ ਹੈ ਵੰਨ ਨਵਾਂ

ਹੈ, ਰੰਗੇ ਜਾਓ'। ਪਰ ਦਿਆਲੇ ਨੇ ਨਾ ਮੰਨਿਆਂ ਤਾਂ ਬਖਸ਼ਿੰਦ ਜੀ ਨੇ ਕਿਹਾ:-'ਲਓ ਤੁਸਾਂ ਤੋਂ ਅਸੀਂ ਕੁਛ ਮੰਗਦੇ ਨਹੀਂ, ਦੇਂਦੇ ਹਾਂ, ਇਹ ਬਖਸ਼ਿਸ਼ ਹੈ ਲੈ ਲਓ। ਜੇ ਹੁਣ ਪ੍ਰੇਮ ਨਾਲ ਮਿਲਦੀ ਨਹੀਂ ਲੈਂਦੇ ਹੋ, ਤੇ ਮੇਰੇ ਆਪਣੇ ਹਥੋਂ ਨਹੀਂ ਲੈਂਦੇ ਹੋ ਤਾਂ ਸਮਾਂ ਅਜਿਹਾ ਆ ਰਿਹਾ ਹੈ ਕਿ ਤੁਸੀਂ ਤਰਲੇ ਕਰਕੇ ਸਿਖਾਂ ਦੇ ਦਰਾਂ ਤੇ ਰੁਲ ਰੁਲ ਕੇ ਇਹ ਦਾਤ-ਅੰਮ੍ਰਿਤ ਮੰਗੋਗੇ'। ਇਹ ਕਹਿਕੇ ਮਾਲਿਕ ਜੀ ਚੁਪ ਹੋ ਰਹੇ ਤੇ ਦਿਆਲਾ ਰਮਰੁੱਠ ਜਿਹਾ ਹੋ ਟੁਰ ਆਇਆ ਹੈ।"

ਆਹ! ਅਜ ਦਿਨ ਆਇਆ, ਪਹਿਲਾ ਦਿਨ ਆਇਆ ਕਿ ਬੀਬੀ ਦੇਸਾਂ ਨੂੰ ਪਤੀ ਦਾ ਵਿਯੋਗ 'ਭਾਣਾ' ਨਹੀਂ, ਪਰ 'ਕਹਿਰ' ਹੋ ਭਾਸਿਆ। ਸੋਚਦੀ ਹੈ ਕਿ ਜੇ ਪਤੀ ਜੀ ਅਜ ਜੀਉਂਦੇ ਹੁੰਦੇ, ਮੈਂ ਹੁਣੇ ਉਹਨਾਂ ਸਮੇਤ ਚਰਨਾਂ ਤੇ ਡਿੱਗਦੀ ਤੇ ਆਖਦੀ 'ਦਾਤਿਆ! ਸਿਖੀ ਵੀ ਤੂੰ ਬਖਸ਼ੀ ਤੇ ਖਾਲਸਾ ਵੀ ਤੂੰ ਬਖਸ਼ਣਾ ਹੈ, ਨਾਮ ਅੰਮ੍ਰਿਤ ਦਾ ਦਾਤਾ ਤੂੰਹੀ ਹੈਂ, ਚਰਨਾਂ ਵਿਚ ਬਿਠਾਕੇ ਦੇਹ ਤੇਰੀ ਰਜ਼ਾ, ਖੰਡੇ ਦਾ ਅੰਮ੍ਰਿਤ ਸਾਜਕੇ ਨਾਮ ਅੰਮ੍ਰਿਤ ਦੇਹ ਤੇਰੀ ਰਜ਼ਾ। ਤੂੰ ਦਾਤਾ ਅਸੀਂ ਲੈਣ ਹਾਰ, ਦੇਹ ਦਾਤਾ! ਭਰ ਸਾਡੇ ਝੋਲੇ!' ਪਰ ਹਾਇ! ਕੀਹ ਕਰਾਂ? ਕਿਸ ਦਿਆਂ ਖੰਭਾਂ ਤੇ ਉੱਡਾਂ? ਜੇ ਸਿਰ ਦੇ ਸਾਈਂ, ਹਾਇ! ਇਕ ਨਿਸ਼ਾਨੀ ਛੱਡ ਜਾਂਦੇ-ਕੁਖ ਦਾ ਜਾਇਆ ਇਕ ਪੁਤ ਵੀ ਹੁੰਦਾ-ਮੈਂ ਉਡਦੀ ਤੇ ਜਾ ਚਰਨਾਂ ਤੇ ਲਾਲ ਦਾ ਸੀਸ ਧਰਕੇ ਆਖਦੀ, ਹੇ ਪ੍ਰਾਣ ਦਾਤੇ! ਤੁਸਾਂ ਖੰਡੇ ਦਾ ਅੰਮ੍ਰਿਤ ਦੇਣ ਦਾ ਹੁਕਮ ਕੀਤਾ ਹੈ, ਲਓ ਇਹ ਹਾਜ਼ਰ ਹੈ; ਅੰਮ੍ਰਿਤ ਛਕਾਓ, ਚਰਨੀ ਲਾਓ ਤੇ ਜੇ ਲੋੜ ਹੈ ਤਾਂ ਓਸ ਰਾਹੇ ਟੋਰ ਦਿਓ ਜਿਸ ਰਾਹੇ ਅਪਣੇ ਹਥੀਂ ਟੋਰੇ ਜੇ ਅਜੀਤ ਸਿੰਘ ਤੇ ਜੁਝਾਰ ਸਿੰਘ। ਇਹ ਜੀਵਨ ਖੇਲ ਹੈ, ਤੇਰੇ ਹਥਾਂ ਦੀ ਖੇਲ ਹੈ। ਅਸੀਂ ਕੌਣ ਹਾਂ ਤੇ ਸਾਡਾ ਕੀ ਹੈ? 'ਜੋ ਕੁਛ ਹੈ ਸੋ ਤੇਰਾ'। ਤੂੰ ਨਾਮ ਦੇਕੇ ਸਾਨੂੰ ਜਿਵਾ ਦਿਤਾ ਹੈ, ਤੇਰੇ ਨਾਮ ਦਾਨ ਨੇ ਆਤਮ ਲਖਾ ਦਿਤਾ ਹੈ। ਹੁਣ ਦੇਹ ਸਾਡੀ ਸਾਨੂੰ ਛਿਲੜ ਦੀਹਦੀ ਹੈ। ਹੇ ਪਾਤਸ਼ਾਹ! ਜੇ ਛਿਲੜਾਂ ਨੂੰ ਕਿਸੇ ਅਰਥ ਲਾਕੇ ਤੁਸੀਂ ਰੀਝਦੇ ਹੋ ਤਕ ਸਾਨੂੰ ਇਸ ਤੋਂ ਵਧ ਕੀ ਖੁਸ਼ੀ ਹੈ?.....ਪਰ ਆਹ! ਮੈਂ ਕਿਥੇ ਹਾਂ? ਮੈਂ ਤਾਂ ਐਉਂ ਗੱਲਾਂ ਕਰ ਰਹੀ ਹਾਂ ਕਿ ਮਾਨੋਂ ਸਚੀ ਮੁਚੀ ਪੁਤ ਵਾਲੀ ਹਾਂ, ਸਚੀ ਮੁਚੀ ਸੁਹਣੇ ਹੀਰੇ ਮ੍ਰਿਗ ਵਰਗੇ ਗੱਭਰੂ ਪੁਤ ਨੂੰ ਸਤਿਗੁਰਾਂ ਦੇ ਚਰਨਾਂ ਤੇ ਪਾਈ ਅਰਦਾਸ ਕਰ ਰਹੀ ਹਾਂ।.....ਲਓ ਮਹਾਰਾਜ! ਜੇ ਮਾੜੇ ਜੇਠ ਨੇ ਭੁੱਲ ਕੀਤੀ ਹੈ ਤਾਂ ਭਾਈ ਭਗਤੂ ਦੇ ਨਾਮ ਨੂੰ ਵੱਟਾ ਨਾ ਲੱਗੇ, ਇਹ ਉਸੇ ਆਪਦੇ ਪਿਆਰੇ ਭਗਤੂ ਦੀ ਅੰਸ਼ ਹੈ, ਉਸੇ ਦਾ ਲਹੂ ਹੈ। ਪਾਤਸ਼ਾਹ! ਇਸਦਾ ਸਿਰ ਹਾਜ਼ਰ ਹੈ, ਨਿਮਾਣੀ ਭੇਟ ਕਬੂਲੋ।...ਮੈਂ ਕਮਲੀ ਹੋ ਗਈ, ਕਿਵੇਂ ਮਾਨੋਂ ਸੱਚੀ ਮੁਚੀ ਮੈਂ ਪੁੱਤ ਪਈ ਭੇਟ ਕਰਦੀ ਹਾਂ। ਹੋ ਸ਼ਹਿਨਸ਼ਾਹ! ਪੁੱਤ ਹੋਇਆ ਹੀ ਨਾ ਤੇ ਮੈਂ ਭੇਟ ਕੀ ਕਰਾਂ, ਐਵੇਂ ਅਭਿਲਾਖ।...ਚੰਗਾ ਮਨਾਂ! ਅਜ ਤੂ ਵੀ ਦੁਖੀ ਕੀਤਾ, ਸੁਖੀ ਹੋਕੇ ਰੱਬਦੇ ਬੰਖਸ਼ੇ ਨਾਮ ਵਰਗੇ ਲਾਲ ਦੀ ਖਿਡਾਵੀ ਮਾਂ ਹੋਕੇ ਤੂੰ ਮਾਸ ਦੇ ਪੁੱਤਾਂ ਦਾ ਦੁੱਖ ਕੀਤਾ। ਛੱਡ ਦੇਹ ਖਿਆਲ।.....ਹਾਂ, ਕੀ ਕਰਾਂ? ਇਹ ਗਲ ਖਾਂਦੀ ਹੈ ਕਿ ਭਾਈ ਭਗਤੂ ਦੀ ਅੰਸ਼ ਆਪਣੇ ਮਾਲਿਕ ਦੇ ਹੁਕਮ ਤੋਂ ਸਿਰ ਫੇਰ ਆਈ ਹੈ।...ਪਰ ਸਭ ਭਾਣਾ ਹੈ ਤੇ ਦੁਖ ਕਰਨਾ ਮੂਰਖਤਾ ਹੈ! ਇਹ ਤਨ ਹਾਜ਼ਰ ਹੈ, ਚੱਲਾਂ ਤੇ ਆਖਾਂ, ਪਾਤ-ਸ਼ਾਹ! ਮੈਂ ਵੀ ਭਾਈ ਭਗਤੂ ਦੇ ਘਰਾਣੇ ਦੀ ਟਹਿਲ ਵਾਲੀ ਹਾਂ, ਮੈਨੂੰ ਅੰਮ੍ਰਿਤ ਛਕਾਓ! ਜੇ ਲੋੜ ਸਮਝੋ ਤਾਂ ਸਰੀਰ ਕਿਸੇ ਜੁੱਧ ਜੰਗ ਜਾਂ ਕਿਸੇ ਸੇਵਾ ਵਿਚ ਸ਼ਹੀਦ ਕਰਾਕੇ ਸਫਲਾ ਕਰ ਲਓ। ਜੇ ਮਰਦ ਮੂੰਹ ਮੋੜ ਆਇਆ ਹੈ ਤਾਂ ਤ੍ਰੀਮਤ ਤੇ ਭਾਈ ਭਗਤੂ ਦੀ ਮਿਹਰ ਹੈ, ਇਹ ਹਾਜ਼ਰ ਹੈ।.....ਏਹ ਵਾਸ਼ਨਾ ਹਨ। ਹਾਂ, ਵਾਸ਼ਨਾਂ, ਪਰ ਮੁਹਣੀਆਂ ਵਾਸ਼ਨਾਂ ਹਨ! ਪਯਾਰੇ ਦੇ ਚਰਨਾਂ ਕਮਲਾਂ ਤੋਂ ਸਦਕੇ ਕਰ ਦੇਣ ਵਾਲੀਆਂ ਵਾਸ਼ਨਾਂ ਉੱਠੀਆਂ ਹਨ। ਹੇ ਮਨ! ਤਕੜਾ ਹੋ, ਸਾਰੇ ਅਸੀਂ ਸੇਵਕ ਹਾਂ ਤੇ ਹੁਕਮੀ ਬੰਦੇ ਹਾਂ। ਤੈਨੂੰ ਹੁਕਮ ਨਾਮ ਸਿਮਰਨ ਦਾ ਹੈ, ਤੂੰ ਅਪਣਾ ਹੁਕਮ ਬਜਾ ਲਿਆ, ਐਸਾ ਨਾ ਹੋਵੇ ਕਿ 'ਹੋਰਨਾਂ ਨੂੰ ਮਿਲੇ ਹੁਕਮਾਂ' ਦੀਆਂ ਰੀਸਾਂ ਕਰਕੇ ਤੂੰ ਹਾਹੁਕਿਆਂ ਵਿਚ ਜਾ ਪਵੇਂ ਤੇ ਜੋ ਹੁਕਮ ਤੈਨੂੰ ਹੈ ਓਸਦੀ ਕਮਾਈ ਵਿਚ ਕਸਰ ਪੈ ਜਾਵੇ। ਤੈਨੂੰ ਹੁਕਮ ਸੀ 'ਦਮ ਬਦਮ ਵਾਹਿਗੁਰੂ ਜੀ ਦਾ ਸਿਮਰਨ ਕਰ, ਤੇਰਾ ਦਮ ਖਾਲੀ ਨਾ ਜਾਵੇ ਤੈਥੋਂ ਮਾਲਿਕ ਨੇ ਇਹੋ ਸੇਵਾ ਮੰਗੀ ਹੈ। ਤੂੰ ਇਹੋ ਕਰ, ਗਾਫ਼ਿਲ ਨਾ ਹੋ; ਵੇਖ ਚੌਥੇ ਪਾਤਸ਼ਾਹ ਜੀ

ਦੇ ਬੇਟੇ ਪ੍ਰਿਥੀਏ ਜੀ ਨੇ ਕਿੰਨੀ ਸੇਵਾ ਆਪਣੇ ਭਾਣੇ ਨਾਲ ਕੀਤੀ, ਪਰ ਥਾਂ ਕੋਈ ਨਾ ਪਈ ਤੇ ਛੋਟੇ ਬੇਟੇ ਗੁਰੂ ਅਰਜਨ ਦੇਵ ਜੀ ਨੇ ਪਿਤਾ ਗੁਰੂ ਜੀ ਦੇ ਹੁਕਮ ਵਿਚ ਸਾਈਂ ਦੀ ਯਾਦ ਤੇ ਧਿਆਨ ਮਗਨਤਾ ਦੀ 'ਹਰਿ-ਸੇਵਾ*' ਦੀ ਘਾਲ ਘਾਲੀ; ਉਹ ਥਾਂ ਪਈ। ਗੁਰੂ ਜੀ ਹੋਰ ਸੇਵਾ ਵਲ ਰਾਏ ਹੀ ਨਹੀਂ, ਉਹ ਦੇਖੋ! ਕਿੰਨੀ ਕਬੂਲ ਪਈ? ਆਪ ਗੁਰੂ ਹੋਏ! ਉਹ ਗੁਰੂ ਕੇ ਹੁਕਮ ਵਿਚ ਸੇਵਾ ਸੀ। ਤੂੰ ਬੀ ਆਪਣੇ ਭਾਣੇ ਦੀ ਸੇਵਾ ਨਾਂ ਕਰ, ਹਾਂ। ਮਨਾਂ! ਹੁਕਮੀ ਬੰਦਾ ਹੋ ਤਾਂ ਸੁਖ ਪਾਏਂਗਾ। ਵੇਖ! ਹਾਹੁਕਿਆਂ ਤੇ ਹਾਵਿਆਂ ਵਿਚ ਤੇਰਾ ਕਿੰਨਾਂ ਸਮਾਂ ਐਵੇਂ ਲੰਘ ਗਿਆ, ਕਿੰਨਾ ਕਾਲ ਸਿਮਰਨ ਤੋਂ ਵਿੱਛੁੜੀ ਰਹੀ? ਤਕੜੀ ਹੋ ਤੇ ਸੰਭਾਲ ਅਪਣੀ ਕਾਰ।

੨.

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰਦੇ ਅੱਗੇ ਹੀ ਅੱਗੇ ਵਧਦੇ ਹੁਣ ਪੱਕੇ ਪਿੰਡ ਆਏ। ਏਥੇ ਡੇਰੇ ਲਾਏ। ਅਜੇ ਤੱਕ ਨਿਸ਼ਾਨ ਬਾਕੀ ਹੈ। ਜਿੱਥੇ ਸ੍ਰੀ ਜੀ ਦੀ ਸਵਾਰੀ ਦਾ ਘੋੜਾ ਜੰਡ ਵੱਢਕੇ ਨਵੇਂ ਕਿੱਲੇ ਘੜਕੇ ਬੱਧਾ ਸੀ, ਓਥੇ ਹੀ ਓਹੋ ਕਿੱਲਾ ਮਗਰੋਂ ਫੁੱਟ ਪਿਆ ਤੇ ਜੰਡ ਦਾ ਰੁੱਖ ਬਣ ਗਿਆ ਜੋ ਹੁਣ ਤੱਕ ਹੈ। ਸੰਗਤਾਂ ਦੇ ਵਹੀਰ ਦੀਨੇ ਤੋਂ ਸ਼ੁਰੂ ਹੋਏ ਮਨ ਤੇ ਹਰ ਕਿਆਮ ਤੇ ਉਤਾਰੇ ਦੇ ਥਾਂ ਦਰਸ਼ਨ ਕਰਨ ਪਹੁੰਚਦੇ ਸੇ, ਇੱਥੇ ਬੀ ਪਹੁੰਚੇ। ਤੀਸਰੇ ਦਿਨ ਚੋਜੀ ਮਹਾਰਾਜ ਨੇ ਅਗੇ ਕੂਚ ਕੀਤਾ। ਹੁਣ ਆਏ ਤਲਵੰਡੀ-'ਸਾਬੋ ਕੀ ਤਲਵੰਡੀ'। ਇੱਥੋਂ ਦਾ ਸਿਰਕਰਦਾ ਸੀ ਡੱਲਾ। ਡੱਲਾ ਇਕ ਤਰਾਂ ਦਾ ਰਾਜਾ ਸੀ, ਰਾਜਾ ਤਾਂ ਨਹੀਂ ਪਰ ਰਾਜਿਓਂ ਘੱਟ ਨਹੀਂ। ਤਲਵੰਡੀ ਦੇ ਸਾਰੇ ਵਾਸੀ ਇਸ ਦਾ ਹੁਕਮ ਮੰਨਦੇ ਸੇ, ਸਾਰੇ ਨੱਗਰ ਵਾਸੀ ਜੋਧੇ ਭੀ ਸੇ ਤੇ ਮੀਂਹ ਪਏ ਤੇ ਕ੍ਰਿਸਾਨ ਭੀ ਸੇ! ਖੇਤੀ ਬਾੜੀ ਦਾ ਕੰਮ ਕਾਜ ਕਰਦੇ, ਡੱਲੇ ਦੇ ਹੁਕਮ ਤੇ ਸਾਰੇ ਸ਼ਸਤ੍ਰਧਾਰੀ ਹੋ ਸੰਗ੍ਰਾਮ ਨੂੰ ਭੀ ਉੱਠ ਟੁਰਦੇ, ਆਲੇ ਦੁਆਲੇ ਦੇ ਗਿਰਾਵਾਂ ਦੇ ਲੋਕੀਂ ਬੀ ਡੱਲੇ ਦੇ ਹੁਕਮ ਵਿਚ ਸਨ। ਤਲਵੰਡੀ ਵਿਚ ਡੱਲੇ ਦਾ ਕਿਲਾ ਭੀ ਛੋਟਾ ਜਿਹਾ ਸੀ, ਠਾਠ ਬਾਠ ਭੀ ਜੰਗ ਦੇ ਅਮੀਰਾਂ ਵਰਗਾ ਸੀ ਤੇ ਆਪ ਉਹ ਸਿਪਾਹੀ ਤੇ ਜਥੇਦਾਰ ਬੀ ਪੂਰਾ ਸੀ, ਪਿਤਾ ਪਿਤਾਮਾ ਤੋਂ ਗੁਰੂ ਘਰ ਦਾ ਸਿਖ ਸੀ।

ਜਦ ਗੁਰੂ ਜੀ ਆਉਂਦੇ ਸੁਣੇ ਤੇ ਪਤਾ ਲੱਗਾ ਕਿ ਤਲਵੰਡੀ ਵੱਲ ਮੁਹਾੜਾਂ ਮੁੜ ਰਹੀਆਂ ਹਨ, ਤਦ ਡੱਲੇ ਨੇ ਅੱਗੋਂ ਹੀ ਆਦਰ ਭਾਉ ਦੇ ਸਾਮਾਨ ਕੀਤੇ, ਪੱਕੇ ਪਿੰਡ ਭੀ ਆਦਰ ਸਤਿਕਾਰ, ਲੰਗਰ, ਸੇਵਾ ਡੱਲੇ ਦੇ ਹੀ ਹੁਕਮ ਹੇਠ ਇਸ ਦੇ ਭਾਈਬੰਦਾਂ ਨੇ ਕੀਤੀ। ਡੱਲੇ ਦੇ ਗੋਤ੍ਰੀ ਤੇ ਸਜਨ ਰਮਤੇ ਵਿਚ ਹਰ ਥਾਵੇਂ ਸਤਿਗੁਰਾਂ ਦਾ ਆਦਰ ਕਰਦੇ ਰਹੇ। ਅਖੀਰ ਵਹੀਰ ਪਾ ਸਤਿਗੁਰ ਤਲਵੰਡੀ ਅੱਪੜੇ। ਅਜੇ ਨਗਰੋਂ ਬਾਹਰ ਹੀ ਸਨ ਕਿ ਚਾਰ ਸੌ ਸੂਰਮਿਆਂ ਨੂੰ ਨਾਲ ਲੈਕੇ ਡੱਲਾ ਅੱਗੋਂ ਆ ਮਿਲਿਆ ਤੇ ਚਰਨਾਂ ਤੇ ਸੀਸ ਧਰਕੇ ਕ੍ਰਿਤ ਕ੍ਰਿਤ ਹੋਇਆ। ਇਕ ਘੋੜਾ ਤੇ ਸੌ ਰੁਪੱਯਾ ਭੇਟ ਕੀਤੀ ਤੇ ਰਕਾਬ ਦੇ ਨਾਲ ਪੈਦਲ ਹੋ ਟੁਰਿਆ। ਜਾਂ ਪਿੰਡ ਨੇੜੇ ਆਇਆ ਤਾਂ ਇਕ ਥਾਉਂ ਗੁਰੂ ਜੀ ਅਝਕ ਰਾਏ ਤੇ ਛੇਤੀ ਨਾਲ ਘੋੜੇ ਤੋਂ ਉਤਰਕੇ ਖੜੇ ਹੋ ਗਏ। ਬੋਲੇ-"ਡੱਲਿਆ! ਡੇਰਾ ਇੱਥੇ ਹੀ ਕਰਾਂਗੇ, ਤੇਰੀ ਨਗਰੀ ਅੰਦਰ ਫੇਰ ਚਲਾਂਗੇ"।

ਡੱਲੇ ਨੇ ਸੀਸ ਨਿਵਾਇਆ। ਦੇਖਦੇ ਹੀ ਦੇਖਦੇ ਉਥੇ ਤੰਬੂ ਲਗ ਗਏ। ਇਹ ਥਾਉਂ ਸੀ, ਜਿੱਥੇ ਕਦੇ ਸਾਹਿਬ ਗੁਰੂ ਤੇਗ ਬਹਾਦੁਰ ਜੀ ਦੋ ਦਿਨ ਜੋਤ ਜਗਾ ਕੇ ਜੰਗਲ ਵਿਚ ਮੰਗਲ ਲਾ ਗਏ ਸੇ। ਨੇੜੇ ਹੀ ਕੋਈ ਪੁਰਾਤਨ ਵਰਮੀ ਸੀ ਜੋ ਚੋਖੀ ਉੱਚੀ ਸੀ, ਉਸੇ ਨੂੰ ਪੱਧਰਿਆਂ ਕਰਾਕੇ ਸਤਿਗੁਰਾਂ ਖੁਸ਼ ਹੋਕੇ ਆਖਿਆ-"ਇਹ ਅਨੰਦਪੁਰ ਦਾ ਦਮਦਮਾ ਹੈ", ਇਸ ਉਤੇ ਸ਼ਾਮਿਆਨਾਂ ਲੁਆ ਕੇ ਬੈਠੇ ਤੇ ਕਮਰ-ਕਸਾ ਖੁਹਲਿਆ। ਤਦ ਤੋਂ ਇਸ ਅਸਥਾਨ ਦਾ ਨਾਉਂ 'ਦਮਦਮਾਂ ਸਾਹਿਬ' ਪ੍ਰਸਿੱਧ ਹੋਇਆ।

ਪੰਜ ਚਾਰ ਦਿਨ ਡੇਰਾ ਇਸੇ ਤਰ੍ਹਾਂ ਰਿਹਾ, ਪ੍ਰਸ਼ਾਦ ਲੰਗਰ ਰਸਦ ਸਭ ਡੱਲੇ ਦੇ ਕਿਲੇ ਤੋਂ ਆਵੇ। ਦੋਨੋਂ ਵੇਲੇ ਦੀਵਾਨ ਸਜੇ। ਡੱਲੇ ਨੇ ਇਕ ਦਿਨ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਜੋ ਬੈਰਾੜ ਤਨਖਾਹਦਾਰ ਸਿਪਾਹੀ ਆਪ ਦੇ ਨਾਲ ਹਨ, ਇਨ੍ਹਾਂ ਨੂੰ ਆਪ ਹੁਣ ਵਿਦਾ ਕਰ ਦਿਓ

*ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ॥੨॥ (ਬਿਲਾ: ਮ: ੫-੧੨੨)

ਕਿਉਂਕਿ ਪ੍ਰੇਮ ਦੀ ਸੇਵਾ ਵਾਲੇ ਆਪ ਦੇ ਨਾਲ ਬਹੁਤੇ ਹਨ ਤੇ ਹੁਣ ਲੋੜ ਭੀ ਕੋਈ ਨਹੀਂ। ਹੁਣ ਆਪ ਆਪਣੇ ਘਰ ਵਿਚ ਆ ਗਏ ਹੋ ਤੇ ਏਥੇ ਹੀ ਹੁਣ ਆਰਾਮ ਕਰੋ ਤੇ ਜੋਤਾਂ ਜਗਾਓ। ਸ੍ਰੀ ਗੁਰੂ ਜੀ ਨੇ ਮਾਰੇ ਦਲ ਨੂੰ ਜੋ ਤਨਖਾਹਦਾਰ ਸੀ, ਪ੍ਰਸ਼ਾਦ ਛਕਾਇਆ ਤੇ ਤਲਬਾਂ ਚੁਕਾਕੇ ਵਿਦਾ ਕੀਤਾ। ਇਕ ਦਲ ਤਾਂ ਪਹਿਲਾਂ ਟੁਰ ਚੁਕਾ ਸੀ ਜੋ ਬੇਦਾਵੇ ਤਕ ਅੱਪੜਿਆ ਸੀ, ਇਹ ਦੂਸਰਾ ਸੀ, ਜੋ ਬੇਮੁਖ ਨਹੀਂ ਹੋਇਆ, ਬਾਕੀ ਜੋ ਪ੍ਰੇਮ ਵਾਲੇ ਸੇ, ਸੋ ਨਾਲ ਰਹੇ। ਇੱਥੇ ਹੁਣ ਉਹ ਅਨੰਦਪੁਰ ਵਾਲਾ ਸੌਜ ਸਾਮਾਨ, ਖਾਲਸਈ ਪ੍ਰਚਾਰ ਅਰੰਭ ਹੋ ਗਿਆ। ਦੇਸ਼ ਜੰਗਲ ਦਾ ਸੀ ਰੇਤੇ ਵਾਲਾ, ਵਸੋਂ ਵਿਰਲੀ, ਲੋਕ ਸਿੱਧੇ, ਮੂਲੋਂ ਹੀ ਸਿੱਧੇ ਸਾਧੇ, ਪਾਤਸ਼ਾਹੀ ਸੈਨਾਂ ਪਾਣੀਆਂ ਦੀ ਥੋੜ ਖੁਣੋਂ ਕੋਈ ਲੰਮੀ ਮੁਹਿੰਮ ਏਥੇ ਪਹੁੰਚਾ ਨਹੀਂ ਸਕਦੀ ਸੀ।

ਇਕ ਦਿਨ ਕੀਰਤਨ ਮਗਰੋਂ ਦੀਵਾਨ ਵਿਚ ਸਾਹਿਬ ਜੀ ਕੁਛ ਬਚਨ ਬਿਲਾਸ ਕਰ ਰਹੇ ਸੇ ਕਿ ਡੱਲੇ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਰ ਅਨੰਦਪੁਰ ਦੇ ਸਾਕੇ ਪਰ ਬੜੀ ਹਮਦਰਦੀ ਪ੍ਰਗਟ ਕਰਦਿਆਂ ਆਖਿਆ ਕਿ "ਮਹਾਰਾਜ ਜੀ! ਮੇਰੀ ਕੌਮ ਦੇ, ਮੇਰੇ ਦਲ ਵਾਲੇ ਭਾਈਬੰਦ, ਜੰਗਲ ਦੇ ਵਾਸੀ ਬੜੇ ਰਾਠ ਹਨ। ਕਦੇ ਸੱਚੇ ਪਾਤਸ਼ਾਹ ਏਸ ਜੰਗ ਵਿਚ ਮੈਨੂੰ ਯਾਦ ਕਰਦੇ, ਤਾਂ ਇਹ ਦਾਸ ਭੀ ਜੰਗ ਵਿਚ ਆ ਰਲਦੇ। ਸ੍ਰੀ ਜੀ ਦੇ ਸੂਰਮਿਆਂ ਨੇ ਤੁਰਕਾਂ ਦੇ ਚੰਗੇ ਦੰਦ ਖੱਟੇ ਕੀਤੇ, ਪਰ ਜੇ ਵਿਚ ਮੇਰਾ ਦਲ ਵੀ ਹੁੰਦਾ ਤਾਂ ਆਪਦੀ ਰਜ਼ਾ ਵਿਚ ਤੁਰਕਾਂ ਨੂੰ ਦਲ ਹੀ ਸਿੱਟਦੇ"। ਤਦੋਂ ਆਪ ਮੁਸਕ੍ਰਾਏ ਤੇ ਬੋਲੇ - "ਡੱਲਿਆ! ਤੇਰੀ ਬਿਰਾਦਰੀ ਸਿੱਖ ਤਾਂ ਹੈ ਪਰ ਬਾਣੀ ਨਾਮ ਵਿਚ ਢਿੱਲੀ ਹੈ ਤੇ ਖਾਲਸਾ ਨਹੀਂ ਸਜੀ"। ਡੱਲੇ ਆਖਿਆ-"ਪਾਤਸ਼ਾਹ! ਤੇਰੇ ਚਰਨਾਂ ਦੀ ਸਾਰੇ ਧੂੜ ਹਨ, ਪਰ ਬਹਾਦਰੀ ਤਾਂ ਡੌਲਿਆਂ ਦੀ ਸ਼ੈ ਹੈ ਤੇ ਡੌਲੇ ਇਨ੍ਹਾਂ ਦੇ ਬੜੇ ਤਕੜੇ ਹਨ, ਇਹ ਜ਼ਰੂਰ ਸੌ ਸੌ ਤੇ ਇਕ ਇਕ ਭਾਰੂ ਹੁੰਦਾ। ਕਈ ਵੇਰ ਇਨ੍ਹਾਂ ਨੂੰ ਮਾਮਲੇ ਪਏ ਹਨ, ਇਹ ਸ਼ਹਿਰਾਂ ਤੇ ਵੱਸਦੇ ਪਿੰਡਾਂ ਦੇ ਸਿਪਾਹੀਆਂ ਤੇ ਡਾਢੇ ਭਾਰੂ ਪੈਂਦੇ ਹਨ"। ਸਤਿਗੁਰਾਂ ਕਿਹਾ "ਡੱਲਿਆ! ਜੋ ਬੀਤ ਗਿਆ ਸਮਾਂ ਸੋ ਬੀਤ ਗਿਆ, ਜੋ ਹੁਕਮ ਸੀ ਵਰਤ ਗਿਆ, ਅਗੋਂ ਦਾ ਸੰਭਾਲਾ ਰੱਖੋ। ਹੁਣ ਤੁਸੀਂ ਜੀਉ ਉਠੋ, ਸਾਰੇ ਮਨ ਤੇ ਸਰੀਰ ਕਰਕੇ ਮੁਰਦਾਪਨ ਛਾ ਰਿਹਾ ਹੈ, ਇਸਨੂੰ ਕੱਢੋ"।

ਡੱਲੇ ਕਿਹਾ-ਸੱਤ ਹੈ, ਮਹਾਰਾਜ ਜੀ! ਪਰ ਅਰਮਾਨ ਜੀ ਵਿਚ ਰਹਿ ਗਿਆ ਕਿ ਅਸੀਂ ਐਥੇ ਬੈਠੇ ਰਹੇ ਐਡੇ ਐਡੇ ਕੱਦਾਵਰ ਜੁਵਾਨ ਦੇਵਾਂ ਨੂੰ ਪਰੇ ਸੱਟ ਦੇਣ ਵਾਲੇ, ਤੇ ਸਾਡੇ ਪਿਆਰੇ ਸਾਹਿਬਜ਼ਾਦੇ ਲਵੇ ਬੱਚੇ ਸਨਮੁਖ ਜੂਝਦੇ ਤੀਰਾਂ ਅਗੇ ਛਾਨਣੀ ਹੁੰਦੇ ਰਹੇ, ਧ੍ਰਿਗ ਹੈ ਸਾਡੇ ਜੀਉਣ ਦੇ।

ਸਤਿਗੁਰ ਫੇਰ ਮੁਸਕ੍ਰਾਏ ਤੇ ਬੋਲੇ-ਡੱਲਿਆ! ਉਹ ਬੀਤ ਗਈ ਤੇ ਬੀਤ ਗਈ। ਉਹ ਬੱਚੇ ਸ਼ੇਰ ਬੱਚੇ ਸਨ, ਜੀਉਂਦੇ ਸਨ, ਉਹ ਕੋਮਲ ਸ਼ੀਰਖੋਰ ਰਾਸ਼ਿਆਂ, ਗਿਲਜ਼ਿਆਂ ਤੇ ਮੁਗ਼ਲਾਂ ਦੇ ਆਹੂ ਲਾਹੁੰਦੇ ਗਏ ਹਨ। ਲੜਨਾਂ ਜਾਂ ਜਿੱਤਣਾਂ ਮਨੋਰਥ ਨਹੀਂ, ਮਨੋਰਥ ਤਾਂ ਪਰਜਾ ਦਾ ਸੁਖ ਹੈ:-ਆਤਮ ਸੁਖ, ਮਾਨਸਿਕ ਸੁਖ, ਸ੍ਰੀਰਕ ਸੁਖ। ਦੁਖ ਆ ਪਏ ਤੇ, ਮੁਰਦਿਹਾਨ ਛਾ ਗਿਆਂ ਤੇ ਸ਼ਰੀਰ, ਕੌਮ ਤੇ ਸ੍ਰਿਸ਼ਟੀ ਤ੍ਰੈਏ ਕਿਸੇ ਉੱਚੇ ਖਿਆਲ ਨਾਲ ਮੁੜਕੇ ਜੀਉਂਦੀਆਂ ਹਨ ਅਤੇ ਉੱਚੇ ਆਦਰਸ਼ ਤੇ ਨਜ਼ਰ ਟਿਕਾਕੇ ਉੱਚੀਆਂ ਹੁੰਦੀਆਂ ਹਨ। ਜੀਵ ਦੀ ਅੰਦਰੋਂ ਰੂਹ 'ਸਾਂਈ ਚਰਨੀਂ' ਜਾ ਠਹਿਕੇ ਤਾਂ ਜੀਵਨ ਰੁਮਕਾ ਆਉਂਦਾ ਹੈ। ਸੋ ਇਹੋ ਕੁਛ ਅਨੰਦਪੁਰ ਹੋਇਆ, ਇਹੋ ਕੁਛ ਖਾਲਸਾ ਹੈ, ਇਹੋ ਮਨੋਰਥ, ਇਹੋ ਜਿੱਤ ਹੈ। ਹਾਰ ਜਿੱਤ, ਬਾਹੂਬਲ ਤੇ ਬਾਹੂ ਨਾ ਬਲ, ਏਹ ਗਲਾਂ ਹੇਠਾਂ ਦੀਆਂ ਹਨ।

ਡੱਲੇ ਕਿਹਾ-ਸੱਤ ਹੈ, ਸੱਚੇ ਪਾਤਸ਼ਾਹ! ਪਰ ਅਰਮਾਨ ਡਾਢਾ ਰਹਿ ਗਿਆ। ਮੇਰੇ ਐਡੇ ਐਡੇ ਜਵਾਨਾਂ ਦੇ ਹੁੰਦਿਆਂ ਮੇਰੇ ਸਿਰਾਂ ਦੇ ਸ਼ਾਹਜ਼ਾਦੇ ਮਾਰੇ ਗਏ। ਤੱਕੋ ਨਾ ਮਹਾਰਾਜ! ਮੇਰੇ ਬੀਰ ਕੇਡੇ ਦੇਉ ਕੱਦ ਹਨ?

ਸਤਿਗੁਰਾਂ ਤੱਕਿਆ, ਹੱਸੇ ਤੇ ਬੋਲੇ-"ਡੱਲਿਆ! ਅਜੇ ਇਹ ਜੀਵੇ ਨਹੀਂ"।

ਇਹ ਗੱਲ ਕਰ ਹੀ ਰਹੇ ਸਨ ਕਿ ਲਾਹੌਰ ਦਾ ਇਕ ਸਿੱਖ ਕਾਰੀਗਰ ਆਇਆ, ਅੱਗੇ ਵਪਕੇ ਚਰਨਾਂ ਤੇ ਢੱਠਾ ਤੇ ਇਕ ਸੁਬਕ ਜੇਹੀ ਡਾਢੀ ਸੁਹਣੀ ਤੁਪਕ (ਬੰਦੂਕ) ਅੱਗੇ ਧਰਕੇ ਬੋਲਿਆ:-

'ਪਾਤਸ਼ਾਹ! ਨਿਮਾਣੀ ਭੇਟ ਹੈ'। ਸ੍ਰੀ ਗੁਰੂ ਜੀ

ਨੇ ਚਾਈ ਤੇ ਪਰਖੀ। ਬੜੇ ਖੁਸ਼ ਹੋਏ, ਆਖਣ ਲਗੇ "ਇਹ ਨਵੀਂ ਕਾਢ ਹੈ, ਵਧੇਰੀ ਦੂਰ ਮਾਰ ਕਰਨ ਵਾਲੀ ਹੈ।" (ਡੱਲੇ ਵੱਲ ਤੱਕ ਕੇ ਬੋਲੇ):-

"ਡੱਲਿਆ! ਸੱਜਣਾਂ ਦੋ ਇਕ ਆਦਮੀ ਆਪਣੀ ਕੌਮ ਦੇ ਲੈ ਆਓ, ਆਪਸ ਵਿਚ ਪੰਜਾਹ ਪੰਜਾਹ ਕਦਮ ਦੀ ਵਿੱਥ ਤੇ ਦੱਖਣ ਪਾਸੇ ਵੱਲ ਔਸ ਰੁੱਖ ਤੋਂ ਪਰੇ ਖੜੇ ਕਰ ਦਿਓ, ਅਸੀਂ ਇਹ ਬੰਦੂਕ ਚਲਾਕੇ ਨਿਸ਼ਾਨਾ ਫੁੰਡਾਂਗੇ ਤੇ ਦੇਖਾਂਗੇ ਕਿ ਏਸ ਸਿੱਖ ਦੀ ਕਾਰੀਗਰੀ ਕਿੱਥੋਂ ਕੁ ਤੱਕ ਅੱਪੜੀ ਹੈ?" ਇਹ ਕਹਿਕੇ ਆਪ ਤਾਂ ਬੰਦੂਕ ਨੂੰ ਖੋਲ੍ਹਣ ਮੀਟਣ ਪਰਖਣ ਦੇ ਕੌਤਕਾਂ ਵਿਚ ਮਾਨੋ ਰੁੱਝ ਗਏ ਤੇ ਡੱਲੇ ਨੇ ਆਪਣੇ ਦਲ ਵੱਲ ਤੱਕਿਆ: ਅੱਧੇ ਕੁ ਆਦਮੀ ਤਾਂ ਤੱਕਣ ਤੋਂ ਪਹਿਲਾਂ ਖਿਸਕੰਤ ਹੋ ਗਏ ਸਨ। ਡੱਲੇ ਨੇ ਓਹਨਾਂ ਦੇਵ ਕੱਦ ਭਰਾਵਾਂ ਤੇ ਹੁਕਮੀ ਬੰਦਿਆਂ ਦੀਆਂ ਪਿੱਠਾਂ ਹੀ ਵੇਖੀਆਂ, ਬਾਕੀ ਸਿਰ ਨੀਵਾਂ ਪਾਈ ਸੋਚ ਰਹੇ ਸਨ। ਡੱਲਾ ਆਪ ਬੀ ਵਹਿਮੀਂ ਪੈ ਗਿਆ ਸੀ ਕਿ ਬੰਦੂਕ ਪਰਖਣ ਲਈ ਦੋ ਜੁਵਾਨ ਘਾਤ ਕਰ ਦੇਣੇ ਗੁਰੂ ਜੀ ਨੇ ਇਹ ਕੀ ਸੋਚੀ ਹੈ? ਅਕਾਰਥ ਜਾਨ ਕੌਣ ਦੇਵੇ? ਅਜੇ ਡੱਲੇ ਨੇ ਆਪਣੇ ਦਲ ਨੂੰ ਵੰਗਾਰਿਆ ਨਹੀਂ ਸੀ ਕਿ ਕੁਛ ਹੋਰ ਖਿਸਕ ਪਏ। ਹੁਣ ਡੱਲੇ ਨੇ ਬੜਾ ਹੀਆ ਕਰਕੇ ਤੇ ਆਪਣੀ ਅਬਰੋ ਦਾ ਧਿਆਨ ਕਰਕੇ ਲਲਕਾਰਕੇ ਅਵਾਜ਼ ਦਿਤੀ ਪਰ ਪਲੋ ਪਲੀ ਵਿਚ ਡਲਾ ਹੀ ਡਲਾ ਰਹਿ ਗਿਆ। ਤ੍ਰੈ ਸੌ ਜੁਆਨਾਂ ਨੇ, ਜਿਨ੍ਹਾਂ ਦੀ ਡੀਲ ਵੇਖਕੇ ਪਠਾਣ ਕੰਬ ਜਾਣ, ਆਪਣੀਆਂ ਛਬੀਲੀਆਂ ਦੇਹਾਂ ਲੈਕੇ ਤਲਵੰਡੀ ਵਿਚ ਆਕੇ ਮਿੱਟੀ ਦੀਆਂ ਕੰਧਾਂ ਦੇ ਅੰਦਰ ਖੁੱਲਾ ਮਾਹ ਲੀਤਾ, ਜਿਥੇ ਕਿ ਬੰਦੂਕ ਚਲੇ ਬੀ ਤਾਂ ਕੰਨਾਂ ਦੇ ਪਰਦੇ ਉੱਤੇ ਅਵਾਜ਼ ਦੀ ਸੱਟ ਦੇ ਸਿਵਾ ਹੋਰ ਕੋਈ ਮਾਰ ਨਾਂ ਕਰ ਸੱਕੇ। ਗੁਰੂ ਜੀ ਉਧਰ ਜਾਣ ਕੇ ਬੰਦੂਕ ਨਾਲ ਖੇਲਾਂ ਕਰਦੇ ਹੁਣ ਉਸ ਨੂੰ ਠੋਕ, ਭਰ ਪਲੀਤਾ ਸੁਲਗਾ, ਤਿਆਰ ਹੋ ਗਏ। ਡੱਲਾ ਨੀਵੀਂ ਗਿੱਚੀ ਪਾਈ ਬੈਠਾ ਹੈ, ਸਰੀਰ ਉਹੋ, ਕੱਦ ਉਹੋ, ਡਲਾ ਉਹੋ, ਪਰ ਚਿਹਰੇ ਤੇ ਪਿਲਤਣ ਹੈ, ਇਕੱਲਾ ਹੈ ਤੇ ਸੋਚੀਂ ਗ਼ਰਕ ਹੈ। ਹੁਣ ਸੱਚੇ ਹੁਲਾਸੀ ਪਾਤਸ਼ਾਹ-ਘਰ ਬਾਰ, ਕਿਲੇ ਕੋਟ, ਪਾਤਸ਼ਾਹੀ ਅਮੀਰੀ, ਪੁਤ੍ਰ, ਪਿਆਰੇ, ਸਰਬੰਸ ਉਜਾੜ ਕੇ ਦਿਲਗੀਰ ਨਾਂ ਹੋਣ ਵਾਲੇ ਖਾਲਸਾ ਸਤਿਗੁਰੂ ਜੀ-ਹਸੇ ਤੇ ਇਕ ਸਿਖ ਨੂੰ ਬੋਲੇ: "ਖਾਲਸਾ ਜੀਉ! ਡੇਰੇ ਵਿਚ ਔਹ ਦੋ ਸਿੱਖ ਜੋ ਦੀਹਦੇ ਹਨ, ਓਹਨਾਂ ਨੂੰ ਹੁਕਮ ਸੁਣਾ ਦਿਓ ਕਿ 'ਇਕ ਸਿਖ ਬੰਦੂਕ ਦਾ ਨਿਸ਼ਾਨਾ ਪਰਖਣ ਵਾਸਤੇ ਲੋੜੀਏ, ਛੇਤੀ ਆਓ, ਜੋ ਤੋੜਾ ਬੁਝ ਨਾ ਜਾਏ, ਕਿਸੇ ਦਾ ਨਾਮ ਨਹੀਂ ਲੈਣਾ।"

"ਇਕ ਸਿਖ ਗੁਰੂ ਜੀ ਮੰਗਦੇ ਹਨ ਜੋ ਜਾਨ ਦੇਣ ਵਾਸਤੇ ਆਵੇ, ਕੰਮ ਕੇਵਲ ਬੰਦੂਖ ਪਰਖਣੀ ਹੈ।" ਇਹ ਹੁਕਮ ਜਦ ਗੁਰੂ ਕੇ ਡੇਰੇ ਵਿਚ ਪਹੁੰਚਾ, ਤਦ ਉਨ੍ਹਾਂ ਦੋਨਾਂ ਸਿੰਘਾਂ ਨੇ ਸੁਣਿਆਂ, ਦੋਵੇਂ ਪਗਾਂ ਬੰਨ੍ਹ ਰਹੇ ਸਨ, ਸੁਣਦੇ ਸਾਰ ਦੋਵੇਂ ਉਠ ਦੌੜੇ, ਇਕ ਨੇ ਅੱਧੀ ਪਗ ਬੱਧੀ ਹਥ ਵਿਚ ਫੜੀ ਸੀ, ਦੂਏ ਨੇ ਅਜੇ ਸ਼ੁਰੂ ਕੀਤੀ ਸੀ। ਗੁਰੂ ਕੇ ਹਜ਼ੂਰ ਅੱਪੜੇ ਤਾਂ ਇਕ ਨੇ ਕਿਹਾ:"ਮਹਾਰਾਜ! ਮੇਰਾ ਹੱਕ ਹੈ", ਦੂਜਾ ਕਹੇ "ਮੇਰਾ"। ਗੁਰੂ ਜੀ ਮੱਥੇ ਤੇ ਰਤਾ ਕੁ ਵਟ ਪਾਕੇ ਬੋਲੇ-"ਕਿਉਂ ਝਗੜਦੇ ਆ ਰਹੇ ਹੋ? ਅਸਾਂ ਇਕ ਬੁਲਾਇਆ ਸੀ, ਦੋ ਕਿਉਂ ਆ ਗਏ ਹੋ?" ਇਕ ਨੇ ਹਥ ਜੋੜਕੇ ਕਿਹਾ:'ਪਾਤਸ਼ਾਹ! ਸਿੰਘ ਨੇ ਨਾਮ ਨਹੀਂ ਲੀਤਾ, ਇਸ ਕਰਕੇ ਦੋਏ ਆ ਗਏ ਹਾਂ ਤੇ ਮੈਂ ਕਹਿੰਦਾ ਹਾਂ ਮੇਰਾ ਹੱਕ ਹੈ, ਕਿਉਂਕਿ ਪਹਿਲਾਂ ਮੈਂ ਸੁਣਿਆਂ ਹੈ!" ਦੂਜੇ ਨੇ ਕਿਹਾ-"ਪਾਤਸ਼ਾਹ! ਇਹ ਮੇਰਾ ਵੀਰ ਮੇਰੇ ਨਾਲੋਂ ਵਧੀਕ ਉਦਮੀ, ਭਜਨ ਵਾਲਾ ਤੇ ਸੂਰਮਾ ਹੈ, ਮੈਂ ਚਾਹੁੰਦਾ ਹਾਂ ਕਿ ਇਸ ਵੇਲੇ ਮੈਂ ਹਜ਼ੂਰ ਦੇ ਕੰਮ ਆਵਾਂ ਤੇ ਇਹ ਚੰਗਾ ਵੀਰ ਫੇਰ ਕਿਸੇ ਹੋਰ ਉਖੇਰੇ ਵੇਲੇ ਸ੍ਰੀ ਜੀ ਦੇ ਚਰਨਾਂ ਤੋਂ ਬਲਿਹਾਰ ਹੋਵੇ।"

ਇਹ ਸੁਣਕੇ ਡਲੇ ਦੇ ਕੰਨਾਂ ਵਿਚ ਸਰਲ ਸਰਲ ਹੋਈ ਤੇ ਸਰੀਰ ਵਿਚ ਝਰਨਾਟ ਆਈ, ਨੈਣ ਉੱਠੇ ਪਰ ਦਰਸ਼ਨ ਝੱਲ ਨਾ ਸਕੇ। ਹਾਂ, ਦੇਵ-ਕਦ ਜੋਧੇ ਦੇ ਨੈਣ ਤ੍ਰਪ ਤ੍ਰਪ ਕਰ ਪਏ। ਬਾਹਰ ਦੀ ਸੰਗਤ ਤੇ ਗੁਰਾਂ ਦੇ ਨਾਲ ਦੇ ਸਿੰਘ ਜੋ ਸਭਾ ਵਿਚ ਸਨ, ਸਾਰੇ ਡਾਢੇ ਪਿਆਰ ਦੇ ਰੰਗ ਵਿਚ ਗਦਗਦ ਕੰਠ ਹੋ ਗਏ! ਡਲੇ ਦਾ ਪੀਲਾ ਰੰਗ ਹੁਣ ਚਿਟਾ ਸੁਫੇਦ ਹੋ ਗਿਆ, ਸੋਚੇ: ਇਹ ਆਦਮੀ ਹਨ ਕਿ ਬਿਦੇਹ ਰੂਹਾਂ ਹਨ? ਇਹ ਸੂਰਮੇ ਹਨ ਕਿ ਬੀਤਰਾਗ ਜੋਗੀ ਹਨ? ਨਿਕੰਮੀ ਇਕ ਖੇਲ ਵਾਸਤੇ ਜਾਨ ਦੇਣ ਨੂੰ ਤਿਆਰ ਹਨ ਤੇ ਕਿਸ ਉਤਸ਼ਾਹ ਵਿਚ ਹਨ, ਕਿਸ ਪਿਆਰ ਵਿਚ ਹਨ ਤੇ ਇਕ ਦੂਸਰੇ ਤੇ ਵਾਧਾ ਕਿਸ ਪ੍ਰੇਮ ਤੇ

ਤਿਆਗ ਵਿਚ ਮਾਰਦੇ ਹਨ*। ਕਈ ਰੰਗ ਖਿਆਲ-ਮੰਡਲ ਵਿਚੋਂ ਅਮਮਝੇ ਲੰਘਣ ਤੇ ਰੰਗ ਬਦਲਦਾ ਜਾਵੇ। ਕਦੇ ਚਿੱਟਾ ਕਦੇ ਕੱਚਾ ਸਾਵਾ, ਕਦੇ ਪੀਲਾ, ਕਦੇ ਮਿੱਟੀ ਰੰਗਾ, ਛੇਕੜ ਰੰਗ ਨੇ ਪਲਟਾ ਖਾਧਾ ਜਦੋਂ ਸਤਿਗੁਰੂ ਜੀ ਬੋਲੇ-"ਡਲਿਆ! ਉਦਾਸ ਨਾ ਹੋ। ਮੁਰਦਾ ਮੁਰਦਾ ਹੈ ਚਾਹੇ ਕਿਤਨਾ ਲੰਮਾ ਤੇ ਵੱਡਾ ਹੋਵੇ, ਮੁਰਦਾ ਮੁਰਦਾ ਹੈ ਚਾਹੇ ਕਿਤਨਾ ਵਿਦਵਾਨ ਹੋਵੇ, ਮੁਰਦਾ ਮੁਰਦਾ ਹੈ ਚਾਹੇ ਕਿਤਨਾ ਧਨ ਪਾਤ੍ਰ ਹੋਵੇ। ਮਨੁੱਖ ਮੁਰਦਾ ਹੈ, ਕੌਮ ਮੁਰਦਾ ਹੈ, ਦੇਸ਼ ਮੁਰਦਾ ਹੈ, ਜਿਨ੍ਹਾਂ ਵਿਚ ਜੀਵਨ ਰੌ ਰੁਮਕਦੀ ਨਹੀਂ, ਜੋ ਇੱਜ਼ਤ, ਅਬਰੋ, ਖੁੱਲ੍ਹ, ਅਣਖ, ਸਭ ਕੁਝ ਗੁਆ ਚੁਕੇ ਹਨ। ਤਕੜਾ ਹੋ, ਅੰਮ੍ਰਿਤ ਛਕ ਤੇ ਨਾਮ ਅੰਮ੍ਰਿਤ ਅਠ ਪਹਿਰ ਅੰਦਰ ਵਸਾਉ, ਤੂੰ ਮਨ ਤੇ ਆਤਮਾ ਕਰਕੇ ਜੀਵੇਂਗਾ। ਅਸਾਂ ਨਿਸ਼ਾਨਾਂ ਫੁੰਡਣ ਬਦਲੇ ਆਦਮੀ ਮਾਰ ਨਹੀਂ ਦੇਣੇ, ਤੈਨੂੰ ਖਾਲਸਾ ਦਾ ਆਦਰਸ਼ ਸਮਝਾਉਣਾ ਹੈ।

"ਜਿਤਨੇ ਆਦਮੀ ਜਗਤ ਵਿਚ ਦੇਖਦਾ ਹੈਂ ਇਹ ਸਾਰੇ ਬੁਤ ਤਾਂ ਆਦਮੀ ਦੇ ਹਨ, ਪਰ ਇਨ੍ਹਾਂ ਕਲਬੂਤਾਂ ਦੇ ਅੰਦਰ ਜਿੰਦ ਆਦਮੀ ਦੀ ਹੈ ਕਿ ਜਾਨਵਰ ਦੀ ਹੈ? ਇਹ ਗਲ ਪਰਖਣ ਵਾਲੀ ਹੈ। ਜਿਸ ਆਦਮੀ ਦੇ ਅੰਦਰ ਲਗਾਤਾਰ ਲਗਨ ਅਕਾਲ ਪੁਰਖ ਦੇ ਚਰਨਾਂ ਦੀ ਨਹੀਂ, ਜਿਸ ਦੇ ਅੰਦਰ ਭਗਤੀ ਦਾ ਭਾਉ ਨਹੀਂ, ਜਿਸ ਦੇ ਅੰਦਰ ਅਪਣੇ ਕਰਤਾ, ਅਪਣੇ ਕਾਰਨ ਵਾਹਿਗੁਰੂ ਦੇ ਮਿਲਾਉ ਦੀ ਚਾਹਨਾਂ ਨਹੀਂ ਹੈ, ਉਸ ਦੇ ਅੰਦਰ ਮਨੁੱਖਾਂ ਵਾਲੀ ਜਾਨ ਨਹੀਂ ਹੈ, ਨਾ ਉਸ ਦੇ ਵਿਚ ਅਸਲੀ ਬਲ ਹੈ ਅਤੇ ਨਾਂ ਅਸਲੀ ਖਮਲਤ। ਫਿਰ ਜਿਸ ਨੇ ਜੀਵਨ ਮਨੋਰਥ ਨਹੀਂ ਸਮਝਿਆ, ਉਹ ਉਸ ਆਦਰਸ਼ ਤੇ ਨਹੀਂ ਆਇਆ ਜਿਸ ਨਾਲ ਕਿ ਆਦਮੀ ਉਹ ਕੁਛ ਬਣ ਸਕੇ ਜੋ ਆਦਮੀ ਦਾ ਰਚਨਹਾਰ ਚਾਹੁੰਦਾ ਹੈ ਕਿ ਆਦਮੀ ਬਣੇ।

"ਡੱਲਿਆ! ਉਦਾਸ ਨਾ ਹੋ, ਤੇਰੇ ਆਦਮੀ ਬਹਾਦਰ ਹਨ, ਪਰ ਜਦ ਉਨ੍ਹਾਂ ਦੇ 'ਹੰਕਾਰ' ਤੋਂ ਵਡੇਰਾ ਦੁਖ ਉਨ੍ਹਾਂ ਉੱਤੇ ਝੁੱਲ ਪਏਗਾ ਤਾਂ ਉਨ੍ਹਾਂ ਦੀ ਬਹਾਦਰੀ ਉਥੇ ਲੰਮੀ ਪੈ ਜਾਵੇਗੀ; ਪਰ ਜੇ ਉਨ੍ਹਾਂ ਦੀ ਬਹਾਦਰੀ ਆਤਮਿਕ 'ਚੜ੍ਹਦੀਆਂ ਕਲਾਂ' ਵਿਚ ਹੈ ਤਦ ਉਸ ਬਹਾਦਰੀ ਦੀ ਨੀਂਹ ਉੱਚੀ ਜਾ ਚੜ੍ਹੀ ਹੈ, ਤਦ ਤਨ ਜਾਏਗਾ, ਧਨ ਜਾਏਗਾ, ਧਾਮ ਜਾਏਗਾ, ਸਰਬੰਸ ਜਾਏਗਾ, ਪਰ ਉਨ੍ਹਾਂ ਦੀ ਸੂਰਬੀਰਤਾ ਨਹੀਂ ਜਾਏਗੀ।

"ਸਰੀਰ ਵਡਾ ਮਲੂਮ ਹੁੰਦਾ ਹੈ, ਪਰ ਵੱਡਾ ਮਨ ਹੈ। ਖਿਆਲ ਦਾ ਮੰਡਲ ਵਡਾ ਹੈ ਦੁਖ ਸੁਖ ਖਿਆਲ ਵਿਚ ਵਸਦਾ ਹੈ। ਜਦ ਖਿਆਲ ਵਿਚੋਂ ਪੀੜ ਜਿੱਤ ਲਈਦੀ ਹੈ ਤਾਂ ਸੂਰਮਾ ਅਗੇ ਵਧਕੇ ਘਾਉ ਖਾਕੇ ਮਰਦਾ ਹੋਇਆ ਬੀ ਪੀੜ ਨਹੀਂ ਮੰਨਦਾ। ਸਤੀ (ਭਾਵੇਂ ਮਾੜਾ ਕੰਮ ਹੈ) ਚਿਖਾ ਚੜ੍ਹਦੀ ਪੀੜ ਦੀ ਪਰਵਾਹ ਨਹੀਂ ਕਰਦੀ।

"ਖਿਆਲ ਵਿਚੋਂ ਪੀੜ ਤੇ ਫਤਹ ਪਾਉਣ ਲਈ ਖਿਆਲ ਬਲਵਾਨ ਕਰਨਾ ਲੋੜੀਏ। 'ਖਿਆਲ' ਪੂਰਾ ਤੇ ਅਸਲੀ ਤ੍ਰੀਕੇ ਦਾ ਬਲਵਾਨ ਵਾਹਿਗੁਰੂ ਦੀ ਸਮੀਪਤਾ ਨਾਲ ਹੁੰਦਾ ਹੈ, ਵਾਹਿਗੁਰੂ ਦੀ ਸਮੀਪਤਾ ਉਸ ਦੀ ਬਾਣੀ ਤੇ ਨਾਮ ਦੇ ਅਭਜਾਸ ਨਾਲ ਹੁੰਦੀ ਹੈ, ਇਸ ਕਰਕੇ ਗੁਰੂ ਘਰ ਵਿਚ ਬਾਣੀ ਤੇ ਨਾਮ ਦਾ ਪਿਆਰ ਹੈ। ਤੁਸੀਂ ਸਿੱਖ ਹੋ, ਪਰ ਜੰਗਲਾਂ ਵਿਚ ਵਸਦੇ ਬਾਣੀ ਨਾਮ ਨਾਲ ਘਟ ਜੁੜੇ ਹੋ। ਬਾਣੀ ਵਾਹਿਗੁਰੂ ਦਾ ਤੀਰ ਹੈ ਤੇ ਨਾਮ ਵਾਹਿਗੁਰੂ ਦਾ ਰੂਪ ਹੈ: ਬਾਣੀ ਛੇਕ ਪਾਕੇ ਮਨ ਵਿੰਨ੍ਹਦੀ ਹੈ ਤੇ ਨਾਮ ਪ੍ਰਵੇਸ਼ ਕਰਕੇ ਆਤਮਾ ਨੂੰ ਪਰਮਾਤਮਾ ਦੇ ਨਾਲ ਠਹਿਕਾ ਦੇਂਦਾ ਹੈ। ਫੇਰ ਰੱਬੀ ਰੌ ਆਤਮਾ ਵਿਚ ਹਰ ਵੇਲੇ ਆਉਂਦੀ ਹੈ, ਫੇਰ ਇਸ ਬੰਦੇ ਦਾ ਬਲ ਵਾਹਿਗੁਰੂ ਦੇ ਬਲ ਨਾਲ ਜੁੜਕੇ ਉਥੋਂ ਤਾਕਤ ਲੈਂਦਾ ਹੈ, ਇਸ ਕਰਕੇ ਅਸੀਂ ਆਖਦੇ ਹਾਂ ਕਿ-

'ਵਾਹਿਗੁਰੂ ਜੀ ਕਾ ਖਾਲਸਾ'

ਖਾਲਸਾ ਵਾਹਿਗੁਰੂ ਜੀ ਦਾ ਹੈ। ਐਉਂ ਨਹੀਂ ਜਿਵੇਂ ਕਿਲ੍ਹਾ, ਤਲਵੰਡੀ, ਛੋਲੇ ਤੇ ਬਾਜਰਾ ਤੇਰੀ ਮਾਲਕੀ ਹੈ ਤੇ ਉਹ ਮੁਰਦਾ ਚੀਜ਼ਾਂ ਤੇਰੇ ਕਬਜ਼ੇ ਵਿਚ ਹਨ, ਪਰ ਜਿਵੇਂ ਕਿਰਨਾਂ ਸੂਰਜ ਦੀਆਂ ਹਨ, ਜਿਵੇਂ ਬੂਟੇ ਨਾਲ ਲੱਗਾ ਫਲ ਬੂਟੇ ਦਾ ਹੈ, ਜਿਵੇਂ ਚਸ਼ਮੇਂ ਦੀ ਆਡ ਨਾਲ ਲਗਾ ਸਰੋਵਰ ਚਸ਼ਮੇਂ ਦਾ ਹੈ, ਟਾਂ, ਡੱਲਿਆ! ਤਿਵੇਂ ਖਾਲਸਾ ਵਾਹਿਗੁਰੂ ਦਾ ਹੈ

*ਇਸ ਵੇਲੇ ਗੁਰਾਂ ਨੇ ਬੰਦੂਕ ਦਾ ਮੂੰਹ ਉਚੇਰਾ ਕਰਕੇ ਚਲਾ ਦਿਤਾ ਸੀ, ਜੋ ਨਿਸ਼ਾਨਾ ਕਿਸੇ ਨੂੰ ਨਾ ਲੱਗੇ।

ਆਪਣਾ ਤੇ ਉਸਦੇ ਆਪੇ ਨਾਲ ਪ੍ਰੋਤਾ।

"ਹੁਣ ਸਮਝ ਡੱਲਿਆ! ਜਦ ਬਾਣੀ ਨਾਲ ਸਾਡੇ ਮਨ ਦਾ ਪਰਦਾ, ਜੋ ਸਾਨੂੰ ਪਸੂ ਤੇ ਜੀਵ ਬਣਾ ਰਿਹਾ ਹੈ, ਫੱਟਿਆ ਤੇ ਨਾਮ ਨੇ ਸਾਡੇ ਅੰਦਰਲੇ ਨੂੰ ਵਾਹਿਗੁਰੂ ਨਾਲ ਜੋੜ ਦਿਤਾ, ਤਦ ਆਪਾ ਰੱਬ ਦਾ ਹੋ ਗਿਆ। ਉਸ ਦੇ ਨਾਲ ਹਰਦਮ ਜੁੜ ਗਿਆ। ਹੁਣ ਸਾਡਾ ਆਪਾ ਵਾਹਿਗੁਰੂ ਤੋਂ ਪਾਲਣਾ ਲੈ ਰਿਹਾ ਹੈ, ਹਰਦਮ ਸਮਰਥਾ ਬਲ ਤੇ ਸਾਰੇ ਗੁਣਾਂ ਦਾ ਸਾਂਝੀਵਾਲ ਹੋ ਰਿਹਾ ਹੇ, ਦਸ ਇਹ ਆਪਾ ਜੀ ਉਠਿਆ ਹੈ ਕਿ ਨਾ?"

ਡੱਲਾ-ਜੀ ਸਚੇ ਪਾਤਸ਼ਾਹ!

ਗੁਰੂ ਜੀ-ਹੁਣ ਸਮਝ: ਸਰੀਰ ਦੀ ਮੌਤ-ਇਸ ਜੀਉ ਤੇ ਆਪੇ ਨੂੰ ਸਰੀਰ ਦੀ ਮੌਤ-ਕੀ ਸ਼ੈ ਰਹੀ? ਕੁਛ ਬੀ ਨਾ! ਮਰਨ ਦਾ ਭਰਮ ਬਿਲਾ ਗਿਆ, ਭਰਮ ਬਿਲਾ ਗਿਆ ਤਾਂ ਭੈ ਦੂਰ ਹੋ ਗਿਆ, ਜਿਸਦੇ ਅੰਦਰ ਵਾਹਿਗੁਰੂ ਜੀ ਦੀ ਜੋਤਿ ਨਾਲ ਸਨਬੰਧ ਹੋਕੇ ਹਰਦਮ ਭਾਸਦਾ ਹੈ ਕਿ ਆਹ ਮੈਂ ਮਿਲਿਆ ਪਿਆ ਹਾਂ, ਆਹ ਜੋਤ ਜਗ ਰਹੀ ਹੈ, ਉਹ ਆਪਣੇ ਜੀਵਨ ਨੂੰ ਕਦੇ ਨਾ ਮਰਨ ਵਾਲਾ ਵੇਖ ਰਿਹਾ ਹੈ। ਉਸ ਨੂੰ ਹੁਣ ਮੌਤ ਦਾ ਕੀ ਡਰ ਹੈ? ਉਹ ਜਾਣਦਾ ਹੈ ਕਿ ਸਰੀਰ ਤਾਂ ਰਹਿਣਾ ਹੀ ਨਹੀਂ, ਇਸ ਨੇ ਮਰਨਾ ਹੀ ਹੈ, ਜੋ ਹਿੱਸਾ ਇਸ ਵਿਚ 'ਮੈਂ' ਦਾ ਸੀ ਸੋ ਹੁਣ ਜਾਗਦੀ ਜੋਤ ਨਾਲ ਲਗਕੇ ਜਾਗਤ ਹੋਇਆ ਹੈ ਤੇ ਜਗਮਗਾ ਰਿਹਾ ਹੈ[1], ਤਦ ਉਹ ਮੌਤ ਤੋਂ ਕਿਉਂ ਡਰਦਾ ਹੈ? ਮੌਤ ਦਾ ਡਰ ਫਤਹ ਹੋ ਗਿਆ। ਇਹ ਖਾਲਸਾ ਹੈ ਬਈ! ਜਦੋਂ ਪੂਰਨ ਜੋਤ ਵਾਹਿਗੁਰੂ ਦੀ ਅੰਤਰ ਆਤਮੇ ਅਪਣੇ ਵਿਚ ਜਗ ਪਈ ਤਾਂ ਇਹ ਖਾਲਸਾ ਹੋ ਗਿਆ ਤੇ ਇਹ ਖਾਲਸਾ ਜੋਤ ਨਾਲ ਜੋ ਜਗਿਆ, ਵਾਹਿਗੁਰੂ ਦਾ ਹੋ ਗਿਆ। ਸੋ ਕਹੁ ਨਾ:-

ਵਾਹਿਗੁਰੂ ਜੀ ਕਾ ਖਾਲਸਾ।

ਉਹ ਵਾਹਿਗੁਰੂ ਸਦਾ ਹੈ ਤੇ ਇਹ ਨਾਲ ਰਲਕੇ ਸਦਾ ਹੋ ਗਿਆ[2]। ਜਦ ਇਹ ਜੋਤ ਜਗ ਪਈ, ਮੌਤ ਜਿੱਤੀ ਗਈ। ਡੱਲਿਆ! ਲੈ ਹੋਰ ਤਰ੍ਹਾਂ ਸਮਝ:-

ਖੰਡਾ ਪ੍ਰਿਥਮੈਂ ਸਾਜ ਕੈ
ਜਿਨ ਸਭ ਸੈਂਸਾਰ ਉਪਾਇਆ॥

ਸਾਈਂ ਨੇ ਪਹਿਲੇ ਖੰਡਾ ਸਾਜਿਆ। (ਖੰਡਾ= ਖੰਡਣ ਵਾਲਾ ਸ਼ਸਤ੍ਰ।) ਤਦੋਂ ਜਗਤ ਬਨਾਇਆ, ਜਦੋਂ ਪਹਿਲਾਂ ਜਗਤ ਨੂੰ ਭੰਨਣ ਦਾ ਸਾਮਾਨ ਕੀਤਾ। ਪਹਿਲਾਂ ਮੌਤ ਰਚੀ! ਸੋ ਖਾਲਸੇ ਨੂੰ ਸਮਝ ਆ ਗਈ ਕਿ ਸਰੀਰ ਦੀ ਮੌਤ ਬਰਹਕ ਹੈ। ਫੇਰ ਖਾਲਸਾ ਸੋਚਦਾ ਹੈ ਕਿ ਮੌਤ ਤਾਂ ਸਰੀਰ ਨੂੰ ਆਉਣੀ ਹੈ ਤੇ ਮੈਂ ਮਰਨਾ ਕੋਈ ਨਹੀਂ ਤਾਂ ਤੇ ਮੌਤ ਝੂਠੀ ਹੈ, ਮੇਰਾ ਮੌਤ ਦਾ ਕੋਈ ਸਨਬੰਧ ਨਹੀਂ, ਚੋਲਾ ਬਦਲਨਾ ਹੈ, ਕਿਵੇਂ ਬਦਲ ਗਿਆ! ਅਕਸਰ ਚੋਲਾ ਪੀੜ ਨਾਲ ਬਦਲਦਾ ਹੈ, ਸੋ ਜਦ ਆਪ ਜੋਤ ਸਰੂਪ ਵਿਚ ਜਗ ਰਿਹਾ ਹੈ, ਫਿਰ ਪੀੜਾ ਕੀਹ ਤੇ ਮੌਤ ਕੀ? ਉਹ ਫਿਰ ਪੀੜਾ ਤੇ ਫਤਹ ਪਾ ਲੈਂਦਾ ਹੈ। ਐਉਂ ਉਹ ਸੂਰਬੀਰ ਮੌਤ ਤੇ ਪੀੜ ਤੋਂ ਅਭੈ ਹੋ ਜਾਂਦਾ ਹੈ।

ਡੱਲਾ-ਪਾਤਸ਼ਾਹ! ਅਸੀਂ ਜਾਂਗਲੀ ਲੋਕ ਹਾਂ ਤੇ ਆਪ ਮਿਹਰਾਂ ਕਰ ਰਹੇ ਹੋ, ਪਰ ਇਕ ਮੇਰਾ ਮੂਰਖ ਦਾ ਸੰਸਾ ਮੇਟਣਾ! ਜਦੋਂ ਮੌਤ ਬਰਹੱਕ ਦਿੱਸੀ ਫੇਰ ਕਿਉਂ ਸੂਰਬੀਰਤਾ ਕਰੇਗਾ? ਵੈਰਾਗ ਧਾਰਕੇ ਪਹਾੜਾਂ ਵਿਚ ਨਾ ਜਾ ਸਮਾਧੀ ਲਾਏਗਾ? ਉਸ ਨੂੰ ਫਤਹ ਕਰਨ ਦਾ ਉਤਸਾਹ ਕਿ ਪਿਆਰ ਕਰਨ ਦਾ ਉਮਾਹ, ਤੇ ਕੰਮ ਕਰਨ ਦਾ ਚਾਉ ਕਿਸ ਆਸਰੇ ਰਹੇਗਾ? ਮਨ ਤੇ ਪੜਦਾ ਪਿਆ ਰਹੇ, ਜ਼ਿੰਦਗੀ ਅੰਦਰੋਂ ਲੈਣ ਨੂੰ, ਪਿਆਰ ਕਰਨ ਨੂੰ, ਹੱਸਣ ਖੇਡਣ ਨੂੰ ਉੱਮਲੀ ਰਹੇ ਤਾਂ ਹੀ ਤਾਂ ਸਾਰੇ ਕੰਮ ਹੋ ਸਕਦੇ ਹਨ। 'ਲੈਣ ਲੈਣ' ਦਾ ਚਾਉ ਹੀ ਤਾਂ ਮਨ ਨੂੰ ਕੰਮਾਂ ਵਿਚ ਲਈ ਫਿਰਦਾ ਹੈ, ਨਹੀਂ ਤਾਂ ਫੇਰ ਦਿਲ ਦਿਲਗੀਰ ਹੋਕੇ ਨਿੰਮੋਝਾਣ ਪਿਆ ਰਹੂ, ਜੀਉਣ ਦਾ ਕੀ ਸੁਵਾਦ ਤੇ ਕੰਮ ਕਰਨ ਦਾ ਕੀਹ ਲਾਭ? ਜਾਂਗਲੀ ਆਦਮੀ ਹਾਂ, ਬਖਸ਼ ਲੈਣਾ, ਵਾਕ ਕੀਤੇ ਹਨ ਰੋਬਰੂ, ਪਰ ਸਮਝਣ ਲਈ।

ਗੁਰੂ ਜੀ-ਡੱਲਿਆ! ਡਿੱਠਾ ਨਹੀਓਂ ਨਾ, ਤਾਹੀਓਂ ਪਿਆ ਆਖਦਾ ਹੈਂ ਨਾ। ਜਦ ਅੰਦਰ ਜੋਤ ਜਗੀ ਤਾਂ ਉਹ ਕੋਈ ਭਾਂਬੜ ਤਾਂ ਨਹੀਂ ਬਲ ਪੈਣਾ, ਉਹ ਸਾਡਾ ਅੰਦਰਲਾ ਜਗਤ ਦੇ ਆਧਾਰ ਅਨੰਤ ਸੱਤਾ ਦੇ ਨਾਲ ਲਗਕੇ ਉਸ ਦੇ ਅਸਰ ਨਾਲ ਇਕ

---

੧. 'ਪੂਰਨ ਜੋਤ ਜਗੈ ਘਟ ਮੈਂ ਤਬ ਖਾਲਸਾ ਤਾਹਿ ਨਿਖਾਲਸ ਜਾਨੈ॥'

੨. 'ਜਹਿ ਅਬਿਗਤੁ ਭਗਤੁ ਤਹ ਆਪਿ'॥ ਪੁਨਾ- 'ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸ'॥ {ਭਖ:ਮ: -੧੮}

ਉੱਚੇ ਉਤਸਾਹ, ਉੱਚੇ ਪ੍ਰਭਾਉ, ਇਕ ਉਚਿਆਣ ਦੇ ਰੰਗ ਵਿਚ ਰਹੇਗਾ। ਉਹੋ ਅਸਲੀ ਸੱਤਿਆ, ਉਹੋ ਅਸਲੀ ਤਾਕਤ ਇਸ ਵਿਚ ਇਕ ਸੁਆਦ ਦਾ ਰੰਗ ਭਰੇਗੀ। ਇਹ ਉਸ ਵਿਚ ਜੀਏਗਾ, ਬਿਗਸੇਗਾ। ਸਾਈਂ ਅਨੰਦ ਰੂਪ ਹੈ, ਇਹ ਅਨੰਦ ਰਹੇਗਾ। ਸੋ ਅਨੰਦ ਤਾਂ ਆ ਗਿਆ। ਹੁਣ ਰਿਹਾ ਕੰਮ ਕਰਨ ਵਿਚ ਉਤਸ਼ਾਹ! ਸਾਈਂ ਨੇ ਜਗਤ ਰਚਿਆ ਹੈ, ਇਹ ਉਸ ਰਚਨਾ ਵਿਚ ਉਸ ਸਾਈਂ ਦੇ ਕੰਮ ਦਾ ਸਾਂਝੀਵਾਲ ਕਾਮਾ ਬਣੇਗਾ। ਸੋ ਇਹ ਗੱਲ ਅਸਾਂ ਖਾਲਸਾ ਆਦਰਸ਼ ਵਿਚ ਰੱਖੀ ਹੈ ਕਿ ਅੰਦਰਲਾ ਪਿਆ ਜਾਗ, ਮੌਤ ਤੇ ਪੀੜ ਗਈ ਜਿੱਤੀ, ਹੁਣ ਸਰੀਰ ਜੋ ਸਾਈਂ ਨੇ ਦਿਤਾ, ਉਸਨੂੰ ਸਫਲਾ ਕਰੋ। ਸਰੀਰ ਉਸਨੇ ਐਵੇਂ ਨਹੀਂ ਦਿੱਤਾ, ਇਹ ਕਿਸੇ ਕੰਮ ਵਾਸਤੇ ਹੈ। ਇਸ ਦਾ ਕੰਮ ਹੈ ਆਤਮਾ ਦਾ ਉਧਾਰ। ਤੁਸੀਂ ਉਧਰੇ ਹੋ, ਹੋਰਨਾਂ ਨੂੰ ਉਧਾਰੋ।

ਜਦ ਉਧਰੇ ਹੋਏ ਲੋਕ ਦੂਸਰਿਆਂ ਨੂੰ ਉਧਾਰਦੇ ਹਨ, ਤਦ ਲੋਕੀਂ ਈਰਖਾ ਕਰਦੇ ਹਨ। ਉਹ ਬੇਪ੍ਰਵਾਹ ਆਪਣੇ ਰੰਗ ਟੁਰਦੇ ਹਨ, ਨਿਰਵੈਰ ਹੁੰਦੇ ਹਨ, ਪਰ ਲੋਕੀਂ ਉਨ੍ਹਾਂ ਨੂੰ ਤੰਗ ਕਰਦੇ ਹਨ, ਉਹ ਸਹਾਰਦੇ ਹਨ! ਇਨ੍ਹਾਂ ਲੋਕਾਂ ਦੇ ਸੱਚੇ ਸੁੱਚੇ ਤੇ ਪਵਿਤ੍ਰ ਜੀਵਨ, 'ਸੱਚੀ ਜ਼ਿੰਦਗੀ' ਦਿਖਾ ਦੇਂਦੇ ਹਨ। ਫੇਰ ਪੁਰਾਣੇ ਮਰ ਚੁਕੇ ਧਰਮ ਦੇ ਆਗੂ ਮੁਰਦਾ ਪੁਜਾਰੀ ਤੇ ਪੂਜਾ ਦੇ ਧਾਨ ਤੇ ਪਲ ਰਹੇ ਲੋਕੀਂ ਜਿਨ੍ਹਾਂ ਵਿਚ ਧਰਮ ਦੀ ਅੰਸ਼ ਮੁੱਕ ਚੁੱਕੀ ਹੁੰਦੀ ਹੈ, ਘਬਰਾਉਂਦੇ ਹਨ, ਕਿਉਂਕਿ ਲੋਕਾਂ ਦੀ ਸ਼ਰਧਾ ਇਨ੍ਹਾਂ ਦੀ ਮੁਰਦਾ ਪ੍ਰਸਤੀ ਤੋਂ ਹਟਕੇ ਜੀਉਂਦੀ ਜ਼ਿੰਦਗੀ ਵੱਲ ਪਲਟਾ ਖਾਂਦੀ ਹੈ, ਇਹ ਫੇਰ ਉਨ੍ਹਾਂ ਨਾਲ ਈਰਖਾ ਕਰਦੇ ਹਨ। ਇਨ੍ਹਾਂ ਦੀ ਈਰਖਾ ਦੀ ਪੇਸ਼ ਨਹੀਂ ਜਾਂਦੀ, ਫੇਰ ਇਹ ਵਕਤ ਦੇ ਹਾਕਮਾਂ ਨੂੰ ਕੋਈ ਨਾ ਕੋਈ ਬੁੱਤਾ, ਧੋਖਾ, ਲਾਲਚ ਦੇਕੇ ਨਾਲ ਰਲਾ ਲੈਂਦੇ ਹਨ। ਰਾਜਾ ਨਾਲ ਨਾ ਰਲੇ ਤਾਂ ਰਾਜਾ ਨੂੰ 'ਰਾਜ-ਭੈ' ਦੱਸਦੇ ਹਨ ਕਿ ਇਹ ਲੋਕ ਬਹੁਤ ਹੋ ਗਏ ਹਨ, ਆਪੋ ਵਿਚ ਏਕੇ ਵਾਲੇ ਹਨ, ਐਸਾ ਨਾ ਹੋਵੇ ਕੋਈ ਰਾਜ ਉੱਪਦ੍ਰਵ ਕਰ ਦੇਣ, ਇਸ ਤਰ੍ਹਾਂ ਫੇਰ ਰਾਜਾ ਉਨ੍ਹਾਂ ਜੀਉਂਦਿਆਂ ਪਰ ਸਖਤੀ ਕਰਦਾ ਹੈ। ਉਹ ਉੱਤਰ ਨਹੀਂ ਦੇਂਦੇ, ਝੱਲਦੇ ਝੱਲਦੇ ਮਰ-ਮਿਟਦੇ ਹਨ। ਐਉਂ ਜੋਤ ਜਗ ਜਗ ਕੇ ਬੁਝਦੀ ਹੈ, ਫੇਰ ਜਗਦੀ ਹੈ, ਫੇਰ ਐਉਂ ਬੁਝਦੀ ਹੈ। ਖਾਲਸੇ ਦੇ ਖਿਆਲ ਵਿਚ, ਖਾਲਸੇ ਦੇ ਆਦਰਸ਼ ਵਿਚ ਇਹ ਗੱਲ ਹੁਣ ਹੋਰਵੇਂ ਹੈ। ਉਹ ਇਉਂ ਹੈ ਕਿ ਜਦ ਅੰਦਰ ਜੋਤਿ ਜਗ ਪਈ ਤਦ ਹੋਰਨਾਂ ਅੰਦਰ ਜੋਤ ਜਗਾਕੇ ਉਨ੍ਹਾਂ ਨੂੰ ਖਾਲਸੇ ਬਨਾ-ਉਣਾ ਹੈ ਤੇ ਇਸ ਕੰਮ ਵਿਚ ਉਤਸਾਹ ਤੇ ਉਮਾਹ 'ਅੰਦਰਲਾ ਰੱਬੀ ਪਿਆਰ ਵਾਲਾ' ਹੋਣਾ ਹੈ। ਜਦੋਂ ਰਕਾਂ ਪੈਣ, ਜ਼ੁਲਮ ਹੋਵੇ, ਤਦ ਨਿਰਵੈਰ ਰਹਿਣਾ ਹੈ, ਪਰ ਨਿਰਵੈਰ ਰਹਿਣ ਲਈ ਭੱਜ ਨਹੀਂ ਜਾਣਾ, ਸਗੋਂ ਨਾਲ 'ਨਿਰਭਉ' ਰਹਿਣਾ ਹੈ। ਭੈ ਨਹੀਂ ਮੰਨਣਾ, ਭੈ ਦਾ ਸਮਾਂ ਆਵੇ ਤਾਂ ਸੁਰਤ ਉੱਚੀ ਹੋਕੇ ਦੁਖ ਝੱਲੇ, ਜੇ ਭਰਾਵਾਂ ਤੇ ਕਸ਼ਟ ਪਏ ਤਾਂ ਇਹ ਸਰੀਰ ਮਿਥਿਆ ਹੈ, ਉਨ੍ਹਾਂ ਦੀ ਰਾਖੀ ਤੇ ਇਹ ਲਾ ਦੇਵੇ, ਸੋ ਖਾਲਸਾ ਰਖਿਆ ਕਰਨ, ਭਲੇ ਕਰਨ ਦੇ ਉਮਾਹ, ਪਿਆਰ ਤੇ ਜ਼ਿੰਦਗੀ ਦੇ ਹੁਲਾਰੇ ਵਿਚ ਝੂਲੇਗਾ। ਸੋ ਇਹ ਉਮਾਹ ਖਾਲਸੇ ਨੂੰ ਅਨਜਾਯ ਤੇ ਧੱਕੇ ਦੇ ਕਟਣ ਵਾਸਤੇ ਸ਼ਮਸ਼ੇਰ ਧਾਰੀ ਬਣਾਉਂਦਾ ਹੈ। ਪਰ ਇਸਦੇ ਨਾਲ ਖਾਲਸਾ ਪਾਪ ਤੇ ਆਚਰਨ ਤੇ ਗਿਰਾਉ ਵਿਚ ਨਹੀਂ ਵਸੇਗਾ, ਸਾਰੇ ਅੰਦਰਲੇ ਮਹਾਂਬਲੀ ਇਸ ਦੇ ਨੌਕਰ ਹੋ ਵਰਤਣਗੇ! ਸਾਹਿਬੀ ਖਾਲਸੇ ਦੀ ਹੋਵੇਗੀ, ਨੌਕਰੀ ਅੰਦਰ-ਲੀਆਂ ਤਾਕਤਾਂ ਦੀ ਹੋਵੇਗੀ*। ਲੋਭ ਰਹੇਗਾ, ਪਰਮੇਸ਼ੁਰ ਨਾਲ ਲੋਕਾਂ ਨੂੰ ਜੋੜਨ ਦਾ। ਕਾਮਨਾਂ ਰਹੇਗੀ ਹਰ ਵੇਲੇ ਸਾਂਈ ਨਾਲ ਅੰਤਰ ਆਤਮੇ ਲਗੇ ਰਹਿਣ ਦੀ। ਕ੍ਰੋਧ ਰਹੇਗਾ ਆਪੇ ਨੂੰ ਹਰ ਨੀਚਤਾ ਤੋਂ ਉੱਚੇ ਰੱਖਣ ਦਾ। ਮੋਹ ਰਹੇਗਾ ਗੁਰੂ ਦੇ ਚਰਨਾਂ ਨਾਲ, ਗੁਰਮੁਖ ਨਾਲ, ਸਾਧ ਸੰਗਤ ਨਾਲ, ਜੀਉ ਉੱਠਿਆਂ ਬੰਦਿਆਂ ਨਾਲ, ਖਾਲਸੇ ਨਾਲ। ਹੰਕਾਰ ਰਹੇਗਾ, ਅਭੈ ਰਹਿਣ ਦੀ ਉਚਿ-

*ਮੇਰਾ ਤੇ ਮੇਰੇ ਇੰਦ੍ਰਿਆਂ ਦੇ ਝਗੜੇ ਤੇ ਗੁਰੂ ਸਾਹਿਬ ਨੇ ਇਹ ਫੈਸਲਾ ਕੀਤਾ ਕਿ ਸਰੀਰ ਦਾ ਮਾਲਕ ਤੂੰ ਹੈ ਸੋ ਸਾਰੇ ਇੰਦਰੇ ਮੇਰੀ ਸੇਵਾ ਵਿਚ ਲਾ ਦਿਤੇ। ਯਥਾ:-

ਸਗਲ ਦੂਤ ਮੇਰੀ ਸੇਵਾ ਲਾਏ॥ ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ॥ ਕਹੁ ਨਾਨਕ ਗੁਰਿ ਕੀਆ ਨਿਬੇਰਾ॥ {ਬਿਭਾ: ਪ੍ਰਭਾ: ਮ: ੫ ਅਸ੍ਟ-੧}

ਆਈ ਵਿਚ, ਅੰਦਰੋਂ ਜੋਤਿ ਨਾਲੋਂ ਵਿੱਥ ਨਾ ਪੈਣ ਵਿਚ, ਸ਼ਬਦ ਨਾਮ ਦੇ ਅਭਿਆਸ ਵਿਚ, ਨਾਮ ਨਾਲ ਵਿਥ ਨਾ ਪੈਣ ਦੀ ਸਾਵਧਾਨਤਾ ਦੇ ਰੂਪ ਵਿਚ, ਸਾਵਧਾਨ ਰਹਿਣ ਵਿਚ, ਆਪਣੇ ਮਨ ਉਤੇ ਕਿਸੇ ਦਾ ਮਾੜਾ ਅਸਰ ਪ੍ਰਭਾਉ ਨਾ ਪੈਣ ਦੇਣ ਵਿਚ। ਜਗਤ ਵਲ ਨੂੰ ਮਨ ਦਾ ਰੁਖ (ਫਨ ਖਿੱਲਰੇ ਭੁਜੰਗੀ ਵਰਗਾ, ਦੁਖ ਦੇਣ ਵਾਲਾ ਨਾ, ਪਰ) ਕਿਸੇ ਦੇ ਅਸਰ ਹੇਠ ਆਕੇ ਉਸ ਅਗੇ ਮਨ ਨੂੰ ਮਫਊ-ਲੀਅਤ ਦੀ ਹਾਲਤ ਵਿਚ ਨਾ ਲੈ ਜਾਣ ਵਾਲਾ ਰੁਖ, ਸਦਾ ਸਾਖੀ ਤੇ ਫਾਇਲੀਅਤ ਵਿਚ ਰਹਿਣੇ ਦਾ ਰੁਖ। ਸੋ ਡਲਿਆ.....!

ਡਲਾ-ਮਹਾਰਾਜ! ਬੁਧਿ ਮੋਟੀ ਤੇ ਠੁੱਲੀ ਹੈ।

ਗੁਰੂ ਜੀ-ਸੌਖੀ ਕਰ ਦਸਾਂਗੇ, ਸੋ ਡਲਿਆ! ਖਾਲਸਾ ਅੰਦਰੋਂ ਜੋਤਿ ਨਾਲ ਲਗਾ ਰਹੇ, ਇਹ ਤੂੰ ਸਮਝੀ; ਫੇਰ ਹੋਰਨਾਂ ਦੇ ਘਟ ਜੋਤਿ ਜਗਾਵੇ, ਇਹ ਤੂੰ ਸਮਝੀ; ਤੀਸਰੀ ਗਲ ਇਹ ਹੈ ਕਿ ਧਰਮ ਦੋਖੀਆਂ ਨਾਲ ਨਿਰਵੈਰ ਰਹੇ, ਪਰ ਨਿਰਭਉ ਜ਼ਰੂਰ ਰਹੇ। ਨਿਰਭਉ ਰਹਿਣ ਵਾਲੇ ਨੂੰ ਜੰਗ ਤਕ ਨੌਬਤ ਬੀ ਕਈ ਵੇਰ ਪੁੱਜ ਜਾਂਦੀ ਹੈ, ਸੋ ਜੇ ਜੁੱਧ ਆ ਪਵੇ, ਫੇਰ ਮੌਤ ਤੇ ਪੀੜ ਨੂੰ ਜਿੱਤ ਚੁੱਕੇ ਜੋਗੀ ਸੂਰਮੇ ਬਣਦੇ ਹਨ, ਉਨ੍ਹਾਂ ਦੀ ਸੂਰਮਤਾਈ ਜਗਤ ਤੋਂ ਨਿਰਾਲੀ ਹੁੰਦੀ ਹੈ। ਓਹ ਕੰਮ ਕਰਦੇ ਹਨ ਆਪਣੇ ਵਾਹਿਗੁਰੂ ਦੀ ਪ੍ਰਸੰਨਤਾ ਦੇ ਉਤਸ਼ਾਹ ਵਿਚ। ਜੋ ਕਰਦੇ ਹਨ, ਉਸ ਨੂੰ ਅਰਪਦੇ ਹਨ, ਓਹ ਆਪਣੇ ਨਿਜ ਦੇ, ਗ੍ਰਿਹਸਤ ਦੇ, ਪਰਿਵਾਰ ਦੇ, ਕੌਮ ਦੇ, ਦੇਸ਼ ਦੇ ਤੇ ਸ੍ਰਿਸ਼ਟੀ ਦੇ ਸਾਰੇ ਕੰਮ ਕਰਦੇ ਹਨ, ਪਰ ਅੰਦਰੋਂ ਹਰ ਵੇਲੇ ਅਨੰਤ ਨਾਲ, ਵਾਹਿਗੁਰੂ ਨਾਲ ਲੱਗੇ ਰਹਿੰਦੇ ਹਨ। ਅੰਤਰ ਆਤਮੇ ਵਾਹਿਗੁਰੂ ਤੋਂ ਵਿਛੁੜਕੇ ਓਹ ਕੋਈ ਕੰਮ ਨਹੀਂ ਕਰਦੇ। ਜਿਵੇਂ ਬੱਚਾ ਮਾਂ ਦੀ ਗੋਦ ਵਿਚ ਬੈਠਦਾ, ਹੱਸਦਾ, ਖੇਲਦਾ, ਖਾਂਦਾ, ਪੀਂਦਾ, ਉੱਛਲਦਾ ਹੈ, ਗੋਦੋਂ ਵਿਛੜ ਕੇ ਰੋਂਦਾ ਤੇ ਘਬਰਾਉਂਦਾ ਹੈ; ਤਿਵੇਂ ਗੋਦੀ ਦੇ ਬਾਲ ਵਾਂਗੂੰ ਉਹ ਜਗਤ ਦੇ ਸਾਰੇ ਕੰਮ ਡਾਢੀ ਸੂਰਮਤਾਈ ਨਾਲ, ਬਲ ਨਾਲ, ਉਤਸ਼ਾਹ ਨਾਲ ਕਰਦੇ ਹਨ। ਹਾਂ ਕੰਮ ਕਰਦੇ ਹਨ; ਵਾਹਿਗੁਰੂ ਦੀ ਲਗਨ ਵਿਚ ਰਹਿਕੇ।

ਤੇਰੇ ਭਰਾ ਬੜੇ ਸੂਰਮੇ ਹਨ, ਪਰ ਖਾਲਸੇ ਵਰਗੇ ਨਹੀਂ, ਓਹ ਕਿਸੇ ਲੋਭ ਲਈ ਲੜਨਗੇ, ਕਿਸੇ ਭੈ ਪਿਆਂ ਲੜਨਗੇ, ਕਿਸੇ ਰਾਖੀ ਲਈ ਜੂਝਣਗੇ। ਜਦੋਂ ਆਪਣੇ ਤੋਂ ਬਲ ਵਧੇਰਾ ਪੈ ਜਾਏਗਾ, ਹਾਰ ਮੰਨ ਜਾਣਗੇ। ਜਦੋਂ ਜਿੱਤ ਜਾਣਗੇ, ਹੰਕਾਰ ਦੇ ਗੱਡੇ ਚੜ੍ਹ ਜਾਣਗੇ, ਫੇਰ ਉਹੋ ਜ਼ੁਲਮ, ਧੱਕੇ, ਵਧੀਕੀਆਂ ਆਪ ਕਰਨਗੇ ਜਿਨ੍ਹਾਂ ਲਈ ਉਨ੍ਹਾਂ ਨੇ ਵੈਰੀ ਨੂੰ ਮਾਰਿਆ ਸੀ। ਫੇਰ ਉਹ ਜਗਤ-ਨਿਆਉਂ ਵਿਚ ਆਪ ਮਾਰੇ ਜਾਣ ਦੇ ਜੋਗ ਬਣ ਜਾਣਗੇ। ਜੇ ਡੱਲਿਆ! ਓਹ ਹਾਰ ਜਾਣਗੇ ਤਾਂ ਜ਼ਿਤੇ ਹੋਏ ਵੈਰੀ ਦੇ ਅਗੇ ਆਪਣਾ ਮਨ ਭੀ ਹਾਰ ਦੇਣਗੇ, ਸੁਰਤਿ ਰੂਹ ਭੀ ਤਬਾਹ ਕਰ ਬੈਠਣਗੇ। ਮਨ ਗ਼ੁਲਾਮੀ ਵਿਚ, ਸਰੀਰ ਗ਼ੁਲਾਮੀ ਵਿਚ ਟੁਰ ਜਾਏਗਾ, ਐਉਂ ਉਹ ਆਪ ਤੇ ਉਨ੍ਹਾਂ ਤੋਂ ਬਣੀ ਕੌਮ ਮੁਰਦਾ ਹੋ ਜਾਏਗੀ।

ਡੱਲਿਆ! ਹੰਕਾਰ ਦੇ ਆਸਰੇ ਆਦਮੀ ਸੂਰਮਗਤੀ ਕਰ ਗੁਜ਼ਰਦਾ ਹੈ, ਕੁਰਬਾਨ ਭੀ ਹੋ ਜਾਂਦਾ ਹੈ, ਪਰ ਨਿਰੇ ਹੰਕਾਰ ਦੇ ਆਸਰੇ ਵਾਲੇ ਨੂੰ ਤ੍ਰੈ ਡਰ ਹਨ-੧. ਜਦੋਂ ਅਪਣੇ ਤੋਂ ਵਡੇ ਹੰਕਾਰੀ, ਵਡੇ ਬਲ ਵਾਲੇ ਤੇ ਵਡੇ ਜਥੇਬੰਦ ਨਾਲ ਟੱਕਰਨਗੇ, ਤਦ ਹਾਰ ਜਾਣਗੇ। ੨. ਹਾਰਕੇ, ਦੇਸ਼, ਧਨ, ਧਾਮ ਦੇਂਦੇ ਹੋਏ ਮਨ ਕਰਕੇ ਗ਼ੁਲਾਮ ਹੋ ਜਾਣਗੇ ਤੇ ਅੰਤ ਮੁਰਦਿਹਾਨ ਵਰਤੇਗੀ। ੩. ਜੇ ਜਿੱਤੇ ਤਾਂ ਆਪ ਜ਼ਾਲਮ ਧਕੇ ਖ਼ੋਰ ਬਣਨਗੇ, ਧਕੇ ਨਾਲ ਧਨ ਕੱਠਾ ਕਰਕੇ ਧਨੀ ਬਣਨਗੇ, ਧਨੀ ਹੋਕੇ ਐਸ਼ ਵਿਚ ਪੈਣਗੇ, ਐਸ਼ ਤੋਂ ਨਿਰਬਲ ਹੋ ਜਾਣਗੇ, ਨਿਰਬਲ ਹੋਕੇ ਫੇਰ ਮਨ ਅਸ਼ਕਤ ਤੇ ਮੁਰਦਾ ਹੋਕੇ ਸ਼ਰੀਰ, ਮਨ ਤੇ ਆਤਮਾ ਦਾ ਬਲ ਖੀਨ ਹੋ ਜਾਏਗਾ। ਚੌਥਾ ਉਨ੍ਹਾਂ ਦਾ ਇਕ ਹੋਰ ਨੁਕਸਾਨ ਨਿਸ਼ਚੇ ਹੋਵੇਗਾ ਕਿ ਓਹ ਪਰਲੋਕ ਗੁਆ ਲੈਣਗੇ। ਗੁਰੂ ਜੀ ਨੇ ਦਸਿਆ ਹੈ-

ਪਉੜੀ॥ ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥ ਅੰਧੇ ਆਪੁ ਨ ਪਛਾਣਨੀ ਦੂਜੇ ਪਚਿ ਜਾਵਹਿ॥ ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖ ਪਾਵਹਿ॥ ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥ ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥੯॥ {ਮਾਰੂ: ਵਾ: ਮ: ੩}

ਸੋ ਨਿਰਾ ਹੰਕਾਰੀ ਜਿੱਤੇ ਚਾਹੇ ਹਾਰੇ, ਮਰਕੇ ਸੁਖੀ ਨਹੀਂ ਹੋ ਸਕਦਾ। ਇਸ ਲਈ ਨਿਰਾ ਹੰਕਾਰੀ

ਸੂਰਮਾਂ ਆਦਰਸ਼ਕ ਮੂਰਮਾਂ ਨਹੀਂ ਹੈ।

ਖਾਲਸਾ ਅੰਦਰੋਂ ਜੋਤਿ ਜਗੀ, ਸਦਾ ਜਾਗਦੀ ਜੋਤਿ ਨੂੰ ਜਪਦਾ, ਹੰਕਾਰ ਤੋਂ ਉੱਠ ਚੜ੍ਹਦੀਆਂ ਕਲਾਂ ਵਿਚ ਵੱਸਦਾ ਹੈ, ਸਾਰੇ ਕੰਮ ਭੀ ਕਰਦਾ ਹੈ ਤੇ ਜੰਗ ਵਿਚ ਭੀ ਜਾ ਘੁਸਦਾ ਹੈ। ਨਾ ਤਾਂ ਉਹ ਨਿਰੇ ਤਿਆਗੀ ਵਾਂਗੂੰ ਢਹਿੰਦੀਆਂ ਕਲਾਂ ਵਿਚ ਜਾਂਦਾ ਹੈ, ਨਾ ਹੰਕਾਰੀ ਵਾਂਗੂੰ ਜ਼ੋਰ ਜ਼ੁਲਮ ਕਮਾਉਂਦਾ ਹੈ। ਉਹ ਜੰਗ ਵਿਚ ਜਾਂਦਾ ਹੈ, ਪਰ ਉਹ ਜੰਗ ਵਿਚ ਵੀ ਖੇਡੇਗਾ, ਉਹ ਧਰਮ ਪਿੱਛੇ, ਨੇਕੀਂ ਪਿੱਛੇ, ਉਪਕਾਰ ਪਿਛੇ ਜੁੱਧ ਵਿਚ ਜਾਏਗਾ, ਫਿਰ ਉਹ ਜਿੱਤ ਲਈ ਨਹੀਂ ਲੜੇਗਾ, ਉਹ.....

ਡੱਲਾ-ਤੇ ਜੀ ਫੇਰ ਉਹ ਕਾਹਦੇ ਲਈ ਲੜੇਗਾ? ਬਾਵਰਾ ਤਾਂ ਨਹੀਂ, ਐਵੇਂ ਲੜੇਗਾ?

ਗੁਰੂ ਜੀ (ਮੁਸਕ੍ਰਾ ਕੇ)-ਉਹ ਜਾਣਦਾ ਹੈ ਕਿ ਵਾਹਿਗੁਰੂ ਸਭ ਤੋਂ ਬਲੀ ਹੈ ਤੇ ਜਿੱਤ ਉਸਦੀ ਹੈ ਜੋ ਸਭ ਤੋਂ ਬਲੀ ਹੈ। ਸੋ ਜਿੱਤ ਸਦਾ ਰੱਬ ਦੀ ਹੈ ਤੇ ਅਸੀਂ ਤੈਨੂੰ ਦੱਸ ਆਏ ਹਾਂ ਕਿ ਖਾਲਸਾ ਉਹ ਹੈ ਜੋ ਵਾਹਿਗੁਰੂ ਦਾ ਹੋ ਚੁਕਾ ਹੈ। ਸੋ ਖਾਲਸਾ ਵਾਹਿਗੁਰੂ ਦਾ ਹੈ, ਵਾਹਿਗੁਰੂ ਦਾ ਖਾਲਸਾ ਜਾਣਦਾ ਹੈ ਕਿ ਜਿੱਤ ਸਦਾ ਵਾਹਿਗੁਰੂ ਦੀ ਹੈ, ਵਾਹਿਗੁਰੂ ਸਭ ਤੋਂ ਬਲੀ ਜੁ ਹੋਇਆ। ਹੁਣ ਤੂੰ ਸਮਝ ਲੈ ਕਿ ਖਾਲਸਾ ਵੀ ਵਾਹਿਗੁਰੂ ਦਾ ਤੇ ਜਿੱਤ ਵੀ ਵਾਹਿਗੁਰੂ ਦੀ, ਤਦ ਜਿੱਤ ਤੇ ਖਾਲਸਾ ਆਪੇ ਵਿਚ ਇਕ ਮਾਲਕ ਇਕ ਪਿਤਾ ਦੇ ਹੋਏ। ਇਉਂ ਜਿੱਤ ਖਾਲਸੇ ਦੀ ਹੋਈ, ਇਸ ਕਰਕੇ ਖਾਲਸਾ ਜਿੱਤ ਲਈ ਨਹੀਂ ਲੜਦਾ, ਖਾਲਸਾ ਜਾਣਦਾ ਹੈ ਕਿ ਜਿੱਤ ਮੇਰੇ ਵਾਹਿਗੁਰੂ ਦੀ ਹੈ ਤੇ ਮੈਂ ਵਾਹਿਗੁਰੂ ਦਾ ਹਾਂ. ਸੋ ਜਿੱਤ ਤਾਂ ਮੇਰਾ ਵਿਰਸਾ ਹੈ, ਮੈਂ ਜਿੱਤਣਾ ਹੈ ਤਾਂ ਉਸ ਬਲ ਨਾਲ ਜੋ ਮੇਰਾ ਨਹੀਂ ਪਰ ਜੋ ਅੰਦਰੋਂ ਸਾਈਂ ਨਾਲ ਲੱਗੇ ਰਹਿਣ ਕਰਕੇ ਸਾਈਂ ਵਿੱਚੋਂ ਮੇਰੇ ਵਿਚ ਆਉਂਦਾ ਹੈ, ਜਿੱਤ ਉਹਦੀ ਜਿਮਦਾ ਬਲ ਮੇਰੇ ਵਿਚ ਆ ਰਿਹਾ ਹੈ। ਤਾਂ ਤੇ ਖਾਲਸਾ ਲੜਦਾ ਹੈ ਅਸੂਲ ਲਈ ਸਚ ਲਈ। ਸੱਚ ਤੇ ਅਸੂਲ ਜਦ ਜਗਤ ਦੇ ਜ਼ੁਲਮ ਨਾਲ ਤਬਾਹ ਹੋਣ ਲੱਗੇ, ਤਦ ਖਾਲਸੇ ਦਾ ਨੇਮ ਹੈ ਕਿ ਬੀਰਤਾ ਨਾਲ ਉਸਨੂੰ ਬਚਾਵੇ। ਜਗਤ ਦੇ ਜ਼ੁਲਮ ਅੱਗੇ ਆਪਣਾ ਖੂਬਸੂਰਤ ਆਪਾ ਲੰਮਾ ਨਾ ਪਾ ਦੇਵੇ ਪਰ ਬੀਰਤਾ ਨਾਲ ਜ਼ੁਲਮ ਨੂੰ ਕੱਟ ਸੁੱਟੇ।

ਡੱਲਾ-ਮਹਾਰਾਜ ਜੀ! ਮੈਂ ਮੂਰਖ ਨੇ ਤਾਂ ਇਹ ਡਿੱਠਾ ਹੈ ਕਿ ਜੋ ਜੋਗੀ ਬਣੇ, ਬਿਰਾਗੀ ਬਣੇ ਉਹ ਫੇਰ ਲੁਕ ਹੀ ਗਏ, ਤੇ ਜੋ 'ਲੈ ਲੈਣ' ਵਲ ਲੱਗੇ ਉਹ ਜਰਵਾਣੇ ਡਾਕੂ, ਪਠਾਣਾਂ ਮੁਗ਼ਲਾਂ ਵਰਗੇ ਜ਼ਾਲਮ ਹਾਕਮ ਬਣੇ। ਜੋਗੀਆਂ ਨੇ ਕਦੇ ਜ਼ਾਲਮਾਂ ਦਾ ਮੂੰਹ ਨਾ ਮੋੜਿਆ ਤੇ ਜ਼ਾਲਮਾਂ ਕਦੇ ਸੁਖ ਨਾ ਵਰਤਾਈ, ਨਿਆਂ ਨਾ ਕੀਤਾ।

ਗੁਰੂ ਜੀ-ਖਾਲਸਾ ਸੋ ਜੋ ਅੰਦਰੋਂ ਜੋਗੀ ਹੋਵੇ, ਜੋਗ ਨਾਮ ਤੇ ਬਾਣੀ ਦਾ। ਖਾਲਸਾ ਸੋ ਜੋ ਜ਼ਾਲਮ ਦੀ ਇਟ ਆਵੇ, ਤਾਂ ਪੱਥਰ ਨਾਲ ਉਸ ਦੀ ਇੱਟ ਭੰਨ ਦੇਵੇ। ਆਪੇ ਤੇ ਫਤੇਮੰਦ ਹੋਵੇ, ਮੌਤ ਨੂੰ ਤੁੱਛ ਸਮਝਕੇ ਡਰੇ ਨਾ, ਪਰ ਅੰਦਰਲੇ ਉਮਾਹ ਨਾਲ ਦੇਹੀ ਨੂੰ ਸਫਲਾ ਕਰੇ। ਹਰ ਇਕ ਸਿਖ ਜੋਤ ਜਗੀ ਵਾਲਾ, ਅੰਦਰੋਂ 'ਇਕ ਦੀ' ਟੇਕ ਵਾਲਾ, ਨਿਰਭੈ ਰਹਿਣ ਵਾਲਾ, ਪਰ ਭੈ ਨਾ ਦੇਣ ਵਾਲਾ, ਨਿਰਵੈਰ ਖਾਲਸਾ ਹੈ। ਐਸੇ ਸਾਰੇ ਸਿਖਾਂ ਦਾ ਇਕੱਠ ਖਾਲਸਾ ਹੈ। ਗੁਰੂ ਖਾਲਸਾ ਹੈ, ਖਾਲਸਾ ਭੀ ਗੁਰੂ ਹੈ, ਖਾਲਸਾ ਰੱਬ ਦੀ ਗੋਦ ਵਿਚ ਖੇਲ ਰਿਹਾ ਇਕ ਰੂਹਾਨੀ ਖਿਆਲ-ਧਿਆਨ-ਹੈ, ਆਦਰਸ਼ ਹੈ, ਜਿਸ ਉੱਤੇ ਹਰ ਸਿਖ ਦਾ ਖਿਆਲ ਟਿਕ ਰਿਹਾ ਹੈ, ਜਿਵੇਂ ਜਹਾਜ਼ ਚਲਾਉਣ ਵਾਲੇ ਦਾ ਖਿਆਲ ਆਪਣੀ ਸੇਧ ਦੇ ਸਿਤਾਰੇ ਉਤੇ ਯਾ 'ਚਾਨਣ-ਮੁਨਾਰੇ' ਦੇ ਦੀਵੇ ਤੇ ਟਿਕਦਾ ਹੈ। ਖਾਲਸਾ ਉਹ ਨਮੂਨਾ ਹੈ, ਜਿਸ ਉਤੇ ਆਇਆਂ ਜਗਤ ਦੀ ਕਲਿਆਨ ਹੁੰਦੀ ਹੈ।

ਡੱਲਾ-ਮੈਂ ਮੂਰਖ ਨੂੰ ਮੋਟੀ ਜਿਹੀ ਗੱਲ ਦੱਸੋ, ਜੇ ਖਾਲਸਾ ਹਾਰ ਜਾਏ ਤਾਂ ਰੱਬ ਦੀ ਹਾਰ?

ਗੁਰੂ ਜੀ-ਨਹੀਂ ਸੁਹਣਿਆਂ! ਵਾਹਿਗੁਰੂ ਦੀ ਹਾਰ ਕਦੇ ਨਹੀਂ। ਜਿਸ ਨੂੰ ਤੂੰ ਹਾਰ ਸਮਝਦਾ ਹੈਂ, ਉਹ ਭੀ ਜਿਕੂੰ ਤੈਨੂੰ ਸਮਝਾਯਾ ਹੈ, ਜਿੱਤ ਹੁੰਦੀ ਹੈ। ਇਹੋ ਤਾਂ ਖਾਲਸੇ ਦਾ ਮਨ ਨੀਵਾਂ ਹੈ ਤੇ ਮਨ ਉੱਚੀ ਮੱਤ ਦੇ ਵੱਸ ਵਿਚ ਹੈ ਤੇ ਉਹ ਮੱਤ ਵਾਹਿਗੁਰੂ ਦੀ ਰਖਵਾਲੀ ਵਿਚ ਟੁਰਦੀ ਹੈ ਤੇ ਦੱਸਦੀ ਹੈ ਕਿ ਜੋ ਹਾਰ ਹੈ ਇਸਦਾ ਫਲ ਜਿੱਤ ਨਿਕਲੇਗਾ। ਹਾਰ ਵੇਲੇ ਖਾਲਸਾ ਸੋਚਦਾ ਹੈ ਕਿ ਇਹ ਵਾਹਿਗੁਰੂ ਨੇ ਭਾਣਾ ਵਰਤਾਇਆ ਹੈ, ਸਾਡੀ ਸਮਝ ਸਮਝਦੀ ਨਹੀਂ, ਇਸ ਦਾ ਫਲ ਅਜ ਉਹ ਜਿੱਤ ਨਹੀਂ ਸੀ, ਜੋ ਅਸੀਂ ਜਿੱਤ ਸਮਝਦੇ ਹਾਂ; ਇਸਦਾ ਫਲ ਅਗੇ ਚੱਲਕੇ ਜਿੱਤ ਹੈ।

ਜਿਨ੍ਹਾਂ ਸਾਡੇ ਨਾਲ ਜੂਝਨ ਵਾਲਿਆਂ ਨੇ ਅਜ ਜਿੱਤ ਮਨਾਈ ਹੈ, ਇਹ ਜਿੱਤ ਉਨ੍ਹਾਂ ਦੀ ਹਾਰ ਦੀ ਨੀਂਹ ਪੱਟੀ ਗਈ ਹੈ। ਖਾਲਸਾ ਕਦੇ ਨਹੀਂ ਹਾਰੇਗਾ। ਹਾਂ! ਜਿਸ ਦਿਨ ਨਾਮ ਨਾਲ ਪ੍ਰੀਤ ਛੱਡੇਗਾ, ਗੁਰਬਾਣੀ ਦਾ ਇਲਹਾਮ ਇਸ ਦੇ ਅੰਦਰ ਨਾ ਰਹੇਗਾ, ਜੋਤ ਨਾਲੋਂ ਵਿੱਥ ਕਰ ਜਾਏਗਾ, ਤਦੋਂ ਫੇਰ ਜੋ ਚੁਰਾਸੀ ਦੇ ਭਾਗ ਹੁੰਦੇ ਹਨ, ਭੋਗੇਗਾ। ਜਦ ਤਕ ਪੂਰਨ ਜੋਤ ਨੂੰ ਜਪਦਾ ਹੈ, ਗੁਰਬਾਣੀ ਦੀ ਰਜ਼ਾ ਤੇ ਮਨ ਨੂੰ ਪਾਲਦਾ ਹੈ, ਨਿਰਵੈਰ ਹੈ, ਭੈ ਦੇਂਦਾ ਨਹੀਂ, ਪਰ ਭੈ ਮੰਨਦਾ ਭੀ ਨਹੀਂ, ਤਦ ਤਕ ਕੌਣ ਹਰਾਉਣ ਵਾਲਾ ਜੰਮਿਆ ਹੈ ਖਾਲਸੇ ਨੂੰ? ਇਹੋ 'ਉਚ ਜੀਵਨ' ਹੀ ਜਿੱਤ ਹੈ ਤੇ ਇਸ ਜੀਵਨ ਵਾਲਾ ਜਿਸ ਸੰਗ੍ਰਾਮ ਵਿਚ ਡਟੇਗਾ ਉਹ ਜਿਤੇਗਾ, ਕਦੇ ਕਿਵੇਂ, ਕਦੇ ਕਿਵੇਂ।

ਤੂੰ ਸਮਝਦਾ ਹੈਂ ਪਹਾੜੀਏ ਰਾਜੇ ਜਿੱਤੇ ਹਨ, ਖਾਲਸਾ ਸਮਝਦਾ ਹੈ ਕਿ ਗੁਲਾਮੀ ਦਾ ਤੌਕ ਉਨ੍ਹਾਂ ਨੇ ਆਪਣੇ ਗਲੇ ਵਿਚ ਹੋਰ ਪੀਡਾ ਕਰ ਲਿਆ ਹੈ। ਤੂੰ ਸਮਝਦਾ ਹੈਂ ਤੁਰਕਾਂ ਫਤਹ ਪਾਈ ਹੈ, ਖਾਲਸਾ ਸਮਝਦਾ ਹੈ ਕਿ ਉਨ੍ਹਾਂ ਨੇ ਸਚ ਤਜਾਗਕੇ ਆਪਣੀਆਂ ਜੜ੍ਹਾਂ ਤੇ ਕੁਹਾੜਾ ਆਪ ਮਾਰਿਆ ਹੈ। ਤੂੰ ਸਮਝਦਾ ਹੈਂ ਚਾਰ ਸਾਹਿਬਜ਼ਾਦੇ ਮਾਰੇ ਗਏ ਹਨ, ਖਾਲਸਾ ਸਮਝਦਾ ਹੈ ਕਿ ਉਨ੍ਹਾਂ ਦੇ ਲਹੂ ਦੀ ਬੂੰਦ ਬੂੰਦ ਤੋਂ 'ਸਦਾ ਖਾਲਸਾ ਫਲ' ਦੇਣ ਵਾਲੇ ਬ੍ਰਿਛ ਉੱਗ ਪਏ ਹਨ। ਤੂੰ ਸਮਝਦਾ ਹੈਂ ਮੁਗ਼ਲ ਰਾਜ ਨੇ ਖਾਲਸੇ ਤੇ ਫਤਹ ਪਾਈ ਹੈ, ਖਾਲਸਾ ਸਮਝਦਾ ਹੈ ਕਿ ਮੁਗ਼ਲ ਰਾਜ ਦੀ ਜੜ੍ਹ ਕੱਟੀ ਗਈ ਹੈ: ਜੜ੍ਹ ਕੱਟੀ ਜਾਣੀ ਫਤਹ ਹੈ ਹੁਣ ਕਿਸੇ ਬੁੱਲੇ ਨੇ ਇਸ ਨੂੰ ਡੇਗ ਘੱਤਣਾ ਹੈ। 'ਸਾਂਈ ਸੰਗ ਜੁੜਿਆਂ' ਨਾਲ ਲੜਕੇ ਜ਼ਾਲਮ ਮੁਗ਼ਲਾਂ ਦੀ ਜੜ੍ਹ ਮੇਖ ਤਰੁਟ ਗਈ ਹੈ। ਖਾਲਸੇ ਦਾ ਜੁੱਧ ਧਰਮ ਰੱਖਿਆ ਲਈ ਸੀ, ਧਰਮ ਪੱਕਾ ਹੋ ਗਿਆ, ਝਾੜ ਝਾੜ ਤੋਂ ਖਾਲਸਾ ਉਗ-ਮੇਗਾ। ਤੇਰੇ ਵਰਗੇ ਖਾਲਸੇ ਸਜਣਗੇ। ਜਿਸ ਖਾਲਸੇ ਨੂੰ ਵਜ਼ੀਰ ਖਾਂ ਮੁਕਾ ਗਿਆ ਹੈ, ਉਹ ਖਾਲਸਾ ਅਨੰਦ ਪੁਰ ਨਾਲੋਂ ਵਧੇਰੇ ਵਧ ਰਿਹਾ ਹੈ। ਜ਼ਾਲਮ ਸਰ-ਹਿੰਦ ਦੀ ਇਟ ਨਾਲ ਇਟ ਖੜਕੇਗੀ, ਦਿੱਲੀ ਵਿਚ ਜ਼ਾਲਮ ਮੁਗ਼ਲ ਅੰਨ ਮੰਗਦੇ ਦਿੱਸਣਗੇ, ਤਖ਼ਤ ਤਾਜ, ਹੁਕਮ ਹਾਸਲ ਸੁਪਨਾ ਹੋ ਜਾਣਗੇ। ਧਰਮ ਛੋੜ ਕੇ ਜੋ ਬਿਜੈ ਉਨ੍ਹਾਂ ਨੇ ਸਮਝੀ ਹੈ ਉਹ ਹਾਰ ਹੈ ਜਿੱਤ ਨਹੀਂ।

੩.

ਸੱਚੇ ਪਾਤਸ਼ਾਹ ਕੁਛ ਹੋਰ ਵਾਰਤਾਲਾਪ ਕਰਕੇ ਫੇਰ ਡੇਰੇ ਚਲੇ ਗਏ, ਪਰ ਡੱਲਾ ਕੁਛ ਨੀਮ ਬਾਵਰਾ ਜਿਹਾ ਫਿਰਦਾ ਰਿਹਾ: ਉਸ ਨੂੰ ਸਮਝ ਆਵੇ ਕਿ ਅਸੀਂ ਬੜੇ ਬਹਾਦੁਰ ਸਾਂ, ਪਰ ਗੁਰੂ ਜੀ ਨੇ ਛਿਨ ਵਿਚ ਕਾਇਰ ਸਾਬਤ ਕਰ ਦਿੱਤੇ। ਸਚ ਮੁਚ ਜਿਸ ਅਨੰਦ ਪੁਰ ਵਿਚ ਇਨ੍ਹਾਂ ਦੋਹੂੰ ਸਿਖਾਂ ਵਰਗੇ ਸੂਰਮੇ ਸਨ, ਜੋ ਮੌਤ ਨੂੰ ਕੁਛ ਚੀਜ਼ ਨਹੀਂ ਸਮਝਦੇ, ਤਾਂ ਉਥੇ ਕਿੰਨਾ ਕੁ ਕਹਿਰ ਦਾ ਸੰਗ੍ਰਾਮ ਹੋਇਆ ਹੋਊ? ਜੋ ਸਭ ਕੁਛ ਵਾਰ ਕੇ ਫਿਰ ਅਡੋ ਹਨ ਤੇ ਅਛੋਭ ਹਨ! ਮੇਰੇ ਸੂਰਮੇ ਤਕੜੇ ਹਨ, ਪਰ ਮੌਤ ਤੋਂ ਡਰਦੇ ਹਨ। ਅਸਲ ਬਹਾਦੁਰੀ ਨਿਰੀ ਵੱਡੀ ਡੀਲ ਵਿਚ, ਨਿਰੇ ਵਡੇ ਕੱਦ ਵਿਚ ਨਹੀਂ, ਨਿਰੀ ਕਿਸੇ ਜ਼ਾਤ ਵਿਚ ਨਹੀਂ, ਇਹ ਕੋਈ ਗੁਰੂ ਕੀ ਦਾਤ ਹੈ:

ਸ਼ਾਮਾਂ ਵੇਲੇ ਡੱਲਾ ਇਸ ਤਰ੍ਹਾਂ ਸਿਰ ਧੁਨਦਾ ਇਕ ਜੰਡ ਹੇਠ ਬੈਠਾ ਸੀ ਕਿ ਮਾਈ ਭਾਗੋ ਆ ਗਈ। ਲੰਮੀ ਡੀਲ, ਭਰਵਾਂ ਸਰੀਰ, ਹੱਥ ਵਿਚ ਲੰਮੀ ਦੁਸਾਂਗ, ਸਿਰ ਦੇ ਕੇਸ ਖੁਲ੍ਹੇ ਲਹਿਰੇ ਲੈ ਰਹੇ ਹਨ। ਮਾਈ ਮੁਕਤਸਰ ਦੇ ਜੰਗ ਮਗਰੋਂ ਇਤਨੀ ਆਤਮ ਆਰੂੜ੍ਹ ਅਵਸਥਾ ਵਿਚ ਚੜ੍ਹੀ ਸੀ ਕਿ ਉਸ ਨੂੰ ਤਨ ਦੇ ਕਪੜੇ ਦੀ ਬੀ ਸੋਝੀ ਨਹੀਂ ਸੀ ਰਹਿੰਦੀ*। ਉਸ ਦੇ ਚਿਹਰੇ ਤੇ ਰੱਬੀ ਨੂਰ ਤੇ ਤੇਜ ਐਨਾਂ ਸੀ ਕਿ ਜਿਧਰ ਜਾਵੇ ਸਭ ਦਾ ਸੀਸ ਚਰਨਾਂ ਵਲ ਝੁਕਦਾ ਸੀ। ਉਹ ਬੀਤਰਾਗ ਮਗਨਾਨੰਦ ਵਾਲੀ ਬੋਲੀ:-

ਓਇ ਡੱਲਿਆ ਮੱਲਿਆ! ਨਿਰੇ ਮਾਸ ਦੇ ਥੈਲੇ ਬਹਾਦਰ ਨਹੀਂ ਹੁੰਦੇ, ਬਹਾਦਰ ਮਨ ਹੁੰਦਾ ਹੈ। ਸਰੀਰ ਤੇ ਮਨ ਬਲੀ ਹੈ, ਮਨ ਤੇ ਆਤਮਾ, ਆਤਮਾ ਤੇ ਪਰਮਾਤਮਾ। ਪ੍ਰਮਾਤਮ ਦੇਵ ਦਾ ਅੰਮ੍ਰਿਤ ਆਤਮਾ ਤੇ ਮਨ ਨੂੰ ਬਲਵਾਨ ਕਰਦਾ ਹੈ,

*ਮਾਈ ਭਾਗੋ ਨੂੰ ਤਲਵੰਡੀ ਹੀ ਇਕ ਦਿਨ ਦਸਮੇ ਪਾਤਸ਼ਾਹ ਨੇ ਬੜੀ ਪਿਆਰ ਭਰੀ ਸਿੱਖਜਾ ਦੇਕੇ ਚਾਦਰੇ ਦੀ ਗਾਤੀ ਪਹਿਨਵਾ ਦਿਤੀ ਸੀ ਕਿ ਤੂੰ ਤਾਂ ਪੂਰਨ ਪਦ ਤੇ ਹੈਂ ਪਰ ਅਸੀਂ ਮਿਰਯਾਦਾ ਪੁਰਸ਼ੋਤਮ ਹਾਂ, ਸਾਡੇ ਨਾਲ ਰਹਿਣ ਵਾਲੇ ਸਰੀਰ ਸਭ ਮਿਰਯਾਦਾ ਵਿਚ ਟੁਰਨ ਇਹ ਸਾਡੀ ਸਿੱਖਜਾ ਹੈ।

ਤੇ ਸਰੀਰ ਬੀ ਬਲਵਾਨ ਹੋ ਜਾਂਦਾ ਹੈ। ਦੇਖ! ਮੈਂ ਇਸਤ੍ਰੀ ਫੇਰ ਮੈਂ ਆਤਮ ਰੰਗ ਦੀ ਜਗਜਾਸੂ। ਅੰਮ੍ਰਿਤ ਛਕਕੇ ਮੈਂ ਖਾਲਸਾ ਹੋ ਗਈ, ਮੈਂ ਜੁੱਧ ਕੀਤਾ, ਮੈਂ ਫਤਹ ਪਾਈ, ਮੈਂ ਗਿਲਜ਼ੇ ਤੇ ਪਠਾਣਾਂ ਤੇ ਭਾਰੂ ਹੋਈ। ਜਿੱਤ ਪਾਕੇ ਮੁਕਤਸਰ ਫਤਹ ਕਰਕੇ ਮੈਂ ਮੋਈ ਜੀਵੀ, ਜੀਉਕੇ ਮੈਂ ਹੋਰ ਆਤਮ ਆਰੂੜ ਹੋਈ। ਫੇਰ ਮੈਂ ਖਾਲਸਾ ਹਾਂ, ਉਮਾਹ ਵਿਚ ਹਾਂ, ਜੋਤ ਦੇ ਰੰਗ ਵਿਚ ਹਾਂ, ਨਿਰਭੈ ਹਾਂ, ਨਿਰਵੈਰ ਹਾਂ, ਜੰਗ ਕਰਨ ਨੂੰ ਫੇਰ ਤਿਆਰ ਹਾਂ, ਸਭ ਤੋਂ ਉੱਚੀ ਹਾਂ, ਪਰ ਮੈਂ ਨਹੀਂ, ਮੇਰੇ ਵਿਚ ਜੋ ਆਪਾ ਹੈ, 'ਖਾਲਸਾ' ਖਾਲਸਾ ਹੈ, ਉਹ ਗੁਰੂ ਕਾ ਖਾਲਸਾ ਹੈ। ਖਾਲਸਾ ਬਿਜਈ ਹੈ ਸਰੀਰ ਉੱਤੇ, ਮਨ ਉੱਤੇ, ਜਗਤ ਉੱਤੇ। ਮੈਂ ਕੁਛ ਨਹੀਂ!.....ਤਕੜਾ ਹੋ!

ਡੱਲਾ (ਚਰਨਾਂ ਤੇ ਮੱਥਾ ਟੇਕ ਕੇ)-ਅੰਮਾਂ! ਅੱਜ ਜੋ ਗੁਰਾਂ ਸਮਝਾਇਆ ਮੇਰੀ ਸਮਝੋਂ ਪਰੇ ਹੈ, ਮੈਂ ਗੁਆਰ ਜਾਂਗਲੀ, ਉਹ ਗੱਲਾਂ ਆਤਮਾਂ ਦੀਆਂ, ਮੈਂ ਬਾਵਰਾ ਹੋ ਰਿਹਾ ਹਾਂ!

ਮਾਈ-ਸੋਚਾਂ ਨਾ ਸੋਚ, ਛਕ ਅੰਮ੍ਰਿਤੁ ਬੱਚਿਆ। ਸਤਿਗੁਰਾਂ ਤਾਂ ਆਤਮ ਬਾਣ ਮਾਰੇ, ਤੂੰ ਕਹਿਣਾ ਸੀ-ਜੀ! ਸੱਤ ਹੈ ਮੈਨੂੰ ਵੱਲ ਦੱਸੋ ਕਿੰਵ ਬਣਾਂ? ਮੂਰਖਾ! ਇਕ ਤਾਂ ਹੁੰਦਾ ਹੈ ਗਜਾਨ, ਇਕ ਹੁੰਦਾ ਹੈ ਉੱਥੇ ਅੱਪੜਨ ਦਾ ਵੱਲ, ਤੂੰ ਵੱਲ ਕਿਉਂ ਨਾ ਪੁਛਿਆ?

ਡੱਲਾ-ਮਾਂ! ਮੂਰਖ ਜੁ ਹੋਇਆ, ਉੱਕ ਗਿਆ।

ਮਾਈ-ਤੂੰ ਉੱਕਦਾ ਹੀ ਰਹਿੰਦਾ ਹੈਂ, ਇਕ ਵੇਲਾ ਆਉਣਾ ਹੈ ਕਿਤੇ ਫੇਰ ਨ ਉੱਕ ਜਾਈਂ।

ਡੱਲਾ-ਮਾਈ! ਤੂੰ ਬਾਵਰੀ ਜਾਪਨੀ ਹੈਂ, ਵਿਚੋਂ ਕੇਡੀ ਸਿਆਣੀ ਹੈਂ? ਤੂੰਹੋਂ ਰਸਤੇ ਪਾ ਦੇ।

ਮਾਈ-ਮੂਰਖ ਕਿ ਸਿਆਣੇ, ਮਸਤ ਕਿ ਹੋਸ਼ਾਂ ਵਾਲੇ, ਜੋ ਹਾਂ ਸੋ ਗੁਰੂ ਕੇ ਹਾਂ। ਜਿਉਂ ਪ੍ਰੇਰੇ ਕਰਨਾ। ਕਾਠ ਕੇ ਪੁਤਲੇ ਕਿਆ ਜਾਣਨ। ਮਸਤੀ ਸਿਖੀ ਵਿਚ ਰਵਾ ਨਹੀਂ, ਹੋਸ਼। ਹੋਸ਼ਾਂ ਵਾਲੀ ਮਸਤੀ, ਮਸਤੀ ਵਾਲੀ ਹੋਸ਼।

ਲੈ ਤਕੜਾ ਹੋ, ਕਾਕਿਆ! ਬੱਲਿਆ! ਬਾਣੀ ਪੜ੍ਹ, ਜਪ ਸਾਹਿਬ ਦਾ ਪਾਠ ਕਰ, ਤੈਨੂੰ ਸੂਝਤਿ ਆਵੇ ਤੇ ਮਨ ਦੀ ਮੈਲ ਲਹੇ। ਅੰਮ੍ਰਿਤ ਛਕ ਜੋ ਜੋਤ ਨਾਲ ਜੋਤ ਠਹਿਕਾ ਖਾ ਜਾਵੇ। ਨਾਮ ਜਪ ਜੋ ਜੋਤ ਨਾਲ ਠਹਿਕਾ ਵਜਦਾ ਹੀ ਰਹੇ, ਜਦ ਜੋਤ ਨਾਲ ਠਹਿਕਾ ਲਗਾ ਤੇ ਫੇਰ ਨਿੱਤ ਲਗਦਾ ਹੀ ਰਹਿਣ ਲੱਗ ਪਿਆ, ਤਦ ਆਪੇ ਖਾਲਸਾ ਬਣ ਗਿਆ, ਅਸਾਂ ਕੀਹ ਬਨਾਉਣਾ ਹੈ? ਸੂਰਮਾਂ ਤੂੰ ਹੈਂ ਹੀ, ਆਪਣੇ ਸਰੀਰ ਦੀ ਮੌਤ ਤੇ ਜਿੱਤ ਪਾਈ, ਨਿਰਭੈ ਹੋਗਿਆ। ਭੋਲਿਆ! ਅੰਬ ਨਾ ਗਿਣ, ਬੂਟੇ ਨਾ ਪਰਖ, ਅੰਬ ਖਾਹ। ਸੁਆਦ ਨਾ ਪਰਖ, ਛਕ ਤੇ ਅਮਲ ਕਰ। ਜਿੱਤ ਇਹ ਰਤਨ ਅਮੋਲਕ ਜਨਮ, ਕੋਈ ਦਿਨ ਦੀ ਖੇਡ ਹੈ।

ਡੱਲਾ-ਅੰਮਾਂ ਕਿਵੇਂ ਕਰਾਂ?

ਭਾਗੋ-ਭੋਲਿਆ! ਖਾਲਸਾ ਸਜ।

ਡੱਲਾ-ਕਿਵੇਂ?

ਭਾਗੋ-ਪੂਰਨ ਜੋਤ ਅੰਦਰ ਜਗਾ ਤੇ ਨਾਲ ਲੱਗਾ ਰਹੁ।

ਡੱਲਾ-ਉਹ ਕਿਵੇਂ?

ਭਾਗੋ-ਜਿਵੇਂ ਗੁਰੂ ਨੇ ਆਪ ਕਿਹਾ ਹੈ।

ਡੱਲਾ-ਕਿਵੇਂ?

ਭਾਗੋ-'ਜਾਗਤ ਜੋਤ ਜਪੈ ਨਿਸਬਾਸਰ'
ਦਿਨ ਰਾਤ ਵਾਹਿਗੁਰੂ ਨੂੰ ਜਪ।

ਡੱਲਾ-ਜਪਾਂ ਕਿਵੇਂ?

ਭਾਗੋ-ਨਾਮ ਦਾਤੇ ਗੁਰੂ ਦੇ ਚਰਨ ਪਕੜ ਤੇ ਕਹੁ ਜੀ ਨਾਮ ਦਾਨ ਦਿਓ।

ਡੱਲਾ-ਉਹ ਕਹਿ ਦੇਣਗੇ ਜਪੁ ਤੇ ਮੈਂ ਕੀਕੂੰ ਜਪੂੰ?

ਭਾਗੋ-ਓਹ ਕਹਿਣਗੇ ਤੈਨੂੰ ਅੰਮ੍ਰਿਤ ਛਕ ਖੰਡੇ ਦਾ।

ਡੱਲਾ-ਫੇਰ ਛਕ ਲਿਆ, ਸ਼ਰਬਤ ਪੀ ਲਿਆ, ਕਈ ਵੇਰ ਸ਼ਰਬਤ ਪੀਤੇ।

ਭਾਗੋ-ਮੂਰਖ ਜਾਂਗਲੀ! ਅੰਮ੍ਰਿਤ ਤੇ ਸ਼ਰਬਤ ਇਕ ਹੈ? ਦੇਖ! ਸ਼ਰਬਤ ਕਈ ਵੇਰ ਪੀਤਾ, ਮੈਂ ਤ੍ਰੀਮਤ ਰਹੀ। ਅੰਮ੍ਰਿਤ ਪੀਤਾ, ਇਧਰ ਮੈਂ ਗਜਾਤ-ਗੇਯ ਹੋ ਗਈ, ਚਾਨਣ-ਦਿਮਾਗ ਹੋ ਗਈ, ਜੋਤ ਜਗ ਪਈ, ਉਧਰ ਮੁਗ਼ਲਾਂ ਪਠਾਣਾਂ ਨੂੰ ਦੁਰਗਾ ਤੋਂ ਵਧੇਰੇ ਮੈਂ ਤੁੱਛ ਮੁੱਛ ਕੀਤਾ!

ਡੱਲਾ-ਆਹੋ ਆਹੋ ਅੰਮਾਂ ਪ੍ਰਤੱਖ ਗੱਲ ਹੋਈ। ਜੀ ਹਾਂ, ਪ ਰ ਤ ਖ ਜੀ ਸਾਮਰਤੱਖ, ਸਾ ਮ ਰ ਤ ਖ। ਠੀਕ! ਹਾਂ, ਅੰਮਾਂ! ਕਿਵੇਂ, ਕੀ ਕਰਾਂ?

ਮਾਈ-ਸਤਿਗੁਰ ਆਤਮ ਰੰਗ ਵਾਲੇ, ਸਿਖ ਆਤਮ ਰੰਗ ਵਾਲੇ, ਅੰਮ੍ਰਿਤ ਛਕਾ ਕੇ ਤੇਰੇ ਵਿਚ ਆਤਮਾ ਦੀ ਰਾਸ ਭਰ ਦੇਣਗੇ, ਉਨ੍ਹਾਂ ਦਾ ਆਤਮ

ਬਲ ਤੇਰੇ ਅੰਦਰ ਨਾਮ ਦਾਨ ਦਾ ਪ੍ਰਵੇਸ਼ ਕਰਾਕੇ ਨਿਵਾਸ ਕਰਾ ਦੇਵੇਗਾ! ਅੰਮ੍ਰਿਤ ਨਾਮ ਦੀ ਰਾਸ ਹੈ, ਘਟ ਜੋਤ ਜਗਣ ਦੀ ਪੂੰਜੀ ਹੈ, ਅੰਮ੍ਰਿਤ ਛਕ ਜੋ ਨਾਮ ਜਪੇਂ। ਨਾਮ ਜਪੇਂ, ਜੋਤ ਨਾਲ ਜਾਗ ਪਵੇਂ, ਜਾਗ ਪਿਆ ਖਾਲਸਾ, ਨਿਰਭੈ ਹੋ ਗਿਆ ਖਾਲਸਾ, ਫੇਰ ਤੂੰ ਖਾਲਸਾ, ਤੇਰਾ ਗੁਰੂ ਖਾਲਸਾ, ਇਹ ਪੰਥ ਖਾਲਸਾ। ਜੋ ਪੰਥ ਦਾ ਸੋ ਤੇਰਾ, ਜੋ ਤੇਰਾ ਸੋ ਖਾਲਸੇ ਦਾ। ਅਕਾਲ ਪੁਰਖ ਦੀ ਗੋਦੀ ਖੇਡੇ ਖਾਲਸਾ, ਓਹ ਤੇਰੀ ਟੇਕ, ਫੇਰ ਜੀਉ ਪਿਆ ਤੂੰ। ਡੱਲਿਆ! ਫੇਰ ਤੂੰ 'ਪੰਜ ਪਿਆਰਿਆਂ, ਚਾਲੀ ਮੁਕਤਿਆਂ ਵਾਂਗੂੰ ਖਾਲਸਾ, ਪਰ ਕਾਂਪ ਨਾ ਖਾਈਂ।

ਐਉਂ ਕਹਿੰਦੀ ਮਾਈ ਡੱਲੇ ਦੇ ਕੰਨ ਮਰੋੜਦੀ ਉਪਕਾਰੀ ਵਾਯੂ ਵਾਂਗੂੰ ਚਲੀ ਗਈ।

ਡੱਲਾ ਕੁਝ ਸੁਖੀ ਹੋ ਗਿਆ, ਕੁਛ ਬੇਮਲੂਮੇ ਵਾਹਿਗੁਰੂ ਉਚਾਰਨ ਲੱਗ ਪਿਆ। ਉਠਕੇ ਦੀਵਾਨ ਵਿਚ ਆਇਆ, ਅੱਗੇ ਭੋਗ ਪੈ ਹਟਿਆ ਸੀ ਰਹੁ-ਰਾਸ ਦਾ, ਮਹਾਰਾਜ ਬੈਠੇ ਸਨ ਤੇ ਓਸੇ ਵੇਲੇ ਮਾਤਾ ਸੁੰਦਰੀ ਜੀ ਆਣ ਅੱਪੜੇ ਮਨ, ਚਰਨ ਪਰਸਕੇ ਅੱਖਾਂ ਭਰ ਆਈਆਂ ਤੇ ਸੁੰਦਰੀ ਜੀ ਦੇ ਮੂੰਹੋਂ ਨਿਕਲਿਆ-"ਹੇ ਜਗਤ ਪ੍ਰਾਣ ਦਾਤਾ!..

ਮੇਰੇ ਚਾਰੇ ਲਾਲ....."

ਇਹ ਕਹਿੰਦੀ ਦਾ ਗਲ ਰੁਕ ਗਿਆ ਤੇ ਸਾਰੀ ਸੰਗਤ ਤੇ ਐਸਾ ਵੈਰਾਗ ਛਾਯਾ ਕਿ ਸਭ ਦੇ ਮਾਨੋਂ ਸੰਘ ਮਿਲ ਗਏ, ਨੈਣ ਵਗ ਟੁਰੇ ਤੇ ਲੂੰ ਕੰਡੇ ਹੋ ਗਏ। ਸਤਿਗੁਰਾਂ ਦੇ ਨੈਣ ਮੁੰਦ ਗਏ, ਇਕ ਚੁੱਪ ਚਾਪ ਸਨਾਟੇ ਦਾ ਰੰਗ ਛਾ ਗਿਆ, ਅੱਧੀ ਘੜੀ ਕੋਈ ਬੋਲਿਆ ਨਹੀਂ, ਪੱਤ ਨਹੀਂ ਹਿੱਲਿਆ ਫੇਰ ਸਤਿਗੁਰਾਂ ਦੇ ਨੈਣ ਖੁੱਲ੍ਹੇ। ਇਕ ਡਾਢੀ ਮਿੱਠੀ ਚਾਨਣੀ ਉਨ੍ਹਾਂ ਤੋਂ ਬਰਸੀ, ਮਾਰੇ ਦੀਵਾਨ ਤੇ ਇਕ ਐਸਾ ਅਸਰ ਛਾਇਆ ਜਿਵੇਂ ਕੋਈ ਠੰਢੀ ਠੱਢੀ ਮਰ੍ਹਮ ਦਿਲਾਂ ਤੇ ਲੱਗ ਗਈ ਹੈ। ਫੇਰ ਮੁਖਾਰਬਿੰਦ ਖੁਲ੍ਹਿਆ, ਇਲਾਹੀ ਨਾਦ ਹੋ ਗਿਆ:-

ਰਾਖੁ ਸਦਾ ਪ੍ਰਭ ਅਪਨੈ ਸਾਥ॥ ਤੂ ਹਮਰੋ ਪ੍ਰੀਤਮੁ ਮਨਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ॥੧॥ਰਹਾਉ॥ ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ॥ ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ॥੧॥ ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ॥ ਨਿਧਿ ਨਿਧਾਨ ਨਾਨਕ ਹਰਿ ਸੇਵਾਅਵਰ ਸਿਆਨਪ ਸਗਲ ਅਕਾਥ॥੨॥੬॥੧੨੨॥

{ਬਿਲਵਾਲ ਮ: ੫}

ਸ਼ਬਦ ਦੀ ਸਮਾਪਤੀ ਤੇ ਮਹਾਰਾਜ ਫੇਰ ਮੌਨ ਧਾਰ ਗਏ, ਸਾਰੇ ਹਿਰਦੇ ਸਾਈਂ-ਵਾਹਿਗੁਰੂ-ਦੇ ਮਾਨੋ ਚਰਨਾਂ ਨਾਲ ਲਿਪਟ ਗਏ, ਮਾਤਾ ਜੀ ਵੀ ਜੋਤਿ ਵਿਚ ਜੁੜ ਗਏ। ਇਸ ਹਾਲਤ ਵਿਚ ਇਕ ਨਿੱਕਾ ਜਿਹਾ ਝੂਟਾ ਆਇਆ, ਕੀ ਦੇਖਦੇ ਹਨ ਕਿ ਚਾਰੋਂ ਬੇਟੇ ਤੇਜਮਈ ਜਾਮੇ ਵਿਚ ਅਰਸ਼ਾਂ ਵਿਚ ਬਿਰਾਜ ਰਹੇ ਹਨ। ਇਹ ਝਲਕਾ ਕਈ ਸ਼ਰੀਰਾਂ ਨੂੰ ਵੱਜਾ, ਤਦੋਂ ਦਾਤਾ ਜੀ ਫੇਰ ਬੋਲੇ :-

'ਮਰੇ ਨਹੀਂ ਇਹ ਜੀਂਵਦੇ ਅਟੱਲ ਗੋਦ ਵਿਚਕਾਰ।
ਸਾਡੀ ਗੋਦੀ ਖਾਲਸਾ ਪੁੱਤਰ ਅਮਰ ਅਪਾਰ।'

ਠੰਢ ਪੈ ਗਈ। ਪੁੱਤਰ ਵਿਯੋਗ, ਦੈਵੀ ਪੁੱਤਰ ਵਿਯੋਗ, ਇਕ ਨਹੀਂ ਚਾਰ ਪੁੱਤਰ ਵਿਯੋਗ, ਇਤਨੇ ਜ਼ੁਲਮ, ਕਸ਼ਟ, ਬੇਰਹਿਮੀ, ਦੁੱਖਾਂ ਤਸੀਹਿਆਂ ਦੇ ਮੂੰਹ ਆਕੇ ਪੁਤਰ ਵਿਯੋਗ ਦਾ ਕਸ਼ਟ ਮਾਂ ਦੇ ਹਿਰਦੇ ਤੋਂ ਇਸ ਅਰਸ਼ੀ ਦਾਤੇ ਦੀ ਮਿਹਰ ਨਾਲ ਸ਼ੁਕਰ ਵਿਚ ਪਲਟ ਗਿਆ। ਠੰਢ ਵਰਤ ਗਈ। ਹੱਸ ਬੋਲੇ ਸੁਆਮੀ ਤਦੋਂ:-

ਸ਼ੇਰ ਹੋ ਜਾਓ ਖਾਲਸਾ! ਤੁਸੀਂ ਮੇਰੇ ਪੁੱਤਰ ਹੋ, ਉਨ੍ਹਾਂ ਪੁਤਰਾਂ ਦੇ ਖੂੰਨ ਤੋਂ ਜਨਮੇਂ ਹੋ! ਤੁਸੀਂ ਜਗਤ ਵਿਚ ਅਮਰ ਪੁਤਰ ਹੋ! ਖਾਲਸਾ ਸਦਾ ਜੀਏਗਾ। ਤੁਸੀਂ ਓਹ ਪੁੱਤਰ ਹੋ ਜੋ ਜਗਤ ਮਾਤਾ ਨੂੰ ਸੁਖ ਦਿਓਗੇ।

ਹੁਣ ਡੱਲਾ ਹੋਰ ਹੈਰਾਨ ਸੀ ਕਿ ਕਿਤਨਾ ਕਸ਼ਟ ਦਾ ਸਮਾ ਸੀ, ਕਿਵੇਂ ਸਤਿਗੁਰਾਂ ਨੇ ਠੰਢ ਵਰਤਾਈ? ਆਪ ਢੱਵਦੇ ਹਨ, ਪਰ ਕਿਸ ਤਰ੍ਹਾਂ ਅਛੋਭ ਹਨ।

ਡੱਲੇ ਨੇ ਮਾਤਾ ਜੀ ਲਈ ਕਿਲ੍ਹੇ ਵਿਚ ਥਾਂ ਅਰ-ਪਨ ਕੀਤੀ, ਪਰ ਉਨ੍ਹਾਂ ਨੇ ਉੱਥੇ ਹੀ ਤੰਬੂ ਲਗਵਾ ਕੇ ਚਰਨਾਂ ਕਮਲਾਂ ਵਿਚ ਰਹਿਣਾ ਪਸੰਦ ਕੀਤਾ।

ਏਥੇ ਗੁਰੂ ਜੀ ਦਾ ਪੱਕਾ ਰਹਿਣਾ ਵਿੱਦਤ ਹੁੰਦਾ ਗਿਆ ਤੇ ਸੰਗਤਾਂ ਦੀ ਆਵਾਜਾਈ ਪੱਕੀ ਹੋ ਗਈ। ਅਨੇਕ ਸਾਖੀਆਂ ਸਿੱਖਾਂ ਦੇ ਪ੍ਰੇਮ, ਗੁਰਾਂ ਦੇ ਤਾਰਨ ਹਾਰ ਬਿਰਦ ਦੀਆਂ ਵਰਤੀਆਂ। ਡੱਲੇ ਨੂੰ ਸਮਝ ਆ

ਗਈ ਤੇ ਉਸਨੇ ਅੰਮ੍ਰਿਤ ਛਕਿਆ*। ਉਸਦੇ ਦੇਵ-ਕੱਦ ਵਾਲੇ ਭਾਈਬੰਦਾਂ ਅੰਮ੍ਰਿਤ ਛਕਿਆ, ਸਿੱਖੀ ਰਹੁ-ਰੀਤ ਵਿਚ ਆਕੇ ਬਾਣੀ ਨਾਮ ਦੇ ਆਸਰੇ ਉਚੇ ਮਨ ਹੋਕੇ ਇਨ੍ਹਾਂ ਗੱਲਾਂ ਦੀ ਸਮਝ ਆਈ ਕਿ ਸਾਡਾ ਪਹਿਲਾ ਬਲ ਬੀਰਤਾ, ਹਾਥੀ ਝੋਟੇ ਦੇ ਬਲ ਵਾਂਙੂ ਇਕ ਸਰੀਰਕ ਖੇਲ ਸੀ। ਹੁਣ ਜੋ ਬਲ ਆਇਆ ਹੈ, ਜਿਸ ਨੇ ਮੌਤ ਦਾ ਭੈ ਤੇ ਪੀੜਾ ਦਾ ਸੰਤਾਪ ਤੋੜ ਦਿੱਤਾ ਹੈ ਤੇ ਖਿਆਲ ਅਭੈ ਪਦ ਵਿਚ ਗੱਡ ਦਿੱਤਾ ਹੈ, ਇਹ ਅਸਲ ਸੂਰਬੀਰਤਾ ਹੈ। ਸਤਿਗੁਰੂ ਜੀ ਜਦ ਸਮਾਂ ਬਣੇ ਸੰਗਤਾਂ ਨੂੰ ਇਹ ਗੱਲ ਤਰ੍ਹਾਂ ਤਰ੍ਹਾਂ ਨਾਲ ਨਿਰਣੈ ਕਰਕੇ ਦੱਸਿਆ ਕਰਦੇ ਸੇ ਕਿ ਨਿਰਾ ਸ਼ਰੀਰ ਪਸ਼ੂਆਂ ਦਾ ਭੀ ਤਕੜਾ ਹੈ। ਸ਼ਰੀਰ ਤਕੜਾ ਜ਼ਰੂਰ ਚਾਹੀਏ, ਅਰੋਗ ਮਜ਼ਬੂਤ ਤੇ ਬਲਵਾਨ ਚਾਹੀਏ, ਪਰ ਨਾਲ ਮਨ ਦੀ ਸ਼ਕਤੀ ਦੇ ਆਸਰੇ ਉੱਚੇ ਖਿਆਲ, ਉੱਚੇ ਆਦਰਸ਼ ਦੇ ਆਸਰੇ ਜੋ ਅੰਦਰ ਉੱਚਾ ਹੁੰਦਾ ਹੈ, ਉਹ ਬੀਰਤਾ ਅਸਲ ਹੁੰਦੀ ਹੈ, ਨਿਰੇ ਹੰਕਾਰ ਦੇ ਗੱਡੇ ਚੜ੍ਹਕੇ ਧੱਕਾ ਕਰਨਾ, ਦੂਸਰੇ ਦਾ ਹੱਕ ਗੁਆਉਣਾ, ਹੈਂਕੜ ਵਿਚ, ਜ਼ੋਰ ਜ਼ੁਲਮ ਵਿਚ ਸੂਰਮਾਂ ਸਦਵਾਉਣਾ ਬੀਰਤਾ ਨਹੀਂ। ਇਹ ਉਹੋ ਅੰਨਜਾਯ ਹੈ, ਜਿਸ ਨੂੰ ਤੋੜਨ ਲਈ ਅਸੀਂ ਆਪਾ ਸਦਕੇ ਕਰ ਰਹੇ ਹਾਂ, ਇਸ ਲਈ ਖਾਲਸਾ ਜਤਨ ਸਦਾ ਕਰੇਗਾ ਕਿ ਇਹ ਆਤਮ ਅਸੂਲ ਬੀਰਤਾ ਦਾ ਕਾਇਮ ਰਹੇ। ਇਸ ਦੇ ਨਾਲ ਹੀ ਇਹ ਉਪਦੇਸ਼ ਭੀ ਹੁੰਦਾ ਰਹਿੰਦਾ ਕਿ ਸ਼ਰੀਰਕ ਬਲ ਭੀ ਵਧਾਉਣਾ ਹੈ, ਨਿਤਾਣੇ ਰੋਗੀ ਨਹੀਂ ਬਣ ਜਾਣਾ, ਐਸੇ ਸਾਧਨ ਨਹੀਂ ਕਰਨੇ ਜੋ ਸ਼ਰੀਰ ਬਲਹੀਨ ਹੋ ਜਾਵੇ।

ਖਾਲਸਾ ਖੁਸ਼ ਖਿੜਿਆ, ਅੰਦਰੋਂ ਜਾਗਦੀ ਜੋਤਿ ਦੀ ਛੁਹ ਵਿਚ ਬੀਰ ਬਾਂਕਰਾ ਛੈਲ ਛਬੀਲਾ ਹੁਣ ਦਮਦਮੇ ਦੇ ਚਾਰ ਚੁਫੇਰੇ ਗੱਜਣ ਲੱਗਾ। ਮਾਲਵੇ ਦੇ ਲੋਕ ਆ ਆ ਕੇ ਅੰਮ੍ਰਿਤ ਛਕਣ ਲੱਗੇ, ਇਧਰੋਂ ਪੰਜਾਬ ਆਦਿਕ ਥਾਵਾਂ ਤੋਂ ਸੰਗਤਾਂ ਪਹੁੰਚਣ ਲਗ ਪਈਆਂ। ਲਿਖਿਆ ਹੈ ਕਿ ਅੰਮ੍ਰਿਤਸਰ ਦੇ ਲਾਗੇ ਚੱਬੇ ਦੀ ਮਾਈ ਸੁਲੱਖਣੀ ਪੁਤਰ ਕਾਮਨਾਂ ਲਈ ਏਥੇ ਹੀ ਅੱਪੜੀ ਸੀ[1]। ਮਹਾਰਾਜ ਸ਼ਿਕਾਰ ਖੇਲਣ ਚੜ੍ਹੇ ਹੀ ਸਨ ਕਿ ਇਸ ਮਾਈ ਨੇ ਸੱਦ ਲਾਈ:-

ਸੁਹਣੀਏ ਦਾੜ੍ਹੀਏ ਬੀਬੀਏ ਪੱਗੇ,
ਬਿਨੈ ਕਰੇਂਦੀ ਗੁਰ ਗੋਬਿੰਦ ਸਿੰਘ ਅੱਗੇ।
ਗੋਤ ਵਚਾਇਣ ਰਹਿੰਦੀਆਂ ਚੱਬੇ।
ਅੱਫਲ ਜਾਂਦੀ ਨੂੰ ਇਕ ਫਲ ਲੱਗੇ[2]।

ਸਦਾ ਹੁਲਾਸ ਤੇ ਹੁਲਾਰਿਆਂ ਵਿੱਚ ਰਹਿਣ ਵਾਲੇ ਸਤਿਗੁਰ ਨੇ ਕਿਹਾ, "ਤੇਰੇ ਕਰਮਾਂ ਵਿੱਚ ਪੁੱਤ੍ਰ ਨਹੀਂ" ਉਹ ਬੋਲੀ "ਓਥੇ ਕਰਮ ਲਿਖਣ ਵਾਲਾ ਤੂੰ ਹੀ ਹੈਂ, ਜੇ ਓਥੇ ਨਹੀਂ ਮਾਜੇ ਲਿਖਿਆ ਤਾਂ ਹੁਣ ਲਿਖ ਦਿਓ?"। ਆਪ ਹੱਸ ਬੋਲੇ, "ਲਿਆ ਕਲਮ!" ਕਿਸੇ ਨੇ ਦੁਆਤ ਕਲਮ ਅਗੇ ਕੀਤੀ; ਹੱਸਦੇ ਹੱਸਦੇ ਓਸਦੇ ਮੱਥੇ ਤੇ ਏਕਾ ਲਿਖਣ ਲੱਗੇ ਤਾਂ ਘੋੜਾ ਹਿਲ ਪਿਆ। ਏਕੇ ਦਾ ਸਾਤਾ ਵਹਿ ਗਿਆ, ਫਿਰ ਤਾਂ ਕੌਤਕੀ ਗੁਰੂ ਜੀ ਬਹੁਤ ਹੱਸੇ ਤੇ ਕਹਿਣ ਲੱਗੇ-"ਅੱਛਾ ਸੱਤੇ ਸਹੀ!" ਲਿਖਿਆ ਹੈ ਕਿ ਇਸਦੇ ਘਰ ਸੱਤ ਬੇਟੇ ਹੋਏ।

੪.

ਹੁਣ ਆਈ ਉਹ ਵਾਰਤਾ, ਜਿਸ ਦੀ ਦੁਖੀਆ ਅਸਾਂ ਇਸ ਪ੍ਰਸੰਗ ਦੇ ਅਰੰਭ ਵਿਚ ਵਾਚੀ ਸੀ। ਦਮਦਮੇ ਸਾਹਿਬ ਦੀਵਾਨ ਸਜ ਰਿਹਾ ਸੀ, ਮਹਾਰਾਜ ਨੇ ਕਈ ਵੇਰ ਲਿੱਖਣਾਂ ਘੜ ਕੇ ਸੱਟੀਆਂ ਤੇ ਆਖਿਆ ਏਥੇ ਗੁਰਬਾਣੀ ਦੇ ਲੇਖਕ ਹੋਣਗੇ। ਕਈ ਵੇਰ ਕਿਹਾ-ਏਥੇ ਅੰਬ ਲੱਗੇ ਹਨ, ਕਣਕਾਂ ਦੇ ਖੇਤ

*ਇਸ ਦੇ ਅੰਮ੍ਰਿਤ ਛਕਣ ਦਾ ਪ੍ਰਸੰਗ ਅਗੇ ਆਪਣੇ ਥਾਂ ਸਿਰ ਆਵੇਗਾ, ਇਥੇ ਸਾਂਗੇ ਸਿਰ ਐਵੇਂ ਜ਼ਿਕਰ ਆਇਆ ਹੈ।

੧. ਕਈਆਂ ਦਾ ਖਿਆਲ ਹੈ ਕਿ ਇਹ ਵਾਕਯਾ ਚੱਬੇ ਦਾ ਹੈ ਜੋ ਅੰਮ੍ਰਿਤਸਰ ਕੋਲ ਹੈ, ਪਰ ਚੱਬੇ ਦਸਮ ਸਤਿਗੁਰੂ ਜੀ ਆਏ ਨਹੀਂ ਲਿਖੇ। ਇਹ ਖਿਆਲ ਭੀ ਹੈ ਕਿ ਇਹ ਮਾਈ ਹੋਰ ਸੀ ਤੇ ਚੱਬੇ ਵਾਲੀ ਮਾਈ ਛੇਵੇਂ ਗੁਰਾਂ ਨੂੰ ਚੱਬੇ ਹੀ ਮਿਲੀ ਸੀ। ਪ੍ਰਸੰਗ ਇਕੋ ਜਿਹਾ ਹੋਣ ਕਰਕੇ ਰਲਾ ਪੈਂਦਾ ਹੈ।

੨. ਸੂ: ਪ੍ਰ: ਵਿਚ ਐਉਂ ਹੈ:-
ਬਿਨੈ ਕਰੇਂਦੀ ਸਤਿਗੁਰ ਗੋਬਿੰਦ ਸਿੰਘ ਅੱਗੇ। ਸੁਹਣੀ ਦਾੜ੍ਹੀ ਬੀਬੀ ਪੱਗੇ। ਗੋਤ ਵੜਾਇਚ ਪਿੰਡ ਹੈ ਚੱਬੇ। ਖਾਲੀ ਚਲੀ ਜੇ ਇਕ ਫਲ ਲੱਗੇ।

ਲਹਿ ਲਹਿ ਕਰ ਰਹੇ ਹਨ। ਡੱਲੇ ਨੇ ਕਿਹਾ-ਪਾਤਸ਼ਾਹ! ਜੇ ਕਣਕਾਂ ਹੋ ਪਈਆਂ ਤਾਂ ਤੁਰਕ ਆ ਜਾਣਗੇ ਤੇ ਸਾਨੂੰ ਸੁਖੀ ਨਹੀਂ ਰਹਿਣ ਦੇਣਗੇ! ਬਾਜਰਾ ਹੀ ਬਖਸ਼ੀ ਰਖੋ! ਸਤਿਗੁਰਾਂ ਕਿਹਾ:-ਤਕੜਾ ਹੋ, ਕਾਂਪ ਨਾ ਖਾਹ, ਤੁਰਕ ਮਰ ਮਿਟਣਗੇ ਤੇ ਏਥੇ ਨਹਿਰਾਂ ਵਹਿਣਗੀਆਂ[1], ਸਰਹਿੰਦ ਦੇ ਪਦਾਰਥ ਏਥੇ ਉੱਗਣਗੇ। ਇਸ ਤਰ੍ਹਾਂ ਕੌਤਕਾਂ ਵਿਚ ਭਾਈ ਭਗਤੂ ਦੇ ਪੁੱਤ ਭਾਈ ਗੌਰੇ ਦਾ ਪੁੱਤ ਦਿਆਲਾ ਆਇਆ! ਰਸਮ ਰਿਵਾਜ ਮੂਜ਼ਬ ਗੁਰਗਾਦੀ ਅੱਗੇ ਆਕੇ ਨਿਵਿਆਂ, ਭੇਟਾ ਚੜ੍ਹਾਈ ਤਦ ਮਾਲਕ ਜੀ ਹੱਸ ਬੋਲੇ, ਦਿਆਲਾ ਭਾਈ! ਤੂੰ ਮੱਤਵੇਂ ਗੁਰਾਂ ਦੀ ਬਖਸ਼ਿਸ਼ ਹੈਂ, ਆਪ ਮਲਾਹ ਹੈਂ, ਪਰ ਬਈ ਬੇੜੀ ਪੁਰਾਣੀ ਹੋ ਗਈ ਹੈ। ਪੂਜਾ ਅਸਰ ਕਰ ਰਹੀ ਹੈ, ਜਰਜਰੀ ਬੇੜੀ ਨਵੀਂ ਕੀਚੇ। ਦਿਆਲੇ ਕਿਹਾ-ਜੀ ਉਮਰ ਵਡੇਰੀ ਹੈ, ਕਿਵੇਂ ਕਰਾਂ? ਹੱਸ ਬੋਲੇ-ਪੁਰਾਣਾ ਦਿਆਲਾ ਅੰਦਰੋਂ ਟੋਰਦੇ, ਨਵਾਂ ਸਾਥੋਂ ਲੈ। ਫਿਰ ਬੋਲਿਆ-ਹੱਡ ਪੁਰਾਣੇ ਹਨ, ਨਵਾਂ ਕਿਵੇਂ ਬਣਾਂ? ਮੁੜ ਕਿਵੇਂ ਉਪਜਾਂ?

ਗੁਰੂ ਜੀ-ਗੁਰੂ ਕੇ ਗ੍ਰਿਹ ਜਨਮੋ[2]।

ਦਿਆਲਾ-ਗੁਰੂ ਜੀ! ਸਿੱਖੀ ਤਾਂ ਖਾਨਦਾਨ ਵਿਚ ਹੈ, ਤੁਸਾਡੀ ਬਖਸ਼ਸ਼ ਹੈ।

ਗੁਰੂ ਜੀ-ਮੁੜ ਜੀ ਉਠੋ, ਉਹ ਸਿੱਖੀ ਪੂਜਾ ਦੇਣ ਵਾਲੇ ਖਾ ਗਏ, ਮੁੜ ਜੀਓ।

ਦਿਆਲਾ-ਕਿਵੇਂ?

ਗੁਰੂ ਜੀ-ਅੰਮ੍ਰਿਤ ਛਕੋ, ਖਾਲਸਾ ਸਜੋ!

ਦਿਆਲਾ (ਭੈ ਖਾਕੇ)--ਪਾਤਸ਼ਾਹ! ਸਿੱਖੀ ਵਿਚ ਰਖੋ ਤੇ ਨਿਬਾਹ ਲਓ, ਅੰਮ੍ਰਿਤ ਦੀ ਸਮਰੱਥਾ ਨਹੀਂ।

ਗੁਰੂ ਜੀ-ਸਮਰੱਥਾ ਤਾਂ ਹੈ, ਕਾਣ ਹੈ! ਕਾਣ ਦੂਰ ਕਰੋ! ਹੁਕਮ ਤੇ ਆਓ!

ਪਰ ਦਿਆਲੇ ਨੇ ਹੁਕਮ ਨਾ ਮੰਨਿਆਂ 'ਜਿਵੇਂ ਹਾਂ ਰਹਿਣ ਦਿਓ' ਕਹਿੰਦਾ ਗਿਆ!

ਹੁਕਮ ਹੋਇਆ:-ਚੰਗਾ! ਸਾਡਾ ਆਖਾ ਨਹੀਂ ਮੰਨਿਆਂ, ਵਕਤ ਆਵੇਗਾ, ਸਿੱਖਾਂ ਤੋਂ ਅੰਮ੍ਰਿਤ ਮੰਗੋਗੇ, ਤਰਲੇ ਕੱਢੋਗੇ ਤਾਂ ਖੈਰ ਮਿਲੇਗੀ। ਪਿਆਰੇ ਦੀ ਅੰਸ਼ ਬੀ ਮਸੰਦ ਹੋ ਗਈ।

ਇਹ ਕਹਿਕੇ ਗੁਰੂ ਜੀ ਨੇ ਫੇਰ ਉਸ ਨੂੰ ਕੁਝ ਨਾ ਕਿਹਾ। ਪਰੰਤੂ ਇਹ ਗੱਲ ਇਨ੍ਹਾਂ ਦੇ ਆਪਣੇ ਪਿੰਡ ਦੇ ਆਲੇ ਦੁਆਲੇ ਫੈਲ ਗਈ। ਇਹ ਖ਼ਬਰ ਭਾਈ ਭਗਤੂ ਦੀ ਦੂਸਰੀ ਉਲਾਦ ਨੂੰ ਬੀ ਪਹੁੰਚੀ ਕਿ ਦਿਆਲੇ ਨੇ ਸਤਿਗੁਰਾਂ ਦਾ ਵਾਕ ਉਲੰਘਨ ਕੀਤਾ ਹੈ। ਸਭ ਤੋਂ ਪਹਿਲਾਂ ਇਹ ਖਬਰ ਦੇਸਾਂ ਨੂੰ ਪਹੁੰਚੀ ਸੀ, ਜੋ ਬਾਲਪਨੇ ਤੋਂ ਗੁਰੂ ਚਰਨਾਂ ਦੀ ਪ੍ਰੇਮਣ, 'ਵਾਹਿਗੁਰੂ ਵਿਚ ਵਿੱਥ ਨਾ ਪਵੇ' ਦੇ ਤਰਲੇ ਲੈਣ ਵਾਲੀ ਅਤੇ ਨਾਮ ਦੀ ਰਸੀਆ ਸੀ। ਪਤੀ ਨਾਲ ਕਦੇ ਜਾਕੇ ਸਾਹਿਬਾਂ ਦੇ ਦਰਸ਼ਨ ਕਰਕੇ ਇਹ ਬੀਬੀ ਕ੍ਰਿਤ ਕ੍ਰਿਤ ਹੋ ਚੁਕੀ ਹੋਈ ਸੀ! ਤਦ ਦੀ ਕਦੇ ਵੀ ਉਨ੍ਹਾਂ ਦੇ ਚਰਨਾਂ ਕਵਲਾਂ ਤੋਂ ਦਿਲੋਂ ਉਹਲੇ ਨਹੀਂ ਸੀ ਹੋਈ, ਸਦਾ ਹਜ਼ੂਰੀ ਦਾ ਵਾਸਾ ਆਤਮਾ ਵਿਚ ਵਸਾਈ ਰਖਦੀ ਸੀ*। ਇਹ ਖਬਰ ਸੁਣਕੇ ਜੋ ਵਿਆਕੁਲਤਾ ਇਸ ਬੀਬੀ ਨੂੰ ਹੋਈ ਸੋ ਪਿੱਛੇ ਅਸੀਂ ਦੱਸ ਆਏ ਹਾਂ। ਇਸ ਬੀਬੀ ਨੂੰ ਸਾਰੇ ਚਾਚੀ ਸੱਦਿਆ ਕਰਦੇ ਸੇ, ਕਿਉਂਕਿ ਇਹ ਛੋਟੀ ਨੌਂਹ ਸੀ!

ਅਗਲੇ ਦਿਨ ਪਿੰਡ ਵਿਚ ਪਸਰਦੀ ਇਹ ਕਥਾ ਭਾਈ ਭਗਤੂ ਦੇ ਦੂਸਰੇ ਪੁੱਤ੍ਰ ਜੀਉਣੇ ਦੀ ਉਲਾਦ ਦੇ ਪਰਿਵਾਰ ਵਿਚ ਪਸਰੀ। ਜੀਵਣ ਉਹ ਸਿੱਖ ਹੈਸੀ ਕਿ ਜਿਸ ਨੂੰ ਸਪਤਮ ਸਤਿਗੁਰੂ ਅਤਿ ਪਿਆਰ ਕਰਦੇ ਸੇ ਤੇ ਜਿਸ ਦੀ ਨਾਮ-ਲੀਨਤਾ ਪ੍ਰਸਿੱਧ ਸੀ। ਇਸ ਨੂੰ ਵੰਗਾਰ ਕੇ ਇਕ ਬ੍ਰਾਹਮਨ ਦੇ ਮੋਏ ਯਾ ਮਰ ਰਹੇ ਪੁਤ੍ਰ ਨੂੰ ਲੋਕਾਂ ਜਿਵਾਲ ਲਿਆ ਸੀ ਤੇ ਇਸ ਨੇ ਆਪਣੀ ਜਾਨ ਉਸਦੇ

---

੧. ਇਹ ਵਰ ਦਾਨ ਦੇਣੇ ਭਾਈ ਸੰਤੋਖ ਸਿੰਘ ਜੀ ਨੇ ਲਿਖੇ ਹਨ, ਉਨ੍ਹਾਂ ਦੇ ਲਿਖਣ ਤੋਂ ਕਿਤਨੇ ਵਰ੍ਹੇ ਹੀਂ ਮਗਰੋਂ ਮਾਲਵੇ ਵਿਚ ਨਹਿਰ ਆਈ। ਜਿਸ ਤੋਂ ਸਿੱਧ ਹੋਇਆ ਕਿ ਭਾਈ ਸੰਤੋਖ ਸਿੰਘ ਜੀ ਨੇ ਸਤਿਗੁਰਾਂ ਦੇ ਏਹ ਕਹੇ ਹੋਏ ਵਾਕ ਤਦੋਂ ਲਿਖੇ ਹਨ, ਜਦੋਂ ਨਹਿਰਾਂ ਨਹੀਂ ਮਨ ਚਲੀਆਂ। ਗੁਰੂ ਜੀ ਦਾ ਵਰ ਬੀ ਨਹਿਰਾਂ ਤੋਂ ਬਹੁਤ ਹੀ ਅਗੇਤਰਾ ਤੇ ਭਾਈ ਸੰਤੋਖ ਸਿੰਘ ਜੀ ਦਾ ਲਿਖਣਾ ਬੀ ਨਹਿਰਾਂ ਤੋਂ ਬਹੁਤ ਅਗੇਤਰਾ ਹੈ।

੨. ਸਤਿਗੁਰ ਕੇ ਜਨਮੇ ਗਵਨੁ ਮਿਟਾਇਆ।

*ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ॥ {ਤਿਲ:ਨਾਮ-੨}
ਪੁਨਾ:-ਹੈ ਹਜੂਰਿ ਕਤ ਦੂਰਿ ਬਤਾਵਹੁ॥ {ਭੈਰੋ: ਕਬੀ-੧੧}

ਬਦਲੇ ਵਿਚ ਦਿੱਤੀ ਸੀ। ਜਦੋਂ ਖਬਰ ਸਤਿਗੁਰਾਂ ਤਕ ਪੁਜੀ ਤਾਂ ਬੋਲੇ-ਤੁਸੀਂ ਬੜਾ ਪਾਪ ਕਮਾਇਆ ਹੈ ਇਕ ਮੁਰਦਾਰ ਜ਼ਿੰਦਗੀ ਨੂੰ ਜੀਵਾ ਕਰਨ ਲਈ ਤੁਸਾਂ ਮੇਰੇ ਜੀਉਂਦੇ ਪੁਤ੍ਰ ਦੀ ਜਾਨ ਭੇਟ ਦਿੱਤੀ ਹੈ।

ਇਸ ਜੀਉਣ ਦੇ ਚਾਰ ਬੇਟੇ ਸਨ, ਰਾਮਾ, ਫਤੂ, ਤਖਤਾ, ਬਖਤਾ। ਜਦ ਇਨ੍ਹਾਂ ਨੇ ਆਪਣੇ ਵੱਡੇ ਦਿਆਲੇ ਦੀ ਗੱਲ ਸੁਣੀ ਤਾਂ ਏਹ ਵੀ ਡਾਢੇ ਘਾਬਰੇ ਕਿ ਕੁਲ ਦੇ ਵੱਡੇ ਨੇ ਜੋ ਹੁਕਮ ਨਹੀਂ ਮੰਨਿਆਂ, ਇਹ ਕਿਤੇ ਸਾਰੀ ਕੁਲ ਦੀ ਅਵੱਗਜਾ ਨਾ ਹੋ ਜਾਵੇ। ਇਹ ਸੋਚ ਵਿਚਾਰ ਚਾਰੇ ਭਰਾ ਪਿੰਡੋਂ ਟੁਰਕੇ ਦਮ-ਦਮੇ ਸਾਹਿਬ ਆਏ ਤੇ ਚਰਨਾਂ ਪੁਰ ਸੀਸ ਧਰਕੇ ਬੋਲੇ:-"ਸੱਚਿਆ ਪਾਤਸ਼ਾਹ! ਕੁਲ ਦੇ ਵਡੇ ਨੇ ਆਪ ਦੀ ਬਖਸ਼ੀ ਦਾਤ ਨਹੀਂ ਲਈ, ਅਸੀਂ ਆਪ ਦੇ ਦਰ ਦੇ ਕੂਕਰ ਹਾਂ, ਝੋਲੀ ਅੱਡ ਕੇ ਖ਼ੈਰ ਲੈਣ ਆਏ ਹਾਂ, ਆਪ ਨੇ ਜੋ ਖਾਲਸਾ ਰੂਪ ਧਾਰਿਆ ਤੇ ਵਰਤਾਇਆ ਹੈ, ਸਾਨੂੰ ਬਖਸ਼ੋ? ਇਹ ਕੁਲ ਆਪ ਦੀ ਮਿਹਰ ਦੀ ਵਰੋਸਾਈ ਹੋਈ ਹੈ।" ਸਤਿਗੁਰ ਨੇ ਪ੍ਰਸੰਨ ਹੋ ਕੇ ਆਖਿਆ:"ਭਾਈ ਭਗਤੂ ਦੀ ਰੱਖ ਲਈ ਜੇ!" ਫੇਰ ਚੌਹਾਂ ਨੂੰ ਅੰਮ੍ਰਿਤ ਛਕਾਇਆ ਗਿਆ, ਰਾਮ ਸਿੰਘ, ਫਤੇ ਸਿੰਘ, ਤਖਤ ਸਿੰਘ ਤੇ ਬਖਤ ਸਿੰਘ ਚਾਰੇ ਸੂਰੇ ਗੁਰੂ ਕੇ ਸਿੰਘ ਸਜ ਗਏ।

ਇਸ ਵਾਰਤਾ ਨੂੰ ਕੁਛ ਮਹੀਨੇ ਬੀਤ ਗਏ, ਜੋ ਜੋ ਸੱਜਣ ਦਰਸ਼ਨਾਂ ਨੂੰ ਆਏ ਸਤਿਗੁਰਾਂ ਦੇ ਉਪਦੇਸ਼ ਤੇ ਕ੍ਰਿਪਾ ਤੋਂ ਸੁਖੀ ਹੋਕੇ ਗਏ। ਕਦੇ ਕਦੇ ਸਤਿਗੁਰ ਆਖਿਆ ਕਰਨ-ਰਾਮ ਸਿੰਘ! ਤੁਹਾਡੇ ਪਿੰਡ ਜਾਣ ਦੀ ਧੂਹ ਪੈਂਦੀ ਹੈ, ਤੁਸੀਂ ਮਿਲ ਜਾਂਦੇ ਹੋ, ਫੇਰ ਬੀ ਕਈ ਵੇਰ ਚੱਲਣ ਨੂੰ ਚਿੱਤ ਕੀਤਾ ਹੈ! ਰਾਮ ਸਿੰਘ ਨੇ ਕਿਹਾ ਪਾਤਸ਼ਾਹ! ਚਲੋ ਸਾਡੇ ਸੁਪਾਗ ਸਾਡਾ ਪਿੰਡ ਪਰ ਰੇਤੇ ਦਾ ਦੇਸ਼ ਹੈ, ਆਓ, ਭਾਗ ਲਾਓ। ਸਾਡੇ ਜਨਮ ਸਫਲ ਕੁਰੋ, ਪਰ ਹੈ ਆਪ ਨੂੰ ਖੇਚਲ। ਫੇਰ ਸ੍ਰੀ ਗੁਰੂ ਜੀ ਨੇ ਕਿਹਾ-ਬਈ ਚੱਲ। ਕਰ ਤਿਆਰੀ, ਅਸੀਂ ਆਵਾਂਗੇ।

ਧੰਨ ਭਾਗ ਜਾਣਕੇ ਚਾਰੇ ਭਰਾ ਚਲੇ ਗਏ। ਪਿੰਡ ਜਾਕੇ ਇਕ ਕੁੱਲਾ ਪਾਇਆ, ਡਾਢਾ ਮੋਟਾ ਥਰ ਕੱਖਾਂ ਦਾ ਉਤੇ ਪਾਇਆ ਜੋ ਤਪੇ ਨਾਂ ਤੇ ਅੰਦਰ ਕੱਕਾ ਰੇਤਾ ਵਿਛਾਕੇ ਪਾਣੀ ਪਾ ਪਾ ਕੇ ਠੰਢਾ ਠਾਰ ਕਰ ਦਿਤਾ।

ਇਕ ਦਿਨ ਚੌਜੀ ਗੁਰੂ ਜ਼ੀ ਟੁਰ ਪਏ, ਨਾਲ ਮਾਤਾ ਜੀ ਬੀ ਡੋਲੇ ਸਵਾਰ ਸਨ, ਹੋਰ ਸਿੰਘ ਬੀ ਨਾਲ ਹੋ ਲਏ। ਪਹਿਲਾਂ ਭਾਗੀਬਾਦਰ ਪਿੰਡ ਆਏ। ਨੋਕਾਂ ਨੇ ਬੜਾ ਪ੍ਰੇਮ ਕੀਤਾ, ਰਾਤ ਓਥੇ ਰਹੇ।

ਇਥੋਂ ਸ਼ਮੀਰ ਦੇ ਕੋਟ ਵਾਲੇ ਆਪਣੇ ਪਿੰਡ ਲੈ ਗਏ, ਬੜਾ ਆਦਰ ਭਾਉ ਕੀਤਾ, ਲੈ ਜਾਣ ਵਾਲਿਆਂ ਵਿਚ ਇਕ ਪ੍ਰੇਮੀ ਕਵੀ ਬਿਹਾਰੀ ਸੀ ਜੋ ਦੀਵਾਨੇ ਸਾਧਾਂ ਦਾ ਆਗੂ ਸੀ ਤੇ ਕਵੀਸ਼ਰੀ ਭੀ ਕਰਦਾ ਸੀ, ਉਸਦੀਆਂ ਮਾਝਾ ਦਿਵਾਨੇ ਸਾਧ ਧਮਾਲਾਂ ਪਾਕੇ ਗਾਵਿਆਂ ਕਰਦੇ ਸਨ। ਇਨ੍ਹਾਂ ਨੇ ਸਤਿਗੁਰਾਂ ਨੂੰ ਸੁਹਣੇ ਥਾਂ ਡੇਰਾ ਦਿਤਾ, ਆਦਰ ਭਾ ਸੇਵਾ ਕੀਤੀ ਤੇ ਫੇਰ ਇਨ੍ਹਾਂ ਧਮਾਲ ਪਾਕੇ ਦੱਸੀ ਜਿਸ ਨੂੰ ਵੇਖ ਕੇ ਸਤਿਗੁਰੂ ਜੀ ਖੁਸ਼ ਹੋਏ। ਬਿਹਾਰੀ* ਦੀਆਂ ਮਾਝਾਂ ਦੀ ਵੰਨਗੀ:-

੧. ਅੰਮਾਂ ਨੀ ਹਉਂ ਮਰਦੀ ਮਾਏ,
ਮੈਨੂੰ ਉੱਠਣ ਸੂਲ ਕਲੇਜੇ।
ਬਿਰਹੁੰ ਕਸਾਈ ਅੰਦਰ ਵੜਿਆ,
ਜਿਨ ਕੀਤੀ ਰੇਜੇ ਰੇਜੇ।
ਜਿਸ ਦਿਨ ਦੀ ਘਰ ਖੇੜੇ ਦੇ ਆਈ,
ਸੁੱਖ ਨਾ ਸੁੱਤੀ ਸੇਜੇ।
ਤਿਨਾਂ ਵਿਟਹੁੰ ਕੁਰਬਾਨ 'ਬਿਹਾਰੀ'
ਜੋ ਚਾਕ ਅਸਾਥੈਂ ਭੇਜੇ।

੨. ਕਰ ਮਸਲਤ ਦਰਿਯਾਉ ਜੇ ਤਰੀਐ,
ਮਸਲਤ ਲਾਵੇ ਬੰਨੇ।
ਕਰ ਮਸਲਤ ਵੈਰੀ ਜਿਤ ਲੀਜੇ,
ਮਸਲਤ ਦਾਵਾ ਮੰਨੇ।
ਕਰ ਮਸਲਤ ਗੜ੍ਹ ਆਕੀ ਲੀਜੇ,
ਮਸਲਤ ਲੋਹੇ ਭੰਨੇ।
ਸਭੋ ਮਸਲਤ ਸਲਾਹੇ 'ਬਿਹਾਰੀ'
ਪਰ ਇਸ਼ਕ ਨ ਮਸਲਤ ਮੰਨੇ।

੩. ਰੱਬ ਬਿਸਾਰਿਆ ਤੈਂ ਕਿਤ ਭਰਵਾਸੇ
ਤੈਂ ਕਿਉਂ ਗੁਮਾਨ ਕੀਤੋ ਈ?
ਅਵੇ ਲਾਲਚ ਲੱਗ ਤੈਂ ਜਨਮ ਗਵਾਯਾ,

*ਬਿਹਾਰੀ ਜਾਪਦਾ ਹੈ ਕਿ ਅਨੰਦਪੁਰ ਕਵੀਆਂ ਵਿਚ ਵੀ ਰਹਿ ਆਇਆ ਸੀ। ਇਸ ਕਵੀ ਦੀ ਰਚਨਾ ਪਿਛੇ ਸਫ਼ਾ ੨੧੫-੨੧੭ ਤੇ ਆ ਚੁਕੀ ਹੈ।

ਤੈਨੂੰ ਖ਼ੁਦੀ ਖ਼ਰਾਬ ਕੀਤੋਈ।
ਧਰਮਰਾਇ ਤੈਥੋਂ ਲੇਖਾ ਮੰਗੇ,
ਤੇਰਾ ਭਾਈ ਬੰਦ ਨ ਕੋਈ।
ਵੇ ਸਤਿਗੁਰ ਕੇ ਪਰਸਾਦ 'ਬਿਹਾਰੀ'
ਤੇਰੀ ਸਿਮਰਨ ਤੇ ਗਤਿ ਹੋਈ।

੫.

ਦੇਸਾਂ ਅਪਣੇ ਘਰ ਬੈਠੀ ਹੈ, ਅਤੀਸੋ ਆਈ ਹੈ, ਪਿੰਡ ਵਿਚੋਂ ਖਬਰਾਂ ਲਿਆਈ ਹੈ ਕਿ ਤੇਰਾ ਸ਼੍ਰੀਕਾ ਭਾਈ ਜੀਉਣ ਦਾ ਪਰਿਵਾਰ, ਜੋ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਹੈ, ਗੁਰੂ ਜੀ ਕੇ ਹਜ਼ੂਰ ਬਹੁਤ ਜਾਂਦਾ ਹੈ ਤੇ ਗੁਰੂ ਤੋਂ ਖੁਸ਼ੀਆਂ ਲੈਂਦਾ ਹੈ। ਗੁਰੂ ਜੀ ਕਦੇ ਕਦੇ ਰਾਮ ਸਿੰਘ ਨੂੰ ਕਹਿੰਦੇ ਰਹੇ ਹਨ ਕਿ ਤੇਰੇ ਪਿੰਡ ਚੱਲਣਾ ਹੈ। ਇਹ ਖਬਰ ਸੁਣਕੇ ਦੇਸਾਂ ਬਹੁਤ ਖੁਸ਼ੀ ਹੋਈ ਕਿ ਹੁਣ ਦਰਸ਼ਨ ਹੋਣਗੇ। ਫੇਰ ਅਤੀਸੋ ਨੇ ਦੱਸਿਆ ਕਿ ਰਾਮ ਸਿੰਘ ਆਦਿਕਾਂ ਨੇ ਆਪਦੇ ਉਤਾਰੇ ਵਾਸਤੇ ਪਿੰਡੋਂ ਬਾਹਰ ਬੜੇ ਸੁਹਣੇ ਛਾਉਂ ਹੇਠ ਇਕ ਕੱਖਾਂ ਦਾ ਵਡਾ ਬੰਗਲਾ ਪੁਆਯਾ ਹੈ ਤੇ ਕੱਕੀ ਰੇਤ ਵਿਛਾਕੇ ਉਸ ਨੂੰ ਠਾਰ ਰਹੇ ਹਨ। ਫੇਰ ਇਕ ਦਿਨ ਅਤੀਸੋ ਨੇ ਦੱਸਿਆ ਕਿ ਮਹਾਰਾਜ ਟੁਰ ਬੀ ਪਏ ਹਨ ਤੇ ਅੱਜ ਕਲ ਆਉਣ ਵਾਲੇ ਹਨ। ਦੇਸਾਂ ਲਈ ਸੱਭੇ ਖੁਸ਼ੀ ਦੀਆਂ ਖਬਰਾਂ ਸਨ, ਪਰ ਵਿਚ ਇਕ ਪੀੜਾ ਬੀ ਸੀ। ਉਹ ਇਹ ਸੀ ਕਿ ਇਹ ਸਤਵੰਤੀ ਅਕਸਰ ਘਰੇ ਰਹਿੰਦੀ ਤੇ ਬਾਹਰ ਅੰਦਰ ਖੁਲ੍ਹੀ ਨਹੀਂ ਫਿਰਦੀ ਸੀ, ਅਰ ਭਾਈਕਿਆਂ ਦਾ ਘਰ ਪਤਵੰਤਾ ਹੋਣ ਕਰਕੇ ਤੇ ਆਪ ਇਕੱਲੀ ਹੋਣ ਕਰਕੇ ਅੰਦਰੇ ਰਹਿਣਾ ਚੰਗਾ ਜਾਣਦੀ ਸੀ। ਨਿਮਾਣੀ ਹੋਣ ਕਰਕੇ ਸ਼ਰੀਕੇ ਦੀਆਂ ਬੀਬੀਆਂ ਇਸ ਨੂੰ ਪਿਆਰ ਦੀ ਥਾਂ ਕੁਛ ਨਿਰਾਦਰ ਨਾਲ ਤੱਕਦੀਆਂ ਸਨ। ਇਸ ਕਰਕੇ 'ਦੇਸਾਂ' ਆਪ ਸਭ ਤੋਂ ਪਰੇ ਪਰੇ ਰਹਿੰਦੀ ਸੀ। ਉਸ ਨੂੰ ਡਰ ਸੀ ਕਿ ਸ਼ਰੀਕੇ ਨੇ ਮੈਨੂੰ ਸੱਦਣਾ ਨਹੀਂ, ਆਪੇ ਗਈ ਤਾਂ ਖਬਰੇ ਭਤੀਏ ਜੇਠ ਕੋਈ ਗੁੱਸੇ ਹੋਣ ਕਿ ਸਾਊ ਤ੍ਰੀਮਤਾਂ ਦਾ ਕੀ ਕੰਮ ਹੈ ਮਰਦਾਵੇਂ ਥਾਵੀਂ ਆਉਣ ਦਾ। ਤੇ ਜੇ ਸਤਿਗੁਰੂ ਜਿਸ ਵੇਲੇ ਸ਼ਰੀਕੇ ਦੇ ਘਰ ਆਏ ਅਤੇ ਮੈਂ ਉਥੇ ਗਈ ਤਾਂ ਸ਼੍ਰੀਕਣੀਆਂ ਬਲੀਆਂ ਮਾਰਨਗੀਆਂ, ਮਨ ਦਾ ਕੋਈ ਵਿਸਾਹ ਨਹੀਂ ਕਿ ਉਨ੍ਹਾਂ ਦੀਆਂ ਬੋਲੀਆਂ ਨੂੰ ਝੱਲੇਗਾ ਕਿ ਨਹੀਂ। ਹੌਸਲਾ ਤਾਂ ਬੰਨ੍ਹ ਖੜੋਤੀ ਕਿ ਸਭ ਨਿਰਾਦਰ ਸਹਾਰ ਕੇ ਬੀ ਸ਼ਰੀਕੇ ਦੇ ਘਰ ਜਾਕੇ ਮੱਥਾ ਟੇਕ ਆਵਾਂਗੀ। ਇਸ ਨਿਮਾਣੀ ਨੇ ਮੁੱਦਤਾਂ ਲਾਕੇ ਇਕ ਖੇਸ ਆਪਣੇ ਹੱਥੀਂ ਸਤਿਗੁਰ ਲਈ ਤਿਆਰ ਕੀਤਾ ਸੀ*। ਸੂਤ ਐਸਾ ਬ੍ਰੀਕ ਕੱਤਿਆ ਸੀ ਕਿ ਖੇਸ ਡਾਢਾ ਮੁਲਾਇਮ ਰੇਸ਼ਮ ਵਰਗਾ ਬਰੀਕ ਤੇ ਤੋਲ ਵਿਚ ਡਾਢਾ ਹਲਕਾ ਬਣਿਆਂ ਸੀ, ਕੰਨੀਆਂ ਤੇ ਡੋਰੇ ਰੇਸ਼ਮ ਦੇ ਪੁਵਾਏ ਸਨ। ਇਹ ਰੇਸ਼ਮ ਬੀ ਹੱਥੀਂ ਤਣਿਆਂ ਸੀ ਫੇਰ ਕਿਨਾਰੇ ਦੀ ਕਿੰਗਰੀ ਸੂਈ ਤੇ ਰੇਸ਼ਮ ਨਾਲ ਕੱਢੀ ਸੀ। ਕਈ ਵਰ੍ਹੇ ਦੀ ਭਜਨ ਭਰੀ ਲਗਨ ਨਾਲ ਇਹ ਸ਼ੈ ਤਿਆਰ ਹੋਈ ਸੀ! ਦਿਲ ਤਾਂ ਉਸਦਾ ਜਾਣਦਾ ਸੀ ਕਿ ਇਹ ਖੇਸ ਇਕ ਦੀਨ ਦੁਨੀ ਦੇ ਵਾਲੀ ਅੱਗੇ ਕੀ ਸ਼ੈ ਹੈ? ਪਰ ਫੇਰ ਚਾਹੁੰਦੀ ਸੀ ਕਿ ਭੇਟ ਕਰਾਂ ਅਰ ਜਦ ਸਤਿਗੁਰ ਜੀ ਦੇ ਅੱਗੇ ਧਰਾਂ ਤਾਂ ਕਿਸੇ ਦੇ ਸਾਮ੍ਹਣੇ ਨਾ ਧਰਾਂ, ਕੋਈ ਬਿਧ ਬਣੇ ਜੋ ਮੈਂ ਇਕੱਲੀ ਹੋਵਾਂ ਤੇ ਸਤਿਗੁਰ ਹੋਣ, ਫੇਰ ਮੈਨੂੰ ਅਗੇ ਧਰਦਿਆਂ ਸ਼ਰਮ ਨਾ ਆਵੇ।

ਬੀਬੀ ਦੇ ਦਿਲੀ ਮਰਮਾਂ ਨੂੰ ਅਤੀਸੋ ਜਾਣਦੀ ਸੀ, ਉਹ ਕਦੇ ਕਦੇ ਕੋਈ ਆਪਣੀ ਅਕਲ ਦਾ ਰਮਤਾ ਦਸਦੀ ਬੀ ਹੁੰਦੀ ਸੀ, ਪਰ ਉਹ ਦੇਸਾਂ ਦੇ ਪਿਆਰ ਵਾਲੇ ਦਿਲ ਨੂੰ ਕਦੇ ਪੁਗਦਾ ਸੀ ਕਦੇ ਨਾ। ਅਤੀਸੋ ਨੇ ਦੇਸਾਂ ਨੂੰ ਸਲਾਹ ਦਿਤੀ ਕਿ ਤੁਸਾਂ ਧਿਆਨ ਧਰਕੇ ਤੇ ਨਾਮ ਜਪਕੇ ਖੇਸ ਬਣਾ ਲਿਆ। ਸੁਰਤ ਦਾ ਅਭਯਾਸ ਪਯਾਰ ਪ੍ਰੇਤੇ ਇਕ ਰੁਖ਼ ਰਹਿਣ ਦਾ ਪਕਾਉਣਾ ਸੀ, ਉਹ ਪੱਕ ਗਿਆ, ਹੁਣ ਇਹ ਪਕੜ ਛੱਡ ਦਿਓ ਕਿ ਖੇਸ ਇਕ ਵੇਰ ਸਤਿਗੁਰਾਂ ਦੇ ਚਰਨਾਂ ਨਾਲ ਛੁਹ ਜਾਵੇ। ਪਰ ਦੇਸਾਂ ਦੇ ਭਗਤੀ ਭਾਵ ਦੀ ਡੂੰਘਾਈ ਤਕ ਅਤੀਸੋ ਨਹੀਂ ਸੀ ਅੱਪੜ ਸਕਦੀ। ਇਸੇ ਤਰ੍ਹਾਂ ਇਕ ਦਿਨ ਉਸ ਨੇ ਪੁੱਛਿਆ ਸੀ ਕਿ ਗੁਰੂ ਤਾਂ ਉਪਦੇਸ਼ ਦੇਂਦੇ ਹਨ ਪਰ ਤੁਸੀਂ ਲੋਕ ਗੁਰਾਂ ਨਾਲ ਐਉਂ ਸਨਬੰਧਤ ਹੁੰਦੇ ਹੋ ਕਿ ਮਾਨੋਂ ਗੁਰੂ ਕੋਈ ਨੇੜੇ ਦਾ ਸਾਕੇਦਾਰ ਹੈ। ਇਸ ਪਰ ਬੀਬੀ ਦੇਸਾਂ ਨੇ ਕਿਹਾ ਸੀ-ਮੈਂ ਤਾਂ ਕੰਗਾਲ ਹਾਂ, ਸਾਡੇ ਪੰਥ ਸਾਰੇ ਵਿਚ ਜੀ ਜੀ ਉਨ੍ਹਾਂ ਨੂੰ ਆਪਣਾ ਸਾਕੇਦਾਰ ਤੋਂ ਉਤੇ, ਨਿਰਾ ਅਪਣਾ ਤੇ ਸਾਰਾ ਆਪਣਾ ਸਮਝਦਾ

*ਮਾਲਵੇ ਦੀਆਂ ਸਾਖੀਆਂ ਵਾਲੀ ਪੋਥੀ ਦੀ ਸਾਖੀ ੮੪।

ਹੈ। ਕਾਰਨ ਇਹ ਹੈ ਕਿ ਇਹ ਗੁਰ-ਅਵਤਾਰ ਹੈ ਅਰ ਪਿਛਲੇ ਸਾਰਿਆਂ ਤੋਂ ਭਾਰੀ ਅਵਤਾਰ ਹੈ। ਇਹ ਸ੍ਰਿਸ਼੍ਟੀ ਨੂੰ ਅਪਨਾਕੇ ਪਿਆਰ ਕਰਦਾ ਹੈ ਤੇ ਸਾਡੀਆਂ ਪੀੜਾਂ ਨਾਲ ਪੀੜਤ ਹੁੰਦਾ ਹੈ। ਗੁਰੂ ਬ੍ਰਹਮ ਗਿਆਨੀ ਬ੍ਰਹਮ ਰੂਪ ਤੇ ਨਿਰਲੇਪ ਹੈ, ਪਰ ਸਾਡੀ ਪੀੜਾ ਤੋਂ ਅਛੋਭ ਨਹੀਂ। ਇਹ ਐਸਾ ਵਾਧਾ ਹੈ ਜੋ ਸਭ ਨੂੰ ਉਨ੍ਹਾਂ ਦਾ ਬਨਾਉਂਦਾ ਹੈ। ਹੁਣ ਦੇਖੋ ਕੀ ਵਰਤ ਰਿਹਾ ਹੈ? ਤੁਰਕ ਰਾਜ ਦੀ ਪੀੜਾ ਕੋਈ ਨਵੀਂ ਗਲ ਨਹੀਂ ਹੈ? ਸਦੀਆਂ ਤੋਂ ਇਹ ਰਿੱਚੀ ਦਾ ਫੋੜਾ ਦੁਖ ਦੇ ਰਿਹਾ ਹੈ, ਪਰ ਸਾਡੀ ਇਸ ਪੀੜਾ ਨੂੰ ਗੁਰੂ ਜੀ ਨੇ ਅਪਣੀ ਪੀੜਾ ਮੰਨਿਆ ਹੈ, ਫਕੀਰ ਹੋਕੇ ਸਹਿਨਸ਼ਾਹ ਨਾਲ ਜੰਗ ਰਚਾ ਦਿਤਾ ਨੇ। ਧਨ, ਧਾਮ, ਸੁਖ, ਗ੍ਰਿਹ, ਪੁਤ੍ਰ, ਸਰਬੰਸ ਵਾਰ ਘਤਿਆ ਨੇ। ਅਸਾਂ ਵਿਚੋਂ ਬੇਦਾਵੇ ਬੀ ਦੇਣ ਵਾਲੇ ਸਨ, ਤਲਬਾਂ ਲੈਣ ਦੀ ਖ਼ਾਤਰ ਸਾਮ੍ਹਣੇ ਆਕੀ ਹੋ ਖਲੋਣ ਵਾਲੇ ਬੀ ਸਨ, ਪਰ ਉਨ੍ਹਾਂ ਨੇ ਸਾਡੇ ਉਤੋਂ ਆਪਣਾ ਦਾਵਾ ਨਹੀਂ ਛੱਡਿਆ। ਕਿੰਨੇ ਖੇਦ ਸਹਾਰੇ ਨੇ, ਫੇਰ ਸਾਡੇ ਉਧਾਰ ਵਿਚ ਲਗੇ ਰਹੇ ਹਨ। ਓਹ ਆਪਣੀ ਆਤਮ-ਸੱਤਾ ਨਾਲ ਹਰ ਸ਼ਰਨਾਗਤ ਨੂੰ ਜਿਵਾਲਦੇ ਹਨ। ਹਰ ਇਕ ਸਿੱਖ ਸਿੱਧਾ ਉਨ੍ਹਾਂ ਦੇ ਆਤਮਾ ਦੀ ਛੂਹ ਤੋਂ ਜੀ ਉਠਿਆ ਹੈ। ਜੀਵੇ ਹੋਏ ਪ੍ਰਤੀਤ ਕਰਦੇ ਹਨ ਕਿ ਗੁਰੂ ਮੇਰਾ ਹੈ, ਇਹ ਬਾਪੂ ਹੈ ਚਾਹੋ ਮਾਂ ਹੈ, ਪਰ ਮੇਰਾ ਹੈ ਤੇ ਸਾਰਾ ਮੇਰਾ ਹੈ।

ਇਸ ਤਰ੍ਹਾਂ ਦੀਆਂ ਵਾਰਤਾਂ ਵਿਚ ਅਤੀਸੋ ਬੀ ਪ੍ਰੇਮਣ ਤੇ ਸਿਮਰਨ ਵਾਲੀ ਹੁੰਦੀ ਜਾਂਦੀ ਹੈ ਤੇ ਹਰ ਹਾਲ ਆਪਣੀ ਸਹੇਲੀ ਦੀ ਮਦਦ ਕਰਦੀ ਹੈ ਪਰ ਅੱਜ ਦੀ ਪੀੜਾ ਦਾ ਦਾਰੂ ਅਜੇ ਇਸਨੂੰ ਬੀ ਨਹੀਂ ਸੁੱਝਾ ਕਿ ਜਿਸ ਨਾਲ ਦੇਸਾਂ ਦੀ ਨਿਸ਼ਾਖ਼ਾਤਰ ਹੋ ਜਾਵੇ।

ਆਖ਼ਰ ਉਹ ਵੇਲਾ ਆਇਆ ਕਿ ਦਾਤਾ ਜੀ ਪਿੰਡ ਆਏ। ਕੱਖਾਂ ਦੇ ਕੁੱਲੇ ਵਿਚ ਆ ਥਿਰੇ, ਠੰਢਾ ਠਾਰ ਥਾਂ ਦੇਖ ਪ੍ਰਸੰਨ ਹੋਏ। ਪ੍ਰਸ਼ਾਦ ਤਿਆਰ ਹੋਇਆ, ਗੁਰੂ ਜੀ ਤੇ ਸੰਗਤ ਨੇ ਛਕਿਆ। ਮਹਾ-ਰਾਜ ਕਿਸੇ ਕਿਸੇ ਵੇਲੇ ਅਚਾਨਕ ਚਾਰ ਚੁਫੇਰੇ ਤੱਕਦੇ ਹਨ ਜਿਸਦਾ ਕਾਰਨ ਕਿਸੇ ਦੀ ਸਮਝੇ ਨਹੀਂ ਪੈਂਦਾ। ਰਾਤ ਪਈ ਠੰਢ ਵਰਤੀ ਪਰ ਅਜੇ ਦਾਤੇ ਨੂੰ ਧੂ ਪੈਂਦੀ ਹੈ। ਰਾਤ ਬੀਤ ਗਈ, ਪਰ ਸਾਰੀ ਰਾਤ ਸਤਿ-ਗੁਰ ਜੀ ਨੂੰ ਐਉਂ ਜਾਪੇ ਜਿਵੇਂ ਕੋਈ ਪ੍ਰੇਮੀ ਸਿਮਰਨ ਵਿਚ ਹੈ। ਦਿਨ ਹੋਇਆ, ਅੱਜ ਪ੍ਰਸਾਦ ਰਾਮ ਸਿੰਘ ਦੇ ਘਰ ਸੀ, ਸ੍ਰੀ ਗੁਰੂ ਜੀ ਨੇ ਉਥੇ ਜਾਕੇ ਛਕਣਾ ਸੀ। ਮਾਤਾ ਜੀ ਤਾਂ ਭਾਈਕਿਆਂ ਦੇ ਘਰ ਪਹਿਲੇ ਅੱਪੜ ਗਏ, ਗੁਰੂ ਜੀ ਘੋੜੇ ਤੇ ਚੜ੍ਹਕੇ ਪਿਛੋਂ ਚੱਲੇ, ਰਾਮ ਸਿੰਘ ਘੋੜੇ ਦੇ ਅਗੇ ਅਗੇ ਰਾਹ ਦੱਸਣ ਲਈ ਟੁਰਿਆ। ਸਾਹਿਬ ਹਰ ਕਦਮ ਤੇ ਕੁਛ ਤੱਕਣ, ਫੇਰ ਟੁਰ ਪੈਣ, ਜਦ ਪਿੰਡ ਵੜੇ ਤਾਂ ਇਕ ਥਾਵੇਂ ਘੋੜਾ ਅਝਕਿਆ। ਸ੍ਰੀ ਗੁਰੂ ਜੀ ਦੇ ਦਿਲ ਨੇ ਕੋਈ ਪਛਾਣਵੀਂ ਖਿੱਚ ਖਾਧੀ। ਘੋੜਾ ਥੰਮ੍ਹ ਲਿਆ, ਰਾਮ ਸਿੰਘ ਨੇ ਅਵਾਜ਼ ਦਿੱਤੀ-ਮਹਾਰਾਜ ਜੀ! ਘੋੜਾ ਲਈ ਆਓ! ਮੇਰੇ ਘਰ ਦਾ ਰਸਤਾ ਅੱਗੇ ਹੈ, ਪਰ ਗੁਰੂ ਜੀ ਛਾਲ ਮਾਰ ਕੇ ਦੇਸਾਂ ਦੀ ਡੇਉਢੀ ਜਾ ਵੜੇ। ਉਹ ਅੱਗੇ ਡੇਉਢੀ ਦੇ ਬਾਹਰਲੇ ਬੂਹੇ ਦੇ ਤਾਕ ਨਾਲ ਚੰਬੜੀ ਖੜੀ ਸੀ, ਐਉਂ ਕਿ ਜਾਪੇ ਨਾ ਜੋ ਕੋਈ ਖੜਾ ਹੈ, ਪਰ ਉਸ ਨੂੰ ਲੰਘਦੇ ਜਾਂਦੇ ਦਾਤਾ ਜੀ ਦੇ ਦਰਸ਼ਨ ਹੋ ਜਾਣ। ਜਦ **'ਨਾਥ ਅਨਾਥਾਂ ਬਾਣ ਧੁਰਾਂ ਦੀ'** ਦੇ ਬਿਰਦ ਵਾਲੇ ਬਿਰਦਪਾਲ, ਦੀਨ ਦੁਨੀ ਦੇ ਮਾਲਕ ਡੇਉਢੀ ਅੰਦਰ ਆ ਵੜੇ ਤਾਂ ਬੀਬੀ ਦੇਸਾਂ ਨੇ ਤੱਕੇ, ਤੱਕੇ ਤੇ ਧਾਕੇ ਚਰਨਾਂ ਤੇ ਡਿੱਗ ਪਈ:-

"ਓ ਮੇਰੇ ਆਪਣੇ ਸਤਿਗੁਰ! ਓ ਮੇਰੇ ਦਾਤੇ ਸਤਿਗੁਰ! ਓ ਗ਼ਰੀਬਾਂ ਦੇ ਪਿਆਰੇ ਸਤਿਗੁਰ! ਓ ਨੀਚਾਂ ਦੇ ਪ੍ਰਤਿਪਾਲ ਸਤਿਗੁਰ!"

ਹਾੜੇ ਸਨ ਜੋ ਬੇਵਸੇ ਨਿਕਲ ਗਏ ਤੇ ਦੇਸਾਂ ਚਰਨਾਂ ਨਾਲ ਭੌਰੇ ਵਾਂਙੂ ਚੰਬੜ ਗਈ। ਉਹ ਸੁਹਾਵੇ ਜੋੜੇ ਵਾਲੇ ਚਰਨ ਮੱਥੇ ਨੂੰ ਛੋਹੇ, ਮਥਾ ਠਰ ਗਿਆ। ਬੀਬੀ ਦਾ ਆਪਾ ਪਾਰਸ ਛੂਹ ਲਗਣ ਵਾਂਙੂ ਦਮਕ ਉੱਠਿਆ। ਸ਼ੁਕਰ ਦਾ ਭਾਵ ਉਸਦੇ ਆਪੇ ਨੂੰ ਮਾਨੋਂ ਚਰਨਾਂ ਵਿਚ ਸਮਾ ਗਿਆ। ਉਸ ਦਿਲਾਂ ਦੇ ਠੰਢ ਪਾਉਣ ਵਾਲੇ ਅਰਸ਼ੀ ਨੂਰ ਨੇ ਬੀਬੀ ਦੀ ਆਤਮਾ ਨੂੰ ਆਪਣੀ ਸੁਰਤ ਨਾਲ ਉਹ ਰੱਬੀ ਜੋਤ ਦਾ ਰੰਗ ਲਾਇਆ ਕਿ:-

"ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥" ਦੇ ਮਿਲਾਪ ਦਾ ਲਹਿਰਾ ਬੀਬੀ ਦੇ ਆਤਮਾ ਨੇ ਖਾਧਾ:-

'ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁ ਪ੍ਰਸੰਨ॥੧॥' ਪ੍ਰਸੰਨ ਜੁ ਹੋ ਗਿਆ। ਪ੍ਰਸੰਨ ਹੋਏ ਨੇ ਅਕਾਲ, ਅਸੀਮਾ, ਅਨੰਤ, ਅਰੂਪ, ਅਰੰਗ

ਅਰੇਖ ਵਿਚ ਉਸ ਦੀ ਆਤਮਾਂ ਦਾ ਲੜ ਛੁਹਾ ਦਿੱਤਾ। ਦੇਸਾਂ ਕ੍ਰਿਤ ਕ੍ਰਿਤ ਹੋ ਗਈ। ਬੀਬੀ ਦੇ ਪ੍ਰੇਮ ਉਛਾਹ ਨਾਲ ਆਪ ਬੀ ਗਦ ਗਦ ਹੋ ਰਹੇ ਸੇ। ਹੁਣ ਆਪ ਨਿਵੇਂ, ਹਾਂ ਜੀ! ਸ਼ਹਿਨਸ਼ਾਹ ਝੁਕੇ, ਢੱਠੀ ਪਈ ਤੇ ਚਰਨ ਕਮਲ ਦੀ ਮੌਜ ਵਿਚ ਸਮਾਈ ਦਾ ਸਿਰ ਪਿਆਰ ਨਾਲ ਠਕੋਰਿਆ, ਕਰ ਕਮਲਾਂ ਨਾਲ ਚਾਇਆ। ਕੰਬਦੀ ਕੰਬਦੀ ਉੱਠੀ, ਨੈਣ ਭਰ ਤੱਕਿਆ, ਪਰ ਜਲਵਾ ਝੱਲ ਨਾ ਹੋਇਆ, ਮੁੜ ਚਰਨਾਂ ਤੇ ਢਹਿ ਪਈ। ਮੁੜ ਦਾਤੇ ਨੇ ਉਠਾਇਆ, ਮੁੜ ਢੱਠੀ, ਮੁੜ ਦਾਤੇ ਨੇ ਚਾਇਆ ਤੇ ਵਰ ਦਿਤਾ- "ਉਠ ਬੀਬੀ! ਤੇਰੀ ਸਾਂਈ ਦਰ ਸਮਾਈ। ਨਿਹਾਲ ਬੀਬੀ! 'ਭਾਈ ਭਗਤੂ-ਪਰਵਾਰ' ਧੰਨ, ਧੰਨ ਸਿੱਖੀ!"

ਉਹ ਨਿਮਾਣਾ ਖੇਸ, ਜੋ ਬੀਬੀ ਦੀ ਕੱਛ ਵਿਚ ਸੀ, ਜਿਸਦਾ ਲਾਲ ਕੰਨੀ ਵਾਲਾ ਲੜ ਲਮਕਦਾ ਦਿੱਸ ਰਿਹਾ ਸੀ, ਡਾਢੇ ਪਿਆਰ ਨਾਲ ਸਤਿਗੁਰ ਨੇ ਖਿੱਚ ਲਿਆ।

'ਇਕੁ ਤਿਲੁ ਨਹੀ ਭੰਨੈ ਘਾਲੇ॥'

ਨਿਮਾਣਿਆਂ ਦੀ ਕਾਰ, ਨਿੱਕੇ ਦਿਲਾਂ ਦਾ ਪਿਆਰ, ਕਿਵੇਂ ਕਬੂਲਦਾ ਹੈ? ਖੇਸ ਹੇਠ ਵਿਛਾਉਣ ਲਈ ਸੀ, ਊਹਾ ਖੇਸ ਛਾਤੀ ਨਾਲ ਲਾ ਕੇ ਆਖਦਾ ਹੈ:-ਵਾਹਿਗੁਰੂ ਦਾ ਨਾਂ ਲੈ ਲੈ ਕੇ ਕੱਤਿਆ ਸੂਤ

ਰੂੰ ਰੂੰ ਵਿੱਚ ਤੂੰ, ਲੂੰ ਲੂੰ ਵਿਚ ਤੂੰ।
ਤੂੰਈਂ ਦਾ ਤਾਣਾ, ਤੂੰਈਂ ਦਾ ਪੇਟਾ।
ਤੂੰਈਂ ਦਾ ਕੱਤਣ ਤੂੰਈਂ ਦਾ ਤੁੰਮਣ।
ਤੂੰਈਂ ਦਾ ਖੇਸ ਤੂੰਈਂ ਦਾ ਵੇਸ।
ਤੂੰਈਂ ਦੀ ਮਾਈ, ਤੂੰਈਂ ਵਿਚ ਸਮਾਈ।

ਮਨੁੱਖ ਦੀ ਦਿਲੀ ਪੀੜਾ ਨਾਲ ਆਪਣਾ ਦਿਲ ਲਾਕੇ ਪੀੜਾ ਹਰਨ ਵਾਲੇ ਦਾਤੇ ਦੇ ਆਪਣੇ ਨੈਣਾਂ ਵਿਚ-ਇਲਾਹੀ ਜੋਤ ਵਾਲੇ ਨੈਣਾਂ ਵਿਚ-ਦੋ ਤ੍ਰੇਪੇ ਕਿਸੇ ਡਾਢੇ ਅਰਸ਼ੀ ਪਿਆਰ ਦੇ ਭਰ ਆਏ। ਖੇਸ ਫੇਰ ਬੀਬੀ ਨੂੰ ਦੇਕੇ ਗੁਰੂ ਜੀ ਬੋਲੇ: "ਬੀਬੀ ਮੇਰੀ ਅਮਾਨਤ ਰੱਖ, ਮੈਂ ਆਕੇ ਰੋਟੀ ਖਾਸਾਂ।" ਇਹ ਕਹਿੰਦੇ ਤੇ ਸਿਰ ਤੇ ਇਕ ਪਿਆਰ ਦਾ ਦਿਲਾਸਾ ਦੇਂਦੇ ਆਪ ਬਾਹਰ ਨਿਕਲੇ, ਬਿਜਲੀ ਦੀ ਫੁਰਤੀ ਨਾਲ ਘੋੜੇ ਤੇ ਚੜ੍ਹੇ ਤੇ ਉਡੀਕਦੇ ਰਾਮ ਸਿੰਘ ਦੇ ਬੂਹੇ ਜਾ ਉਤਰੇ। ਇਧਰ ਅਤੀਸੋ ਦੇਸਾਂ ਨੂੰ ਬਾਹੋਂ ਫੜਕੇ ਅੰਦਰ ਲੈ ਗਈ। ਖੇਸ ਅਤੀਸੋ ਨੇ ਅਦਬ ਨਾਲ ਉੱਚੀ ਥਾਵੇਂ ਧਰ ਦਿਤਾ ਤੇ ਫਿਰ ਆਪ ਕਿਸੇ ਰਸ ਵਿਚ ਡੁੱਬੀ ਮਗਨਾਨੰਦ ਭੈਣ ਨੂੰ ਸਹਿਜੇ ਸਹਿਜੇ ਘੁੱਟਣ ਦੱਬਣ ਲਗ ਪਈ।

ਰਾਮ ਸਿੰਘ ਆਪਣੇ ਵਿਹੜੇ ਲੈ ਜਾਕੇ ਖੁਸ਼ੀ ਹੋਇਆ, ਉਤਾਰਾ ਉੱਪਰਲੇ ਚੁਬਾਰੇ ਦੇਣਾ ਸੀ, ਪਰ ਚੁਬਾਰੇ ਨੂੰ ਪੌੜੀ ਨਾਲ ਦੇ ਘਰੋਂ ਸੀ। ਇਹ ਘਰ ਬਖਤੂ ਸਿੰਘ ਸ਼ਰੀਕ ਦਾ ਸੀ, ਸ਼ਰੀਕ ਦੇ ਘਰੋਂ ਗੁਰੂ ਜੀ ਨਾ ਲੰਘਣ, ਇਹ ਕਾਈ ਅਜੇ ਰਾਮ ਸਿੰਘ ਦੇ ਅੰਦਰ ਸੀ, ਸੋ ਉਸ ਨੇ ਹੁਣ ਗੁਰੂ ਜੀ ਨੂੰ ਆਪਣੇ ਵਿਹੜਿਓਂ ਕਾਠ ਦੀ ਪਉੜੀ ਰਸਤੇ ਉੱਪਰ ਚੜ੍ਹਾ-ਇਆ। ਉਪਰ ਜਾਕੇ ਜਦ ਸਿੱਧੀ ਮਿੱਟੀ ਦੀ ਪਉੜੀ ਨਾਲ ਦੇ ਘਰੋਂ ਵੇਖੀ ਤਾਂ ਸਤਿਗੁਰ ਜੀ ਬੋਲੇ:-

ਇਹ ਕਜਾ ਰਾਮ ਸਿੰਘ ਤੈਂ ਕੀਨਾ। ਕਠਨ
ਥਾਨ ਕੋ ਮਾਰਗ ਦੀਨਾ। ਕਰਤਿ ਸ਼ਰੀਕਾ
ਇਤਹਿ ਚਢਾਏ। ਐਸੇ ਨਹਿੰ ਤੁਝ ਕੋ ਬਨਿ
ਆਏ॥੩੨॥ {ਗੁ: ਪ੍ਰ: ਸੂਰਜ}

ਖੈਰ! ਰਾਤ ਗੁਰੂ ਜੀ ਉਸੇ ਚੁਬਾਰੇ ਰਹੇ। ਉਥੇ ਹੀ ਪ੍ਰਸ਼ਾਦ ਰਾਤ ਦਾ ਛਕਿਆ। ਸਵੇਰੇ ਉੱਠਕੇ ਉਥੇ ਹੀ ਇਸ਼ਨਾਨ ਕੀਤਾ। ਰਾਮ ਸਿੰਘ ਅਜੇ ਤਿਆਰੀ ਹੀ ਕਰ ਰਿਹਾ ਸੀ ਕਿ ਦੀਨਾ ਨਾਥ ਜੀ ਮਿੱਟੀ ਦੀ ਪਉੜੀ ਰਸਤਿਓਂ ਹੇਠਾਂ ਉਤਰ ਗਏ, ਤੇ ਬਖਤ ਸਿੰਘ ਤਖਤ ਸਿੰਘ ਦੇ ਵਿਹੜੇ ਜਾ ਪਹੁੰਚੇ। ਦੋਵੇਂ ਭਰਾ ਦੌੜਕੇ ਚਰਨੀ ਢੱਠੇ, ਪਲੰਘ ਡਾਹਿਆ, ਆਪ ਨੂੰ ਉੱਤੇ ਬਿਠਾਇਆ, ਚਰਨ ਚੁੰਮੇ ਤੇ ਸਦਕੇ ਸਦਕੇ ਹੋ ਗਏ। "ਧੰਨ ਹੇ ਦਿਲਾਂ ਦੇ ਜਾਣਨਹਾਰ! ਇਕ-ਨਜ਼ਰ ਵੇਖਣ-ਹਾਰ ਪਿਆਰ ਦਾਤੇ! ਧੰਨ ਤੂੰ" ਕਹਿਕੇ ਉਸਤਤਿ ਗਾਵੀਂ। ਪਰ ਉਹ ਵਿਤਕਰੇ ਦੀਆਂ ਪਾਲਾਂ ਢਾਹੁਣ ਵਾਲਾ ਅਜੇ ਹੋਰ ਨੀਵੇਂ ਪਾਸੇ ਮਿਹਰ ਦੀ ਰੌ ਵਗਾਈ ਲੋਚਦਾ ਹੈ। ਰਾਮ ਸਿੰਘ ਫਤੇ ਸਿੰਘ ਬੀ ਹੁਣ ਆ ਗਏ ਸਨ। ਬਖਤ ਸਿੰਘ ਦਾ ਇਕ ਬੱਚਾ ਸਤਿਗੁਰਾਂ ਦੀ ਗੋਦੀ ਆ ਬੈਠਾ। ਰਾਮ ਸਿੰਘ ਨੇ ਝਿੜਕਿਆ, ਕਹਿਣ ਲੱਗਾ:'ਚਰਨੀ ਲੱਗ ਮੂਰਖ! ਮਹਾਂ ਪੁਰਖਾਂ ਦੀ ਬੇਅਦਬੀ ਕਰਦਾ ਹੈਂ?' ਗਲੇ ਲਾਕੇ ਦਾਤੇ ਨੇ ਆਖਿਆ:'ਰਾਮ ਸਿੰਘ! ਨਾ ਝਿੜਕ, ਇਹ ਬੱਚਾ ਇਕ ਉੱਚਾ ਪੁਰਖ ਹੋਵੇਗਾ'। ਇਉਂ ਕਹਿਕੇ ਆਪ ਉਠੇ। ਕਹਿੰਦੇ ਹਨ ਕਿ ਵਿਹੜੇ ਦੀ ਪਰਲੀ ਕੰਧ ਵਿਚ ਇਕ ਬੂਹਾ ਕੱਚੀਆਂ ਇੱਟਾਂ

ਨਾਲ ਚਿਣਕੇ ਬੰਦ ਕੀਤਾ ਹੋਇਆ ਸੀ। ਇਥੇ ਆਕੇ ਦਾਤੇ ਨੇ ਹਲਕਾ ਜਿਹਾ ਧੱਕਾ ਪੈਰ ਦਾ ਦਿਤਾ ਤਾਂ ਇਹ ਚਿਣੀ ਹੋਈ ਕੰਧ ਪਰਲੇ ਪਾਸੇ ਜਾ ਪਈ, ਰਾਹ ਖੁਲ੍ਹ ਗਿਆ ਤੇ ਅੱਗੇ ਆ ਗਿਆ ਵਿਹੜਾ ਉਸ ਗ੍ਰੀਬ ਨਿਮਾਣੀ 'ਦੇਸਾਂ' ਦਾ, ਜਿਸਨੂੰ ਗ੍ਰੀਬ ਜਾਣਕੇ ਸ੍ਰੀਕੇ ਨੇ ਤ੍ਰਾਹਿਆ ਹੋਇਆ ਸੀ। ਵਿਤਕਰੇ ਦੀ ਪਾਲ ਭੰਨਣਹਾਰ ਨੇ ਹੁਣ ਅੱਗੇ ਕਦਮ ਵਧਾਏ ਤਾਂ ਕੀਹ ਦੇਖਦੇ ਹਨ ਕਿ ਇਕ ਕੋਠੇ ਵਿਚ ਥਾਂ ਡਾਢੀ ਸਾਫ ਕਰਕੇ ਚੌਂਕੀ ਧਰੀ ਹੈ, ਉੱਤੇ ਖੇਸ ਵਿਛਿਆ ਹੈ, ਅੱਗੇ ਵਾਰ ਛੋਟੀ ਚੌਂਕੀ ਧਰੀ ਹੈ, ਇਸ ਪਰ ਥਾਲ ਪ੍ਰੋਸਿਆ ਪਿਆ ਹੈ ਤੇ ਦੇਸਾਂ ਚੌਂਕੀ ਦੇ ਪਾਸ ਬੈਠੀ ਪੱਖਾ ਕਰ ਰਹੀ ਹੈ। ਨੈਣ ਬੰਦ ਹਨ, ਸਰੀਰ ਸੁੱਧ ਵਿਚ ਨਹੀਂ ਜਾਪਦਾ, ਪਰ ਉਹ ਮਾਨੋਂ ਐਉਂ ਪੱਖਾ ਸਹਿਜੇ ਸਹਿਜੇ ਕਰ ਰਹੀ ਹੈ ਕਿ ਉਸਦੇ ਭਾਣੇ ਮਹਾਰਾਜ ਬੈਠੇ ਪ੍ਰਸ਼ਾਦ ਛਕ ਰਹੇ ਹਨ। ਦਾਤਾ ਜੀ ਮਲਕੜੇ ਅਗੇ ਵਧੇ ਤੇ ਚੌਂਕੀ ਉੱਪਰ ਬੈਠ ਗਏ ਤੇ ਪ੍ਰਸ਼ਾਦ ਜੋ ਪ੍ਰੋਸਿਆ ਪਿਆ ਸੀ, ਛਕਣ ਲੱਗ ਪਏ। ਰਾਮ ਸਿੰਘ, ਫਤਹ ਸਿੰਘ, ਤਖਤ ਸਿੰਘ ਤੇ ਬਖਤ ਸਿੰਘ ਅਚੰਭਾ ਹੋ ਰਹੇ ਸਨ ਕਿ ਇਹ ਕੀ ਕੌਤਕ ਵਰਤ ਰਿਹਾ ਹੈ? ਅਸੀਂ ਵਡੇ, ਅਸੀਂ ਬਖਸ਼ੇ ਹੋਏ ਪਿਛਲੇ ਗੁਰਾਂ ਦੇ, ਅਸੀਂ ਅੰਮ੍ਰਿਤ ਛਕਿਆ, ਇਹ ਪਰਾਏ ਪਰਿਵਾਰ ਵਿਚੋਂ ਆਈ ਗ਼ਰੀਬ ਕੰਗਲੀ ਕਰਮਾਂ ਦੀ ਮਾਰੀ, ਨਾ ਨਾਂ, ਨਾ, ਥਾਂ ਇਸਦੇ ਘਰ ਗੁਰੂ ਜੀ ਕਿਵੇਂ ਆ ਗਏ! ਕਿਸ ਤਰ੍ਹਾਂ ਕੰਧ ਢਾਹਕੇ ਆਏ ਹਨ! ਕਿਵੇਂ ਇਸਦਾ ਪ੍ਰਸ਼ਾਦ ਪ੍ਰੋਸਿਆ ਪਿਆ ਹੈ! ਕੀਕੂੰ ਜਾਣ ਗਏ ਕਿ ਦੇਸਾਂ ਥਾਲ ਲਾਕੇ ਉਡੀਕ ਰਹੀ ਹੈ ਤੇ ਕੀਕੂੰ ਆਉਂਦੇ ਹੀ ਛਕਣ ਲੱਗ ਪਏ ਹਨ? ਕੁਛ ਘਬਰਾਉਂਦੇ ਤੇ ਕੁਛ ਸ਼ਰਮਿੰਦੇ ਹੁੰਦੇ ਸਨ, ਫਿਰ ਇਹ ਗਲ ਫੁਰਦੀ ਸੀ ਕਿ ਜਾਣੀ ਜਾਣ ਹਨ, ਗ਼ਰੀਬ ਨਿਵਾਜ ਹਨ, ਕੀੜੀ ਦੀ ਪੁਕਾਰ ਪਹਿਲਾਂ ਸੁਣਦੇ ਹਨ, ਹਾਥੀ ਦੀ ਚਿੰਘਾਰ ਪਿਛੋਂ ਸੁਣਦੇ ਹਨ। ਸਾਰੇ ਭਰਾ ਕੁਛ ਸ਼ਰੀਕੇ ਦੇ ਭਾਉ ਵਿਚ ਆਕੇ ਖਿਝਦੇ ਬੀ ਸਨ ਕਿ ਇਥੇ ਕਿਉਂ ਆ ਗਏ, ਪਰ ਚੰਦ ਕਿਸੇ ਕੁਨਾਲੀ ਨਾਲ ਲੁਕਾਇਆ ਨਹੀਂ ਜਾ ਸਕਦਾ। ਸਤਿਗੁਰ ਨੇ ਇਸ਼ਾਰਾ ਕਰਕੇ ਚਢ੍ਹਾਂ ਨੂੰ ਡੱਠੀ ਹੋਈ ਫੂੜੀ ਤੇ ਪਾਸ ਬਹਾਲਿਆ ਤੇ ਬੋਲੇ 'ਬੀਬੀ! ਪਾਣੀ!'

"ਪਾਣੀ"

ਪਾਣੀ ਸੁਣ ਕੇ ਤ੍ਰੱਬਕੀ, ਨੈਣ ਖੁੱਲ੍ਹੇ, ਧਿਆਨ ਵਾਲੇ ਦਰਸ਼ਨ ਪ੍ਰਤੱਖ ਡਿੱਠੇ, ਮੱਥਾ ਟੇਕਿਆ। ਹੁਣ ਪਜਾਰ ਉਛਾਲ ਵਿਚ ਸ੍ਰੀਕੇ ਤੋਂ ਪੱਲਾ ਨੀਵਾਂ ਕਰਨ ਦਾ ਕਿਸ ਨੂੰ ਚੇਤਾ ਹੈ? ਘੜੇ ਵਿਚੋਂ ਰਾਤ ਦਾ ਠਰਿਆ ਜਲ ਆਂਦਾ, ਛੰਨਾਂ ਭਰ ਕੇ ਅੱਗੇ ਧਰਿਆ, ਖੁਸ਼ ਹੋਕੇ ਦਾਤੇ ਨੇ ਛਕਿਆ! ਉਸ ਗਰੀਬਣੀ ਦੇ ਪਕੇ ਹੋਏ ਪ੍ਰਸ਼ਾਦੇ ਚਢ੍ਹਾਂ ਅਮੀਰਾਂ ਨੂੰ ਖੁਲਾਏ ਤੇ ਫੇਰ ਸਿੰਘ ਨਾਦ ਵਿਚ ਬੋਲੇ:-

ਸੁਹਣਿਓਂ! ਅੰਦਰੋਂ ਪਾਲਾਂ ਢਾਓ, ਇਕ ਨਜ਼ਰ ਕਰੋ, ਤੁਸੀਂ ਸਤਿਗੁਰਾਂ ਨੇ ਉਪਦੇਸ਼ ਦਾਤੇ ਥਾਪੇ ਸੇ, ਤੁਸਾਂ ਵਿਚ ਪਿਆਰ ਲੋੜੀਏ।

ਚੇਤੇ ਰੱਖੋ! ਈਰਖਾ ਇਕ ਭੂਤ ਹੈ ਜਿਹੜਾ ਸਤਿਸੰਗ ਵਿਚ ਬੀ ਲੁਕ ਛਿਪ ਕੇ ਆ ਵੜਦਾ ਹੈ, ਇਸਦੀ ਬਾਹਲੀ ਖਬਰਦਾਰੀ ਰੱਖਿਆ ਕਰੋ। ਵਿਤਕਰਾ ਤੁਸਾਂ ਵਿਚ ਨਹੀਂ ਸ਼ੋਭਦਾ, ਤੁਸਾਂ ਅੰਮ੍ਰਿਤ ਛਕਿਆ ਹੈ, ਖਾਲਸਾ ਸਜੇ ਹੋ, ਤੁਸੀਂ ਬਖਸ਼ਿਸ਼ ਵਾਲੇ ਦੀ ਵੰਸ਼ ਹੋ, ਤੁਸਾਂ ਵਿਚ ਸ਼ਰੀਕਾ ਤੇ ਵਿਤਕਰਾ ਹੁਣ ਨਾ ਫੇਰਾ ਪਾਵੇ। ਭਜਨ ਬੰਦਗੀ ਵਾਲੇ ਦਾ ਅੰਦਰ-

"ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ।"

ਵਾਲਾ ਲੋੜੀਏ। ਤੱਕੋ ਭਾਈ ਭਗਤੂ ਦੀ ਕਮਾਈ ਵੱਲ, ਤੱਕੋ ਜੀਉਣ ਵੱਲ। ਤੁਸੀਂ ਚੰਗੇ ਹੋ, ਬਾਣੀ ਪੜ੍ਹਦੇ ਹੋ, ਨਾਮ ਦਾ ਤਰਲਾ ਲੈਂਦੇ ਹੋ, ਹੁਣ ਅੰਮ੍ਰਿਤ ਛਕ ਕੇ ਨਵੇਂ ਰੰਗ ਵਿਚ ਆਏ ਹੋ, ਪ੍ਰੇਮ ਤੁਹਾਡਾ ਰੂਪ ਰੰਗ ਹੈ। ਘਬਰਾਓ ਨਹੀਂ, ਕਮਜ਼ੋਰੀਆਂ ਤੇ ਕਸਰਾਂ ਆ ਹੀ ਜਾਂਦੀਆਂ ਹਨ, ਪੂਰਾ ਨਾਮ ਸਾਈਂ ਦਾ ਹੈ। ਪਰ ਬਈ ਗ਼ਾਫ਼ਲ ਨਹੀਂ ਹੋਣਾ ਇਸ ਮਨ ਤੇ ਸਦਾ ਪਹਿਰਾ ਦੇਣਾ। ਸਿਮਰਨ ਵਾਲੇ ਨੂੰ, ਬਾਣੀ ਦੇ ਪ੍ਰੇਮੀ ਨੂੰ ਪਜਾਰ ਦੀ ਵਰਤੋਂ ਲੋੜੀਏ। ਇਹ ਬੀਬੀ ਤੁਹਾਡੀ ਚਾਚੀ ਹੈ, ਮਾਤਾ ਹੈ, ਇਸਨੂੰ ਮਾਤਾ ਤੁੱਲ ਪਿਆਰ ਕਰੋ। ਅਜ ਤੋਂ ਬਾਦ ਇਸ ਨਾਲ ਕਿ ਆਪੋ ਵਿਚ ਸ਼ਰੀਕੇ ਦਾ ਭਾਵ ਤੁਸਾਂ ਵਿਚ ਕਦੇ ਫੇਰਾ ਨਾ ਪਾਵੇ।...ਰਾਮ ਸਿੰਘ! ਇਹ ਸਿਮਰਨ ਵਾਲੀ ਦੇਵੀ ਹੈ, ਇਸਦਾ ਭਾਉ ਤੇ ਭਗਤੀ ਮਾਨੂੰ ਧੂਹਕੇ ਇੱਥੇ ਲਿਆਯਾ ਹੈ। ਇਸ ਦੀ ਆਤਮਾ

ਅਰੋਗ ਤੇ ਸੁਤੰਤ੍ਰ ਹੋਈ ਹੈ, ਇਹ ਸਾਈਂ ਦਰ ਥਾਂ ਪਈ ਹੈ, ਇਸਦਾ ਅਦਬ ਰੱਖੋਗੇ ਤਾਂ ਸੁਖ ਪਾਓਗੇ। ਸਾਈਂ ਦੇ ਦਰ ਜਾਤ, ਜਨਮ, ਉੱਚਤਾ, ਦੌਲਤ ਗਰਬ ਪ੍ਰਵਾਨ ਨਹੀਂ ਹੈ, ਓਥੇ ਸਿਦਕ, ਪਿਆਰ, ਹਲੀਮੀ, ਨਾਮ, ਸਾਈਂ ਲਗਨ ਵਿਚ ਰਹਿਣਾ ਪ੍ਰਵਾਨ ਹੈ। ਸੀਸ ਝੁਕਾਓ ਤੇ ਇਸਨੂੰ ਮਾਤਾ ਮਮਝਕੇ ਆਦਰ ਸਤਿਕਾਰ ਦਿਓ।

ਇਉਂ ਸੁਣਕੇ ਚੌਵ੍ਹਾਂ ਭਰਾਵਾਂ ਦੇ ਅੰਦਰੋਂ ਇਕ ਗੁਬਾਰ ਜਿਹੇ ਦਾ ਮਾਨੋਂ ਇਕ ਅੰਬਾਰ ਢੱਠਾ, ਦਿਲ ਖਿੜ ਆਇਆ, ਤ੍ਰਾਹੀ ਹੋਈ 'ਮਾਈ ਦੇਮਾਂ' ਠੰਢੀ ਠੰਢੀ ਦੇਵੀ ਨਜ਼ਰ ਆਈ ਤੇ ਚਾਰੇ ਭਿਰਾ ਦਾਤੇ ਦੀ ਮਿਹਰ ਦੇ ਸਦਕੇ ਹੁੰਦੇ ਹੋਏ ਚਰਨੀਂ ਢੈ ਕੇ ਬੋਲੇ-ਮਾਲਕਾ! ਬਖਸ਼ ਲੈ!

ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ॥ ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ॥ {ਆਸਾ:ਮ:੪-੧੭}

ਐਉਂ ਮਾਯਾ ਦੀ ਮੈਲ ਹਰਕੇ, ਅਪਣੇ ਮਗਰ ਲਗਿਆਂ ਦੇ ਮਨ ਉੱਜਲ ਕਰਕੇ ਦਾਤਾ ਸਾਈਂ ਉੱਠ ਖੜੇ ਹੋਏ, ਬੋਲੇ-ਰਾਮ ਸਿੰਘ! ਆਹ ਚਾ ਲੈ ਖੇਸ ਤੇ ਲੈ ਚਲ ਸਾਡੇ ਨਾਲ। ਇਹ ਤੁਸਾਡੀ ਮਾਤਾ ਨੇ ਗੁਰੂ ਗੁਰੂ ਜਪਕੇ ਤਜਾਰ ਕੀਤਾ ਹੈ, ਇਹ ਭੇਟ ਦਰ ਪ੍ਰਵਾਨ ਹੋਈ ਹੈ।

ਐਉਂ ਤਾਰਦੇ, ਠਾਰਦੇ, ਅਪਨਾਉਂਦੇ ਗਰੀਬ ਨਿਵਾਜ ਜੀ ਠੰਢੇ, ਸੁਹਾਵੇ, ਸੁਹਣੇ ਸਤਿਗੁਰੂ ਜੀ 'ਦੇਸਾਂ' ਦੇ ਘਰੋਂ ਟੁਰਕੇ ਫੇਰ ਬਾਹਰਲੇ ਕੱਖਾਂ ਦੇ ਕੁੱਲੇ ਵਲ ਆ ਗਏ।

ਸੂਚਨਾ-ਇਹ ਕੌਤਕ ਵਰਤਾਕੇ ਗੁਰੂ ਜੀ ਬਠਿੰਡੇ ਗਏ ਤੇ ਕਿਲ੍ਹੇ ਵਿਚ ਇਕ ਉਚੇ ਟਿਕਾਣੇ ਡੇਰਾ ਕੀਤਾ*। ਆਖਦੇ ਹਨ ਕਿ ਕਿਲ੍ਹੇ ਵਿਚੋਂ ਕੋਈ ਕਾਣਾ ਦੇਉ ਨਾਮੇ ਦੁਖ ਦਾਤਾ ਦੂਰ ਕੀਤਾ। ਏਥੇ ਬੀ ਬੜਾ ਹੀ ਪ੍ਰਚਾਰ ਹੋਇਆ, ਸੰਗਤਾਂ ਟੁੱਟਕੇ ਆਈਆਂ। ਮਾਈ ਭਾਗੋ, ਜੋ ਅਪਣੇ ਉਚੇ ਰੰਗਾਂ ਵਿਚ ਰਹਿੰਦੀ ਸੀ ਤੇ ਹੁਣ ਕਪੜੇ ਲੱਤੇ ਬੀ ਪਹਿਨਣੋਂ ਰਹਿ ਚੁਕੀ ਸੀ, ਸਤਿਗੁਰਾਂ ਦੀ ਆਗਿਆ ਹੋਣ ਤੇ ਕਪੜੇ ਪਹਿਨ ਕੇ ਵਿਚਰਨ ਲਗੀ[1]। ਮਾਈ ਦੀਆਂ ਚੜ੍ਹਦੀਆਂ ਕਲਾਂ ਉਨਮਨ ਸਮਾਧੀਆਂ, ਬੰਦਗੀ ਦੇ ਰੰਗ ਡਾਢੇ ਪ੍ਰਭਾਵ ਵਾਲੇ ਸੇ। ਇਸ ਤਰ੍ਹਾਂ ਭਾਈ ਦਿਆਲੇ ਦਾ ਅੰਮ੍ਰਿਤ ਛਕਣਾ ਤੇ ਹੋਰ ਅਨੇਕ ਕੌਤਕ ਵਰਤੇ। ਸਤਿਗੁਰ ਕਈ ਦਿਨ ਮਗਰੋਂ ਫੇਰ ਇਥੋਂ ਟੁਰਕੇ ਲੱਖੀ ਜੰਗਲ[2] ਦੇ ਵਿਚਦੀ ਹੁੰਦੇ, ਰਾਤ ਰਸਤੇ ਗੁਜ਼ਾਰਦੇ ਫੇਰ ਦਮਦਮੇ (ਤਲਵੰਡੀ ਸਾਬੋ) ਆ ਗਏ। ਏਥੇ ਕਈ ਕੌਤਕ ਵਰਤੇ, ਔੜ ਲਗੀ ਤੇ ਮੀਂਹ ਵਸਾਇਆ। ਤਪਾਲੀ ਪਈ ਤਾਂ ਅੰਮ੍ਰਿਤ ਦਾਨ ਦੇਕੇ ਦੂਰ ਕੀਤੀ। ਇਨ੍ਹੀਂ ਦਿਨੀਂ ਡੱਲੇ ਵੱਲ ਮਰਹੰਦ ਦੇ ਨਵਾਬ ਦਾ ਪਰਵਾਨਾ ਆਇਆ ਕਿ ਗੁਰੂ ਜੀ ਨੂੰ ਸਾਡੇ ਹਵਾਲੇ ਕਰ ਦੇਹ, ਯਾ ਥਹੁ ਦੱਸ ਅਸੀਂ ਆਕੇ ਲੈ ਜਾਈਏ। ਡੱਲੇ ਨੇ ਜਵਾਬ ਘੱਲਿਆ ਕਿ ਗੁਰੂ ਜੀ ਮੇਰੀ ਜਾਨ ਦੇ ਨਾਲ ਹਨ, ਮੈਂ ਬੇਅਦਬੀ ਨਹੀਂ ਕਰ ਸਕਦਾ। ਇਨ੍ਹਾਂ ਰੇਤ ਥਲਿਆਂ ਵਿਚ ਮੈਂ ਤੇ ਗੁਰੂ ਜੀ ਤੁਹਾਡੇ ਹੱਥ ਨਹੀਂ ਆ ਸਕਦੇ। ਜੰਗ ਆ ਪਿਆ ਤਾਂ ਤਜਾਰ ਹਾਂ। ਡੱਲੇ ਦਾ ਪ੍ਰੇਮ ਇੰਨਾਂ ਵਧ ਗਿਆ ਸੀ ਕਿ ਆਪਣਾ ਤਨ, ਮਨ ਤੇ ਧਨ ਬੀ ਸਮਝਦਾ ਸੀ ਕਿ ਗੁਰਾਂ ਤੋਂ ਵਾਰ ਦਿਆਂ। ਅੰਮ੍ਰਿਤ ਛੱਕਣ ਦੀ ਅਜੇ ਕਸਰ ਸੀ, ਜੀਕੂੰ ਡੱਲੇ ਦਾ ਮਨ ਅੰਮ੍ਰਿਤ ਤੇ ਨਿਸਚਾਵਾਨ ਹੋਇਆ, ਅਗਲੇ ਪ੍ਰਸੰਗ ਵਿਚ ਹੈ:-

---

*ਬਠਿੰਡੇ ਦੋ ਗੁਰਦੁਆਰੇ ਹਨ: ਇਕ ਕਿਲੇ ਵਿਚ ਤੇ ਇਕ ਬਾਹਰ।

੧. ਤੇੜ ਕਛਹਿਰਾ, ਸਿਰ ਦਸਤਾਰਾ ਤੇ ਗਲ ਚਾਦਰ ਦੀ ਗਿਲਤੀ ਮਾਈ ਦੀ ਪੁਸ਼ਾਕ ਹੁੰਦੀ ਸੀ।

੨. ਸਰਕਾਰੀ ਦਫਤਰਾਂ ਵਿਚ ਏਹ ਇਲਾਕਾ ਤਦੋਂ ਲੱਖੀ ਜੰਗਲ ਲਿਖੀਂਦਾ ਸੀ, ਪਰ ਗੁਰੂ ਜੀ ਨੇ ਜਿਸਨੂੰ ਲੱਖੀ ਜੰਗਲ ਕਿਹਾ ਹੈ ਉਹ ਪਿੱਛੇ ਆ ਚੁਕਾ ਹੈ। ਇਕ ਲਖੀ ਜੰਗਲ ਸਿੰਧ ਵਿਚ ਬੀ ਦੱਸੀਦਾ ਹੈ। ਇਉਂ ਬੀ ਜਾਪਦਾ ਹੈ ਕਿ ਇਸ ਸਾਰੇ ਇਲਾਕੇ ਨੂੰ ਪਿਆਰ ਨਾਲ ਲਖੀ ਜੰਗਲ ਕਹਿ ਲੈਂਦੇ ਹਨ।

੮੬. ਕਰਾਮਾਤ, ਡੱਲਾ ਤੇ ਅੰਮ੍ਰਿਤ*।

੧. {ਕਰਾਮਾਤ}

ਛਤਿਆਣੇ ਦੀ ਟਿੱਬੀ ਦਾ ਸੱਯਦ ਇਬ੍ਰਾਹੀਮ ਵਿਦਵਾਨ, ਤਪੀ ਰਜਾਜ਼ਤੀ ਜਦ ਸਿੰਘ ਸਜ ਗਿਆ, ਤਦ ਉਸਦੀ ਆਤਮਾ ਦੀ ਠੰਢ ਨੇ, ਟਿਕਾਉ ਨੇ, ਬ੍ਰਹਮਾਨੰਦ ਨੇ ਜੋ ਉਸਨੂੰ ਪ੍ਰਾਪਤ ਹੋਏ ਉਸਨੂੰ ਸਤਿਗੁਰ ਦਾ ਹੋਰ ਭੌਰਾ ਬਣਾ ਦਿੱਤਾ ਤੇ ਇੰਨਾਂ ਪ੍ਰੇਮਾਤੁਰ ਕੀਤਾ ਕਿ ਡੇਰਾ, ਟਿਕਾਣਾ ਉਹ ਸੇਵਕੀ ਤੇ ਪਿਆਰੇ, ਜੋ ਸਿੰਘ ਸਜਣ ਤੇ ਬੀ ਉਸਦੇ ਸਿਦਕ ਵਿਚ ਪੱਕੇ ਰਹੇ ਸਨ, ਸਭ ਛੱਡ ਕੇ ਸਤਿਗੁਰ ਦੇ ਨਾਲ ਹੋ ਟੁਰਿਆ ਤੇ ਸਦਾ ਚਰਨ ਸ਼ਰਨ ਰਹਿਣ ਦੀ ਠਾਣਕੇ ਸੇਵਾ ਵਿਚ ਰਹਿ ਪਿਆ। ਸਤਿਗੁਰ ਜੀ ਕਈ ਪਿੰਡੀਂ ਹੁੰਦੇ ਹੋਏ ਉਸ ਟਿਕਾਣੇ ਆ ਟਿਕੇ ਸਨ ਕਿ ਜਿਸਨੂੰ ਆਪ ਨੇ ਦਮਦਮਾਂ ਆਖਿਆ ਤੇ ਚੋਖੇ ਮਹੀਨੇ ਨਿਵਾਸ ਰੱਖਿਆ, ਇਸਦੇ ਸਮਾਚਾਰ ਪਿੱਛੇ ਆ ਚੁਕੇ ਹਨ। ਇਥੇ ਇਕ ਦਿਨ ਅਜਮੇਰ ਸਿੰਘ ਜੀ ਤੇ ਦਾਨਾ ਸਿੰਘ ਜੀ ਏਕਾਂਤ ਬੈਠੇ ਉਸ ਸਰ ਦੇ ਕਿਨਾਰੇ ਵਾਰਤਾਲਾਪ ਕਰ ਰਹੇ ਸਨ ਕਿ ਜਿਸ ਵਿਚ ਇਕ ਦਿਨ ਸਤਿਗੁਰਾਂ ਨੇ, ਲਿੱਖਣਾਂ ਘੜਘੜ ਸੁੱਟੀਆਂ ਤੇ ਆਖਿਆ-"ਲਿੱਖਣ ਸਰ", "ਏਥੇ ਬੜੇ ਲਿਖਾਰੀ ਹੋਣਗੇ"। ਅਜਮੇਰ ਸਿੰਘ ਤੇ ਦਾਨਾ ਸਿੰਘ ਜੀ ਦੇ ਪਾਸ ਰਾਇ ਡੱਲਾ ਆਕੇ ਬੈਠ ਗਿਆ ਤੇ ਆਖਣ ਲੱਗਾ:-

ਖਾਲਸਾ ਜੀ! ਮੈਂ ਜੰਗਲ ਵਾਸੀ ਆਦਮੀ ਹਾਂ ਸਤਿਗੁਰ ਦਾ ਪ੍ਰੇਮੀ ਹਾਂ, ਬਹੁਤ ਦਿਨਾਂ ਤੋਂ ਅੰਗ ਸੰਗ ਹਾਂ, ਸਤਿਗੁਰ ਰੀਝੇ ਤੁਠੇ ਭੀ ਮੇਰੇ ਉੱਤੇ ਅਤਿ ਹਨ, ਮੈਂ ਉਨ੍ਹਾਂ ਨੂੰ ਕਰਾਮਾਤ ਦਾ ਸਾਹਿਬ ਮੰਨਦਾ ਬੀ ਹਾਂ, ਅੱਖੀਂ ਕਰਾਮਾਤਾਂ ਵੇਖ ਬੀ ਚੁਕਾ ਹਾਂ, ਔੜ ਲੱਗ ਜਾਣ ਤੇ ਮੈਂ ਬੇਨਤੀ ਕੀਤੀ ਕਿ ਮੀਂਹ ਵੱਸੇ, ਤਦ ਪਹਿਲੇ ਤਾਂ ਰਜ਼ਾ ਦਾ ਉਪਦੇਸ਼ ਕਰਦੇ ਰਹੇ, ਪਰ ਜਦ ਮੈਂ ਖਹਿੜਾ ਕੀਤਾ ਤਾਂ ਬਿਰਦਪਾਲ ਆਖਣ ਲਗੇ:-ਡੱਲਿਆ ਕੁਦਰਤ ਜੜ੍ਹ ਹੈ, ਜੀਵਨ ਚੇਤਨ ਹੈ, ਚੇਤਨ ਜੜ੍ਹ ਪਰ ਭਾਰੂ ਹੈ, ਇਸ ਜੜ੍ਹ ਕੁਦਰਤ ਨੂੰ ਹੁਕਮ ਦੇਹ ਕਿ ਮੀਂਹ ਪਾਵੇ। ਮੈਂ ਕਿਹਾ:-ਪਾਤਸ਼ਾਹ ਮੈਂ ਨਿਰਬਲ ਕੀਹ ਜਾਣਾਂ? ਆਪਦੇ ਹੁਕਮ ਵਿੱਚ ਮਾਰਾ ਕੁਛ ਹੈ, ਮਿਹਰ ਕਰੋ। ਕਹਿਣ ਲੱਗੇ, ਰਜ਼ਾ ਹੈ ਮੀਂਹ ਵੱਸੇ ਸੋ ਵੱਸੇਗਾ। ਕੁਦਰਤ ਭੈ ਵਿਚ ਹੈ, ਸੱਚੇ ਦੀ ਵੇਗਾਰ ਕੱਢੇਗੀ। ਸੋ ਠੀਕ ਬਰਖਾ ਹੋਈ ਤੇ ਬਰਖਾ ਹੋਈ। ਹੁਣ ਜਦ ਤਪਾਲੀ ਪੈ ਗਈ ਹੈ, ਤਾਂ ਮੈਂ ਅਰਜ਼ ਕੀਤੀ ਪਾਤ-ਸ਼ਾਹ! ਮਿਹਰ ਕਰੋ! ਤਾਂ ਹੁਕਮ ਹੋਇਆ ਜੋ ਅੰਮ੍ਰਿਤ ਛਕੇ ਸੋ ਰਾਜ਼ੀ। ਜੇ ਛਕਦਾ ਹੈ, ਨਾਲੇ ਤਾਂ ਪਿੰਡੇ ਦਾ ਤਾਪ ਉਤਰ ਜਾਂਦਾ ਹੈ, ਨਾਲੇ ਮਨ ਦੀ ਤਪਸ਼ ਤੁਟ ਜਾਂਦੀ ਹੈ, ਇਹ ਕੀ ਗੱਲ ਹੋਈ?

ਦਾਨਾ ਸਿੰਘ-ਤੁਹਾਡਾ ਕੀ ਮਤਲਬ ਹੈ ਕਿ ਇਹ ਕੁਛ ਕੋਈ ਭੂਲ ਭੁਲਾਵਾ ਹੈ?

ਡੱਲਾ-ਮੇਰਾ ਅੰਦਰ ਬਾਹਰ ਸੜੇ ਜੇ ਮੇਰੇ ਅੰਦਰ ਸਾਹਿਬ ਸਤਿਗੁਰ ਗੋਬਿੰਦ ਸਿੰਘ ਜੀ ਦੇ ਕਰਾਮਾਤੀ ਹੋਣ ਵਿਚ ਸ਼ੱਕ ਹੋਵੇ ਤਾਂ, ਮੈਨੂੰ ਪੱਕਾ ਭਰੋਸਾ ਅਰ ਅਖੀਂ ਡਿੱਠਾ ਤੇ ਹੱਡੀਂ ਵਰਤਿਆ ਭਰੋਸਾ ਹੈ। ਮੇਰੀ ਬੇਨਤੀ ਇਹ ਹੈ ਕਿ ਇਹ ਕਿਸ ਤਰ੍ਹਾਂ ਹੁੰਦਾ ਹੈ ਕਿ ਉਹਨਾਂ ਦੇ ਕਹਿਣ ਨਾਲ ਉਹ ਕੁਛ ਹੋ ਜਾਂਦਾ ਹੈ, ਜੋ ਕੁਛ ਕਿ ਹੋਣਾ ਔਖਾ ਦੀਹਦਾ ਹੈ? ਗੱਲ ਕੀ ਹੈ? ਹੈ ਤਾਂ ਸੱਚ ਪਰ ਹੈ ਕਿਵੇਂ?

ਅਜਮੇਰ ਸਿੰਘ-ਡੱਲਿਆ! ਜਦ ਤੇਰੇ ਹੱਥ ਵਿਚ ਦੇਵੀਏ ਖਿੱਧੂ ਤੇ ਆਖੀਏ ਪੁਜਾ ਦੇਹ ਦਸਾਂ ਕੁ ਗਜ਼ਾਂ ਦੇ ਉਤੇ, ਤੂੰ ਦਸ ਬਾਰਾਂ ਗਜ਼ ਟੁਰਕੇ ਉਸਨੂੰ ਛੋੜਨ ਤਾਂ ਨਹੀਂ ਜਾਂਦਾ, ਉਥੋਂ ਹੀ ਰੇੜ੍ਹ ਦੇਂਦਾ ਹੈਂ, ਖਿੱਧੂ ਰਿੜ੍ਹਕੇ ਦੂਰ ਚਲਾ ਜਾਂਦਾ ਹੈ। ਚਾਹੀਦਾ ਇਹ ਸੀ ਕਿ ਖਿੱਧੂ ਤੇਰੇ ਹਥ ਨਾਲ ਧੱਕਿਆ ਤਦ ਤੱਕ ਰਿੜਦਾ ਜਦ ਤਕ ਕਿ ਤੇਰਾ ਹੱਥ ਖਿੱਧੂ ਦੇ ਨਾਲ ਲੱਗਾ ਉਸਨੂੰ ਰੇੜ੍ਹੀ ਜਾਂਦਾ, ਤੂੰ ਹੱਥ ਛੱਡ ਦਿਤਾ ਖਿੱਧੂ ਆਪੇ ਕੀਕੂੰ ਰਿੜ੍ਹਦਾ ਚਲਾ ਗਿਆ? ਦੇਖ ਗੱਡ ਤਦ ਤਕ ਤੁਰਦੀ ਹੈ ਜਦ ਤਕ ਬੈਲ ਧੂਈ ਜਾਂਦੇ ਹਨ। ਪੰਡ ਤਦ ਤਕ ਖੇਤ ਤੋਂ ਘਰ ਵਲ ਨੂੰ ਤੁਰੀ ਆਉਂਦੀ ਹੈ, ਜਦ ਤਕ ਪਾਂਡੀ ਸਿਰ

*ਇਹ ਪ੍ਰਸੰਗ ੧੧ ਪੋਹ ਸੰ: ਗੁ: ਨਾ: ਸਾ: ੪੫੧ (੨੫ ਦਸੰਬਰ ੧੯੧੯) ਗੁਰਪੁਰਬ ਪੋਹ ਸੁਦੀ ਸਪਤਮੀ ਸਮੇਂ ਖਾਲਸਾ ਸਮਾਚਾਰ ਵਿਖੇ 'ਕਲਗੀਆਂ ਵਾਲੇ ਦੇ ਰੰਗ' ਸਿਰਨਾਮੇ ਹੇਠ ਪ੍ਰਕਾਸ਼ਿਆ ਸੀ।

ਤੇ ਚਾਈ ਟੁਰਿਆ ਰਹਿੰਦਾ ਹੈ। ਨਾਂ ਬੈਲਾਂ ਦੇ ਲਗਕੇ ਖਿੱਚੇ ਬਿਨਾਂ ਗਡੀ, ਨਾਂ ਪਾਂਡੀ ਦੇ ਸਿਰ ਡਾਹ ਚੁਕਕੇ ਤੁਰੇ ਬਿਨਾਂ ਪੰਡ ਇਕ ਥਾਂ ਤੋਂ ਦੂਸਰੀ ਥਾਂ ਜਾ ਸਕੇ, ਪਰ ਤੇਰਾ ਖਿੱਧੂ ਆਪੇ ਰਿੜ੍ਹਕੇ ਟਿਕਾਣੇ ਪੁੱਜ ਗਿਆ ਇਹ ਕੋਈ ਕਰਾਮਾਤ ਹੈ ਕਿ ਨਹੀਂ?

ਡੱਲਾ-ਇਹ ਕਾਹਦੀ ਕਰਾਮਾਤ ਹੈ? ਸਭ ਕੋਈ ਕਰ ਲੈਂਦਾ ਹੈ!

ਅਜਮੇਰ ਸਿੰਘ-ਕਰਾਮਾਤ ਕਰਾਮਾਤ ਹੈ, ਚਾਹੇ ਇਕ ਕਰ ਸਕੇ ਚਾਹੇ ਸਭ ਕੋਈ। ਤੂੰ ਦੱਸ ਕਰਾਮਾਤ ਹੈ ਕਿ ਨਹੀਂ?

ਡੱਲਾ-ਉਹ ਕਾਹਦੀ ਕਰਾਮਾਤ ਹੈ ਜੋ ਰੋਜ਼ ਵਰਤਦੀ ਹੈ, ਸਭ ਕੋਈ ਕਰਦਾ ਹੈ ਤੇ ਰੋਜ਼ ਹੋਣ ਕਰਕੇ ਅਚਰਜ ਕੋਈ ਨਹੀਂ ਹੁੰਦਾ।

ਅਜਮੇਰ ਸਿੰਘ-ਤਾਂ ਤੂੰ ਕਰਾਮਾਤ ਅਸਚਰਜ ਕਰਨ ਵਾਲੀ ਗਲ ਨੂੰ ਸਮਝਦਾ ਹੈਂ। ਅਸਚਰਜ ਤਾਂ ਮਦਾਰੀ ਦੇ ਤਮਾਸ਼ੇ ਵਾਲੇ ਭੀ ਕਰ ਲੈਂਦੇ ਹਨ, ਪਰ ਤੂੰ ਜਾਣਦਾ ਹੈਂ ਕਿ ਓਹ ਸਾਰੀ ਚਾਲਾਕੀ ਤੇ ਹਥ ਨਾਟਕ, ਹੈ ਪਰ ਤੂੰ ਜਾਣਦਾ ਹੈਂ ਕਿ ਕਰਾਮਾਤ ਸੱਚ ਹੈ।

ਡੱਲਾ (ਘਬਰਾਕੇ)-ਠੀਕ ਆਂਹਦੇ ਹੋ, ਪਰ ਮੈਨੂੰ ਦੱਸੋ ਨਾਂ ਫੇਰ ਹੈ ਕੀ?

ਅਜਮੇਰ ਸਿੰਘ-ਪਹਿਲੇ ਤੁਸੀਂ ਦੱਸੋ ਕਿ ਖਿੱਧੂ ਦਾ ਆਪੇ ਪੁੱਜ ਪੈਣਾ ਕਰਾਮਾਤ ਹੈ ਕਿ ਨਹੀਂ?

ਡੱਲਾ-ਇਹ ਓਸ ਤਰ੍ਹਾਂ ਦੀ ਕਰਾਮਾਤ ਨਹੀਂ ਜਿਸ ਤਰ੍ਹਾਂ ਦੀ ਮੈਂ ਪੁੱਛਦਾ ਹਾਂ।

ਅਜਮੇਰ ਸਿੰਘ-ਪਰ ਹੈ ਕਰਾਮਾਤ?

ਡੱਲਾ-ਲੱਗਦੀ ਤਾਂ ਹੈ।

ਅਜਮੇਰ ਸਿੰਘ-ਕਦੇ ਤੇਰੇ ਘਰ ਦੇ ਬੂਹੇ ਦੇ ਹੱਥਾਂ ਨਾਲ ਯਾ ਕਿਸੇ ਹੁੱਝ ਆਦਿਕ ਸਰੀਰਕ ਧਕੇ ਦਿਤੇ ਬਿਨਾਂ ਖੁੱਲੇ ਹਨ? ਕਦੇ ਬੂਹੇ ਆਪ ਸਰੀਰਕ ਵਸੀਲੇ ਨਾਲ ਭੀੜੇ ਬਿਨਾਂ ਬੰਦ ਹੋਏ ਹਨ?

ਡੱਲਾ ਨਹੀਂ ਜੀ।

ਅਜਮੇਰ ਸਿੰਘ-ਕਦੇ ਤੇਰੀ ਮਰਜ਼ੀ ਮਾਤ੍ਰ ਨਾਲ ਘਰ ਦੇ ਬੂਹੇ ਖੁਲ੍ਹੇ ਯਾ ਬੰਦ ਹੋਏ ਹਨ? ਤੂੰ ਚਾਹਿਆ ਹੋਵੇ ਕਿ ਬੂਹਾ ਬੰਦ ਹੋ ਜਾਏ ਤਾਂ ਬੰਦ ਹੋ ਗਿਆ ਹੋਵੇ, ਤੂੰ ਚਾਹਿਆ ਹੋਵੇ ਕਿ ਬੂਹਾ ਖੁਲ੍ਹ ਜਾਵੇ ਤਾਂ ਖੁਲ੍ਹ ਗਿਆ ਹੋਵੇ?

ਡੱਲਾ-ਕਦੇ ਨਹੀਂ, ਕੋਈ ਖੁਹਲੇ ਭੀੜੇ ਤਾਂ ਖੁਲ੍ਹਦੇ ਭਿੜਦੇ ਹਨ, ਮੇਰੀ ਮਰਜ਼ੀ ਮਾਤ੍ਰ ਨਾਲ ਤਾਂ ਨਹੀਂ ਖੁਲਦੇ ਮਿਟਦੇ।

ਅਜਮੇਰ ਸਿੰਘ-ਪਰ ਸਵੇਰ ਨੂੰ ਜਦ ਤੂੰ ਜਾਗਦਾ ਹੈਂ ਤਾਂ ਤੇਰੀਆਂ ਅੱਖਾਂ ਦੇ ਬੂਹੇ, ਜਿਨ੍ਹਾਂ ਨੂੰ ਅੱਖਾਂ ਦੇ ਛੱਪਰ ਆਖਦੇ ਹਨ ਕਿਸ ਤਰ੍ਹਾਂ ਖੁਲ੍ਹਦੇ ਹਨ? ਕੀ ਤੂੰ ਉਹਨਾਂ ਨੂੰ ਆਪਣੇ ਹੱਥਾਂ ਨਾਲ ਖੋਲ੍ਹਦਾ ਹੈਂ ਯਾ ਕੋਈ ਤੇਰੇ ਲਈ ਉਹਨਾਂ ਨੂੰ ਖੋਹਲਦਾ ਹੈ?

ਡੱਲਾ (ਘਬਰਾਕੇ)-ਨਹੀਂ, ਓਹ ਆਪੇ ਖੁਲ੍ਹ ਜਾਂਦੇ ਹਨ।

ਅਜਮੇਰ ਸਿੰਘ-ਘਬਰਾਓ ਨਹੀਂ, ਸੋਚੋ, ਕੰਘੀ ਮਾਰੋ ਮਨ ਵਿਚ! ਅੱਖਾਂ ਦੇ ਛੱਪਰ ਆਪੇ ਨਹੀਂ ਖੁਲਦੇ, ਤੁਸੀਂ ਅੰਦਰੋਂ ਚਾਹੁੰਦੇ ਹੋ ਕਿ ਖੁਲ੍ਹ ਜਾਣ, ਓਹ ਖੁਲ੍ਹ ਜਾਂਦੇ ਹਨ, ਤੁਸੀਂ ਇਛਾ ਕਰਦੇ ਹੋ ਉਹ ਬੰਦ ਹੋ ਜਾਣ, ਓਹ ਬੰਦ ਹੋ ਜਾਂਦੇ ਹਨ! ਕੇਵਲ ਤੁਹਾਡੀ ਇਛਾ ਨਾਲ, ਨਿਰਾ ਤੁਹਾਡੇ ਚਾਹੁਣ ਨਾਲ ਅਖਾਂ ਦੇ ਬੂਹੇ ਖੁਲ੍ਹ ਮਿਟ ਜਾਂਦੇ ਹਨ, ਕਿਸੇ ਸ੍ਰੀਰਕ ਵਸੀਲੇ ਦੀ ਲੋੜ ਨਹੀਂ ਪੈਂਦੀ।

ਡੱਲਾ-ਇਹ ਤਾਂ ਇਉਂ ਹੀ ਹੁੰਦਾ ਹੈ।

ਅਜਮੇਰ ਸਿੰਘ-ਕੀ ਇਹ ਕਰਾਮਾਤ ਨਹੀਂ?

ਡੱਲਾ-ਹੈ ਤਾਂ ਅਚਰਜ, ਪਰ ਰੋਜ਼ ਵਰਤਦਾ ਹੈ ਤੇ ਸਭ ਕੋਈ ਕਰ ਸਕਦਾ ਹੈ, ਇਸ ਕਰਕੇ ਕਦੇ ਧਿਆਨਿਆਂ ਨਹੀਂ ਕਿ ਕਿਵੇਂ ਨਿਰਾ ਚਾਹੁਣ ਮਾਤ੍ਰ ਨਾਲ ਸਰੀਰ ਦੇ ਦਰਵਜ਼ੇ ਖੁੱਲ੍ਹ ਮਿਟ ਜਾਂਦੇ ਹਨ।

ਅਜਮੇਰ ਸਿੰਘ-ਜਦੋਂ ਤੁਸੀਂ ਇਕ ਪਿੰਡ ਤੋਂ ਦੂਏ ਪਿੰਡ ਚਲੇ ਜਾਂਦੇ ਹੋ ਤਾਂ ਤੁਸੀਂ ਪਹਿਲਾਂ ਚਾਹੁੰਦੇ ਹੋ ਕਿ ਫਲਾਣੇ ਥਾਂ ਚੱਲੀਏ, ਫੇਰ ਚਾਹੁੰਦੇ ਹੋ ਟੁਰੀਏ, ਫਿਰ ਚਾਹੁੰਦੇ ਹੋ ਕਿ ਲਤ ਇਕ ਅਗੇ ਹੋਵੇ ਤੇ ਦੂਈ ਪਿਛੇ। ਫਿਰ ਪਿਛਲੀ ਅਗੇ ਜਾ ਪਵੇ ਤੇ ਫੇਰ ਜੋ ਪਿਛੇ ਰਹਿ ਗਈ ਹੈ ਓਹ ਓਸਤੋਂ ਅਗੇ ਜਾ ਪਵੇ ਤੇ ਐਉਂ ਚਾਹੀ ਜਾਂਦੇ ਹੋ ਤਾਂ ਵੇਖੋ ਅਚਰਜ, ਬਿਨਾਂ ਹਿਲਾਏ, ਬਿਨਾਂ ਚੁੱਕੇ, ਬਿਨਾਂ ਧੱਕਾ ਦਿਤੇ ਆਪੇ ਨਿਰਾ ਚਾਹੁਣ ਮਾਤ੍ਰ ਨਾਲ ਲੱਤਾਂ ਟੁਰੀ ਜਾਂਦੀਆਂ ਹਨ, ਡੱਲਿਆ! ਕੀ ਇਹ ਕਰਾਮਾਤ ਨਹੀਂ?

ਡੱਲਾ (ਹੋਰ ਅਚਰਜ ਹੋਕੇ)-ਕਦੇ ਗਉਲਿਆ ਨਹੀਂ ਸੀ। ਹੈ ਤਾਂ ਕਰਾਮਾਤ ਵਾਂਙ ਹੀ, ਪਰ ਮਭ

ਕੋਈ ਕਰਦਾ ਹੈ ਤੇ ਰੋਜ਼ ਹੁੰਦਾ ਹੈ। ਕਦੇ ਅਚਰਜ ਨਹੀਂ ਹੋਈਦਾ।

ਅਜਮੇਰ ਸਿੰਘ-ਡੱਲਿਆ! ਤੂੰ ਵਡਾ ਚੌਧਰੀ ਹੈਂ ਮਾਨੋਂ ਰਾਜਾ ਹੈਂ, ਫੇਰ ਤੂੰ ਸਿਪਾਹੀ ਰਾਜਾ ਹੈਂ। ਕਦੀ ਸਵਾਰੀ ਘੋੜੇ ਦੀ ਕੀਤੀ ਆ?

ਡੱਲਾ (ਮੁਸਕ੍ਰਾ ਕੇ)-ਹੋਰ ਕੰਮ ਹੀ ਕੀਹ ਹੈ?

ਅਜਮੇਰ ਸਿੰਘ-ਚੇਤਾ ਕਰਕੇ ਤੇ ਗਹੁ ਕਰਕੇ ਦੱਸ ਕਿ ਨਿਤ ਘੋੜਾ ਤੇਰੀ ਰਾਸ ਦੇ ਇਸ਼ਾਰੇ ਨਾਲ ਚਲਦਾ ਹੈ ਪਰ ਕਦੇ ਡਿਠਾ ਹਈ?-ਕਦੇ ਇਕ ਅਧ ਵੇਰ ਐਸਾ ਵਰਤਿਆ ਹੈ? ਕਿ ਤੂੰ ਘੋੜੇ ਤੇ ਚੜ੍ਹਕੇ ਕਿਸੇ ਨਵੇਂ ਟਿਕਾਣੇ ਨੂੰ ਤੁਰਿਆ ਹੈਂ, ਜਿਥੇ ਅਗੇ ਘੋੜਾ ਕਦੇ ਨਹੀਂ ਗਿਆ, ਫੇਰ ਜਿਥੋਂ ਤੂੰ ਕਿਤੇ ਰਸਤੇ ਤੋਂ ਸਜੇ ਖਬੇ ਰਾਸ ਮੋੜਕੇ ਟਿਕਾਣੇ ਦੀ ਸੇਧ ਕਰਨੀ ਸੀ, ਤੂੰ ਰਾਸ ਨਹੀਂ ਮੋੜੀ, ਪਰ ਚਿਤ ਵਿਚ ਉਥੇ ਪਹੁੰਚਣ ਦੀ ਤੀਖਣਤਾ ਯਾ ਅਤਿ ਸ੍ਰੈ-ਇਛਾ ਤੈਨੂੰ ਉਸ ਥਾਂ ਦੇ ਧਿਆਨ ਵਿਚ ਗ਼ਰਕ ਕਰ ਰਹੀ ਹੈ, ਤੇ ਤੂੰ ਉਸ ਗ਼ਰਕਾਉ ਵਿਚ ਘੋੜੇ ਨੂੰ ਰਾਸ ਦਾ ਇਸ਼ਾਰਾ ਦੇਣਾ ਬੀ ਭੁੱਲ ਗਿਆ ਹੈਂ। ਪਰ ਦੇਖੋ ਉਸ ਮੋੜ ਤੇ ਜਿਥੋਂ ਤੂੰ ਰਾਸ ਮੋੜਨੀ ਸੀ, ਘੋੜਾ ਆਪੇ ਅਝਕ ਗਿਆ ਹੈ, ਖੜੋ ਗਿਆ ਹੈ, ਯਾ ਤੇਰੇ ਮਨ ਦੇ ਚਾਹੇ ਰਸਤੇ ਵਲ ਮੁੜ ਪਿਆ ਹੈ, ਆਪੇ ਬਿਨਾਂ ਰਾਸ ਦੇ ਤਣੂਕੇ ਦਿਤੇ ਦੇ। ਇਹ ਵਾਕਿਆ ਰੋਜ਼ ਨਹੀਂ ਹੁੰਦੇ ਤੇ ਹਰੇਕ ਨਾਲ ਨਹੀਂ ਵਾਪਰਦੇ, ਪਰ ਕਦੇ ਕਿਸੇ ਅਸਵਾਰ ਨੇ ਐਸਾ ਡਿੱਠਾ ਹੈ ਯਾ ਕਿਸੇ ਨਾਲ ਵਰਤਿਆ ਹੈ। ਕੀ ਕਦੇ ਤੇਰੇ ਨਾਲ ਬੀ ਐਸਾ ਵਰਤਿਆ ਹੈ?

ਡੱਲਾ-ਹਾਂ, ਇਕ ਦੋ ਵਾਰੀ ਐਸਾ ਹੋਇਆ ਹੈ, ਮੈਂ ਕਿਸੇ ਔਕੜ ਦਾ ਕੰਮ ਉਸ ਦੇ ਧਿਆਨ ਵਿਚ ਗ਼ਰਕ ਜਾ ਰਿਹਾ ਸਾਂ ਤੇ ਇੰਨਾਂ ਤ੍ਰਿੱਖਾ ਤੇ ਜ਼ੋਰਦਾਰ ਅੰਦਰੋਂ ਉਸ ਪਾਸੇ ਡੁਬ ਰਿਹਾ ਸਾਂ ਕਿ ਰਾਸ ਨਹੀਂ ਮੋੜੀ, ਪਰ ਮੇਰੀ ਹੈਰਾਨੀ! ਤਦੇ ਹੀ ਮੈਨੂੰ ਪਤਾ ਲਗਾ ਜਾਂ ਘੋੜਾ ਬੂਹੇ ਅਗੇ ਜਾ ਖੜੋਤਾ, ਜਿਥੇ ਅਗੇ ਓਟ ਕਦੇ ਨਹੀਂ ਸੀ ਗਿਆ। ਹਾਂ, ਸਾਈਂ ਜੀਵੇ ਸਾਈਂ ਲੋਕ ਜੀ! ਇਹ ਗੱਲ ਉੱਪਰਲੀਆਂ ਤੋਂ ਬੀ ਅਸਚਰਜ ਕਰਨ ਵਾਲੀ ਹੈ, ਪਰ ਇਹ ਬਹੁਤ ਘਟ ਵਰਤੋਂ ਵਿਚ ਕਦੇ ਕਦੇ ਹੋਣ ਵਾਲੀ ਹੈ।

ਅਜਮੇਰ ਸਿੰਘ-ਕੀ ਇਹ ਕਰਾਮਾਤ ਨਹੀਂ?

ਡੱਲਾ-ਹੋਊ, ਪਰ ਮੇਰੇ ਕਰਨ ਦੀ ਤਾਂ ਨਹੀਂ ਨਾਂ, ਨਾ ਮੈਂ ਆਪ ਕਰ ਸਕਦਾ ਹਾਂ, ਆਪੇ ਕਦੇ ਹੋ ਜਾਂਦੀ ਹੈ।

ਅਜਮੇਰ-ਹੋ ਤਾਂ ਜਾਂਦੀ ਹੈ ਨਾਂ? ਹੈ ਅਚਰਜ, ਪਰ ਐਸੀ ਹੈ ਜੋ ਵਰਤਦੀ ਹੈ ਤੇ ਆਮ ਆਦਮੀ ਸਮਝਦੇ ਹਨ ਕਿ ਵਰਤਦੀ ਹੈ ਤੇ ਹੈ ਓਸੇ ਤਰ੍ਹਾਂ ਦੀ ਜਿਸ ਤਰ੍ਹਾਂ ਦੀ ਕਿ ਕਰਾਮਾਤ ਹੁੰਦੀ ਹੈ।

ਡੱਲਾ-ਠੀਕ ਹੈ, ਪਰ ਸਤਿਗੁਰ ਤਾਂ ਬੀਮਾਰੀ ਉਤਾਰ ਦੇਂਦੇ ਹਨ।

ਅਜ: ਸਿੰਘ-ਤੂੰ ਭੀ ਕਈ ਵਾਰ ਬੀਮਾਰੀ ਉਤਾਰੀ ਹੋਊ। ਕੀ ਕਦੇ ਤੇਰੇ ਕਿਸੇ ਬੱਚੇ ਨੂੰ ਹਿਚਕੀ ਲੱਗੀ ਹੈ?

ਡੱਲਾ-ਕਈ ਵੇਰ।

ਅਜ: ਸਿੰਘ-ਕੀ ਕਦੇ ਐਸ ਤਰ੍ਹਾਂ ਦਾ ਇਲਾਜ ਕੀਤਾ ਜੋ ਕਿ ਬੱਚਾ ਆਇਆ ਹਿਚਕੀ ਲੈਂਦਾ ਤੇ ਤੁਸਾਂ ਆਉਂਦੇ ਨੂੰ ਆਖਿਆ ਹੋਵੇ, ਦੇਖ ਕਾਕਾ! ਤੂੰ ਕੱਲ੍ਹ ਮਾਂ ਦੇ ਪੈਸੇ ਚੁਰਾ ਲਏ ਸਨ ਤੇ ਮੈਂ ਤੇਰੇ ਨਾਲ ਗੁੱਸੇ ਹੋ ਗਿਆ ਹਾਂ ਸੋ ਅਜ ਤੋਂ ਮੈਂ ਤੇਰੇ ਨਾਲ ਨਹੀਂ ਬੋਲਣਾ, ਤੇ ਤੇਰੇ ਐਸਾ ਕਹਿੰਦੇ ਮਾਰ ਮੁੰਡੇ ਦੀ ਹਿਚਕੀ ਬੰਦ ਹੋ ਗਈ ਹੋਵੇ?

ਡੱਲਾ-ਹਾਂ ਹੋਇਆ ਹੈ, ਸਵਾ ਪਹਿਰ ਇਕ ਦਿਨ ਕਾਕੇ ਦੀ ਹਿਚਕੀ ਨਹੀਂ ਸੀ ਰੁਕੀ, ਫੇਰ ਮੈਂ ਉਸ ਨੂੰ ਇਸੇ ਤਰ੍ਹਾਂ ਦੀ ਗ਼ਲ ਆਖੀ ਤਾਂ ਹਟ ਗਈ ਪਰ ਜਦ ਉਸ ਨੂੰ ਪਤਾ ਲਗ ਗਿਆ ਕਿ ਮੈਂ ਉਹਨੂੰ ਗੱਲ ਵਿਲਾਣ ਵਾਸਤੇ ਆਖੀ ਸੀ, ਤਦ ਦੂਜੀ ਵੇਰ ਇਸ ਤਰਾਂ ਨਾ ਹਟੀ।

ਅਜ: ਸਿੰਘ-ਡੱਲਿਆ! ਇਹ ਗਲ ਵੱਖਰੀ ਹੈ, ਪਰ ਹਿਚਕੀ ਹਟ ਤਾਂ ਗਈ ਸੀ ਨਾ, ਬਿਨਾਂ ਦਵਾ ਤੋਂ ਆਪੇ ਤੇਰੇ ਕੁਛ ਆਖਣ ਮਾਤ੍ਰ ਨਾਲ ਹੀ।

ਡੱਲਾ-ਹਾਂ ਜੀ!

ਅਜਮੇਰ ਸਿੰਘ-ਕੀ ਫੇਰ ਇਹ ਕਰਾਮਾਤ ਨਹੀਂ ਸੀ?

ਡੱਲਾ (ਅਚਰਜ ਹੋਕੇ)-ਲਗਦੀਆਂ ਤਾਂ ਕਰਾਮਾਤਾਂ ਹਨ, ਪਰ ਓਸ ਤਰ੍ਹਾਂ ਦੀਆਂ ਨਹੀਂ ਜਿਸ ਤਰ੍ਹਾਂ ਦੀਆਂ ਗੁਰੂ ਮਹਾਰਾਜ ਕਰ ਲੈਂਦੇ ਹਨ ਤੇ ਮੈਂ ਸਮਝਣਾ ਇਹ ਹੈ ਕਿ ਓਹ ਕਿਵੇਂ ਹੁੰਦੀਆਂ ਹਨ?

ਅਜ: ਸਿੰਘ-ਡੱਲਿਆ! ਜੇ ਕਦੇ ਘੋੜੀ ਯਾ ਮਹਿੰ ਦਰਯਾ ਵਿਚ ਸੂ ਪਵੇ ਤਾਂ ਉਸਦਾ ਬੱਚਾ

ਜੰਮਦਿਆਂ ਤਰਨ ਲਗ ਜਾਂਦਾ ਹੈ।

ਡੱਲਾ--ਠੀਕ ਹੈ।

ਅਜਮੇਰ ਸਿੰਘ-ਪਰ ਜੇ ਆਦਮੀ ਦਾ ਬੱਚਾ ਦਰਯਾ ਵਿਚ ਸੁੱਟੀਏ ਤਾਂ ਡੁੱਬ ਜਾਂਦ ਹੈ।

ਡੱਲਾ--ਠੀਕ ਹੈ।

ਅਜਮੇਰ ਸਿੰਘ-ਪਰ ਫੇਰ ਆਦਮੀ ਦਾ ਬੱਚਾ ਦਰਯਾ ਵਿਚ ਤਰਦਾ ਹੈ, ਤੂੰ ਤਰਦਾ ਹੈਂ, ਤੇਰੇ ਕਾਕੇ ਤਰਦੇ ਹਨ, ਕੀ ਇਹ ਕਰਾਮਾਤ ਨਹੀਂ ਕਿ ਕੁਦਰਤ ਤੋਂ ਤਾਂ ਇਨਸਾਨ ਤਾਰੂ ਨਹੀਂ, ਪਰ ਕੁਦਰਤ ਤੇ ਹਾਵੀ ਹੋਕੇ ਤਰਨ ਲਗ ਜਾਂਦਾ ਹੈ?

ਡੱਲਾ-ਹੈ ਤਾਂ ਠੀਕ, ਕਦੇ ਏਹ ਗਲਾਂ ਗਉਲੀ ਦੀਆਂ ਨਹੀਂ ਨਾ, ਪਰ ਤਦ ਵੀ ਮੈਨੂੰ ਉਸ ਕਰਾਮਾਤ ਦਾ ਵੇਰਵਾ ਦਸੋ ਜੋ ਸਤਿਗੁਰੂ ਜੀ ਕਰਦੇ ਹਨ।

ਅਜ: ਸਿੰਘ-ਲੈ ਸੁਣ: ਤੇਰੇ ਸ਼ਰੀਰ ਵਿਚ ਦੋ ਹਿੱਸੇ ਹਨ, ਇਕ ਸ਼ਰੀਰ, ਇਕ ਜਿਸ ਨੂੰ ਮਨ ਕਹਿ ਲਿਆ ਜਾਵੇ। ਸ਼ਰੀਰ 'ਦਿਸਦਾ' ਹੈ, ਮਨ 'ਪ੍ਰਤੀਤ' ਹੁੰਦਾ ਹੈ। ਇਸ ਮਨ ਦੇ ਪਿਛੇ ਹੋਰ ਤਾਕਤ ਹੈ, ਉਸ ਨੂੰ ਰੂਹ ਜਾਂ ਆਤਮਾ ਆਖਦੇ ਹਨ, ਪਰ ਉਸ ਦੀ ਗਲ ਫੇਰ ਕਰਾਂਗੇ। ਸ਼ਰੀਰ ਸਾਰੇ ਕੰਮ ਸ਼ਰੀਰਕ ਹਰਕਤ (ਚੇਸ਼ਟਾ) ਨਾਲ ਕਰਦਾ ਹੈ, ਪਰ ਮਨ ਕੇਵਲ ਇੱਛਾ ਕਰਦਾ ਹੈ। ਜਿਸ ਤਰ੍ਹਾਂ ਸ਼ਰੀਰ ਕਈ ਬਲਵਾਨ ਹਨ, ਕਈ ਲਿੱਸੇ, ਪਤਲੇ, ਨਿਤਾਣੇ ਹਨ, ਇਸੇ ਤਰ੍ਹਾਂ ਮਨ ਭੀ ਕਈ ਨਿਰਬਲ ਹਨ, ਕਈ ਬਲਵਾਨ ਹਨ। ਜਿਸ ਤਰ੍ਹਾਂ ਬਲ ਵਾਲੇ ਸ਼ਰੀਰ ਦੀ ਚੇਸ਼ਟਾ (ਹਰਕਤ) ਤਾਕਤਵਰ ਹੈ, ਉਸੇ ਤਰ੍ਹਾਂ ਬਲ ਵਾਲੇ ਮਨ ਦੀ ਚੇਸ਼ਟਾ (ਇੱਛਾ) ਜ਼ਬਰਦਸਤ ਤੇ ਜ਼ੋਰ ਵਾਲੀ ਹੁੰਦੀ ਹੈ। ਜਿਸਨੂੰ ਤੂੰ ਕਰਾਮਾਤ ਸਮਝਦਾ ਹੈ; ਉਹ ਬਲਵਾਨ ਇੱਛਾ ਸ਼ਕਤੀ ਦੇ ਕਰਤੱਵ ਹਨ।

ਇਹ ਤੂੰ ਵੇਖ ਚੁੱਕਾ ਹੈਂ ਕਿ ਇੱਛਾ ਸ਼ਕਤੀ ਜਦ ਅੰਦਰੋਂ ਤੁਰਨ ਦੀ ਹੁੰਦੀ ਹੈ, ਤਾਂ ਤੈਨੂੰ ਲੈ ਟੁਰਦੀ ਹੈ। ਇੱਛਾ ਸ਼ਕਤੀ ਦਾ ਰੂਪ ਰੰਗ ਨਹੀਂ ਤੇ ਤੋਲ ਤਾਂ ਕੀ ਹੋਣਾ ਸੀ, ਪਰ ਤੇਰਾ ਸ਼ਰੀਰ ਤ੍ਰੈ ਮਣ ਦਾ ਹੈ, ਤ੍ਰੈ ਮਣ ਦੀ ਦੇਹ ਨੂੰ ਤੋਲਹੀਨ ਇੱਛਾ ਸ਼ਕਤੀ ਰੋਜ਼ ਲੈ ਟੁਰਦੀ ਹੈ, ਤੂੰ ਇਹ ਗੱਲ ਸਮਝਦਾ ਹੈਂ ਕਿ ਨਹੀਂ? ਫੇਰ ਅੱਖਾਂ ਦੇ ਛੱਪਰ ਇਕ ਤਰ੍ਹਾਂ ਅੱਖਾਂ ਦੇ ਦਰਵਾਜ਼ੇ ਹਨ, ਪਰ ਤੇਰੀ ਇੱਛਾ ਸ਼ਕਤੀ ਇਨ੍ਹਾਂ ਨੂੰ ਕੇਵਲ ਚਾਹੁਣ ਮਾਤ੍ਰ ਨਾਲ ਖੋਹਲ ਮੀਟ ਲੈਂਦੀ ਹੈ, ਤੈਨੂੰ ਘਰ ਦੇ ਬੂਹਿਆਂ ਵਾਂਗੂ ਹੱਥ ਨਾਲ ਖੁਹਲਣ ਮੀਟਣ ਦੀ ਲੋੜ ਨਹੀਂ ਪੈਂਦੀ। ਸੋ ਇਹ ਤੈਨੂੰ ਯਕੀਨ ਹੋ ਗਿਆ ਕਿ ਅੰਦਰ ਸਾਡੇ ਇੱਛਾ ਸ਼ਕਤੀ ਹੈ ਅਰ ਇਹ ਕੰਮ ਕਰਦੀ ਹੈ, ਨਾ ਕੇਵਲ ਚਾਹੁਣ ਦਾ, ਪਰ ਇਸ ਦਾ ਚਾਹੁਣਾ ਸ਼ਰੀਰ ਨੂੰ, ਦੇਹ ਨੂੰ ਹਰਕਤ ਵਿਚ ਲੈ ਆਉਂਦਾ ਹੈ। ਬੱਸ, ਸਿੱਧ ਹੋਇਆ ਕਿ ਇੱਛਾ ਸ਼ਕਤੀ ਹਰਕਤ (ਚੇਸ਼ਟਾ) ਕਰਾ ਸਕਦੀ ਹੈ ਅਰ ਦੇਹ ਪਰ ਹਾਵੀ ਸ਼ੈ ਹੈ।

ਡੱਲਾ (ਹੱਕਾ ਬੱਕਾ ਰਹਿ ਜਾਕੇ)--ਗੱਲ ਤਾਂ ਨੇੜਿਓਂ ਹੀ ਨਿਕਲਦੀ ਆਉਂਦੀ ਹੈ!

ਅਜ: ਸਿੰਘ-ਜਦ ਤੇਰਾ ਮਨ ਤੇਰੇ ਸ਼ਰੀਰ ਨੂੰ ਤੋਰਦਾ ਹੈ, ਅਰ ਉਹ ਮਨ ਵਜ਼ਨਦਾਰ ਰੂਪ ਰੰਗ ਦਾ ਨਹੀਂ ਤੇ ਵਜ਼ਨਦਾਰ ਸਰੀਰ ਨੂੰ ਮਰਜ਼ੀ ਮੁਤਾਬਕ ਵਾਹੁੰਦਾ ਹੈ, ਤਦ ਕਰਾਮਾਤਾਂ ਦਾ ਅਸੂਲ ਤੇ ਨਹੁੰ ਅੜਨ ਵਾਲਾ ਥਾਂ ਤਾਂ ਲੱਭ ਪਿਆ ਕਿ ਨਾ?

ਡੱਲਾ-ਕੀਕੂੰ?

ਅਜ: ਸਿੰਘ--ਜੀਕੂੰ ਤੂੰ ਮੈਂ ਸਾਰੇ ਗੱਲਾਂ ਕਰਦੇ ਹਾਂ, ਤਾਂ ਸਾਫ ਹੈ ਕਿ ਸਾਡੇ ਵਿਚੋਂ ਉਹ ਕੁਝ ਹੁੰਦਾ ਹੈ ਕਿ ਜਿਸ ਨੂੰ 'ਅਵਾਜ਼' ਯਾ 'ਧੁਨਿ' ਆਖਦੇ ਹਨ, ਜੇ ਅਵਾਜ਼ ਨਾ ਹੋਵੇ ਤਾਂ ਗੱਲਾਂ ਕੀਕੂੰ ਕਰੀਏ? ਇਹ ਅਵਾਜ਼ ਉੱਚੀ, ਨੀਵੀਂ, ਮੱਧਮ ਹੁੰਦੀ ਹੈ। ਇਹ ਅਵਾਜ਼ ਨਿੱਕੀ, ਵਿਚਕਾਰਲੀ ਤੇ ਲੰਮੀ ਹੁੰਦੀ ਹੈ। ਲੰਮੀ ਨੂੰ ਹੇਕ ਆਖਦੇ ਹਨ, ਜਦ ਕੋਈ ਹੇਕ ਕੱਢੇ ਤਾਂ ਆਖਦੇ ਹਨ ਹੋਰ ਉੱਚੀ ਕਰ। ਹੋਰ ਉੱਚੀ ਕਰੇ ਤਦ ਪਤਾ ਲਗਾ ਕਿ ਹੇਕ ਉੱਚੀ ਨੀਵੀਂ ਭੀ ਹੋ ਸਕਦੀ ਹੈ। ਬੱਸ ਐਥੋਂ ਸਾਰੇ 'ਗਾਇਨ', ਸਾਰੇ 'ਰਾਗ' ਦਾ ਅਸੂਲ ਲੱਭ ਗਿਆ।

ਡੱਲਾ (ਘਬਰਾ ਕੇ)-ਕੀਕੂੰ?

ਅਜ: ਸਿੰਘ-ਡੱਲਿਆ! ਅੱਗੋਂ ਹੁਣ ਬਹੁਤ 'ਧਿਆਨ ਦੇਣ' ਦੀ ਲੋੜ ਹੈ, ਐਵੇਂ ਹੇਕਾਂ ਮਾਰਾ ਜਹਾਨ ਕੱਢਦਾ ਹੈ, ਸਭ ਕੋਈ ਗਾਉਂਦਾ ਤੇ ਧੁਨਾਂ ਕੱਢਦਾ ਰਹਿੰਦਾ ਹੈ, ਪਰ ਜੋ ਧਿਆਨ ਦੇਂਦਾ ਹੈ ਕਿ ਹੇਕ ਦੇ ਉੱਚੇ ਨੀਵੇਂ ਕਿੰਨੇ ਟਿਕਾਣੇ ਹਨ, ਤਦ ਉਮਨੂੰ ਧਿਆਨ ਦੇ ਦੇਕੇ ਹੇਕਾਂ ਉੱਚੀਆਂ ਨੀਵੀਆਂ ਕੱਢਦਿਆਂ ਪਤਾ ਲਗ ਜਾਂਦਾ ਹੈ ਕਿ ਇਸ ਦੇ ਸੱਤ ਟਿਕਾਣੇ ਹਨ। ਫੇਰ ਉਹ ਆਪਣੇ ਯਾਦ ਰੱਖਣ ਲਈ

ਉਨ੍ਹਾਂ ਸੱਤਾਂ ਟਿਕਾਣਿਆਂ ਦੇ ਨਾਮ ਧਰ ਲੈਂਦਾ ਹੈ:-
ਖਰਜ, ਰਿਖਭ, ਗੰਧਾਰ, ਮੱਧਮ, ਪੰਚਮ, ਧੈਵਤ, ਨਿਖਾਦ
ਸਾ ਰੇ ਗਾ ਮਾ ਪਾ ਧਾ ਨੀ।

ਜਦੋਂ ਕੋਈ ਇਨ੍ਹਾਂ ਟਿਕਾਣਿਆਂ ਵਿਚੋਂ ਕਿਸੇ ਟਿਕਾਣੇ ਦੀ ਅਵਾਜ਼ ਨਿਕਲੇ ਝੱਟ ਸਮਝ ਜਾਂਦਾ ਹੈ ਕਿ ਇਹ ਫਲਾਨੀ ਹੈ, ਪਰ ਕੋਈ ਇਹ ਟਿਕਾਣੇ ਨਹੀਂ ਸਿਆਣ ਸਕਦਾ। ਫੇਰ ਉਹ ਇਨ੍ਹਾਂ ਨੂੰ ਆਪੋ ਵਿਚ ਕਈ ਜੋੜਾਂ ਵਿਚ ਮਿਲਾਕੇ ਗਾਉਂਦਾ ਹੈ। ਓਹ ਸੁਆਦਲੀਆਂ ਬਣਦੀਆਂ ਹਨ, ਉਨ੍ਹਾਂ ਦਾ ਨਾਂ ਤਾਨਾਂ ਰੱਖਦਾ ਹੈ। ਫੇਰ ਇਨ੍ਹਾਂ ਨੂੰ ਉਹ ਧਿਆਨ ਤੇ ਗਹੁ ਨਾਲ ਸਿਆਣਦਾ, ਪਛਾਣਦਾ ਤੇ ਜੋੜਦਾ ਹੈ ਤੇ ਚੇਤੇ ਰੱਖਣ ਲਈ ਅੱਡ ਅੱਡ ਨਾਮ ਦੇਂਦਾ ਹੈ, ਓਹ ਫੇਰ ਰਾਗ ਰਾਗਣੀਆਂ ਬਣ ਜਾਂਦੇ ਹਨ। ਜਦ ਇਨ੍ਹਾਂ ਵਿਚ ਕੋਈ ਅਰਥ ਵਾਲੇ ਫਿਕਰੇ (ਯਾ ਟੱਪੇ ਯਾ ਛੰਦ) ਗਾਉਣ ਲਗ ਜਾਂਦਾ ਹੈ ਤਾਂ ਆਖਦੇ ਹਨ ਕਿ ਬੋਲ ਯਾ ਗੀਤ ਗਾਉਂਦਾ ਹੈ। ਹੁਣ ਧਿਆਨ ਨਾਲ ਸੋਚ ਲੈ ਕਿ ਜਿਵੇਂ ਆਮ ਲੋਕਾਂ ਦੀਆਂ ਹੇਕਾਂ ਵਿਚ ਤੇ ਇਕ ਗਵੱਯੇ (ਦੀਆਂ ਸੁੰਦਰ ਮੰਝੀਆਂ ਤਾਨਾਂ ਤੇ ਗੀਤਾਂ ਦੀਆਂ ਧਾਰਨਾਂ) ਦੇ ਗਾਇਨ ਵਿਚ ਫਰਕ ਹੈ ਉਸੇ ਤਰ੍ਹਾਂ ਆਮ ਤੇਰੀਆਂ ਮੇਰੀਆਂ ਕਰਾਮਾਤਾਂ ਵਿਚ ਤੇ ਰੱਬੀ ਬੰਦਿਆਂ ਦੀਆਂ ਕਰਾ-ਮਾਤਾਂ ਵਿਚ ਫਰਕ ਹੈ ਤੇ ਜਿਵੇਂ 'ਹੇਕ' ਰਾਗ ਦਾ ਅਸੂਲ ਤੇ ਮੂਲ ਹੈ, ਤਿਵੇਂ 'ਇੱਛਾ ਸ਼ਕਤੀ' ਕਰਾਮਾਤਾਂ ਦਾ ਅਸੂਲ ਹੈ।

ਇਹ ਇੱਛਾ ਸ਼ਕਤੀ ਕਈ ਪ੍ਰਕਾਰ ਦੀ ਹੈ-
੧. ਆਮ, ਜਿਸ ਤਰ੍ਹਾਂ ਦੀ ਕਿ ਜਣੇ ਖਣੇ ਦੀ ਹੁੰਦੀ ਹੈ। ਇਹ ਇੱਛਾ ਸ਼ਕਤੀ ਜਿਸ ਮਨ ਦੀ ਹੈ ਉਹ ਖਿੰਡਾਉ ਵਿਚ ਵੱਸਦਾ ਹੈ, ਅਰਥਾਤ ਮਨ ਨੂੰ ਏਕਾਗ੍ਰਤਾ ਦਾ ਕੋਈ ਸੁਭਾਉ ਨਹੀਂ, ਸੋਚਾਂ ਵਿਚਾਰਾਂ, ਮਨੋਰਾਜਾਂ, ਮਨ ਦੇ ਵਹਿਣ, ਸੰਕਲਪ ਵਿਕਲਪ, ਤਰ੍ਹਾਂ ਤਰ੍ਹਾਂ ਦੇ ਫੁਰਨੇ ਇਸ ਮਨ ਨੂੰ ਫੁਰਦੇ ਰਹਿੰਦੇ ਹਨ, ਇਨ੍ਹਾਂ ਦਾ ਬੇ ਰੋਕ ਫੁਰਦੇ ਰਹਿਣਾ ਮਨ ਦੇ ਖਿੰਡਾਉ ਦੀ ਅਵ-ਸਥਾ ਕਹੀਦੀ ਹੈ। ੨. ਇਕ ਮਨ ਐਸੇ ਹਨ ਜੋ ਇਕਾਗ੍ਰ ਹਨ, ਜੋ ਆਪਣੇ ਆਪ ਵਿਚ ਜੁੜਦੇ ਹਨ:-ਜੁੜਨ ਚਾਹੇ ਕਿਸੇ ਤਰਕੀਬ ਨਾਲ, ਪਰ ਜੁੜਦੇ ਹਨ। ਏਹ ਲੋਕ ਅਪਣੇ ਫੁਰਨੇ ਨੂੰ ਰੋਕਦੇ ਹਨ, ਮਨ ਜਦ ਵਹਿਣਾਂ ਵਿਚ ਰੁੜ੍ਹੇ ਤਾਂ ਹੋੜਦੇ ਹਨ, ਸੋਚਾਂ ਤਿਸ਼ਨਾਂ ਦਿਆਂ ਸੰਕਲਪਾਂ ਵਿਚ ਨੱਠੇ ਤਾਂ ਵਰਜ ਵਰਜ ਕੇ ਅੰਦਰ ਰਹਾਂਦੇ ਹਨ, ਇਹ ਸਾਰਾ ਤਰੱਦਦ ਮਨ ਨੂੰ ਇਕਾਗ੍ਰਤਾ ਵਿਚ ਲੈ ਜਾਂਦਾ ਹੈ। ਜੋ ਮਨ ਇਕਾਗ੍ਰ ਹੁੰਦੇ ਹਨ, ਉਹਨਾਂ ਦੀ ਇੱਛਾ ਸ਼ਕਤੀ ਬਲਵਾਨ ਹੋ ਜਾਂਦੀ ਹੈ। ਠੀਕ ਜਿਸ ਤਰ੍ਹਾਂ ਬਲਵਾਨ ਸਰੀਰ ਦੀ ਸਾਰੀ ਹਰਕਤ ਜ਼ੋਰਦਾਰ ਹੁੰਦੀ ਹੈ ਅਰ ਕਮਜ਼ੋਰ ਤੇ ਆਮ ਸਰੀਰਾਂ ਤੇ ਭਾਰੂ ਤੇ ਹਾਵੀ ਹੁੰਦੀ ਹੈ, ਇਸ ਤਰ੍ਹਾਂ (ਇਕਾਗ੍ਰ) ਬਲਵਾਨ ਮਨ ਦੀ 'ਇੱਛਾ ਸ਼ਕਤੀ' ਹੋਰਨਾਂ ਮਨਾਂ ਉੱਤੇ, ਜੀਵ ਧਾਰੀਆਂ ਉੱਤੇ, ਆਮ ਕੁਦਰਤ ਉੱਤੇ ਭਾਰੂ ਹੁੰਦੀ ਹੈ, ਆਮ ਇੱਛਾ ਸ਼ਕਤੀਆਂ ਉਸਤੇ ਭਾਰੂ ਨਹੀਂ ਪੈਂਦੀਆਂ। ੩. ਤੀਸਰੇ ਉਹ ਮਨ ਹਨ ਜੋ ਆਮ ਮਨਾਂ ਕੋਲੋਂ ਨਿਰ-ਬਲ ਹਨ, ਇਨ੍ਹਾਂ ਵਿਚ ਖਿੰਡਾਉ ਬਹੁਤਾ ਹੁੰਦਾ ਹੈ, ਇਨ੍ਹਾਂ ਦੇ ਮਨ ਆਪਣੇ ਵਹਿਮਾਂ ਦੇ ਹੇਠ ਟੁਰਦੇ ਹਨ, ਇਹ ਜੋ ਕੁਝ ਚਾਹੁਣਗੇ ਤਾਂ ਰਤਾ ਜਿੰਨੇ ਦਬਾਉ ਨਾਲ-ਹਵਾਉ ਝੂਲਣ ਨਾਲ-ਬਦਲ ਜਾਣਗੇ। ਜਾਣਕੇ ਕਿਸੇ ਨੇਕੀ ਦੀ ਖ਼ਾਤਰ ਨਹੀਂ, ਪਰ ਸੁਭਾਵਕ ਇਨ੍ਹਾਂ ਮਨਾਂ ਵਿਚ ਕੋਈ ਜਿਗਰਾ ਨਹੀਂ, ਭੈ ਤੇ ਚਿੰਤਾ ਇਨ੍ਹਾਂ ਮਨਾਂ ਤੇ ਬਹੁਤ ਅਸਰ ਰਖਦੇ ਹਨ। ਜਿਵੇਂ ਬੀਮਾਰ ਸਰੀਰ ਬੀਮਾਰੀਓਂ ਉੱਠੇ ਨਿਰਬਲ ਹੁੰਦੇ ਹਨ ਅਤੇ ਥੱਕੇ ਟੁੱਟੇ, ਹੁੱਟੇ, ਅੱਕੇ ਹਾਰੇ ਸਰੀਰ ਉਨੀਂਦੇ ਤੇ ਖੇਚਲਾਂ ਨਾਲ ਮਾਰੇ ਆਪਣੀ ਸਰੀਰਕ ਚੇਸ਼ਟਾ ਵਿਚ ਨਿਤਾਣੇ ਹੁੰਦੇ ਹਨ, ਇਮ ਤਰ੍ਹਾਂ ਭੈ, ਚਿੰਤਾ ਤੇ ਭਰਮ ਦੇ ਸ਼ਿਕਾਰ ਹੋਣ ਵਾਲੇ ਮਨ ਨਿਤਾਣੇ ਹੋ ਜਾਂਦੇ ਹਨ, ਉਨ੍ਹਾਂ ਦੀ ਇੱਛਾ ਸ਼ਕਤੀ ਨਿਤਾਣੀ ਹੁੰਦੀ ਹੈ। ਡੱਲਿਆ! ਮੈਂ ਔਖੀਆਂ ਗੱਲਾਂ ਤਾਂ ਨਹੀਂ ਕਰ ਰਿਹਾ?

ਡੱਲਾ-ਨਹੀਂ ਜੀ, ਇਹ ਤਾਂ ਸਾਫ ਸਮਝ ਪੈਂਦੀਆਂ ਹਨ, ਸਿੱਧੀਆਂ ਹਨ, ਪਰ ਹਨ ਪਤੇ ਦੀਆਂ ਜੋ ਅੰਦਰ ਘਰ ਕਰਦੀਆਂ ਹਨ।

ਅਜਮੇਰ ਸਿੰਘ-ਨਿਤਾਣੇ ਤੇ ਆਮ ਤਾਕਤ ਦੇ ਸਰੀਰ ਵਾਲੇ ਲੋਕੀ ਪਹਿਲਵਾਨਾਂ ਨੂੰ ਤੱਕ ਤੱਕ ਕੇ ਹੱਕੇ ਬੱਕੇ ਰਹਿ ਜਾਂਦੇ ਹਨ। ਰਾਠਾਂ ਤੇ ਮਹਾਂਬਲੀ ਅਜਿੱਤ ਸੂਰਮਿਆਂ ਦੇ ਸੰਗ੍ਰਾਮਾਂ ਦੇ ਕਰਤੱਵ ਸੁਣ ਵੇਖ ਕੇ ਉਂਗਲਾਂ ਟੁੱਕਣ ਲਗ ਜਾਂਦੇ ਹਨ। ਉਹਨਾਂ ਲਈ ਪਹਿਲਵਾਨ ਤੇ ਅਜਿੱਤ ਸੂਰੇ ਕਰਾਮਾਤਾਂ

ਕਰ ਰਹੇ ਹਨ। ਇਸੇ ਤਰ੍ਹਾਂ ਬਲਵਾਨ ਇੱਛਾ ਸ਼ਕਤੀਆਂ ਵਾਲਿਆਂ ਦੇ, ਅਰਥਾਤ ਏਕਾਗ੍ਰ ਮਨਾਂ ਦੇ ਕਰਤੱਵ ਵੇਖ ਵੇਖ ਕੇ ਮਹਾਂ ਬਲੀ, ਜਿਨ੍ਹਾਂ ਨੂੰ ਸਤਿਗੁਰ ਨੇ 'ਜੋਧ ਮਹਾਂ ਬਲ ਸੂਰਾ' ਲਿਖਿਆ ਹੈ, ਉਨ੍ਹਾਂ ਦੇ ਡਾਢੇ ਹੀ ਟਿਕੇ ਹੋਏ ਮਨਾਂ ਤੋਂ ਉਪਜੀ ਇੱਛਾ ਸ਼ਕਤੀ ਦੇ ਕ੍ਰਿਸ਼ਮੇਂ ਤੱਕ ਤੱਕ ਕੇ ਸਾਧਾਰਨ ਮਨ ਹਰਿਆਨ ਹੁੰਦੇ ਹਨ। ਸਮਝ ਨਹੀਂ ਸਕਦੇ ਤੇ ਆਖਦੇ ਹਨ ਕਰਾਮਾਤ। ਫੇਰ ਖਿਆਲ ਕਰਦੇ ਹਨ ਕਿ ਕਰਾਮਾਤ ਕੋਈ ਅਸੰਭਵ ਦਾ ਸੰਭਵ ਹੋਣਾ ਹੈ। ਅਸੰਭਵ ਕੁਛ ਨਹੀਂ, ਜਿੰਨਾ ਕੋਈ ਕਰ ਸਕਦਾ ਹੈ ਉਸ ਤੋਂ ਵਧੀਕ ਕਰਨਾ ਉਸ ਨੂੰ ਮੁਸ਼ਕਲ ਹੈ ਤੇ ਉਸ ਤੋਂ ਹੋਰ ਅੱਗੇ ਦਾ ਕੁਛ ਹੁੰਦਾ ਵੇਖਣਾ ਉਸ ਲਈ ਅਸੰਭਵ ਭਾਸਦਾ ਹੈ। ਉਸ ਮੁਸ਼ਕਲ ਗਲ ਨੂੰ ਬੀ ਜੇ ਕੋਈ ਕਰ ਲਵੇ ਤਾਂ ਉਸ ਨੂੰ ਕਮਾਲ ਯਾ 'ਪ੍ਰਬੀਨਤਾ' ਆਖਦੇ ਹਨ ਤੇ ਜਿਸ ਨੂੰ ਓਹ ਅਸੰਭਵ ਸਮਝਦੇ ਸਨ ਜਦ ਕੋਈ ਉਹ ਕਰ ਲਵੇ ਤਾਂ ਉਸ ਨੂੰ 'ਕਰਾਮਾਤ' ਯਾ 'ਕਰਾਮਤ' ਆਖਦੇ ਹਨ।

ਡੱਲਾ-ਪਰ ਦੱਸੋ ਨਾਂ ਜੀਓ ਜੀ! ਸਤਿਗੁਰ ਦੇ ਤਾਰੇ ਜੀਓ! ਓਹ ਕੀਕੂੰ ਏਕਾਗ੍ਰ ਹੋ ਜਾਂਦੇ ਹਨ? ਕੀਕੂੰ ਬਲਵਾਨ ਹੁੰਦੇ ਹਨ?

ਅਜਮੇਰ ਸਿੰਘ-ਬਈ ਇਹ ਦੋ ਪ੍ਰਕਾਰ ਹੈ, ਇਕ ਜਨਮ ਤੋਂ, ਦੂਜੇ ਸਾਧਨ ਤੋਂ। ਜਨਮ ਤੋਂ ਐਸੇ ਲੋਕ ਬਲਵਾਨ ਮਨ ਵਾਲੇ ਹੁੰਦੇ ਹਨ ਕਿ ਹੈਰਾਨ ਕਰ ਦੇਂਦੇ ਹਨ, ਪਰ ਏਹ ਲੋਕ ਬੜੇ ਦੁਰਲੱਭ ਹਨ, ਕਦੇ ਕਦੇ ਹੁੰਦੇ ਹਨ। ਜੋ ਲੋਕ ਚੋਟੀ ਦੇ ਬਲਵਾਨ ਮਨ ਵਾਲੇ ਹਨ ਉਹ 'ਮਹਾਂ ਪੁਰਖ' ਕਹੀਦੇ ਹਨ, ਜੋ ਜਨਮ ਤੋਂ ਐਸੇ ਹਨ ਉਹਨਾਂ ਦੇ ਕਰਤੱਵ ਸਮਝ ਵਿਚ ਨਹੀਂ ਪੈਂਦੇ। ਮੇਰਾ ਈਮਾਨ ਇਹ ਹੈ ਕਿ ਉਹ ਰੱਬ ਦੇ ਘੱਲੇ ਆਉਂਦੇ ਹਨ ਤੇ ਉਹਨਾਂ ਦਾ ਮਨ ਰੱਬ ਨਾਲ ਲੱਗਾ ਰਹਿੰਦਾ ਹੈ। ਜਿਸ ਤਰ੍ਹਾਂ ਤਾਰ ਦੇ ਇਕ ਸਿਰੇ ਤਣੱਕਾ ਦਿਓ ਤਾਂ ਧੁਨਿ ਉਪਜਦੀ ਹੈ, ਪਰ ਉਹ ਤਣੱਕੇ ਦੀ ਧੁਨਕਾਰ ਤਾਰ ਦੇ ਸਿਰੇ ਤੱਕ ਉਸ ਸਾਜ਼ ਵਿਚ ਸਾਰੇ ਜਾਂਦੀ ਹੈ ਸੁਰ ਹੋਈਆਂ ਤਰਬਾਂ ਵਿਚ। ਤਿਵੇਂ ਜੋ ਸਾਈਂ ਵਲੋਂ ਆਉਂਦਾ ਹੈ, ਉਹਦਾ ਮਨ ਰੱਬੀ ਇੱਛਾ ਸ਼ਕਤੀ ਦੀ ਧੁਨਕਾਰ ਦਾ ਅੰਤਲਾ ਸਿਰਾ ਹੁੰਦਾ ਹੈ, ਅਰਥਾਤ ਜੋ ਰੱਬ ਦੀ ਇੱਛਾ ਸ਼ਕਤੀ ਹੈ, ਚੇਸ਼ਟਾ ਯਾ ਹਰਕਤ ਤਾਂ ਉਹ ਕਰਦੀ ਹੈ, ਪਰ ਉਸ ਦੀ ਝੁਨਕਾਰ ਇਨ੍ਹਾਂ ਦੇ ਮਨ ਤੇ ਵੱਜਦੀ ਹੈ। ਇਨ੍ਹਾਂ ਦਾ ਮਨ ਫੇਰ ਰੱਬੀ ਬਲ ਦੇ ਕ੍ਰਿਸ਼ਮੇਂ ਦੱਸਦਾ ਹੈ। ਰੱਬ ਦੀ ਇੱਛਾ ਸ਼ਕਤੀ ਨੂੰ ਸਤਿਗੁਰ ਨੇ 'ਰਜ਼ਾ' ਆਖਿਆ ਹੈ, ਰਜ਼ਾ ਦਾ ਬਲ ਇਨ੍ਹਾਂ ਦੇ ਮਨ ਨੂੰ ਬਲ ਦੇਂਦਾ ਹੈ।

ਡੱਲਾ-ਇਹ ਗੁਰੂ ਜੀ ਕਿਸ ਤਰ੍ਹਾਂ ਹੋਏ।

ਅਜਮੇਰ ਸਿੰਘ-ਰੱਬੀ ਰੌ ਵਾਲੇ ਬੀ, (ਬਲ ਤੇ ਗਿਆਨ ਦੀ ਨਿਰਮਲਤਾ ਕਰਕੇ) ਕਈ ਦਰਜੇ ਦੇ ਹਨ। ਇਹ ਮਹਾਰਾਜ ਚੋਟੀ ਦੇ ਨਿਰਮਲ ਗਿਆਨੀ ਤੇ ਮਹਾਂ ਬਲੀ ਸੂਰੇ ਹਨ, ਜਿਨ੍ਹਾਂ ਦੀ ਇੱਛਾ ਸ਼ਕਤੀ ਸਾਈਂ ਦੀ ਰਜ਼ਾ ਨਾਲ ਸੁਰ ਹੋਈ ਹੋਈ ਹੈ। ਡੱਲਿਆ! ਕਦੇ ਕੋਈ ਸਤਾਰ, ਮੱਧਮ, ਡਿੱਠੀ ਹਈ?

ਡੱਲਾ-ਜੀ ਹਾਂ।

ਅਜ਼ ਸਿੰਘ-ਡਿੱਠੀ ਤਾਂ ਸਭ ਨੇ ਹੈ, ਕਦੇ ਧਿਆਨ ਲਾ ਕੇ ਡਿੱਠੀ ਹਈ?

ਡੱਲਾ-ਹਾਂ, ਇਕ ਦਿਨ ਮਰਾਸੀ ਨੇ ਮੈਨੂੰ ਦਿਖਾਇਆ ਸੀ ਤਮਾਸ਼ਾ। ਉਸਨੇ ਵੱਡੀ ਤਾਰ ਉਤੇ ਜਿਸ ਉੱਤੇ ਮਿਣਤੀ ਦੀ ਉਂਗਲ ਰੱਖਦਾ ਹੈ ਤੇ ਮਿਜ਼ਰਾਬ ਵਾਲੀ ਉਂਗਲ ਨਾਲ ਤਣੱਕੇ ਮਾਰਦਾ ਹੈ, ਉਸ ਦੇ ਉੱਤੇ ਉਂਗਲ ਰੱਖਕੇ ਤਣੱਕਾ ਦਿੱਤੋ ਸੁ, ਤਾਂ ਮੈਂ ਕੀ ਡਿੱਠਾ ਕਿ ਉਸ ਦੀ ਉਂਗਲ ਇਕ ਪਿੱਤਲ ਦੀ ਸਰੀ ਜੇਹੀ ਤੇ ਸੀ, ਜਿਸ ਨੂੰ ਉਹ ਸੁੰਦਰੀ ਕਹਿੰਦਾ ਸੀ, ਇਹੋ ਜਿਹੀਆਂ ੨੧ ਜਾਂ ੨੨ ਸਾਰੀ ਮਤਾ ਉੱਤੇ ਥੋੜੇ ਥੋੜੇ ਫਰਕ ਉੱਤੇ ਸਨ ਤੇ ਮੈਨੂੰ ਕਹਿਣ ਲੱਗਾ, ਏਸ ਟਿਕਾਣੇ ਦਾ ਨਾਂ 'ਸਾ' ਹੈ ਤੇ ਫੇਰ ਜੋ ਹੇਠਾਂ ਨਿੱਕੀਆਂ ਤਾਰਾਂ ਸਨ, ਮੈਨੂੰ ਕਹਿਣ ਲੱਗਾ ਇਹਨਾਂ ਦਾ ਨਾਂ 'ਤਰਬਾਂ' ਹੈ। ਤੁਸੀਂ ਤਰਬਾਂ ਵੰਨੇ ਤੱਕੋ, ਜਾਂ ਮੈਂ ਨੀਝ ਲਾਈ ਧਿਆਨ ਨਾਲ, ਤੇਦ ਮੈਂ ਕੀ ਡਿੱਠਾ ਕਿ ਉੱਪਰ ਮਰਾਸੀ ਤਣੱਕੇ ਤਾਂ ਪਿਆ ਦਿੰਦਾ ਹੈ ਬਾਜ਼ ਦੀ ਸੁਰ* ਨੂੰ ਤੇ ਹੇਠਾਂ ਇਕ ਤਰਬ ਥੱਰ੍ ਥ੍ਰੱਰ ਕੰਬਦੀ ਪਈ ਹੈ। ਮੈਂ ਕਿਹਾ, ਓਇ ਮਰਾਸੀਆ! ਇਹ ਕੀ ਜਾਦੂ ਕੀਤਾ ਈ? ਟੁਣਕਾਰ ਕਿਤੇ ਮਾਰਨਾਂ ਹੈਂ, ਝਰਨਾਟਾਂ ਕਿਤੇ ਛੇੜਨਾ ਹੈਂ? ਤਾਂ ਮਰਾਸੀ ਬੋਲਿਆ, ਇਹ ਮੇਰੀ ਹੱਥ ਚਲਾਕੀ ਨਹੀਂ, ਰੱਬੀ ਅਸੂਲ ਹੈ ਕਿ ਧੁਨਿ ਜਦ ਕਿਸੇ ਆਸ਼ਰੇ

---

*ਵਜਾਉਣ ਵਾਲੇ ਸਾਜ਼ਾਂ ਦੀ ਸਿਰੇ ਦੀ ਤਾਰ ਨੂੰ ਬਾਜ਼ ਦੀ ਸੁਰ ਆਖਦੇ ਹਨ।

ਤੋਂ ਨਿਕਲੇ ਤਾਂ ਓਸੇ ਟਿਕਾਣੇ ਉਹੋ ਜਿਹੇ ਖਿੱਚੇ ਹੋਏ ਟਿਕਾਣੇ ਨਾਲ ਸੁਰ ਹੋਏ ਥਾਂ ਥੱਰ੍ਹ ਥੱਰ੍ਹ ਕਰਦੇ ਤੇ ਬੋਲ ਪੈਂਦੇ ਹਨ, ਇਹ ਕੁਦਰਤ ਦਾ ਨੇਮ ਹੈ। ਫੇਰ ਮੈਂ ਕਿਹਾ, ਇਹ ਜੋ ਤੂੰ ਤਰਬਾਂ ਦੀਆਂ ਖੂਟੀਆਂ ਦੇ ਕੰਨ ਮਰੋੜਦਾ ਹੈਂ, ਕਾਸ ਲਈ? ਕਹਿਣ ਲੱਗਾ, ਇਸੇ ਲਈ ਕਿ ਮੈਂ ਤਰਬਾਂ ਨੂੰ ਬਾਜ਼ ਦੀਆਂ ਸੁਰਾਂ ਨਾਲ ਸੁਰ ਕਰਦਾ ਹਾਂ, ਸੁਰ ਕਰਨ ਦਾ ਅਰਥ ਹੈ ਦੋ ਤਾਰਾਂ ਨੂੰ ਇਕੋ ਅਵਾਜ਼ ਕੱਢਣ ਦੇ ਟਿਕਾਣੇ ਦੀ ਖਿੱਚ ਜਿੰਨਾਂ ਖਿੱਚ ਦੇਣਾ। ਜਦੋਂ ਦੋਹਾਂ ਨੂੰ ਅੱਡੋ ਅੱਡ ਤਣੱਕਾ ਦਿਓ, ਤਦ ਜੋ ਧੁਨਿ ਨਿਕਲੇਗੀ ਉਹ ਇਕੋ ਹੋਵੇਗੀ, ਓਦੋਂ ਅਸੀਂ ਆਖਦੇ ਹਾਂ ਦੋਨੋਂ ਤਾਰਾਂ 'ਇਕ ਸੁਰ' ਹਨ ਤੇ ਜਦੋਂ ਇਹ ਇਕ ਸੁਰਤਾ ਹੋਵੇਗੀ ਤਦ ਅਸੀਂ ਇਕ ਨੂੰ ਤਣੱਕਾ ਦਿਆਂਗੇ ਤਦ ਦੂਜੀ ਆਪੇ ਉਹੋ ਅਵਾਜ਼ ਦੇਵੇਗੀ, ਇੱਥੋਂ ਤਾਈਂ ਕਿ ਅੱਖਾਂ ਨਾਲ ਵੇਖੋ ਤਾਂ ਕੰਬਦੀ ਥੱਰਰ ਥੱਰਰ ਕਰਦੀ ਦਿਸੇਗੀ।

ਅਜ: ਸਿੰਘ-ਸਾਈਂ ਜੀਵੀ ਬਸ! ਹੁਣ ਸਮਝ ਜਾਏਂਗਾ, ਰਬ ਨੂੰ ਮਿਥ ਲੈ ਕਿ ਉਸਦੀ ਮਰਜ਼ੀ ਜਿਸ ਨੂੰ 'ਰਜ਼ਾ' ਆਖਦੇ ਹਨ, ਇਕ ਬਾਜ਼ ਦੀ ਤਾਰ ਹੈ। ਮਿਣਤੀ ਅਰਥਾਤ ਗਿਆਨ ਤੇ ਖਿਚ, ਯਾ ਇਉਂ ਕਹੋ ਕਿ ਬਲ ਤੇ ਤਣੁਕਾ ਅਰਥਾਤ 'ਹੁਕਮ' ਓਸੇ ਵਿਚ ਵਰਤਦੇ ਹਨ ਤੇ ਇਧਰ ਕੋਈ ਮਨ ਹੈ ਮਨੁਖ ਦਾ ਜੋ ਤੂੰ ਮਿਥ ਲੈ ਕਿ ਤਰਬ ਹੈ। ਹੁਣ ਜੋ ਇਹ ਤਰਬ 'ਰਜ਼ਾ' ਨਾਲ ਸੁਰ ਹੋਈ ਹੋਈ ਹੈ ਤਾਂ ਬੋਲੇਗੀ ਬਾਜ਼, ਪਰ ਨਾਲ ਬੋਲ ਪਏਗੀ ਇਹ ਤਰਬ। ਰਜ਼ਾ ਚਾਹੇਗੀ ਕਿ ਆਹ ਕੁਛ ਹੋਵੇ, ਤਦ ਰਬੀ ਸੁਰ ਨਾਲ ਸੁਰ ਹੋਏ ਮਨ ਦੀ ਇਛਾ ਸ਼ਕਤੀ ਨੂੰ ਹੋਵੇਗਾ ਗਿਆਨ ਕਿ ਆਹ ਕੁਛ ਹੋਣਾ ਹੈ ਤੇ ਉਹ ਇਛਾ ਕਰੇਗਾ ਕਿ ਹੋਵੇ ਆਹ ਕੁਛ ਤੇ ਉਹ ਕੁਛ ਹੋਵੇਗਾ ਜੋ ਰਬੀ ਰਜ਼ਾ ਵਿਚ ਸੀ, ਅਸੀਂ ਸਮਝਾਂਗੇ ਕਿ ਇਸ ਨੇ ਕੀਤਾ ਹੈ ਤੇ ਅਸਲ ਵਿਚ ਹੈ ਇਹ ਕਿ ਉਸ ਦਾ ਮਨ ਸੁਰ ਹੈ ਕਾਦਰ (ਅਨੰਤ) ਦੇ ਮਨ ਨਾਲ, ਜੋ ਜੋ ਕਾਦਰ ਦੀ ਰਜ਼ਾ ਚਾਹੁੰਦੀ ਹੈ ਸੋ ਕੁਛ ਉਸ ਦੀ ਮਰਜ਼ੀ ਉਸਦੀ ਇਛਾ ਸ਼ਕਤੀ ਕਰਦੀ ਹੈ। ਅਸੀਂ ਆਖਦੇ ਹਾਂ ਕਿ ਇਸਦੀ ਕਰਾਮਾਤ ਹੈ, ਇਸਦੀ ਸਿਧੀ ਹੈ, ਇਸਦਾ ਮੁਅਜਜ਼ਾ ਹੈ, ਇਸਦਾ ਪਰਚਾ ਹੈ, ਪਰ ਉਹ ਹੈ ਤਾਰ ਦੀ ਧੁਨਿ, ਜਿਸਦੀ ਆਂਸ਼ ਦਿਤੀ ਹੈ ਸੁਰ ਹੋਈ ਤਰਬ ਨੇ। ਪਰ ਮੈਂ ਇਹ ਗੱਲ ਪਵਿਤ੍ਰ ਮਨਾਂ ਦੀ ਕੀਤੀ ਹੈ, ਰਬ ਦੀ ਅਰਾਧਨਾਂ ਵਾਲਿਆਂ ਦੀ। ਬੀਰਾਰਾਧਨ ਵਾਲਿਆਂ ਦੀ ਗੱਲ ਹੋਰਵੇਂ ਹੁੰਦੀ ਹੈ।

ਡੱਲਾ-ਪਰ ਸੁਹਣਿਆਂ ਜੇ ਕਦੇ ਤਰਬ ਬੋਲ ਪਵੇ ਤਾਂ ਕੀਹ ਉਸਦੀ ਇਕਸੂਰਤਾ ਬਾਜ਼ ਦੀ ਤਾਰ ਉਤੇ ਓਹੋ ਜਿਹਾ ਚਾਹੇ ਥ੍ਰੀਕ ਅਸਰ ਨਹੀਂ ਕਰਦੀ ਤੇ ਉਹੋ ਓਹੋ ਸੁਰ ਨਹੀਂ ਬੋਲਦੀ?

ਅਜ: ਸਿੰਘ-ਜ਼ਰੂਰ ਕਰਦੀ ਹੈ, ਜਦੋਂ ਰਬ ਨਾਲ ਜੁੜੇ ਦਿਲ, ਇਕਸੂਰ ਹੋਏ ਮਨ ਕਦੇ ਕਿਸੇ ਅਤਿ ਮਿਹਰ ਆਦਿ ਦੇ ਘਰ ਵਿਚ ਕੁਛ ਚਾਹੁੰਦੇ ਹਨ ਤਾਂ ਸਾਈਂ ਮਿਹਰ ਨਾਲ ਪੁਗ ਖੜੋਂਦਾ ਹੈ। ਯਥਾ:-

ਠਾਕੁਰ ਮਹਿ ਦਾਸੁ ਦਾਸ ਮਹਿ ਸੋਇ॥ {ਧਨਾ:ਮ:੧}
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥ {ਸ੍ਰੀ ਰਾ: ਰਵਿ:}

ਡੱਲਿਆ! ਸਾਫ ਹੈ ਕਿ ਹੋਰ ਸੌਖੀ ਕਰਕੇ ਆਖਾਂ?

ਡੱਲਾ-ਸਾਫ ਹੈ ਜੀ, ਠੰਢ ਪੈ ਗਈ ਹੈ, ਸੋਝੀ ਹੋ ਆਈ ਹੈ, ਪਰ ਨਾਲ ਤ੍ਰਿਸ਼ਨਾ ਹੋ ਆਈ ਹੈ ਕਿ ਮੈਂ ਕੀਟ ਕੀਕੂੰ ਐਸਾ ਹੋਵਾਂ?

ਅਜ: ਸਿੰਘ-ਡਰ ਨਹੀਂ।

'ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥' {ਜਪੁਜੀ}

ਹੁੰਦਾ ਹੀ ਹੁੰਦਾ ਹੈ।

ਇਸਦੇ ਦੋ ਹੀ ਰਸਤੇ ਹਨ:-

੧. **'ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ।'**

ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਹਨ ਇਨ੍ਹਾਂ ਨੇ ਨਦਰ ਤੋਂ ਪਾਈ ਹੈ। ਉਹ ਸਾਈਂ ਨਾਲ ਜਨਮ ਤੋਂ ਪਹਿਲਾਂ ਤੋਂ ਇਕ ਸੁਰ ਹਨ, ਜੈਸੇ ਗੁਰੂ ਜੀ ਨੇ ਆਪ ਦਸਿਆ ਹੈ:-

'ਚੁਭੀ ਰਹੀ ਸ੍ਰੁਤ ਪ੍ਰਭੁ ਚਰਨਨ ਮਹਿੰ॥'

ਇਹ ਨਹੀਂ ਪਤਾ ਉਨ੍ਹਾਂ ਤੇ ਮਿਹਰ ਕਿਉਂ ਹੈ? ਤੇ ਮਿਹਰ ਦਾ ਕਾਰਨ ਲੱਭੇ ਹੀ ਕਿਸ ਤਰ੍ਹਾਂ? ਬੱਸ ਹੈ ਚਾਣਨਾ ਕਿ ਉਹ ਮਿਹਰ ਪਾਤ੍ਰ ਹਨ, ਇਸੇ ਕਰਕੇ ਪੰਚਮ ਗੁਰੂ ਜੀ ਨੇ ਗੁਰ ਨਾਨਕ ਦੇਵ ਤੇ ਉਨ੍ਹਾਂ ਦੇ ਕਾਇਆਂ ਪਲਟੇ ਸਤਿਗੁਰਾਂ ਲਈ ਇਹ ਵਾਕ ਕਹੇ ਹਨ:-

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ {ਸੂਹੀ: ਮ: ੫-੫੪}

ਡੱਲਾ-ਹੋਰ ਭੀ ਕਿਸੇ ਪਾਈ ਹੈ ਇਸ ਤਰ੍ਹਾਂ?

ਅਜ: ਸਿੰਘ-ਬਹੁਤਿਆਂ ਪਾਈ, ਪਰ ਦਰਜੇ

ਦਰਜੇ ਵਾਹ। ਪੂਰਨ ਤੌਰ ਤੇ ਪਾਈ ਹੈ ਇਹਨਾਂ ਦਸਾਂ ਸਤਿਗੁਰਾਂ ਨੇ, ਇਹਨਾਂ ਦਸਾਂ ਵਿਚ ਤੇ ਹੋਰਨਾਂ ਵਿਚ ਫਰਕ ਘੱਟ ਹੈ ਪਾਉਣ ਵਿਚ, ਫਰਕ ਤਾਂ ਹੈ ਪੂਰਨਤਾਈ ਵਿਚ।

ਡੱਲਾ-ਤਾਂ ਇਕ ਤਾਂ ਹੋਈ ਨਾ ਜਨਮ ਤੋਂ ਪ੍ਰਾਪਤ, ਜਿਮਦੇ ਅਸੀਂ ਜਾਣੂੰ ਨਹੀਂ ਤੇ ਦੂਜੀ?

੨. ਅਜ: ਸਿੰਘ-ਦੂਜੀ ਮਿਹਨਤ ਨਾਲ, ਘਾਲ ਨਾਲ, ਮੁਸ਼ੱਕਤ ਨਾਲ।

ਡੱਲਾ-ਕਿਵੇਂ?

ਅਜਮੇਰ ਸਿੰਘ:-

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥ {ਜਪੁਜੀ=੩੨}

ਇਹ ਪਤ ਦੀਆਂ ਪਵੜੀਆਂ ਹਨ, ਇਨ੍ਹਾਂ ਨਾਲ 'ਇਕ ਈਸ' ਈਸ਼ੂਰ ਨਾਲ, ਕੁਦਰਤ ਦੇ ਕਾਦਰ ਨਾਲ, ਜਿਸ ਦਾ ਨਾਉਂ ਈਸ਼ੂਰ ਹੈ, ਇਕ ਸੁਰ ਹੋਈਦਾ ਹੈ। ਉਹ ਤ੍ਰੀਕਾ ਹੈ ਇਸ ਇਕ ਜੀਭ ਨੂੰ ਲੱਖ ਜੀਭ ਕਰਨਾ ਤੇ ਫੇਰ ਸਾਈਂ ਦਾ ਨਾਮ ਸਿਮਰਨਾ ਤੇ ਫੇਰ ਇਕ ਗੇੜ ਵਿਚ ਲੱਖ ਗੇੜ ਦੇਣਾ।

ਡੱਲਾ-ਮੈਂ ਅਜੇ ਨਹੀਂ ਸਮਝਿਆ।

ਅਜਮੇਰ ਸਿੰਘ-ਪਰਮੇਸ਼ਰ ਦਾ ਨਾਮ ਜਪਣਾ, ਨਾਮ ਜਪਣ ਦੇ ਓਹੋ ਅਰਥ ਹਨ ਜੋ ਮਿਰਾਸੀ ਨੇ ਤੈਨੂੰ ਤਰਬ ਦਿਖਾਕੇ ਕਿਹਾ ਸੀ। ਧਿਆਨ ਕਰ, ਲਾ ਧਿਆਨ, ਜਮਾ ਧਿਆਨ, ਫੇਰ ਤੂੰ ਵੇਖੇਂਗਾ ਕਿ ਤਰਬ ਆਂਸ਼ ਦੇਂਦੀ ਹੈ? ਨਾਮ ਜਪਦਿਆਂ ਧਿਆਨ ਜੰਮਦਾ ਹੈ ਕਾਦਰ ਉੱਤੇ; ਜੰਮਦਾ ਜੰਮਦਾ ਧਿਆਨ ਪਿਆਰ ਵਿਚ ਜਾਂਦਾ ਹੈ। ਪਿਆਰ ਨਾਲ ਮਨ ਸੁਰ ਹੋ ਜਾਂਦਾ ਹੈ ਕਾਦਰ ਨਾਲ, ਮਨ ਸੁਰ ਹੋਇਆ ਬੋਲਦਾ ਹੈ-ਆਂਸ਼ ਦੇਂਦਾ ਹੈ-ਰੱਬੀ ਸੁਰਾਂ ਦੀ।

ਡੱਲਾ-ਤੇ ਤੁਸੀਂ ਕਿਹਾ ਸੀ ਫੁਰਨਾ ਰੋਕੋ?

ਅਜਮੇਰ ਸਿੰਘ-ਜਦ ਅਸੀਂ ਵਾਹਿਗੁਰੂ ਦੇ ਗੁਣਾਂ ਦਾ, ਉਸਦੇ ਪਿਆਰ ਦਾ, ਉਸਦੇ ਅੰਗ ਸੰਗ ਹੋਣ ਦਾ ਧਿਆਨ ਬਾਰ ਬਾਰ ਕਰਾਂਗੇ ਤਾਂ ਹੋਰ ਫੁਰਨੇ ਆਪੇ ਰੁਕਦੇ ਜਾਣਗੇ।

ਡੱਲਾ-ਠੀਕ।

ਅਜਮੇਰ ਸਿੰਘ-ਇਸ ਵਿਸ਼ੇ ਤੇ ਤੁਸੀਂ ਰੋਜ਼ ਸਤਿਗੁਰਾਂ ਦੇ ਮਹਾਂ ਵਾਕ ਸੁਣਦੇ ਹੋ, ਮੈਂ ਕੀ ਕੀ ਆਖਾਂ? ਧਿਆਨ ਦੇਕੇ ਸੁਣਿਆਂ ਕਰੋ ਤਾਂ ਸਫਲ ਹੋ ਜਾਓਗੇ।

ਡੱਲਾ-ਇਹ ਜੋ ਲੋਕ ਤਾੜੀਆਂ ਲਾਉਂਦੇ ਤੇ ਅੱਖਾਂ ਨੂਟ ਬੈਠਦੇ ਹਨ, ਮੈਂ ਸਮਝਦਾ ਸਾਂ ਏਹ ਧਿਆਨੀ ਹਨ।

ਅਜਮੇਰ ਸਿੰਘ-ਸਾਰੇ ਤਰਲੇ ਲੈ ਰਹੇ ਹਨ ਧਿਆਨ ਦੇ, ਕਿਉਂਕਿ ਧਿਆਨ ਦੇ ਜੰਮਣ ਨਾਲ ਹੀ ਮਨ ਦੀ ਏਕਾਗ੍ਰਤਾ ਹੈ, ਏਕਾਗ੍ਰ ਮਨ ਜਿਸ ਪਾਸੇ ਇੱਛਾ ਕਰੇਗਾ ਉਹ ਪਾਸ਼ਾ ਅਕਸਰ ਸਿੱਧ ਹੋ ਜਾਏਗਾ; ਇਸੇ ਨੂੰ ਸ੍ਰਿੱਧੀ, ਇਸੇ ਨੂੰ ਕਰਾਮਾਤ ਭੀ ਆਖਦੇ ਹਨ। ਸਾਡਾ ਮਨ, ਜੋ ਸਾਧਾਰਨ ਮਨ ਹੈ, ਕੁਦਰਤੀ ਤੌਰ ਤੇ ਇੰਨਾ ਬਲ ਰੱਖਦਾ ਹੈ ਕਿ ਅੱਖਾਂ ਖੁਹਲ ਲਵੇ ਤੇ ਮੀਟ ਲਵੇ, ਪਰ ਇਸ ਤੋਂ ਵਧੀਕ ਕੁਦਰਤ ਤੇ ਹਾਵੀ ਹੋਣ ਵਾਸਤੇ ਏਕਾਗ੍ਰਤਾ ਦੇ ਕਿਸੇ ਅਭਿਆਸ ਦੀ ਲੋੜ ਹੈ। ਜਿੰਨਾਂ ਜਿੰਨਾਂ ਕੋਈ ਮਨ ਨੂੰ ਏਕਾਗ੍ਰ ਕਰ ਲਊ, ਉੱਨਾਂ ਉਹ ਬਲਵਾਨ ਹੋਊ। ਜੋਗੀ ਲੋਕ ਕਲਜਾਨ ਲਈ ਨਹੀ, ਪਰ ਸਿੱਧੀਆਂ ਦੀ ਖ਼ਾਤਰ ਕਈ ਸਾਧਨ ਕਰਦੇ ਹਨ।

ਡੱਲਾ-ਮੈਨੂੰ ਇਕ ਗੱਲ ਸਮਝਾਓ: ਤੁਸੀਂ ਆਖਸੋ ਜੰਗਲ ਦਾ ਰਹਿਣ ਵਾਲਾ ਐਨਾ ਸਤਿਸੰਗ ਕਰਕੇ ਤੇ ਅਕਾਸ਼ ਤਕ ਖਿਆਲ ਦੀ ਉਡਾਰੀ ਲੈਕੇ ਫੇਰ ਹੇਠਾਂ ਸੰਸੇ ਦੀ ਉਜਾੜ ਵਿਚ ਆ ਪਿਆ ਹੈ, ਪਰ ਇਕੋ ਵੇਰ ਪਾਰ ਕਰ ਦਿਓ ਸੰਸੇ ਤੋਂ। ਮੈਂ ਆਪਣੇ ਸਤਿਗੁਰ ਦਾ ਹਾਲ ਤਾਂ ਸਮਝਿਆ ਕਿ ਓਹ ਜਨਮ ਮਰਨ ਰਹਿਤ ਹਨ, ਕਿਸੇ ਪੂਰਨ ਪਦ ਉੱਤੇ ਹਨ ਤੇ ਪਰਉਪਕਾਰ ਲਈ ਆਏ ਹਨ, ਅਰਥਾਤ ਸਾਨੂੰ ਜੀਅਦਾਨ ਦੇਣ ਤੇ ਰੱਬ ਨਾਲ ਮਿਲਾ ਦੇਣ। ਮਿਲਾ ਦੇਣਾ ਹੈ ਇਕ ਸੁਰ ਕਰ ਦੇਣਾ, ਰੱਬੀ ਆਂਸ਼ ਦੇ ਉਸ ਦਾਇਰੇ ਵਿਚ ਲਿਆ ਦੇਣਾ ਕਿ ਜਿਸ ਵਿਚ ਰਜ਼ਾ ਦੇ ਤਣੁੱਕੇ ਸਾਨੂੰ ਬੀ ਕੁਝ ਝਰਨਾਟ ਦੇਣ। ਜੀਅਦਾਨ ਬੀ ਮੈਂ ਸਮਝਿਆ ਹੈ ਕਿ ਸਤਿਗੁਰ ਦੇ ਆਉਣ ਤੋਂ ਪਹਿਲਾਂ ਮੈਂ ਮੁਰਦਾ ਸਾਂ, ਹੁਣ ਮੇਰੇ ਅੰਦਰ ਜਿੰਦ ਦਾ ਰੁਮਕਾ ਹੈ, ਮੈਂ ਪ੍ਰਤੀਤ ਕਰਦਾ ਹਾਂ ਕਿ ਜਿੰਦ ਦਾ ਰੁਮਕਾ ਹੈ। ਕਰਾਮਾਤ ਜਿਸ ਪਰ ਮੈਂ ਹੈਰਾਨ ਸਾਂ, ਮੈਂ ਸਮਝੀ ਹੈ। ਇਹ ਅਸੰਭਵ ਸੰਭਵ ਨਹੀਂ ਹੁੰਦੇ। ਨਿਤਾਣੀਆਂ

ਤੇ ਸਾਧਾਰਨ ਇੱਛਾ ਸ਼ਕਤੀਆਂ ਆਪਣੇ ਤੋਂ ਬਲ-ਵਾਨ ਅਰ ਮਹਾਂ ਬਲੀ ਇੱਛਾ ਸ਼ਕਤੀਆਂ ਦੇ ਕਰਤੱਵ ਅਰ ਕ੍ਰਿਸ਼ਮੇ ਦੇਖਕੇ ਉਸ ਨੂੰ ਮੁਸ਼ਕਲ ਤੇ ਅਸੰਭਵ ਆਖਦੀਆਂ ਹਨ, ਅਸਲ ਵਿਚ ਉਹੋ ਅਸੂਲ ਕੰਮ ਕਰਦਾ ਹੈ ਕਿ ਮਨ ਹਾਵੀ ਹੈ ਉਪਰ ਕੁਦਰਤ ਦੇ। ਹੁਣ ਇਕ ਝਾਵਲ ਜਹੀ ਕੱਢ ਦਿਓ ਕਿ ਇਕ ਸਰੀਰ ਦੇ ਵਿਚ ਵੱਸਦੇ ਮਨ ਨੇ ਉਸ ਸਰੀਰ ਦੇ ਤਾਂ ਬੂਹੇ ਖੁਹਲ ਮੀਟ ਲਏ, ਉਸ ਨੂੰ ਨਸਾ, ਭਜਾ, ਲਿਟਾ, ਸੁਆ, ਬਿੰਠਾ ਲਿਆ, ਪਰ ਆਪਣੇ ਸਰੀਰ ਤੋਂ ਬਾਹਰ ਦੇ ਸਰੀਰਾਂ ਯਾ ਮਨਾਂ ਉੱਪਰ ਕਿਸ ਪ੍ਰਕਾਰ ਅਸਰ ਪਾ ਲੈਂਦਾ ਹੈ। ਮੈਂ ਇਹ ਸੰਸਾ ਨਹੀਂ ਕਰਾਂਗਾ ਕਿ ਅਸਰ ਨਹੀਂ ਪਾਉਂਦਾ, ਨਾਂ, ਮੈਂ ਤਾਂ ਇਹ ਪੁਛਦਾ ਹਾਂ ਕਿ ਕਿਸ ਪ੍ਰਕਾਰ ਅਸਰ ਪਾਉਂਦਾ ਹੈ?

ਅਜ: ਸਿੰਘ-ਵਰਣਨ ਹੋ ਤਾਂ ਚੁਕਾ ਹੈ, ਪਰ ਹੋਰ ਖੁਹਲਦਾ ਹਾਂ। ਜਦੋਂ ਗੱਡੀ ਹੱਕਣੀ ਹੋਵੇ ਜਾਂ ਕੋਈ ਭਾਰ ਦੀ ਪੰਡ ਕਿਤੇ ਪੁਚਾਉਣੀ ਹੋਵੇ ਤਦ 'ਹੱਕਣ' ਤੇ 'ਚਾਉਣ' ਵਾਲਾ ਸਰੀਰ ਨਾਲ ਜਾਂਦਾ ਹੈ, ਇਹ ਹੈ ਨਾਂ ਸਰੀਰ ਦੀ ਤਾਕਤ ਦਾ ਨਿਯਮ, ਪਰ ਤੁਸਾਂ ਡਿੱਠਾ ਹੋਉ ਕਿ ਜਦੋਂ ਹੱਥ ਨੇ ਰੇੜ੍ਹ ਦਿਤਾ ਖਿੱਧੂ, ਤਦ ਸਰੀਰ ਬੈਠਾ ਰਿਹਾ ਅਪਣੇ ਟਿਕਾਣੇ ਪਰ ਖਿੱਧੂ ਪਹੁੰਚ ਗਿਆ ਦੂਰ ਟਿਕਾਣੇ, ਸਰੀਰ ਖਿੱਧੂ ਦੇ ਨਾਲ ਨਹੀਂ ਗਿਆ। ਸੋ ਇਹ ਬੀ ਤੁਸਾਂ ਡਿੱਠਾ ਕਿ ਇਸੇ 'ਸਰੀਰਕ ਤਾਕਤ' ਦਾ ਹੈ ਇਹ ਬੀ ਨਿਯਮ। ਭੁਲੇਵਾ ਨਾ ਪਵੇ। ਖਿੱਧੂ ਨੂੰ ਐਨੀ ਦੂਰ ਪੁਚਾਉਣਾ ਹੈ, ਖਿੱਧੂ ਨੂੰ ਜ਼ਰੂਰ ਪੁਚਾਉਣਾ ਹੈ, ਖਿੱਧੂ ਨੂੰ ਹੱਥ ਨਾਲ ਚੁਕਕੇ ਨਹੀਂ ਪੁਚਾਉਣਾ ਬੈਠੇ ਬਿਠਾਏ ਪੁਚਾਉਣਾ ਹੈ, ਇਹ ਤਾਂ ਹੈਨ ਮਨ ਦੇ ਕੰਮ ਤੇ ਇੱਛਾ ਸ਼ਕਤੀ ਦੇ ਕਰਤਬਜ, ਪਰ ਜੋ ਰੇੜ੍ਹਾ ਦਿਤਾ ਹੈ ਸੋ ਹੱਥ ਨੇ ਤੇ ਜੋ ਤਾਕਤ ਦਿਤੀ ਹੈ ਇੱਛਾ ਸ਼ਕਤੀ ਦੇ ਤਾਬੇ ਸੋ ਹੱਥ ਨੇ। ਇਹ ਸਾਫ ਸਮਝਦੇ ਹੋ ਨਾਂ?

ਡੱਲਾ-ਜੀ ਹਾਂ।

ਅਜਮੇਰ ਸਿੰਘ-ਲਓ ਹੁਣ ਵਿਚਾਰ ਕਰੋ ਕਿ 'ਸਰੀਰੀ ਤਾਕਤ' ਦਾ ਇਕ ਨਿਯਮ ਹੋਰ ਸਿੱਧ ਹੋਇਆ ਕਿ ਇਹ ਖਾਸ ਹਾਲਤਾਂ ਵਿਚ ਆਪ ਇਕ ਟਿਕਾਣੇ ਬੈਠ ਕੇ ਇਕ ਸ਼ੈ ਨੂੰ ਦੂਰ ਪੁਚਾ ਸਕਦੀ ਹੈ। ਜਦੋਂ ਖਿੱਧੂ ਹੱਥੋਂ ਨਿਕਲ ਚੁੱਕਾ ਹੈ, ਸਰੀਰ ਦੀ ਤਾਕਤ ਜੋ ਇਸ ਨੂੰ ਮਿਲ ਚੁਕੀ ਹੈ, ਅਗੇ ਕੰਮ ਕਰ ਰਹੀ ਹੈ। ਇਸੇ ਤਰ੍ਹਾਂ 'ਇੱਛਾ ਸ਼ਕਤੀ' ਵਿਚ ਇਕ ਨਿਯਮ ਹੈ ਕਿ ਜਿਸ ਸ਼ਰੀਰ ਵਿਚ ਬੈਠੀ ਹੈ ਉਸ ਤੇ ਹਾਵੀ ਹੈ ਤੇ ਉਸ ਨੂੰ ਸੰਭਾਲਦੀ ਫੇਰਦੀ ਹੈ, ਪਰ ਦੂਸਰੀ ਤਾਕਤ ਉਸ ਵਿਚ ਇਹ ਬੀ ਹੈ ਕਿ ਸਰੀਰ ਤੋਂ ਬਾਹਰ ਬੀ ਅਸਰ ਪਾ ਲਵੇ।

ਡੱਲਾ-ਸਾਈਂ ਜੀਵੀ, ਇਹੋ ਮੁਸ਼ਕਲ ਹੱਲ ਕਰੋ ਨਾ?

ਅਜਮੇਰ ਸਿੰਘ-ਤੁਸਾਂ ਨੂੰ ਯਾਦ ਹੈ ਕਿ ਗੱਲਾਂ ਕਰਦੇ ਤੁਸੀਂ ਦੱਸ ਆਏ ਸਾਓ ਕਿ ਤੁਸੀਂ ਇਕ ਦਿਨ ਕਿਸੇ ਨੂੰ ਕਿਸੇ ਨਵੇਂ ਟਿਕਾਣੇ, ਜਿਸਦਾ ਘੋੜਾ ਜਾਣੂੰ ਨਹੀਂ ਸੀ, ਘੋੜੇ ਚੜ੍ਹਕੇ ਮਿਲਣ ਗਏ ਸੇ। ਜਿਸ ਨੂੰ ਮਿਲਣਾ ਸੀ ਉਸ ਦੇ ਮਿਲਣ ਦੀ ਤਾਂਘ ਵਿਚ ਤੁਸੀਂ ਐਨੇ ਲੀਨ ਸਾਓ ਕਿ ਮੋੜ ਤੇ ਜਾਕੇ ਘੋੜੇ ਦੀ ਰਾਸ ਮੋੜਨੀ ਵੀ ਭੁੱਲ ਗਏ ਸਾਓ, ਪਰ ਘੋੜਾ ਆਪੇ ਮੋੜ ਮੁੜ ਪਿਆ ਸੀ। ਸੋ ਗੱਲ ਕੀ ਸੀ? ਤੁਹਾਡੇ ਮਨ ਦੀ ਇੱਛਾ ਸ਼ਕਤੀ ਨੇ ਘੋੜੇ ਦੇ ਮਨ ਤੇ ਹਾਵੀ ਹੋਕੇ ਉਸ ਨੂੰ ਮੋੜ ਲਿਆ। ਤੁਹਾਡੇ ਹੱਥਾਂ ਨੇ ਰਾਸ ਨਹੀਂ ਮੋੜੀ, ਸਰੀਰਕ ਕਰਤੱਵ ਨਹੀਂ ਹੋਇਆ, ਪਰ ਘੋੜਾ ਮੁੜ ਪਿਆ। ਦੱਸੋ ਕੌਣ ਹੇਤੂ ਸੀ ਜਿਸ ਨੇ ਘੋੜੇ ਨੂੰ ਮੋੜਿਆ? ਤੁਹਾਡਾ ਮਨ ਆਪੇ ਘੋੜੇ ਦੇ ਮਨ ਨੂੰ ਮੋੜ ਰਿਹਾ ਸੀ, ਘੋੜੇ ਨੇ ਤੁਹਾਡੀ ਮਨ ਦੀ ਸ਼ਕਤੀ ਦੇ ਅੱਗੇ ਮੋੜਾ ਖਾਧਾ।

ਡੱਲਾ (ਸਾਹ ਲੈਕੇ)-ਠੀਕ ਹੈ।

ਅਜਮੇਰ ਸਿੰਘ-ਕਦੇ ਐਸਾ ਹੋਇਆ ਹੈ ਕਿ ਤੁਸੀਂ ਪਰਦੇਸ ਗਏ ਹੋ, ਫੇਰ ਘਰ ਪਰਤੇ ਹੋ, ਘਰ ਸੁਨੇਹਾ ਨਹੀਂ ਘੱਲਿਆ ਕਿ ਮੈਂ ਆ ਰਿਹਾ ਹਾਂ, ਜਦ ਘਰ ਆਏ ਹੋ ਸਾਰੀਆਂ ਨਾਰਾਂ, ਪੁਤ੍ਰ, ਨੌਕਰ ਸੁੱਤੇ ਪਏ ਹਨ; ਪਰ ਨਿੱਕੀ ਵਹੁਟੀ ਬਾਰੀ ਵਿਚ ਬੈਠੀ ਰਸਤਾ ਤਕ ਰਹੀ ਹੈ। ਦੀਵਾ ਬਾਰੀ ਦੇ ਬਾਹਰ ਦੇ ਜਾਲੇ ਵਿਚ ਰਸਤੇ ਤੇ ਚਾਨਣਾ ਪਾ ਰਿਹਾ ਹੈ। ਤੁਸਾਂ ਲਈ ਪ੍ਰਸ਼ਾਦ, ਪਾਣੀ, ਪਲੰਘ ਤਿਆਰ ਹੈ। ਤੁਸਾਂ ਪੁਜ ਕੇ ਹੈਰਾਨ ਹੋਕੇ ਪੁੱਛਿਆ ਹੈ ਕਿ ਭਾਗ-ਵਾਨੇ! ਤੈਨੂੰ ਕਿਸ ਤਰ੍ਹਾਂ ਪਤਾ ਸੀ ਕਿ ਮੈਂ ਅੱਜ ਰਾਤ ਅੱਪੜਨਾ ਹੈ? ਤਾਂ ਅੱਗੋਂ ਉੱਤਰ ਮਿਲਿਆ ਹੋਵੇ ਕਿ ਅੱਜ ਆ ਮੁਹਾਰੇ ਮੇਰਾ ਦਿਲ ਕਹਿੰਦਾ ਸੀ ਕਿ ਤੁਸੀਂ ਆਓਗੇ, ਮੈਂ ਬਥੇਰਾ ਆਖਦੀ ਸਾਂ

ਵਹਿਮ ਹੈ, ਪਰ ਮਨ ਚੰਦ੍ਰਾ ਘੜੀ ਮੁੜੀ ਕਹਿੰਦਾ ਸੀ-ਨਹੀਂ ਆ ਰਹੇ ਹਨ, ਦੇਖੋ ਮਨ ਭਾਗੇ ਭਰਿਆ ਸੱਚਾ ਨਿਕਲਿਆ।

ਡੱਲਾ-ਇਸ ਤਰ੍ਹਾਂ ਤਾਂ ਇਕ ਤੋਂ ਵਧੀਕ ਵਾਰ ਹੋਇਆ ਹੈ।

ਅਜਮੇਰ ਸਿੰਘ-ਇਕ ਗੱਲ ਹੋਰ ਜ਼ਰੂਰ ਹੋਈ ਹੋਊ। ਜੀਕੂੰ ਤੁਸਾਂ ਦੇ ਅਤਿ ਪਿਆਰ ਵਿਚ ਵਹੁਟੀ ਖਿੱਚੀ ਪਈ ਸੀ, ਤੁਸੀਂ ਬੀ ਉਸ ਦਿਨ ਘੋੜੇ ਤੇ ਚੜ੍ਹੇ ਘਰ ਮੁੜੇ ਆਉਂਦੇ ਉਸੇ ਦੇ ਪਿਆਰ ਵਿਚ ਬਹੁਤ ਖਿਚੇ ਹੋਏ ਆ ਰਹੇ ਸੀ। ਮਨ ਮੁੜ ਮੁੜ ਉਸੇ ਦੇ ਪਿਆਰ ਰੋੜ੍ਹੇ ਵਿਚ ਆ ਰੁੜ੍ਹਦਾ ਸੀ ਤੇ ਤੀਬ੍ਰਤਾ ਹੁੰਦੀ ਸੀ ਕਿ ਉੱਡਕੇ ਪਹੁੰਚਾਂ। ਕਈ ਵੇਰ ਵਹੁਟੀ ਦੀ ਸੂਰਤ ਅੱਖਾਂ ਅੱਗੇ ਲੰਘਦੀ ਹੋਊ; ਕਈ ਵੇਰ ਪਿਆਰ ਨਾਲ ਝਰਨਾਟ ਛਿੜ ਜਾਂਦੀ ਹੋਊ।

ਡੱਲਾ-ਠੀਕ ਹੈ।

ਅਜਮੇਰ ਸਿੰਘ-ਸੋ ਫੇਰ ਸਮਝ ਲਓ ਕਿ ਤੁਹਾਡੇ ਮਨ ਦਾ ਭਾਵ ਤੁਹਾਡੇ ਸਰੀਰ ਤੋਂ ਬਾਹਰ ਤੇ ਦੂਰ ਬੈਠੀ ਇਸਤ੍ਰੀ ਦੇ ਮਨ ਤੇ ਤੁਹਾਡੇ ਪਹੁੰਚਣ ਦਾ ਪਤਾ ਦੇ ਰਿਹਾ ਸੀ। ਤੁਹਾਡੀ ਇੱਛਾ ਸ਼ਕਤੀ ਤੁਹਾਡੇ ਸਰੀਰ ਤੋਂ ਬਾਹਰ ਕੰਮ ਕਰ ਰਹੀ ਸੀ, ਪਰ ਅਸਰ ਕਿਸ ਵੇਲੇ ਪਾ ਸਕੀ; ਜਿਸ ਵੇਲੇ ਕਿ ਤੁਹਾਡਾ ਅਤੇ ਤੁਹਾਡੀ ਇਸਤ੍ਰੀ ਦਾ ਮਨ 'ਇੱਕ ਝਰਨ' ਵਿਚ ਆਏ, ਅਰਥਾਤ ਦੋਵੇਂ ਮਨ ਪਿਆਰ ਦੀ ਬਹੁਲਤਾ ਵਿਚ ਇਕ ਝਰਨਾਟ ਵਿਚ ਆ ਗਏ। ਇਸ ਦਾ ਕਾਰਨ ਖਿਆਲ ਕਰੋ ਹੋਇਆ ਕੀ? ਦੋਹਾਂ ਦੇ ਧਿਆਨ ਨੇ ਪਰਸਪਰ ਲਗਕੇ ਦੁਹਾਂ ਮਨਾਂ ਵਿਚ 'ਇਕ ਝਰਨਾਟ' ਛੇੜੀ, ਸੋ ਅਸਰ ਪੈ ਗਿਆ ਤੁਹਾਡੀ ਇਛਾ ਸ਼ਕਤੀ ਦਾ ਤੇ ਅਗੰਮ ਵਾਚ ਲਿਆ ਤੁਹਾਡੀ ਇਸਤ੍ਰੀ ਨੇ। ਹੁਣ ਇਹ ਸੰਭਵ ਸੀ, ਪਰ ਪਿਆਰ ਨਾਲ-ਹਾਂ ਧਿਆਨ ਵਿਚ-ਜੁੜ ਗਏ ਮਨਾਂ ਲਈ। ਇਹ ਅਸੰਭਵ ਹੈ, ਖਿੰਡੇ ਤੇ ਕਦੇ ਨਾ ਜੁੜੇ ਮਨਾਂ ਲਈ। ਜੋ ਮਨ ਪਰਸਪਰ ਜੁੜਦੇ ਹਨ, ਚਾਹੋ ਕਦੇ ਤੇ ਕਿਵੇਂ ਜੁੜਨ, ਓਹ ਇਕ ਦੂਜੇ ਤੇ ਅਸਰ ਪਾਉਂਦੇ ਹਨ, ਜੋ ਮਨ ਕੁਦਰਤ ਦੇ ਮਹਾਨ ਤੇ 'ਸਾਂਝੇ ਮਨ' (ਕਾਦਰ) ਨਾਲ ਜੁੜਦੇ ਹਨ, ਓਹ ਜੁੜੇ ਹਨ ਸਾਰੇ ਬ੍ਰਹਮੰਡ ਦੇ ਮਨਾਂ ਨਾਲ ਤੇ (ਜੁੜਨ ਦੀ ਸ਼ਕਤੀ ਅਨੁਸਾਰ) ਅਸਰ ਪਾਉਂਦੇ ਹਨ ਸਾਰੇ ਮਨਾਂ ਤੇ, ਸਾਰੀ ਕੁਦਰਤ ਉਤੇ। ਜੇ ਤੁਸੀਂ ਚਾਹੋ ਕਿ ਹਾਵੀ ਹੋ ਜਾਵੇ ਇਸ ਸ਼ਕਤੀ ਵਿਚ ਤਾਂ ਸਾਧਨ ਕਰੋ ਇਕਾਗ੍ਰਤਾ ਦੇ। ਜਿਸ ਤਰ੍ਹਾਂ ਸਾਧਿਆਂ ਸਰੀਰ ਦੀ ਤਾਕਤ ਹਾਵੀ ਹੋ ਜਾਂਦੀ ਹੈ ਸਾਧਾਰਨ ਸ਼ਰੀਰਾਂ ਤੇ, ਇਸ ਤਰ੍ਹਾਂ ਸਾਧੀ ਹੋਈ ਮਨ ਦੀ ਸ਼ਕਤੀ ਹਾਵੀ ਹੋ ਜਾਂਦੀ ਹੈ ਦੂਸਰੇ ਮਨਾਂ ਤੇ, ਕੁਦਰਤ ਉਤੇ। ਪਰਤਾਵਾ ਕਰਨਾ ਹੈ ਤਾਂ ਇਕ ਟੁਰੀ ਜਾਂਦੀ ਕੀੜੀ ਵਲ ਧਿਆਨ ਨਾਲ ਤੱਕੋ ਤੇ ਖਿਆਲ ਨੂੰ ਹੋੜਕੇ ਅੰਦਰੋਂ ਚਾਹੋ ਕਿ ਕੀੜੀ ਫਲਾਣੇ ਪਾਸੇ ਟੁਰੇ। ਤੁਸੀਂ ਕੀਹ ਤੱਕੋਗੇ ਕਿ ਜਿਸ ਕੀੜੀ ਨੂੰ ਤੁਹਾਡੀ ਸ਼ਰੀਰ ਦੀ ਇਕ ਉਂਗਲ ਮਲ ਸਕਦੀ ਹੈ, ਉਹ ਆਪਣੇ ਰਾਹੇ ਟੁਰਦੀ ਹੈ ਤੇ ਤੁਹਾਡੇ ਮਨ ਦੀ ਸ਼ਕਤੀ ਅਗੇ ਨਹੀਂ ਝੁਕਦੀ, ਪਰ ਜੇ ਤੁਸੀਂ ਹਰ ਰੋਜ਼ ਏਹੀ ਅਭਿਆਸ ਕਰੋ ਤਾਂ ਕੁਛ ਦਿਨ ਬਾਦ ਕੀੜੀ ਤੁਹਾਡੀ ਮਨ ਦੀ ਹਰਕਤ ਦੇ ਮਗਰ ਟੁਰੇਗੀ। ਤੁਸੀਂ ਦੋ ਜੌਂ ਵੱਖੋ ਵੱਖ ਠੀਕਰਿਆਂ ਵਿਚ ਬੀਜੋ, ਉੱਗ ਪਿਆਂ ਤੇ ਇਕ ਵਲ ਤੱਕੋ ਹੀ ਨਾ, ਦੂਸਰੇ ਨੂੰ ਇਕ ਘੜੀ ਰੋਜ਼ ਬੈਠਕੇ ਉੱਚੀ ਉੱਚੀ ਆਖੋ ਛੇਤੀ ਵਧ। ਤੁਸੀਂ ਦਸ ਵੀਹ ਦਿਨ ਬਾਦ ਕੀਹ ਦੇਖੋਗੇ ਕਿ ਦੂਸਰਾ ਅਰਥਾਤ ਤੁਹਾਡਾ ਧਿਆਨ ਲੈਣ ਵਾਲਾ ਜੌਂ ਪਹਿਲੇ ਤੋਂ ਕਿਤੇ ਵਧੀਕ ਵਧ ਗਿਆ ਹੈ। ਘਾਹ ਦੇ ਤੀਲੇ ਤੇ ਕੀੜੀ ਕੀਹ, ਮੈਂ ਹਾਥੀਆਂ ਨੂੰ ਮਨੁਖ ਦੀ ਮਰਜ਼ੀ ਦੇ ਮਗਰ ਟੁਰਦੇ ਡਿੱਠਾ ਹੈ। ਅਭਿਆਸ ਵਾਲੇ ਪੁਰਖਾਂ ਦੀ ਇਛਾ ਸ਼ਕਤੀ ਦੇ ਅਗੇ ਸ਼ੇਰਾਂ ਦੇ ਮਨ ਝੁਕੇ ਹਨ, ਰੋਰੀ ਰਾਜ਼ੀ ਹੋਏ ਹਨ ਤੇ ਬਿਪਤਾਂ ਦੂਰ ਹੋਈਆਂ ਹਨ।

ਡੱਲਾ-ਹੁਣ ਮੇਰੀ ਨਿਸ਼ਾ ਖ਼ਾਤਰ ਹੋ ਗਈ ਹੈ। ਇਕ ਸੰਸੇ ਦਾ ਰੇਤ ਕਿਣਕਾ ਰੜਕਦਾ ਹੈ, ਉਹ ਕੱਢ ਦਿਓ, ਡੇਰ ਤੁਹਾਨੂੰ ਬਹੁਤ ਲਗ ਚੁਕੀ ਹੈ। ਸੋ ਮੈਂ ਥੋੜੇ ਵਿਚ ਆਖਦਾ ਹਾ। ਲਿਖਿਆ ਹੈ:-

'ਧ੍ਰਿਗੁ ਸਿਧੀ ਧ੍ਰਿਗੁ ਕਰਾਮਾਤਿ॥'

ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਕਿਹਾ ਸੀ:-
'ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ'

ਇਹ ਕੀ ਗਲ ਹੈ? ਜੋ ਸ਼ੈ ਧ੍ਰਿਗ ਹੈ, ਉਹ ਗੁਰੂ ਸਾਹਿਬ ਆਪ ਕਿਉਂ ਰਖਦੇ ਹਨ? ਜੋ ਸ਼ੈ ਗੁਰੂ ਜੀ ਆਖਦੇ ਹਨ ਮਾੜੇ ਪਾਸ ਨਹੀਂ, ਉਹ ਫੇਰ ਉਹਨਾਂ ਪਾਸ ਹੈ, ਕਿਉਂ?

ਅਜਮੇਰ ਸਿੰਘ (ਹੱਸਕੇ)-ਡੱਲਿਆ! ਅਜੇ ਤਾਂ ਸਮਾਂ ਸਾਧਾਰਨ ਹੈ, ਤਦ ਇੰਨੇ ਸੰਸੇ ਹਨ। ਗੁਰੂ ਜੀ ਆਖਦੇ ਹਨ ਸਮਾਂ ਤਰਕ ਵਿਵੇਕ ਦਾ ਇੰਨਾਂ ਆਵੇਗਾ ਕਿ ਸੰਸਾ ਰਾਜ ਕਰੇਗਾ। ਤਦੋਂ ਜੀਉਂਦੇ ਮਨਾਂ ਦਾ ਕਾਲ ਪੈ ਜਾਣ ਦਾ ਡਰ ਹੈ। ਖ਼ੈਰ! ਉੱਤਰ ਸੁਣੋ-ਇਹ ਸਿੱਧ ਹੋ ਗਿਆ ਕਿ ਕਰਾਮਾਤ ਹੈ, ਇਹ ਮਨ ਦੀ 'ਇੱਛਾ ਸ਼ਕਤੀ' (ਮਾਨਸਿਕ ਸੱਤਜਾ) ਦੇ ਕਰਤੱਵ ਹਨ, ਜੋ ਕੁਦਰਤੀ ਹਨ ਤੇ ਵਧੀ ਹੋਈ ਤਾਕਤ ਦੇ ਕ੍ਰਿਸ਼ਮੇ ਹਨ, ਅਸੰਭਵ ਨਹੀਂ, ਮੂਰਖਾਂ ਦੇ ਖਿਆਲ ਨਹੀਂ।

ਹੁਣ ਪਿਛੇ ਮੁੜੋ ਤਾਂ ਪਤਾ ਲੱਗੇਗਾ ਕਿ ਇਹ ਧ੍ਰਿਗ ਕਿਉਂ ਹੈ।

ਜਦੋਂ ਅਭਿਆਸ ਕਰਕੇ ਮਨ ਇਕਾਗ੍ਰ ਕੀਤਾ, ਮਨ ਬਲਵਾਨ ਹੋ ਗਿਆ। ਬਲਵਾਨ ਮਨ ਸ਼ੁਭ ਕੰਮ ਕਰਦਾ ਸ਼ੋਭਦਾ ਹੈ, ਖੇਡਾਂ ਕਰਦਾ ਨਹੀਂ ਸ਼ੋਭਦਾ, ਕਿਉਂਕਿ ਵਧੀਕ ਬਲਵਾਨ ਹੋਕੇ ਮਨ ਸ਼ੁਭ ਕੰਮ ਕਰੇ ਤਾਂ ਜੋਗ ਹੈ, ਤਮਾਸ਼ੇ ਕਰੇ ਤਾਂ ਅਸ਼ੋਭਨੀਕ ਹੈ। ਫੇਰ ਮਨ ਵਿਚ ਤਾਕਤ ਹੈ, ਜਿਸ ਨਾਲ ਕਿ ਉਹ ਕੰਮ ਕਰਦਾ ਹੈ, ਪਰ ਮਨ ਵਿਚ ਰੁਚੀਆਂ ਹਨ ਭੋਗ ਦੀਆਂ ਜਿਸ ਤਰ੍ਹਾਂ ਪਸ਼ੂਆਂ ਵਿਚ ਰੁਚੀ ਹੈ ਭੋਗ ਦੀ, ਪਰ ਸੋਝੀ ਨਹੀਂ ਕਿ ਚੰਗਾ ਮਾੜਾ ਕੀ ਹੈ ਤੇ ਰੋਕ ਨਹੀਂ ਕਿ ਮਾੜੇ ਤੋਂ ਕਿਵੇਂ ਵਰਜਨਾ ਹੈ? ਇਸ ਤਰ੍ਹਾਂ ਇਨਸਾਨ ਦੇ ਮਨ ਵਿਚ ਤ੍ਰੈ ਵਸਤਾਂ ਹਨ:-

੧. ਰੁਚੀ, ਇਹ ਜਾਨਵਰਾਂ ਨਾਲ ਸਾਂਝੀ ਹੈ। ਜਾਨਵਰ ਤੇ ਇਨਸਾਨ ਦੋਹਾਂ ਵਿਚ 'ਰੁਚੀ' ਹੈ। ਇਕੋ ਜੇਹੀ।

੨. ਸੋਝੀ, ਕਿ ਏਹ ਰੁਚੀ ਚੰਗੀ ਹੈ ਕਿ ਮਾੜੀ। ਇਹ ਸੋਝੀ ਇਨਸਾਨ ਦੇ ਮਨ ਵਿਚ ਹੀ ਹੈ।

੩. ਕਾਬੂ, ਅਰਥਾਤ ਵਸੀਕਾਰ ਹੈ ਉਸ ਰੁਚੀ ਨੂੰ ਜੋ ਮਾੜੀ ਹੈ ਰੋਕ ਲੈਣ ਦਾ ਤੇ ਭੋਗ ਤਕ ਅੱਪੜਨ ਤੋਂ ਬਚਾ ਲੈਣ ਦਾ। ਇਹ ਸ਼ੈ ਬੀ ਇਨਸਾਨ ਵਿਚ ਹੀ ਹੈ।

ਸੋ ਆਦਮੀ ਪਾਸ ਰੁਚੀ ਹੈ, ਪਰ ਰੁਚੀ ਦੀ ਪਰਖ ਵਾਲੀ ਸੋਝੀ ਹੈ ਤੇ ਪਰਖ ਵਿਚ 'ਮਾੜੀ' ਆਈ ਵਲੋਂ ਰੁਕਣ ਦਾ ਕਾਬੂ ਹੈ। ਏਹ ਤ੍ਰੈਹਾਂ ਦਾ ਸੰਗਮ ਕਿਉਂ ਹੈ? ਇਸ ਲਈ ਕਿ ਇਨਸਾਨ ਨੇ ਤ੍ਰੱਕੀ ਕਰਨੀ ਹੈ ਤੇ ਕੀਤੀ ਵੀ ਹੈ। ਮਨ ਦੀ ਮੰਜ਼ਲ, ਜਿਥੇ ਅੱਪੜਨਾ ਹੈ, ਬੜੀ ਉੱਚੀ ਹੈ ਤੇ ਉਹ ਸਾਰੀ ਕੁਦਰਤ ਤੇ ਹਾਵੀ ਹੋ ਜਾਣਾ ਤੇ ਸਾਰੇ ਅਸਰਾਂ ਨੂੰ ਕਬੂਲ ਕਰਨ ਵਾਲੀ ਅਵਸਥਾ ਤੋਂ ਉਚਾ ਉਠਣਾ ਹੈ। ਉਠਕੇ ਕਿਸੇ ਅਤਿ ਉਚੇ, ਪਰ ਸੁਆਦਲੇ ਟਿਕਾਣੇ ਟਿਕਣਾ ਹੈ, ਜਿਸ ਨੂੰ ਅਭੈ ਪਦ ਕਹਿੰਦੇ ਹਨ। ਅਰਥਾਤ ਸਰਬ ਭੈਆਂ, ਸਾਰੇ ਅਸਰਾਂ ਤੋਂ ਨਿਕਲਕੇ ਅਸਰ ਨਾ ਕਬੂਲਣ ਵਾਲੇ ਬਣ ਜਾਣਾ ਹੈ। ਕਿਸੇ ਦੇ ਹਾਵੀ ਪਨੇ ਅਰ ਭਾਰੂ ਹੋਣ ਅਗੇ ਦਬੇਲ ਹੋ ਜਾਣ ਤੋਂ ਸੁਤੰਤਰ ਹੋ ਜਾਣਾ ਹੈ। ਇਹ ਹੈ ਮੇਅਰਾਜ (ਚੋਟੀ) ਜਿਥੇ ਅੱਪੜਨਾ ਹੈ ਅਸਾਂ। ਇਸ ਦਾ ਰਸਤਾ ਹੈ:- ਇਕਾਗ੍ਰਤਾ, ਟਿਕਾਉ। ਇਹ ਇਕਾਗ੍ਰਤਾ ਤੇ ਟਿਕਾਉ ਮਨ ਦੀ ਰੁਚੀ ਕਰਕੇ ਦੋ ਸ਼ਕਲਾਂ ਅਖਤਿਆਰ ਕਰ ਸਕਦਾ ਹੈ, ਅਰਥਾਤ ਮਨ ਦੀ ਰੁਚੀ ਦੀਆਂ ਦੋ ਹਾਲਤਾਂ ਹਨ:-

੧. ਤ੍ਰਿਸ਼ਨਾਂ।

੨. ਲਿਵ।

'ਤ੍ਰਿਸ਼ਨਾਂ' ਹੈ, ਜੋ ਚੰਗਾ ਲਗੇ; ਜਿਸ ਵਲ ਰੁਚੀ ਜਾਵੇ ਉਸ ਨੂੰ ਲੈਣ ਦੀ ਇਛਾ।

'ਲਿਵ' ਹੈ, ਜੋ ਚੰਗਾ ਲਗੇ ਪਹਿਲਾਂ ਉਸ ਨੂੰ ਸੋਝੀ ਨਾਲ ਪਛਾਣਨਾ ਤੇ 'ਵਸੀਕਾਰ' ਜਾਂ ਕਾਬੂ ਨਾਲ ਜੇ ਮਾੜਾ ਹੈ ਤਾਂ ਵਰਜਣਾ। ਤੇ ਅੰਤ ਸਭ ਵਾਸ਼ਨਾਂ ਤੋਂ ਨਿਰਇਛਾ ਹੋਕੇ 'ਆਪੇ' ਵਿਚ ਟਿਕਣਾ ਤੇ 'ਅਨੰਤ' ਵਿਚ ਟੁੱਭਾ ਲਾਉਣਾ।

ਹੁਣ ਸਭ ਤੋਂ ਚੰਗਾ ਹੈ ਮੇਰੇ ਉਪਰ ਕਹੇ 'ਪਦ' ਵਿਚ ਅੱਪੜਨਾ। ਇਹ ਪਦ ਅੰਤ ਹੈ, ਫਲ ਹੈ, ਸਿੱਟਾ ਹੈ 'ਲਿਵ' ਵਾਲੇ ਮਨ ਦੀ ਰੁਚੀ ਦਾ। ਇਹ ਤ੍ਰਿਸ਼ਨਾ ਵਾਲੇ ਮਨ ਦੀ ਰੁਚੀ ਦਾ ਸਿੱਟਾ ਨਹੀਂ ਹੈ। ਤ੍ਰਿਸ਼ਨਾਂ ਮਨ ਨੂੰ ਲੰਪਟ ਕਰਦੀ ਹੈ ਭੋਗਾਂ ਨਾਲ, ਲਿਵ ਭੋਗਾਂ ਤੋਂ ਸੁਤੇ ਵੈਰਾਗ ਕਰਾਉਂਦੀ ਹੈ ਤੇ ਉਹਨਾਂ ਤੋਂ ਉਚਾ ਲੈ ਜਾਂਦੀ ਹੈ, ਆਪੇ ਨੂੰ ਆਪੇ ਵਿਚ ਜੋੜਕੇ ਉੱਚਾ। ਸੋ ਤੁਸਾਂ ਸਮਝ ਲਿਆ ਹੋਊ ਕਿ ਏਕਾਗ੍ਰਤਾ ਦੇ ਸਾਧਨ ਸਭ ਤ੍ਰਿਸ਼ਨਾਂ ਤੋਂ ਉਚੇ ਹੋਕੇ ਪਰਮ ਪਦ ਤੇ ਅੱਪੜਨ ਲਈ ਕਰਨੇ ਹਨ।

ਪਰ ਸੋਚੋ, ਜਦ ਮਨ ਸਾਧਨ ਕਰਕੇ ਜੋੜਿਆ ਅਰਥਾਤ ਏਕਾਗ੍ਰ ਕੀਤਾ ਤੇ ਉਸ ਦੀ ਵਧ ਗਈ ਤਾਕਤ ਨੂੰ ਮਨ ਦੀ 'ਰੁਚੀ' ਦੇ ਮਗਰ ਲਾਕੇ ਵਰਤਿਆ ਤ੍ਰਿਸ਼ਨਾਂ ਵਿਚ, ਤਾਂ ਕੀ ਕੀਤਾ? ਪਸ਼ੂ ਬ੍ਰਿਤੀ

ਨੂੰ ਰੁਖ ਤੇ ਬਲ ਵਧੇਰੇ ਦੇ ਦਿਤਾ। 'ਰੁਚੀ' ਨੂੰ ਤਾਂ 'ਸੋਝੀ' ਨਾਲ ਤੋਲਨਾ ਤੇ 'ਵਸੀਕਾਰ' ਨਾਲ ਕਾਬੂ ਕਰਨਾ ਸੀ ਤੇ ਮਨ ਨੂੰ ਲਿਵ-ਆਪ ਵਿਚ ਤੇ ਰਬ ਵਿਚ ਜੁੜਨ-ਦਾ ਰੁਖ ਦੇਣਾ ਸੀ। ਅਸਾਂ ਮਨ ਨੂੰ ਜੋੜਕੇ ਵਰਤਿਆ ਰੁਚੀ ਦੇ ਵਧੇਰੇ ਕਾਮਯਾਬ ਹੋਣ ਵਲ, ਫਲ ਕੀ ਹੋਊ ਕਿ ਤ੍ਰਿਸ਼ਨਾਂ ਵਧੂ। ਇਹ ਅਸੀਂ ਸਿੱਧ ਕਰ ਆਏ ਹਾਂ ਕਿ ਤ੍ਰਿਸ਼ਨਾਂ ਖਿੰਡਾਉ ਹੈ, ਮੈਲ ਹੈ, ਤੇ ਨੀਵੇਂ ਲੈ ਜਾਣ ਵਾਲੀ ਹੈ। ਸੋ ਮਨ ਇਕਾਗ੍ਰ ਕਰਕੇ ਤ੍ਰਿਸ਼ਨਾ ਦੇ ਕੰਮ ਵਿਚ ਲਾਉਣਾ, ਕੀਤੇ ਨੂੰ ਅਨਕੀਤਾ ਕਰਨਾ ਹੈ। ਮਿਹਨਤ ਕਰਕੇ ਪੱਥਰ ਨੂੰ ਪਹਾੜ ਤੇ ਪੁਚਾਕੇ ਮੁੜ ਹੇਠਾਂ ਡੇਗ ਦੇਣ ਦੀ ਕਰਨੀ ਹੈ, ਇਸ ਕਰਕੇ ਸਤਿਗੁਰ ਆਖਦੇ ਹਨ:-

'ਧ੍ਰਿਗੁ ਸਿਧੀ ਧ੍ਰਿਗੁ ਕਰਮਾਤਿ॥'

ਫੇਰ ਸਤਿਗੁਰ ਤੋਂ ਇਹ ਹੁੰਦਾ ਕਿਉਂ ਹੈ? ਇਸ ਲਈ ਕਿ ਉਹਨਾਂ ਦਾ ਮਨ ਏਕਾਗ੍ਰ ਹੈ, ਬਲਵਾਨ ਹੈ। ਇਹ ਮਨ ਦਾ ਬਲ ਹੀ ਕਰਾਮਾਤ ਦੀ ਸ਼ਕਤੀ ਹੈ। ਉਹਨਾਂ ਦਾ ਮਨ ਵਾਹਿਗੁਰੂ ਨਾਲ ਇਕ ਸੁਰ ਹੈ, ਵਾਹਿਗੁਰੂ ਦਾ ਬਲ ਉਨ੍ਹਾਂ ਵਿਚ ਆਪਣੀ ਰੌ ਭੇਜਦਾ ਹੈ। ਇਹ ਉਹਨਾਂ ਵਿਚ ਕਰਾਮਾਤ ਦਾ ਸੁਤੇ ਨਿਵਾਸ ਹੈ। ਜਦ ਰੱਬ ਦੀ ਰਜ਼ਾ ਕੁਝ ਹੁੰਦੀ ਹੈ, ਭਾਵ ਇਹ ਕਿ ਕੁਦਰਤ ਦੇ ਸਾਂਝੇ, ਵਡੇ, ਇਕ 'ਮਹਾਨ ਮਨ' (=ਕੁਦਰਤ ਦੇ ਕਾਦਰ ਦੇ ਮਨ) ਵਿਚੋਂ ਕੋਈ ਸ਼ਕਤੀ ਪ੍ਰਕਾਸ਼ ਪਾਉਣਾ ਚਾਹੁੰਦੀ ਹੈ, ਤਾਂ ਸਤਿਗੁਰ ਦਾ ਉਸ ਨਾਲ ਇਕ ਸੁਰ ਹੋਇਆ ਮਨ ਉਸਦੀ ਝਰਨਾਟ ਵਿਚ ਆਉਂਦਾ ਹੈ, ਤੇ ਜੋ ਕ੍ਰਿਸ਼ਮਾ ਉਸ ਤੋਂ ਪੈਦਾ ਹੁੰਦਾ ਹੈ, ਉਹ ਰੱਬ ਦੇ ਹੁਕਮ ਦਾ ਪ੍ਰਕਾਸ਼ ਹੁੰਦਾ ਹੈ ਜਿਸਦੇ ਉਹ ਬਦਰੱਕੇ ਹਨ। ਉਹਨਾਂ ਦੇ ਮਨ ਦੀ 'ਰੁਚੀ' ਉਸ ਕ੍ਰਿਸ਼ਮੇ ਦੇ ਹੋਣ ਦੀ ਜ਼ਿੰਮੇਵਾਰ ਨਹੀਂ। ਜੇ ਐਉਂ ਨਹੀਂ ਸਮਝੇ ਤਾਂ ਐਉਂ ਸਮਝ ਲਓ ਕਿ ਉਹਨਾਂ ਦਾ ਮਨ ਲਿਵ ਵਿਚ ਵਸਦਾ ਹੈ। ਉਹ ਆਪਣੀ ਸਾਧਾਰਨ ਤਾਕਤ ਨੂੰ, ਜਾਂ ਵਧੀ ਹੋਈ ਤਾਕਤ ਨੂੰ ਤ੍ਰਿਸ਼ਨਾਂ ਦੇ ਕੰਮ ਵਿਚ ਨਹੀਂ ਵਰਤਦੇ ਹਨ, ਪਰ ਲਿਵ ਧਾਰੀ ਹੋਣ ਕਰਕੇ ਤਾਕਤ ਉਨ੍ਹਾਂ ਵਿਚ ਵਧੀਕ ਹੁੰਦੀ ਹੈ ਤੇ ਕਿਸੇ ਉੱਚੀ ਤਾਕਤ ਦੇ ਤਾਬੇ ਉਸ ਤੋਂ ਆਏ ਬਲ ਨਾਲ ਓਹ ਹਿਲਦੇ ਬੀ ਹਨ ਤੇ ਇਸ ਹਿਲਾਉ ਨੂੰ ਉਹ ਪਰਉਪਕਾਰ ਦੇ ਕੰਮਾਂ ਵਿਚ ਵਰਤਦੇ ਹਨ। ਸਭ ਤੋਂ ਉੱਚਾ ਪਰਉਪਕਾਰ 'ਜੀਅਦਾਨ' ਹੈ, ਸੋ ਉਹ ਤਾਕਤ ਸਭ ਤੋਂ ਵਧਕੇ ਜੀਅਦਾਨ ਦੇਣ ਤੇ ਵਰਤਦੇ ਹਨ। ਤਦੋਂ ਆਖਦੇ ਹਨ ਕਿ:-

ਖਾਝਹੁ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ।

ਕਿਉਂਕਿ ਉਟ ਲਿਵ ਵਾਲੇ ਹਨ, ਉਨ੍ਹਾਂ ਦੀ ਦ੍ਰਿਸ਼ਟੀ ਇਹ ਹੈ ਕਿ:-

'ਸਤਿਨਾਮੁ ਬਿਨ ਬਾਦਰ ਛਾਈ।'

ਜਿਨ੍ਹਾਂ ਦੀ ਇਹ ਅਵਸਥਾ ਹੈ ਉਹ ਸਰਬ ਤ੍ਰਿਸ਼ਨਾਂ ਦੇ ਤ੍ਰਿਸਕਾਰ ਵਿਚ ਵੱਸਦੇ ਹਨ। ਓਹ ਸਿੱਧੀ ਤੇ ਕਰਾਮਾਤ ਨੂੰ ਤ੍ਰਿਸ਼ਨਾਂ ਦੇ ਹੀ ਮੰਡਲ ਦਾ ਕੰਮ ਸਮਝਣ ਕਰਕੇ ਧ੍ਰਿਗ ਆਖਦੇ ਹਨ। ਕਿੰਤੂ ਪਰਉਪਕਾਰੀ ਹੋਣ ਕਰਕੇ ਤੇ ਵਾਹਿਗੁਰੂ ਜੀ ਦੇ ਮਿਲਾਪ ਕਰਾਉਣ ਨੂੰ ਸਭ ਤੋਂ ਉੱਚਾ ਪਰਉਪਕਾਰ ਸਮਝਣ ਕਰਕੇ 'ਨਾਮ ਦਾਨ' ਨੂੰ ਸਭ ਤੋਂ ਵੱਡੀ ਕਰਾਮਾਤ ਜਾਣਦੇ ਹਨ ਤੇ ਆਪਣੀ ਵਧੀ ਹੋਈ ਤਾਕਤ ਨੂੰ 'ਲੋਕਾਂ ਦੀ ਆਪਣੇ ਵਰਗੀ ਲਿਵ ਲੁਆ ਦੇਣ ਦੇ' ਕੰਮ ਤੇ ਖਰਚ ਕਰਦੇ ਹਨ! ਅਰਥਾਤ ਆਪ ਲਿਵਧਾਰੀ ਹਨ ਤੇ ਲੋਕਾਂ ਦੀ ਲਿਵ ਸਾਈਂ ਵਿਚ ਲੁਆਉਂਦੇ ਹਨ, ਇਹ ਹੈ ਸੁਤ ਤੇ ਸਹਿਜ ਰੰਗ ਵਿਚ ਵਸ ਰਹੀ ਕਰਾਮਾਤ ਦਾ ਵਰਤਾਉ, ਜੋ ਕਰਨਾ ਉਹ ਅਸਲ ਤੇ ਸੁੱਚੀ ਕਰਾਮਾਤ ਸਮਝਦੇ ਹਨ ਤੇ ਆਖਦੇ ਹਨ:-

ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥ {ਸੋਰ:ਵਾਰ-੨੦}

ਇਹ ਅਚਿੰਤ ਮਨ-ਇਹ ਅੰਦਰਲੇ ਦੀ ਅਵਸਥਾ ਕਿ ਜਿਥੇ ਜਾਕੇ ਅਨੇਕ ਚਿੰਤਨ ਖ਼ਤਮ ਹੈ-ਅਨੰਤ ਵਿਚ ਪ੍ਰਵੇਸ਼ ਰੱਖਦਾ ਹੈ। ਅਨੇਕ ਚਿੰਤਨ ਦੇਸ਼ ਕਾਲ ਵਿਚ ਹੈ। 'ਕੁਦਰਤਿ ਸਰਬ ਵੀਚਾਰੁ'=ਵਿਚਾਰ ਮਾਤ੍ਰ ਸਾਰਾ ਅੰਤਰਲੇ ਦਾ ਫੁਰਨਾ ਕੁਦਰਤ ਦਾ ਹਿੱਸਾ ਹੈ ਤੇ ਕੁਦਰਤ ਅੰਤ ਵਿਚ ਹੈ। ਇਥੋਂ ਉੱਠਕੇ ਅਚਿੰਤ ਪਦ ਵਿਚ ਪਹੁੰਚਣਾ ਮਾਨੋ ਅਨੰਤ ਵਿਚ ਪਰਵੇਸ਼ ਹੈ, ਅਨੰਤ ਵਿਚ 'ਦੇਸ਼ ਕਾਲ' ਨਹੀਂ। ਮਾਡਾ ਸਾਰਾ ਚਿੰਤਨ ਦੇਸ਼ ਕਾਲ ਅਤ੍ਰਿਕਤ ਹੋ ਹੀ ਨਹੀਂ ਸਕਦਾ, ਸੋ ਜਿਥੇ ਅਨੇਕ ਚਿੰਤਨ ਲੰਘਕੇ ਅਚਿੰਤ ਪਦ ਦੀ 'ਮਿਹਰ' ਹੋ ਗਈ ਹੈ, ਉਥੇ ਅਨੰਤ ਵਿਚ ਪਰਵੇਸ਼ ਹੈ। ਇਹੋ ਹੈ ਲਿਵ ਦਾ ਪਰਮਪਦ। ਇਸ ਪਰ ਖਰਚ ਕਰਦੇ ਹਨ ਬਲ ਸਤਿਗੁਰੂ। ਇਸ ਵਿਚ ਲੋਕਾਂ ਨੂੰ

ਪਹੁੰਚਾਉਣਾ ਇਹ ਹੈ ਪਰਯੋਜਨ ਇਨ੍ਹਾਂ ਦਾ। ਤੇ ਇਹ ਅਸਲ ਕਰਾਮਾਤ ਹੈ, ਕਰਾਮਾਤਾਂ ਸਿਰ ਕਰਾਮਤ ਹੈ! ਸਤਿਗੁਰੂ ਇਸ ਨੂੰ ਆਖਦੇ ਹਨ ਕਰਾਮਾਤ ਹੈ! ਇਸਦਾ ਇਹ ਅਰਥ ਨਹੀਂ ਕਿ ਹੋਰ ਕਰਾਮਾਤ ਹੈ ਹੀ ਨਹੀਂ। ਨਾ, ਇਹ ਤਾਂ ਹੈ ਵਿਹਤ ਕਰਾਮਾਤ, ਇਹ ਹੈ ਸਭ ਤੋਂ ਵਡੀ ਕਰਾਮਾਤ, ਇਹ ਹੈ ਕਰਾ-ਮਾਤ ਜੋ ਹਰਿਜਨਾਂ ਨੂੰ ਸ਼ੋਭਦੀ ਹੈ। ਇਸ ਗਲ ਦੇ ਸਿਰੇ ਚਾੜ੍ਹਨ ਵਿਚ ਕਿ ਤ੍ਰਿਸ਼ਨਾਂ ਕੁੱਠੇ ਲੋਕ ਲਿਵ ਵਿਚ ਆਉਣ **'ਨਾਨਕ ਗੁਰਮੁਖਿ ਹਰਿਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ'** {ਸੋਰ: ਵਾਰ-੨੦} ਆਖਿਆ ਹੈ। ਵਾਹਿਗੁਰੂ ਜੋ ਕ੍ਰਿਸ਼ਮੇ ਅਪਣੇ ਮਰਜ਼ੀ ਦੇ ਮਤਿਗੁਰ ਰੂਪੀ ਤਰਥ ਵਿਚੋਂ ਪ੍ਰਕਾਸ਼ ਕਰੇ ਓਹ ਰਜ਼ਾ ਦੇ ਕ੍ਰਿਸ਼ਮੇ ਹਨ, ਇਹ ਉਹ ਕਰਾਮਾਤ ਨਹੀਂ ਜਿਸ ਨੂੰ ਉਹ ਧ੍ਰਿਗ ਆਖਦੇ ਹਨ। ਹਾਂ, ਜੋ ਮਨ ਦੀ ਇਕਾ-ਗ੍ਰਤਾ ਦੇ ਅਭਿਆਸ ਕਰਕੇ ਉਸਨੂੰ ਆਪਣੀ ਤ੍ਰਿਸ਼ਨਾਂ ਦੇ ਪਾਲਣ ਦੇ ਲਈ ਕਰਾਮਾਤ ਵਰਤਦੇ ਹਨ ਓਹ ਠੀਕ ਨਹੀਂ ਹਨ, ਕਿਉਂਕਿ ਓਹ ਉਸ ਬਲ ਨੂੰ, ਜਿਸ ਨੇ ਤ੍ਰਿਸ਼ਨਾਂ ਦੇ ਬੰਧਨ ਕੱਟਣੇ ਹਨ, ਓਹਨਾਂ ਬੰਧਨਾਂ ਨੂੰ ਹੋਰ ਪੱਕਿਆਂ ਕਰਨ ਵਾਸਤੇ ਵਰਤਦੇ ਹਨ। ਛੈਣੀ ਤੇ ਹਥੌੜੀ ਹਥਕੜੀ ਕੱਟਣ ਵਾਸਤੇ ਮਿਹਨਤ ਕਰਕੇ ਪ੍ਰਾਪਤ ਕੀਤੀ ਤੇ ਫੇਰ ਉਨ੍ਹਾਂ ਦੀ ਹੀ ਸੰਗਲੀ ਬਣਾ ਕੇ ਹੋਰ ਹੱਥੀਂ ਪਾ ਲਈ ਇਹ ਮਨੋਰਥ ਦੀ ਸਿਧੀ ਨਹੀਂ, ਮਨੋਰਥ ਦੀ ਬਰਬਾਦੀ ਤੇ ਉਲਟ ਪ੍ਰਾਪਤੀ ਹੈ; ਇਸ ਨੂੰ, ਸਤਿਗੁਰੂ ਜੀ ਤਾਂ ਬੜੇ ਉੱਚੇ ਹੋਏ, ਤੁਸੀਂ ਕੀ ਤੇ ਮੈਂ ਕੀ ਸਾਰੇ ਮਾੜਾ ਹੀ ਕਹਾਂਗੇ?

ਹੋਰ ਦੱਸੋ ਮਿੱਤ੍ਰ ਜੀ! ਕਰਾਮਾਤ ਦੀ ਕੋਈ ਗੱਲ ਕਰਨੀ ਜੇ, ਕਿ ਸਤਿਗੁਰੂ ਦੀ ਮਿਹਰ ਨਾਲ ਸੋਝੀ ਨੇ ਆਕੇ ਦਿਲ ਨੂੰ ਸੰਸੇ ਤੋਂ ਪਾਰ ਕੀਤਾ ਹੈ?

ਡੱਲਾ (ਚਰਨ ਪਕੜਕੇ, ਅਜਮੇਰ ਸਿੰਘ ਜੀ ਪਰੇ ਹੋ ਬਚਣ ਦੇ ਯਤਨ ਵਿਚ ਹੋਕੇ)-ਮਿੱਤ੍ਰਾ! ਘੋਲ ਘੁਮਾਈਆਂ ਤੁੱਧ ਤੋਂ, ਸੰਸਾ ਨਹੀਂ ਕੱਟਿਆ, ਅਤਰਨੀ ਨਦੀ ਤੋਂ ਪਾਰ ਕੀਤਾ ਹਈ ਤੇ ਸਿਖੀ ਸਿਦਕ ਦੇ ਕੰਢੇ ਲਾਇਆ ਹਈ। ਮੈਨੂੰ ਹੁਣ ਸੋਝੀ ਹੋ ਆਈ ਹੈ ਕਿ ਮਨ ਬੜਾ ਬਲਵਾਨ ਹੈ, ਮਨ ਇਕਾਗ੍ਰ ਹੋਕੇ ਬਲ ਵਿਚ ਵਸਦਾ ਹੈ, ਬਲੀ ਹੋਣ ਲਈ ਧਿਆਨ ਦਾ ਜੁੜਨਾ ਤੇ ਫੁਰਨੇ ਦਾ ਵਸ ਵਿਚ ਹੋਣਾ ਜ਼ਰੂਰੀ ਹੈ। ਤ੍ਰਿਸ਼ਨਾ ਖਿੰਡਾਉ ਹੈ, ਖਿੰਡਾਉ ਅੰਦਰੋਂ ਨਿਤਾਣੇ ਹੋਣਾ ਹੈ, ਮਨ ਦੀ ਤਾਕਤ ਨੂੰ ਅਭਿਆਸਾਂ ਨਾਲ ਵਧਾ ਕੇ ਫੇਰ ਤ੍ਰਿਸ਼ਨਾਂ ਤੇ ਲਾਉਣਾ, ਫੇਰ ਮੈਲੇ ਹੋਣਾ, ਨਿਤਾਣੇ ਹੋਣਾ ਤੇ ਤ੍ਰਿਸ਼ਨਾ ਵਿਚ ਬੱਝਣਾ ਹੈ, ਸੋ ਮਨ ਨੂੰ ਇਕਾਗ੍ਰ ਕਰਨਾ ਤੇ ਤ੍ਰਿਸ਼ਨਾ ਵਾਲੀ 'ਰੁਚੀ' ਨੂੰ ਤੋੜਕੇ ਮਨ ਨੂੰ ਲਿਵ ਵਿਚ ਲਾਉਣਾ ਤੇ ਲਿਵ ਲੱਗ ਜਾਵੇ ਤੇ ਲਿਵ ਲੁਆਉਣ ਦੇ ਕੰਮ ਕਰ ਲੈਣੇ ਤੇ ਆਪੇ ਤੋਂ ਨਾ ਟੁੱਟਣਾ ਇਹ ਕਰਾਮਾਤ ਅਸਲ ਕਰਾਮਾਤ ਹੈ, ਪਰ ਨਾਲ ਹੀ ਮੈਨੂੰ ਇਹ ਸੋਝੀ ਵੀ ਆਈ ਹੈ ਕਿ ਮਨ ਸ਼ਰੀਰ ਵਾਂਙੂ ਇਕ ਤਾਕਤ ਹੈ, ਮਨ ਬਲਵਾਨ ਹੋਕੇ ਆਪਣੇ ਖਿਆਲ ਨਾਲ ਆਪਣਾ ਤੇ ਦੂਸਰੇ ਦਾ ਭਲਾ ਕਰ ਸਕਦਾ ਹੈ, ਪਰ ਜੇ ਕਰੇ ਤਾਂ ਰਜ਼ਾ ਵਿਚ ਤੇ ਫਿਰ ਵਿਚਾਰ ਕੇ ਕਰੇ।

ਅਜ: ਸਿੰਘ-ਹਾਂ ਠੀਕ ਹੈ, ਦੇਖੋ ਹੁਕਮ ਹੈ:-
"ਜੇ ਕੋਊ ਅਪੁਨੀ ਓਟ ਸਮਾਰੈ॥ ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥" {ਧਨਾ:ਮ:੫-੩੪}

ਅਰਥਾਤ ਜੋ ਮਨ ਦੀ ਸ਼ਕਤੀ ਨੂੰ ਵਿਤ ਤੋਂ ਵਧਕੇ ਵਰਤੇਗਾ, ਉਸਦਾ ਮਾਨਸਕ ਬਲ ਟੁੱਟੇਗਾ, ਜਿਵੇਂ ਵਿਤੋਂ ਵਧ ਸ਼ਰੀਰਕ ਜ਼ੋਰ ਲਾਇਆਂ ਸ਼ਰੀਰ ਥੱਕਦਾ ਤੇ ਹੁੱਟਦਾ ਹੈ, ਤਿਵੇਂ ਮਾਨਸਿਕ ਬਲ ਵਿਤੋਂ ਵਧਕੇ ਲਾਯਾਂ ਮਨ ਦਾ ਬਲ ਹਾਰਦਾ ਹੈ।

ਇਕ ਗਲ ਹੋਰ ਚੇਤੇ ਰੱਖਣੀ। ਵਾਹਿਗੁਰੂ ਦੇ ਦਰ ਦਰਸ਼ਨ ਦੇ ਪ੍ਰੇਮੀ ਮਨ ਨੂੰ ਨਿਰਾ ਇਕਾਗ੍ਰ ਨਹੀਂ ਕਰਦੇ, ਪਰ ਨਿਰਮਲ ਬੀ ਕਰਦੇ ਹਨ, ਨਿਰਮਲ ਤੇ ਇਕਾਗ੍ਰ ਮਨ ਫੇਰ ਆਤਮ ਰਸ ਯਾ ਆਤਮ ਅਨੰਦ ਵਿਚ ਖਿੜਦੇ ਹਨ ਓਹ-ਵਾਹਵਾਹ-ਦੇ ਭਾਵ ਵਿਚ ਸਦਾ ਅਨੰਦ, ਖੇੜੇ, ਰਸ, ਸੁਆਦ ਵਿਚ ਵਸਦੇ ਹਨ, ਓਹ ਬੱਝੇ ਮਨ ਯਾ ਭਾਰੇ ਮਨ ਨਹੀਂ ਰਹਿੰਦੇ।

ਡੱਲਾ-ਠੀਕ ਹੈ! ਸ੍ਰੀ ਜੀ! ਮੈਨੂੰ ਤਾਂ ਹੁਣ ਸੁਝਦਾ ਹੈ ਕਿ ਸਾਰੇ ਕਰਾਮਾਤ ਹੀ ਹੋ ਰਹੀ ਹੈ। ਹਕੀਮ ਦੀ ਦਵਾ ਉਹ ਅਸਰ ਨਹੀਂ ਕਰਦੀ ਜਿੰਨੀ ਕਿ ਉਸਦੇ ਆਉਣ ਤੇ ਧੀਰਜ ਦੇਣ ਨਾਲ ਆਪਣੇ ਤਾਕਤ ਫੜ ਗਏ ਮਨ ਦੀ ਤਾਕਤ ਕਰਦੀ ਹੈ। ਸਾਰੇ ਸੇਵਕ ਰੋਗੀ ਦੇ ਕੋਲ ਹੁੰਦੇ ਹਨ, ਹਕੀਮ ਆਉਂਦੇ ਮਾਰ ਪੁੜੀ ਨਹੀਂ ਪਾ ਦੇਂਦਾ, ਪਰ ਉਸ ਦਾ

ਦਰਸ਼ਨ ਰੋਗੀ ਨੂੰ ਧੀਰਜ ਦੇਂਦਾ ਹੈ ਤੇ ਚਿਹਰੇ ਨੂੰ ਤਕੜੇ ਕਰਦਾ ਹੈ। ਉਸ ਦੇ ਦਰਸ਼ਨ ਤੋਂ ਸਾਡੇ ਖਿਆਲ ਵਿਚ ਬਲ ਭਰਦਾ ਹੈ, ਉਸ ਦਾ ਮਨ ਅਰੋਗਤਾ ਦਾਨ ਦਾ ਅਭਿਆਸੀ ਹੋਣ ਕਰਕੇ ਇਸ ਵਿਸ਼ੇ ਵਿਚ ਸਾਧਾਰਨ ਮਨਾਂ ਤੋਂ ਕੁਛ ਵਧੇਰੇ ਬਲ ਰੱਖਦਾ ਹੈ। ਉਸ ਦੀ ਇਛਿਆ ਸ਼ਕਤੀ ਬੀਮਾਰ ਦੇ ਮਨ ਤੇ ਅਰੋਗਤਾ ਦਾਨ ਕਰਦੀ ਹੈ, ਅਰਥਾਤ ਦਵਾ ਨਾਲੋਂ ਹਕੀਮ ਦੀ ਇੱਛਾ ਸ਼ਕਤੀ ਵਧੇਰੇ ਅਸਰ ਕਰਦੀ ਹੈ। ਜੋ ਹਕੀਮ ਅਪਣੀ ਇਛਿਆ ਸ਼ਕਤੀ ਨਾਲ ਬੀਮਾਰ ਦੇ ਮਨ ਉਤੇ ਅਸਰ ਨਹੀਂ ਪਾ ਸਕਦਾ (ਜਿਸ ਅਸਰ ਦਾ ਸਬੂਤ ਬੀਮਾਰ ਦਾ ਭਰੋਸਾ ਬੱਝ ਜਾਣਾ ਹੈ) ਉਸ ਦੀ ਦਵਾ ਕਈ ਵੇਰ ਨਾਕਾਮਯਾਬ ਰਹਿੰਦੀ ਹੈ।

ਮਾਂ ਲੋਰੀ ਦੇਂਦੀ ਹੈ, ਉਸ ਦੇ ਮਨ ਦੀ ਮੁਰਾਦ ਬੱਚੇ ਦੇ ਮਨ ਨੂੰ ਨੀਂਦ ਵਲ ਲੈ ਜਾਂਦੀ ਹੈ। ਮਾਂ ਦੇ ਪਿਆਰ ਨਾਲ ਪਕਾਏ ਭੋਜਨ ਵਿਚ ਮਾਂ ਦੀ ਪਿਆਰ ਦੀ ਇਛਾ ਸ਼ਕਤੀ ਕੋਈ ਬੇਮਲੂੰਮ ਰਸ ਭਰ ਦੇਂਦੀ ਹੈ। ਸਾਡੇ ਸੱਜੇ ਖੱਬੇ, ਆਲੇ ਦੁਆਲੇ ਇਸ ਦੇ ਕ੍ਰਿਸ਼ਮੇ ਦਿਨ ਰਾਤ ਹੋ ਰਹੇ ਹਨ, ਕਰਾਮਾਤ ਹੀ ਕਰਾਮਾਤ ਹੈ; ਪਰ ਸਾਡੇ ਨੈਣ ਬੰਦ ਹਨ, ਧਿਆਨ ਤ੍ਰਿਸ਼ਨਾਂ ਵਿਚ ਖਿੰਡ ਕੇ ਪਰੇਸ਼ਾਨ ਹੋ ਰਿਹਾ ਹੈ।

ਅਜਮੇਰ ਸਿੰਘ ਹੁਣ ਇਕ ਲਾਲੀ ਨਾਲ ਲਾਲ ਹੋ ਗਿਆ। ਅੱਖਾਂ ਸਰੂਰ ਵਿਚ ਆ ਗਈਆਂ, ਸਰੀਰ ਵਿਚ ਇਕ ਲਹਿਰਾਉ ਦਿੱਸਿਆ, ਅੰਦਰ ਇਕ ਰਸ ਭਰ ਗਿਆ, ਬੜੀ ਮਸਤ ਪਰ ਗੰਭੀਰ ਆਵਾਜ਼ ਹੋ ਗਈ, ਲਹਿਰਾਉਂਦਾ ਲਹਿਰਾਉਂਦਾ ਰਤਾ ਕੁ ਉੱਠਿਆ ਤੇ ਬੋਲਿਆ:-

ਸਭ ਕਰਾਮਾਤ ਹੈ, ਸੂਰਜ ਦਾ ਜਲਵਾ ਕਰਾ-ਮਾਤ ਹੈ, ਚੰਦ੍ਰਮਾਂ ਦਾ ਜਮਾਲ ਕਰਾਮਾਤ ਹੈ, ਬਿਜਲੀ ਦਾ ਤੇਜ ਕਰਾਮਾਤ ਹੈ, ਬੱਦਲ ਦੀ ਕੜਕ ਕਰਾਮਾਤ ਹੈ। ਛੇ ਸੱਤ ਇੰਚ ਲੰਮੀ ਤ੍ਰੈ ਚਾਰ ਇੰਚ ਚੌੜੀ ਉੱਚੀ ਇਸ ਖੋਪਰੀ (ਸਿਰ ਤੇ ਹੱਥ ਲਾਕੇ) ਵਿਚ ਸੈਂਕੜੇ ਗਜ ਲੰਮੀਆਂ ਉੱਚੀਆਂ ਚੌੜੀਆਂ ਕਿਤਾਬਾਂ ਵਿਚ ਲਿਖੇ ਭਾਵਾਂ ਦਾ ਸਮਾ ਜਾਣਾ ਕਰਾਮਾਤ ਹੈ। ਲੱਖ ਆਦਮੀ ਨੂੰ ਮਿਲ ਕੇ, ਲੱਖ ਦੇ ਅੱਡੋ ਅੱਡ ਫਰਕ ਨੂੰ ਬਿਨਾ ਯਤਨ ਲਖ ਜਾਣਾ ਤੇ ਮਿਲਿਆਂ ਤੇ ਹਰ ਇਕ ਨੂੰ ਸਿਆਣ ਜਾਣਾ ਕਰਾਮਾਤ ਹੈ। ਇਸ ਖੋਪਰੀ ਵਿਚ ਪਈ ਮਿੱਝ ਦਾ ਕੁਦਰਤ ਦੇ ਨੇਮਾਂ ਤੇ ਭੇਤਾਂ ਨੂੰ ਪਾੜ ਕੱਢਣਾ ਕਰਾਮਾਤ ਹੈ। ਇਸ ਮਨ ਦਾ ਇਸ ਸਰੀਰ ਨੂੰ ਰਥ ਬਣਾਕੇ ਟੋਰਨਾ ਕਰਾਮਾਤ ਹੈ, ਇਸ ਮਨ ਦਾ ਇਸ ਰਥ ਨੂੰ ਰੋਕ ਲੈਣਾ, ਅਟਕਾ ਲੈਣਾ, ਮੋੜ ਲੈਣਾ ਕਰਾਮਾਤ ਹੈ। ਕੀ ਨਹੀਂ ਕਰਨਾ ਠੀਕ, ਕੀ ਕਰਨਾ ਠੀਕ ਹੈ ਇਹ ਫੁਰ ਪੈਣਾ ਕਰਾਮਾਤ ਹੈ, ਉਸ ਕਰਨੋਂ ਰੁਕ ਜਾਣਾ ਕਰਾਮਾਤ ਹੈ। ਜਲ ਕਰਾਮਾਤ ਹੈ, ਬਲ ਕਰਾਮਾਤ ਹੈ, ਅੰਬਰ ਵਿਚ, ਵਿੱਥ ਵਿਚ, ਧਰਤੀ ਸੂਰਜ ਚੰਦ ਨਛੱਤਰਾਂ ਦਾ ਉਡਦੇ ਜਾਣਾ ਕਰਾਮਾਤ ਹੈ, ਦੇਸ਼ (ਵਿੱਥ, ਅਕਾਸ਼) ਕਰਾਮਾਤ ਹੈ। ਇਸ ਵਿਚ ਬਿਨਾਂ ਆਸਰੇ ਵੱਸਣਾ ਕਰਾਮਾਤ ਹੈ, ਇਸ ਦਾ ਬਿਨਾਂ ਥੰਮ੍ਹਾਂ, ਬਿਨਾਂ ਆਸਰੇ ਸਾਰੇ ਪਸਰਨਾ ਕਰਾਮਤ ਹੈ, ਤੂੰ ਕਰਾਮਾਤ ਹੈਂ, ਮੈਂ ਕਰਾਮਾਤ ਹਾਂ।

ਕਰਾਮਾਤ ਅਸਚਰਜ ਹੈ, ਅਮਚਰਜ ਅਦਭੁਤ ਹੈ, ਅਦਭੁਤ ਵਿਸਮਾਦ ਹੈ, **'ਮਾਈ ਰੀ ਪੇਖਿ ਰਹੀ ਬਿਸਮਾਦ॥'**

ਹਾਂ, ਮਭ ਤੋਂ ਵੱਡਾ ਵਿਸਮਾਦ ਮਤਿਗੁਰ ਕਲਗੀਆਂ ਵਾਲਾ ਹੈ। ਵਿਸਮਾਦ ਹੈ ਕਿ ਉਹ ਇਨਸਾਨ ਹੈ, ਵਿਸਮਾਦ ਹੈ ਕਿ ਉਸ ਵਿਚ ਰੱਬੀ ਜਲਵਾ ਹੈ, ਵਿਸਮਾਦ ਹੈ ਕਿ ਓਹ ਭਗਵੰਤ ਰੂਪ ਹੈ। ਵਿਸਮਾਦ ਹੈ ਕਿ ਵਿਸਮਾਦ ਕਰਦਾ ਹੈ ਤੇ ਵਿਸਮਾਦ ਵਿਚ ਲੈ ਜਾਂਦਾ ਹੈ। ਪਉ ਓਇ ਡੱਲਿਆ! ਉਸ ਵਿਸਮਾਦ ਦੀ ਸ਼ਰਨ, ਤੈਨੂੰ ਲੈ ਜਾਵੇ ਵਿਸਮਾਦ ਵਿਚ, ਤੂੰ ਚੜ੍ਹ ਜਾਵੇਂ ਅਨੰਦ ਨੂੰ। ਓਏ ਸਾਥੋਂ ਕੀ ਪੁੱਛਦਾ ਹੈਂ? ਓਇ ਪਉ ਸ਼ਰਨ ਤੇ ਲੈ ਵਿਸਮਾਦ ਦਾ ਡੋਬਾ। ਮੋਈਆਂ ਅਕਲਾਂ! ਅਕਲ ਪੈਰ ਹੀਨ ਹੈ, ਖੰਭ ਹੀਨ ਹੈ, ਇਕ ਆਲ੍ਹਣੇ ਤੋਂ ਢੱਠਾ ਬੋਟ ਹੈ, ਜੋ ਜੀਉਂਦਾ ਤਾਂ ਹੈ ਤੇ ਚੀਂ ਚੀਂ ਬੀ ਕਰਦਾ ਹੈ, ਪਰ ਵਿਸਮਾਦ ਵਿਚ ਨਹੀਂ ਉਡਦਾ, ਕੱਢ ਓਇ ਏਸ ਨੂੰ ਖੰਭ, ਉੱਡ ਓਏ! ਵਿਸਮਾਦ ਵਿਚ, ਓਇ ਡੱਲਿਆ! ਪਉ ਸ਼ਰਨ, ਪੀ ਅੰਮ੍ਰਿਤ ਤੇ ਝੂਮ ਤੇ ਗਾਉਂ ਮੇਰੇ ਨਾਲ, ਆ ਓਇ ਗਾਉਂ, ਮੇਲ ਸੁਰ ਵਿਖੇ ਸੁਰ, ਤੱਕ ਓਇ ਮੇਰੀ ਵੱਲ, ਤੱਕ ਖੋਹਲ ਮੂੰਹ, ਖੋਹਲ ਗਲਾ, ਛੇੜ ਸੁਰ ਤੇ ਮੇਲ

ਆਸਾ ਦੀ ਆਂਸ਼, ਹਾਂ ਓਹਾ.... ਸੁਰ ਮੇਲ ਕੇ ਆ ਵਿਸਮਾਦ ਦੇ ਪੰਘੂੜੇ ਚੜ੍ਹ, ਗਾਉਂ:-

ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥ ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ ਵਿਸ-ਮਾਦੁ ਸਾਦਿ ਲਗਹਿ ਪਰਾਣੀ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥ ਵਿਸਮਾਦੁ ਭੁਖ ਵਿਸਮਾਦੁ ਭੋਗੁ॥ ਵਿਸਮਾਦੁ ਸਿਫਤਿ ਵਿਸ-ਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ ਵਿਸਮਾਦੁ ਦੇਖੈ ਹਾਜਰਾ ਹਜੂਰਿ॥

{ਆਸਾ: ਵਾਰ-੩}

ਹਾਂ ਜੀ!

ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵੇਖਿ ਵਿਡਾਣੁ ਰਹਿਆ ਵਿਸਮਾਦੁ॥
ਨਾਨਕ ਬੁਝਣੁ ਪੂਰੇ ਭਾਗਿ॥.....
ਵਿਸਮਾਦੁ ਦੇਖੈ ਹਾਜਰਾ ਹਜੂਰਿ॥.....
ਵੇਖਿ ਵਿਡਾਣੁ ਰਹਿਆ ਵਿਸਮਾਦ॥.....
ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਹਾਜਰਾ ਹਜੂਰਿ
ਹਾਜਰਾ ਹਜੂਰਿ
ਹਜੂਰਿ
ਹਜੂਰਿ
ਹਜੂਰਿ

੨. {ਡੱਲੇ ਦਾ ਅੰਮ੍ਰਿਤ*}।

ਅਜ ਡੱਲਾ ਘਰ ਜਾਕੇ ਸੌਂ ਨਹੀਂ ਸਕਿਆ, ਪਹਿਲੇ ਪਹਿਰ ਹੀ ਸ਼ਸਤ੍ਰ ਲਾਕੇ ਗੁਰੂ ਜੀ ਦੇ ਪਲੰਘ ਦੇ ਪਹਿਰੇ ਤੇ ਆ ਗਿਆ। ਜਾਂ ਸਤਿਗੁਰਾਂ ਅਵਾਜ਼ ਦਿੱਤੀ, ਪਹਿਰੇ ਪਰ ਕੌਣ? ਤਾਂ ਡੱਲੇ ਕਿਹਾ: 'ਦਾਸ ਡੱਲਾ'। ਐਉਂ ਸਾਰੀ ਰਾਤ ਡੱਲਾ ਖੜਾ ਰਿਹਾ। ਜਦ ਸਤਿਗੁਰ ਦਾ ਅਵਾਜ਼ਾ ਆਵੇ ਤਾਂ ਡੱਲਾ ਹੀ ਅਵਾਜ਼ ਦੇਵੇ। 'ਦਾਸ ਡੱਲਾ ਖੜਾ ਹੈ'। ਸਤਿਗੁਰਾਂ ਇਕ ਦੋ ਵਾਰ ਆਖਿਆ, 'ਡੱਲਿਆ! ਜਾਓ ਅਰਾਮ ਕਰੋ', ਪਰ ਡੱਲਾ ਕਿਸੇ ਪਿਆਰ ਭਰੇ ਰੰਗ ਵਿਚ ਸਾਰੀ ਰਾਤ ਖੜਾ ਰਿਹਾ। ਸਵੇਰੇ ਸਤਿਗੁਰਾਂ ਉੱਠਕੇ ਆਖਿਆ 'ਡੱਲਿਆ! ਕੁਛ ਮੰਗ?' ਡੱਲੇ ਨੇ ਹੱਥ ਜੋੜਕੇ ਸੀਸ ਨਿਵਾ ਦਿੱਤਾ। ਜਾਂ ਸਤਿਗੁਰਾਂ ਤੀਸਰੀ ਵਾਰ ਇਹੋ ਬਚਨ ਕੀਤਾ ਤਾਂ ਡੱਲੇ ਬੇਨਤੀ ਕੀਤੀ:-

ਸ੍ਰੀ ਪ੍ਰਭੂ! ਜਹਾਂ ਬਾਸ ਤੁਮ ਠਾਨਾ॥ ਇਕ ਪੀਢੀ ਕਹੁ ਮੁਹਿ ਦਿਹੁ ਥਾਨਾ॥ ਅਪਨ ਨਜੀਕ ਰਾਖੀਅਹਿ ਮੋਹੀ॥ ਅਵਰ ਨ ਮੋ ਉਰ ਮੈਂ ਇਛ ਹੋਹੀ। {ਸੂ: ਪ੍:}

ਸਤਿਗੁਰਾਂ ਬਚਨ ਕੀਤਾ-ਫੇਰ ਅੰਮ੍ਰਿਤ ਛਕੋ, ਡੱਲਾ ਸਿੰਘ ਕਹਾਵੋ ਤੇ ਸਿਦਕ ਦੀ ਕਮਾਈ ਕਰੋ।

ਡੱਲਾ (ਹੱਥ ਜੋੜਕੇ)-ਪਾਤਸ਼ਾਹ! ਮੈਂ ਤਾਂ ਬਹੁਤ ਅੰਮ੍ਰਿਤ ਛਕਿਆ ਹੈ।

ਸਤਿਗੁਰ-ਡੱਲਾ! ਅਸਾਂ ਤਾਂ ਤੈਨੂੰ ਛਕਦਿਆਂ ਨਾ ਡਿੱਠਾ, ਨਾ ਸੁਣਿਆ ਹੈ।

ਡੱਲਾ-ਹੇ ਸਤਿਗੁਰ! ਆਪ ਦੇ ਥਾਲ ਵਿੱਚੋਂ ਆਪ ਦਾ ਅੰਮ੍ਰਿਤ ਪ੍ਰਸ਼ਾਦ ਮੈਂ ਲੈਕੇ ਰੋਜ਼ ਛਕਦਾ ਰਿਹਾ ਹਾਂ।

ਗੁਰੂ ਜੀ-ਡੱਲਿਆ, ਅੰਮ੍ਰਿਤ ਛਕ ਜੋ ਸ਼ਸਤ੍ਰ ਨਾਲ ਤਿਆਰ ਹੁੰਦਾ ਹੈ!

ਡੱਲਾ-ਪਾਤਸ਼ਾਹ! ਆਪ ਜੋ ਕੜਾਹ ਪ੍ਰਸ਼ਾਦ ਰੋਜ਼ ਛਕਦੇ ਹੋ ਕ੍ਰਿਪਾਨ ਭੇਟ ਹੋਕੇ ਸ੍ਰੀ ਜੀ ਦੇ ਮੁਖਾਰ-ਬਿੰਦ ਲਗਦਾ ਹੈ, ਸੋ ਆਪ ਦਾ ਬਖਸ਼ਿਆ ਸ਼ਸਤ੍ਰ ਸਜਿਆ ਅੰਮ੍ਰਿਤ ਜਾਣਕੇ ਦਾਸ ਛਕਦਾ ਰਿਹਾ ਹੈ।

ਗੁਰੂ ਜੀ ਇਹ ਵਾਕ ਸੁਣਕੇ ਬੜੇ ਖੁਸ਼ੀ ਹੋਕੇ ਮੁਸਕ੍ਰਾਏ ਤੇ ਬਚਨ ਕੀਤਾ, ਡੱਲਿਆ ਖੰਡੇ ਦਾ ਅੰਮ੍ਰਿਤ ਛਕ।

ਜੋ ਅੰਮ੍ਰਿਤ ਖੰਡੇ ਕੋ ਲੈਹੈ।
ਗੁਰ ਕੇ ਸੋ ਜਹਾਜ ਚਢਿ ਜੈਹੈ।

ਡੱਲੇ ਨੇ ਨੈਣ ਭਰਕੇ ਸੀਸ ਨਿਵਾਇਆ ਤੇ ਬਿਗਸਕੇ ਆਖਿਆ, ਸਤ ਬਚਨ ਪਾਤਸ਼ਾਹ ਜੀਓ!

*ਇਸ ਪ੍ਰਸੰਗ ਦਾ ਇਹ ਹਿੱਸਾ ਇਸ ਸੰਚਯ ਲਈ ਵਿਸਾਖ ਸੰਮਤ ੪੫੬ ਗੁਰ ਨਾਨਕ ਸਾਹਿਬ ਵਿਚ ਲਿਖਿਆ ਗਿਆ ਸੀ।

ਅਗਲੇ ਦਿਨ ਸੌ ਹੋਰ ਸਜਣਾਂ ਸਮੇਤ ਡੱਲੇ ਨੇ ਅੰਮ੍ਰਿਤ ਛਕਿਆ ਤੇ ਡੱਲ ਸਿੰਘ ਬਣ ਗਿਆ। ਇਸ ਵਾਰਤਾ ਤੋਂ ਖਾਲਸੇ ਵਿਚ ਅੰਮ੍ਰਿਤ ਦੇ ਨਾਲ 'ਖੰਡੇ ਦਾ ਅੰਮ੍ਰਿਤ' ਜੋ ਪਹਿਲਾਂ ਬੀ ਸੀ ਹੁਣ ਵਿਸ਼ੇਸ਼ ਪ੍ਰਸਿੱਧ ਹੋਇਆ, ਅਰ ਬੋਲ ਚਾਲ ਵਿਚ ਆਮ ਹੋ ਗਿਆ। ਜਦੋਂ ਡੱਲਾ ਅੰਮ੍ਰਿਤ ਛਕਕੇ ਹਜ਼ੂਰੀ ਵਿਚ ਹਾਜ਼ਰ ਹੋਇਆ ਤਾਂ ਸਤਿਗੁਰਾਂ ਸਿਰੋਪਾਉ ਬਖਸ਼ਿਆ, ਜਿਸ ਵਿਚ ਇਕ ਵਡੀ ਖੜਗ, ਇਕ ਢਾਲ ਤੇ ਇਕ ਜੋੜੀ ਜੜਾਊ ਕੜਿਆਂ ਦੀ ਸੀ; ਅਤੇ ਆਪਣੇ ਬਸਤ੍ਰ[1]। {ਸੂ: ਪ੍ਰ: ਐਨ ੧}

੩. {ਰਾਮਾਂ ਤਿਲੋਕਾ ਤੇ ਚਮਕੌਰ[2]}।

ਇਕ ਦਿਨ ਸੱਚੇ ਪਾਤਸ਼ਾਹ ਦਮਦਮੇਂ ਬੈਠੇ ਜੋਤ ਜਗਾ ਰਹੇ ਸਨ ਕਿ ਰਾਮਾ ਤੇ ਤਿਲੋਕਾ ਦੋਵੇਂ ਭਰਾ ਰਸਦ ਪਾਣੀ ਦੇ ਗੱਡੇ ਲਦਵਾ ਕੇ ਲੈ ਆਏ। ਚਰਨਾਂ ਤੇ ਮੱਥਾ ਟੇਕਕੇ ਬੈਠ ਗਏ। ਸਤਿਗੁਰਾਂ ਬੜੇ ਪਿਆਰ ਨਾਲ ਬਿਠਾਇਆ ਤੇ ਆਦਰ ਦਿੱਤਾ। ਪਾਸੋਂ ਇਕ ਸਿੰਘ ਨੇ ਆਖਿਆ, ਸਚੇ ਪਾਤਸ਼ਾਹ ਚਮਕੌਰ ਦੇ ਸ਼ਹੀਦਾਂ ਦਾ ਦਾਹ ਇਨ੍ਹਾਂ ਪਿਆਰਿਆਂ ਨੇ ਕੀਤਾ ਸੁਣਿਆ ਹੈ, ਇਨ੍ਹਾਂ ਦੇ ਮੂੰਹੋਂ ਪ੍ਰਸੰਗ ਸੁਣਿਆਂ ਲੋੜੀਏ।

ਰਾਮਾ ਸਿੰਘ-ਸਚੇ ਪਾਤਸ਼ਾਹ! ਅਸੀਂ ਸਰਹਿੰਦ ਟਕੇ ਤਾਰਨ ਗਏ ਹੋਏ ਸਾਂ ਕਿ ਉੱਥੇ ਅਸਾਂ ਚਮਕੌਰ ਦੇ ਸਾਕੇ ਦੀ ਗਲ ਸੁਣੀ, ਹੋਰ ਸੇਵਾ ਦਾ ਵੇਲਾ ਤਾਂ ਲੰਘ ਚੁਕਾ ਸੀ, ਆਪ ਦੇ ਕਿਸੇ ਦਿਸ਼ਾ ਸਹੀ ਸਲਾਮਤ ਚਲੇ ਜਾਣ ਦੀ ਖ਼ਬਰ ਕੰਨੀ ਪੈਂਦੀ ਸੀ, ਪਰ ਇਹ ਪਤਾ ਨਹੀਂ ਸੀ ਜੋ ਕਿੱਧਰ ਗਏ ਹਨ। ਸਾਨੂੰ ਉਸ ਵੇਲੇ ਆਪਣੇ ਸਤਿਗੁਰਾਂ ਦੀ ਕਰਨੀ ਉੱਤੇ ਸੇਵਾ ਦਾ ਚਾਉ ਆਇਆ। ਸੋ ਚਮਕੌਰ ਵਲ ਕੂਚ ਕੀਤਾ, ਰਸਤੇ ਵਿਚ ਕਪੜੇ ਅੱਧੇ ਰਾਣੇ ਕਰ ਲਏ, ਮਿਟੀ ਮਲ ਲਈ, ਸਿਰ ਨੰਗਾ ਕਰਕੇ ਸੁਆਹ ਮਲੀ ਤੇ ਬਉਲਿਆਂ ਦਾ ਰੂਪ ਬਣਾ ਲਿਆ। ਏਸ ਤਰ੍ਹਾਂ ਸ਼ੁਦਾਈਆਂ ਹਾਰ ਮਿਟੀ ਛਾਣਦੇ ਅੱਪੜ ਗਏ। ਤੁਰਕ ਸੈਨਾਂ ਕੂਚ ਕਰ ਗਈ ਤੇ ਕਰ ਰਹੀ ਸੀ। ਥੋੜੀ ਸੈਨਾਂ ਅਜੇ ਸੀ, ਅਸਾਂ ਜਾਕੇ ਆਪਣੇ ਪਿਆਰੇ ਸਿੰਘਾਂ ਦੇ ਛਾਨਣੀ ਸਰੀਰ, ਅੰਗ ਕੱਟੇ, ਲਹੂ ਨਾਲ ਧਰਤੀ ਰੱਤੀ ਹੋਈ ਵੇਖੀ, ਇਕ ਪਾਸੇ ਕੁਛ ਲੋਥਾਂ ਦੇ ਢੇਰ ਬੁਝਾਏ ਗਏ ਬਾਲਣ ਵਿਚ ਕੱਠੇ ਬੀ ਕੀਤੇ ਪਏ ਸੇ। ਇਕ ਮਾਈ ਦਾ ਅੱਗ ਨਾਲ ਅਧ-ਸੜਿਆ ਸਰੀਰ ਬੀ ਪਿਆ ਸੀ, ਮਾਨੋਂ ਇਸ ਮਾਈ ਨੇ ਸਸਕਾਰ ਦਾ ਜਤਨ ਕੀਤਾ ਹੈ, ਪਰ ਸਿਰੇ ਨਹੀਂ ਚੜ੍ਹ ਸਕਿਆ ਤੇ ਆਪ ਬੀ ਸ਼ਹੀਦ ਹੋਈ ਹੈ। ਅਸਾਂ ਸ਼ੁਦਾਈਆਂ ਹਾਰ ਘੁੰਮਦੇ, ਲੱਕੜਾਂ ਦੇ ਮੋਹੜੇ ਬੀ ਕੱਠੇ ਕੀਤੇ। ਪਰ ਖਿਲਰਵੇਂ ਸੱਟੇ ਤੇ ਲੋਥਾਂ ਦੀ ਭਾਲ ਪਛਾਣ ਬੀ ਕੀਤੀ। ਤੁਰਕਾਂ ਵਿਚ ਬੀ ਅਸੀਂ ਮੰਗਦੇ ਪਿੰਨਦੇ, ਬਾਵਰਾਪਨ ਦਿਖਾਉਂਦੇ ਫਿਰੇ ਤਾਂ ਸਾਨੂੰ ਪਤਾ ਲਗਾ ਕਿ ਸਾਕੇ ਵਾਲੇ ਦਿਨ ਦੀ ਸਗਵੀਂ ਰਾਤ ਹੀ ਇਕ ਮਾਈ ਨੇ ਸਿੰਘਾਂ ਦੇ ਸਸਕਾਰ ਦਾ ਜਤਨ ਕੀਤਾ ਹੈਸੀ, ਪਰ ਤੁਰਕ ਸੈਨਾਂ ਨੇ ਉਸ ਨੂੰ ਭੀ ਅੱਗ ਦੀ ਭੇਟ ਕੀਤਾ ਤੇ ਅੰਗੀਠਾ ਬੀ ਠੰਢਾ ਕਰ ਦਿਤਾ। ਅਗਲੇ ਦਿਨ ਤੁਰਕ ਲੋਕਾਂ ਦੀ ਭਾਲ ਕਰ ਹਟੇ, ਅਪਣੇ ਮੁਰਦਿਆਂ ਨੂੰ ਚਾਕੇ ਲੈ ਗਏ ਤੇ ਸਾਡੇ ਬੀਰਾਂ ਦੇ ਸ਼ਸਤ੍ਰ ਆਦਿ ਲੈ ਗਏ! ਆਪ ਵੱਲੋਂ ਉਨ੍ਹਾਂ ਨੂੰ ਤਸੱਲੀ ਹੋ ਚੁਕੀ ਸੀ ਕਿ ਸਹੀ ਸਲਾਮਤ ਨਿਕਲ ਗਏ ਹਨ।

ਅਸਾਂ ਹੁਣ ਖੜੀ ਕਠਨਤਾ ਨਾਲ ਮਾਹਿਬ-ਜ਼ਾਦਿਆਂ ਦੇ ਸਰੀਰ ਲੱਭੇ। ਉਨ੍ਹਾਂ ਦਾ ਅੰਗ ਅੰਗ ਤੀਰਾਂ ਤਲਵਾਰਾਂ ਨਾਲ ਵਿੱਧਾ ਪਿਆ ਸੀ। ਪਹਿਲਾਂ ਇਕ ਥਾਂ ਅੰਗੀਠਾ ਸਜਾਕੇ ਅਸਾਂ ਉਨ੍ਹਾਂ ਨੂੰ ਦਾਹ ਦਿਤਾ। ਕੁਛ ਦੇਰ ਮਗਰੋਂ ਤੁਰਕ ਅਹਿਦੀਏ ਆਏ, ਸਾਨੂੰ ਨਚਦਿਆਂ ਤੇ ਬਾਉਲਿਆਂ ਵਾਂਙੂ ਰਾਉਂਦਿਆਂ, ਖੇਹ ਉਡਾਉਂਦਿਆਂ ਤੇ ਅੱਗ ਨਾਲ ਖੇਡ-ਦਿਆਂ ਦੇਖਕੇ ਓਹ ਤਸੱਲੀ ਪਾਕੇ ਚਲੇ ਗਏ ਕਿ ਏਹ ਸ਼ੁਦਾਈ ਹਨ। ਬਾਕੀ ਲੋਥਾਂ ਅਜੇ ਉਵੇਂ ਹੀ ਪਈਆਂ ਸਨ, ਓਹਨਾਂ ਨੂੰ ਵਧੇਰੇ ਤਸੱਲੀ ਹੋ ਗਈ ਕਿ ਏਹ ਸ਼ੁਦਾਈ ਹਨ, ਜੇ ਕਦੀ ਸਿੱਖ ਹੁੰਦੇ ਤਾਂ ਸਾਰੀਆਂ ਲੋਥਾਂ ਸਾੜਦੇ, ਨਾਲੇ ਹੁਣ ਓਹਨਾਂ ਨੂੰ ਪ੍ਰੇਮਨ ਬੀ ਕੋਈ ਰਹਿ ਨਹੀਂ ਸੀ ਗਿਆ। ਫੇਰ ਅੱਧੀ ਰਾਤ ਨੂੰ ਅਸਾਂ ਦੂਸਰੇ ਥਾਂ ਸਾਰੇ ਸਿੰਘਾਂ ਦੇ ਸਰੀਰ ਤੇ ਕੱਟੇ ਵੱਢੇ ਅੰਗ ਕੱਠੇ ਕਰਕੇ ਮੋੜ੍ਹੇ

---

੧. ਬਸਤ੍ਰ ਏਹ ਸਨ-ਦੋ ਦਸਤਾਰਾਂ, ਦੋ ਚੋਗੇ, ਦੋ ਘੁਟੰਨੇ। ੨. ਇਹ ਬੀ ਇਸ ਸੰਚਯ ਲਈ ਵਿਸਾਖ ੪੫੬ ਸੰ: ਗੁ: ਨਾ: ਸਾ: ਨੂੰ ਲਿਖਿਆ ਗਿਆ ਸੀ।

ਲੱਕੜਾਂ, ਕੱਖ ਕਾਨੇ, ਪਰਾਲੀ, ਜੋ ਲੱਭਾ ਪਾਕੇ ਅੱਗ ਦੇ ਦਿੱਤੀ। ਹੁਣ ਸਾਰੀ ਬਾਕੀ ਰਾਤ ਵਿਚ ਅੰਗੀਠਾ ਬਲਦਾ ਰਿਹਾ, ਪਰ ਕੋਈ ਨਹੀਂ ਆਇਆ। ਅਗਲਾ ਦਿਨ ਅਸੀਂ ਸਾਰਿਆਂ ਨੇ ਉਸੇ ਤਰ੍ਹਾਂ ਨੇੜੇ ਤੇੜੇ ਬਿਤਾਇਆ। ਸਾਨੂੰ ਕਈ ਵੇਰ ਕਦੀ ਕਿਤੇ, ਕਦੀ ਕਿਤੇ ਤੁਰਕ ਸਿਪਾਹੀਆਂ ਡਿੱਠਾ, ਪਰ ਸਾਡੀ ਕ੍ਰਿਯਾ ਪੱਕੇ ਸ਼ੁਦਾਈਆਂ ਦੀ ਤੱਕਕੇ ਉਨ੍ਹਾਂ ਨੂੰ ਭਰਮ ਨਹੀਂ ਪਿਆ। ਰਾਤ ਅਸਾਂ ਉਥੇ ਹੀ ਕੱਟੀ, ਅੰਗੀਠੇ ਠੰਢੇ ਪੈ ਗਏ, ਤਦ ਅਸਾਂ ਚਾਟੀਆਂ ਲੈਕੇ ਉਹਨਾਂ ਦੇ ਅੰਦਰ ਤੇ ਬਾਹਰ ਕੋਲਿਆਂ ਨਾਲ ਪਤਾ ਆਦਿਕ ਨਿਸ਼ਾਨ ਲਿਖਕੇ ਮੂੰਹ ਤੇ ਚੱਪਣੀਆਂ ਦੇਕੇ ਉਤੋਂ ਬੰਨ੍ਹਕੇ ਦੁਹਾਂ ਅੰਗੀਠਿਆਂ ਪਾਸ ਟੋਏ ਪੁੱਟਕੇ ਪੁੱਠੀਆਂ ਰੱਖਕੇ ਦੱਬ ਦਿਤੀਆਂ, ਜੋ ਠੰਢ ਠੰਢੀਰ ਹੋਏ ਤੇ ਨਿਸ਼ਾਨ ਆਕੇ ਪੱਕੇ ਕਰ ਦਿਆਂਗੇ ਜੋ ਐਡੇ ਭਾਰੀ ਸੂਰਬੀਰਤਾ ਦੇ ਸਾਕੇ ਦੇ ਪੱਕੇ ਨਿਸ਼ਾਨ ਲੋਪ ਨਾ ਹੋ ਜਾਣ। ਫੇਰ ਅਸੀਂ ਉਥੋਂ ਲੁਕਕੇ ਟੁਰ ਆਏ।

ਸਤਿਗੁਰ ਜੀ ਦੇ ਰੀਭੀਰ ਨੈਣ ਅਸਮਾਨਾਂ ਵੱਲ ਉੱਠੇ, ਫੇਰ ਮਿਹਰ ਨਾਲ ਭਰਕੇ ਦੋਹਾਂ ਭਰਾਵਾਂ ਵਲ ਤੱਕੇ, ਪਿਆਰੇ ਬੁੱਲ੍ਹ ਖੁੱਲ੍ਹੇ: ਪਿਆਰਿਓ! ਕੁਛ ਮੰਗ ਲਓ! ਕੁਛ ਮੰਗ ਲਓ!!

ਰਾਮਾ-ਪਾਤਸ਼ਾਹ! ਏਸ ਦੇਸ਼ ਵਿਚ ਮਾਨਾਂ ਭੁੱਲਰਾਂ ਦਾ ਜ਼ੋਰ ਹੈ, ਸਾਡੀ ਕੁਛ ਵਟੀਂਦੀ ਨਹੀਂ ਹੈ, ਜਦ ਦੇ ਆਏ ਹਾਂ ਸਾਡੇ ਪੈਰ ਨਹੀਂ ਜੰਮੇ। ਭਾਵੇਂ ਆਪ ਨੇ ਅੰਨ ਧਨ ਬਖਸ਼ਿਆ ਹੈ, ਪਰ ਮਾਲਕੀ ਨਹੀਂ ਅਜੇ ਪੂਰੀ ਪੂਰੀ ਕਿਧਰੇ ਹੋਈ!

ਸਤਿਗੁਰੂ ਜੀ-ਜ਼ਿਮੀਂ ਨਹੀਂ, ਤੁਸੀਂ ਦੇਸ਼ ਦੇ ਮਾਲਿਕ ਹੋਏ। ਸ੍ਰੀ ਗੁਰੂ ਹਰਿ ਰਾਇ ਜੀ ਦਾ ਵਰ ਹੁਣ ਫਲੇਗਾ! ਅੰਮ੍ਰਿਤ ਛਕੋ ਸਿੰਘ ਸਜੋ। ਹਾਂ, ਜ਼ਿਮੀਂ ਨਹੀਂ, ਤੁਸੀਂ ਰਾਜ ਪਾਓਗੇ, ਰਾਜ ਕਰੋਗੇ।

ਇਹ ਵਰ ਸੁਣਕੇ ਉਨ੍ਹਾਂ ਸੀਸ ਨਿਵਾਇਆ। ਬੜੇ ਉਤਸ਼ਾਹ ਨਾਲ ਭਾਈਚਾਰੇ ਸਮੇਤ ਅੰਮ੍ਰਿਤ ਛਕਿਆ। ਇਹੋ ਬੰਸ ਫੂਲਕਿਆਂ ਦਾ ਹੈ, ਜਿਸ ਦੀ ਵੰਸ਼ ਹੁਣ ਪਟਿਆਲਾ, ਨਾਭਾ, ਜੀਂਦ ਵਿਚ ਅੱਜ ਤਕ ਰਾਜ ਕਰ ਰਹੀ ਹੈ।

ਸੂਚਨਾ-ਫੇਰ ਬੰਗੇ ਹਰੀਏ ਜੱਟ ਸ਼ਰਨ ਆਏ! ਅੰਮ੍ਰਿਤ ਛਕ ਕੇ ਸਿੰਘ ਸਜੇ, ਇਨ੍ਹਾਂ ਨੂੰ ਬੀ ਜ਼ਿਮੀਆਂ ਦੇ ਮਾਲਕ ਹੋਣ ਦਾ ਵਰ ਦਾਨ ਮਿਲਿਆ। ਏਥੇ ਹੀ ਸਤਿਗੁਰੂ ਜੀ ਨੇ ਮਾਲਵੇ ਨੂੰ ਕਣਕਾਂ, ਕਮਾਦਾਂ ਦੇ ਖੇੜਾਂ, ਅੰਬ ਅਨਾਰਾਂ ਦੇ ਬਾਗਾਂ ਤੇ ਨਹਿਰਾਂ ਨਾਲ ਲਹਿ ਲਹਿ ਕਰਨ ਦਾ ਵਰਦਾਨ ਦਿਤਾ*।

ਏਥੇ ਹੀ ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਜੋ ਦਮਦਮੇ ਵਾਲੀ ਬੀੜ ਦੇ ਨਾਮ ਤੇ ਪ੍ਰਸਿੱਧ ਹੈ। ਇਹ ਬੀੜ 'ਮੁਸਤਨਿਦ ਆਖਰੀ ਬੀੜ' ਹੋਈ, ਆਖਦੇ ਹਨ ਕਿ ਖਾਲਸੇ ਦੇ ਦਲਾਂ ਵਿਚ ਇਸਦਾ ਹੀ ਅਸਵਾਰਾ ਚੜ੍ਹਦਾ ਸੀ, ਜੋ ਵਡੇ ਘਲੂਘਾਰੇ ਤਕ ਦਲਾਂ ਦੇ ਅੰਗ ਸੰਗ ਸੇ। ਪਿੰਡ ਕੁਠਾਲਾ ਰਿਆਸਤ ਮਾਲੇਰ ਕੋਟਲਾ ਦੇ ਇਕ ਸ਼ਹੀਦੀ ਅਸਥਾਨ ਵਿਚ ਇਕ ਬੀੜ ਹੈ, ਜਿਸਦੀ ਬਾਬਤ ਕਿਹਾ ਜਾਂਦਾ ਹੈ ਕਿ ਘਲੂਘਾਰੇ ਦੇ ਵੇਲੇ ਬਾਬਾ ਸੁੱਧਾ ਸਿੰਘ ਜੀ ਦੇ ਜਥੇ ਨੇ ਇਹ ਬੀੜ ਇਸ ਟਿਕਾਣੇ ਟਿਕਾਈ ਸੀ। ਵਿਸ਼ੇਸ਼ ਲਈ ਦੇਖੋ ਅਖਬਾਰ ਖਾਲਸਾ ਸਮਾਚਾਰ ਤ੍ਰੀਕ ੧੮ ਮਈ ੧੯੩੩ ਈ: ਜਿਲਦ ੩੪ ਨੰਬਰ ੨੫, ਪੰਨਾ ੫। ਇਹ ਰਵਾਯਤ ਹੈ ਕਿ ਬਾਬਾ ਦੀਪ ਸਿੰਘ ਜੀ ਨੇ ਚਾਰ ਉਤਾਰੇ ਦਮਦਮੇ ਵਾਲੀ ਬੀੜ ਦੇ ਹੋਰ ਕਰਾਏ ਸੇ, ਇਨ੍ਹਾਂ ਤੋਂ ਹੀ ਫੇਰ ਉਤਾਰੇ ਹੋਏ ਤੇ ਛਾਪੇ ਵਿਚ ਏਹੋ ਮੁਸਤਨਿਦ ਬੀੜ ਪ੍ਰਵਿਰਤ ਹੋਈ। ਹੁਣ ਵਡੇ ਵਡੇ ਨਾਮੀ ਬਖਸ਼ਿਸ਼ਾਂ ਵਾਲੇ ਤੇ ਸੰਤਾਂ ਦੇ ਵਹੀਰ ਆਉਣ ਲਗ ਪਏ ਸਨ, ਅਨੇਕ ਵਾਰਤਾਂ ਵਰਤੀਆਂ, ਪਰ ਗੁਰੂ ਜੀ ਆਪਣੇ ਕਿਸੇ ਆਸ਼ੇ ਵਿਚ ਦੱਖਣ ਜਾਣ ਨੂੰ ਤਿਆਰ ਸੇ, ਸਭ ਦੇ ਹੋੜਦਿਆਂ ਆਪ ਆਪਣੇ ਦਾਈਏ ਵਿਚ ਪੱਕੇ ਟੁਰ ਹੀ ਪਏ। ਵਡੇ ਵਡੇ ਮਲਵਈ ਸਰਦਾਰ ਡੱਲ ਸਿੰਘ ਵਰਗੇ ਤੇ ਬਖਸ਼ਸ਼ਾਂ ਵਾਲੇ ਰਾਮਾ ਸਿੰਘ ਵਰਗੇ ਨਾਲ ਨਾ ਗਏ। ਸਤਿਗੁਰਾਂ ਨੇ ਪਰਵਾਰ ਨੂੰ ਦਿੱਲੀ ਟੋਰਿਆ ਤੇ ਆਪ ਦਮਦਮੇ ਤੋਂ ਕੱਤਕ ੧੭੬੩ ਬਿ: ਨੂੰ ਦੱਖਣ ਵੱਲ ਟੁਰੇ, ਰਸਤੇ ਵਿਚ ਕਈ ਹਾਲ ਵਰਤੇ, ਪਹਿਲਾ ਡੇਰਾ 'ਕੇਵਲ' ਪਿੰਡ ਕੀਤਾ, ੧ ਰਾਤ ਓਥੇ ਰਹੇ। ਅਗਲੀ ਭਲਕ 'ਝੋਰੜ' ਪਿੰਡ ਪਹੁੰਚ ਦੁਪਿਹਰਾ

*ਏਹ ਬਚਨ ੧੭੬੩ ਬਿ: ਦੇ ਹਨ। ਸੂਰਜ ਪ੍ਰਕਾਸ਼ ਦਾ ਕਰਤਾ ਬਿਕ੍ਰਮੀ ਸਦੀ ੧੯੦੦ ਵਿਚ ਅਪਣੀ ਪੁਸਤਕ ਮੁਕਾ ਚੁਕਾ ਸੀ ਤੇ ਨਹਿਰਾਂ ਮਾਲਵੇ ਵਿਚ ੧੯੪੧ ਬਿ: ਵਿਚ ਚੱਲੀਆਂ ਹਨ। ਸੋ ਕਵੀ ਜੀ ਨੇ ਭਵਿਖਤ ਵਾਕ ਨਹਿਰਾਂ ਟੁਰਨ ਤੋਂ ਅੱਧੀ ਸਦੀ ਦੇ ਲਗ ਪਗ ਪਹਿਲੋਂ ਲਿਖੇ ਹਨ।

ਕੱਟਿਆ ਤੇ ਰਾਤ 'ਝੰਡੇ' ਪਿੰਡ ਜਾ ਰਹੇ। ਦਿਨ ਚੜ੍ਹਨ ਤੋਂ ਪਹਿਲੇ ਕੂਚ ਕਰਕੇ ਸਰਸੇ ਜਾ ਬਿਰਾਜੇ ਓਥੇ ਵਰਤਿਆ ਇਕ ਦੀਨਾ ਬੰਧੂ ਤੇ ਬੰਦੀ ਛੋੜ ਬਿਰਦ ਦਾ ਕੌਤਕ ਅਗਲੇ ਪ੍ਰਸੰਗ ਵਿਚ ਹੈ:-

੮੭. ਖੁੱਲ੍ਹਾਂ ਦਾ ਦਾਤਾ*।

੧.

ਪੰਜਾਬ-ਦੱਖਣੀ ਪੰਜਾਬ ਤੇ ਸਰਸਾ ਨਗਰੀ[1], ਸਰਸੇ ਤੋਂ ਥੋੜੀ ਵਿੱਥ ਤੇ ਖੁਡਾਲਾ ਤਦੋਂ ਇਕ ਘੁੱਘ ਵੱਸਦਾ ਟਿਕਾਣਾ ਸੀ। ਇਥੇ ਇਕ ਪੁਰਾਣਾ ਮਕਾਨ ਹੈ, ਇਸਦੇ ਹੇਠਾਂ ਇਕ ਭੋਰਾ ਹੈ, ਹਨੇਰਾ ਤੇ ਤੰਗ, ਮੈਲਾ ਤੇ ਕੁਛ ਬੁੱਸੀ ਹੋਈ ਹਵਾ ਵਾਲਾ। ਇਸ ਵਿਚ ਬੈਠਾ ਹੈ ਕਿ ਸਿੰਘ ਭਾਈ ਗੁਲਾਬ ਸਿੰਘ। ਇਹ ਕੋਈ ਜਗੀਰਦਾਰ ਅਮੀਰ ਨਹੀਂ ਸੀ, ਪਰ ਕਿਰਤੀ ਸਿੰਘ, ਸੁਨਿਆਰੇ ਦਾ ਕੰਮ ਕਰਦਾ ਸੀ। ਸੁਨਿਆਰਾ ਸਿੰਘ ਹੋ ਰਿਆ ਸੀ ਤੇ ਸਿੰਘ ਹੋਕੇ ਚੋਰੀ ਦਾ ਰਵਾਦਾਰ ਨਹੀਂ ਸੀ, ਅੰਦਰੋਂ ਬਾਹਰੋਂ ਸੁਚਾ ਸੀ, ਏਸੇ ਕਰਕੇ ਇਸਦਾ ਕੰਮ ਬਹੁੰ ਚੱਲਦਾ ਸੀ। ਸਭ ਦਾ-ਕੀ ਹਿੰਦੂ ਕੀ ਮੁਸਲਮਾਨ-ਏਸਤੇ ਇਤਬਾਰ ਸੀ। ਅਪਣੀ ਕਿਰਤ ਦੇ ਨਾਲ ਇਹ ਆਤਮ ਕਿਰਤ ਦਾ ਬੀ ਰਸਿਕ ਸੀ। ਅੰਮ੍ਰਿਤ ਵੇਲੇ ਉੱਠ ਬੈਠਣਾ, ਅਪਣੇ ਮਨ ਨੂੰ ਵਾਹਿਗੁਰੂ ਜੀ ਵਿਚ ਲਾਉਣਾ, ਸਤਿਗੁਰ ਦੇ ਚਰਨਾਂ ਦੀ ਓਟ ਲੈਣੀ, ਐਉਂ ਟਿਕੇ ਮਨ ਤੇ ਫੇਰ ਟਿਕੇ ਮਨ ਵਿਚ ਆਪੇ ਨੇ ਆਪੇ ਦਾ, ਆਪੇ ਦੇ ਮਾਲਕ ਦੀ ਆਤਮ ਛੁਹ ਦਾ ਰਸ ਅਨੁਭਵ ਕਰਨਾ, ਫਿਰ ਉਠਦੇ ਬਹਿੰਦੇ ਨਿੱਕੇ ਨਿੱਕੇ ਰਸ ਵਿਚ ਨਿਮਗਨ ਰਹਿਣਾ। ਪਰ ਦੇਖੋ ਕਈ ਦਿਨਾਂ ਤੋਂ ਵਿਚਾਰਾ ਇਸ ਤੰਗ ਤੇ ਹਨੇਰੇ ਭੋਰੇ ਵਿਚ ਬੈਠਾ ਹੈ, ਕਦੇ ਅੱਠੀਂ ਪਹਿਰੀਂ, ਕਦੀ ਸੋਲੀਂ ਪਹਿਰੀਂ ਇਕ ਪਯਾਲਾ ਪਾਣੀ ਦਾ ਤੇ ਇਕ ਜਵਾਂ ਦੀ ਰੋਟੀ ਨਸੀਬ ਹੁੰਦੀ ਹੈ, ਜੋ ਇਹ ਸ਼ੁਕਰ ਕਰਕੇ ਖਾਂਦਾ ਹੈ, ਖਾਂਦਾ ਹੈ ਤੇ ਕਹਿੰਦਾ ਹੈ "ਧੰਨ ਮੇਰਾ ਕਲਗੀਆਂ ਵਾਲਾ ਪਾਤਸ਼ਾਹ!" ਜਿਹੜਾ ਪਹਿਰੇਦਾਰ ਰੋਟੀ ਲਿਆਉਂਦਾ ਹੈ, ਉਹ ਆਪਣੇ ਦੀਵੇ ਦੇ ਚਾਨਣੇ ਵਿਚ, ਜੋ ਉਹ ਰਾਹ ਵੇਖਣ ਲਈ ਨਾਲ ਲਿਆਉਂਦਾ ਹੈ, ਇਸਦੇ ਟਿਕੇ ਹੋਏ ਚਿਹਰੇ ਨੂੰ ਦੇਖਦਾ ਹੈ ਤੇ ਸ਼ੁਕਰਾਨੇ ਦੇ ਅਡੋਲ ਅਥਿਰਕਵੇਂ ਵਾਕ ਸੁਣਦਾ ਹੈ ਤਾਂ ਹੱਕਾ ਬੱਕਾ ਰਹਿ ਜਾਂਦਾ ਹੈ, ਪਰ ਹੁਕਮ ਦਾ ਬੱਧਾ ਆਪਣਾ ਨਾਸੁਹਾਵਾਂ ਕੰਮ ਕਰਕੇ ਟੁਰ ਜਾਂਦਾ ਹੈ। ਅੱਜ ਇਸ ਸਿਪਾਹੀ ਦੇ ਨਾਲ ਇਕ ਮੌਲਵੀ ਆਇਆ ਹੈ, ਮਹਿੰਦੀ ਨਾਲ ਰੰਗੀ ਹੋਈ ਦਾੜ੍ਹੀ, ਚਿਹਰੇ ਦਾ ਮਾਸ ਪਤਲਾ, ਹੱਡੀਆਂ ਦੇ ਉਭਾਰ ਨੂੰ ਨਾ ਲੁਕਾ ਸਕਣ ਵਾਲਾ, ਅੱਖਾਂ ਐਉਂ ਜਿਵੇਂ ਆਪਣੇ ਖੋਲਾਂ ਵਿਚ ਕੁਛ ਖੋਖਲੀਆਂ ਹਨ ਤੇ ਉਨ੍ਹਾਂ ਦਾ ਪ੍ਰਭਾਵ ਬੀ ਸਖਣਾ ਸਖਣਾ। ਬੁੱਲ੍ਹਾਂ ਉੱਤੇ ਇਕ ਮੁਸਕ੍ਰਾਹਟ ਪੋਲੀ ਪੋਲੀ, ਜੀਭ ਉਤੇ ਇਕ ਰਾਗ ਦੀ ਧੁਨਿ ਜੋ ਬਾਹਰੋਂ ਫੜਕੇ ਨੋਕ ਤੇ ਛੋਪਲੀ ਜੇਹੀ ਧਰੀ ਹੋਈ ਜਾਪਦੀ ਸੀ, ਗਾਉਂਦਾ ਗਾਉਂਦਾ ਆਇਆ ਦੋ ਦੀਵਿਆਂ ਦੇ ਚਾਨਣੇ ਵਿਚ, ਓਸ ਭੋਰੇ ਅੰਦਰ:-

ਜਿੰਦੜੀ ਖਾ ਪੀ ਲੈ, ਏਹੋ ਹੀ ਮੌਜ ਬਹਾਰ,
ਜਿੰਦੜੀ ਨੱਚ ਕੁੱਦ ਲੈ ਏਹੋ, ਹੀ ਪਾਰ ਉਤਾਰ,
ਜਿੰਦੜੀ ਮਿਲ ਗਿਲ ਲੈ, ਪਾਉਂਦੀ ਕੋਈ ਨ ਸਾਰ,
ਜਿੰਦੜੀ ਹਾ ਹੱਸ ਲੈ, ਤੂੰ ਹੈਂ ਦਿਨ ਦੋ ਕਿ ਚਾਰ।
ਜਿੰਦੜੀ ਖਾ ਪੀ ਲੈ.....

ਸਿੰਘ ਹੁਰਾਂ ਦੇ ਕੋਲ ਆਕੇ ਖਿੜ ਖਿੜ ਹੱਸਿਆ, ਇਕ ਚੁਟਕੀ ਮਾਰੀ ਤੇ ਫੇਰ ਦੋਵੇਂ ਹੱਥਾਂ ਨਾਲ ਗਿੱਧਾ ਮਾਰਕੇ ਤੇ ਰਤਾ ਕੁ ਨੱਚਣ ਵਾਂਗੂੰ ਕੁੱਦ ਕੁੱਦ ਕੇ:-

ਜਿੰਦੜੀ ਖਾ ਪੀ ਲੈ, ਤੂੰ ਕਰ ਲੈ ਮੌਜ ਬਹਾਰ,
ਜਿੰਦੜੀ ਅੱਜ ਕਰ ਲੈ, ਕੱਲ ਨੂੰ ਨਹੀਂ ਕਰਾਰ,
ਜਿੰਦੜੀ ਅੱਜ ਕਰ ਲੈ,
ਕਰ ਲੈ ਮੌਜ ਬਹਾਰ, ਜਿੰਦੜੀ.....

ਵਾਹ ਭਾਈ ਖਾਲਸਾ! ਚੰਗੀ ਮਤ ਸਿੱਖੀ ਆ।

੧. ਤਵਾ: ਖਾ: ਵਿਚ ਲਿਖਿਆ ਹੈ ਕਿ ਓਦੋਂ ਸਰਸਾ ਨਿੱਕਾ ਜਿਹਾ ਕਸਬਾ ਸੀ।

*ਇਹ ਪ੍ਰਸੰਗ ੧ ਮਾਘ ਸੰ: ਗੁ: ਨਾ: ਸਾ: ੪੫੮ (੧੩ ਜਨਵਰੀ ੧੯੨੭) ਗੁਰਪੁਰਬ ਸਪਤਮੀ ਸਮੇਂ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਦੂਲਿਆ, ਸੁਹਣਿਆਂ! ਕਿਥੇ ਆ ਪਿਆ ਹੈਂ? ਮਿੱਟੀ, ਗਰਦ, ਗੁਬਾਰ ਵਿਚ! ਹੈਂ! ਕੋਈ ਸੱਪ ਅਠੂਹਾਂ ਨਿਕਲੇ ਏ ਜਿੰਦੜੀ ਸੁਹਣੀ ਸੁਹਣੀ ਡੰਗ ਕੇ ਵਵਾ ਜਾਏ। ਕੁਛ ਆਪੇ ਤੇ ਤਰਸ ਕਰ, ਕੇਹਾ ਗੋਰਾ ਗੋਰਾ ਪਿੰਡਾ ਹੈ, ਸਡੌਲ ਚਿਹਰਾ ਹੈ, ਹੈਂ! ਆ ਉੱਠ ਚਲ ਬਾਹਰ, ਕਿਥੇ ਭੋਲਿਆ! ਭੋਰਿਆਂ ਵਿਚ ਸੂਰਜ ਚੰਦ ਨਾਲ ਰੁੱਸਕੇ ਆ ਬੈਠਾ ਹੈਂ, ਆ ਉੱਠ, ਚੱਲੀਏ।

ਸਿੰਘ ਜੀ-ਚਲੋ ਮਹਾਰਾਜ ਮੌਲਵੀ ਸਾਹਿਬ ਚਲੋ ਲੈ ਚੱਲੋ।

ਮੌਲਵੀ-ਚਲੋ ਬਈ ਸਿਪਾਹੀ, ਚਲੋ ਖੋਲ੍ਹੋ ਬੂਹੇ, ਚਲੋ ਅਗੇ।

(ਸਿੰਘ ਜੀ ਨੂੰ) ਚੱਲ ਯਾਰਾ, ਤੇਰੇ ਖੁਣੋ ਸੁੰਦ-ਰੀਆਂ ਦੀਆਂ ਬਾਹਾਂ ਤੇ ਨੱਕ ਮੂੰਹ ਬੁੱਟੇ ਹਨ ਤੇ ਕਹਿੰਦੀਆਂ ਹਨ, ਕਿਥੇ ਗਿਆ ਸਾਡੇ ਹਾਰ ਸ਼ਿੰਗਾਰ ਬਨਾਉਣ ਵਾਲਾ:-(ਚੁਟਕੀ ਮਾਰਕੇ)

ਕਰ ਲੈ ਮੌਜ ਬਹਾਰ, ਜਿੰਦੜੀ ਅੱਜ ਕਰ ਲੈ।
ਕੱਲ ਦਾ ਕੀ ਇਤਬਾਰ, ਜਿੰਦੜੀ ਅੱਜ ਕਰ ਲੈ।

(ਕੁੱਦਵਾਂ ਨਾਚ ਦਾ ਗੇੜ ਲੈਕੇ ਤੇ ਚੁਟਕੀ ਮਾਰਕੇ, ਫਿਰ ਤਾੜੀ ਨਾਲ ਤਾਰ ਦੇਕੇ):

ਓ ਕਰ ਲੈ ਮੌਜ ਬਹਾਰ, ਜਿੰਦੜੀ ਕਰ ਲੈ ਨੀ।

ਹਾਂ ਸਿੰਘ ਜੀ! ਫੇਰ ਤਕੜੇ ਹੋਵੋ ਚੱਲੋ।

ਸਿੰਘ ਜੀ-ਸੱਤ ਬਚਨ ਜੀ, ਚੱਲੋ ਅਗੇ ਲਗੋ।

ਮੌਲਵੀ-ਦੇਖੋ ਨਾ, ਜ਼ਰਾ ਦੱਸ ਦਿਓ ਨਾ ਕਾਕੀ ਕਿਥੇ ਹੈ, ਅਸੀਂ ਬੀ ਧੀਆਂ ਭੈਣਾਂ ਵਾਲੇ ਹਾਂ, ਸਾਡੇ ਦਾੜੇ ਤੱਕੋ ਲੀਮੋਂ, ਮੁੱਛਾਂ ਵੇਖੋ ਸ਼ਰਈ, ਸਾਵਾ ਸਾਵਾ ਚਿਹਰਾ ਵੇਖੋ ਨੂਰ ਭਰਿਆ, ਪਰ ਜੰਮ ਪਈਆਂ ਧੀਆਂ, ਹੁਣ ਕੀ ਕਰੀਏ? ਘਰ ਰੱਖੀਏ? ਸਹੁਰਾ ਤੌਣ ਦਾ ਆਟਾ, ਅੰਦਰ ਪਈ ਚੂਹੇ ਨਹੀਂ ਛਡਦੇ, ਬਾਹਰ ਸੱਟੀਏ ਤਾਂ ਭੜੂਏ ਕਾਂ ਆ ਪੈਂਦੇ ਹਨ। ਧੀ ਨਾ ਘਰ ਰੱਖਣ ਦਾ ਧਨ ਨਾ ਬਾਹਰ ਐਵੇਂ ਸਟਣ ਦਾ। ਕੋਈ ਖੋਤਾ ਭਾਰ ਚਾਣ ਵਾਲਾ ਜੇ ਲੱਭ ਪਵੇ ਤਾਂ ਓਸਦੇ ਮਥੇ ਮਾਰੀ, ਜਾਹ ਬਈ ਗਲੋਂ ਲਹੁ ਤੇ ਸੁਖੀ ਵਸ। (ਫੇਰ ਹੱਸ ਪਿਆ) ਤੇ ਭੋਲਿਆ ਹੋਰ ਕੀਹ? ਤੈਨੂੰ ਤਾਂ ਖੋਤਾ ਆਪ ਲਭ ਪਿਆ ਹੈ (ਪੌੜੀਆਂ ਵਲ ਤਕ ਕੇ ਕਿ ਨਾਲ ਆਇਆ ਸਿਪਾਹੀ ਦੂਰ ਚਲਾ ਗਿਆ ਹੈ। ਫੇਰ ਸਿੰਘ ਜੀ ਦੇ ਕੰਨ ਕੋਲ ਹੋਕੇ) ਖੋਤਾ ਆਪ ਪਿਆ ਮਿੰਨਤਾਂ ਕਰਦਾ ਹੈ, ਮਾਰੋ ਸੁ ਮੱਥੇ। ਖੋਤੇ ਉਤੇ ਝੁੱਲ ਹੈ ਸੋਨੇ ਦੀ, ਮੋਤੀਆਂ ਦੀ ਮਾਲਾ ਸੂ ਗਲੇ ਲਟਕਦੀ, ਚਾਂਦੀ ਦੀ ਖੁਰਲੀ ਤੇ ਚਰਦਾ ਹੈ, ਹਾਂ, ਸੱਚੀਂ ਖੀਸਾ ਭਰਿਆ ਸੂ ਦੀਨਾਰਾਂ[1] ਨਾਲ ਤੇ ਹੁਕਮ ਲਭ ਪਿਆ ਸੂ ਸ਼ੇਰਾਂ ਵਾਲਾ, ਫੇਰ ਜੇ ਐਡਾ ਸੁਹਣਾ ਖੋਤਾ ਤੇਰੇ ਪੈਰੀਂ ਪਵੇ-ਭਲਿਆ ਮਾਨਸਾ!-ਤਾਂ ਮਾਰ ਸੂ ਕੁੜੀ ਮਥੇ ਤੇ ਕਹੁ ਸੁ, 'ਲਓ ਖੋਤਾ ਜੀ! ਚਾਓ ਭਾਰ, ਅਸੀਂ ਹੌਲੇ ਫੁੱਲ ਹੋਏ' ਤੇ ਨਾਲ ਲਾਹ ਲਓ ਸੁ ਮੋਤਸਰੀਆਂ ਤੇ ਕੱਢ ਲਓ ਸੁ ਦੀਨਾਰ ਬੋਝਿਓਂ ਤੇ ਹੁਕਮ ਹਾਸਲ ਦੀ ਫੜ ਲਓ ਸੁ ਵਾਗ ਹੱਥ ਵਿਚ ਆਪਣੇ, ਕੁੜੀ ਮਾਰੇ ਕੰਡ ਵਿਚ ਸੋਟਾ ਤੇ ਤੁਸੀਂ ਖਿਚੋ ਲਗ਼ਾਮ ਅਰੋਂ, ਅਸੀਂ ਨਾਲ ਨਾਲ ਹੁੱਜਾਂ ਦੇਣ ਤੇ ਟਿਚ ਟਿਚ ਕਰਨ ਨੂੰ ਤਿਆਰ, ਬੱਸ ਕਾਰਜ ਰਾਸ। ਚਾਰ ਦਿਨਾਂ ਦੀ ਜ਼ਿੰਦਗੀ, ਖਾਓ ਪੀਓ ਕਰੋ ਬਹਾਰਾਂ। ਹਾਂ ਐਸ਼ਾਂ ਲੁੱਟੋ। ਕਿਥੇ ਆ ਪਏ ਓ, ਬੇਤਰਸ ਆਪੇ ਤੇ, ਬੇਤਰਸ ਕਾਕੀ ਤੇ, ਬੇਤਰਸ ਸਾਡੇ ਤੇ। ਚੱਲੋ ਚੱਲੀਏ। ਜ਼ਰਾ ਬਸ ਮਲਕੜੇ ਕੰਨ ਵਿਚ ਦੱਸ ਦਿਓ ਕਾਕੀ ਦਾ ਪਤਾ, ਬਾਕੀ ਕੰਮ ਖੋਤਾ ਆਪੇ ਕਰ ਲਏਗਾ।

ਸਿੰਘ-ਮੌਲਵੀ ਸਾਹਿਬ! ਕਾਕੀ ਹੈ ਸਲਾਮਤੀ ਦੀ ਗੋਦ ਵਿਚ, ਮੈਂ ਹਾਂ ਇਜ਼ਤ ਦੇ ਪੰਘੂੜੇ ਉਤੇ।

ਮੌਲਵੀ-ਕੁਛ ਸਿੱਧੀ ਗਲ ਉਚਰੋ ਨਾਂ?
ਕਿਉਂ?...ਸੁਖੀ ਹੋ ਗਰਦ ਗੁਬਾਰ ਵਿਚ?
ਸਿੰਘ ਜੀ-ਧਰਮ ਹੈ ਤਾਂ ਸ਼ਰਮ[2] ਹੈ,
ਸ਼ਰਮ ਹੈ ਤਾਂ ਜ਼ਿੰਦਗੀ; ਜ਼ਿੰਦਗੀ ਹੈ ਤਾਂ ਖੇੜਾ,
ਖੇੜਾ ਹੈ ਤਾਂ ਇਨਸਾਨ।
ਮੌਲਵੀ (ਸੋਚ ਵਾਲੀ ਨਜ਼ਰ ਬਣਾਕੇ)-
ਧਰਮ? ਵਹਿਮੀਆਂ ਦੇ ਦਿਮਾਗ਼ ਦਾ ਝੱਗ-ਉਭਾਰ।
ਸ਼ਰਮ ਮਾੜੇ ਕਰਮਾਂ ਦਾ ਫਲ। ਕਮਜ਼ੋਰ ਦਿਲਾਂ ਦੀ ਝਿਜਕ। ਬਾਕੀ ਰਹੀ ਜ਼ਿੰਦਗੀ, ਸੋ ਹੈ ਮੌਜ ਬਹਾਰ ਵਾਸਤੇ, ਐਸ਼ ਵਾਸਤੇ! ਐਸ਼ਾਂ ਬਿਨਾਂ ਕਾਹਦੇ ਖੇੜੇ। ਹਾਂ, ਆਓ ਖਾਓ, ਪੀਓ, ਕਰੋ ਮੌਜ ਬਹਾਰਾਂ ਤਾਂ ਖਿੜੋ। ਭੋਲਿਆ ਬੰਦੀ

---

੧. ਮੁਹਰਾਂ। ੨. ਇੱਜ਼ਤ, ਪਤ।

ਖਾਨਿਆਂ ਵਿਚ ਖੇੜੇ?

ਸਿੰਘ ਜੀ-ਮਾੜੇ ਕਰਮਾਂ ਦਾ ਫਲ ਹੈ ਸ਼ਰ-ਮਿੰਦਗੀ ਨਾਕਿ ਸ਼ਰਮ। ਸ਼ਰਮ ਆਖਦੇ ਹਨ ਇਜ਼ਤ ਨੂੰ। ਅਪਣੇ ਆਪੇ ਨੂੰ ਆਪੇ ਦੀ ਨਜ਼ਰ ਵਿਚ ਸਤਿਕਾਰ ਪ੍ਰਾਪਤ ਰਹੇ, ਇਹ ਹੈ ਸ਼ਰਮ। ਧਰਮ ਹੈ ਆਪੇ ਦਾ ਆਪੇ ਨਾਲ, ਆਪੇ ਦੇ ਮਾਲਕ ਨਾਲ ਨੇਹੁੰ, ਪਿਆਰ। ਖੇੜਾ ਹੈ ਉਹ ਜੋ ਆਪੇ ਦਾ ਆਪੇ ਵਿਚ ਵਿਕਾਸ਼ ਹੈ, ਜਿਵੇਂ ਸੇਊਆਂ, ਅਲੂਚਿਆਂ, ਨਾਸ਼ਪਾਤੀਆਂ ਨੂੰ ਪੱਕਣ ਵੇਲੇ ਆਪੇ ਦਾ ਵਿਕਾਸ਼ ਦੇਂਦਾ ਹੈ ਖੇੜਾ। ਬਾਕੀ ਨਿਰੀ ਦੇਹ ਹੈ ਖੇਹ ਦਾ ਪੁਤਲਾ। ਧਰਮਹੀਨ ਸ਼ਰਮਹੀਨ ਮੈਲੇ ਅੰਦਰ ਵਾਲੇ ਨੂੰ ਐਸ਼ ਦਾ ਨਸ਼ਾ ਬੇਹੋਸ਼ੀ ਦੇ ਦੇਂਦਾ ਹੋਊ।

ਮੌਲਵੀ-ਵਾਹ ਸਿੰਘ ਜੀ! ਮੈਂ ਕਿਹਾ ਸੁਨਿ-ਆਰੇ ਹਨ, ਕੁਝ ਦੂਰ ਦੀ ਸੋਝੀ ਹੋਵੇਗੀ ਨੇ, ਵਾਹ ਖੋਤਾ ਹੀ ਖੂਹ ਵਿਚ ਚਾ ਸਟਿਆ ਨੇ। ਭੋਲਿਓ! ਜੇ ਦੇਹ ਨਹੀਂ ਤਾਂ ਆਪਾ ਕਿਥੇ? ਦੇਹੀ ਤਾਂ ਆਪੇ ਦਾ ਦੀਵਾ ਰੋਸ਼ਨ ਕਰਦੀ ਹੈ। ਫਿਰ ਜੇ ਖਾਣਾ, ਪੀਣਾ, ਹਸਣਾ, ਸੌਣਾ ਖੁਲ੍ਹਾ ਨਹੀਂ ਮਿਲਦਾ, ਤਾਂ ਦੇਹ ਵਿਚਾਰੀ ਕਿਥੇ? ਦੇਹ ਤਾਂ ਮੂਲ ਮੁੱਢ ਹੈ ਤੇ ਇਸ ਨੂੰ ਪਾਲਣਾ ਪੋਸਣਾ, ਰਿਸ਼ਟ ਪੁਸ਼ਟ ਕਰਨਾ ਧਰਮ ਹੈ ਤੇ ਫੇਰ ਇਸ ਨਾਲ ਮੌਜਾਂ ਐਸ਼ਾਂ ਕਰਨੀਆਂ ਇਹ ਖੇੜਾ ਹੈ। ਖਾਲਿਸਆ! ਤੇਰਾ ਕਿਹੜਾ ਵਿਹੜਾ ਹੈ ਜਿਥੇ ਅਲੇਲ ਵਛੇਰੇ ਵਾਂਙੂ ਪਿਆ ਕੁੱਦੇਂ? ਉੱਠ ਚੱਲ, ਪਾਲ ਧਰਮ।

'ਦੇਹੀ ਰੱਖ' ਧਰਮ ਹੈ।
'ਦੇਹੀ ਪਾਲ' ਸ਼ਰਮ ਹੈ।
'ਐਸ਼' ਖੇੜਾ ਹੈ।
ਹੋਰ ਸਭ ਝੇੜਾ ਹੈ।

ਫੇਰ ਨਚ ਕੇ ਭੁਆਟੜੀ ਲੈ ਤੇ ਚੁਟਕੀ ਮਾਰਕੇ:-

ਕਰ ਲੈ ਮੌਜ ਖਹਾਰ ਜਿੰਦੜੀ ਕਰ ਲੈ ਨੀ,
ਕਲ ਦੀ ਕਿਸਨੂੰ ਸਾਰ ਅਜੋ ਈ ਕਰ ਲੈ ਨੀ।

ਭੋਲਿਓ! ਚਲੋ, ਕਿਉਂ ਆਪਣੀ ਜਾਨ ਗਵਾ-ਉਂਦੇ ਹੋ? ਕਾਕੀਂ ਨੂੰ ਰੁਲਾਉਂਦੇ ਹੋ, ਆਖ਼ਰ ਕਿਸੇ ਚਾਰ ਪੈਸੇ ਦੇ ਕਮਾਊ, ਸਾਰਾ ਦਿਨ ਅਗ ਅਗੇ ਬਹਿ ਕੇ ਫੂਕਾਂ ਮਾਰ ਮਾਰ ਆਪਣਾ ਸਿਰ ਤੇ ਸੋਨੇ ਦੀ ਜਾਨ ਖਾਣ ਵਾਲੇ ਮਿਹਨਤੀ ਮਜ਼ੂਰ ਦੇ ਮੱਥੇ ਮਾਰੋ ਹੀਗੇ ਕਿ ਨਾ? ਉਸ ਨਾਲੋਂ ਤੱਲਕੇ ਦਾ ਹਾਕਮ, ਸੁਹਣਾ ਸਜਾਦਾ, ਗੋਲ ਗੋਲ, ਚਿੱਟਾ ਚਿੱਟਾ ਰਈਸ ਮਾੜਾ ਹੈ ਜੋ ਤੁਹਾਡੇ ਚਰਨੀ ਹੱਥ ਲਾਕੇ ਧੀ ਲੈਂਦਾ ਹੈ, ਤੁਹਾਡੇ ਆਰ ਬੁਖ਼ਾਰ ਸੋਨੇ ਨਾਲ ਭਰਦਾ ਹੈ? ਨਿੱਤ ਦੀ ਫੂਕਣੀ ਤੇ ਹਥੌੜੀ ਅਤੇ ਲੱਕ ਗੋਡੇ ਭੰਨ ਕੁਕੜੀ ਵਾਂਗ ਆਂਡਿਆਂ ਤੇ ਬੈਠਣੀ ਤੋਂ ਛੁਟਕਾਰਾ ਦੇ ਕੇ ਘੋੜ ਸਵਾਰੀ, ਰਥਾਂ ਦੀ ਸੈਲ, ਬਾਗ ਬਗੀਚੇ ਦੇਂਦਾ ਹੈ। ਹੋਰ ਕੀ ਲੈਣਾ ਨੇ? ਸਿੰਘ ਜੀ! ਮੈਂ ਕੋਈ ਰਜ਼ੀਲ ਨਹੀਂ, ਸ਼ਰੀਫ ਟੱਬਰ ਵਾਲਾ ਹਾਂ। ਜੇ ਤਾਂ ਨਾਜ਼ਮ ਤੁਸਾਡੀ ਇਸਤ੍ਰੀ ਵੱਲ ਅੱਖ ਮੈਲੀ ਕਰੇ ਤਾਂ ਮੈਂ ਕੀ ਅਸੀਂ ਸਾਰੇ ਹੀ ਲਾਨਤ ਫੇਰੀਏ ਮਲਊਨ ਨੂੰ, ਪਰ ਉਹ ਤਾਂ ਕੁਆਰੀ ਬੇਟੀ ਮੰਗਦਾ ਹੈ। ਬੇਟੀ ਤੇ ਬੇਰੀ ਵਾਲੇ ਘਰ ਕਿਸ ਦੀ ਮੰਗ ਨਹੀਂ ਪੈਂਦੀ ਤੇ ਕੌਣ ਹੈ ਜਿਸ ਦੇ ਘਰ ਬੇਟੀ ਤੇ ਬੇਰੀ ਹੈ ਤੇ ਉਹ ਚਾਕਰੀ ਕਰਨ ਆਏ ਜਾਂ ਕੁਝ ਬੇਰ ਮੰਗਣ ਆਏ ਅੱਗੇ ਸ਼ਰਮਾਂ ਧਰਮਾਂ ਦੇ ਢੁੱਚਰ ਡਾਹ ਕੇ ਲੜਦਾ ਤੇ ਅੱਖਾਂ ਨੂੰ ਘਸੁੰਨੀਆਂ ਦੇ ਦੇ ਰੋਂਦਾ ਹੈ। ਅੱਲਾ ਨੇ ਦਿੱਤੀ ਬੇਟੀ, ਪਰਾਇਆ ਧਨ ਕਿਸੇ ਦੇ ਮੱਥੇ ਮਾਰਨਾ ਹੀ ਹੈ ਨਾ, ਫੇਰ?... ਹੈਂ?... ਮਿਹਣਾ ਕਾਹਦਾ ਤੇ ਲੱਜ ਕਾਹਦੀ? ਹਾਂ, ਕਾਹਦੀ ਕਾਣ ਤੇ ਕੇਹੀ ਬੱਜ?

ਸਿੰਘ ਜੀ-ਮੌਲਵੀ ਸਾਹਿਬ! ਹੋਸ਼ ਦੀ ਦਵਾ ਖਾਓ, ਕਿਉਂ ਭੁਤਲਾਉਂਦੇ ਹੋ ਜਾਗ ਪਿਆਂ ਨੂੰ? ਭੁਤਲਦੇ ਹਨ:-

ਸ਼ਰੀਰ ਦੇ ਗ਼ੁਲਾਮ, ਮਾਇਆ ਦੇ ਲੋਭੀ,
ਝੂਠ ਦੇ ਗੁਵਾਂਢੀ, ਸ਼ਰਮ ਹਯਾ ਦੇ ਵੈਰੀ,
ਗ਼ੈਰਤ ਦੀ ਅੱਖ ਤੋਂ ਮੁਨਾਖੇ।

ਹਾਂ, ਭੁਤਲਦੇ ਹਨ:...

ਗੁਰੂ ਦੀ ਹੋਂਦ ਤੋਂ ਬੇਖਬਰ,
ਤੇ ਓਹ ਜਿਨ੍ਹਾਂ ਮੰਨਿਆਂ ਹੈ ਕਿ ਅਸਾਂ ਮਰ ਜਾਣਾ ਹੈ ਸ਼ਰੀਰ ਦੇ ਮਰਨ ਨਾਲ, ਜਿਨ੍ਹਾਂ ਜਾਤਾ ਹੈ ਕਿ ਅਸੀਂ ਪਸ਼ੂ ਪੰਖੀਆਂ ਵਰਗੇ ਜੰਤੂ, ਪਰ ਵਧੇਰੇ ਚਾਲਾਕ ਤੇ ਅਕਲਈਏ। ਹਾਂ, ਜਿਨ੍ਹਾਂ ਦੀ ਨਜ਼ਰ ਖੰਡ ਹੀਨ ਹੈ, ਨਹੀਂ ਉੱਡ ਸਕਦੀ ਮਿੱਟੀ ਦੇ ਦੇਸ਼ੋਂ ਜੀਵਨ ਦੇ ਗਗਨ ਮੰਡਲਾਂ ਵਿਚ।

ਮੌਲਵੀ-ਊਈ ਰੱਬਾ! ਊਈ ਰੱਬਾ! ਮੌਲਵੀ ਸਾਂ ਮੈਂ ਤੇ ਇਹ ਮਿਲ ਪਿਆ ਏ ਮੈਨੂੰ ਅੱਗੋਂ ਵੱਡਾ

ਮੌਲਵੀ, ਪਰ ਕੱਬਾ ਮੌਲਵੀ, ਮੌਲਵੀ ਕਿ ਪੰਡਿਤ? ਪੰਡਿਤ, ਪਰ ਆਪਣੀ ਪੈਰੀਂ ਕੁਹਾੜਾ ਮਾਰਨ ਵਾਲਾ ਪੰਡਿਤ। ਮੈਂ ਭਲੀ ਮੱਤ ਦਿਤੀ ਜੇ ਤੇ ਬਣ ਗਿਆ ਜੇ ਭੁਤਲਾਣ ਵਾਲਾ! ਚੰਗਾ ਬਈ, ਨੇਕੀ ਦਾ ਬਦਲਾ -ਤਦੇ ਕਹੀਦਾ ਹੈ ਨਾ ਨੇਕੀ ਦਾ ਬਦਲਾ-ਦੁੱਖ, ਪਰ ਕਰ ਭਲਾ ਹੋਵੀ ਭਲਾ! ਉਹ ਜਾਣੇ ਮਨਾਂ! ਤੂੰ ਰੌਂਦੇ ਰੋਗੀ ਨੂੰ ਘੁੱਟ ਪਾ ਹੀ ਦੇ ਕੌੜੇ ਦਾਰੂ ਦਾ। ਸੁਣ ਓਇ ਦੂਲਿਆ! ਸੁਹਣਿਆਂ ਫਿਲਸਫੇ ਘੋਟੂਆ! ਪੜ੍ਹੀ ਸੁਣੀਂਦਾ ਹੈ ਦੋ ਘੜੀ ਦੇ ਪਰਚਾਵੇ ਲਈ ਕਿ ਵਹਿਮੀ ਹੋਣ ਲਈ? ਦੋ ਤੇ ਦੋ ਚਾਰ ਹੁੰਦੇ ਨੀ, ਤਿੰਨ ਨਹੀਓਂ ਹੁੰਦੇ। ਰੋਟੀ ਖਾਣੀ ਹੈ ਤਾਂ ਜੀਉਣਾ ਹੈ, ਪਿਆ ਘੋਟ ਖਾਂ ਮਸਲੇ, ਬਿਨਾਂ ਰੋਟੀ ਢਿੱਡ ਭਰਦਾ ਹੈ? ਤੂੰ ਹੁਣ ਕੈਦ ਹੈ ਰੀਦੇ ਥਾਂ, ਤੰਗ ਥਾਂ, ਹਨ੍ਹੇਰੇ ਖਾਂ; ਨਿਕਲ ਖਾਂ ਬਾਹਰ ਖਿਆਲਾਂ ਦੀਆਂ ਉੱਚ ਉਡਾਰੀਆਂ ਨਾਲ, ਨਿਕਲ, ਦੱਸ ਨਿਕਲ ਕੇ? ਬੂ ਚੜ੍ਹਦੀ ਆ ਸਿਰ ਨੂੰ, ਰੋਕ ਖਾਂ ਇਸ ਨੂੰ। ਮੈਂ ਚਾਲੀ ਸੇਰੀ ਗੱਲ ਆਖੀ ਹੈ ਜੋ ਧੀ ਪਰਾਇਆ ਧਨ ਹੈ, ਦੇਹ ਕਰਜ਼ਾ ਲਾਹ, ਸੁਰਖਰੂ ਹੋ ਤੇ ਇਸ ਕੈਦੋਂ ਛੁੱਟ। ਬੜੀ ਗ਼ੈਰਤ ਹੈ, ਤਾਂ ਲੈ ਕੁਝ ਨਾ, ਧਰਮ ਦਾ ਸਾਕ ਕਰ ਦੇਹ, ਆਪਣੀ ਗਰੀਬੀ ਵਿਚ ਬੈਠਾ ਰਹੁ, ਕਿਰਤ ਕਰ, ਬੰਦਗੀ ਕਰ। ਜੇ ਲੋਕਾਂ ਦੀ ਦੰਦ-ਕਥਾ ਤੇ ਜਿਭ-ਕਹਾਣੀਆਂ ਤੇ ਹੀ ਜੀਉਣਾ ਹਈ ਤਾਂ ਕਰ ਖਾਂ ਐਦਾਂ, ਜਿੱਦਾਂ ਮੈਂ ਕਿਹਾ ਹੈ, ਆਪੇ ਜਗਤ ਕਹੇਗਾ: ਪੁੰਨ ਦਾ ਡੋਲਾ ਤੋਰਿਆ ਸੂ, ਧਰਮ ਦਾ ਸਾਕ ਕੀਤਾ ਸੂ।

ਸਿੰਘ ਜੀ-ਤੁਰਕ ਹਾਕਮ ਨਾਲ ਧੀ ਦਾ ਸਾਕ ਕਰਾਂ? ਗਲ ਸੰਘੀ ਨਹੁੰ ਲੈ ਕੇ ਡੋਲਾ ਤੋਰਾਂ ਤੇ ਆਖਾਂ ਮੈਂ ਪੁੰਨ ਕੀਤਾ ਹੈ? ਹੈਂ! ਚਾਲੀ ਸੇਰੇ ਤੋਲਣ ਹਾਰਿਆ!

ਮੌਲਵੀ-ਹੁਣ ਕੋਈ ਰੋਕ ਅਟਕਾ ਬਾਕੀ ਹੈ? ਫੂਕਾਂ ਮਾਰਨ ਵਾਲੇ ਮਿੱਤਰਾ! ਰਾਜਪੂਤਾਨੇ ਦੇ ਗਰਦਨ ਫਰਾਜ਼ ਰਾਜਿਆਂ ਨੇ ਤਾਂ ਧੀਆਂ ਦੇ ਡੋਲੇ ਪਾ ਦਿਤੇ ਅਕਬਰ ਨੂੰ, ਜਹਾਂਗੀਰ ਨੂੰ, ਸ਼ਾਹਜਹਾਨ ਨੂੰ ਤੇ ਔਰੰਗਜ਼ੇਬ ਨੂੰ, ਜੋ ਹਿੰਦੂ ਮੁਸਲਮਾਨ ਦੇ ਨਾਤੇ ਦੀ ਅਟਕ ਸੀ ਸੋ ਖੋਹਲ ਦਿੱਤੀ ਉਚ-ਧੌਣੇ ਰਾਜਪੂਤਾਂ ਨੇ। ਫੇਰ.....? ਹੁਣ ਦੱਸ ਨਾਂ? ਜੋ ਰਾਹ ਵਡੇ ਲੋਕਾਂ ਸਦੀਆਂ ਦੇ ਬੰਦ ਪਏ ਖੋਹਲ ਦਿੱਤੇ, ਫੇਰ ਛੋਟੇ ਲੋਕ ਮਗਰ ਕਿਉਂ ਨਾ ਟੁਰ ਪੈਣ! ਤੂੰ ਕਦੇ ਸੁਣਿਆਂ ਨਹੀਂ:-'ਵਡਿਆਂ ਪਾਏ ਗਾਹ, ਤੇ ਓਹੋ ਬਣ ਗਏ ਰਾਹ'। ਪੜ੍ਹ ਖਾਂ, ਹਾਂ ਕੀਕੂੰ ਆਖਦੇ ਨੀ ਪੰਡਿਤ:-'ਮਹਾਜਨਾ ਯਨ ਗਤ: ਸ ਪੰਥ:*'। ਠੀਕ ਕਿ ਨਾ?

ਸਿੰਘ ਜੀ-ਐਉਂ ਮੁਸਲਮਾਨਾਂ ਵੀ ਹਿੰਦੂਆਂ ਨੂੰ ਡੋਲੇ ਦਿੱਤੇ ਹਨ? ਕਿਤੇ? ਹੈਂ...?

ਮੌਲਵੀ (ਘਬਰਾ ਕੇ, ਮੱਥੇ ਦੇ ਮਾਸ ਦੀ ਹੱਥ ਨਾਲ ਚੁਟਕੀ ਭਰਕੇ)-ਸਿੰਘ ਜੀ! ਲੋਕਾਂ ਦੀਆਂ ਕਥਾ ਕਹਾਣੀਆਂ ਨਾਲ ਕੀ? ਪ੍ਰਤੱਖ ਨੂੰ ਆਰਸੀ ਕਾਹਨੂੰ ਵਿਖਾਣੀ? ਆਓ, ਮੈਂ ਤਿਆਰ ਹਾਂ, ਮੇਰੀ ਕਾਕੀ ਦਾ ਨਾਤਾ ਲਓ ਤੁਸੀਂ ਆਪਣੇ ਕਾਕੇ ਨੂੰ। ਆਓ ਸਿੰਘ ਜੀ! ਮੈਂ ਲਪੌੜੀਆ ਨਹੀਂ, ਅਮਲੀ ਬੰਦਾ ਹਾਂ, ਜੋ ਕਹਿੰਦਾ ਹਾਂ ਕਰਦਾ ਹਾਂ, ਚਲੋ ਗ਼ੈਰਤ ਧੋ ਲਓ, ਜੇ ਐਦਾਂ ਹੀ ਖੁਸ਼ ਹੋ ਤਾਂ ਆਓ ਉਠੋ ਚੱਲੀਏ। ਹੁਣ ਤੁਸੀਂ ਅਸੀਂ ਕੁੜਮ ਹੋ ਗਏ, ਕੁੜਮਾਂ ਦਾ ਆਖਿਆ ਨਹੀਂ ਮੋੜੀਦਾ, ਅਤੇ ਕੱਚੇ ਕਵਾਰੇ ਸਾਕੀਂ ਤਾਂ ਕੁੜਮਾਂ ਦੇ ਇਸ਼ਾਰੇ ਸੈਨਤ ਨੂੰ ਬੀ ਕਦੇ ਰੱਦ ਨਹੀਂ ਕਰੀਦਾ।

ਸਿੰਘ ਜੀ-ਸਰਕਾਰੀ ਮੌਲਵੀ ਤੇ ਦਰਬਾਰੀ ਮਸਖ਼ਰੇ ਜੀ! ਸਿਧਾ ਹੀ ਚੰਦ੍ਰਮਾਂ ਵੇਖੋ, ਪਾਣੀ ਵਿਚ ਚੰਦ ਦੇਖਣ ਦੀ ਖੇਚਲ ਕਿਉਂ? ਸਿੱਧੇ ਨਾਜ਼ਮ ਸਾਹਿਬ ਨੂੰ ਅਪਣੀ ਧੀ ਦਾ ਡੋਲਾ ਦੇਕੇ ਸਾਰੇ ਸੁਖ, ਸਾਰੇ ਸਾਮਾਨ ਤੇ ਐਸ਼ਾਂ, ਜਿਨ੍ਹਾਂ ਦੇ ਹਰੇ ਹਰੇ ਪੱਠੇ ਪਾਕੇ ਬਾਘੇ ਨੂੰ ਮੋਂਹਦੇ ਹੋ, ਆਪਣੇ ਅਗੇ ਹੀ ਕਿਉਂ ਨਾ ਪਾ ਲਓ? ਮੇਰਾ ਤਾਂ ਮੂੰਹ ਓਹਨਾਂ ਨੂੰ ਚੱਬ ਨਹੀਂ ਸਕਦਾ ਤੇ ਤੁਸੀਂ ਓਹਨਾਂ ਲਈ ਹਰਿਆਏ ਫਿਰਦੇ ਹੋ, ਨਿੱਤਰੋ, ਜਾਓ। ਨੇਕੀ ਕਰਨ ਆਏ ਆਖਦੇ ਹੋ, ਨੇਕੀ ਹੋ ਜਾਏ, ਆਪਣੀ ਧੀ ਦੇਕੇ ਮੇਰੀ ਬੰਦਖਲਾਸ ਕਰਾਓ ਤੇ ਧੀ ਦੇਕੇ ਜੋ ਕੁਝ ਲੱਭਣਾ ਹੈ ਓਹ ਕਾਫਰ ਦੇ ਘਰ ਨਾ ਜਾਵੇ, ਮੋਮਨ ਲੈਕੇ ਐਸ਼ ਕਰੇ।

ਮੌਲਵੀ (ਖ਼ੁਲ੍ਹ ਵੱਟਕੇ ਤੇ ਫਿਰ ਹੱਸ ਕੇ)-ਜਿੰਦੜੀ (ਤਿਉੜੀ ਦੇਕੇ) ਕਰ ਲੈ ਮੌਜ ਬਹਾਰ। (ਤ੍ਰਬੁਕ ਕੇ) ਕਰ ਲੈ ਨੀ....., ਹਾਂ।

*ਉਹ ਹੀ ਰਾਹ ਹੈ ਜਿਸ ਪਰ ਟੁਰ ਪਏ ਵਡੇ ਲੋਕ।

ਸੁਹਣਿਆਂ! ਖੋਤਾ ਰੀਝ ਪਿਆ ਹੈ ਕੁਲਥਾਂ[1] ਉਤੇ, ਭੜੂਆ ਜੇ ਭੰਗੂਰ[2] ਖਾਏ ਤਾਂ ਅਸੀਂ ਥਾਲ ਭਰੀ ਖਲੋਤੇ ਹਾਂ। ਪਰ ਛੋਲੇ ਖਾਂਦਿਆਂ ਪੀੜ ਪੈਂਦੀ ਸੂ, ਰਿਹਾੜੇ ਪੈ ਗਿਆ ਹੈ, ਕਹਿੰਦਾ ਹੈ: ਕੁਲੱਥ ਹੀ ਖਾਣੇ ਹਨ, ਜਿਵੇਂ ਹਕੀਮ ਦੱਸ ਗਿਆ ਸੂ ਕਿ ਕੁਲੱਥ ਤੇ ਭੱਖੜਾ ਭਿਉਂਕੇ ਪੀ, ਪੀੜ ਵੱਲ ਹੋ ਜਾਊਗੀ[3]। ਅੱਗੋਂ ਤੂੰ ਬੀ ਟੱਕਰਿਆ ਹੈਂ, ਮਾਫ ਕਰੀਂ ਯਾਰਾ! ਉਸ ਤੋਂ ਵੱਡਾ ਝੰਗ ਸਿਆਲੇ ਦਾ ਸਾਂਵਲਾ[4], ਤੈਨੂੰ ਆਖਦੇ ਹਾਂ ਲੈ ਭੰਗੂਰ, ਮੁਗਲ ਖ਼ੂਨ ਨਾਲ ਖ਼ੂਨ ਮੇਲ; ਤੂੰ ਕਹਿੰਦਾ ਹੈਂ ਭੰਗੂਰ ਨਹੀਂ ਲੈਣੇ, ਕੁਲੱਥ ਨਹੀਂ ਦੇਣੇ। ਪਤਾ ਨਹੀਂ ਦੋਹਾਂ ਨੂੰ ਕੇਹੀ ਗੁਰਦੇ ਦੀ ਪੀੜ ਹੈ। ਇਕ ਕੁਲੱਥਾਂ ਬਿਨਾਂ ਰਹਿੰਦਾ ਨਹੀਂ ਇਕ ਵਿਛੋੜਦਾ ਨਹੀਂ, ਅੰਗੂਰਾਂ ਵਰਗੇ ਭੰਗੂਰ ਦੋਹਾਂ ਨੂੰ ਨਹੀਂ ਭਾਉਂਦੇ। ਕਲਜੁਗ ਦੇ ਸਾਂਵਲੇ ਬੀ ਨਖ਼ਰੇਦਾਰ ਹੋ ਗਏ ਹਨ।

ਸਿੰਘ ਜੀ-ਹਾਂ, ਕਲਜੁਗ ਦੇ ਇਰਾਕੀ[5] ਬੜੇ ਫਿਰੋਤਨੀ[6] ਵਾਲੇ ਤੇ ਹਲੀਮੀ ਵਾਲੇ ਹੋ ਗਏ ਹਨ ਕਿ ਖੋਤਿਆਂ ਅੱਗੇ ਪਏ ਅਰਜ਼ੋਈਆਂ ਕਰਦੇ ਹਨ, ਤੇ ਅਗੋਂ ਗੱਥਰ ਨਹੀਂ ਪੈਂਦੀਆਂ ਪਰ ਉਹ ਫਿਰੋਤਨੀ ਤੇ ਪਰਉਪਕਾਰ ਦਾ ਅਮੁੱਲ ਖਜ਼ਾਨਾਂ ਦੋਹੀਂ ਹੱਥੀਂ ਨੁਛਾਵਰ ਕਰੀ ਹੀ ਜਾਂਦੇ ਹਨ, ਇਹ ਇਕ ਕੰਮ ਤਾਂ ਕਲਜੁਗ ਨੇ ਸਤਿਜੁਗ ਵਾਲਾ ਕਰ ਦਿਖਾਇਆ ਹੈ।

ਮੌਲਵੀ-ਨਹੀਂ ਓਏ ਮਿੱਤਰਾ! ਕਲਜੁਗ ਬੜਾ ਖਚਰਾ ਈ। ਦੇਖ! ਇਰਾਕੀਆਂ ਦੀ ਫਿਰੋਤਨੀ ਅੱਗੇ ਦੇਸੀ ਟੱਟੂ ਧੀਆਂ ਦੇ ਡੋਲੇ ਲੈਕੇ ਆ ਗਏ, ਇਰਾਕੀਆਂ ਦੇ ਪਾਤਸ਼ਾਹਾਂ ਓਹ ਬੇਗਮਾਂ ਬਣਾਕੇ ਉਹਨਾਂ ਦੇ ਪੇਟੋਂ ਹੋਇਆਂ ਨੂੰ ਆਪਣੇ ਤਖਤ ਤਾਜ ਸੌਂਪ ਦਿਤੇ[7]। ਹੁਣ ਤਖਤ ਉਤੇ ਦੇਸੀ ਟੱਟੂਆਂ ਦੇ ਦੋਹਤੇ ਹਨ, ਉਨ੍ਹਾਂ ਦਾ ਅਪਣਾ ਖ਼ੂਨ ਹੈ, ਪਰ ਅਜੇ ਬੀ ਕਿਤੇ ਕਿਤੇ ਖੋਤੇ ਦੀ ਅੜੀ ਤੇ ਟੱਟੂ ਦੀ ਜ਼ਿਦ ਖੜੀ ਹੋ ਜਾਂਦੀ ਹੈ, ਕਹਿੰਦੇ ਹਨ: ਅਸੀਂ ਨਹੀਂ ਸਾਕ ਕਰਦੇ।

ਸਿੰਘ ਜੀ-ਪਰ ਜਿਨ੍ਹਾਂ ਟੱਟੂਆਂ ਦੇ ਮੂੰਹ ਲਗਾਮ ਨਹੀਂ, ਪਿੱਠ ਤੇ ਛੱਟ ਨਹੀਂ, ਟੀਰਾ ਟੰਬਾ ਹੈਗਾ ਨਹੀਂ, ਜਿੱਥੇ ਰਾਤ ਪਈ ਸੌਂ ਗਏ, ਜਿੱਥੇ ਦਿਨ ਹੋਇਆ ਚਰਨ ਲਗ ਪਏ, ਧੌਣ ਜਿਨ੍ਹਾਂ ਨੇ ਸਿੱਧੀ ਰਖੀ ਹੈ ਓਹ ਇਰਾਕੀਆਂ ਦੀ ਚਲਾਕੀ ਹੇਠ ਅਜੇ ਨਹੀਂ ਆਏ।

ਮੌਲਵੀ (ਹੁਣ ਕਿਚਕਿਚਾਕੇ, ਪਰ ਫਿਰ ਚੱਕਰ ਖਾਕੇ)-ਲੈ ਬਈ ਸੱਜਣਾਂ! ਹੁਣ ਗੱਲ ਹਾਸੇ ਹਾਸੇ ਨਹੀਂ ਮੁਕਦੀ ਦਿੱਸਦੀ, ਅਸਾਂ ਕਿਹਾ ਸੀ ਕਿ ਹੱਸ ਖੇਡਕੇ ਕਲ੍ਹਾ ਮੁੱਕ ਜਾਏਗੀ, ਪਰ ਤੂੰ ਪੱਕਾ ਸੁਨਿਆਰਾ ਹੈਂ, ਹੁਣ ਆਖਰੀ ਗੱਲ ਸੁਣ ਲੈ, ਇਹ ਹਾਸਾ ਨਹੀਉਂ। ਜੇ ਤਾਂ ਕਾਕੀ ਦੇ ਦੇਵੇਂ, ਯਾ ਪਤਾ ਹੀ ਦੱਸ ਦੇਵੇਂ ਕਿ ਕਿੱਥੇ ਹੈ, ਤਾਂ ਨਾਜ਼ਮ ਸਾਹਿਬ ਮੰਗਾ ਲੈਣਗੇ ਆਪੇ, ਤੇ ਤੂੰ ਹੋ ਜਾਏਂਗਾ ਰਿਹਾ! ਤੇ ਜੇ ਨਾ ਦੱਸੇਂ ਤਾਂ ਤੇਰਾ ਹੋ ਜਾਏਗਾ ਸਿਰ ਕਲਮ, ਹਾਂ-ਯਾਦ ਰਖ-ਘੜਕੇ ਕਲਮ ਨੂੰ ਦੇਈਦਾ ਹੈ ਕੱਤ, ਕਾਚੂ ਦਾ ਕੱਤ, ਜਾਣਨਾ ਹੈ ਨਾ?

ਸਿੰਘ (ਹੱਸਕੇ)-ਸੋਨੇ ਦੇ ਸੰਗ ਨੇ ਸਾਨੂੰ ਨਾਉਂ ਦਿੱਤਾ ਹੈ ਸੁਨਿਆਰਾ, (ਸੋਨੇ+ਹਾਰਾ ਜਾਂ ਸ੍ਵਰਨ-ਕਾਰ=ਸੋਨੇ ਦਾ ਕਿੱਤਾ ਕਰਨ ਵਾਲਾ)। ਅਸੀਂ ਹਾਂ ਸੋਨੇ ਦੇ ਸੇਵਕ, ਸੋਨਾ ਹੈ ਨਰਮ ਕੋਮਲ, ਪਰ ਅਝੁਕ, ਅਟੁੱਟ। ਸੋਨਾ ਹੈ ਪੀਲਾ, ਪਰ ਨਹੀਂ ਖਾਂਦਾ ਜੰਗਾਲ, ਜਿਸ ਨਾਲ ਲਗੇ ਉਸ ਨੂੰ ਦੇਂਦਾ ਹੈ ਆਪਣੀ ਚਮਕ, ਪਰ ਨਹੀਂ ਲੈਂਦੇ ਕਿਸੇ ਦਾ ਰੰਗ; ਜੰਮਦਾ ਹੈ ਖਾਣਾਂ ਵਿਚ, ਪਰ ਬੈਠਦਾ ਹੈ ਸਿਰ ਸ਼ਾਹਾਂ ਦੇ ਬਣਕੇ ਤਾਜ। ਛੋਂਦੇ ਨਹੀਂ ਇਸ ਨੂੰ ਫਕੀਰ ਤੇ ਸੰਨਜਾਸੀ, ਪਰ ਚੜ੍ਹ ਬੈਠਦਾ ਹੈ ਸੋਨਾ ਉਨ੍ਹਾਂ ਦੇ ਰੌਜ਼ਿਆਂ, ਛਤਰੀਆਂ* ਦੇ ਗੁੰਬਜ਼ਾਂ ਉੱਤੇ ਬਣਕੇ ਕਲਸ। ਅਸੀਂ ਕਰਦੇ ਹਾਂ ਸੋਨੇ ਦੀ ਸੇਵਾ ਤਾਂ ਕਮਲੀਆਂ ਹੋਈਆਂ ਫਿਰਦੀਆਂ ਹਨ ਬੇਗਮਾਂ ਤੇ ਰਾਣੀਆਂ ਸੋਨੇ ਦੇ ਮਗਰ। ਬਾਕੀ ਰਹੀ

---

੧. ਇਕ ਪ੍ਰਕਾਰ ਦੇ ਰੁਆਂਹ।

ਦੂਜਾ ਅਰਥ-(ਕੁ+ਲੱਥਾ) ਜੋ ਮਾੜੀ ਥਾਂ ਲੱਥਾ ਹੋਵੇ, ਨੀਵਾਂ।

੨. ਭਿੱਜੇ ਹੋਏ ਛੋਲੇ। ੩. ਇਹ ਦੁਇ ਚੀਜ਼ਾਂ ਚਾਰ ਪਹਿਰ ਭਿਉਂਕੇ ਤੇ ਫੇਰ ਇਹ ਪਾਣੀ ਪੀਂਦੇ ਰਹਿਣ ਨਾਲ ਗੁਰਦੇ ਦੀ ਦਰਦ ਦੇ ਦੌਰੇ ਹਟ ਜਾਂਦੇ ਦੱਸੀਦੇ ਹਨ। ੪. ਖੋਤਾ। ੫. ਅਰਬੀ ਘੋੜੇ।

੬. ਨਿੰਮਰਤਾ। ੭. ਜਹਾਂਗੀਰ, ਸ਼ਾਹਜਹਾਂ, ਔਰੰਗਜ਼ੇਬ ਦੀਆਂ ਮਾਵਾਂ ਰਾਜਪੂਤਨੀਆਂ ਸਨ।

*ਮਾਤਮਾਂ ਦੀ ਸਮਾਧ।

ਗੱਲ ਜਿਸ ਲਈ ਆਏ ਹੋ ਤੁਸੀਂ, ਮੌਲਵੀ ਹੋਕੇ ਮਸਖਰੇਪਨ ਦਾ ਮੁਲੰਮਾ ਲਾਕੇ ਮੈਨੂੰ ਮੋਹਣ, ਸੋ ਮੈਂ ਹਾਜ਼ਰ! ਚਲੋ ਜੇ ਹੁਣ ਆਪ ਦੀ ਜ਼ਰਾਫਤ ਤੋਂ ਮੁੱਕ ਗਿਆ ਹੈ ਉੱਪਰਲਾ ਸ੍ਵਰਨ ਪਾਜ ਤੇ ਹੇਠੋਂ ਨਿਕਲ ਪਿਆ ਹੈ ਮੌਲਵੀਪੁਣੇ ਦਾ ਤਰਾਮਾਂ[1] ਹੁਣ ਦੇਂਦੇ ਹੋ ਤ੍ਰਾਸ ਪ੍ਰਾਣ ਹਰਨ ਦਾ, ਜੀ ਸਦਕੇ ਦਿਓ। ਮਰ ਮਿਟਣਗੇ ਸਰੀਰ ਸਾਰੇ ਇਕ ਦਿਨ ਜ਼ਰੂਰ ਕਿਸੇ ਭੈੜੇ ਰੋਗ ਨਾਲ, ਸੋ ਜੇ ਮਰੇ ਖਜਰ ਕਿ ਸ਼ਮਸ਼ੇਰ ਨਾਲ ਤਾਂ ਛੇਤੀ ਮੁੱਕੇਗਾ ਕੰਮ ਜੋ ਮੁੱਕਣਾ ਸੀ ਕਿਸੇ ਲਮਕਵੇਂ ਕਸ਼ਟ ਨਾਲ। ਬਾਕੀ ਰਿਹਾ ਮੇਰਾ ਆਪਣੀ ਕਾਕੀ ਨੂੰ ਲਾਲਚ ਕਿ ਡਰ ਅੱਗੇ ਦੇ ਦੇਣਾ, ਸੋ ਪ੍ਰਾਣਾਂ ਤੱਕ ਤਾਂ ਸੰਭਵ ਨਹੀਂ, ਮਰਨ ਮਗਰੋਂ ਹੋਵੇ ਜੋ ਉਸਦੇ ਭਾਗ!

ਮੌਲਵੀ-ਮੈਂ ਮੌਲਵੀ ਹਾਂ ਮੈਨੂੰ ਪੇਟ ਦਾ ਮੌਲਵੀ ਬੀ ਕਹਿ ਲਓ, ਪਰ ਮੇਰੇ ਨਾਲ ਗੁੱਸੇ ਨਾ ਹੋਵੋ। ਮੈਂ ਤੁਹਾਨੂੰ ਸਿਖਾਂ ਨੂੰ ਮੂਰਖ ਸਮਝਦਾ ਹਾਂ। ਧਰਮ ਤੇ ਸ਼ਰਮ, ਗ਼ੈਰਤ ਤੇ ਖੁਲ੍ਹ, ਅਜ਼ਾਦੀ ਤੇ ਧਰਮ ਦੀ ਖੁਲ੍ਹ ਕੀ ਨਵੇਂ ਮਸਲੇ ਘੜ ਮਾਰੇ ਨੇ? ਆਏ ਦਿਨ ਦੁਖ ਪਾਉਂਦੇ ਹੋ? ਭੋਲਿਓ! ਚਾਰ ਰੋਜ਼ਾ ਜ਼ਿੰਦਗੀ ਹੈ। ਖਾਓ ਪੀਓ; ਅਨੰਦ ਕਰੋ। ਦੀਨਦਾਰ ਕੌਣ ਹੈ? ਪਾਤਸ਼ਾਹ ਪਾਤਸ਼ਾਹੀ ਦੀ ਖ਼ਾਤਰ ਸੱਕੇ ਭਰਾ ਮਰਵਾਉਂਦੇ ਹਨ, ਬੱਚਿਆਂ ਤੇ ਪਿਤਾ ਨੂੰ ਕੈਦ ਪਾਉਂਦੇ ਹਨ, ਉੱਤੋ ਦੀਨ ਦਾ ਚੋਗਾ ਪਾਉਂਦੇ ਹਨ, ਹਿੰਦੂਆਂ ਨੂੰ ਖੋਂਹਦੇ ਹਨ ਲਾਲਚ ਵਿਚ ਤੇ ਫਤਵਾ ਕੱਢਦੇ ਹਨ ਕੁਰਾਨ ਵਿਚੋਂ। ਸਭ ਰਿਆ-ਕਾਰੀ ਹੈ। ਦੁਨੀਆਂ ਜ਼ੂਰਨ (ਫ਼ਰੇਬ) ਹੈ, ਅਰ ਫ਼ੇਖ ਬਿਨਾਂ ਹਾਸਲ ਨਹੀਂ ਹੁੰਦੀ[2] ਸੋ ਅਸਾਂ ਸਮਝ ਲਿਆ ਹੈ, ਨਦੀ ਦੇ ਰੌ ਨਾਲ ਰੁੜ੍ਹ ਪਏ ਹਾਂ, ਖਾਂਦੇ ਪੀਂਦੇ ਦਿਨ ਗੁਜ਼ਾਰਦੇ ਹਾਂ। ਮੁਸਲਮਾਨ ਹਾਂ, ਇਸੇ ਪਰਦੇ ਹੇਠ ਹਜ਼ਾਰ ਐਬ ਫੁਲੀਂਦਾ ਨਹੀਂ, ਹੋਰ ਇਸਲਾਮ ਕਾਹਦਾ ਤੇ ਮੌਲਵੀ ਕਿਸਦੇ? ਤੈਨੂੰ ਮੱਤ ਦੇਂਦਾ ਹਾਂ ਸੱਚੀ ਤੇ ਦਿਲੋਂ, ਸੌਂਹ ਖਾਕੇ ਕਿ ਕਿਉਂ ਦੁਖ ਪਾਉਂਦਾ ਹੈਂ? ਧੀ ਦੇਹ, ਕਜ਼ੀਆ ਮੁਕਾ, ਸੁਖੀ ਹੋ। ਮੈਂ ਕਿਸੇ ਦੀਨ ਨੂੰ ਸੱਚਾ ਨਹੀਂ ਸਮਝਦਾ (ਪਉੜੀਆਂ ਵੱਲੇ ਤੱਕ ਕੇ ਕਿ ਸਿਪਾਹੀ ਦਲ੍ਹੀਜੋਂ ਪਰੇ ਦੂਰ ਹੈ, ਨੇੜੇ ਤਾਂ ਨਹੀਂ), ਸਭ ਮਖੌਲ ਹੈ, ਮੇਰਾ ਦੀਨ ਤੇਰਾ ਧਰਮ ਵਹਿਮ ਹਨ, ਖਾ ਪੀ ਮੌਜ ਕਰ, ਛੱਡ ਵਹਿਮ, ਨਿੱਤਰ ਤੇ ਆਰਾਮ ਲੈ। ਚਾਰ ਦਿਨ ਦੀ ਜ਼ਿੰਦਗੀ ਹੈ ਸੁਖ ਨਾਲ ਬੀਤੇ, ਧਰਮ ਈਮਾਨ ਠੱਗੀਆਂ ਹਨ। ਸਮਝ ਤੇ ਸੁਖੀ ਹੋ ਜਾਹ, ਇਕ ਕਸ਼ਟ ਤੋਂ ਛੁਟ।

ਸਿੰਘ ਜੀ-ਮੁਬਾਰਕ! ਮੁਬਾਰਕ!! ਮੁਬਾਰਕ!!!

ਜੋ ਦੀਨ; ਜੋ ਕੌਮ ਇੱਥੇ ਅੱਪੜ ਪਈ ਹੈ ਮੁੱਕੀ ਕਿ ਮੁੱਕੀ। ਕਲਗੀਆਂ ਵਾਲਾ ਸਾਨੂੰ ਸਚ ਕਹਿੰਦਾ ਹੁੰਦਾ ਹੈ ਕਿ ਤੁਸੀਂ ਸੱਚ ਤੇ ਖੜੇ ਹੋ ਜਾਓ ਤੁਸੀਂ ਦੇਸ਼ ਦੇ ਰਾਜੇ ਹੋ ਜਾਓਗੇ। ਕਲਗੀਆਂ ਵਾਲਾ ਸੱਚ ਕਹਿੰਦਾ ਹੁੰਦਾ ਹੈ, ਕਿ: ਗ਼ੁਲਾਮੀ ਵਿਚ ਲੋਕਾਂ ਨੂੰ ਪਾਉਣ ਵਾਲਾ ਯਾ ਇਕ ਕੌਮ ਦੂਜੇ ਨੂੰ ਗ਼ੁਲਾਮ ਬਨਾਉਣ ਵਾਲੀ-ਗ਼ੁਲਾਮਾਂ ਉੱਤੇ ਜ਼ੁਲਮ ਕਰਦੀ-ਆਪਣੇ ਆਚਰਨ ਤੋਂ ਗਿਰਦੀ ਜਾਂਦੀ ਹੈ, ਗ਼ੁਲਾਮਾਂ ਦੇ ਐਬ ਉਸ ਵਿਚ ਵੜਦੇ ਜਾਂਦੇ ਹਨ, ਉਹ ਅੰਤ ਇਖ਼ਲਾਕੋਂ ਪਤਿਤ ਹੋ ਜਾਂਦੀ ਹੈ ਤੇ ਮਰ ਮੁਕਦੀ ਹੈ।

ਤੁਸਾਂ ਜੋ ਕਿਹਾ ਹੈ ਦੁਨੀਆਂਦਾਰ ਦੀ ਅਕਲ ਇਹੋ ਕੁਛ ਦੱਸਦੀ ਹੈ, ਪਰ ਮੈਂ ਕਿਸੇ ਹੋਰ ਰਾਹੇ ਪੈ ਗਿਆ ਹਾਂ। ਧਰਮ, ਅਣਖ, ਸਚ ਮੇਰੇ ਲਈ ਅਮੋਲਕ ਤੇ ਅਸਲੀ ਰਤਨ ਹਨ।

ਧੀਆਂ ਦੇ ਸਾਕ ਕਰਨੇ ਪਵਿੱਤਰ ਤੇ ਹਯਾ ਵਾਲੀਆਂ ਰਸਮਾਂ ਤੇ ਮਿਰਯਾਦਾ ਹਨ। ਧੀ ਦੇਣੀ ਹੁੰਦੀ ਹੈ, ਪਰ ਸ਼ਰਮ ਧਰਮ ਨਾਲ, ਦਿਲ ਦੀ ਸੁਤੰਤਰਤਾ ਨਾਲ ਯੋਗ ਵਰ ਨੂੰ, ਜਿਸ ਨਾਲ ਪਤਾ ਹੋਵੇ ਕਿ ਧੀ ਦਾ ਆਸ਼ਾ, ਧੀ ਦਾ ਸੁਭਾਵ, ਰਹਿਤ ਬਹਿਤ ਮਿਲੇਗੀ, ਦੋਏ ਇਕ ਮਨ ਹੋ ਵਰਤਣਗੇ, ਇਸ਼ਟ ਉਪਾਸਨਾ ਆਸਾਂ ਉਮੈਦਾਂ ਦੀ ਝਰਨਾਟ ਆਪੇ ਵਿਚ ਮੁਖ਼ਲਿਫ ਕਿਸਮ ਦੀ ਵਗਾਕੇ ਓਹਨਾਂ ਦੇ ਜੀਵਨ ਨਿਰਬਾਹ ਵਿਚ ਰਗੜ ਨਹੀਂ ਉਤਪੰਨ ਕਰੇਗੀ; ਦੋਏ-ਅੱਲਾ ਰਹਿਮਤ ਕਰੇ ਤਾਂ-ਇਕ ਜੋਤ ਹੋ ਜਾਣਗੇ। ਪਿਆਰ-ਬੇਰੋਕ ਪਿਆਰ, ਸੁੱਚਾ ਸੱਚਾ ਪਿਆਰ-ਦੋਹਾਂ ਨੂੰ ਇਕ ਕਰੇਗਾ, ਦੋਹਾਂ ਦੀ ਦਿਲ ਧੜਕ ਸਾਂਝੀ ਵਜੇਗੀ। ਇਹ ਯਤਨ ਮਾਪਿਆਂ ਕਰਨੇ ਹਨ ਧੀ ਦੇਣ ਵੇਲੇ, ਇਹ ਇਕ ਧਰਮ ਹੈ, ਇਹ ਮੇਰਾ

---

੧. ਤਾਂਬਾ। ੨. ਅੱਦੁਨੀਆਂ ਜ਼ੂਰਨ ਲਾ ਯਹਸਲੋ ਇੱਲਾ ਬਿਜ਼ੂਰੇ।

ਅਸੂਲ ਹੈ, ਇਹ ਇਖ਼ਲਾਕ ਹੈ, ਜਿੱਥੇ ਇਹ ਗਲ ਦਿਸ ਆਵੇਗੀ ਮੈਂ ਨਾਤਾ ਪਾ ਦਿਆਂਗਾ।

ਇਕ ਵਿਸ਼ਈ ਤੇ ਜ਼ਾਲਮ ਹਾਕਮ ਦੇ ਜ਼ੁਲਮ ਅਗੇ ਝੁਕ ਕੇ ਯਾ ਉਸ ਦੇ ਦਿਤੇ ਲਾਲਚ ਅਗੇ ਨਰਮ ਹੋਕੇ ਨਾਤਾ ਪਾ ਦੇਣਾ ਮੈਂ ਆਪਣੇ ਫਰਜ਼ ਦੀ ਅਦਾਯਗੀ ਨਹੀਂ ਸਮਝਦਾ, ਪਾਪ ਸਮਝਦਾ ਹਾਂ। ਕਾਕੀ ਅੱਲਾ ਵਲੋਂ ਅਮਾਨਤ ਹੈ ਮੇਰੇ ਪਾਸ, ਮੇਰਾ ਫਰਜ਼ ਹੈ ਨਿਰੋਲ ਉਸਦੇ ਭਲੇ ਲਈ ਉਸਦੇ ਅਨਕੂਲ ਵਰ ਨੂੰ ਢੂੰਡਣਾ ਤੇ ਨਾਤਾ ਕਰਨਾ। ਇਹ ਹੈ ਫਰਜ਼ ਮੇਰਾ, ਇਹ ਫਰਜ਼ ਸਿਰੇ ਚੜ੍ਹੇਗਾ। ਨਾ ਤਲਵਾਰ ਦੀ ਆਬਦਾਰ ਧਾਰ, ਨਾ ਦੀਨਾਰ ਦੀ ਭੁਲਾਵੀਂ ਚਮਕਾਰ ਮੈਨੂੰ ਇਸ ਤੋਂ ਗਿਰਾਵੇਗੀ। ਤੁਹਾਨੂੰ ਪਤਾ ਹੀ ਹੈ ਕਿ ਮੈਂ ਸਿਖ ਹਾਂ! ਮੇਰੇ ਪੰਜਵੇਂ ਤੇ ਨਾਵੇਂ ਗੁਰੂ ਨੇ ਸੀਸ ਦਿਤੇ, ਮੇਰੇ ਛੇਵੇਂ ਗੁਰੂ ਨੇ ਖੰਡਾ ਖੜਕਾਕੇ ਇਜ਼ਤ ਨਾਲ ਮਰਨ ਦੀ ਜਾਚ ਸਾਨੂੰ ਸਿਖਾਲੀ, ਮੇਰੇ ਅੰਦਰ ਨੂਰ ਦਸਾਂ ਗੁਰਾਂ ਨੇ ਭਰਿਆ, ਮੇਰੇ ਨੈਣਾਂ ਦੇ ਮਾਹਮਣੇ ਮੇਰੇ ਦਸਵੇਂ ਗੁਰੂ ਦੀ ਤਸਵੀਰ ਹੈ, ਉਨ੍ਹਾਂ ਦੇ ਕਸ਼ਟ ਹਨ, ਚਾਰ ਸਾਹਿਬਜ਼ਾਦੇ ਤੇ ਹਜ਼ਾਰਾਂ ਸਿਖਾਂ ਦੀ ਸ਼ਹਾਦਤ ਹੈ। ਮੈਂ ਜਾਗ ਪਿਆ ਬੰਦਾ ਹਾਂ, ਮੇਰੇ ਗੁਰੂ ਨੇ 'ਖੁਲ੍ਹ ਦੀ ਦੇਵੀ' ਪ੍ਰਗਟ ਕੀਤੀ ਹੈ, ਮੈਂ ਖੁੱਲ੍ਹ ਦੀ ਦੇਵੀ ਦੀ ਜਗਵੇਦੀ ਤੇ ਹਵਨ ਹੋਣ ਲਈ ਤਿਆਰ ਖੜੀ ਬਲੀ ਹਾਂ, ਹਾਂ ਅਪਣੇ ਤਨ ਦੀ ਕੁਰਬਾਨੀ ਦੇਣ ਨੂੰ ਤਯਾਰ ਹਾਂ!

੨.

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੌਂ ਮਹੀਨੇ ਨੌਂ ਦਿਨ ਦਮਦਮੇ ਸਾਹਿਬ ਰਹਿਕੇ ਨੌਂ ਘੜੀ ਦਿਨ ਚੜ੍ਹੇ ਅਗੇ ਟੁਰ ਪਏ। ਕਤਕ ਦੀ ਤਿੱਥ ਸ਼ੁਦੀ ਪੰਚਮੀ ਸੀ, ਸੰਮਤ ੧੭੬੩ ਸੀ*। ਪਹਿਲੀ ਮੰਜ਼ਲ ਸੱਤ ਅੱਠ ਕੋਹ 'ਕੇਵੱਲ' ਪਿੰਡ ਜਾ ਕੀਤੀ, ਉਥੇ ਸਿਖ ਸੰਗਤ ਬੀ ਅੱਪੜ ਗਈ, ਨਾਮੀ ਨਾਮੀ ਸਿੰਘ ਬੀ ਨਾਲ ਸਨ, ਜੈਸੇ ਭਾਈ ਰੂਪੇ ਦੇ ਪੋਤ੍ਰੇ- ਧਰਮ ਸਿੰਘ, ਪਰਮ ਸਿੰਘ, ਭਾਈ ਭਗਤੂ ਦੇ- ਰਾਮ ਸਿੰਘ ਫਤਹ ਸਿੰਘ, ਡੱਲਾ ਸਿੰਘ ਰਾਇ ਸਾਬੋਕਾ। ਅਗਲੇ ਦਿਨ ਉਪਕਾਰੀ ਵਾਯੂ ਦੀ ਤਰ੍ਹਾਂ ਸਤਿਗੁਰ ਦਾ ਡੇਰਾ ਫੇਰ ਚਾਲੇ ਪੈ ਗਿਆ; ਪੰਜ ਛੇ ਕੋਹ ਤੇ ਜਾ 'ਝੋਰੜ' ਪਿੰਡ ਡੇਰਾ ਕੀਤਾ। ਏਥੋਂ ਫੇਰ ਟੁਰੇ ਤਾਂ ਛੇ ਕੋਹ ਅਗੇ ਚਲੇ 'ਝੰਡੇ' ਪਿੰਡ ਜਾ ਡੇਰਾ ਕੀਤਾ।

ਹੁਣ ਰੋਜ ਦਾ ਡੇਰਾ ਸਿਖਾਂ ਵਿਚ ਵਿਚਾਰ ਉਤਪਤ ਕਰ ਗਿਆ ਕਿ ਕਿਤੇ ਲੰਮੀ ਧਾਈ ਨਾ ਹੋਵੇ ਤੇ ਅਸੀਂ ਘਰਾਂ ਬਾਰਾਂ ਤੋਂ ਤਿਆਰ ਬੀ ਨਹੀਂ ਹੋ ਆਏ। ਜੇ ਤਾਂ ਸਤਿਗੁਰ ਏਥੇ ਟਿਕਦੇ ਤਾਂ ਸੇਵਾ ਤੇ ਘਰ ਦੇ ਕੰਮ ਦੁਇ ਮਾਮਲੇ ਹੁੰਦੇ ਜਾਂਦੇ, ਹੁਣ ਦੋਇ ਕੰਮ ਕੀਕੂੰ ਹੋਣ। ਫੈਸਲੇ ਦਾ ਵੇਲਾ ਆ ਗਿਆ ਹਾਂ, ਮਾਨੋ ਪਰਤਾਵੇ ਦਾ ਵੇਲਾ ਆ ਗਿਆ, ਘਰ ਕਿ ਗੁਰੂ? ਅੱਗੇ ਤਾਂ ਸਮਝਦੇ ਸਨ ਕਿ ਅਸੀਂ ਗੁਰੂ ਕੇ ਹਾਂ ਤੇ ਨਾਲ ਨਿਭਾਂਗੇ, ਸੀਸ ਵਾਰਾਂਗੇ। ਸੀਸਾਂ ਦੀ ਮੰਗ ਦਾ ਸਮਾਂ ਤਾਂ ਨਹੀਂ ਪਿਆ, ਪਰ ਘਰਾਂ ਤੋਂ ਵਿਜੋਗ ਦਾ ਮੌਕਾ ਆ ਗਿਆ। ਹੁਣ ਦਿਲਾਂ ਨੂੰ ਪਤਾ ਲੱਗਾ ਕਿ ਮੋਹ ਪ੍ਰਬਲ ਹੈ। ਖਾਸ ਕਰ ਦੋ ਤ੍ਰੈ ਵਡੇ ਵਡੇ ਲੋਕਾਂ ਨੂੰ; ਰਾਇ ਡੱਲਾ ਸਿੰਘ ਨੂੰ ਰਾਜ ਦਾ ਮੋਹ ਤੇ ਰਾਮ ਸਿੰਘ ਫਤੇ ਸਿੰਘ ਨੂੰ ਘਰਾਂ ਦਾ ਮੋਹ ਬਹੁਤ ਪ੍ਰਬਲ ਪੈ ਗਿਆ। ਰਾਮ ਸਿੰਘ ਨੇ ਬੇਨਤੀ ਕੀਤੀ ਕਿ ਪਾਤਸ਼ਾਹ। ਆਗਯਾ ਦਿਓ ਤਾਂ ਫਤੇ ਸਿੰਘ ਜਾਵੇ, ਘਰ ਸੰਮ੍ਹਾਲੇ ਤੇ ਮੈਂ ਨਾਲ ਰਹਾਂ। ਸਤਿਗੁਰ ਬੋਲੇ-ਮੈਨੂੰ ਨਿਜ ਦੀ ਕੋਈ ਲੋੜ ਨਹੀਂ, ਮੇਰੇ ਨਾਲ ਆਪਣੀ ਕਲਿਆਨ ਲਈ, ਉਸ ਮਹਾਨ ਕਾਰਜ ਲਈ ਜੋ ਵਾਹਿਗੁਰੂ ਨੇ ਸੌਂਪਿਆ ਹੈ, ਰਹਿਣਾ ਹੈ ਤਾਂ ਜੀ ਸਦਕੇ ਰਹੋ। ਮੇਰੀ ਲੋੜ ਲਈ ਰਹਿਣਾ ਹੈ ਤਾਂ ਲੋੜ ਵਾਹਿਗੁਰੂ ਦੇ ਹੁਕਮ ਦੀ ਹੈ, ਪਰਜਾ ਦੇ ਕਸ਼ਟ ਦੀ ਹੈ, ਧਰਮ ਬਚਾਉਣ ਦੀ ਹੈ, ਚਿੱਤ ਮੰਨੇ ਆਪਾ ਵਾਰੋ, ਨਾ ਮੰਨੇ ਤਾਂ ਸੁੱਖ, ਚਤੁਰਾਈ ਨਾਲ ਨਾ ਜਾਓ, ਜਾਣਾ ਤੁਸਾਂ ਦਾ ਜਾਪਦਾ ਹੈ ਸਿੱਧ, ਫਿਰ ਬਹਾਨਾ ਨਾ ਕਰੋ, ਸੁਖਾਂ ਨਾਲ ਜਾਓ।

ਸਵੇਰੇ ਅੰਮ੍ਰਿਤ ਵੇਲੇ ਸਤਿਗੁਰਾਂ ਨੇ ਡੱਲੇ ਨੂੰ ਅਵਾਜ਼ ਮਾਰੀ, ਤਦੋਂ ਇਕ ਬੇਨਵਾ ਫਕੀਰ ਬੋਲ ਪਿਆ। ਇਹ ਫਕੀਰ ਸਤਿਗੁਰ ਦੇ ਡੇਰੇ ਦੇ ਨਾਲ ਮੁੱਦਤਾਂ ਤੋਂ ਰਹਿੰਦਾ ਸੀ। ਪਿਆਰ ਵਾਲਾ ਸੀ, ਅਦਬ ਰੱਖਦਾ ਸੀ, ਕੀਰਤਨ ਦਾ ਪ੍ਰੇਮੀ ਸੀ, ਪਰ ਸੀ ਖੁਲਾਸਾ ਤੇ ਬੇਪਰਵਾਹ। ਜਦੋਂ ਸਤਿਗੁਰਾਂ ਡੱਲੇ ਨੂੰ ਸੱਦ ਮਾਰੀ ਤਾਂ ਇਹ ਬੋਲਿਆ:-

*ਤਵਾਰੀਖ ਖਾਲਸਾ।

ਨਾ ਡੱਲਾ ਨਾ ਮੱਲਾ ਤੇ ਗੁਰੂ ਨਾਲ ਅੱਲਾ;
ਅੱਲਾ ਹੀ ਅੱਲਾ ਤੇ ਗੁਰੂ ਸ਼ੇਰ ਇਕੱਲਾ!

ਅੱਧੀ ਰਾਤ ਵੇਲੇ ਬੇਨਵਾ ਨੇ ਡਿੱਠਾ ਸੀ ਕਿ ਡੱਲਾ ਸਤਿਗੁਰ ਦੇ ਡੇਰੇ ਦੀ ਪ੍ਰਕਰਮਾ ਕਰਕੇ ਮੱਥਾ ਟੇਕਕੇ ਵਿਦਾ ਹੋ ਗਿਆ, ਤੇ ਫਤਹ ਸਿੰਘ ਓਸ ਤੋਂ ਪਹਿਲਾਂ ਹੀ ਖਿਸਕ ਗਿਆ ਸੀ।

ਸਿਦਕ ਦੇ ਘਾਟ ਪਾਰ ਉਤਰਨਾ ਬੜੀ ਕਠਨ ਖੇਡ ਹੈ। ਡੱਲਾ ਤੇ ਫਤਹ ਸਿੰਘ ਸਿਦਕ ਵਾਲੇ ਸਨ, ਪਰ ਸਿਦਕ ਡੋਲ ਗਿਆ। ਉਧਰ ਤੱਕੋ ਉਸ ਅਝੱਵੀਂ ਮੂਰਤੀ ਵਲ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲ, ਉਹਨਾਂ ਦੇ ਦਾਈਏ ਦੀ ਦ੍ਰਿੜਤਾ, ਖਿਸਕਦੇ ਸਾਮਾਨਾਂ ਤੋਂ ਬੇਅਸਰ ਰਹਿਣ ਵਾਲੀ ਪਕਿਆਈ! ਹੱਸ ਪਏ ਤੇ ਐਤਨਾ ਹੀ ਬੋਲੇ: ਪੀੜ੍ਹੀ ਜਿੰਨੀ ਥਾਂ ਗੁਰ ਚਰਨਾਂ ਵਿਚ ਮੰਗਣ ਵਾਲਾ ਡੱਲਾ, ਅਨੰਦ ਪੁਰ ਤੇ ਚਮਕੌਰ ਦੇ ਜੰਗ ਵੇਲੇ ਪਾਸ ਨਾ ਹੋਣ ਦੇ ਹਾਵੇ ਭਰਨ ਵਾਲਾ ਡੱਲਾ, ਟੁਰਨ ਲੱਗਾ ਦਰਸ਼ਨ ਬੀ ਨਹੀਂ ਦੇ ਗਿਆ। ਹਾਂ, 'ਵਿਸ਼ਾਲ-ਚਿੱਤ' ਗੁਰੂ ਗੋਬਿੰਦ ਸਿੰਘ ਜੀ ਜਾਣਦੇ ਹਨ ਕਿ ਦੇਸ਼ ਸਦੀਆਂ ਦੀ ਗ਼ੁਲਾਮੀ ਨਾਲ, ਜ਼ਾਲਮਾਂ ਦੇ ਜ਼ੁਲਮ ਨਾਲ, ਸੁਰਤਹੀਨ-ਮੋਈ ਮੁਰਤ ਵਾਲਾ-ਹੋ ਚੁਕਾ ਹੈ, ਮਰ ਮਿਟੀਆਂ, ਦਬੇਲ ਹੋ ਚੁਕੀਆਂ, ਗ਼ੁਲਾਮੀ ਵਿਚ ਪੀੜ੍ਹੀਆਂ ਤੋਂ ਜੰਮ ਪਲ ਚੁਕੀਆਂ ਕੌਮਾਂ ਵਿਚ ਮੁੜਕੇ ਧਰਮ ਦੀ ਜਾਨ ਭਰ ਦੇਣੀ, ਮੁੜਕੇ ਖੁੱਲ੍ਹ ਦਾ ਸਵਾਦ ਰਮਾ ਦੇਣਾ, ਮੁੜਕੇ ਆਪਾ ਵਾਰਨ ਦਾ ਮਾਦਾ ਭਰ ਦੇਣਾ ਕੋਈ ਖੇਡ ਨਹੀਂ ਹੈ। ਇਹ ਸਹਿਜੇ ਸਹਿਜੇ ਭਰੇਗਾ। ਭਰ ਗਿਆ ਹੈ, ਹਾਂ, ਦਾਤੇ ਨੇ ਇਨਸਾਨੀ ਕਜਾਸ ਤੋਂ ਵੱਧ ਭਰ ਦਿੱਤਾ ਹੈ, ਪਰ ਇਸ ਵਿਚ ਪੁਰਾਣੇ ਸੁਭਾ ਦੇ ਝੱਸ ਨੇ ਫੇਰਾ ਪਾਉਣਾ ਹੋਇਆ, ਕਈਆਂ ਨੇ ਘਬਰਾਉਣਾ ਹੋਇਆ। ਸੋ ਹੋਵੇ ਘਬਰਾ, ਤੇ ਹੋਣ ਖਿਸਕੰਤ ਬਤੇਰੇ, ਜਦ ਕਿ ਸੱਚਾ ਵੈਦ ਕਿਸੇ ਵੇਲੇ ਹਾਰ ਨਾ ਮੰਨਣ ਵਾਲਾ ਸਦਾ ਅਪਣੇ ਦਾਈਏ ਵਿਚ ਪਕਾ ਪਰ ਗੰਭੀਰ ਸੂਰਮਾਂ, ਦਾਨਾਂ, ਫਕੀਰ ਪਰ ਰਸੀਆ; ਸੰਨਜਾਸੀ ਪਰ ਸਫਲ ਕਰਨ ਵਾਲਾ ਸੰਨਜਾਸ ਨੂੰ, ਅਪਣੇ ਕੰਮ ਵਿਚ ਲੱਗ ਰਿਹਾ ਹੈ।

ਸਤਿਗੁਰਾਂ ਸਵੇਰੇ ਕੂਚ ਓਸੇ ਤਰ੍ਹਾਂ ਇਸ ਥਾਉਂ ਤੋਂ ਬੀ ਕੀਤਾ, ਜਿਸ ਤਰ੍ਹਾਂ ਕਿ ਰੋਜ਼ ਹੁੰਦਾ ਸੀ, ਮਨੋਂ ਕੁਛ ਹੋਇਆ ਹੀ ਨਹੀਂ। ਸੱਤ ਅੱਠ ਕੋਹ ਅੱਗੇ ਚਲ ਸਰਸੇ ਦੇ ਦਮਬੇ ਆ ਡੇਰਾ ਕੀਤਾ। ਓਥੋਂ ਦੇ ਲੋਕਾਂ ਨੇ ਆਗਤ ਭਾਗਤ ਚੰਗੀ ਕੀਤੀ।

ਜਦੋਂ ਨੂੰ ਕਿ ਸਾਹਿਬ ਪ੍ਰਸ਼ਾਦਿ ਛਕ ਚੁਕੇ, ਚੁਲਾ ਕਰ ਲਿਆ ਤੇ ਅਲੱਗ ਆਕੇ ਬੈਠੇ, ਤੇ ਦਰਸ਼ਨ ਕਰਨ ਆਏ ਲੋਕੀ ਪ੍ਰਸ਼ਾਦ ਛਕਕੇ ਟੁਰ ਗਏ, ਤਦ ਸਰਸੇ ਦਾ ਇਕ ਸਿਖ ਭਾਈ ਜੱਸਾ ਸਿੰਘ ਜੋ ਅੰਮ੍ਰਿਤ ਛਕਣ ਤੋਂ ਪਹਿਲੋਂ ਉੱਥੋਂ ਦਾ ਇਕ ਵਪਾਰੀ ਸੀ ਤੇ ਪਿੱਛੇ ਦਾ ਪੰਜਾਬੋਂ ਆਇਆ ਭਾਈ ਸੰਤ ਸਿੰਘ ਜੀ ਚਮਕੌਰ ਦੀ ਸ਼ਹੀਦੀ ਵਾਲੇ ਦਾ ਹਮਵੰਸ਼ੀ ਸੀ, ਸਤਿਗੁਰ ਨੂੰ ਏਕਾਂਤ ਬੈਠੇ ਦੇਖਕੇ ਬੇਨਤੀ ਕਰਨ ਲੱਗਾ: ਸਚੇ ਪਾਤਸ਼ਾਹ! ਆਪ ਦੇ ਬਿਰਾਜਣ ਦਾ-ਸੁਖ ਆਸਣ ਹੋਣ ਦਾ-ਸਮਾਂ ਹੈ, ਤੇ ਮੈਂ ਇਕ ਦੁੱਖ ਭਰੀ ਵਾਰਤਾ ਅਰਜ਼ ਕਰਨੀ ਹੈ।

ਆਪ ਬੋਲੇ:-ਕਹੁ ਪਿਆਰਿਆ! ਅਸੀਂ ਸਦਾ ਹੀ ਸੁਖ ਆਸਣ ਹਾਂ।

ਸਿਖ-ਪਾਤਸ਼ਾਹ! ਸਾਡੇ ਵਿਚ ਇਕ ਸੁਨਿ-ਆਰੇ ਜਾਤ ਤੋਂ ਸਜਿਆ ਸਿੰਘ ਹੈਸੀ, ਜਿਸ ਦਾ ਨਾਮ ਗੁਲਾਬ ਸਿੰਘ ਸੀ, ਅੰਮ੍ਰਿਤ ਉਸ ਨੇ ਅਨੰਦ ਪੁਰ ਸਾਹਿਬ ਛਕਿਆ ਸੀ, ਉਹ ਬੁੱਧਿ ਦਾ ਚਤੁਰ ਤੇ ਕੁਛ ਫਾਰਸੀ ਤੇ ਕੁਛ ਸੰਸਕ੍ਰਿਤ ਪੜ੍ਹਿਆ ਬੀ ਸੀ। ਪਹਿਲਾਂ ਸਾਧਾਂ ਦਾ ਸੁਹਬਤੀ ਸੀ। ਪਾਤਸ਼ਾਹ! ਜਦ ਤੋਂ ਉਹ ਸਤਿਗੁਰ ਦਾ ਹੋਇਆ, ਤਿਆਰ ਬਰ ਤਿਆਰ ਹੋ ਗਿਆ, ਅਸੀਂ ਏਥੇ ਤ੍ਰੈ ਘਰ ਸਿੰਘਾਂ ਦੇ ਹਾਂ, ਥੋੜੇ ਸਹਿਜਧਾਰੀ ਹਨ, ਬਾਕੀ ਸਾਰੇ ਹੋਰ ਲੋਕ ਹਨ। ਭਾਈ ਗੁਲਾਬ ਸਿੰਘ ਜੀ ਨਾਲ ਮਜੌਰ 'ਦਰਗਾਹ' ਦੇ ਖੁਣਸਦੇ ਸਨ ਕਿ ਉਹਦੇ ਸਤਿਸੰਗ ਨਾਲ ਲੋਕੀ ਧਰਮ ਤੇ ਪੱਕੇ ਰਹਿੰਦੇ ਸਨ। ਉਹਨਾਂ ਖੁਡਾਲੇ ਦੇ ਹਾਕਮ ਨੂੰ ਸੂੰਹ ਪਾਈ ਕਿ ਗੁਲਾਬ ਸਿੰਘ ਦੀ ਬੇਟੀ ਸੁੰਦਰ ਹੈ, ਪਰ ਪ੍ਰਾਪਤੀ ਦੀ ਉਮਰੇ ਹੈ, ਖੱਸ ਲਓ। ਸੋ ਜਦੋਂ ਕਿ ਹਾਕਮ ਦੀ ਘੱਲੀ ਖੁਡਾਲੇ ਤੋਂ ਵਾਹਰ ਆਈ, ਸਾਨੂੰ ਪਤਾ ਲੱਗ ਗਿਆ ਸੀ। ਸਮਾਂ ਥੋੜਾ ਸੀ, ਅਸਾਂ ਤੋਂ ਹੋਰ ਤਾਂ ਨਾ ਸਰ ਆਈ, ਬੀਬੀ ਉਸ ਦੇ ਘਰੋਂ ਲਿਆਕੇ ਲੁਕਾ ਲਈ। ਸਿਪਾਹੀਆਂ ਆਕੇ ਉਸ ਦਾ ਘਰ ਛਾਣਿਆ, ਬੀਬੀ ਨਾ ਲੱਭੀ ਤੇ ਕੁਛ ਪੇਸ਼ ਨਾ ਗਈ ਤਾਂ ਗੁਲਾਬ ਸਿੰਘ ਨੂੰ ਜ਼ੋਰੀਂ ਲੈ ਗਏ। ਖੁਡਾਲੇ

ਲਿਜਾਕੇ ਭੋਰੇ ਵਿਚ ਪਾ ਛਡਿਆ ਹੈ। ਬਹੁਤ ਲਾਲਚ ਦਾਬੇ ਮਿਲ ਰਹੇ ਹਨ, ਪਰ ਭਾਈ ਸਾਹਿਬ ਅਹਿੱਲ ਖੜੇ ਹਨ! ਦੂਏ ਚੌਥੇ ਨਵੀਂ ਕਥਾ ਉਥੋਂ ਦੀ ਸੁਣੀਦੀ ਹੈ। ਸੋ ਪਾਤਸ਼ਾਹ! ਜੇ ਕਾਕੀ ਦੇ ਦੇਈਏ ਤਾਂ ਦੂਲੇ ਸਿਖ ਦੀ ਖਲਾਸੀ ਹੁੰਦੀ ਹੈ, ਜੇ ਨਹੀਂ ਦੇਂਦੇ ਤਾਂ ਸਿਖ ਬੜਾ ਪਿਆਰਾ ਹੈ, ਆਪਦੇ ਚਰਨਾਂ ਦਾ ਦਾਸ ਤੇ ਸਾਡਾ ਸਿਰਤਾਜ ਹੈ, ਪੂਰਾ ਗੁਰਮੁਖ ਹੈ, ਜੇ ਉਹ ਹਾਕਮਾਂ ਮਾਰ ਘੱਤਿਆ ਤਾਂ ਅਸੀਂ ਬੜੇ ਵਿਆਕਲ ਹੋਵਾਂਗੇ। ਬਲ ਹੈ ਨਹੀਂ ਜੋ ਛੁਡਾ ਲਿਆਈਏ, ਈਨ ਮੰਨਣ ਨੂੰ ਜੀ ਨਹੀਂ ਕਰਦਾ। ਜੇ ਕਾਕੀ ਦੇਕੇ ਸਿਖ ਦੀ ਬੰਦ ਖਲਾਸ ਕਰਾਈਏ ਤਾਂ ਜੇਹੇ ਬਣੀਏ ਮਹਾਜਨ, ਤੇਹੇ ਅਸੀਂ, ਅਸੀਂ ਆਪਣੀ ਸ਼ਾਨ ਸਿੰਘ ਹੋਕੇ ਕਿਵੇਂ ਮੈਲੀ ਕਰੀਏ?

ਸਤਿਗੁਰ ਸੁਣਦੇ ਗਏ, ਨਜ਼ਰ ਉੱਚੀ ਹੁੰਦੀ ਗਈ, ਸੁਹਣਿਆਂ ਨੈਣਾਂ ਦੇ ਕਾਲੇ ਕਾਲੇ ਗੋਲੇ ਉੱਪਰ ਦੇ ਕੂਲੇ ਕੂਲੇ ਛੱਪਰਾਂ ਵਿਚ ਹੁੰਦੇ ਗਏ। ਹੇਠਲੀ ਧੁਫੈਦੀ ਵਿਚ ਲਾਲ ਲਾਲ ਡੋਰੇ ਫਿਰ ਗਏ। ਫਿਰ ਅਚਾਨਕ ਅਧਖੁਲੇ ਨੈਣ ਸਾਰੇ ਖੋਹਲ ਕੇ ਬੋਲੇ-ਜੱਸਾ ਸਿੰਘ ਫਿਕਰ ਨਾ ਕਰੋ, ਵਾਹਿਗੁਰੂ ਰਖੇਗਾ।

(ਡੇਰੇ ਵਲ ਤੱਕ ਕੇ) ਕੋਈ ਭੁਜੰਗੀ ਹੈ?

ਇਕ ਸਿੰਘ ਦੌੜਕੇ ਆਇਆ-ਪਾਤਸ਼ਾਹ!

ਸਤਿਗੁਰ-ਸਾਡਾ ਅਬਲਕ ਲੈ ਆਓ, ਪੰਜ ਸਿੰਘ ਸ਼ਸਤ੍ਰ ਲਾ ਕੇ ਸਵਾਰ ਹੋ ਕੇ ਆ ਜਾਓ, ਮੁਹਿੰਮ ਤੇ ਜਾਣਾ ਹੈ।

ਜੱਸਾ ਸਿੰਘ-ਸਚੇ ਪਾਤਸ਼ਾਹ, ਆਪ ਨਾ ਜਾਓ, ਜਸਾ ਸਿੰਘ ਤੇ ਗੁਲਾਬ ਸਿੰਘ ਦੀ ਖ਼ਾਤਰ ਆਪਣੇ ਆਪ ਨੂੰ ਜੋਖੋਂ ਵਿਚ ਨਾ ਪਾਓ। ਆਪ ਹੋ ਤਾਂ ਸਭ ਕੁਛ ਹੈ। ਅਸੀਂ ਕੌਣ ਹਾਂ? ਤੁੱਛ ਜੀਵ। ਪਾਤਸ਼ਾਹ! ਆਪ ਨਾਲ ਸਿੰਘ ਥੋੜੇ ਹਨ, ਡੱਲੇ ਵਰਗੇ ਸੂਰਮੇ ਟੁਰ ਗਏ ਹਨ।

ਗੁਰੂ ਜੀ-ਤਕੜਾ ਹੋ ਭੋਲਿਆ। ਵਾਹਿਗੁਰੂ ਸਾਡਾ ਸੈਨਾਪਤਿ ਨਾਲ ਹੈ, ਡੱਲੇ ਮੱਲੇ ਨੇ ਕੀਹ ਕਰਨਾ ਸੀ? ਸਰੀਰੀ ਸੂਰਮਿਆਂ ਦੇ ਕੰਮ ਨਹੀਂ, ਏਥੇ ਮਨ ਦੇ ਸੂਰਮਿਆਂ ਦੀ ਲੋੜ ਹੈ, ਜਿਨ੍ਹਾਂ ਸਰੀਰ ਨਾਲ ਮੋਹ ਤੋੜਕੇ ਰੱਬ ਨਾਲ ਲਾਇਆ ਹੈ। ਜਾਨਾਂ ਤੇ ਉਹੋ ਖੇਡ ਸਕਦੇ ਹਨ ਜਿਨ੍ਹਾਂ ਜਾਨ ਵਾਹਿਗੁਰੂ ਨੂੰ ਦਿਤੀ ਹੈ। ਹਉਮੈਂ ਦੇ ਸੂਰਮੇ ਸਾਂਝੇ ਡਰ ਤੇ ਸਾਂਝੇ ਲਾਭ ਲਈ ਸੂਰਮਗਤੀ ਕਰਦੇ ਹਨ, ਪਰ ਸੰਨਜਾਸੀ ਸੂਰਮੇ ਪਰਾਏ ਦੇ ਭਲੇ ਲਈ ਸੂਰਮਗਤੀ ਕਰਦੇ ਹਨ, 'ਬੀਰਤਾ' ਉਤਸਾਹ ਵਿਚ ਵਸਦੀ ਹੈ, 'ਕਾਮਨਾ' ਭੈ ਵਿਚ ਵਸਦੀ ਹੈ।

ਸਿੰਘ-ਪਾਤਸ਼ਾਹ! ਖੁਡਾਲੇ ਦਾ ਹਾਕਮ ਨਬੀ ਬਖਸ਼ ਚੁਗੱਤਾ ਹੈ, ਤਰਸੋਂ ਸੱਖਣਾ ਹੈ, ਇਲਾਕਾ ਉਸਤੋਂ ਡਰਦਾ ਹੈ, ਉਸ ਪਾਸ ਕੁਛ ਸੈਨਾ ਬੀ ਹੈ।

ਗੁਰੂ ਜੀ-ਫਿਕਰ ਨਾ ਕਰੋ, ਮੇਰੇ ਨਾਲ ਅਕਾਲ ਹੈ।

ਇੰਨੇ ਨੂੰ ਅਬਲਕ ਆ ਗਿਆ, ਆਪ ਸ਼ਸਤ੍ਰ ਲਾਕੇ ਸਵਾਰ ਹੋ ਗਏ, ਪੰਜ ਸਿੰਘ ਮਨੱਧਬਧ ਹੋਰ ਸਵਾਰ ਹੋ ਗਏ। ਜੱਸਾ ਸਿੰਘ ਭੋਰੇ ਦਾ ਪਤਾ ਦੱਸਣ ਲਈ ਨਾਲ ਇਕ ਤਕੜੇ ਟੱਟੂ ਤੇ ਸਵਾਰ ਹੋ ਲਿਆ। ਜੱਸਾ ਸਿੰਘ ਨੂੰ ਖੁਡਾਲੇ ਦਾ ਸਾਰਾ ਪਤਾ ਸੀ ਤੇ ਉਹ ਜਾਣਦਾ ਸੀ ਕਿ ਭੋਰਾ ਕਿਥੇ ਕੁ ਹੈ। ਸਤਿਗੁਰ ਟੁਰ ਗਏ ਪਰ ਪਿਛੋਂ ਪੰਜ ਦਸ ਸਿੰਘ ਹੋਰ ਤਿਆਰ ਬਰ ਤਿਆਰ ਹੋਕੇ ਆਪ ਦੇ ਮਗਰੇ ਚਾਲੇ ਪੈ ਗਏ।

੩.

ਖੁਡਾਲੇ ਦੀ ਜੂਹ ਵਿਚ ਰੁੱਖਾਂ ਦੀਆਂ ਝੰਗੀਆਂ ਦਾ ਸੁਹਣਾ ਛਾਂਦਾਰ ਇਕ ਬਾਗ ਸੀ। ਏਥੇ ਹਾਕਮ ਨਬੀ ਖਾਂ ਦੀ ਮਜਲਸ ਲਗ ਰਹੀ ਸੀ, ਮਸਨਦ ਤੇ ਆਪ ਬੈਠਾ ਸੀ, ਇਰਦ ਗਿਰਦ ਸ਼ਤ੍ਰਜੀਆਂ ਵਿਛੀਆਂ ਸਨ, ਇਨ੍ਹਾਂ ਪਰ ਮੂੰਹ ਚਿਤ ਲਗਦੇ ਬੈਠੇ ਸਨ, ਗਲਾਂ ਬਾਤਾਂ ਹੋ ਰਹੀਆਂ ਸਨ:-

ਨਬੀ ਖਾਂ-ਮੌਲਵੀ ਸਾਹਿਬ ਨੇ ਬੜੀ ਦੇਰ ਲਾਈ ਹੈ।

ਮੁਨਸ਼ੀ-ਮੌਲਵੀ ਸਾਹਿਬ ਬੜੇ ਗੱਪੀ ਹਨ, ਬੋਲਣ ਦੀ ਮਰਜ਼ ਹੈ ਨੇ, ਜਦ ਸ਼ੁਰੂ ਹੋਏ ਫੇਰ ਬਸ ਖੁੱਲ੍ਹ ਪਏ, ਚੁੱਪ ਕੌਣ ਕਰਾਏ?

੧ ਮੁਸਾਹਬ-ਹੈਨ ਪਰ ਬੜੇ ਜੁਗਤੀਏ। ਮਖੌਲ ਕਰਦੇ ਹਨ ਕਿ ਸਟੀਪਟੀ ਭੁਲਾ ਦੇਂਦੇ ਹਨ, ਅਗੋਂ ਕਿਸੇ ਨੂੰ ਅਹੁੜਦੀ ਨਹੀਂ।

ਮੁਸੱਦੀ-ਹੈਨ ਮੌਲਵੀ, ਪਰ ਮਸਖ਼ਰਿਆਂ ਦੇ ਕੰਨ ਕੁਤਰਦੇ ਹਨ!

ਕਾਜ਼ੀ-ਇੱਕੋ ਗੱਲ ਅਫਸੋਸਨਾਕ ਹੈ ਕਿ ਦੀਨਦਾਰ ਨਾਮ ਦੇ ਹਨ, ਵਿੱਚੋਂ ਹਨ ਪੱਕੇ.....

ਪੱਕੇ.....ਦਹਿਰੀਏ[1]।

ਹਾਕਮ-ਨਊਜ਼ਬਿੱਲਾ!...ਸੱਚ? ਕਾਜ਼ੀ ਸਾਹਿਬ!

ਕਾਜ਼ੀ-ਪਹਿਲੇ ਤਾਂ ਇਹ ਸ਼ੱਕ ਨਹੀਂ ਸੀ ਜਦ ਦਾ ਹੈਅਤ[2] ਪੜ੍ਹੇ ਹਨ, ਤਦ ਦੇ ਕੁਸਕਦੇ ਬਿਰ-ਕਦੇ ਤਾਂ ਨਹੀਂ, ਪਟ ਅੰਦਰ ਨੱਪੀਆਂ ਕਦੇ ਬੁੱਲ੍ਹਾਂ ਤੋਂ ਤਿਲਕ ਪੈਂਦੀਆਂ ਹਨ।

੧ ਮੁਸਾਹਬ-ਨਹੀਂ ਕਾਜ਼ੀ ਸਾਹਬ, ਮਾਫ ਕਰਨਾ, ਆਪ ਬਹੁਤ ਵਹਿਮੀ ਹੋ, ਜ਼ਰਾ ਸੁਭਾਵ ਹੈ ਮਮਖ਼ਰਾ, ਕਹਿ ਦੇਂਦੇ ਹਨ ਖਰੀਆਂ ਖਰੀਆਂ, ਜ਼ਰੀਫ ਲੋਕ ਏਸੇ ਤਰ੍ਹਾਂ ਦੇ ਹੁੰਦੇ ਹਨ।

ਕਾਜ਼ੀ-ਹੈ ਤਾਂ ਠੀਕ ਪਰ, ਅੱਲਾ ਨਾਲ ਬੀ ਗੁਸਤਾਖੀ, ਨਬੀ ਰਸੂਲ ਨਾਲ ਬੀ ਦਰੀਦਾ ਦਹਨੀ (ਮੂੰਹ ਪਾਟੀ ਗੱਲ ਕਰਨੀ)?

ਨਬੀ ਖ਼ਾਂ-ਫੇਰ ਆਪ ਦੀ ਕੀ ਮਰਜ਼ੀ ਹੈ, ਮਨਸੂਰ ਦਾ ਭਰਾ ਬਣਾਈਏ?

ਕਾਜ਼ੀ-ਨਹੀਂ ਨਹੀਂ ਜੁਨਾਬ, ਜ਼ਰਾ ਸਮਝਾ-ਉਣ ਨਾਲ ਠੀਕ ਹੋ ਜਾਣਗੇ।

ਨਬੀ ਖ਼ਾਂ-ਕਿਸੇ ਨੂੰ ਘੱਲੋ ਤਾਂ, ਕਿਤੇ ਭੋਰੇ ਵਿਚ ਸੱਪ ਤਾਂ ਨਹੀਂ ਨੇ ਡੱਸ ਗਿਆ।

ਇਸ ਪ੍ਰਕਾਰ ਢੇਰ ਚਿਰ ਤਕ ਕਈ ਵੇਰ ਫਿਕਰ ਹੋਇਆ, ਅੰਤ ਨੂੰ ਦੂਰ ਕੁਛ ਧੂੜ ਦਿੱਸੀ। ਨਜ਼ਰਾਂ ਓਧਰ ਪਈਆਂ, ਪਰ ਹਵਾ ਤ੍ਰਿੱਖੀ ਚਲ ਰਹੀ ਸੀ, ਖਾਸ ਗਹੁ ਨਾ ਕੀਤਾ ਕਿਸੇ ਨੇ। ਕੁਛ ਚਿਰ ਮਗਰੋਂ ਇਕ ਅਹਿਦੀਆ ਭੰਨਾ ਆਇਆ ਤੇ ਦਮਕਸ਼ੀ[3] ਨਾਲ ਮੂਧਾ ਢੈ ਪਿਆ। ਕਿੰਨਾ ਚਿਰ ਇਸਨੂੰ ਘੁੱਟਿਆ ਦੱਬਿਆ ਤਾਂ ਸਾਹ ਆਇਆ, ਸਾਹ ਆਇਆ ਤਾਂ ਬੋਲਿਆ:-

ਗ਼ਜ਼ਬ ਹੋ ਗਿਆ!

ਹਾਕਮ-ਕਿਆ ਹੂਆ?

ਅਹਿਦੀਆ-ਹਜ਼ੂ.....ਰ.....ਹਜ਼ੂ.....ਰ.....ਹਜ਼ੂ.....ਰ.....ਗ਼ਜ਼ਬ।

ਕਾਜ਼ੀ-ਓ ਮਲਊਨ ਬਕ ਬੀ, ਕੀਹ ਗ਼ਜ਼ਬ ਹੋ ਗਿਆ?

ਹਾਕਮ-ਬਕ ਲਾਅਨਤੀ।

ਅਹਿਦੀਆ-ਸਿ... ਸਿ... ਸਿੱਖ... ਸਿੱਖ, ਸਿੱਖ ਆ ਪਏ।

ਹਾਕਮ (ਘਬਰਾ ਕੇ)...ਹੈਂ?

ਅਹਿਦੀਆ-ਹਾਂ...ਹਜ਼ੂਰ, ਸਿ...ਸਿ...ਸਿੱਖ।

ਹਾਕਮ-ਏਥੇ ਕਿੱਥੇ ਆ ਗਏ?

ਤ੍ਰਬ੍ਹਕ ਕੇ ਸਾਰੇ ਉੱਠ ਬੈਠੇ। ਬੇਫਿਕਰ ਬੈਠੇ ਸਨ, ਅਚਾਨਕ ਬਿਜਲੀ ਆ ਪਈ। ਛੇਤੀ ਆਪਾ ਸੰਭਾਲ ਕੇ ਉੱਠੇ, ਪਰ ਜਾਣ ਕਿੱਥੇ? ਪਿੰਡ ਪਰੇ ਹੈ, ਕੁਤਵਾਲੀ ਪਰੇ ਹੈ। ਏਥੇ ਨਿਸਚਿੰਤ ਬੈਠੇ ਸਨ, ਤਲਵਾਰਾਂ ਤਾਂ ਪਾਸ ਹਨ, ਹੋਰ ਕੁਛ ਨਹੀਂ। ਕੁਛ ਲੁਕਣ ਛਿਪਣ ਦੀ ਆੜ ਉੜ ਭਾਲਦੇ ਫਿਕਰ ਦੁੜਾ ਰਹੇ ਸਨ ਕਿ ਮੌਲਵੀ ਸਾਹਿਬ ਅੱਪੜ ਪਏ।

ਹਾਕਮ-ਕੀ ਕਟਕ ਲਿਆਏ ਹੋ?

ਮੌਲਵੀ-ਜੁਨਾਬ! ਘਬਰਾਈਏ ਨਹੀਂ, ਖ਼ੈਰ ਹੈ, ਖ਼ੁਦਾ ਖ਼ੈਰ ਕਰੇਗਾ। ਸੱਪਾਂ ਨਾਲ ਖੇਡਣਾ, ਬਾਂਬੀਆਂ ਵਿਚ ਹੱਥ ਦੇਣਾ ਤੇ ਫੇਰ ਮੂੰਹ ਪੀਲੇ ਕਰਨੇ? 'ਦਰਗਾਹ' ਵਾਲਿਆਂ ਨੇ ਤਾਂ ਆਪ ਨੂੰ ਅੱਗੇ ਡਾਹਿਆ, ਆਪ ਦੇ ਮੂੰਹ ਬੀ ਪਾਣੀ ਭਰ ਆਇਆ, 'ਕਮੀਨ ਮਜ਼ਦੂਰ ਹੈ, ਹਲਵਾ ਹੈ ਖਾ ਲਵਾਂਗੇ ਖਿਨ ਚਿੱਥੇ' ਖਾਓ।

ਕਾਜ਼ੀ-ਮੌਲਵੀਪੁਣਾ ਡੋਬ ਛੱਡਿਆ ਨੇ ਕਦੇ ਸੰਜੀਦਾ ਬਾਤ ਨਾ ਕੀਤੀ, ਜਦ ਬੋਲੇ ਦਿਲ ਲਗੀ। ਕਬਰ ਵਿਚ ਬੀ ਜ਼ਰਾਫਤ ਦਾ ਦਫਨ ਪਹਿਨ ਕੇ ਜਾਓਗੇ? ਖ਼ਬਰ ਆਈ ਹੈ ਕਿ ਸਿੱਖ ਆ ਪਏ, ਵਕਤ ਨਾਜ਼ਕ ਹੈ, ਆਪ ਜਲਦੀ ਦੱਸੋ ਕਿ ਕੀਹ ਗਲ ਹੈ।

ਮੌਲਵੀ-ਫਿਕਰ ਨਾ ਕਰੋ, ਕਜ਼ਾ ਨਹੀਂ ਖੁੱਸਦੀ ਮੇਰੇ ਮੁੰਡੇ ਬੀ ਹਲਵਾ ਪੂਰੀ ਲਿਆਉਣਗੇ। ਖ਼ਤਰਾ ਹੈ, ਪਰ ਕੋਈ ਐਸੀ ਬਾਤ ਨਹੀਂ ਹੈ। ਖ਼ੁਦਾ ਖ਼ੈਰ ਕਰੇਗਾ।

ਹਾਕਮ-ਫੇਰ ਮੁਇੰਮਾ! ਬਕੋ ਬੀ ਕੁਛ?

ਮੌਲਵੀ-'ਸਿੱਖ ਆ ਪਏ' ਗ਼ਲਤ ਖ਼ਬਰ ਹੈ, 'ਸਿੱਖਾਂ ਦੇ ਰਸੂਲ ਅੱਲਾ ਆ ਪਏ' ਇਹ ਸਹੀ ਖ਼ਬਰ ਹੈ।

ਨਬੀ ਖਾਂ-ਫੇਰ ਠੱਠਾ? ਮੈਂ ਹੁਣ ਆਪ ਨੂੰ ਮੌਕੂਫ ਕਰਾਂਗਾ।

---

੧. ਇਕ ਤਰ੍ਹਾਂ ਦਾ ਨਾਸਤਕ ਜੋ ਜ਼ਮਾਨੇ ਨੂੰ ਖ਼ੁਦਾ ਸਮਝੇ।

੨. ਪਦਾਰਥ ਵਿਦਜਾ।

੩. ਸਖਤ ਸਾਹ ਚੜ ਜਾਣ ਦੀ ਹਾਲਤ।

ਮੌਲਵੀ-ਜ਼ਹੇ ਕਿਸਮਤ, ਮੈਂ ਸਿੱਖਾਂ ਦੇ ਨਬੀ ਦੀ ਬੈਅਤ ਲੈ ਲਵਾਂਗਾ*।

ਸ਼ਾਰੇ-ਲਾਅਨਤ, ਮੌਲਵੀਪਣੇ ਦੇ ਫਿਟਕਾਰ।

ਮੌਲਵੀ-ਮੈਂ ਤਾਂ ਲੈਂਦਾ ਲਵਾਂਗਾ, ਤੁਸੀਂ ਹੁਣੇ ਲਵੋਗੇ, ਨਾ ਲਵੋਗੇ ਤਾਂ ਦੇਖਾਂਗਾ।

ਨਬੀ ਖਾਂ-ਮਰੇ ਤੇਰਾ ਹਾਸਾ, ਕੁਛ ਬਕ ਵੀ?

ਮੌਲਵੀ-ਏਧਰੇ ਆ ਰਹੇ ਸਨ। (ਸਾਰੇ ਘਬਰਾ ਗਏ) ਘਬਰਾਓ ਨਹੀਂ, ਹਾਂ, ਹੌਲੇ ਆ ਰਹੇ ਸਨ, ਸੋਚ ਸਮਝ ਲਵੋ। ਹਾਂ, ਅਜੇ ਨਹੀਂ।

ਨਬੀ ਖਾਂ-ਇਹ ਤਾਂ ਬਕਦਾ ਨਹੀਂ, ਮੋਮਨੋ! ਤਲਵਾਰਾਂ ਸੂਤ ਲਓ ਤੇ ਜਾਨਾਂ ਤੇ ਖੇਲੋ, ਹੋਰ ਹੁਣ ਵਕਤ ਨਹੀਂ।

ਮੌਲਵੀ-ਤਲਵਾਰਾਂ ਸੂਤ ਲਵੋ, ਪਰ ਰੱਖੋ ਨੀਵੀਆਂ, ਜਾਨ ਤੇ ਖੇਡਣ ਦੀ ਲੋੜ ਨਹੀਂ, ਥੋੜੀ ਅਕਲ ਦੀ ਲੋੜ ਹੈ।

ਕਾਜ਼ੀ (ਖਿਝ ਕੇ)-ਤੈਨੂੰ ਦਿੱਲੀ ਭੇਜਕੇ ਜਾਮਾਂ ਮਸਜਦ ਦੀਆਂ ਪੌੜੀਆਂ ਤੇ ਕਤਲ ਕਰਾਉਣਾ ਪੈਣਾ ਹੈ। ਸਰਮੱਦ ਦੇ ਨਾਲ ਤੇਰੀ ਕਬਰ ਬਣੇ। ਮਰਦੂਦ! ਸੰਜੀਦਾ ਹੋਹੁ ਤੇ ਹਾਲ ਕਹੁ।

ਮੌਲਵੀ-ਜ਼ਹੇ ਕਿਸਮਤ! ਜਿਨ੍ਹਾਂ ਪੌੜੀਆਂ ਤੇ ਹਜ਼ਾਰਾਂ ਕਾਫਰਾਂ ਦਾ ਖ਼ੂਨ ਢੱਠਾ ਓਥੇ ਹੀ ਮੇਰਾ? ਕਾਫਰਾਂ ਦੇ ਖ਼ੂਨ ਨਾਲ ਮੇਰਾ ਖ਼ੂਨ ਰਲਾਉਂਦੇ ਹੋ, ਵਾਹ ਕਾਜ਼ੀ ਸਾਹਿਬ!

ਲੋ ਹੁਣ ਸੁਣੋ:-ਗੁਲਾਬ ਸਿੰਘ ਨਾਲ ਮੈਂ ਬੜਾ ਸਿਰ ਖਪਾਇਆ।

ਹਾਕਮ-ਸਿਰ ਤੇਰਾ ਖਾ ਜਾਏ ਚੀਲ, ਮਰਦੂਦ! ਹਾਲ ਦੱਸ ਕਿ ਸਿੱਖ ਕਿਸ ਤਰ੍ਹਾਂ ਆ ਪਏ? ਕਿਥੇ ਕੁ ਹਨ? ਅਮੀਂ ਆਪਣੀ ਫੌਜ ਤਕ ਅੰਪੜ ਸਕਦੇ ਹਾਂ ਕਿ ਨਹੀਂ? ਪਲ ਪਲ ਜਾ ਰਹੀ ਹੈ, ਕੀ ਪਤਾ?

ਮੌਲਵੀ-ਤੁਸੀਂ ਹੁਣ ਕਿਤੇ ਨਹੀਂ ਅੱਪੜ ਸਕਦੇ, ਆਪ ਦੇ ਸਿਪਾਹੀ ਕਿੰਨੇ ਕੁ ਹਨ? ਸਾਰੇ---ਪੰਝੀ, ਸਿਲਹਖਾਨੇ ਦੀਆਂ ਕੁੰਜੀਆਂ ਸਿੱਖਾਂ ਪਾਸ ਹਨ ਤੇ ਬੇਹਥਿਆਰ ਹਨ ਆਪ ਦੇ ਸਿਪਾਹੀ। ਸਿੱਖ ਆਏ ਹਨ ਬਿਜਲੀ ਵਾਂਗੂ, ਅਵੇਸਲੇ ਪਏ ਪਏ ਹੀ ਨੱਪ ਲਏ ਓਨ੍ਹਾਂ ਨੇ ਆਪ ਦੇ ਜੋ ਸਨ।

ਹਾਕਮ-ਕਿੰਨੇ ਕੁ ਮਰੇ ਹਨ ਸਾਡੇ?

ਮੌਲਵੀ-ਇਕ ਬੂੰਦ ਨਹੀਂ ਢੱਠੀ ਰੱਤ ਦੀ।

ਹਾਕਮ-ਮੱਚ ਬਤਾ।

ਮੌਲਵੀ-ਸੱਚ, ਰੱਤ ਦੀ ਇਕ ਬੂੰਦ ਨਹੀਂ ਢੱਠੀ। ਇਕ ਚਪੇੜ ਨਹੀਂ ਪਈ ਕਿਸੇ ਨੂੰ, ਮੈਨੂੰ ਇਕ ਝਿੜਕ ਪਈ ਹੈ, ਮੈਂ ਕੁਛ ਲਗਾ ਸਾਂ ਮਸਖਰੀ ਕਰਨ, ਪਰ ਓਸ ਝਿੜਕ ਨਾਲ ਹੀ ਖੁੰਬ ਠੱਪੀ ਗਈ, ਫੇਰ ਨਹੀਂ ਮੈਂ ਕੁਸਕਿਆ। ਬੀਬਾ ਰਾਣਾ ਬਣ, ਕੰਨ ਤੇ ਹੱਥ ਧਰ, ਸਿਰ ਨਿਹੁੜਾ ਸੁਣਦਾ ਸੁਣਦਾ ਮੁਰੀਦ ਹੋ ਗਿਆ ਹਾਂ, ਸੁਣਿਆਂ ਨੇ?

ਕਾਜ਼ੀ-ਮਸਖਰੇ! ਹਾਰ ਗੱਲ ਦੀ ਹੱਦ ਹੁੰਦੀ ਹੈ।

ਹਾਕਮ-ਕਸਮੇਂ! ਮੈਂ ਹੁਣ ਤੰਗ ਪੈ ਗਿਆ ਹਾਂ!

ਮੁਸਾਹਬ-ਪਤਾ ਨਹੀਂ ਜੇ ਕਿ ਸ਼ਹਿਨਸ਼ਾਹ ਨੇ ਮਸਖਰੇ ਕਲਾਉਂਤ, ਨਾਚੇ, ਗਵੱਯੇ ਮਭ ਦਰਬਾਰ ਵਿਚੋਂ ਕੱਢ ਦਿਤੇ ਹਨ! ਆਪ ਬੀ ਡਰੋ!

ਮੌਲਵੀ-ਮੈਂ ਕਸਬ ਦਾ ਮਸਖ਼ਰਾ ਨਹੀਂ, ਮੈਂ ਦੀਨਦਾਰ, ਮੁੱਤਕੀ, ਪਰਹੇਜ਼ਗਾਰ ਮੌਲਵੀ ਹਾਂ।

ਮੁਸਾਹਿਬ-ਫੇਰ ਮਸਖਰੀ ਕਿਉਂ? ਵਕਤ ਦੀ ਨਜ਼ਾਕਤ ਵੀ ਨਹੀਂ ਪਛਾਣਦੇ?

ਮੌਲਵੀ-ਰਹਿ ਨਹੀਂ ਹੁੰਦਾ ਤੇ ਨਾਜ਼ਕ ਵਕਤ ਤੁਹਾਥੋਂ ਚੰਗਾ ਪਛਾਣਦਾ ਹਾਂ, ਨਿਭਾ ਆਇਆ ਹਾਂ, ਤਦੇ ਅਰਾਮ ਨਾਲ ਬੈਠੇ ਹੋ, ਨਹੀਂ ਤਾਂ ਹੁਣ ਤਕ ਸ਼ਾਰੇ ਕੁੱਕੜ ਵਾਂਙੂ ਤੁਸੀਂ ਕੰਨਾਂ ਤੇ ਹੱਥ ਧਰ ਕੇ ਪਏ ਬਾਂਗਾਂ ਦੇਂਦੇ-ਸਤਿ ਸ੍ਰੀ ਅਕਾਲ! ਜੀ ਭੁੱਲ ਗਏ, ਜੀ! (ਕੰਨਾਂ ਤੇ ਹੱਥ ਧਰਕੇ)।

ਹਾਕਮ ਮੌਲਵੀ ਦੀ ਖ਼ੂ ਨੂੰ ਜਾਣਦਾ ਸੀ, ਠਠੰਬਰ ਕੇ ਬੋਲਿਆ-'ਫੇਰ ਕੁਛ ਦੱਸ ਬੀ? ਜੇ ਸਮੇਂ ਦੀ ਨਜ਼ਾਕਤ ਨਜ਼ਿੱਠ ਆਇਆ ਹੈਂ, ਤਾਂ ਸਾਡੇ ਨਾਲ ਤਾਂ ਨਜ਼ਾਕਤਾਂ ਨਾ ਸਾੜ'।

ਮੌਲਵੀ-ਜੀ ਹਜ਼ੂਰ! ਲੋ ਸੁਣੋ:-

ਹਾਕਮ-ਛੇਤੀ।

ਮੌਲਵੀ-ਮੈਂ ਤਾਂ ਸਾਰੀ ਸੁਣਾਵਾਂਗਾ, ਛੇਤੀ ਬੇਸੁਆਦ ਹੈ।

ਹਾਕਮ-ਅੱਛਾ, ਮਾਰ ਟੱਕਰਾਂ, ਜਿਵੇਂ ਤੇਰਾ ਜੀ ਕਰੇ।

ਮੌਲਵੀ-ਅੱਛਾ, ਮੈਂ ਮੁਖ਼ਤਸਿਰ ਅਰਜ਼ ਕਰਦਾ ਹਾਂ:-"ਮੈਂ ਗੁਲਾਬੂ ਨਾਲ ਜਾ ਕੇ ਆਪਣਾ ਸਾਰਾ ਹੁਨਰ ਵਰਤਿਆ। ਤਮਸਖਰ ਦਾ ਖਾਤਮਾ ਕੀਤਾ

*ਗੁਰ ਦੀਖਿਆ ਲੈ ਲਵਾਂਗਾ।

ਤੇ ਹਾਸੇ ਹਾਸੇ ਵਿਚ ਜੀਕੂੰ ਮੈਂ ਕਈ ਪਰੀਆਂ ਸ਼ੀਸ਼ੇ ਉਤਾਰੀਆਂ ਤੇ ਕਈ ਦੇਉ ਗੁਲਾਬਦਾਨਾਂ ਵਿਚ ਪਾਏ, ਇਥੇ ਬੀ ਓਵੇਂ ਹੀ ਤਾਣ ਲਾਏ, ਪਰ ਖ਼ੁਦਾ ਦੀ ਕਸਮ ਖਾਕੇ ਕਹਿੰਦਾ ਹਾਂ ਕਿ ਅਜ ਮੈਂ ਹਾਰ ਮੰਨੀ, ਮੇਰੇ ਸੰਜੀਦਾ ਸੁਖਨ ਦਾ ਬਾਸਲੀਕਾ ਜੁਵਾਬ, ਮੇਰੇ ਡਰ ਦਾਬੇ ਦਾ ਬੇਖੌਫ ਜੁਵਾਬ, ਮੇਰੇ ਮਖੌਲ ਜੁਗਤ ਦਾ ਜੁਗਤ ਨਾਲ ਮੂੰਹ ਤੋੜ ਜੁਵਾਬ, ਕਿਸੇ ਗਲੇ ਨਹੀਂ ਹਾਰਿਆ ਉਹ ਰੱਬ ਦਾ ਬੰਦਾ। ਬੱਸ ਕਮਾਲ.....।

ਨਾਜ਼ਮ-ਕਿੱਸਾ ਕੋਤਾਹ ਕਰ, ਸਿੱਖਾਂ ਦੇ ਹਮਲੇ ਦੀ ਗੱਲ ਦੱਸ?

ਮੌਲਵੀ-ਲੌ ਹਜ਼ੂਰ! ਬਸ, ਜ਼ੁਨਾਬ ਅੱਲਾ ਤੁਹਾਡਾ ਭਲਾ ਕਰੇ। ਮੈਂ ਕਿਥੇ ਸਾਂ? ਤੁਸਾਂ ਗਲ ਟੁੱਕ ਲਈ ਸੀ, ਹਾਂ, ਸਚੀ ਚੇਤੇ ਕਰਾਓ ਨਾ, ਮੈਂ ਕਿਥੇ ਸਾਂ, ਬਸ ਹਜ਼ੂਰ ਫੇਰ.....।

ਹਾਕਮ-ਬੜਾ ਨਟਖਟ ਹੈਂ, (ਤਲਵਾਰ ਦੀ ਮੁੱਠ ਤੇ ਹਥ ਧਰ ਕੇ) ਬਕਨਾ ਏਂ ਕਿ ਨਹੀਂ?

ਮੌਲਵੀ (ਤ੍ਰਬ੍ਹਕਵੀਂ ਸ਼ਕਲ ਬਣਾਕੇ)-ਜੀ ਜ਼ੁਨਾਬ! ਓਨਾ ਮੰਨਿਆਂ। ਫਿਰ ਮੈਂ ਸੁਣਾਵਾਂ ਉਸਦੀ ਗੁਫਤਗੂ ਦੇ ਫਿਲਸਫੇ ਜੋ ਉਸਨੇ ਆਖਰੀ ਜੁਵਾਬ ਵਿਚ ਆਖੇ ਕਿ ਅਗੋਂ ਟੁਰ ਪਵਾਂ?

ਨਾਜ਼ਮ (ਤਲਵਾਰ ਅੱਧੀ ਮਿਆਨੋਂ ਕੱਢਕੇ)-ਫਿਲਸਫਾ ਰਖ ਘਰ, ਸਿਖਾਂ ਦੀ ਕਹੁ।

ਮੌਲਵੀ-ਜ਼ੁਨਾਬ! ਮੈਂ ਭੁੱਲ ਭੁੱਲ ਜਾਂਦਾ ਹਾਂ ਤਲਵਾਰ ਮਿਆਨ ਕਰੋ ਨਾ, ਮੈਨੂੰ ਡਰ ਲਗਦਾ ਹੈ ਤੇ ਥਿੜਕ ਥਿੜਕ ਜਾਂਦਾ ਹਾਂ, ਛੇਤੀ ਛੇਤੀ ਸੁਣੋ, ਹੁਣ ਤਾਂ ਸਿਖ ਖਬਰੇ ਇਥੇ ਨਾ ਆ ਜਾਣ।

ਮੁਸਾਹਿਬ-ਨਾ ਹਿੰਜਾਰ! ਤੂੰ ਭੰਡ ਹੈਂ, ਮੌਲਵੀ ਕਿਸ ਬਨਾਇਆ ਤੈਨੂੰ? ਬਕਦਾ ਆਪ ਨਹੀਂ ਛੇਤੀ ਛੇਤੀ ਸੁਣੋਂ, ਸੁਣੋਂ ਸੁ ਇਹਦੇ ਕੰਨ।

ਮੌਲਵੀ-ਹਾਂ ਜੀ, ਮੇਰੀ ਗੁਫਤਗੂ ਦਾ ਸਿਲ-ਸਿਲਾ...ਹਾਂ, ਆ ਗਿਆ ਯਾਦ, ਬਸ ਹਜ਼ੂਰ! ਮੈਂ ਆਖਰੀ ਮੌਤ ਦਾ ਹੁਕਮ ਸੁਣਾਇਆ, ਕਿਸ ਸੰਜੀਦਗੀ ਨਾਲ, ਕਿਸ ਸਾਦਗੀ ਨਾਲ, ਕਿਸ ਸਿਦਕ ਨਾਲ, ਕਿਨ੍ਹਾਂ ਸ਼ਾਇਸਤਾ ਲਫਜ਼ਾਂ ਵਿਚ ਉਸ ਨੇ ਮਨਜ਼ੂਰ ਕੀਤਾ, ਮੈਂ ਝੁਕ ਗਿਆ! ਮੈਂ ਕਹਾਂ ਮੇਰੇ ਅੱਲਾ! ਲਾਅਨਤ ਇਸ ਪੇਟ ਜ਼ਾਲਮ ਦੇ, ਕਾਸ਼! ਇਹ ਮੇਰੀ ਥਾਂ ਹੋਵੇ ਤੇ ਮੈਂ ਇਸਦੀ। ਇਹ ਈਮਾਨ ਦੇ, ਨਾ ਨਾ, ਮੈਂ ਭੁੱਲ ਗਿਆ, ਇਹ ਕੁਫਰ ਦੇ, ਹਾਂ ਹਾਂ, ਇਹ ਹੋਸ਼ ਦੇ ਖਿਆਲ ਮੇਰੇ ਦਿਮਾਗ ਵਿਚੋਂ ਫਾਨੂਸ ਦੀਆਂ ਤਸਵੀਰਾਂ ਦੇ ਪਰਛਾਵੇ ਵਾਂਙੂ ਗੁਜ਼ਰ ਹੀ ਰਹੇ ਸਨ ਕਿ ਪਉੜੀਆਂ ਦੇ ਉੱਪਰੋਂ ਜਬ੍ਹੇ ਵਾਲੀਆਂ ਅਵਾਜ਼ਾਂ ਆਈਆਂ। ਮੈਂ ਤੱਕਿਆ ਤਾਂ ਇਕ ਮਿਸ਼ਾਲਚੀ ਹੇਠਾਂ ਉਤਰ ਰਿਹਾ ਸੀ ਬੜੀ ਤੇਜ਼ ਮਿਸ਼ਾਲ, ਹਜ਼ੂਰ ਐਸਾ ਨੂਰ ਕਿ ਐਸਾ ਕਦੇ ਜ਼ੁਨਾਬ ਦਾ ਹੁੰਦਾ ਹੈ। (ਸਾਰੇ ਬੇਵਸੇ ਹੱਸ ਪਏ)। ਬਸ, ਜ਼ੁਨਾਬ ਉਹ ਆ ਖੜੋਤਾ, ਸਿਖ ਦਾ ਚਿਹਰਾ ਚਮਕ ਪਿਆ। ਮਗਰੋਂ ਇਕ ਸਨੱਧਬੱਧ, ਨਾ ਸਚੀ ਮੁਸੱਲਾ ਸਿਖ ਆ ਗਿਆ, ਦੇਉ ਕੱਦ, ਫਰਿਸ਼ਤਾ ਸੂਰਤ, ਦਿਲ ਕੰਬੇ, ਪਰ ਚਾਹੇ ਕਬੰਦਾ ਕੰਬਦਾ ਪੈਰੀਂ ਜਾ ਲਗਾਂ! ਮੈਂ ਤ੍ਰਬ੍ਹਕ ਪਿਆ, ਮੈਂ ਪੋਸਤੀ ਵਾਂਙੂ ਥਰਰਾ ਉਠਿਆ, ਹਾਇ ਨੀ ਮਾਂ! ਹੋਰ; ਹੋਰ ਆ ਗਿਆ। ਮੈਂ ਤੱਕਿਆ ਨੈਣ ਝੁਕ ਪਏ। ਇਕ ਹੋਰ, ਇਕ ਹੋਰ ਲਓ ਉਸ ਭੋਰੇ ਵਿਚ ਚਾਰ ਹੋ ਗਏ ਤੇ ਉਪਰ ਭੋਰੇ ਦੇ ਮੂੰਹ ਅਗੇ ਦਿੱਸਣ ਦੋ, ਇਕ ਦੇ ਹਥ ਨੰਗੀ ਤਲਵਾਰ ਇਕ ਦੇ ਭਰੀ ਬੰਦੂਕ।

ਹਾਕਮ-ਕਿੱਸਾ ਮੁਖ਼ਤਸਿਰ ਕਰ, ਇੰਤਹਾ ਤੇ ਪਹੁੰਚ ਜਲਦੀ।

ਮੌਲਵੀ-ਜੀ ਹਜ਼ੂਰ। ਗਲ ਟੁੱਕ ਦੇਂਦੇ ਹੋ ਤਾਂ ਮੇਰੇ ਖਜ਼ਾਲ ਦੀ ਤਾਰ ਟੁੱਟ ਜਾਂਦੀ ਹੈ। ਖਿਆਲ ਦਾ ਸਿਲਸਿਲਾ ਗੁੰਮ ਹੋ ਜਾਂਦਾ ਹੈ, ਮੁੜ ਲੱਭਣ ਤੇ ਵਕਤ ਲਗਦਾ ਹੈ।

ਹਾਕਮ-ਮਾਰ ਟੱਕਰਾਂ।

ਮੌਲਵੀ-ਜੀ ਸੱਚੀ ਮੁੱਚੀ ਟੱਕਰ ਵੱਜ ਹੀ ਗਈ, ਉਨ੍ਹਾਂ ਚੌਹਾਂ ਵਿਚੋਂ ਇਕ ਦੇ ਕਦਮਾਂ ਨਾਲ। ਮੈਨੂੰ ਕੀ ਪਤਾ ਸੀ ਕਿ ਮੇਰਾ ਕਾਫਰ ਸਿਰ ਕਿਸੇ ਨਾਲ ਪਿਆ ਛੁਹਾਂਦਾ ਹੈ? ਪਰ ਕਸਮ ਜੇ ਖ਼ੁਦਾ ਪਾਕ ਦੀ ਬੇਵਸਾ ਮੇਰਾ ਸਿਰ ਕਦਮਾਂ ਨਾਲ ਛੁਹ ਗਿਆ, ਤੇ ਓਹ ਸਾਜੇ ਆਪ.....ਆਪ.....।

ਹਾਕਮ (ਕਾਹਲਾ ਹੋਕੇ)-ਕੌਣ?

ਮੌਲਵੀ-ਜੀ ਆਪ, ਅੱਲਾ ਵਾਲਾ, ਨਬੀ ਰਸੂਲ, ਸਿੱਖਾਂ ਦਾ ਗੁਰੂ, ਜੀ ਗੁਰੂ ਗੋਬਿੰਦ ਸਿੰਘ ਆਪ!

ਹਾਕਮ (ਘਬਰਾਕੇ)-ਆਪ? ਭੋਰੇ ਵਿਚ! ਸੁਨਿਆਰੇ, ਇਕ ਗ੍ਰੀਬ ਕੰਗਾਲ ਦੀ ਰਿਹਾਈ

ਵਾਸਤੇ ਰੀਦੇ ਕੈਦਖਾਨੇ ਵਿਚ? ਆਪ! ਅੱਲਾਹ! ਨਹੀਂ ਨਹੀਂ, ਇਤਨੇ ਬੜੇ ਆਦਮੀ ਦਾ ਇੰਨਾਂ ਨੀਵਾਂ ਉਤਰਨਾ, ਮੈਂ ਨਹੀਂ ਮੰਨਦਾ, ਤੂੰ ਮਸਖਰੇ ਪਨ ਵਿਚ ਆਪਣਾ ਇਤਬਾਰ ਵੀ ਖੋ ਲਿਆ ਹੈ।

ਮੌਲਵੀ-ਹਾਂ, ਹਜ਼ੂਰ! ਹੁਣੇ ਫੇਰ ਇਤਬਾਰ ਕਾਇਮ ਹੋ ਜਾਏਗਾ।

ਕਾਜ਼ੀ-ਜੇ ਸਚ ਹੈ ਤਾਂ ਤੂੰ ਕਾਫਰ ਹੈਂ, ਮੁਸ਼ਰਿਕ ਹੈਂ।

ਮੌਲਵੀ-ਪਰ ਤੁਸਾਂ ਸਾਰਿਆਂ ਮੋਮਨਾਂ ਦੀ ਜਾਨ ਬਚਾਉਣ ਵਾਲਾ ਹਾਂ।

ਪਰ ਖ਼ੈਰ ਦੁਨੀਆਂ ਵਿਚ ਹਮਾਤੜਾਂ ਮੂੰਹ-ਫਟਾਂ ਦੀ ਕਦਰ ਕਿਥੇ? ਪਹਿਲੇ ਦਿਨ ਹੀ ਕਿਹਾ ਸੀ, ਮਜੌਰਾਂ ਦੇ ਕਹੇ ਨਾ ਲੱਗੋ, ਸਿਖਾਂ ਨੂੰ ਨਾ ਛੋੜੋ, ਪਰ ਕਿਸੇ ਨਾ ਮੰਨਿਆ.....। ਹੁਣ ਫੇਰ ਬੇਇਤਬਾ...।

ਹਾਕਮ-ਓ ਮੁਕਾ ਵੀ ਗਲ, ਕਿੱਸੇ ਫੋਲਣ ਲਗਾ ਏਂ...!

ਮੌਲਵੀ-ਜ਼ੀ ਬੱਸ, ਸਿੱਖ ਨੇ-ਹਾਂ ਓਸ ਗੁਲਾਬ ਸਿੰਘ ਨੇ ਉਹਨਾਂ ਨੂੰ ਪਛਾਣ ਲਿਆ, ਪੈਰਾਂ ਤੇ ਢੱਠਾ, ਚਰਨ ਚੁੰਮਿਓਸੁ। ਕਿਸੇ ਕਦੇ ਨਾ ਡਿਠੇ ਪਿਆਰ ਨਾਲ ਮੇਰਾ ਜੀ ਵੀ ਉਛਲ ਪਿਆ, ਐਉਂ ਕਦੇ ਭਾਗਾਂ ਵਾਲੇ ਅਰਬੀ ਮਦੀਨੇ ਸ਼ਰੀਫ ਵਿਚ ਹਜ਼-ਰਤ ਦੇ ਪੈਰ ਚੁੰਮਦੇ ਹੋਣਗੇ, ਹਾਇ, ਸਾਨੂੰ ਕਿਸ ਤਰ੍ਹਾਂ ਦਾ ਦੀਨ ਹੁਣ ਪਲੇ ਪਿਆ ਹੈ? ਸੁੱਕ ਭੜੁੱਕਾ, ਖ਼ੁਸ਼ਕ। ਬਸ ਖ਼ੈਰ! ਜੀ ਸਿਖ ਤਾਂ ਫੇਰ ਉਨ੍ਹਾਂ ਦੀ ਮੁਕੱਦਸ ਪਿੰਡਲੀ ਨਾਲ ਜੱਫੀ ਪਾ ਕੇ ਲਿਪਟ ਗਿਆ ਤੇ ਇਕ ਸੂਤੀ ਤਲਵਾਰ ਵਾਲਾ ਮੇਰੇ ਸਿਰ ਖੜਾ ਹੋ ਗਿਆ। ਮੈਂ ਕਿਹਾ ਜੁਨਾਬ! ਮੈਂ ਸ਼ਾਮੂ ਹੀਨ ਹਾਂ ਤੇ ਔਹਦੇਦਾਰ ਨਹੀਂ। ਗੁਲਾਬ ਸਿੰਘ ਦਾ ਮਿਤ੍ਰ ਹਾਂ, ਸਮਝਾਉਣ ਆਇਆ ਸਾਂ, ਹਾਂ, ਮੈਂ ਦੁਨੀਆਂਦਾਰ, ਮੇਰੀ ਸਮਝੌਤੀ ਬੀ ਐਸੀ ਹੀ ਸੀ। ਫਿਰ ਸਿਖ-ਜੀ, ਓਹੋ ਗੁਲਾਬ ਸਿੰਘ-ਉੱਠ ਖੜਾ ਹੋਇਆ, ਅੱਲਾ ਦੇ ਨੂਰ ਨੇ ਉਸ ਨੂੰ ਛਾਤੀ ਨਾਲ ਲਾਇਆ। ਕਾਹਨੂੰ ਕਦੇ ਕਿਸੇ ਪਿਤਾ ਨੇ ਪੁਤ੍ਰ ਨੂੰ ਏਡੇ ਪਿਆਰ ਨਾਲ ਛਾਤੀ ਲਾਇਆ ਹੋਣਾ ਹੈ। ਮੇਰਾ ਜੀ ਕਰੇ ਕਾਸ਼! ਮੈਂ ਸਿਖ ਹੁੰਦਾ, ਕਾਸ਼! ਮੈਂ ਕੈਦੀ ਹੁੰਦਾ, ਕਾਸ਼! ਇਸ ਪਿਆਰਾਂ ਨਾਲ ਧੜਕਦੀ ਛਾਤੀ ਨਾਲ ਮੇਰਾ ਸਿਰ ਲਗਦਾ, ਹਾਸਾ ਨਹੀਂ ਜੇ.....। ਹਾਂ ਵਟੋ ਅਖਾਂ, ਤੁਸਾਂ ਤਕਿਆ ਨਹੀਂ ਨਾ, ਤਕਦੇ ਤਾਂ ਪਰਵਾਨੇ ਵਾਂਙ ਮਾਰੀਆਂ ਹੋਸ਼ਾਂ ਦੇ ਖੰਭ ਮੜਵਾ ਬੈਠਦੇ। ਪਿਆਰ ਕੋਈ ਕਹਿਰ ਦੀ ਸ਼ੈ ਹੈ। ਸੱਜ੍ਹ।

ਹਾਕਮ-ਜਲਦੀ ਕਰ ਜਲਦੀ!

ਮੌਲਵੀ-ਹਾਂ ਸਚੀ ਸਿਖ, ਫੇਰ ਜਦ ਨਿਖੜਿਆ ਤਾਂ ਮੇਰੀ ਸਫਾਰਸ਼ ਕੀਤੀਓਸ ਕਿ ਇਹ ਖਰਾ ਆਦਮੀ ਹੈ, ਲੂਣ ਖਾਣ ਕਰਕੇ ਮੈਨੂੰ ਭੈੜੀ ਮਤ ਦੇਂਦਾ ਸੀ, ਪਰ ਇਹ ਮਾਲਕਾਂ ਨੂੰ ਬੀ ਮੇਰੇ ਤੇ ਜ਼ੁਲਮ ਕਰਨੋਂ ਰੋਕਦਾ ਰਿਹਾ ਹੈ। ਤਦ ਉਸ ਨੂਰੀ ਵਜ਼ੂਦ ਨੇ ਅਪਣੇ ਤੀਰ ਦੀ ਨੋਕ ਮੇਰੇ ਸਿਰ ਤੇ ਲਾਈ। ਮੈਂ ਸੱਚ ਆਖਦਾ ਹਾਂ: ਮੈਂ ਕਾਫਰ, ਮੈਂ ਮੁਨਕਰ, ਮੈਂ ਦਹਰੀਏ ਦੇ ਅੰਦਰ ਬੀ ਝਰਨਾਟ ਛਿੜੀ, ਝਰਨ ਝਰਨ ਹੋ ਗਿਆ ਬਦਨ, ਕਦਮਾਂ ਤੇ ਮੈਂ ਹੁਣ ਢੱਠਾ, ਜਿਹੜਾ ਮੈਂ ਪਹਿਲੇ ਕਿਹਾ ਸੀ ਤੇ ਤੁਸੀਂ ਕਾਹਲੇ ਹੋਏ ਸਾਓ। ਕਸਮ ਹੈ ਅੱਲਾ ਪਾਕ ਦੀ-ਇਕ ਹੈ ਅੱਲਾ, ਤੇ ਇੱਕੋ ਹੈ ਉਸਦਾ ਰਸੂਲ। ਨਾ ਅੱਲਾ ਦੋ ਜੇ, ਨਾ ਨਬੀ ਦੋ ਜੇ। ਕਿਉਂ ਵਿਹਰ ਵਿਹੰਰ ਤੱਕਦੇ ਜੇ? ਤੁਸੀਂ ਨਹੀਂ ਮੁਵਾਹਦ, ਮੈਂ ਮੁਵਾਹਦ ਹਾਂ, ਜੋ ਅੱਲਾ ਨੂੰ ਬੀ ਵਾਹਿਦ ਤੇ ਰਸੂਲ ਨੂੰ ਬੀ ਵਾਹਿਦ ਮੰਨਦਾ ਹਾਂ। ਬੱਸ ਇਕੋ ਅੱਲਾ ਹੈ ਜੋ ਘੱਲਦਾ ਹੈ ਇਕੋ ਰਸੂਲ ਹਰ ਜ਼ਮਾਨੇ, ਹਰ ਮੁਲਕ, ਨਾਮ, ਵੇਸ, ਕੰਮ ਵੱਖੋ ਵਖਰੇ। ਰਸੂਲ ਓਹੋ ਇਕੋ। ਕਦੇ ਇਕ ਜ਼ਮਾਨੇ ਦੋ ਰਸੂਲ ਆਏ ਜੇ! ਹੁਣ ਵੇਖੋ ਫੇਰ ਓਹੋ ਰਸੂਲ ਆਇਆ ਜੇ। ਸਚ, ਬਈ ਵੱਟੋ ਕਚੀਚੀਆਂ, ਮੈਂ ਮੋਮਨ ਹਾਂ, ਰਸੂਲ ਨੂੰ ਪਛਾਣਦਾ ਹਾਂ, ਤੁਸੀਂ ਨਹੀਂ ਪਛਾਣਦੇ, ...ਨਾ ਸਹੀ, ਝਗੜਾ ਕਾਹਦਾ।

ਹਾਕਮ (ਖਿਝਵੇਂ ਹਾਸੇ ਨਾਲ)-ਤੂੰ ਕਉ ਦੀ ਲਕੜ ਹੈਂ, ਟੁੱਟੇਂਗਾ ਪਰ ਝੁਕੇਂਗਾ ਨਹੀਂ, ਚਲ ਤੁਰ ਅਪਣੀ ਰਾਹੇ। ਨਹੀਂ ਆਈ ਊ (ਤਲਵਾਰ ਦਿਖਾ ਕੇ)।

ਮੌਲਵੀ-ਬਸ ਜੀ ਕਦਮ ਛੂਹੇ ਕੀ, ਸਿਰ ਵਿਚ ਝਰਨਾਟ ਪੈਕੇ ਸਰੂਰ ਆ ਗਿਆ, ਮੈਂ ਕਿਹਾ: ਇਹ ਸੁਆਦ ਇਲਾਹੀ ਹੈ। ਮੈਂ ਕਿਹਾ: ਅਜ ਬਈ ਪੀਰਾ ਤੇਰੀ ਨਿਮਾਜ਼ ਪੜ੍ਹੀ। ਉਹ ਨਿਮਾਜ਼ ਪੜ੍ਹੀ ਤਾਂ ਰੋਜ਼, ਪਰ ਡਰਦਿਆਂ ਲੋਕਾਂ ਤੋਂ, ਅਜ ਪੜ੍ਹੀ ਖੁਸ਼ੀ ਦੀ, ਸ਼ੁਕਰ ਹੈ ਕੋਈ ਤਕਦਾ ਨਹੀਂ ਪਿਆ

ਐਸ ਵੇਲੇ, ਮੈਂ ਪੜ੍ਹੀ ਤੇਰੀ ਨਿਮਾਜ਼। ਸਚ ਜਾਣੋ ਮੈਂ ਉਹ ਹਜ਼ (ਸੁਆਦ) ਤਕਿਆ, ਜੋ ਜ਼ਰੂਰ ਅੱਲਾ ਦਾ ਸੀ। ਮੈਂ ਕਸਮ ਖਾਂਦਾ ਹਾਂ ਕਿ ਅੱਲਾ ਹੈ, ਅੱਲਾ ਹੈ, ਅੱਲਾ ਹੈ, ਉਸ ਦਾ ਨਬੀ ਹੈ, ਹੈ, ਹੈ।

ਕਾਜ਼ੀ-ਤੇਰੀ ਕਤਰਨੀ ਬੱਸ ਵੀ ਕਰੇਗੀ?

ਮੌਲਵੀ-ਬੱਸ ਜੀ! ਫੇਰ ਮੈਂ ਅਮਾਨ ਮੰਗੀ, ਮੈਂ ਆਖਿਆ: ਸਾਡੇ ਹਾਕਮ ਦਾ ਦੋਸ਼ ਨਹੀਂ, ਇਹ ਪੂਜਾ ਖਾਣੇ ਅਸੀਂ ਮੌਲਵੀ ਮੁਜਾਵਰ, ਮੁਫਤੀ, ਕਾਜ਼ੀ ਸਾਰੇ ਜ਼ਿੰਮੇਵਾਰ ਹਾਂ, ਤੁਸੀਂ ਅਮਾਨ ਦਿਓ ਮੈਨੂੰ, ਮੇਰੇ ਮਾਲਕ ਨੂੰ, ਸਾਰੇ ਨੱਗਰ ਨੂੰ। ਓਹ ਸੁਣਕੇ ਬੋਲੇ, ਸਚੀਂ ਮੈਂ ਭੁਲ ਗਿਆ, ਹਾਂ.....(ਹੁਣ ਸਾਰੇ ਬੜੇ, ਚੁਪ ਚਾਪ ਧਿਆਨ ਨਾਲ ਸੁਣ ਰਹੇ ਸਨ) ਹਾਂ ਜੀ। ਪਹਿਲਾਂ ਇਸ ਤੋਂ ਗੁਰੂ ਸਾਹਿਬ ਸਾਰਾ ਹਾਲ ਸਿੱਖ ਪਾਸੋਂ ਸੁਣ ਚੁਕੇ ਸਨ। ਸੋ ਜੀ, ਮੇਰੀ ਅਰਜ਼ੋਈ ਸੁਣਕੇ ਆਖਣ ਲਗੇ: ਅਸੀਂ ਅਪਣੇ ਸਿਖ ਨੂੰ ਲੈਣ ਆਏ ਹਾਂ, ਤੁਹਾਨੂੰ ਮਾਰਨ ਨਹੀਂ ਆਏ, ਪਰ ਅਸਾਂ ਨਬੀ ਖਾਂ ਨੂੰ ਸੁਮੱਤ ਦੇਣੀ ਹੈ, ਉਹ ਕਿਥੇ ਹੈ? ਲਓ ਹਜ਼ੂਰ ਮੈਨੂੰ ਪਤਾ ਤਾਂ ਸੀ ਪਰ ਮੈਂ ਦਿਲ ਵਿਚ ਕਿਹਾ, ਹਾਂ ਤਾਂ ਮੈਂ ਮਸਖ਼ਰਾ, ਪਰ ਅਜ ਮੈਂ ਬੀ ਸਲਤਨਤ ਦੀ ਸਿਆਸਤ ਦੀ ਚਾਲ ਵਰਤਾਂ, ਮੈਂ ਕਿਹਾ: ਇਥੇ ਹੀ ਹੈਨ, ਹਜ਼ੂਰ ਦੀ ਖਿਦਮਤ ਬਾਬਰਕਤ ਵਿਚ ਮੈਂ ਲੈ ਆਂਵਾਗਾ ਉਨ੍ਹਾਂ ਨੂੰ। ਆਪ ਅੱਲਾ ਦੇ ਰਸੂਲ ਹੋ, ਫਕੀਰ ਹੋ ਤੇ ਉਹ ਆਪ ਦੀ ਮੱਤ ਸੁਣਨਗੇ, ਅਮਲ ਕਰਨਗੇ। ਲਓ ਜੀ ਫੇਰ ਅਸੀਂ ਭੋਰੇ ਤੋਂ ਬਾਹਰ ਆਏ।..... ਹਾਂ, ਸਚੀ ਮੈਂ ਭੁੱਲ ਗਿਆ, ਜਿਸ ਵੇਲੇ ਸਿਖ ਉਠਿਆ ਤਾਂ ਆਂ ਹਜ਼ਰਤ ਨੇ ਸਿਰ ਛਾਤੀ ਨਾਲ ਲਾਕੇ ਪਿਆਰ ਦਿੱਤਾ ਸੀ। ਨਾ ਸੱਚ, ਇਹ ਤਾਂ ਮੈਂ ਅਗੇ ਦੱਸ ਚੁਕਾ ਹਾਂ। ਮੈਂ ਉਸ ਵੇਲੇ ਉਨ੍ਹਾਂ ਦੇ ਨੈਣ ਤਕੇ; ਨਿਰੇ ਮਾਂ ਲੱਗਦੇ ਸਨ, ਬੱਚੇ ਨੂੰ ਗਲ ਲਾਕੇ ਸਾਰੇ ਹੀ ਪਿਆਰ ਵਿਚ ਪੰਘਰੇ ਹੋਏ। ਹਾਂ, ਓਹ ਦਰਸ਼ਨ, ਓਹ ਦੀਦਾਰੇ, ਮੈਂ ਕਹਾਂ ਇਬਾਦਤਗਾਹਾਂ ਤੋਂ ਇਹ ਕੈਦ ਖਾਨਾਂ ਚੰਗਾ।

ਕਾਜ਼ੀ-ਕਿਧਰੇ ਕਿਸੇ ਸਿੱਟੇ ਤੇ ਬੀ ਅੱਪੜ।

ਮੌਲਵੀ-ਜੀ ਲਓ ਸਿੱਟੇ ਬੀ ਲਓ, ਨਾੜ ਬੀ ਲਓ, ਸਾਰੀ ਕਣਕ ਤੁਸਾਡੇ ਘਰ।

ਲਓ ਅੱਲਾ ਤੁਹਾਡਾ ਭਲਾ ਕਰੇ, ਜਦ ਬਾਹਰ ਆਏ ਤਾਂ ਮੈਂ ਕਿਹਾ: ਹਜ਼ੂਰ! ਆਪਦੀ ਫੌਜ ਕਿੰਨੀ ਕੁ ਹੈ? ਹੁਕਮ ਕਰੋ ਜੋ ਦਾਣੇ ਪੱਠੇ ਦਾ ਬੰਦੋਬਸਤ ਕਰਾਵਾਂ? ਆਖਣ ਲਗੇ: ਮੇਰੇ ਨਾਲ ਅੱਲਾ ਹੈ। ਮੈਂ ਉੱਪਰ ਤੱਕਿਆ ਤਾਂ ਨੀਲਾ ਆਕਾਸ਼, ਪਰ ਵਿਚ ਇਕ ਦੂਰ ਖੜੋਤੀ ਫੌਜ ਦੀ ਬੱਝੀ ਕਤਾਰ ਦਾ ਮੈਨੂੰ ਝਾਂਵਲਾ ਪਵੇ, ਮੈਂ ਕਿਹਾ: ਵਾਹ ਫੌਜਾਂ ਵਾਲੇ ਅੱਲਾ!!

ਕਾਜ਼ੀ-ਮੁੱਕ ਬੀ ਕਿਤੇ ਕਿ ਕਾਫਰਾਂ ਨਾਲ ਰਲਕੇ ਮਰਵਾਣਾਂ ਈਂ।

ਮੌਲਵੀ-ਮੋਮਨਾਂ ਨਾਲ ਰਲ ਕੇ ਕਾਫਰਾਂ ਨੂੰ?

ਲੋ ਜੀ, ਫੇਰ ਮੈਂ ਕਿਹਾ, ਆਪ ਚਲੋ ਜਿਥੇ ਡੇਰਾ ਹੈ। ਫੁਰਮਾਣ ਲਗੇ! ਡੇਰਾ ਸਰਮੇ ਹੈ, ਮੈਂ ਕਿਹਾ ਫੇਰ ਪਧਾਰੀਏ, ਸਿਖ ਆਪਣਾ ਲੈ ਜਾਈਏ, ਸਾਡੇ ਤੇ ਰਹਿਮਤ ਰਹੇ। ਤਦ ਮੁਸਕ੍ਰਾਏ ਆਂ ਹਜ਼ਰਤ ਤੇ ਫੁਰਮਾਇਓਂ ਨੇ, ਖੁਹਲਕੇ ਅਪਣੇ ਸਿੱਪ ਵਰਗੇ ਚਮਕਦੇ ਤੇ ਲਾਲਾਂ ਵਾਂਗੂ ਲਾਲ ਲਬ ਜਿਨ੍ਹਾਂ ਵਿਚੋਂ ਦਿਸ ਪਏ ਚੰਦਾਂ ਵਰਗੇ ਚਿਟੇ ਦੰਦ ਤੇ ਫੇਰ ਕਿਰੇ ਦੁਰੇ ਨਾਯਾਬ (ਕੀਮਤੀ ਮੋਤੀ) ਇਹ ਲਫਜ਼:-ਕਿ ਅਸਾਂ ਨਬੀ ਖਾਂ ਨੂੰ ਮਿਲਣਾ ਹੈ। ਮੈਂ ਕੋਸ਼ਿਸ਼ ਕੀਤੀ ਕਿ ਆਪ ਨੂੰ ਐਡੇ ਕੀਮਤੀ ਦਰਸ਼ਨ ਨਾ ਹੋਣ, ਮਤਾਂ ਖ਼ੁਦਗਰਜ਼ਾਂ ਦੀ ਚਾਂਦੀ ਕਲੀ ਬਣ ਜਾਏ, ਪਰ ਉਨ੍ਹਾਂ ਨੇ ਪੇਸ਼ ਨਾ ਜਾਣ ਦਿੱਤੀ, ਆਖਣ ਜ਼ਰੂਰ ਮਿਲਣਾ ਹੈ, ਫੇਰ ਮੈਂ ਕਿਹਾ ਕਿ ਜੁਨਾਬ ਤਕਲੀਫ ਨਾ ਫੁਰਮਾਓ, ਓਹ ਆਪ ਜੁਨਾਬ ਦੀ ਖਿਦਮਤ ਵਿਚ ਹਾਜ਼ਰ ਹੋ ਜਾਣਗੇ।

ਹਾਕਮ-ਮੈਨੂੰ ਫਸਾ ਆਇਆ ਹੈਂ? 'ਨਾ ਪਾਇ ਰਫਤਨ, ਨਾ ਜਾਇ ਮਾਂਦਨ*' ਪਰ ਇਹ ਦੱਸ ਕਿ ਸ਼ਹਿਰ ਦਾ ਪਹਿਰੇਦਾਰ ਕਿਥੇ ਸੀ? ਫੌਜ ਨੂੰ ਕੀ ਮੌਤ ਪਈ?

ਮੌਲਵੀ-ਜੋ ਘਰੋਂ ਮਰਨ ਮਾਰਨ ਮੰਡ ਕੇ ਟੁਰਦੇ ਹਨ ਓਹ ਅਵੇਸਲੇ ਤੇ ਸੁਖ ਰਹਿਣੇ ਪਹਿਰੇਦਾਰਾਂ ਦਾ ਮੱਕੂ ਮੂਹਰੇ ਬੰਨ੍ਹਦੇ ਹਨ। ਪਹਿਲੇ ਓਹ ਪੁੱਜੇ ਬਿਜਲੀ ਦੀ ਤੇਜ਼ੀ ਨਾਲ, ਪੁਜਦੇ ਸਾਰ ਦਰੰਵਾਜ਼ੇ ਦੇ ਪਹਿਰੇਦਾਰ ਦੀਆਂ ਕੱਸ ਲਈਆਂ ਮੁਸ਼ਕਾਂ, ਫਿਰ ਗਏ ਸਿਹਲਖਾਨੇ, ਪਹਿਰੇਦਾਰ ਓਥੇ ਦੋ ਸਨ, ਬੰਨ੍ਹ ਲੀਤੇ

*ਨਾ ਆਦਮੀ ਜਾ ਸਕੇ ਨਾ ਰੁਕ ਸਕੇ।

ਅੱਖ ਫਟਕਣ ਦੀ ਫੁਰਤੀ ਨਾਲ ਦੋਵੇਂ ਤੇ ਸਿਹਲਖਾਨੇ ਨੂੰ ਜੰਦਰਾ ਮਾਰਿਆ ਤੇ ਆਪ ਦੇ ਪਿਆਦੇ ਕੋਈ ਕਿਤੇ, ਕੋਈ ਕਿਤੇ, ਜਿਥੇ ਸਨ ਉਥੇ ਹੀ ਰਹਿ ਗਏ। ਸ਼ਸਤ੍ਰਹੀਨ ਤਾਂ ਸਨ ਸਾਰੇ, ਫੇਰ ਸਨ ਕਿੰਨੇ ਕੁ ਤੇ ਕਿਡੇ ਕੁ? ਤੇ ਉਹ ਤਾਂ ਇਕ ਇਕ ਜੁਆਨ ਪਿਪਲ ਦੇ ਰੁੱਖ ਜੇਡਾ ਹੈ। ਬੱਸ ਜੀ ਫੇਰ ਉਨ੍ਹਾਂ ਭੋਰਾ ਲੱਭ ਲਿਆ। ਇਕ ਸਿਖ ਸੂੰਹੀਆਂ ਨਾਲ ਸੀ। ਸਚੀ ਹਾਂ ਮੈਂ ਭੁੱਲ ਗਿਆ, ਘਰੋਂ ਟੁਰੇ ਸਨ ਛੇ, ਇਕ ਆਂ ਹਜ਼ਰਤ ਤੇ ਪੰਜ ਹੋਰ ਤੇ ਕੋਈ ਉਨ੍ਹਾਂ ਦੇ ਅੱਪੜਦੇ ਸਾਰ ਦਸ ਬਾਰਾਂ ਹੋਰ ਅੱਪੜ ਪਏ, ਮਗਰੋਂ ਹੁਣ ਤਾਈਂ ਪਤਾ ਨਹੀਂ ਕਿੰਨੇ ਹੋ ਗਏ ਹੋਣਗੇ।

ਕਾਜ਼ੀ-ਹੁਣ ਫੇਰ ਮੁਕਾ ਗਲ।

ਮੌਲਵੀ-ਬਸ ਮੁੱਕ ਗਈ।

ਹਾਕਮ-ਕਿਵੇਂ?

ਮੌਲਵੀ-ਬਸ ਉਹ ਦਰਵਾਜ਼ਿਓਂ ਬਾਹਰ ਚਬੂਤਰੇ ਤੇ ਬੈਠੇ ਹਨ, ਤੁਹਾਨੂੰ ਉਡੀਕਦੇ ਹਨ। ਜੇ ਤੁਸੀਂ ਚੱਲੋ ਤਾ ਵਾਹਵਾਹ, ਨਹੀਂ ਤਾਂ ਓਹ ਆ ਜਾਣਗੇ। ਫੇਰ ਖ਼ੈਰ ਹੈ ਕਿ ਨਹੀਂ? ਮੈਨੂੰ ਪਤਾ ਨਹੀਂ।

ਕਾਜ਼ੀ-ਆਪ ਜਾਣ ਵਿਚ ਹਾਣਤ ਹੈ।

ਮੌਲਵੀ-ਤੱਕ ਲੌ! ਮੈਂ ਤਾਂ ਮਸਖ਼ਰਾ ਹਾਂ, ਨਾਲੇ ਕਦਮਾਂ ਨਾਲ ਲੱਗ ਆਇਆ ਹਾਂ, ਮੇਰੀ ਥਾਂ ਤਾਂ ਖ਼ਬਰੇ ਹੁਣ ਗੁਲਾਬ ਸਿੰਘ ਦੀ ਥਾਵੇਂ ਭੋਰੇ ਵਿਚ ਹੋਊ, ਤੁਸਾਂ ਮੋਮਨਾਂ ਤੋਂ ਏਹੋ ਹੀ ਆਸ ਹੋ ਸਕਦੀ ਹੈ ਪਰ ਮੈਂ ਖਰੀ ਗੱਲ ਕਹਿਣੀ ਹੈ, ਸੁਣ ਲਓ:... ਉਹ ਮਾਮੂਲੀ ਇਨਸਾਨ ਨਹੀਂ ਬਾਬਰਕਤ ਵਜੂਦ ਹੈ। ਆਪ ਚਲਣਾਂ ਸਿਆਸੀ* ਨੁਕਤੇ ਤੋਂ ਬੀ ਚੰਗਾ ਹੈ, ਆਪਣੀ ਹੀਜ ਪਿਆਜ਼ ਗੁੱਝਾ ਰਹੇਗਾ, ਘਰ ਆਏ ਦਾ ਆਦਰ ਹੋ ਜਾਏਗਾ, ਭੁੱਲ ਮਾਡੀ ਹੈ ਹੀ। ਉਹ ਇਕ ਕੌਮ ਦੇ ਪੀਰ ਹਨ, ਪੀਰ ਸਭ ਦੇ ਸਾਂਝੇ ਹੁੰਦੇ ਹਨ, ਸ਼ੁਭ ਮਤ ਸਭ ਤੋਂ ਲੈਣੀ ਅਕਲਮੰਦੀ ਹੈ, ਗਲ ਛੇਤੀ ਮੁਕ ਜਾਏਗੀ, ਵਧਾਣ ਨਾ ਵਧੇਗਾ। ਅਗੇ ਮੈਂ ਉਹਨਾਂ ਨੂੰ ਦੱਸ ਆਇਆ ਹਾਂ ਕਿ ਸਾਡੇ ਹਾਕਮ ਦਾ ਕਸੂਰ ਨਹੀਂ, ਉਸ ਨੂੰ ਕਿਸੇ ਸਿਖਾ ਪੜ੍ਹਾ ਕੇ ਗ਼ਲਤੀ ਕਰਵਾਈ ਹੈ।

*ਨੀਤੀ।

ਕਾਜ਼ੀ-ਹਾਕਮ ਦੀ ਗ਼ਲਤੀ ਮੰਨ ਆਇਆ ਹੈਂ, ਬੇਗ਼ੈਰਤ!

ਮੌਲਵੀ-ਗ਼ੈਰਤ ਵੰਡੀਣ ਵੇਲੇ ਮੈਂ ਗ਼ੈਰਹਾਜ਼ਰ ਸਾਂ, ਤੇ ਕੰਮ ਸੁਆਰਣ ਦੀ ਅਕਲ ਵੇਲੇ ਤੁਸੀਂ ਸਭ ਸੁੱਤੇ ਪਏ ਸੀ ਤੇ ਮੈਂ ਜਾਗਦਾ ਸਾਂ। ਚਲੋ ਮੈਂ ਅਪਣੀ ਨਿਮਕ ਹਲਾਲੀ ਕਰ ਆਇਆ ਹਾਂ, ਅਗੋਂ ਜੋ ਤੁਹਾਨੂੰ ਗ਼ੈਰਤ ਵਾਲੇ ਲੋਕਾਂ ਨੂੰ ਭਾਵੇ ਕਰੋ।

ਹਾਕਮ-ਕਾਹਲਾ ਪੈ ਗਿਆ ਹੈਂ? ਮਰਦੂਦ! ਅਸੀਂ ਕਿਸ ਜੇਰੇ ਨਾਲ ਤੇਰੇ ਕਿੱਸੇ ਮੁਣੇ ਹਨ?

ਮੌਲਵੀ-ਜ਼ੁਨਾਬ ਦੀ ਬਜ਼ੁਰਗੀ ਹੈ, ਮੈਂ ਕਾਹਲਾ ਨਹੀਂ, ਮੈਂ ਕਹਿੰਦਾ ਹਾਂ ਕਿ ਉਸ ਵੇਲੇ ਮੈਂ ਇਕੱਲਾ ਸਾਂ, ਹੁਣ ਸਾਰੇ ਹਨ, ਮੈਂ ਇੰਨੀ ਅਕਲ ਤਾਂ ਕਰ ਆਇਆ ਹਾਂ ਨਾ ਕਿ ਆਪ ਨੂੰ ਸੋਚਣ ਦਾ ਵਕਤ ਮਿਲੇ, ਹੋਰ ਕੁਛ ਸਰਿਆ ਹੈ ਕਿ ਨਹੀਂ? ਤੁਸੀਂ ਜਾਣੋ, ਹੁਣ ਸੋਚ ਲਵੋ, ਜੋ ਠੀਕ ਹੋਵੇ ਕਰੋ।

ਕਾਜ਼ੀ-ਰਾਜ ਔਰੰਗਜ਼ੇਬ ਦਾ ਹੈ, ਇਹ ਗੁਰੂ ਸਰਹਿੰਦ ਦੇ ਨਵਾਬ ਤੋਂ ਹਾਰ ਖਾਕੇ ਆਇਆ ਹੈ, ਕੀ ਕਰੇਗਾ ਸਾਡਾ? ਸਾਡੀ ਤਾਕਤ ਕਾਬਲ ਤੋਂ ਕਰਨਾਟਕ ਤੱਕ ਹੈ!

ਮੌਲਵੀ-ਠੀਕ ਹੈ ਜਦ ਤਾਈਂ ਤਾਕਤ ਦਿੱਲੀਓਂ ਆਵੇਗੀ ਤਦ ਤਕ ਤੁਸੀਂ ਕਬਰਾਂ ਵਿਚ ਆਰਾਮ ਫੁਰਮਾ ਰਹੇ ਹੋਵੋਗੇ, ਤੇ ਜਿਸ ਨੂੰ ਹਾਰਿਆ ਕਹਿੰਦੇ ਹੋ ਉਹ ਖਿਦਰਾਣੇ ਦੀ ਢਾਬ ਤੇ ਪੰਜ ਹਜ਼ਾਰ ਦੇ ਬੁਥਾੜ ਭੰਨ ਕੇ ਆਇਆ ਹੈ, ਵਜ਼ੀਰ ਖਾਂ ਸਰਹਿੰਦੀ ਦੀ ਹੋਸ਼ ਟਕਾਣੇ ਕਰ ਆਇਆ ਹੈ। ਫੇਰ ਨਿਹੱਤਾ, ਨਿਰਭੈ ਫਿਰ ਰਿਹਾ ਹੈ। ਹਾਂ, ਸੱਚੀ ਸ਼ਹਿਨਸ਼ਾਹ ਵਲੋਂ ਬੀ ਪਰਵਾਨਾ ਜਾਰੀ ਹੋ ਗਿਆ ਹੈ ਕਿ ਉਨ੍ਹਾਂ ਨੂੰ ਕੋਈ ਕੁਛ ਨਾ ਕਹੇ, ਪਰ ਬਈ ਤੁਸੀਂ ਦਾਨੇ ਹੋ ਫੇਰ ਬੀ ਸੋਚ ਲਵੋ।

ਮਸਖ਼ਰੇ ਦੀ ਇਹ ਗੱਲ ਪਸੰਦ ਆ ਗਈ, ਦਿਲ ਖੁਭ ਗਈ।

ਨਾਜ਼ਮ-ਫਿਰ ਕਿੰਵ ਕਰੀਏ?

ਮਸਖਰਾ-ਘਰ ਆਏ ਮਿਹਮਾਨ ਸਮਝਕੇ ਕੁਛ ਆਦਰ ਦਾ ਸਾਮਾਨ ਮਠਿਆਈ ਫਲ ਆਦਿਕ ਘੱਲ ਦਿਓ, ਪਿੱਛੋਂ ਜਾ ਕਦਮ ਬੋਸੀ ਕਰੋ। ਬਹੈਸੀਅਤ ਇਕ ਫਕੀਰ ਦੇ ਆਦਰ ਕਰੋ:

ਕਾਜ਼ੀ-ਜਾਣਾ ਹਤਕ ਹੈ, ਉਹ ਆ ਜਾਣ।

ਮਸਖਰਾ-ਉਨ੍ਹਾਂ ਦਾ ਆਉਣਾ ਤੁਹਾਡੀ ਹਾਣਤ ਹੈ, ਉਹ ਆਉਣਗੇ ਤਾਂ ਹੈਸੀਅਤ ਹੋਵੇਗੀ, ਫਾਤਿਹ ਦਾ ਮਫਤੂਹ ਦੀ ਗੋਸ਼ਮਾਲੀ ਕਰਨ ਆਉਣਾ*।

ਕਾਜ਼ੀ-ਤੇ ਓਥੇ ਗਿਆਂ ਉਨ੍ਹਾਂ ਗੋਸ਼ਮਾਲੀ ਕਰਨੀ ਹੈ, ਜ਼ਰੂਰ।

ਮਸਖ਼ਰਾ-ਓਥੇ ਤਾਂ ਗੋਸ਼ਮਾਲੀ ਕਰਾਉਣ ਜਾਣਾ ਹੈ ਬਹੈਸੀਅਤ ਇਕ ਸ਼ਰੀਫ ਇਨਸਾਨ ਦੇ, ਪਾਸ ਇਕ ਵਲੀ ਦੇ।

੧. ਮੁਮਾ:-ਮੌਲਵੀ ਸਾਹਿਬ ਦੀ ਰਾਇ ਸਲੀਮ ਹੈ।

ਦੂਮਰਾ-ਠੀਕ ਹੈ।

ਮੁਸੱਦੀ-ਚੱਲਣਾ ਠੀਕ ਹੈ, ਅਸੀਂ ਹਮਰਕਾਬ ਜਾਵਾਂਗੇ।

ਇਸ ਤਰ੍ਹਾਂ ਦੇ ਬਖੇੜੇ ਝਗੜੇ ਮਗਰੋਂ ਸਾਰੇ ਪਿਛਲੇ ਰਸਤੇ ਹਾਕਮ ਦੇ ਘਰ ਪੁੱਜੇ, ਉਥੋਂ ਕੁਛ ਨਜ਼ਰਾਨਾ ਤੇ ਸੰਦੇਸ਼ਾ ਮੀਰ ਮੁਨਸ਼ੀ ਹੱਥ ਘੱਲਿਆ, ਫੇਰ ਸਾਰੇ ਤਿਆਰ ਹੋਕੇ ਆਪ ਅੱਪੜੇ। ਜਾਕੇ ਬੜੇ ਅਦਬ ਨਾਲ ਮਿਲੇ, ਸਤਿਗੁਰਾਂ ਹੱਥ ਨਾਲ ਆਦਰ ਦਿਤਾ ਤੇ ਫੇਰ ਵਾਰਤਾਲਾਪ ਸ਼ੁਰੂ ਹੋਈ:-

ਮੌਲਵੀ-ਹਜ਼ੂਰ ਅਨਵਰ, ਆਪ ਦੇ ਕਦਮਾਂ ਦੇ ਯੁਮਨ ਨਾਲ ਅਸੀਂ ਅੱਜ ਫੈਜ਼ਯਾਬ ਹੋਏ ਹਾਂ, ਆਪ ਦੀਨ ਦੇ ਹਾਦੀ ਹੋ, ਸਭ ਦੇ ਸਾਂਝੇ ਹੋ, ਆਪ ਨੂੰ ਕਿਸੇ ਨਾਲ ਦ੍ਵੈਖ ਨਹੀਂ, ਸਾਡੇ ਪਾਸੋਂ ਇਕ ਚੁੱਕੇ ਚੁਕਾਏ ਉਕਾਈ ਹੋ ਗਈ ਜੋ ਗੁਲਾਬ ਸਿੰਘ ਜੀ ਨੂੰ ਤਸਦੀਆ ਪੁਜਾ ਹੈ, ਸੋ ਆਪ ਨੇ ਅਪਣੀ ਫਕੀਰਾਨਾ ਮਿਹਰ ਵਿਚ ਚਿੱਤੋਂ ਭੁਲਾ ਦਿੱਤੀ ਹੋਣੀ ਹੈ, ਸਾਡੇ ਸਾਰਿਆਂ ਵਲੋਂ ਇਸ ਨਾਵਾਜਬ ਹੋਣਹਾਰ ਤੇ ਇਜ਼ਹਾਰ ਅਫਸੋਸ ਹੈ!

*ਜਿੱਤੇ ਹੋਏ ਸੂਰਮੇ ਦਾ ਹਾਰੇ ਹੋਏ ਨੂੰ ਸਜ਼ਾ ਦੇਣਾ।

ਇਸ ਤਰ੍ਹਾਂ ਦੀ ਹਸਮੀ ਗੁਫਤਗੂ ਸੁਣ ਕੇ ਸਤਿਗੁਰੂ ਜੀ ਦੇ ਗੰਭੀਰ ਨੈਣ ਹੋਰ ਗੰਭੀਰ ਹੋ ਗਏ। ਬੁੱਲ, ਜੋ ਰਤਾ ਰਤਾ ਦੰਦਾਂ ਹੇਠ ਹੁੰਦੇ ਸਨ ਖੁਲ੍ਹੇ ਨਹੀਂ, ਮਿਟੇ ਰਹੇ। ਆਪ ਸੁਣਦੇ ਰਹੇ ਅਰ ਅਡੋਲ ਬੈਠੇ ਰਹੇ; ਫੇਰ ਜਦ ਚੁੱਪ ਹੋਈ ਸਿਰ ਜ਼ਰਾ ਕੁ ਹਿਲਾਇਆ ਤੇ ਹੱਥ ਨਾਲ ਪਜ਼ਾਰ ਦਾ ਇਸ਼ਾਰਾ ਕਰਕੇ ਉੱਠ ਖੜੋਤੇ। ਨਬੀ ਖਾਂ ਦੇ ਮੋਢੇ ਤੇ ਹੱਥ ਧਰਕੇ ਅਪਣੇ ਮਗਰ ਆਉਣ ਦਾ ਇਸ਼ਾਰਾ ਕੀਤਾ। ਕੁਛ ਦੂਰ ਚਲੇ ਗਏ, ਗੁਰੂ ਸਾਹਿਬ ਤੇ ਹਾਕਮ, ਨਜ਼ਰੋਂ ਉਹਲੇ ਹੋ ਗਏ: ਏਥੇ ਨਬੀ ਖਾਂ ਖੇਵਸਾ ਪੈਰਾਂ ਤੇ ਢਹਿ ਪਿਆ ਤੇ ਸਤਿਗੁਰ ਜੀ ਨੇ ਕੁਛ ਪਿਆਰ ਦੇ ਬਚਨ ਕੀਤੇ ਜੋ ਸਮਾ ਗਏ ਉਸਦੇ ਅੰਦਰ, ਲਹਿ ਗਏ ਥੱਲੇ ਹੀਏ ਵਿਚ, ਹੋਸ਼ ਪਰਤੀ ਰਾਜ ਮਦ ਤੋਂ। 'ਜ਼ੁਨਾਬ, ਮਿਹਰ' ਦੋ ਲਫਜ਼ ਬਾਰ ਬਾਰ ਉਸਦੇ ਮੂੰਹੋਂ ਨਿਕਲਦੇ ਰਹੇ, ਫੇਰ ਸਤਿਗੁਰ ਮੁੜੇ, ਮਗਰੇ ਮਗਰ ਆਇਆ ਸਿਰ ਨਿਹੁੜਾਈ ਕਿਸੇ ਰੰਗ ਵਿਚ, ਹੋਸ਼ ਵਿਚ, ਯਾਦ ਵਿਚ ਨਬੀ ਖਾਂ। ਫਿਰ ਨਹੀਂ ਉਹ ਕਦੇ ਕ਼ਸ਼ਕਿਆ ਕੋਈ ਵਾਧੂ ਗੱਲ, ਜਾਂ ਜ਼ੋਰ ਜ਼ੁਲਮ ਧੱਕਾ ਕੀਤਾ ਕੋਈ। ਕੋਈ ਮੁਹਰ ਲਗ ਗਈ ਮੂੰਹ ਤੇ, ਅੰਦਰ ਕੁਛ ਵਾਪਰ ਗਿਆ ਜਿਸਨੂੰ ਉਹ ਜਾਣਦਾ ਹੋਊ, ਪਰ ਫਿਰ ਪਰਜਾ ਉਸ ਦੇ ਵਕਤ ਵਿਚ ਸੁਖੀ ਰਹੀ।

ਸਤਿਗੁਰ ਦਾਤੇ ਬਸੰਤ ਰੁਤ ਦੀ ਅੰਮ੍ਰਿਤ ਵੇਲੇ ਦੀ ਮਿੱਠੀ ਮਿੱਠੀ, ਪਿਆਰੀ ਪਿਆਰੀ ਵਾਯੂ ਵਾਂਙੂ ਕੈਦੋਂ ਛੁਡਾਏ ਸਿਖ ਨੂੰ, ਨਾਲ ਲੈਕੇ ਸ਼ਰਸੇ ਆ ਗਏ। ਗੁਲਾਬ ਸਿੰਘ ਦੀ ਲੁਕਾਈ ਕਾਕੀ ਪਿਤਾ ਦੇ ਗਲ ਮਿਲੀ, ਵਿਛੁੜਿਆ ਪਰਵਾਰ ਫਿਰ ਮਿਲਿਆ, ਸੁਖ ਵਰਤੀ, ਠਢ ਪਈ।

ਆਖੋ! ਧਨ ਖੁਲਾਂ ਦਾ ਦਾਤਾ ਸਾਹਿਬ ਸ੍ਰੀ ਗੁਰੂ ਗੋਬਿਦ ਸਿੰਘ!

ਗੀਤ- **ਦਰਸ਼ਨ-ਜੋਦੜੀ**

{ਰਾਗ ਪਹਾੜ, ਤਾਰ ੩}

ਅਸਥਾਈ-
ਇਕ ਵੇਰੀ ਫੇਰ ਦਿਖਾਈਂ, ਵੇ ਦਿਖਾਈਂ
ਮੈਂ ਕਮਲੀ ਦਿਆ ਸੁਹਣਿਆਂ।
ਕਲਗੀ ਦੀ ਝਮਕ ਦਿਖਾਈ ਵੇ ਦਿਖਾਈਂ
ਮੈਂ ਕਮਲੀ ਦਿਆ ਸੁਹਣਿਆਂ!

ਅੰਤਰਾ-
ਅਵੇ ਆ ਕਲਗੀ ਵਾਲਿਆ!
ਕਿਵੇਂ ਆ ਕਲਗੀ ਵਾਲਿਆ!
ਇਕ ਵੇਰੀ ਝਾਤ ਪੁਆਈਂ, ਵੇ ਪੁਆਈਂ
ਮੈਂ ਕਮਲੀ ਦਿਆ ਸੁਹਣਿਆਂ।

੨. ਪਛੜ ਪਛੜ ਮੈਂ ਵੇ ਆਈ, ਵੇ ਆਈ!
ਮੈਂ ਕਮਲੀ ਦਿਆ, ਸੁਹਣਿਆਂ।
ਇਕ ਫੇਰਾ ਫੇਰ ਤੂੰ ਪਾਈਂ, ਤੂੰ ਪਾਈਂ
ਮੈਂ ਕਮਲੀ ਦਿਆ ਸੁਹਣਿਆਂ!
ਅਵੇ ਆ ਕਲਗੀ ਵਾਲਿਆ!
ਕਿਵੇਂ ਆ ਕਲਗੀ ਵਾਲਿਆ!
ਇਕ ਵੇਰੀ ਝਾਤ ਪੁਆਈਂ, ਵੇ ਪੁਆਈਂ
ਮੈਂ ਕਮਲੀ ਦਿਆ ਸੁਹਣਿਆਂ!

੩. ਸਿਕਦੇ ਮੈਂ ਨੈਣ ਠਰਾਈਂ, ਵੇ ਠਰਾਈਂ
ਮੈਂ ਕਮਲੀ ਦਿਆ ਸੁਹਣਿਆਂ।
ਇਕ ਵੇਰੀ ਠੰਢਕ ਪਾਈਂ, ਵੇ ਪਾਈਂ,
ਮੈਂ ਕਮਲੀ ਦਿਆ ਸੁਹਣਿਆਂ।
ਅਵੇ ਆ ਕਲਗੀ ਵਾਲਿਆ!
ਕਿਵੇਂ ਆ ਕਲਗੀ ਵਾਲਿਆ!
ਇਕ ਵੇਰੀ ਝਾਤ ਪੁਆਈਂ, ਵੇ ਪੁਆਈਂ
ਮੈਂ ਕਮਲੀ ਦਿਆ ਸੁਹਣਿਆਂ।

੪. ਇਕ ਵੇਰ ਓ ਚਰਨ ਚੁਮਾਈਂ, ਵੇ ਚੁਮਾਈਂ
ਮੈਂ ਕਮਲੀ ਦਿਆ ਸੁਹਣਿਆਂ।
ਸੁਹਣੇ ਓ ਚਰਨ ਚੁਮਾਈਂ, ਵੇ ਚੁਮਾਈਂ
ਮੈਂ ਕਮਲੀ ਦਿਆ ਸੁਹਣਿਆਂ।
ਅਵੇ ਆ ਕਲਗੀ ਵਾਲਿਆ!
ਕਿਵੇਂ ਆ ਕਲਗੀ ਵਾਲਿਆ!
ਇਕ ਵੇਰੀ ਝਾਤ ਪੁਆਈਂ, ਵੇ ਪੁਆਈਂ
ਮੈਂ ਕਮਲੀ ਦਿਆ ਸੁਹਣਿਆਂ।

ਸੂਚਨਾ-ਸਰਸੇ ਤੋਂ ਕੂਚ ਕਰਕੇ ਗੁਰੂ ਜੀ ਮਧੂ ਸਿੰਘਾਣੇ ਆਏ, ਏਥੋਂ ਭਾਦਰੇ, ਨੌਹਰ, ਸੁਹੇਵੇ ਆਦਿ ਅਸਥਾਨਾਂ ਪਰ ਮੁਕਾਮ ਕਰਦੇ ਚੂਰੂ ਪਹੁੰਚੇ। ਫਿਰ ਦਾਦੂ ਦੁਆਰੇ (ਨਰਾਇਣ ਪੁਰੇ) ਠਹਿਰਨੇ ਦਾ ਪ੍ਰਸੰਗ ਵਰਤਿਆ। ਫੇਰ ਹੇਠਾਂ ਜਾਕੇ ਅਜਮੇਰ ਲਾਗੇ ਪੁਸ਼ਕਰ ਤੀਰਥ ਜਾ ਡੇਰਾ ਕੀਤਾ। ਇਨ੍ਹਾਂ ਦੁਹਾਂ ਥਾਵਾਂ ਦੇ ਪ੍ਰਸੰਗ ਅੱਗੇ ਹਨ:-

੯੯. ਦਾਤਾ ਜੀ ਦਾਦੂ ਦੁਆਰੇ*।

੧.

ਨਰੈਣਪੁਰ ਵਿਚ ਦਾਦੂ ਜੀ ਦੇ ਦੁਆਰੇ ਦੇ ਇਕ ਦਾਲਾਨ ਵਿਚ ਬੈਠੇ ਹਨ ਮਹੰਤ ਜੈਤ ਰਾਮ ਜੀ, ਕਿ ਇਕੋ ਸਾਧੂ ਨੇ ਆਕੇ ਨਮਸਕਾਰ ਕੀਤੀ, ਜਿਸ ਨੂੰ ਤੱਕ ਕੇ ਮਹੰਤ ਜੀ ਬੋਲੇ:-ਆਓ ਸਾਧ ਰਾਮ! ਜੈ ਹੋ ਦਾਦੂ ਜੀ ਕੀ।

ਸੰਤ-ਜੈ ਹੋ ਦਾਦੂ ਜੀ ਕੀ, ਨਮਸਕਾਰ, ਦੰਡੌਤ ਮਹੰਤ ਸਾਹਿਬ!

ਜੈਤ ਰਾਮ-ਤੁਸੀਂ ਬਾਹਰ ਤੇ ਆਏ ਹੋ, ਕੌਣ ਰਾਜਾ ਆ ਉਤਰਿਆ ਹੈ ਦੁਆਰੇ ਦੇ ਬਾਹਰ? ਬੋਹੜਾਂ ਤਲੇ। ਨਾਲ ਸੈਨਾਂ ਹੈ, ਘੋੜਿਆਂ ਦੀ ਹਿਨਹਿਨਾਟ ਤੇ ਮਰਦਾਂ ਦੀ ਚਹਿਲ ਪਹਿਲ ਸੁਣਾਈ ਦੇ ਰਹੀ ਹੈ?

*ਇਹ ਪ੍ਰਸੰਗ ਗੁਰਪੁਰਬ ਸਪਤਮੀ ਜੋ ਸ਼ਨੀਵਾਰ ੧੩ ਪੋਹ ਸੰ: ਗੁ: ਨਾ: ਸਾ: ੪੬੨, ਬਿ: ੧੯੮੭, ਦਸੰਬਰ ਦੀ ੨੭ ਸ: ੧੯੩੦ ਈ: ਨੂੰ ਸੀ, ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਸੰਤ-ਜੀ, ਬੜਾ ਸੁਆਦੀਕ ਜੋਧਾ ਹੈ, ਜੋਧਾ ਹੈ ਪਰ ਜੋਧਾ ਨਹੀਂ; ਰਾਜਾ ਹੈ, ਪਰ ਰਾਜਾ ਨਹੀਂ।

ਜੈਤ ਰਾਮ-ਅੱਛਾ, ਕੀਕੂ ਹੈ ਤੇ ਕੀਕੂ ਨਹੀਂ?

ਸੰਤ-ਗੱਦੀ ਰਾਜ ਗੱਦੀ ਨਹੀਂ, ਪਰ ਫਕੀਰ ਗੱਦੀ ਦਾ ਗੱਦੀ ਨਸ਼ੀਨ ਹੈ। ਪ੍ਰਤਾਪ, ਲੋਭ ਵਾਲੇ ਜ਼ੋਰ ਦਾ ਨਹੀਂ, ਪਰ ਤਿਆਗ ਦੇ ਬਲ ਦਾ ਪ੍ਰਤਾਪ ਹੈ।

ਜੈਤ:-ਬੁਝਾਰਤਾਂ ਪਾ ਰਹੇ ਹੋ, ਸਾਧ ਰਾਮ! ਅਣਮਿਲਵੀਆਂ ਗੱਲਾਂ ਕਹਿਕੇ ਹੈਰਾਨ ਕਰ ਰਹੇ ਹੋ।

ਸੰਤ-ਸ੍ਰੀ ਜੀਉ! ਸਾਹਿਬ ਗੁਰੂ ਗੋਬਿੰਦ ਸਿੰਘ ਹੈ, ਗੁਰ ਨਾਨਕ ਦੇਵ ਜਗਤ ਗੁਰੂ ਦੀ ਗੱਦੀ ਦਾ ਦਸਵਾਂ ਗੱਦੀ ਨਸ਼ੀਨ। ਗੁਰੂ ਨਾਨਕ ਨੂੰ ਜਾਣਦੇ ਹੀ ਹੋ, ਉਨ੍ਹਾਂ ਦੀ ਪ੍ਰਸਿੱਧੀ ਘਰ ਘਰ ਹੈ। ਕਲਜੁਗ ਦੇ ਅਵਤਾਰ, ਪੂਰਨ ਅਵਤਾਰ, ਭਗਤੀ ਅਵਤਾਰ, ਪਿਆਰ ਦੇ ਅਵਤਾਰ, ਸੁਲਹ ਦੇ ਅਵਤਾਰ ਜਗਤ ਨੂੰ ਆਪੇ ਵਿਚ ਭਰਾ ਬਣਾ ਦੇਣਾ ਵਾਲੇ ਤੇ ਭਰਾਵਾਂ ਨੂੰ ਸਾਂਝਾ ਪਿਤਾ ਦਿਖਾ ਦੇਣ ਵਾਲੇ ਗੁਰੂ ਨਾਨਕ, ਗੁਰੂ ਨਾਨਕ.....।

ਇਹ ਕਹਿੰਦਿਆਂ ਸੰਤ ਦੇ ਨੈਣ ਉੱਪਰ ਹੋ ਹੋ ਕੇ ਬੰਦ ਹੋ ਗਏ ਤੇ ਬੋਲ ਰੁਕ ਗਿਆ।

ਜੈਤ: (ਸਿਰ ਨਿਵਾ ਕੇ):-ਧੰਨ ਗੁਰੂ ਨਾਨਕ ਭਗਤੀ ਅਵਤਾਰ ਤੇ ਭਗਤਾਂ ਦੇ ਸ਼ਿਰੋਮਣਿ, ਨਾਰਾਇਣ ਤੇ ਨਾਰਾਇਣ ਦੇ ਅਵਤਾਰ, ਸ਼ਾਂਤੀ ਤੇ ਧੀਰਜ, ਵਾਹ ਪਰ ਉਨ੍ਹਾਂ ਦੀ ਗੱਦੀ ਤੇ ਤਲਵਰੀਆ? ਹੈਂ!

ਸੰਤ (ਨੈਣ ਖੁਹਲ ਕੇ)-ਤੇ ਕੀਹ ਗੁਰੂ ਨਾਨਕ ਜੀ ਤਲਵਰੀਏ ਨਹੀਂ ਸਨ? ਕਿਸੇ ਅਗੇ ਝੁਕੇ ਹਨ, ਕਿਸੇ ਅਗੇ ਹਾਰੇ ਹਨ? ਕਿਸੇ ਦੀ ਸ਼ਰਨ ਪਏ ਹਨ ਜੋ ਆਇਆ ਸੋ ਸ਼ਰਨ, ਜੋ ਅੜਿਆ ਸੋ ਪ੍ਰਾਜੈ।

ਜੈਤ (ਸੋਚਕੇ):-ਹਾਂ। ਪਰ ਕੀਕੂ? ਤਲਵਾਰ ਨਾਲ?

ਸੰਤ-ਨਹੀਂ ਆਤਮ ਬਲ ਦੀ ਤਲਵਾਰ ਨਾਲ।

ਜੈਤ:-ਠੀਕ, ਪਰ ਸੰਤ ਜੀ। ਉਵ ਤਾਂ ਸੱਭਾ ਥਾਂ ਹਾਰੇ ਦਾ ਨਿਆਂ ਮੰਨਦੇ ਰਹੇ ਹਨ।

ਸੰਤ-ਪਰ ਹਾਰੇ ਦੇ ਨਿਆਂ ਵਿਚ ਜਿੱਤਦੇ ਤੇ ਵਾਦੀ ਨੂੰ ਹਰਾਉਂਦੇ ਰਹੇ ਹਨ। ਜੇ ਕਿਸੇ ਕਿਹਾ, ਖੁਦਾ ਦੇ ਘਰ ਵਲ ਪੈਰ ਕਿਉਂ ਕੀਤੇ ਹਨ, ਤਾਂ ਕਿਹਾ ਜਿਧਰ ਖੁਦਾ ਦਾ ਘਰ ਨਹੀਂ ਮੇਰੇ ਪੈਰ ਭੁਆਕੇ ਉੱਧਰ ਕਰ ਦੇਹ। ਬਾਦ ਨਹੀਂ ਕੀਤਾ, ਸੰਬਾਦ ਨਹੀਂ ਰਚਿਆ, ਸ਼ੰਕਾ ਕਰਨ ਵਾਲੇ ਦੀ ਮੰਨ ਲਈ ਪਰ ਦੇਖੋ ਇਸ ਹਾਰ ਮੰਨਣ ਵਿਚ ਵਾਦੀ ਹਾਰ ਗਿਆ, ਆਪ ਜਿੱਤ ਗਏ। 'ਹਾਰ ਵਿਚ ਜਿੱਤ' ਇਹ ਗੁਰ ਨਾਨਕ ਦਾ ਕ੍ਰਿਸ਼ਮਾਂ ਸੀ ਸਾਰੇ ਜੀਵਨ ਦਾ। ਜੇ ਨਵਾਬ ਨੇ ਕਿਹਾ ਮੇਰੇ ਨਾਲ ਨਿਮਾਜ਼ ਪੜ੍ਹੋ, ਤਾਂ ਕਿਹਾ ਵਾਹਵਾਹ ਚੱਲੋ, ਪਰ ਨਿਮਾਜ਼ ਪੜ੍ਹੀ ਕੋਈ ਨਾ। ਜਾਂ ਉਨ੍ਹਾਂ ਪੁਛਿਆ ਕਿ ਆਪ ਬਚਨ ਦੇਕੇ ਹਾਰੇ ਹੋ, ਤਾਂ ਫੁਰਮਾਇਓ ਨੇ ਕਿ ਤੁਸਾਂ ਆਪਣੇ ਨਾਲ ਖ਼ੁਦਾ ਦੀ ਨਿਮਾਜ਼ ਪੜ੍ਹਨ ਆਂਦਾ ਸੀ, ਘੋੜਿਆਂ ਦੀ ਸੁਦਾਗਰੀ ਤੇ ਵਛੇਰਿਆਂ ਦੀ ਰਾਖੀ ਦੀ ਨਿਮਾਜ਼ ਪੜ੍ਹਨ ਮੈਨੂੰ ਨਹੀਂ ਸੀ ਆਂਦਾ। ਇਕਰਾਰ ਖ਼ੁਦਾ ਦੀ ਨਿਮਾਜ਼ ਪੜ੍ਹਨ ਦਾ ਸੀ। ਸੋ ਦੇਖ ਲਓ ਹਾਰ ਵਿਚ ਆਪ ਜਿਤੇ ਹਨ ਤੇ ਨਵਾਬ ਨੇ, ਕਾਜ਼ੀ ਨੇ ਆਪਣੀ ਹਾਰ ਮੰਨੀ ਤੇ ਉਨ੍ਹਾਂ ਦੀ ਜਿੱਤ ਮੰਨੀ ਹੈ।

ਜੈਤ:-ਠੀਕ ਕਿਹਾ ਨੇ, ਐਸੇ ਪਿਆਰ ਪੁੰਜ ਦੀ ਗੱਦੀ ਤੇ ਤਲਵਰੀਆ?

ਸੰਤ-ਉਹੋ ਗੱਲ ਹੈ, ਆਤਮ ਬਲ ਹੀ ਵਡਾ ਬਲ ਹੈ। ਮੈਨੂੰ ਸੰਗ ਆਉਂਦੀ ਹੈ ਗਲ ਕਰਦਿਆਂ, ਮੈਂ ਹਾਂ ਦਾਸ, ਆਪ ਹੋ ਮਹਾਂ ਪੁਰਖ, ਮੂੰਹ ਨਿਕਾ ਵਡੀ ਬਾਤ! ਮੈਂ ਕੀਹ ਦੱਸਾਂ, ਆਪ ਜਾਣਦੇ ਹੋ!

ਜੈਤ:-ਨਹੀਂ ਸਾਧ ਰਾਮ! ਤੁਸੀਂ ਸਾਰੀ ਗਲ ਸੁਣਾਓ ਨਾ! ਗੁਰੂ ਨਾਨਕ ਦਾ ਗੱਦੀ ਨਸ਼ੀਨ ਆਵੇ ਤੇ ਮੈਂ ਸਤਿਕਾਰ ਨਾ ਕਰਾਂ, ਇਹ ਬੀ ਹੈਫ ਹੈ। ਪਰ ਜੇ ਮੈਂ ਹਿੰਸਕ ਤੇ ਤਲਵਾਰ ਧਾਰੀ ਦੇ ਪਾਸ ਟੁਰ ਕੇ ਜਾਵਾਂ ਤਾ ਬੀ ਮੈਨੂੰ ਹੈਫ ਹੈ। ਇਸ ਲਈ ਦੱਸ ਸਾਰੀ ਗਲ ਜੋ ਸਮਝ ਪੈ ਜਾਵੇ। ਤੂੰ ਕੁਛ ਟੋਹਾਂ ਪਤੇ ਲੈਕੇ ਆਇਆ ਜਾਪਦਾ ਹੈਂ।

ਸੰਤ-ਆਪ ਵਿਚ ਜੋਤ ਉਹੋ ਗੁਰੂ ਨਾਨਕ ਦੀ ਹੈ। ਨਾਮ ਦਾ ਰੰਗ ਉਹੋ ਜਿਹਾ ਲਾਉਂਦੇ ਹਨ। ਧਨ ਧਾਮ ਚਾਰ ਪੁਤ੍ਰ ਵਾਰ ਆਏ ਹਨ। ਸਾਰਾ ਪਾਤਸ਼ਾਹੀ ਠਾਠ ਲੁਟਾ ਆਏ ਹਨ, ਪਰ ਫੇਰ ਅਛੋਹ ਹਨ। ਕੋਈ ਰਤਾ ਭਰ ਗਏ ਦਾ ਪਛੁਤਾਵਾ ਯਾ ਗੁਆਚੇ ਦਾ ਹਾਵਾ ਨਹੀਂ। ਰੇਖਾਂ ਵਾਹਕੇ ਰੇਖਾਂ ਮਿਟਾ ਦੇਣ ਵਿਚ ਜਿਵੇਂ ਹਰਖ ਸ਼ੋਕ ਨਹੀਂ ਇਵੇਂ ਅਤੀਤ ਰਹੇ ਹਨ। ਹੈਨ ਫਕੀਰ, ਟਾਕਰਾ ਵਕਤ ਦੇ ਪਾਤਸ਼ਾਹ ਨਾਲ ਹੈ, ਫੌਜਾਂ, ਕਿਲੇ ਤੋਪਾਂ

ਰਚ ਲਈਆਂ ਹਨ ਤੇ ਉਹ ਘਮਸਾਨ ਘਾਲੇ ਹਨ ਕਿ ਤੁਰਕਾਨੀ ਕੰਬ ਉੱਠੀ ਹੈ। ਇਧਰ ਜੰਗ ਜਦਲ ਦੇ ਠਾਠ ਹਨ, ਉੱਧਰ ਨਾਮ ਰੰਗ ਨਿੱਤ ਨਵਾਂ ਹੈ। ਕੀਰਤਨ-ਹਰੀ ਜਸ-ਹੁੰਦਾ ਹੈ ਉਪਦੇਸ਼ ਕਰਦੇ ਤੇ ਤਾਰਦੇ ਹਨ। ਬੜੇ ਤਿਆਗੀ ਤੇ ਤਪੀ ਚਰਨ ਪਕੜਦੇ ਤੇ ਸ਼ਰਨ ਮੰਗਦੇ ਹਨ।

ਜੈਤ:-ਅਸਚਰਜ ਹੈ, ਜੰਗ ਤੇ ਹਰੀ ਪ੍ਰੇਮ! ਤੁਸਾਨੂੰ ਪਤੀਆ ਆ ਗਿਆ ਕਿ ਹਰੀ ਪ੍ਰੇਮ ਵਿਚ ਰੱਤੇ ਹਨ?

ਸੰਤ-ਰੱਤੇ ਕੀਹ, ਹਰੀ ਪ੍ਰੇਮ ਦਾ ਸਰਸ਼ਾਰ ਚਸ਼ਮਾ ਹਨ, ਡੁੱਲ੍ਹ ਡੁੱਲ੍ਹ ਪੈ ਰਿਹਾ ਹੈ ਪ੍ਰੇਮ ਆਪ ਦੇ ਨੈਣ ਸੋਮਿਆਂ ਤੋਂ। ਦੇਖੋ ਆਪ ਫੁਰਮਾਉਂਦੇ ਹਨ:-

"ਸਾਚ ਕਹਉ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥"

ਜੈਤ:-ਨਮਸਕਾਰ! ਇਹ ਖੁਸ਼ਬੋ ਗੁਰ ਨਾਨਕ ਦੀ ਹੈ। ਪਰ ਜੰਗ ਤੇ ਪ੍ਰੇਮ ਕਿਵੇਂ ਕੱਠੇ?

ਸੰਤ-ਔਰੰਗੇ ਦੇ ਹਥੋਂ ਪ੍ਰੇਮ ਤੇ ਭਗਤੀ ਵਾਲਿਆਂ ਦੀ ਰਾਖੀ ਨਮਿਤ ਜੰਗ ਕੀਤੋ ਨੇ। ਫਕੀਰ ਨੇ ਇਸ ਲਈ ਤਲਵਾਰ ਪਕੜ ਲਈ ਹੈ ਕਿ ਜ਼ਾਲਮ ਦੇ ਹਥੋਂ ਸੰਤ ਫਕੀਰ ਨਹੀਂ ਮਰਨ ਦੇਣੇ ਤੇ ਪਰਜਾ ਨਹੀਂ ਪੀੜਤ ਹੋਣ ਦੇਣੀ। ਪ੍ਰਯੋਜਨ ਸ੍ਵਾਰਥ ਦਾ ਨਹੀਂ, ਲੋਭ ਦਾ ਨਹੀਂ, ਰਾਜ ਤੇ ਤ੍ਰਿਸ਼ਨਾ ਦਾ ਨਹੀਂ ਪਰ ਨਿਰੋਲ ਦੀਨ ਰੱਖਿਆ ਦਾ ਹੈ। ਦੱਸੋ ਰਾਮ ਜੀ ਨੇ ਰਾਖਸ਼ਾਂ ਨੂੰ ਤਲਵਾਰ ਦਿਖਾਈ ਸੀ ਕਿ ਨਾ? ਕ੍ਰਿਸ਼ਨ ਜੀ ਨੇ ਦੁਸ਼ਟਾਂ ਦੇ ਪ੍ਰਹਾਰ ਲਈ ਪਾਂਡਵਾਂ ਨੂੰ ਤਲਵਾਰ ਫੜਾਈ ਸੀ ਕਿ ਨਾ? ਆਪ ਰਥਵਾਹੀ ਰਣ ਵਿਚ ਬਣੇ ਸਨ ਕਿ ਨਾ? ਤਿਵੇਂ ਕਲਜੁਗ ਵਿਚ ਇਹ ਸੰਤ ਉਬਾਰਨ ਅਵਤਾਰ ਪ੍ਰਗਟਿਆ ਹੈ।

ਜੈਤ:-ਚਲੋ ਫਿਰ ਦਰਸ਼ਨ ਕਰੀਏ।

ਸੰਤ-ਚੱਲੋ, ਆਪ ਵੇਖੋ, ਤਸੱਲਾ ਕਰੋ।

ਬਾਹਰ ਬੋੜ੍ਹ ਹੇਠਾਂ ਡੇਰਾ ਪਾਇਆ ਨੇ*, ਅਪਣੇ ਹੀ ਘਰ ਆਏ ਨੇ, ਉਹ ਪਛਾਣਦੇ ਹਨ ਆਤਮ ਰੰਗ ਨੂੰ, ਸ੍ਰੀ ਦਾਦੂ ਜੀ ਦੇ ਹੀ ਮਹਿਮਾਨ ਆਕੇ ਹੋਏ ਜਾਪ ਰਹੇ ਹਨ।

ਜੈਤ:-ਤਦ ਚੱਲੋ ਸਾਧਾਰਾਮ ਘਰ ਆਏ ਅਤਿੱਥੀ ਨੂੰ ਸਿਰ ਚਾਈਦਾ ਹੈ ਤੇ ਏਹ ਤਾਂ ਗੁਰੂ ਨਾਨਕ ਦੇ ਹੋਏ, ਹਾਂ, ਗੁਰੂ ਨਾਨਕ ਹੋਏ ਆਪ! ਦਾਦੂ ਦੇ ਘਰ ਨਾਨਕ ਆਵੇ ਤਾਂ ਦਾਦੂ ਬਲਿਹਾਰੇ ਜਾਵੇ।

੨.

ਬੋੜ੍ਹ ਦੇ ਹੇਠਾਂ ਛੋਟਾ ਜਿਹਾ ਸ਼ਾਮਿਯਾਨਾ ਤਣ ਰਿਹਾ ਹੈ, ਹੇਠਾਂ ਸਿੰਘਾਸਣ ਵਿਛ ਰਿਹਾ ਹੈ, ਉੱਪਰ ਬੈਠੇ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ, ਚਉਰ ਕਰ ਰਿਹਾ ਹੈ ਇਕ ਸਿੰਘ, ਹੋਰ ਸਿੰਘ ਆ ਆ ਕੇ ਬੈਠ ਰਹੇ ਹਨ, ਕੋਈ ਪਹੁੰਚ ਰਹੇ ਹਨ, ਕੋਈ ਕਿੱਲੇ ਗੱਡ ਰਿਹਾ ਤੇ ਘੋੜੇ ਬਨ੍ਹ ਰਿਹਾ ਹੈ। ਹੌਲੇ ਹੌਲੇ ਸਾਹਾ ਵਹੀਰ ਅੱਪੜ ਰਿਹਾ ਹੈ। ਦਿਨ ਦੇ ਕ਼ਿਆਮ, ਰਸਤ ਪਾਣੀ, ਆਰਾਮ ਦੇ ਪ੍ਰਬੰਧ ਹੋ ਰਹੇ ਹਨ। ਕੋਈ ਦਰਸ਼ਨ ਨੂੰ ਆ ਰਿਹਾ ਹੈ, ਕੋਈ ਖਬਰ ਪਾਕੇ ਰਸਤ ਲਿਆ ਰਿਹਾ ਹੈ, ਕੋਈ ਘਾਹ ਦਾਣਾ ਲਿਆ ਰਿਹਾ ਹੈ। ਦਾਤਾ ਜੀ ਦੇ ਪੁੱਜਣ ਦੀ ਖਬਰ ਸਾਰੇ ਫੈਲ ਚੁੱਕੀ ਸੀ ਤੇ ਲੋਕੀ ਦਰਸ਼ਨਾਂ ਲਈ ਆ ਰਹੇ ਸਨ ਕਿ ਇੰਨੇ ਨੂੰ ਮਹੰਤ ਸਾਹਿਬ ਬੀ ਪੁੱਜ ਪਏ। ਮਹੰਤ ਦਰਸ਼ਨ ਕਰਕੇ ਨਿਹਾਲ ਹੋ ਗਿਆ। ਅੱਗੇ ਹੋਕੇ ਚਰਨਾਂ ਤੇ ਸੀਸ ਧਰਿਆ। ਸਤਿਗੁਰ ਨੇ ਆਦਰ ਨਾਲ ਸਿਰ ਸੰਭਾਲਿਆ ਤੇ ਪਿਆਰ ਨਾਲ ਉਠਾਕੇ ਆਪਣੇ ਪਾਸ ਬਹਾਲ ਲਿਆ। ਆਪ ਮਹੰਤ ਸੀ ਅਭਿਆਸੀ ਆਦਮੀ ਤੇ ਆਪਣੇ ਨਿਸ਼ਚੇ ਕੀਤੇ ਸਿਧਾਂਤਾਂ ਤੇ ਅਮਲ ਕਰਨ ਵਾਲਾ ਤੇ ਕਰਨੀ ਕਰਤੂਤ ਵਿਚ ਪੱਕਾ, ਪਾਸ ਬੈਠਦੇ ਹੀ ਸਤਿਗੁਰੂ ਦੀ ਆਤਮ ਸੱਤਿਆ ਦੀ ਰੌ ਪਛਾਣ ਗਿਆ।

ਮਹੰਤ-ਆਪ ਬੜੇ ਸਾਕੇ ਵਰਤਾਕੇ ਆਏ ਹੋ, ਪਰ ਸਭ ਤੋਂ ਪਧੀਕ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਸੁਣਕੇ ਦੁੱਖ ਹੁੰਦਾ ਹੈ। ਧੰਨ ਹੋ ਆਪ, ਦੋ ਲਾਲ ਬਹਾਦਰ ਤਾਂ ਅਖਾਂ ਅਗੇ ਸ਼ਹੀਦ ਕਰਾਏ ਤੇ ਸੀ ਨਾ ਕੀਤੀ ਤੇ ਦੋ ਕਿਸ ਬੇਦਰਦੀ ਨਾਲ ਸ਼ਹੀਦ ਕੀਤੇ ਗਏ ਸੁਣੇ ਤੇ ਝੱਲ ਲਿਆ। ਆਪ ਮਹਾਂਪੁਰਖ ਹੋ, ਆਪ ਤੋਂ ਝੱਲੇ ਗਏ ਏਹ ਸੱਲ, ਨਹੀਂ ਤਾਂ ਪੁੱਤਰਾਂ ਦਾ ਸੱਲ ਗ੍ਰਿਹਸਤੀ ਲਈ ਬੁਰਾ, ਫੇਰ ਇਕੋ ਵਾਰੀ ਚੌਹਾਂ ਪੁੱਤਰਾਂ ਦਾ, ਭਗਵਾਨ ਰਖਿਆ ਕਰੇ। ਖਿਮਾਂ ਕਰਨੀ, ਦਾਵੇ ਵਿਚ ਦੁੱਖ ਹੀ ਹੁੰਦਾ ਹੈ, ਸ੍ਰੀ ਦਾਦੂ ਜੀ ਨੇ ਤਦੇ ਕਿਹਾ ਹੈ:-

*ਇਥੇ ਅਜੇ ਤਾਈਂ ਨਿਸ਼ਾਨ ਦੱਸੀਦਾ ਹੈ।

ਦਾਦੂ ਦਾਵੇ ਦੂਰ ਕਰ ਬਿਨ ਦਾਵੇ ਦਿਨ ਕੱਟ।
ਕੇਤੀ ਸੌਦਾ ਕਰ ਗਈ ਏਸ ਪਸਾਰੀ ਦੇ ਹੱਟ।

ਗੁਰੂ ਜੀ-ਠੀਕ ਹੈ, ਦਾਵਾ ਦਾਝਨ ਦਾ ਮੂਲ ਹੈ, ਨਿਰਦਾਵੇ ਰਹਿਣਾ ਬੇਸ਼ੰਕ ਰਹਿਣਾ ਹੈ, ਦਾਵੇ ਹੀਨ ਸੁਖੀ ਤੇ ਖੁਸ਼ ਰਹਿ ਸਕਦਾ ਹੈ, ਪਰ ਮਹੰਤ ਜੀ! ਦਾਵੇ ਦਾਵੇ ਦਾ ਫਰਕ ਹੈ। ਇਕ ਦਾਵਾ ਹੈ ਨਿਜ ਦੇ ਸ੍ਵਾਰਥ ਲਈ, ਆਪੇ ਲਈ ਸਭ ਕੁਛ ਲੋਚਣਾ ਤੇ ਦੂਜੇ ਨੂੰ ਵਾਂਝਣਾ, ਕੋਈ ਜਮਾਂਦਰੂ ਹੱਕ ਸਮਝਣਾ ਕਿ ਮੇਰਾ ਹਰ ਸ਼ੈ ਉੱਪਰ ਹੈ ਤੇ ਹੋਰ ਸਾਰੇ ਤੀਜੇ ਹਨ। ਇਹ ਦਾਵਾ ਆਪਣੇ ਆਪ ਵਿਚ ਦੁੱਖ ਦਾ ਸਾਹਮਣਾ ਕਰਾਵੇਗਾ, ਸਗੋਂ ਇਹ ਦਾਵਾ ਤਾਂ ਜਿੱਤ ਹੋਕੇ ਪ੍ਰਾਪਤੀ ਹੋ ਜਾਣ ਪਰ ਬੀ ਦੁਖ ਦਾਤਾ ਹੀ ਬਣੇਗਾ। ਕਿਉਂਕਿ ਮਨ ਦਾ ਧਰਮ ਹੈ ਕਿ ਇਹ ਇਕ ਬਿਜੈ ਪ੍ਰਾਪਤੀ ਦੇ ਬਾਦ ਦੂਜੀ ਵੱਲ ਤੇ ਦੂਜੀ ਤੋਂ ਤੀਜੀ ਵੱਲ ਲੈ ਜਾਂਦਾ ਹੈ, ਐਉਂ ਸਦਾ ਅਤ੍ਰਿਪਤ ਤੇ ਅਸ਼ਾਂਤਿ ਰੱਖਦਾ ਹੈ, ਅਰ ਫਿਰ ਦੂਜਿਆਂ ਦੇ ਦਾਵੇ ਨਾਲ ਟਕਰਾ ਪੈਣ ਕਰਕੇ ਮੁਕਾਬਲਾ ਆ ਪੈਂਦਾ ਹੈ। ਪਰ ਮਹੰਤ ਜੀ! ਇਕ ਦਾਵਾ ਹੋਰ ਹੈ, ਮਨ ਤ੍ਰਿਪਤ ਹੈ ਤੇ ਸ਼ਾਂਤਿ ਹੈ, ਸਾਈਂ ਚਿਤ ਹੈ ਤੇ ਸਾਈਂ ਦੇ ਰੰਗ ਰਸ ਦਾ ਸੁਆਦ ਬਣਿਆ ਰਹਿੰਦਾ ਹੈ ਪਰ ਉਸ ਦੀ ਨਜ਼ਰ ਪੈਂਦੇ ਹਨ ਦਾਵੇ ਵਾਲੇ ਬੰਦੇ, ਜਿਨ੍ਹਾਂ ਨੇ ਅਨੇਕਾਂ ਗਰੀਬਾਂ, ਦੁਖੀਆਂ, ਦਰਦ ਵੰਦਾਂ ਨੂੰ ਓਹਨਾਂ ਦੇ ਜਾਇਜ਼ ਹੱਕਾਂ ਤੋਂ ਵਾਂਝ ਕੇ ਦੁਖੀ ਕਰ ਰੱਖਿਆ ਹੈ ਯਾ ਸੰਤਾਂ ਸਾਧੂਆਂ ਨੂੰ ਬਿਪਤਾ ਵਿਚ ਪਾਇਆ ਹੈ ਤੇ ਪ੍ਰਜਾ ਇਨ੍ਹਾਂ ਦਾਵੇਦਾਰਾਂ ਦੇ ਹਥੋਂ ਤੰਗ ਹੈ। ਏਹ ਦਾਵੇ ਦਾਰ ਆਪਣੇ ਘਰ ਛਡ ਕੇ ਦੂਏ ਦੇ ਘਰ ਆ ਕੇ ਉਥੋਂ ਦੇ ਮਾਲਿਕ ਹੋਕੇ ਉਨ੍ਹਾਂ ਦੇ ਹਕ ਨਹੀਂ ਪਛਾਣਦੇ, ਪੂਰਾ ਨਹੀਂ ਤੋਲਦੇ, ਦੁਖ ਤੇ ਪੀੜਾ ਦੀ ਅਵਾਜ਼ ਤੇ ਨਹੀਂ ਪਸੀਜਦੇ ਸਗੋਂ ਆਪਣੇ ਦਾਵੇ-ਝੂਠੇ ਦਾਵੇ ਹੀ ਜ਼ੋਰ ਜ਼ੁਲਮ ਨਾਲ ਪੁਗਾਉਂਦੇ ਹਨ। ਐਸੇ ਪਾਪੀਆਂ ਦੇ ਦਾਵੇ ਭੰਨਣ ਲਈ ਵਾਹਿਗੁਰੂ ਹੁਕਮ ਦੇਂਦਾ ਹੈ ਫਕੀਰਾਂ ਨੂੰ:-ਕਿ ਸਭ ਕੁਛ ਮੇਰਾ ਹੈ, ਤੁਸੀਂ ਮੇਰੇ ਪੁੱਤਰ ਹੋ, ਅਚੁੱਤ ਤਨਹ ਤੁਸੀਂ ਹੋ, ਮੇਰੇ ਵਾਰਸ ਹੋਕੇ ਦਾਵਾ ਬੰਨ੍ਹੋ ਤੇ ਝੂਠੇ ਦਾਵੇਦਾਰਾਂ ਦੇ ਦਾਵੇ ਤੋੜ ਦਿਓ। ਮਹੰਤ ਜੀ! ਐਉਂ ਦਾਵੇਦਾਰ ਬਣਕੇ ਉੱਠਣਾ ਪੈਂਦਾ ਹੈ। ਅਗੋਂ ਝੂਠੇ ਦਾਵਿਆਂ ਵਾਲੇ ਮੁਕਾਬਲੇ ਕਰਦੇ ਹਨ, ਫੇਰ ਸਾਰੇ ਕਸ਼ਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਸਾਹਮਣਾ ਕਰਨਾ ਅਪਣਾ ਧਰਮ ਬਣ ਜਾਂਦਾ ਹੈ, ਕਿਉਂਕਿ ਉਸਦਾ ਫਲ ਸ੍ਰਿਸ਼ਟੀ ਦੀ ਪੀੜਾ ਹਰਨਾ ਹੈ। ਜੇ ਅਪਣੇ ਸਿਰ ਕਸ਼ਟ ਝਲ ਲੈਣ ਨਾਲ ਅਨੇਕਾਂ ਦਾ ਉਧਾਰ ਹੋਵੇ ਤਾਂ ਉਸ ਦਾਵੇ ਦੇ ਦੁੱਖ ਝੱਲਣੇ ਸੁੱਖਾਂ ਤੋਂ ਪਿਆਰੇ ਹੋਣੇ ਚਾਹੀਦੇ ਹਨ। ਮਹੰਤ ਸਾਹਿਬ! ਤੁਸੀਂ ਫਕੀਰ ਦੇ ਚੇਲੇ ਹੋ, ਸਾਈਂ ਦੇ ਪਿਆਰੇ ਹੋ, ਤਿਆਗ ਤੇ ਖਿਮਾਂ ਵਿਚ ਆਪਣੀ ਗੁਜ਼ਾਰ ਸਕਦੇ ਹੋ, ਪਰ ਜੇ ਆਪ ਦੇ ਕਾਲਜੇ ਜਗਤ ਪੀੜਾ ਪੁੜ ਜਾਵੇ ਤਾਂ ਆਪ ਫੇਰ ਮੁਸ਼ਕਲਾਂ ਦੇ ਸਾਹਮਣੇ ਕਰੋਗੇ ਤੇ ਸੰਕਟਾਂ ਦੇ ਵਿਚ ਦੀ ਲੰਘੋਗੇ: ਉਸ ਵੇਲੇ ਆਪ ਦਾ ਇਲਾਹੀ ਰੰਗ ਆਪ ਨੂੰ ਬੰਦਗੀ ਵਿਚ ਐਉਂ ਸੁਰਜੀਤ ਰਖੇਗਾ ਕਿ ਮੇਰਾ ਦਾਵਾ ਮੇਰਾ ਨਹੀਂ, ਪਰ ਅਸਲੀ ਦਾਵੇਦਾਰਾਂ ਦਾ ਦਾਵਾ ਮੇਰੀ ਵਕੀ-ਲਗੀ ਵਿਚ ਆ ਵੜਿਆ ਹੈ। ਇਸੇ ਤਰ੍ਹਾਂ ਦੀ ਹਾਲਤ ਵਿਚ ਅਸਾਂ ਇਹ ਚਉਣਾ ਚਾਇਆ ਹੈ ਤੇ ਖਾਲਸਾ ਇਸੇ ਤਰ੍ਹਾਂ ਦਾ ਉਪਕਾਰੀ ਦਲ ਸਾਜਿਆ ਹੈ, ਇਸ ਕਰਕੇ ਆਪ ਦਾ ਵਾਕ ਸੁਣਕੇ ਅਸੀਂ ਆਖਦੇ ਹਾਂ:-

ਦਾਦੂ! ਦਾਵਾ ਬੰਨ੍ਹ ਕੇ ਦੁਸ਼ਮਨ ਲਈਏ
ਲੁੱਟ*। ਇਕੋ ਰਹਿਸੀ ਖਾਲਸਾ ਹੋਰ
ਮਰੇਸੀ ਹੁੱਟ।

ਮਹੰਤ-ਸੱਤ ਕਿਹਾ ਹੈ ਆਪ ਨੇ, ਪਰ ਸਭ ਗੱਲਾਂ ਦਾ ਦਾਰੂ ਸ੍ਰੀ ਦਾਦੂ ਜੀ ਨੇ ਤਾਂ ਛਿਮਾਂ ਨੂੰ ਆਖਿਆ ਹੈ, ਇਸ ਕਰਕੇ ਉਨ੍ਹਾਂ ਨੇ ਫੁਰਮਾਇਆ ਹੈ:-

ਦਾਦੂ ਸਮਾ ਵਿਚਾਰ ਕੇ ਕਲਿ ਕਾ ਕੀਜੈ
ਭਾਇ॥ ਜੇ ਕੋ ਮਾਰੈ ਢੀਮ ਈਂਟ ਲੀਜੈ
ਸੀਸ ਚੜ੍ਹਾਇ॥

ਗੁਰੂ ਜੀ-ਠੀਕ ਹੈ ਜੇ ਜਗਤ ਤੋਂ ਪਰੇ ਹੋਕੇ ਪਰਵਿਰਤੀ ਤੇ ਦੂਰ ਰਹਿਕੇ ਨਿਰਵਿਰਤੀ ਵਿਚ ਦਿਨ ਗੁਜ਼ਾਰਨੇ ਹੋਣ ਤਾਂ ਸੁਹਣੀ ਸਿਖਿਆ ਹੈ। ਹਾਂ ਹਿਰਦੇ ਨੂੰ ਨਿਰਵੈਰ ਰੱਖਣੇ ਲਈ ਵੈਰ ਕਰਨ ਵਾਲੇ ਨਾਲ ਵੈਰ ਨਾ ਕਰਨਾ ਆਤਮ ਗੁਣ ਹੈ, ਤੇ ਸਾਡੇ ਘਰ ਵਿਚ ਬੀ ਸਲਾਹੁਤ ਰਖਦਾ ਹੈ। ਘਸੁੰਨ ਮਾਰਨ ਵਾਲੇ ਦੇ ਪੈਰ ਚੁੰਮਣੇ ਗੁਰੂ ਗ੍ਰੰਥ ਸਾਹਿਬ ਜੀ ਵਿਚ

*ਸਭ ਨੂੰ ਲਈਏ ਲੁੱਟ, ਬੀ ਪਾਠਾਂਤਰ ਹੈ।

ਬੀ ਆਏ ਹਨ ਪਰ ਉਹਦਾ ਭਾਵ ਹਿਰਦੇ ਦੀ ਨਿਰ-ਵੈਰਤਾ ਤੇ ਸਰਬ ਪਿਆਰ ਤੋਂ ਹੈ! ਐਨਾ ਪਿਆਰ ਵਿਚ ਉੱਚਾ ਹੋਵੇ ਕਿ ਬੁਰੇ ਕੀਤੇ ਦਾ ਰੋਸ ਨਾ ਕਰੇ, ਐਤਨਾ ਪ੍ਰੇਮ ਕਰੇ ਕਿ ਬੁਰੇ ਦਾ ਬੀ ਭਲਾ ਕਰੇ। ਮਹੰਤ ਜੀ! ਇਹ ਆਪਣੀ ਨਿੱਕੀ 'ਮੈਂ' ਨੂੰ ਹਉਮੈਂ ਤੋਂ ਸਾਫ ਕਰਨੇ ਨਮਿੱਤ ਹੈ। ਜੀਵ ਦਾ ਆਪਾ ਅੱਗਮਾਨ ਵਿਚ ਹੋਣ ਕਰਕੇ ਹਉਂ ਧਾਰਦਾ ਹੈ ਤੇ ਹਉਂ ਨੂੰ ਜੋ ਰੁਚੇ ਉਸਦੇ ਲੈਣ ਵਲ ਜਤਨ ਕਰਦਾ ਹੈ, ਜੋ ਹਉਂ ਦੇ ਵਾਂਛਤ ਵਸਤਾਂ ਦੀ ਪ੍ਰਾਪਤੀ ਦੇ ਰਸਤੇ ਵਿਚ ਰੋਕ ਪਾਵੇ ਤਾਂ ਇਹ ਉਸ ਨਾਲ ਖੁਣ-ਸਦਾ ਤੇ ਵੈਰ ਕਰਦਾ ਹੈ। ਇਹ ਕ੍ਰੋਧ ਹੈ, ਇਸੇ ਯਤਨ ਵਿਚ ਲੱਗਾ ਸੁੱਖਾਂ ਦੁੱਖਾਂ ਵਿਚ ਫਾਥਾ ਜੀਵ ਭੈ ਭਰਮ ਤੇ ਦੁੱਖ ਦਰਦ ਵਿਚ ਫਸਿਆ ਜੀਵਨ ਕਟਦਾ ਹੈ। ਇਸ ਸਾਰੇ ਕਲੇਸ਼ ਦੇ ਮੰਡਲ ਨੂੰ ਦੂਰ ਕਰਨ ਵਾਸਤੇ ਪ੍ਰੇਮ ਦਾਰੂ ਹੈ, ਜਿਸਦੀ ਵਰਤੋਂ ਨਾਲ ਜੀਵ ਅੰਦਰੋਂ ਸੁਖੀ ਹੋ ਜਾਂਦਾ ਹੈ। ਫਿਰ ਜੀਵ ਨੂੰ ਕਿਸੇ ਪਾਸੇ ਮੋਹ ਦਾ ਜਕੜਬੰਦ ਤੇ ਕਿਸੇ ਪਾਸੇ ਵੈਰ ਦ੍ਵੈਖ ਦਾ ਭਬਾਕਾ ਉੱਠ ਉੱਠਕੇ ਤੰਗ ਨਹੀਂ ਕਰਦੇ, ਇਸ ਕਰਕੇ ਪਹਿਲਾ ਸਬਕ ਇਹੋ ਸਿਖਾਈਦਾ ਹੈ-

"ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਹੁ॥" {ਗਉ: ਵਾ: ਮ: ੫}

ਭਈ! ਜੇ ਨੇਕੀ ਨਹੀਂ ਹੋ ਆਉਂਦੀ ਤਾਂ ਬਦੀ ਕਰਨਾ ਤਾਂ ਛੋੜ ਦੇਹ।

ਜਦੋਂ ਬਦੀ ਛੱਡ ਦੇਵੇ ਤਾਂ ਕਹੀਦਾ ਹੈ, ਨੇਕੀ ਕਰ:-

"ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥" {ਆਸਾ ਕਬੀਰ}

ਜਦ ਨੇਕੀ ਸਿਖ ਜਾਂਦਾ ਹੈ ਤਾਂ ਕਹੀਦਾ ਹੈ:-

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥੭੮॥"

ਜਦ ਐਉਂ ਕਰਦਿਆਂ ਨਿੰਦਾ ਹੁੰਦੀ ਹੈ ਤਾਂ ਕਹੀਦਾ ਹੈ:-

"ਕਰਿ ਪੁਨਹੁੰ ਨੀਚ ਸਦਾਈਐ॥"

ਇਸ ਤਰ੍ਹਾਂ ਮਨ ਨਿਰਮਲਤਾਈ ਵਿਚ ਟੁਰ ਪੈਂਦਾ ਹੈ, ਬਦੀਆਂ ਤੋਂ ਮੂੰਹ ਮੋੜਦਾ ਹੈ, ਫਿਰ ਨਾਲ ਹੀ ਨਾਮ ਵਿਚ ਟੋਰ ਦੇਈਦਾ ਹੈ ਤਾਂ ਪੰਡਾਂ ਮੂੰਹੀਂ ਮੈਲ ਕਟੀਂਦੀ ਹੈ ਤੇ ਮਨ ਜੋ ਲਿਰਮਲ ਹੋਇਆ ਸੀ ਉੱਚਾ ਹੋ ਆਉਂਦਾ ਹੈ। ਐਉਂ ਕਰਦਿਆਂ ਫਿਰ ਜੀਵ ਦੀ ਗਤੀ ਉਨਮਨ ਹੋ ਜਾਂਦੀ ਹੈ। ਉਸਨੂੰ ਫਿਰ ਸਾਈਂ ਨਾਲ ਨੇਹੁੰ ਲਗਦਾ ਹੈ! ਸਾਈਂ ਨਾਲ ਲੱਗਕੇ ਆਪਾ ਸਿੱਧਾ ਹੋ ਜਾਂਦਾ ਹੈ ਤੇ ਹਉਂ ਦੇ ਵਲ ਨਿਕਲ ਜਾਂਦੇ ਹਨ, ਅਵਿੱਦਯਾ ਦੀ ਕਾਈ ਕਟ ਜਾਂਦੀ ਹੈ ਤੇ ਹਰਖ ਸ਼ੋਕ ਰਾਗ ਦ੍ਵੈਖ ਦੂਰ ਹੋ ਜਾਂਦੇ ਹਨ। ਐਉਂ ਦਾ ਜਦ ਰੰਗ ਲਗ ਜਾਵੇ ਤੇ ਫੇਰ ਹੁਕਮ ਵਰਤੇ ਕਿ ਜਗਤ ਵਲ ਤੱਕੋ, ਤੇ ਜਗਤ ਦੁਖੀ ਨਜ਼ਰ ਪਵੇ ਤਾਂ ਦੁੱਖ ਹਰਨ ਦਾ ਸਾਮਾਨ ਕਰਨਾ ਪੈਂਦਾ ਹੈ, ਚਾਹੋ ਉਹ ਉਪਦੇਸ਼ ਹੋਵੇ, ਚਾਹੋ ਨਾਮ ਦੀ ਦਾਤ ਦੇਣੀ ਹੋਵੇ ਤੇ ਚਾਹੋ ਉਸ ਵਿਚ ਜੰਗ ਆ ਪਵੇ। ਜੰਗ ਆ ਪਵੇ ਤਾਂ ਫੇਰ ਸਾਰਾ ਕੁਛ ਮਾਹਸ ਵਾਲਾ, ਬੀਰਤਾ ਵਾਲਾ ਕਰਨਾ ਪੈਂਦਾ ਹੈ। ਮਨ, ਮਹੰਤ ਜੀ! ਜਦ ਉਨਮਨ ਹੋ ਚੁਕਾ ਹੈ, ਜਾਗ ਚੁਕਾ ਹੈ, ਹਉਂ ਦੇ ਵਲ ਕੱਢ ਚੁਕਾ ਹੈ, ਸਾਈਂ ਨਾਲ ਲੱਗ ਕੇ ਸਾਈਂ ਰੰਗ ਨਾਲ ਰੰਗੀਜ ਚੁਕਾ ਹੈ, ਉਸ ਨੇ ਜੇ ਪਰਾਏ ਹਿਤ ਲਈ ਤਲਵਾਰ ਪਕੜੀ ਹੈ ਤਾਂ ਉਸ ਦੇ ਗਿਆਨਵਾਨ ਹੋ ਚੁਕੇ ਮਨ ਵਿਚ ਮੁੜ ਅਗਿਆਨ ਨਹੀਂ ਆ ਰਿਹਾ, ਉਹ ਤਾਂ ਪਰ ਹਿਤ ਲਈ ਦੁੱਖ ਪਾ ਰਿਹਾ ਹੈ।

ਅਪਨਾ ਬਿਗਾਰ ਬਿਰਾਨਾ ਸਾਂਢੈ॥ {ਗੌ: ਰਵਿ:}

ਉਸਦੇ ਅੰਦਰ ਤ੍ਰਿਸ਼ਨਾ ਨਹੀਂ, ਉਸ ਨੂੰ ਰਾਗ ਦ੍ਵੈਖ ਕਿੱਥੇ? ਹੁਣ ਉਹ ਉਸਨੂੰ, ਕਿ ਜੋ ਸਾਧੂਆਂ ਨੂੰ, ਗ੍ਰੀਬਾਂ ਨੂੰ, ਬੇਦੋਸ਼ਿਆਂ ਨੂੰ ਇੱਟਾਂ ਮਾਰ ਰਿਹਾ ਹੈ, ਸਮਝਾਵੇਗਾ; ਜੇ ਉਹ ਨਾ ਸਮਝੇ ਤਾਂ ਉਹ ਉਸ ਨੂੰ ਮਾਰਨ ਲਈ ਡੱਟ ਖੜੋਵੇਗਾ, ਜੇ ਉਹ ਅੱਗੋਂ ਇਸ ਵੇਲੇ ਖਿਮਾ ਧਾਰ ਖੜੋਵੇ ਤਾਂ ਆਪ ਬੀ ਮਰੇਗਾ, ਜਿਸ ਦੀ ਰਖਜਾ ਕਰਨ ਲੱਗਾ ਸੀ ਉਹ ਬੀ ਮਰੀਵੇਗਾ, ਤਾਂ ਉਸ ਦਾ ਰਖਜਾ ਕਰਨ ਦਾ ਯਾ ਪਰ-ਸ੍ਵਾਰਥ ਕਰਨ ਦਾ ਪਰੋਜਨ ਹਾਨ ਹੋ ਜਾਵੇਗਾ। ਜੇ ਉਹ ਪਰਸ੍ਵਾਰਥ ਸਿਰੇ ਚਾੜ੍ਹਨਾ ਚਾਹੇ ਤਾਂ ਅਗੋਂ ਰੋਕ ਕਰੇਗਾ, ਰੋਕ ਵਿਚ ਕਸ਼ਮਕਸ਼ ਹੋਵੇਗੀ ਉਸ ਵਿਚ ਤਾਣ ਲਾਵੇਗਾ, ਤਾਣ ਲਾਉਂਦਿਆਂ ਝੱਲੇਗਾ ਪਰ ਮਾਰੇਗਾ ਬੀ, ਐਉਂ ਉਹ ਜਾਪੇਗਾ ਅਖਿਮਾ ਵਿਚ, ਕ੍ਰੋਧ ਵਿਚ, ਪਰ ਹੋਵੇਗਾ ਉਹ ਦੂਸ-ਰਿਆਂ ਦੇ ਭਲੇ ਲਈ ਕ੍ਰੋਧ ਮਹਾਰ ਰਿਹਾ, ਉਸ ਲਈ ਫੇਰ ਇਹ ਨਿਆਇ ਖਿਮਾਂ ਤੁੱਲ ਹੋਵੇਗਾ। ਸੋ ਹੇ

ਦਾਦੂ! ਸਮਾ ਬਿਚਾਰ ਕੈ ਕਲਿਕਾ ਕੀਜੈ ਭਾਇ॥ ਜੇ ਕੋ ਮਾਰੈ ਈਂਟ ਢੀਮ ਪਾਥਰ

ਹਨੈ ਰਿਸਾਏ*॥

ਅਸਾਂ ਉਪਰ ਦੱਸੇ ਇਨਸਾਨ ਵਰਗੇ ਬੰਦੇ ਪੈਦਾ ਕਰਕੇ ਖਾਲਸਾ ਸਾਜਿਆ ਹੈ, ਪਥਰ ਇਨ੍ਹਾਂ ਦੇ ਹਥ ਐਉਂ ਫੜਾਏ ਹਨ। ਏਹ ਤ੍ਰਿਸ਼ਨਾਲੂ ਜਰਵਾਣੇ ਨਹੀਂ ਸਾਜੇ, ਏਹ ਰਖਜਾ ਕਰਨ ਵਾਲੇ ਸੰਨਜਾਸੀ ਬੀਰ ਸਾਜੇ ਹਨ।

ਤੁਸੀਂ ਆਪਣੇ ਚੁਗਿਰਦੇ ਨਜ਼ਰ ਮਾਰੋ ਕਿ ਸਮੇਂ ਵਿਚ ਪੀੜਾ ਤੇ ਕਸ਼ਟ ਵਾਪਰ ਰਿਹਾ ਹੈ ਕਿ ਨਹੀਂ, ਤੇ ਇਸਦਾ ਦਾਰੂ ਕਰਨਾ ਇਸ ਵੇਲੇ ਧਰਮ ਹੈ ਕਿ ਨਹੀਂ।

ਗੁਰੂ ਕਹਯੋ ਆਯੋ ਕਲਿ ਕਾਲਾ॥ ਦੁਸ਼ਮਨ ਕੋ ਭਾ ਤੇਜ ਕਰਾਲਾ॥੨੬॥ ਸੰਤ ਗ਼ਰੀਬ ਧੇਨੁ ਦਿਜ ਦੋਖੀ॥ ਕਰਹਿਂ ਅਵੱਗਯਾ ਮੂਰਖ ਰੋਖੀ॥ ਤਿਨ ਸੋਂ ਦੰਡ ਕਰਨ ਬਨਿ ਆਵੈ॥ ਧਰਨੀ ਛਿਮਾਂ ਨਹੀਂ ਨਿਬਹਾਵੈ॥੨੭॥ ਤੇਗ ਤੁਪਕ ਤੀਰਨ ਖਰਿ ਧਰਿ ਕਰ॥ ਕਰਹਿਂ ਦਿਖਾਵਨ ਤੇਜ ਤਰਾਤਰ॥ ਤਉ ਕਲਿਕਾਲ ਬਿਖੈ ਬਨਿ ਆਵੈ॥ ਜੀਤਹਿ ਹਤਿ ਚਿੰਤਾ ਬਿਸਰਾਵੈ॥੨੮॥ {ਸੂ: ਪ੍ਰਕਾਸ਼}

ਮਹੰਤ ਜੀ! ਅਸਾਂ ਲੋਭੀ, ਕਪਟੀ, ਸੁਆਰਥੀਆਂ ਤੇ ਭੁੱਲਿਆਂ ਨੂੰ ਧਨ ਧਾਮ ਧਰਤੀ ਦੀ ਤ੍ਰਿਸ਼ਨਾਂ ਵਾਸਤੇ ਫੋਕੇ ਸੂਰਮੇਂ ਨਹੀਂ ਬਣਾਇਆ, ਪਰ ਸ਼ੁਭ ਗੁਣ ਵਾਲਿਆਂ ਤੇ ਨਾਮ ਰੰਗ ਵਾਲਿਆਂ ਨੂੰ ਸ਼ਸਤ੍ਰ ਪਹਿਨਾਏ ਹਨ ਕਿ ਜ਼ੁਲਮ ਦੂਰ ਕਰਕੇ ਧਰਮ ਦਾ ਰਾਜ ਪੈਦਾ ਕਰ ਦੇਣ। ਯਥਾ:-

ਸੁਧ ਬੁਧ ਸਹਿਤ ਭਲੇ ਗੁਨ ਸਾਰੇ॥ ਨਰ ਉਤਰੇ ਕਲਿਜੁਗ ਨਿਰਵਾਰੇ॥ ਧਰਹਿਂ ਸ਼ਸਤ੍ਰ ਸਿਮਰਹਿਂ ਸਤਿਨਾਮੂ॥ ਧਰਮ ਧਰਹਿਂ ਪਹੁੰਚਹਿਂ ਸੁਰ ਧਾਮੂ॥੨੯॥ ਇਸ ਕਾਰਨ ਤੇ ਪੰਥ ਉਪਾਯੋ॥ ਦੇ ਆਯੁਧ ਰਸਬੀਰ ਵਧਾਯੋ॥ {ਸੂ: ਪ੍ਰਕਾਸ਼}

ਏਹ ਸੂਰਮੇ ਜੋ ਨਾਮ ਬਾਣੀ ਦੇ ਅਭਿਆਸੀ ਹਨ ਤੇ ਜੋ ਪਰਸ੍ਵਾਰਥ ਲਈ ਲੜੇ ਹਨ ਤੇ ਲੜਨਗੇ, ਜੋਗੀਆਂ ਤੋਂ ਉੱਤਮ ਪਦਵੀ ਪਾਉਣਗੇ। ਤੁਸੀਂ ਦੱਸੋ ਇਨ੍ਹਾਂ ਨੂੰ ਹੁਣ ਨਿਰਦਾਵੇ ਹੋਣਾ ਸਿਖਾਈਏ, ਤੇ ਦੋਖੀ ਦੁਸ਼ਮਨ ਅੱਗੇ ਲੰਮੇ ਪੈ ਜਾਣ ਦੀ ਖਿਮਾ ਦਾ ਉਪਦੇਸ਼ ਦੇਵੀਏ ਕਿ ਸੂਰਬੀਰਤਾ ਦਾ ਉਪਦੇਸ਼ ਕਰਕੇ ਦੁਸ਼ਮਨ ਦੇ ਜ਼ੁਲਮ ਅਗੇ ਸਤ ਤੇ ਖਲੋ ਕੇ ਹਠ ਕਰਨਾ ਤੇ ਪਾਪ ਅਗੇ ਨਾ ਝੁਕਣਾ ਸਿਖਾਈਏ, ਧਰਤੀ ਦਾ ਭਾਰ ਹਰਨਾ ਸਿਖਾਈਏ ਤੇ ਸਾਰੇ ਸਾਧੂਆਂ ਗ਼ਰੀਬਾਂ ਆਤੁਰ ਹੋਏ ਨੇਕਾਂ ਨੂੰ ਸੁਖੀ ਕਰੀਏ?

ਮਹੰਤ ਜੀਓ! ਗੁਰੂ ਅਰਜਨ ਦੇਵ ਜੀ ਨੇ 'ਉਫ' ਤਕ ਨਾ ਕਰਕੇ ਸਰੀਰ ਦੇ ਦਿਤਾ, ਖਿਮਾ ਦੀ ਅਵਧੀ ਕੀਤੀ। ਸਾਡੇ ਪਿਤਾ ਜੀ ਨੇ ਸੀਸ ਦਿਤਾ 'ਸੀ' ਨਾ ਕੀਤੀ, ਸ਼ਾਂਤਿ ਰਹੇ, ਖਿਮਾ ਤੇ ਅਹਿੰਸਾ ਦੀ ਅਵਧੀ ਕੀਤੀ ਪਰ ਜ਼ਾਲਮ ਜ਼ੁਲਮ ਤੋਂ ਨਹੀਂ ਟਲਿਆ। ਇਸ ਲਈ ਉਸ ਨੂੰ ਉਸੇ ਦੇ ਤ੍ਰੀਕੇ ਨਾਲ ਜ਼ੁਲਮ ਤੋਂ ਵਰਜਣਾ ਹੈ।

ਮਹੰਤ ਜੀ! ਸਾਰੇ ਚੰਗੇ ਲੋਕ ਧਰਮ ਧਾਰਕੇ ਤੇ ਧਰਮ ਕੇਵਲ ਤਿਆਗ ਵਿਚ ਸਮਝ ਕੇ ਬਨਾਂ ਨੂੰ ਟੁਰ ਜਾਂਦੇ ਰਹੇ ਹਨ। ਦੇਸ਼ ਨਿਤਾਣਾਂ ਹੋ ਤੁਰਕਾਂ ਦੇ ਵੱਸ ਪੈ ਗਿਆ ਹੈ। ਹੁਣ ਘਰ ਘਰ ਕਸ਼ਟ ਹੈ, ਇਸ ਕਸ਼ਟ ਨੂੰ ਹਰਨਾ ਹੈ। ਨਾ ਧਰਮ ਨੂੰ ਰਾਜ ਦਾ ਪਿਛ-ਲੱਗ ਬਨਾਕੇ, ਪਰ ਰਾਜਸੀ ਲੋਕਾਂ ਨੂੰ ਧਰਮੀ ਬਨਾਕੇ। ਖਾਲਸਾ ਧਰਮੀ ਹੈ, ਇਸ ਦਾ ਆਦਰਸ਼ ਅੰਤਰ ਆਤਮੇਂ ਪੂਰਨ ਜੋਤ ਦਾ ਜਾਗਣਾ ਹੈ*। ਐਸੇ ਜਾਗੇ ਤੇ ਰੌਸ਼ਨ ਮਨਾਂ ਦਾ ਜਗਤ ਵਿਚ ਰਹਿਕੇ, ਗ੍ਰਿਹਸਤ ਧਰਮ, ਰਾਜ ਧਰਮ, ਨੀਤੀ ਧਰਮ ਵਿਚ ਜੀਉਣਾ ਜੀਵਨ ਹੈ। ਹਾਂ, ਧਰਮ ਮੁੱਖ ਰਖਣਾ ਹੈ। ਖਾਲਸੇ ਦਾ ਤੇਜ ਧਰਮ ਦੀ ਨੀਂਹ ਕਰਕੇ ਹੈ। ਖਾਲਸਾ ਪੂਰਨ ਸਾਧੂ ਗੁਰਮੁਖ, ਨਾਮ ਦਾ ਰਸੀਆ, ਬਾਣੀ ਦਾ ਪ੍ਰੇਮੀ, ਉੱਚੇ ਜੀਵਨ ਵਿਚ ਜਾਗਦਾ ਵਿਚਰੇਗਾ, ਪਰ ਫਰਕ ਸਿਰਫ ਇਹ ਹੈ ਕਿ ਲੋੜ ਪਈ ਤੇ ਗ੍ਰਿਹਸਤ ਦੇ ਸਾਰੇ ਧਰਮ ਨਿਬਾਹੇਗਾ। ਸਿਪਾਹੀ ਸਿਪਾਹਗੀਰੀ ਕਰਦਾ, ਕਿਰਤੀ ਕਿਰਤ ਕਰਦਾ, ਰਾਜਾ ਰਾਜ ਕਰਦਾ, ਉੱਚੇ ਧਰਮ ਜੀਵਨ ਵਾਲੇ ਹੋਣਗੇ। ਖਾਲਸਾ ਜੋ ਅਸਲ ਖਾਲਸਾ ਰਹੇਗਾ, ਓਹ ਧਰਮ ਨੂੰ ਸਭ ਤੋਂ ਅੱਗੇ ਰਖੇਗਾ, ਇਹ ਭੁੱਲ ਕਦੇ ਨਾ ਕਰੇਗਾ ਕਿ ਧਰਮ ਨੂੰ ਪਿੱਠ ਦੇਕੇ ਰਾਜਸੀ ਮਾਮਲਿਆਂ ਵਿਚ ਪਵੇ, ਯਾ ਰਾਜਸੀ ਮਾਮਲੇ ਸਿੱਖੀ ਦਾ ਮੁਖ ਕੰਮ ਹੋਣ ਤੇ ਧਰਮ ਪਿੱਛੇ ਪੈ ਜਾਵੇ; ਯਾਂ

*'ਪਾਥਰ ਤਿਸੈ ਟਿਕਾਉਂ ਬੀ ਪਾਠਾਂਤ੍ਰ ਹੈ।

*ਪੂਰਨ ਜੋਤ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ॥ {੩੩ ਸਵੈਯੇ}

ਨੀਤੀਆਂ ਵਿਚ ਪੈਕੇ ਧਰਮ ਤੋਂ ਪਰਾ ਖਿਮਕਾਏ ਤੇ ਅਧਰਮ ਨਾਲ ਨੀਤੀ ਦੀਆਂ ਕਾਮਯਾਬੀਆਂ ਪ੍ਰਾਪਤ ਕਰੇ। ਜਦੋਂ ਜਦੋਂ ਖਾਲਸਾ ਇਹ ਭੁੱਲ ਕਰੇਗਾ, ਤਦੋਂ ਤਦੋਂ ਪੰਥ ਦੀ ਜੜ੍ਹ ਖੋਖਲੀ ਹੋਵੇਗੀ।

ਮਹੰਤ ਸਾਹਿਬ ਪਾਸ ਇਨ੍ਹਾਂ ਗੱਲਾਂ ਦਾ ਉੱਤਰ ਕੋਈ ਨਹੀਂ ਸੀ। ਉਹ ਚੰਗੇ ਤੇ ਖਰੇ ਪੁਰਖ ਸਨ। ਉਹ ਸਮਝ ਗਏ ਕਿ ਗੁਰੂ ਜੀ ਉਹ ਕੰਮ ਕਰ ਰਹੇ ਹਨ ਜੋ ਅਸੀਂ ਨਹੀਂ ਕਰ ਸਕਦੇ। ਫੇਰ ਗੁਰੂ ਜੀ ਦੀ ਉਹ ਸਮਦ੍ਰਿਸ਼ਟੀ ਤੇ ਸਮਝ ਹੈ ਕਿ ਅਪਣੇ ਕੰਮ ਦੇ ਟੰਕਾਰ ਵਿਚ ਨਹੀਂ ਹਨ ਅਰ ਸਾਨੂੰ ਮਾੜਾ ਨਹੀਂ ਕਹਿ ਰਹੇ। ਜਿਸ ਉੱਚ ਦ੍ਰਿਸ਼ਟੀ ਵਿਚ ਤੇ ਉੱਚ ਕਰਨੀ ਵਿਚ ਖੜੋਕੇ ਆਪ ਨੇ ਦਾਦੂ ਜੀ ਦੇ ਵਾਕਾਂ ਪਰ ਅਪਣੇ ਵਾਕ ਕਹੇ ਹਨ ਉਹ ਠੀਕ ਹੈ, ਦਰੁਸਤ ਹੈ।

ਮਹੰਤ ਜੀ ਇਨ੍ਹਾਂ ਵਿਚਾਰਾਂ ਵਿਚ ਸਨ ਕਿ ਕੋਲੋਂ ਇਕ ਸਿਖ ਨੇ ਸਹਿਜ ਨਾਲ ਕਿਹਾ: ਸ੍ਰੀ ਮਹੰਤ ਜੀ! ਸਾਈਂ ਨੇ ਕਲਗੀਆਂ ਵਾਲੇ ਨੂੰ ਪਰਜਾ ਦਾ ਰਖਵਾਰਾ ਕਰਕੇ ਘਲਿਆ ਹੈ, ਜੇ ਭੇਡਾਂ ਵਿਚ ਬਾਘ ਆ ਵੜੇ, ਉਸ ਵੇਲੇ ਅਯਾਲੀ, ਜੋ ਰਖਵਾਲਾ ਹੈ, ਖਿਮਾ ਧਾਰ ਬਹੇ ਤਾਂ ਇਸਦਾ ਕੀਹ ਅਰਥ ਬਣੇਗਾ? ਮਹੰਤ ਸਾਹਿਬ ਦੀ ਸਮਝ ਵਿਚ ਇਸ ਮੋਟੇ ਦ੍ਰਿਸ਼-ਟਾਂਤ ਨੇ ਬੜਾ ਕੰਮ ਕੀਤਾ, ਹੱਸ ਪਿਆ ਤੇ ਕਹਿਣ ਲਗਾ: ਸੱਚ ਹੈ, ਸਤਿਗੁਰੂ ਜੀ ਆਪ ਸਰਬੱਗਜ ਹੋ ਤੇ ਸਮਰੱਥ ਹੋ! ਆਪ ਦੀ ਕਰਨੀ ਸ਼ਲਾਘਾ ਯੋਗ ਹੈ। ਅਸੀਂ ਨਿਰਵਿਰਤੀ ਦੇ ਸੁਖ ਦੇ ਇਕ ਪੱਖ ਦੇ ਜਾਣਕਾਰ ਸਾਧੂ ਲੋਕ ਹਾਂ।

ਫੇਰ ਦਾਦੂ ਜੀ ਦੇ ਗੱਦੀ ਦੇ ਮਹੰਤ ਜੀ ਨੇ ਸ੍ਰੀ ਗੁਰੂ ਜੀ ਨੂੰ ਨਿੰਮ੍ਰਤਾ ਨਾਲ ਕਿਹਾ: 'ਪਾਤਸ਼ਾਹ! ਦਾਦੂ ਜੀ ਦਾ ਹੁਕਮ ਹੈ ਕਿ ਜੋ ਐਥੇ ਆਵੇ ਉਸ ਨੂੰ ਭੋਜਨ ਛਕਾਓ। ਆਪ ਮਿਹਰਾਂ ਕਰਕੇ ਏਥੇ ਆਏ ਹੋ, ਅਸੀਂ ਆਪ ਦੇ ਨਾਲ ਹੋ ਕੇ ਹਿੱਸਾ ਵੰਡਾਉਣ ਜੋਗੇ ਤਾਂ ਨਹੀਂ, ਪਰ ਇੰਨੀ ਮਿਹਰ ਤਾਂ ਕਰੋ ਕਿ ਅਜ ਦਾ ਭੋਜਨ ਇੱਥੇ ਪਾਓ।'

ਸ੍ਰੀ ਗੁਰੂ ਜੀ ਸੁਣਕੇ ਮੁਸਕਰਾ ਪਏ ਤੇ ਪਰਤਾਵਣ ਵਾਸਤੇ ਇਸ ਪ੍ਰਕਾਰ ਦੇ ਵਾਕ ਕਹੇ:-

ਸੰਤ ਜੀ! ਸਾਡੇ ਨਾਲ ਬਾਜ਼ ਹਨ ਜਿਨ੍ਹਾਂ ਨੂੰ ਹੁਣ ਤਾਈਂ ਖੁਰਾਕ ਨਹੀਂ ਮਿਲੀ। ਪਹਿਲੇ ਇਨ੍ਹਾਂ ਨੂੰ ਰਜਾ ਲਓ, ਫੇਰ ਸਾਨੂੰ ਦੇਗ ਦਿਓ, ਅਸੀਂ ਭੋਜਨ ਆਪ ਦਾ ਪਾ ਲਵਾਂਗੇ।

ਇਹ ਵਾਕ ਸੁਣਕੇ ਭਲੇ ਮਹੰਤ ਦੇ ਜੀ ਵਿਚ ਦੁਚਿਤਾਈ ਉਪਜ ਪਈ ਕਿ ਸਾਡਾ ਧਰਮ ਅਹਿੰਸਾ ਹੈ, ਅਸਾਂ ਨੇ ਮਾਸ ਖਾਣਾ ਨਹੀਂ, ਖੁਆਉਣਾ ਨਹੀਂ, ਜੇ ਮਾਸ ਬਾਜ਼ਾਂ ਨੂੰ ਖੁਆਈਏ ਤਾਂ ਹਿੰਸਕ ਹੋ ਗਏ ਤੇ ਜੇ ਨਾ ਖੁਲਾਈਏ ਤਾਂ ਉਹ ਭੁੱਖੇ ਹਨ, ਉਹ ਭੁੱਖੇ ਰਹੇ ਤਾਂ ਸਤਿਗੁਰ ਜੀ ਭੋਜਨ ਨਹੀਂ ਖਾਣਗੇ। ਇਸ ਗੱਲ ਨੂੰ ਸਤਿਗੁਰ ਜੀ ਬੀ ਜਾਣਦੇ ਹਨ ਕਿ ਸਾਡਾ ਮਾਸ ਨਾ ਖਾਣਾ ਪਖੰਡ ਲਈ ਨਹੀਂ, ਸਾਡਾ ਨਿਸ਼ਚਾ ਹੀ ਇਸੀ ਪ੍ਰਕਾਰ ਹੈ, ਕੀਹ ਜਾਣੀਏ ਪਰਖਣ ਹਿਤ ਹੀ ਏਹ ਵਾਕ ਕਹਿ ਰਹੇ ਹੋਣ। ਫਿਰ ਸੰਤ ਦਾ ਹਿਰਦਾ ਅਪਣੀ ਸਚਿਆਈ ਤੇ ਅਰਦਾਸ ਵਿਚ ਚਲਾ ਗਿਆ ਤੇ ਉਸਨੂੰ ਸਚ ਤੇ ਭਰੋਸਾ ਹੋ ਆਇਆ, ਹਥ ਬੰਨ੍ਹਕੇ ਆਖਣ ਲਗਾ: ਪਾਤਸ਼ਾਹ! ਅਜ ਅਸੀਂ ਆਪ ਦੇ ਬਾਜ਼ਾਂ ਅੱਗੇ ਬੇਨਤੀ ਕਰਾਂਗੇ ਕਿ ਇਹ ਦੁਆਰਾ ਗ਼ਰੀਬਾਂ ਸਾਧਾਂ ਦਾ ਹੈ ਇੱਥੇ ਮਾਸ ਨਹੀਂ ਬਣਦਾ, ਜੁਆਰ ਬਾਜਰਾ ਮਾਡਾ ਖਾਣਾ ਹੈ ਤੁਸੀਂ ਸਾਡੇ ਪ੍ਰਾਹੁਣੇ ਹੋ, ਸਾਡਾ ਭਾਉ ਅੰਗੀਕਾਰ ਕਰੋ ਤੇ ਅਜ ਦਾ ਦਿਨ ਜੁਆਰ ਬਾਜਰੀ ਹੀ ਖਾ ਲਓ। ਮੈਨੂੰ ਆਸ ਹੈ ਓਹ ਆਪ ਦੇ ਹਨ ਤੇ ਆਪ ਦੇ ਹੋਣ ਕਰਕੇ ਸਾਡੇ ਭਾਉ ਨੂੰ ਅੰਗੀਕਾਰ ਕਰਨਗੇ ਤੇ ਆਪ ਦੀ ਮਿਹਰ ਨਾਲ ਅਪਣੇ ਸੁਭਾਵ ਤੇ ਹਠ ਨਹੀਂ ਧਾਰਨਗੇ, ਆਪ ਇਨ੍ਹਾਂ ਨੂੰ ਆਗਿਆ ਕਰ ਦਿਓ ਕਿ ਜੁਆਰ ਬਾਜਰੀ ਪ੍ਰਵਾਨ ਕਰ ਲੈਣ।

ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਬੋਲੇ: ਚੰਗਾ ਸਾਧ ਰਾਮ ਜੀ! ਭਾਉ ਪ੍ਰਵਾਨ ਹੈ।

ਨਿਰਾ 'ਭੋਜਨ' ਪਿਆਰ ਨਹੀਂ, 'ਭਾਉ' ਪਿਆਰ ਹੈ।

੩.

ਜੈਤਰਾਮ ਗੁਰੂ ਜੀ ਦੇ ਦਰਸ਼ਨਾਂ ਨਾਲ ਨਿਹਾਲ ਹੋ ਗਿਆ ਸੀ। ਪਾਸ ਬੈਠਕੇ ਆਤਮਕ ਪ੍ਰਭਾਵ ਦਾ ਥਹੁ ਪੈ ਗਿਆ ਸਾਸੁ। ਬਚਨ ਬਿਲਾਸ ਕਰਕੇ ਉਨ੍ਹਾਂ ਦੀ ਬਲ ਬੁੱਧੀ ਤੇ ਹਰ ਤਰ੍ਹਾਂ ਦੀ ਗੌਰਵਤਾ ਦਾ ਕਾਇਲ ਹੋ ਗਿਆ ਸੀ। ਆਪਦੀਆਂ ਕੁਰਬਾਨੀਆਂ ਤੇ ਸਾਕੇ, ਕਿਸੇ ਮੌਕਿਆ ਤੇ ਇਖ਼ਲਾਕੀ ਕਮਜ਼ੋਰੀ ਨਾ ਦਿਖਾਉਣੀ, ਇਹ ਸਾਰੇ ਗੁਣ ਸੋਚ ਸੋਚ ਕੇ ਮਹੰਤ ਅਪਣੇ ਜੀ ਹੀ ਜੀ ਵਿਚ ਅਸ਼ ਅਸ਼ ਕਰ ਰਿਹਾ ਸੀ। ਉਸ ਦੇ ਅੰਦਰ ਇਹ ਭਾਵਨਾ ਦ੍ਰਿੜ ਹੋ

ਗਈ ਕਿ ਇਹ ਜ਼ਰੂਰ ਅਵਤਾਰ ਹੈ। ਜੀਵ ਵਿਚ ਐਤਨੇ ਗੁਣ ਕਿਥੇ। ਮਹੰਤ ਇਸ ਭਾਉ ਵਿਚ ਗਦ ਗਦ ਹੋ ਰਿਹਾ ਸੀ ਕਿ ਉਸ ਨੂੰ ਸਰਬ ਗੁਣ ਸੰਪੰਨ ਈਸ਼ੂਰ ਰੂਪ ਜਯੋਤੀ ਦੇ ਮਨੁੱਖ ਜਾਮੇ ਵਿਚ ਦਰਸ਼ਨ ਹੋਏ ਹਨ। ਇਸ ਤਰ੍ਹਾਂ ਦੇ ਭਾਵਾਂ ਵਿਚ ਉਸ ਨੇ ਰਸਦ ਆਂਦੀ ਤੇ ਲਾਂਗਰੀਆਂ ਦੇ ਅਗੇ ਧਰ ਦਿਤੀ। ਫਿਰ ਆਪ ਜੁਆਰ ਬਾਜਰੀ ਦਾ ਤੁਅਮਾ ਬਣਾਕੇ ਲੈਕੇ ਬਾਜ਼ਾਂ ਪਾਸ ਗਿਆ ਤੇ ਕਿਹਾ ਕਿ ਸਤਿਗੁਰੂ ਦੇ ਸੇਵਾਦਾਰੋ! ਅੱਜ ਦਾ ਦਿਨ ਸਾਡੀ ਖ਼ਾਤਰ ਅੰਨਪੂਰ ਨਿਰਬਾਹ ਕਰ ਲਓ, ਭੋਜਨ ਵੱਲ ਨਾ ਤਕੋ ਪਰ ਸਾਡੀ ਭਾਵਨਾ ਵਲ ਤੱਕੋ। ਬਾਜ ਤੁਅਮੇ ਵਲ ਤੱਕਦੇ ਰਹੇ। ਫਿਰ ਜੈਤਰਾਮ, ਜੋ ਭਗਤ ਗਿਆਨੀ ਸੀ, ਸਮਝ ਗਿਆ ਕਿ ਮੇਰੇ ਵਾਕਾਂ ਵਿਚ ਕੁਛ ਹਉਂ ਦੀ ਬੂ ਹੈ, ਇਹ ਸਤਿਗੁਰੂ ਦੇ ਘਰ ਨਹੀਂ ਚਾਹੀਦਾ ਤਾਂ ਬੋਲਿਆ: ਸਤਿਗੁਰੂ ਦੇ ਸੇਵਕੋ ਅੱਜ ਸਤਿਗੁਰੂ ਨੇ ਗਰੀਬਾਂ ਦਾ ਅੰਨ-ਜਲ ਪਰਵਾਨ ਕੀਤਾ ਹੈ, ਆਪਣੇ ਸਤਿਗੁਰੂ ਦੀ ਖ਼ਾਤਰ ਅੰਨ ਦਾ ਭੋਜਨ ਪਾ ਲਓ। ਦਾਤੇ ਨੇ ਮਿਹਰ ਕੀਤੀ ਹੈ, ਅੰਨ ਪਰਵਾਨ ਕੀਤਾ ਹੈ, ਤੁਸੀਂ ਉਸਦੇ ਹੋ ਉਸ ਦੇ ਸਦਕੇ ਉਸਦੀ ਖ਼ਾਤਰ ਅੰਨ ਪਾ ਲਓ। ਬਾਜ਼ਾਂ ਨੇ ਤਤਕਾਲ ਉਹ ਜੁਆਰ ਦਾ ਤੁਅਮਾ ਖਾਣਾ ਸ਼ੁਰੂ ਕਰ ਦਿਤਾ। ਇਸ ਵੇਲੇ ਸਿਖ ਤੇ ਸਾਧੂ ਸਾਰੇ ਹੱਕੇ ਬੱਕੇ ਹੋਕੇ ਤੱਕ ਰਹੇ ਸਨ ਅਰ ਹੈਰਾਨ ਹੋ ਰਹੇ ਸਨ ਕਿ ਇਹ ਕੀਹ ਕੌਤਕ ਵਰਤ ਰਿਹਾ ਹੈ! ਬਾਜ਼ਾਂ ਨੂੰ ਇਉਂ ਖੁਆਕੇ ਸਾਧੂ ਡੇਰੇ ਚਲੇ ਗਏ ਤੇ ਆਪੋ ਵਿਚ ਆਖਣ ਕਿ ਸੱਚ ਮੁਚ ਸਤਿਗੁਰੂ ਕਲਾ ਵਾਲਾ ਹੈ, ਜਿਸ ਦੇ ਬਾਜ਼ ਬੀ ਆਪਣੇ ਸੁਭਾਵ ਨੂੰ ਛੱਡ ਦੇਂਦੇ ਹਨ*। ਕੋਈ ਕਹੇ ਦੇਖੋ ਬਈ ਅਚਰਜ ਹੋਈਦਾ ਸੀ ਕਿ ਅਵਤਾਰ ਹੋਕੇ ਸ੍ਰੀ ਰਾਮ ਕ੍ਰਿਸ਼ਨ ਜੁੱਧਾਂ ਜੰਗਾਂ ਵਿਚ ਕੀਕੂੰ ਰਚਦੇ ਤੇ ਸ਼ਿਕਾਰ ਖੇਡਦੇ ਸਨ। ਅਜ ਪ੍ਰਤੱਖ ਵੇਖਿਆ ਹੈ ਕਿ ਅਵਤਾਰੀ ਵਜਕਤੀਆਂ ਸਚ ਮੁਚ ਅਛੋਹ ਹਨ। ਇਕ ਨੇ ਕਿਹਾ ਹਰ ਜ਼ੋਰਾਵਰ ਤੇ ਵਧਕੇ ਕੰਮ ਯਾ ਕੁਰਬਾਨੀ ਕਰਨ ਵਾਲੇ ਨੂੰ ਲੋਕੀ ਅਵਤਾਰ ਕਹਿਣ ਲਗ ਪੈਂਦੇ ਹਨ। ਜੈਤਰਾਮ ਨੇ ਕਿਹਾ ਇਹ ਬੀ ਸਚ ਹੈ ਪਰ ਹਰ ਜੋਧਾ, ਹਰ ਕੁਰਬਾਨੀ ਕਰਨ ਵਾਲਾ, ਹਰ ਤਿਆਗੀ ਵੈਰਾਗੀ ਹਰ ਕੋਈ ਉਹ ਜੋ ਸਰਬ ਸਾਧਾਰਨ ਤੋਂ ਵਧਕੇ ਕੋਈ ਕੰਮ ਕਰੇ ਚੰਗਾ ਤਾਂ ਹੋ ਸਕਦਾ ਹੈ, ਪਰ ਅਵਤਾਰੀ ਅੰਸ਼ ਵੱਖਰੀ ਸ਼ੈ ਹੈ। ਪਛਾਣ ਵਾਲੇ ਉਸਨੂੰ ਪਛਾਣਦੇ ਹਨ। ਅਵਤਾਰੀ ਅੰਸ਼ ਵਾਲੇ ਦੀ ਸੂਰਮਗਤੀ ਆਤਮਕ ਚੜ੍ਹਦੀਆਂ ਕਲਾਂ ਵਿਚ ਹੁੰਦੀ ਹੈ; 'ਹੰਕੋਰ ਦੇ ਬਲਕਾਰ ਯਾ ਹਉਂ ਵਾਲੀ ਤਿਆਗ ਬ੍ਰਿਤੀ' ਵਿਚ ਨਹੀਂ ਹੁੰਦੀ। ਅਵਤਾਰੀ ਅੰਸ਼ ਵਾਲੇ ਦਾ ਪ੍ਰਭਾਵ ਨਾਮ ਦੇ ਰਸੀਆਂ ਤੇ ਬ੍ਰਹਮ ਗਿਆਨੀਆਂ ਪਰ ਸੀਤਲਤਾ ਤੇ ਖਿੱਚ ਦਾ ਅਮਰ ਪਾਉਂਦਾ ਹੈ। ਅਵਤਾਰੀ ਅੰਸ਼ ਵਾਲੇ ਦੇ ਕੰਮਾਂ ਵਿਚ ਆਤਮ ਸਤਜਾ ਦਾ ਪ੍ਰਕਾਸ਼ ਹੁੰਦਾ ਹੈ, ਉਸ ਦੇ ਕਰਤੱਬ ਸਦਾਚਾਰੀ ਹੁੰਦੇ ਹਨ, ਸਗੋਂ ਸਦਾਚਾਰ ਉਸ ਤੋਂ ਟੁਰਦਾ ਹੈ। ਥੋੜੀ ਪਰਖ ਕਰਨ ਤੇ ਪਤਾ ਲਗ ਜਾਂਦਾ ਹੈ ਕਿ ਉਹ ਕਿਸੇ ਅਸਰ ਨਾਲ ਲਿਪਾਇਮਾਨ ਨਹੀਂ ਹੁੰਦਾ, ਜੈਸੇ ਉਸ ਸਿਖ ਨੇ ਕਿਹਾ ਸੀ, ਉਹ ਜਲ ਵਿਚ ਕਮਲ ਵਾਂਙੂ ਨਿਰਾਲਮ ਹੁੰਦਾ ਹੈ। ਛੇਕੜਲੀ ਗਲ ਇਹ ਬੀ ਹੈ ਕਿ ਉਸ ਵਿਚੋਂ ਆਤਮ ਸਤਜਾ ਕਰਾਮਾਤ ਦੀ ਸ਼ਕਲ ਵਿਚ ਸੁਤੇ ਪ੍ਰਕਾਸ਼ ਪਾਉਂਦੀ ਹੈ। ਉਹ ਕਰਾਮਾਤ ਨਹੀਂ ਕਰਦਾ, ਨਾ ਕਥਨੀ ਪਸੰਦ ਕਰਦਾ ਹੈ, ਪਰ ਉਸਦੀ ਸੁਤੇ ਇਕਾਗ੍ਰਤਾ ਤੇ ਸੁਤੇ ਆਤਮ ਆਰੂਢਤਾ ਉਸ ਤੋਂ ਕੁਛ ਨ ਕੁਛ ਲੱਛਣ ਦਿਖਲਵਾ ਜਾਂਦੀ ਹੈ। ਜਿਵੇਂ ਕਿਸੇ ਅਤਿ ਦੁਖੀ ਨੂੰ ਦੇਖਕੇ ਜੇ ਉਹ ਸੁਤੇ ਪਸੀਜ ਪੈਣ ਤਾਂ ਅਗਲੇ ਉੱਤੇ ਅਰੋਗਤਾ ਦਾ ਅਸਰ ਪੈ ਜਾਂਦਾ ਹੈ। ਉਹ ਇਸ ਨੂੰ ਲੁਕਾਉਂਦੇ ਹਨ ਤੇ ਜੋਸ਼ ਵਿਚ ਆਕੇ ਕਿਸੇ ਖਿੱਚ ਵਿਚ ਨਹੀਂ ਜਾਂਦੇ, ਕਿੰਤੂ ਪਰਮਾਰਥ ਦੇ ਕਿਸੇ ਟਿਕਾਣੇ ਮਿਹਰ ਦੇ ਘਰ ਵਿਚ ਕਦੇ ਆ ਗਿਆਂ ਸੁਤੇ ਸਿਧ ਉਹਨਾਂ ਤੋਂ ਕੁਛ ਹੋ ਜਾਂਦਾ ਹੈ, ਜਿਵੇਂ ਅਜ ਸਾਡੀ ਇਸ ਸਰਲਤਾ ਪਰ ਪ੍ਰਸੰਨ ਹੋ ਗਏ ਹਨ ਕਿ ਸਾਡਾ ਨੇਮ ਮਾਸ ਨਾ ਖਾਣਾ ਹੈ ਤੇ ਇਸ ਗਲ ਪਰ ਅਸੀਂ ਸਚੇ ਦਿਲੋਂ ਟਿਕੇ ਹੋਏ ਹਾਂ। ਇਸ ਲਈ ਉਨ੍ਹਾਂ ਦੀ ਆਤਮ ਸਤਜਾ ਨੇ ਬਾਜ਼ਾਂ ਦੇ ਸੁਭਾਵ ਪਰ ਆਪਣਾ ਬਲ ਪਾ ਵਿਖਾਲਿਆ ਹੈ। ਮੇਰਾ ਖ਼ਿਆਲ ਸੀ ਕਿ ਮੇਰੇ ਜੁੜੇ ਮਨ ਦਾ ਪ੍ਰਭਾਉ ਬਾਜ਼ਾਂ ਤੇ ਅਸਰ ਕਰੇਗਾ ਪਰ ਮੈਂ ਪਤਿਆਕੇ ਡਿਠਾ ਕਿ ਗੁਰੂ ਜੀ ਦੇ ਮਨੋਮਨ ਪ੍ਰੇਰਨਾ ਨਾਲ ਉਨ੍ਹਾਂ ਦੇ ਦ੍ਰਿਸ਼ਟਾ ਪਾਸੇ ਵਲੋਂ ਬਾਜ਼ਾਂ ਦੀ ਚਿੱਤ ਬ੍ਰਿਤੀ ਤੇ ਪਾਏ ਪ੍ਰਭਾਵ ਨਾਲ ਬਾਜ਼ਾਂ ਦਾ ਮਨ ਫਿਰ ਗਿਆ। ਇਸ ਪ੍ਰਕਾਰ

*ਸੂ: ਪ੍ਰਕਾਸ਼ ਐ, ੧ ੩੭।

ਦਾ ਕ੍ਰਿਸ਼ਮਾ ਜੀਵ ਸ੍ਰੇਣੀ ਦਾ ਅਭਜਾਸੀ ਪੁਰਖ ਨਹੀਂ ਦਿਖਾਲ ਸਕਦਾ, ਪਰ ਗੁਰੂ ਜੀ ਵਿਚ ਇਹ ਸਤਜਾ ਹੈ, ਓਹ ਅਵਤਾਰੀ ਮਹਾਂਪੁਰਖ ਹਨ। ਫਿਰ ਦੇਖੋ ਕਿ ਇਸ ਸਤਜਾ ਨੂੰ ਗੁਰੂ ਜੀ ਆਪਣੀ ਕੋਈ ਵਡਿਆਈ ਨਹੀਂ ਸਮਝਦੇ, ਨਾ ਹੀ ਗੁਰੂ ਜੀ ਨੇ ਇਹ ਕ੍ਰਿਸ਼ਮਾਂ ਆਪਣੀ ਆਤਮ ਸਤਜਾ ਜਣਾਵਨ ਵਾਸਤੇ ਦਿਖਾਇਆ ਹੈ, ਉਨ੍ਹਾਂ ਤਾਂ ਸਾਡੀ ਸਚੀ ਬੇਬਸੀ ਤੇ ਤਰਸ ਆ ਗਿਆ, ਮਿਹਰ ਦੇ ਘਰ ਚਲੇ ਗਏ ਤਾਂ ਇਹ ਸੁਤੇ ਸਿਧ ਕਰਾਮਾਤ ਹੋ ਗਈ। ਜਿਸ ਹਾਲਤ ਨੂੰ ਯਥਾਰਥ ਕਹੀਦਾ ਹੈ, ਜਾਂ ਜਿਸ ਨੂੰ ਉਹ ਸਿਖ ਗਿਆਨੀ, ਗੁਰੂ ਜੀ ਦੇ ਨਾਂਲ ਦਾ ਸਿੰਘ, ਜੋ ਮੇਰੇ ਨਾਲ ਗੱਲਾਂ ਕਰਦਾ ਸੀ, ਸਹਿਜ ਆਖਦਾ ਸੀ, ਉਸ ਸਹਿਜ ਵਿਚ ਕਰਾਮਾਤ ਘਟ ਪ੍ਰਗਟ ਹੁੰਦੀ ਹੈ। ਕਰਾਮਾਤ ਦਿਖਾਲਣ ਲਈ ਮਿਹਰ ਯਾ ਕਹਿਰ ਦੇ ਮਕਾਨ ਤੇ ਜਾਣਾ ਪੈਂਦਾ ਹੈ। ਇਸ ਕਰਕੇ ਰੱਖ ਦੇ ਬੰਦੇ ਕਰਾਮਾਤ ਦਿਖਾਲਣ ਲਈ ਮਿਹਰ ਯਾ ਕਹਿਰ ਦੇ ਮਕਾਨ ਤੇ ਜਾਣਾ ਪੈਂਦਾ ਹੈ। ਇਸ ਕਰਕੇ ਰੱਬ ਦੇ ਬੰਦੇ ਕਰਾਮਾਤ ਨਹੀਂ ਕਰਦੇ, ਰਜ਼ਾ ਪਰ ਟਿਕਦੇ ਹਨ, ਸਹਿਜ ਦਾ ਰਸ ਮਾਣਦੇ ਹਨ ਤੇ ਇਹ ਕਰਾਮਾਤ ਕਰਕੇ ਖੁਸ਼ ਹੁੰਦੇ ਹਨ ਕਿ ਕਿਸੇ ਨੂੰ ਰੱਬ ਦੇ ਪਿਆਰ ਵਿਚ ਪਾ ਦੇਣ, ਕਿਸੇ ਨੂੰ 'ਵਾਹਿਗੁਰੂ ਜੋਗ' ਵਿਚ ਜੋੜ ਦੇਣ, ਕਿਸੇ ਨੂੰ ਗਿਆਨ ਦਾਨ ਕਰ ਦੇਣ। ਅਸੀਂ ਲੋਕ ਅਭਿਆਸੀ ਹਾਂ, ਸਾਡਾ ਵੇਗ ਜੋਗ ਅਭਿਆਸ ਵੱਲ ਬਹੁਤ ਹੈ ਤੇ ਸਾਡਾ ਰੁਖ਼ ਕਰਾਮਾਤ ਦਿਖਾਲਣ ਵੱਲ ਬਹੁਤ ਪੈਂਦਾ ਰਹਿੰਦਾ ਹੈ, ਪਰ ਉਸ ਸਿਖ ਨੇ ਦੱਸਿਆ ਸੀ ਕਿ ਗੁਰੂ ਘਰ ਵਿਚ ਸੁਤੇ ਸਿਧ ਕਰਾਮਾਤ ਹੋ ਜਾਂਦੀ ਹੈ, ਨਾਟਕ ਚੇਟਕ ਯਾ ਸੁਆਰਥ ਲਈ ਕਦੇ ਸਹਿਜ ਦੇ ਘਰੋਂ ਨਹੀਂ ਉਠਦੇ। ਨਾਵੇਂ ਸਤਿਗੁਰਾਂ ਦਾ ਸਾਕਾ ਉਸਨੇ ਸੁਣਾਕੇ ਕੈਸਾ ਸਪਸ਼ਟ ਕਰ ਦਿਤਾ ਸੀ।

ਸੋ ਸਾਧੂ ਜਨੋ! ਸਭ ਤੋਂ ਵਡੀ ਪਰਖ ਕਿ ਮਹਾਂ ਪੁਰਖ ਵਿਚ ਈਸ਼ਵਰੀ ਅੰਸ਼ ਹੈ ਕਿ ਨਹੀਂ ਉਹ ਸੁਤੇ 'ਗਿਆਨ ਆਰੂਢ' ਹੈ ਕਿ ਨਹੀਂ, ਉਹ ਸੁਤੇ 'ਦ੍ਰਿਸ਼ਾ' ਪਦ ਵਿਚ ਟਿਕਿਆ ਹੈ ਕਿ ਨਹੀਂ, ਇਹ ਹੈ ਕਿ ਉਸਦੇ ਸਹਿਜੇ ਕਹੇ ਵਾਕ ਅਮੋਘ ਬਾਣ ਹੁੰਦੇ ਹਨ; ਜੋ ਉਨ੍ਹਾਂ ਵਾਕਾਂ ਪੁਰ ਤੁਰਨ ਉਸ ਨੂੰ ਆਪਣੀ ਵਾਕ ਮਤਜਾ ਤੇ ਧਿਆਨ ਸਤਜਾ ਨਾਲ ਆਤਮ ਰੰਗ ਲਾ ਦੇਂਦੇ ਹਨ, ਮਾਇਆ ਦੀ ਨੀਂਦ ਖੋਲ੍ਹਕੇ ਪਰਮਾਰਥ ਦੇ ਰਸਤੇ ਪਾ ਦੇਂਦੇ ਹਨ, ਤੇ ਉਨ੍ਹਾਂ ਦੀ ਇਛਿਆ, ਉਨ੍ਹਾਂ ਦੀ ਸੈਨਤ, ਉਨ੍ਹਾਂ ਦੇ ਵਾਕ ਪਰਮੇਸ਼ਰ ਪਰਾਇਣ ਕਰ ਦਿੰਦੇ ਹਨ। ਇਹ ਸਭ ਤੋਂ ਵਡੀ ਕਰਾਮਾਤ ਉਨ੍ਹਾਂ ਵਿਚ ਹੁੰਦੀ ਹੈ।

ਜੋ ਮਹਾਂਪੁਰਖ ਜਗਤ ਦਾ ਭਲਾ ਕਈ ਹੋਰ ਪ੍ਰਕਾਰਾਂ ਨਾਲ ਕਰਦੇ ਹਨ, ਪਰ ਉਨ੍ਹਾਂ ਵਿਚ ਅਵਤਾਰੀ ਅੰਸ਼ ਨਹੀਂ ਹੁੰਦੀ, ਜਿਵੇਂ ਕਿਸੇ ਮਲੇਛ ਨੂੰ ਮਾਰਕੇ ਗ਼ਰੀਬਾਂ ਦੀ ਰੱਛਾ ਕਰਨੀ, ਕਿਸੇ ਨੂੰ ਧਨ ਧਾਮ ਲੈ ਦੇਣੇ, ਆਪਾ ਵਾਰ ਜਾਣਾ, ਉਹ ਆਪ ਆਪਣੀ ਇਸ ਕਮੀ ਨੂੰ ਮੰਨਦੇ ਹਨ। ਉਨ੍ਹਾਂ ਵਿਚ ਅਗਿਆਨ ਕੱਢਕੇ ਗਿਆਨ ਅਰੂਢ ਕਰ ਦੇਣ ਦੀ ਸਤਜਾ ਨਹੀਂ ਹੁੰਦੀ। ਮੈਨੂੰ ਅਜ ਆਪ ਪ੍ਰਭਾਵ ਤੱਕ ਕੇ ਤੇ ਪ੍ਰੀਖਜਾ ਕਰਕੇ ਤਸੱਲੀ ਹੋਈ ਹੈ ਕਿ ਇਸ ਮਹਾਨ ਜੋਧੇ ਵਿਖ ਅਵਤਾਰਤਾ ਹੈ। ਇਹ ਜੋਗੀ ਹੈ, ਇਸ ਨੂੰ ਸਿੱਧੀ ਸੁਤ ਪ੍ਰਾਪਤ ਹੈ, ਇਹ ਸੁਤੇ ਗਿਆਨੀ ਹੈ ਅਰ ਜੋ ਖੇਡ ਕਰ ਰਿਹਾ ਹੈ, ਜਗਤ ਦੇ ਭਲੇ ਹਿਤ ਕਰ ਰਿਹਾ ਹੈ! ਇਸ ਦੀ ਬਹਾਦਰੀ, ਸੂਰਬੀਰਤਾ, ਕੁਰਬਾਨੀ ਉਪਕਾਰ ਵਿਚ ਹਉਮੈਂ ਦੀ ਕੋਈ ਰਿਜ਼ਮ ਮਾਤ੍ਰ ਨਹੀਂ, ਮੈਂ ਤਾਂ ਕਹਾਂਗਾ ਕਿ ਇਸਦੇ ਅੰਦਰ ਲੇਸ਼ਾਵਿਦਜਾ ਤਕ ਨਹੀਂ ਹੈ।

ਇਧਰ ਤਾਂ ਇਉਂ ਬਚਨ ਬਿਲਾਸ ਹੋ ਰਹੇ ਸਨ, ਉਧਰ ਡੇਰੇ ਵਿਚ ਸਿਖਾਂ ਵਿਚ ਭੀ ਵਿਚਾਰਾਂ ਹੋ ਰਹੀਆਂ ਸਨ। ਇਕ ਸਿੰਘ ਇਕ ਹੋਰ ਦਾਨੇ ਨੂੰ ਪੁੱਛ ਰਿਹਾ ਸੀ ਕਿ ਕਿਵੇਂ ਬਾਜ਼ਾਂ ਨੇ ਸੁਭਾਵ ਵਿਰੁੱਧ ਕੰਮ ਕੀਤਾ? ਦੂਸਰਾ ਕਹਿ ਰਿਹਾ ਸੀ ਸਤਿਗੁਰੂ ਦੀ ਇੱਛਾ ਨੇ ਬਾਜ਼ਾਂ ਦੇ ਮਨ ਤੇ ਅਸਰ ਕੀਤਾ ਹੈ। ਅਸੀਂ ਦੇਖਦੇ ਹਾਂ ਕਿ ਕਈ ਲੋਕ ਅਪਣੇ ਕਰਤਬਾਂ ਵਿਚ ਐਸਾ ਅਸਰ ਆਪਣੀ ਇੱਛਾ ਦਾ ਦੂਸਰੇ ਦੀ ਇੱਛਾ ਪਰ ਪਾ ਦੇਂਦੇ ਹਨ। ਉਸਦੇ ਪੱਕੇ ਹੋਏ ਸੁਭਾਵ ਨੂੰ ਆਪਣੀ ਇੱਛਾ ਹੇਠ ਲਿਆ ਕੇ ਉਸ ਤੋਂ ਅੰਦਰਲੇ ਭੇਦ ਕੱਢ ਲੈਂਦੇ ਹਨ। ਫਿਰ ਕਈ ਵੇਰ ਉਹ ਦੂਏ ਨੂੰ ਐਸਾ ਨੀਮ ਮੂਰਛਾ ਕਰ ਲੈਂਦੇ ਹਨ ਕਿ ਕੌੜੀ ਸ਼ੈ ਖਲਾਕੇ ਕਹਿੰਦੇ ਹਨ ਇਹ ਮਿੱਠੀ ਹੈ ਤਾਂ ਉਸ ਨੂੰ ਮਿੱਠੀ ਲਗਦੀ ਹੈ, ਤਦ ਸਰਬ ਸ਼ਕਤੀਆਂ ਦੇ ਮਾਲਕ ਸਤਿਗੁਰੂ ਜੀ ਦਾ ਤੁੱਛ ਜਿੰਨੀ ਬਾਜ਼ਾਂ ਦੀ ਮਰਜ਼ੀ ਪਰ ਪ੍ਰਭਾਵ ਪਾ ਲੈਣਾ ਕਿਹੜੀ ਵੱਡੀ ਗੱਲ ਹੋਈ। ਇਹ ਪੱਕ ਜਾਣੋ ਸਤਿਗੁਰਾਂ ਨੇ ਇਹ ਲੋਕਾਂ ਵਾਂਗੂੰ ਮਿਥਕੇ ਤੇ ਜ਼ੋਰ ਲਾਕੇ ਨਹੀਂ ਕੀਤਾ। ਸਾਧੂ

ਦੀ ਸਰਲਤਾ ਤੇ ਨਿਸ਼ਚੇ ਦੀ ਪਰਪੱਕਤਾ ਪਰ ਰੀਝ ਪਏ ਹਨ, ਉਸ ਖੁਸ਼ੇ ਵੇਲੇ ਸੁਤੇ ਸਿੱਧ ਉਨ੍ਹਾਂ ਦਾ ਚਿੱਤ ਕੀਤਾ ਕਿ ਬਾਜ਼ ਅੰਨ ਖਾ ਲੈਣ, ਤਾਂ ਉਨ੍ਹਾਂ ਦੀ ਸੁਤੇ ਬਲਵਾਨ ਇੱਛਾ ਦਾ ਅਸਰ ਬਾਜ਼ਾਂ ਪਰ ਪੈ ਗਿਆ।

ਇਕ ਸਿਖ--ਭਲਾ ਅਨੰਦਪੁਰ ਵਿਚ ਜੋ ਸਤਿਗੁਰਾਂ ਨੇ ਬ੍ਰਹਮ ਭੋਜ ਕੀਤਾ ਸੀ ਤੇ ਮਾਸ ਖਾਣ ਵਾਲੇ ਨੂੰ ਅੰਨ ਖਾਣ ਵਾਲਿਆਂ ਤੋਂ ਵਧੀਕ ਦੱਛਣਾ ਦੇਣੀ ਆਖੀ ਸੀ, ਉਸ ਵੇਲੇ ਮਾਸਾਹਾਰੀਆਂ ਨੂੰ ਕਿਉਂ ਵਾਧਾ ਦਿਤਾ ਸੀ ਤੇ ਏਥੇ ਮਾਸ ਨਾ ਖਾਣ ਵਾਲਿਆਂ ਤੇ ਕਿਉਂ ਰੀਝੇ ਹਨ?

ਦੂਜਾ ਦਾਨਾ ਸਿੱਖ (ਜੋ ਤਕੜਾ ਅਭਿਆਸੀ ਤੇ ਪਠਿਤ ਸੀ)-ਪਿਆਰਿਆ! ਨਾ ਤਦੋਂ ਮਾਸ ਖਾਣ ਨਾਲ ਪਿਆਰ ਸੀ, ਤੇ ਨਾ ਹੁਣ ਮਾਸ ਨਾ ਖਾਣ ਨਾਲ ਕੋਈ ਰਾਰ: ਸੀ। ਤਦੋਂ ਬੀ ਇਸ ਅਸੂਲ ਨੂੰ ਪ੍ਰਤਿਪਾਦਨ ਕਰ ਰਹੇ ਸਨ ਕਿ ਅਪਣੇ ਸਹੀ ਕੀਤੇ ਨਿਸ਼ਚੇ ਪਰ ਸਚਿਆਈ ਤੇ ਦਿਆਨਤਦਾਰੀ ਨਾਲ ਕੌਣ ਟੁਰ ਰਿਹਾ ਹੈ ਤੇ ਕੌਣ ਹੈ ਜੋ ਅਸੂਲ ਤਾਂ ਹੋਰ ਦੱਸਦਾ ਹੈ ਪਰ ਟੁਰਦਾ ਉਸਦੇ ਵਿਰੁੱਧ ਹੈ। ਤਦੋਂ ਬੀ 'ਸਚਿਆਰ' ਦੀ ਪਰਖ ਤੇ ਕਦਰ ਕੀਤੀ ਸੀ, ਹੁਣ ਬੀ 'ਸਚਿਆਰ' ਦੀ ਪਰਖ ਤੇ ਕਦਰ ਕੀਤੀ ਹੈ। ਜੇ ਜੈਤਰਾਮ ਮੰਨ ਜਾਂਦਾ ਕਿ ਹੱਛਾ ਜੀ! ਬਾਜ਼ ਨੂੰ ਮਾਸ ਪਾ ਦੇਂਦੇ ਹਾਂ ਤੇ ਤੁਸੀਂ ਅੰਨ ਪਾ ਲਓ ਤਾਂ ਸਤਿਗੁਰ ਜੀ ਇਸ ਨੂੰ ਆਪਣੇ ਨਿਸ਼ਚੇ ਪਰ ਦ੍ਰਿੜ੍ਹ ਵਿਸ਼ਵਾਸੀ ਨਾ ਸਮਝਦੇ। ਜਦ ਉਸ ਨੇ ਕਿਹਾ ਕਿ ਮੈਂ ਬਾਜ਼ਾਂ ਨੂੰ ਅੰਨ ਪਾਉਣ ਦੀ ਬੇਨਤੀ ਕਰਾਂਗਾ ਤਾਂ ਸੱਚ ਦੇ ਪਿਆਰੇ ਸਤਿਗੁਰ ਨੇ ਸਮਝ ਲਿਆ ਕਿ ਇਹ ਆਪਣੇ ਨਿਸ਼ਚੇ ਪਰ ਪੱਕਾ ਹੈ, ਇਹ ਸੱਚਾ ਪੁਰਖ ਹੈ, ਇਸ ਦਾ ਅੰਨ ਸ੍ਵੀਕਾਰ ਕਰਨਾ ਚਾਹੀਏ ਤੇ ਇਸ ਪਰ ਆਤਮ ਰੰਗ ਦੀ ਮਿਹਰ ਕਰਨੀ ਚਾਹੀਏ, ਤਾਂ ਬਾਜ਼ਾਂ ਦੇ ਮਨ ਨੂੰ ਪ੍ਰੇਰ ਦਿਤਾ।

ਸਿਖ-ਸਿੰਘ ਜੀ! ਫੇਰ ਅਸੀਂ ਮਾਸਾਹਾਰੀ ਹਾਂ ਕਿ ਨਹੀਂ?

ਦਾਨਾ ਸਿਖ--"**ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥**" {ਮਲਾ: ਵਾਰ-੨੫}ਆਦਿ ਪਾਤਸ਼ਾਹੀ ਦਾ ਮਹਾਂਵਾਕ ਹੈ। ਮੁਸਲਮਾਨਾਂ ਵਾਂਗੂ ਸਾਡੇ ਵਿਚ ਮਾਸ ਖਾਣਾ ਪੁੰਨ ਨਹੀਂ, ਜਿਸ ਤਰ੍ਹਾਂ ਉਨ੍ਹਾਂ ਵਿਚ ਹੈ ਕਿ ਹੱਥੀਂ ਬੱਕਰੇ ਪੁੱਤਾਂ ਵਾਂਙੂ ਪਾਲ ਕੇ ਕੁਰਬਾਨੀ ਕਰੋ ਤੇ ਮਾਸ ਖਾਓ। ਨਾ ਜੈਨੀਆਂ ਵਾਂਗੂ ਖਿਆਲੀ ਅਹਿੰਸਾ ਸਾਡਾ ਧਰਮ ਹੈ ਕਿ ਮੂੰਹਾਂ ਤੇ ਟਾਕੀਆਂ ਬੰਨ੍ਹੋ ਤੇ ਪਾਣੀ ਦੂਜਿਆਂ ਦੇ ਮੈਲੇ ਕੀਤੇ ਪੀਓ ਤੇ ਜੂੰਆਂ ਤਕ ਨੂੰ ਮਨੁੱਖਾਂ ਦੇ ਲਹੂ ਪਿਲਾਓ ਤੇ ਹਿੰਸਕ ਪਸ਼ੂਆਂ ਅੱਗੇ ਬੀ ਆਪ ਮਰੋ ਪਰ ਉਨ੍ਹਾਂ ਨੂੰ ਨਾ ਮਰਨ ਦਿਓ। ਸਾਡਾ ਧਰਮ ਹੈ ਨਾਮ ਜਪਣਾ, ਅੰਦਰ 'ਜਾਗਤ ਜੋਤ[1]' ਹਰ ਦਮ ਜਗੇ, ਸੁਰਤ ਸਾਈਂ ਨਾਲ ਲਗੀ ਸਦਾ ਜੀਵੇ ਤੇ ਜਾਗੇ[2], ਸਾਡਾ ਮਨ ਚੜ੍ਹਦੀਆਂ ਕਲਾਂ ਵਿਚ ਰਹੇ[3], ਕਰਮ ਸਾਡੇ ਭਲੇ ਦੇ ਹੋਣ ਤੇ ਬਚਨ ਸਾਡੇ ਠੰਢ ਪਾਉਣ ਵਾਲੇ ਤੇ ਸਾਈਂ ਵੰਨੇ ਪ੍ਰੇਰਨ ਵਾਲੇ ਹੋਣ[4]। ਖਾਣ ਪੀਣ ਲਈ ਵਿਹਤ ਅਵਿਹਤ ਦਾ ਮਸਲਾ ਸਾਡਾ ਇਕੋ ਹੈ ਕਿ ਜਸ ਸ਼ੈ ਦੇ ਖਾਣ ਨਾਲ ਮਨ ਵਿੱਚ ਵਿਕਾਰ ਉਪਜਣ ਤੇ ਤਨ ਨੂੰ ਪੀੜਾ ਹੋਵੇ ਸੋ ਵਰਜਿਤ ਹਨ। ਇਹ ਅਸੂਲ ਸਾਰੇ ਜਗਤ ਵਿਚ ਇਕੋ ਅਰਥ ਰੱਖਦਾ ਹੈ ਤੇ ਹਰ ਪ੍ਰਾਣੀ ਲਈ ਇਕੋ ਜੇਹਾ ਹੈ। ਸਭ ਕੋਈ ਅਪਣੇ ਲਈ ਦੇਖ ਲਵੇ ਕਿ ਬੀਮਾਰ ਕਰਨ ਵਾਲੇ ਪਦਾਰਥ ਤੇ ਮਨ ਵਿਚ ਵਿਕਾਰ ਉਪਜਾਉਣ ਵਾਲੇ ਪਦਾਰਥ ਮਨ੍ਹੇ ਹਨ, ਸੋ ਨਾ ਖਾਵੇ। ਆਦਿ ਪਾਤਸ਼ਾਹੀ ਨੇ ਫਰਮਾਯਾ ਹੈ:-

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

{ਸਿਰੀ: ਮ: ੧-੭}

ਇਸ ਤੁਕ ਵਿਚੋਂ ਇਕ ਹੋਰ ਭਾਵ ਬੀ ਨਿਕਲਦਾ ਹੈ ਕਿ ਮਾੜਾ ਧਾਨ ਬੀ ਨਹੀਂ ਖਾਣਾ। ਜਿਵੇਂ ਚੋਰੀ ਦਾ ਮਾਲ ਖਾਧਿਆਂ ਜਦ ਪਤਾ ਲਗ ਜਾਏਗਾ ਤਾਂ ਰਾਜਾ ਪੀੜਾ ਦੇਵੇਗਾ ਤੇ ਚੋਰੀ ਦਾ ਧਾਨ ਖਾਧਿਆਂ ਸੁਰਤ ਵਿਕਾਰੀ ਬੀ ਹੁੰਦੀ ਹੈ।

ਸਿਖ--ਠੀਕ ਹੈ, ਪਰ ਕੀਹ ਦਿਲ ਦੀਆਂ ਖੁਸ਼ੀਆਂ ਤੇ ਐਸ਼ਾਂ ਦੇ ਵਾਸਤੇ ਗੁਲਛੱਰੇ ਉਡਾਉਣ ਵਾਲੇ ਇਸ ਤੁਕ ਨੂੰ ਬਹਾਨਾ ਬਣਾਕੇ ਇਸਦੇ ਆਸ਼ੇ

---

੧. ਜਾਗਤ ਜੋਤ ਜਪੈ ਨਿਸ ਬਾਸ਼ੁਰ ਏਕ ਖਿਨਾਂ ਮਨ ਨੈਕ ਨ ਆਨੈ॥ {ਪਾ-੧੦}

੨. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ {ਮਾਝ: ਵਾਰ}

੩. ਅਨਦ ਬਿਨੋਦ ਤਿਤੈ ਘਰਿ ਸੋਹਹਿ॥ {ਮਾਝ: ਮ: ੫}

੪. ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥ {ਗਉ: ਮ: ੫}

ਦੇ ਉਲਟ ਵਰਤਾਉ ਨਹੀਂ ਕਰਨਗੇ?

ਦਾਨਾ ਸਿਖ-ਫਿਰ ਕੂੜਿਆਰ ਤਾਂ ਕਦੇ ਕਿਸੇ ਰੱਸੇ ਨਾਲ ਨਹੀਂ ਬੱਝੇ। ਤਾਂਤੇ ਉਹ ਆਪਣੀ ਕਰਨੀ ਦੇ ਫਲ ਭੋਗਣ ਦੇ ਆਪ ਜ਼ੰਮੇਵਾਰ ਹਨ, ਸਤਿਗੁਰ ਨੇ ਤਾਂ ਜਗਤ ਵਜਾਪੀ ਅਮੂਲ ਬੰਨ੍ਹ ਦਿਤਾ ਹੈ, ਅਮਲ ਕਰਨਾ ਸਚਿਆਈ ਨਾਲ ਜੱਗਜਾਸੂ ਦਾ ਧਰਮ ਹੈ। ਗੁਰੂ ਕਾ ਅਮੂਲ ਪੱਕਾ ਤੇ ਅਹਿੱਲ ਹੈ।

ਸਿਖ-ਠੀਕ ਆਖਿਆ ਨੇ।

ਦਾਨਾ ਸਿਖ-ਸਿਖ ਮੁਸਲਮਾਨਾਂ ਵਾਂਙੂ ਇਕ ਪਾਸੇ ਯਾ ਜੈਨੀਆਂ ਵਾਂਙੂ ਦੂਏ ਪਾਸੇ ਅਤੀ ਤੇ ਨਾ ਪਹੁੰਚ ਜਾਣ ਤੇ ਵਾਹਿਗੁਰੂ ਪ੍ਰੇਮ ਦੇ ਆਦਰਸ਼ ਦੀ ਥਾਂ ਖਾਣਾ ਪੀਣਾ ਹੀ ਅਸਲ ਨਾ ਬਣਾ ਲੈਣ, ਸਤਿਗੁਰ ਜੀ ਇਸ ਗੱਲ ਖਾਤਰ ਅਨੇਕ ਕੌਤਕ ਕਰਦੇ ਰਹਿੰਦੇ ਹਨ। ਮਹਾਂ ਪ੍ਰਸ਼ਾਦਿ ਬਣਦਾ ਹੈ ਪਰ ਦੇਖ ਲਓ ਕਿ ਮਹਾਂ ਪ੍ਰਸ਼ਾਦਿ ਜ਼ਰੂਰ ਹੀ ਰਿੰਨ੍ਹਣੇ ਦੀ ਮਜਬੂਰੀ ਨਹੀਂ ਹੈ। ਜੇ ਨਹੀਂ ਖਾਣਾ ਠੀਕ ਸਮਝਦੇ ਉਨ੍ਹਾਂ ਨੂੰ ਦੂਸਰਾ ਭੋਜਨ ਮਿਲ ਜਾਂਦਾ ਹੈ। ਸਿੰਘ ਜੀ ਅਸੂਲ ਨਾਮ ਜਪਣਾ ਹੈ, ਵਾਹਿਗੁਰੂ ਪ੍ਰੇਮ ਤੇ ਵਾਹਿਗੁਰੂ ਗਿਆਨ ਵਿਚ ਜੀਵੇ ਹੋ ਜਾਣਾ ਹੈ, ਬਾਕੀ ਤਨ ਦੀ ਪੀੜਾ ਤੇ ਮਨ ਦੀ ਸੋਝੀ ਕਰਕੇ ਟੁਰਨਾ ਹੈ, ਇਨ੍ਹਾਂ ਵਿਸ਼ਿਆਂ ਤੇ ਝਗੜੇ ਕਰਨੇ ਗੁਰ ਨਾਨਕ ਦੇਵ ਜੀ ਨੇ ਮੂਰਖਤਾ ਦੱਸੇ ਹਨ। ਜੋ ਪਰਮੇਸ਼ੁਰ ਤੋਂ ਭੁੱਲੇ ਹਨ ਉਹ ਲੇਖੇ ਵਿਚ ਹਨ, ਅਭਿਮਾਨ ਵਿਚ ਹਨ, ਓਹ ਜੇ ਮਾਸ ਨਾ ਖਾਕੇ ਯਾ ਖਾਕੇ ਆਕੜਾਂ ਕਰਨ ਤਾਂ ਦੁਇ ਗੱਲਾਂ ਮੂਰਖਤਾ ਦੀਆਂ ਹਨ। ਜੋ ਜੀਉ ਉਠੇ ਹਨ, ਪਰ ਮਾਸ ਖਾਕੇ ਮਨ ਵਿਕਾਰੀ ਹੋ ਜਾਂਦਾ ਨੇ, ਓਹ ਆਪੇ ਨਾ ਖਾਣਗੇ। ਜੋ ਇੰਨੇ ਮਨ ਦੇ ਉੱਚੇ ਹੋ ਗਏ ਹਨ ਕਿ ਖਾਕੇ ਬੀ ਬ੍ਰਿਤੀ ਅਰੂੜ ਰਹਿੰਦੇ ਹਨ, ਉਨ੍ਹਾਂ ਪਰ ਕਿੰਤੂ ਕਰਨਾ ਨਹੀਂ ਬਣਦਾ।

ਸਿੱਖ-ਠੀਕ।

ਇੰਨੇ ਨੂੰ ਲੰਗਰ ਤਿਆਰ ਹੋ ਗਿਆ ਸੀ, ਅਵਾਜ਼ਾ ਤਿਆਰੀ ਦਾ ਆ ਗਿਆ ਤੇ ਸਾਰੇ ਜਣੇ ਲੰਗਰ ਵਿਚ ਚਲੇ ਗਏ।

੪.

ਪ੍ਰਸ਼ਾਦੇ ਛਕਕੇ ਸਭ ਨੇ ਆਰਾਮ ਕੀਤਾ। ਤੀਜੇ ਪਹਿਰ ਜਦੋਂ ਸਤਿਗੁਰੂ ਜੀ ਫਿਰ ਤਿਆਰ ਬਰ-ਤਿਆਰ ਹੋਕੇ ਸਜ ਗਏ ਤਾਂ ਮਹੰਤ ਜੀ ਆ ਗਏ ਅਰ ਬੜੇ ਸਤਿਕਾਰ ਨਾਲ ਬਿਨੈ ਕਰਨ ਲਗੇ ਕਿ ਡੇਰੇ ਦੇ ਅੰਦਰ ਚੱਲਕੇ ਚਰਨ ਪਾਓ, ਸ੍ਰੀ ਦਾਦੂ ਜੀ ਦਾ ਅਸਥਾਨ ਦੇਖੋ ਤੇ ਸਾਨੂੰ ਭਾਗ ਲਾਓ, ਜਿਥੇ ਜਿਥੇ ਚਰਨ ਪਾ ਜਾਓਗੇ ਅਸੀਂ ਯਾਦ ਰਖਿਆ ਕਰਾਂਗੇ ਕਿ ਇਹ ਥਾਉਂ ਸੁਭਾਗੇ ਹੋ ਚੁਕੇ ਹੋਏ ਹਨ।

ਮਹੰਤ ਦੀ ਸ਼ਰਧਾ ਵੇਖਕੇ ਸ੍ਰੀ ਗੁਰੂ ਜੀ ਨੇ ਨਾਂਹ ਨਾ ਕੀਤੀ* ਤੇ ਅੰਦਰ ਚਲਣ ਲਈ ਤਿਆਰ ਹੋ ਗਏ। ਨਾਲ ਕੁਛ ਸਿੰਘ ਬੀ ਤਿਆਰ ਹੋਏ।

ਦਾਦੂ ਜੀ ਆਪਣੇ ਸਮੇਂ ਵਿਚ ਸੱਚੇ ਢੁੰਡਾਊ ਤੇ ਫਿਰ ਭਗਤੀ ਤੇ ਜੋਗ ਦੇ ਚੰਗੇ ਫਕੀਰ ਹੋਏ ਹਨ। ਉਨ੍ਹਾਂ ਦੀ ਸਚਜਾਈ ਦੀ ਘਾਲ ਤੇ ਭਗਤੀ ਪਰ ਸਤਿਗੁਰ ਖੁਸ਼ ਸੇ। ਅਚਰਜ ਨਹੀਂ ਕਿ ਦਾਦੂ ਜੀ ਸ੍ਰੀ ਗੁਰੂ ਘਰ ਵਿਚ ਕਦੇ ਆਏ ਹੋਣ! ਬਾਹਰਲੇ ਸਬੂਤਾਂ ਲਈ ਤਾਂ ਇਤਿਹਾਸਕ ਖੋਜ ਦੀ ਲੋੜ ਹੈ, ਪਰ ਅੰਦਰਲੀ ਉਗਾਹੀ ਲਈ ਇਸ ਲੇਖ ਦੇ ਅਖੀਰ ਕੁਛ ਭਜਨ ਦਾਦੂ ਜੀ ਦੇ ਦਿਤੇ ਹਨ, ਜਿਨ੍ਹਾਂ ਤੋਂ ਪੱਕੀ ਝਲਕ ਵਿਖਾਈ ਦੇਂਦੀ ਹੈ ਕਿ ਦਾਦੂ ਜੀ ਨੂੰ ਗੁਰੂ ਘਰ ਦੀ ਵਾਕਫੀ ਸੀ, ਅਚਰਜ ਨਹੀਂ ਕਿ ਚੌਥੇ ਪੰਜਵੇਂ ਸਤਿਗੁਰਾਂ ਦੇ ਵੇਲੇ ਆਪ ਦਰਸ਼ਨ ਪਰਸਨ ਬੀ ਕਰ ਗਏ ਹੋਣ ਤੇ ਕ੍ਰਿਤਾਰਥ ਬੀ ਹੋ ਗਏ ਹੋਣ। ਦਾਦੂ ਜੀ ਦਾ ਜਨਮ ਸੰ: ੧੬੦੧ ਬਿ: ਵਿਚ ਅਹਿਮਦਾਬਾਦ ਵਿਚ ਹੋਣ ਦਾ ਪਤਾ ਚਲਦਾ ਹੈ। ਆਪਦੇ ਮਾਤਾ ਪਿਤਾ ਦਾ ਪਤਾ ਠੀਕ ਠੀਕ ਨਹੀਂ ਚਲਦਾ। ਪੋਹ ਦੇ ਠੰਢੇ ਠਾਰ ਮਹੀਨੇ ਵਿਚ ਆਪ ਦਾ ਮਸੂਮ ਸਰੀਰ ਨਦੀ ਕਿਨਾਰੇ ਪਿਆ ਇਕ ਨਾਗਰ ਬ੍ਰਾਹਮਨ ਨੂੰ ਲੱਭਾ ਸੀ, ਜਿਸਨੇ ਤਰਸ ਖਾਕੇ ਚਾ ਲਿਆ ਤੇ ਘਰ ਲਿਆਕੇ ਪਾਲਣ ਦਾ ਪ੍ਰਬੰਧ ਕੀਤਾ। ਆਪਣੇ ਘਰ ਉਲਾਦ ਨਾ ਹੋਣ ਕਰਕੇ ਬ੍ਰਾਹਮਣ ਨੇ ਇਨ੍ਹਾਂ ਦੀ ਪਾਲਣਾ ਪੋਸਣਾ ਪੁਤਰਾਂ ਵਾਂਙ ਕੀਤੀ। ਬਚਪਨ ਵਿਚ ਹੀ ਜੋਗ ਆਦਿ ਦੇ ਮਸਲੇ ਤੇ ਸ਼ਾਸਤਰ ਦੇ ਸੰਸਕਾਰ ਕੰਨੀ ਪੈਂਦੇ ਰਹੇ ਪਰ ਓਹ ਕਾਫੀ ਨਾ ਹੋਏ ਦਿਲ ਨੂੰ ਠਹਿਰਾਉਣ ਲਈ। ਫਿਰ ਆਪ ਇਕ ਤਿਆਗੀ ਸਾਧੂ ਨਿਤਾਨੰਦ ਨਾਮੇ ਦੇ ਸਤਿਸੰਗ ਵਿਚ ਗਏ ਤੇ ਇਨ੍ਹਾਂ ਦੇ ਅਸਰ ਹੇਠ ਹੀ ਸੰਨਿਆਸ

*ਤੀਜੇ ਪਹਰਿ ਗੁਰੂ ਜੀ ਮਹੰਤ ਦੀ ਸ਼ਰਧਾ ਵੇਖਕੇ ਜਦ ਉਹਨਾਂ ਦੇ ਡੇਰੇ ਅੰਦਰ ਗਏ। {ਤਵਾ: ਖਾ:}

ਧਾਰਨ ਕਰ ਲੀਤਾ। ਇਸਤੋਂ ਮਗਰੋਂ ਆਪ ਬੰਦਗੀ ਵਿਚ ਰਹੇ ਤੇ ਦੇਸ਼ਾਟਨ ਬੀ ਕੀਤਾ। ਇਸ ਸਮੇਂ ਵਿਚ ਹੀ ਜੇ ਕਦੇ ਆਪ ਸੱਤਵੇਂ ਯਾ ਨਾਵੇਂ ਸਤਿਗੁਰਾਂ ਨੂੰ ਮਿਲੇ ਹੋਣ ਤਾਂ ਅਸਚਰਜ ਨਹੀਂ। ਅੰਤ ਆਪ ਅਜਮੇਰ ਤੋਂ ਚਾਲੀ ਪੰਜਤਾਲੀ ਮੀਲ ਪਰੇ ਨਰੈਣ ਪੁਰ ਨਾਮੇ ਪਿੰਡ ਵਿਚ ਟਿਕ ਗਏ। ਆਪ ਦੇ ਉਪਦੇਸ਼ ਨਾਲ ਸੰਪ੍ਰਦਾ ਚਲ ਪਈ ਜੋ ਹੁਣ ਤਕ ਹੈ ਤੇ "ਦਾਦੂ ਪੰਥੀ" ਕਹਿਲਾਉਂਦੀ ਹੈ। ਦਾਦੂ ਜੀ ਦੀ ਸਮਾਧ ਇਸੇ ਟਿਕਾਣੇ ਹੈ। ਆਪ ਬੜੇ ਤਜਾਗੀ ਸੇ, ਕੰਬਲੀ ਤੇ ਤੂੰਬੀ ਆਪ ਦਾ ਸਾਰਾ ਲਟਾ ਪਟਾ ਹੁੰਦਾ ਸੀ, ਬਾਣੀ ਬੀ ਆਪ ਨੇ ਉਚਾਰੀ ਹੈ, ਜਿਸ ਦੀ ਵੰਨਗੀ ਅਸੀਂ ਇਸ ਲੇਖ ਦੇ ਅਖੀਰ ਪਰ ਦਿਆਂਗੇ। ਉਪਦੇਸ਼ ਆਪਦਾ ਹਲੀਮੀ ਤੇ ਤਿਆਗ ਤੇ ਭਗਤੀ ਦਾ ਹੈਸੀ। ਜੈਤਰਾਮ ਆਪ ਦੀ ਗੱਦੀ ਉੱਤੇ ਮਹੰਤ ਹੋਇਆ ਹੈ ਜੋ ਅੱਜ ਸਤਿਗੁਰੂ ਜੀ ਨੂੰ ਮਿਲਿਆ ਹੈ। ਇਸ ਮਿਲਾਪ ਦੀ ਨਿਸ਼ਾਨੀ ਇਸ ਵਕਤ ਤਕ ਗੁਰੂ ਜੀ ਦੇ ਬੈਠਣੇ ਦਾ ਨਿਸ਼ਾਨ ਮੌਜੂਦ ਹੈ। ਸੋ ਗੁਰੂ ਜੀ ਜੈਤਰਾਮ ਦੇ ਪਿਆਰ ਕਰਕੇ ਅਰ ਦਾਦੂ ਜੀ ਦੀ ਤਪੱਸਜਾ ਤੇ ਭਗਤੀ ਦੀ ਜ਼ਿੰਦਗੀ ਕਰਕੇ ਤੇ ਅਚਰਜ ਨਹੀਂ ਕਿ ਦਾਦੂ ਜੀ ਦੇ ਗੁਰੂ ਘਰ ਤੇ ਕਿਸੇ ਸੰਬੰਧ ਕਰਕੇ, ਜਿਸ ਦੀ ਝਲਕ ਉਨ੍ਹਾਂ ਦੀ ਬਾਣੀ ਵਿਚ ਹੈ, ਅੰਦਰ ਗਏ ਅਰ ਉਸ ਸਤਿ ਪੁਰਖ ਦੀ ਸਮਾਧ ਨੂੰ ਦੇਖਕੇ ਪ੍ਰਸੰਨ ਹੋਏ। ਇਸ ਵੇਲੇ ਗੁਰੂ ਜੀ ਨੇ ਸੋਚਿਆ ਕਿ ਆਇਆ ਇਹ ਸਾਡੇ ਨਾਲ ਦਾ ਖਾਲਸਾ, ਜਿਨ੍ਹਾਂ ਵਿਚ ਬਹੁਤ ਨਵੀਨ ਸਜੇ ਸਿੰਘ ਹਨ, ਤਿਆਰ ਬਰ ਤਿਆਰ ਹਨ ਕਿ ਨਾ, ਇਸ ਲਈ ਦਾਦੂ ਜੀ ਦੀ ਸਮਾਧ ਵਲ ਤੱਕ ਕੇ ਚਾਉ ਤਾਂ ਉਸ ਦੀ ਯਾਦ ਨਾਲ ਨੈਣਾਂ ਵਿਚ ਆਇਆ, ਪਰ ਤੀਰ ਨਾਲ ਨਮਸਕਾਰ ਕੀਤੀ। ਜਦੋਂ ਯਾਤਰਾ ਕਰਕੇ ਤੇ ਮਹੰਤ ਦਾ ਟਿਕਾਣਾ ਵੇਖਕੇ ਉਸਨੂੰ ਪ੍ਰਸੰਨ ਕਰਕੇ ਸਤਿਗੁਰੂ ਜੀ ਨੇ ਡੇਰੇ ਆਕੇ ਆਰਾਮ ਕੀਤਾ ਤਦੋਂ ਅੰਦਰ ਨਾਲ ਗਏ ਸਿੰਘਾਂ ਨੇ ਆਕੇ ਬਿਨੈ ਕੀਤੀ:-

ਸਦਾ ਅਭੁਲ ਆਪ ਉਰ ਮਾਹੂੰ॥

ਪਰ ਹੁਣ:-

ਭਏ ਉਚਿਤ ਦੈਬੇ ਤਨਖਾਹੂ॥

ਅਸੀਂ ਜਾਣਦੇ ਹਾਂ ਕਿ ਆਪ:-

ਬਖਸ਼ਹੁ ਜਗ ਔਗੁਣ ਸਮੁਦਾਇ॥

ਪਰ ਹੁਣ ਆਪ:-

ਲੇਹੁ ਖਾਲਸੇ ਤੇ ਬਖਸ਼ਾਇ॥
ਸੁਨਿ ਬਿਬੇਕ[1] ਕੋ ਭਏ ਪ੍ਰਸੰਨ॥
ਕਹਜੋ ਕਿ 'ਗੁਰੂ ਖਾਲਸਾ' ਧੰਨ॥
ਕਰੀ ਨਮੋ ਹਮ ਪਰਖਨ ਹੇਤ॥
ਭਏ ਸਿੰਘ ਕੈ ਨਹੀ ਸੁਚੇਤ॥
ਲਿਉ ਤਨਖਾਹ ਅਵਾਜ ਸੁਨਾਵਉ॥
ਇਸ ਬਿਧ ਕੀ ਨਿਤ ਰਹਤ ਕਮ ਵਉ॥ {ਸੂ: ਪ੍:}

ਇਹ ਬਚਨ ਸੁਣਕੇ ਖਾਲਸੇ ਦਾ ਦੀਵਾਨ ਸਜ ਕੇ ਤਨਖਾਹ ਸੋਚਣ ਲੱਗਾ, ਅਖੀਰ ਸਵਾ ਸੌ ਰੁਪੱਯਾ ਫੈਸਲਾ ਹੋਇਆ ਜੋ ਸਤਿਗੁਰਾਂ ਨੇ ਹੱਸ ਹੱਸ ਕੇ ਦਿੱਤਾ ਤੇ ਖਾਲਸੇ ਨੇ ਉਸ ਰੁਪੱਯੇ ਦਾ ਲੰਗਰ ਦਾ ਤੰਬੂ ਬਣਵਾਇਆ।

ਗੁਰੂ ਜੀ ਦੀ ਇਸ ਚੇਸ਼ਟਾ ਪਰ ਖਾਲਸੇ ਨੂੰ ਇਕ ਖੁਸ਼ੀ ਤਾਂ ਇਹ ਹੋਈ ਕਿ ਮਾਲਕ ਨੇ ਸਾਡੀ ਪਰਖਣਾ ਕੀਤੀ ਤੇ ਖਾਲਸਾ ਪੂਰਾ ਉਤਰਿਆ ਗੁਰੂ ਕੀ ਮਿਹਰ ਨਾਲ। ਦੂਸਰੀ ਖੁਸ਼ੀ ਇਹ ਹੋਈ ਕਿ ਜਿਸਨੂੰ ਅਸੀਂ ਸੱਚਾ ਗੁਰੂ ਸਮਝਦੇ ਹਾਂ, ਜਿਸ 'ਇਕ' ਦੇ ਇਕ ਬਚਨ ਉੱਤੇ ਹਜ਼ਾਰਾਂ ਸਿੱਖਾਂ ਦੇ ਸਮੁਦਾਇ ਜਾਨਾਂ ਵਾਰ ਗਏ ਤੇ ਹੁਣ ਜੋ ਅਸੀਂ ਨਾਲ ਹਾਂ ਜਾਨਾਂ ਤਲੀ ਤੇ ਧਰੀ ਖੜੇ ਹਾਂ, ਹਾਂ ਜਿਸ ਦੇ ਬਚਨ ਤੇ ਲੱਖਾਂ ਸਿੱਖ ਤਨ ਮਨ ਲਈ ਖੜੇ ਦੇਸਾਂ ਪ੍ਰਦੇਸਾਂ ਵਿਚ ਵੱਸ ਰਹੇ ਹਨ, ਉਹ ਗੁਰੂ ਐਸਾ ਦੂਲ੍ਹਾ, ਪਿਆਰਾਂ ਵਾਲਾ ਤੇ ਗ਼ਰੀਬ ਨਿਵਾਜ਼ ਤੇ ਦਾਮਾਂ ਨੂੰ ਵਡਿਆਉਣ ਵਾਲਾ ਹੈ ਕਿ ਉਨ੍ਹਾਂ ਦੇ ਕਹੇ ਬਚਨ ਤੇ ਗੁੱਸਾ ਨਹੀਂ ਕਰਦਾ, ਸਗੋਂ ਖੁਸ਼ ਹੁੰਦਾ ਹੈ। ਅਸੀਂ ਸੁਭਾਗਜ ਹਾਂ ਕਿ ਐਸੇ ਰੱਬੀ ਨੂਰ ਦੇ ਲੜ ਲਗੇ ਹਾਂ। ਆਪ ਭਗਵੰਤ ਰੂਪ[2] ਹੋਕੇ, ਅਭੁੱਲ ਹੋਕੇ ਪਾਪਾਂ ਦੇ ਬਖਸ਼ਣ ਦੀ ਤੌਫੀਕ ਤੇ ਤਾਣ ਰੱਖਕੇ, ਪਰਖਣ ਹਿਤ ਕੀਤੇ ਕੌਤਕ ਉੱਤੇ ਬੀ ਆਪਣੇ ਬੱਧੇ ਅਸੂਲ ਤੇ ਖੜਾ ਹੈ। ਹਾਂ ਖਾਲਸਾ ਖੁਸ਼ ਸੀ ਤੇ ਗਦ ਗਦ ਸੀ, ਸਿਆਣੇ ਸਿੱਖ ਇਹ ਬੀ ਵਿਚਾਰਦੇ ਸਨ ਕਿ ਇਹ ਗੱਲ ਤਦੋਂ ਕਿ ਜਦੋਂ ਕਦੇ ਪੰਥ ਵਿਚ ਸ਼ਰਧਾਭਗਤੀ ਤੇ ਪਿਆਰ ਘਟਿਆ

---

੧. ਵਿਵੇਕ, ਗਯਾਨ, ਵੀਚਾਰ।

੨. ਵਹੁ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿਦ ਸੂਰਾ॥ {ਵਾ: ਭਾ: ਗੁਰਦਾਸ ਸਿੰਘ}

ਜਦੋਂ ਨਾਮ ਸਿਮਰਨ ਤੇ ਬਾਣੀ ਦਾ ਪ੍ਰੇਮ ਰਤਾ ਕੁ ਹੇਠਾਂ ਨੂੰ ਗਿਆ ਤਾਂ ਓਸ ਸੂਰੇ ਗੁਰੂ ਦੇ ਬੰਦੇ ਇਸ ਵਾਕਿਆ ਨੂੰ ਨਜ਼ੀਰ ਬਣਾਕੇ ਉਪਦ੍ਰਵ ਕਰਿਆ ਕਰਨਗੇ, ਪਰ ਉਹ ਦੇਖਦੇ ਸਨ ਕਿ ਸੂਰਾ ਗੁਰੂ ਭੂਤ ਭਵਿੱਖਤ ਦਾ ਜਾਣਕਾਰ ਹੈ ਤੇ ਸੱਭੋ ਕੁਛ ਜਾਣਕੇ ਕੌਤਕ ਕਰਦਾ ਹੈ। ਸਤਿਗੁਰੂ ਜੀ ਦਾ ਆਸ਼ਾ ਪੰਥ ਵਿਚ ਜਥੇਬੰਦੀ ਕਾਇਮ ਕਰਨ ਦਾ ਸੀ ਜਿਸ ਦੀ ਨੀਂਹ ਆਪ ਧਰੀ ਸੀ। ਖਾਲਸੇ ਨੂੰ ਸਰਬ ਕਾਲ ਲਈ ਆਪਣੇ ਦਿੱਤੇ ਅਟੱਲ ਅਸੂਲਾਂ ਤੇ ਟੁਰਨ ਦੀ ਆਗਜਾ ਕੀਤੀ ਸੀ ਤੇ ਇਹੋ ਪ੍ਰਯੋਜਨ ਸੀ ਕਿ ਬਾਲਕ ਖਾਲਸਾ ਸਿੱਖ ਜਾਵੇ ਕਿ ਅਸੂਲ ਪ੍ਰਸਤੀ ਸਾਡਾ ਧਰਮ ਹੈ। ਪੰਥ ਗੁਰੂ ਹੈ ਪਰ ਗੁਰੂ ਦੇ ਨਾਲ। ਗੁਰੂ ਜੇ ਵਿਚ ਨਹੀਂ ਤਾਂ ਪੰਥ 'ਗੁਰੂ ਪੰਥ' ਨਹੀਂ। ਜਿਵੇਂ ਜੰਞ ਲਾੜੇ ਦੇ ਨਾਲ ਜੰਞ ਹੈ ਜੇ ਲਾੜਾ ਹੀ ਹੈ ਨਹੀਂ ਤਾਂ ਕਿਸੇ ਜਨ ਸੰਮੂਹ ਕਿਸੇ ਮਨੁੱਖਾਂ ਦੀ ਭੀੜ ਨੂੰ ਜੰਞ ਨਹੀਂ ਕਿਹਾ ਜਾ ਸਕਦਾ। ਸੰਗਤ ਦੀ ਵਡਿਆਈ ਦਾ ਅਸੂਲ ਸਤਿਗੁਰਾਂ ਦੇ ਘਰ ਵਿਚ ਆਦਿ ਤੋਂ ਹੈ, **"ਵਿਚ ਸੰਗਤ ਹਰਿ ਪ੍ਰਭੁ ਵਸੈ ਜੀਉ।"** ਪਰ ਸੰਗਤ ਯਾ ਪੰਥ ਹੈ ਗੁਰੂ ਨਾਲ, ਸਿਖ ਹੈ ਗੁਰੂ ਕਰਕੇ ਜੇ ਗੁਰੂ ਨਹੀਂ ਤਾਂ ਸਿਖ ਕਿਸਦਾ ਤੇ ਸੰਗਤ ਕਿਵੇਂ ਹੈ। ਇਸੇ ਕਰਕੇ ਜਦੋਂ ਗੁਰੂ ਜੀ ਨੇ ਖਾਲਸੇ ਨੂੰ ਗੁਰੂ ਥਾਪਿਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪਿਆ ਕਿ ਗੁਰੂ ਸਣੇ ਖਾਲਸਾ ਗੁਰੂ ਹੈ। ਜਿਵੇਂ ਗੁਰੂ ਜੀ ਆਪਣੇ ਹੀਨ ਹਯਾਤ ਆਪਣੇ ਸਮੇਤ ਖਾਲਸਾ ਆਖਦੇ ਸਨ ਤੇ ਉਸ ਸੂਰੇ ਗੁਰੂ ਸਣੇ ਖਾਲਸਾ ਗੁਰੂ ਸੀ, ਤਿਵੇਂ ਹੁਣ ਗੁਰੂ ਗ੍ਰੰਥ ਸਣੇ ਖਾਲਸਾ ਗੁਰੂ ਹੈ। ਇਸ ਵਾਕਿਆ ਨੂੰ ਬੜੇ ਅਦਬ ਨਾਲ ਪੜ੍ਹਨਾ ਸੁਣਨਾ ਚਾਹੀਏ ਤੇ ਅਮਿੱਤ ਤੇ ਅਨੰਤ ਸਤਿਕਾਰ ਨਾਲ ਭਰ ਜਾਣਾ ਚਾਹੀਦਾ ਹੈ ਉਸ ਸੂਰੇ ਗੁਰੂ ਵਾਸਤੇ ਜਿਸ ਨੇ ਗੁਰੂ ਹੋਕੇ, ਸਮਰੱਥ ਹੋਕੇ, ਇਕੱਲੇ ਨੇ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਾਜਿਆ, ਤੇ ਫੇਰ ਉਸ ਨੂੰ ਆਪੇ ਗੁਰੂ ਥਾਪ ਦਿੱਤਾ। ਹਾਂ ਜਿਸ ਦੇ ਆਪਣੇ ਦਿਮਾਗ਼ ਵਿਚੋਂ ਖਾਲਸਾ ਦਾ ਆਦਰਸ਼ ਉਜਿਆ ਤੇ ਜਿਸ ਨੇ ਖਾਲਸਾ ਬਣਾਇਆ, ਉਸਨੇ ਉਹਨਾਂ ਤੋਂ ਜੋ ਤਲੀ ਤੇ ਸਿਰ ਰੱਖ ਕੇ ਉਸ ਦੇ ਚਰਨਾਂ ਤੋਂ ਸਦਕੇ ਕਰਨ ਆਏ ਸਨ, ਉਨ੍ਹਾਂ ਤੋਂ ਜੋ ਉਸਦੇ ਸਾਜੇ ਨਿਵਾਜੇ ਸਨ, ਆਪ ਅੰਮ੍ਰਿਤ ਛਕਿਆ। ਇਹ ਆਪਣੇ ਬੱਧੇ ਅਸੂਲਾਂ ਦੀ ਹੱਦ ਦਰਜੇ ਦੀ ਕਮਾਈ ਹੈ। ਓਹੋ ਰੰਗ ਵੇਖਣੇ ਲਈ ਸਤਿਗੁਰਾਂ ਨੇ ਅੱਜ ਦਾ ਕੌਤਕ ਵਰਤਾਇਆ ਹੈਸੀ। 'ਪੰਥ ਵਿਚ ਕੋਈ ਗੱਲ ਅਸੂਲ ਵਿਰੁੱਧ ਨਾ ਟੁਰੇ' ਇਹ ਸਤਿਗੁਰੂ ਜੀ ਨੇ ਖਾਲਸੇ ਨੂੰ ਇਸ ਕੌਤਕ ਵਿਚ ਸਿਖਾਈ ਹੈ। ਇਹ ਕੌਤਕ ਬੇ-ਸਤਿਕਾਰੀ ਦਾ ਪਟਾ ਨਹੀਂ, ਨਾ ਇਸ ਦਾ ਇਹ ਭਾਵ ਹੈ ਕਿ ਮਹਾਂ ਪੁਰਖਾਂ ਤੇ ਸਤਿਗੁਰਾਂ ਦੀ ਯਾਦਗਾਰ ਹੀ ਨਾ ਬਣੇ! ਅਨੰਦ ਪੁਰੋਂ ਟੁਰਨ ਵੇਲੇ ਇਸੇ ਸੂਰੇ ਸਤਿਗੁਰ ਜੀ ਨੇ ਅਦੁਤੀ ਸਾਕਾ ਵਰਤਾਉਣ ਵਾਲੇ ਗੁਰੂ ਤੇਗ ਬਹਾਦਰ ਜੀ ਦੇ ਅਸ-ਥਾਨ ਦੀ ਸੇਵਾ ਲਈ ਇਕ ਸਾਧੂ ਨੂੰ ਥਾਪਿਆ। ਜਾਣਦੇ ਸਨ ਕਿ ਅਨੰਦ ਪੁਰ ਵਿਚ ਲੁਟ ਮਚੇਗੀ, ਸਭ ਲੋਕ ਦੌੜ ਜਾਣਗੇ, ਬਰਬਾਦੀ ਤੇ ਉਜਾੜ ਆਵੇਗੀ, ਪਰ ਕਿੰਨੇ ਖਬਰਦਾਰ ਸਨ ਉਸ ਪਵਿਤਰ ਸਥਾਨ ਦੀ ਰੱਖਿਆ ਲਈ, ਕਿੰਨੇ ਸੋਚਵਾਨ ਸਨ ਉਸ ਪੰਥ ਵਿਚ ਜਾਨ ਭਰ ਦੇਣ ਵਾਲੇ ਪਵਿੱਤਰ ਟਿਕਾਣੇ ਨੂੰ ਹਰੀ ਕੈਮ ਰੱਖਣ ਵਾਸਤੇ। ਇਹ ਸਾਧੂ, ਜਿਸਨੂੰ ਥਾਪਿਆ ਸੀ, ਐਸਾ ਬੰਦਗੀ ਵਾਲਾ ਤੇ ਖਾਲਸੇ ਦੀ ਰਹੁਰੀਤ ਤੇ ਗੁਰੂ ਕੇ ਅਸੂਲਾਂ ਦਾ ਜਾਣ-ਕਾਰ ਸੀ ਕਿ ਜਦੋਂ ਗੁਰੂ ਜੀ ਦੇ ਆਪਣੇ ਸਨ-ਬੰਧੀਆਂ ਵਿਚੋਂ ਇਕ ਅਨੰਦਪੁਰ ਵਿਚ ਮੁਖੀਆ ਹੋ ਗਿਆ ਤੇ ਗੁਰੂ ਮੰਦਰ ਵਿਚ ਗੁਰੂ ਬਣਕੇ ਪੁਜ-ਵਾਉਣ ਲਗਾ ਤਾਂ ਇਸ ਗੁਰੂ ਦੇ ਬਣਾਏ ਸਾਧੂ ਦਾ ਹੀ ਹੀਆ ਸੀ ਕਿ ਇਸਨੇ ਜਾਕੇ ਕਿਹਾ ਕਿ ਇਹ ਅਸੂਲ ਵਿਰੁੱਧ ਹੈ, ਤੁਸੀਂ ਗੁਰੂ ਪਦ ਪਰ ਨਹੀਂ ਥਾਪੇ ਗਏ। ਸੋ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਤੇਗ ਬਹਾਦਰ ਜੀ ਦੇ ਅਸਥਾਨ ਦੇ ਸਦਾ ਆਬਾਦ ਰਹਿਣ ਦਾ ਫਿਕਰ ਤੇ ਪ੍ਰਬੰਧ ਕਰਨਾ ਦੱਸਦਾ ਹੈ ਕਿ ਆਪ ਦਾ ਤਾਤਪਰਜ ਯਾਦਗਾਰਾਂ ਦੇ ਅਸਥਾਨਾਂ ਨੂੰ ਯਾਦਗੀਰੀ ਲਈ ਕਾਇਮ ਰੱਖਣਾ ਹੈਸੀ। **'ਗੋਰ ਮੜੀ ਮਠ ਭੂਲ ਨ ਮਾਨੈ'** ਦੇ ਸਪਸ਼ਟ ਵਾਕ ਬੀ ਇਸ ਲਈ ਉਚਾਰੇ ਸਨ ਕਿ ਇਨ੍ਹਾਂ ਦੀ ਅੰਧ ਪੂਜਾ ਨਾ ਹੋਵੇ। ਫਿਰ ਪਰੰਪਰਾ ਤੋਂ ਪੰਜਵੇਂ ਸਤਿਗੁਰਾਂ ਤੇ ਹੋਰ ਗੁਰੂ ਸਾਹਿਬਾਂ ਦੇ ਦੇਹੁਰੇ ਟੁਰੇ ਆਏ ਹਨ ਜੋ ਕੌਮ ਦੇ ਨੈਣਾਂ ਅੱਗੇ ਜੀਉਂਦਾ ਇਤਿਹਾਸ ਤੇ ਰੂਹ ਫੂਕ ਦੇਣ ਵਾਲੇ ਚਾਨਣ

ਮੁਨਾਰੇ ਬਣ ਕੇ ਕਾਇਮ ਹਨ।

ਦੂਸਰੀ ਗੱਲ ਇਹ ਹੈ ਆਪਨੂੰ ਤਨਖਾਹ ਲਗੀ ਆਪ ਦੇ ਉਸ ਨੂੰ ਪ੍ਰਵਾਨ ਕਰਨ ਤੋਂ ਇਹ ਭਾਵ ਸੀ ਕਿ ਪੰਥ ਦੇ ਫੈਸਲੇ ਅੱਗੇ ਹਰ ਇਕ ਸਿਖ ਸਿਰ ਝੁਕਾਵੇ, ਇਕ ਇਕ ਦੀ ਖੁਦੀ ਪੰਥਕ ਜਥੇਬੰਦੀ ਅੱਗੇ ਆਕੀ ਨਾ ਹੋਵੇ, ਕਿਉਂਕਿ ਜਥੇਬੰਦੀ ਦਾ ਅਸੂਲ ਇਹੋ ਹੈ ਕਿ ਇਕ ਦੀ ਅਵਾਜ਼ ਪਰ ਸਮੂਹ ਦੀ ਅਵਾਜ਼ ਬਲਵਾਨ ਹੋਵੇ। ਹਰ ਇਕ ਜੋ ਯਕਾ ਯਕਾ ਹੈ, ਫਰਦ ਹੈ, ਉਹ ਸਮੂਹ ਦੇ ਅੱਗੇ ਝੁਕੇ ਤੇ ਅਪਣੀ ਇਕੱਲੀ ਆਵਾਜ਼ ਨਾਲ ਜ਼ਿਦ ਤੇ ਹਠ ਕਰਕੇ ਜਥੇਬੰਦੀ ਨੂੰ ਨਾ ਤੋੜੇ।

"ਮਤਾਂ ਕੋਈ ਮਾਨਨੀਯ ਵਜਕਤੀ ਕਦੇ ਆਪਣੇ ਸਤਿਕਾਰ ਯਾ ਜ਼ਿਦ ਵਿਚ ਹੋਕੇ ਪੰਥ ਅੱਗੇ ਆਕੜ ਕੇ ਧੜੇਬੰਦੀ ਦੀ ਨੀਂਹ ਰਖ ਦੇਵੇ" ਇਸ ਭੁੱਲ ਤੋਂ ਬਚਾਉਣ ਲਈ ਸਤਿਗੁਰਾਂ ਨੇ ਇਹ ਸਬਕ ਸਿਖਾਇਆ ਕਿ ਜਦ ਮੈਂ ਆਪਣੇ ਬੱਧੇ ਅਸੂਲ ਦਾ ਸਤਿਕਾਰ ਕਰਦਾ ਹਾਂ ਤਾਂ ਹਰ ਸਿਖ ਉਸਦਾ ਸਤਿਕਾਰ ਕਰੇ। ਪਰ ਇਸਦਾ ਅਰਥ ਇਹ ਬੀ ਨਹੀਂ ਹੈ ਕਿ ਮਾੜੀ ਨਿਯਤ ਨਾਲ ਚਾਰ ਸਰੀਰ ਰਲਕੇ ਹਰ ਇਕ ਦੇ ਸਤਿਕਾਰ ਤੇ ਹਮਲਾ ਕਰਨ ਤੇ ਆਪਣੇ ਇਸ ਪੱਗ-ਉਛਾਲ ਦੇ ਮਾੜੇ ਕੰਮ ਨੂੰ ਵਿਹਤ ਦਮਣ ਲਈ ਬੇ-ਸਤਿਕਾਰੀ ਨਾਲ ਇਸ ਸਾਖੀ ਨੂੰ ਪੇਸ਼ ਕਰਨ, ਐਸਾ ਕਰਨਾ ਬੀ ਜਥੇਬੰਦੀ ਨੂੰ ਸੱਟ ਮਾਰਨੀ ਹੈ। ਕਿਉਂਕਿ ਜਦ ਪੰਥਕ ਫੈਸਲਿਆਂ ਦੀ ਨੀਂਹ ਨਿਰੋਲ ਅਸੂਲਪ੍ਰਸਤੀ ਤੇ ਹਰ ਤਰ੍ਹਾਂ ਦੇ ਜ਼ਾਤੀ ਵੈਰ ਵਿਰੋਧ ਤੋਂ ਸਫਾਈ ਪਰ ਨਾਂ ਹੋਵੇਗੀ ਤਾਂ ਜਥੇਬੰਦੀ ਤੋਂ ਵਿਸ਼ਵਾਸ ਘਟਣ ਲਗ ਜਾਏਗਾ ਤੇ ਜਥੇਬੰਦੀ ਆਪੇ ਟੁੱਟਣ ਲਗ ਜਾਏਗੀ। ਜਥੇਬੰਦੀ ਪਰ ਵਿਸ਼੍ਵਾਸ ਹੋਣਾ ਇਹੋ ਜਥੇਬੰਦੀ ਦੀ ਤਾਕਤ ਹੈ, ਤੇ ਵਿਸ਼੍ਵਾਸ਼ ਤਾਂ ਹੁੰਦਾ ਹੈ ਜੇ ਇਸ ਜਥੇਬੰਦੀ ਦੇ ਫਰਦ ਅਸੂਲ ਪ੍ਰਸਤ ਹੋਣ, ਧੜੇਬੰਦੀ ਵਿਚ ਨਾ ਪੈਣ ਤੇ ਜ਼ਾਤੀ ਗਲਾਂ ਨੂੰ ਦਿਲੋਂ ਭੁੱਲ ਕੇ ਨਿਰੋਲ ਪੰਥ ਦੇ ਭਲੇ ਲਈ ਉਹ ਕੁਛ ਕਰਨ ਕਿ ਜੋ ਕੁਛ ਕਰਨਾ ਹਰ ਸਮੇਂ ਆ ਬਣੇ। ਦੂਜੇ ਸਿਖ ਮਾਮਲਿਆਂ ਦੇ ਫੈਸਲੇ ਵੇਲੇ ਸਿਖੀ ਸਿਦਕ ਵਾਲੇ ਨਾਮ ਤੇ ਬਾਣੀ ਦੇ ਪ੍ਰੇਮੀ, ਸਿਖ ਧਰਮ ਨੂੰ ਸਮਝਣ ਵਾਲੇ, ਰਹਿਣੀ ਕਹਿਣੀ ਦੇ ਸੂਰਿਆਂ ਦੀ ਸ਼ਮੂਲੀਅਤ ਜ਼ਰੂਰੀ ਹੈ। ਨਾਵਾਕਫੀ ਵਾਲਾ ਦਿਖਾਵੇ ਦਾ ਸਿਖ ਤੇ ਨਾਸਤਕ ਕਿਵੇਂ ਅਸੂਲ ਪ੍ਰਤਿਪਾਦਨ ਕਰ ਸਕਦਾ ਹੈ?

ਇਸੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰ ਤੇ ਥਾਪੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਮ ਸਿਮਰਨ ਸਿਖਾਲਦੇ ਹਨ, ਪ੍ਰੇਮ ਸਿਖਾਲਦੇ ਹਨ ਤੇ ਸੱਚ ਦੀ ਪੈਰਵੀ ਸਿਖਾਲਦੇ ਹਨ ਤੇ ਇਨ੍ਹਾਂ ਦੀ ਰੌਸ਼ਨੀ ਵਿਚ ਤੁਰਦਾ ਪੰਥ ਗੁਰੂ ਆਦਰਸ਼ਾਂ ਪਰ ਠੀਕ ਤੁਰਦਾ ਹੈ। ਜੇ ਸਿਖ ਇਨ੍ਹਾਂ ਅਸੂਲਾਂ ਪਰ ਟੁਰਨ ਤਾਂ ਉਨ੍ਹਾਂ ਦੀ ਜਥੇਬੰਦੀ ਵਿਚ ਕਦੇ ਫੁੱਟ ਤੇ ਧੜੇਬੰਦੀ ਨਹੀਂ ਪੈ ਸਕਦੀ, ਉਨ੍ਹਾਂ ਵਿਚ ਗੁਰੂ ਆਪ ਵਰਤਦਾ ਹੈ।

ਇਥੋਂ ਹੁਣ ਦੱਖਣ ਵਲ ਕੂਚ ਦੀ ਤਿਆਰੀ ਹੋਈ। ਪਹਿਲਾ ਦਿਨ ਤੇ ਦੇਰ ਤਕ ਰਾਤ ਨੂੰ, ਤੇ ਅੰਮ੍ਰਿਤ ਵੇਲੇ ਟੁਰਦਿਆਂ ਤਕ ਦੂਰ ਦੂਰ ਤੋਂ ਸਿਖ, ਜਿਨ੍ਹਾਂ ਨੂੰ ਖਬਰਾਂ ਪੁੱਜੀਆਂ, ਆਉਂਦੇ ਰਹੇ। ਦੂਰ ਨੇੜੇ ਦੇ ਹੋਰ ਲੋਕ ਬੀ ਪਰਮਾਰਥ ਦੇ ਢੁੰਡਾਊ ਆਉਂਦੇ ਤੇ ਨਾਮ ਦਾਨ ਪ੍ਰਾਪਤ ਕਰਦੇ ਰਹੇ। ਸਾਧੂ ਜੈਤਰਾਮ ਨੇ ਬੜੇ ਸਨਮਾਨ ਨਾਲ ਆਪਨੂੰ ਟੋਰਿਆ। ਜਾਪਦਾ ਹੈ ਕਿ ਆਪ ਦਾ ਪ੍ਰੇਮ ਬੜਾ ਅਧਿਕ ਹੋ ਗਿਆ ਸੀ ਕਿਉਂਕਿ ਜਦੋਂ ਸ੍ਰੀ ਸਤਿਗੁਰੂ ਜੀ ਮੁੜ ਦੱਖਣ ਆਏ ਤੇ ਟਿਕੇ*। ਬੁਰਹਾਨ ਪੁਰ ਗਏ ਹਨ ਤੇ ਜੋਗੀ ਜੀਵਣ ਦਾਸ ਦੀ ਭਾਵਨਾ ਪੂਰਨ ਕੀਤੀ ਹੈ, ਤਦੋਂ ਜੈਤਰਾਮ ਮਹੰਤ ਓਥੇ ਬੀ ਪੁੱਜਾ ਹੈ ਤੇ ਸਤਿਗੁਰੂ ਜੀ ਦੇ ਦਰਸ਼ਨ ਮੇਲੇ ਕਰਕੇ ਫੇਰ ਨਿਹਾਲ ਹੋਇਆ ਹੈ। ਉਥੇ ਜਦ ਮਹੰਤ ਜੀ ਨੂੰ ਪਤਾ ਲਗਾ ਕਿ ਗੁਰੂ ਜੀ ਦਖਣ ਜਾ ਰਹੇ ਹਨ ਤੇ ਗੁਦਾਵਰੀ ਦੇ ਤਟ ਕਿਤੇ ਟਿਕਣਗੇ ਤਾਂ ਬੰਦੇ ਦੀ ਕਥਾ ਇਸੇ ਨੇ ਸਤਿਗੁਰੂ ਜੀ ਨੂੰ ਸੁਣਾਕੇ ਵਰਜਿਆ ਸੀ ਕਿ ਆਪ ਨੇ ਉੱਧਰ ਨਾ ਜਾਣਾ ਕਿਉਂਕਿ ਉਹ ਚੇਟਕੀ ਫਕੀਰ ਹੈ ਅਰ ਅਪਣੇ ਬੀਰਾਂ ਦੁਆਰਾ ਸਾਧਾਂ ਸੰਤਾਂ ਦਾ ਅਪਮਾਨ ਕਰਦਾ ਹੈ। ਜੈਤਰਾਮ ਜੀ ਨੇ ਆਪਣੀ ਹੱਡ ਬੀਤੀ ਭੀ ਸੁਣਾਈ ਸੀ ਕਿ ਪਲੰਘ ਤੇ ਪਹਿਲਾਂ ਮੈਨੂੰ ਬਿਠਾ ਕੇ ਫੇਰ ਉਲਟਵਾ ਮਾਰਿਆ।

---

*ਗੁਰੂ ਜੀ ਇਥੋਂ ਦਖਣ ਨੂੰ ਜਾ ਰਹੇ ਸੇ। ਪਰ ਬਘੌਰ ਤਕ ਜਾਕੇ ਫੇਰ ਮੁੜੇ ਤੇ ਦਿੱਲੀ ਆਏ। ਮੁੜ ਬਹਾਦਰ ਸ਼ਾਹ ਨਾਲ ਦਖਣ ਨੂੰ ਗਏ ਤੇ ਬੁਰਹਾਨ ਪੁਰ ਟਿਕੇ ਸਨ।

ਸਤਿਗੁਰਾਂ ਨੇ ਸੁਣਕੇ ਆਖਿਆ ਸੀ ਕਿ ਜੈਤਰਾਮ ਜੀ, ਇਹੋ ਜੇਹੇ ਆਦਮੀਆਂ ਨੂੰ ਸਾਧਣਾਂ ਤਾਂ ਸਾਡਾ ਮੁੱਖ ਧਰਮ ਹੈ, ਅਸੀਂ ਉਸਦੇ ਮਠ ਜ਼ਰੂਰ ਜਾਵਾਂਗੇ ਤੇ ਉਸਨੂੰ ਬੰਦਾ ਬਣਾਵਾਂਗੇ; ਤੁਸੀਂ ਫਿਕਰ ਨਾ ਕਰੋ, ਸਾਡੇ ਸੀਸ ਉਤੇ ਅਕਾਲ ਪੁਰਖ ਦਾ ਹੱਥ ਹੈ। ਅਕਾਲ ਪੁਰਖ ਦੀ ਸ਼ਕਤੀ ਉਸ ਨੂੰ ਜ਼ੇਰ ਕਰੇਗੀ, ਤੇ ਉਹ ਸੇਵਾ ਕਰੇਗਾ। ਤਵਾਰੀਖ ਖਾ: ਵਿਚ ਤਾਂ ਲਿਖਿਆ ਹੈ ਕਿ ਗੁਰੂ ਜੀ ਨੇ ਇਹ ਬੀ ਆਖਿਆ ਸੀ ਕਿ ਤੁਸੀਂ ਕੋਈ ਸਾਧੂ ਆਪਣਾ ਨਾਲ ਘੱਲੋ ਜੋ ਉਥੇ ਵਰਤਣ ਵਾਲੇ ਕੌਤਕ ਨੂੰ ਤੱਕੇ ਤੇ ਫਿਰ ਆਪ ਨੂੰ ਆਕੇ ਦੱਸੇ ਕਿ ਉਹ ਬੰਦਾ ਬਣ ਗਿਆ ਹੈ ਤੇ ਸੇਵਾ ਵਿਚ ਲਗ ਪਿਆ ਹੈ ਤਾਂ ਜੋ ਆਪਦਾ ਫਿਕਰ ਦੂਰ ਹੋਵੇ ਤੇ ਵਾਹਿਗੁਰੂ ਜੀ ਦੀ ਸ਼ਕਤੀ ਦਿਖਾਈ ਦੇਵੇ ਕਿ ਓਹ ਅਪਣੇ ਕੰਮ ਕੀਕੂੰ ਸਿਰੇ ਚਾੜ੍ਹਦਾ ਹੈ।

ਸੋ ਜੈਤਰਾਮ ਜੀ ਨੂੰ ਪਿਆਰ ਕਰਕੇ ਉਸ ਦੇ ਭਜਨ ਬੰਦਗੀ ਵਾਲੇ ਮਨ ਨੂੰ ਰਸੀਆ ਬਣਾਕੇ ਸ੍ਰੀ ਸਤਿਗੁਰੂ ਜੀ ਉਪਕਾਰੀ ਵਾਹੂ ਵਾਹੂ ਅੱਗੇ ਟੁਰ ਪਏ ਤੇ ਅਸਾਂ ਲਈ ਇਹ ਉਪਦੇਸ਼ ਦੇ ਗਏ ਕਿ ਸਦਾ ਜੀਵਨ ਨੂੰ ਸੱਚ ਪਰ ਟਿਕਾਓ ਤੇ ਅਸੂਲ ਪਰ ਖੜੇ ਹੋਕੇ ਬਨਾਵਟਾਂ ਤੋਂ ਬਚਣ ਦੇ ਯਤਨ ਵਿਚ ਤੇ ਨਾਮ ਪ੍ਰੇਮ ਵਿਚ ਰਹੋ।

੫.

ਕੁਛਕ ਭਜਨ ਦਾਦੂ ਜੀ ਦੀ ਬਾਣੀ ਦੇ ਅਸੀਂ ਅਗੇ ਦੇਂਦੇ ਹਾਂ। ਇਨ੍ਹਾਂ ਦਾ ਪ੍ਰਯੋਜਨ ਇਹ ਹੈ ਕਿ ਇਨ੍ਹਾਂ ਵਿਚ ਗੁਰਬਾਣੀ ਦੀ ਝਲਕ ਹੈ*, ਗੁਰੂ ਆਦਰਸ਼ਾਂ ਦੀ ਖੁਸ਼ਬੂ ਹੈ, ਜਾਪਦਾ ਹੈ ਕਿ ਆਪ ਸਤਿਗੁਰਾਂ ਨੂੰ ਮਿਲੇ ਹੋਸਣ ਅਰ ਕੋਈ ਸੁਖ ਸੰਜੋਗ ਪ੍ਰਾਪਤ ਕੀਤਾ ਹੋਸੀ ਤੇ ਗੁਰਬਾਣੀ ਦੀ ਵਾਕਬੀ ਪਾਈ ਹੋਸੀ। ਦਾਦੂ ਜੀ ਅਹਿਮਦਾਬਾਦ ਵਿਚ ਜਨਮੇ ਤੇ ਹਿੰਦੁਸਤਾਨ ਦੇ ਹੀ ਰਹਿਣ ਵਾਲੇ ਸੇ, ਪਰ ਬਾਣੀ ਵਿਚ ਪੰਜਾਬੀ ਦੇ ਪਦ ਆਏ ਹਨ, ਬਲਕੇ ਪਹਿਰੇ ਪੰਜਾਬੀ ਵਿਚ ਹੀ ਹੈਨ। ਜੋ ਦੱਸਦੇ ਹਨ ਕਿ ਪੰਜਾਬ ਵਿਚ ਜ਼ਰੂਰ ਆਏ ਤੇ ਰਹੇ ਹੋਣਗੇ। ਪੰਜਾਬ ਵਿਚ ਆਕੇ ਰਹਿਕੇ ਗੁਰੂ ਸਾਹਿਬਾਂ ਦੇ ਦਰਸ਼ਨ ਮੇਲੇ ਹੋਣੇ ਬਹੁਤ ਹੀ ਸੰਭਵ ਤੇ ਹੋਣ ਵਾਲੀ ਗਲ ਹੈ, ਜੇ ਕੋਈ ਸੱਜਣ ਆਪ ਦੇ ਜੀਵਨ ਬਾਬਤ ਯਾ ਗੁਰੂ ਘਰ ਨਾਲ ਮੇਲ ਹੋਣ ਬਾਬਤ ਇਤਿਹਾਸਕ ਰੌਸ਼ਨੀ ਪਾ ਸੱਕੇ ਤਾਂ ਬਹੂੰ ਉਪਕਾਰ ਹੈ।

੧. ਆਰਤੀ, ਰਾਗ ਧਨਾਸਰੀ।

ਨਿਰੰਕਾਰ ਤੇਰੀ ਆਰਤੀ ਏ ਅਨੰਤ ਭਵਨ ਕੇ ਰਾਇ॥ ਸਰਬ ਨਿਰੰਤਰ ਰਵਿ ਰਹੇ ਮਹਿਮਾ ਕਹੀ ਨ ਜਾਇ॥੧॥ ਰਹਾਉ॥ ਸੁਰ ਨਰ ਸਭਿ ਸੇਵਾ ਕਰੈਂ ਬ੍ਰਹਮਾ ਬਿਸਨੁ ਮਹੇਸ। ਦੇਵ ਤੁਮ੍ਹਾਰਾ ਭੇਵ ਨ ਜਾਨੈ ਪਾਰ ਨ ਪਾਵੈ ਸੇਸ। ਚੰਦ ਸੂਰ ਆਰਤੀ ਕਰੈਂ ਨਮੋ ਨਿਰੰਜਨ ਦੇਵ। ਧਰਨ ਪਵਨ ਆਕਾਸ਼ ਅਰਾਧੈਂ ਸਭੈ ਤੁਮਾਰੀ ਸੇਵ। ਸਕਲ ਭਵਨ ਸੇਵਾ ਕਰੈਂ ਮੁਨਿ ਅਰੁ ਸਿੱਧ ਸਮਾਧ। ਦੀਨ ਲੀਨ ਹ੍ਵੈ ਰਹੇ ਸੰਤ ਜਨ ਅਵਿਗਤ ਕੇ ਆਰਾਧ। ਜੈ ਜੈ ਜੀਵਨਿ ਰਾਮ ਹਮਾਰੀ ਭਗਤ ਕਰੈਂ ਲਿਵ ਲਾਇ। ਨਿਰੰਕਾਰ ਤੇਰੀ ਆਰਤੀ ਕੀਜੈ ਦਾਦੂ ਬਲਿ ਬਲਿ ਜਾਇ।

ਆਦਿ ਪਾਤਸ਼ਾਹੀ ਜੀ ਦੀ ਆਰਤੀ ਰਾਗ ਧਨਾਸਰੀ ਵਿਚ ਹੈ, ਇਹ ਬੀ ਧਨਾਸਰੀ ਵਿਚ ਹੈ! ਖਿਆਲ, ਚੰਦ, ਸੂਰ, ਪਵਨ, ਵੱਲੋਂ ਆਰਤੀ ਹੋਣ ਦੇ ਉਸ ਨਾਲ ਮਿਲਦੇ ਹਨ, ਪਦ 'ਲਿਵਲਾਇ' ਖਾਸ ਧਿਆਨਯੋਗ ਹੈ। ਫਿਰ ਇੰਦੀ ਸੰਸਕ੍ਰਿਤ ਵਾਲੇ ਪਦ 'ਨਿਰਾਕਾਰ' ਵਰਤਦੇ ਹਨ, 'ਨਿਰੰਕਾਰ' ਪੰਜਾਬ ਦਾ ਵਰਤਾਰਾ ਹੈ ਤੇ ਆਦਿ ਪਾਤਸ਼ਾਹੀ ਨੇ ਵਰਤਿਆ ਹੈ।

੨. ਪਹਿਰੇ। ਸ੍ਰੀ ਰਾਗ।

ਪਹਿਲੈ ਪਹਿਰੈ ਰੈਣ ਦੈ ਵਣਜਾਰਿਆ ਮਿਤ੍ਰਾ ਤੂੰ ਆਇਆ ਇਹ ਸੰਸਾਰ ਵੇ। ਮਾਇਆ ਦਾ ਰਸ ਪੀਵਣ ਲੱਗਾ ਵਿਸਰਿਆ ਸਿਰਜਣਹਾਰ ਵੇ। ਸਿਰਜਣਹਾਰ ਵਿਸਾਰਨ ਕੀਆ ਮਾਤ ਪਿਤਾ ਕੁਲ ਨਾਰ ਵੇ। ਝੂਠੀ ਮਾਇਆ ਆਪ ਬੰਧਾਇਆ ਚੇਤੈ ਨਹੀ ਗਵਾਰ ਵੇ। ਗਵਾਰ ਨੇ ਚੇਤੇ ਅਉਗੁਣ ਕੇਤੇ ਬੰਧਿਆ ਸਭਿ ਪਰਿਵਾਰ

*ਦਾਦੂ ਜੀ ਦੀ ਬਾਣੀ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਆਈ ਭਗਤ ਬਾਣੀ ਨਾਲ ਬੀ ਕਈ ਥਾਈਂ ਮੇਲ ਦਿਸ ਪੈਂਦਾ ਹੈ; ਭਗਤ ਬਾਣੀ ਤਾਂ ਹਿੰਦ ਵਿਚ ਪਰਵਿਰਤ ਹੈਸੀ ਹੀ।

ਵੇ। ਦਾਦੂ ਦਾਸ ਕਹੈ ਵਣਜਾਰਜਾ ਤੂੰ ਆਇਆ ਇਹ ਸੰਸਾਰ ਵੇ॥੧॥

ਦੂਜਾ॥ ਦੂਜੈ ਪਹਿਰੈ ਰੈਣਿ ਦੈ ਵਣਜਾਰਿਆ ਮਿਤ੍ਰਾ ਤੂੰ ਰੱਤਾ ਤਰੁਣੀ ਨਾਲ ਵੇ। ਮਾਇਆ ਮੋਹਿ ਫਿਰੈ ਮਤਵਾਲਾ ਰਾਮ ਨ ਸਕਜਾ ਸੰਭਾਲ ਵੇ। ਰਾਮ ਨ ਸੰਭਾਰੇ ਰੱਤਾ ਨਾਰੇ ਅੰਧਿ ਨ ਸੂਝੈ ਕਾਲ ਵੇ। ਹਰਿ ਨਾਹਿ ਧਿਆਇਆ ਜਨਮ ਗੰਵਾਇਆ ਦਹਿ ਦਿਸ ਫੂਟੈ ਤਾਲਿ ਵੇ। ਦਹਿ ਦਿਸ ਫੂਟਾ ਨੀਰ ਨਿਖੂਟਾ ਲੇਖਾ ਦੇਵਣ ਸਾਲ ਵੇ। ਦਾਦੂ ਦਾਸਿ ਕਹੈ ਵਣ-ਜਾਰਜਾ ਤੂੰ ਰੱਤਾ ਤਰੁਣੀ ਨਾਲ ਵੇ॥੨॥

ਤੀਜਾ॥ ਤੀਜੈ ਪਹਿਰੈ ਰੈਣ ਦੈ ਵਣਜਾਰਿਆ ਮਿਤ੍ਰਾ ਤੈ ਬਹੁਤ ਉਠਾਇਆ ਭਾਰ ਵੇ। ਜੋ ਮਨ ਭਾਇਆ ਸੋ ਕਰ ਆਇਆ ਨਾ ਕੁਛ ਕੀਆ ਬਿਚਾਰ ਵੇ। ਬਿਚਾਰ ਨ ਕੀਆ ਨਾਂਵ ਨ ਲੀਆ ਕਿਉਂ ਕਰ ਲੰਘੈ ਪਾਰ ਵੇ। ਪਾਰ ਨ ਪਾਵੈ ਫਿਰ ਪਛੁਤਾਵੈ ਡੂਬਣ ਲਗਾ ਭਾਰ ਵੇ। ਡੂਬਨ ਲੱਗਾ ਬੜਾ ਭੱਰਾ ਹਾਥ ਨ ਆਇਆ ਸਾਰ ਵੇ। ਦਾਦੂ ਦਾਸ ਕਹੈ ਵਣਿਜਾਰਜਾ ਤੈਂ ਬਹੁਤ ਉਠਾਇਆ ਭਾਰ ਵੇ॥੩॥

ਚੌਥਾ॥ ਚਉਥੈ ਪਹਿਰੇ ਰੈਣ ਦੈ ਵਣਜਾਰਿਆ ਮਿਤ੍ਰਾ ਤੂੰ ਪੱਕਾ ਹੋਇਆ ਪੀਰ ਵੇ। ਜੋਬਨ ਗਇਆ ਜ਼ਰਾ ਬਿਆਪੀ ਨਾਹੀਂ ਸੁਧ ਸਰੀਰ ਵੇ। ਸੁਧ ਨ ਪਾਈ ਹੈਣ ਗਵਾਈ ਨੈਨਉ ਆਇਆ ਨੀਰ ਵੇ। ਭਉਜਲ ਬੇੜਾ ਡੂਬਨ ਲਗਾ ਕੋਇ ਨ ਬੰਧੈ ਧੀਰ ਵੇ। ਕੋਈ ਧੀਰ ਨ ਬੰਧੈ ਜਮ ਕੈ ਫੰਧੈ ਕਿਉਂ ਕਰ ਲੰਘੈ ਤੀਰ ਵੇ। ਦਾਦੂ ਦਾਸ ਕਹੈ ਵਣਿਜਾਰਜਾ ਤੂੰ ਪੱਕਾ ਹੋਇਆ ਪੀਰ ਵੇ॥੪॥

ਆਦਿ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਰਾਗ ਵਿਚ ਪਹਿਰੇ ਉਚਾਰਨ ਕੀਤੇ ਹਨ, ਦਾਦੂ ਜੀ ਨੇ ਵੀ ਸ੍ਰੀ ਰਾਗ ਹੀ ਪਹਿਰੇ ਉਚਾਰਨ ਵਾਸਤੇ ਲੀਤਾ ਹੈ। ਗੁਰੂ ਜੀ ਨੇ ਵਣਜਾਰੇ ਦੇ ਪੁੱਤ ਮਰਨ ਪਰਥਾਇ ਇਹ ਸ਼ਬਦ ਉਚਾਰਿਆ ਸੀ, ਦਾਦੂ ਜੀ ਨੇ ਬੀ ਸੰਬੋਧਨ ਵਣਜਾਰੇ ਦਾ ਹੀ ਲੈ ਲੀਤਾ ਹੈ। ਓਥੇ ਬੀ ਪਦ ਵਣਜਾਰਿਆ ਮਿੱਤ੍ਰਾ ਹੈ ਏਥੇ ਬੀ ਪਦ ਵਣਿਜਾਰਿਆ ਮਿੱਤ੍ਰਾ ਹੀ ਵਰਤਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬੋਲੀ ਪੰਜਾਬੀ ਹੈ, ਇੱਥੇ ਬੀ ਪੰਜਾਬੀ ਵਰਤੀ ਗਈ ਹੈ, ਚਾਹੋ ਸ੍ਰੀ ਦਾਦੂ ਜੀ ਪੰਜਾਬੀ ਨਹੀਂ ਸਨ। ਇਥੋਂ ਹੀ ਪੱਕਾ ਅਨੁਮਾਨ ਹੁੰਦਾ ਹੈ ਕਿ ਆਪ ਨਾ ਕੇਵਲ ਪੰਜਾਬ ਵਿਚ ਆਏ ਸਗੋਂ ਪੰਜਾਬ ਵਿਚ ਇਤਨਾ ਚਿਰ ਰਹੇ ਕਿ ਇਥੋਂ ਦੀ ਬੋਲੀ ਵਿਚ ਕਵਿਤਾ ਰਚਣ ਲਗ ਪਏ। ਫਿਰ ਪਹਿਰੇ ਲਿਖਣੇ ਤੇ ਸ੍ਰੀ ਰਾਗ ਵਿਚ ਲਿਖਣੇ ਤੇ ਛੇ ਤੁਕੇ ਬੰਦ ਗੁਰਬਾਣੀ ਦੇ ਪਹਿਰਿਆਂ ਵਾਂਗੂ ਲਿਖਣੇ, ਇਕ ਤੁਕ ਨੂੰ ਪਲਟਾ ਦੇਣਾ ਉਸੇ ਤਰ੍ਹਾਂ, ਚੌਹਾਂ ਪਹਿਰਿਆਂ ਵਿਚ ਗੁਰਬਾਣੀ ਵਾਂਙ ਚਾਰ ਅਵਸਥਾ ਲਿਖਣੀਆਂ ਬਿਨਾ ਗੁਰਬਾਣੀ ਦੇ ਪਹਿਰਿਆਂ ਨਾਲ ਪੂਰੀ ਵਾਕਫੀ ਦੇ ਹੋ ਨਹੀਂ ਸਕਦਾ। ਇਸ ਲਈ ਇਹ ਅਨੁਮਾਨ ਕਰਨਾ ਕਿ ਦਾਦੂ ਜੀ ਨੇ ਗੁਰਬਾਣੀ ਦੇ ਚਸ਼ਮੇ ਤੋਂ ਅੰਮ੍ਰਿਤ ਪੀਤਾ ਸੀ ਸੱਚ ਤੋਂ ਦੂਰ ਨਹੀਂ ਹੋਵੇਗਾ।

੩. ਰਾਗ ਟੋਡੀ। ਕਾਫੀ।

ਨਾਉ ਰੇ ਨਾਉ ਰੇ ਨਾਉ ਰੇ, ਮਗਲ ਮਿਰੋਮਣਿ ਨਾਉ ਰੇ। ਮੈਂ ਬਲਿਹਾਰੀ ਜਾਉਂ ਰੇ॥੧॥ ਰਹਾਉ॥ ਦੁਤਰਿ ਤਾਰੈ ਪਾਰ ਉਤਾਰੈ ਨਰਕ ਨਿਵਾਰੈ ਨਾਉ ਰੇ। ਤਾਰਣ ਹਾਰਾ ਭਉਜਲ ਪਾਰਾ ਨਿਰਮਲ ਸਾਰਾ ਨਾਉ ਰੇ। ਨੂਰ ਦਿਖਾਵੈ ਤੇਜ ਮਿਲਾਵੇ ਜੋਤਿ ਜਗਾਵੈ ਨਾਉ ਰੇ। ਸਭ ਸੁਖਦਾਤਾ ਅੰਮ੍ਰਿਤ ਰਾਤਾ ਦਾਦੂ ਮਾਤਾ ਨਾਉ ਰੇ।

ਹਿੰਦੀ ਸੰਸਕ੍ਰਿਤ ਵਿਚ ਪਦ 'ਨਾਮ' ਵਰਤੀਂਦਾ ਹੈ। 'ਨਾਉਂ' ਠੇਠ ਪੰਜਾਬੀ ਪਦ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਿ ਪਾਤਸ਼ਾਹੀ ਤੋਂ ਵਰਤੀਂਦਾ ਅਰੰਭ ਹੋਇਆ ਹੈ। ਹਿੰਦੀ ਪਦ 'ਭਵਜਲ' ਹੈ, 'ਭਉਜਲ' ਪੰਜਾਬੀ ਹੈ, 'ਸਗਲ' ਵੀ 'ਸਕਲ' ਪਦ ਦੀ ਪੰਜਾਬੀ ਸੂਰਤ ਹੈ।

੪. ਫੁਨਹੇ।

ਮਾਪ ਮਾਪ ਦਰਯਾਉ ਦਿਵਾਨੇ ਹੋਇ ਰਹੈ॥ ਅੰਤ ਨ ਪਾਰਾਵਾਰ ਔਰ ਆਗੇ ਗਏ। ਚਲਿ ਚਲਿ ਰਹਿ ਗਏ ਹਾਰ ਅੰਤ ਨ ਪਾਈਐ॥ ਦਾਦੂ ਥਾਕਾ ਪੰਥ ਤਰਾਂ ਅਬਿ ਪਾਈਐ॥

'ਫੁਨਹੇ' ਇਸ ਛੰਦ ਦਾ ਨਾਮ ਪੰਜਾਬੀ ਹੈ ਜੋ

ਸੰਸਕ੍ਰਿਤ ਦੇ ਪੁਨਾ ਪਦ ਤੋਂ ਬਣਿਆ ਹੈ। ਪੁਰਾਤਨ ਨਾਮ ਚਾਂਦ੍ਰਾਯਣ ਤੇ ਅੜਿਲ[1] ਹੈ ਸੀ, ਸਭ ਤੋਂ ਵਧੀਕ ਪ੍ਰਸਿਧ ਫੁਨਹੇ ਪੰਜਵੀਂ ਪਾਤਸ਼ਾਹੀ ਦੇ ਹਨ। ਦਾਦੂ ਜੀ ਦੀ ਰਚਨਾ ਵਿਚ ਬੀ ਇਹ ਛੰਦ ਵਰਤਕੇ ਨਾਮ 'ਫੁਨਹੇ' ਦਿੱਤਾ ਹੈ, ਵਜੀਦ ਤੇ ਕਾਮਨ ਦਾਸ ਫਕੀਰਾਂ ਨੇ ਬੀ 'ਫੁਨਹੇ' ਇਸੇ ਵਜ਼ਨ ਤੇ ਪੰਜਾਬੀ ਵਿਚ ਕਹੇ ਹਨ।

੫ ਰਾਗ ਕਾਨੜਾ

ਆਉ ਵੇ ਸਜਣ ਆਉ॥ ਸਿਰ ਪਰ ਧਰ ਪਾਉ ਵੇ ਸਜਣ ਆਉ॥ ਜਾਨੀ ਮੈਂਡਾ ਜਿੰਦ ਅਸਾਡੇ ਤੂੰ ਰਾਵੋਂ ਦਾ ਰਾਉ ਵੇ॥੧॥ਰਹਾਉ॥ ਇੱਥਾਂ ਉੱਥਾਂ ਜਿੱਥਾਂ ਕਿੱਥਾਂ ਹਉਂ ਜੀਵਾਂ ਤੁਝ ਨਾਲ ਵੇ। ਮੀਆਂ ਮੈਂਡਾ ਆਉ ਅਸਾਡੇ ਤੂੰ ਲਾਲੋਂ ਸਿਰ ਲਾਲ ਵੇ॥ ੧ ॥ ਤਨ ਡੇਵਾਂ ਮਨ ਭੀ ਡੇਵਾਂ ਡੇਵਾਂ ਪਿੰਡ ਪਰਾਨ ਵੇ। ਸੱਚਾ ਸਾਈਂ ਮਿੱਲਿ ਇਥਾਈਂ ਜਿੰਦ ਕਰਾਂ ਕੁਰਬਾਨ ਵੇ। ਤੂੰ ਪਾਕੋਂ ਸਿਰ ਪਾਕ ਵੇ ਮਜਣ ਤੂੰ ਖੂਥੋਂ ਸਿਰ ਖੂਬ॥ ਦਾਦੂ ਭਾਵੇਂ ਸੱਜਨ ਆਵੇ ਤੂੰ ਮਿੱਠਾ ਮਹਿਬੂਬ ਵੇ।

ਇਹ ਠੇਠ ਪੰਜਾਬੀ ਹੈ। ਸਗੋਂ ਇਸ ਵਿਚ ਪਦ, ਇਥਾਂ, ਉੱਥਾਂ, ਮੈਂਡਾ, ਡੇਵਾਂ, ਇਥਾਂਈ, ਲਹਿੰਦਾ ਪੰਜਾਬੀ ਦੇ ਹਨ।

੬. ਰਾਗ ਕਿਦਾਰਾ॥

ਹਮਾਰੇ ਤੁਮਹੀ ਹੋ ਰਖਪਾਲ॥ ਤੁਮਬਿਨ ਅਉਰ ਨਹੀ ਕੋ ਮੋਰੈ ਭਉ ਦੂਖ ਮੇਟਣਹਾਰ॥੧॥ ਰਹਾਉ॥ ਬੈਰੀ ਪੰਚ ਨਿਮਖ ਨਹੀਂ ਨਿਆਰੇ ਰੋਕ ਰਹੇ ਜਮ ਕਾਲ॥ ਹਾ ਜਗਦੀਸ ਦਾਸ ਦੁਖ ਪਾਵੈ ਸੁਆਮੀ ਕਰਉ ਸੰਭਾਲ।੧। ਤੁਮ ਬਿਨ ਰਾਮ ਦਹੈਂ ਇਹ ਦੁੰਦਰ ਦਸਹੁੰ ਦਿਸਾ ਸਭ ਸਾਲ। ਦੇਖਤ ਦੀਨ ਦੁਖੀ ਕਿਉਂ ਕੀਜੈ ਤੁਮ ਹੋ ਦੀਨ ਦਿਆਲ। ਨਿਰਭਉ ਨਾਉਂ ਹੇਤ ਹਰਿ ਦੀਜੈ ਦਰਸਨ ਪਰਸਨ ਲਾਲ। ਦਾਦੂ ਦੀਨ ਲੀਨ ਕਰਲੀਜੈ ਮੇਟਹੁ ਸਭੈ ਜੰਜਾਲ।

ਪਦ 'ਨਿਰਭਉ' ਤੇ 'ਨਾਉ' ਠੇਠ ਪੰਜਾਬੀ ਤੇ ਗੁਰੂ ਨਾਨਕ ਦੇਵ ਜੀ ਨੇ ਵਰਤੇ ਹਨ। 'ਹੇਤ' ਪਦ ਵੀ ਪੰਜਾਬੀ ਰੂਪ ਹੈ ਹਿਤ ਦਾ ਤੇ ਗੁਰਬਾਣੀ ਵਿਚ ਹੈ।

ਸੋ ਉੱਪਰ ਦਿੱਤੀਆਂ ਵੰਨਗੀਆਂ ਤੋਂ ਅੰਦਰਲੀ ਉਗਾਹੀ ਮਿਲਦੀ ਹੈ ਕਿ ਸ੍ਰੀ ਦਾਦੂ ਜੀ ਪੰਜਾਬੀ ਵਿੱਚ ਲਿਖ ਸੱਕਣ ਵਾਲੇ, ਗੁਰਬਾਣੀ ਦੇ ਵਾਕਫ਼, ਗੁਰਬਾਣੀ ਦੀ ਉੱਚ ਖਿਆਲੀ ਤੋਂ ਜਾਣਕਾਰ ਤੇ ਲਾਭ ਉਠਾਏ ਹੋਏ ਸੱਜਣ ਸਨ। ਗੁਰੂ ਘਰ ਨਾਲ ਆਪ ਦਾ ਚੰਗਾ ਤਅੱਲਕ ਪਿਆ ਹੋਣਾ ਸੁਹਣਾ ਅਨੁਮਾਨ ਹੋ ਰਿਹਾ ਹੈ। ਦਸਮੇ ਗੁਰੂ ਜੀ ਦੀ ਮਹੰਤ ਪੁਰ ਮਿਹਰ ਦਾ ਕਾਰਨ ਇਹੋ ਹੋ ਸਕਦਾ ਹੈ ਤੇ ਮਹੰਤ ਜੈਤਰਾਮ ਜੀ ਦਾ ਪ੍ਰੇਮ ਤੇ ਸਤਿਕਾਰ ਦਾ ਕਾਰਣ ਬੀ ਇਹੀ ਹੋਵੇ ਤਾਂ ਸੱਚ ਤੋਂ ਦੂਰ ਨਹੀਂ ਸਮਝਣਾ ਚਾਹੀਏ।

੮੯. ਪੁਸ਼ਕਰ-ਚੇਤਨ ਬ੍ਰਹਮਨ ਤੇ ਭਾਈ ਪ੍ਰਿਥੀ[2]।

ਸਨੇ ਸਨੇ ਵਿਚਰਦੇ ਸ੍ਰੀ ਗੁਰੂ ਜੀ ਪੁਸ਼ਕਰ ਪਹੁੰਚੇ। ਇਹ ਟਿਕਾਣਾ ਅਜਮੇਰ ਤੋਂ ੩੍ਹੈ ਕੁ ਕੋਹ ਤੇ ਇਕ ਭਾਰੀ ਝੀਲ ਹੈ, ਜੋ ਹਿੰਦੂਆਂ ਦਾ ਇਕ ਮਹਾਨ ਤੀਰਥ ਹੈ। ਇਥੇ ਅੱਪੜਕੇ ਬਾਹਰ ਡੇਰਾ ਕੀਤਾ ਤੇ ਅਗਲੇ ਦਿਨ ਉਸ ਘਾਟ ਇਸ਼ਨਾਨ ਕੀਤਾ ਜਿਥੇ ਕਦੇ ਗੁਰੂ ਨਾਨਕ ਦੇਵ ਜੀ ਠਹਿਰੇ ਸਨ[3]। ਗੁਰੂ ਨਾਨਕ ਦੇਵ ਜੀ ਨੂੰ ਏਥੇ ਬੀ ਸਿਧਿ ਆਕੇ ਮਿਲੇ ਸਨ ਤੇ ਕੁਛ ਚਰਚਾ ਕੀਤੀ ਸਾਨੇ ਤੇ

੧. ਅੜਿਲ ਦੇ ਚਾਰ ਰੂਪ ਹਨ, ਤੀਸਰਾ ਤੇ ਚੌਥਾ ਫੁਨਹੇ ਨਾਲ ਮਿਲਦੇ ਹਨ।

੨. ਇਹ ਲੇਖ ਇਸ ਸੰਚੇ ਲਈ ਸਤੰਬਰ ੧੯੪੨ (ਸੰ: ਗੁ: ਨਾ: ਸਾ: ੪੭੩) ਨੂੰ ਲਿਖਕੇ ਸ਼ਾਮਲ ਕੀਤਾ ਗਿਆ।

੩. ਇਸ ਥਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਇਸ਼ਨਾਨ ਤੋਂ 'ਗੋਬਿੰਦ ਘਾਟ' ਸੱਦਦੇ ਸਨ। ਅਸਾਂ ਪਹਿਲੀ ਵੇਰ ਜਦ ਥਾਂ ਡਿੱਠਾ ਤਾਂ ਲੋਕੀ ਫ਼ਖ਼ਰ ਨਾਲ ਇਹ ਗੱਲ ਦੱਸਦੇ ਸਨ, ਪਰ ਹੁਣ ਕੁਛ ਇਹ ਨਾਉਂ ਤੇ ਸਾਖੀ ਬਦਲਣ ਦਾ ਯਤਨ ਹੋ ਰਿਹਾ ਹੈ।

ਉਸ ਚਰਚਾ ਵਿਚ ਸੰਤੁਸ਼ਟ ਹੋਕੇ ਯਸ਼ ਕਰਦੇ ਵਿਦਾ ਹੋਏ ਸਨ। ਗੁਰੂ ਗੋਬਿੰਦ ਸਿੰਘ ਜੀ ਆਏ ਸੁਣਕੇ 'ਚੇਤਨ' ਬ੍ਰਹਮਨ ਆ ਮਿਲਿਆ ਤੇ ਦਾਨ ਪਾਕੇ ਸੁਖੀ ਹੋਇਆ। ਗੁਰੂ ਜੀ ਦਾ ਨਾਮ ਸੁਣਕੇ ਤੇ ਇਹ ਪਤਾ ਪਾਕੇ ਕਿ 'ਚੇਤਨ' ਬ੍ਰਹਮਨ ਬੜੀ ਸ਼੍ਰਧਾ ਨਾਲ ਜਾਕੇ ਮਿਲਿਆ ਹੈ, ਉਸ ਥਾਂ ਦੇ ਹੋਰ ਬ੍ਰਹਮਨ ਤੇ ਬਨੀਏ ਆਦਿ ਲੋਕ ਦਰਸ਼ਨਾਂ ਨੂੰ ਆਏ। ਖਾਲਸੇ ਦਾ ਰੰਗ ਰੂਪ ਸਭ ਨਵਾਂ ਦੇਖ ਕੇ ਪੁਛਣ ਲਗੇ, ਇਨ੍ਹਾਂ ਸਿੱਖਾਂ ਦੀ ਜਾਤ ਕੀ ਹੈ? ਹਿੰਦੂ ਹਨ ਕਿ ਕੁਛ ਹੋਰ! ਤਦ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਤੀਸਰਾ ਪੰਥ ਹੈ, ਧਰਮ ਰਖਜਾ ਲਈ ਰਚਿਆ ਗਿਆ ਹੈ। ਮਜ਼ਲੂਮ ਹਿੰਦੂ ਜਾਤੀ, ਸਾਧੂ ਬ੍ਰਾਹਮਨ ਸਭ ਦੀ ਰਖਜਾ ਕਰ ਰਿਹਾ ਹੈ ਤੇ ਕਰੇਗਾ, ਖਾਲਸੇ ਦੇ ਹਾਲ ਤੇ ਮਾਰੀਆਂ ਤੇਗਾਂ ਦੇ ਸਮਾਚਾਰ ਸੁਣਕੇ ਸਭ ਲੋਕ ਖੁਸ਼ ਹੋਏ ਤੇ ਮੱਥਾ ਟੇਕ ਕੇ ਵਿਦਾ ਹੋਏ। ਜਿਤਨੇ ਦਿਨ ਗੁਰੂ ਜੀ ਟਿਕੇ, ਦੀਵਾਨ ਮਜਦੇ ਰਹੇ, ਲੋਕੀ ਆਉਂਦੇ ਰਹੇ ਤੇ ਕਈਆਂ ਦਾ ਉਧਾਰ ਹੋਇਆ।

ਇਨ੍ਹਾਂ ਵਿਚੋਂ ਯਾਦ ਵਿਚ ਤੇ ਲਿਖਤ ਵਿਚ ਰਹਿ ਗਈ ਇਕ ਵਾਰਤਾ ਭਾਈ ਪ੍ਰਿਥੀ ਜੀ ਦੀ ਹੈ। ਆਪ ਬੀ ਬ੍ਰਹਮਨ ਹੀ ਸੇ ਤੇ ਪੰਜਾਬੀ ਸੇ, ਨੱਕੇ ਵਿਚ ਆਪ ਦਾ ਜਨਮ ਪਿੰਡ ਸੀ, ਪਰ ਤਪੱਸਜਾ ਕਰਨ ਦੀ ਖ਼ਾਤਰ ਘਰੋਂ ਨਿਕਲੇ ਤੀਰਥਾਟਨ ਕਰਦੇ ਪੁਸ਼ਕਰ ਟਿਕ ਗਏ ਸਨ। ਘੋਰ ਸਾਧਨ, ਤਪ, ਹਠ, ਬ੍ਰਤ ਉਗ੍ਰ ਕੀਤੇ ਸੇ ਪਰ ਹ੍ਰਿਦੇ ਦੀ ਠੰਢ ਪ੍ਰਾਪਤ ਨਹੀਂ ਸੀ ਹੋਈ। ਗੁਰੂ ਜੀ ਦਾ ਨਾਮ ਗੁਰ ਨਾਨਕ ਦੀ ਗਾਦੀ, ਪ੍ਰਜਾ ਰਖਜਾ ਦੇ ਹਾਲ ਸੁਣਕੇ 'ਪ੍ਰਿਥੀ' ਬ੍ਰਹਮਣ ਦਰਸ਼ਨਾਂ ਨੂੰ ਆਇਆ। ਅਗੇ ਦੀਵਾਨ ਸਜ ਰਿਹਾ ਤੇ ਕੀਰਤਨ ਹੋ ਰਿਹਾ ਸੀ। ਪ੍ਰਿਥੀ ਜੀ ਦੂਰੋਂ ਦਰਸ਼ਨ ਕਰਕੇ ਆਪ ਤੋਂ ਆਪ ਨਿਉਂ ਗਏ ਤੇ ਨਮਸਕਾਰ ਕਰਕੇ ਉਥੇ ਹੀ ਬਹਿ ਗਏ। ਤਪਾਂ ਨਾਲ ਸਾਧੇ ਮਨ ਤੇ ਕੀਰਤਨ ਦਾ ਅਸਰ ਤੇ ਦਰਸ਼ਨ ਦਾ ਪ੍ਰਭਾਵ ਵਿਸਮਾਦੀ ਰੰਗ ਲਾ ਗਿਆ। ਮਨ ਕਿਸੇ ਅਸਚਰਜ ਦੇ ਰਸ ਵਿਚ ਜੁੜ ਗਿਆ। ਅਜ ਆਪੇ ਵਿਚੋਂ ਆਪੇ ਦਾ ਰਸ ਆਯਾ। ਭੋਗ ਪੈ ਗਿਆ ਤਾਂ ਆਪ ਉਥੋਂ ਹੀ ਰਸਮੱਤੇ ਅਪਣੇ ਟਿਕਾਣੇ ਚਲੇ ਗਏ। ਅਗਲੇ ਦਿਨ ਅੰਮ੍ਰਿਤ ਵੇਲੇ ਫੇਰ ਆਏ। ਆਸਾ ਦੀ ਵਾਰ ਸੁਣੀ, ਭੋਗ ਪੈਣ ਦੇ ਮਗਰੋਂ ਜਦ ਗੁਰੂ ਜੀ ਉਠੇ ਤੇ ਦੂਰ ਇਕੱਲੇ ਜਾ ਟਿਕੇ, ਪ੍ਰਿਥੀ ਜੀ ਮਗਰੇ ਗਏ ਤੇ ਏਥੇ ਆਪ ਨੇ ਅਪਣੇ ਤਪ ਹਠ ਬ੍ਰਤਾਂ ਦੇ ਸਾਧਨ ਤੇ ਛੇ ਸ਼ਾਸਤ੍ਰਾਂ ਦੀ ਘੋਖਨਾ ਦੀਆਂ ਮਿਹਨਤਾਂ ਸੁਣਾਕੇ ਅਪਣੇ ਖੁਸ਼ਕ ਰਹਿਣ ਦਾ ਤੇ ਕੀਰਤਨ ਨਾਲ ਰਸ ਵਿਚ ਆਕੇ ਨਿਰੁੱਧ ਹੋ ਜਾਣ ਦਾ ਨਵਾਂ ਤਜਰਬਾ ਕਹਿਕੇ ਅਰਜ਼ ਗੁਜ਼ਾਰੀ ਕਿ ਮੇਰੀ ਕਲਜਾਨ ਕਰੋ। ਸ੍ਰੀ ਗੁਰੂ ਜੀ ਨੇ ਅਪਣਾ ਪ੍ਰੇਮ ਮਾਰਗ ਉਸਨੂੰ ਸਮਝਾਇਆ। ਵਾਹਿ-ਗੁਰੂ ਜੀ ਜੋ 'ਪ੍ਰੇਯ' ਰੂਪ ਹਨ, ਉਨ੍ਹਾਂ ਦੀ ਪ੍ਰਾਪਤੀ ਮਨ ਦੇ 'ਪ੍ਰੇਮ' ਦੁਆਰਾ ਦੱਸੀ ਤੇ ਪ੍ਰੇਮ ਲਈ ਵਾਹਿ-ਗੁਰੂ ਜੀ ਦੀ ਸਿਫਤ ਸਲਾਹ ਦਾ ਮਾਰਗ ਸਮਝਾਯਾ। ਸਿਫਤ ਸਲਾਹ ਵਾਲਾ ਅਪਣੇ ਪਯਾਰੇ ਦੇ ਨਾਮ ਸਿਮਰਨ ਵਿਚ ਲੱਗਾ ਹੋਇਆ ਉਸਨੂੰ ਪ੍ਰਾਪਤ ਹੋ ਜਾਂਦਾ ਹੈ, ਕਸ਼ਟ ਸਾਧਨਾਂ ਦੀ ਲੋੜ ਨਹੀਂ ਰਹਿੰਦੀ। ਇਉਂ ਸੁਣਕੇ ਤੇ ਪਰਤੱਖ ਤਜ਼ਰਬਾ ਦੇਖਕੇ ਪ੍ਰਿਥੀ ਗੁਰੂ ਮਾਰਗ ਵਿਚ ਆਕੇ ਸਿਖ ਹੋਕੇ ਸੁਖੀ ਹੋ ਗਿਆ। ਜਦੋਂ ਗੁਰੂ ਜੀ ਪੁਸ਼ਕਰ ਤੋਂ ਵਿਦਾ ਹੋਣ ਲਗੇ ਤਾਂ ਭਾਈ ਪ੍ਰਿਥੀ ਨੂੰ ਆਗਜਾ ਕੀਤੀ ਕਿ ਪੰਜਾਬ ਅਪਣੇ ਇਲਾਕੇ ਵਿਚ ਜਾਓ ਤੇ ਗੁਰ ਸਿੱਖੀ ਦਾ ਪ੍ਰਚਾਰ ਕਰੋ।

ਭਾਈ ਪ੍ਰਿਥੀ ਜੀ ਪੰਜਾਬ ਆ ਗਏ, ਲਾਹੌਰ ਦੇ ਜ਼ਿਲੇ ਪਿੰਡ ਮਾਣਕ ਆ ਡੇਰਾ ਲਾਇਆ। ਗੁਰੂ ਕਾ ਯਸ਼ ਤੇ ਹਰੀ ਕੀਰਤਨ ਸ਼ੁਰੂ ਕਰ ਦਿੱਤਾ। ਆਪ ਦੇ ਉੱਚ ਜੀਵਨ, ਪਵਿੱਤ੍ਰ ਕਰਨੀ, ਆਤਮਕ ਪ੍ਰਭਾਵ ਤੇ ਸਤਿਸੰਗ ਨਾਲ ਸਾਰੇ ਇਲਾਕੇ ਵਿਚ ਸਿੱਖੀ ਫੈਲ ਗਈ। ਆਪ ਸਹਿਜਧਾਰੀ ਸਨ, ਪਰ ਆਪਦੇ ਉਪਦੇਸ਼ ਨਾਲ ਅਨੇਕਾਂ ਸਿੰਘ ਸਜੇ, ਇਹ ਡੇਰਾ ਹੁਣ ਤਕ ਵਸਦਾ ਹੈ।

ਇਤਿਹਾਸਕ ਪਹਿਲੂ

ਭਾਈ ਪ੍ਰਿਥੀ ਜੀ ਦੇ ਡੇਰੇ ਦੇ ਮਹੰਤ ਮਿਹਰਦਾਸ ਜੀ ਨੇ ਮੁਹਾਫੀ ਦੀ ਪੁੱਛ ਗਿੱਛ ਸਮੇਂ ੨੭ ਅਪ੍ਰੈਲ ਸੰਨ ੧੮੬੬ ਨੂੰ ਡਿਪਟੀ ਕਮਿਸ਼ਨਰ ਲਾਹੌਰ ਪਾਸ ਇਕ ਦਰਖਾਸਤ ਵਿਚ ਇਹ ਗੱਲ ਲਿਖੀ ਸੀ ਕਿ ਇਹ ਡੇਰਾ ਭਾਈ ਪ੍ਰਿਥੀ ਜੀ ਦਾ ਹੈ ਜੋ ਦਸਮੇ ਪਾਤਸ਼ਾਹ ਜੀ ਦੇ ਪੂਰਨ ਸਿਖ ਹੋਏ ਹਨ।

ਇਸੀ ਤਰ੍ਹਾਂ ਜਨਵਰੀ ੧੯੦੫ ਵਿਚ ਗੁਰ-ਦੁਆਰੇ ਦੇ ਸੇਵਾਦਾਰਾਂ ਨੇ ਸਰਦਾਰ ਅਬਦੁਲ

ਰਹਿਮਾਨ ਡਿਪਟੀ ਕਲਕਟਰ ਨੂੰ ਗੁਰਦੁਆਰੇ ਦੇ ਹਾਲ ਦੱਸੇ। ਉਕਤ ਸਰਦਾਰ ਨੇ ਜੋ ਸਰਟੀਫੀਕੇਟ ਦਿਤਾ ਉਸ ਵਿਚ ਲਿਖਿਆ ਹੈ ਕਿ ੧੭੬੩ ਬਿਕ੍ਰਮੀ ਵਿਚ ਬਹਾਦਰ ਸ਼ਾਹ ਦੇ ਰਾਜ ਵਿਚ ਭਾਈ ਪ੍ਰਿਥੀ ਜੀ ਨੇ ਇਹ ਡੇਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਕਾਇਮ ਕੀਤਾ। ਇਥੇ ਲੰਗਰ ਚਲਾਇਆ ਤੇ ਪ੍ਰਚਾਰ ਅਰੰਭਿਆ।

ਸੂਚਨਾ-ਪੁਸ਼ਕਰ ਤੋਂ ਟੁਰਕੇ ਆਪ ਲਾਲੀ, ਘਮਰੌਦਾ ਤੇ ਕੁਲਾਯਤ ਹੁੰਦੇ ਹੋਏ ਜਾ ਰਹੇ ਸਨ ਕਿ ਰਸਤੇ ਵਿਚ (ਸੂਰਜ ਪ੍ਰਕਾਸ਼ ਅਨੁਸਾਰ) ਭਾਈ ਦਯਾ ਸਿੰਘ ਜੀ ਦੱਖਣ ਤੋਂ ਆ ਮਿਲੇ ਤੇ ਉਨ੍ਹਾਂ ਨੇ ਦੱਸਿਆ ਕਿ ਔਰੰਗਜ਼ੇਬ ਨੇ ਦਿੱਲੀ ਪਰਵਾਨੇ ਲਿਖ ਭੇਜੇ ਹਨ ਕਿ ਸਤਿਗੁਰੂ ਜੀ ਜਿਸ ਪਾਸੇ ਜਾਣ, ਕੋਈ ਅੱਗੋਂ ਜੰਗ ਨਾ ਕਰੇ, ਜਿਥੇ ਚਾਹੁਣ ਵਿਚਰਨ। ਇਹ ਬੀ ਦੱਸਿਆ ਕਿ ਗੁਰਜਦਾਰ ਦਿੱਲੀ ਵਲ ਚਲੇ ਗਏ ਸਨ ਤੇ ਅਸੀਂ ਆਪ ਦੀ ਸੁਧ ਇਧਰ ਦੀ ਪਾਕੇ ਇਥੇ ਆ ਪਹੁੰਚੇ ਹਾਂ ਤੇ ਇਹ ਬੀ ਖਬਰ ਓਥੇ ਆਮ ਫੈਲ ਗਈ ਹੈ ਕਿ ਔਰੰਗਜ਼ੇਬ ਬੀਮਾਰ ਹੋ ਗਿਆ ਹੈ ਤੇ ਬੜਾ ਸਖਤ ਬੀਮਾਰ ਹੈ। ਏਥੇ ਹੀ ਕਿਸੇ ਮੁਕਾਮ ਤੇ ਸਾਹਿਬ ਰਾਮ ਕੌਰ ਜੀ ਦੀ ਮਾਤਾ ਭਾਈ ਰਾਮ ਕੌਰ ਜੀ ਨੂੰ ਦੱਖਣ ਵਲੋਂ ਮੋੜਕੇ ਨਾਲ ਲੈ ਜਾਣ ਲਈ ਆ ਮਿਲੀ। ਇਸ ਲਈ ਇਥੇ ਸਾਹਿਬ ਰਾਮ ਕੌਰ ਜੀ ਦਾ ਹਾਲ ਦੇਂਦੇ ਹਾਂ ਜੋ ਉਨ੍ਹਾਂ ਦਾ ਮਾਨੋ ਜੀਵਨ ਹੈ:-

੯੦. ਭਾਈ ਸਾਹਿਬ ਭਾਈ ਰਾਮ ਕੌਰ ਜੀ

ਅਥਵਾ

ਸ੍ਰੀ ਬਾਬਾ ਗੁਰਬਖਸ਼ ਸਿੰਘ ਜੀ*।

੧.

ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਦੀ ਗੱਦੀ ਨਸ਼ੀਨੀ ਦਾ ਦਿਨ ਸੀ[1]। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਖਸ਼ੇ ਗੁਰਿਆਈ ਦੇ ਸਾਮਾਨ ਨਾਲ ਲੈਕੇ ਸ੍ਰੀ ਬਾਬਾ ਗੁਰਦਿੱਤਾ ਦੇ ਅਨੁਜ[2] ਬਾਬਾ ਹਰਦਿੱਤਾ ਜੀ ਆਏ, ਨਾਲ ਭਾਈ ਰਾਮਕੌਰ ਜੀ ਸਨ। ਜਦੋਂ ਦੀਵਾਨ ਸਜਿਆ ਤੇ ਸਭ ਸਾਹਿਬਜ਼ਾਦੇ, ਬਖਸ਼ਿਸ਼ਾਂ ਵਾਲੇ, ਮਸੰਦ, ਸਿੱਖ ਸੰਗਤਾਂ ਗੁਰਮੁਖ ਅਤੇ ਉੱਚੇ ਰਸਾਂ ਵਾਲੇ ਪਜਾਰੇ ਜੁੜ ਬੈਠੇ ਤਾਂ ਬਾਲਕ ਰੂਪ ਰਾਮ ਕੌਰ ਜੀ ਨੇ ਆਪਣੇ ਚਾਚੇ ਦੇ ਨਾਲ ਅੱਗੇ ਹੋਕੇ ਦਸਮੇ ਪਾਤਸ਼ਾਹ ਦੇ ਅੱਗੇ ਪੰਜ ਪੈਸੇ, ਨਰੇਲ, ਸ੍ਰੀ ਸਾਹਿਬ ਰੱਖਕੇ (ਜੋ ਦਿੱਲੀ ਤੋਂ ਆਏ ਸਨ) ਨਮਸਕਾਰ ਕੀਤੀ। ਸ੍ਰੀ ਹਰਦਿੱਤਾ ਜੀ ਨੇ ਆਖਿਆ: ਧੰਨ ਗੁਰੂ ਤੇਗ ਬਹਾਦਰ, ਇਹ ਦਾਤ ਜੋਤਿ ਉਨ੍ਹਾਂ ਦੀ ਘੱਲੀ ਆਪਦੀ ਇਮਾਨਤ ਹਾਜ਼ਰ ਹੈ। ਤਾਂ ਦੇਖੋ ਕਿ ਸਾਹਿਬਜ਼ਾਦਾ ਜੀ ਪਾਤਸ਼ਾਹਾਂ ਦੇ ਪਾਤਸ਼ਾਹ ਪਿਤਾ ਗੁਰੂ ਜੀ ਵਾਂਙੂ ਲਸੇ ਚਮਕੇ ਤੇ ਤੇਜ ਦਾ ਐਸਾ ਚਮਕਾਰ ਮਾਰਿਆ ਕਿ ਦੇਖਣਹਾਰ ਮੋਹਿਤ ਹੋ ਗਏ। ਹੁਣ ਸ੍ਰੀ ਰਾਮ ਕੌਰ ਜੀ ਨੇ ਕੇਸਰ ਹੱਥ ਵਿਚ ਲਿਆ ਤੇ ਚਾਚਾ ਜੀ ਦੀ ਸਹਾਇਤਾ ਨਾਲ ਸੁਹਣੇ ਮਸਤਕ ਉੱਤੇ ਤਿਲਕ ਦਾ ਮੰਗਲਮਯ ਬਿੰਦੂ ਲਾਇਆ ਤਾਂ ਨਿੱਕਾ ਜਿਹਾ ਅੰਗੂਠਾ ਛੋਂਹਦੇ ਸਾਰ ਹੱਥ ਵਿਚ ਝਰਨਾਟ ਪਈ ਤੇ ਦੂਸਰੀ ਛਿਨ ਬਉਰਾਨਿਆ ਸਿਰ ਚਰਨਾਂ ਤੇ ਜਾ ਲੱਗਾ। ਇਹ ਚਰਨ ਛੋਅ ਹੋਰ ਕਾਂਬਾ ਛੇੜ ਗਈ। ਸਰੀਰ ਵਿਚ ਇਕ ਰੌ ਫਿਰ ਗਈ, ਵਾਹ ਵਾਹ ਦੀ ਤੇ ਅੰਦਰ ਵਿਕਾਸ਼ ਹੋ ਗਿਆ:-

'ਨਾਨਕ ਭਗਤਾ ਸਦਾ ਵਿਗਾਸ'।

ਇਹ ਵਿਗਾਸ ਰੂਪ ਭਗਤੀ, ਸਿਫਤ ਸਲਾਹ ਦੇ ਰੰਗ ਨਾਲ ਰੰਗੀ ਗਈ ਵਾਹ ਵਾਹ ਨਾਲ ਪ੍ਰਾਪਤ ਹੋਣ ਵਾਲੀ ਸਦਗਤੀ, ਛੁਹ ਮਾਤ੍ਰ ਨਾਲ ਝੋਲੀ ਆ

*ਇਹ ਪ੍ਰਸੰਗ ਗੁਰਪੁਰਬ ਸਪਤਮੀ, ਜੋ ਸੰ: ੪੬੬ ਗੁ: ਨਾ: ਸਾ: ਪੋਹ ਦੀ ੨੮, ਸ਼ੁਕਰਵਾਰ ਸੰ: ਬਿ: ੧੯੯੧ ਮੁਤਾਬਕ ੧੧ ਜਨਵਰੀ ੧੯੩੫ ਨੂੰ ਸੀ, ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

੧. ਇਹ ਹਾਲ ਪਿਛੇ ਏਸੇ ਪੁਸਤਕ ਦੇ ਪੂਰਬਾਰਧ ਦੇ 'ਕਿਸ਼ੋਰ ਕੌਤਕ' ਪ੍ਰਸੰਗ ਵਿਚ ਆ ਚੁਕਾ ਹੈ। ੨. ਛੋਟੇ ਭਰਾ।

ਪੈਣ ਵਾਲੀ ਉਚਿਆਈ ਗੁਰੂ ਬਾਬੇ ਨੇ ਬਖਸ਼ੀ ਸੀ ਸ੍ਰੀ ਬਾਬੇ ਬੁੱਢੇ ਨੂੰ ਘਾਲਾਂ ਨਾਲ। ਚਾਹੋ ਪ੍ਰੇਮ ਲਗ ਗਿਆ ਸੀ ਉਮਨੂੰ ਬੀ ਦਰਸ਼ਨ ਕਰਦੇ ਸਾਰ ਹੀ। ਪਰ ਦੇਖੋ ਇਕ ਬਾਲਕਾ ਛੋਟੀ ਅਵਸਥਾ ਵਿਚ[1] ਅਜ ਕਿਵੇਂ ਇਸ ਨੂੰ ਝੱਲਦਾ ਹੈ। ਇਸ ਨੇ ਛੂਹ ਮਾਤ੍ਰ ਨਾਲ, ਘਾਲਾਂ ਵਾਲੀ ਉਮਰਾ ਅਰੰਭ ਹੋਣ ਤੋਂ ਪਹਿਲਾਂ ਹੀ ਉਹ ਸ਼ੈ ਪਾ ਲਈ ਹੈ। **'ਦਾਤ ਜੋਤ ਖਸਮੇ ਵਡਿਆਈ'**। ਕੌਤਕਹਾਰ ਵਾਹਿਗੁਰੂ ਵਿਖਾਲਦਾ ਹੈ ਕਿ ਸਰੀਰ ਤਾਂ ਬਾਲਕ, ਜੁਆਨ, ਬਿਰਧ ਹੁੰਦਾ ਹੈ, ਬੁੱਧੀ ਬਚਪਨ ਵਿਚ ਹੋਰ, ਜੁਵਾਨੀ ਵਿਚ ਹੋਰ ਤੇ ਬੁਢੇਪੇ ਵਿਚ ਹੋਰ ਰੰਗ ਵਿਖਾਲਦੀ ਹੈ, ਪਰ ਸ਼ਰੀਰ ਦੇ ਅੰਦਰ ਬੈਠਾ ਆਪਾ ਆਤਮਾ ਬਾਲ ਬੁੱਢਾ ਜਵਾਨ ਨਹੀਂ। **"ਨਾ ਇਹੁ ਬੂਢਾ ਨਾ ਇਹੁ ਬਾਲਾ"**। ਤਜਰਬੇ ਕਰਕੇ, ਸਰੀਰ ਨੂੰ ਸਾਵਧਾਨਤਾ ਨਾਲ ਸਾਧਕੇ, ਮਨ ਰਾਗ ਦ੍ਵੈਖ ਹਰਖ ਸ਼ੋਕ ਤੋਂ ਮਾਂਜਕੇ, ਬੁੱਧੀ ਸੰਸੇ ਤੋਂ ਧੋਕੇ, ਆਸ ਅੰਦੇਸੇ ਦੇ ਪਟ ਤੋੜਕੇ ਅਤੇ ਹਉਮੈ ਨੂੰ ਹਉਂ ਤੋਂ ਨਿਖਾਰਕੇ, ਜਿਸ ਤੱਤ ਵਸਤੂ ਨਾਲ ਜਾ ਠਹਿਕਣਾ ਹੈ ਉਹ ਛੂਹ ਮਾਤ੍ਰ ਨਾਲ ਭੀ ਦੇ ਦੇਣੀ-ਅਨਜਾਣੇ ਤੇ ਬੇਪਤੇ ਹੀ ਰੰਗ ਲਾ ਦੇਣਾ-ਸਾਈਂ ਦੇ ਕੌਤਕਾਂ ਵਿਚ ਹੈ, ਚਾਹੋ, ਮਨ ਬੁੱਧੀ ਅਜੇ ਕਿਸੇ ਰੰਗ ਵਿਚ ਹੋਣ। ਅਰਥਾਤ ਅੰਦਰ ਉੱਚਤਾ ਦੀ ਪ੍ਰਤੀਤੀ, ਹਲਕਾਪਨ ਤੇ ਆਪੇ ਦਾ ਦ੍ਰਿਸ਼ਟਾ ਵਰਗਾ ਰੁਖ (ਫਾਇਲੀ ਰੁਖ) ਲਾ ਦੇਣਾ ਸਾਈਂ ਦੀ ਮਿਹਰ ਵਿੱਚ ਹੈ।

ਇਸ ਬੱਚੇ ਨੂੰ ਬੇਖੁਦੀ ਜੇਹੀ ਵਿਚ ਮੱਥੇ ਟੇਕਣ ਵਿਚ ਪਿਆਂ ਦੇਰ ਹੋ ਗਈ ਤਾਂ ਚਾਚੇ ਨੇ ਚਾਇਆ, ਬੱਚੇ ਨੂੰ ਛੂੰਹਦਿਆਂ ਸਾਰ ਇਕ ਝਰਨਾਟ ਜੇਹੀ ਚਾਚੇ ਨੂੰ ਬੀ ਛਿੜੀ। ਰਸੀਆ ਸੀ ਉਹ ਬੀ ਵਾਹ ਵਾਹ ਦਾ, ਪਰ ਇਹ ਝਰਨ ਝਰਨ ਅਨੋਖੀ ਸੀ, ਇਕ ਵੇਰ ਉਸਦਾ ਬੀ ਅੰਦਰਲਾ ਸ੍ਵੱਛ ਸ਼ੁੱਧ ਹੋਕੇ ਅਕਾਲ ਜੀ ਨਾਲ ਠਹਿਕਿਆ। ਹਰਦਿੱਤਾ ਜੀ ਦੇ ਮਨ ਦੇ ਮਾਨੋਂ ਪਰਦੇ ਪਾਟ ਗਏ। ਜਾਣਨਾ, ਖਜਾਲਨਾ, ਪ੍ਰਤੀਤੀ[2], ਤ੍ਰੈਏ ਇਕ ਛਿਨ ਲਈ ਮਾਨੋ ਅਟਕ ਖਲੇ ਹੋ ਗਏ। ਆਪਾ ਪਰਮ ਆਪੇ ਦੀ ਰੰਗਣੇਂ ਜਾ ਪਿਆ, ਅਨੰਤ ਨਾਲ ਜਾ ਛੂਹਿਆ। ਅਰਥਾਤ ਅੰਤ ਦੇ ਘੇਰੇ ਵਿਚ ਆਏ 'ਆਪੇ' ਨੇ ਪਰਮ ਆਪੇ ਨਾਲ ਜਾ ਮੇਲ ਖਾਧਾ। ਜੀਵ ਤੱਤ ਪਰਮ ਤੱਤ ਨੂੰ ਜਾ ਮਿਲਿਆ, ਕਿਸੇ ਬੇਹੋਸ਼ੀ ਵਿਚ ਨਹੀਂ, ਸਿਆਣਾਂ ਦੀ ਚੋਟੀ ਤੋਂ ਪਰੇ ਵਿਸਮਾਦ ਦੀ ਚੋਟੀ ਤੇ। ਬੱਚੇ ਦਾ ਸਿਰ ਚਾਉਂਦਿਆਂ ਸਿਆਣੇ ਦਾ ਸਿਰ ਬੀ ਧਰਤੀ ਵਲ ਝੁਕਿਆ, ਗਿਆ ਪਰਮਾਤਮ ਅਗਨੀ ਦੇ ਸ਼ੁਅਲੇ ਵਾਲੇ ਦਿਬਜ ਸ਼੍ਰੀਰ ਦੇ ਚਰਨਾਂ ਵਲ। ਜਗਤ ਦੇ ਭਾਣੇ ਸੰਗਤ ਵਿਚੋਂ ਦੋ ਸ਼ਿਰੋਮਣੀਆਂ ਦੇ ਮਸਤਕ ਟਿਕੇ ਹਨ ਗੁਰੂ ਜੀ ਦੇ ਚਰਨਾਂ ਕਵਲਾਂ ਤੇ ਪਰ ਵਾਸਤਵ ਵਿਚ ਗੁਰੂ ਸਿਖ ਵਿਚ ਹੀਰਿਆਂ ਦੀ ਸਾਂਟ ਹੋ ਗਈ ਹੈ।

ਇਸ ਦਿਨ ਤੋਂ ਮਗਰੋਂ ਬਾਲਕਾ ਰਾਮਕੌਰ ਚਾਚੇ ਸਮੇਤ ਕੁਝ ਦਿਨ ਅਨੰਦ ਪੁਰ ਰਿਹਾ, ਦਰਸ਼ਨ ਮੇਲੇ ਕਰਦਾ ਰਿਹਾ। ਉਹ ਜੋ ਚਰਨ ਛੂਹ ਨਾਲ ਵਿਸ-ਮਾਦੀ ਰੰਗ ਲੱਗਾ ਸੀ ਹੁਣ ਕਿਵੇਂ ਹੈ। ਹੈ ਤਾਂ ਬੱਚਾ, ਬੁੱਧੀ ਨਹੀਂ ਪਕੜਦੀ ਉਸ ਖੇਲ ਨੂੰ, ਪਰ ਉਸਦੇ ਅੰਦਰ ਖਿੱਚ ਹੈ, ਦਰਸ਼ਨ-ਲੋਚਾ ਹੈ। ਸਰੂਪ ਦੇਖਦਾ ਹੈ ਤਾਂ ਖਿੜਦਾ ਹੈ, ਨਹੀਂ ਦੇਖਦਾ ਤਾਂ ਖਿੱਚ ਵਿਚ ਬੀ ਰੰਗ ਰਹਿੰਦਾ ਸੂ ਡਿੱਠੇ ਹੋਏ ਦੀ ਸਿਫਤ ਸਲਾਹ ਦਾ, ਤੇ ਵਾਹ ਵਾਹ ਦਾ ਉਚਾਰਨ ਸੁਤੇ ਹੁੰਦਾ ਰਹਿੰਦਾ ਹੈ। ਪਰ ਦਰਸ਼ਨ-ਤਾਂਘ ਬੇਲੂੰਮੇ ਲਗੀ ਰਹਿੰਦੀ ਹੈ। ਜਦੋਂ ਚਾਚੇ ਦੀ ਪਿੱਛੇ ਪਰਤਨ ਦੀ ਸਲਾਹ ਹੋਵੇ ਤਦੋਂ ਬਾਲਕੇ ਦਾ ਜੀ ਨਾ ਕਰੇ ਵਿਛੁੜਨ ਤੇ ਪਰ ਵਰੇਸ ਛੋਟੀ ਹੋਣ ਕਰਕੇ ਤੇ ਮਾਂ ਦਾ ਸਿਕਦਾ ਪੁਤ੍ਰ ਹੋਣ ਕਰਕੇ ਚਾਚੇ ਨੇ ਵਾਪਸ ਜਾਣਾ ਜ਼ਰੂਰੀ ਜਾਤਾ, ਸੋ ਵਿਛੁੜਨਾ ਪਿਆ ਤੇ ਸਾਹਿਬ ਰਾਮ ਕੌਰ ਜੀ ਆਪਣੇ ਨਗਰ ਆ ਗਏ।

ਚਾਚੇ ਭਾਈ ਹਰਦਿੱਤੇ ਜੀ ਨੇ ਭਤੀਜੇ ਦੀ ਪਾਲਨਾ ਪਿਆਰ ਨਾਲ ਕੀਤੀ। ਗੁਰੂ ਘਰ ਦੀ ਆਤਮ ਵਿਦਯਾ ਤੇ ਸ਼ਸਤ੍ਰ ਵਿੱਦਯਾ ਦੁਏ ਸਿਖਾ-ਈਆਂ। ਸੰਗਤ ਦਾ, ਪਰਜਾ ਦਾ, ਸੈਨਾਂ ਦਾ, ਸਾਰੇ ਪ੍ਰਬੰਧ ਆਪ ਨੇ ਵਡੇ ਹੋਕੇ ਕਰਨੇ ਸਨ। ਪਰ ਜੋ ਅੰਦਰ ਤਣੱਕਾ ਵੱਜ ਕੇ ਖਿੱਚ ਲਗ ਗਈ ਸੀ ਉਹ ਉਮਰਾ ਵਧਦੀ ਦੇ ਨਾਲ ਟੁਰੀ ਰਹੀ, ਜੋ ਰੰਗਣ ਚੜ੍ਹੀ ਸੀ ਗੂੜ੍ਹੀ ਹੁੰਦੀ ਗਈ। ਅਜੇ ਬਾਰਾਂ ਚੌਦਾਂ ਬਰਸਾਂ ਦੇ ਹੀ ਸਨ ਕਿ ਬਾਬੇ ਬੁੱਢੇ ਜੀ ਦੀ ਸਮਾਧ ਦੇ ਜੋੜ ਮੇਲੇ ਪਰ ਸੰਗਤਾਂ ਆਈਆਂ। ਉਨ੍ਹਾਂ ਵਿਚ ਇਕ ਆਪਣੀ ਵਰੇਸ ਦੇ ਲਗ ਪਗ ਦਾ ਰੱਭਰੂ ਸੀ ਰਾਮਾ, ਉਸ

---

੧. ਸੂ: ਪ੍ਰ: ਮੁਜਬ ਉਮਰ ਤ੍ਰੈ ਚਾਰ ਸਾਲ ਦੀ ਸੀ।

੨. Knowing, thinking and feeling.

ਵਲ ਤੱਕੇ, ਜੀ ਨੂੰ ਭਾ ਗਿਆ, ਆਖਣ ਲਗੇ, ਹੇ ਰਾਮਾ! ਕਿਥੇ ਜਾਣਾਈ ਪਰਤਕੇ, ਟਿਕ ਜਾ ਸਾਡੇ ਪਾਸ ਤੇ ਕਹੁ ਵਾਹਿਗੁਰੂ। ਰਾਮੇ ਨੇ ਆਖਿਆ 'ਵਾਹਿਗੁਰੂ' ਤੇ ਸੀਸ ਝੁਕ ਗਿਆ। ਇਹ ਰਾਮਾ ਫਿਰ ਸਦਾ ਆਪ ਦੀ ਸੇਵਾ ਵਿਚ ਹੀ ਰਿਹਾ ਤੇ ਸੇਵਾ ਕਰਦਾ ਸੁਖ ਦੇ ਘਰ ਅੱਪੜਿਆ।

੨.

ਵਡੇਰੀ ਉਮਰ ਵਿਚ ਤਾਂ ਪਤਾ ਲਗਦਾ ਹੈ ਕਿ ਮੈਨੂੰ ਖਿੱਚ ਹੈ, ਪਿਆਰ ਹੈ, ਕਿੰਤੂ ਛੋਟੀ ਉਮਰੇ ਧੂਹ ਤਾਂ ਪੈਂਦੀ ਹੈ ਪਰ ਪਤਾ ਨਹੀਂ ਲਗਦਾ ਕਿ ਇਹ ਕੀਹ ਹੈ। ਮਨ ਖਿੱਚੀਂਦਾ ਹੈ ਤੇ ਜਿੱਧਰ ਦੀ ਪਿਆਰ-ਤਾਂਘ ਹੋਵੇ ਉਧਰ ਦਾ ਰੁਖ ਰੱਖਦਾ ਹੈ! ਭਾਵੇਂ ਅਵਸਥਾ ਛੋਟੀ ਸੀ ਪਰ ਖਿੱਚ ਅੰਦਰ ਤਕੜੇ ਹਥ ਪਾਕੇ ਲੱਗੀ ਹੋਈ ਸੀ। ਹਰ ਸਾਲ ਤੇ ਕਈ ਵੇਰ ਸਾਲ ਤੋਂ ਭੀ ਪਹਿਲਾਂ ਚਾਚਾ ਜੀ ਨੂੰ ਇਹ ਪ੍ਰਬੰਧ ਕਰਨਾ ਪੈਂਦਾ ਹੈ ਕਿ ਬਾਲਕਾ ਅਨੰਦ ਪੁਰ ਜਾਵੇ ਤੇ ਸ੍ਰੀ ਗੁਰੂ ਜੀ ਦੇ ਦਰਸ਼ਨ ਪਾਵੇ। ਕਈ ਵੇਰ ਮਾਤਾ ਨਾਲ ਜਾਂਦੀ, ਕਈ ਵੇਰ ਚਾਚਾ ਅਤੇ ਕਦੇ ਕੋਈ ਹੋਰ ਘਰ ਦਾ ਬੰਦਾ ਨਾਲ ਜਾਂਦਾ। ਅਨੰਦ ਪੁਰ ਵਾਸ ਦੇ ਦਿਨ ਬੜੇ ਚਾਉ ਤੇ ਅਨੰਦ ਦੇ ਲੰਘਦੇ। ਗੁਰੂ ਜੀ ਬੀ ਬੜਾ ਪਿਆਰ ਕਰਦੇ। ਕਦੇ 'ਬੁਢੇ ਕੇ' ਕਹਿਕੇ ਅਵਾਜ਼ ਮਾਰਦੇ, ਕਦੇ 'ਰਮਦਾਸਕੇ' ਕਹਿਕੇ ਬੁਲਾਉਂਦੇ; ਕਦੇ ਮਨੋਹਰ ਗਲੇ ਤੋਂ 'ਰਾਮਕੌਰ' ਦੀ ਹੀ ਸਾਦੀ ਪਰ ਖਿੱਚਵੀਂ ਸੱਟ ਮਾਰਦੇ। ਇਸ ਤਰ੍ਹਾਂ ਕਿਸ਼ੋਰ ਅਵਸਥਾ ਬੀਤੀ, ਹੁਣ ਜੋਬਨ ਦਾ ਮੁੱਢ ਸੀ ਕਿ ਆਪ ਦੇ ਵਿਆਹ ਲਈ ਆਗਾਜ਼ਾ ਹੋ ਗਈ। ਚਾਹੇ ਸ੍ਰੀ ਰਾਮ ਕੌਰ ਜੀ ਨੇ ਘਰ ਦੀ ਵਿਦਯਾ ਭੀ ਲਈ, ਸ਼ਸਤ੍ਰ ਦਾ ਹੁਨਰ ਭੀ ਸਿਖ ਲਿਆ, ਕੀਰਤਨ ਦੇ ਰਸੀਏ ਭੀ ਹੋ ਗਏ ਪਰ ਮਨ ਵਧੇਰੇ ਅੰਤਰ ਮੁਖ ਕਿਸੇ ਸੁਖ ਪ੍ਰਤੀਤੀ ਤੇ ਉਚਿਆਣ ਵਿਚ ਵਸਦਾ ਸੀ। ਇਸ ਸ੍ਵੱਛਤਾ ਤੇ ਨਿਰਮਲਤਾ ਦੀ ਪ੍ਰਤੀਤੀ ਬੜੀ ਅਮੋਲਕ ਸੀ। ਆਪ ਦਾ ਰੁਖ ਕੁਝ ਆਪੇ ਵਿਚ ਘੂਰਮ ਜੇਹੇ ਰਹਿਣ ਦਾ ਵਧ ਰਿਹਾ ਸੀ ਕਿ ਜਦੋਂ ਵਿਆਹ ਦੀ ਆਗਾਜ਼ਾ ਹੋਈ ਸੀ। ਸੋ ਹੁਣ ਭਕਨੇ ਪਿੰਡ, ਜੋ ਅੰਮ੍ਰਿਤਸਰ ਦੇ ਜ਼ਿਲੇ ਵਿਚ ਹੈ, ਇਕ ਸੰਧੂ ਘਰਾਣੇ ਵਿਚ ਆਪ ਦਾ ਵਿਆਹ ਹੋ ਗਿਆ, ਰਾਮ ਦੇ ਘਰ ਰਾਜ ਆ ਗਿਆ ਅਰਥਾਤ ਰਾਮ ਕੌਰ ਦੇ ਘਰ ਰਾਜ ਦੇਵੀ ਆ ਗਈ।

ਜਦੋਂ ਵਿਆਹ ਹੋਕੇ ਜੰਞ ਵਿਦਾ ਹੋਈ ਤਾਂ ਪਿੰਡ ਭਕਨੇ ਦੇ ਲੋਕੀਂ ਹਥ ਬੰਨ੍ਹਕੇ ਆ ਖੜੋਤੇ ਕਿ ਭਾਈ ਸਾਹਿਬ ਆਪ ਬਾਬੇ ਬੁੱਢੇ ਜੀ ਦੀ ਵੰਸ਼ ਵਿਚੋਂ ਹੋ, ਆਪ ਉਨ੍ਹਾਂ ਦੀ ਗੱਦੀ ਦੇ ਮਾਲਕ ਤੇ ਗੁਰੂ ਨਾਨਕ ਜ਼ੀ ਦੇ ਵਜ਼ੀਰ ਹੋ, ਸਾਡੇ ਪਿੰਡ ਚਰਨ ਪਾਏ ਜੇ, ਸਾਡੇ ਪਿੰਡ ਦੀ ਦਾਸੀ ਕਬੂਲੀ ਜੇ, ਸਾਡੇ ਤੇ ਮਿਹਰ ਕਰੋ ਕਿ ਸਾਡੇ ਪਿੰਡ ਜ਼ਹਿਰੀਲੇ ਸੱਪ ਬਹੁਤ ਹਨ ਤੇ ਪਾਣੀ ਦਾ ਟੋਟਾ ਹੈ, ਪਿੰਡ ਉੱਜੜਦਾ ਜਾਂਦਾ ਹੈ ਤੇ ਗ਼ਰੀਬੀ ਪ੍ਰਵੇਸ਼ ਕਰ ਰਹੀ ਹੈ, ਦੁਖੀ ਹਾਂ, ਸਾਨੂੰ ਸੁਖੀ ਕਰਦੇ ਜਾਓ। ਆਪ ਅਰਜ਼ੋਈ ਸੁਣਦੇ ਰਹੇ ਤੇ ਅਖਾਂ ਮੀਟਦੇ ਗਏ, ਫਿਰ ਨੈਣ ਖੁਹਲੇ ਤੇ ਆਖਣ ਲਗੇ ਭਾਈ ਗੁਰੂ ਨਾਨਕ ਦਾ ਘਰ ਬੇਅੰਤ ਦਾ ਘਰ ਹੈ ਤੇ ਬੇਅੰਤ ਦਾਤਾਂ ਦਾ ਦਾਤਾ ਹੈ, ਪਰ ਤੁਸੀਂ ਭੀ ਕੁਝ ਕਰੋ ਨਾ। ਰਾਹਕ ਬੋਲੇ ਜੋ ਆਪ ਆਗਾਜ਼ਾ ਕਰੋ। ਕਹਿਣ ਲੱਗੇ ਜੇ ਕਿਸੇ ਕਰਾਮਾਤ ਨਾਲ ਤੁਹਾਡਾ ਦੁੱਖ ਦੂਰ ਬੀ ਹੋ ਗਿਆ ਤਾਂ ਬੀ ਤੁਸੀਂ ਫੇਰ ਦੁਖੀ ਹੋ ਜਾਸੋ! ਦੁੱਖ ਘਟਦੇ ਹਟਦੇ ਨਹੀਂ, ਪਰ ਸ਼ਕਲਾਂ ਵਟਾ ਲੈਂਦੇ ਹਨ। ਦੁੱਖ ਦੂਰ ਤਾਂ ਹੁੰਦੇ ਹਨ ਜੇ **"ਐਸਾ ਦਾਰੂ ਲੋੜਿ ਲਹੁ ਜਿਤੁ ਵੰਞੇ ਰੋਗਾ ਘਾਣਿ!"** {ਮਲਾ:ਵਾਰ-੩} ਰੋਗਾਂ ਦੇ ਘਾਣ ਹੀ ਦੂਰ ਹੋਣ ਤਾਂ ਸੁਖ ਹੁੰਦਾ ਹੈ, ਤੁਸੀਂ ਸ਼ਰਨ ਲਓ ਕਲਗੀਆਂ ਵਾਲੇ ਪਾਤਸ਼ਾਹ ਦੀ ਜੋ ਅਨੰਦਪੁਰ ਜੋਤ ਜਗਾਈ ਬੈਠਾ ਹੈ। ਮਸਤਕ ਟੇਕੋ ਤੇ ਆਖੋ 'ਵਾਹਿਗੁਰੂ', ਅਜ ਤੋਂ ਇਹ ਨਾਮ ਜਪੋ। ਨਾਮ ਦਾਰੂ ਹੈ ਸਾਰੀਆਂ ਦੁਖ ਨਿਵਿਰਤੀਆਂ ਲਈ। ਬਾਣੀ ਪੜ੍ਹਿਆ ਕਰੋ, ਆਏ ਗਏ ਦੀ ਸੇਵਾ ਕਰਿਆ ਕਰੋ, ਜੋ ਘਾਲ ਕਰਕੇ ਕਮਾਓ ਵੰਡ ਛਕੋ। ਐਉਂ ਦੁਖ ਦੂਰ ਹੋਣਗੇ। ਨਾਮ ਦਾਰੂ ਸਦਾ ਹਿਤ ਨਾਲ ਸੇਵੋ। ਪਾਣੀ ਵਧੇਗਾ, ਧਰਤੀ ਧਨ ਉਪਜਾਵੇਗੀ, ਸਰਪ ਬਿਖ ਹੀਨ ਹੋ ਜਾਣਗੇ। ਇਹ ਵਰ ਪਾਕੇ ਲੋਕ ਖੁਸ਼ ਹੋਏ। ਪਿੰਡ ਵਿਚ ਨਾਮ ਬਾਣੀ ਦਾ ਪ੍ਰਵਾਹ ਚੱਲ ਪਿਆ, ਲੋਕੀਂ ਮਨ ਕਰਕੇ ਸੁਖੀ ਹੋ ਗਏ। ਨਾਮ ਦੇ ਮਗਰੇ ਸਭ ਕੁਝ ਹੈ।

ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ॥ {ਵਾ: ਸਾਰੰ: ਮ: ੧-੭}

ਪੁਨਾ:-**ਮੁਕਤਿ ਜੁਗਤਿ ਨਾਂਵੈ ਕੀ ਦਾਸੀ॥** {ਭਾ: ਗੁ:}

ਦਸੀਦਾ ਹੈ ਕਿ ਪਿੰਡ ਦੇ ਲੋਕੀਂ ਤਦ ਤੋਂ ਸਿਖੀ

ਵਿਚ ਆਏ ਤੇ ਇਨਾਂ ਬਾਹਰਲੀਆਂ ਲੋੜਾਂ ਵਿਚ ਭੀ ਸੁਖੀ ਹੋ ਗਏ।

ਇਸ ਸਾਖੀ ਤੋਂ ਇਕ ਗਲ ਘਾਲੀ ਸਿਖਾਂ ਤੇ ਸੰਤਾਂ ਦੇ ਸਿਖਣ ਵਾਲੀ ਹੈ ਕਿ ਆਪਣੀ ਏਕਾਗ੍ਰਤਾ ਦੀ ਤਾਕਤ ਨੂੰ ਕਰਾਮਾਤਾਂ ਵਿਚ ਖਰਚਣ ਨਾਲੋਂ ਐਉਂ ਵਰਤਿਆ ਜਾਵੇ ਕਿ ਵਾਹਿਗੁਰੂ ਜੀ ਦੇ ਨਾਮ ਅਭਜਾਸ ਵਿਚ ਤੇ ਆਪਾ ਸੁਆਰਨ ਵਿਚ ਲਗ ਪਵੇ, ਜਿਸ ਨਾਲ ਕਿ ਉਹ ਆਪ ਉਸ ਵਸਤੂ ਦਾ ਮਾਲਕ ਹੋ ਜਾਵੇ ਜੋ ਵਸਤ੍ਰ ਕਿ ਨਾਮ ਅਭਜਾਸ ਵਿਚ ਰਖੀ ਹੋਈ ਹੈ ਤੇ ਜੋ ਰੋਗਾਂ ਦੇ ਘਾਣ ਦੂਰ ਕਰਦੀ ਹੈ। **'ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ'**॥{ਗਉ:ਮ:੫:ਬਾ:ਅਖ-੪੫} ਸਭ ਤੋਂ ਵਡਾ ਰੋਗ ਹਉਮੈ ਹੈ, ਜਿਸ ਨੂੰ ਨਾਮ ਕਟਦਾ ਹੈ।

ਜਦੋਂ ਆਪ ਭਕਨੇ ਤੋਂ ਡੋਲਾ ਲੈਕੇ ਟੁਰ ਰਹੇ ਸਨ ਤਾਂ ਉਥੋਂ ਦਾ ਇਕ ਮਿਰਾਸੀ, ਜਿਸ ਦਾ ਨਾਂ ਮੁਰਾਦ ਸੀ, ਆ ਹਾਜ਼ਰ ਹੋਇਆ। ਇਹ ਬੜਾ ਰਸੀਆ ਗਵੱਯਾ ਸੀ ਤੇ ਗਲਾ ਬੀ ਗੰਧਰਬਾਂ ਵਰਗਾ ਰਖਦਾ ਸੀ। ਇਸਨੇ ਬੇਨਤੀ ਕੀਤੀ ਕਿ ਮੈਨੂੰ ਨਾਲ ਲੈ ਚਲੋ। ਸਿਫਾਰਸ਼ ਭੀ ਹੋਈ, ਆਪ ਭੀ ਕੀਰਤਨ ਦੇ ਰਸੀਏ ਸਨ ਖੁਸ਼ ਹੋ ਗਏ, ਤੇ ਮੁਰਾਦ ਨੂੰ ਨਾਲੇ ਹੀ ਝੰਡੇ ਰਮਦਾਸ ਲੈ ਆਏ! ਏਥੇ ਲਿਆਕੇ ਇਸ ਨੂੰ ਗੁਰਮੁਖੀ ਪੜ੍ਹਾਈ ਤੇ ਗੁਰਬਾਣੀ ਕੰਠ ਕਰਵਾਈ। ਮੁਰਾਦ ਨੂੰ ਗੁਰਬਾਣੀ ਨੇ ਰੰਗ ਲਾ ਦਿੱਤਾ, ਰਸੀਆ ਹੋ ਗਿਆ ਬਾਣੀ ਦਾ, ਇਸ ਦਾ ਕੀਰਤਨ ਭਾਈ ਸਾਹਿਬ ਸੁਣਦੇ ਰਹੇ। ਇਸ ਦੀ ਉਲਾਦ ਦੇ ਬੰਦੇ ਬਾਬੇ ਬੁੱਢੇ ਦੇ ਗੁਰਦ੍ਵਾਰੇ ਕੀਰਤਨ ਕਰਦੇ ਆਏ ਹਨ!

ਹੁਣ ਆਪ ਗੱਭਰੂ ਹੋ ਗਏ ਸਨ, ਬਹੁਤ ਸਮਾਂ ਅਨੰਦ ਪੁਰ ਸਾਹਿਬ ਰਹਿੰਦੇ, ਥੋੜਾ ਸਮਾਂ ਰਮਦਾਸ ਆ ਰਹਿੰਦੇ। ਅਵਸਥਾ ਆਪਦੀ ਅੰਤਰ ਮੁਖ ਰਹਿਣ ਦੀ ਵਧਦੀ ਗਈ। ਪਰ ਸ੍ਰੀ ਸਤਿਗੁਰੂ ਸੁਆਮੀ ਜੀ ਆਪ ਨੂੰ ਬਹੁਤਾ ਇਸ ਰੰਗ ਵਿਚ ਰਖਦੇ ਕਿ ਆਪ ਅੰਤਰ ਆਤਮੇ ਤਾਂ ਲਿਵ ਵਿੱਚ ਰਹਿਣ, ਬਾਹਰ ਉਸ ਲਿਵ ਦਾ ਵਿਕਾਸ਼ੀ ਅਸਰ ਪਵੇ ਕਿ ਆਪ ਦੇ ਹੱਥੋਂ ਭਲਾ ਹੋਵੇ। ਸ੍ਰੀ ਭਾਈ ਰਾਮ ਕੌਰ ਜੀ ਦਾ ਸਰੀਰ ਨਿਰਵਿਕਾਰ ਸੀ, ਮਨ ਸ੍ਵੱਛ ਤੇ ਆਤਮਾ ਸਾਈਂ ਪ੍ਰੇਮ ਵਿਚ ਸੀਤਾ ਰਹਿੰਦਾ ਸੀ। ਬਾਬੇ ਬੁੱਢੇ ਵਾਂਙੂ ਆਪ ਬੜੇ ਪ੍ਰੇਮੀ ਤੇ ਨਾਮ ਦੇ ਘਾਲੀ ਸਨ। ਪਰ ਇਸ ਰਸਤੇ ਵਿਚ ਬੜੇ ਕਠਨ ਮਰਹਲੇ ਆ ਜਾਂਦੇ ਹਨ। ਤਾਂ ਤੇ ਸ੍ਰੀ ਗੁਰੂ ਜੀ ਅਪਣੇ ਪਿਆਰੇ ਸਿੱਖ ਨੂੰ ਉੱਚੀ ਤੋਂ ਉੱਚੀ ਥਾਵੇਂ ਲਿਜਾਣ ਲਈ ਸਿਖਜਾ, ਸਮੋਧ ਤੇ ਪਰਤਾਵਿਆਂ ਨਾਲ ਕੁੰਦਨ ਬਣਾ ਰਹੇ ਸੇ। ਵੇਰਵੇ, ਸਾਰੇ ਜੀਵਨ ਵਾਂਙੂ ਤ੍ਰੀਕ ਵਾਰ ਸਵਿਸਥਾਰ ਲਿਖੇ ਹੋਏ ਨਹੀਂ ਮਿਲਦੇ ਪਰ ਜੋ ਸਾਖੀਆਂ ਵਿਕੋਲਿੱਤ੍ਰੀਆਂ ਮਿਲਦੀਆਂ ਹਨ, ਇਸ ਪ੍ਰਕਾਰ ਹਨ-

ਸਾਹਿਬ ਦੀਵਾਨ ਸਜਾਏ ਬੈਠੇ ਸਨ, ਅੱਗੇ ਇਕ ਕੁਦੰਡ (ਧਨੁਖ) ਇਤਨਾ ਭਾਰੀ ਪਿਆ ਸੀ ਕਿ ਜਿਸ ਦੀ 'ਪਨਚ ਖਿੱਚਿਆਂ ਕਮਾਨ ਨਿਉਂ ਜਾਏ' ਇਹ ਗੱਲ ਸੰਭਵ ਨਹੀਂ ਸੀ ਜਾਪਦੀ। ਭਾਈ ਜੀ ਆਪ ਬੜੇ ਤਕੜੇ ਸੇ ਤੇ ਸ਼ਸਤ੍ਰ ਵਿਦਯਾ ਭੀ ਜਾਣਦੇ ਸੇ। ਸੋਚਦੇ ਸੇ ਕਿ ਇਹ ਅਤਿ ਭਾਰੀ ਤੇ ਕਰੜਾ ਕੁ ਦੰਡ ਦਰਸ਼ਨੀ ਹੋਣਾ ਹੈ, ਚੱਲ ਸਕਣਾ ਕਠਨ ਹੈ, ਸਾਹਿਬਾਂ ਦਾ ਸਰੀਰ ਲੰਬੇਰਾ ਤੇ ਪਤਲੇਰਾ ਹੈ। ਇਹ ਸੰਸਾ ਜੋ ਫੁਰ ਰਿਹਾ ਸੀ, ਸਾਹਿਬਾਂ ਨੇ ਲਖ ਲਿਆ। ਹੁਕਮ ਦਿੱਤਾ ਹਾਥੀ ਘੋੜੇ ਲਿਆਓ, ਬਨ ਦੇ ਸੈਲੇ ਸ਼ਿਕਾਰ ਨੂੰ ਚੱਲਣਾ ਹੈ। ਭਾਈ ਜੀ ਨੂੰ ਭੀ ਆਪ ਨੇ ਨਾਲ ਲੈ ਲਿਆ, ਹੱਥ ਵਿਚ ਉਹ ਭਾਰੀ ਕੁਦੰਡ ਤੇ ਤੀਰ ਭੀ ਚਾ ਲਏ। ਅੰਦਰੋਂ ਬਾਹਰ ਆ ਗਏ ਤੇ ਓਥੇ ਖੜੋਕੇ ਲੱਗੇ ਹਾਥੀ ਆਦਿਕ ਸਾਮਾਨ ਦੀ ਉਡੀਕ ਕਰਨ। ਫਿਰ ਕਹਿਣ ਲਗੇ ਕਿ ਜਦ ਤਕ ਉਡੀਕਣਾਂ ਹੈ ਤੀਰ ਚਲਾਈਏ। ਕਮਾਨ ਤੇ ਚੜ੍ਹਾਕੇ ਇਕ ਬੂਟੇ ਦੀ ਜੜ੍ਹ ਵਲ ਸ਼ਿਮਤ ਬੱਧੀ ਤੇ ਜ਼ੋਰ ਨਾਲ ਖਿੱਚ ਕੇ ਤੀਰ ਛੱਡਿਆ। ਕਮਾਨ ਚਿਰੜਾਈ ਤੇ ਤੀਰ ਭਜਾਨਕ ਅਵਾਜ਼ ਦੇਂਦਾ ਬੂਟੇ ਦੀ ਜੜ੍ਹ ਵਿਚ ਜਾ ਵਜਾ ਤੇ ਉਸ ਨੂੰ ਉਖੇੜ ਕੇ ਧਰਤੀ ਵਿਚ ਧਸ ਗਿਆ। ਜਦ ਤਕ ਹਾਥੀ ਨਾ ਆਇਆ ਆਪ ਸਹਿ ਸੁਭਾ ਤੀਰ ਚਲਾਉਂਦੇ ਰਹੇ! ਇਹ ਬਲ ਇਹ ਪ੍ਰਾਕ੍ਰਮ ਵੇਖਕੇ ਸਾਰੇ ਹੈਰਾਨ ਹੁੰਦੇ ਰਹੇ। ਪਰ ਰੂਹਾਨੀ ਮਰਮਾਂ ਦੇ ਮਹਿਰਮ ਭਾਈ ਸਾਹਿਬ ਨੂੰ ਇਕ ਦਮ ਹੋਸ਼ ਆਈ ਤੇ ਦਿਲ ਵਿਚ ਵਿਤ੍ਰੇਕ ਕਰਕੇ ਵਿਚਾਰਨ ਲਗ ਪਏ ਕਿ ਸਰਬ-ਸ਼ਕਤੀ-ਧਰਿ ਗੁਰੂ ਜੀ ਦੀ ਤਾਕਤ ਤੇ ਮੈਨੂੰ ਸ਼ੰਕਾ ਨਹੀਂ ਸੀ ਫੁਰਨਾ ਚਾਹੀਦਾ। ਇਹ ਮਾਯਾ ਮੈਨੂੰ ਕਿਵੇਂ ਪੈ ਗਈ। ਮੇਰੇ ਜੀਅ ਜਾਨ ਮੇਰੇ ਪ੍ਰਾਣ ਗੁਰੂ ਜੀ, ਮੈਂ ਸਿਖ ਓਹ ਸਾਹਿਬ, ਮੈਂ ਜੀਵ ਓਹ ਮੇਰੇ ਬ੍ਰਹਮ, ਫਿਰ ਮੈਨੂੰ ਸੰਸਾ ਕਿਉਂ ਪਿਆ?

ਵਾਹ ਸਤਿਗੁਰ ਤੇਰੇ ਚੋਜ! ਮੇਰੀ ਨਜ਼ੂਨਤਾ ਤੇ ਤੇਰੀ ਮਾਇਆ! ਕੀਕੂੰ ਮੇਰਾ ਮਨ ਸੰਸੇ ਬ੍ਰਿਤੀ ਨੂੰ ਜਿੱਤ ਜਿੱਤਕੇ ਫੇਰ ਸੰਸੇ ਦੇ ਘਰ ਜਾ ਵੜਦਾ ਹੈ!

ਸਾਹਿਬ ਤੱਕੇ ਤੇ ਮੁਸਕ੍ਰਾਏ। ਆਖਣ ਲਗੇ, ਬੁੱਢਿਆ! ਸਰਬ ਸ਼ਕਤੀਮਾਨ ਹੋਣਾ ਹੋਰ ਗੱਲ ਹੈ, ਪਰ ਕਮਾਈ ਕੁਛ ਹੋਰ ਸ਼ੈ ਹੈ। ਹਰ ਜੀਵ ਜੋ ਸਿੱਧੇ ਰਸਤੇ ਟੁਰਦਾ ਹੈ ਕਿਸੇ ਸ਼ਕਤੀ ਦੇ ਘਰ ਅੱਪੜਦਾ ਹੈ। ਜੋ ਬੰਦਾ ਨਾਮ ਵਿਚ ਆ ਜਾਂਦਾ ਹੈ, ਉਹ ਮਨ ਦੀਆਂ ਰੁਚੀਆਂ ਤੇ ਬੁੱਧੀ ਦੀਆਂ ਸੰਸੇ ਬ੍ਰਿਤੀਆਂ ਤੋਂ ਉਚੇਰਾ ਉਠਕੇ ਨਿਸ਼ਚੇ ਦੇ ਘਰ ਥਾਣੀ ਸ਼ੁੱਧ ਚੇਤਨਤਾ ਵਿਚ ਜਾਂਦਾ ਹੈ। ਉਸ ਦੇ ਅੰਦਰ ਪਹਿਲਾਂ ਆਪਣੇ ਸਰੀਰ ਤੇ ਕਾਬੂ ਪੈਦਾ ਹੁੰਦਾ ਹੈ, ਉਹ ਜੋਧ ਮਹਾਂ ਬਲ ਸੂਰ ਹੋ ਜਾਂਦਾ ਹੈ। ਕਰਮ ਦੀ ਨਿਰਮਲਤਾ ਤੇ ਸ੍ਵੱਛਤਾ, ਹਲਕਾਪਨ ਤੇ ਰਸ ਪੈਦਾ ਕਰਦੀ ਹੈ। ਇਹ ਰਸ ਸਮਿੱਜ ਸਮਿੱਜ ਕੇ ਬਲ ਬਣਦਾ ਹੈ, ਇਹ ਮਾਨ-ਸਕ ਬਲ ਸਰੀਰ ਨੂੰ ਬਲਵਾਨ ਕਰਦਾ ਹੈ, ਇਹ ਅੰਦਰ ਦਾ ਬਲ ਨਿਰਬਲ ਦੇਹ ਨੂੰ ਬੀ ਬਲ ਦੇਂਦਾ ਹੈ। ਬਲ ਕਾਈ ਪ੍ਰਕਾਰ ਦੇ ਹਨ, ਜੋ ਅੰਦਰ ਦਾ ਬਲੀ ਹੈ ਉਹ ਸਰੀਰ ਦੀ ਮਾਮੂਲੀ ਤਾਕਤ ਤੋਂ ਵਧੇਰੇ ਬਲਵਾਨ ਕੰਮ ਕਰੇਗਾ। ਇਸ ਕਰਕੇ ਨਾਮ ਸਮਰੱਥ ਦਾਤਾਰ ਹੈ। ਸਰੀਰਕ ਬਲ ਬੀ ਅੱਭਜਾਸ ਨਾਲ ਵਧਦਾ ਹੈ, ਜੇ ਨਾਲ ਮਾਨਸਕ ਬਲ ਬੀ ਹੋਵੇ ਤੇ ਇਸ ਬਲ ਦੀ ਸੇਧ ਦਰੁਸਤ ਹੋਵੇ, ਨਾਟਕਾਂ ਚੇਟਕਾਂ ਵਿਚ ਨਾ ਲਗੇ, ਤਾਂ ਅੱਭਜਾਸੀ ਸਭ ਤਰ੍ਹਾਂ ਬਲ ਵਾਲਾ ਹੋ ਜਾਂਦਾ ਹੈ। ਅਭਜਾਸੀ ਦਾ-ਗਜਾਨੀ ਦਾ-ਬਲ ਸਰਬ ਨੂੰ ਸੁਖਦਾਈ ਹੁੰਦਾ ਹੈ। ਇਹ ਬਲ ਦੁਖ ਦਾਤਾ ਨਹੀਂ ਹੁੰਦਾ।

ਉੱਚ ਜੀਵਨ ਦੀ ਇਕ ਗੱਲ ਦਰਸਾਕੇ ਕੌਤਕੀ ਉਸਤਾਦ ਨੇ ਹੋਰ ਖੇਡ ਰਚੀ। ਹੁਣ ਸਾਰਾ ਸਾਮਾਨ ਬਨਾਂ ਨੂੰ ਜਾਣ ਦਾ ਤੇ ਹਾਥੀ ਆਦਿਕ ਆ ਗਏ ਸਨ। ਮਹਾਵਤ ਨੇ ਹਾਥੀ ਬਿਠਾਇਆ, ਆਪ ਚੜ੍ਹਨ ਲਈ ਤਿਆਰ ਹੋਏ ਤਾਂ ਬੋਲੇ: "ਕੋਈ ਹੈ ਜੋ ਸਾਡਾ ਭਾਰ ਉਠਾ ਸਕੇ, ਉਹ ਮੋਢਾ ਦੇਵੇ ਤਾਂ ਅਸੀਂ ਹਾਥੀ ਤੇ ਚੜ੍ਹ ਜਾਈਏ।" ਭਾਈ ਰਾਮ ਕੌਰ ਜੀ ਸਰੀਰ ਦੇ ਬਹੁਤ ਤਕੜੇ ਤੇ ਮਜ਼ਬੂਤ ਸੇ। ਅੱਗੇ ਵਧੇ ਤੇ ਮੋਢਾ ਡਾਹਕੇ ਹਾਥੀ ਦੇ ਲਾਗੇ ਖੜੇ ਹੋ ਗਏ। ਸਾਹਿਬਾਂ ਮੋਢੇ ਦਾ ਆਸਰਾ ਲੈ ਕੇ ਐਸਾ ਭਾਰ ਪਾਇਆ ਕਿ ਭਾਈ ਰਾਮ ਕੌਰ ਜੀ ਭੀ ਸਹਾਰ ਨਾ ਸਕੇ। ਡਿੱਗੇ ਤਾਂ ਨਹੀਂ ਪਰ ਭਾਰ ਨਾਲ ਝੁਕ ਗਏ। ਜਦ ਝੁਕੇ ਤਾਂ ਉਨ੍ਹਾਂ ਦੇ ਮਨ ਵਿਚ ਵੀਚਾਰ ਫੁਰ ਪਈ:-ਇਹ ਵੀ ਬੁੱਢਿਆ ਤੇਰੇ ਨਾਲ ਕੌਤਕ ਵਰਤਿਆ ਹੈ। ਸਤਿਗੁਰ ਦਾ ਭਾਰ ਕੌਣ ਝੱਲ ਸਕਦਾ ਹੈ? ਤੂੰ ਭੱਜਾ ਆਇਆ ਸੈਂ ਗਰਬੀਆ! ਕਿ ਮੈਂ ਹਾਂ ਜੋ ਭਾਰ ਝੱਲ ਸਕਦਾ ਹਾਂ! ਪਹਿਲਾ ਕੌਤਕ ਕਰਕੇ ਸਤਿਗੁਰੂ ਨੇ ਤੇਰੀ ਬੁੱਧ ਉੱਜਲ ਕੀਤੀ ਹੈ ਕਿ ਇਹ ਵਿਵੇਕ ਦੀ ਤਾਕਤ ਸੰਸਿਆਂ ਵਾਸਤੇ ਨਹੀਂ ਸੀ ਦਿੱਤੀ ਗਈ, ਇਹ ਤਾਂ ਪਰਮਾਤਮਾ ਦੇ ਰਸਤੇ ਟੋਲਣ ਵਾਸਤੇ ਦੀਵਾ ਸੀ ਤੇ ਨਿਸ਼ਚੇ ਦੇ ਘਰ ਪਹੁੰਚਣਾ ਇਸ ਦਾ ਧਰਮ ਸੀ। ਹੁਣ ਦਾਤਾ ਦੱਸਦਾ ਹੈ ਕਿ ਅਗਲੀ ਮੰਜ਼ਲ ਜੋ 'ਅਹੰ' ਦੀ ਹੈ ਉਹ ਨਿਵਾਰਣੀ ਹੈ। ਅੰਦਰ ਜੋ ਪਕੜ ਵਾਂਙੂ ਹਉਂ ਦਾ ਫੁਰਣਾ ਫੁਰਦਾ ਹੈ ਇਹ ਭਾਰੀ ਰੋਕ ਹੈ। ਇਕ ਤਾਂ ਮੈਂ ਗੁਰੂ ਸ਼ਕਤੀ ਵਿਚ ਸੰਮਾ ਖਾਧਾ ਸੀ, ਇਕ ਆਪ ਨੂੰ ਭਾਰ ਚੁੱਕਣ ਦੇ ਸਮਰੱਥ ਸਮਝਿਆ ਸੀ। ਗੁਰੂ ਸੱਚੇ ਨੇ ਪਹਿਲਾਂ ਮੈਨੂੰ ਅਪਣਾ ਇਨਸਾਨੀ ਕਮਾਲ ਦੱਸਿਆ ਹੈ ਤੇ ਹੁਣ ਗੁਰਜਾਈ ਦੀ ਤਾਕਤ ਵਿਖਾਲੀ ਹੈ। ਸੱਚ ਮੁੱਚ ਸੰਸਾ ਤੇ ਹਉਂ ਚਾਹੇ ਮੈਂ ਜਿੱਤ ਲਏ ਸਨ, ਅਜੇ ਮੇਰੇ ਅੰਦਰ ਫੇਰੇ ਪਾਉਂਦੇ ਹਨ। ਮੇਰੀ ਨਜ਼ੂਨਤਾ ਹੈ ਤੇ ਮਾਯਾ ਪ੍ਰਬਲ ਹੈ, ਪਰ ਮਾਯਾ ਮੈਨੂੰ ਪੂਰਨ ਕਰਨ ਵਾਸਤੇ ਪਾਈ ਜਾਂਦੀ ਦਿੱਸਦੀ ਹੈ। ਜਾਂ ਇਹ ਲਿਸ਼ਕਾਰਾ ਮਨ ਵਿਚ ਵੱਜ ਗਿਆ ਤਾਂ ਸਰੀਰੋਂ ਸਿੱਧੇ ਹੋ ਗਏ। ਸਾਹਿਬ ਹਾਥੀ ਤੇ ਚੜ੍ਹ ਗਏ ਤੇ ਹੱਥ ਨੀਵਾਂ ਕਰਕੇ ਆਖਣ ਲਗੇ:-"ਆ ਜਾ ਚੜ੍ਹ ਬਹੁ ਸਾਡੇ ਨਾਲ!" ਭਾਈ ਸਾਹਿਬ ਨੇ ਬੇਨਤੀ ਕੀਤੀ; "ਮੈਂ ਨੀਵਾਂ ਹਾਂ, ਬੇ-ਅਦਬ ਹਾਂ, ਅਗੇ ਹੀ ਅਵੱਗਜਾ ਪਿਆ ਕਰਦਾ ਹਾਂ, ਮੈਨੂੰ ਬਖਸ਼ੋ ਤੇ ਚਰਨਾਂ ਵਿਚ ਥਾਂ ਬਖਸ਼ੋ"। ਪਰ ਸਾਹਿਬਾਂ ਨੇ ਇਕ ਨਾ ਮੰਨੀ ਤੇ ਮੱਲੋ ਮੱਲੀ ਭਾਈ ਰਾਮ ਕੌਰ ਦਾ ਹੱਥ ਫੜਕੇ ਉਤੇ ਖਿੱਚ ਲਿਆ ਤੇ ਹੌਦੇ ਵਿਚ ਬਹਾਲ ਲਿਆ। ਫਿਰ ਆਪ ਹੱਸ ਪਏ ਤੇ ਬੋਲੇ: ਰਮਦਾਸ ਕੇ! ਗੁਰ ਗੱਦੀ ਦਾ ਭਾਰ ਬੜਾ ਗਰੁਵਾ ਹੈ, ਇਸ ਨੂੰ ਕੌਣ ਸਹਾਰ ਸਕਦਾ ਹੈ, ਜਿਤਨਾ ਕਿ ਤੂੰ ਸਹਾਰਿਆ ਹੈ, ਇਹ ਇਸ ਕਰਕੇ ਸਹਾਰਿਆ ਗਿਆ ਹੈ ਕਿ ਬਾਬੇ ਬੁੱਢੇ ਤੇ ਗੁਰ

ਨਾਨਕ ਪਾਤਸ਼ਾਹ ਦੀ ਅਤਿ ਮਿਹਰ ਹੋਈ ਸੀ, ਉਹ ਮਿਹਰ ਤੁਸਾਂ ਦੇ ਸਿਰ ਤੇ ਹੈ। ਤਾਹੀਓਂ ਗੁਰੂ ਨੂੰ ਤਿਲਕ ਦੇਣਾ ਤੁਸਾਂ ਦੇ ਸਪੁਰਦ ਰਿਹਾ ਹੈ ਤੇ ਤੁਹਾਡਾ ਖਾਨਦਾਨ ਤਿਲਕਣ ਬਾਜ਼ੀਆਂ ਵਿਚੋਂ ਸਹੀ ਸਲਾਮਤ ਨਿਕਲਦਾ ਰਿਹਾ ਹੈ।

ਰਾਮ ਕੌਰ-ਪਾਤਸ਼ਾਹ! ਜਦੋਂ ਤੁਸਾਂ ਫੁਰਮਾਇਆ, 'ਕੋਈ ਹੈ ਜੋ ਸਾਡਾ ਭਾਰ ਉਠਾ ਸਕੇ' ਤਾਂ ਮੇਰੇ ਮਨ ਕਿਉਂ ਆਈ ਕਿ ਮੈਂ ਹਾਂ ਤੇ ਮੈਂ ਉਠਾ ਸਕਦਾ ਹਾਂ? ਕਦੋਂ ਇਹ ਕਾਈਆਂ ਦੂਰ ਹੋਸਨ?

'ਅਸ ਮਾਯਾ ਤੇ ਆਪ ਬਚਾਵਹੁ॥ ਰਾਖਹੁ ਨਿਸ਼ਚਾ ਨਹੀਂ ਡੁਲਾਵਹੁ॥' {ਸੂ: ਪ:}

ਗੁਰੂ ਜੀ-ਪਿਆਰਿਆ! ਅੰਦਰਲੀਆਂ ਘਾਤਾਂ ਬੁਰੀਆਂ ਹਨ, ਤੂੰ ਤਾਂ ਭਗਤ ਹੈਂ, ਰਸੀਆ ਹੈਂ, ਮਿਹਰ ਪ੍ਰਾਪਤ ਹੈਂ, ਸੋਨਾ ਹੈਂ, ਤੈਨੂੰ ਕੁੰਦਨ ਕਰਨਾ ਹੈ, ਇਸ ਕਰਕੇ ਇਹ ਕੌਤਕ ਸੀ, ਮੇਰੇ ਪਿਆਰੇ! ਮਨ ਨੂੰ ਪਛਾਨਣਾ ਖਰਾ ਕਠਨ ਕੰਮ ਹੈ।

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ॥

{ਮਾਝ:ਮ:੩-ਅਸ਼ਟ-੨੪}

ਫਿਰ ਵਾਕ ਹੈ:-

ਸਨਕਾਦਿਕ ਨਾਰਦ ਮੁਨਿ ਸੇਖਾ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥

{ਗਉ:ਕਬੀ:ਅਸ਼ਟ-੧}

ਇਸ ਮਨ ਨੂੰ ਅਲੱਗ ਕਰ ਵੇਖਣਾ ਬਹੁਤ ਕਠਨ ਹੈ। ਥਹੁ ਤਾਂ ਪੈਂਦਾ ਹੈ ਜੇ ਪਹਿਲਾਂ ਨਾਮ ਦੀ ਘਾਲ ਹੋਵੇ, ਫੇਰ ਨਾਮ ਦਾ ਰਸ ਪਵੇ, ਰਸ ਅੰਦਰ ਸਮਿੱਜੇ। ਗੁਰਬਾਣੀ ਦਾ ਚਾਨਣਾ ਰਾਹਨੁਮਾਈ ਕਰੇ ਤਾਂ ਅੰਦਰਲੇ ਦੇ ਕਈ ਪਰਤ ਸਹੀ ਹੁੰਦੇ ਹਨ। ਇਕ ਮਨ ਹੈ ਜੋ ਰੁਚੀ ਅਰੁਚੀ ਵਿਚ ਰਹਿੰਦਾ ਹੈ, ਸੁਖ ਮਿਲੇ ਤਾਂ ਰਾਗ ਕਰਦਾ ਹੈ, ਦੁਖ ਮਿਲੇ ਤਾਂ ਦ੍ਵੈਖ ਕਰਦਾ ਹੈ। ਇਹ ਭਲੇ ਬੁਰੇ ਦੀ ਵਿਤ੍ਰੇਕ ਦੀ ਪਰਵਾਹ ਨਹੀਂ ਕਰਦਾ। ਫਿਰ ਭਾਈ! ਬੁੱਧੀ ਦਾ ਮੰਡਲ ਹੈ, ਇਸ ਦਾ ਰਾਗ ਦ੍ਵੈਖ ਵਾਲੇ ਮਨ ਤੇ ਕ੍ਰੰਡਾ ਹੈ, ਇਹ ਬੁੱਧੀ ਵਿਤ੍ਰੇਕ ਕਰਦੀ ਹੈ ਤੇ ਸੁਖਦਾਈ ਤੇ ਦੁਖਦਾਈ ਦੀ ਪਰਖ ਦਸਦੀ ਹੈ। ਫਿਰ ਇਹ ਬੁੱਧੀ ਜੇ ਕੁਝ ਉਚੇਰੀ ਤੇ ਸਫਾ ਹੋ ਜਾਵੇ ਤਾਂ ਧਰਮ ਅਧਰਮ ਦਸਦੀ ਹੈ, ਤੋਲਦੀ ਹੈ, ਪਰ ਸੰਸਾ ਤੇ ਨਿਸ਼ਚੇ ਕਰਨਾ ਇਸਦਾ ਧਰਮ ਹੈ। ਧਰਮ ਅਧਰਮ ਦੀ ਸਮਝ ਦੇ ਨਾਲ ਕੁਛ ਮੈਲ ਲਹਿ ਜਾਂਦੀ ਹੈ, ਜੋ ਰਹਿ ਜਾਂਦੀ ਹੈ ਉਮ ਨੂੰ ਵਿਸ਼ਵਾਸ਼ ਜਿੱਤਦਾ ਹੈ। ਇਸਦੇ ਨਾਲ ਇਕ ਹੋਰ ਪਰਤ ਹੈ ਅੰਦਰਲੇ ਦਾ 'ਅਹੰ', ਜੋ ਇਸਨੂੰ ਅਪਣੀ (ਮੈਂ) ਦੇ ਘੇਰੇ ਵਿਚ ਰਖਦਾ ਹੈ, ਜੋ ਆਪਣੇ ਆਪ ਨੂੰ ਅਹੰ (ਮੈਂ ਹਾਂ) ਮਾਤ੍ਰ ਵਿਚ ਵਿਖਾਲਦਾ ਹੈ। ਇਸ ਤੋਂ ਜਦ ਉਚੇ ਉਠ ਜਾਈਏ ਤਾਂ ਆਪ ਨਿਖਰਦਾ ਹੈ। ਇਹ ਹੈ ਸ਼ੁੱਧ ਚੇਤੰਨਤਾ, ਕੋਈ ਇਸਨੂੰ 'ਸੁੱਧ ਮਨ' ਕਹਿ ਦੇਂਦਾ ਹੈ। ਕੋਈ 'ਅ+ਮਨ', ਕੋਈ 'ਚਿਤ' ਕਹਿ ਲੈਂਦਾ ਹੈ, ਪਰ ਇਹ ਹੈ ਕੋਈ ਅਮੋਲਕ ਮੁੱਲ ਵਾਲੀ ਵਸਤੂ। ਇਸ ਵਿਚ ਕੋਈ ਮਨ ਬਾਣੀ ਤੋਂ ਪਰੇ ਦੀ ਸੋਝੀ ਹੈ, ਉਹ ਸੱਤ ਵਸਤੂ ਨੂੰ ਸਿਆਣਦੀ, ਜਾਚਦੀ ਅੰਤ ਉਸ ਨਾਲ ਮਿਲ ਜਾਂਦੀ ਹੈ-ਅਮਰ ਰੰਗ ਵਿਚ। ਇਹ ਸਿਆਣ ਅਨੁਭਵ ਹੈ। ਇਕ ਭੁਲੇਖਾ ਨਹੀਂ ਖਾਣਾ ਚਾਹੀਏ ਕਿ ਹਉਮੈਂ ਤੋਂ ਨਿਖਰਿਆਂ ਅਸਾਂ ਨਿਰਬਲ ਹੋ ਜਾਣਾ ਹੈ, ਸਗੋਂ ਹਉਂ ਦੀ ਮੈਲ ਗਈ ਤਾਂ ਅਸਲੀ ਬਲ ਜਾਗਦਾ ਹੈ। ਜਦੋਂ ਚਿਤ ਆਪਣੇ ਆਪ ਵਿਚ ਆਉਂਦਾ ਹੈ ਤਾਂ ਉਸ ਵਿਚ ਆਪੇ ਦਾ ਬਲ ਹੁੰਦਾ ਹੈ। ਫੇਰ ਸਤਿ ਨੂੰ ਯਾ ਪਰਮ ਤੱਤ ਨੂੰ ਮਿਲ ਪਿਆਂ ਅਰੀਮੀ ਸ਼ਕਤਿ ਉਪਜਦੀ ਹੈ, ਕਿਉਂਕਿ ਫੇਰ ਤਾਂ ਪਰਮ ਤਤ ਦੀ ਮਹਾਨ ਸ਼ਕਤੀ ਦੀ ਸਾਂਝੀਵਾਲਤਾ ਆ ਜਾਂਦੀ ਹੈ। ਕੁਛ ਐਉਂ ਜਿਵੇਂ ਨਦੀ ਸਮੁੰਦਰ ਵਿਚ ਮਿਲਕੇ ਨਦੀ 'ਸਮੁੰਦਰ-ਬਲ' ਦੀ ਸਾਂਝੀਵਾਲਤਾ ਵਿਚ ਅੱਪੜਦੀ ਹੈ। ਤਾਹੀਂ ਗੁਰੂ ਸਚੇ ਨੇ 'ਅਹੰ' ਦੀ ਨਵਿਰਤੀ ਵਾਲੇ ਲਈ ਦੱਸਿਆ ਹੈ ਕਿ ਉਹ ਸੂਰਾ ਤੇ ਵਰਿਆਮ ਹੋ ਜਾਂਦਾ ਹੈ।

ਨਾਨਕ ਸੋ ਸੂਰਾ ਵਰੀਆਮੁ ਜਿਨਿ
ਵਿਚਹੁ ਦੁਮਟੁ ਅਹੰਕਰਣੁ ਮਾਰਿਆ॥...

{ਸਿਰੀ: ਵਾਰ-੧੧}

ਕਰਮ ਖੰਡ ਕੀ ਬਾਂਣੀ ਜੋਰੁ॥...
ਤਿਥੈ ਜੋਧ ਮਹਾ ਬਲ ਸੂਰ॥...{ਜਪੁਜੀ}

ਪਰ ਹੋਸ਼ ਚਾਹੀਦੀ ਹੈ ਕਿ ਇਸ ਬਲ ਨੂੰ ਤੇ ਪਸ਼ੂ ਸ਼ਕਤੀ ਨੂੰ, ਜੋ ਸਾਕਤਾਂ ਤੇ ਜਰਵਾਣਿਆਂ ਵਿਚ ਹੁੰਦੀ ਹੈ, ਇਕੋ ਨਾ ਸਮਝ ਲਿਆ ਜਾਵੇ। ਉਨ੍ਹਾਂ ਦੇ ਮਨ ਤੇ ਬੁੱਧਿ ਪਸ਼ੂ ਬ੍ਰਿਤੀ ਵਿਚ ਵਰਤਦੇ ਹਨ। ਗੁਰੂ ਨਾਨਕ ਜੀ ਦੇ ਬਖਸ਼ੇ ਗਿਆਨ ਦਾ ਗਿਆਨੀ ਹੋਣਾ ਨਾ ਨਿਰਬਲ ਤਜਾਗੀ ਹੋਣਾ ਹੈ, ਨਾ ਪਸ਼ੂ ਬ੍ਰਿਤੀ ਦੇ ਜਰਵਾਣੇ ਹੋਣਾ ਹੈ। ਪ੍ਰੰਤੂ ਗਿਆਨੀ ਹੋ ਜਾਣਾ, ਭਗਤ ਹੋ ਜਾਣਾ, ਸ਼ੁਭ ਗੁਣ ਨਿਪੁਨ ਹੋ ਜਾਣਾ, ਮਾਨਸਕ ਸ੍ਰੀਰਕ ਬਲ ਨਾਲ ਬਲਵਾਨ

ਹੋ ਜਾਣਾ ਹੈ, ਅਤੇ ਸਾਰੀਆਂ ਗਿਣਤੀਆਂ, ਪਰਖਾਂ ਤੇ ਕੀਮਤਾਂ ਤੋਂ ਉੱਪਰ ਉੱਠਕੇ ਇਕ ਰਤਨ ਅਮੋਲਕ ਪਾ ਲੈਣਾ ਹੈ।

ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰ ਜੀਉ॥ {ਸੋ: ਮ: ੧-੮}

ਇਸ ਪ੍ਰਕਾਰ ਦੀ ਇਕ ਹੋਰ ਵਾਰਤਾ ਭਾਈ ਰਾਮ ਕੌਰ ਜੀ ਦੇ ਪਰਤਾਵੇ ਪਰਖ ਦੀ ਲਿਖੀ ਹੋਈ ਮਿਲਦੀ ਹੈ, ਉਹ ਇਉਂ ਹੈ:-

ਇਕੇਰਾਂ ਆਪ ਅਨੰਦ ਪੁਰ ਆਏ ਹੋਏ ਸਨ, ਦੀਵਾਨ ਲਗ ਰਿਹਾ ਸੀ, ਆਪ ਜੀ ਬੀ ਸੰਗਤ ਸਮੇਤ ਆਏ ਤੇ ਮੱਥਾ ਟੇਕਕੇ ਬਿਰਾਜ ਗਏ। ਸਤਿ-ਗੁਰੂ ਜੀ ਦੀ ਆਗਜਾ ਅਨੁਸਾਰ ਇਕ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦ ਆਇਆ ਤੇ ਸੂੱਛ ਚਾਦ-ਰਿਆਂ ਤੇ ਵਿਛਾਕੇ ਉਨ੍ਹਾਂ ਉਤੇ ਸਜਾਕੇ ਉੱਤੇ ਚਾਦਰੇ ਪਾ ਦਿਤੇ ਗਏ। ਹੁਕਮ ਹੋਇਆ ਖਾਲਸਾ ਜੀ! ਸਾਧ ਸੰਗਤ ਜੀ! ਕੜਾਹ ਪ੍ਰਸ਼ਾਦਿ ਅਜ ਵਰਤੇਗਾ ਨਹੀਂ, ਸਭ ਜਣੇ ਇਸ ਨੂੰ ਲੁੱਟ ਲਓ ਤੇ ਲੁੱਟ ਕੇ ਖਾਓ। ਇਨ ਆਗਜਾ ਦੇਕੇ ਗੁਰੂ ਜੀ ਮਹਿਲਾਂ ਨੂੰ ਚਲੇ ਗਏ। ਪਿੱਛੋਂ ਲੁੱਟ ਪਈ ਤੇ ਸਭ ਨੇ ਗੱਫੇ ਲਾਏ, ਪਰ ਸ੍ਰੀ ਰਾਮ ਕੌਰ ਜੀ ਆਪਣੇ ਟਿਕਾਣੇ ਟਿਕੇ ਰਹੇ, ਆਪ ਨੇ ਸਮਾਧੀ ਲਾਈ ਰੱਖੀ ਤੇ ਆਪ ਵਲ ਤੱਕਕੇ ਆਪ ਦੀ ਸੰਗਤ ਬੀ ਨਾ ਉੱਠੀ। ਜਦੋਂ ਕਾਰਜ ਹੋ ਚੁਕਾ, ਆਪਦੇ ਨੈਣ ਖੁੱਲ੍ਹੇ ਚੁਫੇਰੇ ਤੱਕੇ, ਸੰਗਤਿ ਅਚੱਲ ਬੈਠੀ ਦੇਖੀ, ਫਿਰ ਸਹਿਜ ਨਾਲ ਉਠੇ ਤੇ ਆਪਣੇ ਡੇਰੇ ਚਲੇ ਗਏ। ਸਾਰੇ ਨਗਰ ਵਿਚ ਕੀਰਤ ਪਸਰ ਗਈ ਕਿ ਸਾਹਿਬ ਰਾਮ ਕੌਰ ਜੀ ਸਮ ਬ੍ਰਿਤੀ ਵਾਲੇ ਹਨ, ਜਿਨ੍ਹਾਂ ਨੇ ਕੜਾਹ ਪ੍ਰਸ਼ਾਦਿ ਦੀ ਲੁੱਟ ਵਿਚ ਹਿੱਸਾ ਨਹੀਂ ਲਿਆ। ਪਰ ਸਤਿਗੁਰਾਂ ਸੁਣਿਆਂ ਤਾਂ ਮੁਸਕ੍ਰਾਏ। ਅਗਲੇ ਦਿਨ ਫਿਰ ਦੀਵਾਨ ਲੱਗਾ। ਸਤਿਗੁਰ ਦੀ ਜਗਮਗ ਜੋਤ ਬਿਰਾਜ ਰਹੀ ਸੀ, ਸ੍ਰੀ ਰਾਮਕੌਰ ਜੀ ਬੀ ਸੰਗਤ ਸਮੇਤ ਆਕੇ ਚਰਨ ਕਮਲਾਂ ਵਿਚ ਸਜ ਰਹੇ ਸਨ, ਸਾਹਿਬਾਂ ਨੇ ਸ੍ਰੀ ਰਾਮ ਕੌਰ ਜੀ ਵਲ ਡਿੱਠਾ ਤੇ ਹੱਸ ਕੇ ਬੋਲੇ ਕਿਉਂ ਜੀ ਤੁਸਾਂ ਕੱਲ ਲੋਟੀ ਨਹੀਂ ਪਾਈ? ਸ੍ਰੀ ਰਾਮ ਕੌਰ ਜੀ ਨੇ ਸੀਸ ਨਿਵਾ ਦਿਤਾ ਤੇ ਵਧੇਰੇ ਅਦਬ ਵਿਚ ਹੋ ਗਏ।

ਇਸ ਵੇਲੇ ਦੀ ਸਤਿਗੁਰਾਂ ਦੀ ਰੂਹਾਨੀ ਰਮਜ਼ ਜ਼ਰਾ ਡੂੰਘੀ ਗਲ ਜਾਪਦੀ ਹੈ। ਸਾਹਿਬ ਰਾਮ ਕੌਰ ਜੀ ਨੇ ਕੜਾਹ ਨਹੀਂ ਲੁੱਟਿਆ ਇਸ ਵਿਚ ਤਿਆਗ ਹੈ ਤੇ ਪਦਾਰਥਾਂ ਵਲੋਂ ਬ੍ਰਿਤੀ ਦੀ ਅਚਾਹੁਤਾ ਹੈ। ਪਰੰਤੂ ਨਿਰਾ ਤਿਆਗ ਕੋਈ ਆਪਣੇ ਆਪ ਵਿਚ ਕਮਾਲ ਨਹੀਂ, ਕਿਸੇ ਕਮਾਲ ਦੀ ਪ੍ਰਾਪਤੀ ਦਾ ਸਹਾਇਕ ਹੈ। ਇਸ ਕਰਕੇ ਕਿਤੇ ਤਿਆਗ ਦਾ ਤਿਆਗ ਭੀ ਜਾਕੇ ਸਿੱਖਣਾ ਪੈਂਦਾ ਹੈ ਅਰ ਉਹ 'ਤਿਆਗ ਦਾ ਤਿਆਗ' 'ਗ੍ਰਹਿਣ' ਨਹੀਂ ਹੁੰਦਾ। ਇਸ ਵੇਲੇ ਸਤਿਗੁਰਾਂ ਦਾ ਹੁਕਮ ਹੁਣ ਵਿਸ਼ੇਸ਼ ਵਸਤੂ ਸੀ, ਇਸਦੇ ਅਗੇ ਤਿਆਗ ਦਾ ਤਿਆਗ ਲੋੜੀਂਦਾ ਸੀ, ਹੁਕਮ ਅਨੁਸਾਰ ਰਾਮ ਕੁਇਰ ਜੀ ਦਾ ਕੜਾਹ ਪ੍ਰਸ਼ਾਦ ਲੁੱਟ ਕੇ ਲੈ ਲੈਣਾ ਗ੍ਰਹਿਣ ਬ੍ਰਿਤੀ ਕਦੇ ਨਾ ਬਣਦਾ, ਕਿਉਂਕਿ ਤਿਆਗ ਤਾਂ ਉਨ੍ਹਾਂ ਦੇ ਸੁਭਾਵ ਭੂਤ ਹੋ ਚੁਕਾ ਸੀ। ਹੁਣ ਹੁਕਮ ਹੋਏ ਤੇ ਕਿਸੇ ਹੋਰ ਭਾਵ ਨਾਲ ਤਿਆਗ ਦਾ ਸਾਵਧਾਨ ਰੱਖਣਾ ਇਕ ਲੇਸ਼ਾਵਿਦਜਾ ਦੀ ਯਾ ਸੂਖਮ ਹਉਂ ਦੀ ਸੂਰਤ ਰਖਦਾ ਸੀ, ਜੋ ਰਜ਼ਾ ਮੰਨਣ ਦੀ ਲਹਿਰ ਵਿਚ ਇਕ ਰੁਕਾਵਟ ਸੀ। ਇਸਨੂੰ ਤਿਆਗਣਾ ਚਾਹੀਦਾ ਸੀ। ਤਜਾਗ-ਬ੍ਰਿਤੀ ਦੀ ਹਉਂ ਨੂੰ ਤਿਆਗਣਾ ਤਜਾਗ ਦਾ ਤਜਾਗ ਹੈ ਤੇ ਗਜਾਨ ਅਵਸਥਾ ਹੈ। **'ਬ੍ਰਹਮਗਿਆਨੀ ਅਹੰਬੁਧਿ ਤਿਆਗਤ॥'** ਇਸ ਪਰਮ ਸੂਖਮ ਹਉਂ ਨੂੰ ਭੀ ਸਤਿਗੁਰ ਸੂਰੇ ਨੇ ਦੂਰ ਕੀਤਾ ਹੈ।

ਲੁੱਟਣ ਵਿਚ ਬ੍ਰਿਤੀ ਦਾ ਵਿਖੇਪ ਹੋ ਸਕਦਾ ਸੀ, ਪਰ ਸਤਿਗੁਰੂ ਚਾਹੁੰਦੇ ਸਨ ਕਿ ਸੁਰਤ ਦਾ ਪਕਾਉ ਇੰਨਾ ਡਾਢਾ ਹੋਵੇ ਕਿ ਬੀਤਰਾਗ ਮਹਾਂ ਪੁਰਖਾਂ ਨੂੰ ਕਰੜੀ ਪਰਵਿਰਤੀ ਦੇ ਆ ਪਿਆਂ ਵੀ ਵਿਖੇਪ ਨਾ ਹੋਵੇ। ਵਿਖੇਪ ਵਾਲੇ ਕੰਮ ਉਨ੍ਹਾਂ ਦੇ ਸੁਤੇ ਸਿੱਧ ਹੁੰਦੇ ਜਾਣ ਤੇ ਬ੍ਰਿਤੀ ਉਚਜਾਣ ਦੀ ਪ੍ਰਤੀਤੀ ਵਿਚ (ਉਨ-ਮਨੀ ਦਸ਼ਾ ਵਿਚ) ਵਿਖੇਪ ਮੰਡਲ ਤੋਂ ਉਚੇਰੀ ਰਹੇ। ਜਿਵੇਂ ਗੱਡੀ ਦਾ ਪਿੰਜ ਸਾਰਾ ਧਰਤੀ ਨਾਲ ਹਰ ਛਿਨ ਨਹੀਂ ਛੁਹ ਰਿਹਾ ਹੁੰਦਾ, ਉਸ ਦਾ ਇਕ ਅੰਸ਼ ਧਰਤੀ ਨਾਲ ਛੁਹੰਦਾ ਹੈ ਤੇ ਬਾਕੀ ਸਾਰਾ ਧਰਤੀ ਤੋਂ ਉਚਾ ਰਹਿੰਦਾ ਹੈ, ਤਿਵੇਂ ਪਰਵਿਰਤੀ ਦੇ ਕੰਮਾਂ ਨੂੰ ਟੋਰਨ ਲਈ ਗਜਾਨੀ ਦੀ ਸਾਰੀ ਬ੍ਰਿਤੀ ਲੱਗਣੀ ਨਹੀਂ ਲੋੜੀਦੀ, ਸਾਰੀ ਬ੍ਰਿਤੀ ਉੱਚੀ ਰਹੇ ਤੇ ਪਹੀਏ ਜਿੰਨੀ ਬ੍ਰਿਤੀ ਦੀ ਛੁਹ ਪ੍ਰਵਿਰਤੀ ਦੀ ਧਰਤੀ ਨੂੰ ਛੁਹੰਦੀ ਟੁਰੀ ਜਾਵੇ ਤੇ ਕਾਰਜ ਸਾਰਦੀ ਜਾਵੇ।

ਰਾਮ ਕੁਇਰ ਜੀ ਦੀ ਸੰਗਤ ਨੇ ਆਪ ਦੀ ਰੀਸ ਕਰਕੇ ਨਹੀਂ ਸੀ ਲੁੱਟ ਪਾਈ। ਉਨ੍ਹਾਂ ਨੂੰ ਜੋ ਸੂਰੇ ਸਤਿਗੁਰੂ ਨੇ ਪ੍ਰਸ਼ਨ ਕੀਤਾ ਕਿ ਤੁਸਾਂ ਕਿਉਂ ਨਹੀਂ ਲਿਆ, ਤਾਂ ਉਨ੍ਹਾਂ ਨੇ ਦਿਲ ਖੋਲ੍ਹਕੇ ਦੱਸ ਦਿਤਾ ਕਿ ਹਜ਼ੂਰ ਚਿੱਤ ਤਾਂ ਰਸਾਂ ਕਸਾਂ ਤੇ ਫਤਹ ਨਹੀਂ ਪਾ ਚੁੱਕਾ ਹੋਇਆ, ਪਰ ਬਾਬਾ ਜੀ ਵਲ ਤਕ ਕੇ ਰੁਕੇ ਰਹੇ ਹਾਂ। ਸੰਗਤ ਦੀ ਆਪ ਤੇ ਕਾਬੂ ਦੀ ਸਿਫਤ ਤਾਂ ਇਸ ਰਮਜ਼ ਵਿਚ ਉਪਮਾ ਯੋਗ ਹੈ ਪਰ ਹੁਕਮ ਹੋਣ ਦੀ ਹਾਲਤ ਵਿਚ ਰੁਕਣਾ ਤੇ ਅੰਦਰੋਂ ਜੀ ਕਰਨਾ ਇਕ ਬਨਾਵਟ ਜੇਹੀ ਸੀ। ਜਦੋਂ ਮਾਲਕ ਦੀ-ਗੁਰੂ ਦੀ-ਰਜ਼ਾ ਹੋ ਚੁਕੀ ਹੈ ਕਿ ਐਸ ਤਰ੍ਹਾਂ ਸਾਰੇ ਕੜਾਹ ਪ੍ਰਸ਼ਾਦ ਛਕੋ ਤਾਂ ਤਿਆਗੀ ਤੇ ਗਿਆਨਵਾਨ ਪੁਰਖਾਂ ਦੇ ਖਾਣ ਵਿਚ ਤਿਆਗ ਨਾਸ਼ ਨਹੀਂ ਹੁੰਦਾ, ਤੇ ਗ੍ਰਹਿਣ ਨਹੀਂ ਚੰਬੜਦਾ, ਸਗੋਂ ਰਜ਼ਾ ਪਰ ਟੁਰਦੀ ਮੁਰਤ ਮਾਲਕ ਨਾਲ ਇਕ ਸੂਰ ਹੁੰਦੀ ਹੈ। ਰਜ਼ਾ ਵਿਚ ਮਰਜ਼ੀ ਦਾ ਮੇਲਣਾ, ਰਜ਼ਾ ਵਿਚ ਆਪਣੀ ਮਰਜ਼ੀ ਦਾ ਗ਼ਰਕ ਕਰ ਦੇਣਾ, ਇਹੀ ਤਾਂ ਰੂਹਾਨੀ ਪਰਮ ਪਦ ਹੈ, ਇਹ ਆਪਣੇ ਆਪ ਦੀ ਤਬਾਹੀ ਨਹੀਂ ਸਗੋਂ ਕਮਾਲ ਹੈ। ਜਿਵੇਂ ਸਾਜ਼ ਤੇ ਲਰੀ ਤਰਬ ਜਦ ਬਾਜ਼ ਦੀ ਤਾਰ ਨਾਲ ਮੇਲ ਪਾ ਲੈਂਦੀ ਹੈ ਤਾਂ ਉਹ ਨਿਤਾਣੀ ਤੇ ਤਬਾਹ ਨਹੀਂ ਹੁੰਦੀ ਸਗੋਂ ਇਕ ਸੂਰ ਹੋ ਜਾਣ ਕਰਕੇ ਸੁਰੀਲੀ ਤੇ ਤਾਣ ਵਾਲੀ ਹੋ ਜਾਂਦੀ ਹੈ। ਜਦ ਬਾਜ਼ ਦੀ ਸੁਰ ਬੋਲਦੀ ਹੈ ਤਾਂ ਤਰਬ ਬਿਨਾਂ ਛੇੜੇ ਬਿਨਾਂ ਟਿਲਾਏ ਉਸ ਨਾਲ ਬੋਲਦੀ ਹੈ। ਸਗੋਂ ਜੇ ਕਦੇ ਤਰਬ ਨੂੰ ਛੇੜੋ ਤਾਂ ਦੇਖੋ ਕਿ ਉਸ ਸੂਰ ਪਰ ਬਾਜ਼ ਦੀ ਤਾਰ ਵਿਚੋਂ ਥ੍ਰਾਟ ਜਾਂਦੀ ਹੈ ਤੇ ਉਹ ਥਰਕਦੀ ਦਿੱਸਦੀ ਹੈ। ਸੂਰਾ ਸਤਿਗੁਰੂ ਐਉਂ ਆਪਣੀਆਂ ਤਰਬਾਂ ਨੂੰ ਐਨ ਠੀਕ ਠੀਕ ਤਰ੍ਹਾਂ ਨਾਲ ਸੁਰ ਕਰ ਰਿਹਾ ਸੀ ਤੇ ਲੇਸ਼ ਜਿੰਨਾ ਭੀ ਲੋਕ ਲਾਜ ਆਦਿ ਦਾ ਖਿਆਲ ਗ਼ੈਰੀਅਤ ਦੀ ਬੂ ਰਖਣ ਵਾਲਾ ਅਪਣੇ ਸਭ ਤੋਂ ਵਡੇ ਪਿਆਰੇ ਗੁਰਮੁਖ ਵਿਚ ਨਹੀਂ ਸੀ ਰਹਿਣ ਦੇਣਾ ਚਾਹੁੰਦਾ, ਕਿਉਂਕਿ ਓਹਨਾਂ ਨੂੰ ਸੂਰਾ ਗੁਰੂ ਮਾਈਂ ਦੀ ਰਜ਼ਾ ਵਿਚ ਇਕ ਸੂਰਤਾ ਪ੍ਰਦਾਨ ਕਰ ਰਿਹਾ ਸੀ*।

ਦੂਸਰੀ ਭੇਤ ਦੀ ਗੱਲ ਇਹ ਭੀ ਇਸ ਖੇਲ ਵਿਚ ਸਹੀ ਹੁੰਦੀ ਹੈ ਕਿ ਗੁਰੂ ਜੀ ਚਾਹੁੰਦੇ ਸਨ ਕਿ ਬਾਬਾ ਜੀ ਆਪਣੀ ਸਮਾਧੀਆਂ ਵਿਚ ਨਿੰਦ੍ਰਾਵਲੀ ਘੂਰਮ ਅਵਸਥਾ ਵਿਚ ਨਾ ਜਾ ਪੈਣ। ਵਿਸਮਾਦ ਤੇ ਲਿਵਲੀਨਤਾ ਤਾਂ ਰਹੇ ਪਰ ਹੋਸ਼ਹੀਣੀ ਮਸਤੀ ਯਾ ਵਿਚਲੀ ਹੋਈ ਹੋਸ਼ ਦੀ ਮਸਤੀ ਨਾ ਆ ਵਿਚ ਵੜੇ। ਕੜਾਹ ਪ੍ਰਸ਼ਾਦਿ ਘਰ ਦੀ ਵਸਤੂ ਹੈ, ਸੰਗਤ ਨੂੰ ਗੁਰੂ ਦੇਂਦਾ ਹੈ ਤੇ ਉਤਸਾਹ ਲਈ ਆਖਦਾ ਹੈ ਲੁੱਟ ਲਓ! ਇਹ ਕੰਤੂਹਲ ਤੇ ਚੜ੍ਹਦੀਆਂ ਕਲਾਂ ਦਾ ਕੌਤਕ ਇਕ ਖੇੜੇ ਦਾ ਰੰਗ ਸੀ, ਜਿਸ ਵਿਚ ਕੋਈ ਪਾਪ ਨਹੀਂ ਸੀ। ਉਛਾਲ ਤੇ ਉਤਸ਼ਾਹ ਸੀ, ਜੋ ਨਿਸ਼ਪਾਪ ਹੈ ਸਰੀਰ ਨੂੰ ਹਿਲਾਉਂਦਾ ਤੇ ਮਨ ਨੂੰ ਖੇੜਦਾ ਹੈ। ਭਗਤ ਦਾ ਖੇੜਾ ਸੁਰਤ ਦਾ ਵਿਕਾਸ਼ ਹੈ। 'ਨਾਨਕ ਭਗਤਾ ਸਦਾ ਵਿਗਾਸੁ।' ਵਿਕਾਸ ਰੰਗ ਹੈ ਜੋ ਭਗਤੀ ਨੂੰ ਲਗਦਾ ਹੈ। ਹੁਕਮ ਵਿਚ ਬਾਬਾ ਜੀ ਕਿਣਕਾ ਮਾਤ੍ਰ ਭੀ ਉੱਠ ਕੇ ਯਤਨ ਨਾਲ ਲੈ ਲੈਂਦੇ ਤਾਂ ਹੁਕਮ ਹੋਣ ਕਰਕੇ ਸੁਰਤ ਨੂੰ ਇਕ ਹੋਰ ਵਿਗਾਸ ਮਿਲਣਾ ਸੀ। ਇਸ ਪ੍ਰਕਾਰ ਸੂਰਾ ਗੁਰੂ ਅਪਣੇ ਸਿੱਖਾਂ ਨੂੰ ਨਾਮ ਵਿਚ ਰਸੀਆ ਕਰਕੇ, ਜਾਗਤ ਜੋਤ ਅੰਦਰ ਜਗਾਕੇ, ਇਕ ਦੇ ਰੰਗ ਵਿਚ ਉੱਚ ਸੁਰਤੇ ਕਰਕੇ ਖੇੜਿਆਂ ਦੇ ਘਰ ਵਸਾਕੇ ਕਿਸੇ ਜੀਉਂਦੀ ਜਾਗਦੀ ਅਵਸਥਾ ਵਿਚ ਲਿਜਾ ਰਿਹਾ ਸੀ।

੪.

ਉਪਰ ਤਾਂ ਸਨ ਵੰਨਗੀਆਂ ਉਨ੍ਹਾਂ ਦੇ ਗੁਰੂ-ਪ੍ਰੇਮ ਗੁਰੂ ਮਿਹਰ ਨਾਲ ਅਨੰਦਪੁਰ ਜਾ ਕੇ ਉੱਨਤ ਹੋਣ

*ਇਸ ਵੇਲੇ ਬਾਬਾ ਜੀ ਪ੍ਰਤੀ ਗੁਰੂ ਜੀ ਦੇ ਸ੍ਰਾਪ ਦੇ ਵਾਕ ਉਚਰਨ ਵਾਲੀ ਗੱਲ, ਜੋ ਲਿਖੀ ਮਿਲਦੀ ਹੈ, ਕੂੜੀ ਜਾਪਦੀ ਹੈ। ਸੂਰੇ ਸਤਿਗੁਰੂ ਨੇ ਕਸਰਾਂ ਤਾਂ ਕੱਢਣੀਆਂ ਹਨ ਪਰ ਆਪਣੇ ਅਤਿ ਪਿਆਰੇ ਸਿੱਖ ਨੂੰ, ਆਦਿ ਗੁਰਾਂ ਤੋਂ ਸਾਰੇ ਪਾਤਸ਼ਾਹੀਆਂ ਦੇ ਵਰੋਮਾਏ ਵੰਸ਼ ਦੇ ਹੀਰੇ ਨੂੰ ਸ੍ਰਾਪ ਦੇਣਾ, ਗੁਰੂ ਦਸ਼ਮੇਸ਼ ਦੇ ਸੁਭਾਵ ਤੇ ਵਰਤਾਰੇ ਦੇ ਉਲਟ ਹੈ। ਇਹ 'ਲੋਕ-ਕਥਾ' ਮਗਰੋਂ ਜਦ ਕੋਈ ਭਾਣੇ ਵਰਤਣ ਤਾਂ ਲੋਕੀਂ ਘੜ ਘੜਾ ਲੈਂਦੇ ਹਨ ਤੇ ਓਹ ਅਗੋਂ ਟੁਰ ਪੈਂਦੀਆਂ ਹਨ। ਜਾਪਦਾ ਹੈ ਕਿ ਸੌ ਸਾਖੀ ਦੇ ਹਸਤਾਖੇਪ ਕਰਨ ਵਾਲੇ ਨੇ ਸ੍ਰਾਪ ਦੀ ਗੱਲ ਪਾਈ ਤੇ ਹੋਰਨਾਂ ਨੇ ਨਕਲ ਕੀਤੀ ਹੈ।

ਦੀਆਂ। ਹੁਣ ਲਓ ਉਨ੍ਹਾਂ ਦੇ ਕੁਛ ਹਾਲ ਉਨ੍ਹਾਂ ਦੇ ਆਪਣੇ ਨੱਗਰ ਝੰਡੇ ਰਮਦਾਸ ਦੇ।

ਆਮ ਪ੍ਰਸਿੱਧ ਗੱਲ ਇਕ ਐਉਂ ਭੀ ਹੈ ਕਿ ਸ੍ਰੀ ਭਾਈ ਰਾਮ ਕੁਇਰ ਜੀ ਮਸਤਾਨੇ ਫਕੀਰ ਸਨ ਤੇ ਬੇਹੋਸ਼ੀ ਜੇਹੀ ਵਿਚ ਘੂਰਮ ਰਹਿੰਦੇ ਸਨ। ਕਥਾ ਕਰਨ ਵਾਲੇ ਬਾਜ਼ੇ ਵੇਲੇ ਹੋਰ ਵਾਧਾ ਕਰ ਛੋੜਦੇ ਹਨ; ਪਰ ਸਾਹਿਬ ਦਸਮੇਸ਼ ਜੀ ਦੇ ਪਿਆਰੇ ਸਿੱਖ ਕਦੇ ਬੇਹੋਸ਼ੀ ਵਾਲੀ ਮਮਤੀ ਵਿਚ ਨਹੀਂ ਹੋ ਸਕਦੇ, ਉਹ ਸਨ-

ਬਾਲਕ ਸਮਤਾ ਬੇਦ ਜੁ ਕਹੇ॥
ਤਿਮ ਮੈਂ ਸਦਾ ਬਰਤਤੋ ਰਹੇ॥
{ਸੂ: ਪ੍ਰ: ਰਾਮ: ੧}

ਭਾਈ ਨੰਦ ਲਾਲ ਜੀ ਗੁਰਸਿੱਖੀ ਦੀ ਇਸ ਅਵਸਥਾ ਦੀ ਪਛਾਣ ਦੱਸ ਗਏ ਹਨ ਕਿ ਬੇਹੋਸ਼ੀ ਯਾ ਮਸਤੀ ਗੁਰੂ ਘਰ ਵਿਚ ਨਹੀਂ ਰੱਖੀ।

ਦਰ ਮਜ਼ਹਬੇ ਮਾ ਗ਼ੈਰ ਪਰਸਤੀ ਨ ਕੁਨੰਦ।
ਸਰ ਤਾ ਬਕਦਮ ਬਹੋਸ਼ ਮਸਤੀ ਨ ਕੁਨੰਦ।

ਗੁਰੂ ਘਰ ਵਿਚ ਘੂਰਮ ਬੇਹੋਸ਼ੀ ਦੀ ਕਿਸਮ ਦੀਆਂ ਤੇ ਸੂਫੀ ਮੁਸਲਮਾਨਾਂ ਵਾਲੇ ਹਾਲ ਸਰੀ-ਖੀਆਂ ਤੇ ਖੇਡਾਂ ਦੇਣ ਵਾਂਙੂ ਸਿਰ ਮਾਰਨ ਦੀਆਂ ਮਸਤੀਆਂ ਵਿਹਤ ਨਹੀਂ ਹਨ। ਸਿੱਖ ਸਦਾ ਹੋਸ਼ ਵਿਚ ਵੱਸਦੇ ਹਨ। ਪਰ ਇਸ ਹੋਸ਼ ਦਾ ਮਤਲਬ 'ਅਲਿਵ* ਹੋਸ਼' ਬੀ ਨਹੀਂ। ਗੁਰਬਾਣੀ ਨਾਲ ਮਨ ਨੂੰ, ਬੁੱਧੀ ਨੂੰ ਉੱਜਲ ਨਾ ਕਰਨਾਂ, ਸੁਰਤ ਨੂੰ ਨਾਮ ਦੇ ਪ੍ਰਵਾਹ ਨਾਲ ਲਿਵ ਵਾਲਾ ਤੇ ਅੰਮ੍ਰਿਤ ਮਯ ਨਾ ਕਰ ਲੈਣਾ ਤੇ ਨਿਰੀ ਪੰਡਤਾਈ, ਦਰਸ਼ਨ ਵਿਦਯਾ ਤੇ ਆਮ ਵਾਕਫੀ ਨਾਲ ਸਮਝਣਾ, ਕਿ ਇਹ ਉਹ ਲਿਵ ਵਾਲੀ ਹੋਸ਼ ਹੈ, ਭੁੱਲ ਹੈ। ਇਹ ਉਹ ਹੋਸ਼ ਨਹੀਂ, ਇਹ ਅਲਿਵ ਹੋਸ਼ ਹੈ, ਸਾਈਂ ਤੋਂ ਵਿੱਥ ਤੇ ਰੱਖਦੀ ਹੈ। ਹੋਸ਼ ਤੋਂ ਭਾਈ ਨੰਦ ਲਾਲ ਜੀ ਦੀ ਮੁਰਾਦ ਹੈ ਨਾਮ ਦੀ ਲਿਵ ਵਾਲੀ ਅਵ-ਸਥਾ, ਜੋ ਮਸਤੀਆਂ ਵਿਚ ਨਹੀਂ ਡੁਬਦੀ, ਪਰ ਸਿਫਤ ਸਲਾਹ ਦੇ ਘਰ ਵਸਦੀ, ਜਗਤ ਤੇ ਜਗਤ ਦੇ ਪਦਾਰਥਾਂ ਤੋਂ ਨਫਰਤ ਨਾ ਕਰਦੀ ਹੋਈ ਹਰ ਰੰਗ, ਹਰ ਸ਼ੈ ਵਿਚ ਉਸਦੀ ਵਿਸਮਾਦੀ ਛੁਹ ਲੈਕੇ ਉੱਚੀ ਟੁਰਦੀ ਹੈ। ਸੁੰਦਰਤਾ ਦਾ ਅਹਿਸਾਸ ਜੋ ਨਾਮ ਦੀ ਲਿਵ ਤੋਂ ਉਪਜੇ, ਸ਼ੁਧ ਨੇਕੀ ਦਾ ਅਹਿਸਾਸ ਜੋ ਰਾਗ ਦ੍ਵੈਖ ਤੋਂ ਉਚੇਰਾ ਹੋਵੇ, ਸਤਿ ਦਾ ਅਹਿਸਾਸ ਜੋ ਮਨ ਬੁਧਿ ਹੰਕਾਰ ਦੇ ਪੜਦੇ ਪਾੜਕੇ ਅਸਲੀਅਤ ਦੇ ਜਾ ਦਰਸ਼ਨ ਕਰਾਵੇ, ਏਹ ਹਨ ਅਹਿਸਾਸ ਜੋ ਉੱਚੇ ਹੋ ਹੋ ਵਿਸਮਾਦ ਵਿਚ ਤਾਂ ਲੈ ਜਾਣ ਤੇ ਲਿਵ ਵਿਚ ਬੀ ਰੱਖਣ, ਮੇਲ ਬੀ ਪ੍ਰਦਾਨ ਕਰਨ ਪਰ ਨੀਂਦ੍ਰਾਂ, ਬੇਹੋਸ਼ੀਆਂ ਤੇ ਤਮੋਗੁਣੀ ਮਸਤੀਆਂ ਵਿਚ ਨਾਂ ਲੈ ਜਾਣ। ਕਿਉਂਕਿ ਫੁਰਮਾਨ ਹੈ:-

ਬ੍ਰਹਮ ਗਿਆਨੀ ਸਦਾ ਸਦ ਜਾਗਤ॥

ਸ੍ਰੀ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:-

ਭਾਇ ਭਗਤ ਭੈ ਚਲਣਾ
ਮਸਤ ਅਲਮਸਤ ਸਦਾ ਹੁਸ਼ਿਆਰੀ॥
{ਵਾ: ਭਾ: ਗੁ: ਵਾ: ੧੧-੧੨}

ਭਾਈ ਰਾਮ ਕੌਰ ਜੀ ਦੀ 'ਮਸਤੀ ਨਿੰਦ੍ਰਾ' ਜਾਂ ਬੇਹੋਸ਼ੀ ਯਾ ਹਾਲ[1] ਦੀ ਕਿਸਮ ਦੀ ਨਹੀਂ ਸੀ, ਉਹ ਉਨ੍ਹਾਂ ਦੀ ਪ੍ਰਬੁਧ ਅਵਸਥਾ ਸੀ, ਨਾਮ ਦੀ ਲਿਵ ਸੀ। ਉਹ ਵਿਕਾਸ਼ ਦੇ ਬੰਦੇ ਸਨ, ਸਿਫਤ ਦੇ ਰੰਗ ਰੰਗੇ ਰਹਿੰਦੇ ਸਨ, ਇਸੇ ਕਰਕੇ ਸਤਿਗੁਰ ਨਾਲ ਪ੍ਰੇਮ ਮਗਨ ਭੀ ਸਨ। ਪਰਵਾਰ ਵਾਲੇ ਭੀ ਸਨ, ਰਾਜ ਭਾਗ ਭੀ ਸੀ, ਘੋੜੇ ਤੇ ਸੈਨਾ ਭੀ ਰਖਦੇ ਸੀ, ਸ਼ਿਕਾਰ ਭੀ ਚੜ੍ਹਦੇ ਸੀ, ਘੋੜ ਸਵਾਰ ਬੀ ਪਰਲੇ ਦਰਜੇ ਦੇ ਸਨ, ਪਰ ਰਹਿੰਦੇ ਸਦਾ ਨਾਮ ਦੀ ਲਿਵ ਵਿਚ ਤੇ ਸਾਈਂ ਦੇ ਰੰਗ ਵਿਚ ਸਨ। ਇਸੇ ਕਰਕੇ ਜਦ ਆਪ ਦੀ ਇਸਤ੍ਰੀ ਚਲਾਣਾ ਕਰ ਗਈ ਤਾਂ ਫੇਰ ਦੂਸਰਾ ਵਿਆਹ ਹੋਇਆ[2], ਨਹੀਂ ਤਾਂ ਮਮਤ ਅਵਸਥਾ ਜੋ ਨਿੰਦ੍ਰਾ ਤੇ ਘੂਰਮਤਾਈ ਦੀ ਹੋਵੇ ਉਹ ਵਿਆਹ ਤੋਂ ਉਪ੍ਰਾਮ ਕਰਦੀ ਤੇ ਗੁਦੜੀ ਵਿਚ ਲਪੇਟ ਕੇ ਕਿਸੇ ਨਦੀ ਦੇ ਕੰਢੇ ਲੰਮਿਆਂ ਪਾ ਛੋੜਦੀ।

*ਲਿਵ ਵਿਹੂਣੀ।

੧. ਮੁਸਲਮਾਨਾਂ ਵਿਚ ਕਵਾਲੀ ਪਾਕੇ ਜੋ ਸਿਰ ਮਾਰਦੇ ਬੇਸੁਧੀਆਂ ਵਿਚ ਜਾਂਦੇ ਹਨ ਉਸਨੂੰ ਹਾਲ ਖੇਡਣਾ ਕਹਿੰਦੇ ਹਨ।

੨. ਇਹ ਵਿਆਹ ਖਾਨਕਾਹ ਡੋਗਰਾਂ ਦੇ ਪਿੰਡ ਵਰਨ ਵਿਚ ਭਾਈ ਸੁਜਾਨੇ ਨਾਮ ਦੇ ਗੁਰਸਿੱਖ ਦੀ ਨਾਮ ਪ੍ਰੇਮਣ ਬੀਬੀ ਸੁਰਜਨ ਜੀ ਨਾਲ ਹੋਇਆ ਸੀ।

ਜਦੋਂ ਦੂਸਰਾ ਵਿਆਹ ਕੀਤਾ, ਡੋਲਾ ਲੈਕੇ ਟੁਰੇ ਤੇ ਟੁਰਦੇ ਟੁਰਦੇ ਪਿੰਡ ਭਰੋਕੇ ਦੇ ਲਾਗੇ ਆਏ ਤਾਂ ਜੰਞ ਨੂੰ ਤ੍ਰੇਹ ਲਗਣ ਤੇ ਪਾਣੀ ਨਾ ਲਭਾ। ਇਸ ਵੇਲੇ ਆਪ ਦੀ ਨਿਗਾਹ ਪਈ ਜ਼ਿਮੀਂਦਾਰਾਂ ਤੇ ਜੋ ਮਾਲ ਡੰਗਰ ਇਕ ਰੁਖ਼ ਲਈ ਜਾਂਦੇ ਸਨ। ਆਪ ਨੇ ਪੁਛਿਆ ਕਿ ਇਹ ਸਾਰੇ ਕਿੱਧਰ ਨੂੰ ਜਾ ਰਹੇ ਹਨ? ਰਾਮੇ ਨੇ ਪੁੱਛਕੇ ਆ ਪਤਾ ਦਿੱਤਾ ਕਿ ਇਨ੍ਹਾਂ ਦੇ ਪਿੰਡ ਜੇਠ ਹਾੜ ਪਾਣੀ ਨਹੀਂ ਰਹਿੰਦਾ, ਇਸ ਕਰਕੇ ਲੋਕੀ ਮਾਲ ਨੂੰ ਪਾਣੀ ਪਿਲਾਉਣ ਲਈ ਰਾਵੀ ਨਦੀ ਤੇ ਲੈ ਜਾਂਦੇ ਹਨ। ਇਹ ਸੁਣਕੇ ਸੁੰਦਰਤਾ ਦੀ ਅੰਦਰਲੀ ਪ੍ਰਤੀਤੀ ਵਿਚ ਰਹਿਣ ਵਾਲੇ ਭਾਈ ਜੀ ਨੇਕੀ ਦੇ ਅਹਿਸਾਸ ਵਿਚ ਆਏ। ਆਪਣੇ ਘੋੜੇ ਨੂੰ ਅੱਡੀ ਲਾਈ ਤੇ ਪਿੰਡ ਦੇ ਚੁਗਿਰਦੇ ਘੁੰਮੇ, ਇਕ ਥਾਵੇਂ ਅਟਕ ਗਏ। ਜਿੱਥੇ ਘੋੜਾ ਅਟਕਿਆ ਸੀ ਉਤਰ ਕੇ ਨਿਸ਼ਾਨ ਕਰ ਦਿੱਤਾ ਤੇ ਕਹਿਣ ਲਗੇ ਇਥੇ ਖੂਹ ਲਗਵਾ ਦਿਓ, ਅਤੁੱਟ ਜਲ ਨਿਕਲੇਗਾ, ਗਿਰਾਂ ਦੇ ਬੰਦੇ ਮਾਲ ਡੰਗਰ ਸੁਖੀ ਹੋ ਜਾਣਗੇ। ਹੁਕਮ ਹੋਣ ਦੀ ਡੇਰ ਸੀ, ਉਥੇ ਖੂਹ ਲਗ ਗਿਆ ਜੋ ਹੁਣ ਤਕ ਹੈ, ਸਾਹਿਬ ਰਾਮ ਕੌਰ ਦਾ ਖੂਹ ਸਦਾਉਂਦਾ ਹੈ, ਤੇ ਉਸ ਸਮੇਂ ਤੋਂ ਹੁਣ ਤਕ ਨੇਕੀ ਦਾ ਚਸ਼ਮਾਂ ਹੋਕੇ ਸੁਖ ਦੇ ਰਿਹਾ ਹੈ।

ਸਦਾ ਸਾਈਂ ਦੇ ਰੰਗ ਰੱਤੇ, ਸਦਾ ਲਿਵ ਵਾਲੇ, ਸਦਾ ਹੋਸ਼ਾਂ ਵਾਲੇ ਭਾਈ ਰਾਮਕੌਰ ਜੀ ਸਿੱਖੀ ਦੀ ਚੋਟੀ ਤੇ ਖੜੇ ਸਤਿਗੁਰਾਂ ਦੇ ਪਜਾਰੇ ਸਿੱਖ ਤੇ ਵਜ਼ੀਰ, ਇਨ੍ਹਾਂ ਰੰਗਾਂ ਵਿਚ ਟੁਰੇ ਰਹੇ। ਇਸਤ੍ਰੀ ਆਪ ਦੀ ਦੂਸਰੀ ਤੇ ਫਿਰ ਤੀਸਰੀ ਭੀ ਚੜ੍ਹ ਗਈ। ਚੌਥਾ ਵਿਆਹ ਭੀ ਆਪ ਨੇ ਕੀਤਾ ਪਰ ਸਾਰਾ ਪਰਵਿਰਤੀ ਦਾ ਅਸਰ ਆਪਦੇ ਸਦਾ ਰੰਗ ਰੱਤੇ ਮਨ ਤੇ ਨਹੀਂ ਪਿਆ। ਡੇਰੇ ਤੇ ਘਰ ਦੇ ਪ੍ਰਬੰਧ ਦਾ ਪ੍ਰਵਾਹ ਸੁਤੇ ਚਲਦਾ ਰਿਹਾ। ਪਹਿਲਾਂ ਚਾਚਾ ਤੇ ਫੇਰ ਪੁੱਤ੍ਰ ਪ੍ਰਬੰਧ ਕਰਦੇ ਰਹੇ, ਆਪ ਦੀ ਆਗਿਆ ਪਾਲਨ ਹੁੰਦੀ ਰਹੀ। ਜਦੋਂ ਆਪ ਆਪਣੇ ਰੰਦਾ ਵਿਚ ਬਹੁਤ ਰਹਿਣ ਲਗ ਪਏ ਤਾਂ ਘਰ ਘੱਟ ਰਹਿੰਦੇ ਸਨ, ਬਾਬੇ ਬੁੱਢੇ ਜੀ ਦੇ ਸਥਾਨ ਤੇ ਵਧੇਰੇ ਵਾਸ ਕਰਦੇ ਸਨ। ਆਪਦੀ ਸਪੁੱਤ੍ਰੀ ਬੀਬੀ ਸੁੱਖਾਂ ਦਾ ਵਿਆਹ ਹੋ ਗਿਆ। ਜਦੋਂ ਕਾਕੀ ਵਿਦਾ ਹੋਣ ਲੱਗੀ ਤਾਂ ਅਸੀਸ ਦਿੱਤੀ, 'ਬਚੀ ਵਾਹਿਗੁਰੂ ਤੇਰਾ ਨਾਮ ਨਾਲ ਵਿਛੋੜਾ ਨਾ ਪਾਵੇ, ਰੰਗ ਰਤੜੀ ਰਹੀਂ। ਬੀਬੀ ਨੂੰ ਅਸੀਸ ਨੇ ਸੁਖੀ ਕਰ ਦਿੱਤਾ, ਬੀਬੀ ਦਾ ਜੀਵਨ ਐਸਾ ਪਵਿੱਤ੍ਰ ਤੇ ਨਾਮ ਰਸੀਆ ਹੋਇਆ ਕਿ ਉਸਦੀ ਯਾਦਗਾਰ ਵਿਚ ਪਿੰਡ ਦੇ ਲੋਕਾਂ ਨੇ ਮੰਦਰ ਬਣਵਾਇਆ ਹੋਇਆ ਹੈ[1]।

ਇਸ ਤਰ੍ਹਾਂ ਦੂਸਰੀ ਬੀਬੀ ਧਰਮੋਂ ਦਾ ਵਿਆਹ ਹੋ ਗਿਆ। ਜਦੋਂ ਅਜੇ ਬੀਬੀ ਪੇਕੇ ਘਰ ਪਹਿਲੇ ਫੇਰੇ ਹੀ ਆਈ ਹੋਈ ਸੀ ਮਗਰੋਂ ਪਿੰਡ[2] ਤੇ ਤੁਰਕਾਂ ਦੀ ਵਾਹਰ ਆ ਪਈ, ਪਿੰਡ ਲੁਟ ਲਿਆ ਤੇ ਕਤਲ ਆਮ ਕਰ ਦਿੱਤੀ। ਕੁਝ ਬਚੇ ਸੇ, ਉਹ ਬੀ ਓਹ ਜੋ ਮੁਸਲਮਾਨ ਹੋ ਗਏ ਸੇ। ਬੀਬੀ ਮੁੜ ਉਸ ਪਿੰਡ ਨਹੀਂ ਗਈ, ਸਾਰੀ ਉਮਰ ਭਜਨ ਕਰਦੀ ਰਹੀ, ਤੇ ਪਿਤਾ ਜੀ ਜਦ ਤਕ ਜੀਵੇ ਬੀਬੀ ਨੂੰ ਸਤਿ-ਮਾਰਗ ਵਿਚ ਸਹਾਇਤਾ ਦੇਂਦੇ ਰਹੇ।

ਜਦੋਂ ਲੋਕੀ ਸ੍ਰੀ ਰਾਮ ਕੌਰ ਜੀ ਦੀ ਅੱਗੇ ਲਿਖੀ ਕਥਾ ਸੁਣਦੇ ਹਨ ਤਾਂ ਬੀ ਸਮਝਦੇ ਹਨ ਕਿ ਆਪ ਬੇਸੁਧ ਮਸਤਾਨੇ ਰਹਿੰਦੇ ਸਨ। ਕਥਾ ਇਹ ਹੈ:- ਕਿਸੇ ਰਾਹਕ ਨੇ ਆਕੇ ਪ੍ਰਸਾਦਿ ਛਕਾਇਆ, ਪ੍ਰਸਾਦਿ ਅਤਿ ਸ੍ਵਾਦੀਕ ਸੀ, ਆਪ ਕਹਿਣ ਲਗੇ ਤੇਰੇ ਘਰ ਕੀ ਸੀ ਜੋ ਐਸਾ ਸ੍ਵਾਦੀਕ ਪ੍ਰਸਾਦਿ ਛਕਾਇਆ ਹਈ? ਤਾਂ ਉਸਨੇ ਕਿਹਾ ਕਿ ਖਜਾਹ ਸੀ ਪਿਤਾ ਦਾ। ਆਪ ਮੁਸਕਰਾਏ ਤੇ ਕਹਿਣ ਲਗੇ: ਤੁਹਾਡੇ ਸਦਾ ਖਜਾਹ ਹੁੰਦੇ ਰਹਿਣ। ਉਹ ਘਬਰਾਇਆ। ਜਦੋਂ ਉਨ੍ਹਾਂ ਦੇ ਪਰਿਵਾਰ ਵਿਚ ਕੁਛ ਮੌਤਾਂ ਹੋ ਗਈਆਂ ਤਾਂ ਉਨ੍ਹਾਂ ਸਮਝਿਆ ਕਿ ਭਾਈ ਜੀ ਦਾ ਸ੍ਰਾਪ ਲੱਗ ਗਿਆ ਹੈ ਤਾਂ ਛੇਤੀ ਨਾਲ ਇਕ ਵਿਆਹ ਰਚ ਦਿਤਾ ਤੇ ਫੇਰ ਬੜੀ ਭਾਵਨਾਂ ਨਾਲ ਪ੍ਰਸ਼ਾਦ ਲੈਕੇ ਗਏ। ਭਾਈ ਰਾਮ ਕੌਰ ਜੀ ਫੇਰ ਛਕ ਕੇ ਪ੍ਰਸੰਨ ਹੋਏ ਤੇ ਕਹਿਣ ਲਗੇ ਅੱਜ ਤੁਹਾਡੇ ਕੀਹ ਸੀ ਕਿ ਐਸਾ ਸ੍ਵਾਦੀਕ ਭੋਜਨ ਬਣਿਆ? ਤਾਂ ਓਹ ਆਖਣ ਲਗੇ ਜੀ ਸ਼ਾਦੀ ਸੀ ਤਾਂ ਆਪ ਬੋਲੇ ਐਸੀ ਭਾਵਨਾਂ ਵਾਲਿਆਂ ਦੇ ਨਿਤ ਸ਼ਾਦੀਆਂ ਹੀ ਰਹਿਣ।

ਇਸ ਸਾਖੀ ਦੇ ਦੋ ਅਰਥ ਨਿਕਲਦੇ ਹਨ। ਇਕ

---

੧. ਇਸ ਪਿੰਡ ਦਾ ਨਾਮ ਢਾਲਾ ਨੁਸ਼ਹਿਰਾ ਦੱਸਦੇ ਹਨ।

੨. ਸਤਰਾਹ ਸੰਧੂਆਂ ਜ਼ਿਲਾ ਸਿਆਲਕੋਟ।

ਤਾਂ ਇਹ ਕਿ ਆਪ ਦੀ ਵਾਕ ਸੱਤਾ ਪ੍ਰਬਲ ਸੀ। ਦੂਸਰੇ ਇਹ ਕਿ ਆਪ ਦੀ ਮਸਤੀ ਮਸਤੀ ਨਹੀਂ ਸੀ, ਲਿਵ ਲੀਨਤਾ ਸੀ, ਜਿਸ ਵਿਚ ਨਾਮ ਦੀ ਲਿਵ ਤੇ ਹੋਸ਼ ਦੁਇ ਹੁੰਦੀਆਂ ਹਨ[1]। ਪ੍ਰਸ਼ਾਦ ਦਾ ਸ੍ਵਾਦੀਕ ਅਨੁਭਵ ਕਰ ਲੈਣਾ ਤੇ ਅਸੀਸ ਦੇਣ ਲਈ ਉਮਾਹ ਉਠਣਾ ਇਹ ਤਾਂ 'ਗਿਆਨੀ ਦੀ ਹੋਸ਼' ਹੈ। ਉਸ ਵੇਲੇ ਖਜਾਹ ਪਦ ਦੇ ਅਰਥ ਸੋਚਣ ਯਾ ਪੁੱਛਣ ਵਲ ਨਾ ਪੈਣਾ ਇਹ ਨਾਮ ਦੇ ਲਿਵ ਰੂਪ ਹੋਕੇ ਚਲ ਰਹੇ ਪ੍ਰਵਾਹ ਦਾ ਸੂਚਕ ਹੈ। ਸਾਖੀ ਅਗਲੀ ਗੱਲ ਨਹੀਂ ਦੱਸਦੀ ਕਿ ਇਸ ਸਮੇਂ ਭਾਈ ਜੀ ਨੇ ਉਨ੍ਹਾਂ ਨੂੰ ਸੱਚਾ ਉਪਦੇਸ਼ ਦੇਕੇ ਨਾਮ ਤੇ ਪ੍ਰੇਮ ਦੇ ਰਸਤੇ ਪਾਇਆ ਕਿ ਨਾ, ਜੋ ਉਨ੍ਹਾਂ ਦੀ ਕਲਜਾਣ ਹੋ ਜਾਵੇ। ਪਰ ਖਜਾਲ ਹੈ ਕਿ ਐਸਾ ਹੋਇਆ ਹੋਣਾ ਹੈ। ਇਸ ਤਰ੍ਹਾਂ ਭਾਈ ਰਾਮ ਕੌਰ ਜੀ ਦੇ ਜੀਵਨ ਨੂੰ ਤੇ ਉਨ੍ਹਾਂ ਦੀਆਂ ਆਪਣੀਆਂ ਉਨਾਂ ਨਾਲ ਵਰਤੀਆਂ ਸਤਿਗੁਰਾਂ ਦੀਆਂ ਰਮਜ਼ਾਂ ਨੂੰ ਸਮਝ ਸਕਣਾ ਖਰਾ ਕਠਨ ਹੋ ਜਾਂਦਾ ਹੈ ਤੇ ਗੁਰ ਸਿੱਖੀ ਦੇ ਕਟਾਖਜ ਲੋਕੀਂ ਇਉਂ ਵਰਣਨ ਕਰ ਲੈਂਦੇ ਹਨ ਕਿ ਜਿਵੇਂ ਕਿਸੇ ਸਾਧਾਰਨ ਤਮੋਗੁਣੀ ਮਸਤੀਆਂ ਵਾਲੇ ਨਿੰਦ੍ਰਾ ਬ੍ਰਿਤੀ ਵਾਲੇ ਬਾਵਲੇ ਦੀਆਂ ਕਰੀਦੀਆਂ ਹਨ। ਕਰਨੀ ਦੇ ਸੂਰੇ ਗਜਾਨ ਵਿਚ ਮਹਾਂ ਪੂਰੇ ਸਾਹਿਬ ਰਾਮ ਕੌਰ ਗੁਰੂ ਘਰ ਦਾ ਰਤਨ ਸੇ ਅਤੇ ਪੂਰਨ ਪਦ ਦੇ ਪੁਰਖ ਤੇ ਸਿੱਖੀ ਆਦਰਸ਼ਾਂ ਵਿਚ ਨਿਪੁਨ ਸੇ। ਇਹ ਗੱਲ ਜ਼ਰੂਰ ਜੀਵਨ ਵਾਕਜਾਤ ਤੋਂ ਭਾਸਦੀ ਹੈ ਕਿ ਆਪ ਦੀ ਤਬੀਅਤ ਦਾ ਰੁਖ਼ ਅੰਤਰ ਮੁਖ ਰਹਿਣ ਦਾ ਸੀ ਤੇ ਇਸ ਹੱਦ ਤਕ ਸੀ ਕਿ ਬਹੁਤੀ ਵੇਰ ਚਾਰੇ ਪੁੱਤ੍ਰਾਂ ਤੇ ਪਰਿਵਾਰ ਨੂੰ ਸੰਸਾਰ ਵਿਹਾਰ ਆਪੂੰ ਕਰਨੇ ਪੈਂਦੇ ਸੀ ਤੇ ਕਈ ਵੇਰ ਇਸ ਅਵਸਥਾ ਨੂੰ ਡੂੰਘੇਰੇ ਹੁੰਦਿਆਂ ਵੇਖਕੇ ਸ੍ਰੀ ਕਲਗੀਧਰ ਜੀ ਨੇ ਐਸੇ ਕੌਤਕ ਵਰਤਾਏ ਸਨ ਕਿ ਸ੍ਰੀ ਰਾਮ ਕੌਰ ਜੀ ਹੋਸ਼ਾਂ ਵਾਲੀ ਮਗਨਤਾ ਵਿੱਚ ਰਹਿਣ[2]। ਭਾਈ ਸਾਹਿਬ ਜੀ ਆਪਣੇ ਘਰ ਆਪਣੇ ਰੰਗ ਵਿਚਰਦੇ ਸਨ, ਜੋ ਉਹ ਮਸਤੀ ਹੁੰਦੀ ਜੋ ਬੇਹੋਸ਼ੀ ਦੇ ਰੁਖ਼ ਦੀ ਹੁੰਦੀ ਹੈ ਤਾਂ ਘਰੇ ਮਸਤਾਨੇ ਹੋਕੇ ਪਏ ਰਹਿੰਦੇ ਤੇ ਜੇ ਖੁਸ਼ਕ ਗਜਾਨ ਵਿਚ ਆਰੂੜ ਬੈਠੇ ਰਹਿਣ ਵਾਲੇ ਸਨ ਤਾਂ ਬੀ ਗੁਰੂ ਕੇ ਦੁਆਰੇ ਜਾਣ ਦੀ ਲੋੜ ਨਾ ਪ੍ਰਤੀਤ ਕਰਦੇ, ਪਰ ਆਪ ਮਾਲ ਵਿਚ ਕਈ ਵਾਰ ਤੜਫ ਤੜਫ ਉਠਦੇ ਤੇ ਚੁੰਬਕ ਵਲ ਧ੍ਰਿਕੀਂਦੀ ਤਾਰ ਵਾਂਙੂ ਆਪਣੇ ਆਤਮਾ ਦੇ ਆਧਾਰ ਦੇ ਜੀਉਂਦੇ ਮਿਕਨਾਤੀਸ ਵਲ ਖਿੱਚੇ ਜਾਂਦੇ ਤੇ ਚਰਨਾਂ ਕਵਲਾਂ ਵਿਚ ਜਾਕੇ ਸੁਖੀ ਤੇ ਖੁਸ਼ ਹੁੰਦੇ ਤੇ ਮਹੀਨਿਆਂ ਬੱਧੀ ਦਰਸ਼ਨਾਂਮ੍ਰਿਤ ਨੈਣ ਕਟੋਰਿਆਂ ਨਾਲ ਭਰ ਭਰ ਪੀਂਦੇ ਰਹਿੰਦੇ। ਏਹ ਗੱਲਾਂ ਪੂਰਨ ਪ੍ਰੇਮਾ ਭਗਤੀ ਤੇ ਸ਼ੁੱਧ ਅਨੁਭਵੀ ਅਵਸਥਾ ਦੀਆਂ ਸੂਚਕ ਹਨ।

੫.

{ਸ੍ਰੀ ਬਾਬਾ ਗੁਰਬਖ਼ਸ਼ ਸਿੰਘ ਜੀ}

ਹੁਣ ਸਮਾਂ ਆਇਆ ਕਿ ਜਗਤ ਰੱਖਜਕ ਗੁਰੂ ਜੀ ਨੇ ਹੋਰ ਕੌਤਕ ਅਨੰਦਪੁਰ ਵਿਚ ਵਰਤਾਇਆ, ਆਪਣੇ ਆਦਰਸ਼ ਨੂੰ ਸਦਾ ਜੀਉਂਦਾ ਰੱਖਣ ਲਈ ਤੇ ਆਪਣੇ ਖਾਲਸਾ ਸਰੂਪ ਨੂੰ ਸਦਾ ਲਈ ਦਿੱਸਦੇ ਜਗਤ ਵਿਚ ਕ੍ਰਿਯਮਾਨ ਰੱਖਣ ਤੇ ਜਗਤ ਨਿਸਤਾਰਣ ਲਈ।

ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਅਨੰਦ ਪੁਰ ਰੰਗ ਲਗਾ ਰਹੇ ਇਨ। ਜੋਤਾਂ ਜਗ ਰਹੀਆਂ ਹਨ। ਜਗਤ ਦਾ ਭਾਰ ਹਰਨ ਲਈ, ਪਰਜਾ ਨੂੰ ਸੁਖੀ ਕਰਨ ਲਈ, ਸੰਤਾਂ ਨੂੰ ਸੁਖ ਦੇਣ ਲਈ ਹੁਣ ਆਪ ਨੇ ਖਾਲਸਾ ਸਾਜਿਆ ਹੈ। 'ਖਾਲਸਾ ਸਦਾ ਜਾਰੀ ਰਹੇ' ਇਸ ਪ੍ਰਯੋਜਨ ਲਈ ਆਪ ਨੇ ਇਕ ਅਮਰ ਪੁੱਤ੍ਰ ਪੈਦਾ ਕੀਤਾ ਹੈ ਜੋ ਉਨ੍ਹਾਂ ਦੇ ਆਦਰਸ਼ ਨੂੰ ਧਾਰਨ ਕਰ ਬੈਠਾ ਹੈ। ਇਸ ਦੀ ਦੀਖਜਾ ਲਈ, ਇਸ ਵਿਚ ਰੂਹਾਨੀ ਮਾਨਸਿਕ ਤੇ ਸ੍ਰੀਰਕ ਬਲ ਭਰਨ ਲਈ, ਅੰਮ੍ਰਿਤ ਦੀ ਮਿਰਯਾਦਾ ਟੋਰੀ ਹੈ। ਨਾਮ ਦੇਕੇ ਇਕ ਇਕ ਨੂੰ ਜ਼ੀਵਾਲ ਕੇ ਜੋ ਕੌਮ ਬਣਾਈ ਹੈ ਉਸ ਨੂੰ ਜਥੇਬੰਦ ਕਰਕੇ ਸਮੂਹ ਦਾ ਇਕ ਵਜੂਦ ਬੰਨ੍ਹ ਦਿੱਤਾ ਹੈ। ਉਸ ਸਮੂਹ ਨੂੰ ਭੀ ਖਾਲਸਾ ਆਖਿਆ। ਇਕ ਇਕ ਦੂਲਾ ਸਿੱਖ ਜੋ ਅੰਮ੍ਰਿਤ ਨਾਲ ਜੀ ਉਠਿਆ ਹੈ ਖਾਲਸਾ ਹੈ। ਇਨ੍ਹਾਂ ਜੀਵਿਆਂ ਦੀ ਜਥੇਬੰਦੀ ਬੀ ਖਾਲਸ ਹੈ। ਗੁਰੂ ਆਪ ਭੀ ਖਾਲਸਾ ਹੈ, ਖਾਲਸੇ ਦਾ ਗੁਰੂ ਭੀ ਹੈ,

---

੧. ਮਸਤ ਅਲਮਸਤ ਸਦਾ ਹੁਸ਼ਿਆਰੀ॥
{ਭਾਈ ਗੁਰਦਾਸ}

੨. ਏ ਮਨ ਮੇਰੇ ਸਦਾ ਰੰਗਿ ਰਾਤੇ ਸਦਾ ਹਰਿ ਕੇ ਗੁਣ ਗਾਉ॥ {ਵਡਹੰਸ ਮ: ੩ ਅਸ੍ਟ-੨}

ਖਾਲਸੇ ਦਾ ਪਿਤਾ ਭੀ ਹੈ ਤੇ ਆਪ ਬੀ ਖਾਲਸਾ ਹੈ। ਖਾਲਸੇ ਨੂੰ ਗੁਰੂ ਹੋਕੇ ਅੰਮ੍ਰਿਤ ਛਕਾਇਆ। ਖਾਲਸੇ ਨੂੰ ਆਪ ਨੇ ਪਿਤਾ ਹੋਕੇ ਜਥੇਬੰਦ ਕੀਤਾ, ਲੋਕਾਂ ਦੀ ਜਥੇਬੰਦੀ ਵਾਂਙੂ ਨਹੀਂ, ਪਰ ਪੁੱਤ੍ਰ ਬਣਾਕੇ, ਪਰਿਵਾਰ ਦਾ ਮਾਣ ਬਖਸ਼ਕੇ। ਫਿਰ ਖਾਲਸੇ ਨੂੰ ਆਖਿਆ ਇਹ ਹੈ 'ਗੁਰੂ ਖਾਲਸਾ'। ਗੁਰੂ ਖਾਲਸਾ ਜ਼ੁਬਾਨੀ ਹੀ ਨਹੀਂ ਕਿਹਾ ਕਰਕੇ ਦਿਖਾਇਆ: ਆਪ ਗੁਰੂ ਹੁੰਦਿਆਂ ਹੋਇਆਂ ਬੀ ਖਾਲਸੇ ਦੇ ਅੱਗੇ ਖੜੋ ਗਏ। 'ਖਾਲਸਾ ਜੀ! ਅੰਮ੍ਰਿਤ ਛਕਾਓ'। ਖਾਲਸੇ ਤੋਂ ਆਪ ਨੇ ਅੰਮ੍ਰਿਤ ਛਕਿਆ। ਫੇਰ ਖਾਲਸਾ ਪੁਤ੍ਰ ਤੇ ਗੁਰੂ ਪਿਤਾ। ਹਾਂ,

'ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ'।

{ਸਿਰੀ:ਮ:੪:ਛੰਤ-੧}

ਜਦੋਂ ਆਪ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਸੀ ਤਾਂ ਆਖਿਆ ਸੀ, 'ਚਾਰ ਮੇਰੇ ਜਾਏ ਜੇ ਤੂੰ ਮਾਰ ਲਏ ਤਾਂ ਕੀ ਹੋਇਆ ਅਜੇ ਮੇਰਾ ਅਮਰ ਭੁਜੰਗੀ ਜੀਉਂਦਾ ਹੈ, ਜਿਸਦੇ ਜੱਫੇ ਤੋਂ ਤੂੰ ਨਹੀਂ ਛੁੱਟ ਸਕਦਾ[1]। ਤੂੰ ਚੰਗਿਆੜੇ ਬੁਝਾ ਲਏ ਤਾਂ ਕੀ ਹੋਇਆ, ਉਹ ਅੱਗ ਜੋ ਭਾਂਬੜ ਕਰਕੇ ਬਲੀ[2] ਹੈ, ਉਸਨੂੰ ਬੁਝਾਏਂਗਾ ਤਾਂ ਜਾਣੇਂਗਾ।' ਏਹ ਸਾਰੀਆਂ ਗੱਲਾਂ ਆਪਣੇ ਅਮਰ ਕਰਕੇ ਸਾਜੇ ਜਾਨਸ਼ੀਨ ਖਾਲਸੇ ਨੂੰ ਆਖ ਰਹੇ ਸਨ। ਹਾਂ ਖਾਲਸਾ ਜੀ! ਸਤਿਗੁਰੂ ਦੇ ਆਦਰਸ਼ ਨੂੰ ਉਹਲੇ ਨਾ ਕਰੋ, ਆਦਰਸ਼ ਸਾਹਮਣੇ ਰੱਖੋ, ਤੁਸੀਂ ਸਿੱਖ ਹੋ, ਤੁਸੀਂ ਪੁੱਤ੍ਰ ਹੋ, ਤੁਸੀਂ ਪਰਿਵਾਰ ਹੋ, ਤੁਸੀਂ ਗੁਰੂ ਖਾਲਸਾ ਹੋ। ਤੁਸੀਂ ਇਕ ਇਕ ਨੇ ਕੇਵਲ ਫਰਦੀ ਯਾ ਜ਼ਾਤੀ ਤ੍ਰੱਕੀ ਹੀ ਨਹੀਂ ਕਰਨੀ, ਤੁਸੀਂ ਖਾਲਸਾ ਜਥੇਬੰਦੀ ਦੀ ਸਮਾਸ਼ਟੀ ਤ੍ਰੱਕੀ ਬੀ ਕਰਨੀ ਹੈ। ਬੰਦਾ ਇਕੱਲਾ ਆਤਮ ਤੱਕੀ ਚੰਗੀ ਕਰ ਸਕਦਾ ਹੈ, ਕਿੰਤੂ ਗੁਰੂ ਬਾਬਾ ਸਿਖਾਲਦਾ ਹੈ ਕਿ ਆਪ ਉੱਨਤ ਹੋਵੋ ਅਤੇ ਅੰਤ੍ਰੀਵ ਉੱਨਤੀ ਦਾ ਬਾਹਰ ਭੀ ਪ੍ਰਭਾਵ ਪਾਵੋ; ਤੇ ਭਲਾ ਕਰੋ। ਭਾਈ-ਚਾਰਾ ਇਨਸਾਨ ਦੂਰ ਨਹੀਂ ਕਰ ਸਕਦਾ। ਆਪਣਾ ਰੰਗ ਭਾਈਚਾਰੇ ਵਿਚ ਭੀ ਦਿਓ ਜੋ ਤੁਹਾਡਾ ਚੁਗਿਰਦਾ ਉੱਨਤ ਹੋਵੇ। ਖਾਲਸਾ ਪੰਥ ਗੁਰੂ ਹੋਕੇ-ਪੰਥ ਖਾਲਸਾ ਜਥੇਬੰਦ ਹੋਕੇ-ਜਗਤ ਵਿਚ ਸੁਖ ਵਰਤਾਓ। ਆਪੋ ਵਿਚ ਸਕੇ ਵੀਰਾਂ ਵਾਂਗ ਰਹੋ, ਖਾਲਸੇ ਤੋਂ ਆਪਾ ਵਾਰੋ, ਨਾਮ ਵਿਚ, ਬਾਣੀ ਵਿਚ, ਆਚਰਨ ਵਿਚ, ਨੇਕੀ ਵਿਚ, ਉੱਚੇ ਸੁਚੇ ਹੋਕੇ ਸਤਿ ਨੂੰ ਪ੍ਰਾਪਤ ਕਰੋ। ਨਿਰਭੈ ਪਦ ਵਿਚ ਖੇਡੋ, ਸ਼ਕਤੀਵਾਨ ਹੋਵੋ, ਚਾਨਣੇ ਵਾਲੇ ਹੋਵੋ ਤੇ ਚਾਨਣਾ ਦਿਓ। ਨਿਰਭੈ ਵਿਚਰੋ ਪਰ ਭੈ ਨਾ ਦਿਓ। ਸ਼ਕਤੀਵਾਨ ਹੋਵੋ ਪਰ ਜਰਵਾਣੇ ਨਾ ਬਣੋ। ਅੰਦਰੋਂ ਬਾਹਰੋਂ ਅਸਲੀਅਤ ਤੇ ਸਚਾਈ ਉਤੇ ਪਹਿਰਾ ਦਿਓ।

ਇਉਂ ਜਦ ਖਾਲਸਾ ਮੂਰਤੀਮਾਨ ਹੋਇਆ ਸੀ। ਤਦੋਂ ਸ੍ਰੀ ਭਾਈ ਰਾਮ ਕੌਰ ਜੀ ਝੰਡੇ ਰਾਮਦਾਸਕੇ ਸਨ। ਜਦੋਂ ਭਾਈ ਜੀ ਅਨੰਦ ਪੁਰ ਆਏ ਤਾਂ ਉਨ੍ਹਾਂ ਨੇ ਡਿੱਠਾ ਕਿ ਮੇਰੇ ਪ੍ਰੀਤਮ ਜੀ ਨੇ ਨਵਾਂ ਰੰਗ ਵਰਤਾਇਆ ਹੈ! ਆਖਦੇ ਹਨ ਕਿ ਕਿਸੇ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਆਪ ਦੇ ਘਰ ਦੇ ਜੋ ਸਾਜੇ ਨਿਵਾਜੇ ਵਜ਼ੀਰੀ ਦੀ ਪਦਵੀ ਰਖਦੇ ਹਨ ਬਾਬੇ ਬੁਢੇ ਕੇ, ਉਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਤਾਂ ਗੁਰੂ ਜੀ ਮੁਸਕ੍ਰਾਏ ਤੇ ਫੁਰਮਾਣ ਲਗੇ ਕਿ ਰਾਮ ਕੌਰ ਗੁਰੂ ਕਾ ਹੈ ਆਪੇ ਅੰਮ੍ਰਿਤ ਛਕੇਗਾ*।

ਜਦੋਂ ਰਾਮ ਕੌਰ ਜੀ ਨੇ ਅਨੰਦ ਪੁਰ ਪ੍ਰੀਤਮ ਜੀ ਦੇ ਦਰਸ਼ਨ ਕੀਤੇ, ਨਵਾਂ ਠਾਟ, ਨਵਾਂ ਰੰਗ, ਨਵਾਂ

---

੧. ਫਾਰਸੀ ਮੁਹਾਵਰੇ ਵਿਚ 'ਮਾਰ ਪੇਚੀਦਹ' ਜ਼ੰਜੀਰ ਨੂੰ ਕਹਿੰਦੇ ਹਨ।

੨. ਆਤਸ਼ਦਮਾਂ=ਭੜਕ ਰਹੀ ਅੱਗ।

*ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਦੀ ਵਾਰਤਾ ਤਾਂ ਲਿਖੀ ਹੈ ਪਰ ਅੰਮ੍ਰਿਤ ਛਕਣ ਦਾ ਪ੍ਰਸੰਗ ਨਹੀਂ ਦਿਤਾ। ਉਵ ਭਾਈ ਸੰਤੋਖ ਸਿੰਘ ਜੀ ਨੇ ਆਪ ਦਾ ਨਾਮ, ਜੋ ਅੰਮ੍ਰਿਤ ਛਕਣ ਪਰ ਰਖਿਆ ਗਿਆ ਸੀ ਗੁਰਬਖਸ਼ ਸਿੰਘ-ਕਈ ਥਾਈਂ ਲਿਖਿਆ ਹੈ। ਗੁਰਬਿਲਾਸ ਪਾ: ੧੦ ਵਿਚ ਲਿਖਿਆ ਹੈ ਕਿ 'ਰਾਮ ਕੁਇਰ ਤੇ ਕ੍ਰਿਪਾਨਿਧਿ ਗੁਰਬਖਸ਼ ਸਿੰਘ ਕਰ ਦੀਨ'। ਜੀਵਨ ਬਾਬਾ ਬੁਢਾ ਵਿਚ ਸ੍ਰੀ ਰਾਮ ਕੁਇਰ ਜੀ ਦਾ ਆਪ ਯਾਚਨਾ ਕਰਕੇ ਅੰਮ੍ਰਿਤ ਛਕਣਾ ਲਿਖਿਆ ਹੈ, ਤੇ ਇਹ ਭੀ ਲਿਖਿਆ ਹੈ ਕਿ ਅੰਮ੍ਰਿਤ ਆਪ ਸਤਿਗੁਰਾਂ ਨੇ ਨਿਜ ਕਰ-ਕਮਲਾਂ ਨਾਲ ਛਕਾਇਆ ਸੀ। ਆਪ ਦੇ ਸਿੰਘ ਨਾਮ-ਗੁਰ-ਬਖਸ਼ ਸਿੰਘ-ਤੇ ਆਪਦਾ ਵਸਾਇਆ ਪਿੰਡ ਹੁਣ ਤਕ ਹੈ। ਆਪ ਦਾ ਸਿੰਘ ਨਾਮ ਸੌ ਸਾਖੀ ਵਿਚ ਬੀ ਕਈਂ ਥਾਈਂ ਆਇਆ ਹੈ।

ਖਾਣਾ ਡਿਠਾ ਤਾਂ ਮੋਹਿਤ ਰਿਦਾ ਹੋਰ ਮੋਹਿਤ ਹੋ ਗਿਆ। ਸਾਰਾ ਵਰਤਾਰਾ ਦੇਖਕੇ ਆਪਦੇ ਮਨ ਚਾਉ ਉਪਜਿਆ ਤੇ ਅੰਮ੍ਰਿਤ ਯਾਚਨਾ ਕੀਤੀ। ਸਤਿਗੁਰੂ ਜੀ ਨੇ ਆਪ ਪਿਆਰੇ ਨਾਲ ਲੈਕੇ ਅੰਮ੍ਰਤ ਵੇਲੇ ਅੰਮ੍ਰਤ ਛਕਾ ਕੇ ਸ੍ਰੀ ਰਾਮ ਕੌਰ ਜੀ ਨੂੰ ਬਾਬਾ ਗੁਰਬਖਸ਼ ਸਿੰਘ ਨਾਮ ਬਖਸ਼ਕੇ ਸਿੰਘ ਸਜਾ ਲਿਆ। ਹੁਣ ਬ੍ਰਹਮ ਗਿਆਨੀ ਤਤਵੇਤਾ ਪਰਮ ਤਤ ਨੂੰ ਪ੍ਰਾਪਤ ਮਹਾਂ ਪੁਰਖ ਜੀ ਖਾਲਸਾ ਹੋ ਗਏ ਹਨ। ਆਪ ਘੋੜੇ ਦੀ ਸਵਾਰੀ ਸ਼ਸਤ੍ਰ ਵਿਦਯਾ ਦੇ ਪਹਿਲੋਂ ਹੀ ਚੰਗੇ ਜਾਣੂ ਸਨ, ਸ਼ਸਤ੍ਰ ਸਜਾਉਂਦੇ ਸਨ, ਗੁਰੂ ਜੀ ਨਾਲ ਕਈ ਵੇਰ ਸ਼ਿਕਾਰ ਬੀ ਜਾਂਦੇ ਸਨ। ਕੁਝ ਸਮਾਂ ਇਸ ਤਰ੍ਹਾਂ ਸਚੇ ਪਾਤਸ਼ਾਹ ਦੇ ਦਰਸ਼ਨਾਨੰਦ ਵਿਚ ਬੀਤਿਆ। ਇਹ ਭੀ ਲਿਖਿਆ ਮਿਲਦਾ ਹੈ ਕਿ ਇਕ ਦਿਨ ਗੁਰੂ ਜੀ ਨੇ ਸ੍ਰੀ ਗੁਰਬਖਸ਼ ਸਿੰਘ ਜੀ ਨੂੰ ਆਖਿਆ:- ਬੁਢਿਆ! ਤੇਰੀ ਉਮਰ ਵਡੀ ਹੋਵੇਗੀ ਤੂੰ ਚਿਰਕਾਲ ਜੀਵੇਂਗਾ। ਸਾਡਾ ਘਰ ਉਰਾਰ ਤੇਰਾ ਪਾਰ, ਤੇਰਾ ਘਰ ਉਰਾਰ ਸਾਡਾ ਪਾਰ, ਜਿਵੇਂ ਕ੍ਰਿਸ਼ਨ ਉਧੋ ਨੂੰ ਛਡ ਗਏ ਸਨ। ਇਸਦਾ ਅਰਥ ਇਹ ਹੈ ਕਿ ਜਦੋਂ ਤੂੰ ਪਰਲੋਕ ਸੈਂ ਅਸੀਂ ਇਥੇ ਆ ਗਏ ਸਾਂ, ਹੁਣ ਤੂੰ ਇਥੇ ਰਹੇਂਗਾ ਅਸੀਂ ਪਰਲੋਕ ਚਲੇ ਜਾਵਾਂਗੇ। ਮਤਲਬ ਇਹ ਕਿ ਤੂੰ ਸਾਡੇ ਮਗਰੋਂ ਬਹੁਤ ਜੀਵੇਂਗਾ।

ਇਕ ਦਿਨ ਆਗਜਾ ਹੋਈ ਕਿ ਆਪਣੇ ਪਿੰਡ ਜਾਓ ਤੇ ਗੁਰਸਿਖੀ ਦਾ ਪ੍ਰਚਾਰ ਕਰੋ। ਇਹ ਆਗਿਆ ਪਾਕੇ ਆਪ ਆਪਣੀ ਰਾਜਧਾਨੀ ਆ ਗਏ।

ਆਪ ਦੇ ਘਰ ਆਉਣ ਤੇ ਆਪ ਦੀ ਕੁਲ ਵਿਚ ਅੰਮ੍ਰਿਤ ਪ੍ਰਚਾਰ ਹੋਇਆ। ਸਭ ਤੋਂ ਪਹਿਲਾਂ ਆਪ ਦੇ ਸਪੁਤ੍ਰ ਮੁਹਰੀ ਜੀ ਨੇ ਅੰਮ੍ਰਿਤ ਛਕਿਆ ਤੇ ਸਿੰਘ ਸਜਕੇ ਮੋਹਰ ਸਿੰਘ ਹੋ ਗਏ। ਇਹ ਅਜੇ ਬੱਚੇ ਹੀ ਸਨ, ਛੇ ਸਤ ਸਾਲ ਦੀ ਆਰਬਲਾ ਹੋਸੀ, ਪਰ ਭਾਈ ਜੀ ਨੇ ਅੰਮ੍ਰਿਤ ਛਕਾ ਦਿਤਾ। ਇਸਤੋਂ ਉਪ੍ਰੰਤ ਆਪ ਦੇ ਪਰਿਵਾਰ ਨੇ ਇਹੋ ਧਾਰਨਾ ਧਾਰਨੀ ਅਰੰਭ ਕੀਤੀ। ਫਿਰ ਆਪਣੀ ਸੇਵਕੀ ਦੇ ਮੰਡਲ ਵਿਚ ਆਪ ਨੇ ਇਹੋ ਪ੍ਰਚਾਰ ਟੋਰ ਦਿਤਾ। ਫਿਰ ਭਾਈ ਜੀ ਨੇ ਝੰਡੇ ਤੋਂ ਕੋਹ ਕੁ ਭਰ ਵਿਥ ਤੇ ਇਕ ਪਿੰਡ ਵਸਾਇਆ। ਇਸ ਦਾ ਨਾਉਂ ਆਪਦੇ ਨਾਮ ਤੇ 'ਕੋਟ ਗੁਰਬਖਸ਼ ਸਿੰਘ' ਰਖਿਆ। ਇਹ ਪਿੰਡ ਆਪ ਦੇ ਪੁੱਤ੍ਰ ਮੋਹਰ ਸਿੰਘ ਲਈ ਖਾਸ ਨੀਯਤ ਕੀਤਾ ਗਿਆ ਤੇ ਜ਼ਿਮੀਂ ਰਮਦਾਸ ਦੀ ਜ਼ਿਮੀਂ ਵਿਚੋਂ ਇਸ ਦੇ ਨਾਂ ਲਾਈ ਗਈ। ਇਸ ਤਰ੍ਹਾਂ ਭਾਈ ਸਾਹਿਬ ਜੀ ਨੇ ਆਪਣੇ ਨਿਜ ਪਿਆਰੇ ਸੇਵਕ ਰਾਮੇ ਲਈ ਇਕ ਪਿੰਡ ਬੰਨ੍ਹਿਆਂ ਜਿਸਦਾ ਨਾਮ 'ਰਾਮ ਦੀ ਤਲਵੰਡੀ' ਰਖਯਾ, ਭੋਂ ਨਾਲ ਲਾ ਦਿੱਤੀ ਤੇ ਇਹ ਰਾਮੇ ਦੀ ਉਪਜੀਵਕਾ ਲਈ ਓਸਨੂੰ ਬਖਸ਼ ਦਿੱਤਾ। ਇਸ ਤਰ੍ਹਾਂ ਦੇ ਵਿਵਹਾਰ ਕਰਦੇ ਅੰਮ੍ਰਿਤ ਦਾ ਪ੍ਰਚਾਰ ਵਧਾਉਂਦੇ ਭਾਈ ਸਾਹਿਬ ਜੀ ਹੁਣ ਸਿੰਘਾਂ ਦੀ ਸੰਗਤ ਨਾਲ ਲੈਕੇ ਸਾਹਿਬਾਂ ਦੇ ਦਰਸ਼ਨਾਂ ਨੂੰ ਅਨੰਦਪੁਰ ਨੂੰ ਗਏ ਤੇ ਆਪਣੇ ਅਰਸ਼ੀ ਦਾਤਾ ਜੀ ਦੀਆਂ ਖੁਸ਼ੀਆਂ ਲਈਆਂ।

੬.

ਅਨੰਦ ਪੁਰ ਕੁਛ ਦਿਨ ਰਹਿਕੇ ਸਾਹਿਬ ਜੀ ਦੀ ਆਗਜਾ ਬਾਬਾ ਜੀ ਨੂੰ ਅੰਮ੍ਰਿਤਸਰ ਜਾਣੇ ਦੀ ਹੋਈ। ਬਾਬਾ ਗੁਰਬਖਸ਼ ਸਿੰਘ ਜੀ ਸ੍ਰੀ ਅੰਮ੍ਰਿਤਸਰ ਪਹੁੰਚੇ। ਇੱਥੇ ਗੁਰਸਿੱਖੀ ਤੇ ਮਾਝੇ ਵਿਚ ਅੰਮ੍ਰਿਤ ਦੀ ਰਹੁਰੀਤ ਟੋਰੀ ਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਕੁਝ ਸੇਵਾ ਕੀਤੀ। ਲਿਖਯਾ ਤਾਂ ਅਜੇ ਤਕ ਨਹੀਂ ਮਿਲਯਾ ਪਰ ਜਾਪਦਾ ਹੈ ਕਿ ਅਕਾਲ ਬੁੰਗੇ ਵਿਚ ਅੰਮ੍ਰਿਤ ਛਕਾਉਣ ਦੀ ਮਿਰਯਾਦਾ ਇਨ੍ਹਾਂ ਦਿਨਾਂ ਵਿਚ ਹੀ ਟੁਰੀ ਸੀ। ਮਾਝੇ ਵਿਚ ਹੁਣ ਅੰਮ੍ਰਿਤ ਦਾ ਪ੍ਰਚਾਰ ਬੜੇ ਜ਼ੋਰਾਂ ਨਾਲ ਹੋ ਰਿਆ ਤੇ ਅਨੇਕਾਂ ਸਿੱਖ ਸਿੰਘ ਸਜਕੇ ਅਨੰਦ ਪੁਰ ਸਾਹਿਬ ਪਹੁੰਚਣ ਲਗ ਪਏ। ਇਸ ਇਲਾਕੇ ਦਾ ਮਸੰਦ ਦੁਨੀ ਚੰਦ ਸੀ, ਇਸ ਨੇ ਆਪਣੇ ਪੁਤ੍ਰ ਸਿੰਘ ਸਜਾ ਦਿੱਤੇ।

ਬਾਬਾ ਜੀ ਅਜੇ ਸ੍ਰੀ ਅੰਮ੍ਰਿਤਸਰ ਹੀ ਸਨ ਕਿ ਇਕ ਕੌਤਕ ਹੋਰ ਵਰਤਿਆ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਸ੍ਰੀ ਪਰਮ ਪਵਿੱਤ੍ਰ ਗੁਜਰੀ ਜੀ ਇਕ ਦਿਨ ਅੰਮ੍ਰਿਤ ਵੇਲੇ ਆਪਣੇ ਨਾਮ ਅਰਾਧਨ ਮਗਰੋਂ ਪਾਠ ਕਰਨ ਲੱਗੇ। ਜਪੁਜੀ ਦਾ ਭੋਗ ਪਾਕੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਪਾਠ ਕਰਦਿਆਂ ਇਸ ਤੁਕ ਦੀ ਵਿਚਾਰ ਜੀ ਵਿਚ ਸਮਾ ਗਈ ਕਿ ਐਸਾ ਸੰਤ ਜਿਸ ਵਿਚ "ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥" ਵਾਲਾ ਗੁਣ ਹੋਵੇ, ਗੁਰੂ ਜੀ ਦੀ ਪਰਖ ਦਾ ਦੇਖਿਆ ਚਾਹੀਏ! ਗੁਰੂ ਵਿਚ ਤਾਂ ਇਹ ਸਾਰੀਆਂ ਵਡਿਆਈਆਂ ਸੁਤੇ ਹੀ ਹਨ, ਪਰ ਜੀਵ

ਸ਼੍ਰੇਣੀ ਵਿਚੋਂ ਇਸ ਪਦ ਪਰ ਪਹੁੰਚਾ ਕੋਈ ਸੰਤ ਦੇਖਣਾ ਉਚਿਤ ਹੈ। ਤਦੇ ਅਪਣੇ ਸਪੁੱਤ੍ਰ ਜਗਤ ਦੇ ਨਾਥ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਣ ਲਗੇ:-

ਹੇ ਸੁਤ ਸਭ ਥਲ ਗਜਾਤਾਵਾਨ! ਹਾਥ ਬੱਦ੍ਰਿ ਸਮ ਬਿਦਤ ਜਹਾਨ। ਊਚ ਰੁ ਨੀਚ ਰੰਕ ਕੈ ਰਾਜਾ। ਸਾਧ ਅਸਾਧ ਲਖਹੁ ਸਭਿ ਪਾਜਾ। ਇਨ ਤੁਕਹਨ ਮਹਿੰ ਜੋ ਭਿੱਪ੍ਰਾਯ। ਹਰਖ ਸ਼ੋਕ ਰਹਿਤੋ ਇਕ ਭਾਇ। ਇਸ ਪ੍ਰਕਾਰ ਕੋ ਸੰਤ ਬਿਸਾਲਾ। ਮੋਕਉ ਦਿਖਰਾਵਹੁ ਕਿਸ ਕਾਲਾ। ਦੁੰਦਨ ਮਹਿੰ ਜਿਸ ਬ੍ਰਿਤੀ ਸਮਾਨ। ਮਾਨ ਅਮਾਨ ਅਸੁਖ ਸੁਖ ਜਾਨ। ਹਰਖ ਸ਼ੋਕ ਨਹਿੰ ਕਬਿ ਉਪਜੰਤਾ, ਸਦਾ ਏਕ ਰਸ ਕੋ ਨਿਬਹੰਤਾ। ਜਿਸ ਕੀ ਐਸ ਅਵਸਥਾ ਹੋਇ। ਬਡੇ ਸਾਹਿਬਨ ਬਰਨੀ ਜੋਇ। ਉੱਜਲ ਅਰ ਵਡਭਾਗਾ ਮਾਤਾ। ਕਹਜੋ ਦਿਖਾਵਹੁ ਤਿਹ ਸਖਜਾਤਾ। {ਸੂ: ਪ੍ਰ:}

ਸ੍ਰੀ ਸਤਿਗੁਰ ਜੀ ਜਾਣਦੇ ਸਨ ਕਿ ਮੇਰੇ ਸਿਖਾਂ ਦੇ ਸਿੱਧੇ ਸਾਦੇ ਸਰੂਪ ਵਿਚ ਹਰ ਭਾਂਤਿ ਦੇ ਸੰਤ-ਪਦ ਦੇ ਰਤਨ ਹਨ। ਰਾਹ ਦੇ ਪੰਧਾਊ ਵਾਂਙੂ ਕੋਈ ਅੱਜ ਟੁਰਿਆ ਹੈ, ਕੋਈ ਦਸ ਬਰਸ ਤੋਂ, ਕੋਈ ਵੀਹ ਪੰਝੀ ਤ੍ਰੀਹ ਤੋਂ, ਇਸ ਤਰ੍ਹਾਂ ਕਈ ਪਿਛਲੇ ਜਨਮ ਤੋਂ ਘਾਲਾਂ ਘਾਲਦੇ ਆ ਰਹੇ ਹਨ। ਕਈ ਧਰਮ ਪਦ ਦੇ ਨੇੜੇ ਹਨ। ਕਈ ਜ਼ਰਾ ਉਰੇ ਹਨ, ਕਈ ਉਨ੍ਹਾਂ ਤੋਂ ਉਰੇ; ਇਸ ਤਰ੍ਹਾਂ ਆਤਮਕ ਤ੍ਰੱਕੀ ਦੀਆਂ ਮੰਜ਼ਲਾਂ ਭਰਪੂਰ ਹਨ, ਪਰ ਮਾਤਾ ਜੀ ਨੂੰ ਚੋਟੀ ਦੇ ਮਹਾਂ ਪੁਰਖਾਂ ਵਿੱਚੋਂ ਕਿਸੇ ਇਕ ਦੇ ਦਰਸ਼ਨ ਕਰਾਏ ਜਾਣ। ਸੋ ਆਪ ਦੀ ਨਜ਼ਰ ਬਾਬਾ ਗੁਰਬਖਸ਼ ਸਿੰਘ ਜੀ ਤੇ ਗਈ, ਉਸ ਵੇਲੇ ਨੈਣ ਮੁੰਦ ਲਏ ਤੇ ਦਿਲ ਦੀ ਖਿੱਚ ਨਾਲ ਬਾਬਾ ਜੀ ਨੂੰ ਸੱਦਾ ਦੇ ਦਿੱਤਾ। ਮਾਤਾ ਜੀ ਨੂੰ ਕਹਿਣ ਲਗੇ 'ਕੱਲ ਐਸਾ ਸੰਤ ਆ ਜਾਏਗਾ, ਦਰਸ਼ਨ ਕਰ ਲੈਣੇ। ਪਰ ਸੰਤ ਦੇ ਦਰਸ਼ਨ ਸਤਿਕਾਰ ਨਾਲ ਕਰਨੇ ਠੀਕ ਹਨ, ਤੁਸੀਂ ਬੜੇ ਉੱਚੇ ਭਾਗਾਂ ਵਾਲੇ ਹੋ, ਜੋ ਮੇਰੇ ਪੂਜਯ ਮਾਤਾ ਜੀ ਹੋ, ਸਿੱਖ ਰੂਪ ਵਿਚ ਸਭ ਸੰਤਾਂ ਦੇ ਦਰਸ਼ਨ ਕਰਦੇ ਹੋ। ਅਤੇ ਸਿੱਖ ਸਾਰੇ ਨਾਮ ਰੱਤੇ ਹਨ, ਕੋਈ ਘਟ ਕੋਈ ਵੱਧ। ਨਾਮ ਵਾਲੇ ਸਭ ਸੰਤ ਹੁੰਦੇ ਹਨ, ਕੋਈ ਰਾਹ ਦੇ ਕਿਸੇ ਕੋਹ ਉਤੇ, ਕੋਈ ਕਿਸੇ ਉਤੇ, ਹੁਣ ਤੁਸੀਂ ਸਿੱਖ ਦਾ ਸੰਤ ਰੂਪ ਦਰਸ਼ਨ ਕਰਨਾ ਚਾਹੁੰਦੇ ਹੋ, ਸੋ ਇੰਞ ਕਰੋ ਕਿ ਕੱਲ ਪ੍ਰਸ਼ਾਦ ਆਪ ਤਿਆਰ ਕਰਵਾਓ, ਉਸ ਸਿੱਖੀ ਵੇਸ ਵਿਚ ਪੂਰਨ ਸੰਤ ਨੂੰ ਸ਼ਰਧਾ ਤੇ ਸਤਿਕਾਰ ਨਾਲ ਪ੍ਰਸ਼ਾਦ ਛਕਾਓ ਤਾਂ ਜੋ ਸੰਤ ਦਰਸ਼ਨ ਦਾ ਸੁਖ ਤੁਸਾਨੂੰ ਹੋਵੇ ਤੇ ਤੁਸਾਡੇ ਸਤਿਕਾਰ ਨਾਲ ਸੰਤ ਹੋਰ ਸੰਤ ਬਣੇ।' ਇਹ ਕਹਿਕੇ ਆਪ ਆਪਣੇ ਦੀਵਾਨ ਦੇ ਕੰਮਾਂ ਵਲ ਚਲੇ ਗਏ। ਉਧਰ ਬਾਬਾ ਗੁਰਬਖਸ਼ ਸਿੰਘ ਜੀ ਨੂੰ ਧੂਹ ਪਈ। ਭਾਸ ਗਏ ਕਿ ਸ੍ਰੀ ਗੁਰੂ ਜੀ ਯਾਦ ਕਰ ਰਹੇ ਹਨ ਅਰ ਬਹੁਤ ਛੇਤੀ ਸੱਦ ਰਹੇ ਹਨ। ਆਪ ਦੇ ਅੰਦਰ ਮਨੋ ਮਨ ਜੋ ਕੁਦਰਤ ਦੀ ਤਾਰ ਹੈ, ਉਹ ਤਾਰ ਖਟਕ ਗਈ। ਆਪ ਨੇ ਰਾਤ ਤਕ ਤਿਆਰੀ ਕਰ ਲਈ ਤੇ ਆਪਣੀ ਸੰਗਤ ਦੇ ਸਿੰਘਾਂ ਪ੍ਰਤੀ ਆਖਿਆ ਕਿ ਮੈਂ ਬਹੁਤ ਤੜਕੇ ਅਨੰਦਪੁਰ ਨੂੰ ਟੁਰ ਪੈਣਾ ਹੈ, ਤੁਸੀਂ ਚਾਹੋ ਮੇਰੇ ਨਾਲ ਚਾਹੋ ਮਗਰੇ ਮਗਰ ਟੁਰ ਪੈਣਾ। ਮੈਂ ਤਾਂ ਛੇਤੀ ਅੱਪੜਨਾ ਹੈ ਤੁਸਾਂ ਪਿੱਛੋਂ ਅੱਪੜ ਪੈਣਾ। ਅੰਮ੍ਰਿਤ ਵੇਲੇ ਆਪ ਜਾਗੇ, ਵਾਹਿਗੁਰੂ ਦਾ ਆਰਾਧਨ ਕਰਕੇ ਜਪੁਜੀ ਦਾ ਭੋਗ ਪਾਕੇ ਚੜ੍ਹ ਬੈਠੇ ਘੋੜੀ ਤੇ। ਅੰਮ੍ਰਿਤਸਰ ਤੋਂ ਵਾਗਾਂ ਮੋੜ ਲਈਆਂ ਅਨੰਦਪੁਰ ਦੇ ਰਸਤੇ ਵਲ। ਘੋੜੀ ਆਪ ਦੀ ਅਤਿ ਤਿੱਖੀ ਸੀ, ਸੱਟਦੇ ਭੀ ਆਪ ਹਵਾ ਦੀ ਤੇਜ਼ੀ ਤੇ ਹੁੰਦੇ ਸਨ, ਕਈ ਵੇਰ ਦੋਏ ਲੱਤਾਂ ਇਕ ਪਾਸੇ ਕਰਕੇ ਤੇ ਕਈ ਵੇਰੀ ਰਾਸਾਂ ਵੀ ਅਤਿ ਢਿੱਲੀਆਂ ਛੱਡਕੇ, ਸੋ ਇਸ ਤਰ੍ਹਾਂ ਘੋੜੀ ਸਰਪਟ ਦੁੜਾਈ ਗਏ। ਪਰੰਤੂ ਫਿਰ ਭੀ ਪੈਂਡਾ ਦੂਰ ਸੀ, ਦੁਪਹਿਰਾਂ ਹੋ ਗਈਆਂ ਤੇ ਅਨੰਦਪੁਰ ਨਾ ਪੁਜਿਆ ਗਿਆ। ਇਸ ਵੇਲੇ ਆਪ ਨੇ ਸੋਚਿਆ ਕਿ ਹੁਕਮ ਹੈ ਛੇਤੀ ਪੁਜਣ ਦਾ ਤੇ ਪ੍ਰਸ਼ਾਦਿ ਓਥੇ ਪਹੁੰਚ ਕੇ ਛਕਣ ਦਾ। ਹੁਣ ਹੁਕਮ ਦੀ ਪਾਲਣਾ ਪੂਰੀ ਕਰਨ ਵਿਚ ਆਪਣੇ ਰੂਹਾਨੀ ਬਲ ਨੂੰ ਵਰਤਣਾ ਕਿਸੇ ਤਰ੍ਹਾਂ ਦੀ ਅਵੱਗਿਆ ਨਹੀਂ ਹੋ ਸਕਦੀ: ਇਹ ਮਨ ਨਾਲ ਫੈਸਲਾ ਕਰਕੇ ਆਪ ਨੇ ਆਪਣੇ ਆਪ ਨੂੰ ਆਤਮ ਬਲ ਨਾਲ ਬਹੁਤ ਛੇਤੀ ਅਨੰਦ ਪੁਰ ਪੁਚਾ ਲਿਆ।

ਉਧਰ ਸ੍ਰੀ ਵਡਭਾਗੀ ਮਾਤਾ ਜੀ, ਜਿਨ੍ਹਾਂ ਬਾਬਤ ਸਾਹਿਬਾਂ ਨੇ ਆਪ ਲਿਖਿਆ ਹੈ **'ਤਾਤ ਮਾਤ ਮੁਰਿ ਅਲਖ ਅਰਾਧਾ॥ ਬਹੁ ਬਿਧਿ ਜੋਗ ਸਾਧਨਾ ਸਾਧਾ॥'** ਅਰਥਾਤ ਜੋ ਮਾਤਾ ਜੀ ਬੀ ਯੋਗੀ ਤੇ ਬਲਵਾਨ ਸੇ, ਰਾਹ ਉਡੀਕ ਰਹੇ ਸੇ। ਜਦੋਂ ਦੁਪਹਿਰਾਂ ਆ ਗਈਆਂ ਤਾਂ ਮਾਤਾ ਜੀ ਨੇ ਦਾਸ ਦੇ ਹੱਥ ਸੁਨੇਹਾ ਦੇ ਘੱਲਿਆ, 'ਹੇ ਅਰਸ਼ਾਂ ਦੇ ਲਾਲ ਜੀ ਦੁਪਹਿਰਾਂ ਹੋ ਗਈਆਂ ਹਨ, ਸੰਤ ਜੀ, ਜੋ ਆਪ ਨੇ ਕਹੇ ਸਨ, ਕਦੋਂ

ਆਉਣਗੇ?' ਗੁਰੂ ਸਾਹਿਬ ਬੋਲੇ, ਤੁਸੀਂ ਪ੍ਰਸ਼ਾਦ ਪ੍ਰੋਸਣ ਦੀ ਤਜਾਰੀ ਕਰਵਾਓ, ਚਾਹੋ ਬੀਤਰਾਗ ਸੰਤ ਨੇ ਦੂਰੋਂ ਆਉਣਾ ਹੈ, ਪਰ ਹੁਣ ਪੁਜਾ ਕਿ ਪੁਜਾ ਜਾਣੋ। ਸ੍ਰੀ ਪਾਵਨ ਮਾਤਾ ਜੀ ਨੇ ਜੋ ਭੋਜਨ ਤਿਆਰ ਕਰਵਾਏ ਸਨ, ਆਪ ਦੇਖੇ, ਆਪ ਭਾਵਨਾ ਨਾਲ ਬਰਤਨ ਠੀਕ ਠਾਕ ਕਰਵਾਏ, ਆਸਨ ਤੇ ਚੌਕੀ ਲਗਵਾਈ। ਇਤਨੇ ਵਿਚ ਗੁਰੂ ਜੀ ਦਾ ਨਿਜ ਦਾਸ ਆਇਆ, ਕਿ ਮਾਤਾ ਜੀ! ਬ੍ਰਹਮ ਗਿਆਨੀ ਜੀ ਆ ਗਏ ਹਨ ਤੇ ਸਤਿਗੁਰਾਂ ਨੇ ਪ੍ਰਸ਼ਾਦ ਛਕਣੇ ਲਈ ਘੱਲੇ ਹਨ। ਮਾਤਾ ਜੀ ਥਾਲ ਤਿਆਰ ਕਰ ਚੁਕੇ ਸਨ, ਬ੍ਰਹਮ ਗਿਆਨੀ ਆਇਆ ਸੁਣਕੇ ਹਰਖ ਨਾਲ ਭਰ ਗਏ। ਆਦਰ ਨਾਲ ਉੱਠ ਕੇ ਕਦਮ ਚਾਇਆ ਹੀ ਸੀ ਕਿ (ਰਾਮ ਕੌਰ) ਗੁਰਬਖਸ਼ ਸਿੰਘ ਜੀ ਨੇ ਚਰਨਾਂ ਤੇ ਆ ਸੀਸ ਧਰਿਆ। ਮਾਤਾ ਜੀ ਨੇ ਬੜੇ ਭਾਵ ਨਾਲ ਸੀਸ ਚਾਇਆ, ਆਦਰ ਦਿਤਾ ਤੇ ਸਤਿਕਾਰ ਨਾਲ ਆਸਣ ਤੇ ਬਿਠਾਕੇ ਥਾਲ ਅਗੇ ਰਖਿਆ। ਬਾਬਾ ਜੀ ਨੇ ਪ੍ਰਸ਼ਾਦ ਛਕਿਆ। ਮਾਤਾ ਜੀ ਸਤਿਕਾਰ ਪੂਰਬਕ ਪੱਖਾ ਕਰਦੇ ਰਹੇ। ਦੇਖੋ ਜਗਤ ਗੁਰੂ ਦੀ ਮਾਤਾ ਆਪਣੇ ਪੁਤਰ ਦੇ ਵਰੋਸਾਏ ਤੇ ਬ੍ਰਹਮ ਗਿਆਨ ਦੇ ਪਦ ਤੇ ਪੁਚਾਏ ਸਿਖ ਦਾ ਸਤਿਕਾਰ ਕਰ ਰਹੇ ਹਨ। ਕੈਸੇ ਭਾਉ ਭਗਤੀ ਦੇ ਰੰਗ ਹਨ।

ਮਾਤਾ ਜੀ ਦੇ ਮਨ ਤੇ ਉਨ੍ਹਾਂ ਦੇ ਆਤਮਾ ਦਾ ਪ੍ਰਭਾਉ ਬੀਤਰਾਗ ਅਵਸਥਾ ਦਾ, ਸ੍ਵਰਨ ਮਾਟੀ ਨੂੰ ਇਕ ਤੁਲ ਜਾਣਨ ਦੀ ਅਵਸਥਾ ਦਾ, ਪੈਂਦਾ ਰਿਹਾ। ਖੁਸ਼ ਹੋਈ ਕਿ ਗੁਰੂ ਘਰ ਵਿਚ ਕੈਸੇ ਕੈਸੇ ਪੂਰਨ ਲੋਕ ਤਿਆਰ ਹੁੰਦੇ ਹਨ। ਜਦ ਪ੍ਰਸ਼ਾਦਿ ਛਕ ਚੁਕੇ ਤਾਂ ਆਦਰ ਨਾਲ ਪੁਛਣ ਲਗੇ ਕਿ ਅੱਜ ਸੁਖ ਨਾਲ ਕਿਥੋਂ ਟੁਰਕੇ ਅੱਪੜੇ ਹੋ? ਜ਼ਾਹਰਾ ਮਸਤਾਨੇ ਦਿੱਸਣ ਵਾਲੇ ਦਾਨੇ ਗੁਰ ਸਿਖ ਹੁਣ ਉਹ ਉਤਰ ਦੇਂਦੇ ਹਨ ਜਿਸ ਵਿਚ ਇਹ ਹੰਕਾਰ ਨਾ ਹੋ ਜਾਏ ਕਿ ਮੈਂ ਐਤਨੀ ਦੂਰੋਂ ਆਤਮ-ਬਲ ਨਾਲ ਆ ਪੁਜਾ ਹਾਂ, ਤੇ ਨਾ ਮਾਤਾ ਜੀ ਇਸ ਕਿਸੇ ਸੰਸੇ ਵਿਚ ਪੈ ਜਾਣ ਕਿ ਗੁਰੂ ਜੀ ਨੇ ਮੈਨੂੰ ਜੋ ਐਡਾ ਆਦਰ ਦਿਤਾ ਹੈ ਤਾਂ ਮੈਂ ਕੋਈ ਵਡਾ ਹਾਂ ਤੇ ਫੇਰ ਜੋ ਆਖਾਂ ਨਿਰੋਲ ਸੱਚ ਬੀ ਹੋਵੇ। ਆਪ ਹੱਥ ਜੋੜਕੇ ਬੋਲੇ, ਹੇ ਜਗਤ ਗੁਰੂ ਦੀ ਮਾਤਾ:-

"ਤਹਾਂ ਰਹੇ ਰਾਖੇ ਗੁਰ ਜਹਾਂ॥ ਜਹਾਂ ਪਠਾਵਹਿ ਜਾਵਹਿ ਤਹਾਂ॥ ਪੁਤਲੀ ਕੇ ਅਧੀਨ ਕਜਾ ਅਹੈ॥ ਨਰ ਕੇ ਬਸ ਬਰਤੀ ਨਿਤ ਰਹੈ॥ ਜਥਾ ਕਰਾਇ ਤਥਾ ਸੋ ਕਰਿਹੀ॥ ਤਿਉਂ ਸਤਿਗੁਰ ਕੇ ਹਮ ਅਨੁਸਰਹੀ॥ ਹਮ ਮੁਛੰਦ ਕੁਛ ਕਰ ਸਕ ਨਾਂਹੀ॥ ਸਦਾ ਚਲਹਿ ਗੁਰ ਆਗਜਾ ਮਾਂਹੀ॥"

ਇਹ ਕਹਿਕੇ ਮਾਤਾ ਜੀ ਨੂੰ ਮੱਥਾ ਟੇਕ ਕੇ ਬਾਬਾ ਜੀ ਫੇਰ ਸਤਿਗੁਰ ਜੀ ਦੇ ਚਰਨਾਂ ਵਿਚ ਆ ਬੈਠੇ। ਸ੍ਰੀ ਗੁਰੂ ਜੀ ਨੇ ਸੁਖ ਸਾਂਦ ਪੁੱਛੀ, ਮਾਝੇ ਦੇ ਸਾਰੇ ਹਾਲ ਸਮਝੇ। ਫੇਰ ਅਸ਼ੀਰਵਾਦ ਦੇਕੇ ਬੋਲੇ:-

ਮੋਹਿ ਸਰੂਪ ਅਹੈ ਸੋ ਤੇਰੋ॥ ਤੇਰੋ ਅਹੈ ਸੁ ਜਾਨੋ ਮੇਰੋ॥ ਤੋਹਿ ਮੋਹਿ ਮਹਿਂ ਭੇਦ ਨ ਕੋਊ॥ ਏਕ ਰੂਪ ਕੇ ਤਨ ਹੈਂ ਦੋਊ॥ ਹਰਿ ਹਰਿ ਜਨ ਦ੍ਵੈ ਇਕ ਹੈਂ ਜੈਸੇ॥ ਸ੍ਰੀ ਗੁਰ ਗੁਰ ਸਿਖ ਲਖੀਅਹਿ ਤੈਸੇ॥੪੫॥ ਭੇਦ ਲਖਤ ਹੈ ਜੇ ਇਨ ਮਾਂਹੀ॥ ਪਰਮ ਰਹਮ ਸੋ ਜਾਨੈ ਨਾਂਹੀ॥ ਸਭ ਸਿੱਖਨਿ ਕੇ ਹਹੁ ਸਿਰਮੌਰ॥ ਸਮਤਾ ਪਹੁੰਚ ਨ ਸਕਹੈ ਔਰ॥੪੬॥ ਸਦਾ ਏਕ ਰਸ ਗਜਾਨਾਨੰਦ॥ ਤੁਰੀਆ ਮਹਿਂ ਥਿਰਤਾ ਜਗ ਬੰਦ॥

ਬਾਬਾ ਗੁਰਬਖਸ਼ ਸਿੰਘ ਜੀ ਦਾਤੇ ਦਾ ਉਪ੍ਰਲਾ ਵਰ ਕਹੋ ਯਾ ਯਥਾਰਥ ਤੁਲਵਾਂ ਵਾਕ ਕਹੋ, ਪਾਕੇ ਬੀ ਸਿਖ ਹੀ ਰਹੇ, ਤੇ ਨਿਜ ਨੂੰ ਕਿਸੇ ਤੁੱਲਤਾ ਕਿਸੇ ਬਰੱਬਰੀ ਤੇ ਨਹੀਂ ਲੈ ਗਏ। ਤਰੰਗ ਸਮੁੰਦਰ ਤੋਂ ਉਠਦੇ ਹਨ, ਸਮੁੰਦਰ ਕਹਿ ਸਕਦਾ ਹੈ:-ਤ੍ਰੰਗ ਮੇਰੇ ਹਨ, ਪਰ ਤ੍ਰੰਗ ਨਹੀਂ ਆਖਦਾ ਮੈਂ ਸਮੁੰਦਰ ਹਾਂ। ਦਸਮੇ ਪਾਤਸ਼ਾਹ ਨੇ ਆਪਣੇ ਮੁਖੋਂ ਫੁਰਮਾ ਦਿਤਾ ਕਿ ਤੂੰ ਮੈਂ ਹੈਂ, ਮੈਂ ਤੂੰ ਹਾਂ! ਪਰ ਬਾਬਾ ਜੀ ਨੇ ਨਾ ਦਮ ਮਾਰਿਆ ਕਿ ਤੂੰ ਗੁਰੂ ਹੈਂ ਤੇ ਮੈਂ ਬੀ ਗੁਰੂ ਹਾਂ! ਤੇ ਸੂਰੇ ਗੁਰੂ ਨੇ ਆਪ ਆਖਿਆ ਕਿ ਤੂੰ 'ਸਦਾ ਏਕ ਰਸ ਗਜਾਨਾਨੰਦ॥ ਤੁਰੀਆ ਮੈਂ ਥਿਰਤਾ ਜਗ ਬੰਦ' ਹੈਂ। ਪਰ ਬਾਬਾ ਜੀ 'ਸਿਖ' ਹੀ ਅਖਵਾਂਦੇ ਰਹੇ ਤੇ ਪੰਥ ਉਨ੍ਹਾਂ ਨੂੰ ਬਾਬਾ ਜੀ ਸੱਦਦਾ ਰਿਹਾ। ਉਨ੍ਹਾਂ ਦਾ ਪ੍ਰੇਮ ਦੇਖੋ ਕਿ ਉਹ ਅੰਤਲੀ ਯਾਚਨਾ ਸਤਿਗੁਰ ਤੋਂ ਕੀਹ ਕਰਦੇ ਹਨ, ਕਿ ਹਜ਼ੂਰ ਮੈਂ ਆਪ ਦੇ ਦਰਸ਼ਨਾਂ ਬਿਨ ਕਿਵ ਜੀਵਾਂਗਾ। ਇਹ ਹੈ ਗੁਰੂ ਘਰ ਵਿਚ ਬ੍ਰਹਮ ਗਜਾਨ ਤੇ ਭਗਤੀ ਦੀ ਏਕਤਾ।

ਇਕ ਵੇਰ ਇਕ ਪਰਸਰਾਮ ਜੋਗੀ ਨੇ ਸਤਿਗੁਰਾਂ

ਪਾਸ ਪ੍ਰਾਰਥਨਾ ਕੀਤੀ ਕਿ ਮੈਨੂੰ ਜੋਗ ਦਾ ਰਸਤਾ ਦੱਸੋ, ਮੈਂ ਸਦਗਤੀ ਨੂੰ ਪ੍ਰਾਪਤ ਨਹੀਂ ਹੋਇਆ, ਆਪ ਕ੍ਰਿਪਾ ਕਰੋ ਤਾਂ ਮੈਂ ਬੀ ਸੁਖੀ ਹੋਵਾਂ ਤੇ ਪਰਮ ਪਦ ਨੂੰ ਪਾਵਾਂ। ਅਸਲ ਵਿਚ ਉਸ ਵੇਲੇ ਪ੍ਰਸੰਗ ਬ੍ਰਹਮ ਰੰਧਰ ਛੋੜਕੇ ਸਰੀਰ ਛੋੜਨ ਦਾ ਚੱਲ ਰਿਹਾ ਸੀ। ਸਤਿਗੁਰਾਂ ਨੇ ਉਸ ਨੂੰ ਜੋਗ ਦੇ ਰਸਤੇ ਹੀ ਐਸਾ ਸਮਝਾਇਆ ਕਿ ਉਹ ਠੀਕ ਰਸਤੇ ਲਗ ਕੇ ਸਦਗਤੀ ਨੂੰ ਪਹੁੰਚਾ। ਉਸ ਉਪਦੇਸ਼ ਵੇਲੇ ਬਾਬਾ ਗੁਰਬਖਸ਼ ਸਿੰਘ ਜੀ ਪਾਸ ਸੇ, ਬੇਨਤੀ ਰਕਨ ਲਗੇ ਕਿ ਹੇ ਪਾਤਸ਼ਾਹ! ਮੈਨੂੰ ਬੀ ਇਸ ਰਸਤੇ ਪਾਓ ਕਿ ਅੰਤ ਸਮੇਂ ਮੈਂ ਭੀ ਇਉਂ ਹੀ ਜਾਵਾਂ ਤੇ ਸਦਗਤੀ ਪਾਵਾਂ। ਭਾਈ ਰਾਮਕੌਰ ਜੀ ਆਪਣੀ ਲਿਖਾਈ ਪੋਥੀ ਵਿਚ ਇਹ ਗੱਲਬਾਤ ਆਪ ਬੀ ਦੱਸਦੇ ਹਨ ਤੇ ਕਵੀ ਸੰਤੋਖ ਸਿੰਘ ਜੀ ਉਸਨੂੰ ਐਉਂ ਉਲਥਾ ਕਰਦੇ ਹਨ:-

ਸੁਨਿ ਕਰਿ ਕਲਗੀਧਰ ਮੁਸਕਾਏ। ਮੋ ਸੰਗ ਕਹਜੋ ਅਧਿਕ ਅਪਨਾਏ। ਬ੍ਰਹਮ ਆਤਮਾ ਸਚਿਦਾਨੰਦ। ਗਯਾਨ ਭਯੋ ਸੁਖ ਭੋਗ ਬਿਲੰਦ। ਕਹਜੋ ਸ਼ਬਦ ਮੈ ਜੋ ਤਤ ਸਾਰ। ਸੋ ਤਵ ਪ੍ਰਾਪਤ ਅਹੈ ਉਦਾਰ। ਅੰਤ ਕਾਲ ਜਬ ਹੋਵਹਿ ਤੋਰਾ। ਤਾਂਹਿ ਸਮੇ ਦਰਸ਼ਨ ਹੁਇ ਮੋਰਾ। ਮੋਹਿ ਚਰਨ ਕੋ ਸਿਖ ਮੁਖਿ ਅਹੈਂ। ਮਮ ਸਮੀਪਤਾ ਸਦ ਹੀ ਲਹੈ*। ਨਿਸ ਦਿਨ ਮਨ ਸਤਿਗੁਰ ਮਹਿ ਲਾਯੋ। ਨਹੀਂ ਬਿਕਾਰ ਛੂਹਨ ਕੋ ਪਾਯੋ। ਹਾਥ ਬੰਦ ਮੈਂ ਬੰਦਨ ਕੀਨ। ਪਦ ਅਰਬਿੰਦਨ ਸਿਰ ਧਰ ਦੀਨ।

ਇਸ ਤਰ੍ਹਾਂ ਪਤਾ ਚਲਦਾ ਹੈ ਕਿ ਬਾਬਾ ਗੁਰਬਖਸ਼ ਸਿੰਘ ਜੀ ਹੁਣ ਇਤਨੇ ਪ੍ਰੇਮ ਬੇਬਸ ਹੋ ਗਏ ਸਨ ਕਿ ਮੁੜ ਆਪਣੇ ਗਿਰਾਂ ਨਹੀਂ ਗਏ, ਅਨੰਦਪੁਰ ਸਾਹਿਬ ਹੀ ਰਹੇ, ਅਤੇ ਅੰਤਲੇ ਜੰਗ ਵਿਚ ਬੀ ਅਨੰਦਪੁਰ ਸਨ। ਬਾਬਾ ਜੀ ਮਾਲਵੇ ਵਿਚ ਸਤਿਗੁਰ ਦੇ ਵਿਚਰਨ ਵੇਲੇ ਬੀ ਨਾਲ ਸਹੀ ਹੁੰਦੇ ਹਨ ਕਿਉਂਕਿ ਬਾਬਾ ਬੁੱਢਾ ਜੀ ਦੇ ਜੀਵਨ ਵਿਚ ਸੱਯਦ ਬ੍ਰਹਮੀ ਨੂੰ ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰਿਆਂ ਵਿਚ ਇਸ ਭਾਈ ਗੁਰਬਖਸ਼ ਸਿੰਘ ਦਾ ਪਤਾ ਦੇਂਦੇ ਹਨ। ਸਾਖੀਆਂ ਦੀ ਪੋਥੀ ਵਿਚ ਲਿਖਿਆ ਹੈ ਕਿ ਗੁਰਬਖਸ਼ ਸਿੰਘ ਰਮਦਾਸ ਤੋਂ ਆਕੇ ਦਮਦਮੇ ਮਿਲੇ ਹਨ*। ਨਾਲ ਨਾ ਹੋਣ ਦਾ ਸੰਦੇਹ ਇੱਥੋਂ ਮਿਟ ਜਾਂਦਾ ਹੈ ਕਿ ਦੱਖਣ ਜਾਂਦਿਆਂ ਦੂਰ ਅਗੇ ਲੰਘ ਕੇ ਬਾਬਾ ਜੀ ਦੀ ਮਾਤਾ ਸਤਿਗੁਰਾਂ ਨੂੰ ਜਾ ਮਿਲਦੀ ਹੈ ਤੇ ਰਾਮਕੌਰ ਜੀ ਦੇ ਵਾਪਸ ਲੈ ਜਾਣ ਲਈ ਬਿਨੈ ਕਰਦੀ ਹੈ। ਪਰ ਜੀਵਨ ਬਾਬਾ ਬੁੱਢਾ ਜੀ ਵਿਚ ਮਾਤਾ ਸਭਰਾਈ ਬਾਬਾ ਜੀ ਦੀ ਮਾਂ ਨਦੇੜ ਅਪੜਦੀ ਹੈ ਤੇ ਉਥੋਂ ਪੁਤਰ ਨੂੰ ਵਾਪਸ ਲਿਆਉਂਦੀ ਹੈ। ਨਾਲ ਹੋਣ ਦੀ ਗਲ ਇੱਥੋਂ ਵੀ ਸਹੀ ਹੋ ਜਾਂਦੀ ਹੈ ਕਿ ਬਾਬਾ ਜੀ ਸਤਿਗੁਰਾਂ ਨੂੰ ਬਿਨੈ ਕਰਦੇ ਹਨ ਕਿ ਮੈਂ ਦਰਸ਼ਨ ਬਿਨਾਂ ਪ੍ਰਸ਼ਾਦ ਨਹੀਂ ਛਕਦਾ, ਆਪ ਮਾਂ ਨਾਲ ਟੋਰ ਦੇਸੋ ਤਾਂ ਮੈਂ ਅੰਨ ਕਿਸ ਤਰ੍ਹਾਂ ਛਕਸਾਂ।

ਪ੍ਰਸੰਗ ਇਸ ਪ੍ਰਕਾਰ ਹੈ ਕਿ ਆਪ ਦੀ ਮਾਤਾ ਗੁਰੂ ਜੀ ਦਾ ਮਾਲਵੇ ਵਿਚ ਵਿਚਰਨਾ ਤੇ ਬਾਬਾ ਜੀ ਦਾ ਨਾਲ ਹੋਣਾ ਸੁਣਕੇ ਤਾਂ ਨਹੀਂ ਅਕੁਲਾਈ ਪਰ ਜਦ ਪਤਾ ਲਗਾ ਕਿ ਸਾਹਿਬ ਦੱਖਣ ਜਾ ਰਹੇ ਹਨ ਤਾਂ ਧਾਈ ਕਰਕੇ ਆਈ ਤੇ ਦਮਦਮੇ ਤੋਂ ਢੇਰ ਦੂਰ ਅਗੇ ਜਾਕੇ ਅੱਪੜੀ ਤੇ ਬਿਨੈ ਕੀਤੀ ਕਿ ਮੈਂ ਇਕ ਪੁੱਤ੍ਰਾ ਹਾਂ, ਆਪ ਹੁਣ ਦੱਖਣ ਜਾ ਰਹੇ ਹੋ ਜੋ ਬੜਾ ਦੂਰ ਦੇਸ਼ ਹੈ। ਵਿੱਥ ਬੀ ਤਾਂ ਕੰਧ ਦੀ ਕੰਧਾਰੀ-ਵਿੱਥ ਹੁੰਦੀ ਹੈ ਤੇ ਇਹ ਤਾਂ ਹਜ਼ਾਰਾਂ ਕੋਹਾਂ ਦੀ ਹੈ। ਮਿਹਰ ਕਰੋ ਤੇ ਇਸ ਨੂੰ ਮੇਰੇ ਨਾਲ ਵਾਪਸ ਟੋਰ ਦਿਓ। ਪਰਮ ਤਿਆਗ ਵਿਚ ਵਸ ਰਹੇ ਸਤਿਗੁਰੂ ਪਰ ਪ੍ਰੇਮ ਦੀਆਂ ਪੀੜਾਂ ਦੇ ਜਾਣਨਹਾਰ ਸਤਿਗੁਰੂ ਦ੍ਰਵੇ ਤੇ ਆਗਜਾ ਕੀਤੀ ਕਿ ਭਾਈ ਬੁੱਢੇ ਕੇ! ਤੁਸੀਂ ਹੁਣ ਜਾਓ, ਆਪਣੇ ਘਰ ਰਹੋ, ਮਾਤਾ ਨੂੰ ਸੁਖ ਦਿਓ, ਸਿੱਖੀ ਵਿਥਾਰੋ ਤੇ ਜੀਵਨ ਸਫਲਾਓ। ਬ੍ਰਹਮ ਗਿਆਨ ਵਿਚ ਅਰੂੜ ਪਰ ਸੱਚੇ ਵਪਾਰ ਦੇ ਵਪਾਰੀ ਬਾਬਾ ਜੀ ਨੈਣ ਭਰਕੇ ਹੱਥ ਬੰਨ੍ਹਕੇ ਖਲੋ ਗਏ ਤੇ ਬੋਲੇ:- 'ਪਾਤਸ਼ਾਹ ਮੈਂ ਤਾਂ ਸਦਾ ਹਜ਼ੂਰੀ ਵਾਸ ਦੀ ਅਭਿਲਾਖਾ ਰਖਦਾ ਸਾਂ, ਮੈਂ ਆਪ ਦੇ ਦਰਸ਼ਨ ਬਿਨ ਅੰਨ ਨਹੀਂ ਖਾ ਸਕਦਾ। ਆਪ ਦੀ ਆਗਜਾ ਅਟੱਲ ਹੈ, ਮੋੜ ਨਹੀਂ ਸਕਦਾ। ਪਰ ਹੇ ਪ੍ਰਾਣ ਪ੍ਰਿਯ! ਮੈਂ ਵਿਛੁੜਕੇ ਭਾਵੇਂ ਦੈਵਗਤੀ ਨਾਲ ਪਿਆ ਸਾਹ ਲਵਾਂ, ਪਰ ਅੰਨ

*ਸਤਿਗੁਰ ਦੀ ਸਮੀਪਤਾ ਬ੍ਰਹਮਲੋਕ ਦਾ ਨਿਵਾਸ ਹੈ।

*ਸਾਖੀ ੧੦੫।

ਬਿਨਾ ਕਿਵ ਜੀਸਾਂ? ਮਾਂ ਮੈਨੂੰ ਵਿਛੋੜਕੇ ਲਿਜਾਕੇ ਅੰਨ ਬਿਨਾਂ ਕਿੰਨੇ ਕੁ ਦਿਨ ਮੇਰੇ ਵੇਖਣ ਦਾ ਸੁਖ ਮਾਣਸੀ?' ਸਤਿਗੁਰ ਜੀ ਫੇਰ ਦ੍ਰਵੇ। ਤੋਲਣਹਾਰ, ਪਛਾਣਨਹਾਰ ਡੂੰਘੇ ਪਿਆਰਾਂ ਦੇ ਪਾਰਖੂ ਬਾਬਾ ਜੀ ਦੇ ਆਪਣੇ ਨਾਲ ਅਨਿੰਨ ਸਨੇਹ ਨੂੰ ਹਾੜਦੇ ਹਨ, ਉਧਰ ਮਾਂ ਦੇ ਸੰਤ ਪੁਤ੍ਰ ਨਾਲ ਅਨਿੰਨ ਪ੍ਰੇਮ ਨੂੰ ਨਦਰ ਵਿਚ ਲਿਆ ਰਹੇ ਹਨ। ਫੇਰ ਪ੍ਰੇਮ ਦੀ ਕਿਸੇ ਉੱਚ ਪਰਖ ਦੇ ਘਰ ਹੋਕੇ ਬੋਲੇ: 'ਬੁੱਢੇਕੇ ਰਤਨ! ਮਾਤਾ ਦਾ ਪ੍ਰੇਮ ਅਸੀਂ ਉਲੰਘਨ ਨਹੀਂ ਕਰ ਸਕਦੇ। ਸਾਡਾ ਤੇਰਾ ਪ੍ਰੇਮ ਮਨ ਦੇ ਮੰਡਲਾਂ ਤੋਂ **ਉੱਚਾ ਹੈ,** ਉਹ ਕਿਸੇ ਅਗੰਮੀ ਹੱਦ ਦਾ ਵਾਸੀ ਹੈ, ਜਿੱਥੇ ਅਕਾਲਤਾ ਹੈ, ਅਮਰਤਾ ਹੈ ਤੇ ਦੇਸ਼ ਕਾਲ ਦੀ ਵਿੱਥ ਨਹੀਂ ਹੈ। ਤੂੰ ਜਾਹ ਆਪਣੀ ਮਾਤਾ ਨਾਲ। ਬਾਕੀ ਰਿਹਾ ਦਰਸ਼ਨ, ਉਹ ਨੂੰ ਹੁਣ ਤੂੰ ਨਹੀਂ ਨਿਬਾਹੁਣਾ। ਤੂੰ ਨਿਬਾਹ ਚੁਕਾ ਹੈਂ, ਹੁਣ ਅਸੀਂ ਨਿਬਾਹਾਂਗੇ। ਤੂੰ ਜਿਸ ਵੇਲੇ ਸ਼ਸਤ੍ਰ ਲਾਕੇ ਘੋੜੇ ਚੜ੍ਹਕੇ ਬਨ ਨੂੰ ਜਾਵੇਂਗਾ ਓਥੇ ਤੈਨੂੰ ਸਾਡੇ ਦਰਸ਼ਨ ਹੋ ਜਾਯਾ ਕਰਨਗੇ। ਜਦੋਂ ਦਰਸ਼ਨ ਚਾਹੋਂ ਸ਼ਸਤ੍ਰ ਲਾਕੇ ਚੜ੍ਹ ਪਿਆ ਕਰ, ਤੂੰ ਕਦੇ ਦਰਸ਼ਨ ਹੀਨ ਨਹੀਂ ਮੁੜੇਂਗਾ। ਹੁਣ ਬਚਨ ਮੰਨ ਲੈ ਤੇ ਮਾਂ ਦੀਆਂ ਆਂਦਰਾਂ ਨੂੰ ਠੰਢ ਪਾ'। ਇਹ ਕਹਿਕੇ ਸੱਚੇ ਗੁਰੂ ਨੇ ਅਪਣੇ ਨਾਲ ਅਭੇਦ ਹੋਏ ਪਜਾਰੇ ਨੂੰ ਵਿਦਾ ਕਰ ਦਿੱਤਾ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥ ੨॥੨॥੧੧੯॥ {ਗਉ: ਮ: ੫}

ਗੁਰੂ ਜੀ ਦੀ ਜ਼ਾਤ ਦਾ ਇਹ ਕਰਤੱਵ 'ਰਸ ਬੈਰਾਗ' ਦੇ ਸੰਗਮ ਦਾ ਇਕ ਨਮੂਨਾ ਹੈ। ਇਕ ਪਾਸੇ ਅਪਣਾ ਤੇ ਅਪਣੇ ਪਿਆਰੇ ਦਾ ਪਿਆਰ ਹੈ, ਇਕ ਪਾਸੇ ਮਾਂ ਦਾ ਪੁੱਤ ਨਾਲ ਪਿਆਰ ਹੈ। ਕੀਕੂੰ ਰਸਕ ਪਾਰਖੂ ਹੋਕੇ ਪਛਾਣਦੇ ਹਨ ਤੇ ਕੀਕੂੰ ਬੈਰਾਗ ਵਿਚ ਆਕੇ ਆਪਣਾ ਪੂਰਨ ਤਿਆਗ ਮਾਂ ਨਾਲ ਟੋਰ ਦੇਣ ਵਿਚ ਦਿਖਾਲਦੇ ਹਨ ਤੇ ਉਸ ਤਿਆਗ ਵਿਚ ਆਪ ਫਿਰ ਪਿਆਰ ਨਾਲ ਬੱਝਦੇ ਹਨ। 'ਪਿਆਰੇ ਦੇ ਅਪਣੇ ਨਾਲ ਪਿਆਰ ਨੂੰ ਘਾਟਾ ਨਾ ਪਵੇ, ਮੱਟ ਨਾ ਵੱਜੇ' ਉਸ ਨੂੰ ਵਰ ਦੇਂਦੇ ਹਨ ਕਿ ਦਰਸ਼ਨ ਹੁੰਦੇ ਰਹਿਣਗੇ ਤੇ ਅਪਣੇ ਆਪ ਨੂੰ, ਐਸੇ ਅਨਿੰਨ ਪਿਆਰ ਕਰਨ ਵਾਲੇ ਤੋਂ ਵਿੱਥ ਪੈ ਜਾਣ ਵਿਚ ਕਿੰਵ ਅਤੀਤ ਹੋ ਜਾਂਦੇ ਹਨ! ਆਪ ਨੇ ਹੀ ਸ੍ਰੀ ਮੁਖਵਾਕ ਤੋਂ ਫੁਰਮਾਇਆ ਸੀ:-

ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥ ਜਤ੍ਰ ਤਤ੍ਰ ਬਿਰਾਜ ਹੀ ਅਵਧੂਤ ਰੂਪ ਰਸਾਲ॥ {ਜਾਪਜੀ}

ਆਪ ਦੀ ਜ਼ਾਤ ਵਿਚ ਹੀ 'ਰਸ ਬੈਰਾਗ' ਅਤੇ 'ਅਵਧੂਤ ਤੇ ਰਸਾਲ' ਦੋ ਤਾਕਤਾਂ ਇਕ ਥਾਵੇਂ ਇਕ ਸੰਗਮ ਵਿਚ ਇਕ ਰੂਪ ਹੋਕੇ ਵਗ ਰਹੀਆਂ ਨਦੀਆਂ ਦੀ ਆਭਾ ਦੇਂਦੀਆਂ ਦਿੱਸ ਰਹੀਆਂ ਹਨ।

ਸ੍ਰੀ ਬਾਬਾ ਜੀ ਹੁਣ ਹੁਕਮ ਸਿਰ ਧਰਕੇ ਅਵਿਛੜਦੇ ਦਿਲ ਨੂੰ ਲੈਕੇ ਮਰੀਰ ਨਾਲ ਵਿਛੁੜੇ, ਅਪਣੇ ਦੇਸ਼ ਆਏ ਤੇ ਟਿਕ ਗਏ। ਪਰ ਕਿਸ ਰੰਗ? ਸਦਾ ਲਿਵ ਵਿਚ, ਨਾਮ ਵਿਚ, ਰੰਗ ਵਿਚ। ਦਰਸ਼ਨ ਬਿਨ ਮਨ ਰਹਿ ਨਹੀਂ ਸਕਦਾ, ਦਰਸ਼ਨ ਬਿਨ ਅੰਨ ਵਿਹੁ ਦਿਖਾਲੀ ਦੇਂਦਾ ਹੈ! ਸ਼ਸਤ੍ਰ ਲਾਉਂਦੇ ਹਨ, ਘੋੜੇ ਚੜ੍ਹਦੇ ਹਨ, ਬਨਾਂ ਨੂੰ ਚਲੇ ਜਾਂਦੇ ਹਨ, ਸੀਸ ਧਰਤੀ ਤੇ ਰੱਖਕੇ, 'ਧੰਨ ਕਲਗੀਆਂ ਵਾਲਾ ਮੇਰਾ ਪਾਤਸ਼ਾਹ' ਦੇ ਭਾਵ ਨਾਲ ਪੂਰਤ ਹੋਏ ਧੰਨ ਧੰਨ ਕਰਦੇ ਉਠਦੇ ਹਨ ਤੇ ਡੇਰੇ ਆ ਜਾਂਦੇ ਹਨ।

ਆਪਦਾ ਨਿਤ ਬਿਵਹਾਰ ਹੁਣ ਇਹ ਹੈ? ਅਪਣੇ ਰੰਗ ਅਤੇ ਰਹਿਣਾ, ਯਾ ਆਏ ਸਿੱਖਾਂ ਨਾਲ ਗੁਰੂ ਮਿਹਰ ਦੀ ਗੱਲ, ਗੁਰੂ ਜਸ ਦੀ ਗੱਲ ਬਾਤ ਕਰਨੀ, ਅੰਮ੍ਰਿਤ ਪ੍ਰਚਾਰ ਕਰਨਾ, ਸਿੱਖੀ ਦਾ ਵਾਧਾ ਕਰਨਾ, ਕੀਰਤਨ ਦਾ ਪ੍ਰਵਾਹ ਨੀਯਤ ਵੇਲਿਆਂ ਤੇ ਡੇਰੇ ਵਿਚ ਜਾਰੀ ਰੱਖਣਾ। ਸਿੰਘਾਂ ਤੋਂ ਖਬਰਾਂ ਨਾਦੇੜ ਦੀਆਂ ਮੰਗਣੀਆਂ ਤੇ ਸੁਣਕੇ ਪ੍ਰੇਮ ਵਿਚ ਆ ਜਾਣਾ। ਆਦਿ ਪਾਤਸ਼ਾਹੀ ਤੋਂ ਲੈਕੇ ਦਸਾਂ ਸਤਿਗੁਰਾਂ ਤਕ ਦੇ ਪ੍ਰਸੰਗ ਆਪਣੇ ਘਰਾਣੇ ਵਿਚ ਮੌਜੂਦ ਸਨ। ਹਰ ਵੇਲੇ ਰੰਗ ਰਤੜੇ ਰਹਿਣ ਵਾਲੇ ਪਿਆਰੇ ਨੇ, ਜਿਸ ਨੂੰ ਲੋਕੀ ਮਦਹੋਸ਼ੀ ਵਾਲਾ, ਨਿੰਦਰਾ ਵਾਲਾ, ਮਸਤਾਨਾ ਸਮਝ ਲੈਂਦੇ ਹਨ, ਉਹ ਸਾਰੇ ਸਮਾਚਾਰ ਲਿਖੇ ਯਾ ਲਿਖ-ਵਾਏ। ਇਕ ਸਾਖੀਆਂ ਦੀ ਪੋਥੀ ਤਿਆਰ ਕੀਤੀ, ਜਿਸ ਵਿਚ ਮਸ਼ਹੂਰ ਹੈ ਕਿ ੫੦੦ ਸਾਖੀਆਂ ਸਨ। ਇਹ ਸਾਖੀਆਂ ਇਕ ਲਿਖਾਰੀ ਸਾਹਿਬ ਸਿੰਘ ਨਾਮੇ ਤੋਂ ਸੁੰਦਰ ਲਿਖਵਾਈਆਂ ਜੋ ਉਸ ਰੂਪ ਵਿਚ ਹੁਣ ਤਕ ਨਹੀਂ ਲੱਝੀਆਂ। ਇਹ ਹਨ ਮਸਤਾਨੇ ਗੁਰੂ ਘਰ

ਦੇ। ਜਿਨ੍ਹਾਂ ਨੇ ਸਦਾ ਅੰਤਰਮੁਖ ਬੀ ਰਹਿਣਾ, ਪਰ ਹੋਸ਼ਾਂ ਵਿਚ ਬੀ; ਆਤਮ ਰਮ ਰੰਗ ਵਿਚ ਬੀ ਰਹਿਣਾ। ਆਪ ਦੀ ਨਾਮ ਦੀ ਲਿਵ ਬੀ ਟੂਰੀ ਰਹਿਣੀ, ਆਪ ਨੇ ਕਥਾ ਵਾਰਤਾ ਬੀ ਕਰਨੀ, ਪੁਸਤਕ ਬੀ ਲਿਖਣੇ ਲਿਖਾਵਣੇ, ਸਿੱਖੀ ਪ੍ਰਚਾਰ ਬੀ ਕਰਨਾ, ਘੋੜੇ ਦੀ ਸਵਾਰੀ ਬੀ ਕਰਨੀ, ਸ਼ਸਤ੍ਰ ਵੀ ਲਾਉਣੇ, ਬੀਤਰਾਗ ਬੀ ਹੋਣਾ ਫਿਰ ਪ੍ਰੇਮ ਦੀ ਦ੍ਰਵਣਤਾ ਦੀ ਭੀ ਅਵਧੀ ਹੋਣੀ। ਇਹ ਸਫਲ ਗਿਆਨ ਤੇ ਗਿਆਨਮਈ ਭਗਤੀ ਦਾ ਦਾਮਨਿਕ ਸ਼ਕਤੀ ਵਾਲਾ ਪਰਮ ਪਦ ਹੈ। ਡੇਰਾ ਲੁਟ ਜਾਏ ਤਾਂ ਬੀਤਰਾਗ ਹਨ, ਪ੍ਰਵਾਹ ਨਹੀਂ, ਮਾਲ ਵਾਪਸ ਆ ਜਾਏ ਤਾਂ ਬਫਾਉਣਾ ਨਹੀਂ। ਫੌਜ ਰੱਖਣੀ, ਰਿਆਸਤ ਟੋਰਨੀ, ਪ੍ਰਬੰਧ ਭਰਾ ਕਰੇ ਕਿ ਪੁੱਤਰ, ਪਰ ਆਪ ਸਿਰਕਰਦਗੀ ਤੋਂ ਪਰੇ ਨਹੀਂ ਹੋਣਾ। ਹਰ ਰੰਗ ਖੇਡਣਾ, ਹਰ ਰੰਗ ਹਰ ਥਾਵੇਂ ਪ੍ਰੀਤਮ ਤੱਕਣਾ। ਬਲ ਤੇ ਸ਼ਕਤੀ ਤੇ ਸੋਝੀ ਅੰਦਰ ਐਸੀ ਕਿ ਦੁਇ ਪੈਰ ਇਕ ਪਾਸੇ ਕਰਕੇ ਘੋੜੀ ਤੇ ਚੜ੍ਹਨਾ ਤੇ ਬਿਨਾਂ ਵਾਗ ਫੜੇ ਮੀਲਾਂ ਸਿਰਪੱਟ ਦੁੜਾਈ ਜਾਣਾ। ਜੋ ਅੰਤਰ ਮੁਖ ਮਗਨ ਹੋਣਾ ਤਾਂ ਕਈ ਕਈ ਦਿਨ ਰੰਗ ਰਸ ਵਿਚ ਜੁੜੇ ਰਹਿਣਾ।

ਕੁਝਕੁ ਪ੍ਰਸੰਗ ਆਪ ਦੇ ਇਸ ਸਮੇਂ ਦੇ ਇਸ ਪ੍ਰਕਾਰ ਦੇ ਮਿਲਦੇ ਹਨ:-

ਸੰਸਾਰਕ ਐਸ਼੍ਵਰਜ ਇੰਨਾਕੁ ਸੀ ਕਿ ਆਪ ਦੇ ਬੇਟੇ ਦਾ ਵਿਵਾਹ ਪਟਿਆਲੇ ਦੇ ਮਹਾਰਾਜ ਆਲਾ ਸਿੰਘ ਦੀ ਪੁੱਤ੍ਰੀ ਬੀਬੀ ਪਰਧਾਨ ਨਾਲ ਹੋਇਆ ਸੀ। ਦੂਜਾ ਪੁੱਤ੍ਰ ਅਨੂਪ ਸਿੰਘ ਸੀ, ਤੀਸਰਾ ਪੁੱਤ੍ਰ ਕਿਸ਼ਨ ਕੰਵਰ ਬਚਪਨ ਵਿਚ ਹੀ ਫਕੀਰੀ ਰੰਗ ਦਾ ਸੀ। ਇਹ ਬੱਚਾ ਕੋਈ ਕਰਾਮਾਤ ਦੀ ਗੱਲ ਕਰ ਬੈਠਾ, ਆਪ ਨੇ ਮਨ੍ਹੇਂ ਕੀਤਾ ਕਿ ਇਹ ਗੱਲ ਰਜ਼ਾ ਸਮਝੇ ਬਿਨਾਂ ਨਹੀਂ ਕਰੀਦੀ, ਤਾਂ ਬੱਚਾ ਸਰੀਰ ਤਿਆਗ ਗਿਆ। ਇਸ ਸਮੇਂ ਆਪ ਜ਼ਰਾ ਉਦਾਸ ਨਹੀਂ ਹੋਏ।

ਸ਼ਾਹ ਹਬੀਬ ਨਾਮੇ ਮੁਸਲਮਾਨ ਫਕੀਰ ਹੋਇਆ ਹੈ, ਇਹ ਸੱਯਦ ਸੀ। ਇਹ ਬਗ਼ਦਾਦ ਦਾ ਰਹਿਣ ਵਾਲਾ ਆਪਣੀ ਟੋਲ ਵਿਚ ਹੀ ਹਿੰਦੁਸਤਾਨ ਆ ਨਿਕਲਿਆ ਸੀ। ਆਪਣੀ ਜਗਿਆਸਾ ਵਿਚ ਇਹ ਹਰ ਫਕੀਰ ਨੂੰ ਮਿਲਦਾ ਸੀ ਪਰ ਠੰਢ ਕਿਤੋਂ ਨਾ ਪਈ। ਫਿਰ ਇਹ ਤਅੱਸਬ ਛੱਡਕੇ ਦੂਸਰੇ ਮਤਾਂ ਦੇ ਫਕੀਰਾਂ ਨੂੰ ਮਿਲਿਆ। ਅੰਤ ਬਾਬਾ ਜੀ ਪਾਸ ਆਇਆ, ਗੁਰਬਾਣੀ ਸੁਣੀ ਤੇ ਏਥੋਂ ਠੰਢ ਵਰਤੀ। ਭਾਈ ਜੀ ਤੋਂ ਸੁਖੀ ਹੋਕੇ ਇਹ ਇਥੇ ਹੀ ਟਿਕ ਗਿਆ। ਬਾਬਾ ਜੀ ਨੇ ਸ਼ਾਹ ਹਬੀਬ ਨੂੰ ਜ਼ਿਮੀ ਦੇਕੇ ਘਰ ਪਾ ਦਿਤਾ ਤੇ ਬਟਾਲੇ ਵਿਆਹ ਕਰ ਦਿਤਾ। ਇਹ ਸਜਣ ਧੰਨ ਗੁਰੂ ਨਾਨਕ ਜਪਦਾ ਇਥੇ ਹੀ ਚੜ੍ਹਿਆ। ਏਸ ਦੇ ਅਸਥਾਨ ਤੇ ਹੁਣ ਤਕ ਮੇਲਾ ਲਗਦਾ ਹੈ। ਬਾਬਾ ਜੀ ਦੀਆਂ ਆਪਦੇ ਸਬੰਧ ਵਿਚ ਕਈ ਕਰਾਮਾਤਾਂ ਪ੍ਰਸਿੱਧ ਹਨ।

ਇਹ ਬੀ ਪ੍ਰਸਿੱਧ ਹੈ ਕਿ ਬਾਬਾ ਗੁਰਬਖਸ਼ ਸਿੰਘ ਜੀ ਨੂੰ ਪ੍ਰਸ਼ਾਦ ਛਕਦਿਆਂ ਜਦੋਂ ਰਾਮਾ ਕਹੇ ਕਿ ਬ੍ਰਿੱਪ ਕੇ ਰਜ ਗਏ ਤਾਂ ਆਪ ਬਸ ਕਰ ਦੇਂਦੇ। ਐਸੀਆਂ ਗਲਾਂ ਲੋਕੀਂ ਐਸੇ ਰੰਗ ਵਿਚ ਵਰਣਨ ਕਰਦੇ ਹਨ ਕਿ ਜਿਸ ਤੋਂ ਆਪ ਐਨੇ ਬੇਸੁਰਤ ਲੱਗਣ ਕਿ ਅਪਣੇ ਰੱਜ ਜਾਣ ਵਲੋਂ ਵੀ ਬੇਹੋਸ਼ ਸਨ। ਜੇ ਐਸੀ ਗਲ ਹੋਵੇ ਬੀ ਤਾਂ ਕਦੀ ਕਦਾਈਂ ਹੋ ਸਕਦੀ ਹੈ, ਨਿਤ ਕ੍ਰਿਆ ਐਸੀ ਹੋਣੀ ਨਿਭਦੀ ਨਹੀਂ। ਗਲ ਇਹ ਮਸਤੀ ਦੀ ਨਹੀਂ ਪਰ ਧਿਆਨ ਦੀ ਹੁੰਦੀ ਹੈ। ਦੇਖੋ ਜੇ ਗਲਾਂ ਕਰਦਿਆਂ ਧਿਆਨ ਕਿਸੇ ਹੋਰ ਪਾਸੇ ਅੰਦਰੋਂ ਚਲਾ ਜਾਵੇ ਤੇ ਫੇਰ ਕਹੀਦਾ ਹੈ, ਮੈਂ ਸੁਣੀ ਨਹੀਂ ਜੀ, ਜ਼ਰਾ ਫੇਰ ਕਹਿਣਾ ਤੁਸਾਂ ਕੀ ਕਿਹਾ ਸੀ? ਇਹ ਗਲ ਹਰ ਕਿਸੇ ਦੇ ਤਜਰਬੇ ਵਿਚ ਆਉਂਦੀ ਹੈ। ਉਸ ਵੇਲੇ ਆਦਮੀ ਬੇਹੋਸ਼ ਨਹੀਂ ਹੁੰਦਾ, ਧਿਆਨ ਹੋਰ ਪਾਸੇ ਰੱਡ ਗਿਆ ਹੁੰਦਾ ਹੈ। ਤਿਵੇਂ ਆਪ ਪੱਕੇ ਧਿਆਨੀ ਅੰਤਰ ਮੁਖ ਲਿਵ ਵਿਚ ਸੇ, ਬੇਹੋਸ਼ ਨਹੀਂ ਸੇ। ਆਪ ਦਾ ਸਹਿਜ ਧਿਆਨ ਅਪਣੇ ਪ੍ਰੀਤਮ ਵਿਚ ਰਹਿੰਦਾ ਸੀ ਤੇ ਉਸ ਪਾਸੇ ਧਿਆਨ ਹੋਣ ਕਰਕੇ ਐਸੇ ਵਾਕੇ ਹੁੰਦੇ ਸਨ ਕਿ ਪ੍ਰਸ਼ਾਦ ਛਕਣ ਬੈਠੇ ਛਕੀ ਗਏ ਤੇ ਅੰਦਰਲਾ ਰੌ ਧਿਆਨ ਦਾ ਪ੍ਰਸ਼ਾਦਿ ਦੀ ਥਾਵੇਂ ਅਪਣੇ ਪ੍ਰਵਾਹ ਵਿਚ ਮਗਨ ਰਿਹਾ। ਰਾਮੇ ਡਿਠਾ ਕਿ ਔਖ ਨਾ ਹੋਵੇ ਤਾਂ ਉਸਨੇ ਅਵਾਜ਼ ਦਿਤੀ ਕਿ ਬਸ ਕਰੋ ਮਹਾਰਾਜ ਬਾਬੇ ਕੇ ਰੱਜ ਗਏ ਹਨ, ਤਾਂ ਆਪਦਾ ਧਿਆਨ ਪ੍ਰਸ਼ਾਦ ਵਲ ਆ ਗਿਆ। ਐਸੇ ਪ੍ਰਸੰਗ ਬਾਬਾ ਬੀਰ ਸਿੰਘ ਜੀ ਨੁਰੰਗਾਵਾਦ ਵਾਲਿਆਂ ਦੇ ਵੀ ਸੁਣੇ ਹਨ ਕਿ ਬਨ ਵਿਚ ਅਪਣੇ ਰੰਗ ਮਗਨ ਬੈਠੇ ਵਕਤ ਸਿਰ ਡੇਰੇ ਜਾਣ ਲਈ ਉਠਣਾ ਆਪ ਕਈ ਵੇਰ ਭੁੱਲ ਗਏ।

ਆਮ ਲੋਕੀ ਬ੍ਰਿਤੀ ਦੀ ਪ੍ਰਪੱਕਤਾ ਦੀ ਥਾਵੇਂ ਮਾਮੂਲੀ ਮਸਤੀ ਨੂੰ ਇਹ ਅਵਸਥਾ ਸਮਝਕੇ ਕਈ ਨਿੰਦ੍ਰਾਵਲੇ ਮਸਤਾਨੇ ਫਕੀਰਾਂ ਨੂੰ ਉੱਚਾ ਫਕੀਰ ਸਮਝ ਕੇ ਔਖਾਂ ਵਿਚ ਪੈ ਜਾਂਦੇ ਹਨ।

ਇਕ ਬੱਲੀ ਨਾਮੇ ਜੁਲਾਹਾ ਆਪ ਨੂੰ ਕਪੜੇ ਉਣਕੇ ਪੁਚਾਇਆ ਕਰਦਾ ਸੀ। ਬਾਰਾਂ ਬਰਸ ਉਣਾਈ ਨਾ ਮੰਗੀਓਸੁ ਤਾਂ ਇਕ ਵੇਰ ਉਹ ਬਸਤ੍ਰ ਲਿਆਇਆ। ਆਪ ਨੇ ਪੁਛਿਆ 'ਉਣਾਈ ਲੈ ਲਈ ਆ ਬੱਲੀ?' ਤਾਂ ਉਹ ਆਖਣ ਲਗਾ 'ਦਿਓ ਨਾ ਉਣਾਈ'। ਜਦ ਬਾਬਾ ਜੀ ਨੇ ਪਤਾ ਕੀਤਾ ਤਾਂ ਆਪ ਨੂੰ ਥਹੁ ਪਿਆ ਕਿ ਬਾਰਾਂ ਬਰਸ ਤੋਂ ਬੱਲੀ ਨੂੰ ਉਣਾਈ ਨਹੀਂ ਮਿਲੀ। ਆਪ ਨੇ ਹੱਸ ਕੇ ਹੁਕਮ ਦਿਤਾ 'ਸਾਰੀ ਉਣਾਈ ਗਿਣਕੇ ਬੱਲੀ ਦੇ ਪੱਲੇ ਪਾਓ।' ਤਦ ਬੱਲੀ ਨੇ ਹੱਥ ਬੱਧੇ ਤੇ ਬੇਨਤੀ ਕੀਤੀ 'ਹੁਣ ਮਾਯਾ ਨਾ ਮੈਨੂੰ ਦਿਓ; ਤੁਸੀਂ ਭੀ ਕੋਈ ਉਣਤ ਜਾਣਦੇ ਹੋ, ਮੇਰਾ ਬੀ ਕੋਈ ਤਾਣਾ ਪੇਟਾ ਉਲਝਿਆ ਪਿਆ ਹੈ। ਮਿਹਰ ਕਰਕੇ ਸੁਲਝਾ ਦਿਓ ਤੇ ਫੇਰ ਹੇਜਾ ਉਣ ਦਿਓ'। ਆਪ ਹੱਸ ਪਏ ਤੇ ਸਤਿਨਾਮ ਦਾ ਉਪਦੇਸ਼ ਦੇਕੇ ਗੁਰੂ ਕਾ ਸਿੱਖ ਬਣਾ ਲਿਆ। ਇਹ ਗੁਰੂ ਕਾ ਸਿੱਖ ਬੜਾ ਨਾਮੀ ਹੋਇਆ ਹੈ, ਜਿਸਦਾ ਸਥਾਨ ਹੁਣ ਤਕ 'ਪਨੌੜੇ' ਵਿਚ ਕਾਇਮ ਦੱਸੀਦਾ ਹੈ।

ਇਸੀ ਤਰ੍ਹਾਂ ਇਕ ਭਾਈ ਦਿਆਲਾ ਆਪਦੇ ਸਤਿਸੰਗ ਨਾਲ ਨਾਮ ਰਸੀਆ ਹੋਇਆ। ਇਸ ਨੂੰ ਨਾਲੇ ਨਾਮ ਦਾਨ ਦਿਤਾ ਤੇ ਨਾਲੇ ਇਸਦੇ ਨਾਮ ਦਾ ਦਿਆਲਪੁਰੀ ਪਿੰਡ ਭੀ ਬੰਨ੍ਹਕੇ ਉਸ ਨੂੰ ਦੇ ਦਿਤਾ। ਇਸ ਦਿਆਲ ਦਾਸ ਸੱਜਣ ਦੇ ਜਤਨ ਨਾਲ ਲੁਖਾਣੇ ਸਿਖਾਂ ਵਿਚ ਗੁਰ ਸਿਖੀ ਦਾ ਬਹੁਤ ਪ੍ਰਚਾਰ ਹੋਇਆ ਸੀ।

ਲੁੱਟ

ਜਦੋਂ ਨਾਦਰ ਨੇ ਆਕੇ ਲਾਹੌਰ ਲੁੱਟਿਆ ਹੈ ਤਾਂ ਇਹ ਲੁੱਟ ਸੱਜੇ ਖੱਬੇ ਸਾਰੇ ਪਾਸੇ ਪਸਰੀ ਸੁਣੀਂਦੀ ਹੈ। ਝੰਡੇ ਰਮਦਾਸ ਭੀ ਲੁੱਟ ਪਈ। ਲੁੱਟਣ ਵਾਲੇ ਅਫਸਰ ਨੂੰ ਜਦ ਪਤਾ ਲੱਗਾ ਕਿ ਇਸ ਨਗਰੀ ਦਾ ਮਾਲਕ ਫਕੀਰ ਤੇ ਫਕੀਰ ਦੋਸਤ ਹੈ ਤੇ ਹਿੰਦੂ ਮੁਸਲਮਾਨ ਨਾਲ ਸਮ ਵਰਤਦਾ ਹੈ ਤਾਂ ਆਪ ਪਾਸ ਆ ਪਹੁੰਚਾ; ਜਾਂ ਸਲਾਮ ਕਰਕੇ ਬਹਿ ਗਿਆ ਤਾਂ ਕਹਿਣ ਲੱਗਾ 'ਬਾਬਾ ਜੀ! ਆਪ ਦੀ ਲੁੱਟ ਨਹੀਂ ਸੀ ਪੈਣੀ ਪਰ ਅਣਜਾਣੇ ਪੈ ਗਈ ਹੈ। ਹੁਣ ਆਪ ਦੱਸ ਦਿਓ ਆਪ ਦਾ ਜਿਤਨਾ ਕੁ ਨੁਕਸਾਨ ਹੋਇਆ ਹੈ ਤਾਂ ਮੈਂ ਮੁੜਵਾ ਘੱਲਾਂ'। ਆਪ ਨੇ ਚੁਫੇਰੇ ਤੱਕਿਆ, ਹੱਸੇ ਤੇ ਕਹਿਣ ਲਗੇ:- 'ਬਾਜ਼ਾਂ ਦੇ ਡੋਰੇ ਨਹੀਂ ਦਿੱਸਦੇ, ਇਹ ਜੇ ਮਿਲ ਜਾਣ ਤਾਂ ਮੋੜ ਘੱਲਣੇ! ਇਹ ਸੁਣਕੇ ਇਸ ਨੂੰ ਅਚਰਜ ਹੋਇਆ ਕਿ ਸਾਰਾ ਘਰ ਬਾਰ ਲੁਟਿਆ ਗਿਆ, ਇਸ ਸਾਈਂ ਲੋਕ ਨੂੰ ਪਰਵਾਹ ਨਹੀਂ, ਪਰ ਮੈਨੂੰ ਖ਼ਬਰੇ ਰਮਜ਼ ਮਾਰੀ ਹੈਨੇ ਕਿ ਮੈਨੂੰ ਬਾਜ਼ਾਂ ਦੇ ਡੋਰੇ ਜਿੰਨੀ ਪੀੜ ਨਹੀਂ, ਯਾ ਇਨ੍ਹਾਂ ਨੂੰ ਲੁੱਟ ਪਈ ਦਾ ਪਤਾ ਹੀ ਨਹੀਂ ਹੈ। ਇਹ ਸੋਚਕੇ ਜੀ ਕੀਤੋਸੁ ਕਿ ਪ੍ਰੀਖਜਾ ਕਰਾਂ ਜੇ ਸਚਮੁਚ ਵਲੀ ਹਨ ਤਾਂ ਕਰਾਮਾਤ ਦੱਸਣ ਵਿਚ ਪੂਰੇ ਉਤਰਨ। ਸੋ ਮੁਆਜਜ਼ਾ ਦੇਖਣ ਦੀ ਦਿਲ ਵਿਚ ਠਾਣਕੇ ਕਹਿਣ ਲਗਾ ਭਾਈ ਸਾਹਿਬ ਸਾਡੇ ਨਾਲ ਲਾਹੌਰ ਚੱਲੋ। ਆਪ ਨੇ ਕਿਹਾ ਸਤਿ ਬਚਨ। ਘੋੜੀ ਤੇ ਆਪਣੇ ਮੁਭਾਵ ਮੂਜਬ ਇਕ ਪਾਸੇ ਲੱਤਾਂ ਕਰਕੇ ਬਹਿ ਗਏ ਤੇ ਬਿਨਾਂ ਲਗਾਮ ਟੋਰ ਦਿਤੀ। ਮਨਸਬਦਾਰ ਸਮਝਦਾ ਸੀ ਕਿ ਡਿੱਗਣਗੇ, ਪਰ ਉਹ ਅਡੋਲ ਪੁਜ ਗਏ। ਲਾਹੌਰ ਪੁੱਜਕੇ ਡੇਰਾ ਕਰਾ ਦਿੱਤਾ। ਅਗਲੇ ਦਿਨ ਆਕੇ ਮਿਲਿਆ ਤੇ ਕਰਾਮਾਤ ਦੇਖਣ ਲਈ ਜ਼ਰਾ ਵਧੇਰੇ ਗਰਮ ਪਾਣੀ ਦਾ ਕੜਾਹਾ ਇਸ਼ਨਾਨ ਲਈ ਦਿੱਤਾ। ਪਰ ਭਾਈ ਜੀ ਸੀਤਲ ਜਲ ਵਾਂਙੂ ਇਸ਼ਨਾਨ ਕਰ ਗਏ। ਫੇਰ ਇਕ ਮਸਤ ਹਾਥੀ ਲੈ ਆਂਦਾ, ਪਰ ਹਾਥੀ ਨੇ ਆਪ ਨੂੰ ਕੁਚਲਿਆ ਨਾ ਸਗੋਂ ਸਿਰ ਤੇ ਚਾਕੇ ਬਿਠਾ ਲਿਆ! ਇਕ ਦਿਨ ਇਕ ਬੜੀ ਅੜੀਅਲ ਘੋੜੀ ਤੇ ਆਪ ਨੂੰ ਬਿਠਾ ਦਿਤਾ ਗਿਆ ਤੇ ਹਾਕਮ ਜੀ ਆਪ ਨੂੰ ਸ਼ਿਕਾਰ ਨਾਲ ਲੈ ਟੁਰੇ। ਭਾਈ ਜੀ ਉਸ ਘੋੜੀ ਤੇ ਸ਼ਿਕਾਰ ਬੀ ਹੋ ਆਏ! ਇਸ ਤਰ੍ਹਾਂ ਦੇ ਕਰਾਮਾਤਾਂ ਦੇ ਪ੍ਰਸੰਗ ਲਿਖੇ ਤੇ ਜ਼ੁਬਾਨੀ ਮਿਲਦੇ ਹਨ। ਜਾਪਦਾ ਹੈ ਕਿ ਆਪ ਨੂੰ ਲੁੱਟ ਦੇ ਮਗਰੋਂ ਲਾਹੌਰ ਲੈ ਗਏ ਸਨ, ਪਰ ਓਥੇ ਜਾਕੇ ਆਪ ਦੀ ਫਕੀਰੀ ਤਾਕਤ ਤੇ ਬਜ਼ੁਰਗੀ ਦਾ ਹਾਲ ਪਤਾ ਲੱਗਣ ਤੇ ਆਪ ਮਾਲ ਮਤੇ ਸਮੇਤ ਸਨਮਾਨ ਨਾਲ ਵਾਪਸ ਟੋਰੇ ਗਏ।

ਬਾਬਾ ਜੀ ਢੇਰ ਚਿਰ ਜੀਵੇ ਹਨ, ਬਾਬੇ ਬੰਦੇ ਦਾ ਸਮਾਂ, ਪੰਥ ਦੀ (ਔਖੀ) ਹਾਲਤ, ਅਬਦੁਲ ਸਮੱਦ

ਖਾਂ ਦੀਆਂ ਤੇ ਜ਼ਕਰੀਆਂ ਖਾਂ ਦੀਆਂ ਵਹਿਸ਼ੀਆਨਾ ਜ਼ੁਲਮੀਆਂ ਤੱਕੀਆਂ ਹਨ। ਨਾਦਰ ਦੀ ਲੁੱਟ ਭੀ ਡਿੱਠੀ, ਖੇਚਲ ਭੀ ਝੱਲੀ। ਬਾਬਾ ਦੀਪ ਸਿੰਘ ਦਾ ਸਮਾਂ ਡਿੱਠਾ ਹੈ। ਸ਼ਹੀਦਾਂ ਦਾ ਸਮਾਂ ਤੇ ਮੀਰ ਮੰਨੂੰ ਦੀਆਂ ਕਤਲਾਮਾਂ ਵੇਖੀਆਂ ਸੁਣੀਆਂ ਹਨ। ਫੇਰ ਪੰਥ ਦਾ ਉੱਚਾ ਪਲੜਾ ਹੁੰਦਾ ਭੀ ਡਿਠਾ। ਨਵਾਬ ਕਪੂਰ ਸਿੰਘ ਦਾ ਸਮਾਂ ਡਿੱਠਾ ਤੇ ਬਾਬਾ ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਵਿਚ ਪੰਥ ਦੀ ਉਚਜਾਈ ਹੁੰਦੀ ਭੀ ਨਜ਼ਰੇ ਪਈ। ਆਪ ਕਿਹਾ ਭੀ ਕਰਦੇ ਸੀ ਕਿ ਅੰਤ ਖਾਲਸਾ ਬਲੀ ਹੋਕੇ ਪਏਗਾ। ਜਦ ਸਰੀਰ ਚੰਗਾ ਬਿਰਧ ਹੋ ਗਿਆ ਤਾਂ ਸਰਦਾਰੀ ਤੇ ਚੌਧਰ ਪੁੱਤ੍ਰ ਮੋਹਰ ਸਿੰਘ ਦੇ ਸਪੁਰਦ ਕੀਤੀ ਤੇ ਆਪ ਕਸ਼ਮੀਰ ਦੀ ਸੈਰ ਕਰਦੇ ਨੈਣੇ ਦੇ ਕੋਟ ਆ ਗਏ। ਇਥੇ ਆਪ ੨੧ ਸਾਵਣ ਸੰਮਤ ੧੮੧੮ ਤਕ ਟਿਕੇ ਰਹੇ, ਜਿਸ ਦਿਨ ਕਿ ਆਪ ਗੁਰਸਿਖੀ ਦੇ ਝੰਡੇ ਝੁਲਾਉਂਦੇ ਨੈਣਾ ਵਾਲੇ ਦੇ ਦੇਸ਼ ਅੱਪੜ ਗਏ! ਆਪਦਾ ਜੀਵਨ ਗੁਰੂ ਪ੍ਰੇਮ ਦੀ ਅਵਧੀ ਸੀ। ਆਪਦਾ ਨਿਸ਼ਚਾ ਅਹਿੱਲ ਤੇ ਅਡੋਲ ਵਸਤੂ ਸੀ। ਆਪਦੀ ਭਗਤੀ ਦੀ ਅਵਸਥਾ ਬੇ ਮਿਸਾਲ ਸੀ। ਆਪ ਦੇ ਹਿਦੇ ਪੂਰਨ ਗਿਆਨ ਸੀ ਤੇ ਆਪ ਨੂੰ ਕੋਈ ਅਗੰਮੀ ਸਾਰ ਸੀ ਉੱਚ ਮੰਡਲਾਂ ਦੀ। ਆਪ ਦਾ ਨਿਰਮਲ ਟਿਕਾਉ ਸੀ ਆਪੇ ਵਿਚ ਤੇ ਪਰਮ ਆਪੇ ਨਾਲ ਮੇਲ ਸੀ ਆਪ ਦਾ। ਆਪ ਪੂਰਨ ਗਯਾਨੀ ਤੇ ਮਹਾਂਪੁਰਖ ਸੇ ਜਿਨ੍ਹਾਂ ਦੇ ਅੰਦਰ ਪ੍ਰੇਮ ਤੇ ਗਯਾਨ ਇਕ ਰੂਪ ਹੋ ਵਰਤੇ ਸਨ। ਜਿਕੂੰ ਆਪ ਨੇ ਸਤਿਗੁਰ ਨਾਲ ਨਿਬਾਹੀ ਤੇ ਪ੍ਰੇਮ ਪਾਲਿਆ, ਜਿਕੂੰ ਨਿਜਾਨੰਦ ਵਿਚ ਮਗਨ ਰਹਿੰਦੇ ਹੋਏ ਪ੍ਰਚਾਰ ਕੀਤੇ, ਸਿਖੀ ਫੈਲਾਈ, ਕਥਾ ਕੀਤੀਆਂ, ਸਾਖੀਆਂ ਲਿਖੀਆਂ ਓਹ ਕਮਾਲ ਦੀਆਂ ਕਾਰਾਂ ਹੈਨ।

ਸੂਚਨਾ-ਸਤਿਗੁਰੂ ਜੀ ਅਪਣੇ ਸਫਰ ਵਿਚ ਰਾਜਿਆਂ ਦੇ ਦੇਸ਼ ਵਿਚ ਦੀ ਦੱਖਣ ਨੂੰ ਜਾ ਰਹੇ ਹਨ। ਕੁਲਾਯਤ ਤੋਂ ਬਾਦ ਆਪ ਜੀ ਦਾ ਮੁਕਾਮ ਬਘੌਰ ਹੋਇਆ, ਇਥੇ ਸੁਧ ਆਈ ਕਿ ਔਰੰਗਜ਼ੇਬ ਮਰ ਗਿਆ ਹੈ, ਇਥੇ ਹੀ ਭਾਈ ਨੰਦ ਲਾਲ ਜੀ ਬਹਾਦਰਸ਼ਾਹ ਦੀ ਬੇਨਤੀ ਲੈਕੇ ਮਿਲੇ ਤੇ ਆਪ ਪਿਛੇ ਮੁੜੇ ਤੇ ਦਿੱਲੀ ਆਏ। ਬਹਾਦਰਸ਼ਾਹ ਦਾ ਤਾਰਾਆਜ਼ਮ ਨਾਲ ਜੁੱਧ ਜੇਜੂ ਦੇ ਮੁਕਾਮ ਪਰ ਹੋਇਆ। ਤਾਰਾਆਜ਼ਮ ਮਾਰਿਆ ਗਿਆ ਤੇ ਬਹਾਦਰ ਸ਼ਾਹ ਜੁੱਧ ਜਿੱਤ ਕੇ ਹਿੰਦ ਦਾ ਪਾਤਸ਼ਾਹ ਹੋ ਗਿਆ। ਸ੍ਰੀ ਗੁਰੂ ਜੀ ਦਿਲੀ ਤੋਂ ਮਥੁਰਾ, ਮਥੁਰਾ ਤੋਂ ਬ੍ਰਿੰਦਾਬਨ ਤੇ ਏਥੋਂ ਆਗਰੇ ਆਏ। ਪਾਤਸ਼ਾਹ ਨੇ ਮੁਲਾਕਾਤ ਲਈ ਆਦਰ ਨਾਲ ਸਦਵਾ ਘੱਲਿਆ। ਗੁਰੂ ਜੀ ਜਦ ਗਏ ਤਾਂ ਬੜੇ ਸਨਮਾਨ ਨਾਲ ਮਿਲਿਆ, ਇਕ ਕਲਗੀ, ਇਕ ਧੁਕਧੁਕੀ ਤੇ ਕੀਮਤੀ ਖਿਲਅਤ ਸਮੇਤ ਪੇਸ਼ ਕਰਕੇ ਸ਼ੁਕਰੀਆ ਅਦਾ ਕੀਤਾ[1], ਜੋ ਗੁਰੂ ਜੀ ਨੇ ਅਪਣੇ ਨਾਲ ਦੇ ਸੇਵਕ ਤੋਂ ਚੁਕਵਾ ਲਏ ਤੇ ਆਦਰ ਕੀਤੇ ਜਾ ਰਹੇ ਨਾਲ ਵਿਦਾ ਹੋਏ[2]। ਜਾਪਦਾ ਹੈ ਕਿ ਮੁਲਾਕਾਤ ਫੇਰ ਬੀ ਹੁੰਦੀ ਰਹੀ ਹੈ। ਇਕ ਦਿਨ ਦੀ ਵਾਰਤਾ ਅਗਲੀ ਕਵਿਤਾ ਵਿਚ ਨਮੂਨੇ ਮਾਤ੍ਰ ਦਰਜ ਹੈ:-

੯੧. ਬਹਾਦਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ*

{ਇਕ ਗੁਫਤਗੂ}

ਬਹਾਦਰਸ਼ਾਹ-ਏਕ ਖੁਦਾਇ ਜੀ ਏਕ ਖੁਦਾਇ!
ਗੁਰੂ ਜੀ-ਤੀਨ ਖੁਦਾ ਭਈ ਤੀਨ ਖੁਦਾਇ।

---

੧. ਇਹ ਸ਼ੈ ਸੱਠ ਹਜ਼ਾਰ ਰੁਪੈ ਦੀ ਦਸੀ ਜਾਂਦੀ ਹੈ। ੨. ਇਹ ਵਾਰਤਾ ਗੁਰ ਸ਼ੋਭਾ ਵਿਚ ਲਿਖੀ ਹੈ। ਦੂਸਰੇ ਮੁਗਲ ਪਾਤਸ਼ਾਹ ਦੀ ਦਿਤੀ ਖਿਲਅਤ ਆਦਿ ਨੂੰ ਪਹਿਨਣਾ ਨਾ ਤੇ ਚੁਕਵਾਕੇ ਲੈ ਆਉਣਾ ਕੇਵਲ ਉਹ ਕਰ ਸਕਦੇ ਸਨ ਜੋ ਪਾਤਸ਼ਾਹ ਵਲੋਂ ਦੀਨ ਦੇ ਬਜ਼ੁਰਗ ਸਮਝਕੇ ਸਨਮਾਨੇ ਜਾਂਦੇ ਸਨ। ਜਿਸ ਤੋਂ ਸਪਸ਼ਟ ਹੈ ਕਿ ਪਾਤਸ਼ਾਹ ਉਨ੍ਹਾਂ ਨੂੰ ਦੀਨ ਦੇ ਬਜ਼ੁਰਗ ਸਮਝਕੇ ਆਦਰ ਕਰਦਾ ਸੀ।

*ਇਹ ਪ੍ਰਸੰਗ ੧੪ ਪੋਹ ਸੰ: ਗੁ: ਨਾ: ਸਾ: ੪੪੮ (੨੮ ਦਸੰਬਰ ੧੯੧੬) ਗੁਰਪੁਰਬ ਸਪਤਮੀ ਸਮੇਂ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਬਹਾਦਰ ਸ਼ਾਹ-ਦੇਵੋ ਸਤਿਗੁਰ ਮੋਹਿ ਬਤਾਇ। ਤੀਨ ਖੁਦਾ ਕਿ ਏਕ ਖੁਦਾਇ?
ਗੁਰੂ ਜੀ-ਤੀਨ ਖੁਦਾ ਬਈ ਤੀਨ ਖੁਦਾਇ।
ਬਹਾਦਰ ਸ਼ਾਹ-ਦੇਵੋ ਗੁਰੂ ਜੀ ਭੇਦ ਬਤਾਇ।
ਗੁਰੂ ਜੀ-ਏਕ ਖੁਦਾ ਜਿਸ ਕਹੋ ਖੁਦਾਇ, ਖਜਾਲ ਤੁਸਾਡੇ ਲਿਆ ਬਨਾਇ।
ਦੂਸਰੇ ਸੌ ਜੋ ਰਾਮ ਕਹਾਇ, ਪਰ ਜੋ ਤੁਹਾਡੇ ਦਿਲ ਨਹੀਂ ਭਾਇ।
ਖਜਾਲ ਵਿਚ ਦੋ ਭਏ ਖ਼ੁਦਾਇ, ਦੋਇ ਖੁਦਾਇ ਏ ਦੋਇ ਖ਼ੁਦਾਇ।
ਬਹਾਦਰ ਸ਼ਾਹ-ਸਮਝੀ ਨਹੀਂ ਫਿਰ ਦਿਓ ਸੁਝਾਇ। ਆਖੋ ਤੁਸਾਂ ਜ਼ੁ ਦੋਇ ਖ਼ੁਦਾਇ।
ਗੁਰੂ ਜੀ-ਏਕ ਖੁਦਾ ਜੋ ਰਾਮ ਕਹਾਇ, ਦਿਲ ਤੁਹਾਡੇ ਨੂੰ ਜੋ ਨਹੀਂ ਭਾਇ।
ਜੋ ਕੁਈ ਸਿਮਰੇ ਏਸ ਖੁਦਾਇ, ਮੁਸਲਿਮ ਉਸ ਨੂੰ ਦੁੱਖ ਦਿਵਾਇ।
ਦੂਜੇ, ਜਿਸ ਨੂੰ ਕਹੋ ਖੁਦਾਇ, ਆਖੁ, ਭਿਸ਼ਤੀਂ ਲਏ ਸਦਾਇ।
ਦੋਵੇਂ ਖਜਾਲੀ ਏਹ ਖ਼ੁਦਾਇ, ਵਹਿਮ ਆਪ ਦੇ ਰਿਹਾ ਸਮਾਇ।
ਸਮਝ ਤੁਹਾਡੀ ਵੈਰ ਵਿਰਾਇ, ਉਸ ਲੀਤੇ ਦੋ ਰੱਬ ਬਨਾਇ।
ਦੋਵੇਂ ਖਜਾਲੀ ਤੁਸਾਂ ਖੁਦਾਇ। ਤੀਜਾ ਸੱਚਾ ਮੁਣੋਂ ਖੁਦਾਇ,
'ਅਕਾਲ ਮੂਰਤੀ' ਓਹ ਖੁਦਾਇ, ਸਾਰੀ ਸ੍ਰਿਸ਼ਟੀ ਪਜਾਰ ਕਰਾਇ,
ਨਾਮ ਅਨਿਕ ਪੈ ਏਕ ਖੁਦਾਇ। ਖਜਾਲ ਫਿਕਰ ਤੋਂ ਪਰੇ ਰਹਾਇ,
ਓਹੋ ਅੱਲਾ ਆਪ ਖੁਦਾਇ, ਓਹੋ ਰਾਮ ਰਹੀਮ ਕਹਾਇ,
ਓਹੋ ਕਾਦਰ ਕਰਮ ਕਰੀਮ, ਓਹੋ ਕਿਰਪਾ ਧਾਰ ਕਰੀਮ।
ਤੀਜਾ ਸਭ ਦਾ ਏਹ ਖੁਦਾਇ, ਅਸਲੀ ਅਸਲੀ ਸੱਚ ਖੁਦਾਇ,
ਜੋ ਇਸਦੀ ਸ਼ਰਨੀ ਪੈ ਜਾਇ, ਮੁਕਤੀ ਉਸਦੀ ਹੈ ਹੋ ਜਾਇ।
ਸੁਣਕੇ ਪੈਰੀਂ ਪੈ ਗਿਆ, ਸ਼ਾਹ ਬਹਾਦਰ ਸ਼ਾਹ!
ਆਖੇ ਆਖਿਆ ਸੱਚ ਜੇ, ਸਚੇ ਹੋ ਪਾਤਸ਼ਾਹ!

ਸੂਚਨਾ-ਆਗਰੇ ਪਾਤਸ਼ਾਹ ਨਾਲ ਦੇਸ਼ ਦੇ ਸੁਖ ਸ਼ਾਂਤੀ ਲਈ ਤੇ ਉਸਦੇ ਜੰਗ ਤੋਂ ਪਹਿਲੋਂ ਦੇ ਕੀਤੇ ਇਕਰਾਰਾਂ ਦੇ ਪੂਰਾ ਕਰਨ ਦੇ ਮਾਮਲੇ ਨਿਜੱਠੇ ਜਾਣ ਦੇ ਯਤਨ ਹੁੰਦੇ ਰਹੇ। ਆਸ ਸੀ ਕਿ ਫੈਸਲੇ ਹੋ ਜਾਣ ਤੇ ਆਪ ਅਨੰਦਪੁਰ ਨੂੰ ਮੁੜ ਪੈਂਦੇ ਪਰ ਪਾਤਸ਼ਾਹ ਦੀ ਪਹਿਲੇ ਕਛਵਾਹੇ ਦੇ ਰਾਜਪੂਤਾਂ ਤੇ ਹਮਲਾ ਕਰਨ ਦੀ ਸਲਾਹ ਹੋਈ ਤੇ ਫੇਰ ਦਖਣ ਤੋਂ ਕਾਮ ਬਖਸ਼ ਦੀ ਬਗ਼ਾਵਤ ਦੀ ਖਬਰ ਸੁਣਕੇ ਪਾਤਸ਼ਾਹ ਛੇਤੀ ਟੁਰ ਪਿਆ ਤੇ ਗੁਰੂ ਜੀ ਬੀ ਦੱਖਣ ਨੂੰ ਟੁਰ ਪਏ। ਜੋ ਰਾਹ ਵਿਚ ਗੱਲਾਂ ਤੈ ਹੋ ਜਾਣਗੀਆਂ। ਇਉਂ ਜਦ ਆਗਰੇ ਤੋਂ ਦਖਣ ਨੂੰ ਟੁਰੇ ਤੇ ਬੁਰਹਾਨ ਪੁਰ ਆਏ, ਓਥੇ ਸਤਿਗੁਰ ਜੀ ਨੇ ਠਹਿਰਨ ਤੇ ਇਲਾਹੀ ਦਾਤਾਂ ਦੇਣ ਦਾ ਜੋ ਪ੍ਰਸੰਗ ਵਰਤਿਆ ਸੋ ਅਗਲੇ ਪ੍ਰਸੰਗ ਵਿਚ ਹੈ:-

੯੨. ਯੋਗੀ ਜੀਵਣ ਦਾਸ*

੧.

ਤਾਪਤੀ ਨਦੀ, ਮੁਲਤਾਈ ਤੋਂ ਕੁਛ ਮੀਲ ਉਚੇਰੇ ਥਾਉਂ ਤੋਂ ਜਨਮ ਲੈਕੇ, ਹੇਠਾਂ ਉਤਰਾਈ ਕਈ ਵਲ ਫੇਰ ਖਾਂਦੀ, ਅਪਣੇ ਮਤਵਾਲੇ ਰੰਗਾਂ ਵਿਚ ਅਠਖੇਲੀਆਂ ਕਰਦੀ, ਪੱਛੋਂ ਨੂੰ ਵਹਿੰਦੀ ਸਾਗਰ ਨੂੰ ਮਿਲਨੇ ਤੇ ਉਮ ਵਿਚ ਆਪਾ ਅਰਪਨ ਕਰਨੇ ਨੂੰ ਜਾ ਰਹੀ ਹੈ। ਇਸ ਦੇ ਕਿਨਾਰੇ, ਉੱਤਰ ਦੇ ਪਾਸੇ, ਓਸ ਕੁ ਟਿਕਾਣੇ ਕਿ ਜਿਥੇ ਬੁਰਹਾਨ ਪੁਰ ਸ਼ਹਿਰ ਹੁਣ ਤਾਈਂ ਵੱਸਦਾ ਹੈ, ਇਕ ਰਮਣੀਕ ਥਾਵੇਂ ਇਕ ਵੱਡੀ ਉਮਰਾ ਦੇ ਸੰਤ ਬੈਠੇ ਹਨ। ਖੜ ਪੁੱਗੀ ਹੋਈ ਹੈ, ਪਰ ਸਰੀਰ ਅਰੋਗ ਹੈ, ਚਿਹਰੇ ਦਾ ਚਮੜਾ ਕੁਛ ਰਤਾ ਰਤਾ ਝੁਰੀਆਂ ਲੈ

*ਇਹ ਪ੍ਰਸੰਗ ੪ ਮਾਘ ਸੰ: ਗੁ: ਨਾ: ਸਾ: ੪੫੫ (੨੭ ਜਨਵਰੀ ੧੯੨੪) ਨੂੰ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਰਿਹਾ ਹੈ, ਪਰ ਰੰਗ ਅਜੇ ਬੀ ਲਾਲ ਹੈ। ਬੁਢਾਪੇ ਵਿਚ ਜੋ ਕੁਦਰਤ ਨੇ ਆਂਦਾ ਹੈ, ਸਾਧੂ ਦੀ ਕਿਸੇ ਸ਼ੁਭ ਕਰਨੀ ਦੇ ਕਾਰਨ ਅਜੇ ਜੁਆਨੀ ਵਾਲੀ ਸੁਰਜੀਤਤਾਈ ਹੈ। ਬੁਢਾਪੇ ਦੇ ਸਾਰੇ ਲੱਛਣ ਪ੍ਰਗਟ ਹੋ ਚੁਕੇ ਹਨ, ਪਰ ਜੁਆਨੀ ਦੀਆਂ ਲਸਾਂ ਅਜੇ ਬੀ ਦਮਕ ਰਹੀਆਂ ਹਨ। ਇਸ ਵੇਲੇ ਆਪ ਦੱਖਣ ਵੱਲ ਮੂੰਹ ਕਰਕੇ ਬੈਠ ਨਦੀ ਦੇ ਤ੍ਰੰਗਾਂ ਨੂੰ ਦੇਖਦੇ ਹਾਹੁਕਾ ਲੈਕੇ ਕਹਿ ਰਹੇ ਹਨ:-ਕਦੇ ਉਦਾਸ ਹੋ ਹੋ ਗਾਉਂਦੇ ਹੁੰਦੇ ਸਾਂ **'ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਮਾਸ ਹਿਰੇ॥'**{ਆਸਾ: ਮ:੪-੨੧} ਜੋਬਨ ਚਲਾ ਗਿਆ ਤੇ ਹੁਣ ਤਾਂ ਬੁਢੇਪਾ ਬੀ ਜਾ ਰਿਹਾ ਹੈ, ਹੇ **'ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥ ਹਰਿ ਗੁਰੁ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ॥'**{ਆਸਾ: ਮ: ੪-੨੧} ਹੁਣ ਤਾਂ ਘਰ ਵੱਸੋ, ਹੇ ਦਾਤਾ! ਹੁਣ ਤਾਂ ਦਰਸ਼ਨ ਦੇਹੁ? ਹੁਣ ਤਾਂ 'ਜਮ ਸਾਸੁ ਹਿਰੇ' ਤੋਂ ਅੱਗੇ ਜਮ ਸਿਰ ਤੇ ਖੜਾ ਹੋਊ (ਤ੍ਰੱਬਕ ਕੇ) ਹਾਂ ਸ੍ਵਾਸ ਮੁਕਣ ਤੇ ਹੋਣਗੇ।...(ਸੋਚਕੇ) ਜਮ ਦਾ ਮੇਰੇ ਨਾਲ ਕੀਹ ਕੰਮ ਹੈ? ਮੇਰੇ ਸਿਰ ਤੇ ਸੂਰੇ ਦਾ ਹਥ ਹੈ।...(ਫਿਰ ਨੈਣ ਭਰਕੇ) ਆਹ ਉਮਰਾ ਬੀਤ ਗਈ, ਮਨ ਦੀ ਮੁਰਾਦ ਨਾ ਬਰ ਆਈ। ਦਰਸ਼ਨ, ਫੇਰ ਦਰਸ਼ਨ ਨਾ ਹੋਏ, ਹੋਣਗੇ, ਜ਼ਰੂਰ ਹੋਣਗੇ, ਇਹ ਅਮਰ ਵਾਕ ਹੈ, ਟਰੇਗਾ ਨਹੀਂ। ਇਹ ਕਹਿੰਦਿਆਂ ਫੇਰ ਨੈਣ ਭਰ ਆਏ.....ਹਾਂ ਕਦੋਂ ਸੀ.....ਹੈਂ ਜੀ.....ਚਾਲੀ ਕਿ ਵੱਧ ਕਿ ਕੁਛ ਘੱਟ? ਐਨੀਆਂ ਬਰਸਾਂ! ਵਿਚ ਵਿਛੋੜੇ ਮੈਂ ਲੰਘਾ ਲਈਆਂ! ਪਾਪੀ ਸ਼ਰੀਰ ਵਿਛੁੜਕੇ ਜੀਉਂਦਾ ਹੀ ਰਿਹਾ? ਆਹ! ਪਰ ਦਾਤੇ ਦੀ ਦਾਤ, ਜਦ ਦੇ ਮਿਲੇ ਹਾਂਡ ਮਿਟ ਗਈ, ਟਿਕਾਣਾ ਆ ਗਿਆ, ਟਿਕਕੇ ਬਹਿ ਗਿਆ। ਸਾਈਂ ਦੀ ਯਾਦ ਲੱਝ ਗਈ ਤੇ ਫੇਰ ਨਾ ਭੁੱਲੀ। ਨੇਹੁੰ ਮਿਲਿਆ ਮਿਹਰ ਨਾਲ, ਪਰ ਹੁਣ ਕੋਈ ਸੋਇ ਲਿਆਵੇ ਨਾ ਕਿ ਹੇ ਬੁਢੇ! ਜਿਸ ਨੂੰ ਤੂੰ ਐਨੇ ਵਰ੍ਹੇ ਸਿਮਰਿਆ ਹੈ, ਉਹ ਬੀ ਤੈਨੂੰ ਪਿਆਰ ਕਰਦਾ ਹੈ। ਮੈਨੂੰ ਤਾਂ ਕ੍ਰਿਪਣ ਤਪੀਏ ਨੂੰ ਉਸ ਨਾਲ ਪਿਆਰ-ਬ੍ਰਹਮ-ਪੁੱਤ੍ਰਾ ਦੇ ਕਿਨਾਰੇ-ਦਾਤ ਵਿਚ ਅਣ-ਮੰਗਿਆ ਦਾਨ ਮਿਲ ਗਿਆ ਸੀ, ਪਰ ਸੱਧਰ ਇਹ ਰਹੀ **'ਜਿਤੁ ਸੁਣਿ ਧਰੇ ਪਿਆਰੁ'** ਉਹ ਕੀ 'ਬੋਲਣ ਬੋਲੀਏ?' 'ਓਹ ਮੈਨੂੰ ਪਜਾਰ ਕਰੇ', ਇਹ ਸਿੱਕ ਕਿਵੇਂ ਪੂਰੀ ਹੋਵੇ। ਹਾਂ ਸੱਚ ਨਾਮ ਮਿਲਿਆ, ਬਾਣੀ ਮਿਲੀ, ਮਿਹਰ ਹੋਈ ਪਰ 'ਉਹ ਮੈਨੂੰ ਪਿਆਰ ਕਰੇ, ਉਹ ਮੇਰੇ ਨਾਲ 'ਧਰੇ ਪਿਆਰੁ' ਇਹ ਸੱਧਰ ਰਹੀ। ਹਾਂ, ਉਹ ਅਰੂਪ ਅਰੇਖ, ਅਰੰਗ, ਮੈਂ ਖੋਚੇ ਨੂੰ ਪਿਆਰ ਕਰੇ? ਕਿਉਂ ਕਰੇ (ਭੁੱਖ ਨਿਕਲ ਗਈ)? ਮੇਰੇ ਵਿਚ ਕੀਹ ਗੁਣ? **'ਵਿਣੁ ਗੁਣ ਕੀਤੇ ਭਗਤਿ ਨ ਹੋਇ'** ਇਹ ਤਾਂ ਮੇਰੀ ਹਾਲਤ ਹੈ। ਮੇਰੇ ਵਿਚ ਗੁਣ ਹੀ ਕੋਈ ਨਹੀਂ, ਸਗੋਂ **'ਸਭਿ ਗੁਣ ਤੇਰੇ ਮੈ ਨਾਹੀ ਕੋਇ'**॥ (ਉੱਪਰ ਤੱਕਕੇ) ਹਾਂ ਤ੍ਰੁੱਠ ਨਾ ਅਜ ਤਾਪਤੀ ਦੇ ਕਿਨਾਰੇ, ਜਿਵੇ ਤ੍ਰੁੱਠਾ ਸੈਂ ਬ੍ਰਹਮ ਪੁੱਤ੍ਰਾ ਦੇ ਕਿਨਾਰੇ, ਇਨ੍ਹਾਂ ਠੁੱਲੇ ਨੈਣਾਂ ਨੂੰ, ਮਿਟ ਰਹੇ ਨੈਣਾਂ ਨੂੰ ਦੇਹਿ ਨਾ ਦਿਦਾਰੇ? ਇਨ੍ਹਾਂ ਨੈਣਾਂ ਦੇ ਅੰਦਰਲੇ ਨੈਣ ਨਹੀਂ ਖੁੱਲੇ ਜੇ ਅਰੂਪ ਨੂੰ ਵੇਖਦੇ, ਇਨ੍ਹਾਂ ਨੈਣਾਂ ਨੂੰ ਨੈਣਾਂ ਨਾਲ ਹੋ ਸਕਣ ਵਾਲੇ ਦਿਦਾਰੇ ਦੇਕੇ ਤਾਂ ਨਿਹਾਲ ਕਰ। ਆ ਇਕ ਵੇਰੀ ਇਨ੍ਹਾਂ ਨੈਣਾਂ ਵਿਚ, ਇਨ੍ਹਾਂ ਦੇ ਸਦਾ ਲਈ ਮਿਟ ਜਾਣ ਤੋਂ ਪਹਿਲੋਂ, ਆ ਇਨ੍ਹਾਂ ਮਰਨਹਾਰਾਂ ਦੀ ਜੋਤਿ ਨਾ ਸਮਾਪਤ ਹੋਣ ਤੋਂ ਪਹਿਲੋਂ, ਹੇ ਦਾਤਾ! ਆਪਣੇ ਸਿਰਦ ਦੇ ਸਦਕੇ ਆ।

ਇਉਂ ਕਹਿੰਦੇ ਤੇ ਰੋਂਦੇ ਦੀ ਹਿਝਕੀ ਬੱਝ ਗਈ, ਕਿੰਨਾਂ ਚਿਰ ਅੱਖਾਂ ਬੰਦ ਰਹੀਆਂ ਮਾਨੋਂ ਗੁੰਮ ਹੋ ਗਿਆ! ਕੋਈ ਪਲਕਾਰਾ ਨੀਂਦ ਜੇਹੀ ਦਾ ਵੱਜਾ, ਕੋਈ ਛਿਨ ਚਿੱਤ ਗੁੰਮ ਹੋਣ ਦੀ ਲੰਘੀ, ਫੇਰ ਹੋਸ਼ ਆਈ, ਮਨ ਠੰਢਾ ਤੇ ਹੌਲਾ ਸੀ। ਪਿਆਰ ਦੀ ਖਿੱਚ ਸ਼ੁਕਰ, ਬੇਨਤੀ ਤੇ ਯਾਦ ਦੇ ਰੰਗ ਨਾਲ ਮਿੱਠੀ ਮਿੱਠੀ ਹੋਕੇ ਕਲੇਜੇ ਨੂੰ ਧੂਹ ਰਹੀ ਸੀ, ਇਸ ਵੇਲੇ ਬਿਰਧ ਗਲਾ ਖੁੱਲ੍ਹਿਆ ਤੇ ਥਰਕਦੀ, ਪਰ ਰਸੀਲੀ ਸੁਰ ਨਿਕਲੀ ਜੈਤਸਰੀ ਦੀ ਤੇ ਇੱਪ ਪ੍ਰੇਮੀ ਜੀ, ਜਿਨ੍ਹਾਂ ਦੇ ਪਿਆਰ ਦੀ ਝਰਨਾਟ ਜੁਆਨਾਂ ਤੋਂ ਬੀ ਤ੍ਰਿੱਖੀ ਹੈ, ਬਿਹਬਲ ਹੋ ਗਾਵੇਂ:-

ਕੋਈ ਜਨੁ ਹਰਿ ਸਿਉ ਦੇਵੈ ਜੋਰਿ॥ ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥ਰਹਾਉ॥ ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ॥ ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ

ਬਿਖਿਆ ਤੇ ਤੋਰਿ॥੧॥ ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮਰੀ ਓਰਿ॥ ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ॥੨॥੫॥੯॥ {ਜੈਤ: ਮ: ੫}

ਹੁਣ ਸੂਰਜ ਲਟਪਟਾ ਗਿਆ ਸੀ, ਆਪ ਦੇ ਦਰੋਂ ਵਰੋਸਾਏ ਕੁਛ ਸ਼ਰੀਰ ਆਕੇ ਥੋੜੀ ਦੂਰ ਅਦਬ ਨਾਲ ਬੈਠੇ ਆਪਦੇ ਪ੍ਰੇਮ ਤੇ ਕੀਰਤਨ ਨੂੰ ਸੁਣ ਰਹੇ ਸੇ। ਅੱਖਾਂ ਖੁੱਲ੍ਹੀਆਂ ਵੇਖਕੇ ਅੱਗੇ ਵਧੇ ਤੇ ਮੱਥਾ ਟੇਕਕੇ ਬੈਠ ਗਏ। ਬਿਰਧ ਜੀ ਨੇ ਆਖਿਆ, ਸੱਜਣੋ! ਹਹੁਰਾਸ ਜੀ ਦਾ ਪਾਠ ਸੁਣਾਓ। ਇਕ ਪ੍ਰੇਮੀ ਪਾਠ ਕਰਨ ਬੈਠ ਗਿਆ। ਗੁਰਬਾਣੀ ਦਾ ਇਕ ਮਨ ਪ੍ਰੇਮ ਨਾਲ ਪਾਠ, ਨਾਮ ਦੇ ਪ੍ਰੇਮੀ ਦਾ ਪ੍ਰਭਾਵ, ਸੰਧਿਆ ਦਾ ਸਮਾਂ, ਅੱਖਾਂ ਦੇ ਸਾਹਮਣੇ ਨਦੀ ਦਾ ਪਰਵਾਹ, ਚਲਦੇ ਜਲ ਦਾ ਨਜ਼ਾਰਾ, ਪਰ ਦੂਰ ਤਕ ਵੇਹਲ ਤੇ ਵੇਹਲ, ਡਾਢੇ ਹੀ ਸੁਆਦ ਦਾ ਸਮਾਂ ਬੱਝ ਗਿਆ। ਭੋਗ ਪੈਣ ਤੇ ਸੰਤ ਜੀ ਉੱਠੇ, ਆਪ ਦੇ ਨਾਲ ਓਹ ਪਿਛੋਂ ਆਏ ਸ਼ਰੀਰ ਬੀ ਹੋ ਲਏ ਤੇ ਸਨੇ ਸਨੇ ਆਪਣੇ ਡੇਰੇ ਅੱਪੜ ਗਏ।

੨.

ਕੁਛ ਦਿਨ ਬੀਤ ਗਏ, ਕਿਸੇ ਨੇ ਆਕੇ ਆਖਿਆ:-"ਮਹਾਰਾਜ ਜੀ! ਦੋ ਜਹਾਨ ਦੇ ਵਾਲੀ ਸ੍ਰੀ ਸਤਿਗੁਰੂ ਜੀ ਬੁਰਹਾਨਪੁਰ ਆ ਗਏ ਹਨ ਤੇ ਤਾਪਤੀ ਨਦੀ ਦੇ ਕਿਨਾਰੇ ਜੋਤਿ ਜਗ ਰਹੀ ਹੈ।" ਇਹ ਖਬਰ ਸੀ ਕਿ ਵਿਆਕੁਲ ਪਿਆਸੇ ਨੂੰ ਅੰਮ੍ਰਿਤ ਦੀਆਂ ਬੂੰਦਾਂ ਸਨ, ਲੂੰ ਲੂੰ ਵਿਚ ਇਕ ਰਸ ਭਰੀ ਝਰਨਾਟ ਫਿਰ ਗਈ, ਕਾਲਜਾ ਉੱਛ-ਲਕੇ ਧਰਕਿਆ ਤੇ ਫੇਰ ਅੰਦਰ ਸ਼ੁਕਰਾਨੇ ਦੇ ਸ਼ਦਿ-ਯਾਨੇ ਵੱਜ ਗਏ। 'ਹਾਂ ਠੀਕ ਹੈ, ਤਦੋਂ ਬੀ ਆਪੇ ਤੁੱਠੇ ਸੀ, ਹੁਣ ਬੀ ਆਪੇ'। ਸੰਤ ਜੀ ਐਉਂ ਸ਼ੁਕ-ਰਾਨੇ ਕਰਦੇ ਉੱਠੇ, 'ਵਾਹਿਗੁਰੂ ਵਾਹਿਗੁਰੂ' ਉਚਾਰਦੇ ਤੁਰੇ, ਤੁਰੇ ਤੇ ਗਏ ਨਦੀ ਵਲ ਨੂੰ, ਜਿਸ ਦੇ ਸ਼ੋਭਨੀਕ ਕਿਨਾਰੇ ਜੋਤਿ ਜਗਾ ਰਹੇ ਸਨ ਤ੍ਰਿਲੋਕੀ ਦੇ ਨਾਥ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਦੀਵਾਨ ਸਜ ਰਿਹਾ ਸੀ, ਵਿਚਕਾਰ ਆਪ ਸੁਹਾ ਰਹੇ ਸੀ, ਜਿਵੇਂ ਭਿੰਨੀ ਰੈਣ ਦੇ ਤਾਰਿਆਂ ਵਿਚ ਨਿਰਮਲ ਚੰਦ।

ਸਾਧੂ ਸਹਿਜੇ ਸਹਿਜੇ ਜਾ ਰਿਹਾ ਹੈ, ਸ਼ਰੀਰ ਬਿਰਧ ਹੈ, ਉਹੋ ਪਿਆਰ, ਸ਼ੁਕਰ, ਖਿੱਚ, ਤਾਂਘ, ਸੱਧਰ ਦੇ ਭਾਵ ਦਾ ਮਦ, ਇਕ ਅਚਰਜ ਡਗਮਗੀ ਚਾਲੇ ਪ੍ਰੇਮ ਦੇ ਰਾਹੇ ਟੋਰ ਰਿਹਾ ਹੈ:-

ਰਿਦੈ ਅਨੰਦ ਉਮੰਗਤ ਜੋਵਾ। ਰੋਮੰਚਤਿ ਸਾਧੂ ਤਨ ਹੋਵਾ। ਨੀਠ ਨੀਠ ਪਾਇਨ ਕਹੁ ਡਾਲਤ। ਡਗਮਗਾਤ, ਡੋਲਤ, ਦ੍ਰਿਗ ਚਾਲਤ।
{ਗੁ: ਪ੍ਰ: ਸੂਰਜ}

ਇਸ ਤਰ੍ਹਾਂ ਜਾਂਦਾ ਨਦੀ ਕਿਨਾਰੇ ਪੁੱਜਾ। ਨਾਲ ਦੇ ਸ਼ਰੀਰ ਹੌਲੇ ਹੌਲੇ ਸ਼ਬਦ ਪੜ੍ਹਦੇ ਜਾ ਰਹੇ ਸੇ। ਓਹ ਠੀਕ ਟਿਕਾਣੇ ਸਿਰ ਲੈ ਗਏ ਸਾਧੂ ਨੂੰ। ਜਿਉਂ ਹੀ ਸਾਧੂ ਜੀਵਣ ਦਾਸ ਦੀ ਨਜ਼ਰ ਦੀਵਾਨ ਤੇ ਪਈ ਤੇ ਅਰਸ਼ਾਂ ਦੇ ਜਗਜੀਵਨ ਦਾਤੇ ਮਨੁੱਖੀ ਜਾਮੇ ਵਿਚ ਰੱਬੀ ਨੂਰ ਪ੍ਰਕਾਸ਼ਦੇ ਬੈਠੇ ਦੇਖੇ, ਦ੍ਰੱਵ ਰਿਹਾ ਮਨ ਹੋਰ ਪੰਘਰਿਆ, ਆਪੇ ਤੋਂ ਬਾਹਰ ਹੋ ਗਿਆ, ਐਸੀ ਬਿਹਬਲਤਾ ਛਾਈ ਕਿ ਆਪਾ ਨਾ ਸੰਭਾਲਿਆ ਗਿਆ, ਤੇ ਓਥੇ ਹੀ ਧਰਤੀ ਉੱਤੇ ਨਮਸਕਾਰ ਵਿਚ ਪੈ ਗਿਆ, ਮਾਨੋਂ ਸਤਿਗੁਰ ਦੇ ਚਰਨਾਂ ਤੇ ਮੱਥਾ ਧਰ ਦਿੱਤਾ ਹੈ ਤੇ ਉਨ੍ਹਾਂ ਕਮਲਾਂ ਨਾਲੋਂ ਬੀ ਵਧੀਕ ਕੋਮਲ ਕਮਲਾਂ ਨੂੰ ਭੌਰਾ ਹੋਕੇ ਲਿਪਟ ਗਿਆ ਹੈ। ਕਿਉਂ ਨਾ ਲਿਪਟੇ ਤੇ ਬੇਸੁੱਧ ਹੋ ਲੀਨ ਹੋ ਜਾਵੇ? ਚਾਲੀ ਬਤਾਲੀ ਦੇ ਲਗ ਪਗ ਵਰ੍ਹੇ ਇਸ ਦਰਸ਼ਨ ਨੂੰ ਉਡੀਕਦਿਆਂ ਲੰਘ ਗਏ ਸਨ। ਇੰਨਾ ਚਿਰ ਇਸ ਸੁਲੱਖਣੀ ਘੜੀ ਦੀ ਤਾਂਘ ਲਗੀ ਰਹੀ ਹੈ। ਹਾਂ ਇਹ ਸੁਖੇ ਲੱਧੀ ਛਿਨ ਅੱਜ, ਹਾਂ ਅੱਜ, ਮਾਨੋਂ ਜੁੱਗਾਂ ਮਗਰੋਂ ਲੱਝੀ ਹੈ। ਉਸ ਪਿਆਰੀ ਪਲ ਤੋਂ ਸਦਕੇ ਜੋ ਕੁੱਠੇ ਮਨਾਂ ਨੂੰ ਐਉਂ ਤਰਮ ਤਰਸ ਕੇ ਮਿਲਦੀ ਹੈ। ਸਾਧੂ ਪਿਆ ਹੈ ਜ਼ਿਮੀ ਉੱਤੇ, ਪਰ ਲਪਟ ਰਿਹਾ ਹੈ ਚਰਨਾਂ ਕਮਲਾਂ ਨੂੰ। ਉਧਰ ਦੇਖੋ ਉਸ ਪ੍ਰੇਮ ਸਾਗਰ-ਹਾਂ, ਉਸ ਪ੍ਰੇਮ ਸਮੁੰਦਰ ਦੇ ਚਰਨ ਕਮਲ ਬੀ ਅਕੁਲਾ ਕੇ ਉੱਠੇ ਹਨ, ਉਤਾਵਲੇ ਹੋਕੇ ਟੁਰੇ ਹਨ, ਦੀਵਾਨ ਤੋਂ ਬਾਹਰ ਆ ਗਏ ਹਨ, ਸੈਂਕੜਿਆਂ ਨੂੰ ਛੱਡ ਆਏ ਹਨ, ਅਮੀਰਾਂ ਧਨੀਆਂ ਤੋਂ ਗਰੀਬਾਂ ਵਲ ਨੂੰ ਆਏ ਹਨ, ਸ਼ਰਧਾਵਾਨਾਂ ਤੋਂ ਉੱਠਕੇ ਇਕ ਟੁੱਟ ਗਏ ਨਿਮਾਣੇ ਗਰੀਬ ਦਿਲ ਵਲ ਆਏ ਹਨ, ਉਸ ਦਿਲ ਵਲ ਜਿਥੇ ਇਕ 'ਗੁਰ ਦਰਸ਼ਨ ਦੀ ਪੀੜਾ' ਵੱਸਦੀ ਹੈ ਤੇ ਹੋਰ ਕਿਛ ਨਹੀਂ। ਹਾਂ ਜੀ, ਆਏ ਹਨ ਮਿਹਰਾਂ ਦੇ ਸਾਈਂ, ਦੇਖਿਆ ਜੇ? ਝੁਕੇ ਹਨ ਓਸ ਗਰੀਬ ਉੱਤੇ, ਆਪੇ-ਜੀ ਹਾਂ, ਆਪੇ-

ਅਪਣਾ ਚਰਨ ਕਮਲ ਉਸ ਦੇ ਧੂੜੀ ਉੱਤੇ ਪਏ ਮੱਥੇ ਦੇ ਹੇਠਾਂ ਕਰ ਦਿੱਤਾ ਨੇ ਅੱਖਾਂ ਤੋਂ ਵਹਿ ਰਹੇ ਬੁੱਢੇ ਦੇ ਨੈਣਾਂ ਦੇ ਨੀਰ ਹੇਠਾਂ ਚਰਨ ਕਮਲ ਦੇ ਦਿੱਤਾ ਨੇ, ਕੇਡੇ ਧਨ ਪਿਆਰਾਂ ਵਾਲੇ? ਪ੍ਰੇਮ ਦੇ ਦਰ ਤੁਲ ਰਹੇ ਤੱਕੜ ਉੱਤੇ ਏਡਾ ਅਮੋਲਕ ਨੀਰ ਚਰਨਾਂ ਕਮਲਾਂ ਤੋਂ ਬਿਨਾਂ ਹੋਰਥੇ ਕਿਰਨਾਂ ਪ੍ਰੇਮ ਦੀ ਨਿਕਦਰੀ ਹੈ। ਪ੍ਰੇਮੀ ਦੇ ਜੀ ਵਿਚ ਉਸ ਦਾ ਮੱਥਾ ਪਰਮ ਪਵਿਤ੍ਰ ਚਰਨਾਂ ਨੂੰ ਛੂਹਣ ਦੀ ਬੇ-ਅਦਬੀ ਨਹੀਂ ਕਰ ਸਕਦਾ, ਐਸਾ ਨੀਵਾਂ ਮੱਥਾ ਹੈ ਕਿ ਧੂੜੀ ਹੀ ਇਸਦਾ ਮਹਾਂ ਉੱਚਾ ਟਿੰਕਾਣਾ ਹੈ, ਸੋ ਧੂੜੀ ਉੱਤੇ ਹੀ ਵਿੱਛਾ ਦਿੱਤਾ ਸੀਂ ਸੁਹਣਾ ਮੱਥਾ; ਪਰ ਕਦਰਾਂ ਵਾਲੇ ਦਿਲਾਂ ਦੇ ਮਹਰਿਮ ਦੇ ਅਪਨਾਉਣ ਵਾਲੇ ਦੇ ਬਿਰਦ ਵੰਨੇ ਤਕਣਾ ਕਿ ਚਰਨ ਕਮਲ ਦੇ ਦਿੱਤੇ ਹਨ ਉਸ ਪਿਆਰਾਂ ਭਰੇ ਮੱਥੇ ਦੇ ਹੇਠਾਂ, ਝੁਕ ਗਏ ਹਨ ਰਸ ਦੇ ਮਦ ਨਾਲ ਮੱਤੀ ਵੇਲ ਵਾਂਗੂ ਪਜਾਰੇ ਦੇ ਸੀਸ ਉੱਤੇ, ਜਿਕੂੰ ਓਹ ਝੁਕਦੀ ਹੈ ਅਪਣੇ ਸੁਹਣੇ ਫਲਾਂ ਦੇ ਉੱਤੇ। ਹਾਂ, ਹੁਣ ਪਵਿੱਤ੍ਰ ਹੱਥ ਫਿਰ ਰਹੇ ਹਨ ਪਿਆਰੇ ਦੇ ਸੀਸ ਉੱਤੇ, ਪਿਠ ਉੱਤੇ, ਜਾ ਅੱਪੜੇ ਹਨ ਮੋਢਿਆਂ ਉੱਤੇ; ਇਨ੍ਹਾਂ ਬਲਵਾਨ ਪਵਿੱਤ੍ਰ ਹੱਥਾਂ ਨੇ ਡਾਢ ਦੇਕੇ, ਆਪ ਉਚਿਆਕੇ ਚਾ ਲਿਆ ਹੈ ਪਿਆਰੇ ਨੂੰ ਧੂੜੀ ਉੱਤੋਂ ਤੇ ਖੜਾ ਕਰ ਲਿਆ ਹੈ, ਦਰ ਢੱਠੇ ਨੂੰ ਆਪਣੇ ਭੁਜ ਬਲ ਨਾਲ:-

ਭੁਜ ਬਲਬੀਰ ਬ੍ਰਹਮ ਸੁਖ ਸਾਗਰ॥
ਗਰਤ ਪਰਤ ਗਹਿ ਲੇਹੁ ਅੰਗੁਰੀਆ॥

ਹਾਂ ਜੀ! ਢੱਠੇ ਪਏ ਨੂੰ ਚਾ ਲਿਆ, ਧੂੜੀ ਲਿੱਬੜੇ ਨੂੰ ਧੂੜੀ ਸਮੇਤ ਗਲੇ ਲਾ ਲਿਆ। ਗਲੇ ਲਾਕੇ ਅਪਣੀਆਂ ਮਿੱਠੀਆਂ ਕਲਾਈਆਂ ਨਾਲ ਘੁੱਟਿਆ*, ਛਾਤੀ ਨਾਲ ਲਾਕੇ ਘੁੱਟਿਆ, ਹਾਂ ਜੀ ਸਾਧੂ ਅੱਗੇ ਹੀ ਪੰਘਰਿਆ ਤੇ ਡੁੱਲ੍ਹਿਆ ਪਿਆ ਸੀ, ਹੁਣ ਤਾਂ ਰੱਬੀ ਰੌਆਂ ਤੇ ਅਰਸ਼ੀ ਝਰਨਾਟਾਂ ਨਾਲੇ ਵਹਿ ਹੀ ਗਿਆ, ਆਪਾ ਆਪੇ ਤੋਂ ਉੱਠ ਸਤਿਗੁਰਾਂ ਦੇ ਆਪੇ ਵਿਚ ਮਨੋਂ ਸਮਾ ਗਿਆ। ਹਾਂ ਜੀ, ਜ਼ਰਾ ਸਤਿਗੁਰ ਵਲ ਵੇਖਣਾ, ਸੰਤ ਨੂੰ ਆਪ ਹੱਥ ਵਿਚ ਹੱਥ ਪਾਈ ਸਭਾ ਵਿਚ ਲਿਆ ਰਹੇ ਹਨ। ਅਨੇਕਾਂ ਹਨ ਸਿੱਖ, ਸੂਰਮੇ, ਦਾਸ, ਪਰ ਕਿਸੇ ਨੂੰ ਇਹ ਕੰਮ ਨਹੀਂ ਸੌਂਪਿਆ। ਦਾਸ ਨਿਵਾਜਣ ਦਾ ਕੰਮ, ਪਿਆਰਿਆਂ ਨੂੰ ਸਤਿਕਾਰਣ ਦਾ ਮਿੱਠਾ ਮਿੱਠਾ ਕੰਮ ਆਪ ਹੀ ਕਰਦੇ ਸ਼ੋਭਦੇ ਹਨ, ਇਹੋ ਹੀ ਹੈ ਆਪਦਾ ਬਿਰਦ। ਪਿਆਰ ਕੁੱਠਿਆਂ ਦਰ ਢੱਠਿਆਂ ਨੂੰ 'ਕੰਠ ਲਾਵੈ' 'ਕੰਠ ਲਾਵੈ' ਸਾਡੇ ਸੁਆਮੀ ਦਾ ਇਹੋ ਬਿਰਦ ਹੈ, ਸਦਕੇ ਇਸ ਬਿਰਦ ਦੇ। ਲੈ ਆਏ ਬਿਰਧ ਸਾਧੂ ਨੂੰ, ਗ੍ਰੀਬ ਨਿਤਾਣੇ ਸਾਧੂ ਨੂੰ, ਦੀਵਾਨ ਵਿਚ ਆਪ, ਤੇ ਬਿਠਾਇਆ ਆਪਣੇ ਸੱਜੇ ਹੱਥ ਆਪ, ਤੇ ਹੁਣ ਲਗੇ ਆਪਣੇ ਅੰਦਰੋਂ ਠੰਢੀਆਂ ਰੌਆਂ ਪਾਉਣ। ਸਨੇ ਸਨੇ ਸਾਧੂ ਦਾ ਦਿਲ ਟਿਕ ਗਿਆ, ਧੀਰਜ ਆ ਗਿਆ, ਸਰੀਰ ਬੀ ਅਡੋਲ ਹੋ ਗਿਆ, ਨਜ਼ਰ ਭਰ ਭਰ ਹੁਣ ਸਤਿਗੁਰ ਦੀ ਮੂਰਤੀ ਤੱਕੀ, ਫੇਰ ਤੱਕੀ, ਚੰਗੀ ਤਰ੍ਹਾਂ ਸੂਰਤ ਤੱਕੀ, ਹੁਣ ਤੱਕੀ ਤੇ ਪਛਾਣ ਹੀ ਲਈ ਤੇ ਪਛਾਣ ਕੀ ਲਈ? ਉਹ ਤਾਂ ਦੂਰੋਂ ਹੀ ਪਛਾਣੀ ਸੀ ਤੇ ਹੁਣ ਤਾਂ ਜਿਵੇਂ ਪਿਆਸਾ ਪਹਿਲਾ ਕਟੋਰਾ ਇਕੋ ਡੀਕ ਪੀਕੇ ਫੇਰ ਘੁੱਟ ਘੁੱਟ ਕਰਕੇ ਸੁਆਦ ਲਾ ਲਾ ਪੀਂਦਾ ਹੈ, ਤਿਵੇਂ ਨੈਣ ਕਟੋਰੇ ਦਰਸ਼ਨ ਦੇ ਘੁੱਟ ਮੁੜ ਮੁੜ ਭਰਦੇ ਪੀਂਦੇ ਹਨ। ਸਤਿਗੁਰ ਜੀ ਨੇ ਡਾਢੇ ਪਿਆਰ ਨਾਲ ਹੁਣ ਪੁਛਿਆ:-"ਜੀਵਣ! ਕੁਸ਼ਲ ਹੈ? ਚੰਗੀ ਲੰਘ ਗਈ, ਘਰ ਦੇ ਦੂਤਾਂ ਤਾਂ ਫੇਰ ਨਹੀਂ ਸਤਾਇਆ, ਸਿਮਰਨ ਟੁਰਿਆ ਰਿਹਾ? ਰਸ ਪੈਂਦਾ ਰਿਹਾ? ਪ੍ਰੇਮਾ ਭਗਤੀ ਮਿਲਦੀ ਤੇ ਫਲਦੀ ਰਹੀ?"

ਸਾਧੂ ਜੀਵਣ ਦਾਸ-ਸਦਕੇ, ਏਦਾਂ ਹੀ ਕੂਏ ਸਾਓ 'ਜੀਵਣ'! ਓਦੋਂ ਜਦੋਂ ਮਿਲੇ ਸਾਓ ਬ੍ਰਹਮ ਪੁੱਤ੍ਰਾ ਨਦੀ ਦੇ ਕਿਨਾਰੇ, ਉਹੋ ਅਵਾਜ ਹੈ, ਇਹੋ ਸੱਦ ਸੀ; ਇਹੋ ਅੱਖਰ ਸਨ, 'ਜੀਵਣੂ' ਓਦੋਂ ਬੀ ਜਦ ਬੁਲਾਂਦੇ ਸਾਓ 'ਜੀਵਣੂ' ਤਾਂ ਲੂੰਈਂ ਝਰਨਾਟ ਪੈਂਦੀ ਸੀ, ਹੁਣ ਵੀ ਉਵੇਂ ਹੀ ਝਰਨ ਛਿੜੀ ਹੈ।

*ਗਹਿ ਭੁਜ ਬਲ ਤੇ ਤੁਰਤ ਉਠਾਇਓ॥
ਅਧਿਕ ਸਖਾ ਲਖਿ ਗਲੇ ਲਗਾਇਓ॥
ਲਿਆਇ ਸਭਾ ਮਹਿਂ ਢਿਗ ਬੈਠਾਰਾ॥
ਕਰ ਆਦਰ ਕੇ ਮ੍ਰਿਦੁਲ ਉਚਾਰਾ॥
{ਗੁ: ਪ੍ਰ: ਸੂ:}

ਸਦਕੇ! ਓਦੋਂ ਨਾਵਾਂ ਜਾਮਾਂ ਸੀ, ਹੁਣ ਦਸਵਾਂ, ਪਰ ਸੱਦ ਉਹੋ ਦੀ ਉਹੋ ਹੈ, ਜੋਤ ਉਹੋ ਦੀ ਉਹੋ ਹੈ।

ਗੁਰੂ ਜੀ-ਸੁਣਾ ਬਈ ਜੀਵਣੂ! ਪਿਤਾ ਗੁਰੂ ਜੀ ਦੀ ਕੋਈ ਕਥਾ ਕਹਾਣੀ?

ਜੀਵਣ-ਸਚੇ ਪਾਤਸ਼ਾਹ! ਜਦੋਂ ਆਸਾਮ ਤਾਰ ਰਹੇ ਸਨ ਤੇ ਧੁਬੜੀ ਡੇਰੇ ਸਨ, ਮੈਂ ਤਦੋਂ ਦਰਸ਼ਨ ਪਾਏ ਸਨ। ਮੈਂ ਇਕ ਵੱਡੇ ਸੇਠ ਦਾ ਪੁਤ੍ਰ ਵੈਰਾਗ ਕਰ ਸਾਧੂ ਹੋ ਦੇਸ਼ ਦੇਸ਼ ਫਿਰ ਰਿਹਾ ਸਾਂ, ਹਠ ਯੋਗ ਦੇ ਸਾਧਨ ਸਾਰੇ ਕਰਦਾ ਸਾਂ, ਪੜ੍ਹਿਆ ਬੀ ਸਾਂ, ਪਰ ਠੰਢ ਨਹੀਂ ਸੀ ਪੈਂਦੀ। ਘੁੰਮਦਾ ਘੁੰਮਦਾ ਜਦ ਮੈਂ ਢਾਕੇ ਪੁਜਾ ਤਾਂ ਬੁਲਾਕੀ ਦਾਸ ਆਪਦੇ ਘਰ ਦੇ ਪਿਆਰੇ ਭਗਤ ਨੂੰ ਮਿਲਿਆ। ਇਹ ਬੜੇ ਪਿਆਰ ਨਾਲ ਨਾਵੇਂ ਸਤਿਗੁਰਾਂ ਜੀ ਦੀ ਉਡੀਕ ਕਰ ਰਿਹਾ ਸੀ। ਓਹਨਾਂ ਲਈ ਇਕ ਦਾਲਾਨ ਤਿਆਰ ਕਰਵਾਇਆ, ਇਕ ਪਲੰਘ* ਉਚੇਚਾ ਬਣਵਾਇਆ। ਇਨ੍ਹਾਂ ਦੀ ਮਾਤਾ ਨੇ ਅਪਣੀ ਹਥੀਂ ਕੱਤਕੇ, ਰੇਜਾ ਉਣਵਾਕੇ, ਪੁਸ਼ਾਕ ਬਣਵਾਕੇ ਰੱਖੀਪ ਸੀ ਕਿ ਆਉਣਗੇ ਤਾਂ ਭੇਟ ਕਰਾਂਗੀ। ਇਨ੍ਹਾਂ ਦੀ ਸੰਗਤ ਵਿਚ ਮੈਨੂੰ ਹਠ ਯੋਗ ਦੇ ਰਸਤੇ ਤੋਂ ਉਪਰਾਮਤਾ ਹੋਈ ਤੇ ਭਗਤੀ ਵਲ ਪਿਆਰ ਪਿਆ ਤੇ ਮੈਂ ਸਤਿਗੁਰਾਂ ਦੇ ਦਰਸ਼ਨਾਂ ਲਈ ਇਨ੍ਹਾਂ ਤੋਂ ਬੀ ਉਤਾਵਲਾ ਹੋ ਗਿਆ। ਇਹ ਤਾਂ ਢਾਕੇ ਉਡੀਕਦੇ ਰਹੇ ਤੇ ਮੈਂ ਅਨੁਮਾਨ ਲਾਇਆ ਕਿ ਪਹਿਲੇ ਧੁਬੜੀ ਪੁਜਣਗੇ, ਸੋ ਮੈਂ ਓਥੇ ਅੱਪੜ ਗਿਆ, ਪਰ ਗੁਰੂ ਜੀ ਪਹਿਲਾਂ ਢਾਕੇ ਅੱਪੜੇ। ਪੂਰਨ ਭਗਤ ਬੁਲਾਕੀ ਦਾਸ ਤੇ ਉਸਦੀ ਬ੍ਰਿਧ ਮਾਤਾ ਨੂੰ ਤਾਰਿਆ, ਫੇਰ ਧੁਬੜੀ ਆਏ। ਬੁਲਾਕੀ ਦਾਸ ਨੇ ਮੇਰੇ ਤਿਆਗ, ਵੈਰਾਗ, ਦੁਖ, ਕਸ਼ਟ, ਤਪ ਘਾਲਣ ਦਾ ਹਾਲ ਕਹਿਕੇ ਬਿਨੈ ਕਰ ਦਿਤੀ ਸੀ ਕਿ ਜੇ ਦਾਤਾ ਜੀ ਚਾਹੁਣ ਤਾਂ ਮਿਹਰ ਦਾ ਛੱਟਾ ਮਾਰ ਦੇਣ। ਧੁਬੜੀ ਮੈਂ ਸਤਿਗੁਰਾਂ ਨੂੰ ਬ੍ਰਹਮ ਪੁਤਰਾ ਨਦੀ ਦੇ ਵਹਿੰਦੇ ਤ੍ਰੰਗਾਂ ਦੇ ਕਿਨਾਰੇ ਐਦਾਂ ਹੀ ਜਾ ਵੇਖਿਆ ਜਿਵੇਂ ਅਜ ਆਪ ਨੂੰ ਤਾਪਤੀ ਨਦੀ ਦੇ ਕਿਨਾਰੇ ਵੇਖ ਰਿਹਾ ਹਾਂ। ਸਤਿਗੁਰ ਜੀ ਨੇ ਮਿਹਰ ਕੀਤੀ, ਇਸ ਕੀਟ ਨੂੰ ਨਾਮ ਦਾਨ ਦਿਤਾ। ਮੇਰੀ ਬੁਧੀ ਮੋਟੀ, ਮਨ ਮੈਲਾ ਤੇ ਸ਼ਰੀਰ ਕਰੜਾ ਜਿਹਾ ਸੀ, ਪਰ ਆਪ ਨੇ ਮੇਰੇ ਅੰਦਰ ਨਾਮ ਪ੍ਰੋ ਹੀ ਦਿਤਾ। ਜਿੰਨਾ ਚਿਰ ਮਹਾਰਾਜ ਅਸਾਮ ਰਹੇ, ਮੈਂ ਨਾਲ ਰਿਹਾ ਤੇ ਦਰਸ਼ਨ ਸਤਿਸੰਗ ਦਾ ਲਾਹਾ ਲੈਂਦਾ ਰਿਹਾ। ਜਦ ਆਪ ਵਿਦਾ ਹੋਣ ਲੱਗੇ ਤਾਂ ਮੈਨੂੰ ਹੁਕਮ ਹੋਇਆ ਕਿ ਏਥੋਂ ਚਲੇ ਜਾਓ, ਦੱਖਣ ਦੇਸ਼ ਕਿਤੇ ਇਕਾਂਤ ਡੇਰਾ ਜਾ ਲਾਓ, ਬੰਦਗੀ ਕਰੋ। ਮੈਂ ਬਿਨੈ ਕੀਤੀ, ਪਾਤਸ਼ਾਹ! ਆਪਦੇ ਸਿਖ ਸਭ ਗ੍ਰਿਹਸਤੀ ਹਨ, ਮੈਂ ਅਤੀਤ ਹਾਂ, ਹੁਕਮ ਹੋਵੇ ਤਾਂ ਮੈਂ ਬੀ ਗ੍ਰਿਹਸਤ ਕਰਾਂ? ਸਾਹਿਬ ਬੋਲੇ: "ਚਿੱਤ ਕਰਦਾ ਹੈ?" ਦਾਸ ਨੇ ਬਿਨੈ ਕੀਤੀ: "ਨਹੀਂ ਪਾਤਸ਼ਾਹ! ਕੇਵਲ ਇਸ ਲਈ ਪੁਛਦਾ ਹਾਂ ਕਿ ਜੇ ਸ੍ਰੀ ਜੀ ਦੀ ਵਿਸ਼ੇਸ਼ ਖੁਸ਼ੀ ਗ੍ਰਿਹਸਤ ਉਤੇ ਹੈ ਤਾਂ ਦਾਸ ਨੂੰ ਅਤੀਤ ਰਹਿਣ ਦਾ ਹਠ ਨਹੀਂ! ਹੋਰ ਜੀ ਸੁਭਾਵ ਇਕੱਲਿਆਂ ਰਹਿਣ ਦਾ ਪੱਕ ਚੁਕਾ ਹੈ, ਗ੍ਰਿਹਸਤ ਨਿਭਣਾ ਕਠਨ ਦਿਸਦਾ ਹੈ; ਪਰ ਜੇ ਹੁਕਮ ਹੋਵੇ ਤਾਂ ਦਾਸ ਦੇ ਸਿਰ ਮੱਥੇ ਉਤੇ ਹੈ"। ਤਦ ਦਾਤਾ ਜੀ ਬੋਲੇ: ਭਾਈ ਗ੍ਰਿਹਸਤ ਵਿਚ ਰਹਿਕੇ ਭਜਨ ਕਰਨਾ ਦਿਲ ਦੀ ਲੜਾਈ ਹੈ, ਅਤੀਤਤਾਈ ਵਿਚ ਨਿਭਣਾ ਕਠਨ ਹੈ। ਹੋਰ ਮੁੱਖ ਗਲ ਸਾਈਂ ਦਾ ਸਿਮਰਨ ਅਰਥਾਤ ਉਸਦੇ ਚਰਨਾਂ ਨਾਲ ਨੇਹੁੰ ਹੈ। **'ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ'** ॥{ਆਸਾ:ਮ:੪-੨} ਜਿਸ ਹਾਲ ਜੋ ਰਹੇ ਸੋਈ ਧੰਨ ਹੈ! ਜੇ ਵਾਹਿਗੁਰੂ ਨਾਲ ਨੇਹੁੰ ਹੈ ਤਾਂ ਤਾਂ **'ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ'** ॥{ਮਾਰੂ:ਮ:੫:ਅੰਜ-੧} ਦੁਖ ਦੁਹਾਂ ਦਸ਼ਾਂ ਵਿਚ ਹਨ:-

ਗ੍ਰਿਹ ਰਾਜਮਹਿ ਨਰਕੁ ਉਦਾਸ ਕਰੋਧਾ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥

{ਮਾਰੂ:ਮ:੫: ਅੰਜ-੧}

ਸੋ ਨੇਹੁੰ ਮੁਖ ਹੈ। ਤੁਸਾਂ ਲਈ ਇਹ ਆਗਜਾ ਹੈ--

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥ ਬੈਰਾਗੀ ਬੰਧਨੁ ਕਰੈ ਤਾਕੋ ਬਡੋ ਅਭਾਗੁ॥੨੪੩॥ {ਸ: ਕਬੀ:}

ਤੂੰ ਬੰਦਗੀ ਕਰ, ਸਿਮਰਨ ਕਰ, ਤੇਰੇ ਵਿਕਾਰ ਖੈ ਹੋਏ। ਗ੍ਰਿਹਸਤ ਵਿਚ ਸੁਖ ਤੇ ਨਿਭਾਉ ਸਿਮ੍ਰਨ ਦਾ ਵਿਸ਼ੇਸ਼ ਹੈ, ਪਰ ਸਿੱਖਾ, ਸਾਧਾ! ਤੇਰੇ ਲਈ ਇਹੋ

*ਇਹ ਪਲੰਘ ਹੁਣ ਤਕ ਢਾਕੇ ਵਿਚ ਸੁਣੀਂਦਾ ਹੈ ਕਿ ਸਤਿਕਾਰ ਨਾਲ ਰਖਿਆ ਪਿਆ ਹੈ।

ਸ੍ਰੇਸ਼ਟ ਹੈ, ਤੇਰਾ ਸੁਭਾਉ ਨਿਰਵਿਰਤੀ ਵਿਚ ਰਹਿਣੇ ਦਾ ਪੱਕ ਚੁਕਾ ਹੈ, ਗ੍ਰਿਹਸਤ ਤੈਨੂੰ ਔਖਾ ਲਗੇਗਾ। ਮੂਲ ਗਲ ਨੂੰ ਤੂੰ ਸਮਝਦਾ ਹੀ ਹੈਂ, ਵੇਖ ਆਦਿ ਪਾਤਸ਼ਾਹ ਜੀ ਕੀ ਫੁਰਮਾਉਂਦੇ ਹਨ:-

ਸੁਰਤੀ ਕੈ ਮਾਰਗਿ ਚਲਿਕੈ ਉਲਟੀ ਨਦਰਿ ਪ੍ਰਗਾਸੀ॥ ਮਨਿ ਵੀਚਾਰਿ ਦੇਖੁ ਬ੍ਰਹਮਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ॥੩॥ ਜਿਸ ਕੀ ਆਸਾ ਤਿਸ ਹੀ ਸਉਪਿਕੈ ਇਹੁ ਰਹਿਆ ਨਿਰਬਾਣੁ॥ ਜਿਸਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋਪਰਵਾਣੁ॥੪॥੮॥

{ਪ੍ਰਭਾ ਮ: ੧}

ਐਸ ਤਰ੍ਹਾਂ ਪਾਤਸ਼ਾਹ! ਉਨ੍ਹਾਂ ਦੇ ਚਰਨਾਂ ਵਿਚ ਰਹਿਕੇ ਰਸ ਪਾਇਆ। ਅੰਤ ਵੇਲਾ ਵਿਛੋੜੇ ਦਾ ਆਇਆ। ਸਚੇ ਪਾਤਸ਼ਾਹ! ਕੀਹ ਬਿਨੈ ਕਰਾਂ? ਜਦੋਂ ਵਿਛੁੜਨ ਲਗੇ, ਮੇਰਾ ਮਨ ਟੁੱਟ ਗਿਆ ਅਰ ਬੜਾ ਵੈਰਾਗ ਛੁਟਿਆ। ਸਾਹਿਬ ਬੋਲੇ, ਕਿਉਂ ਵੈਰਾਗ ਕਰਦੇ ਹੋ? ਦਾਸ ਨੇ ਬਿਨੈ ਕੀਤੀ, ਪਾਤ-ਸ਼ਾਹ! ਆਪ ਪੰਜਾਬ ਨੂੰ ਚਲੇ ਹੋ ਧੁਰ ਉੱਤਰ ਨੂੰ; ਦਾਸ ਨੂੰ ਆਗਜਾ ਦੱਖਣ ਦੀ ਹੈ, ਫੇਰ ਕਦੋਂ ਦਰਸ਼ਨ, ਤੇ ਜੀਵਾਂਗਾ ਕੀਕੂੰ ਦਰਸ਼ਨ ਬਿਨਾਂ? ਤਦ ਆਪ ਨੇ ਨੈਣ ਮੀਟ ਲਏ ਤੇ ਬੜੇ ਚਿਰ ਪਿਛੋਂ ਖੁਹਲੇ, ਉਚਾਰਨ ਲੱਗੇ:-'ਦਰਸ਼ਨ! ਹੋਣਗੇ। ਹਾਂ, ਆਵਾਂਗੇ ਪਰ ਹੋਰ ਜਾਮੇ, ਪਛਾਣ ਤੂੰ ਕਰ ਲਈਂ।' ਫੇਰ, ਪਾਤਸ਼ਾਹ! ਦਾਸ ਦਾ ਦਿਲ ਖੜੋ ਗਿਆ ਤੇ ਨਿਰੀ ਇਹੋ ਬਿਨੇ ਨਿਕਲੀ:-

'ਪਛਾਣ ਬੀ ਆਪ ਬਖਸ਼ਣੀ?'

ਸਤਿਗੁਰਾਂ 'ਨਿਹਾਲ' ਆਖਕੇ ਘੋੜੇ ਦੀ ਵਾਗ ਮੋੜ ਲਈ, ਸੋ ਉਹ ਆਸ ਅਜ ਮਾਨੋਂ ਜੁਗਾਂ ਮਗਰੋਂ ਪੁੰਨੀ ਹੈ। ਆਪ ਦਾ ਬਖਸ਼ਿਆ ਸਿਮਰਨ ਨਾਲ ਨਿਭਿਆ ਹੈ, ਵਿਕਾਰਾਂ ਨੇ ਆਪ ਦੇ ਵਰ ਕਰਕੇ ਦੁਖ ਨਹੀਂ ਦਿੱਤਾ। ਚਿਤ ਵਿਚ ਪ੍ਰੀਤ ਬੀ ਹੈ, ਪਰ ਇਕੋ ਖੋਹ ਸੀ ਆਪਦੇ ਦਰਸ਼ਨ ਦੀ ਤੇ ਵੈਰਾਗ ਛੁੱਟਦਾ ਹੈ ਕਦੇ ਇਸ ਖਿੱਚ ਵਿਚ ਕਿ ਸਾਈਂ ਚਰਨਾਂ ਨਾਲ ਪ੍ਰੀਤ ਤਾਂ ਦਾਤ ਮਿਲ ਗਈ, 'ਸਾਈਂ ਇਸ ਕੀਟ ਨੂੰ ਪ੍ਰੀਤ ਕਰੇ' ਇਹ ਕਦ ਮਿਲਸੀ? ਸੋ ਹੁਣ ਸਭੇ ਆਸਾਂ ਪੁੰਨੀਆਂ। ਇਹ ਛੰਤ ਆਪ ਦੇ ਚੌਥੇ ਜਾਮੇਂ ਦਾ ਸਦਾ ਉਚਾਰਦਾ ਤੇ ਵੈਰਾਗ ਕਰਦਾ ਰਿਹਾ ਹਾਂ:-

ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ॥ ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ॥ ਮੇਰੇ ਮਨਿ ਤਨਿ ਨਾਮੁ ਅਧਾਰ ਹੈ ਹਉਮੈ ਬਿਖੁ ਜਾਲੀ॥ ਜਨ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ ਬਨਵਾਲੀ॥੨॥{ਆਸਾ:ਮ:੪-੧੬}

ਸੋ ਪਾਤਸ਼ਾਹ ਆਪ ਦੇ ਕੀਤੇ ਤਦੋਂ ਦੇ ਬਚਨ ਆਪ ਨੇ ਆ ਪੂਰੇ ਕੀਤੇ ਹਨ।

ਸਤਿਗੁਰ ਜੀ-ਜੀਵਣੂ! ਆਸਾਮ ਵਿਚ ਕਿੰਨਾ ਕੁ ਚਿਰ ਹੋਇਆ ਆਪ ਮਿਲੇ ਸੇ?

ਸਾਧ-ਸੰਮਤ ੧੭੨੩ ਬਿ: (੧੬੬੬ ਈ.) ਦੀ ਗਲ ਹੈ, ਹਾਂ ਠੀਕ ਸੱਚੀ ਸ੍ਰੀ ਜੀ ਦੇ ਸੰਸਾਰ ਵਿਚ ਅਵਤਾਰ ਧਾਰਨ ਦੀ ਸੋਇ ਤਦੋਂ ਹੀ ਧੁਬੜੀ ਅੱਪੜੀ ਸੀ। ਦਾਸ ਹਾਜ਼ਰ ਸੀ, ਜਿਸ ਵੇਲੇ ਤੋਪਾਂ ਦੀ ਸ਼ਲਕ ਹੋਈ ਤੇ ਸ਼ਦਿਆਨੇ ਵੱਜੇ ਤੇ ਸਾਰੇ ਸਿਖਾਂ ਵਿਚ ਅਤੇ ਰਾਜੇ ਦੇ ਦਲਾਂ ਵਿਚ ਖੁਸ਼ੀ ਮਨਾਈ ਗਈ ਤੇ ਮੈਂ ਸਤਿਗੁਰਾਂ ਨੂੰ ਪੁਛਿਆ ਸੀ ਕਿ ਸਾਹਿਬਜ਼ਾਦੇ ਲਈ ਬੜੇ ਸ਼ਦਿਆਨੇ ਹੋ ਰਹੇ ਹਨ ਤਾਂ ਬਚਨ ਹੋਇਆ ਸੀ:-

ਬਲੀ ਪੁਰਖ ਲੀਨਸ ਅਵਤਾਰ॥
ਕਾਰਜ ਬਡੋ ਲੇਹਿ ਇਹ ਸਾਰ॥ {ਗੁ: ਪ੍ਰ: ਸੂ:}

ਤਦ ਸਤਿਗੁਰ ਜੀ ਮੁਸਕ੍ਰਾਏ ਤੇ ਬੋਲੇ:-"ਜੀਵਣ! ਹੁਣ ਕੋਈ ਹੋਰ ਜੀਵਣ ਦੀ ਆਸ ਹੈ?"

ਸੰਤ (ਚਰਨ ਪਕੜ ਕੇ)-"ਇੱਕੋ, ਤੇ ਇੱਕੋ। ਆਪ ਸਿੰਘਾਂ ਸਣੇ ਦਾਸ ਦੀ ਕੁਟੀਆ ਚਰਨ ਪਾਓ, ਪ੍ਰਸ਼ਾਦ ਛਕੋ, ਇਨ੍ਹਾਂ ਹੁਣ ਮਿਟ ਜਾਣ ਵਾਲੇ ਨੈਣਾਂ ਨਾਲ ਆਪ ਦਾ ਇਹ ਦਿਦਾਰਾ ਬੀ ਕਰ ਲਵਾਂ।" ਇਹ ਪਿਆਰ ਦੇ ਵਾਕ ਸੁਣਕੇ ਗੁਰੂ ਜੀ ਬੋਲੇ:- ਜੀਵਣ! ਤੇਰਾ ਜੀਵਣ ਸਫਲ, ਤੇਰਾ ਫੇਰ ਭਵਜਲ ਫੇਰਾ ਨਹੀਂ। ਨਾਮ ਦਾ ਰੰਗ ਜੋ ਚੜ੍ਹਿਆ ਹੈ, ਗੂੜ੍ਹਾ ਹੋ ਗਿਆ ਹੈ। ਤੂੰ ਪਿਤਾ ਗੁਰੂ ਰਿਝਾਏ, ਵਾਹਿਗੁਰੂ ਦੀ ਪ੍ਰੀਤ ਕਮਾਈ, ਤੇਰੇ ਡੇਰੇ ਪ੍ਰਸ਼ਾਦ ਜ਼ਰੂਰ ਛਕਾਂਗੇ। ਇਹ ਆਸਾ ਪੂਰਕ ਵਾਕ ਸੁਣ ਕੇ ਸਾਧ ਚਰਨੀਂ ਢੈ ਪਿਆ ਤੇ "ਧੰਨ ਧੰਨ" ਕਰਦਾ ਵਿਦਾ ਹੋਇਆ।

੩.

ਅਗਲੇ ਦਿਨ ਜੀਵਣ ਨੇ ਵੱਡਾ ਭਾਰਾ ਲੰਗਰ ਤਿਆਰ ਕਰਵਾਇਆ। ਬੜੇ ਬੜੇ ਸੁਆਦੀਕ ਭੋਜਨ ਬਣਵਾਏ। ਆਪ ਬੀ ਸੇਵਾ ਵਿਚ ਲੱਗਾ

ਰਿਹਾ। ਸਤਿਗੁਰੂ ਜੀ ਸਮੇਂ ਸਿਰ ਖਾਲਸੇ ਸਮੇਤ ਆ ਗਏ, ਸ਼ਹਿਰ ਤੇ ਬਾਹਰ ਦੇ ਸਿਖ ਸੰਗਤਾਂ ਸਾਰੇ ਆ ਜੁੜੇ, ਬੜੀ ਭਾਰੀ ਭੀੜ ਹੋ ਗਈ, ਸਭ ਦੀਆਂ ਪੰਗਤਾਂ ਲਗ ਗਈਆਂ, ਵਿਚਾਲੇ ਸਤਿਗੁਰ ਜੀ ਨੂੰ ਚੰਦਨ ਦੀ ਚੌਂਕੀ ਤੇ ਬਿਠਾਕੇ ਸਾਧੂ ਨੇ ਪੂਜਨ ਤੇ ਆਰਤੀ ਕੀਤੀ, ਫੇਰ ਥਾਲ ਆਪ ਅਗੇ ਰੱਖਕੇ ਪਾਸ ਐਉਂ ਬੈਠ ਗਿਆ ਕਿ ਮਾਨੋਂ ਉਸ ਦੇ ਨੈਣ ਇਸ ਇਲਾਹੀ ਦਰਸ਼ਨ ਤੇ ਤ੍ਰਿਪਤ ਹੋ ਗਏ ਹਨ। ਭੋਜਨ ਛਕਾਕੇ ਚੁਲਾ ਕਰਵਾਇਆ, ਤੇ ਸੁਹਣੇ ਥਾਉਂ ਬਿਠਾਕੇ ਭੇਂਟਾ ਅਗੇ ਧਰਕੇ ਚਰਨਾਂ ਨੂੰ ਲਿਪਟ ਗਿਆ। ਇਸ ਵੇਲੇ ਸਤਿਗੁਰ ਦੀ ਮੇਹਰ ਨਾਲ ਸਾਧੂ ਨੂੰ ਅਭੈਤਾ ਦਾ ਦਾਨ ਪ੍ਰਾਪਤ ਹੋ ਗਿਆ, ਪਰਮ ਪਦ ਦੀ ਸੋਝੀ ਆਈ।

ਸਤਿਗੁਰ ਜੀ ਜਾਣ ਨੂੰ ਤਿਆਰ ਸੇ ਕਿ ਜੈਤ-ਰਾਮ ਆ ਗਿਆ। ਇਹ ਮਹੰਤ ਸੀ ਦਾਦੂ ਦੁਆਰੇ ਦਾ, ਜੋ ਆਪਣੇ ਸੇਵਕਾਂ ਵਿਚ ਫਿਰਦਾ ਕੁਛ ਦਿਨਾਂ ਦਾ ਏਥੇ ਆਇਆ ਹੋਇਆ ਸੀ, ਤੇ ਸਤਿਗੁਰ ਜੀ ਦੇ ਦਰਸ਼ਨ ਦਿਦਾਰੇ ਅਰੋ ਕਰਕੇ ਉਨ੍ਹਾਂ ਦੇ ਆਦਰਸ਼ ਦਾ ਸਤਿਕਾਰ ਕਰਨ ਲਗ ਪਿਆ ਸੀ। ਅਜ ਇਹ ਬੀ ਪ੍ਰਸ਼ਾਦ ਤੇ ਆਇਆ ਤੇ ਹੁਣ ਗੁਰੂ ਜੀ ਨੂੰ ਏਕਾਂਤ ਮਿਲਕੇ ਕੁਛ ਵਾਰਤਾਲਾਪ ਕੀਤੀ! ਜੋਗੀ ਜੀਵਣ ਵੀ ਪਾਸ ਬੈਠਾ ਸੀ, ਉਹ ਵੀ ਵਾਰਤਾਲਾਪ ਕਰਦਾ ਰਿਹਾ।

ਗੁਰ ਸਾਹਿਬ ਜੀ ਨੇ ਕ੍ਰਿਪਾ ਵਾਕ ਕੀਤੇ, ਅੰਤ ਉਹ ਚਰਨਾਂ ਤੇ ਢਹਿ ਪਿਆ ਤੇ ਇਕ ਸਤੋਤਰ ਉਨ੍ਹਾਂ ਦੀ ਮਹਿਮਾਂ ਦਾ ਗਾਂਵਿਆਂ।

ਕੁਛ ਦਿਨ ਹੋਰ ਸਤਿਗੁਰ ਜੀ ਬੁਰਹਾਨਪੁਰ ਰਹੇ। ਤਾਪਤੀ ਦੇ ਕੰਢੇ ਡੇਰਾ ਰਖਿਆ, ਜਿਥੇ ਹੁਣ ਯਾਦਗਾਰੀ ਥਾਉਂ ਗੁਰਧਾਮ ਹੈ। ਇਥੇ ਬੜਾ ਪ੍ਰਚਾਰ ਸਿਖੀ ਦਾ ਹੋਇਆ, ਦੂਰ ਦੂਰ ਤੋਂ ਸੰਗਤਾਂ ਆਈਆਂ, ਆਏ ਲੋਕਾਂ ਨੂੰ ਨਾਮ ਦਾਨ ਬਖਸ਼ਿਆ, ਅੰਤ ਸਤਿਗੁਰਾਂ ਨੇ ਇਥੋਂ ਵੀ ਕੂਚ ਕੀਤੀ।

ਕਲਗੀਧਰ ਜੀ ਦੇ ਗੁਦਾਵਰੀ ਵਿਚ ਚਰਨ ਕਮਲ।

ਗੁਦਾਵਰੀ ਵਿਚ ਜਦ 'ਜੀਅ-ਦਾਨ' ਦਾਤੇ ਨੇ ਅਪਣੇ ਚਰਨ ਕਮਲ ਧਰੇ ਤਦ ਮਾਨੋਂ ਗੁਦਾਵਰੀ ਸੰਗੀਤ ਰੂਪ ਹੋ ਨਾਦ ਕਰਦੀ ਹੈ:-

ਰਾਗ ਮਾਲਕੌਂਸ ਤਾਰ ੩।

ਟੇਕ-ਨੀ ਮੈਂ ਚਰਨ ਪਰਸ ਬਉਰਾਨੀ।
ਥਰਰ ਥਰਰ ਕੁਝੀ ਛਿੜੀ ਖਿਰਨ ਹੈ ਲਰਜ਼ ਗਏ ਮੇਰੇ ਪਾਨੀ।
ਝਰਨ ਝਰਨ ਰਸ ਭਿੰਨੜੀ ਛੁਟ ਪਈ ਕੰਬ ਉਠੀ ਜਿਉਂ ਕਾਨੀ।
ਚਮਕ ਚਮਕ ਲਹਿਰਾਂ ਵਿਚ ਲਿਸ਼ਕੀ ਬਿਜਲੀ ਜਿਉਂ ਥੱਰਰਾਨੀ।
ਮਸਤ ਅਲਸਤੀ ਝੂਮਨ ਝੂੰਮੀ ਪ੍ਰੇਮ ਲਟਕ ਲਟਕਾਨੀ।
ਜੋਗੀ ਜਤੀ ਤਪੀ ਸਿੱਧ ਪਰਸੇ ਪਰਸਿ ਪਰਸਿ ਪਛੁਤਾਨੀ।
ਪਰਸ ਚਰਨ ਨਿੱਤ ਖੁਸ਼ਕ ਰਹੀ ਮੈਂ ਰਸ ਬਿਨ ਉਮਰ ਬਿਹਾਨੀ।
ਕਉਣ ਸਖੀ ਅਜ ਛੁਹ ਗਿਆ ਸਾਨੂੰ ਜੀਅ-ਦਾਨ ਦਾ ਦਾਨੀ?
ਨੀਵਿਆਂ ਤੋਂ ਨੀਵੀਂ ਮੈਂ ਵਗਦੀ ਬਣੀ ਅਰਸ਼ ਦੀ ਰਾਨੀ।
ਕਿਸ ਨੇ ਪਜਾਰ-ਅਣੀ ਆ ਚੋਭੀ ਪ੍ਰੀਤ-ਤਾਰ ਖਿੰਚਾਨੀ?

ਸੂਚਨਾ-ਭੰਗਾਣੀ ਜੁਧ ਪਿਛੇ ਏਸੇ ਪੁਸਤਕ ਦੇ ਪੂਰਬਾਰਧ ਦੇ ਪੰਨਾ ੧੨੭ ਤੇ ਆ ਚੁਕਾ ਹੈ, ਪੀਰ ਬੁਧੂ ਸ਼ਾਹ ਦਾ ਕੁਛ ਹਾਲ ਉਸ ਵਿਚ ਸੀ। ਇਹ ਪਹਿਲਾਂ ਬੀ ਪੱਕਾ ਸ਼ਰਈ ਨਹੀਂ ਸੀ, ਇਸ ਕਰਕੇ ਕਿਸ ਨਾਲ ਹਾਕਮ ਤੇ ਸ਼ਰਈ ਵਡਕੇ ਖੁਣਸਦੇ ਸਨ, ਜਦੋਂ ਇਹ ਭੰਗਾਣੀ ਵਿਚ ਗੁਰੂ ਕੀ ਸੇਵਾ ਕਰ ਆਇਆ ਤਾਂ ਰਾਜ ਕੋਪ ਅੰਦਰੋਂ ਅੰਦਰ ਵਧ ਗਿਆ ਸੀ। ਪਰ ਇਸਦਾ ਪ੍ਰਤਾਪ ਤੇ ਸਿਖਾਂ ਦਾ ਵਧਦਾ ਰੋਅਬ ਸਹਾਈ ਰਿਹਾ।

ਜਦੋਂ ਅਨੰਦਪੁਰ ਦੀ ਰਾਜਧਾਨੀ ਲੁਟੀ ਗਈ ਤੇ ਚਮਕੌਰ ਦਾ ਸਾਕਾ ਹੋਇਆ ਤਾਂ ਉਸਮਾਨ ਖਾਨ ਹਾਕਮ ਸਢੌਰਾ ਨੂੰ ਅਪਣੇ ਆਪ ਯਾ ਸਰਹਿੰਦ ਤੋਂ ਆਏ ਇਸ਼ਾਰੇ ਨਾਲ ਦਲੇਰੀ ਪੈ ਗਈ ਬੁਧੂਸ਼ਾਹ ਨੂੰ ਕਤਲ ਕਰ ਦੇਣ ਦੀ। ਏਹ ਹਾਲ ਕੁਛ ਅਗਲੇ ਪ੍ਰਸੰਗ ਤੋਂ ਵਿਦਿਤ ਹੋ ਜਾਵੇਗਾ। ਯਾਦ ਰਹੇ ਕਿ ਸੰਮਤ ੧੭੬੬-੬੭ ਵਿਚ ਬਾਬੇ ਬੰਦੇ ਨੇ ਇਸ ਅਪ੍ਰਾਧ ਵਿਚ ਸਢੌਰੇ ਤੇ ਹਮਲਾ ਕਰਕੇ ਉਸਮਾਨ ਖਾਂ ਨੂੰ ਮੌਤ ਦਾ ਦੰਡ ਦਿਤਾ ਸੀ।

੯੩. ਨਸੀਰਾਂ ਯਾ ਨਸੀਰ ਬੇਗਮ*

ਸੱਚ ਦੀ ਸ਼ਮਾ ਦੇ ਪਰਵਾਨੇ:

੧. (ਇਕ ਪਰਿਵਾਰ ਨੁਛਾਵਰ)

ਅਪਣੇ ਮਹਿਲ ਸਢੌਰੇ ਵਿਚ ਨਸੀਰਾਂ[1] ਉਦਾਸ ਬੈਠੀ ਨੇ ਲੰਮਾਂ ਹਾਹੁਕਾ ਲੈਕੇ ਗਾਵਿਆਂ:-

ਫੁੱਲ ਖਿੜੇ ਫੁਲਵਾੜੀ ਸਹੀਓ,
ਅੰਬ ਸ਼ਗੂਫੇ ਨਾਲ ਭਰੇ।
ਬੁਲਬੁਲ ਭੌਰੇ ਆਨ ਜੁੜੇ ਹਨ,
ਕੋਇਲ ਕੂ ਕੂ ਕੂਕ ਕਰੇ।
ਦੋਵੇਂ ਲਾਲ ਅੱਖ ਦੇ ਤਾਰੇ,
ਨਜ਼ਰ ਨ ਆਵਣ ਸੁੰਞ ਪਈ।
ਅੰਮੀ ਜਾਇਆ ਵੀਰ ਨ ਦਿੱਸੇ,
ਨੈਣੋਂ ਨੀਰ ਅਸਾਰ ਝਰੇ।

ਸੈਦ ਖਾਨ-ਪਿਆਰੀ ਭੈਣ ਜੀਉ! ਤੁਸੀਂ ਆਲਿਮ ਹੋ, ਦੀਨਦਾਰ ਹੋ, ਫਕੀਰੀ ਖ਼ਾਨਦਾਨ ਵਿਚ ਆਦਰ ਜੋਗ ਹੋ, ਜ਼ਰਾ ਦਿਲ ਨੂੰ ਢਾਰਸ ਦਿਓ, ਜੋ ਅੱਲਾ ਦੀ ਮਰਜ਼ੀ ਸੀ ਹੋ ਗਈ, ਹੁਣ ਸਬਰ ਸ਼ੁਕਰ ਤੋਂ ਕੰਮ ਲਓ, ਇਸ ਤਰ੍ਹਾਂ ਦਿਨ ਰਾਤ ਰੁੜ੍ਹਿਆਂ ਕੀਹ ਬਣੇਗਾ?

ਨਸੀਰਾਂ-ਮੇਰੇ ਵੀਰ ਜੀਉ! ਮੈਂ ਬਥੇਰਾ ਜ਼ੋਰ ਲਾਉਂਦੀ ਤੇ ਏਸ ਅਮੋੜ ਮਨ ਨੂੰ ਸਮਝਾਉਂਦੀ ਹਾਂ, 'ਇਨ੍ਹਾਂ ਮੜਦੇ ਹੰਝੂਆਂ ਨੂੰ ਅੱਖਾਂ ਦੇ ਪਿੱਛੇ ਬੰਨ੍ਹ ਬੰਨ੍ਹ ਬਹਾਉਂਦੀ ਹਾਂ, ਪਰ ਕਲੇਜੇ ਦੀ ਤੜਪ ਕੁਝ ਪੇਸ਼ ਨਹੀਂ ਜਾਣ ਦਿੰਦੀ। ਕਲੇਜੇ ਨੂੰ ਵੀ ਥੰਮ੍ਹਦੀ ਹਾਂ, ਕੁਰਾਨ ਪੜ੍ਹਦੀ ਹਾਂ, ਹਦੀਸਾਂ ਵਿਚਾਰਦੀ ਹਾਂ, ਪਰ 'ਵੀਰ ਵਿਛੋੜਾ' ਤੇ 'ਪੁੱਤਾਂ ਦਾ ਮੋਲ' ਮੱਲੋ ਮੱਲੀ ਬਿਹਬਲ ਕਰ ਘੱਤਦਾ ਹੈ। ਹਾਂ ਤਾਂ ਮੈਂ ਬੇਸਬਰੀ, ਪਰ ਵੀਰਾ! ਉਸ ਕਾਲਜੇ ਦਾ ਕੀ ਹਾਲ ਹੋਵੇ ਜਿਸਦੇ ਇਕੋ ਦਿਨ ਦੋ ਅੱਖਾਂ ਦੇ ਤਾਰੇ ਤੇ ਇਕ ਵੀਰ ਇਸ ਸੰਸਾਰ ਵਿਚੋਂ ਗ਼ਾਇਬ ਹੋ ਜਾਵਣ? ਸ਼ਾਹ ਸਾਹਿਬ ਬੀ ਬੜਾ ਹੀ ਸਮਝੌਂਦੇ ਹਨ, ਪਰ ਵੀਰ ਜੀ! ਪੱਤੇ ਵਲ੍ਹੂੰਧਰਿਆਂ ਦਰਖਤਾਂ ਦੇ ਫੱਟ ਬੀ ਉਸੇ ਵੇਲੇ ਨਹੀਂ ਸੁੱਕ ਜਾਂਦੇ, ਮੈਂ ਤਾਂ ਆਦਮ ਜ਼ਾਤ ਤ੍ਰੀਮਤ ਹਾਂ।

ਸੈਦ ਖਾਨ-ਬੀਬੀ ਰਾਣੀ ਤੇ ਚੰਗੀ ਚੰਗੀ ਭੈਣ ਜੀਉ! ਤੁਸੀਂ ਸਚੇ ਹੋ, ਮੇਰਾ ਆਪਣਾ ਤੁਸਾਂ ਤੋਂ ਬੁਰਾ ਹਾਲ ਹੈ, ਮੈਂ ਜਿਸ ਵੇਲੇ ਕਾਬਲ ਵਿਚ ਅਜ਼ੀਜ਼ਾਂ (ਪਿਆਰਿਆਂ) ਦੀ ਮੌਤ ਸੁਣੀ, ਮੈਂ ਬਿਹ-ਬਲ ਹੋ ਗਿਆ ਸਾਂ, ਹੁਣ ਤਕ ਮੇਰੇ ਅੰਦਰੋਂ ਐਸੀ ਖਿੱਚ ਦਾ ਗੁਬਾਰ ਉੱਠਦਾ ਹੈ ਕਿ ਅੱਖਾਂ ਤੋਂ ਪਾਟ ਹੀ ਨਿਕਲਦਾ ਹੈ, ਪਰ ਕੀਤਾ ਕੀ ਜਾਵੇ? ਮੌਤ ਉਹ ਦੁਖ ਹੈ ਜਿਸਦਾ ਦਾਰੂ ਨਹੀਂ ਹੈ, ਇਹ ਐਸੀ ਹੋ ਚੁਕਣੀ ਹੈ ਕਿ ਮੁੜ ਨਹੀਂ ਬਦਲ ਸਕਦੀ। ਹਜ਼ਾਰ ਵੈਰਾਗ ਕਰੋ, ਸਿਵਾ ਆਪੇ ਨੂੰ ਸਾੜਨ ਖੋਰਨ ਦੇ ਹੋਰ ਕੁਝ ਨਹੀਂ! ਅੰਤ ਦਿਨ ਗੁਜ਼ਾਰ ਰੋ ਧੋ ਖਪ ਖਪਾਕੇ ਕਲੇਜੇ ਨੂੰ ਕੋਈ ਨਾ ਕੋਈ ਢੱਕਣ ਆ ਹੀ ਜਾਂਦਾ ਹੈ! ਭਾਵੇਂ ਵਿਛੋੜੇ ਦੇ ਦਾਗ਼ ਧੋਤਿਆਂ ਨਹੀਂ ਕਦੇ ਲੱਥੇ, ਪਰ ਦਿਨ-ਕਟੀ ਹੋਣ ਹੀ ਲਗ ਪੈਂਦੀ ਹੈ। ਹਾਂ, ਜੇ ਕਦੇ ਅੱਲਾ ਰਹਿਮ ਕਰੇ, ਕੋਈ ਸਬਰ ਸ਼ੁਕਰ ਦਾ ਤੋਸ਼ਾ ਦਰੋਂ ਘਰੋਂ ਘੱਲ ਦੇਵੇ ਤਾਂ ਮਨ ਛੇਤੀ ਸੁਖੀ ਹੋ ਜਾਂਦਾ ਹੈ! ਅੱਲਾ ਦੇ ਪਿਆਰ ਵੱਲ ਰੁਖ਼ ਕੀਤਿਆਂ ਜ਼ੇਰਾ ਝਬਦੇ ਹੋ ਆਉਂਦਾ ਹੈ।

ਨਸੀਰਾਂ-ਤੇ ਵੀਰ ਵੇ! ਜਿਸਦੇ ਪੁਤ ਸ਼ੀਹਾਂ ਜੇਡੇ ਜੁਆਨ, ਯੂਸਫ ਵਰਗੇ ਸੁਹਣੇ, ਲਹੂ ਲੁਹਾਨ ਹੋ ਖ਼ਾਕ ਵਿਚ ਰੁਲ ਧੁਲ ਮਿਟੀ ਹੋ ਚੁਕੇ ਹੋਣ ਤੇ ਦੋ ਹੋਰ ਓਸੇ ਕਿਸਮਤ ਲਈ ਈਦ ਦੇ ਬਕਰੇ ਵਾਂਗੂ

*ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੯ (੧੯੧੭ ਈ:) ਦੇ ਗੁਰਪੁਰਬ ਸਪਤਮੀ ਸਮੇਂ ਟ੍ਰੈਕਟ ਦੀ ਸੂਰਤ ਵਿਚ 'ਸੁਹਣਿਆਂ ਦੇ ਸੁਲਤਾਨ' ਨਾਮ ਹੇਠ ਪ੍ਰਕਾਸ਼ਿਆ ਸੀ। ਕ੍ਰਮ ਅਨੁਸਾਰ ਇਹ ਪ੍ਰਸੰਗ ੮੮ ਅੰਕ ਤੋਂ ਪਹਿਲੇ ਚਾਹੀਦਾ ਸੀ।

੧. ਪੀਰ ਬੁਧੂਸ਼ਾਹ ਦੀ ਇਸਤ੍ਰੀ ਦਾ ਨਾਮ।

ਪਲ ਰਹੇ ਹੋਣ, ਉਸ ਮਾਂ ਨੂੰ ਕਿਹੜਾ ਸਬਰ ਆਕੇ ਹੌਸਲਾ ਬਨ੍ਹਾਵੇ? ਵੀਰਾ! ਦੋ ਭੇਟਾ ਦੇ ਬੈਠੀ, ਦੋਹ ਹੋਰ ਭੇਟਾ ਦੇਣ ਲਈ ਪਾਲ ਰਹੀ ਹਾਂ। ਕਾਸ਼! ਮੈਂ ਔਤ੍ਰੀ ਹੁੰਦੀ, ਮੇਰੀ ਨਿਕਰਮਣ ਕੁੱਖ ਸਰਵੀ ਨਾ ਹੁੰਦੀ, ਨਾ ਹੀਰੇ ਮਿਰਗ ਪਾਲਦੀ, ਨਾ ਕੁਹੀਂਦੇ ਮਹਦੇ ਵੇਖਦੀ।

ਇਹ ਕਹਿ ਨਸੀਰਾਂ ਦੀਆਂ ਭੁੱਬਾਂ ਨਿਕਲ ਗਈਆਂ, ਰੋਂਦੀ ਰੋਂਦੀ ਬੇਸੁਧ ਹੋ ਗਈ। ਗੋਲੀਆਂ ਖਾਂਦੀਆਂ ਅਰਕ ਗੁਲਾਬ ਤੇ ਕਿਉਂੜੇ ਨੂੰ ਭੱਜੀਆਂ। ਇਕ ਨੇ ਝੋਲੀ ਪਾ ਲਿਆ, ਇਕ ਦੰਦਣ ਖੁਹਲਣ ਲੱਗੀ, ਇਕ ਸ਼ਾਹ ਸਾਹਿਬ ਵਲ ਦੀਵਾਨ ਖਾਨੇ ਦੌੜੀ ਗਈ। ਗੱਲ ਕੀ ਪਲੋ ਪਲੀ ਵਿਚ ਸ਼ਾਹ ਸਾਹਿਬ ਆ ਗਏ, ਹੋਸ਼ ਲਿਆਉਣ ਦਾ ਜਤਨ ਹੋਣ ਲਗ ਪਿਆ ਤੇ ਜਤਨ ਕਾਰਗਰ ਹੋ ਗਿਆ। ਬੀਬੀ ਦੀ ਹੋਸ਼ ਪਰਤ ਆਈ, ਪਰ ਨਿਢਾਲ ਅਤਿ ਸੀ।

ਸੈਦਖਾਨ ਆਪੇ ਨੂੰ ਰੋਕਦਾ ਸੀ, ਪਰ ਉਸ ਪਾਸੋਂ ਨਾ ਰਿਹਾ ਗਿਆ। ਰੋਕਦੇ ਰਾਕਦੇ ਸ਼ਾਹ ਸਾਹਿਬ ਨਾਲ ਗੱਲੀਂ ਜੁੱਟ ਪਿਆ, ਆਖਣ ਲੱਗਾ-"ਆਪ ਵੱਡੇ ਹੋ ਤੇ ਮੇਰੇ ਸਭ ਤਰ੍ਹਾਂ ਆਦਰ ਯੋਗ ਹੋ, ਮਿਹਰ ਕਰੋ ਤੇ ਇਕ ਦਾਨ ਦਿਓ, ਦੂਸਰੇ ਸਾਹਿਬਜ਼ਾਦਿਆਂ ਨੂੰ ਮੈਦਾਨ ਜੰਗ ਵਿਚ ਨਹੀਂ ਟੋਰਨਾਂ। ਆਪ ਫਕੀਰ ਹੋ, ਫਕੀਰਾਂ ਨੂੰ ਜੰਗਾਂ ਜੱਦਲਾਂ ਨਾਲ ਕੀਹ? ਇਹ ਮੁਲਕਗੀਰੀਆਂ ਖੁਸਰਵਾਂ (ਪਾਤਸ਼ਾਹਾਂ) ਨੂੰ ਹੀ ਸਲਾਮਤ ਰਹਿਣ। ਤੁਹਾਨੂੰ ਅੱਲਾ ਨੇ ਸੁਖ ਹੀ ਸੁਖ ਬਖਸ਼ਿਆ ਹੈ। ਅੱਲਾ ਦੀ ਯਾਦ ਵਿਚ ਸੁਖੀ ਦਿਨ ਗੁਜ਼ਾਰੋ। ਤੀਰ, ਤੁਫੰਗ, ਗੋਲੇ, ਕੂਚ, ਖ਼ੂੰਨ, ਮਰਨਾਂ, ਮਾਰਨਾ, ਇਹ ਅਸਾਂ ਸਿਪਾਹੀਆਂ ਲਈ ਅੱਲਾ ਨੇ ਲਿਖ ਦਿੱਤੀਆਂ ਹਨ, ਸੋ ਸਿਰ ਮੱਥੇ ਉੱਤੇ।"

ਸ਼ਾਹ ਸਾਹਿਬ-ਖਾਨ ਜੀਉ! ਮੈਂ ਸਿਪਾਹੀ ਨਹੀਂ, ਨਾ ਮੁਲਕਗੀਰੀ ਦੀ ਹਵਸ ਹੈ, ਨਾ ਮੇਰੇ ਜੰਗ ਵਿਚ ਸ਼ਾਮਲ ਹੋਣ ਦਾ ਕਾਰਨ ਹਿਰਸ ਹੈ। ਮੈਂ ਤਾਂ 'ਇਸ਼ਕ' ਤੇ 'ਅਸੂਲ' ਦੇ ਨੁਕਤੇ ਤੋਂ 'ਸ਼ਰੀਕੇ ਜੰਗ' ਹੋਇਆ ਸਾਂ ਤੇ-ਅੱਲਾ ਮੈਨੂੰ ਸਬਰ ਦੇਵੇ ਮੈਂ-ਵਡਭਾਗ ਹਾਂ ਕਿ ਮੇਰੇ ਪੁੱਤ੍ਰ ਮੇਰੇ ਮਹਿਬੂਬ ਦੇ ਕੰਮ ਆਏ! ਦੋ ਗੋਸ਼ਤ ਦੇ ਟੁਕੜੇ ਜਿਨ੍ਹਾਂ ਵਬਾ, ਮਰੀ, ਹਾਦਸੇ, ਕਿਸੇ ਹੀਲੇ ਅੰਤ ਮਰਨਾ ਹੀ ਸੀ, ਉਹ ਇਕ ਅੱਲਾ ਦੀ ਖ਼ਿਦਮਤ, ਦੂਜੇ ਰਸੂਲ ਦੀ ਖ਼ਿਦਮਤ, ਤੀਜੇ ਅਮੂਲ ਪ੍ਰਸਤੀ ਲਈ ਤਸੱਦਕ (ਸਦਕੇ) ਹੋ ਗਏ! ਮੈਂ ਸੌੜ੍ਹਾ ਹੋ ਗਿਆ ਹਾਂ, ਨਮੀਰਾਂ ਦੀ ਕੁਖ ਹਰੀ ਹੋ ਗਈ ਹੈ। ਰਹਿੰਦੀ ਦੁਨੀਆਂ ਤਕ ਇਸ ਦੀ ਕੁਰਬਾਨੀ ਉਤੇ ਅਰਸ਼ਾਂ ਤੋਂ ਰਹਿਮਤ ਬਰਸੇਗੀ।

ਸੈਦਖਾਨ-ਸ਼ਾਹ ਸਾਹਿਬ! ਮੈਨੂੰ ਖ਼ੁਦ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਮੈਂ ਸਿਪਾਹੀਗੀਰੀ ਦੇ ਵਿਰੁੱਧ ਕੁਛ ਆਖਾਂ। ਮੈਂ ਆਪ ਸਿਪਾਹੀ ਹਾਂ, ਪੰਜ ਹਜ਼ਾਰੀ ਦਾ ਦਰਜਾ ਕਈ ਬਹਾਦਰੀਆਂ ਕਰਕੇ ਪਾ ਚੁਕਾ ਹਾਂ, ਪਰ ਪਤਾ ਨਹੀਂ ਹਮਸ਼ੀਰ ਸਾਹਿਬਾ ਦੇ ਸਦਮੇ ਨੇ ਮੈਨੂੰ ਕਿਉਂ ਕਮਜ਼ੋਰ ਕਰ ਦਿਤਾ ਹੈ? ਬਰਖੁਰਦਾਰਾਂ ਦੀ ਤੇ ਵੀਰ ਦੀ ਮੌਤ ਮੈਂ ਕਾਬਲ ਵਿਚ ਸੁਣੀ ਸੀ, ਸੁਣਦੇ ਸਾਰ ਗ਼ਮਜ਼ਦਾ ਤੇ ਸਖ਼ਤ ਉਦਾਸ ਹੋ ਗਿਆ ਸਾਂ, ਖ਼ਜਾਲ ਸੀ ਕਿ ਮੈਂ ਵਤਨ ਆਕੇ ਕੁਛ ਸੁਖੀ ਹੋ ਜਾਸਾਂ ਪਰ ਇਥੇ ਆਕੇ ਹੋਰ ਬੀ ਦੁਖੀ ਹੋ ਗਿਆ ਹਾਂ। ਖ਼ੈਰ! ਕੁਛ ਹੈ ਤੇ ਕਿਸੇ ਤਰ੍ਹਾਂ ਹੈ, ਚਾਹੇ ਕਮਜ਼ੋਰੀ ਹੈ ਚਾਹੇ ਮੁਹੱਬਤ, ਇਹ ਇਕਰਾਰ ਮੈਂ ਆਪ ਤੋਂ ਜ਼ਰੂਰ ਲੈਣਾ ਹੈ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਆਪ ਮੈਦਾਨ ਜੰਗ ਵਿਚ ਨਹੀਂ ਘੱਲੋਗੇ।

ਸ਼ਾਹ ਸਾਹਿਬ-ਖਾਨ ਸਾਹਿਬ! ਆਪ ਕਿਹੜੇ ਭੁਲੇਖੇ ਵਿਚ ਹੋ, ਮੈਂ ਕਿਸੇ ਨੂੰ 'ਸ਼ਰਬਤ ਸ਼ਹਾਦਤ' ਪਿਲਾ ਸਕਦਾ ਹਾਂ, ਇਹ ਅੱਲਾ ਦੀ ਰਹਿਮਤ ਹੈ। ਵੱਡੇ ਬਰਖ਼ੁਰਦਾਰ ਤੇ ਆਪ ਦੇ ਭਾਈ ਸਾਹਿਬ ਤੇ ਮੇਰੇ ਛੋਟੇ ਭਾਈ ਸਾਹਿਬ ਨਸੀਬਾਂ ਵਾਲੇ ਸਨ ਜੋ ਓਹ ਉਹ 'ਆਬਿ ਕੌਸਰ' ਪੀ ਗਏ, ਜਿਸ ਦਾ ਜ਼ਿਕਰ ਕਰਦੇ ਹਨ ਕਿ ਬਹਿਸ਼ਤਾਂ ਵਿਚ ਹੁੰਦਾ ਹੈ। ਨਹੀਂ ਨਹੀਂ, ਰਸੂਲਾਂ ਦਾ ਰਸੂਲ ਆਪ ਜਗਤ ਵਿਚ ਆਇਆ ਹੈ ਤੇ 'ਆਬਿ ਕੌਸਰ' ਨਾਲ ਇਥੇ ਲੈ ਆਇਆ ਹੈ ਤੇ ਇਹ 'ਆਬਿ ਕੌਸਰ' 'ਸ਼ਰਬਤੇ-ਸ਼ਹੀਦੀ' ਹੈ, ਜੋ ਉਸ ਦੇ ਫੁਰਮਾਨ ਵਿਚ, ਉਸਦੀ ਖੁਸ਼ੀ ਵਿਚ, ਜਾਨ ਨਿਸਾਰਾਂ, ਮੁਹੱਬਤ ਦੇ ਬੰਦਿਆਂ ਨੂੰ ਉਮ ਦੀ ਨਜ਼ਰ ਮੁਹੱਬਤ ਸ਼ਿਨਾਸ (ਪਿਆਰ ਪਛਾਣਨ ਵਾਲੀ ਦ੍ਰਿਸ਼ਟੀ) ਜਾਮ (ਪਿਆਲੇ) ਭਰ ਭਰ ਕੇ ਪਿਲਾਉਂਦੀ ਹੈ! ਮੈਂ ਬੀ ਉਸ ਮਹਿਫਲ ਵਿਚ ਗਿਆ ਸਾਂ, ਪੁਤ ਤੇ ਭਾਈ ਸਾਹਿਬ ਨਸੀਬਾਂ ਵਾਲੇ ਸਨ, ਪੀ ਗਏ, ਅਮਲੀ ਹੋ ਗਏ, ਜੱਨਤ

ਨਸੀਬ ਹੋ (ਸੁਰਗ ਪਹੁੰਚ) ਗਏ, ਮੈਂ ਜੀਉਂਦਾ ਵਾਪਸ ਆ ਗਿਆ। ਮੇਰਾ ਨਸੀਬਾ ਯਾਵਰ ਹੁੰਦਾ, ਮੈਂ ਵੀ ਉਹ ਨਸ਼ਾ ਪੀ ਲੈਂਦਾ ਜੋ ਤਲਵਾਰ ਦੀ ਨੋਕ ਨਾਲ ਪੀਤਾ ਜਾਂ ਕੇ ਅਮਰ ਪਦ ਤੇ ਲੈ ਜਾਂਦਾ ਹੈ।

ਨਸੀਰਾਂ-ਵੀਰਨ ਜੀਉ! ਸ਼ਾਹ ਸਾਹਿਬ ਨੂੰ ਨਾ ਸਮਝਾਓ, ਇਨਾਂ ਦੇ ਦਿਲ ਨੂੰ ਖੇਚਲ ਨਾ ਦਿਓ। ਇਹ ਕਿਸੇ ਨਸ਼ੇ ਵਿਚ ਹਨ, ਮੈਂ ਬਦ-ਨਸੀਬ ਨਾ ਉਸ ਨਸ਼ੇ ਵਿਚ ਹਾਂ, ਨਾ ਪਹਿਲੋਂ ਮਰ ਗਈ ਕਿ ਆਪਣੇ ਦੁਲਾਰਿਆਂ ਦੀਆਂ ਖ਼ੂਨ ਆਲੂਦ (ਲਹੂ ਲਿੱਬੜੀਆਂ) ਲਾਸ਼ਾਂ ਦਾ ਨਜ਼ਾਰਾ ਇਨ੍ਹਾਂ ਨਿੱਜ ਨਾ ਹੁੰਦੇ ਨੈਣਾ ਨਾਲ ਨਾ ਵੇਖਦੀ। ਕਾਸ਼! ਮੇਰੇ ਅਲਾ! (ਅਸਮਾਨਾਂ ਵਲ ਤੱਕਕੇ) ਕਾਸ਼! ਐ ਮੇਰੇ ਖ਼ੁਦਾ! ਐ ਮੇਰੇ ਰਸੂਲ! ਮੈਨੂੰ ਵੀ ਮੇਰੇ ਲਾਲਾਂ ਪਾਸ ਬੁਲਾ ਲੈ, ਯਾ ਹੇ ਮੇਰੇ ਅੱਲਾ! ਉਸ ਨਸ਼ੇ ਦੀ ਕੋਈ ਬੂੰਦ ਮੈਨੂੰ ਵੀ ਪਿਲਾ ਕਿ ਜਿਸ ਦੇ ਅਮਲ (ਨਸ਼ੇ) ਨਾਲ ਵਿਛੋੜੇ ਦੀ ਖੰਜਰ, ਭਰਾਵਾਂ ਤੇ ਪੁਤਰਾਂ ਦੇ ਵਿਛੋੜੇ ਦੀ ਸਾਂਗ ਮੇਰੇ ਸ਼ੌਹਰ (ਪਤੀ) ਦੇ ਦਿਲ ਪਰ ਬੇਅਸਰ ਪੈ ਰਹੀ ਹੈ। ਇਉਂ ਕਹਿੰਦੀ ਨਸੀਰਾਂ ਫਿਰ ਬੇਹੋਸ਼ ਹੋ ਗਈ।

ਹੁਣ ਛੱਟੇ ਨਹੀਂ ਮਾਰੇ ਗਏ, ਸ਼ਾਹ ਸਾਹਿਬ ਨੇ ਡੋਲੇ ਤੋਂ ਫੜਕੇ ਨੈਣ ਅਕਾਸ਼ਾਂ ਵੱਲ ਕਰਕੇ ਜ਼ਰਾ ਕੁ ਦਬਾਇਆ ਤਾਂ ਕੁਛ ਪਲਾਂ ਮਗਰੋਂ ਨੈਣ ਖੁਲ੍ਹ ਗਏ ਤੇ ਸਹਿਜੇ ਬੋਲੀ:-

(ਉੱਪਰ ਤੱਕਕੇ) "ਮੇਰੇ ਅੱਲਾ! ਮੇਰੇ ਅੱਲਾ! (ਹੇਠਾਂ ਤੱਕ ਕੇ) ਸ਼ਾਹ ਸਾਹਿਬ! ਵੀਰਨ ਜੀਉ! ਲਾਲ ਤਾਂ ਜੀਉਂਦੇ ਹਨ। ਹਾਂ ਜੀ, ਮੈਂ ਅੱਖੀਂ ਡਿੱਠੇ ਹਨ, ਵੀਰਨ ਜੀਉ! ਸੁਣੋ:-

ਇਕ ਜ਼ਿਮੀਂ ਮੈਂ ਦੇਖੀ ਹੈ ਹੁਣੇ ਹੁਣੇ, ਸੋਨੇ ਦੀ ਹੈ ਤੇ ਵਿਚ ਮੋਤੀ ਤੇ ਹੀਰੇ ਜੜੇ ਹਨ। ਉਸ ਪਰ ਇਕ ਨੀਲੇ ਰੰਗ ਦਾ ਘੋੜਾ ਹੈ ਜਿਸ ਪਰ ਇਕ ਕਲਗੀਦਾਰ 'ਹੁਸਨ ਦਾ ਵਜੂਦ' ਖੜਾ ਹੈ। ਕਲਗੀ ਦੀ ਹਰ ਨੋਕ ਵਿਚ ਇਕ ਇਕ ਮੂਰਜ ਹੈ, ਮੱਥੇ ਤੇ ਜਿਗਾ ਹੈ, ਜਿਸ ਵਿਚ ਨਗਾਂ ਦੀ ਥਾਂ ਨਿਕੇ ਨਿਕੇ ਚੰਦਰਮਾਂ ਜੜੇ ਹਨ। ਗਲ ਜਾਮਾ ਹੈ, ਜਿਸ ਪਰ ਅਸਮਾਨ ਦੇ ਤਾਰਿਆਂ ਦੀ ਗੂੜ੍ਹੀ ਕਹਿਕਸ਼ਾਂ (ਅਕਾਸ਼ ਗੰਗਾ) ਵਾਂਙੂ ਅਫ਼ਸ਼ਾਂ (ਛਿੜਕਾਉ) ਪਈ ਲਿਸ਼ਕਦੀ ਹੈ, ਮੋਢਿਆਂ ਦੇ ਮਗਰ ਤੀਰ ਕਮਾਨ ਹੈ, ਪਰ ਉਹ ਕੋਈ ਬਿਜਲੀਆਂ ਹਨ ਜੋ ਅੱਖ ਦੇ ਇਕ ਇਕ ਚਮਕਾਰੇ ਵਿਚ ਹਜ਼ਾਰ ਹਜ਼ਾਰ ਲਿਸ਼ਕਾਰੇ ਮਾਰਦੀਆਂ ਹਨ। ਵੀਰਨ! ਇਸ 'ਹੁਸਨ ਵਜੂਦ' ਦੇ ਚਿਹਰੇ ਪਰ ਐਸਾ ਜਮਾਲ ਹੈ ਕਿ ਯੂਸਫ਼ ਸੁਣਿਆਂ ਹੈ, ਮੇਰੀ ਜਾਚੇ ਇਨ੍ਹਾਂ ਦੇ ਮੁਬਾਰਕ ਕਦਮਾਂ ਦੀਆਂ ਤਲੀਆਂ ਯੂਸਫ਼ ਤੋਂ ਸੁਹਣੀਆਂ ਹੋਸਨ। ਫੇਰ ਵੀਰਨ ਜੀਉ! (ਅੱਖਾਂ ਮੀਟ ਗਈ)...ਹਾਂ (ਨੈਣ ਖੋਲ੍ਹਕੇ ਫੇਰ) ਮੇਰੇ ਵੀਰਨ ਜੀਉ! ਇਸ ਚਿਹਰੇ ਵਿਚ ਰੋਅਬ ਉੱਠਦਾ ਸੀ ਚੜ੍ਹਦੇ ਸੂਰਜ ਵਾਂਙੂ, ਇਕ ਜਲਾਲ ਫੱਰ੍ਹਾਟੇ ਮਾਰਦਾ ਸੀ, ਮੇਰੇ ਤਾਂ ਨੈਣ ਬੰਦ ਹੋ ਹੋ ਜਾਂਦੇ ਸਨ। ਵੀਰਨ ਜੀਉ! ਇਹ ਕੌਣ ਸੀ? ਹਾਂ ਕੌਣ ਸੀ? ਜੀਉ ਜੀ! ਮੈਂ ਤੱਕਕੇ ਬੇਸੁਧ ਹੋ ਚਲੀ ਸਾਂ ਤਾਂ ਕੀ ਡਿੱਠਾ ਕਿ ਚਿਹਰੇ ਤੇ ਪਿਆਰ, ਰਸੀਲੀ, ਨਿਮਕੀ, ਨਰਮੀ, ਕੋਮਲਤਾਈ ਆ ਗਈ, ਅਵਾਜ਼ ਬੁਲਬੁਲ ਵਾਂਙ ਦਿਲ ਖਿੱਚ ਹੋ ਨਿਕਲੀ, ਨੈਣਾਂ ਤੋਂ ਮਿਠੇ ਤੇ ਰਸੀਲੇ ਪਿਆਰ ਦਾ ਮੀਂਹ ਵੱਸ ਉੱਠਿਆ, ਆਖਣ ਲੱਗੇ:-

'ਆਓ ਮੇਰੇ ਸ਼ੇਰੋ! ਮਾਂ ਨੂੰ ਮਿਲੋ'

ਤਾਂ ਵੀਰਨ ਜੀਉ! ਮੇਰੇ ਦੋਵੇਂ ਸ਼ੇਰ ਨਮੂਦਾਰ ਹੋ ਗਏ, ਤੇ ਮੇਰੇ ਗਲੇ ਲਿਪਟਕੇ ਬੋਲੇ:-'ਅੰਮੀਂ! ਅਸੀਂ ਜੀਉਂਦੇ ਹਾਂ, ਅਸੀਂ ਅਰਸ਼ਾਂ ਵਿਚ ਸੁਖੀ ਤੇ ਉੱਚੇ ਹਾਂ, ਅੰਮੀਂ! ਅੱਬਾ (ਪਿਤਾ) ਨੂੰ ਆਖੀਂ ਅੱਲਾ ਤੇਰੇ ਤੇ ਰਹਿਮਤ ਕਰੇ ਇਹ ਦਰਜਾ, ਹੇ ਅੱਖਾ! (ਪਿਤਾ) ਤੇਰੀ ਰਹਿਮਤ ਤੋਂ ਸਾਨੂੰ ਨਸੀਬ ਹੋਇਆ ਹੈ'। ਇੰਨੇ ਨੂੰ ਮੇਰੇ ਦੇਵਰ ਤੇ ਵੀਰ ਜੀ ਬੀ ਆ ਗਏ, ਖੁਸ਼ ਖੁਸ਼ ਵੀਰ ਜੀ ਮੇਰੇ ਸਿਰ ਤੇ ਪਿਆਰ ਦੇਕੇ ਬੋਲੇ:-'ਹਮਸ਼ੀਰਾ ਸਾਹਿਬਾ! ਅਸਾਂ ਜੰਨਤ* ਪਾਈ, ਤੁਸੀਂ ਸਾਡੇ ਸੋਹਿਲੇ ਗਾਉਣ ਦੀ ਥਾਂ ਵੈਣ ਪਾਉਂਦੇ ਹੋ? ਭਰਾਵਾਂ ਦੇ ਦਰਜੇ ਵਧਣ ਤੇ ਭੈਣਾਂ ਰੋਣ?'

ਮੇਰੇ ਵੀਰਨ ਜੀਉ! ਫੇਰ ਓਸ 'ਹੁਸਨ ਵਜੂਦ' ਨੇ ਮੇਰੀ ਵੱਲ ਤੱਕਿਆ, ਮੈਂ ਬੇਅਖ਼ਤਿਆਰ ਹੋ ਪੈਰਾਂ ਪਰ ਡਿੱਗ ਪਈ, ਤੀਰ ਜੋ ਉਨ੍ਹਾਂ ਦੇ ਹੱਥਾਂ ਵਿਚ ਸੀ, ਜੋ ਕਿਸੇ ਪਾਰਸ ਵਰਗੇ 'ਕਦੇ ਚਮਕ ਤੋਂ

*ਸੁਵਰਗ।

ਅਚਮਕ ਨਾ ਹੋਣ ਵਾਲੇ' ਧਾਤੂ ਦਾ ਬਣਿਆਂ ਜਾਪਦਾ ਸੀ, ਮੇਰੇ ਸਿਰ ਨਾਲ ਲਾਕੇ ਕਿਹਾ 'ਤੇਰੀ ਨਜ਼ਰ ਕਬੂਲ'। ਬੇਟੇ ਦਿੱਤੇ, ਹਾਂ, ਤੂੰ ਸਾਨੂੰ ਵੀਰ, ਦੇਵਰ ਤੇ ਬੇਟੇ ਦਿੱਤੇ, ਅਸਾਂ ਤੈਨੂੰ 'ਨਾਮ' ਬਖਸ਼ਿਆ। ਤੇ ਵੀਰਨ ਜੀਉ! ਮੇਰੇ ਮੂੰਹੋਂ-ਨਹੀਂ, ਲੂੰ ਲੂੰ ਥੀਂ ਨਿਕਲਿਆ:- **ਵਾਹਿਗੁਰੂ!**

ਫੇਰ ਮੈਨੂੰ ਕਿਸੇ ਨੇ ਮੋਢੇ ਤੋਂ ਫੜਕੇ ਪਿਆਰ ਦਿੱਤਾ ਤੇ ਮੇਰੇ ਨੈਣ ਖੁੱਲ੍ਹ ਗਏ।

ਹਾਂ, ਅੱਖੋ! ਮਿਟ ਜਾਓ। ਇਹ ਦਰਸ਼ਨ ਨਾ ਹਟੇ, ਅੱਖਾਂ ਅੱਗੋਂ ਨਾ ਹਟੇ॥"

ਇਹ ਕਹਿਕੇ ਨਸੀਰਾਂ ਨੇ ਫਿਰ ਨੈਣ ਬੰਦ ਕਰ ਲਏ।

ਕਮਰੇ ਵਿਚ ਇਕ ਸੰਨਾਟੇ ਦਾ ਆਲਮ ਛਾ ਗਿਆ; ਚੁੱਪ ਹੋ ਗਈ। ਸੈਦਖਾਨ ਦੇ ਨੈਣ ਬੰਦ ਹਨ, ਸ਼ਾਹ ਸਾਹਿਬ ਚੁੱਪ ਹਨ, ਪਰ ਪਲ ਮਗਰੋਂ ਸ਼ਾਹ ਸਾਹਿਬ ਦੇ ਗਲੇ ਨੂੰ ਕੋਈ ਅਹਸ਼ ਦੀ ਤਰਬ ਮਾਨੋਂ ਆ ਲਗੀ, ਇਕ ਇਲਾਹੀ ਸੁਰ ਵਿਚ ਗਾਉਂ ਉੱਠੇ:-

ਐ ਖੁਸਰਵੇ ਖੂਬਾਂ ਨਜ਼ਰੇ ਮੂਏ ਰਾਦਾ ਕੁਨ; ਰਹਮ ਬਮਨ ਸੋਖਤਏ ਬੇ ਸਰੋ ਪਾ ਕੁਨ। ਦਾਰਦ ਦਿਲੇ ਦਰਵੇਸ਼ ਤਮੱਨਾਏ ਨਿਗਾਹੇ, ਜ਼ਾਂ ਚਸ਼ਮੇ ਸਿਯਾਹ ਮਸਤ ਬਯਕ ਗ਼ਮਜ਼ਹ ਦਵਾਕੁਨ। ਗਰ ਲਾਫ਼ ਜ਼ਨੱਦ ਮਾਹ ਕਿ ਮਾਨਦ ਬਜ-ਮਾਲਤ, ਖਿਨੁਮਾਏ ਰੁਖ਼ੇ ਖੋਸ਼ੇ ਮਾਹ ਅੰਗੁਸ਼ਤ ਨੁਮਾ ਕੁਨ। ਐ ਸਰਵੇ ਚਮਨ! ਅਜ਼ ਚਮਨੋ ਬਾਰੀ ਜ਼ਮਾਨੇ ਬਖ਼ੂਮ, ਦਰੀਂ ਬਜ਼ਮੋ ਦੋ ਸਦ ਜਾਮਾ ਕ਼ਬਾ ਕੁਨ। ਸ਼ਮਾਅ ਓ ਗੁਲੋ ਪਰਵਾਨਾ ਓ ਬੁਲਬੁਲ ਹਮਹ ਜਮਾਂ ਅੰਦ ਐ ਦੋਸਤ ਬਿਆ ਰਹਮ ਬ-ਤਨਹਾਈਏ ਮਾ ਕੁਨ। ਬਾ ਦਿਲਸ਼ੁਦਗਾਂ ਜ਼ੋਰੋ ਜਫ਼ਾ ਤਾ ਬਕੈ ਆਖ਼ਰ, ਆਹੰਗੇ ਵਫ਼ਾ ਤਰਕੇ ਜਫ਼ਾ ਬਹਰੇ ਖ਼ੁਦਾ ਕੁਨ। ਮਸ਼ੁਨੋ ਸੁਖਨੇ ਦੁਸ਼ਮਨੇ ਬਦਗੋਏ ਖ਼ੁਦਾ ਰਾ, ਬਹਾਫ਼ਜ਼ੇ ਮਿਸਕੀਂ ਖ਼ੁਦ ਐ ਦੋਸਤ ਵਫ਼ਾ ਕੁਨ।

ਅਰਥਾਤ:-

ਸੁਹਣਿਆਂ ਦੇ ਸੁਲਤਾਨ ਸ਼ਾਹ ਜੀ!
ਨਜ਼ਰ ਫਕੀਰਾਂ ਵੱਲ ਕਰੋ।
ਕੰਗਲਿਆਂ ਦਿਲ ਸੜਿਆਂ ਉੱਤੇ,
ਰਹਿਮਤ ਅਪਣੀ ਨਾਲ ਢਰੋ।
ਇਸ ਦਰਵੇਸ਼ ਨਿਮਾਣੇ ਦਾ ਦਿਲ
ਤਰਸੇ ਨਦਰ ਤੁਸਾਡੀ ਨੂੰ,
ਕਾਲੀ ਮਸਤ ਅੱਖ ਤੋਂ ਅਪਣੀ
ਦਿਓ ਮਟੱਕਾ ਪੀੜ ਹਰੋ!
ਜੇਕਰ ਚੰਦ ਗੱਪ ਇਹ ਮਾਰੇ:-
'ਤੇਰੇ ਜੇਹਾ ਸੁਹਣਾ ਮੈਂ'
ਰੁਖ ਦਿਖਲਾ ਕੇ ਉਸ ਨੂੰ ਅਪਣਾ
ਸ਼ੋਭਾ ਉਸ ਦੀ ਮਗਲ ਹਰੋ।
ਤੂੰ ਹੈਂ ਸਰੂ, ਚਾਲ ਜਿਸ ਸੁਹਣੀ,
ਬਾਰੀਂ ਇਸ ਦਮ ਆਪ ਟੁਰੋ,
ਦੋ ਸੌ ਪੜਦੇ ਪਾੜ 'ਚੰਦ ਜੀ!'
ਮਜਲਸ ਸਾਡੀ ਆਨ ਵੜੋ।
ਸ਼ਮਾ, ਗੁਲਾਬ, ਪਤੰਗੇ, ਬੁਲਬੁਲ,
ਸਾਰੇ ਏਥੇ ਆਨ ਜੁੜੇ,
ਆ ਹੁਣ ਬੇਲੀ! ਪਾਸ ਇਕੱਲਿਆਂ,
ਫ਼ 'ਕਲ ਸਾਡੀ ਤੇ ਰਹਿਮ ਕਰੋ।
ਦਿਲ ਦੇ ਚੁਕਿਆਂ ਪਰ ਕੀ ਧੱਕਾ
ਕਦ ਤਕ ਮਿਲਨ ਜੁਦਾਈਆਂ ਜੀ?
ਰੱਬ ਵਾਸਤੇ ਮਾਰ ਜੁਦਾਈਆਂ,
ਸਮਾਂ ਬਿਰਦ ਦਾ, ਪਾਲ ਵਰੋ।
ਦੂਤੀ ਦੁਸ਼ਮਨ ਦੀ ਹੁਣ ਲੂਤੀ
ਰੱਬ ਵਾਸਤੇ ਸੁਣਨੀ ਨਾਂ,
ਅਪਨਾਏ ਕੰਗਲੇ 'ਹਾਫਜ਼' ਨੂੰ
ਲੜ ਲਾਓ, ਲਜ ਪਾਲ ਧਰੋ।

ਇਸ ਤਰ੍ਹਾਂ ਆਖਦੇ, ਗਾਉਂਦੇ ਸ਼ਾਹ ਸਾਹਿਬ ਜੀ ਚੁੱਪ ਹੋ ਗਏ ਤੇ ਚੁੱਪ ਹੋਏ ਅਪਣੇ ਆਪ ਵਿਚ ਮਗਨ ਹੋ ਗਏ। ਸਾਹਮਣੇ ਨਸੀਰਾਂ ਉਸੇ ਧਿਆਨ ਨੂੰ ਸੁਰਤਿ ਦਾ ਜੱਫਾ ਮਾਰੀ ਮਗਨ ਬੈਠੀ ਸੀ ਤੇ ਸੱਜੇ ਪਾਸੇ ਸੈਦ ਖਾਂ ਜੀ ਸ਼ਾਹ ਸਾਹਿਬ ਦੀ ਰਾਗ ਧੁਨੀ ਵਿਚ ਮਸਤ ਹੋ ਰਹੇ ਸਰੂ ਵਾਂਗੂ ਝੂੰਮਦੇ ਝੂੰਮਦੇ ਮਗਨ ਹੋ ਗਏ।

੨.

ਇਹ ਸ਼ਾਹ ਸਾਹਿਬ ਬੁੱਧੂਸ਼ਾਹ* ਫਕੀਰ ਹਨ

*ਇਨ੍ਹਾਂ ਦਾ ਅਸਲ ਨਾਮ ਸੀ, ਸਯਦ ਸ਼ਾਹ ਬਦਰੁੱਦੀਨ। ਸਢੌਰਾ ਜੋ ਅੰਬਾਲੇ ਦੇ ਜ਼ਿਲੇ ਵਿਚ ਹੈ ਆਪਦਾ ਨਿਵਾਸ ਸਥਾਨ ਸੀ।

ਜੋ ਜਾਗੀਰਦਾਰ, ਪਦਾਰਥਾਂ ਦੇ ਮਾਲਿਕ ਬੀ ਹਨ ਤੇ ਚੇਲੇ ਵੀ ਬੇਅੰਤ ਰੱਖਦੇ ਹਨ ਤੇ ਰਾਜਦਰਬਾਰ ਸਾਰੇ ਸਤਿਕਾਰੇ ਪਿਆਰੇ ਬੀ ਜਾਂਦੇ ਹਨ। ਨਸੀਰਾਂ ਆਪ ਦੀ ਘਰ ਵਾਲੀ ਹੈ ਤੇ ਸੈਦ ਖਾਂ ਜੀ ਨਸੀਰਾਂ ਦੇ ਭਰਾ ਲਗਦੇ ਹਨ। ਬੁੱਧੂਸ਼ਾਹ ਸਮੇਂ ਦੇ ਭਾਰੀ ਪੀਰ ਸਨ, ਤਪੀ ਬੀ ਸਨ, ਪਰ ਕਿਸੇ ਰਸਾਵੇਸ਼ ਦੇ ਆਪ ਨੂੰ ਲੋੜਵੰਦ ਸਮਝਦੇ ਸੇ। ਸ੍ਰੀ ਕਲਗੀਧਰ ਜੀ ਦਾ ਜਸ ਸੁਣ ਕੇ ਪਾਂਵਟੇ ਦਰਸ਼ਨਾਂ ਵਾਸਤੇ ਗਏ, ਦਰਸ਼ਨ ਕੀਤੇ, ਕੀਤੇ ਕੀ? ਦਰਸ਼ਨ ਹੋਏ। ਦਰਸ਼ਨ ਹੁੰਦੇ ਹੀ ਆਪ ਦਰਸ਼ਨ ਸਮਾ ਗਏ, ਕਵੀ ਸੰਤੋਖ ਸਿੰਘ ਜੀ ਉਸ ਮੇਲ ਨੂੰ ਇਉਂ ਦੱਸਦੇ ਹਨ:-

'ਐਸੀ ਮਿਲਨੀ ਅਬਿ ਮਿਲ ਗਇਓ।
ਲੇ ਦਰਸ਼ਨ ਕਉ ਮਨ ਦੇ ਦਇਓ।
ਅਸ ਬਿਵਹਾਰ ਬਿਨਾਂ ਮੁਖ ਬੋਲੇ।
ਹੋਇ ਚੁਕਯੋ ਤੂਰਨ ਬਿਨ ਤੋਲੇ॥'

ਇਸ ਤਰ੍ਹਾਂ ਗੁਰ ਚਰਨਾਂ ਕਮਲਾਂ ਦਾ ਭੌਰਾ ਹੋਕੇ ਬੁੱਧੂ ਸ਼ਾਹ ਨੇ ਜੀਵਨ ਕਣੀ ਪ੍ਰਾਪਤ ਕੀਤੀ*, ਗੁਰ ਆਦਰਸ਼ ਤੋਂ ਗਿਆਤ ਪਾਈ, ਫਿਰ ਸਢੌਰੇ ਅਪਣੇ ਨੱਗਰ ਆ ਕੇ ਸਾਈਂ ਸਿਮਰਨ ਵਿਚ ਸੁਖੀ ਦਿਨ ਬਿਤਾਉਣ ਲਗਾ। ਇਕ ਵੇਰ ਬੁੱਧੂ ਸ਼ਾਹ ਨੇ ਪੰਜ ਸੌ ਪਠਾਣਾਂ ਦਾ ਇਕ ਦਲ ਸਤਿਗੁਰ ਜੀ ਦੀ ਫੌਜ ਵਿਚ ਨੌਕਰ ਰਖਾਇਆ ਸੀ। ਕੁਝ ਚਿਰ ਮਗਰੋਂ ਭੰਗਾਣੀ ਦਾ ਜੁਧ ਛਿੜ ਪਿਆ, ਇਸ ਜੁੱਧ ਵਿਚ ਉਹ ਪਠਾਣ ਵੈਰੀ ਦਲ ਨਾਲ ਜਾ ਰਲੇ। ਬੁੱਧੂਸ਼ਾਹ ਨੂੰ ਸੁਣ ਕੇ ਬਹੁਤ ਖੇਦ ਹੋਇਆ, ਸੋ ਉਹ ੭੦੦ ਮੁਰੀਦ, ਅਪਣੇ ਦੋ ਪੁੱਤਰ, ਇਕ ਭਾਈ ਤੇ ਨਸੀਰਾਂ ਦੇ ਪਿਆਰੇ ਇਕ ਵੀਰਨ ਜੀਉ ਨੂੰ ਨਾਲ ਲੈ ਕੇ ਆਪ ਪਹੁੰਚੇ ਅਰ ਸਤਿਗੁਰ ਜੀ ਦੀ ਤਾਬਿਆ ਹੋਕੇ ਖੂਬ ਲੜੇ। ਇਸੇ ਜੁੱਧ ਵਿਚ ਆਪ ਦੇ ਦੋ ਲਾਇਕ ਸੁਹਣੇ ਜੁਆਨ ਪੁਤਰ ਤੇ ਇਕ ਭਰਾ ਸ਼ਹੀਦ ਹੋ ਗਏ, ਨਸੀਰਾਂ ਦਾ ਭਾਈ ਵੀ ਸ਼ਹੀਦ ਹੋਇਆ, ਫਤਹ ਸਤਿਗੁਰ ਅਟੱਲ ਅਹਿਲ ਪ੍ਰਤਾਪੀ ਗੁਰੂ ਕਲਗੀਆਂ ਵਾਲੇ ਦੀ ਹੋਈ। ਬੁੱਧੂ ਸ਼ਾਹ ਉੱਤੇ ਸਤਿਗੁਰ ਦੀ ਅੱਤ ਮਿਹਰ ਹੋਈ, ਅਰਸ਼ੀ ਖੁਸ਼ੀਆਂ ਦੇ ਨਾਲ ਇਕ ਪੁਸ਼ਾਕ ਸਿਰੋਪਾ, ਅੱਧੀ ਅਪਣੀ ਦਸਤਾਰ, ਕੰਘਾ, ਇਕ ਕਟਾਰ ਬਖਸ਼ੀਸ਼ ਹੋਏ। ਮੁਰੀਦਾਂ ਨੂੰ ਪੰਜ ਹਜ਼ਾਰ ਦੀ ਮਠਿਆਈ ਪ੍ਰਸ਼ਾਦ ਮਿਲਿਆ। ਇਹ ਦਾਤਾਂ ਲੈਕੇ ਤੇ ਸਤਿਗੁਰ ਜੀ ਦੀ ਫਕੀਰੀ ਦਾ ਅਸਲੀ ਰੂਪ ਦੇਖਕੇ ਤੇ ਸਿਖੀ ਦਾ ਵਰਤਾਰਾ ਸਿੱਖ ਕੇ ਸ਼ਾਹ ਜੀ ਅਪਣੇ ਪਿੰਡ ਸੁਖੀ ਵਾਪਸ ਆਏ।

ਪਰੰਤੂ ਮਾਂ ਦੀ ਮਮਤਾ ਕਹਿਰ ਦੀ ਕੋਮਲ ਵਸਤੂ ਹੈ, ਜਿਸ ਨੇ ਨਸੀਰਾਂ ਵਰਗੀ ਪਤੀ ਦੀ ਪਿਆਰੀ ਤੇ ਵਿਦਵਾਨ ਇਸਤ੍ਰੀ ਨੂੰ ਵੀ ਪੁੱਤਰ ਵਿਯੋਗ ਤੇ ਵੀਰ ਵਿਯੋਗ ਵਿਚ ਘਾਇਲ ਕਰ ਛੱਡਿਆ ਹੈ, ਢਾਰਸਾਂ ਦੇਂਦੀ ਤੇ ਭਾਣੇ ਮੰਨਣ ਦੇ ਜਤਨ ਕਰਦੀ ਹੈ। ਪੀਰ ਜੀ ਵੀ ਕਈ ਵੇਰ ਸਮਝਾ ਚੁੱਕੇ ਹਨ, ਪਰ ਐਸੇ ਐਸੇ ਰੋੜ੍ਹਵੇਂ ਬਿਰਹਾਂ ਵਿਚ ਰੁੜ੍ਹਦੀ ਹੈ ਕਿ ਮਰਨ ਮਰਾਂਦ ਹੋਕੇ ਬਚਦੀ ਹੈ। ਅੱਜ ਨਸੀਰਾਂ ਦੇ ਭਾਈ ਸੈਦ ਖਾਂ-ਜੋ ਕਾਬਲ ਕਿਸੇ ਸਰਕਾਰੀ ਕੰਮ ਗਏ ਹੋਏ ਸਨ-ਵਾਪਸ ਆਏ ਹਨ, ਆਪ ਪੰਜ ਹਜ਼ਾਰੀ ਹਨ, ਭਾਰੇ ਅਹੁਦੇਦਾਰ ਤੇ ਬਹਾਦਰ ਹਨ, ਪਰ ਦਿਲ ਬੜਾ ਮਿੱਠਾ ਤੇ ਪਿਆਰ ਵਾਲਾ ਰੱਖਦੇ ਹਨ। ਪਰਮੇਸ਼ੁਰ ਦੇ ਭਉ ਵਾਲੇ ਵੀ ਹਨ, ਬੰਦਗੀ ਦਾ ਸ਼ੌਕ ਵੀ ਹੈ, ਪਰ ਬੰਦਗੀ ਦਾ ਪਿਆਰ ਤੇ ਰਸ ਨਹੀਂ ਪਿਆ। ਅੱਜ ਇਸ ਭੈਣ ਭਣਵੱਯੇ ਨੂੰ ਖ਼ੁਲਾਉਣ ਆਏ ਕਿਸ ਰੰਗ ਵਿਚ ਡੁੱਬੇ ਹਨ? ਪੀਰ ਜੀ ਦਾ ਕੀਰਤਨ ਤੇ ਭੈਣ ਜੀ ਦੇ ਦੇਖੇ ਦਰਸ਼ਨ ਨੇ ਵਿੰਨ੍ਹ ਸੁੱਟਿਆ ਹੈ। ਕੁਛ ਚਿਰ ਤਾਂ ਮਗਨ ਟਿਕੇ ਰਹੇ, ਫੇਰ ਉੱਠੇ ਤਾਂ ਕੁਛ ਬਉਰਾਨੇ ਜੇਹੇ ਦਿਸਦੇ ਸਨ। ਪੀਰ ਜੀ ਨੇ ਬੀ ਇਹ ਹਾਲਤ ਦੇਖੀ।

ਨਸੀਰਾਂ ਹੁਣ ਸੁਖੀ ਹੋ ਰਹੀ ਸੀ, ਉੱਠਦੀ, ਬਹਿੰਦੀ, ਟੁਰਦੀ, ਫਿਰਦੀ 'ਵਾਹਿਗੁਰੂ' 'ਵਾਹਿਗੁਰੂ' ਕਰਦੀ ਦਿੱਸਦੀ ਸੀ ਤੇ ਸ਼ੁਕਰ ਸ਼ੁਕਰ ਦਾ ਮੋਤੀ ਬੀ ਕਦੇ ਕਦੇ ਨੈਣੀਂ ਭਰ ਲਿਆਉਂਦੀ ਸੀ। ਪੀਰ ਜੀ ਪ੍ਰਸੰਨ ਸਨ ਕਿ ਆਖਰ ਦਿਲ ਦੀ ਮਹਿਰਮ ਨੂੰ ਵੀ ਸਤਿਗੁਰ ਨੇ ਰੱਬੀ ਦਾਤਾਂ ਬਖਸ਼ ਦਿੱਤੀਆਂ ਹਨ ਅਰ ਕਿਤਨੀ ਦੂਰੀ ਤੋਂ ਉਸ ਦੇ ਆਤਮਾਂ ਵਿਚ ਨਾਮ ਦਾ ਪਰਵਾਹ ਚਲਾ ਦਿਤਾ ਹੈ। ਪਰ ਹੁਣ ਪੀਰ ਜੀ ਨੂੰ ਸੈਦ ਖਾਂ ਜੀ ਦਾ ਫਿਕਰ ਹੋ ਰਿਹਾ ਸੀ।

ਉਸੇ ਦਿਨ ਸ਼ਾਮਾਂ ਵੇਲੇ ਇਕ ਬਾਗ ਦੇ

*ਦੇਖੋ ਪਿਛੇ ਭੰਗਾਣੀ ਯੁਧ। (ਪੁਰਬਾਰਧ ਵਿਚ)

ਵਿਚਾਲੇ ਬਾਰਾਂਦਰੀ ਵਿਚ ਪੀਰ ਜੀ ਇਕੱਲੇ ਬੈਠੇ ਸਨ ਕਿ ਸੈਦ ਖਾਂ ਜੀ ਆ ਗਏ, ਪਿਆਰ ਨਾਲ ਆਪ ਨੇ ਸੈਦ ਖਾਂ ਜੀ ਨੂੰ ਪਾਸ ਬਿਠਾਇਆ ਤੇ ਵਾਰਤਾਲਾਪ ਛਿੜ ਪਈ:-

ਸੈਦਖਾਨ-ਸ਼ਾਹ ਸਾਹਿਬ! ਇਹ ਅੱਜ ਸਵੇਰੇ ਕੀ ਇਲਾਹੀ ਮਾਜਰਾ ਸੀ?

ਪੀਰ ਜੀ-ਕੁਛ ਨਹੀਂ, ਕੇਵਲ ਮੇਰੇ ਪ੍ਰੀਤਮ ਜੀ ਦਾ ਇਕ ਬਾਏਂ, (ਖੱਬੇ) ਹਥ ਦਾ ਕਰਤਬ।

ਸੈਦਖਾਨ-ਇਹ ਹਮਸ਼ੀਰਾ ਸਾਹਿਬਾ ਦਾ ਪ੍ਰਤਾਪ ਵਾਲਾ ਸ੍ਰੂਪਨਾ ਨਿਰਾ ਖ੍ਵਾਬ ਹੀ ਨਹੀਂ ਸੀ? ਕੁਛ ਅਸਲੀਅਤ ਬੀ ਸੀ?

ਪੀਰ-ਸਾਰੀ ਅਸਲੀਅਤ ਸੀ।

ਸੈਦ ਖਾਨ-ਕਿਆ ਜੋ ਕੁਛ ਉਸ ਨੇ ਦੇਖਿਆ ਸਾਰਾ ਸੱਚ ਸੀ?

ਪੀਰ-ਜੀ ਹਾਂ, ਏਹੀ ਹੈ ਨਾ ਜਿਸ ਨੂੰ ਇਬ-ਰਾਨੀ ਪੈਗੰਬਰ ਆਖਦੇ ਸਨ ਕਿ 'ਰੋਇਆ' ਉਤ-ਰਿਆ ਤੇ ਸੂਫੀ ਆਖਦੇ ਹਨ ਕਿ ਫਕੀਰ ਨੇ ਹਜ਼ਾਰਾਂ ਕੋਹਾਂ ਤੋਂ ਆਪਣੇ ਕ੍ਰਿਪਾ ਪਾਤ੍ਰ ਪਰ 'ਹਲੂਲ' ਕੀਤਾ ਹੈ। ਤਾਤਪਰਯ ਇਹ ਹੈ ਕਿ ਸਤਿਗੁਰ ਸਮਰੱਥ ਹੈ, ਮੇਰੇ ਸਿਰ ਉਸ ਸਮਰੱਥ ਨੇ ਹਥ ਧਰਿਆ, ਉਸ ਦੀ ਮਹਾਂ ਪਵਿੱਤ੍ਰ ਸੇਵਾ ਵਿਚ ਮੇਰੇ ਪੁਤਰ ਸ਼ਹੀਦੀ ਦਾ ਮਾਨ ਪਾ ਗਏ, ਹੁਣ ਜਾਣੀ ਜਾਣ ਜਾਣਦਾ ਹੈ ਕਿ ਮੇਰੇ ਦਿਲ ਨੂੰ ਉਸ ਦੇ ਪਿਆਰ ਦਾ ਮਿਠਾ ਨਸ਼ਾ ਹੈ, ਪਰ ਮੇਰੀ ਇਸਤ੍ਰੀ ਕੋਰੀ ਹੈ ਤੇ ਇਸ ਕਰਕੇ ਉਸ ਦੁੱਖ ਨੂੰ ਸਹਿ ਨਹੀਂ ਰਹੀ, ਇਸ ਲਈ ਦਾਤੇ ਮਹਾਂ ਬਲੀ ਨੇ ਅੱਜ ਮਿਹਰ ਕਰਕੇ ਉਸ ਦੇ ਆਤਮਾ ਵਿਚ ਨਾਮ ਦੀ ਕਣੀ ਪਾ ਦਿਤੀ ਹੈ ਅਰ ਉਸਦੇ ਪੁਤਰ ਜੀਉਂਦੇ ਦਿਖਾਲ ਕੇ ਠੰਢ ਪਾ ਦਿਤੀ ਹੈ ਤੇ ਆਪਣੇ ਦਰਸ਼ਨਾਂ ਨਾਲ ਨਿਹਾਲ ਕਰ ਦਿਤਾ ਹੈ, ਤੁਸੀਂ ਪਰਤੱਖ ਅਸਰ ਦੇਖ ਲਓ, ਕਿ ਉਸ ਵੇਲੇ ਤੋਂ ਬ੍ਰਾਬਰ ਜ਼ਿਕਰ ਕਰ (ਨਾਮ ਜਪ) ਰਹੀ ਹੈ ਅਰ ਪ੍ਰਸੰਨ ਮੁਖ ਫਿਰ ਰਹੀ ਹੈ।

ਸੈਦਖਾਨ-ਮੈਂ ਇਉਂ ਨਹੀਂ ਸੀ ਸਮਝਦਾ। ਸ਼ਾਹ ਸਾਹਿਬ! ਕਿਆ ਸੱਚ ਮੁੱਚ ਗੁਰੂ ਗੋਬਿੰਦ ਸਿੰਘ ਐਸੇ 'ਸਾਹਿਬ ਕਸ਼ਫ' ਹਨ?

ਪੀਰ-ਜੀ ਹਾਂ, ਇਸ ਤੋਂ ਬਹੁਤ ਜ਼ਿਆਦਾ।

ਸੈਦ ਖਾਂ-ਲੋਕਾਂ ਵਿਚ ਤੁਹਾਡੀ ਬਦਨਾਮੀ ਹੁੰਦੀ ਹੈ ਕਿ ਆਪ ਨੇ ਖਾਨਦਾਨੀ ਫਕੀਰ ਹੋਕੇ ਹਿੰਦੂ ਮੁਰਸ਼ਿਦ ਕੀਤਾ ਹੈ?

ਬੁਧੂ ਸ਼ਾਹ-ਪਰਵਾਹ ਨਹੀਂ, ਮੈਂ ਤਾਂ ਸੱਚ ਦੀ ਸ਼ਮਾਂ (ਦੀਵੇ) ਦਾ ਪ੍ਰਵਾਨਾ ਹਾਂ, ਸਚ ਓਥੇ ਹੈ, ਉਹ ਸੱਚ ਹੈ। ਮੈਂ ਉਸ ਦੇ ਪ੍ਰੇਮ ਵਿਚ ਹਾਂ, ਉਹ ਜੀਵਨ ਹੈ, ਮੇਰਾ ਜੀਵਨ ਆਧਾਰ ਹੈ। ਬਦਨਾਮੀ ਨੂੰ ਮੈਂ ਕੀ ਕਰਾਂ? ਜਗਤ ਸਦਾ ਬਦਨਾਮੀਆਂ ਕਰਦਾ ਹੈ। ਕਮਜ਼ੋਰ ਹੈ ਉਹ ਜੋ ਬਦਨਾਮੀਆਂ ਤੋਂ ਡਰਦਾ ਹੈ। ਬਦਨਾਮੀ ਨਿਸ਼ਾਨੀ ਹੈ ਵੱਡੇ ਹੋਣ ਦੀ, ਬਦਨਾਮੀ ਬਦਖਾਹਾਂ ਦੇ ਦਿਲਾਂ ਦੀ ਮੈਲ ਹੈ, ਜੋ ਇਉਂ ਰੌਸ਼ਨ ਕਰਦੀ ਹੈ ਸਾਨੂੰ, ਜੀਕੂੰ ਕਾਲੀਆਂ ਬਦਲੀਆਂ ਅਪਣੇ ਘੇਰੇ ਵਿਚ ਚੰਦ ਦਾ ਜਲਵਾ ਸੌ ਗੁਣਾਂ ਵਧਾ ਦੇਂਦੀਆਂ ਹਨ। ਖ਼ਾਂ ਸਾਹਿਬ ਪਰਵਾਹ ਨਾ ਕਰੋ। ਲੋਕਾਂ ਦਾ ਵਕਤ ਨਹੀਂ ਗੁਜ਼ਰਦਾ ਗੱਲਾਂ ਬਿਨਾਂ, ਦਿਲ ਚੰਗਾ ਨਹੀਂ ਕਿ ਚੰਗੀਆਂ ਗਲਾਂ ਕ੍ਰਨ। ਲੋਕ ਗਲਾਂ ਕਰਦੇ ਹਨ ਮਾੜੀਆਂ, ਨਿੰਦਾ ਦੀਆਂ। ਨਿੰਦਾ ਜਗਤ ਦਾ ਆਧਾਰ ਹੈ, ਜਿਸ ਆਸਰੇ ਦਿਨ ਕਟੀ ਕਰਦੇ ਹਨ, ਇਸ ਪਰ ਆਪਣੇ ਜੀਵਨ ਦੀ ਟੇਕ ਨਹੀਂ ਰਖੀ ਦੀ, ਜੀਵਨ ਦੀ ਟੇਕ ਇਕ 'ਸੱਚ' ਹੈ।

ਖਾਂ ਸਾਹਿਬ-ਬਹੁਤ ਖੂਬ! ਪਰ ਬੇਅਦਬੀ ਮਾਫ, ਖਫਾ ਨਾ ਹੋਵੋ ਤਾਂ ਇਕ ਅਰਜ਼ ਕਰਾਂ?

ਪੀਰ ਜੀ-ਹੁਕਮ ਕਰੋ, ਖ਼ਫਗੀ? ਭਲਾ ਆਪ ਨਾਲ?

ਖਾਂ ਸਾਹਿਬ-ਜੇਕਰ ਗੁਰੂ ਗੋਬਿੰਦ ਸਿੰਘ ਜੀ ਐਸੇ ਬਜ਼ੁਰਗ ਹਨ ਤਾਂ ਜੰਗਜਦਲ ਕਿਉਂ ਸ਼ੁਰੂ ਹਨ?

ਪੀਰ ਜੀ-ਜੰਗ ਕੈਸੇ? ਉਥੇ ਤਾਂ ਵਾਹਦਤ ਦਾ ਦਰਿਯਾ* ਠਾਠਾਂ ਮਾਰ ਰਿਹਾ ਹੈ, ਇਸ਼ਕ ਦੀਆਂ ਕਾਂਗਾਂ ਭਰ ਜੋਬਨ ਤੇ ਹਨ, ਯਾਦ ਇਲਾਹੀ ਦੇ ਹੜ੍ਹ ਚੜ੍ਹ ਰਹੇ ਹਨ। ਨਾ ਉਥੇ ਮੁਲਕਗੀਰੀ ਦੀ ਹਿਰਸ ਹੈ, ਨਾ ਹਕੂਮਤ ਦੀ ਹੱਵਸ ਹੈ, ਇਕ ਅੱਲਾ ਦੇ ਇਸ਼ਕ ਦਾ ਸਮੁੰਦਰ ਲਹਿਰੇ ਲੈ ਰਿਹਾ ਹੈ।

ਖ਼ਾਂ ਸਾਹਿਬ-ਪਰ ਆਖਰ ਆਪ ਦਾ ਸ਼ਰੀਕੇ ਜੰਗ ਹੋਣਾ, ਸਾਹਿਬਜ਼ਾਦਿਆਂ ਦਾ ਸ਼ਰਬਤੇ ਸ਼ਹੀਦੀ ਪੀਣਾ, ਇਹ ਜੰਗ ਨਹੀਂ ਤਾਂ ਕੀ ਹੈ?

*ਵਾਹਿਗੁਰੂ ਦੀ ਏਕਤਾ ਦੇ ਅਨੁਭਵ ਦਾ ਦਰਯਾ।

ਪੀਰ ਜੀ-ਤੁਸੀਂ ਦੱਸੋ ਆਸਾਮ ਤੋਂ ਅਫ-ਗ਼ਾਨਿਸਤਾਨ ਤੱਕ ਅਰ ਕਸ਼ਮੀਰ ਤੋਂ ਦੱਖਣ ਤੱਕ ਕੋਈ ਬੰਦਾ ਹੈ ਜੋ ਇਸ ਵੇਲੇ ਸੁਪਨੇ ਵਿਚ ਖਿਆਲ ਕਰ ਸਕਦਾ ਹੈ ਕਿ ਮੁਗ਼ਲੀਆ ਸਲਤਨਤ ਕਦੇ ਤਬਾਹ ਹੋ ਸਕਦੀ ਹੈ?

ਸੈਦ ਖਾਨ-ਐਸਾ ਖਿਆਲ ਕਰਨਾ ਕਮਲ-ਪਨ ਖਿਆਲ ਕੀਤਾ ਜਾਵੇਗਾ।

ਪੀਰ ਜੀ-ਤੇ ਜੇ ਕੋਈ ਔਰੰਗਜ਼ੇਬ ਨਾਲ ਲੜਨਾ ਚਾਹੇ ਤਾਂ ਚਹ ਕੋਈ ਪਾਤਸ਼ਾਹ ਹੋਵੇ, ਕਿਲ੍ਹੇ ਕੋਟ, ਫੌਜਾਂ, ਲਸ਼ਕਰ, ਪਦਾਰਥਾਂ ਵਾਲਾ ਹੋਵੇ, ਕਿ ਇਕ ਕੋਨੇ ਬੈਠਾ ਫਕੀਰ? ਜੋ ਆਖਦਾ ਹੈ ਕਿ ਮੁਗ਼ਲੀਆ ਸਲਤਨਤ ਦੀ ਇੱਟ ਨਾਲ ਇੱਟ ਖੜਕਾ ਦੇਣੀ ਹੈ, ਹੋਵੇ ਫਕੀਰ ਤੇ ਹੱਥੋਂ ਹੱਥ ਵੀ ਔਰੰਗਜ਼ੇਬ ਜਿਹੇ ਪਾਤਸ਼ਾਹ ਨਾਲ ਹੱਥ ਵਟਾਉਣ ਨੂੰ ਤਿਆਰ ਹੋਵੇ, ਕਦੇ ਉਹ ਜੰਗ ਜਦਲ ਤੇ ਮੁਲਕਗੀਰੀ ਦਾ ਹਵਸੀ ਹੋ ਸਕਦਾ ਹੈ?

ਸੈਦ ਖਾਨ-ਫੇਰ ਹੈ ਕੀ?

ਪੀਰ ਜੀ-ਅਸੂਲ ਪ੍ਰਸਤੀ।

ਸੈਦਖਾਨ-ਕਿਸ ਤਰ੍ਹਾਂ? ਹਾਂ, ਉਹ ਕਿਸ ਤਰ੍ਹਾਂ?

ਪੀਰ ਜੀ-ਉਹ ਇਸ ਤਰ੍ਹਾਂ ਕਿ ਬਾਬਰ ਨੇ ਜਦ ਪੰਜਾਬ ਫਤੇ ਕੀਤਾ ਹੈ ਤਾਂ ਸੈਦਪੁਰ ਵਿਚ ਸਖਤ ਕਤਲਾਮ ਸ਼ੁਰੂ ਕੀਤਾ। ਅੱਲਾ ਦਾ ਨੂਰ ਗੁਰੂ ਨਾਨਕ ਤਦੋਂ ਪੰਜਾਬ ਦੀ ਧਰਤੀ ਨੂੰ ਚੰਦ ਲਾ ਰਿਹਾ ਸੀ, ਉਹ ਬੇਧੜਕ ਬਾਬਰ ਦੇ ਸਾਹਮਣੇ ਜਾ ਚਮਕਿਆ ਤੇ 'ਰੋਅਬਸ਼ਾਹੀ' ਪਰ 'ਰੋਅਬ ਇਲਾਹੀ' ਐਸਾ ਪਾਇਆ ਕਿ ਪਾਤਸ਼ਾਹ ਨੂੰ ਉਨ੍ਹਾਂ ਦੇ ਹੁਕਮ ਮੂਜਬ ਕਤਲਾਮ ਬੰਦ ਕਰਨੀ ਪਈ। ਉਸ ਵੇਲੇ ਬਾਬਰ ਨੇ ਗੁਰੂ ਜੀ ਤੋਂ ਦੁਆਇ ਖ਼ੈਰ ਮੰਗੀ, ਤਾਂ ਸਤਿਗੁਰੂ ਨੇ ਕਿਹਾ 'ਹੇ ਬਾਬਰ! ਸ਼ਰਾਬ ਬੰਦ ਕਰ, ਨਾਲੇ ਜੇ ਪਠਾਣਾਂ ਤੇ ਫਤਹ ਪਾਕੇ ਜ਼ੁਲਮ ਤੋਂ ਹਥ ਸੰਕੋਚੇਂਗਾ, ਪਰਜਾ ਦੇ ਧਰਮ ਵਿਚ ਧੱਕਾ ਨਹੀਂ ਕਰੇਂਗਾ, ਸਮਤਾ ਰਖੇਂਗਾ, ਹਿੰਦੁਸਤਾਨ ਨੂੰ ਵਤਨ ਬਣਾਏਂਗਾ ਤਾਂ ਰਾਜ ਕਰੇਂਗਾ, ਪਰ ਜਦ ਇਨਸਾਫ ਛੱਡਿਆ, ਪਠਾਣਾਂ ਵਾਂਙੂ ਦੀਨ ਵਿਚ ਦਖਲ ਦਿਤਾ, ਤਦੋਂ ਸਮਾਪਤੀ ਸਮਝਣੀ।' ਹੁਣ ਔਰੰਗਜ਼ੇਬ ਨੇ ਦੀਨ ਵਿਚ ਜਬਰ ਸ਼ੁਰੂ ਕੀਤਾ ਹੈ, ਕਸ਼ਮੀਰ ਤੇ ਹੋਰ ਜਗਾ ਤੋਂ ਦੁਖੀ ਲੋਕ ਉਨ੍ਹਾਂ ਦੇ 'ਸੱਜਾਦਾ ਨਸ਼ੀਨ' ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਪਹੁੰਚੇ। ਚੁਨਾਂਚਿ ਆਪ ਨੇ ਔਰੰਗਜ਼ੇਬ ਨੂੰ ਖ਼ਤ ਲਿਖਿਆ ਕਿ ਪਾਤਸ਼ਾਹ ਲਈ ਰਵਾ ਨਹੀਂ ਹੈ ਕਿ ਪਰਜਾ ਦੇ ਧਰਮ ਵਿਚ ਧੱਕੇ ਦਾ ਵਰਤਾਉ ਕਰੇ, ਤੂੰ ਇਸ ਗਲ ਤੋਂ ਰੁਕ ਜਾਹ, ਪਰ ਔਰੰਗ਼ਜ਼ੇਬ ਨੇ ਮੰਨਣ ਦੀ ਥਾਂ ਗੁੱਸਾ ਖਾਕੇ ਉਨ੍ਹਾਂ ਨੂੰ ਕਤਲ ਕਰਵਾ ਦਿਤਾ। ਹੁਣ ਉਨ੍ਹਾਂ ਦੇ 'ਸਜਾਦਾ ਨਸ਼ੀਨ' ਗੁਰੂ ਗੋਬਿੰਦ ਸਿੰਘ ਜੀ ਉਸੇ ਅਸੂਲ ਪਰ ਖੜੇ ਹਨ ਕਿ ਪਾਤਸ਼ਾਹ ਨੂੰ ਪਰਜਾ ਦੇ ਧਰਮ ਵਿਚ ਦਖਲ ਦੇਣ ਦਾ ਟੱਕ ਨਹੀਂ ਹੈ। ਇਸ ਅਸੂਲ ਨੂੰ ਕਟਿ ਨਹੀਂ ਰਹੇ, ਅਮਲੀ ਜਾਮਾ ਪਹਿਨਾ ਰਹੇ ਹਨ, ਅਰ ਇਤਨਾ ਮਕਦੂਰ ਰੱਖਦੇ ਹਨ ਕਿ ਮੁਗ਼ਲੀਆ ਸਲਤਨਤ ਤੋਂ ਨਿਰਭੈ ਹਨ ਤੇ ਆਖਦੇ ਹਨ ਕਿ ਸਲਤਨਤ ਹੁਣ ਤਬਾਹ ਹੋ ਜਾਏਗੀ।

ਸੈਦ ਖਾਂ-ਬਹੁਤ ਖ਼ੂਬ! ਹੈ ਬੀ ਠੀਕ, ਔਰੰਗ-ਜ਼ੇਬ ਜ਼ਿਦ ਵਿਚ ਹੈ, ਜ਼ੁਲਮ ਪਰ ਜ਼ੁਲਮ ਕਰ ਰਿਹਾ ਹੈ ਤੇ ਸਮਝਦਾ ਹੈ ਕਿ ਮੈਂ ਜ਼ਬਰਦਸਤ ਹੋ ਰਿਹਾ ਹਾਂ, ਪਰ ਅਸਲ ਵਿਚ ਸਲਤਨਤ ਦੀ ਜੜ੍ਹ ਆਪ ਖੋਖਲੀ ਕਰ ਰਿਹਾ ਹੈ। ਪਰ ਹਾਂ, ਇਹ ਦੱਸੋ ਕਿ ਇਹ ਜੰਗ ਤਾਂ ਹਿੰਦੂ ਰਾਜਿਆਂ ਨਾਲ ਸੀ, ਮੁਗ਼ਲੀਆ ਰਾਜ ਨਾਲ ਤਾਂ ਜੰਗ ਨਹੀਂ ਸੀ?

ਪੀਰ ਜੀ-ਠੀਕ, ਪਰ ਆਪ ਉਹਦੇਦਾਰ ਸਰ-ਕਾਰੀ ਹੋ, ਸਲਤਨਤ ਦੀਆਂ ਰਮਜ਼ਾਂ ਨੂੰ ਸਮਝਦੇ ਹੋ। ਔਰੰਗਜ਼ੇਬ ਬਾਖ਼ਬਰ ਪਾਤਸ਼ਾਹ ਹੈ, ਉਸ ਦੇ ਖੁਫੀਆ ਅਖਬਾਰ ਨਵੀਸ ਗੁਰੂ ਜੀ ਦੇ ਨੇੜੇ ਤੇੜੇ ਰਹਿੰਦੇ ਤੇ ਖਬਰਾਂ ਘੱਲਦੇ ਹਨ। ਉਹ ਜਾਣਦਾ ਹੈ ਕਿ ਮੈਂ ਉਨ੍ਹਾਂ ਦੇ ਵਾਲਦ (ਪਿਤਾ ਜੀ) ਸਾਹਿਬ ਨੂੰ ਬੇਗੁਨਾਹੇ ਕਤਲ ਕੀਤਾ ਹੈ, ਉਹ ਜਾਣਦਾ ਹੈ ਕਿ ਉਨ੍ਹਾਂ ਦੇ ਮੁਰੀਦਾਂ ਦੀ ਗਿਣਤੀ ਲੱਖਾਂ ਤੋਂ ਲੰਘ ਚੁਕੀ ਹੈ। ਉਹ ਜਾਣਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਰੂਹ ਵਾਲਦ ਸਾਹਿਬ ਦੇ ਕਤਲ ਨਾਲ ਦੱਬੀ ਨਹੀਂ ਤੇ ਉਹ ਇਹ ਵੀ ਚਾਹੁੰਦਾ ਹੈ ਕਿ ਉਹ ਮਾਰੇ ਜਾਣ, ਪਰ ਉਹ ਝਿਜਕਦਾ ਬੀ ਹੈ ਕਿ ਇਸ ਕਤਲ ਦਾ ਅਸਰ ਪੰਜਾਬ ਵਿਚ ਸ਼ੋਰਸ਼ ਬਪਾ ਨਾ ਕਰ ਦੇਵੇ। ਦਖਣ ਵਿਚ ਮਰਹੱਟੇ ਸਿਰ ਚੁਕ ਰਹੇ ਹਨ, ਤੁਸੀਂ ਹੁਣ ਬਾਰਕਜ਼ਈਆਂ ਦੇ ਪ੍ਰਬੰਧ ਕਰਦੇ ਆਏ ਹੋ, ਸੋ ਉਸਨੇ ਪਹਾੜੀ ਰਾਜਿਆਂ ਨੂੰ ਇਸ਼ਾਰਾ

ਕੀਤਾ ਕਿ ਇਸ ਫਕੀਰ ਦੇ ਬਾਲਕ ਨੂੰ ਕੁਚਲ ਸੱਟੋ। ਇਸ ਇਸ਼ਾਰੇ ਪਰ ਸਾਰੇ ਪਹਾੜੀਏ ਚੜ੍ਹ ਆਏ ਸਨ*। ਅਗੇ ਉਹ ਜੁਲਾਹਿਆ ਫਕੀਰ ਨਹੀਂ ਕਿ ਮੁਰਦਾਦਿਲੀ ਨਾਲ ਦਬ ਜਾਏ, ਉਹ ਪੁਰ ਜਲਾਲ ਰੱਬੀ ਨੂਰ ਹੈ, ਉਸ ਨੇ ਤਲਵਾਰ ਦਾ ਜਵਾਬ ਖੰਡੇ ਦੀ ਢਾਲ ਬਣਾਕੇ ਦਿੱਤਾ ਹੈ ਤੇ ਕਿਹਾ ਹੈ ਕਿ ਮੈਂ ਅਪਣੇ ਅਸੂਲ ਤੇ ਖੜਾ ਹਾਂ ਅਰ ਅਸੂਲ ਪਰ ਸ਼ਹੀਦ ਹੋਵਾਂਗਾ, ਪਰ ਕਦੇ ਦਬਾਂਗਾ ਨਹੀਂ। ਇਹ ਰਾਜ ਗ਼ਾਰਤ ਹੋ ਜਾਏਗਾ, ਅੱਲਾ ਨੂੰ ਹੁਣ ਇਸਦਾ ਰੱਖਣਾ ਮਨਜ਼ੂਰ ਨਹੀਂ। ਇਸ ਕਰਕੇ ਉਸ ਨੇ ਚੜ੍ਹ ਆਏ ਹਿੰਦੂ ਰਾਜਿਆਂ ਨੂੰ, ਜੋ ਔਰੰਗਜ਼ੇਬ ਦੇ ਇਸ਼ਾਰੇ ਪਰ ਨੱਚ ਰਹੇ ਹਨ, ਪਹਿਲਾਂ ਸਮਝਾਇਆ ਕਿ ਅਪਣੀ ਗ਼ੈਰਤ ਕੌਮੀ ਤੇ ਧਰਮ ਦੀ ਆਨ ਨੂੰ ਸੰਭਾਲੋ, ਕਿਉਂ ਤੁਹਾਡੀਆਂ ਰਗਾਂ ਦਾ ਖ਼ੂੰਨ ਸਰਦ ਹੋ ਗਿਆ ਹੈ? ਪਰ ਜਦ ਓਹ ਲੜਾਈ ਪਰ ਉਤਰ ਹੀ ਪਏ ਤਾਂ ਖੂਬ ਚਣੇ ਚਬਾਏ ਤੇ ਪਸਪਾ ਕਰ ਦਿੱਤਾ ਹੈ। ਫੇਰ ਦੇਖ ਲਓ ਕਿ ਇਕ ਗਿੱਠ ਜ਼ਿਮੀਂ ਪਰ ਕਬਜ਼ਾ ਨਹੀਂ ਕੀਤਾ, ਭੱਜੇ ਜਾਂਦੇ ਰਾਜਿਆਂ ਦਾ ਪਿੱਛਾ ਤਕ ਨਹੀਂ ਕੀਤਾ।

ਸੈਦ ਖਾਂ-ਹੁਣ ਸਾਰੀ ਗੱਲ ਮੇਰੀ ਸਮਝ ਵਿਚ ਆ ਗਈ ਹੈ ਕਿ ਮਾਮਲਾ ਅਸੂਲ ਪਰਸਤੀ ਦਾ ਹੈ, ਬਲਕਿ ਇਹ ਤਾਂ ਔਰੰਗਜ਼ੇਬ ਦੀ ਬਿਹਤ੍ਰੀ ਅਰ ਉਸ ਦੀ ਭਲਿਆਈ ਦੀ ਗੱਲ ਹੈ, ਉਹ ਧਰਮ ਵਿਚ ਜ਼ਬਰਦਸਤੀ ਨਾ ਕਰੇ ਤਾਂ ਰਾਜ ਦੀ ਪਕਿਆਈ ਵਧ ਜਾਵੇ, ਪਰ ਹਕੂਮਤ ਦਾ ਨਸ਼ਾ (ਰਾਜਮਦ) ਬੁਰੀ ਬਲਾ ਹੈ। ਹਾਂ, ਇਕ ਗੱਲ ਮੇਰੀ ਸਮਝ ਨਹੀਂ ਪੈਂਦੀ ਕਿ ਅਸੂਲ ਪਰਸਤੀ ਠੀਕ, ਗੁਰੂ ਜੀ ਦਾ ਹਵਾ ਹਿਰਸ ਤੋਂ ਪਾਕ ਹੋਣਾ ਠੀਕ, ਪਰ ਇਹ ਮਾਰਨ, ਕਤਲ, ਜਬਰ, ਕਿਸ ਤਰ੍ਹਾਂ ਫਕੀਰੀ ਵਿਚ ਰਵਾ ਹੈ?

ਪੀਰ ਜੀ-ਏਥੇ ਹੀ ਮਾਰਾ ਭੇਦ ਹੈ ਤੇ ਮੈਂ ਬੀ ਹੈਰਾਨ ਹੁੰਦਾ ਮਾਂ, ਪਰ ਇਹ ਗੁਰੂ ਜੀ ਦੀ 'ਸੁਹਬਤੇ ਫੈਜ਼ ਰਸਾਂ' (ਪਰਉਪਕਾਰੀ ਸਤਿਸੰਗ) ਬਿਨਾਂ ਗੱਲ ਖੁਲ੍ਹਦੀ ਹੀ ਨਹੀਂ। ਅਸਲ ਵਿਚ ਕੀ ਮੁਸਲਮਾਨ ਫਕੀਰ, ਕੀ ਸੂਫੀ ਤੇ ਕੀ ਹੋਰ, ਕੀ ਹਿੰਦੂ ਵੇਦਾਂਤੀ, ਜੋਗੀ ਤੇ ਸੰਨਿਆਸੀ, ਸਭ ਇਕ ਭੁੱਲ ਕਰ ਰਹੇ ਹਨ, ਧਰਮ ਨੂੰ ਓਹ ਇਕ ਗ਼ਰੀਬੀ, ਕਮਜ਼ੋਰੀ, ਕਾਇਰੀ, ਬੁਜ਼ਦਿਲੀ ਨਾਲ ਤਾਬੀਰ (ਅਰਥ) ਕਰ ਰਹੇ ਹਨ ਤੇ ਪੜ੍ਹ ਸੁਣਕੇ ਬੀ ਇਹੋ ਪਤਾ ਲਗ਼ਦਾ ਹੈ ਕਿ ਆਜਜ਼ੀ (ਨਿੰਮ੍ਰਤਾ) ਕਰਨੀ, ਗੁਨਾਹ ਤੋਂ ਬਚਣਾ, ਡਰ ਕੇ ਟੁਰਨਾ, ਵੈਰਾਗ, ਇਹ ਫਕੀਰੀ ਤੇ ਸਾਧਗੀਰੀ ਹੈ। ਇਹ ਠੀਕ ਹੈ, ਪਰ ਫਕੀਰ ਦੀ 'ਮਨ ਦੀ ਦਸ਼ਾ ਕੀ ਹੋਵੇਗਾ?' ਕਦੇ ਕਿਸੇ ਨਹੀਂ ਵਿਚਾਰੀ। ਕਿਉਂਕਿ ਜ਼ਿੰਦਾ ਫਕੀਰ ਨਹੀਂ ਲੱਝਦਾ, ਇਸ ਲਈ ਲੋਕ ਵੈਰਾਗ ਤੋਂ ਟੁਰਕੇ ਮਨ ਦੀ ਕਮ-ਜ਼ੋਰੀ ਵਿਚ ਨਿਵਾਸ ਕਰ ਲੈਂਦੇ ਹਨ। ਮੈਂ ਜਦ ਗੁਰੂ ਜੀ ਦਾ ਬਣ ਗਿਆ ਤਾਂ ਮੈਨੂੰ ਅਸਲ ਅਸੂਲ ਉਨ੍ਹਾਂ ਦੇ ਇਲਾਹੀ ਜੀਉਂਦੇ ਧਰਮ ਦਾ ਖੁੱਲ੍ਹਿਆ: ਧਰਮ ਕਮਜ਼ੋਰੀ ਨਹੀਂ, ਪਰ ਰੂਹ ਦੀ ਤਾਕਤਵਰੀ। ਧਰਮ ਕਾਇਰਤਾ ਨਹੀਂ ਪਰ ਰੂਹ ਦੀ ਬਹਾਦਰੀ। ਧਰਮ ਨਿਰਾ ਵੈਰਾਗ ਨਹੀਂ, ਪਰ ਅੰਤ੍ਰੀਵ ਖੁਸ਼ੀ, ਮੰਗਲ। ਧਰਮ ਹਾਰਨਾ ਨਹੀਂ ਹੈ, ਪਰ ਅਸੂਲੀ ਫਤਹ।

ਸੈਦ ਖਾਂ ਚੌਂਕ ਕੇ (ਤ੍ਰਬ੍ਹਕ ਕੇ)-ਹੈਂ!

ਪੀਰ ਜੀ-ਹਾਂ।

ਸੈਦ ਖਾਂ-ਕੀਕੂੰ?

ਪੀਰ ਜੀ-ਇਹ ਗੱਲਾਂ ਨਾਲ ਸਮਝ ਨਹੀਂ ਪੈਂਦੀ। ਹੱਡੀਂ ਵਾਪਰੇ ਤਾਂ ਸਮਝ ਪੈਂਦੀ ਹੈ। ਜੀਕੂੰ ਕੋਈ ਰੇਹੜੂ ਦਾ ਟੱਟੂ ਹੋਵੇ, ਜਿਸ ਦਾ ਦਿਨ ਰਾਤ ਭਾਰ ਹੇਠ ਦੱਬੇ ਰਹਿਣ ਨਾਲ ਮੱਚ ਮਰ ਚੁਕਾ ਹੋਵੇ, ਉਸਨੂੰ ਕੀ ਪਤਾ ਹੈ ਕਿ ਕੋਤਲ ਘੋੜੇ ਦਾ ਮੱਚ ਕੀ ਸ਼ੈ ਹੈ? ਉਹ ਆਪਣੀ ਹੀਣੀ ਨੀਵੀਂ ਨਿਤਾਣੀ ਦਸ਼ਾ ਨੂੰ ਨਿੰਮ੍ਰਤਾ, ਵੈਰਾਗ ਤੇ ਫਕੀਰੀ ਸਮਝ ਲਵੇ ਤਾਂ ਕੀ ਠੀਕ ਹੈ?

ਸੈਦ ਖਾਂ-ਨਹੀਂ, ਉਹ ਤਾਂ ਨੀਮ ਮੁਰਦਾ ਦਸ਼ਾ ਹੈ।

ਪੀਰ ਜੀ-ਇਸੀ ਤਰ੍ਹਾਂ ਮੈਨੂੰ ਕਲਗੀਆਂ ਵਾਲੇ ਤੋਂ ਸੋਝੀ ਮਿਲੀ ਹੈ ਕਿ ਹਿੰਦੁਸਤਾਨ ਵਿਚ ਪਰ-ਵਿਰਤ ਫਕੀਰੀ ਅਕਸਰ ਵੇਰ ਇਸ 'ਨੀਮ ਮੁਰਦਾ ਹਾਲਤ' ਦਾ ਨਾਮ ਹੋ ਗਿਆ ਹੈ, ਪਰ ਅਸਲ ਵਿਚ ਫਨੀਅਰ ਸੱਪ ਦੀ ਫਨ ਖਿਲਾਰੇ ਵਾਲੀ ਦਸ਼ਾ ਵਰਗੀ 'ਸੁਰਤ ਦੀ ਖੜੀ ਦਸ਼ਾ' ਫਕੀਰੀ ਪਹਿਲੂ

---

*ਦੇਖੋ ਜੰਗਨਾਮਾ ਯਾ ਵਾਰ ਗੁਰੂ ਗੋਬਿੰਦ ਸਿੰਘ ਜਿਸ ਵਿਚ ਭੰਗਾਣੀ ਦੇ ਯੁਧ ਬਾਬਤ (ਜੋ ਰਾਜਿਆਂ ਦਾ ਗੁਰੂ ਜੀ ਨਾਲ ਸੀ) ਜ਼ੇਬੁਨਿਸਾ ਹਾਕਮ ਨੂੰ ਸਮਝਾਉਂਦੀ ਹੈ ਕਿ ਗੁਰੂ ਜੀ ਨਾਲ ਜੰਗ ਨਾ ਕਰੇ।

ਦੀ ਨਜ਼ੀਰ ਹੈ।

ਸੈਦ ਖਾਂ-ਅੱਲਾ ਮਗ਼ਫ਼ਿਰਤ ਕਰੇ (ਮਾਫ ਕਰੇ) ਇਹ ਜ਼ੁਲਮ ਨਹੀਂ? ਸੱਪ ਤੇ ਫਕੀਰੀ!

ਪੀਰ ਜੀ-ਤੁਸੀਂ ਟਪਲਾ ਖਾਧਾ, ਮੈਂ ਸੱਪ ਦੇ ਜ਼ਹਿਰ, ਉਸ ਦੀ ਈਜ਼ਾ ਰਸਾਨੀ (ਦੁੱਖ ਦੇਣਾ) ਤੇ ਜਾਨਾਂ ਮਾਰਨ ਨੂੰ ਫਕੀਰੀ ਨਹੀਂ ਕਹਿ ਰਿਹਾ, ਮੈਂ ਕੇਵਲ ਉਸਦੀ ਉੱਚੀ ਡੌਲ, ਫਾਇਲੀ ਪਹਿਲੂ[1] ਉਸਦੇ ਉੱਚੇ ਰੁਖ਼ ਦਾ ਜ਼ਿਕਰ ਕੀਤਾ ਹੈ।

ਸੈਦ ਖਾਂ-ਮੈਂ ਨਹੀਂ ਸਮਝ ਰਿਹਾ।

ਪੀਰ ਜੀ-ਸਮਝਣਾ ਕਠਨ ਹੈ, ਕਿਉਂਕਿ ਅੰਦਰ ਸੁਰਤਿ ਸੁੱਤੀ ਪਈ ਹੈ, ਇਨਸਾਨੀਅਤ ਤੇ ਮਰਦਊ ਦਾ ਅਸਲੀ ਮੱਚ ਆਪਣੇ ਹੁਲਾਰੇ ਵਿਚ ਨਹੀਂ ਹੈ। (ਮਾਫ ਕਰਨਾ) ਤਬਅ[2] ਵਿਚੋਂ ਜ਼ਹਿਰ ਸਾਫ ਨਹੀਂ, ਇਸ ਕਰਕੇ ਕਠਨਤਾ ਹੈ। ਪਰ ਮੈਂ ਕੁਛ ਅਰਜ਼ ਕਰਦਾ ਹਾਂ, ਜ਼ਰਾ ਧਿਆਨ ਕਰਕੇ ਸੁਣਨਾ। ਤੁਸੀਂ ਫਾਇਲ ਤੇ ਮਫਊਲ ਤਾਂ ਸਮਝਦੇ ਹੋ? ਆਪਣੇ ਅੰਦਰਲੇ ਦਾ ਰੁਖ਼ ਹਰ ਸ਼ੈ ਹਰ ਪ੍ਰਾਣੀ ਨਾਲ ਫਾਇਲੀ[3] ਹਾਲਤ ਦਾ ਹੋਣਾ ਇਹ ਫਕੀਰੀ ਹੈ, ਸੱਚੀ ਇਨ-ਸਾਨੀਅਤ ਤੇ ਮਰਦਊ ਇਹੀ ਹੈ। ਐਉਂ ਸਮਝੋ:-

ਹਰ ਆਦਮੀ ਜਿਸ ਨਾਲ ਆਪ ਦਾ ਵਾਹ ਪੈਂਦਾ ਹੈ, ਉਹ ਆਪਣੇ ਗੁਣ, ਸੁਭਾਉ ਗੱਲ ਬਾਤ ਦਾ ਕੁਝ ਨਾ ਕੁਝ ਅਸਰ ਤੁਸਾਂ ਪਰ ਛੋੜ ਜਾਂਦ ਹੈ। ਜਦ ਤਕ ਆਪ ਇਸ ਤਰ੍ਹਾਂ ਅਸਰਾਂ ਨੂੰ ਕਬੂਲ ਕਰਦੇ ਹੋ ਤੁਹਾਡਾ ਅੰਦਰਲਾ ਮਫਊਲ ਹੁੰਦਾ ਹੈ, ਜੇ ਕੋਈ ਐਸੀ ਕਰਾਮਾਤ ਹੋ ਜਾਵੇ ਕਿ ਤੁਹਾਡਾ ਅੰਦਰਲਾ ਕਿਸੇ ਦੇ ਅਸਰ ਹੇਠ ਨਾ ਲੱਗੇ, ਸਿੱਧਾ ਖੜਾ ਰਹੇ, ਹਰ ਅਸਰ ਜੋ ਪਏ ਸੋ ਹੇਠਾਂ ਤਿਲਕ ਜਾਏ ਤੇ ਤੁਹਾਡਾ ਅਸਰ ਹੋਰਨਾਂ ਪਰ ਪਏ, ਤਾਂ ਤੁਹਾਡੇ ਅੰਦਰਲੇ ਦੀ ਦਸ਼ਾ 'ਹਾਲਤ ਫਾਇਲੀ[4]' ਵਾਲੀ ਹੋਵੇਗੀ, ਜਦੋਂ ਇਹ ਘਟਨਾ ਤੁਹਾਡੇ ਅੰਦਰ ਘਟ ਜਾਏ ਤਦੋਂ ਤੁਸਾਨੂੰ ਆਪਣੇ ਅੰਦਰਲੇ ਵਿਚ ਸੁਆਦ, ਰਸ, ਤਾਕਤ ਇਕ ਉਮਾਹ ਪ੍ਰਤੀਤ ਦੇਵੇਗਾ, ਕਾਇਰਤਾ ਤੇ ਨਿਪੁੰਸਕਤਾ ਅੰਦਰਲੇ ਵਿਚ ਨਹੀਂ ਭਾਸੇਗੀ!

ਸੈਦ ਖਾਂ-ਫੇਰ ਚੰਗੇਜ਼ ਖਾਂ ਤੇ ਤੈਮੂਰ ਜੈਸੇ ਜ਼ਾਲਮਾਂ ਤੇ ਫਕੀਰਾਂ ਵਿਚ ਫਰਕ ਕੀਹ ਬਾਕੀ ਰਹੇਗਾ?

ਪੀਰ ਜੀ-ਬਹੁਤ ਖੂਬ! ਜ਼ਾਲਮ ਦੇ ਅੰਦਰਲੇ ਵਿਚ ਤ੍ਰਿਸ਼ਨਾ ਹੁੰਦੀ ਹੈ, ਉਸ ਤ੍ਰਿਸ਼ਨਾ ਦਾ ਬੱਧਾ ਹਰੇਕ ਉੱਤੇ ਹਾਵੀ ਹੋਣ ਦਾ ਪਹਿਲੂ ਅਖਤਿਆਰ ਕਰਦਾ ਹੈ, ਫਕੀਰ ਅੰਦਰੋਂ ਤ੍ਰਿਸ਼ਨਾ ਦਾ ਜ਼ਹਿਰ ਦੂਰ ਕਰਦਾ ਹੈ, ਤੇ ਆਪਣੇ ਅੰਦਰਲੇ ਦੇ ਅਸਲੇ ਵਿਚ ਚਮਕਦਾ ਹੈ। ਅੰਦਰਲੇ ਦਾ ਅਸਲਾ ਇਹ ਹੈ ਕਿ ਉਹ ਆਪਣੇ ਆਪ ਵਿਚ ਮਗਨ ਰਹੇ, ਅਪਣੇ ਵਿਚ ਟਿਕੇਗਾ ਜਿਵੇਂ ਸਿਆਣੇ ਕਹਿੰਦੇ ਹਨ ਅਪਣੇ ਸਰੂਪ ਵਿਚ ਇਸਥਿਤ ਹੋਵੇ ਤਾਂ ਖੁਸ਼, ਸੁੱਖ, ਰਸ, ਆਨੰਦ ਸਰੂਪ ਹੈ। ਜੋ ਓਹ ਆਦਮੀਆਂ ਜਾਨਵਰਾਂ, ਵਸਤਾਂ ਵਿਚ ਫਿਰੇ ਤੁਰੇ, ਵਰਤੋਂ ਵਿਹਾਰ ਕਰੇ ਤਾਂ ਹਰ ਦਿੱਸਦੀ ਸ਼ੈ ਤੇ ਜਾਨਦਾਰ ਨਾਲ ਉਸਦੇ ਅੰਦਰਲੇ ਦੀ ਡੌਲ (ਰੁਖ਼) ਫਾਇਲੀ ਸੂਰਤ ਦੀ ਹੋਵੇਗੀ ਅੰਦਰਲੇ ਦਾ ਰੁਖ਼ ਹੋਰਨਾਂ ਪਰ ਹਾਵੀ ਹੋਵੇਗਾ, ਪਰ ਉਸ ਦੇ ਮਨ ਉਤੇ ਹਾਵੀ ਕੋਈ ਨਹੀਂ ਹੋਵੇਗਾ।

ਸੈਦ ਖਾਂ-ਮੈਂ ਕਾਬਲ ਵਿਚ ਸੁਣਿਆਂ ਸੀ ਕਿ ਪੰਜਾਬ ਵਿਚ ਇਕ ਫਕੀਰ ਆਖਦਾ ਹੈ ਕਿ ਮੈਂ ਸਵਾ ਲੱਖ ਨਾਲ ਇਕ ਮੁਰੀਦ ਨੂੰ ਲੜਾ ਸਕਦਾ ਹਾਂ, ਤਾਂ ਮੈਂ ਸ਼ੁਦਾ ਸਮਝਕੇ ਹੱਸਿਆ ਸਾਂ:

ਪੀਰ ਜੀ-ਉਸ ਦਾ ਇਹੋ ਅਰਥ ਹੈ ਕਿ ਸਵਾ ਲੱਖ ਆਦਮੀ ਜੇ ਗੁਰੂ ਗੋਬਿੰਦ ਸਿੰਘ ਦੇ ਸਿੱਖ ਪਰ ਅਸਰ ਪਾਵੇ ਤਾਂ ਸਿੱਖ ਦੀ ਸੁਰਤ (ਉਸ ਦਾ ਅੰਦ-ਰਲਾ) ਉਨ੍ਹਾਂ ਦੇ ਅੱਗੇ ਹਾਲਤ ਮਫਊਲੀਅਤ (ਅਸਰ ਕਬੂਲਣ ਵਾਲੀ) ਵਿਚ ਨਹੀਂ ਜਾਵੇਗੀ। ਉਸ ਦੀ ਅਪਣੀ ਅੰਦਰਲੀ ਹਾਲਤ ਫਾਇਲੀ ਕਾਇਮ ਰਹੇਗੀ। ਸੋ ਦੇਖ ਲਓ ਫਰਕ ਹੁਣ ਆਪੇ!

ਸੈਦ ਖਾਂ-ਪਰ ਸ਼ਾਹ ਸਾਹਿਬ! ਆਪ ਇਕ ਬੜਾ ਗਜ਼ਬ (ਧੱਕਾ) ਕਰ ਰਹੇ ਹੋ, ਕਿਆ ਫਰੋਤਨੀ (ਨਿੰਮ੍ਰਤਾ), ਗ਼ਰੀਬੀ, ਰਹਮ, ਵੈਰਾਗ ਇਹ ਚੀਜ਼ਾਂ

---

1. Subjective attitude.

2. ਤਬੀਅਤ-ਅੰਦਰਲਾ।

3. ਸਾਖੀ ਰੂਪ, ਇਸ ਨੂੰ ਗੁਰੂ ਜੀ ਨੇ ਆਪਣੇ ਆਦਰਸ਼ ਵਿਚ 'ਚੜ੍ਹਦੀ ਕਲਾ' ਬੀ ਦੱਸਿਆ ਹੈ।

4. ਮਨ ਦੇ ਉੱਚੇ ਉੱਠ ਕੇ ਦ੍ਰਿਸ਼ਟਾ ਪਦ ਅਪਣੇ ਆਪ ਨੂੰ ਪ੍ਰਤੀਤ ਕਰਨਾ।

ਕਾਇਰਤਾ ਹਨ? ਅੱਜ ਫਕੀਰੀ ਵਿਚ ਇਨ੍ਹਾਂ ਨੂੰ ਥਾਂ ਨਹੀਂ ਹੈ? ਜੇ ਦੀਨ ਵਿੱਚੋਂ ਏਹ ਦੂਰ ਹਨ ਤਾਂ 'ਦੀਨ' ਅਰ 'ਜਬਰ' ਇੱਕੋ ਹੋ ਗਏ?

ਪੀਰ ਜੀ-ਨਹੀਂ ਜੀਉ! ਵੈਰਾਗ, ਰਹਿਮ, ਫਰੋਤਨੀ, 'ਫਾਦੇ ਜ਼ਹਿਰ' ਹਨ, ਅਰਥਾਤ ਮਨ ਵਿਚ ਵੜੇ ਜ਼ਹਿਰਾਂ ਦੇ ਅਸਰਾਂ ਨੂੰ ਕੱਟਣ ਵਾਲੇ ਦਾਰੂ ਹਨ, ਫਕੀਰੀ ਦੇ ਰੁਕਨ ਹਨ, ਪਰ ਲਾਇਕ ਵੈਦ ਦੇ ਹੱਥ ਵਿਚ।

ਸੈਦ ਖਾਂ-ਮੈਂ ਨਹੀਂ ਸਮਝਿਆ।

ਪੀਰ ਜੀ-'ਤ੍ਰਿਸ਼ਨਾ' 'ਲੈ ਲਵਾਂ' 'ਆਪਣੇ ਆਪ ਨੂੰ ਅਗੇ ਕਰਕੇ ਦਾਵਾ ਜਮਾਉਣ ਦੀ ਲਾਲਸਾ' ਇਹ ਇਕ ਦਸ਼ਾ ਹੈ, ਜੋ ਹਰ ਮਨ ਤੇ ਹਾਵੀ ਹੈ, ਤੇ ਇਹ ਤ੍ਰਿਸ਼ਨਾ ਹੈ ਤੇ ਇਕ ਤਰ੍ਹਾਂ ਦਾ ਜ਼ਹਰਿ ਹੈ, ਜਿਸ ਨੇ ਸਾਡੇ ਅੰਦਰਲੇ ਦੇ ਅਸਲੀ ਨੂਰਾਨੀ ਚਿਹਰੇ ਨੂੰ ਛੁਪਾ ਰੱਖਿਆ ਹੈ। ਇਸ ਜ਼ਹਿਰ ਨੂੰ ਮਾਰਨ ਵਾਲਾ 'ਫਾਦ' (ਦਾਰੂ) ਵੈਰਾਗ ਹੈ। 'ਰਹਿਮ, ਦਇਆ, ਤਿਆਗ, ਨਿੰਮ੍ਰਤਾ' ਸਾਰੇ ਵੈਰਾਗ ਵਿਚ ਮੈਂ ਸ਼ਾਮਲ ਸਮਝਦਾ ਹਾਂ। ਸੋ ਲਾਇਕ ਮੁਰਸ਼ਿਦ, ਮੇਰੇ ਕਾਮਲ ਰੱਬ ਰੂਪ ਮੁਰ-ਸ਼ਿਦ ਤੇ ਰਸੂਲ ਗੁਰੂ ਗੋਬਿੰਦ ਸਿੰਘ ਨੇ ਇਹ ਦੱਸਿਆ ਕਿ ਵੈਰਾਗ ਦਾਰੂ ਹੈ ਜੋ ਤ੍ਰਿਸ਼ਨਾ ਦੀ ਬਿਖ ਨੂੰ ਕੱਟਦਾ ਹੈ, ਜਦ ਬਿਖ ਦੂਰ ਹੋ ਗਈ ਫੇਰ ਚਿਤ ਦੀ ਅਵਸਥਾ-ਅੰਦਰਲੇ ਦਾ ਕੁਦਰਤੀ ਸਰੂਪ-ਕੀ ਹੋਊ? 'ਮੰਗ਼ਲਮ', ਮੰਗਲ ਹੀ ਮੰਗਲ, ਫਰਹਤ।

ਵੈਰਾਗ ਧਰਮ ਦੀ ਮੰਜ਼ਲ ਨਹੀਂ,
ਵੈਰਾਗ ਧਰਮ ਦਾ ਰਸਤਾ ਹੈ।

ਧਰਮ ਹੈ 'ਅਨੰਤ' ਨਾਲ ਰਾਗ, 'ਅਨੰਤ' ਮੰਗਲ ਹੈ, ਉਸ ਮੰਗਲ ਨਾਲ ਰਾਗ ਕਰਕੇ ਮੰਗਲ ਰੂਪ ਹੋਈਦਾ ਹੈ। ਉਹ ਮੰਗਲ ਜੋ ਤ੍ਰਿਸ਼ਨਾ ਰਹਿਤ ਹੈ।

ਸੈਦ ਖਾਂ-ਫੇਰ ਗੁਰੂ ਜੀ ਨੂੰ, ਜੋ ਤ੍ਰਿਸ਼ਨਾ ਰਹਿਤ ਮੰਗਲ ਵਿਚ ਹਨ, ਜੰਗ ਦੀ ਕੀ ਲੋੜ ਹੈ?

ਪੀਰ ਜੀ-ਉਨ੍ਹਾਂ ਨੂੰ ਤਾਂ ਲੋੜ ਨਹੀਂ, ਪਰ ਜਗਤ ਨੂੰ ਲੋੜ ਹੈ। ਜਿਨ੍ਹਾਂ ਪਰ ਜ਼ੁਲਮ ਹੋ ਰਿਹਾ ਹੈ ਉਨ੍ਹਾਂ ਨੂੰ ਲੋੜ ਹੈ। ਰੱਬ ਦੇ ਬਣਾਏ ਬੰਦੇ ਜੋ ਨਿਰਭੈ, ਸੁਤੰਤ੍ਰ ਇਨਸਾਨੀਅਤ ਦੇ ਕਮਾਲ ਵਿਚ ਚਾਹੀਦੇ ਹਨ, ਓਹ ਤਲਵਾਰ ਦੇ ਜ਼ੋਰ ਬੁਜ਼ਦਿਲ, ਕਾਇਰ, ਨਿਮਾਣੇ ਬਣਾਏ ਜਾ ਰਹੇ ਹਨ। ਹਿੰਦੂ ਹੀ ਨਹੀਂ, ਸੂਫੀ, ਤੇ ਹੋਰ ਮੁਸਲਮਾਨ ਫਕੀਰ ਬੀ ਮਾਰੇ ਜਾ ਰਹੇ ਹਨ। ਹਾਂ, ਅੱਲਾ ਦੀ ਕਾਇਨਾਤ ਨੂੰ ਤਬਾਹ ਕੀਤਾ ਜਾ ਰਿਹਾ ਹੈ, ਇਸ ਦੀ ਰੱਖਿਆ ਵਾਸਤੇ ਲੋੜ ਹੈ ਕਿ ਕੋਈ ਤ੍ਰਿਸ਼ਨਾ ਰਹਿਤ ਬੀਰ ਬਾਂਕਰਾ ਟਾਕਰਾ ਕਰੇ। ਜੇ ਅੱਯੜ ਵਿਚ ਬਘਿਆੜ ਆ ਵੜੇ ਤਾਂ ਅੱਯਾਲੀ ਦਾ ਕੀ ਧਰਮ ਹੈ? ਤੁਸੀਂ ਵਿਚਾਰ ਕਰ ਲਓ। ਕੀ ਉਸਦੀ ਫਰੋਤਨੀ ਤੇ ਅਹਿੰਸਾ ਉਸ ਵੇਲੇ ਅੱਯੜ ਨੂੰ ਬਚਾ ਸਕੇਗੀ? ਕੀਹ ਅੱਯਾਲੀ ਅਹਿੰਸਾ ਦਾ ਪੱਜ ਬਣਾਕੇ ਅੱਯੜ ਦੀ ਰਖਵਾਲੀ ਕਰ ਸਕਦਾ ਹੈ, ਤੇ ਕੀਹ ਰਾਖੀ ਕਰਨਾ ਉਸਦਾ ਧਰਮ ਨਹੀਂ?

ਗੁਰੂ ਗੋਬਿੰਦ ਸਿੰਘ ਦਾ ਆਦਰਸ਼ ਹੈ ਕਿ 'ਇਨਸਾਨ ਉਹ ਹੈ ਜੋ ਤ੍ਰਿਸ਼ਨਾ ਦੇ ਜ਼ਹਿਰ ਤੋਂ ਪਾਕ ਹੋਵੇ, ਉਸਦੇ ਅੰਦਰਲੇ ਵਿਚ ਖੁਸ਼ੀ, ਉਮਾਹ ਤੇ ਸੁਤੰਤ੍ਰਤਾ ਹੋਵੇ, ਜਗਤ ਨਾਲ ਪਯਾਰ ਹੋਵੇ, ਪਰ ਅੰਦਰੋਂ ਰੁਖ਼ ਫਾਇਲੀ ਰੁਖ਼ ਹੋਵੇ।' ਨਾ ਤਾਂ ਉਹ 'ਕਾਇਰ' ਨੂੰ ਅਤੇ ਨਾ ਹੀ 'ਜ਼ਾਲਮ ਸ਼ੱਫਾਕ' ਨੂੰ ਇਨਸਾਨੀ ਆਦਰਸ਼ ਸਮਝਦੇ ਹਨ, ਕਿਉਂਕਿ ਕਾਇਰ ਵਿਚ ਇਨਸਾਨੀ ਮਦ ਤੇ ਮਰਦਊ ਪੁਣੇ ਦਾ ਮਦ ਨਹੀਂ ਹੈ, ਉਸਦੇ ਅੰਦਰ ਉਸਦਾ ਅਸਲੀ ਰੂਪ ਉਮਾਹ ਤੇ ਸੁਤੰਤ੍ਰਤਾ ਵਾਲਾ ਜ਼ਾਇਲ ਤੇ ਤਬਾਹ ਯਾ ਗ਼ੰਮ ਤੇ ਦਬਾ ਹੇਠ ਹੋ ਰਿਹਾ ਹੈ, ਅਰਥਾਤ ਕਾਇਰ ਆਪਣੇ ਆਪ ਨੂੰ ਉਸ ਆਦਰਸ਼ ਤੋਂ ਗਿਰਾ ਰਿਹਾ ਹੈ ਜਿਸ ਪਰ ਅੱਲਾ ਨੇ ਉਸ ਨੂੰ ਬਣਾਇਆ ਸੀ। ਤੇ ਜ਼ਾਲਮ ਦੂਸਰਿਆਂ ਨੂੰ ਉਸ ਆਦਰਸ਼ ਤੋਂ ਗਿਰਾ ਰਿਹਾ ਹੈ, ਜਿਸ ਪਰ ਅੱਲਾ ਨੇ ਬੰਦਾ ਸਾਜਿਆ ਸੀ। ਉਹ ਬਨੀ ਨੌਅ ਇਨਸਾਨ (ਆਦਮੀਜ਼ਾਤ) ਨੂੰ ਧੱਕੇ ਤੇ ਜ਼ੁਲਮ ਨਾਲ ਗਿਰਾਕੇ ਨਿਤਾਣੇ ਜਾਨਵਰ ਬਣਾ ਰਿਹਾ ਹੈ। ਮੇਰਾ ਮਤਲਬ ਹੈ ਇਨਸਾਨ ਨੂੰ ਖੁਦਾ ਨੇ:- 'ਇਸੁ ਧਰਤੀ ਮਹਿ ਤੇਰੀ ਸਿਕਦਾਰੀ॥' ਸਰ-ਦਾਰ ਬਣਾਇਆ ਹੈ। ਕਾਇਰ ਉਸ ਦਸ਼ਾ ਨੂੰ ਆਪ ਆਪਣੇ ਵਿਚੋਂ ਤਬਾਹ ਕਰ ਰਿਹਾ ਹੈ ਤੇ ਜ਼ਾਲਮ ਉਸਨੂੰ ਦੂਜਿਆਂ ਵਿਚੋਂ ਧੱਕੇ ਨਾਲ ਤਬਾਹ ਕਰ ਰਿਹਾ ਹੈ। ਦੋਵੇਂ ਅੱਲਾ ਦੇ ਆਦਰਸ਼ ਨੂੰ ਗਿਰਾ ਰਹੇ ਹਨ।

ਕਾਇਰ ਖੁਦਕੁਸ਼ੀ (ਆਤਮਘਾਤ) ਕਰ ਰਿਹਾ ਹੈ।
ਜ਼ਾਲਮ ਦੂਸਰਿਆਂ ਦਾ ਖੂਨ (ਘਾਤ) ਕਰ ਰਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਇਹ ਹੈ ਕਿ ਇਨਸਾਨ 'ਇਨਸਾਨ ਤੇ ਮਰਦ' ਹੋਵੇ, ਨਾ ਤਾਂ ਆਪਣੇ ਆਪ ਨੂੰ ਤਬਾਹ ਕਰੇ, ਨਾ ਦੂਸਰੇ ਨੂੰ ਤਬਾਹ ਕਰੇ।

ਉਨ੍ਹਾਂ ਦਾ ਆਦਰਸ਼ ਇਹ ਹੈ ਕਿ ਜਿਸ ਕਿਸਮ ਦੇ ਜ਼ਾਲਮ ਤੇ ਜ਼ਬਰਦਸਤ ਔਰੰਗਜ਼ੇਬ ਨੇ ਆਪਣੇ ਸਿਪਾਹੀ ਬਣਾਏ ਹਨ, ਐਸੇ ਸਵਾ ਲਖ ਸਿਪਾਹੀ ਪਰ ਇਕ ਇਨਸਾਨ ਐਸਾ ਹੋਵੇ ਜੋ ਇਕੱਲਾ ਭਾਰੂ ਹੋਵੇ। ਐਸਾ ਤਾਕਤਵਾਰ, ਸ਼ੁਤੰਤ੍ਰ, ਖੁਸ਼ ਤੇ ਹਾਲਤ ਫਾਇਲੀ ਨੂੰ ਅੰਦਰ ਕਾਇਮ ਰੱਖਣ ਵਾਲਾ ਇਨ-ਸਾਨ ਮੈਂ ਤਿਆਰ ਕਰਾਂ ਤੇ ਉਹ ਇਨਸਾਨ ਦੂਸਰੇ ਇਨਸਾਨਾਂ ਨੂੰ ਆਪਣੇ ਵਰਗਾ ਬਨਾਉਣ ਵਿਚ ਕੋਸ਼ਿਸ਼ ਕਰੇ। ਜ਼ੋਰ ਜ਼ੁਲਮ ਕਰਕੇ ਹੋਰਨਾਂ ਨੂੰ ਕਮਜ਼ੋਰ ਤੇ ਗੁਮਰਾਹ (ਗੁਆਚਿਆ ਹੋਇਆ) ਨਾ ਕਰੇ। ਇਸ ਵੇਲੇ ਓਹ ਇਕ ਪਾਸੇ ਕਾਇਰ ਹੋ ਚੁਕੀ ਪਰਜਾ ਨੂੰ ਉੱਚਾ ਕਰ ਰਹੇ ਹਨ, ਦੂਜੇ ਪਾਸੇ ਦਰਿੰਦਾ ਹੋ ਚੁਕੇ ਜ਼ਾਲਮ ਨੂੰ ਹੇਠਾਂ ਲਿਆ ਰਹੇ ਹਨ। ਹੁਣ ਆਪ ਸੋਚ ਲਵੋ ਕਿ ਉਨ੍ਹਾਂ ਦਾ ਆਦਰਸ਼ ਆਪ ਦੀ ਸਮਝ ਵਿਚ ਆ ਗਿਆ ਹੈ?

ਸੈਦ ਖਾਂ-ਹਾਂ, ਸ਼ੱਕ ਰਫਾ ਹੋ ਗਏ ਹਨ, ਪਰ ਅੰਦਰ ਵਾਪਰਿਆ ਨਹੀਂ।

ਪੀਰ ਜੀ-ਅੰਦਰ ਵਾਪਰੇਗਾ, ਜਿਸ ਦਿਨ ਦਰਸ਼ਨ ਹੋਣਗੇ। ਹਾਲੇ ਇਹ ਦੱਸੋ ਕਿ ਕਿਆ ਮੈਂ ਇਸ 'ਬਰਤਰੀਂ ਇਨਸਾਨ' (ਉੱਚੇ ਤੋਂ ਉੱਚੇ ਮਰਦ) ਗੁਰੂ ਗੋਬਿੰਦ ਸਿੰਘ ਦੀ ਤਕਲੀਦ (ਪੈਰਵੀ) ਵਿਚ ਗ਼ਲਤੀ ਪਰ ਹਾਂ? ਅਰ ਕੀ ਮੇਰੇ ਨਿੰਦਕ ਦਰੁਸਤੀ ਪਰ ਹਨ?

ਸੈਦ ਖਾਂ-ਤੁਸੀਂ ਦਰੁਸਤੀ ਪਰ ਹੋ, ਨਿੰਦਕ ਗ਼ਲਤੀ ਪਰ ਹਨ, ਪਰ ਇਹ ਹਾਲਤ ਅੰਦ੍ਰਲੇ ਦੀ ਐਸੀ ਸੁਖ ਰੂਪ ਅਰ ਫਾਇਲੀ ਰੁਖ ਵਾਲੀ ਪ੍ਰਾਪਤ ਕੀਕੂੰ ਹੋਵੇ?

ਪੀਰ ਜੀ-ਮੈਂ ਦੱਸ ਜੁ ਆਇਆ ਹਾਂ ਕਿ 'ਮਾੜੇ ਅੰਦਰਲੇ ਦਾ ਉੱਚੇ ਤੋਂ ਉੱਚਾ ਅੰਤ' 'ਮੰਗਲ' ਆਨੰਦ ਹੈ। ਇਹ ਮੰਗਲ ਰੂਪ ਹੈ ਤੇ ਮੰਗਲ ਰਹੇਗਾ ਪਰ ਤ੍ਰਿਸ਼ਨਾ ਨਾਲ ਅਸਾਂ ਇਸ ਵਿਚ ਭੈ, ਭਰਮ, ਈਰਖਾ, ਲਾਲਚ ਪਾ ਕੇ ਇਸ ਨੂੰ

ਯਾ ਨਿਤਾਣੇ ਯਾ ਜ਼ਾਲਮ

ਬਣਾ ਰੱਖਿਆ ਹੈ। ਦੋਹਾਂ ਦਾ ਦਾਰੂ 'ਵੈਰਾਗ' ਹੈ। ਵੈਰਾਗ ਨਾਲ ਜ਼ਾਲਮ ਦੇ ਅੰਦਰੋਂ ਜ਼ੁਲਮ ਦੀ ਤ੍ਰਿਸ਼ਨਾ ਹਟਦੀ ਹੈ ਤੇ ਵੈਰਾਗ ਨਾਲ ਨਿਤਾਣੇ ਦੇ ਅੰਦਰੋਂ ਸਰੀਰ ਨਾਲ ਮੋਹ ਤੁਟਦਾ ਹੈ, ਉਸਦਾ ਭੈ ਦੂਰ ਹੁੰਦਾ ਹੈ ਤੇ 'ਨਿਰਭੈਤਾ' ਆਉਂਦੀ ਹੈ, 'ਵਹਿਮ' ਦੂਰ ਹੁੰਦਾ ਹੈ, 'ਭਰਮ' ਕਟੀਂਦਾ ਹੈ।

ਸੈਦ ਖਾਂ-ਫੇਰ ਹੰਕਾਰ ਨਹੀਂ ਰਹਿੰਦਾ, ਜੇ ਹੰਕਾਰ ਨਹੀਂ ਰਹਿੰਦਾ ਤਾਂ ਆਦਮੀ ਅੰਦਰੋਂ ਉੱਚਾ ਕੀਕੂੰ ਰਹਿੰਦਾ ਹੈ?

ਪੀਰ ਜੀ-ਇਕ 'ਹੰਕਾਰ' ਹੈ, ਇਕ 'ਉਚਿਆਣ' ਹੈ! ਜੋ ਸੱਚ ਮੁਚ ਅੰਦਰੋਂ ਦਰੁਸਤ ਨਹੀਂ ਹੋ ਗਿਆ ਤੇ ਸਮਝਦਾ ਹੈ ਮੈਂ ਉੱਚਾ ਹਾਂ ਉਹ ਹੰਕਾਰੀ ਹੈ, ਪਰ ਜੋ ਵੈਰਾਗ ਕਰਕੇ ਸਾਫ ਹੋ ਗਿਆ ਤੇ ਨਾਮ ਜਪ ਕੇ ਏਕਾਗਰ ਹੋ ਗਿਆ ਹੈ, ਉਹ ਸੱਚੀ ਮੁਚੀ (ਆਪਣੇ ਅੰਦਰਲੇ ਵਿਚ) ਕਿਸੇ ਉਚਿਆਣ ਤੇ ਅੱਪੜ ਗਿਆ ਹੈ*। ਉਸ ਨੂੰ ਜੋ ਆਪਣੇ ਅੰਦਰਲੇ ਦਾ ਅੰਦਰ ਉੱਚਾਪਨ ਦਿਸਦਾ ਹੈ ਤੇ ਹੋਰ ਹਰ ਦਿੱਸਦੇ ਨਾਲ ਉਸਦੇ ਅੰਦਰਲੇ ਦਾ ਰੁਖ਼ ਫਾਇਲੀ ਹੋ ਗਿਆ ਹੈ, ਇਹ ਹੰਕਾਰ ਨਹੀਂ, ਇਹ ਇਨਸਾਨੀਅਤ, ਹਾਂ ਇਨਸਾਨ ਦੀ ਸਭ ਤੋਂ ਉੱਚੀ ਹਾਲਤ ਹੈ। ਇਸ ਅੰਦਰਲੇ ਦੇ ਰੰਗ ਨੂੰ, ਜਾਂ ਹਾਲਤ ਨੂੰ, ਗੁਰੂ ਗੋਬਿੰਦ ਸਿੰਘ ਜੀ 'ਚੜ੍ਹਦੀਆਂ ਕਲਾਂ' ਆਖਦੇ ਹਨ। ਇਹ ਚੜ੍ਹਦੀਆਂ ਕਲਾਂ ਅੰਦਰਲੇ ਦੀ ਸੁਚੀ ਉਚਿਆਣ ਹੈ, ਇਹ ਹੰਕਾਰ ਯਾ ਹਉਮੈਂ ਨਹੀਂ ਹੈ। ਹੰਕਾਰ ਨੂੰ ਚੜ੍ਹਦੀਆਂ ਕਲਾਂ ਕਹਿਣਾ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਵਿਚ ਗ਼ਲਤੀ ਕਰਨਾ ਹੈ। ਚੜ੍ਹਦੀਆਂ ਕਲਾਂ ਇਕ ਕਮਾਲ ਹੈ, ਇਸ ਦੇ ਤ੍ਰੈ ਪਹਿਲੂ ਲਹਿਰਦੇ ਹਨ:-

ਚੜ੍ਹਦੀਆਂ ਕਲਾਂ

੧-'ਆਪੇ' ਵਿਚ ਇਹ ਸੁਖ ਰੂਪ ਹੈ।
੨-ਉੱਪਰ 'ਅਨੰਤ' ਵਲ ਇਸ ਵਿਚ ਲਗਾਤਾਰ ਖਿੱਚ ਤੇ ਲਿਵ ਹੈ।
੩-ਬਾਹਰ 'ਜਗਤ' ਨਾਲ ਇਸਦਾ ਰੁਖ ਸਾਖੀ ਰੂਪ (ਫਾਇਲੀ) ਹੈ ਤੇ ਵਰਤੋਂ ਪ੍ਰੇਮ ਹੈ।

---

*ਯੋਗ ਵਿਚ ਬੀ ਲਿਖਿਆ ਹੈ 'ਤਦਾ ਦ੍ਰਸ਼੍ਟੁ ਸ੍ਵਰੂਪੇ ਅਵਸਥਾਨਮ੍।' ਅਰਥਾਤ--ਦਿਸ਼ਟਾ ਦੀ ਆਪਣੇ ਦ੍ਰਿਸ਼ਟਾ ਸਰੂਪ ਵਿਚ ਇਸਥਿਤੀ।

(ਯੋ: ਦ: ੧. ੨.)

ਸੈਦ ਖਾਂ-ਕੀ ਗੁਰੂ ਗੋਬਿੰਦ ਜੀ ਉਪਕਾਰੀ ਵੀ ਹੈਨ?

ਪੀਰ ਜੀ-ਜਗਤ ਦਾ ਉਪਕਾਰ ਇਹ ਹੈ ਕਿ ਆਪ ਬੇਇਨਸਾਫੀ ਕਰਨੀ, ਜ਼ੁਲਮ ਕਰਨਾ, ਲੋਕਾਂ ਤੰਗ ਹੋਣਾ, ਦੁੱਖ ਪਾਉਣੇ, ਫੇਰ ਉਹਨਾਂ ਦੀ ਮਦਦ ਕਰਨੀ ਤੇ ਨਾਮ ਉਪਕਾਰ ਧਰਨਾ। ਗੁਰੂ ਗੋਬਿੰਦ ਸਿੰਘ ਜੀ ਦਾ ਉਪਕਾਰ ਇਹ ਹੈ ਕਿ ਉਹ ਆਪ ਇਕ ਮੁਕੰਮਲ ਇਨਸਾਨ ਦਾ ਨਮੂਨਾ ਹੈ ਅਰ ਲੋਕਾਂ ਵਿਚ ਬੇਠ ਕੇ ਇਹ ਨਮੂਨਾ ਦਸ ਰਿਹਾ ਹੈ ਤੇ ਜਾਚ ਸਿਖਾ ਰਿਹਾ ਹੈ ਕਿ ਹਰ ਆਦਮੀ ਇਸ ਨਮੂਨੇ ਦਾ ਆਦਮੀ ਬਣੇ। ਫਿਰ ਉਹ ਆਪਣੇ ਆਤਮ ਬਲ ਨਾਲ ਮੁਰਦਿਆਂ ਵਿਚ ਰੂਹ ਫੂਕ ਕੇ ਐਸੇ ਇਨਸਾਨ ਪੈਦਾ ਕਰ ਰਿਹਾ ਹੈ-ਮਰਦ ਤੋਂ ਮਰਦ ਪੈਦਾ ਹੋ ਰਿਹਾ ਹੈ। ਉਂਞ ਉਹ ਆਪ ਤਾਂ ਗੁਰੂ ਹੈ ਤੇ ਇਹ ਇਲਾਹੀ ਤਾਕਤ ਗੁਰੂ ਦੀ ਹੈ। ਮੇਰਾ ਮਤਲਬ ਇਹ ਹੈ ਕਿ ਉਹ ਰਸੂਲ ਹੈ, ਉਹ ਇਨਸਾਨੀ ਕਮਾਲ ਦਾ ਬੀ ਨਮੂਨਾ ਹੈ, ਅਮਲੀ ਤੌਰ ਤੇ ਉਹ ਹਰ ਇਨਸਾਨ ਨੂੰ ਕਾਮਲ ਇਨਸਾਨ ਬਣਾਉਂਦਾ ਹੈ। ਇਹ ਉਸ ਦਾ ਸਭ ਤੋਂ ਉੱਚਾ ਉਪਕਾਰ ਹੈ।

ਸੈਦ ਖਾਂ-ਕਿਆ ਹੋਰ ਇਨਸਾਨ ਪਸ਼ੂ ਹਨ?

ਪੀਰ ਜੀ-ਜੋ ਦੂਸਰਿਆਂ ਪਰ ਭੈ ਪਾ ਕੇ ਉਨ੍ਹਾਂ ਦੇ ਆਤਮਾ ਨੂੰ ਕਮਜ਼ੋਰ ਕਰਦੇ ਹਨ ਓਹ ਇਨਸਾਨ ਨਹੀਂ ਹਨ, ਦਰਿੰਦੇ (ਪਾੜ ਖਾਣੇ ਪਸ਼ੂ) ਹਨ ਤੇ ਜੋ ਆਪ ਭੈ ਖਾ ਕੇ ਡਰਦੇ, ਕਾਇਰ ਹੁੰਦੇ ਨਿੱਘਰਦੇ ਜਾਂਦੇ ਹਨ, ਓਹ ਭੇਡਾਂ ਬੱਕਰੀਆਂ ਵਾਂਗੂ ਬਲਹੀਨ ਪਸ਼ੂ ਹਨ। ਇਸੇ ਕਰਕੇ ਸਤਿਗੁਰ ਨੇ ਇਹ ਆਦਰਸ਼ ਦੱਸਿਆ ਹੈ:-

'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥'

ਅਰਥਾਤ ਨਾ ਤਾਂ ਡਰ ਦੇਕੇ ਦੂਜੇ ਇਨਸਾਨਾਂ ਨੂੰ ਇਨਸਾਨੀਅਤ ਤੋਂ ਗਿਰਾਉਂਦਾ ਹੈ, ਨਾ ਕਿਸੇ ਦਾ ਡਰ ਮੰਨ ਕੇ ਆਪੇ ਨੂੰ ਗਿਰਨ ਦੇ ਰਸਤੇ ਪਾਉਂਦਾ ਹੈ।

ਸੈਦ ਖਾਂ-ਪਰ ਜਦ ਗੁਰੂ ਗੋਬਿੰਦ ਸਿੰਘ ਜੀ ਜੰਗ ਕਰਦੇ ਹਨ ਤਾਂ ਦੂਸਰਿਆਂ ਪਰ ਭੈ ਨਹੀਂ ਪਾਉਂਦੇ?

ਪੀਰ ਜੀ-ਏਥੇ ਹੀ ਤਾਂ ਉਨ੍ਹਾਂ ਦੀ ਸੁੰਦਰਤਾ ਹੈ, ਉਹ ਭੈ ਮਾਰਿਆਂ ਪਰ ਭੈ ਨਹੀਂ ਪਾਉਂਦੇ। ਉਹ ਜ਼ਾਲਮਾਂ ਪਰ ਭੈ ਪਾਇ ਕੇ ਉਨ੍ਹਾਂ ਦਾ ਜ਼ੁਲਮ ਤੋੜਦੇ ਹਨ ਕਿ ਉਹ ਦੂਸਰਿਆਂ ਨੂੰ ਭੈ ਨਾ ਦੇਣ ਤੇ ਭੈ ਮਾਰਿਆਂ ਨੂੰ ਆਖਦੇ ਹਨ: ਡਰੋ ਨਾ, ਮੈਂ

ਸਵਾ ਲਾਖ ਸੰਗ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਉਨ੍ਹਾਂ ਦਾ ਮਨਸ਼ਾ ਇਹ ਹੈ ਕਿ ਜੀਕੂੰ ਹਰ ਬੂਟਾ ਜਦ ਆਪਣੇ ਕਮਾਲ ਨੂੰ ਪਹੁੰਚਦਾ ਹੈ, ਤਾਂ ਖਿੜਦਾ ਹੈ, ਤਿਵੇਂ ਹਰ ਇਨਸਾਨ, ਜੋ ਕਮਾਲ ਤੇ ਹੈ, ਉਹ ਖੇੜੇ ਵਿਚ ਚਾਹੀਦਾ ਹੈ। ਓਹ ਐਸਾ ਇਕ ਇਨਸਾਨ ਲੱਖਾਂ ਕਾਇਰਾਂ ਤੋਂ ਕੀਮਤੀ ਸਮਝਦੇ ਹਨ। ਇਸ ਜੀਉਂਦੇ ਬੂਟੇ ਦੀ ਮੁਰਦੇ ਬੂਟੇ ਖਾਦ ਬਣਦੇ ਹਨ। ਪਰ ਗੁਰੂ ਜੀ ਇਹ ਨਹੀਂ ਚਾਹੁੰਦੇ ਕਿ ਇਸ ਕਿਸਮ ਦਾ ਕਾਮਲ ਇਨਸਾਨ ਜਗਤ ਤੇ ਰਹੇ ਹੀ ਨਾ, ਜਾਂ ਇੱਕੋ ਹੋਵੇ ਯਾ ਓਹ ਜ਼ਾਲਮ ਬਣ ਜਾਵੇ। ਉਨ੍ਹਾਂ ਦਾ ਆਦਰਸ਼ ਇਹ ਹੈ ਕਿ ਇਹ ਇਨਸਾਨ ਹਰ ਇਕ ਵਿਚ 'ਜਿੰਦ ਕਣੀ' ਫੂਕਣ ਵਾਲਾ ਹੋਵੇ, ਅਰਥਾਤ ਉਹ ਇਹ 'ਕਾਮਲ ਦਾ ਨਮੂਨਾ' ਬਣਾਕੇ ਫੇਰ, ਏਸ ਦਾ ਵਾਧਾ ਲੋਚਦੇ ਹਨ ਕਿ ਸਭ ਕੋਈ ਏਸ ਕਮਾਲ ਤੇ ਅੱਪੜੇ। ਇਸ ਕਰਕੇ ਕਾਇਰਾਂ ਨੂੰ ਨਿਰਭੈ ਕਰਦੇ ਹਨ, ਭੈ-ਦਾਇਕਾਂ ਨੂੰ ਪਹਿਲਾਂ ਉਪਦੇਸ਼ ਨਾਲ, ਪਿਆਰ ਨਾਲ ਸਮਝਾਉਂਦੇ ਹਨ, ਜੇ ਲੋੜ ਪਵੇ ਤਾਂ ਤਲਵਾਰ ਨਾਲ ਬੀ ਦਰੁਸਤ ਕਰਦੇ ਹਨ ਕਿ ਓਹ ਦੂਜਿਆਂ ਨੂੰ ਭੈ ਨਾ ਦੇਣ। ਤਾਕਿ 'ਕਾਮਲ ਨਮੂਨੇ ਦੇ ਇਨਸਾਨ' ਪੈਦਾ ਹੋਣ ਤੇ ਵਧਣ ਦਾ ਅਵਸਰ ਬਣੇ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥

ਸੈਦ ਖਾਂ-ਤੁਸਾਂ ਕਈ ਵੇਰ ਗੱਲਾਂ ਵਿਚ 'ਨਾਮ' ਦਾ ਜ਼ਿਕਰ ਕੀਤਾ ਹੈ, ਇਹ ਕੀ ਗੱਲ ਹੈ?

ਪੀਰ ਜੀ-ਜਿਸ ਤਰ੍ਹਾਂ ਕਾਇਰ ਭੈ ਗ੍ਰਸੇ ਅਤੇ ਜ਼ਾਲਮ ਭੈ ਦੇਣ ਹਾਰੇ ਅਰਥਾਤ 'ਤ੍ਰਿਸ਼ਨਾਲੂ' ਮਨਾਂ ਨੂੰ ਮੈਂ ਦੱਸਿਆ ਸੀ ਕਿ 'ਅਭੈ ਪਦ' ਤੇ ਲੈ ਜਾਣ ਵਾਸਤੇ ਵੈਰਾਗ ਦਾਰੂ ਹੈ, ਜੋ ਤ੍ਰਿਸ਼ਨਾਂ ਦੀ ਮੈਲ ਕੱਟ ਦੇਂਦਾ ਹੈ, ਇਸੇ ਤਰ੍ਹਾਂ 'ਨਾਮ' ਸਾਫ ਹੋਏ ਮਨ ਨੂੰ 'ਹਰ ਪਲ ਵਿਚ ਫਾਇਲੀ ਹਾਲਤ ਵਿਚ ਰੱਖਣ ਦਾ ਯਤਨ' ਹੈ। ਇਹ ਇਨਸਾਨ ਨੂੰ ਕਮਾਲ ਵਿਚ ਲਿਜਾਂਦਾ ਤੇ ਨਮੂਨੇ ਦਾ ਇਨਸਾਨ 'ਅਭੈ ਪਦ' ਤੇ ਇਸਥਿਤ ਆਦਮੀ ਬਣਾਉਂਦਾ ਹੈ। 'ਨਾਮ'

ਅੰਦਰਲੇ ਦੀ 'ਅਨੰਤ' ਨਾਲ ਲਿਵ ਹੈ।

ਸੈਦ ਖਾਂ-ਸਮਝਦਾ ਹਾਂ, ਪਰ ਵਾਪਰਦਾ ਨਹੀਂ।

ਪੀਰ ਜੀ-ਅੰਦਰ ਵਾਪਰੇਗਾ, ਜਿਸ ਦਿਨ ਦਰ-ਸ਼ਨ ਹੋਣਗੇ। ਅਜੇ ਤੁਹਾਡਾ ਅੰਦਰਲਾ ਸੁੱਤਾ ਪਿਆ ਹੈ 'ਮਨੁ ਸੋਇਆ ਮਾਇਆ ਬਸਿਮਾਦਿ।' {ਗ:ਮ:੫}

ਇਸ 'ਮਾਇਆ ਵਿਸਮਾਦ' ਪਰ 'ਰੱਬੀ ਵਿਸ-ਮਾਦ' ਝਲਕਾ ਮਾਰੇਗਾ, ਜੀਕੂੰ ਸਵੇਰੇ ਨਸੀਰਾਂ ਪਰ ਰੱਬੀ ਵਿਸਮਾਦ ਨੇ ਝਲਕਾ ਮਾਰਿਆ ਹੈ। ਉਸੇ ਵੇਲੇ ਦੀ ਉਸ਼ ਦੀ ਸੁਰਤ ਜਾਗ ਉੱਠੀ ਹੈ, ਹੁਣ ਉਹ ਨਾਮ ਨਾਲ ਅੰਦਰਲੇ ਦੇ ਕਮਾਲ ਤੇ ਅੱਪੜੇਗੀ। ਦੇਖੋ, ਜਾਗਦੇ ਸਾਰ ਪੁੱਤਰਾਂ ਦੇ ਵਿਯੋਗ ਦਾ ਦੁੱਖ ਦੂਰ ਹੋ ਗਿਆ ਹੈ। ਇਹ ਹੈ ਕਲਗੀਆਂ ਵਾਲੇ ਦਾ ਕਮਾਲ! ਜੋ ਓਹ ਇਨਸਾਨਾਂ ਵਿਚ ਪਾ ਰਹੇ ਹਨ।

ਇਸ ਕਮਾਲ ਤੇ ਪਹੁਚੇ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਵੈਦ ਬਨਾਇਆ ਜਾਵੇ, ਅਰ ਬੀਮਾਰ ਬੰਦੇ ਉਮ ਦੀ ਸਪੁਰਦਗੀ ਵਿਚ ਦਿੱਤੇ ਜਾਣ।

ਇਹ ਇਨਸਾਨ ਹੈ ਕਿ ਜਿਸ ਦੇ ਸਪੁਰਦ ਬੱਚੇ ਕੀਤੇ ਜਾਣ, ਕਿ ਉਨ੍ਹਾਂ ਨੂੰ ਸਿੱਖਿਆ ਦੇਕੇ ਤੇ ਰੂਹ ਫੂਕ ਕੇ ਕਾਮਲ ਬੰਦੇ ਬਨਾਵੇ।

ਇਹ ਇਨਸਾਨ ਹੈ ਕਿ ਇਨਸਾਫ ਦੀ ਕੁਰਸੀ ਤੇ ਬਹਾਇਆ ਜਾਵੇ, ਕਿ ਉਹ ਪਸ਼ੂ ਬ੍ਰਿਤੀ ਵਾਲੇ ਇਨਸਾਨਾਂ ਵਿਚ ਇਕ ਤੋਲ ਕਾਇਮ ਰੱਖੇ।

ਇਸ ਨਮੂਨੇ ਦਾ ਇਨਸਾਨ ਕਾਮਲ ਇਨਸਾਨ ਹੈ ਕਿ ਹਕੂਮਤ ਦੇ ਤਖਤ ਤੇ ਬਹਾਇਆ ਜਾਵੇ, ਜੋ ਭੈ ਦਾਇਕ ਮਨੁੱਖਾਂ ਨੂੰ ਹੱਦ ਬੰਨੇ ਵਿਚ ਰੱਖੇ, ਤੇ 'ਅਭੈ ਪਦ' ਦੇ ਆਦਰਸ਼ ਨੂੰ ਇਨਮਾਨੀਅਤ ਲਈ ਪ੍ਰਾਪਤ ਹੋਣ ਜੋਗ ਰਹਿਣ ਦੇਵੇ।

ਹਾਂ ਜੀ, ਇਹ ਇਨਸਾਨ ਹੈ, ਜੋ ਧਰਮ ਦੀ ਵਾਗ ਡੋਰ ਹੱਥ ਦੇਣ ਦੇ ਲਾਇਕ ਹੈ, ਜੋ ਆਪ 'ਅਭੈ ਪਦ' ਪਰ ਹੋਵੇ, ਹੋਰਨਾਂ ਨੂੰ ਸਿਖਜਾ ਰਹਿਬਰੀ ਦੇਕੇ ਅਭੈ ਪਦ ਤੇ ਲਿਆਵੇ:-

'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ'॥

{ਗਉ:ਵਾਰ-੧੧}

ਸਾਰੀ ਸ੍ਰਿਸ਼ਟੀ ਇਸ ਮੁਕੰਮਲ ਇਨਸਾਨ, ਬੰਦੇ ਕਹੋ, ਸੇਵਕ ਕਹੋ ਉਸਦੀ ਦਰਸ਼ਨ ਤਾਂਘ ਵਿਚ ਹੈ ਜੋ ਸੱਚੀ ਉਚਿਆਣ ਅੰਦਰਲੀ ਵਿਚ ਸ਼ਿਰੋਮਣ ਅਵਸਥਾ ਵਿਚ ਹੈ, ਤੇ ਉਸਦਾ ਜਾਗਦਾ ਅੰਦਰਲਾ ਸਭ ਸ੍ਰਿਸ਼ਟੀ ਦੀ ਸੁਰਤ ਨੂੰ ਜਾਗਦੀ ਵੇਖਣ ਦਾ ਉਪਕਾਰੀ ਹੈ।

ਸੋ ਜੀ! ਇਹ ਰਾਜ ਤ੍ਰਿਸ਼ਨਾ ਹੈ! ਇਹ ਭੂਮੀ ਭੁੱਖ ਹੈ! ਇਹ ਮੁਲਕਗੀਰੀ ਦੀ ਹਵਸ ਹੈ! ਇਹ ਰਾਜ ਮਦ ਹੈ! ਇਹ ਤ੍ਰਿਸ਼ਨਾ ਹੈ! ਇਹ ਹਿੰਦੂ ਪ੍ਰਸਤੀ ਹੈ! ਜੋ ਜਗਤ ਕਹੇ ਸੋ ਕਹੇ, ਪਰ ਇਹ ਕਲਗੀਆਂ ਵਾਲੇ ਦੇ ਦਿਲ ਦੀ ਤਸਵੀਰ ਦਾ ਨਿਮਾਣਾ ਜਿਹਾ ਖ਼ਾਕਾ ਹੈ, ਜੋ ਮੇਰੇ ਜਿਹਾ ਗ੍ਰੀਬ ਖਿੱਚ ਸਕਦਾ ਹੈ। ਪਰ ਭਾਈ ਸਾਹਿਬ:-

'ਸ਼ੁਨੀਦਾ ਕੈ ਬਵਦ ਮਾਨਿੰਦਿ ਦੀਦਹ'

(ਅਰਥਾਤ ਸੁਣਿਆਂ ਦੇਖੇ ਤੁੱਲ ਨਹੀਂ ਹੁੰਦਾ।)

੩.

'ਮੇਰੇ ਵੀਰਨ! ਮੈਂ ਅੱਜ ਕੀਹ ਦੇਖ ਰਹੀ ਹਾਂ? ਭੈਣ ਸਦਕੇ ਪਜਾਰੇ ਵੀਰਨ! ਅਭਾਗ ਭੈਣ ਅੱਜ ਕੀ ਦੇਖ ਰਹੀ ਹੈ? ਮੈਂ ਘੋਲੀ ਮੇਰੇ ਵੀਰਨ! ਮੇਰੀਆਂ ਬੇਨੂਰ ਅੱਖਾਂ ਅੱਜ ਕੀਹ ਤੱਕ ਰਹੀਆਂ ਹਨ? ਮੇਰੇ ਵੀਰਨ ਇਕ ਸਬਜ਼ੇ ਘੋੜੇ ਪਰ ਸਵਾਰ ਹਨ, ਰਾਨ ਪਟੜੀ ਕੈਸੀ ਜੰਮੀ ਹੈ! ਭੈਣ ਸਦ-ਕੜੇ! ਮੈਂ ਪਾਸ ਹੁੰਦੀ ਤਾਂ ਹਿੰਦੂ ਭੈਣ ਵਾਂਙੂ ਵੀਰਨ ਦੀ ਆਰਤੀ ਉਤਾਰਦੀ, ਵੀਰ ਜੰਗ ਵਿਚ ਖੜਾ ਹੈ, ਢਾਲ ਮੋਢੇ ਕੈਸੀ ਫਬ ਰਹੀ ਹੈ, ਤੀਰਾਂ ਦਾ ਭੱਥਾ ਕੈਸਾ ਲਟਕ ਰਿਹਾ ਹੈ? ਤਲਵਾਰ ਲੱਕ ਹੈ, ਹੱਥ ਨੇਜ਼ਾ ਨਹੀਂ, ਪਰ ਸ਼ੂਕਦੀ ਸ਼ੁੰਕਾ-ਰਦੀ ਬੰਦੂਕ ਹੈ। ਵੀਰ ਨੇ ਘੋੜਾ ਖੜਾ ਕੀਤਾ ਹੈ, ਕੈਸਾ ਬੇਦਮ ਖੜਾ ਹੈ, ਮਾਨੋਂ ਘੋੜਾ ਪੱਥਰ ਦਾ ਹੈ। ਵੀਰਨ ਵਲ ਤੱਕੋ, ਸਾਹ ਵੱਟ ਕੇ ਸ਼ਿਸਤ ਬੱਧੀ ਹੈ, ਵੇ ਵੀਰਨ! ਠਹਿਰ ਜਾਹ, ਮੈਂ ਘੋਲੀ ਠਹਿਰ ਜਾ, ਬੰਦੂਕ ਦਾ ਘੋੜਾ ਨਾ ਦਬਾਈਂ ਵੀਰ ਵੇ! ਇਹ ਗੋਲੀ ਤੇਰੇ ਕਾਲਜੇ ਵਿਚ ਵੱਜਣੀ ਏਂ। ਪਰ ਹਾਇ! ਵੀਰਨ ਨੂੰ ਪਤਾ ਨਹੀਂ, ਤੇ ਮੈਂ ਘਰ ਬੈਠੀ ਹਾਂ, ਵੀਰਨ ਮੇਰੀ ਅਵਾਜ਼ ਨਹੀਂ ਸੁਣਦਾ। ਹੱਛਾ ਕੀ ਹੋਯਾ? ਮੈਂ ਕਿਹੜੀ ਕਾਇਰ ਹਾਂ, ਦੋ ਸ਼ਹੀਦਾਂ ਦੀ ਮਾਂ ਹਾਂ, ਇਕ ਸ਼ਹੀਦ ਦੀ ਭੈਣ ਹਾਂ, ਇਕ ਜ਼ੀਉਂਦੇ ਸ਼ਹੀਦ ਦੀ ਟਹਿਲਣ ਹਾਂ। ਖੜੋ ਖਾਂ ਵੀਰਾ, ਮੈਂ ਆਈ। ਔਹ ਮੈਂ ਹਿਲਾ ਦਿੱਤਾ, ਘੋੜੇ-ਬੰਦੂਕ ਦੇ

ਘੋੜੇ-ਤੋਂ ਹੱਥ ਹਿਲਾ ਦਿੱਤਾ; ਗੋਲੀ ਤਾਂ ਨਿਕਲ ਗਈ, ਪਰ ਨਿਸ਼ਾਨਾ ਉੱਕ ਗਿਆ। ਖ਼ਫ਼ਾ ਨਾ ਹੋ ਮੇਰੇ ਵੀਰਨ! ਮੈਂ ਬੜਾ ਉਪਕਾਰ ਕੀਤਾ ਹੈ, ਇਹ ਨਿਸ਼ਾਨਾ ਜੋ ਤੈਂ ਫੁੰਡਣਾ ਸੀ ਤੇਰਾ ਆਪਣਾ ਆਪ ਸੀ! ਲੈ ਵੀਰਨ ਜੀਉ! ਭੈਣ ਚੱਲੀ ਜੇ। ਖ਼ਫ਼ਾ ਹੋਕੇ ਨਾ ਨਾ ਤੱਕੋ, ਹੱਸ ਪਓ। ਹੱਸੋ ਤਾਂ ਫੇਰ ਨਿੱਕੀ ਜਿਹੀ ਗੁਸਤਾਖ ਭੈਣੀ ਤੁਰ ਜਾਵੇ ਨਾ, ਮੁਸਕ੍ਰਾ ਦਿਓ ਨਾ, ਭੈਣ ਦਾ ਪਿਆਰ ਤੱਕੋ ਨਾ। ਵੀਰਨ ਹੰਸ ਪਏ, ਭੈਣ ਠਰ ਗਈ। ਲੈ ਵੀਰਾ! ਵਾਹਿਗੁਰੂ ਚਿੱਤ ਆਵੈ!! ਭੈਣ ਵਲੋਂ ਵਿਛੁਅ ਅਲ ਵਿਦਅ'।

ਇਹ ਇਕ ਚਿੱਠੀ ਹੈ ਜੋ ਸੈਦਖਾਨ ਜੀ ਰਾਤ ਵੇਲੇ ਤਾਰਿਆਂ ਨਾਲ ਛਟਕੀ ਪਰ ਹਨੇਰੀ ਰਾਤ ਵਿਚ ਪੜ੍ਹ ਰਹੇ ਹਨ। ਮੈਦਾਨ ਜੰਗ ਵਿਚ ਪਲੰਘ ਤੇ ਲੇਟੇ ਹੋਏ ਖੈਮੇ ਦੇ ਬਾਹਰ ਪਏ ਹਨ, ਦਾਸ ਦੀਵਾ ਲਈ ਖੜਾ ਹੈ ਤੇ ਕਾਸਦ ਕੁਛ ਵਿੱਥ ਤੇ ਜੁਵਾਬ ਉਡੀਕ ਰਿਹਾ ਹੈ।

ਸੈਦ ਖਾਂ ਜੀ ਨੇ ਚਿੱਠੀ ਪੜ੍ਹੀ, ਤ੍ਰਬ੍ਰਕ ਉੱਠੇ, ਚਿਠੀ ਨੇ ਕਿਸੇ ਅੰਦਰਲੇ ਸੋਮੇਂ ਨੂੰ ਹਿਲਾ ਦਿਤਾ, ਨੈਣਾਂ ਤੋਂ ਹੰਝੂ ਵਗ ਟੁਰੇ, ਸ਼ਰੀਰ ਕੰਬ ਉੱਠਿਆ, ਤ੍ਰੇਲੀ ਪੈ ਗਈ, ਲੂੰ ਕੰਡਿਆ ਗਏ, ਅੰਦਰਲਾ ਕਿਸੇ ਅੰਦਰਲੇ ਡੂੰਘ ਵਿਚ ਲਹਿ ਗਿਆ: 'ਵਾਹ ਅਣਦਿਸਦੇ ਹਿਸੇ ਇਸ ਜਗਤ ਦੇ! ਤੇਰੀਆਂ ਡੂੰਘਾਈਆਂ ਅਸਗਾਹ ਹਨ।'

ਸੈਦ ਖਾਂ ਜੀ ਉੱਠੇ, ਕਾਗਜ਼ ਲਿਆ, ਕਲਮ ਪਕੜੀ, ਕਲਮ ਦਾ ਸੀਨਾ ਕਿਲਕਿਆ, ਸਿਆਹੀ ਦੇ ਹੰਝੂ ਭਰ ਲਿਆਈ ਤੇ ਕਾਗਜ਼ ਦੇ ਤਖਤੇ ਤੇ ਬਹਿ ਕੇ ਮੋਤੀ ਪ੍ਰੋਤਿਓਸ:-

'ਪਿਆਰੀ ਭੈਣੀ! ਭੈਣ ਦਾ ਸਾਕ ਮੁਤਬੱਰਕ। ਖ਼ਿੱਤਹ ਪੰਜਾਬ ਦੀ ਖਾਸ ਖਸੂਸੀਅਤ:..... 'ਭੈਣ ਵੀਰਨ ਦਾ ਪਿਆਰ'। ਮਦਕੇ, 'ਹਮਸ਼ੀਰਾ! ਮੇਰੇ ਦੁੱਧ ਦੀ ਸਾਂਝਣ', ਤੇਰੇ ਪਿਆਰ ਦੇ ਸਦਕੇ। ਜ਼ਿੰਦਗੀ ਬਖਸ਼ ਭੈਣ! ਤੇਰੀ ਰਮਜ਼ ਆ ਪਹੁੰਚੀ ਤੇ ਪਛਾਣੀ, ਮੈਂ ਘਾਇਲ ਹੋਇਆ ਪਿਆ ਹਾਂ, ਬਿਸਮਿਲ ਤੜਪ ਰਿਹਾ ਹਾਂ। ਤੂੰ ਮੇਰਾ ਨਿਸ਼ਾਨਾ ਉਕਾਇਆ, ਮੈਂ ਆਪ ਨਿਸ਼ਾਨਾ ਹੋ ਚੁੱਕਾ ਹਾਂ, ਯਾ ਜਿਵੇਂ ਨਿਸ਼ਾਨਾ ਉਕਾਯਾ ਈ ਤਿਵੇਂ ਹੁਣ ਮੈਨੂੰ ਓਸ ਤੀਰੰਦਾਜ਼ ਦੀ ਸ਼ਿਸਤ ਹੇਠਾਂ ਲਿਆ ਤੇ ਸਿਫਾਰਸ਼ ਕਰ-'ਬਿਸਮਿਲ ਨੂੰ ਮੌਤ ਦੇ ਘਾਟ ਉਤਾਰੋ'। 'ਦਰੇਗਾ ਦਰਦ!' ਕਿ ਦਰ ਜੁਮਤਜੂਏ ਰੀਜ਼ਿ ਹਜ਼ੂਰ। ਬਸੇ ਸ਼ੁਦਮ ਬ-ਗਦਾਏ ਬਰੋ ਕਰਾਮੇ ਨਾ ਸ਼ੁਦ[1]।' ਮੇਰੀ ਅੰਮੀ ਜਾਈ, ਮੇਰੇ ਸਾਂਝੇ ਦੁੱਧ ਦੀਆਂ ਅੰਮ੍ਰਿਤਧਾਰਾਂ ਦੀ ਸਾਂਝਣ, ਮੇਰੇ ਦੁਖ ਸੁਖ ਦੀ ਹਮਦਰਦਣ ਭੈਣ, ਮੇਰੀ ਪ੍ਰੇਮ ਪੀੜਾ ਦੀ ਦਰਦ ਵੰਡਾਊ ਬਣ ਗਈ। ਬੱਸ ਹੁਣ ਕਾਰਜ ਰਾਸ ਹੈ। ਕਹੁ ਦਾਤੇ ਨੂੰ ਹੁਣ ਮੈਂ ਖੁਲ੍ਹ ਤੋਂ ਘਬਰਾ ਗਿਆ ਹਾਂ, ਆਪਣੇ ਜਾਲ ਵਿਚ ਮੈਨੂੰ ਫਸਾਵੇ, ਕਿਵੇਂ ਆਪਣੇ ਪਿੰਜਰੇ ਵਿਚ ਪਾ ਲਵੇ, ਕਿਸੇ ਅਸੀਰੀ[2] ਵਿਚ ਮੁਬਤਲਾ ਕਰੇ, ਯਾ ਤੀਰ ਦਾ ਨਿਸ਼ਾਨਾ ਕਰਕੇ ਮੇਰਾ ਸ਼ਿਕਾਰ ਕਰੇ, ਮੈਂ ਸੁਤੰਤ੍ਰਤਾ ਦੇ ਜੀਵਨ ਤੋਂ ਅਵਾਜ਼ਾਰ ਹਾਂ, ਚੰਗੀ ਭੈਣੀ! ਦੁਆ ਕਰ, ਸਿਫਾਰਸ਼ ਕਰ, ਆਵੇ ਸੁਭਾਗ ਦਿਨ ਕਿ ਮੈਂ-

ਹੋਵਾਂ ਕੈਦ ਪਿੰਜਰੇ ਤੇਰੇ,
ਪਿੰਜਰਾ ਤੂੰ ਨਿਜ ਹੱਥ ਫੜੇਂ:
ਚਾਈ ਫਿਰੇਂ ਤੂੰ ਕੈਦੀ ਅਪਣਾ,
ਕੈਦੀ ਖੁਸ਼ ਹੋ ਹਸੇ ਖਿੜੇ।
ਵਾਹਵਾ ਕੈਦ ਸੁਭਾਗੀ ਸਹੀਓ,
ਮਿਲੀ ਹਜ਼ੂਰੀ ਕੈਦ ਪਿਆਂ;
ਸਭ ਫਿਕਰਾਨੇ ਪਏ ਸਜਾਦ[3] ਨੂੰ,
ਕੁਛੜ ਰਹਿੰਦ ਅਸੀਂ ਚੜ੍ਹੇ।
-ਸੈਦ ਖਾਂ!

ਕਾਸਦ ਜੁਵਾਬ ਲੈਕੇ ਹਵਾ ਹੋ ਗਿਆ, ਪਰ ਸੈਦ ਖਾਂ ਜੀ ਨੂੰ ਨੀਂਦ ਨਹੀਂ ਆ ਰਹੀ। ਤਾਰੇ ਅਕਾਸ਼ ਵਿਚ ਉਸ ਨੂੰ ਕਿਸੇ ਦੇ ਇਸ਼ਕ ਰੱਤੇ ਇੰਤਜ਼ਾਰ ਵਿਚ ਮੁਜ਼ਤ੍ਰਿਬ (ਬੇਕਰਾਰ) ਨਜ਼ਰ ਪੈਂਦੇ ਹਨ। ਅਕਾਸ਼ ਦੀ ਨੀਲੀ ਚਾਦਰ ਐਉਂ ਦਿਸਦੀ ਹੈ ਕਿ ਆਪਣੇ ਪਿਛੇ ਕਿਸੇ ਡਾਢੇ ਸੁਆਦਲੇ ਭੇਤਾਂ ਵਾਲੇ ਭੇਤ ਨੂੰ ਛੁਪਾਈ ਤਣੀ ਖੜੀ ਹੈ ਤੇ ਜਿਸ ਭੇਤ ਦਾ

---

੧. ਅਫਸੋਸ ਹੈ ਅਰ ਪੀੜਾ ਹੈ ਕਿ ਉਸ ਦੀ ਹਜ਼ੂਰੀ ਦੇ ਖਜ਼ਾਨੇ ਲਈ ਕਈ ਫਕੀਰਾਂ ਦੇ ਦਰਵਾਜ਼ਿਆਂ ਪਰ ਗਿਆ, ਪਰ ਹਜ਼ੂਰੀ ਪ੍ਰਾਪਤ ਨਾ ਹੋਈ। ੨. ਕੈਦ!

੩. ਪਿੰਜਰੇ ਪਾਉਣ ਵਾਲਾ ਸ਼ਿਕਾਰੀ!

ਖੁੱਲ੍ਹਣਾ ਸ਼ਾਇਦ ਸਾਰੇ ਜਗਤ ਨੂੰ ਪੰਘਾਰ ਕੇ ਉਸ ਛਿਪੇ ਭੇਦ ਵਿਚ ਰਲਾ ਮਿਲਾ ਇਸ ਦਿਮਦੇ ਰੰਗੋਂ ਮਿਟਾ ਦੇਵੇ। ਤਾਰੇ ਆਸ਼ਕ ਨੈਣ ਹਨ, ਜੋ ਜਗਤ ਤੋਂ ਦੁਖੇ ਜਲੇ ਉੱਠ ਕੇ ਭੇਤ ਦੀ ਥਾਹ ਲੈਣ ਗਏ ਇਸ ਪੁਲਾੜ ਰੂਪੀ ਚੱਦਰ ਨਾਲ ਅਟਕ ਗਏ ਹਨ ਤੇ ਅਗੇ ਚੱਦਰ ਰਾਹ ਨਹੀਂ ਦਿੰਦੀ ਤੇ ਹੁਣ ਲਟਕੇ ਆਪਣੀਆਂ ਜ਼ਮੀਨੀ ਹਸਰਤਾਂ ਤੇ ਅਕਾਸ਼ ਵਿਚੋਂ ਅਰੀਮਤਾ ਦੇ ਦੁਖਾਂ ਨੂੰ ਡਲ੍ਹਕ ਡਲ੍ਹਕ ਰੋ ਰਹੇ ਮਨ, ਵਾਇ! ਹਸਰਤ।

ਇਉਂ ਸੋਚਦੇ ਸੈਦ ਖਾਨ ਜੀ ਰਾਤ ਲੰਘਾ ਰਹੇ ਹਨ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

ਸੈਦ ਖਾਨ ਜਿਸ ਢਿਗ ਸਰਦਾਰੀ।
ਜਿਸ ਕੇ ਸਕਲ ਸੈਨ ਅਨੁਸਾਰੀ।
ਤਿਸ ਕੇ ਜਾਗੇ ਭਾਗ ਵਿਸ਼ਾਲਾ।
ਉਪਜਯੋ ਪ੍ਰੇਮ ਆਨਿ ਤਿਸ ਕਾਲਾ।
ਸੁਜਸ ਗੁਰੂ ਕੋ ਸੁਨਤੋ ਰਹਿਓ।
ਨਹੀਂ ਬਿਲੋਚਨ ਤੇ ਕਬਿ ਲਹਿਓ।.....
ਸੈਦ ਖਾਨ ਸੁਨਿ ਸੁਨਿ ਗੁਨ ਗਨ ਕੋ।
ਚਾਹਤਿ ਪਿਖਯੋ ਪ੍ਰੇਮ ਕਰ ਮਨ ਕੋ।

ਹਾਂ ਜੀ, ਇਹ ਉਹੀ ਸੈਦਖਾਨ ਜੀ ਹਨ, ਜੋ ਮੁੱਦਤਾਂ ਹੋਈਆਂ ਤਾਂ ਸਢੌਰੇ ਪੀਰ ਬੁਧੂ ਸ਼ਾਹ ਦੇ ਘਰ ਮਾਤਮ ਪੁਰਸੀ ਕਰਨ ਗਏ ਸਨ ਤੇ ਕਲਗੀਆਂ ਵਾਲੇ ਦੇ ਨਾਮ ਤੇ ਗੁਣਾਂ ਤੋਂ ਜਾਣੂੰ ਹੋ ਆਏ ਸਨ। ਨਸੀਰਾਂ ਦਾ ਡਿੱਠਾ ਉਹ ਦਿੱਬਜ ਦਰਸ਼ਨ, ਉਹ ਕਲਗੀਆਂ ਵਾਲੇ ਦਾ ਅਨੂਪਮ ਝਾਕਾ, ਜਿਸ ਨੇ ਉਸ ਦਾ ਜਨਮ ਪਲਟ ਦਿਤਾ ਸੀ ਤੇ ਪੀਰ ਬੁਧੂ ਸ਼ਾਹ ਦਾ ਉਹ ਕਥਨ, ਕਲਗੀਆਂ ਵਾਲੇ ਦੇ ਆਦਰਸ਼ ਦਾ ਨਜ਼ਾਰਾ, ਇਹ ਦੋ ਗੱਲਾਂ ਸੈਦਖਾਨ ਜੀ ਕਦੇ ਨਹੀਂ ਭੁੱਲੇ। ਕੰਮ ਕਾਜ ਸਰਕਾਰੀ ਕਰਦੇ ਹਨ, ਪਰ ਓਪਰੇ ਮਨ, ਦਿਲ ਵਿਚ ਧੜਕਨ ਹੋਰ ਲਗ ਰਹੀ ਹੈ: 'ਮੈਨੂੰ ਕਦ ਦਰ-ਸ਼ਨ ਹੋਣ' ਵਰਿਹਾਂ ਤੇ ਵਰਹੇ ਬੀਤ ਗਏ ਹਨ ਪਰ ਇਹ ਚਾਹ ਕੋਈ ਦਿਨ ਖਾਲੀ ਨਹੀਂ ਜਾਂਦਾ ਕਿ ਹੁਲਾਰਾ ਨਹੀਂ ਮਾਰਦੀ। ਜਦੋਂ ਕੋਈ ਗੱਲ ਬੁਧੂ ਸ਼ਾਹ ਦੀ ਯਾਦ ਆਕੇ ਸੁਖ ਦਿੰਦੀ ਹੈ ਤਾਂ ਜੀ ਉੱਛਲਦਾ ਹੈ ਕਿ ਨਸੀਰਾਂ ਵਾਂਗੂ ਇਕ ਦਮ ਮੇਰੀ ਕਾਇਆਂ ਕਿਉਂ ਨਹੀਂ ਪਲਟਦੀ? ਬੁਧੂ ਸ਼ਾਹ ਵਾਂਗੂ ਮੇਰਾ ਰੰਗ ਕਿਉਂ ਨਹੀਂ ਜੰਮਦਾ? ਪਰ ਨਾਲ ਉਹ ਪੀਰ ਦਾ ਵਾਕ ਕੰਨਾਂ ਵਿਚ ਗੂੰਜ ਉੱਠਦਾ:-

'ਅੰਦਰ ਵਾਪਰੇਗਾ ਜਦ ਦਰਸ਼ਨ ਹੋਣਗੇ।'

ਐਉਂ ਸਮਾਂ ਲੰਘਦਾ ਗਿਆ, ਸਰਕਾਰੀ ਅਫ-ਸਰ ਹੋਣ ਕਰਕੇ ਤੇ ਪਰ੍ਹੇ ਦਾ ਮੁਸਲਮਾਨ ਹੋਣ ਕਰਕੇ ਗੁਰੂ ਜੀ ਪਾਸ ਜਾਣੋਂ ਸੰਗਦਾ ਹੈ, ਪਰ ਕਲੇਜੇ ਵਿਚ ਵੜ ਗਈ ਕਹਕ ਕਸਕਾਂ ਮਾਰਦੀ ਹੈ ਤੇ ਪਿਆਰੇ ਦੇ ਦਰਸ਼ਨਾਂ ਦੀ ਸਿੱਕ ਨੂੰ ਸੁੱਕਣ ਨਹੀਂ ਦੇਂਦੀ। ਸਮੇਂ ਮਹਾਂਬਲੀ ਨੇ ਰੰਗ ਪਲਟੇ, ਔਰੰਗਜ਼ੇਬ ਦੇ ਇਹ ਮਨਸੂਬੇ ਕਿ ਗੁਰੂ ਗੋਬਿੰਦ ਸਿੰਘ ਦੀ ਪਹਾੜੀ ਰਾਜਿਆਂ ਦੇ ਹਥੋਂ ਅਲਖ ਮੁੱਕ ਜਾਵੇ ਤੇ ਸ਼ਾਹੀ ਉੱਦਮ ਨੂੰ ਹੋਰ ਹਥ ਕਾਲੇ ਨਾ ਕਰਨੇ ਪੈਣ, ਪੂਰੀ ਨਾ ਹੋਈ। ਜਿੰਨੀ ਵੇਰ ਰਾਜੇ ਚੜ੍ਹੇ, ਹਾਰ ਖਾਕੇ ਗਏ। ਅਖੀਰ ਸੂਬਾ ਸਰਹਿੰਦ ਨੂੰ ਸ਼ਾਹੀ ਇਸ਼ਾਰਾ ਆਇਆ, ਕਿ ਰਾਜਿਆਂ ਦੀ ਮਦਦ ਕਰੇ, ਪਰ ਪੇਸ਼ ਨਾ ਗਈ। ਇਕ ਵੇਰ ਸ਼ਾਹਜ਼ਾਦਾ ਆਇਆ, ਉਹ ਮਿਤ੍ਰ ਤੇ ਮੁਰੀਦ ਬਣਕੇ ਗਿਆ। ਹੁਣ ਅਖੀਰ ਔਰੰਗਜ਼ੇਬ ਲਈ ਆਖਰੀ ਹੀਲਾ ਬਾਕੀ ਸੀ, ਕਿ ਉਸਨੇ ਸ਼ਾਹੀ ਸੈਨਾ ਘੱਲੀ ਕਿ ਹਿਮਾਲਾ ਤੋਂ ਆ ਰਹੇ ਹੜ੍ਹ ਨੂੰ ਠੱਲ੍ਹਾ ਪਾਏ। ਇਸ ਸੈਨਾ ਵਿਚ ਇਕ ਅਹੁਦੇ ਦਾਰ ਸੈਦ ਖਾਂ ਸੀ*, ਦੁਖੀ ਸੀ ਕਿ ਕਿਸ ਚੰਦਰੇ ਕੰਮ ਨੂੰ ਚੱਲਿਆ ਹਾਂ, ਪਰ ਸੁਖੀ ਸੀ ਕਿ ਸ਼ਾਇਦ ਜੀਵਨ ਦਾ ਕਾਰਜ ਇਸ ਮੁਹਿੰਮ ਪਰ ਫਤਹ ਹੋ ਜਾਵੇ। ਅਨੰਦਪੁਰ ਦੇ ਬਾਹਰ ਮੈਦਾਨ ਪਿਆ ਸੀ ਤੇ ਰੋਜ਼ ਜੁੱਧ ਹੁੰਦਾ ਸੀ।

ਜਿਸ ਰਾਤ ਦਾ ਅਸਾਂ ਉੱਪਰ ਵਰਣਨ ਕੀਤਾ ਹੈ, ਇਸ ਤੋਂ ਕੁਛ ਦਿਨ ਪਹਿਲਾਂ ਸੈਦ ਖਾਨ ਨੇ ਇਕ ਨਿਸ਼ਾਨਾ ਬੰਦੂਕ ਦਾ ਤੱਕਿਆ ਸੀ, ਇਸਦੇ ਭਾਣੇ ਕੋਈ ਸਿਖ ਸੂਬੇਦਾਰ ਖੜਾ ਸੀ, ਪਰ ਉਸਦੇ ਪਿਛੇ ਵਾਰ ਕਲਗੀਧਰ ਘੋੜੇ ਪਰ ਸਨ। ਜੇ ਨਿਸ਼ਾਨਾ ਠੀਕ ਬੈਠਦਾ ਤਾਂ ਸ਼ਾਇਦ ਸ੍ਰੀ ਹਜ਼ੂਰ ਜੀ ਦੇ ਲੱਗਦਾ ਪਰ ਅਚਾਨਕ ਉਸਦੀਆਂ ਅੱਖਾਂ ਅਗੇ ਨਸੀਰਾਂ ਦੀ ਸ਼ਕਲ ਆਈ ਤੇ ਲੂੰ ਕੰਡੇ ਹੋ ਗਏ, ਅਰ ਘੋੜਾ ਦਬਾਉਣ ਵੇਲੇ ਹਥ ਉੱਖੜ ਗਿਆ ਅਤੇ ਗੋਲੀ ਖਾਲੀ ਗਈ। ਇਹ ਉਸਨੂੰ ਇਕ ਐਵੇਂ ਇਤਫਾ-ਕੀਆ ਗਲ ਲੰਘ ਗਈ ਸੀ, ਪਰ ਅਜ ਭੈਣ ਦੀ

*ਸੈਦਾਬੇਗ ਹੋਰ ਸੈਨਾਪਤ ਸੀ। ਦੇਖੋ ਸਫਾ ੬੮ ਇਸੇ ਪੋਥੀ ਦਾ।

ਚਿੱਠੀ ਨੇ ਪਰੇਸ਼ਾਨ ਕਰ ਦਿਤਾ, ਕਿ ਹੈਂ! ਮੈਂ ਉਸ ਪਿਆਰੇ ਨੂੰ ਹੀ ਮਾਰਨ ਲੱਗਾ ਸਾਂ, ਜਿਸਦੇ ਪਜਾਰ ਵਿਚ ਸਿਰ ਧੁਨ ਰਿਹਾ ਹਾਂ। ਫੇਰ ਅਚਰਜ ਲਗਾ ਕਿ ਉਸ ਵੇਲੇ ਨਸੀਰਾਂ ਨੂੰ ਕੀਕੂੰ ਪਤਾ ਲੱਗਾ? ਉਹ ਲਿਖਦੀ ਹੈ ਕਿ ਮੈਂ ਤੇਰਾ ਬੰਦੂਕ ਤੋਂ ਹਥ ਹਿਲਾਯਾ ਸੀ। ਹੈ ਭੀ ਠੀਕ, ਅਕਾਰਨ ਮੇਰਾ ਹਥ ਕੰਬ ਗਿਆ ਸੀ, ਅਰ ਉਸ ਵੇਲੇ ਨਸੀਰਾਂ ਯਾਦ ਬੀ ਆ ਰਹੀ ਸੀ। ਅੱਲਾ! ਗ਼ੈਬ ਦੇ ਭੇਤ ਕਿਤਨੇ ਡੂੰਘੇ ਹਨ? ਮੈਂ ਇਲਮ ਹੈਅ਼ਤ* ਪੜ੍ਹਕੇ ਕੇਵਲ ਦਿੱਸਣ ਵਾਲੇ ਨੂੰ ਸਮਝਦਾ ਸਾਂ ਕਿ ਹੈ, ਪਰ ਨਾਂ ਦਿੱਸਣ ਵਾਲੇ ਹਿੱਸੇ ਵਿਚ ਕਿੰਨਾ ਕੁਛ ਹੈ, ਜਿਸ ਦੇ ਮਰਮ ਅਲੱਭ ਹਨ। ਇਸ ਦਾ ਮੈਂ ਜਾਣੂ ਨਹੀਂ ਸਾਂ। ਹੱਛਾ ਭੈਣ! ਤੇਰਾ ਭਲਾ ਹੋਵੇ, ਜੀਕੂੰ ਉਸ ਵੇਲੇ ਉਕਾਕੇ ਬਚਾਇਆ ਈ, ਹੁਣ ਦਰਸ਼ਨ ਤੇ ਦੋ ਗੱਲਾਂ ਬੀ ਕਰਾ ਦੇਹ। ਫਿਰ ਆਪ ਨੇ ਅੱਧੀ ਰਾਤ ਵੇਲੇ ਉੱਠਕੇ ਦੁਆ ਕੀਤੀ:-

ਅੰਤਰਜਾਮੀ ਪੀਰਨ ਪੀਰ। ਉਰ ਕੀ ਲਖਹਿੰ
ਪ੍ਰੇਮ ਕੀ ਧੀਰ। ਤੌ ਅਬਿ ਤੇਜ ਤੁਰੰਗ ਕੁਦਾ-
ਵਹਿੰ, ਕਲਗੀ ਝੂਲਤ ਰੂਪ ਦਿਖਾਵਹਿੰ॥
ਅਬ ਉਤਕੰਠਾ ਲਖਿ ਚਿਰ ਮੇਰੀ। ਏਕ ਬਾਰ
ਇਤ ਪਾਵਹਿੰ ਫੇਰੀ। {ਗੁ: ਪ੍ਰ: ਸੂ:}

ਰਾਤ ਬੀਤੀ, ਦਿਨ ਹੋ ਆਇਆ, ਇਧਰ ਤੁਰਕ ਸੈਨਾਂ ਤਿਆਰ ਹੋਈ, ਓਧਰ ਸਿੱਖ ਸੈਨਾਂ, ਆਹਮੋ ਸਾਹਮਣੇ ਆ ਡਟੇ। ਪਰ ਸਤਿਗੁਰ ਜੀ ਅੱਜ ਹੋਰ ਆਹਰੇ ਹਨ, ਪ੍ਰੇਮ ਦੀਆਂ ਪਛਾਣਨ ਵਾਲੇ:-

ਸਹਿ ਨ ਸਕੇ ਬ੍ਰਿਹੁ ਪ੍ਰੇਮੀ ਕੇਰਾ। ਬੜੀ ਪ੍ਰਾਤ
ਤੇ ਉਠਿ ਬਿਨ ਦੇਰਾ। ਹ੍ਵੈ ਤਿਆਰ ਤਬਿ ਹੀ
ਕਟ ਕਸੀ। ਸਦਾ ਪ੍ਰੇਮ ਕੇ ਜੋ ਹੈਂ ਬਸੀ। ਧਨੁਖ
ਬਾਨ ਨਿਜ ਪਾਨ ਸੰਭਾਰਾ। ਭਏ ਤੁਰੰਗਮ ਪਰ
ਅਸਵਾਰਾ। ਕਰਤਿ ਸ਼ੀਘ੍ਰਤਾ ਹਯ ਚਪਲਾਏ।
ਤਤਛਿਨ ਖਾਨ ਅੱਗ੍ਰ ਕੋ ਆਏ। {ਗੁ: ਪ੍ਰ: ਸੂ:}

ਸੈਦ ਖਾਨ ਦੇ ਦੇਖਕੇ ਅਸਚਰਜ ਨਾਲ ਰੰਗ ਬਦਲ ਗਏ। ਹੈਂ! ਉਹ ਦਰਸ਼ਨ ਜਿਸਨੂੰ ਤੜਫ-ਦਿਆਂ ਇਹ ਦਿਨ ਆਏ ਸਨ, ਇਸ ਤਰ੍ਹਾਂ ਮੈਦਾਨ ਜੰਗ ਵਿਚ ਅਪਣੇ ਸਾਹਮਣੇ ਸਾਮਰਤੱਖ ਹੋ ਗਿਆ ਹੈ। ਇਕ ਦਮ ਸਭ ਕੁਝ ਭੁੱਲ ਗਿਆ, ਝੁਕ ਕੇ ਸਲਾਮ ਕੀਤੀ, ਨੈਣ ਭਰ ਆਏ ਤੇ ਬੇਵਸੇ ਬੋਲ ਉੱਠਿਆ:-

ਖ਼ੁਦਾ ਆਇਦ! ਖ਼ੁਦਾ ਆਇਦ! ਖ਼ਿਮ ਆਇਦ
ਖ਼ੁਦਾ ਬੰਦਹ? ਹਕੀਕਤ ਦਰ ਮਿਜ਼ਾਜ਼
ਆਇਦ ਕਿ ਮੁਰਦਹ ਰਾ ਕੁਨੱਦ ਜ਼ਿੰਦਹ*।

ਪਰ ਚੋਜੀ ਸਤਿਗੁਰ ਬੋਲੇ, ਆਓ ਖਾਨ ਜੀ! ਦੋ ਹੱਥ ਕਰੀਏ। ਖਾਨ ਵਿਚ ਮੁਕਾਬਲੇ ਵਿਚ ਦੋ ਹਥ ਚਾਣ ਦੀ ਸਾਮਰੱਥ ਕਿੱਥੇ ਬਾਕੀ ਸੀ? ਝੱਟ ਘੋੜੇ ਤੋਂ ਹੇਠ ਉੱਤਰ ਆਇਆ ਤੇ ਰਕਾਬ ਵਿਚ ਪਏ ਚਰਨ ਕਮਲ ਤੇ ਸੀਸ ਧਰ ਦਿਤਾ। ਸਤਿਗੁਰ ਜੀ ਨੇ:-

ਕ੍ਰਿਪਾ ਦ੍ਰਿਸ਼ਟਿ ਤੇ ਧਰ ਸਿਰ ਹਾਥਾ। ਤਤਛਿਨ
ਸੇਵਕ ਕੀਨਿ ਸਨਾਥਾ। {ਗੁ: ਪ੍ਰ: ਸੂ:}

ਸਤਿਗੁਰ ਦੀ ਮਿਹਰ ਪਾਈ, ਨਾਮ ਦਾ ਪ੍ਰਵੇਸ਼ ਲੂੰ ਲੂੰ ਵਿਚ ਹੋ ਗਿਆ, ਵੈਰਾਗ ਨੇ ਆ ਡੇਰੇ ਲਾਏ, ਉਸੀ ਦਮ ਸਭ ਕੁਝ ਤਿਆਗ ਕੇ ਬਨਾਂ ਨੂੰ ਪਧਾਰ ਗਿਆ।

ਇਹ ਮਾਜਰਾ ਐਨ ਸ਼ੱਤ੍ਰੂ ਦਲ ਦੇ ਵਿਚ ਬੀਤਿਆ, ਜਿਸ ਵੇਲੇ ਸਤਿਗੁਰ ਇਸ ਮੈਦਾਨ ਜੰਗ ਤੇ ਮੱਚੇ ਰੰਗ ਵਿਚ ਵਾਹਿਗੁਰੂ ਜੀ ਦੇ ਇਕ ਬੰਦੇ ਨੂੰ ਜ਼ਿੰਦਾ ਕਰਨ ਆਏ, ਕੋਈ ਪ੍ਰਭਾਵ ਛਾਇਆ ਕਿ ਦੋਨੋਂ ਦਲਾਂ ਦਾ ਧਿਆਨ ਇਧਰ ਜੁੜ ਗਿਆ, ਸ਼ਾਇਦ ਦਲਾਂ ਦਾ ਖਿਆਲ ਹੋ ਗਿਆ ਹੋਵੇ ਕਿ ਦੁਹਾਂ ਦਾ ਸ਼ਖਸੀ ਜੰਗ ਹੋਣ ਲੱਗਾ ਹੈ। ਤੀਰ ਗੋਲੀ ਸਭ ਨੂੰ ਚਲਾਉਣੀ ਭੁੱਲ ਗਈ। ਜਦੋਂ ਇਸ ਮੱਚੇ ਮੈਦਾਨ ਵਿਚ ਇਕ ਰੂਹ ਦਾ ਕਲਿਆਨ ਹੋ ਗਿਆ, ਸੈਦ ਖ਼ਾਂ ਨੇ ਕਦਮਾਂ ਤੇ ਸਿਰ ਧਰ ਦਿੱਤਾ ਤੇ ਦੋ ਗੱਲਾਂ ਕਰਕੇ ਟੁਰ ਗਿਆ, ਅਸਚਰਜਤਾ ਛਾ ਗਈ, ਤੁਰਕ ਦਲ ਦੰਗ ਰਹਿ ਗਿਆ। ਜਿਸ ਛਿਨ ਸੱਚੇ ਪਾਤਸ਼ਾਹ ਘੋੜੇ ਨੂੰ ਅੱਡੀ ਲਾਕੇ ਆਪਣੇ ਦਲ ਵਿਚ ਚਲੇ ਗਏ। ਹੁਣ ਤੁਰਕ ਸਰਦਾਰਾਂ ਨੂੰ ਹੋਸ਼ ਆਈ ਕਿ ਕਲਗੀਧਰ ਜੀ ਸਾਡੇ ਵਿਚ

*ਪਦਾਰਥ ਵਿਦਯਾ।

*ਰੱਬ ਆਉਂਦਾ ਹੈ, ਰੱਬ ਆਉਂਦਾ ਹੈ, ਕਿ ਰੱਬ ਦਾ ਪਿਆਰਾ ਆਉਂਦਾ ਹੈ? ਹਾਂ, 'ਯਥਾਰਥ' ਸਥੂਲ ਜਾਮੇ ਵਿਚ ਆ ਰਿਹਾ ਹੈ ਕਿ ਮੁਰਦੇ ਨੂੰ ਜਿਵਾ ਦੇਵੇ।

ਆਕੇ ਨਿਹਤੇ ਨਿਕਲ ਗਏ, ਅਰ ਸਾਡੇ ਸਰਦਾਰ ਪਰ ਕੀ ਧੂੜ ਗਏ ਕਿ ਉਹ ਸੈਨਾਂ ਬੇ-ਸਰਦਾਰੀ ਛੋੜਕੇ ਟੁਰ ਗਿਆ। ਹਾ, ਦੁਨੀਆਂ! ਪ੍ਰਤੱਖ ਵੇਖਕੇ ਵੀ ਤੈਨੂੰ ਸੰਸੇ ਪੈਂਦੇ ਰਹੇ! ਗੱਲ ਕੀ, ਉੱਧਰ ਸੈਦ ਖਾਨ ਜੀ ਦੁਆਬੇ ਥਾਣੀਂ ਹੁੰਦੇ ਕਾਂਗੜੇ ਦੇ ਉੱਪਰ ਵਾਰ ਪਰਬਤਾਂ ਵਿਚ ਇਕ ਰੰਗ ਨਾਮ ਦੀ ਲਿਵ ਵਿਚ ਮਗਨ ਹੋਣ ਲਈ ਟਿਕ ਗਏ। ਇਧਰ ਜੰਗ ਮਚਿਆ ਰਿਹਾ, ਉਧਰ ਨਸੀਰਾਂ ਤੇ ਬੁੱਧੂ ਸ਼ਾਹ ਨੂੰ ਸਾਰਾ ਮਾਜਰਾ ਸੁਣਕੇ ਠੰਢ ਪੈ ਗਈ ਕਿ ਵੀਰਨ ਦੀ ਕਲਿਆਣ ਹੋ ਗਈ। ਪਰ ਸਮਾਂ ਅਪਣੇ ਅਨੇਕ ਰੰਗਾਂ ਵਿਚ ਵਟੀਂਦਾ ਟੁਰੀ ਗਿਆ।

੪.

ਇਕ ਸੁਹਣੀ ਜੇਹੀ ਪਹਾੜੀ ਦੇ ਇਕ ਸਿਰੇ ਚਿਟਾਨ, ਵੱਡਾ ਸਾਰਾ ਚਿਟਾਨ ਖੜਾ ਹੈ। ਇਸ ਦੇ ਪਾਸ ਦੀ ਇਕ ਪਗਡੰਡੀ ਜ਼ਰਾ ਹੇਠਾਂ ਨੂੰ ਜਾਂਦੀ ਹੈ। ਦੂਰ ਮਾਰੇ ਜਾਕੇ ਨਿੱਕਾ ਜਿਹਾ ਚਸ਼ਮਾਂ ਨਿਕਲਦਾ ਹੈ, ਜੋ ਡਾਢੀ ਨਿੱਕੀ ਜਿਹੀ ਕੂਲ੍ਹ ਬਣਕੇ ਹੇਠਾਂ ਵਗਦਾ ਚਲਾ ਜਾਂਦਾ ਹੈ। ਇੱਥੇ ਕੁ ਵਾਰ ਇਕ ਤ੍ਰਿਣਕੁਟੀ-ਪੱਤਰਾਂ ਤੇ ਕੱਖਾਂ ਦੀ ਕੁੱਲੀ-ਹੈ, ਉੱਪਰ ਕੁਛ ਇਕ ਵਧੇ ਹੋਏ ਚਿਟਾਨ ਦੀ ਨੀਮ ਕੰਦਰਾ ਵਰਗੀ ਓਟ ਤੇ ਛਾਇਆ ਹੈ। ਏਥੇ ਸੈਦ ਖਾਨ ਜੀ ਟਿਕ ਰਹੇ ਹਨ। ਸਿਮਰਨ, ਨਿਰੰਤਰ ਸਿਮਰਨ ਦਾ ਜੀਵਨ ਹੈ। ਰਸ ਅਰੂਢ ਹਨ, ਸ਼ਰੀਰ ਦਾ ਨਿਰ-ਬਾਹ ਕੁਦਰਤ ਕਰ ਰਹੀ ਹੈ, ਜਲ ਚਸ਼ਮੇਂ ਤੋਂ ਮਿਲ ਜਾਂਦਾ ਹੈ। ਛਕਣ ਲਈ ਏਥੇ ਕੁਛ ਕੁਦਰਤੀ ਰਤਾਲੂ ਦੀ ਵੇਲ ਉੱਗਦੀ ਹੈ, ਹੇਠੋਂ ਉਸਦੀ ਭੇਲੀ ਨਿਕਲਦੀ ਹੈ, ਉਸਨੂੰ ਧੂਣੀ ਵਿਚ ਭੁੰਨ ਲੈਂਦੇ ਹਨ। ਕਦੇ ਗਿਰਾਂ ਤੋਂ ਕੋਈ ਅੰਨ ਲੈ ਆਉਂਦਾ ਹੈ। ਕਦੇ ਜੇ ਕਣਕ ਦੇ ਪਾ ਦਾਣੇ ਲੱਭ ਜਾਣ ਤਾਂ ਦਾਣਾ ਦਾਣਾ ਕਰਕੇ ਕੱਚਾ ਚੱਬ ਛੋਡਦੇ ਹਨ। ਹਾਲਤ ਮਗਨਤਾ ਦੀ ਬਹੁਤ ਰਹਿੰਦੀ ਹੈ। ਬਾਜ਼ੇ ਵੇਲੇ ਦੋ ਚਾਰ ਦਿਨ ਇਕ ਰਸ ਟਿਕ ਰਹਿੰਦੇ ਹਨ, ਕਿਸੇ ਲੋੜ ਲਈ ਨਹੀਂ ਉਠਦੇ, **'ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥ ਨਾਨਕ ਦੁਖੁ ਸੁਖੁ ਵਿਆਪਤ ਨਹੀਂ ਜਿਥੈ ਆਤਮ ਰਾਮ ਪ੍ਰਗਾਸੁ'** {ਸ:ਵਾ:ਤੋਂ:ਵ:ਮ:੩-੧੬} ਵਾਲਾ ਰੰਗ ਹੈ। ਜੇ ਸੰਸਾਰ ਦਾ ਕਦੇ ਅਕਸ ਰਿਦੇ ਪਰ ਪੈਂਦਾ ਹੈ ਤਾਂ ਨਸੀਰਾਂ ਤੇ ਬੁੱਧੂ ਸ਼ਾਹ ਦਾ ਉਪਕਾਰ ਜਾਂ ਮੈਦਾਨ ਜੰਗ ਦਾ ਨਕਸ਼ਾ। ਇਹ ਨਕਸ਼ਾ ਹੁਣ ਵਿਆਕੁਲ ਕਰਦਾ ਹੈ, ਕਿਉਂਕਿ ਕਲਗੀਧਰ ਜੀ ਦੇ ਪਾਸੇ ਨੂੰ ਘੇਰੇ ਵਿਚ ਦੇਖਕੇ ਦਿਲ ਵਿਚ ਤ੍ਰੰਗ ਉੱਠਦਾ ਹੈ ਕਿ ਤੇਰਾ ਤਿਆਗ ਨਿਕੰਮਾਂ ਹੈ। ਜਿਸ ਵੇਲੇ ਤੇਰੇ ਦਾਤਾ ਸਤਿਗੁਰੂ ਜੰਗ ਵਿਚ ਰੁੱਝ ਰਹੇ ਹਨ, ਤੂੰ ਕਿਉਂ ਜੰਗਾਲਾਂ ਨੂੰ ਆਇਆ, ਕਿਉਂ ਨਾ ਸਤਿਗੁਰ ਦੇ ਦਲ ਵਿਚ ਸ਼ਾਮਲ ਹੋਕੇ ਸਤਿਗੁਰ ਦੇ ਵੈਰੀਆਂ ਨਾਲ ਲੜਦਾ ਮਾਰਦਾ ਮਰ ਗਿਆ? ਇਹ ਅਸਲ ਜੀਵਨ ਮੁਕਤੀ ਹੁੰਦੀ। ਇਸ ਤਰ੍ਹਾਂ ਦੇ ਪ੍ਰੇਮ ਵਿਚ 'ਹੁਕਮ' ਦਾ ਚੇਤਾ ਕਰਕੇ ਠੰਢ ਵਰਤ ਜਾਂਦੀ। ਪਰ ਜਦੋਂ ਉਸ ਦੇ ਮਨ ਦੇ ਪ੍ਰਕਾਸ਼ਿਤ ਮੰਡਲ ਪਰ ਅਨੰਦ ਪੁਰ ਦੇ ਸੰਕਟ ਦਾ ਨਕਸ਼ਾ ਪੈਂਦਾ ਤਾਂ ਉਤਾਵਲਾ ਹੋ ਜਾਂਦਾ। ਇਕ ਦਿਨ ਆਪ ਡਾਢੀ ਅਰਦਾਸ ਵਿਚ ਲਗ ਪਏ ਕਿ 'ਹੇ ਕਲਗੀਧਰ ਜੀ! ਆਗਯਾ ਦਿਓ ਮੈਂ ਆ ਕੇ ਜੰਗ ਮਚਾਵਾਂ'। ਪਰੰਤੂ ਅਰਧ ਰਾਤ੍ਰੀ ਨੂੰ ਸੁਪਨ ਆਇਆ ਕਿ ਕਲਗੀਧਰ ਜੀ ਕਹਿ ਰਹੇ ਹਨ, 'ਘਬਰਾਓ ਨਹੀਂ, ਮੇਰੇ ਜੰਗ ਵੈਰ ਵਿਰੋਧ ਹਾਰ ਜਿੱਤ ਨਹੀਂ ਹਨ, ਜ਼ਾਲਮ ਨੂੰ ਦੱਸਣਾ ਹੈ ਕਿ ਮਰਦ, ਜਿਸ ਦੇ ਅੰਦਰ ਜਾਗ ਆ ਗਈ ਹੈ, ਉਹ ਭੈ ਨਹੀਂ ਮੰਨਿਆਂ ਕਰਦੇ। ਜੀਵਨ ਮਰਨ, ਜਸ ਅਪਜਸ ਉਹ ਕਿਸੇ ਗੱਲੇ ਨਹੀਂ ਹਿੱਲਿਆ ਕਰਦੇ, ਉਹ ਨਿਰਭੈ ਹਨ, ਸੱਚ ਤੇ ਖੜੇ ਹਨ, ਕਿਸੇ ਦੀ ਟੱਕਰ ਨਾਲ ਨਹੀਂ ਡਿੱਗਦੇ, ਜੋ ਟਕਰਾਉਂਦਾ ਹੈ, ਉਹ ਅੰਤ ਆਪ ਡਿੱਗਦਾ ਹੈ। ਅਸੀਂ ਹਾਰ ਜਿੱਤ, ਹਾਣ ਲਾਭ, ਸਦਾ ਉਤਸਾਹ ਵਿਚ ਹਾਂ ਅਰ ਅਜਿੱਤ ਹਾਂ। ਸਾਨੂੰ ਕਿ ਸਾਡੇ ਸੂਰਿਆਂ ਨੂੰ, ਕੋਈ ਨਹੀਂ ਜਿੱਤ ਸਕਦਾ। ਹਾਂ, ਜਦ ਮਨ ਸੌਂ ਜਾਣ ਤਾਂ ਏਹੀ ਹਾਰ ਹੈ, ਫੇਰ ਜਿੱਤ ਕੋਈ ਨਹੀਂ, ਤੁਸੀਂ ਸਾਡੇ ਲਈ ਸ਼ੋਕ ਨਾ ਕਰੋ, ਜੋ ਅਸਾਂ ਕਿਹਾ ਹੈ, ਫਲਦਾਰ ਹੋਵੇਗਾ। ਧਰਮ ਵਿਚ ਧੱਕਾ ਕਰਨ ਵਾਲੇ ਨਸ਼ਟ ਹੋ ਜਾਣਗੇ ਤੇ ਚੜ੍ਹਦੀਆਂ ਕਲਾਂ ਵਾਲੇ ਭੁਜੰਗੀ ਜਗਤ ਨੂੰ ਅਭੈ ਕਰਨਗੇ। ਤੁਸੀਂ ਸੈਦਖਾਨ ਜੀ! ਟਿਕੇ ਰਹੋ, ਭਜਨ ਕਰੋ।

ਇਹ ਹੁਕਮ ਸੁਣਕੇ ਠੰਢ ਪੈ ਗਈ, ਫੇਰ ਬਿਆਕੁਲ ਨਹੀਂ ਹੋਏ। ਕੁਛ ਸਮਾਂ ਹੋਰ ਲੰਘਿਆ।

*ਤਰੜ।

ਹੁਣ ਸੈਦ ਖਾਂ ਦੀ ਜੇ ਕਦੇ ਕਿਸੇ ਟਿਕਾਉ ਵੇਲੇ ਅਨੰਦਪੁਰ ਦੇ ਮੈਦਾਨ ਵਿਚ ਨਜ਼ਰ ਜਾਂਦੀ ਹੈ, ਤਾਂ ਸੁੰਞ ਦਿੱਸਦੀ ਹੈ, ਸ਼ਹਿਰ ਉਜਾੜ ਹੈ, ਨਾ ਸਿੱਖ ਹਨ ਨਾ ਤੁਰਕ। ਸਤਿਗੁਰ ਬੀ ਨਜ਼ਰ ਨਹੀਂ ਪੈਂਦੇ, ਹੁਣ ਫੇਰ ਬਿਆਕੁਲਤਾ ਹੁੰਦੀ ਹੈ, ਜਦ ਬੀ ਧਿਆਨ ਅਨੰਦਪੁਰ ਜਾਂਦਾ ਹੈ, ਸਤਿਗੁਰ ਨੂੰ ਨਾ ਵੇਖ ਕੇ ਤੜਫਦਾ ਹੈ! ਅਪਣੇ ਰਿਦੇ ਮੰਡਲ ਵਿਚ ਤਾਂ ਦਿੱਬਜ਼ਤਾ ਹੈ, ਸੁਖ ਹੈ, ਰਸ ਹੈ, ਅਨੰਦ ਹੈ, ਪਰ ਜਦ ਓਧਰ ਧਿਆਨ ਜੋੜਦੇ ਹਨ, ਤਾਂ ਸੁੰਞ ਦਿੱਸਦੀ ਹੈ। ਅਰਦਾਸ ਕਰਦੇ ਹਨ ਤਾਂ ਜੁਵਾਬ ਨਹੀਂ। ਅੰਦਰ ਰੂਪ ਦਰਸਦੇ ਹਨ ਤਾਂ ਕਲਗੀਧਰ ਜੀ ਤੇਜ ਪ੍ਰਤਾਪ ਵਿਖੇ ਖੜੇ ਮੁਸਕ੍ਰਾਉਂਦੇ ਦਿੱਸਦੇ ਹਨ।

ਕੁਝ ਸਮਾਂ ਬੀਤਣ ਤੇ ਪ੍ਰੇਮ ਨੇ ਉਤਕੰਠਾ ਅੱਤ ਵਧਾਈ; ਤਿਆਗ, ਵਿਰਾਗ ਭੁੱਲ ਗਏ ਤੇ ਆਪ ਨਿਕਲ ਹੀ ਖੜੇ ਹੋਏ। ਪਹਾੜੋ ਪਹਾੜ ਅਨੰਦਪੁਰ ਆਏ, ਅੱਗੇ ਉਜਾੜ ਤੱਕੀ। ਸਾਰੇ ਮਾਜਰੇ ਸੁਣੇ। ਕੀਕੂੰ ਖਾਲਸੇ ਨੇ ਓਹ ਜੁੱਧ ਮਚਾਏ ਜੋ ਕੋਈ ਨਹੀਂ ਮਚਾ ਸਕ੍ਦਾ, ਕੀਕੂੰ ਨਿਕਲਨਾ ਪਿਆ ਤੇ ਕੀਕੂੰ ਚਮਕੌਰ ਜੁੱਧ ਹੋਇਆ ਤੇ ਸਾਹਿਬਜ਼ਾਦੇ ਚੜ੍ਹੇ ਤੇ ਕੀਕੂੰ ਸਰਹਿੰਦ ਵਿਚ ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ? ਕੀਕੂੰ ਸਤਿਗੁਰ ਮਾਲਵੇ ਅੱਪੜੇ, ਮੁਕਤਸਰ ਜੁਧ ਹੋਇਆ, ਸਾਹਿਬ ਅੱਗੇ ਚਲੇ ਗਏ? ਸ਼ਾਂਤਿ ਚਿਤ ਵਿਚ ਦੁੱਖ ਉਪਜੇ ਤੇ ਰੋਣ ਆਵੇ। ਪਿਆਰ ਦੀਆਂ ਤਰਬਾਂ ਕਸ ਖਾਣ ਤੇ ਬੇਵਸੇ ਲੈ ਟੁਰਨ। ਇਸ ਤਰ੍ਹਾਂ ਦਮਦਮੇ ਅਪੜੇ*।

ਸੈਦ ਖਾਂ ਦਾ ਖਿਆਲ ਸੀ ਕਿ ਪਤਾ ਨਹੀਂ ਹੁਣ ਕੀ ਰੰਗ ਹੋਵੇਗਾ? ਪਰ ਜੋ ਗੱਲਾਂ ਬੁਧੂ ਸ਼ਾਹ ਨੇ ਕਹੀਆਂ ਸਨ ਤੇ ਜੋ ਕੁਛ ਹੱਡੀਂ ਵਰਤਿਆ ਸੀ ਓਹੋ ਸਾਮਰਤੱਖ ਸੀ। ਸਤਿਗੁਰ ਜੀ ਉਸੇ ਤਰ੍ਹਾਂ ਅਨੰਦ ਦੇ ਖੇੜੇ ਵਿਚ ਇਲਾਹੀ ਨੂਰੀ ਰੰਗਤ ਤੇ ਅਰਸ਼ੀ ਮੌਜ ਵਿਚ ਸਨ। ਚਿਹਰੇ ਪਰ ਕੋਈ ਉਦਾਸੀ ਨਹੀਂ ਸੀ, ਅਨੰਦਪੁਰ ਦੀ ਰਾਜਧਾਨੀ ਦੀ ਤਬਾਹੀ ਦਾ ਕੋਈ ਝੋਰਾ ਨਹੀਂ ਸੀ। ਸਾਹਿਬਜ਼ਾਦਿਆਂ ਦੇ ਵਿਛੋੜੇ ਦੇ ਗ਼ਮ ਦੀ ਕੋਈ ਲੀਕ ਮੱਥੇ ਤੇ ਨਹੀਂ ਸੀ, ਪਿਆਰਿਆਂ, ਮੁਕਤਿਆਂ, ਸਚਿਆਰਿਆਂ, ਪੂਰਿਆਂ ਸਿਖਾਂ ਦੀ ਜੁਦਾਈ ਦੀ ਕੋਈ ਕਾਈ ਮਸਤਕ ਤੇ ਦਿੱਸ ਨਹੀਂ ਸੀ ਪੈਂਦੀ, ਸਫਰ ਦੇ ਖੇਦਾਂ ਤੇ ਆਪਣੇ ਬਿਗਾਨਿਆਂ ਦੇ ਟੋਏ ਦੇਣ ਦਾ ਕਿਤੇ ਹਾਵਾ ਨਹੀਂ ਸੀ ਰੜਕਦਾ ਦਿੱਸਦਾ, ਜਿਉਂ ਕੀ ਤਿਉਂ ਜਾਗੜੀ ਜੋਤ, ਜਿਵੇਂ ਬੱਦਲਾਂ ਦੇ ਫੱਟਨ ਤੇ ਸੂਰਜ ਦੀ ਰੌਸ਼ਨੀ ਲਿਸ਼ਕਾਂ ਮਾਰਦੀ ਹੈ, ਉਸੇ ਤਰ੍ਹਾਂ ਜਲਾਲ ਵਾਲਾ ਨੂਰੀ ਚਿਹਰਾ ਚਮਕਾਂ ਮਾਰ ਰਿਹਾ ਸੀ।

ਸੈਦ ਖਾਂ ਜੀ ਖੁਸ਼ੀ ਵਿਚ ਸਨ ਤੇ ਸ਼ੁਕਰ ਕਰ ਰਹੇ ਸਨ ਕਿ ਮੈਨੂੰ ਫੇਰ ਦਰਸ਼ਨ ਹੋ ਗਏ।

ਲਿਖਿਆ ਹੈ ਕਿ ਦਮਦਮੇ ਵਿਚ ਦੂਰ ਦੂਰ ਤੋਂ ਚੰਗੇ ਚੰਗੇ ਨਾਮੀ ਸਿਖ ਤੇ ਸੰਗਤਾਂ ਆਕੇ ਮਿਲ ਪਈਆਂ ਸਨ। ਓਥੇ ਉਹੋ ਅਨੰਦਪੁਰ ਵਾਂਙੂ ਰੌਣਕਾਂ ਲਗ ਪਈਆਂ ਸਨ। ਇਕ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਲੱਗੀ, ਸਤਿਗੁਰ ਦੀਵਾਨ ਵਿਚ ਆ ਸਜੇ, ਭੋਗ ਪਿਆ, ਅਰਦਾਸ ਹੋਈ, ਕੜਾਹ ਪ੍ਰਸ਼ਾਦ ਵਰਤਿਆ। ਦੀਵਾਨ ਵਿਚ ਇਲਾਹੀ ਰੰਗ ਹੈ, ਸਤਿਗੁਰ ਦੀ ਦਿੱਬਜ ਮੂਰਤੀ ਦਮਕ ਰਹੀ ਹੈ, ਸਿਖ ਪ੍ਰਸੰਨ ਮੁਖ ਦਰਸ਼ਨ ਦਾ ਅਹਿਲਾਦ ਲੈ ਰਹੇ ਹਨ ਕਿ ਮੇਵੜੇ ਨੇ ਅਰਦਾਸ ਕੀਤੀ, 'ਸਚੇ ਪਾਤ-ਸ਼ਾਹ! ਇਕ ਗਰੀਬ ਮੁਸਾਫਰ ਪੰਜਾਬ ਤੋਂ ਆਯਾ ਹੈ, ਉਸ ਪਾਸ ਇਕ ਰੁੱਕਾ ਹੈ ਸੈਦ ਖਾਨ ਵਾਸਤੇ। ਆਖਦਾ ਹੈ ਸਢੌਰੇ ਤੋਂ ਹੋ ਆਇਆ ਹਾਂ, ਮੈਂ ਪਹਿਲੇ ਪਹਾੜ ਗਿਆ ਸੀ ਤੇ ਸੈਦਖਾਨ ਨੂੰ ਸਾਰੇ ਟੋਲਿਆ ਹੈ, ਓਥੋਂ ਮੈਨੂੰ ਦੱਸੇ ਟਿਕਾਣੇ ਤੋਂ ਦੱਸ ਪਈ ਕਿ ਓਹ ਟੁਰ ਗਏ ਹਨ। ਓਥੋਂ ਟੁਰਕੇ ਉਨ੍ਹਾਂ ਨੂੰ ਟੋਲਦਾ ਏਥੇ ਆਯਾ ਹਾਂ, ਇਕ ਰੁੱਕਾ ਹੈ ਜੋ ਉਨ੍ਹਾਂ ਦੇ ਹੱਥ ਦੇਣਾ ਹੈ। ਸਤਿਗੁਰ ਜੀ ਮੁਸਕ੍ਰਾਏ, ਮੁਸਾਫਰ ਨੂੰ ਦੀਵਾਨ ਵਿਚ ਬੁਲਾ ਲਿਆ! ਸੈਦਖਾਨ ਨੇ ਉਸ ਤੋਂ ਰੁੱਕਾ ਲੈਕੇ ਸਤਿਗੁਰ ਜੀ ਦੀ ਆਗਾਜ਼ਾ ਵਿਚ ਪੜ੍ਹਿਆ, ਉਸ ਮਹਾਂ ਤਜਾਰੀ ਵੈਰਾਗ ਮੂਰਤੀ ਦੇ ਚਿਹਰੇ ਲਾਲੀ ਭਖਕੇ ਕਈ ਅੱਥਰੂ ਆ ਗਏ।

---

*ਨਵੀਂ ਖੋਜ ਤੇ ਵਾਕਫੀ ਦੀ ਰੌਸ਼ਨੀ ਵਿਚ ਇਥੋਂ ਤੇ ਇਸਤੋਂ ਅਗੇ ਪ੍ਰਸੰਗ ਵਿਚ ਸੁਧਾਈ ਕੀਤੀ ਗਈ ਹੈ।

ਸਤਿਗੁਰ ਜੀ ਬੋਲੇ:-'ਸਾਧੂ ਸੈਦ ਪਜਾਰੇ ਜੀਉ! ਪੱਤ੍ਰ ਸੁਣਾ ਦਿਓ'। ਤਦ ਆਪ ਨੇ ਪੱਤ੍ਰ ਸੁਣਾਯਾ:-

"ਸਹੀਓ ਨੀ ਅਜ ਫਾਗ ਮਚਯਾ ਜੇ
ਸੁਹਣੇ 'ਆਪ' ਮਚਾਇਆ।
'ਰੱਤੂ' ਦਾ ਰੰਗ ਅੱਜ ਉਡੇਗਾ
ਹੋਰ ਰੰਗ ਨਹੀਂ ਭਾਇਆ।
'ਸੀਸ' ਕੁਮਕੁਮੇ ਅਜ ਚੱਲਣਗੇ
ਅਤਰ 'ਉਲਾਦ' ਪਿਲਾਯਾ।
'ਆਪਾਵਾਰ' ਗੁਲਾਲ ਉਡੇਗਾ
ਆਟਾ ਨਹੀਂ ਉਡਾਯਾ।
ਆਓ ਸਹੀਓ ਰਲ ਹੋਲਾ ਖੇਡੋ
'ਸ਼ਹੁ' ਖੇਡਣ ਨੂੰ ਆਯਾ।

ਪਿਆਰੇ ਵੀਰਨ! ਪਤਾ ਨਹੀਂ ਤੁਸੀਂ ਕਿਥੇ ਹੋ, ਪਰਬਤਾਂ ਵਿਚ ਹੋ ਕਿ ਕਿਤੇ ਹੋਰ ਥੇ? ਮੈਂ ਕਾਸਦ ਪਹਾੜ ਤੁਸਾਂ ਪਾਸ ਘੱਲ ਰਹੀ ਹਾਂ! ਤੁਸੀਂ ਕਿਤੇ ਹੋਵੋ, ਹੁਣ ਜੀਉਂਦੇ ਦਿਸਦੇ ਹੋ। ਜੀਓ! ਜੁਗ ਜੁਗ ਜੀਓ! ਵੀਰਨ ਜੀਓ! ਭੈਣ ਨੂੰ ਵਧਾਈ ਦਿਓ! ਇਹ ਕਾਸਦ ਮੇਰਾ ਹੱਥੀਂ ਪਾਲਿਆ ਬੱਚਾ ਹੈ, ਇਹ ਮੇਰੀ ਮੁਰਾਦ ਪੂਰੀ ਕਰੇਗਾ, ਮੇਰਾ ਰੁੱਕਾ ਤੁਸਾਨੂੰ ਪੁਚਾਏਗਾ। ਲੋੜ ਕੋਈ ਨਹੀਂ, ਵੀਰਨ! ਪਰ ਤੁਸਾਨੂੰ ਖੀਵੇ ਹੋਇਆਂ ਨੂੰ ਵੇਖਣ ਦੀ ਸਿੱਕ ਸੀ, ਸੋ ਕੋਈ ਨਹੀਂ, ਅਗੇ ਚੱਲ ਵੇਖਾਂਗੇ। ਦੇਖ ਵੀਰਨ! ਮੇਰੇ ਮਿਟੀ ਦੇ ਨੈਣਾਂ ਨੇ ਕਲਗੀਆਂ ਵਾਲੇ ਦੇ ਸੁਹਣੇ ਸਰੀਰ ਦੇ ਦਰਸ਼ਨ ਬੀ ਨਹੀਂ ਜੇ ਪਾਏ, ਹਾਂ, ਪਰ ਉਹ ਜੋ ਤੁਹਾਡੇ ਪਾਸ ਬੈਠਿਆਂ ਇਲਾਹੀ ਦਰਸ਼ਨ ਹੋਏ ਸਨ, ਬੱਸ ਉਨ੍ਹਾਂ ਦਰ-ਸ਼ਨਾਂ ਦੀ ਮੋਹੀ ਮੈਂ ਫੇਰ ਨਹੀਂ ਜੇ ਮੋਈ। ਭੈਣ ਨੂੰ ਦਿਓ ਵਧਾਈ। ਵੀਰਨ ਜੀ! ਅੱਜ ਫਾਗ ਮਚਿਆ ਜੇ। ਸਢੌਰੇ, ਸਾਡੇ ਘਰ ਪਰ ਦਲ ਚੜ੍ਹ ਆਇਆ ਹੈ ਉਸਮਾਨ ਖਾਨ ਦਾ, ਵੈਰੀਆਂ ਦਾ ਦਲ ਕਾਹਨੂੰ ਆਖਾਂ, ਸਾਡਾ ਸੁਆਮੀ ਹੋਲਾ ਖੇਡਣ ਆਇਆ ਹੈ! ਸ਼ਾਹ ਸਾਹਿਬ ਤੇ ਛੋਟੇ ਸ਼ਹਜ਼ਾਦੇ ਜਤਨ ਵਿਚ ਹੈਨ।

(ਬਾਕੀ ਕੱਲ੍ਹ ਲਿਖਸਾਂ)

ਲਓ ਵੀਰਨ ਜੀ! ਅੱਜ ਕਾਰਜ ਰਾਸ। ਮੈਂ ਸੁਭਾਗ ਹੋ ਗਈ; ਦੋ ਲਾਲ ਤੇ ਇਕ ਵੀਰ ਅਗੇ[1] ਸ਼ਰਬਤ ਸ਼ਹੀਦੀ ਪੀ ਗਏ, ਅੱਜ ਸ਼ਾਹ ਸਾਹਿਬ ਤੇ ਇਕ ਲਾਲ ਅਰਸ਼ਾਂ ਨੂੰ ਜਾ ਚੜ੍ਹੇ ਦੀ ਖ਼ਬਰ ਮੈਂ ਪਾ ਲਈ[2]। ਇਕ ਪਤਾ ਨਹੀਂ ਕਿੱਥੇ ਹੈ ਤੇ ਕਿਵੇਂ ਹੈ। ਮੈਂ ਸੁਲੱਖੀ ਭਾਗ ਸੁਲੱਖੀ ਹੋ ਗਈ! ਕਿਉਂ ਨਾ ਹੋਈਏ? ਤੁਹਾਨੂੰ ਪਤਾ ਹੈ ਕਲਗੀਆਂ ਵਾਲੇ ਨੇ ਆਪਣੇ ਚਾਰੇ ਲਾਲ ਹੱਸ ਹੱਸਕੇ ਸ਼ਹੀਦੀ ਦੇ ਮੈਦਾਨ ਘੱਲੇ ਸੇ। ਪਰਵਾਰ, ਧਨਧਾਮ, ਰਾਜਧਾਨੀ ਸਭ ਸਾਡੇ ਤੋਂ ਸਦਕੇ ਕਰ ਦਿੱਤੀ। ਸ਼ੁਕਰ ਹੈ ਅਜ ਇਸ ਗਰੀਬਣੀ ਦੇ ਚਾਰੇ[3] ਲਾਡਲੇ, ਸਿਰ ਦੇ ਸਾਈਂ ਤੇ ਵੀਰਨ ਜੀਉ ਉਸ ਕਲਗੀਆਂ ਵਾਲੇ ਦੀ ਸੇਵਾ ਵਿਚ ਮੈਥੋਂ ਵਿਛੁੜ ਚੁਕੇ ਹਨ। ਬਾਗ, ਕਿਲ੍ਹਾ, ਹਵੇਲੀ ਲੁੱਟੇ ਗਏ ਹਨ, ਮੈਂ ਇਕ ਗਰੀਬ ਦੇ ਘਰ ਬੈਠੀ ਹਾਂ, ਮੇਰੀ ਸੂੰਹ ਹੋ ਰਹੀ ਹੈ, ਮੈਂ ਨਾ ਉਨ੍ਹਾਂ ਦੇ ਹੱਥਾਂ ਵਿਚ ਫਸਾਂਗੀ ਨਾ ਖੁਦਕੁਸ਼ੀ ਕਰਾਂਗੀ। ਜੇ ਬਚ ਰਹੀ ਤਾਂ ਤੁਸਾਂ ਪਾਸ ਆਸਾਂ, ਨਹੀਂ ਤਾਂ ਜੂਝਕੇ ਮਰਾਂਗੀ। ਕੌਣ ਹੈ ਜੋ ਕਲਗੀ-ਧਰ ਦੇ ਧੀਆਂ ਪੁੱਤ੍ਰਾਂ ਨੂੰ ਜਿੱਤ ਸਕਦਾ ਹੈ? ਅਸੀਂ ਅਜਿੱਤ ਸੂਰਮੇ ਹਾਂ। ਜਿਨ੍ਹਾਂ ਮੌਤ ਜਿੱਤ ਲਈ ਹੈ ਉਨ੍ਹਾਂ ਪਰ ਤ੍ਰਿਸ਼ਨਾਲੂ ਜੋਧੇ ਕੀ ਵਾਰ ਕਰ ਸਕਦੇ ਹਨ? ਲਓ ਵੀਰ ਜੀ! ਹੁਣ ਅਰਸ਼ਾਂ ਤੇ ਮਿਲਾਂਗੇ। ਵੈਰੀਆਂ ਨੂੰ ਮੇਰਾ ਪਤਾ ਲਗ ਗਿਆ ਹੈ। ਲੁਕਣਾ ਧਰਮ ਨਹੀਂ, ਗਰੀਬਾਂ ਦਾ ਇਹ ਘਰ ਲੁਟ ਜਾਏਗਾ, ਸੋ ਮੈਂ ਚੱਲੀ ਹਾਂ।

---

੧. ਭੰਗਾਣੀ ਦੇ ਜੁੱਧ ਵਿਚ। ੨. ਅਸਮਾਨ ਖਾਂ ਹਾਕਮ ਸਢੌਰਾ ਨੇ ਅਨੰਦਪੁਰ ਦੀ ਰਾਜਧਾਨੀ ਉਜੜੀ ਦੇਖਕੇ ਸਮਝਿਆ ਕਿ ਸਿਖ ਤਾਕਤ ਨਸ਼ਟ ਹੋ ਗਈ ਹੈ, ਸੋ ਉਸਨੇ ਦੀਨੀ ਤਅੱਸਬ ਵਿਚ ਬੁਧੂਸ਼ਾਹ ਨੂੰ ਗੁਰੂ ਜੀ ਨਾਲ ਸਬੰਧ ਹੋਣ ਕਰਕੇ ਕਤਲ ਕਰਵਾ ਦਿਤਾ ਸੀ।

੩. ਆਖਦੇ ਹਨ ਕਿ ਸਭ ਤੋਂ ਛੋਟਾ ਬੱਚਾ ਕਿਸੇ ਲੁਕਾਕੇ ਬਚਾ ਲਿਆ ਸੀ, ਜਿਸਦੀ ਵੰਸ਼ ਹੁਣ ਹੈ। ਬੰਦੇ ਬਹਾਦਰ ਨੇ ਸਢੌਰੇ ਪਹੁੰਚਕੇ ਅਸਮਾਨ ਖਾਂ ਨੂੰ ਇਸ ਪਾਪ ਬਦਲੇ ਫਾਂਸੀ ਦਿਵਾਯਾ ਸੀ। ਸੂ: ਪ੍ਰ: ਵਿਚ ਬੀ ਇਕ ਬੱਚੇ ਦਾ ਨਿਕਲਣਾ ਲਿਖਿਆ ਹੈ। {ਐ: ੨. ੬. ੨੨}

ਵੇਖ ਵੀਰਨ! ਭੈਣ ਦਾ ਲੱਕ ਕੱਸਿਆ ਹੈ, ਸਿਰ ਤੇ ਦੁਪੱਟਾ ਮੱਥੇ ਤੇ ਮਜ਼ਬੂਤ ਤਾਜ ਬਣ ਗਿਆ ਹੈ, ਭੈਣੀ ਪਾਸ ਢਾਲ ਵੀ ਹੈ, ਖੰਜਰ ਆਬਦਾਰ ਹੈ, ਹਥ ਅਸਫਹਾਨੀ ਤਲਵਾਰ ਹੈ, ਚਿਹਰਾ ਮੇਰਾ ਖੁਸ਼ ਹੈ, ਹਿੰਦੂ ਤ੍ਰੀਮਤ ਸਤੀ ਹੋਣ ਜਾਂਦੀ ਹੈ, ਮੈਂ ਸ਼ਹੀਦ ਹੋਣ ਚਲੀ ਹਾਂ। ਸ਼ਰਨ ਨਹੀਂ ਮੰਨਣੀ, ਕੈਦ ਨਹੀਂ ਪੈਣਾ, 'ਸ਼ਰਬਤੇ ਸ਼ਹੀਦੀ' ਪੀਣਾ ਹੈ। ਕਲਗੀਆਂ ਵਾਲੇ ਨੇ ਅੰਮ੍ਰਿਤ ਨਹੀਂ ਛਕਾਇਆ, ਮੈਂ ਇਹੋ ਅੰਮ੍ਰਿਤ ਪੀਆਂਗੀ ਤੇ ਸੁਰਖਰੂ ਜਾਵਾਂਗੀ। ਦੇਖ ਵੀਰਨ! ਉਹ ਰੋਂਦੂ ਭੈਣ ਕਲਗੀਆਂ ਵਾਲੇ ਦੇ ਨਾਜ਼ ਉੱਤੇ ਲਾਡ ਉੱਤੇ, ਫਖ਼ਰ ਉੱਤੇ ਐਉਂ ਚਲੀ ਜੇ, ਜੀਕੂੰ ਸ਼ਮਾਂ ਤੇ ਪਤੰਗਾ ਜਾਂਦਾ ਹੈ। ਮੌਤ ਨਾਲ ਲੜਨ ਚੱਲੀ ਹਾਂ, ਹਾਂ, ਮੌਤ ਨੂੰ ਮਾਰਨ ਚਲੀ ਹਾਂ। ਇਸ ਵੇਲੇ ਚੜ੍ਹਦੀਆਂ ਕਲਾਂ ਸਲਾਮਤ ਹਨ ਤੇ ਕਾਵਜ ਦੇ ਚੰਦ ਹਿਰਦੇ ਦੇ ਅਸਮਾਨ ਵਿਚ ਚਮਕ ਰਹੇ ਹਨ:-

ਚਲ ਵੇ ਦਿਲਾ ਕੱਰ ਸੁਹਣੇ ਦਾ ਲਾਹੀਏ,
ਸਿਰ ਦੇ ਸ਼ੁਕਰ ਮਨਾਈਏ।
ਸਿਰ ਦਾ ਭਾਰ ਗਰਦਨੋ ਉਤਰੇ,
ਪੰਡ ਫਿਕਰਾਂ ਦੀ ਲਾਹੀਏ।
ਭੌਰੇ ਵਾਂਗ ਸੁਤੰਤਰ ਹੋ ਕੇ,
ਕਮਲਾ ਪੁਰ ਨੂੰ ਜਾਈਏ।
ਪਾ ਗੁੰਜਾਰ ਦੁਆਲੇ ਕਮਲਾਂ
ਸਦਕੇ ਹੋ ਹੋ ਜਾਈਏ।

ਅਪਣੇ ਵੀਰਨ ਦੀ ਨਸੀਰਾਂ, ਮੌਤ ਪਰ ਫਾਤਿਹਾ ਨਸੀਰਾਂ, ਚੜ੍ਹਦੀਆਂ ਕਲਾਂ ਵਿਚ ਖੇਡਦੀ ਨਸੀਰਾਂ, ਸ਼ਮਸ਼ੇਰ ਆਬਦਾਰ ਵਾਲੀ ਨਸੀਰਾਂ!"

ਇਹ ਪੱਤਰ ਸੁਣਕੇ 'ਵਾਹ! ਕਲਗੀਧਰ' ਦੀ ਗੁੰਜਾਰ ਗੂੰਜ ਉੱਠੀ। ਹੇ ਮਰਦਾਂ ਦੇ ਮਰਦ! ਤੂੰ ਕੀਹ ਜਾਦੂ ਅਰਸ਼ ਤੋਂ ਲੈਕੇ ਆਇਆ ਕਿ ਮੁਰਦਿਆਂ ਵਿਚ ਰੂਹਾਂ ਫੂਕ ਦਿਤੀਆਂ? ਉਹ ਬੰਦੇ ਬਣਾਏ ਕਿ ਜਿਨ੍ਹਾਂ ਨੇ ਮੌਤ ਪਰ ਫਤਹ ਪਾਈ? ਉਹ ਤ੍ਰੀਮਤਾਂ ਬਣਾਈਆਂ ਕਿ 'ਮਰਦ' ਹੋ ਕੇ ਅਰਸ਼ਾਂ ਨੂੰ ਚੜ੍ਹੀਆਂ?

ਕਲਗੀਧਰ ਜੀ ਇਸ ਵੇਲੇ ਨੈਣ ਮੁੰਦੇ ਚੁੱਪ ਬੈਠੇ ਸਨ। ਫੇਰ ਕਮਲਾਂ ਤੋਂ ਸੁਹਣੇ ਨੈਣ ਖੁਲ੍ਹੇ, ਮੁਸਕ੍ਰਾਏ, ਸੈਦ ਖਾਂ ਵਲ ਤੱਕੇ 'ਮੁਬਾਰਕ'। ਫੇਰ ਕਾਸਦ ਵਲ ਤੱਕੇ, ਉਸ ਨੇ ਦੱਸਿਆ ਕਿ ਕਿਵੇਂ ਨਸੀਰਾਂ ਤਲਵਾਰ ਲੈਕੇ ਨਿਕਲੀ ਤੇ ਸਨਮੁਖ ਹੋਕੇ ਜੂਝੀ ਤੇ ਕਿਵੇਂ ਟੁਕੜੇ ਟੁਕੜੇ ਹੋਕੇ ਸ਼ਹੀਦ ਹੋਈ। ਧੰਨ ਧੰਨ ਕਹਿੰਦੇ ਸਤਿਗੁਰ ਜੀ ਨੇ ਫੇਰ ਹੁਕਮ ਦਿੱਤਾ ਕਿ "ਕੜਾਹ ਪ੍ਰਸ਼ਾਦਿ ਹੋਰ ਆਵੇ, ਬੁੱਧੂ ਸ਼ਾਹ ਦੇ ਪਰਿਵਾਰ ਤੇ ਉਸ ਦੀ ਪਿਆਰੀ, ਜੀ ਉੱਠੀ 'ਨਸੀਰ ਬੇਗਮ' ਦਾ ਅਰਦਾਸਾ ਸੁਧੇ।" ਕੜਾਹ ਪ੍ਰਸ਼ਾਦਿ ਆਇਆ। ਜਗਤ ਦੇ ਵਾਲੀ ਦੇ ਹਜ਼ੂਰ ਅਰਦਾਸਾ ਸੋਧਿਆ ਗਿਆ। ਆਪ ਨੇ ਆਸੀਸ ਦਿੱਤੀ:-

"ਨਿਹਾਲ! ਸੱਚ ਖੰਡ ਨਿਵਾਸ॥"

ਕੁਛ ਦਿਨ ਰਹਿਕੇ ਸੈਦ ਖਾਨ ਜੀ ਨੂੰ ਫੇਰ ਆਗਾਜ਼ਾ ਪਹਾੜੀਂ ਜਾ ਕੇ ਹੀ ਬੰਦਰੀ ਕਰਨੇ ਦੀ ਹੋਈ। ਆਪ ਸਾਹਿਬ ਕੁਛ ਸਮੇਂ ਬਾਦ ਦੱਖਣ ਨੂੰ ਟੁਰ ਪਏ।

ਸੂਚਨਾ-ਪਿਛੇ ਸਫਾ ੩੨੮-੨੯ ਤੇ ਦੋ ਸੂਚਨਾ ਵਿਚ ਦੱਸ ਆਏ ਹਾਂ ਕਿ ਗੁਰੂ ਜੀ ਦਮਦਮੇ ਤੋਂ ਦੱਖਣ ਨੂੰ ਗਏ ਤੇ ਬਘੌਰ ਤੋਂ ਫੇਰ ਵਾਪਸ ਦਿਲੀ ਤੇ ਆਗਰੇ ਆਏ। ਇਥੋਂ ਫੇਰ ਦੱਖਣ ਨੂੰ ਟੁਰੇ ਤੇ ਬੁਰਹਾਨ ਪੁਰ ਪਹੁੰਚੇ। ਬੁਰਹਾਨ ਪੁਰ ਤੋਂ ਤੁਰਕੇ ਅਨੇਕ ਥਾਈਂ ਟਿਕਦੇ ਚਲਦੇ ਗੁਰੂ ਜੀ ਗੁਦਾਵਰੀ ਕਿਨਾਰੇ ਨਾਦੇੜ ਸ਼ਹਿਰ ਪਹੁੰਚੇ। ਇਹ ਥਾਂ ਬਹੁਤ ਪਸੰਦ ਆਇਆ। ਜੋ ਥਾਂ ਪਸੰਦ ਆਈ ਸੋ ਖਰੀਦ ਲਈ ਤੇ ਓਥੇ ਡੇਰਾ ਲਾ ਦਿਤਾ। ਨੇੜੇ ਤੇੜੇ ਦੇ ਸਿਖ ਲੁਬਾਣੇ ਆਦਿ ਸੁਣ ਸੁਣਕੇ ਦਰਸ਼ਨਾਂ ਨੂੰ ਆਉਣ ਲਗ ਪਏ ਤੇ ਰੌਣਕਾਂ ਲਗ ਪਈਆਂ। ਏਥੇ ਹੀ ਮਾਧੋਦਾਸ ਨੂੰ ਅਪਣਾ ਬੰਦਾ ਤੇ ਬੰਦਾ ਸਿੰਘ ਬਣਾਕੇ ਗੁਰੂ ਜੀ ਨੇ ਪੰਜਾਬ ਨੂੰ ਟੋਰਿਆ।

ਗੀਤ

(ਕਲਗੀਆਂ ਵਾਲੇ ਜੀ ਦੇ ਚਰਨਾਂ ਵਿਚ ਸਾਡੀ ਅਰਜੋਈ)

ਸੁਹਣਿਆਂ ਦੇ ਸੁਲਤਾਨ ਸ਼ਾਹ ਜੀ ਦਰਸ਼ਨ ਅਸਾਂ ਦਿਖਾਓ ਜੀ।
ਇਕ ਝਲਕਾ ਦੇ ਪਾਤਸ਼ਾਹ ਜੀ ਘਾਇਲ ਅਸਾਂ ਕਰਾਓ ਜੀ।
ਬੁੱਧੂ ਸ਼ਾਹ ਨਸੀਰਾਂ ਵਿੰਨ੍ਹੇ ਸਾਨੂੰ ਵਿੰਨ੍ਹ ਵਿਖਾਓ ਜੀ।
'ਹੁਸਨ ਵਜੂਦ' ਪਿਆਰੇ ਪ੍ਰੀਤਮ! ਪਿੰਜਰੇ ਅਪਣੇ ਪਾਓ ਜੀ!
ਸਿੱਕ ਸਿਕੇਂਦਿਆਂ ਦਰ ਢਠਿਆਂ ਨੂੰ ਚਾ ਅਪਣੇ ਲੜ ਲਾਓ ਜੀ।
ਤੂੰ ਹੈਂ ਸ਼ਮਅ ਸੱਚ ਦੀ ਸੁਹਣੇਂ! ਤੜਪ ਆਪਣੀ ਪਾਓ ਜੀ।
ਪਰਵਾਨਾ ਕਰ ਲਓ ਆਪਣਾ ਬਿਸਮਿਲ ਅਸਾਂ ਬਨਾਓ ਜੀ।
ਹੋ ਸ਼ੈਦਾਂ, ਤੈਂ ਦੁਆਲੇ ਘੁੰਮੀਏ, ਸਾਨੂੰ ਘੋਲ ਘੁਮਾਓ ਜੀ।
ਕਰ ਨੌਛਾਵਰ ਨਾਮ ਆਪ ਤੋਂ ਅਪਣੇ ਅਸਾਂ ਬਨਾਓ ਜੀ।
ਹੇ ਵਰਿਯਾਮ ਕਲਗੀਆਂ ਵਾਲੇ! ਝਾਕਾ ਇੱਕ ਦਿਖਾਓ ਜੀ।
'ਹੁਸਨ ਵਜੂਦ' ਗਮਜ਼ਿਆਂ ਵਾਲੇ, ਕ੍ਰਿਪਾ ਕਟਾਖਜ ਚਲਾਓ ਜੀ।
ਕਰ ਅਪਣਾ, ਅਪਣੇ ਨੂੰ ਅਪਣਾ, ਅਪਨਾਓ ਅਪਨਾਓ ਜੀ!
ਆਓ ਅਜ ਸਰਦਾਰ ਜਗਤ ਦੇ, ਅਜ ਆਓ ਅਜ ਆਓ ਜੀ!

੯੪. ਬੰਦਾ ਮਿਲਾਪ ਤੇ ਵਿਦੈਗੀ*।

੧. {ਸਿੱਖ ਆਦਰਸ਼}।

ਦੱਖਣੀ ਹਿੰਦ ਦੀ ਰੀਗਾ, ਜਿਸਦਾ ਨਾਮ ਗੁਦਾ-ਵਰੀ ਹੈ, ਸਹਿਜੇ ਸਹਿਜੇ ਵਗ ਰਹੀ ਹੈ, ਅਪਣੇ ਸੁੰਮ 'ਨਾਸਕ' ਪਾਸੋਂ ਨਿਕਲਕੇ ਪੁਰੇ ਨੂੰ ਵਗਦੀ ਇਕ ਚੱਕਰ ਜਿਹਾ ਖਾਂਦੀ ਹੈ, ਜਿੱਥੇ ਕ੍ਰ ਪੁਰਾਤਨ ਸਮੇਂ ਕਦੇ 'ਨੌਨੰਦ ਡੇਰਾ' ਨਾਮੇ ਨਗਰੀ ਵੱਸਦੀ ਸੀ। ਇਸ ਇਲਾਕੇ ਇਕ ਰਮਣੀਕ ਥਾਵੇਂ ਨਦੀ ਦੇ ਕੰਢੇ ਇਕ ਬੈਰਾਗੀ ਸਾਧੂ ਦਾ ਆਸ਼੍ਰਮ ਸੀ। ਚਾਰ ਚੁਫੇਰੇ ਵਾੜਾ ਵਲਿਆ ਸੀ ਤੇ ਅੰਦਰ ਸੁੰਦਰ ਬਗੀਚਾ ਸੀ। ਫਲਦਾਰ ਤੇ ਫੁਲਦਾਰ ਬੂਟੇ ਤੇ ਵੇਲਾਂ ਲਹਿ ਲਹਿ ਕਰ ਰਹੇ ਸੇ। ਇਕ ਪਾਸੇ ਇਕ ਖੁੱਲ੍ਹਾ ਮੈਦਾਨ ਸੀ, ਵਿਚ ਇਕ ਕੁਟੀਆ ਸੀ। ਇਸਦੇ ਅੰਦਰ ਇਕ ਬੜਾ ਵੱਡਾ ਪਲੰਘ ਦੰਦ ਖੰਦ ਦੇ ਪਾਵਿਆਂ ਵਾਲਾ ਪੜ੍ਹਾਵਿਆਂ ਤੇ ਬੀੜਿਆ ਡੱਠਾ ਰਹਿੰਦਾ ਸੀ, ਜਿਸ ਪਰ ਸੁੰਦਰ ਸੇਜਾ ਵਿਛੀ ਰਹਿੰਦੀ ਸੀ। ਆਸ਼੍ਰਮ ਵਿਚ ਬੱਕਰੀਆਂ ਰੱਖੀਆਂ ਹੋਈਆਂ ਸਨ ਜੋ ਸਾਧੂਆਂ ਨੂੰ ਦੁਧ ਦਾ ਸੁਖ ਦੇਂਦੀਆਂ ਸਨ। ਕਈ ਇਕ ਜਗਿਆਸੂ ਬੀ ਸਿੱਖਿਆ ਪਾਉਣ ਵਾਲੇ ਇਸ ਉਪਬਨ ਵਿਚ ਆਪੋ ਆਪਣੀਆਂ ਤ੍ਰਿਣ ਕੁਟੀਆਂ ਪਾਕੇ ਰਹਿੰਦੇ ਸੇ। ਏਹ ਕੁਛ ਵਿੱਦਜਾ ਪੜ੍ਹਦੇ ਸੇ, ਪਰ ਵਿਸ਼ੇਸ਼ ਜੋਗ ਮਾਰਗ ਦੀ ਤੰਤ੍ਰ ਵਿੱਦਜਾ ਦੇ ਅਭਿਆਸ ਸਿਖਦੇ ਸੇ।

ਬਗੀਚੇ ਅੰਦਰ ਕਦਮ ਰੱਖਣ ਲਗਿਆਂ ਤਾਂ ਇਹ ਡੇਰਾ ਸ਼ੈਵ ਜਾਪਦਾ ਸੀ। ਦਰਵਾਜ਼ੇ ਦੇ ਬਾਹਰ ਵਾਰ ਤ੍ਰਿਸ਼ੂਲ ਗੱਡੀ ਸੀ ਅਤੇ ਸਿਰੇ ਤੇ ਇਕ ਖੋਪਰੀ ਜਿਹੀ ਲਟਕਦੀ ਦਿਸਦੀ ਸੀ। ਅੰਦਰ ਜਾਓ ਤਾਂ ਇਕ ਥੜੇ ਪਰ ਕੁਛ ਸੰਖ ਚਕ੍ਰਾਕਾਰ ਬੀੜ ਰੱਖੇ ਸੇ। ਕੁਛ ਅਗੇ ਜਾਕੇ ਪਥਰ ਦੀ ਗਊ ਦੀ ਮੂਰਤੀ ਧਰੀ ਸੀ। ਇਕ ਥਾਵੇਂ ਦੇਵੀ ਸ਼ਿਲਾ ਦੀ ਬਣੀ ਪਈ ਸੀ। ਇਕ ਗੁੰਬਜ਼ਦਾਰ ਚਬੂਤਰਾ ਸੀ, ਏਥੇ ਕ੍ਰਿਸ਼ਨ ਮੂਰਤੀ ਸੀ, ਪਰ ਐਨ ਕੁਟੀਆ ਦੇ ਅਗੇ ਰਾਮ ਤੀਰ ਚਲਾ ਰਹੇ ਦਾ ਚਿੰਨ੍ਹ ਮਾਤ੍ਰ ਦਿਸਦਾ ਸੀ। ਕੁਟੀ ਦੇ ਉਤੇ ਸੰਖ, ਤੀਰ, ਰੁਦਰਾਖ ਦੀਆਂ ਮਾਲਾਂ, ਬਿੱਲਾਂ ਦੇ ਪ੍ਰੋਤੇ ਹਾਰ, ਤੁਲਸੀ ਦੀ ਮਾਲਾ ਤੇ ਤਾਜ਼ੇ ਫੁੱਲਾਂ ਦੇ ਸਿਹਰੇ ਲਟਕ ਰਹੇ ਸੇ। ਇਕ ਗਨੇਸ਼ ਤੇ ਇਕ ਸ਼ੇਰ ਦਾ ਆਕਾਰ ਕੰਧ ਉਤੇ ਸੰਧੂਰ ਨਾਲ ਵਾਹਿਆ ਸੀ, ਮਾਨੋਂ ਸਹਿਮ ਤੇ

*ਇਹ ਪ੍ਰਸੰਗ ੨੨ ਪੋਹ ਸੰ: ਗੁ: ਨਾ: ਸਾ: ੪੫੩ (੫ ਜਨਵਰੀ ੧੯੨੨) ਗੁਰਪੁਰਬ ਸਪਤਮੀ ਸਮੇਂ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਟਿਕਾਉ ਦੇ ਮਿਸ਼੍ਰਤ ਸਾਮਾਨ ਰਚ ਰਖੇ ਸੇ। ਕੁਟੀ ਤੇ ਬਗ਼ੀਚਾ ਸੁਹਣੇ ਸੇ, ਪਰ ਅੰਦਰ ਗਿਆਂ ਸੁਰਤ ਉਤੇ ਖੇੜੇ ਦਾ ਅਮਰ ਨਹੀਂ ਸੀ ਪੈਂਦਾ। ਆਸ਼੍ਰਮ ਇਹ ਬੈਰਾਗੀਆਂ ਦਾ ਸੀ, ਪਰ ਚਿੰਨ੍ਹ ਸਾਰੇ ਖਿਚੜੀ ਵਾਂਗੂ ਰਲੇ ਮਿਲੇ ਸੇ।

ਦਿਨ ਚੜ੍ਹ ਆਇਆ, ਦੁਪਹਿਰਾਂ ਹੋ ਗਈਆਂ। ਸਾਵਣ ਭਾਦ੍ਰੋਂ ਦੀ ਰੁਤ ਹੈ, ਧੁੱਪ ਡਾਢੀ ਚੁਭ ਰਹੀ ਹੈ। ਆਸ਼੍ਰਮ ਦੇ ਸਾਧੂ ਭੋਜਨ ਤਿਆਰ ਕਰ ਚੁਕੇ ਸਨ, ਸ੍ਵਾਮੀ ਜੀ ਦੀ ਉਡੀਕ ਵਿਚ ਸਨ ਕਿ ਔਣ ਤਾਂ ਭੋਜਨ ਪਾਉਣ ਪਰ ਉਹ ਅਜ ਸਵੇਰ ਦੇ ਗਏ ਮੁੜੇ ਨਹੀਂ। ਭੁਖੇ ਸਾਧ ਹਾਹਾਂ ਤੱਕ ਰਹੇ ਹਨ। ਇੰਨੇ ਨੂੰ ਕੁਛ ਧੂੜ ਉਡੀ, ਕੋਈ ਦੂਰੋਂ ਆਸ਼੍ਰਮ ਵੱਲ ਆਉਂਦੇ ਦਿੱਸੇ। ਟਾਪਾਂ ਦੀ ਅਵਾਜ਼ ਆਈ, ਪਲੋ ਪਲੀ ਵਿਚ ਇਕ ਮਹਾਂ ਤੇਜੱਸ੍ਵੀ, ਮਹਾਂ ਬਲੀ ਪ੍ਰਤਾਪ ਸ਼ੀਲ ਮਹਾਂ ਪੁਰਸ਼ ਘੋੜੇ ਤੇ ਚੜ੍ਹੇ ਆ ਗਏ, ਦਸ ਪੰਜ ਜੋਧੇ ਨਾਲ ਘੋੜਿਆਂ ਤੇ ਸਵਾਰ ਸਨ, ਏਕਾ ਏਕੀ ਆਸ਼੍ਰਮ ਦੇ ਅੰਦਰ ਆ ਗਏ। ਸਾਧੂ ਸਹਿਮ ਗਏ, ਕੁਛ ਅਸਚਰਜ ਹੋ ਗਏ, ਪਰ ਕੁਛ ਧੂਹ ਬੀ ਪਈ, ਬੇਵਸੇ ਸਿਰ ਝੁਕ ਗਏ ਤੇ ਅਦਬ ਨਾਲ ਖੜੇ ਹੋ ਗਏ।

ਮਹਾਂ ਬਲੀ-ਸਾਧੂ ਜਨੋਂ! ਤੁਮਾਰਾ ਆਚਾਰਯ ਕਹਾਂ ਹੈ?

ਸਾਧੂ-ਜੀ ਕਹੀਂ ਬਨ ਮੇਂ ਸਮਾਧੀ ਲਗਾਏ ਬੈਠੇ ਹੋਂਗੇ।

ਮਹਾਂ ਬਲੀ-ਹਮ ਆਪ ਕੇ ਆਸ਼੍ਰਮ ਆਏ ਹੈਂ, ਖੁੱਧਜਾ ਲਗ ਰਹੀ ਹੈ, ਭੋਜਨ ਛਕਾਓ।

ਸਾਧੂ-ਜੀ ਭੋਜਨ ਤੋ ਤਿਆਰ ਹੈ, ਪਰੰਚ ਸ੍ਵਾਮੀ ਜੀ ਨਹੀਂ ਆਏ, ਆਪ ਅਚੋਂ ਤੋ ਪਾਛਲ ਕਿਸੂ ਕੋ ਮਿਲੇ।

ਮਹਾਂ ਬਲੀ-ਸ੍ਵਾਮੀ ਜੀ ਕੇ ਮਿਲਨੇ ਆਇਓਂ ਕੋ ਤੋ ਖਿਲਾ ਦੋ।

ਸਾਧੂ-ਐਸਾ ਹੋਣਾ ਹਮਾਰੇ ਅਧੀਨ ਨਹੀਂ।

ਮਹਾਂ ਬਲੀ (ਆਪਣੇ ਜੋਧਿਆਂ ਨੂੰ)-ਰਾਮ ਸਿੰਘ! ਪ੍ਰਸ਼ਾਦ ਤਿਆਰ ਕਰੋ।

ਮਹਾਂ ਬਲੀ ਅਗੇ ਵਧੇ, ਘੋੜੇ ਤੋਂ ਉਤਰੇ, ਇਕ ਨਾਲ ਵਾਲੇ ਪ੍ਰੇਮੀ ਨੇ ਘੋੜਾ ਰੁੱਖ ਨਾਲ ਬੱਧਾ, ਆਪ ਕੁਟੀ ਦੇ ਅੰਦਰ ਲੰਘ ਗਏ ਤੇ ਪਲੰਘ ਉਤੇ ਜਾਕੇ ਬੈਠ ਗਏ। ਬਾਕੀ ਦੇ ਸਾਥੀ ਬਗ਼ੀਚੇ ਵਿਚ ਫਿਰ ਨਿਕਲੇ, ਦੋਹੁੰ ਕੁ ਨੇ ਫਲ ਲੱਭ ਲਿਆਂਦੇ। ਦੋ ਸਿੰਘਾਂ ਨੇ ਬਕਰੀਆਂ ਵਿਚੋਂ ਲੱਭਕੇ ਇਕ ਬੱਕਰੇ ਦਾ ਸ਼ਿਕਾਰ ਕੀਤਾ ਤੇ ਦੇਖਦੇ ਹੀ ਦੇਖਦੇ ਪ੍ਰਸ਼ਾਦ ਤਿਆਰ ਕਰ ਲਿਆ। ਅੰਦਰ ਖਬਰ ਦਿਤੀ, ਇਕ ਸੁਹਣਾ ਥਾਂ ਸਾਫ ਕੀਤਾ ਗਿਆ ਤੇ ਓਥੇ ਮਹਾਂਬਲੀ ਜੀ ਆ ਬੈਠੇ। ਨਾਲ ਸਾਥੀਆਂ ਨੂੰ ਬਿਠਾ ਲਿਆ ਤੇ ਸਾਰਿਆਂ ਨੇ ਪ੍ਰਸ਼ਾਦ ਛਕ ਲਿਆ! ਪ੍ਰਸ਼ਾਦੇ ਛਕਕੇ ਆਪ ਤਾਂ ਪਲੰਘ ਤੇ ਬਿਰਾਜ ਗਏ, ਦੋ ਕੁ ਜਣੇ ਆਪ ਦੇ ਚਰਨ ਚਾਪਨ ਲੱਗੇ। ਕੁਛ ਨੇ ਘੋੜਿਆਂ ਨੂੰ ਪੱਠੇ ਪਾਏ ਤੇ ਹੋਰ ਕੰਮੀ ਲਗ ਗਏ।

ਆਸ਼੍ਰਮ ਦੇ ਸਾਧੂ ਵੇਖ ਵੇਖਕੇ ਅਸਚਰਜ ਹੋ ਰਹੇ ਸੇ, ਬੈਰਾਗੀ ਦਾ ਆਸ਼੍ਰਮ, ਮਹਾਂ ਵੈਸ਼ਨਵ ਅਸਥਾਨ! ਇੱਥੇ ਮਾਸ ਰਿਧਾ ਤੇ ਖਾਧਾ ਗਿਆ! ਪਰ ਡਰੇ ਹੋਏ ਇੰਨੇ ਸਨ ਕਿ ਬੋਲੇ ਕੁਝ ਨਾ। ਫਿਰ ਆਪਣੇ ਸੁਆਮੀ ਦੇ ਪਲੰਘ ਉੱਤੇ ਦੂਏ ਦਾ ਬਿਸਰਾਮ, ਇਹ ਬੀ ਗੱਲ ਭਾਈ ਜਾਣ ਵਾਲੀ ਨਹੀਂ ਸੀ, ਕੁਝ ਚਿਰ ਕਿਚਕਚਾ ਕੇ ਦੋ ਜਣੇ ਚਲੇ ਗਏ ਤੇ ਜਾ ਆਪਣੇ ਸੁਆਮੀ ਮਾਧੋ ਦਾਸ ਨੂੰ ਬਨ ਵਿਚ ਲੱਭਾ ਤੇ ਸਾਰੀ ਵਿਥਿਆ ਦੱਸੀ। ਉਹ ਸੁਣਕੇ ਨੀਲਾ ਪੀਲਾ ਹੋਣ ਲਗਾ। "ਅੱਛਾ ਦਿਖਾਵੇਂ ਬੱਕਰਾ ਮਾਰਨੇ ਕਾ ਸੁਆਦ"! ਇਹ ਕਹਿਕੇ ਖੜਾ ਹੋ ਗਿਆ, ਸਿਰ ਅਸਮਾਨ ਵੱਲ ਚੱਕਿਆ ਗਿਆ ਤੇ ਅੱਖਾਂ ਤ੍ਰਾਟਕ ਬੰਨ੍ਹ ਖਲੋਤੀਆਂ, ਕੁਛ ਅਵਾਜ਼ ਬੀ ਆਵੇ, ਪਰ ਸਮਝੀਵੇ ਕੁਝ ਨਾ।

ਉਧਰ ਮਹਾਂ ਬਲੀ ਜੀ ਦੇ ਪੈਰ ਦੱਬਣ ਵਾਲੇ ਪ੍ਰੇਮੀ ਇਕ ਨੇ ਕਿਹਾ 'ਪਾਤਸ਼ਾਹ! ਭੁਚਾਲ ਤਾਂ ਨਹੀਂ ਆਇਆ, ਪਲੇ ਪਲੇ ਪਲੰਘ ਕੁਛ ਹਿਲਦਾ ਜਾਪਦਾ ਹੈ?'

ਮਹਾਂ ਬਲੀ-ਭੁਚਾਲ ਨਹੀਂ, ਸਾਧੂ ਜੀ ਪਲੰਘ ਉਲਟਾਉਣ ਦਾ ਜ਼ੋਰ ਲਾ ਰਹੇ ਹਨ।

ਪ੍ਰੇਮੀ-ਕਿਵੇਂ?

ਮਹਾਂ ਬਲੀ-ਉਹ ਮਨ ਦੀ ਇਕਾਗ੍ਰਤਾ ਦਾ ਅਭਿਆਸੀ ਹੈ। ਇਕਾਗ੍ਰ ਮਨ ਜੋ ਵਾਹਿਗੁਰੂ ਵਿਚ ਨਾ ਜੁੜੇ ਤੇ ਪਦਾਰਥਾਂ ਪਰ ਜੁੜੇ ਤਾਂ ਇਕ ਖਾਸ ਹੱਦ ਤੱਕ ਵਾਸ਼ਨਾਂ ਤ੍ਰਿਸ਼ਨਾ ਦੀ ਪੂਰਨਤਾ ਹੁੰਦੀ ਹੈ। ਸੋ ਉਹ ਇਕਾਗ੍ਰ ਚਿੱਤ ਹੋਕੇ ਪਹਿਲਾਂ ਇਹ ਜ਼ੋਰ ਪਲੰਘ ਦੇ ਉਲਟਾਉਣ ਦਾ ਲਾਉਂਦਾ ਰਿਹਾ ਹੈ,

ਹੁਣ ਉਹ ਕੁਝ ਕਰ ਰਿਹਾ ਹੈ, ਜਿਸਨੂੰ ਜਾਦੂਗਰੀ ਦੇ ਨਾਮ ਨਾਲ ਲੋਕੀਂ ਯਾਦ ਕਰਦੇ ਹਨ। ਦੁਨੀਆਂ ਵਿਚ ਚੰਗੀਆਂ ਮੰਦੀਆਂ ਅਨੰਤ ਸ਼ਕਤੀਆਂ ਤੇ ਵਜ਼ਕਤੀਆਂ ਦ੍ਰਿਸ਼ ਅਦ੍ਰਿਸ਼ ਹਨ, ਉਹ ਹੁਣ ਆਪਣੀਆਂ ਸਾਧੀਆਂ ਬਲਵਾਨ ਤਾਕਤਾਂ ਨੂੰ ਇਸ ਪਾਸੇ ਲਾ ਰਿਹਾ ਹੈ।

ਇੰਨੇ ਨੂੰ ਪਲੰਘ ਨੂੰ ਫੇਰ ਹਲੂਣਾ ਆਇਆ, ਪ੍ਰੇਮੀ ਫੇਰ ਬੋਲੇ: 'ਜੀ ਇਹ ਫੇਰ ਹਿੱਲਿਆ ਜੇ?'

ਮਹਾਂ ਬਲੀ ਜੀ-ਫਿਕਰ ਨਾ ਕਰੋ; ਪਲੰਘ ਡਿਗਦਾ ਨਹੀਂ, ਪਰਮੇਸ਼ੁਰ ਪਰ ਭਰੋਸੇ ਵਾਲੇ ਤੇ ਨਾਮਰਸੀਆਂ ਨੂੰ ਆਪਣੇ ਅੰਦਰ ਆਪਣੇ ਧਿਆਨ ਵਿਚ ਟਿਕ ਕੇ ਅਡੋਲ ਬੈਠ ਜਾਣਾ ਚਾਹੀਏ, ਉਸ ਪਰ ਕੋਈ ਵਾਰ ਨਹੀਂ ਚਲ ਸਕਦਾ, ਉਸਦਾ ਅਡੋਲ ਤੇ ਅਹਿੱਲ ਟਿਕਾਉ ਹੀ ਬੱਸ ਹੈ।

ਪ੍ਰੇਮੀ-ਫੇਰ ਜੀ ਹੁਣ ਕੀ ਹੋਵੇਗਾ? ਪਲੰਘ ਫੇਰ ਹਿਲਦਾ ਹੈ।

ਮਹਾਂ ਬਲੀ ਨੇ ਇਕ ਤੀਰ ਉਠਾ ਕੇ ਪਲੰਘ ਤੇ ਰੱਖ ਕੇ ਜ਼ਰਾ ਦਬਾ ਦਿੱਤਾ, ਤੇ ਕਿਹਾ:-ਹੁਣ ਹਿੱਲੇਗਾ ਬੀ ਨਹੀਂ, ਹਿਲਾਉਣ ਵਾਲਾ ਜ਼ੋਰ ਲਾ ਲਾਕੇ ਆਪ ਹੁੱਟ ਜਾਏਗਾ। ਉਸ ਦੇ ਬਲ ਦਾ ਅਕਾਰਥ ਲੱਗਣਾ ਤੇ ਕਾਮਯਾਬੀ ਨਾ ਹੋਣੀ ਆਪੇ ਹੀ ਉਸਦੇ ਲਈ ਕਮਜ਼ੋਰੀ ਤੇ ਮਨ ਦੀ ਹਾਣਤ ਪੈਦਾ ਕਰੇਗਾ! ਮਾੜੇ ਕੰਮ ਅੰਤ ਕਰਨ ਹਾਰ ਨੂੰ ਹੀ ਥਕਾ ਦੇਂਦੇ ਹਨ।

ਹੁਣ ਆਪ ਬਿਰਾਜੇ ਰਹੇ, ਫੇਰ ਪਲੰਘ ਨਹੀਂ ਹਿੱਲਿਆ। ਕੁਝ ਸਮਾਂ ਬੀਤਿਆ ਤਾਂ ਬਾਹਰੋਂ ਕੁਝ ਰੌਲਾ ਸੁਣਾਈ ਦਿੱਤਾ। ਸਾਧੂ ਜੀ ਆ ਗਏ ਸੇ ਤੇ ਆਸ਼੍ਰਮ ਦੇ ਬੰਦੇ ਫਰਜਾਦਾਂ ਕਰ ਰਹੇ ਸੇ, ਤੇ ਉਹ ਕਹਿ ਰਿਹਾ ਸੀ "ਅੱਗੇ ਤਾਂ ਕੋਈ ਨਹੀਂ ਮੀ ਕਦੇ ਟਿਕਿਆ ਜੋ ਆਇਆ ਮੂੰਹ ਦੀ ਖਾਕੇ ਗਿਆ ਹੈ, ਇਹ ਰਤਾ ਕੋਈ ਤਕੜਾ ਹੈ, ਪਰ ਹੱਛਾ ਹੁਣੇ ਲੈਂਦੇ ਹਾਂ।" ਇਹ ਕਹਿਕੇ ਅੱਗੇ ਵਧਿਆ, ਕੁਟੀ ਦੇ ਨੇੜੇ ਜਾਕੇ ਬਾਹਰ ਠਠੰਬਰ ਗਿਆ। ਕੀ ਵੇਖਦਾ ਹੈ ਕਿ ਪਲੰਘ ਦੇ ਸਿਰ੍ਹਾਂਦੀ ਤੇ ਪੁਆਂਦੀ ਇਕ ਇਕ ਜਥ੍ਹੇ ਵਾਲਾ ਆਦਮੀ ਭੁੰਜੇ ਬੈਠਾ ਹੈ, ਮੂੰਹ ਕੁਟੀ ਦੇ ਬਾਹਰ ਪਾਸੇ ਦੇ ਰੁਖਵੰਨੇ ਹਨ ਤੇ ਚੌਕੜੇ ਮਾਰੇ ਅਡੋਲ ਬੈਠੇ ਹਨ। ਪਲੰਘ ਦੇ ਉਤੇ ਵਿਚਕਾਹੇ ਇਕ ਮਹਾਨ ਤੇਜੱਸ੍ਵੀ ਜੀ ਬੈਠੇ ਹਨ, ਨੈਣ ਬੰਦ ਹਨ, ਦੋਇ ਹੱਥ ਪੱਟਾਂ ਤੇ ਧਰੇ ਹਨ, ਸਰੀਰ ਕੱਸਿਆ ਹੋਇਆ ਤੇ ਅਡੋਲ ਹੈ, ਮੱਥੇ ਤੇ ਜਗਮਗਾਹਟ ਹੈ, ਕੋਈ ਵੱਟ ਨਹੀਂ ਪਿਆ ਹੋਇਆ, ਮਾਨੋਂ-ਨੈਣ ਤੇ ਬੁੱਲ੍ਹ ਮਿਟੇ ਹੋਏ, ਪਰ-ਇੱਕ ਖੇੜੇ ਦਾ ਰੰਗ ਜਮ ਰਿਹਾ ਹੈ। ਸਾਧੂ ਹੁਣ ਉੱਥੇ ਹੀ ਖੜਾ ਹੋ ਗਿਆ, ਨੈਣਾਂ ਨੂੰ ਪਲੰਘ ਤੇ ਬੈਠੀ ਸੂਰਤ ਤੇ ਗੱਡ ਦਿੱਤਾ, ਦੰਦਾਂ ਨਾਲ ਦੰਦ ਜੁੜ ਗਏ, ਜੀਭ ਦਾ ਸਿਰਾ ਵਿਚ ਆ ਟਿਕਿਆ, ਗਿੱਚੀ ਆਕੜ ਗਈ, ਨੈਣ ਹਿੱਲਣਾ ਭੁੱਲ ਗਏ, ਇਨ੍ਹਾਂ ਵਿਚ ਇਕ ਲਾਲੀ ਤੇ ਕਹਿਰ ਦਾ ਰੰਗ ਫਿਰ ਗਿਆ, ਭਵਾਂ ਕਮਾਨ ਚੜ੍ਹ ਗਈਆਂ, ਭਵਾਂ ਦੇ ਵਿਚਕਾਰ ਵੱਟ ਫਿਰ ਗਿਆ। ਇਹ ਮੂਰਤੀ ਬਣਕੇ ਸਾਧੂ ਦੇਰ ਤਕ ਖੜਾ ਰਿਹਾ, ਜਗਿਆਸੂ ਬੀ ਸਾਰੇ ਮਗਰ ਸਫ ਬੰਨ੍ਹ ਖਲੋਤੇ, ਜਿਵੇਂ ਸੁਆਮੀ ਸੀ ਤਿਵੇਂ ਉਹ ਭੀ ਨਜ਼ਰਾਂ ਬੰਨ੍ਹ ਖਲੋਤੇ। ਮਹਾਂ ਬਲੀ ਜੀ ਦੇ ਬਾਕੀ ਸਾਥੀ ਹੁਣ ਵਿਹਲੇ ਹੋਕੇ ਜੋ ਆਏ ਤਾਂ ਇਹ ਕੌਤਕ ਤੱਕ ਕੇ ਖੜੇ ਹੋ ਗਏ, ਉਹ ਘਬਰਾਏ ਨਹੀਂ, ਹੱਸਕੇ ਤਮਾਸ਼ਾ ਦੇਖਣ ਖੜੋ ਗਏ। ਓਹ ਜਾਣਦੇ ਸੀ ਕਿ ਮਹਾਂ ਬਲੀ ਜੀ ਸੁਤੇ ਸ਼ਕਤੀਮਾਨ ਹਨ, ਉਨ੍ਹਾਂ ਤੇ ਕੋਈ ਤ੍ਰਾਟਕ ਸ਼ਕਤੀ ਅਸਰ ਨਹੀਂ ਕਰੇਗੀ; ਭਾਵੇਂ ਸਾਧੂ ਅੱਖਾਂ ਜਮਾਈ ਉਨ੍ਹਾਂ ਨੂੰ ਵਸੀਕਰਨ ਦਾ ਅੰਤ੍ਰੀਵ ਜ਼ੋਰ ਲਾ ਰਿਹਾ ਹੈ, ਪਰ ਪੇਸ਼ ਨਹੀਂ ਜਾਣੀ।

ਕੋਈ ਤ੍ਰੈ ਕੁ ਘੜੀਆਂ ਇਸ ਤਰ੍ਹਾਂ ਬੀਤੀਆਂ ਹੋਣਗੀਆਂ ਕਿ ਸਾਧੂ ਦੇ ਜਗਜਾਸੂ ਇਕ ਇਕ ਕਰਕੇ ਅੱਖਾਂ ਮੀਟਦੇ, ਬੈਠਦੇ, ਨਿਉਂਦੇ, ਡਿੱਗਦੇ ਲੰਮੇ ਪੈਂਦੇ ਗਏ, ਅੰਤ ਸੁਆਮੀ ਜੀ ਆਪ ਬੀ ਧੜ ਕਰਕੇ ਢੱਠੇ ਜਿਵੇਂ ਕੋਈ ਦੇਉ ਢਹਿੰਦਾ ਹੈ। ਅੱਖਾਂ ਉੱਪਰ ਨੂੰ ਚੜ੍ਹ ਗਈਆਂ, ਚਿਹਰਾ ਕਾਲਾ ਪੈ ਗਿਆ ਤੇ ਮੂੰਹ ਵਿੱਚੋਂ ਕੁਝ ਝੱਗ ਪਲਟ ਆਈ ਤੇ ਲੰਮੇਂ ਲੰਮੇਂ ਸਾਹ ਲੈਣ ਲੱਗ ਗਿਆ। ਮਹਾਂ ਬਲੀ ਦੇ ਨਾਲ ਦੇ ਜੋਧੇ ਜੋ ਖੜੇ ਤਮਾਸ਼ਾ ਵੇਖਦੇ ਸੇ, ਪਹਿਲਾਂ ਤਾਂ ਹੱਸ ਪਏ ਤੇ ਇਕ ਮਿਲਵੀਂ ਅਵਾਜ਼ ਜ਼ੋਰ ਦੀ ਨਾਲ ਬੋਲੇ:- "ਸਤਿ ਸ੍ਰੀ ਅਕਾਲ!"

ਪਰ ਫੇਰ ਉਨ੍ਹਾਂ ਨੇ ਅੱਗੇ ਹੋ ਕੇ ਸਾਧੂ ਨੂੰ ਚਾ ਲਿਆ, ਇਕ ਨੇ ਸਿਰ ਆਪਣੇ ਪੱਟਾਂ ਤੇ ਲਿਆ ਤੇ ਕਪਾਲ ਵਿਚ ਉਂਗਲਾਂ ਨਾਲ ਸਹਿਲਾਉਣਾ ਸ਼ੁਰੂ ਕੀਤਾ, ਦੋ ਜਣਿਆਂ ਤੇ ਤਲੀਆਂ ਝੱਸਣੀਆਂ ਅਰੰਭ ਦਿਤੀਆਂ, ਇਕ ਨੇ ਪਿੰਡਲੀਆਂ ਦਬਾਈਆਂ, ਇਕ ਪੱਖਾ ਕਰਨ ਲੱਗਾ, ਇਕ ਨੇ ਮੂੰਹ ਖੋਲ੍ਹਕੇ

ਠੋਡੀ ਉੱਚੀ ਕਰਕੇ ਜੀਭ ਰਤਾ ਬਾਹਰ ਨੂੰ ਹੇਠ ਵਾਰ ਕਰਕੇ ਖਿੱਚੀ, ਕੁਝ ਚਿਰ ਮਗਰੋਂ ਅੱਖਾਂ ਦੇ ਡੇਲੇ ਹੇਠਾਂ ਆਕੇ ਥਾਵੇਂ ਹੋ ਗਏ। ਪਹਿਲਾਂ ਚਿਹਰੇ ਦਾ ਰੰਗ ਸੂਹਾ ਤੇ ਫੇਰ ਬੱਗਾ ਹੋ ਗਿਆ। ਹੁਣ ਨਾੜ ਠੀਕ ਟੁਰ ਪਈ ਤੇ ਸਾਧੂ ਜੀ ਹੋਸ਼ ਵਿਚ ਆ ਗਏ। ਇਸ ਵੇਲੇ ਇਕ ਬੱਕਰੀ ਦਾ ਦੁੱਧ ਆਪ ਦੇ ਸੰਘ ਵਿਚ ਚੋਇਆ ਗਿਆ। ਇਸੇ ਤਰ੍ਹਾਂ ਬਾਕੀ ਦੇ ਸਾਧੂ ਵੀ ਤਲੀਆਂ ਝੱਸਣ ਨਾਲ ਹੋਸ਼ ਵਿਚ ਆ ਗਏ। ਇਕ ਦੋਂਹ ਨੂੰ ਹੋਸ਼ ਨਾ ਆਈ ਤਾਂ ਇਕ ਜੋਧੇ ਨੇ ਉਨ੍ਹਾਂ ਦੇ ਪੱਟਾਂ ਤੇ ਖੜੋ ਕੇ ਸਾਰਾ ਭਾਰ ਪਾ ਕੇ ਜ਼ਰਾ ਲਿਤਾੜ ਦਿੱਤਾ। ਇਕ ਨੇ ਬੇਹੋਸ਼ ਦੇ ਪੱਟਾਂ ਤੇ ਹੱਥਾਂ ਨਾਲ ਜ਼ੋਰ ਪਾਇਆ, ਤਦ ਊਈ, ਹਾਇ! ਹਾਇ! ਹਾਇ! ਕਰਦੇ ਸਾਰੇ ਹੋਸ਼ ਵਿਚ ਆ ਗਏ।

ਮਾਧੋ ਦਾਸ ਹੁਣ ਇਉਂ ਸੀ ਜਿਵੇਂ ਨੁੱਚੜਿਆ ਹੋਇਆ ਨਿੰਬੂ, ਨਿਸੱਤਾ ਫੋਗ ਤੇ ਕਮਜ਼ੋਰ, ਇਕ ਸੱਜਨ ਦੀ ਬਾਂਹ ਦਾ ਆਸਰਾ ਲੈਕੇ ਕੁਟੀ ਦੇ ਅੰਦਰ ਗਿਆ ਤੇ ਪਲੰਘ ਦੀ ਹੀਂਹ ਨੂੰ ਫੜਕੇ ਮਹਾਂਬਲੀ ਜੀ ਦੇ ਚਰਨ ਤੇ (ਜੋ ਚੌਕੜੀ ਕਰਕੇ ਗੋਦ ਵਿਚ ਸੀ) ਸਿਰ ਧਰ ਦਿੱਤਾ। ਆਪ ਇਸ ਵੇਲੇ ਖਿੜੇ ਕਮਲਾਂ ਵਾਂਗ ਹੱਸ ਰਹੇ ਸੇ ਤੇ ਕਹਿ ਰਹੇ ਸੇ:-

'ਬਿਨਾ ਸਰਣ ਤਾਕੀ ਨਹੀਂ ਅਉਰ ਓਟ।"

ਮਾਧੋ ਦਾਸ ਦਾ ਸਿਰ ਜਾਂ ਗੋਦ ਵਿਚਲੇ ਚਰਨ ਨੂੰ ਛੋਹਿਆ, ਤਦ ਸਿਰ ਨੂੰ ਇਕ ਠੰਢ ਪਈ, ਇਹ ਠੰਢ ਸ਼ਰੀਰ ਵਿਚ ਫਿਰੀ; ਇਕ ਲਹਿਰ ਵੱਜੀ, ਇਕ ਝਰਨਾਟ ਜਾਰੀ ਹੋ ਗਈ, ਐਉਂ ਭਾਸਣ ਲੱਗਾ ਜਿਵੇਂ ਬਿਜਲੀ ਦੀ ਲਹਿਰ ਪੈਂਦੀ ਹੈ। ਸਿਰ ਉਸ ਦਾ ਹਲਕਾ ਹੋ ਗਿਆ, ਮਾਨੋਂ ਹੈ ਹੀ ਨਹੀਂ। ਚਰਨਾਂ ਵਿਚੋਂ ਇਕ ਰੌ ਉੱਠਦੀ ਹੈ ਤੇ ਸਾਧੂ ਦੇ ਸਿਰ ਵਿਚ ਜਾਂਦੀ ਹੈ। ਮਾਧੋ ਨੇ ਜਾਤਾ ਮੈਂ ਕਿਸੇ ਝਰਨਾਟਾਂ ਦੇ ਗੋਲੇ ਨਾਲ ਆ ਸਿਰ ਲਾਇਆ ਹੈ। ਹਾਂ, ਹੁਣ ਸ਼ਰੀਰ ਹਲਕਾ ਹੋ ਗਿਆ, ਸ਼ਰੀਰ ਵਿਚ ਰੌ ਫਿਰੀ, ਕਾਂਬਾ ਆਵੇ ਤੇ ਠੰਢ ਫਿਰ ਜਾਏ, ਫੇਰ ਲਹਿਰ ਉਠੇ ਤੇ ਲੂੰ ਲੂੰ ਝਰਨਾਟ ਵਿਚ ਲਹਿਰ ਜਾਏ, ਸਾਰਾ ਸ਼ਰੀਰ ਬਿਜਲੀ ਵਾਂਙ ਦਮਕ ਉੱਠੇ*। ਹਾਂ, ਹੁਣ

*ਭਾਈ ਪ੍ਰਭ ਦਿਆਲ ਜੀ ਪਿਸ਼ੌਰ ਵਿਚ ਇਕ ਵਕੀਲ ਸੇ ਜੋ ਐਬਟਾਬਾਦ ਵਾਲੇ ਸਰਦਾਰ ਰੋਚਾਰਾਮ ਦੇ ਸਪੁਤ੍ਰ ਸਹਿਜਧਾਰੀ ਸਿੱਖ ਸੇ। ਆਪ ਦੱਸਦੇ ਸੀ ਕਿ ਉਹ ਜਦ ਚਿਲਾਸ ਦੇ ਇਲਾਕੇ ਕਿਸੇ ਕੰਮ ਗਏ ਤਾਂ ਇਕ ਸੁਹਣਾ ਜਿਹਾ ਪਠਾਣ ਉਨ੍ਹਾਂ ਨੂੰ ਮਿਲਿਆ। ਇਸ ਨੇ ਆਪ ਨੂੰ ਦੱਸਿਆ ਕਿ ਮੇਰਾ ਬਾਬਾ ਮਹਾਰਾਜਾ ਰਣਜੀਤ ਸਿੰਘ ਪਾਸ ਨੌਕਰ ਸੀ। ਮੇਰੇ ਬਾਬੇ ਨੇ ਅਪਣੀ ਅੱਖੀਂ ਡਿੱਠਾ ਇਕ ਸਮਾਚਾਰ ਸੁਣਾਇਆ ਸੀ ਜੋ ਐਉਂ ਸੀ ਕਿ-"ਇਕ ਦਿਨ ਮਹਾਰਾਜਾ ਜੀ ਕੀਰਤਨ ਸੁਣ ਕੇ ਉੱਠੇ ਤਾਂ ਕਿਸੇ ਪਿਆਰ ਵਿਚ ਹੁਕਮ ਦਿੱਤਾ ਕਿ ਕੋਈ ਸਿੰਘ ਮੇਰੇ ਰਾਜ ਵਿਚ ਲੱਭੋ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪ ਦਰਸ਼ਨ ਕੀਤੇ ਹੋਏ ਹੋਣ। ਹੁਕਮ ਹੋਣ ਪਰ ਸਾਰੇ ਦੇਸ਼ ਵਿਚ ਤਲਾਸ਼ ਅਰੰਭ ਹੋ ਗਈ, ਅੰਤ ਇਕ ਬਿਰਧ ਨਿਹੰਗ ਸਿੰਘ ਲੱਭਾ, ਜਿਸ ਦੀ ਉਮਰ ੧੧੫ ਬਰਸ ਦੀ ਸੀ, ਜਿਸ ਨੂੰ ਪੀਨਸ ਵਿਚ ਬਹਾ ਕੇ ਲਿਆਏ। ਜਦ ਮਹਾਰਾਜਾ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦਾ ਹਾਲ ਪੁੱਛਿਆ ਤਾਂ ਉਸ ਨੇ ਦੱਸਿਆ ਕਿ 'ਉਹਨਾਂ ਦਾ ਸਰੀਰ ਪਤਲਾ ਤੇ ਲੰਮਾ ਸੀ ਪਰ ਬਲ-ਕਾਰ ਬਿਅੰਤ ਸੀ, ਅੱਖਾਂ ਦਾ ਤੇਜ ਅਝੱਲ ਸੀ ਤੇ ਚਰਨਾਂ ਵਿਚ ਕੋਈ ਐਸੀ ਤਾਕਤ ਸੀ ਕਿ ਜਦ ਕਿਸੇ ਦਾ ਮੱਥਾ ਉਨ੍ਹਾਂ ਉਤੇ ਟਿਕੇ ਕਿ ਸਿਰ ਚਰਨਾਂ ਨੂੰ ਛੁਹ ਜਾਵੇ ਤਾਂ ਇਕ ਲਹਿਰ ਅਪਣੇ ਸ਼ਰੀਰ ਵਿਚ ਛੁਟ ਪੈਂਦੀ ਸੀ ਮਾਨੋ ਬਿਜਲੀ ਲਹਿਰੀ ਹੈ ਤੇ ਝਰਨਾਟ ਕੋਈ ਅਜਿਹੀ ਛਿੜਦੀ ਸੀ, ਜਿਸਤੋਂ ਇਉਂ ਜਾਪਦਾ ਸੀ ਕਿ ਜਿਸ ਸ਼ਰੀਰ ਨਾਲ ਅਸੀਂ ਛੋਹੇ ਹਾਂ ਝਰਨਾਟਾਂ ਦਾ ਬਣਿਆਂ ਹੈ, ਕਿਸੇ ਪਿੰਡ ਦਾ ਨਹੀਂ। ਨਿਹੰਗ ਸਿੰਘ ਆਖਦਾ ਸੀ ਕਿ ਮੇਰਾ ਤੇ ਸਾਰੇ ਸਿੰਘਾਂ ਦਾ ਇਹ ਨਿਤ ਦਾ ਤਜਰਬਾ ਹੱਡ ਬੀਤਿਆ ਸੀ।' ਇਹ ਕਹਿਕੇ ਨਿਹੰਗ ਸਿੰਘ ਵੈਰਾਗ ਵਿਚ ਜਲ ਪੂਰਤ ਹੋ ਗਿਆ।" ਪ੍ਰਭ ਦਿਆਲ ਜੀ ਦਸਦੇ ਸਨ ਕਿ ਮੇਰੇ ਨਾਲ ਜ਼ਿਕਰ ਕਰਦਾ ਉਹ ਪਠਾਣ ਬੀ ਇਸੇ ਤਰ੍ਹਾਂ ਅਦਬ ਵਿਚ ਨੈਣ ਭਰ ਆਇਆ ਤੇ ਕਹਿਣ ਲੱਗਾ: 'ਮੇਰਾ ਬਾਬਾ ਜਦੋਂ ਇਹ ਗਲ ਸੁਣਾਇਆ ਕਰਦਾ ਸੀ, ਉਹਦਾ ਹਾਲ ਬੀ ਇਉਂ ਹੀ ਹੋ ਜਾਂਦਾ ਸੀ"। ਸੋ ਖਾਲਸਾ ਜੀ! ਇਹ ਅੱਖੀਂ ਡਿੱਠੀ ਤੇ ਹਡਵਰਤੀ ਉਗਾਹੀ ਸ੍ਰੀ ਗੁਰੂ ਜੀ ਦੇ 'ਛੁਹ ਦੇ ਪ੍ਰਭਾਵ' ਦੀ ਅਸਾਂ ਤਕ ਅੱਪੜੀ ਹੈ।

ਅੰਦਰਲਾ ਕੜ ਪਾਟਾ, ਪੱਥਰ ਹੋ ਚੁਕੇ ਮਨ ਨੇ ਦ੍ਰਵ-ਣਤਾ ਪਾਈ। ਸਾਧੂ ਦਾ ਮਨ ਦ੍ਰਵਿਆ ਨਾਲ ਸ਼ਰੀਰ ਦ੍ਰਵਿਆ, ਜਲ ਭਰ ਆਯਾ ਨੈਣ ਕਟੋਰਿਆਂ ਵਿਚ ਤੇ ਡੁੱਲ੍ਹ ਪਿਆ। ਆਹਾ! ਤ੍ਰਾਟਕਾਂ ਤੇ ਵਿਭੂਤੀਆਂ ਵਿਚ ਸੰਜਮ ਕਰਨ ਵਾਲਾ ਜੋਗੀ, ਤੰਤ੍ਰ ਵਿਦਯਾ ਦਾ ਤ੍ਰਾਂਤੀ, ਕਠੋਰ ਮਨ ਵਗ ਟੁਰਿਆ ਤਾਂ ਉਸਨੂੰ ਆਨੰਦ ਆ ਗਿਆ ਕਿਸੇ ਹੋਰ ਤਰ੍ਹਾਂ ਦਾ। ਇਕ ਰਸ ਭਿੰਨੜੀ ਖੁਸ਼ਬੋ ਉਸਦੇ ਨੱਕ ਨੇ ਪ੍ਰਤੀਤ ਕੀਤੀ, ਇਕ ਸ੍ਵਾਦ ਵਰਤ ਗਿਆ। ਬੈਰਾਗੀ ਮਾਧੋਦਾਸ ਅਜ 'ਰਸਿਕ ਬੈਰਾਗੀ' ਨਾਲ ਛੁਹਕੇ ਰਸ ਵਿਚ ਆ ਗਿਆ -ਆਤਮਾਂ ਦੇ ਰਸ ਵਿਚ। ਬੈਰਾਗੀ ਸੀ, ਤਾਂਤ੍ਰੀ ਸੀ, ਹੋਰ ਰਸਾਂ ਦਾ ਜਾਣੂੰ ਸੀ, ਪਰ ਆਤਮ ਰਸ ਦਾ ਜਾਣੂੰ ਨਹੀਂ ਸੀ। ਅਚਰਜ ਹੈ, ਅਭਿਆਸੀ ਸੀ, ਇਕਾ-ਗ੍ਰਤਾ ਵਾਲਾ ਸੀ, ਫਿਰ ਆਤਮ ਰਸ ਦਾ ਜਾਣੂੰ ਨਹੀਂ ਸੀ? ਹਾਂ ਨਹੀਂ ਸੀ! ਉਹ ਇਕਾਗ੍ਰਤਾ ਦੇ ਸਾਧਨ ਸੰਪੱਤੀਆਂ ਨੂੰ ਸ਼ਕਤੀਆਂ ਪ੍ਰਾਪਤ ਕਰਨ ਲਈ ਵਿਭੂਤੀਆਂ ਪਰ ਲਾਉਂਦਾ ਹੁੰਦਾ ਸੀ। ਉਸਦਾ ਧਿਆਨ ਆਤਮਾਂ ਤੇ ਨਹੀਂ ਜੁੜਦਾ ਸੀ, ਪਰ ਧਿਆਨ ਅਨਾਤਮਾਂ ਤੇ ਜੁੜਦਾ ਸੀ। ਜੋ ਧਯਾਨ ਆਤਮਾ ਤੋਂ ਛੁੱਟ ਹੋਰਥੇ ਜੁੜਦਾ ਹੈ ਉਹ ਉਨ੍ਹਾਂ ਧੇਯ ਪਦਾਰਥਾਂ ਦੇ ਰੰਗ ਵਿਚ ਤਾਂ ਜਾਂਦਾ ਹੈ, ਪਰ ਆਤਮ-ਰਸ ਵਿਚ ਨਹੀਂ ਜਾ ਸਕਦਾ। ਅਜ ਉਸ ਮਨ ਨੇ ਹਾਰ ਖਾਧੀ, ਤਾਣ, ਮਾਣ, ਟੁੱਟਾ, ਹੰਕਾਰ ਟੁੱਟਾ, ਉਸ ਦੇ ਅੰਤਰ ਜੋਤ ਜਗੀ ਤਾਂ ਆਤਮ ਰਸ ਆਇਆ! ਹੁਣ ਮਹਾਂ ਬਲੀ ਜੀ ਦਾ ਪਵਿਤ੍ਰ ਹਥ ਸੁਆਹ ਵਾਲੀ ਪਿੱਠ ਤੇ ਫਿਰਿਆ। ਸੁਆਹ ਮਲੇ ਸਿਰ ਤੇ ਫਿਰਿਆ, ਹਾਂ ਜੀ! ਸੁਆਹ ਵਾਲੀਆਂ ਬਉਰੀਆਂ ਤੇ ਫਿਰਿਆ, ਉਸ ਸਿਰ ਉਤੇ ਜਿਸਦੇ ਬਾਹਰ ਸੁਆਹ ਹੈ ਤੇ ਅੰਦਰ ਤੇਰੇ ਨਾਲ ਗੁੱਸਾ ਵੱਸ ਚੁਕਾ ਹੈ ਸੀ। ਤੂੰਹੀ ਹੈਂ ਪਿਆਰ ਦਾ ਸੋਮਾਂ! ਜੋ ਐਨਾ ਤ੍ਰੁੱਠਦਾ ਹੈਂ ਕਿ ਹੜ ਆਏ ਦਰਿਆ ਵਾਂਗ ਹੱਦ ਬੰਨੇ ਨਹੀਂ ਜਾਣਦਾ। ਆਹਾ! ਪਿਆਰ ਹਥ ਕਿਸ ਪਿਆਰ ਨਾਲ ਸਾਧੂ ਦੇ ਸਿਰ ਤੇ ਫਿਰ ਰਿਹਾ ਹੈ, ਪਿਆਰ ਦਾਨ ਕਰ ਰਿਹਾ ਹੈ, ਪ੍ਰੇਮ ਦੀ ਛੂਤ ਲਾ ਰਿਹਾ ਹੈ, ਜੀਵਨ ਦੀ ਸ਼ਕਤੀ ਭਰ ਰਿਹਾ ਹੈ, ਜੀਅਦਾਨ ਦੇ ਭਗਤੀ ਲਾ ਰਿਹਾ ਹੈ, ਹਰਿ ਨਾਲ ਮਿਲਾ ਰਿਹਾ ਹੈ।

ਪੂਰਬ ਕਰਮ ਅੰਕੁਰ ਜਬ ਪ੍ਰਗਟੈ
ਭੇਟਿਓ ਪੁਰਖ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ॥{ਗਉ:ਮ:੫-੧੧੯}

ਜਾਗ ਖੁੱਲ੍ਹ ਗਈ, ਹੋਸ਼ ਆ ਗਈ, ਦਾਤੇ ਨੇ ਉਹ ਸੁਆਹ ਭਰਿਆ ਸਿਰ ਚਾਇਆ, ਸੁਆਹ ਲਿੱਬੜੀਆਂ ਗੱਲ੍ਹਾਂ ਤੇ ਠੋਡੀ ਨੂੰ ਸਹਾਰਾ ਦੇਕੇ ਚਾਇਆ। ਆਪਣੇ ਪਿਆਰ ਭਰੇ ਨੇਤ੍ਰਾਂ ਨਾਲ ਉਨ੍ਹਾਂ ਜਾਦੂ ਦੀ ਵਿਹੁ ਦੇ ਮੁਭਾਵੀ ਨੈਣਾਂ ਵਲ ਤੱਕਿਆ, ਉਨ੍ਹਾਂ ਵਿਚ ਅਪਣਾ ਅੰਮ੍ਰਿਤ ਭਰਿਆ। ਨੈਣ ਰੰਗ ਲੈ ਆਏ। ਹੁਣ ਪਿਆਰ ਨਾਥ ਜੀ ਮੁਸਕ੍ਰਾਏ ਤੇ ਬੋਲੇ:-

ਤੂੰ ਕੌਣ?

ਬੈਰਾਗੀ ਰਸ ਰੰਗ ਵਿਚ ਰੱਤਾ ਹਉਂ ਤੋਂ ਛੁੱਟਾ, ਉਨ੍ਹਾਂ ਦਾ ਹੋਇਆ, ਕੀ ਆਖਦਾ, ਮੈਂ ਕੌਣ ਹਾਂ? ਹਾਂ! ਜੀਅਦਾਨ ਲੈ ਭਗਤੀ ਵਿਚ ਰੱਤਾ ਹੋਰ ਕੀ ਆਖਦਾ? ਉਹ ਜੋ ਕੁਝ ਉਹ ਹੋ ਗਿਆ ਸੀ, ਸੋ ਡਾਢੇ ਪਿਆਰ ਤੇ ਰਸ ਵਿਚ ਉਹੋ ਕੁਛ ਬੋਲਿਆ-

"ਜੀ ਮੈਂ ਆਪ ਦਾ 'ਬੰਦਾ'
ਬੰਦਾ, ਬੰਦਾ, ਬੰਦਾ"

ਇਹ ਉਸ ਦੇ ਮੂੰਹੋਂ ਫੁਹਾਰੇ ਦੀਆਂ ਬੂੰਦਾਂ ਵਾਂਗ ਲਗਾਤਾਰ ਕਿੰਨਾ ਚਿਰ ਨਿਕਲਦਾ ਰਿਹਾ, ਨਾਲ ਨੈਣਾਂ ਨੇ ਛਹਿਬਰ ਲਾਈ ਰਖੀ, ਤ੍ਰੇਲ ਮੋਤੀ ਪਵਿਤ੍ਰ ਗੋਦੀ ਵਿਚ ਕਿਰਦੇ ਰਹੇ। ਪਿਆਰਾਂ ਦੇ ਮਹਿਰਮ ਹੁਣ ਆਪ ਬੀ ਦ੍ਰਵ ਗਏ, ਜੋਗੀ ਦੀ ਮਹਾਂ ਸ਼ਕਤੀ ਅਗੇ ਅਟੁੱਟ ਬਦਾਮ ਵਾਂਙੂ ਅਹਿੱਲ ਸ਼ਕਤੀ ਦੇ ਮਾਲਕ ਹੁਣ ਦ੍ਰੱਵ ਗਏ ਤੇ ਬੋਲੇ:-

ਤੂੰ ਬੰਦਾ
ਤੇ ਮੈਂ ਤੈਨੂੰ ਕੀਤਾ
ਬੁਲੰਦਾ।
ਤੂੰ ਹੁਣ ਬੁਲੰਦਾ*।

ਉਧਰ ਨਿੱਕੀ ਨਿੱਕੀ ਧੁਨੀ-ਤ੍ਰਾਹ ਤ੍ਰਾਹ ਕਰਦੀ ਸੁਰ ਵਿੱਚ, ਰਸ ਭਿੰਨੀ ਤੇ ਵੈਰਾਗ ਦੀ ਰੱਤੀ-ਆ ਰਹੀ ਹੈ:-

*ਬੁਲੰਦਾ-ਉੱਚਾ।

ਮੈਂ ਬੰਦਾ, ਮੈਂ ਬੰਦਾ,
ਮੈਂ ਬੰਦਾ, ਮੈਂ ਬੰਦਾ।

ਇਧਰ ਮਿਹਰ, ਦਯਾ, ਪ੍ਰੇਮ ਤ੍ਰੁੱਠਣ ਤੇ ਦਾਨ ਕਰਨ ਦੀ ਗੰਭੀਰ ਪ੍ਰੇਮ ਵਾਲੀ ਧੁਨੀ ਆ ਰਹੀ ਹੈ:-

ਪਰ ਕੀਤਾ ਬੁਲੰਦਾ, ਬੁਲੰਦਾ
ਬੁਲੰਦਾ, ਬੁਲੰਦਾ।

ਧੰਨ ਗੁਰੂ, ਧੰਨ ਸਿੱਖ! ਹਾਂ ਸਦਾ ਧੁਨੀ ਟੁਰੀ ਰਹੇ ਸਿਖ ਦੀ 'ਮੈਂ ਬੰਦਾ, ਮੈਂ ਬੰਦਾ' ਹਾਂ ਤੇਰੀ ਮਿਹਰ ਸਦਾ ਬਖਸ਼ਿਸ਼ ਕਰੇ: ਅਨਾਥਾਂ ਨੂੰ 'ਬੁਲੰਦ'!

੨.

ਢਾਈ ਕੁ ਸੌ ਵਰ੍ਹੇ* ਤੋਂ ਕੁਛ ਵੱਧ ਬੀਤਿਆ ਹੋਊ ਕਿ ਪੁਣਛ ਦੇ ਲਾਗੇ ਰਾਜੌੜੀ ਵਿਖੇ ਇਕ ਰਾਮਦੇਵ ਨਾਮੇ ਰਾਜਪੂਤ ਹੋਇਆ ਹੈ, ਜਿਸ ਦੇ ਘਰ ਇਕ ਬਾਲਕ ਜਨਮਿਆਂ। ਇਸਦਾ ਨਾਮ ਲਛਮਨ ਦੇਵ ਧਰਿਆ। ਪਿਉ ਦਾ ਕਿੱਤਾ ਜ਼ਿਮੀਂਦਾਰੇ ਦਾ ਸੀ, ਮੁੰਡਾ ਭੀ ਗੱਭਰੂ ਹੋਕੇ ਇਸੇ ਕਾਰੇ ਲੱਗਾ, ਪਰ ਸੁਭਾਵ ਬੜਾ ਤਕੜਾ ਸੀ, ਜੁੱਸਾ ਮਜ਼ਬੂਤ, ਲੰਮਾਂ ਤੇ ਡੀਲ-ਦਾਰ ਸੀ। ਮਨ ਦੀ ਮਰਜ਼ੀ ਦਾ ਅਡੁਕ ਸੀ ਤੇ ਹਾਸੇ ਖੇਡਾਂ ਵਲ ਰੁਚੀ ਬਹੁਤੀ ਸੀ, ਇਸ ਕਰਕੇ ਸ਼ਿਕਾਰ ਦੇ ਸ਼ੌਕ ਵਿਚ ਦਿਲ ਵਧੇਰੇ ਲਗਦਾ ਸੀ। ਤੀਰੰਦਾਜ਼ੀ ਤੇ ਬੰਦੂਕ ਚਲਾਉਣੀ ਚੰਗੀ ਸਿੱਖ ਗਿਆ ਤੇ ਜ਼ਿਮੀ-ਦਾਰੇ ਕੰਮ ਤੋਂ ਜਦ ਵਿਹਲ ਲੱਗਦੀ ਜੰਗਲਾਂ ਵਿਚ ਸ਼ਿਕਾਰ ਖੇਡਦਾ ਫਿਰਦਾ। ਇਕ ਵਾਰੀ ਸ਼ਿਕਾਰ ਖੇਡਦਿਆਂ ਇਸ ਨੇ ਇਕ ਹਰਨੀ ਮਾਰੀ, ਇਹ ਹਰਨੀ ਗਰਭਵਤੀ ਸੀ, ਇਸਦੇ ਪੇਟ ਵਿਚੋਂ ਦੋ ਬੱਚੇ ਨਿਕਲੇ ਜੋ ਅੱਖਾਂ ਦੇ ਸਾਹਮਣੇ ਤੜਫ ਤੜਫ ਕੇ ਮੋਏ, ਇਹ ਦਰਸ਼ਨ ਬਹੁਤ ਦੁਖਦਾਈ ਹੋਏ। ਲਛਮਨ ਦੇਵ ਦੇ ਦਿਲ ਪਰ ਕੋਈ ਐਸਾ ਸਹਿਮ ਛਾਇਆ ਕਿ ਉਹ ਨਕਸ਼ਾ ਅੱਖਾਂ ਅਗੋਂ ਹਟੇ ਨਾ। ਦਿਲ ਚੋਟ ਖਾ ਗਿਆ ਤੇ ਵੈਰਾਗ ਡੂੰਘੇ ਘਾ ਪਾ ਗਿਆ। ਪਹਿਲਾਂ ਤਾਂ ਸ਼ਿਕਾਰ ਛੁਟ ਗਿਆ ਤੇ ਫਿਰ ਗ੍ਰਿਹਸਤ ਆਸ਼੍ਰਮ। ਨੇੜੇ ਹੀ ਇਕ ਬੈਰਾਗੀ ਸਾਧੂ ਵੱਸਦਾ ਸੀ, ਜਾਨਕੀ ਪ੍ਰਸ਼ਾਦ ਉਸ ਦਾ ਨਾਮ ਸੀ, ਇਸਦੀ ਸੁਹਬਤ ਵਿਚ ਇਸ ਨੇ ਭੇਖ ਲੀਤਾ ਤੇ ਘਰ ਬਾਹਰ, ਦੇਸ਼ ਛਡਕੇ ਦੇਸ਼ਾਟਨ ਨੂੰ ਨਿਕਲ ਪਿਆ। ਕਈ ਸਾਧ, ਫਕੀਰ ਮਿਲੇ, ਕਈ ਤਪ ਸਾਧਨ ਕੀਤੇ ਅਖੀਰ ਤੀਰਥ ਪਰਸਦਾ ਇਹ 'ਨਾਸਕ' ਪੁਜਾ ਤੇ ਉੱਥੇ ਬਹੁਤ ਚਿਰ ਤਪ ਕਰਦਾ ਰਿਹਾ। ਕ੍ਰਿਸ਼ਨ ਦੀ ਭਗਤੀ ਦੇ ਰਸ ਨੇ ਇਸਦੇ ਤਕੜੇ ਮਨ ਤੇ ਲੀ। ਅਸਰ ਨਾ ਕੀਤਾ, ਪਰ ਤਪੱ ਸਾਧਨ ਤੇ ਦਾਰਸ਼ਨਕ[1] ਵਿਚਾਰ ਦਾ ਅਸਰ ਹੋਯਾ, ਪਰ ਅੰਤ ਰੁਚੀ ਤਪੱਸਯਾ ਵਲ ਹੋ ਆਈ, ਇਸ ਕਰਕੇ ਇਹ ਤਪ ਕਰਨ ਲੱਗਾ। ਜਿਸ ਫਕੀਰ ਨੇ ਇਸਨੂੰ ਬੈਰਾਗੀ ਬਣਾ-ਇਆ ਸੀ ਉਸ ਨੇ ਨਾਮ ਮਾਧੋਦਾਸ ਕਰ ਦਿਤਾ ਸੀ। 'ਨਾਸਕ' ਵਿਚ ਇਹ ਇਸੇ ਨਾਮ ਤੋਂ ਪ੍ਰਸਿਧ ਸੀ। 'ਨਾਸਕ' ਦੇ ਉੱਤੇ ਗੋਦਾਵਰੀ ਦਾ ਸੋਮਾਂ ਹੈ ਤੇ ਉੱਗਰ ਤੀਰਥ ਹੈ, ਉਥੇ ਕਈ ਬਰਸ ਇਹ ਘਾਲ ਕਰਦਾ ਰਿਹਾ, ਇਥੇ ਇਸਨੂੰ ਇਕ ਜੋਗੀ ਦਾ ਮੇਲ ਹੋਇਆ, ਜਿਸ ਦਾ ਨਾਉਂ ਲੂਨੀ ਸੀ। ਇਸਨੇ ਬੈਰਾਗੀ ਦੀ ਤਪੋ ਬ੍ਰਿੱਤੀ ਵੇਖਕੇ ਜੋਗ ਮਾਰਗ ਦੇ ਰਸਤੇ ਪਾਇਆ, ਪ੍ਰਾਣਾਯਾਮ ਆਦਿ ਸਿਖਾਕੇ ਤੰਤ੍ਰ ਵਿਦਯਾ ਦੱਸੀ। ਇਹ ਜੋਗੀ ਇਸ ਦਾ ਨਾਉਂ ਹੁਣ ਨਰੈਣ ਦਾਸ ਯਾ ਨਰੈਣ ਗਿਰ ਧਰ ਗਿਆ, ਪਰ ਇਸਦਾ ਨਾਉਂ ਨਰੈਣ ਦਾਸ ਬੀ ਵੱਜ ਗਿਆ। ਬਚਪਨ ਤੋਂ ਹੀ ਸੁਭਾਉ ਡਾਢਾ ਰਜੋਗੁਣੀ ਸੀ, ਸੱਟ ਖਾਕੇ ਵੈਰਾਗ ਜੋ ਹੋਇਆ ਸੀ ਫਕੀਰੀ ਵਿਚ ਸੱਟ ਗਿਆ ਸੀ, ਪਰ ਫਕੀਰੀ ਵਿਚ ਬੀ ਮਨ ਤਪੋਮਾਧਨ ਵਿਚ ਗਿਆ। ਜੋਗ ਮਿਲਿਆ ਤਾਂ ਮਨ ਨੇ ਸਿਧੀਆਂ ਵਲ ਪਲਟਾ ਖਾਧਾ। ਤੰਤ੍ਰ ਵਿਦਯਾ ਨੇ ਵਧੇਰੇ ਇਸ ਪਾਸੇ ਲਾਇਆ। ਸਿਧੀਆਂ ਦੇ ਰਸਤੇ ਕੁਛ ਇਕਾ-ਗ੍ਰਤਾ ਦਾ ਅਸਰ ਵੇਖ ਮਾਧੋਦਾਸ ਬੀਰਾਰਾਧਨ ਵਿਚ ਲਗ ਪਿਆ। ਇਸ ਜਗਤ ਦੇ ਨਾ ਦਿਸਦੇ ਹਿੱਸੇ ਵਿਚ ਵਾਹਿਗੁਰੂ ਜਾਣ ਕੀ ਕੀ ਤਾਕਤਾਂ ਤੇ ਵਜ਼ਕਤੀਆਂ ਭਰੀਆਂ ਪਈਆਂ ਹਨ ਕਿ ਜਿਧਰ ਇਨਸਾਨ ਧਿਆਨ ਲਾਵੇ ਕੁਛ ਲੱਭ ਹੀ ਪੈਂਦਾ ਹੈ। ਸੋ ਇਸ ਪਾਸੇ ਇਸ ਵਿਦਯਾ[2] ਦੇ ਸਾਧਨ ਕਰਦਿਆਂ ਮਾਧੋ ਨੂੰ ਕੁਛਪ੍ਰਾਪਤੀ ਹੋ ਗਈ! ਇਹ ਵਿਦਯਾ ਮਾਧੋ

*ਇਹ ਲੇਖ ੧੯੨੨ ਈ: ਵਿਚ ਲਿਖਿਆ ਗਿਆ ਸੀ।

---

੧. ਫਿਲਸਫਾ।

੨. ਬੀਰਾਰਾਧਨ (ਮਰ ਗਿਆਂ ਦੀਆਂ ਰੂਹਾਂ ਨਾਲ ਤਅੱਲਕ ਪਾਉਣੇ ਆਦਿ) ਉਹ ਵਿਦਯਾ ਹਿੰਦੂ-ਸਤਾਨ ਵਿਚ ਸੀ, ਜਿਸ ਦੀ ਇਕ ਸ਼ਕਲ ਅੱਜ ਕਲ ਯੂਰਪ ਤੇ ਅਮਰੀਕਾ ਵਿਚ ਸਪਿਰਚਯੂਲਿਜ਼ਮ (spiritualism) ਦੇ ਨਾਮ ਹੇਠ ਪੈਦਾ ਹੋਈ ਹੈ।

ਦਾਸ ਦੇ ਸਮੇਂ ਕੇਵਲ ਸਿਧੀਆਂ ਤੇ ਜਗਤ ਵਿਚ ਵਸੀਕਾਰਤਾ ਤੇ ਕਈ ਵੇਰ ਨਾਟਕ ਚੇਟਕ ਦੇ ਸ਼ੁਅਬਦੇ ਦੇਖਣ ਦਿਖਾਉਣ ਵਿਚ ਵਰਤੀਂਦੀ ਸੀ। ਤੰਤ੍ਰ ਵਿਦਯਾ ਤੇ ਬੀਰਾਰਾਧਨ ਆਦਿ ਸਾਧਨਾਂ ਵਿਚ ਸੰਪੰਨ ਹੋਕੇ ਮਾਧੋ ਦਾਸ ਫੇਰ ਟੁਰ ਪਿਆ ਤੇ ਨਦੀ ਗੋਦਾਵਰੀ ਦੇ ਕੰਢੇ ਕੰਢੇ ਫਿਰਦਾ ਨਾਦੇੜ ਆ ਨਿਕਲਿਆ। ਇਥੇ ਇਸ ਦੀ ਵਿਭੂਤੀ ਦਾ ਕੁਝ ਜੱਸ ਹੋ ਗਿਆ ਤੇ ਇਸ ਨੇ ਏਥੇ ਡੇਰਾ ਲਾ ਲਿਆ। ਲੋਕੀਂ ਆਪਣੇ ਲਾਭਾਂ ਹਿਤ ਮੱਦਦ ਲੈਣ ਨੂੰ ਆਉਂਦੇ ਤੇ ਦੂਰੋਂ ਨੇੜਿਓਂ ਕੁਝ ਲੋਕ ਆਕੇ ਚੇਲੇ ਬੀ ਹੋ ਗਏ। ਐਉਂ ਇਸਦੀ ਕੁਟੀ ਇਕ ਆਸ਼੍ਰਮ ਬਣ ਗਿਆ। ਮਾਧੋ ਦਾਸ ਅਕਸਰ ਅਪਣੇ ਤਪ ਸਾਧਨਾਂ ਲਈ ਕੁਟੀਓਂ ਦੂਰ ਨਦੀ ਕੰਢੇ ਜਾ ਬਿਹਾ ਕਰਦਾ ਸੀ, ਕਦੇ ਕੁਟੀ ਵਿਚ ਹੀ ਤਪ ਕਰਿਆ ਕਰਦਾ ਸੀ, ਪਰ ਇਸ ਦਾ ਨਾਮ ਫੈਲ ਚੁਕਾ ਸੀ ਤੇ ਦੂਰ ਦੂਰ ਤਕ ਲੋਕੀ ਇਸਦੀ ਇਸ ਤਾਕਤ ਦਾ ਲੋਹਾ ਮੰਨਦੇ ਸਨ। ਤਿਆਗੀ ਤੇ ਬਨਬਾਸੀ ਹੋਣ ਕਰਕੇ ਲੋਕੀਂ ਇਸ ਨੂੰ ਵੈਰਾਗਵਾਨ ਸਾਧੂ ਸਮਝਦੇ ਸਨ। ਚੇਲਿਆਂ ਨੂੰ ਸਿੱਖਿਆ ਦੇਣ, ਆਏ ਗਏ ਦੀ ਕਾਮਨਾਂ ਪੂਰਨ ਕਰਨ ਤੇ ਆਸ਼੍ਰਮ ਦੇ ਨਿਰਬਾਹ ਤੋਂ ਜਿੰਨਾਂ ਸਮਾਂ ਬਚਦਾ ਓਹ ਇਹ ਆਪਣੇ ਸਾਧਨਾਂ ਤੇ ਤਪਾਂ ਤੇ ਲਾਉਂਦਾ ਸੀ। ਗੋਦਾਵਰੀ ਦੇ ਐਨ ਕਿਨਾਰੇ ਇਕ ਟਿੱਬੀ ਉੱਤੇ ਬੈਠਕੇ ਇਸ ਦਾ ਅਭਿਆਸ ਦਾ ਕਰਤੱਵ ਹੋਇਆ ਕਰਦਾ ਸੀ, ਕਦੇ ਮਨੋਂ ਵਿਚਾਰ ਤੇ ਸ਼ਾਸਤ੍ਰ ਵਿਚਾਰ ਬੀ ਉਥੇ ਬੈਠਕੇ ਕਰਦਾ ਸੀ।

ਇਹ ਹੈ ਵਿਥਿਆ ਉਸ 'ਮਾਧੋ ਦਾਸ' ਬੈਰਾਗੀ ਦੀ; ਜਿਸ ਦਾ ਹਾਲ ਅਸੀਂ ਪਹਿਲੇ ਧਿਆ ਵਿਚ ਦੇ ਆਏ ਹਾਂ। ਇਸਦਾ ਸੀ, ਉਹ ਆਸ਼੍ਰਮ, ਜਿਸ ਵਿਚ ਮਹਾਂ ਬਲੀ ਜੀ ਨੇ ਆਕੇ ਪਲੰਘ ਤੇ ਡੇਰਾ ਜਮਾਇਆ ਸੀ ਤੇ ਏਹ ਸਨ ਸਾਧੂ ਜੀ ਜਿਨ੍ਹਾਂ ਨੇ ਪਲੰਘ ਉਲਟਾਂਉਣਾ ਚਾਹਿਆ ਤੇ ਯਤਨ ਕਰਦੇ ਆਪ ਢਹਿ ਪਏ, ਸ਼ਰਨਾਗਤ ਹੋਏ ਤੇ ਜੀਅਦਾਨ ਪਾਇਆ ਤੇ 'ਬੰਦਾ' ਬਣੇ।

ਮਹਾਂ ਬਲੀ ਜੀ ਕੌਣ ਸਨ?

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਆਪ ਅਨੰਦਪੁਰੋਂ ਟੁਰੇ, ਚਮਕੌਰ, ਮਾਲਵੇ, ਰਾਜਪੂਤਾਨੇ ਬਘੌਰ ਹੁੰਦੇ ਫੇਰ ਮੁੜੇ ਦਿਲੀ ਨੂੰ। ਫੇਰ ਦਿਲੀ ਆਗਰੇ ਹੁੰਦੇ ਛੇਕੜ ਬੁਰਹਾਨ ਪੁਰ ਦੀਆਂ ਸੰਗਤਾਂ ਤਾਰ ਕੇ ਕੁਛ ਦਿਨਾਂ ਤੋਂ ਨਾਦੇੜ ਦੇ ਬਾਹਰ ਆ ਟਿਕੇ ਸਨ ਤੇ ਜਗ੍ਹਾ ਮਨ ਨੂੰ ਭਾ ਜਾਣ ਕਰਕੇ ਏਥੇ ਟਿਕਣ ਦੇ ਸੰਕਲਪ ਨਾਲ ਟਿਕ ਗਏ ਸਨ। ਮਾਧੋਦਾਸ ਦੀ ਵਿਥਿਆ ਤੇ ਤਾਕਤਾਂ ਸੁਣ ਚੁਕੇ ਸੇ। ਅਜ ਦੀਨ ਦਿਆਲ ਜੀ ਦਿਆਲੂ ਹੋਕੇ ਉਸਦੇ ਆਸ਼੍ਰਮ ਆਪ ਆ ਗਏ ਤੇ ਪਿਆਰ ਦੀ ਕਲਾ ਵਰਤਾ ਕੇ ਉਸੇ ਵਿਭੂਤੀਆਂ ਦੇ ਰੰਗ ਵਿਚ ਅੜ ਗਏ ਜੋਗੀ ਨੂੰ ਉਥੋਂ ਉੱਚਾ ਕਰਕੇ ਕੇਵਲ ਵਾਹਿਗੁਰੂ ਦੇ ਪਿਆਰ ਤੇ ਰਸ ਰੰਗ ਦਾ ਰਸੀਆ ਬਣਾ ਦਿਤਾ। ਸਰਬ ਅਨਾਤਮ ਤੋਂ ਗੁਪਤ, ਪ੍ਰਗਟ, ਸੂਖਮ, ਸਥੂਲ ਮਾਇਆ ਤੋਂ ਉੱਚਾ ਕਰਕੇ ਉਨਮਨ ਕਰ ਦਿਤਾ।

ਬੰਦੇ ਨੂੰ ਤਾਰਕੇ ਗੁਰੂ ਜੀ ਆਪਣੇ ਡੇਰੇ ਆ ਗਏ, ਪਰ ਬੰਦੇ ਦਾ ਦਿਲ ਹੁਣ ਆਸ਼੍ਰਮ ਵਿਚ ਕੀਕੂੰ ਲਗੇ, ਖਿਚ ਕਾਲਜਾ ਚੀਰ ਗਈ, ਉਮਰਾ ਭਰ ਜਿਹੜੀ ਪ੍ਰਾਪਤੀ ਹਠ ਤੇ ਵਿਭੂਤੀਆਂ ਕਰਕੇ ਉਹਲੇ ਰਹੀ ਸੀ, ਸਾਮਰਤੱਖ ਹੋ ਗਈ, ਹੁਣ ਦਾਤੇ ਤੋਂ ਪਰੇ ਰਿਹਾ ਨਾ ਜਾਏ। ਸੋ ਸਤਿਗੁਰ ਦੇ ਡੇਰੇ ਆਉਣ ਜਾਣ ਤੇ ਸੇਵਾ ਕਰਨ ਲਗ ਪਿਆ। ਸਿਖੀ ਮਿਰਯਾਦਾ ਤੇ ਨਿਸ਼ਚੇ ਵੇਖੇ:ਜੋਧੇ ਮਹਾਂਬਲੀ, ਪਰ ਸਚੇ ਤੇ ਸੁਚੇ, ਨੇਮੀ ਤੇ ਪ੍ਰੇਮੀ ਨਾਮ ਦੇ ਰਸੀਏ ਤੇ ਮਹਾਂ ਉੱਚੇ ਆਚਰਨ ਵਾਲੇ, ਨਿਸ਼ਚੇ ਵਿਚ ਜੀਵਨ ਮੁਕਤ, ਫੇਰ ਉਪਕਾਰੀ, ਤਿਆਗੀ, ਪਰ ਜਗਤ ਦੇ ਪ੍ਰਤਿਪਾਲਕ। ਸੈਰ, ਸ਼ਿਕਾਰ, ਸ਼ਸਤ੍ਰ ਵਿਦਯਾ ਸਾਰਾ ਸਾਮਾਨ ਰਜੋਗੁਣੀ ਬਣਤ-ਚੜ੍ਹਤ, ਰਹਿਤ ਖਹਿਤ ਸਭ ਰਜੋ ਦੇ ਉਚੇ ਹੁਲਾਰੇ, ਪਰ ਅੰਦਰੋਂ ਦੇਖੋ ਤਾਂ ਮਾਇਆ ਨੂੰ ਜਿੱਤੇ ਹੋਏ ਵੈਰਾਗੀ ਤੇ ਆਤਮ ਵਿਚ ਸਦਾ ਜੁੜੇ। ਇਹ ਰਹਿਣੀ ਉਮਨੂੰ ਦੰਗ ਕਰ ਗਈ। ਆਪਣੇ ਤੇ ਰਸ ਦਾ ਹੁਲਾਰਾ ਵੱਜ ਚੁੱਕਾ ਸੀ, ਰਸ ਵਾਲੇ ਨਾਮ ਦਾ ਰਸੀਆ ਹੋ ਚੁਕਾ ਸੀ, ਪਰ 'ਗ੍ਰਿਹਸਥ ਉਦਾਸ' ਅੱਖਾਂ ਨਾਲ ਉਸਨੇ ਅਜ ਹੀ ਡਿਠਾ ਸੀ। ਸ਼ਿਕਾਰ ਵਿਚ ਨਾਲ ਜਾਂਦਾ ਹੈ, ਪੁਰਾਣੇ ਆਪਣੇ ਸ਼ਿਕਾਰ ਯਾਦ ਆਉਂਦੇ ਹਨ, ਪਰ ਹੁਣ ਇਹ ਸ਼ਿਕਾਰ ਹੋਰਵੇਂ ਡਿੱਠਾ, ਨਵੀਂ ਤਰ੍ਹਾਂ ਦੇ ਬੰਦੇ ਵੇਖੇ, ਨਵਾਂ ਗੁਰੂ, ਨਵਾਂ

ਅਵਤਾਰ ਤੇ ਨਵਾਂ ਮਾਰਗ, ਨਵਾਂ ਪੰਥ ਵੇਖਿਆ। ਬੈਰਾਗੀ ਦੇ ਸੁਕਦੇ ਅੰਗ ਤੇ ਕੁਮਲਾਉਂਦੇ ਉਮਾਹ ਜਾਗ ਪਏ, ਤਪਾਂ ਨਾਲ ਬੁਝੇ ਦਿਲ ਨੇ ਉਸਰੱਗੀ ਪਕੜੀ ਤੇ ਜੀਵਨ ਪਲਟਾ ਖਾ ਗਿਆ। ਅੱਠ ਪਹਿਰੀ ਲਿਵ ਲੱਭੀ, ਪਰ ਨਾਲ ਹਉਂ ਰਹਿਤ ਚੜ੍ਹਦੀਆਂ ਕਲਾਂ ਤੇ ਆਤਮਾਂ ਦਾ ਖੇੜਾ ਲੱਧਾ। ਸੋ ਬੰਦੇ ਦੀ ਉਸ ਦਾਤੇ ਨਾਲ ਮਹਾਂ ਪ੍ਰੀਤ ਹੋ ਗਈ ਅਰ ਸਹਿਜੇ ਸਹਿਜੇ ਉਸ ਦੀ ਕਾਇਆਂ ਸਾਰੀ ਪਲਟ ਗਈ। ਅੰਤ ਬੰਦਾ ਡਾਢਾ ਪ੍ਰੇਮੀ ਹੋ ਗਿਆ ਤੇ ਉਸ ਨੇ ਅੰਮ੍ਰਿਤ ਛਕਿਆ* ਤੇ ਖਾਲਸਾ ਤਵਾਰੀਖ ਵਾਲਾ ਲਿਖਦਾ ਹੈ ਕਿ ਉਸਦਾ ਨਾਉਂ ਗੁਰੂ ਜੀ ਨੇ ਬੰਦਾ ਸਿੰਘ ਰੱਖ ਦਿਤਾ ਸੀ। ਇਹ ਬੀ ਦੱਸੀਦਾ ਹੈ ਕਿ ਉਸਦਾ ਨਾਉਂ ਗੁਰਬਖਸ਼ ਸਿੰਘ ਧਰਿਆ ਸੀ। ਜਦੋਂ ਉਹ ਸ਼ਰਨਾਗਤ ਆਇਆ ਹੈ ਤਾਂ ਮਹਾਰਾਜ ਜੀ ਨੇ ਪੁਛਿਆ ਸੀ ਕਿ ਤੂੰ ਕੌਣ ਹੈਂ? ਉਸ ਕਿਹਾ ਸੀ ਮੈਂ ਬੰਦਾ। ਉਸ ਦਾ 'ਬੰਦਾ' ਕਹਿਣਾ ਹੀ ਉਸ

*੧. ਸੌ ਸਾਖੀ (੧੮੩੩-੩੭ ਈ:)-ਸੁਨ ਬੰਦੇ ਤੁਮ ਖਾਲਸਾ ਪੰਥ। ਮਿਲੋ ਖਾਲਸਾ ਪਾਹਿਲ ਸੰਥ।

੨. ਅਹਿਮਦ ਸ਼ਾਹ ਬਟਾਲੀਆ-ਪਸ ਹਮਾਂ ਗਾਹ ਓ ਰਾ ਪਾਹਲ ਦਾਦਹ ਸਿੰਘ ਕਰਦ ਵ ਬਾ ਖ਼ੁਦ ਬ ਡੇਹਰਾ ਆਵ੍ਹਰਦ। (ਪੰਨਾ ੧੧)

੩. ਅਲੀਉੱਦੀਨ ਮੁਫਤੀ-ਬੰਦਾ ਬਇਸਤਮਅ੍ ਈਂ ਮਾਅ੍ਨੀ ਅਜ਼ ਦਿਲੋ ਜਾਂਨ ਇਰਾਦਤਮੰਦ ਸ਼ੁਦ ਵਾ ਪਾਹਲ ਗਰਿਫਤਹ ਮੁਸਤਇਦ ਹੰਗਾਮਾ ਵਾ ਮੁਹਾਰਬਾ ਗਰਦੀਦ। (ਇਬਤਰਨਾਮਹ-੯੩)

੪. ਗਨੇਸ਼ਦਾਸ ਬਡਹਿਰਾ-ਦਰ ਅਸਨਾਏ ਰਾਹ ਸ਼ਖਸ਼ੇ ਮਝ੍ਹੂਲ ਉਲ ਇਸਮ ਵ ਨਸਬ ਰਾ ਮੁਸਤ-ਮਾਲ ਸਾਖਤਹ ਬ ਮਜ਼ਹਬੇ ਖ਼ੁਦ ਆਵਰੁਦ ਬਰ ਤਰਫ ਮਾਖੋਵਾਲ ਬ-ਨਿਆਬੰਤੇ ਖ਼ੁਦ ਰਵਾਨਾ ਕਰਦ। (ਰਸਾਲਾ ਸਾਹਿਬ ਨੁਮਾ-੧੮੬-੧੮੭)

੫. ਕਨ੍ਹੈਯਾ ਲਾਲ-ਬਾਵਜੂਦੇ ਕਿ ਅੱਵਲ ਵੋਹ ਖਾਨਦਾਨ ਬੈਰਾਗ ਕਾ ਚੇਲਾ ਥਾ, ਇਸ ਸਿਲਸਿਲਾ ਸੇ ਅਲਹਿਦਾ ਹੋ ਕਰ ਗੁਰੂ ਗੋਬਿੰਦ ਸਿੰਘ ਕਾ ਚੇਲਾ ਬਨ ਗਿਆ ਔਰ ਪਾਹੁਲ ਲੇਕਰ ਗੁਰੂ ਕਾ ਸਿਖ ਹੂਆ। (ਤਾਰੀਖੇ ਪੰਜਾਬ)

੬. ਸਿਖਾਂ ਦੇ ਰਾਜ ਦੀ ਵਿਥਜਾ-ਇਕ ਬੈਰਾਗੀ ਸਾਧ ਨੇ ਗੁਰੂ ਗੋਬਿੰਦ ਸਿੰਘ ਤੇ ਪਾਹੁਲ ਲਈ ਹੋਈ ਸੀ। (ਪੰਨਾ ੬੪)

੭. ਮੈਕਗ੍ਰੈਗਰ ਸਾਹਿਬ (੧੮੪੬ ਈ:) ਲਿਖਦੇ ਹਨ:-

Banda immediately consented, received the pahooldee and became a Sikh.
[History of the Sikhs p 106]

੮. ਮੁਹੰਮਦ ਲਤੀਫ ਦੀ ਪੰਜਾਬ ਦੀ ਹਿਸਟਰੀ ਵਿਚ ਐਉਂ ਲਿਖਿਆ ਹੈ-

Govind and Banda soon became intimate friends, and the former, by his persuasive eloquence and religious zeel made such a deep impression on the mind of Banda that he was intiated into the pahul, and became a disciple of the Guru. [History of Punjab, p. 294]

੯. ਗਜਾਨੀ ਗਜਾਨ ਸਿੰਘ (੧੯੦੦ ਈ:)-ਗੁਰੂ ਜੀ ਨੇ ਉਸਨੂੰ ਅਤਿਰਥੀ ਜੋਧਾ ਸ਼ੂਰਬੀਰ ਮਸਝਕੇ ਗੁਰੂ ਘਰ ਦਾ ਸਿਖ ਬਣਾ ਕਰ ਉਸ ਦਾ ਨਾਉਂ ਬੰਦਾ ਸਿੰਘ ਰਖ ਦਿਤਾ।
(ਤਵਾਰੀਖ ਖਾਲਸਾ ਪੰਨਾ ੧੪੨੨-੧੯੦੦ ਈ:)

ਤਥਾ-ਦਸਮਾ ਗੁਰ ਜਬ ਸਿੰਘਨ ਕੇਰਾ। ਦੇਸ ਬਿਰਾਜਨ ਤਜਾਗ ਅਛੇਰਾ।
ਦੱਖਣ ਦੇਸ਼ ਵਿਖੇ ਚਲ ਗਯੋ। ਵਲੀ ਸਾਧ ਇਕ ਤਾਂਹਿ ਮਿਲਯੋ।
ਚੇਲਾ ਕੀਨੋ ਸਹਜ ਸੁਭਾਯਕ। ਅਰ ਪੇਖ ਤਿਸ ਹੀ ਕੋ ਲਾਯਕ।
ਗੁਰ ਬੰਦਾ ਸਿੰਘ ਨਾਮ ਧਰਯੋ ਹੈ।
ਦੌਲਤ ਗੁਪਤ ਪ੍ਰਗਟ ਥੀ ਜੇਤੀ। ਗੁਰ ਬੰਦੇ ਸਿੰਘ ਕੋ ਦਈ ਤੇਤੀ।
(ਪੰਥ ਪ੍ਰਕਾਸ਼, ਪੰਜਵੀਂ ਵਾਰ, ਪੰਨਾ ੩੨੮)

ਦਾ ਪ੍ਰਸਿਧ ਨਾਮ ਹੋ ਗਿਆ ਤੇ ਅਜ ਤਕ ਰਹਿ ਗਿਆ। ਹੋਰ ਉਸ ਦੇ ਚਾਰੋਂ ਨਾਮ ਲਛਮਨ ਦਾਸ ਯਾ ਦੇਵ, ਮਾਧੋ ਦਾਸ, ਨਰਾਇਨ ਗਿਰ ਯਾ ਦਾਸ ਤੇ ਗੁਰਬਖਸ਼ ਸਿੰਘ ਆਮ ਲੋਕਾਂ ਵਿਚ ਪ੍ਰਸਿਧ ਨਹੀਂ ਹੋਏ। 'ਬੰਦਾ ਬੰਦਾ' ਹੀ ਅਜ ਤਕ ਵੱਜਦਾ ਹੈ।

ਬੰਦੇ ਨੂੰ ਹੁਣ ਸਿਖਾਂ ਵਿਚ ਵੱਸਕੇ ਪੰਜਾਬ ਦੇ ਸਾਰੇ ਹਾਲ ਮਲੂਮ ਹੋਏ, ਗੁਰੂ ਜੀ ਦੇ ਕਾਰਨਾਮਿਆਂ ਦਾ ਪਤਾ ਲਗਾ। ਸਾਹਿਬਜ਼ਾਦਿਆਂ ਦੀ ਅਕਹਿ ਚਲਾਣੇ ਦੀ ਘਟਨਾਂ, ਪੰਥ ਦੇ ਕਤਲ ਤੇ ਦੁਖੜੇ ਸੁਣੇ ਗੁਰੂ ਜੀ ਦੇ ਅਵਤਾਰ ਤੇ ਪੈਗੰਬਰੀ ਦੇ ਨਾਲ ਜਗਤ ਦੇ ਸਿਰੋਂ ਜ਼ੁਲਮ ਦੇ ਭਾਰ ਉਤਾਰਨ ਦੇ ਸਾਕੇ ਤੇ ਯਤਨ ਕੰਨੀਂ ਪਏ; ਤਦ ਉਸਦਾ ਸੁਤੇ ਹੀ ਪੁਰਾਣਾ ਬੀਰ ਮਨ ਉਛਾਲੇ ਖਾਵੇ ਤੇ ਚਾਹੇ ਕਿ ਉਸ ਮਹਾਨ ਦਾਤੇ ਦੀ ਕੋਈ ਸੇਵਾ ਕਰਾਂ, ਜਿਸ ਨੇ ਮੈਨੂੰ ਨਾਟਕਾਂ ਚੇਟਕਾਂ ਤੋਂ ਕੱਢਕੇ ਬ੍ਰਹਮ ਸਾਖਜਾਤਕਾਰ ਕੀਤਾ ਹੈ ਤੇ ਉਹ ਮਾਰਗ ਦੱਸਿਆ ਹੈ ਕਿ ਜਿਸ ਵਿਚ ਸਹਿਜੇ ਹੀ ਜੋਗੀ ਹੋਕੇ ਰਾਜ ਜੋਗ ਕਮਾ ਸਕੀਦਾ ਹੈ। ਸੁਰਤ ਸਦਾ ਸਾਈਂ ਦੀ ਲਿਵ ਵਿਚ ਰਹਿੰਦੀ, ਨਿਸ਼ਕਾਮ ਕੰਮ-ਜਿਨ੍ਹਾਂ ਵਿਚ ਉਤਸਾਹ ਹੋਵੇ-ਕਰ ਜਾਂਦੀ ਹੈ ਤੇ ਕੰਮ ਕਰਦੀ ਲਿਪਾਇਮਾਨ ਨਹੀਂ ਹੁੰਦੀ*। ਕੁਛ ਚਿਰ ਤਾਂ ਬੰਦੇ ਨੇ ਦਰਸ਼ਨਾਂ ਦਾ ਰਸ ਲਿਆ, ਸਤਿ-ਸੰਗਤ ਦਾ ਰਸ, ਅੰਤ੍ਰਾਤਮੇ ਹੋਕੇ, ਬ੍ਰਹਮ ਗਿਆਨੀ ਹੋਕੇ ਲਿਵਲੀਨਤਾ ਦਾ ਰਸ ਲਿਆ, ਫੇਰ ਦਾਤੇ ਦੀ ਮਿਹਰ ਨਾਲ ਕੀ ਡਿੱਠਾ ਕਿ ਮੈਂ ਸਿਮਰਨ ਵਿਚ ਰਹਿਕੇ ਕੰਮ ਬੀ ਕਰ ਸਕਦਾ ਹਾਂ, ਤਦ ਉਸ ਫੈਸਲਾ ਕੀਤਾ ਕਿ ਜੇ ਦਾਤਾ ਹੁਕਮ ਕਰੇ ਤਾਂ ਮੈਂ ਉਹ ਕੁਛ ਜ਼ਰੂਰ ਕਰਾਂ ਜੋ ਕੁਛ ਕਿ ਦਾਤਾ ਆਖੇ।

ਜੰਗ ਸਭ ਕੋਈ ਕਰ ਸਕਦਾ ਹੈ, ਹਉਂ ਹੰਕਾਰ ਵਿਚ ਕੁਰਬਾਨੀ ਕਰਨੀ ਬੀ ਬਹੁਤ ਕਠਨ ਨਹੀਂ, ਪਰ ਵਾਹਿਗੁਰੂ ਦਾ ਰਸੀਆ ਹੋਕੇ ਤੇ ਕੋਈ ਕਾਮਨਾ ਨਾ ਰੱਖਕੇ ਨਿਰੇ ਪਰਾਏ ਭਲੇ ਹਿਤ ਜੰਗ ਕਰ ਸਕਨਾ, ਇਹ ਉਨ੍ਹਾਂ ਜੋਗੀਆਂ ਦਾ ਕੰਮ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਏ।

ਇਕ ਦਿਨ ਗੁਰੂ ਜੀ ਉਸ ਥਾਵੇਂ ਬੈਠੇ ਸੇ ਜੋ ਹੁਣ ਸ਼ਿਕਾਰ ਘਾਟ ਕਹਿਲਾਉਂਦਾ ਹੈ। ਸ਼ਿਕਾਰ ਖੇਡਕੇ ਆਏ ਸਨ, ਕਮਰਕਸੇ ਖੋਹਲਕੇ ਬਿਸਰਾਮ ਕਰ ਰਹੇ ਸੇ, ਕੁਛ ਸਿੰਘ ਪ੍ਰਸ਼ਾਦ ਤਿਆਰ ਕਰ ਰਹੇ ਸੇ, ਬੰਦਾ ਪਾਸ ਬੈਠਾ ਚਰਨ ਦਬਾ ਰਿਹਾ ਸੀ ਕਿ ਗੁਰੂ ਜੀ ਬੋਲੇ:-

ਤਿਆਗ ਭਲਾ ਹੈ ਕਿ ਗ੍ਰਹਣ?

ਬੰਦਾ-ਨਿਰਾ ਗ੍ਰਹਣ ਮੈਂ ਆਪਣੇ ਘਰ ਰਾਜੋਰੀ ਰਹਿੰਦਿਆਂ ਕਰ ਡਿੱਠਾ ਹੈ, ਨਿਰਾ ਤਿਆਗ ਮੈਂ ਨਾਸਕ ਤੇ ਨਾਦੇੜ ਰਹਿਕੇ ਉਮਰਾ ਗਾਲਕੇ ਕੀਤਾ ਹੈ। ਦੋਵੇਂ ਦੁੱਖ ਦਾ ਮੂਲ ਹਨ। ਜੇ ਆਪ ਨੈਣ ਖੁਹਲ ਦਿਓ, ਪਾਰ ਉਤਾਰੇ ਦਾ ਝਾਕਾ ਬਖਸ਼ ਦਿਓ, ਮਨ ਨੀਵਾਂ ਮਤ ਉੱਚੀ ਕਰ ਦਿਓ, ਮਤ ਵਾਹਿਗੁਰੂ ਦੀ ਰਾਖੀ ਵਿਚ ਰਖਵਾ ਦਿਓ, ਫੇਰ ਗ੍ਰਹਣ ਤਿਆਗ ਕੱਠੇ ਹੋ ਜਾਂਦੇ ਹਨ ਤੇ ਦੋਵੇਂ ਵਾਹਿਗੁਰੂ ਦਾ ਜਲਾਲ ਪਏ ਪ੍ਰਗਟ ਕਰਦੇ ਹਨ। ਹਉਂ ਹੰਕਾਰ ਦੇ ਬੱਧੇ ਗ੍ਰਹਣ ਤਿਆਗ ਦੋਏ ਨਿਕੰਮੇ ਦਿੱਸ ਪਏ ਹਨ, ਹਾਂ ਤੁਸਾਂ ਦਰਸਾਏ ਹਨ।

ਗੁਰੂ ਜੀ-ਫੇਰ ਜੇ ਕੋਈ ਗ੍ਰਿਹਸਤ ਵਿਚ ਮਾਇਆਧਾਰੀ ਹੋਕੇ ਤੇ ਰੱਬ ਨੂੰ ਭੁਲਾ ਕੇ ਦਾਵਾ ਕਰੇ ਕਿ ਗ੍ਰਿਹਸਤ ਬੜਾ ਹੈ, ਕਿਉਂਕਿ ਸਾਧੂ ਗ੍ਰਿਹਸਥੀ ਤੋਂ ਦਾਨ ਲੈਕੇ ਖਾਂਦੇ ਹਨ, ਤਾਂ ਅਫਲ ਡੀਂਗ ਹੈ ਤੇ ਜੇ ਤਿਆਗੀ ਡੀਂਗ ਮਾਰੇ ਕਿ ਮੈਂ ਮਹਾਂ ਬਲੀ ਹਾਂ, ਜਿਸ ਗ੍ਰਿਹਮਥ ਜੈਸੀ ਸੁਖਦਾਈ ਸ਼ੈ ਨੂੰ ਲੱਤ ਮਾਰਕੇ ਤਿਆਗਿਆ ਤੇ ਦੁੱਖਾਂ ਨਾਲ ਨਿਹੁੰ ਲਾਇਆ ਹੈ, ਤਾਂ ਉਹ ਭੀ ਅਫਲ ਹੈ। ਜੇ ਮਾਈਂ ਰੰਗਰੱਤਾ ਮਾਨੁੱਖ ਗੋਦਾਵਰੀ ਕੰਢੇ ਬੈਠਾ ਰਹੇ ਤਾਂ ਮਫਲ, ਜੇ ਮੈਦਾਨ ਜੰਗ ਵਿਚ ਜਾ ਖੜਾ ਹੋਵੇ ਤਾਂ ਸਫਲ।

ਬੰਦਾ-ਸੱਤ ਹੈ।

ਗੁਰੂ ਜੀ-ਫੇਰ ਸਾਡੇ ਜੰਗ ਰਚਾਉਣੇ ਤੁਹਾਨੂੰ ਕੀ ਭਾਸੇ ਹਨ?

ਬੰਦਾ-ਆਪ ਦੇ ਚੋਜ।

ਗੁਰੂ ਜੀ-ਜੇ ਤੁਸਾਂ ਸਿਰ ਜੰਗ ਦੀ ਪੰਡ ਧਰੀ ਜਾਏ ਤਾਂ।

ਬੰਦਾ-ਜੇ ਆਪ ਧਰ ਦਿਓ ਤੇ ਅੰਦਰ ਮੇਰੇ ਬਹਿ ਜਾਓ ਤਾਂ ਨਾਮ ਰਸ ਰੱਤਿਆਂ, ਸੁਰਤ ਆਪ ਦੀ ਚਰਨੀਂ ਪ੍ਰੋਤਿਆਂ ਸੱਤ ਬਚਨ। ਮੈਂ ਤਿਆਗੀ ਦਾ ਤਿਆਗੀ ਹਾਂ, ਮੈਨੂੰ ਲੁੱਟ ਦਾ ਲਾਲਚ ਨਹੀਂ

*ਕਰਮ ਕਰਤਿ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥ {ਸੁਖਮਨੀ-੯}

ਰਾਜ ਦਾ ਮੋਹ ਨਹੀਂ, ਵਡਿਆਈ ਦੀ ਤ੍ਰਿਸ਼ਨਾਂ ਨਹੀਂ, ਆਪਦੇ ਹੁਕਮ ਵਿਚ ਮੈਂ ਕਾਰ ਕਰਨੀ ਹੈ। ਤੁਸੀਂ ਬਖਸ਼ੋ ਜੋ ਮੇਰੀ ਲਿਵ ਨਾ ਟੁੱਟੇ, ਮੇਰੇ ਨੈਣ ਬੰਦ ਨਾ ਹੋਣ, ਮੈਨੂੰ ਨਾਮ ਨਾ ਵਿਸਰੇ, ਮੈਂ ਕਰਦਾ ਹੋਇਆ ਫੇਰ ਅੱਕ੍ਰੈ* ਰਹਾਂ। ਹਾਂ ਮਿਹਰ ਕਰੋ ਜੋ ਮੈਂ ਮਾਇਆ ਵਿਚ ਭੁੱਲਕੇ, ਹਉਂ ਵਿਚ ਅੱਟਕਕੇ, ਆਚਰਨ ਵਿਚ ਗਿਰ ਕੇ, ਨਿਜ ਦੇ ਲਾਭ ਦੀ ਤ੍ਰਿਸ਼ਨਾਂ ਵਿਚ ਆਕੇ ਜੰਗ ਨਾ ਕਰਾਂ, ਨਾ ਹੀ ਸਾਂਧ ਬਣਕੇ ਆਪੇ ਤੇ ਜਗਤ ਨਾਲ ਰੁੱਸਕੇ ਵੱਖ ਹੋ ਬੈਠਾਂ।

ਸਤਿਗੁਰ ਇਸ ਵੇਲੇ ਮੁਸਕ੍ਰਾਏ ਤੇ ਬੰਦੇ ਨੂੰ ਗਲ ਲਾਕੇ ਬੋਲੇ: "ਤੈਨੂੰ ਬੁਲੰਦ ਕੀਤਾ ਹੈ ਤੇ ਬਿਜਈ ਆਗੂ ਕੀਤਾ ਹੈ।"

ਬੰਦਾ ਸਮਝ ਗਿਆ, ਨੈਣ ਭਰ ਲਿਆਇਆ, ਸਿਰ ਨਿਵਾ ਦਿੱਤਾ ਤੇ ਉਸ ਡਾਢੀ ਮ੍ਰਿਦੁਲ ਤੇ ਦ੍ਰਵੀ ਹਾਲਤ ਵਿਚ ਫਿਰ ਬੋਲਿਆ:-

"ਮੈਂ ਬੰਦਾ"

ਬੰਦੇ ਨੂੰ ਬੰਦਾ ਕਹਾ ਕੇ ਤੇ ਆਪ 'ਮੈਂ ਬੰਦਾ' ਕਹਿਕੇ ਸੁਆਦ ਸੀ, ਉਸਨੇ ਮਾਇਆ ਦੇ ਪਟਲਾਂ ਵਿਚ ਰਹਿਕੇ ਦੁਖ ਪਾਇਆ ਸੀ; ਜਿਸ ਦਾਤੇ ਨੇ ਜਾਗ ਆ ਬਖਸ਼ੀ, ਅਮੁੱਲੀ ਆ ਬਖਸ਼ੀ, ਘਰ ਆਕੇ ਬਖਸ਼ੀ, ਉਸ ਨਾਲ ਇਸ ਨੇ ਤਾਂ ਜੰਗ ਹੀ ਰਚਾ-ਇਆ ਸੀ, ਪਰ ਉਸ ਦਾਤੇ ਨੇ ਅੱਗੋਂ ਦਾਤ ਬਖਸ਼ੀ ਸੀ ਤੇ ਦਾਤ ਅਕਹਿ ਬਖਸ਼ੀ ਸੀ, ਕਿਸ ਤਰ੍ਹਾਂ ਨਾ ਸੱਚਾ ਤੇ ਸਾਫ ਦਿਲ ਸਦਕੇ ਹੋਵੇ ਤੇ 'ਮੈਂ ਬੰਦਾ' ਕਹਿ ਕਹਿਕੇ ਖੁਸ਼ ਹੋਵੇ।

ਸਤਿਗੁਰ ਪਸੀਜੇ, ਸਿਰ ਤੇ ਪਿਆਰ ਦਿੱਤਾ, ਅਪਣੀ ਕਮਾਨ ਉਸ ਦੇ ਮੋਢੇ ਪਹਿਨਾ ਦਿੱਤੀ ਤੇ ਇਕ ਭੱਥਾ ਪੰਜਾਂ ਤੀਰਾਂ ਦਾ ਉਸਨੂੰ ਆਪ ਸਜਾ ਦਿੱਤਾ ਤੇ ਆਖਿਆ:-"ਵੇਖ! ਇਹ ਤੇਰੀ ਤਾਕਤ ਹੈ ਜੋ ਤੈਨੂੰ ਬਖਸ਼ੀ ਹੈ, ਇਹ ਚਿੰਨ੍ਹ ਹੈ ਜੋ ਤੇਰਾ ਨਿਸ਼ਾਨ ਹੋਵੇਗਾ, ਇਹ ਓਟ ਹੈ ਜੋ ਆੜੇ ਵੇਲੇ ਕੰਮ ਆਵੇਗੀ, ਤੂੰ ਪਰਤਕੇ ਦੇਸ਼ ਜਾਣਾ ਹੈ, ਖਾਲਸੇ ਨੂੰ ਜਥੇਬੰਦ ਕਰਕੇ ਟੋਰਨਾ ਹੈ ਤੇ ਜ਼ੁਲਮ ਦੂਰ ਕਰਨਾ ਹੈ।"

*ਅੱਕ੍ਰੈ=ਨਾ ਕਰਨ ਵਾਲਾ।

੩.

ਇਕ ਦਿਨ ਚੋਜੀ ਸਤਿਗੁਰੂ ਬੈਠੇ ਸੇ ਕਿ ਗੁਰਬਖਸ਼ ਸਿੰਘ ਯਾ ਬੰਦਾ ਸਿੰਘ (ਬੰਦਾ) ਆ ਗਿਆ। ਮੱਥਾ ਟੇਕ ਕੇ ਬੈਠ ਗਿਆ। ਹੁਕਮ ਹੋਇਆ ਕਿ ਬਾਬਿਆਂ ਨੂੰ ਬੁਲਾਓ। ਸੋ ਬਾਬੇ ਓਸੇ ਵੇਲੇ ਹਾਜ਼ਰ ਹੋ ਗਏ:-

ਬਾਬਾ ਬਿਨੋਦ ਸਿੰਘ ਤੇ ਉਨ੍ਹਾਂ ਦਾ ਪੁਤ੍ਰ ਬਾਬਾ ਕਾਹਨ ਸਿੰਘ।

ਫੇਰ ਹੁਕਮ ਦਿੱਤਾ: ਬਾਜ ਸਿੰਘ, ਰਾਮ ਸਿੰਘ, ਬਿਜੈ ਸਿੰਘ ਨੂੰ ਸੱਦੋ।

ਤਦੋਂ ਹਾਜ਼ਰ ਹੋਏ ਭਾਈ ਬਾਜ ਸਿੰਘ, ਭਾਈ ਰਾਮ ਸਿੰਘ, ਭਾਈ ਬਿਜੈ ਸਿੰਘ।

ਹੁਕਮ ਹੋਇਆ ਤੁਸੀਂ ਪੰਜੇ ਮਸਲਤੀ ਬਣਾਏ ਹਨ, ਬੰਦਾ (ਗੁਰਬਖਸ਼) ਸਿੰਘ ਅਸਾਂ ਆਗੂ ਥਾਪਿਆ ਹੈ ਖਾਲਸੇ ਦਾ। ਬੰਦਾ ਆਗੂ, ਜੱਥੇਬੰਦੀ ਦਾ ਜੱਥੇਦਾਰ, ਫੌਜਾਂ ਦਾ ਸਰਦਾਰ, ਜੰਗ ਦਾ ਅਤਿਰਥੀ ਜੋਧਾ, ਖਾਲਸੇ ਦੇ ਸਿਰ 'ਜੋ ਰਾਜਨੈਤਿਕ ਕੰਮ' ਧਰਿਆ ਹੈ, ਉਸਦਾ ਆਗੂ। ਸੁਣੋ ਭਾਈ ਖਾਲਸਾ! ਬੰਦਾ ਅਸਾਂ ਗੁਰੂ ਨਹੀਂ ਥਾਪਿਆ, ਆਪਣਾ ਜਾਨਸ਼ੀਨ ਨਹੀਂ ਕੀਤਾ। ਪੰਥ ਖਾਲਸੇ ਵਿਚ ਬੰਦਾ ਧਾਰਮਕ ਆਗੂ ਨਹੀਂ, ਪਰ ਖਾਲਸੇ ਦਾ ਰਾਜਨੈਤਿਕ ਜੱਥੇਦਾਰ, ਪ੍ਰਬੰਧ ਕਾਰ।

ਪੰਜ ਸਿੰਘ ਮਸਲਤਕਾਰ ਥਾਪੇ ਹਨ, ਇਨ੍ਹਾਂ ਦੀ ਸਲਾਹ ਨਾਲ ਬੰਦਾ ਪੰਥ ਦੀ ਜੱਥੇਦਾਰੀ ਕਰੇਗਾ। ਧਾਰਮਕ ਕੰਮ ਵਿਚ ਬੰਦਾ ਆਪੇ ਇਕੱਲਾ ਆਗੂ ਬਣਕੇ ਕਦੇ ਅਗੁਵਾਨੀ ਨਹੀਂ ਕਰੇਗਾ। ਧਾਰਮਕ ਕੰਮਾਂ ਵਿਚ ਪੰਜਾਂ ਦੀ ਸੰਮਤੀ ਨਾਲ ਕੰਮ ਕਰੇਗਾ:

ਬੰਦਾ-ਸੱਚੇ ਪਾਤਸ਼ਾਹ! ਮੈਂ ਤਾਂ ਦਿਨਾਂ ਦਾ ਬਾਲਕ ਹਾਂ, ਅਗੁਵਾਨੀ ਕਿਸ ਤਰ੍ਹਾਂ ਕਰਾਂਗਾ? ਮੈਂ ਬੰਦਾ ਹਾਂ, ਮੈਨੂੰ ਨੌਕਰੀ ਬਖਸ਼ੋ।

ਸਾਹਿਬ ਬੋਲੇ-ਇਹ ਅਗੁਵਾਨੀ ਤੇਰੀ ਬੰਦਗੀ ਹੈ।

ਬੰਦਾ-ਪਾਤਸ਼ਾਹ! ਮੈਂ ਮੱਦਦ ਦਾ ਮੁਹਤਾਜ ਹਾਂ, ਮੈਨੂੰ ਆਪਣੇ ਤੇ ਭਰੋਸਾ ਨਹੀਂ।

ਗੁਰੂ ਸਾਹਿਬ ਜੀ-ਪੰਜ ਸਿੰਘ ਤੇਰੇ ਮਸਲਤ-ਕਾਰ ਨਾਲ ਹਨ, ਇਹ ਤੇਰੀ ਧਿਰ ਤੇ ਧੁਰ ਹੋਣਗੇ। ਛਿਆਂ ਨੇ ਮਿਲਕੇ ਵਿਚਾਰਕੇ ਕੰਮ ਕਰਨਾ, ਤੁਸਾਂ

ਇਨ੍ਹਾਂ ਨਾਲ ਵਿਗਾੜਨੀ ਨਹੀਂ।

ਬੰਦੇ ਨੇ ਤੇ ਪੰਜਾਂ ਸਿੰਘਾਂ ਨੇ ਸਿਰ ਨਿਵਾਇਆ।

ਬੰਦਿਆ! ਮਾਇਆ ਜਦੋਂ ਆਉਂਦੀ ਹੈ ਤਾਂ ਭਰਮਾਉਂਦੀ ਹੈ, ਪਰ ਸੂਰਮੇ ਦਾ ਕੰਮ ਹੈ ਬਲਕਾਰ; ਬਲ ਦਾ ਆਸਰਾ ਹੈ ਜਤ, ਤੁਸਾਂ ਸਿਰ ਬੜਾ ਭਾਰੀ ਕੰਮ ਹੈ, ਤੁਸੀਂ ਨਿਸ਼ਕਾਮ ਸੇਵਾ ਦਾ ਕੰਮ ਲੈਕੇ ਚਲੇ ਹੋ, ਤੁਸਾਂ ਕਿਸੇ ਐਸ਼ ਵਿਚ ਨਹੀਂ ਰੁੱਝਣਾ। ਜਤੀ ਰਹਿਸੋ ਤਾਂ ਦਿਨ ਰਾਤ ਆਪਣੇ ਆਹਰ ਵਿਚ ਲਗੇ ਰਹਿਸੋ, ਐਸ਼ ਵਿਚ ਪਏ ਤਾਂ ਢਿੱਲੇ ਹੋ ਜਾਸੋ। ਸੁਰਤਿ ਨੇ ਢਿੱਲ ਖਾਧੀ, ਫਿਰ-

'ਨਾ ਅਰਥ ਨਾ ਪਰਮਾਰਥ'।

ਸੁਰਤਿ ਕੱਸੀ ਰਹੇ ਤਾਂ ਹੀ ਇਲਾਹੀ ਨਾਦ ਸਾਫ ਵੱਜਦਾ ਹੈ ਤੇ ਤਾਂ ਹੀ ਇੰਨਾਂ ਭਾਰੀ ਕੰਮ ਜੋ ਤੁਸੀਂ ਕਰਨ ਚਲੇ ਹੋ ਸਿਰੇ ਚੜ੍ਹਦਾ ਹੈ।

ਬੰਦਾ ਬੁਲੰਦਾ! ਫੇਰ ਸੁਣੋ:-

(੧) ਪੰਜਾਂ ਮਸਲਤਕਾਰਾਂ ਦੀ ਸਲਾਹ ਨਾਲ ਕਾਰਜ ਕਰਨੇ, ਇਨ੍ਹਾਂ ਦਾ ਤੇਰਾ ਸਦਾ ਇਕ ਮਤਾ ਰਹੇ, ਇਨ੍ਹਾਂ ਨਾਲੋਂ ਫੁੱਟਣਾ ਨਹੀਂ।

(੨) ਤੂੰ ਰਾਜਨੈਤਿਕ ਜਥੇਦਾਰ ਹੈਂ, ਗੁਰੂ ਨਹੀਂ। ਗੁਰੂ ਨਾ ਬਣੀਂ ਪੰਥ ਖਾਲਸੇ ਦਾ, ਨਾ ਆਪਣਾ ਪੰਥ ਚਲਾਈਂ ਕਿਸੇ ਹੋਰ ਨਾਮ ਹੇਠ। ਖਾਲਸੇ ਦਾ ਅਦਬ ਰੱਖਣਾ।

(੩) ਸਚ ਦਾ ਤਿਆਗ ਨਾ ਕਰੀਂ।

(੪) ਜਤੀ ਰਹਿਣਾ।

ਜੇ ਏਹ ਹੁਕਮ ਮੰਨੇਗਾ ਤੇਰਾ ਤੇਜ ਵਧੇਗਾ ਫਤਹ ਤੇਰੇ ਮਗਰ ਫਿਰੇਗੀ। ਕੋਈ ਭੀੜ ਆ ਬਣੇ ਤੇ ਕੋਈ ਪੇਸ਼ ਨਾ ਜਾਵੇ ਤਾਂ ਓਸ ਦਿਨ ਬਖਸ਼ੇ ਤੀਰਾਂ ਵਿਚੋਂ ਅਰਦਾਸ ਕਰਕੇ ਇਕ ਚਲਾਵੀਂ, ਤੇਰੀ ਫਤਹ ਹੋਵੇਗੀ।

ਇਕ ਦਿਨ ਗੁਰੂ ਸਾਹਿਬ ਜੀ ਓਥੇ ਬੈਠੇ ਸੇ ਕਿ ਜਿਸ ਨੂੰ ਪਿਛੋਂ ਨਗੀਨਾ ਘਾਟ ਸੱਦਿਆ ਹੈ। ਗੋਦਾਵਰੀ ਦੀ ਧਾਰਾ ਮੰਦ ਮੰਦ ਵਹਿ ਰਹੀ ਸੀ, ਆਪ ਓਸ ਦੇ ਐਨ ਤਟ ਤੇ ਬੈਠੇ ਚਰਨ ਕਮਲ ਵਿਚ ਲਮਕਾਏ ਬੈਠੇ ਸੇ ਤੇ ਉਸ ਦੇ ਨਿਕੇ ਨਿਕੇ ਤ੍ਰੰਗਾਂ ਵਲ ਤੱਕ ਰਹੇ ਸੇ ਕਿ ਬੰਦੇ ਨੇ ਆ ਮੱਥਾ ਟੇਕਿਆ। ਆਪ ਨੇ ਪਿਆਰ ਦੇਕੇ ਪਾਸ ਬਹਾਲ ਲਿਆ। ਬੰਦੇ ਨੇ ਬੇਨਤੀ ਕੀਤੀ:-

ਸਚੇ ਪਾਤਸ਼ਾਹ! ਆਪ ਦੋ ਜਹਾਨ ਦੇ ਵਾਲੀ ਹੋ ਤੇ ਦਾਸ ਬੈ-ਖਰੀਦ ਬੰਦਾ ਹੈ। ਜੋ ਹੁਕਮ ਹੋਇਆ ਖੁਸ਼ੀ ਨਾਲ ਕਰਨਾ ਹੈ। ਉਹੋ ਹੁਕਮ ਮੇਰੀ ਕਲਜਾਣ ਹੈ, ਮੇਰੀ ਖੁਸ਼ੀ ਹੈ, ਮੇਰਾ ਜੀਵਨ ਤੇ ਮੇਰੀ ਮੁਕਤੀ ਹੈ, ਪ੍ਰੰਤੂ ਕੰਮ ਬਹੁਤ ਭਾਰੀ ਹੈ ਤੇ ਮਹਾਂ ਪੁਰਖਾਂ ਧੁਰੋਂ ਆਇਆਂ ਦੇ ਕਰਨ ਵਾਲਾ ਹੈ। ਮੈਂ ਇਕ ਦਾਸਾਂ ਵਿਚੋਂ ਵੀ ਨੀਵਾਂ ਤੇ ਨਵਾਂ ਦਾਸ ਹਾਂ, ਮੈਨੂੰ ਕਾਮ-ਯਾਬੀ ਦੀ ਬੀ ਨਿਰਾਸਤਾ ਨਹੀਂ, ਉਹ ਸਭੋ ਕੁਛ ਆਪ ਦੇ ਹੁਕਮ ਨੇ ਕਰ ਘੱਤਣਾ ਹੈ, ਮੈਂ ਤਾਂ ਇਕ ਬਹਾਨਾ ਬਣਨਾ ਹੈ। ਸੋ ਮੈਨੂੰ ਇਹ ਕੰਮ ਕਰਨੋ ਨਾ ਡਰ ਆ ਰਿਹਾ ਹੈ ਤੇ ਨਾ ਨਿਰਾਸਤਾ ਹੋ ਰਹੀ ਹੈ, ਪਰੰਤੂ ਮੈਂ ਏਸ ਜੋਗ ਨਹੀਂ। ਦੋ ਵੈਰਾਗ ਮੈਨੂੰ ਉੱਠਦੇ ਹਨ, ਇਕ ਤਾਂ ਆਪ ਦੇ ਚਰਨਾਂ ਦੀ ਖਿੱਚ ਮੈਨੂੰ ਆਪ ਤੋਂ ਵਿਛੁੜਨ ਨਹੀਂ ਦੇਂਦੀ, ਦੂਜੇ ਇਸ ਮਹਾਨ ਕਾਰਜ ਵਿਚ ਭੁੱਲਾਂ ਕਰ ਬੈਠਣ ਦਾ ਡਰ ਹੈ।

ਸਤਿਗੁਰ ਜੀ ਮੁਸਕ੍ਰਾਏ, ਅਸਮਾਨਾਂ ਵਲ ਤੱਕੇ, 'ਵਾਹਿਗੁਰੂ' ਦੋ ਵਾਰੀ ਕਿਹਾ ਤੇ ਫੇਰ ਬੰਦੇ ਦੇ ਮੱਥੇ ਵਲ ਤੱਕ ਕੇ ਬੋਲੇ-"ਬੰਦੇ ਬੁਲੰਦੇ ਪਿਆਰੇ ਜੀਓ! ਪਿਆਰ ਦੀ ਝਰਨਾਟ ਬਿਨਾਂ ਮਨੁਖ ਪਸ਼ੂ ਹੈ, ਸਾਈਂ ਵਲੋਂ ਇਹ ਦਾਤ ਤੁਹਾਨੂੰ ਲੱਭੀ, ਸੱਚਾ ਰੱਬੀ ਪਜਾਰ ਤੁਹਾਡੇ ਅੰਦਰ ਆਇਆ, ਇਸਦਾ ਰੂਪ ਖਿਚ ਹੈ ਤੇ ਖਿੱਚ ਵਿਛੁੜਨ ਨਹੀਂ ਦੇਂਦੀ, ਖਿਚ ਨੇੜੇ ਨੇੜੇ ਰੱਖਣ ਦਾ ਜਤਨ ਕਰਦੀ ਹੈ। ਸੋ ਜੇ ਖਿੱਚ ਨਾ ਟੁੱਟੇ, ਵਾਸਾ ਭਾਵੇਂ ਦੂਰੀ ਤੇ ਹੋਵੇ, ਬੰਦਾ ਜੀਉਂਦਾ ਹੈ। ਬਾਕੀ ਰਹੇ ਦਰਸ਼ਨ 'ਰੱਬੀ ਪਿਆਰ' ਦਾ ਨੇਮ ਹੈ ਕਿ ਦੂਰੀ ਤੇ ਵਸਦਿਆਂ ਬੀ 'ਦਰਸ਼ਨ-ਝਲਕੇ' ਵਜਦੇ ਰਹਿੰਦੇ ਹਨ ਤੇ ਇਧਰੋਂ ਅਸਾਂ ਬੀ ਤੁਸਾਨੂੰ ਭੁੱਲਣਾ ਨਹੀਂ ਹੈ।" ਇਹ ਕਹਿੰਦੇ ਰੰਗ ਪਲਟ ਗਿਆ, ਦੋ ਟੋਪੇ ਮੋਤੀਆਂ ਵਰਗੇ ਅੱਖਾਂ ਵਿਚ ਡਲ੍ਹਕਦੇ ਤਾਂ ਦਿਸੇ ਪਰ ਡਿਗਦੇ ਨਹੀਂ ਦਿੱਸੇ। "ਬੰਦਿਆ! ਅਸੀਂ ਬੀ ਅਪਣੇ ਪ੍ਰੀਤਮ ਤੋਂ ਵਿਛੁੜ ਕੇ ਆਏ ਹਾਂ, ਜਦੋਂ ਹੁਕਮ ਹੋਇਆ ਸੀ, ਸਾਡਾ ਜੀ ਬੀ ਇਸ ਲੋਕ ਵਿਚ ਆਉਣ ਤੇ ਨਹੀਂ ਸੀ, ਪਰ ਹੁਕਮ ਕਰਕੇ ਆਉਣਾ ਬੀ ਸੀ। ਆਏ, ਪਰ ਸੁਰਤ ਦੀ ਤਾਰ ਓਥੇ ਹੀ ਵੱਜਦੀ ਹੈ, ਭਾਵੇਂ ਕਿੰਨੇ ਕਠਨ ਕੰਮਾਂ ਵਿਚ ਹਾਂ, ਪਰ ਸੁਰਤ ਪ੍ਰੀਤਮ ਵਾਹਿਗੁਰੂ ਜੀ ਦੇ ਚਰਨਾਂ ਵਿਚ

ਸਦਾ ਖੁਭੀ ਰਹਿੰਦੀ ਹੈ[1]। ਇਹ ਆਧਾਰ ਤੇ ਏਹਾ ਜੀਵਨ ਹੈ, ਇਸ 'ਲਗਾਉ' ਬਿਨਾਂ ਮਨੁਖ ਦੇਵ ਸ੍ਰੇਣੀ ਵਿਚ ਨਹੀਂ ਰਹਿੰਦਾ, ਇਸ ਲਗਾਉ ਬਿਨਾਂ ਮਨ ਬੇਥਵਾ ਤੇ ਬੇ ਟਿਕਾਣੇ ਰਹਿੰਦਾ ਹੈ। ਜੇ ਕੋਈ ਆਸਰੇ ਤੇ ਟੇਕਾਂ ਅਨਾਤਮ ਦੁਨੀਆਂ ਵਿਚੋਂ ਬਣਾਉਂਦਾ ਹੈ ਤਾਂ ਓਹ ਉਸ ਨੂੰ ਅਸਲੀ 'ਆਤਮ ਕੇਂਦਰ' ਤੋਂ ਬੇਥਵੀ ਵਿੱਥ ਤੇ ਸੁੱਟੀ ਰਖਦੇ ਹਨ। ਕੇਂਦਰ ਹੀਨ ਹੋਣਾ ਬੇਥਵਾ ਹੋਣਾ ਹੈ, ਬੇਥਵਾ ਹੋਣਾ ਆਪੇ ਤੋਂ ਗੁਆਚੇ ਰਹਿਣਾ ਹੈ। ਚਾਰ ਜੁਗਾਂ ਦੀ ਆਰਜਾ ਹੋਵੇ, ਨੌਖੰਡ ਵਿਚ ਪ੍ਰਸਿਧ ਹੋਵੇ, ਜਗਤ ਮਹਿੰਮਾ ਕਰੇ, ਪਰ ਕਿਸੇ ਕੰਮ ਨਹੀਂ। ਰਾਜ ਸੰਸਾਰ ਦਾ ਮਾਣੇ, ਹੁਕਮ ਟੋਰੇ, ਸਿਧ ਹੋਵੇ, ਕਰਾਮਾਤਾਂ ਕਰੇ[2], ਪਰ ਕੁਛ ਨਹੀਂ, ਕਿਉਂਕਿ ਸਭ ਕੁਛ ਹੋਕੇ 'ਆਤਮ-ਕੇਂਦ੍ਰ' ਦੇ ਲਗਾਉ ਬਿਨ ਬੇਥਵਾ ਰਹਿੰਦਾ ਹੈ, ਨਾ ਏਥੋਂ ਅਸਲੀ ਰਸ ਲੱਭਦਾ ਹੈ, ਨਾ ਅਗੇ; ਨਾ ਦੇਵ ਸ੍ਰੇਣੀ ਵਿਚ ਏਥੇ ਪਰੋਚਦਾ ਹੈ ਨਾ ਅਗੇ। ਸੋ ਸ਼ੁਕਰ ਕਰੋ ਕਿ ਤੁਸਾਨੂੰ ਸਚੀ ਪ੍ਰੀਤ ਦੀ ਝਰਨਾਟ ਛਿੜੀ, ਤੁਸਾਂ ਨੂੰ ਖਿੱਚ ਲਗੀ, ਤੁਸਾਨੂੰ ਖਿੱਚ ਨੇ ਆਤਮ ਕੇਂਦ੍ਰ ਤੇ ਖਿੱਚਕੇ ਲੈ ਆਂਦਾ, ਮਨ ਸਿਧਾ ਹੋ ਗਿਆ ਤੇ ਵਲ ਨਿਕਲ ਗਏ, ਹੁਣ ਸਾਈਂ ਮਿਹਰ ਕਰੇ, ਖਿੱਚ ਜਾਰੀ ਰਹੇ ਤੇ ਆਤਮ-ਕੇਂਦ੍ਰ ਦਾ 'ਲਗਾਉ' ਅੰਦਰੋਂ ਕਦੇ ਨਾ ਹਿੱਲੇ।

ਬੰਦਿਆ! ਤੈਨੂੰ ਅਸਾਂ ਇਕ ਅਮਲੀ ਕੰਮ ਸੌਂਪਿਆ ਹੈ, ਇਹ ਗਲਾਂ ਜੋ ਅਸਾਂ ਕੀਤੀਆਂ ਹਨ, ਖਿਆਲ ਮੰਡਲ ਦੀਆਂ ਹਨ, ਵਰਤਾਰੇ ਵਾਲੇ ਯਾ ਅਮਲੀ ਲੋਕ 'ਖਿਆਲ-ਮੰਡਲ' ਦੇ ਆਦਰਸ਼ਾਂ ਨੂੰ ਮਖੌਲ ਕਰਿਆ ਕਰਦੇ ਹਨ, ਪਰ ਯਾਦ ਰੱਖਣਾ 'ਆਦਰਸ਼' ਬਿਨਾਂ 'ਅਮਲ' ਤਾਕਤਾਂ ਦਾ ਵਿਅਰਥ ਗੁਆਚਣਾ ਹੈ। ਆਦਰਸ਼ ਵਿਚ ਹੀ ਸਾਰਾ ਬਲ ਹੈ।

ਜੋ ਗਲ ਅਸਾਂ ਉਤੇ ਦੱਸੀ ਹੈ ਉਹ ਅਮਲ ਕਰਨ ਵਾਲੇ ਅੰਦਰਲੇ ਦੀ ਜਾਗ ਹੈ, ਅੰਦਰਲਾ ਜਾਗ ਕੇ ਕੇਂਦ੍ਰ ਤੇ ਖੜੋਕੇ ਜਗਤ ਨਾਲ ਇਕ ਖਾਸ ਰੁਖ਼ ਬਣਾਉਂਦਾ ਹੈ, ਜਿਸ ਵਿਚ ਉਹ ਸਾਖੀ ਜਿਹਾ ਹੋਕੇ ਅਮਲ ਕਰਨ ਵਿਚ ਸਦਾ ਉੱਚਾ ਤੇ ਕੁਛ ਨਿਰ-ਲੇਪ ਜਿਹਾ, ਪਰ ਕਾਮਯਾਬੀ ਦਾ ਗੇਂਦ ਸਦਾ ਬੋਚ ਲੈ ਜਾਣ ਵਾਲਾ ਹੋ ਜਾਂਦਾ ਹੈ, ਸੋ ਇਹ ਆਦਰਸ਼ ਅਮਲੀ ਜੀਵਨ ਦਾ ਪਹਿਲਾ ਅੰਗ ਹੈ। ਇਸ ਬਿਨਾਂ ਅਮਲ ਮਾਇਆ ਵਿਚ ਗੁਆਚ ਜਾਣਾ ਹੈ, ਪਾਪੀ ਹੋ ਜਾਣਾ ਹੈ, ਖਿੰਡਾਉ ਹੈ, ਇੰਤਸ਼ਾਰ ਹੈ, ਵਿਪਰਯਯ ਹੈ, ਵਿਖਜੇਪ ਹੈ, ਯਾਦ ਰੱਖੋ ਸੁਰਤ ਦਾ ਖਿੰਡਾਉ ਬਲ ਨੂੰ ਹਾਰਨਾ ਹੈ।

ਜਿਥੇ ਏਕਾਗ੍ਰਤਾ ਹੈ, ਬਲ ਹੈ।
ਜਿਥੇ ਖਿੰਡਾਉ ਹੈ, ਬਲ ਹਾਰਨਾ ਹੈ।

ਸੋ ਅਮਲੀ ਜੀਵਨ ਲਈ ਪਹਿਲਾਂ 'ਆਦਰਸ਼' ਤੇ ਫੇਰ ਅੰਤ੍ਰਆਤਮੇ ਇਸਦੀ ਪ੍ਰਾਪਤੀ, ਇਹ ਤੁਹਾਨੂੰ ਮਿਲ ਚੁਕੇ ਹਨ।

ਹੁਣ ਸਮਝੋ ਅਮਲੀ ਮੁਸ਼ਕਲਾਂ, ਅਮਲੀ ਜ਼ਿੰਦਗੀ ਵਿਚ ਜਦ ਜਾ ਪਈਦਾ ਹੈ ਤਾਂ ਅਮਲੀ ਮੁਸ਼ਕਲਾਂ ਸਾਹਮਣੇ ਆਉਂਦੀਆਂ ਤੇ ਲੋਕਾਂ ਨਾਲ ਮੁਕਾਬਲੇ ਪੈਂਦੇ ਹਨ, ਵਾਹ ਪੈਂਦੇ ਹਨ, ਵਰਤੋਂ ਹੁੰਦੀਆਂ ਹਨ। ਲੋਕੀਂ ਕੇਂਦ੍ਰ ਹੀਨ ਹੁੰਦੇ ਹਨ, ਉਹ ਆਪਣੇ ਕੰਮਾਂ ਵਿਚ ਕਾਮਯਾਬੀ ਦੇ ਫਿਕਰ ਵਿਚ ਸੱਚ ਝੂਠ, ਦਗਾ ਫਰੇਬ ਸ਼ੁਧ ਆਚਰਨ ਦੇ ਉਲਟ ਕਰਨੀਆਂ ਤੇ ਪਾਪ ਅਪਰਾਧ ਕਰਨੋਂ ਕਿਤੇ ਨਹੀਂ ਅਟਕਦੇ। ਓਹ ਲੋਕ ਇਸ ਤਰ੍ਹਾਂ ਦੇ ਕਰ-ਤਵਾਂ ਨਾਲ 'ਆਤਮ ਕੇਂਦ੍ਰ ਤੇ ਖੜੇ ਆਦਮੀ' ਨੂੰ ਮੁਸ਼ਕਲਾਂ ਵਿਚ ਫਸਾਉਂਦੇ ਹਨ, ਉਨ੍ਹਾਂ ਮੁਸ਼ਕਲਾਂ ਨੂੰ ਭੰਨ ਕੇ ਕਾਮਯਾਬੀ ਪ੍ਰਾਪਤ ਕਰਨੇ ਦਾ ਜੋਸ਼ ਇਸ ਕੇਂਦਰ ਵਾਲੇ ਨੂੰ ਬੀ, ਜੋਸ਼ ਤੇ ਤ੍ਰਿੱਖਾਪਨ ਦੇਂਦਾ ਹੈ। ਇਹ ਜ਼ੋਰ ਲਾਉਂਦਾ ਤੇ ਉਨ੍ਹਾਂ ਨੂੰ ਭੰਨਦਾ ਹੈ ਤੇ ਕਈ ਵੇਰ ਆਪਣੇ ਹੱਦ ਬੰਨੇ ਟੱਪ ਜਾਂਦਾ ਹੈ, ਭੁੱਲਾਂ ਕਰ ਬੈਠਦਾ ਹੈ ਤੇ ਉਨ੍ਹਾਂ ਵਾਂਙੂ ਛਲਾਂ ਤੋਂ ਕੰਮ ਲੈਣ ਲਗ ਜਾਂਦਾ ਹੈ, ਇਖ਼ਲਾਕ ਤੋਂ ਪਰੇ ਹੋ ਜਾਂਦਾ ਹੈ। ਪਰ ਫਿਰ ਇਸ ਨੂੰ ਉਹ ਅੰਦਰਲੀ ਸੁਰਜੀਤ-ਤਾਈ ਮੋੜਾ ਮਾਰਦੀ ਹੈ, ਇਹ ਫੇਰ ਪੈਰਾਂ ਭਾਰ ਡਿਗਦਾ ਹੈ ਤੇ ਆਪਣੇ ਕੇਂਦ੍ਰ ਤੇ ਖੜੋਕੇ ਸਾਰੀ ਹਾਲਤ ਤੱਕਦਾ ਹੈ ਤੇ ਆਪਣੇ ਅਸਲੇ ਤੇ ਖੜੋ ਜਾਂਦਾ

---

੧. ਚਿਤ ਨਾ ਭਇਓ ਹਮਰੋ ਆਵਨ ਕਹਿ।
ਚੁਭੀ ਰਹੀ ਸ੍ਰੁਤ ਪ੍ਰਭ ਚਰਨਨ ਮਹਿ॥
(ਸ੍ਰੀ ਮੁਖ ਵਾਕ ਪਾਤਸ਼ਾਹੀ ੧੦)

੨. ਜੇ ਜੁਗ ਚਾਰੇ ਆਰਜਾ। ਪੁਨਾ-ਸੁਲਤਾਨੁ ਹੋਵਾ ਮੇਲਿ ਲਸਕਰ। ਪੁਨਾ-ਸਿਧੁ ਹੋਵਾ ਸਿਧਿ ਲਾਈ।
{ਸਿਰੀ:ਮ:੧-੧}

ਹੈ ਪਰ ਮੁਬਾਰਕ ਹੈ ਉਹ ਹਾਲਤ ਕਿ ਇਹ ਸਦਾ ਕੇਂਦ੍ਰ ਤੇ ਰਹੇ ਤੇ ਉਥੇ ਟਿਕਿਆ ਕੰਮ ਕਰੇ।

ਜਿਸ ਤਰ੍ਹਾਂ ਪਰਮਾਰਥ ਵਿਚ ਗ੍ਰਹਿਣ ਤਿਆਗ ਦੋ ਮਾਰਗ ਹੰਨ, ਇਸ ਤਰ੍ਹਾਂ ਅਮਲੀ ਜੀਵਨ ਹੈ। ਤਿਆਗ ਹੈ ਮਨ ਦਾ ਵਿਚਾਰ ਕਰਕੇ ਸਰਬ ਅਨਾ-ਤਮ ਦਾ ਤਿਆਗ ਕਰਨਾ, ਅਪਣੀ 'ਮੈਂ' ਯਾ ਹਉਂ ਦੇ ਕੰਮਾਂ ਦੀ ਪਕੜ ਛੱਡਣਾ ਤੇ ਇਕ ਤਰ੍ਹਾਂ ਦੀ ਨਿਰਵਿਰਤੀ ਚਿਤ ਵਿਚ ਵਸਾਉਣੀ, ਕਿਸੇ ਤੇ ਵਾਧਾ ਨਾ ਕਰਨਾ, ਆਪੇ ਝੱਲਣਾ, ਹਾਰਨਾ ਤੇ ਪਿੱਛੇ ਹਟਣਾ। ਗ੍ਰਹਿਣ ਹੈ ਰਜੋ ਗੁਣ ਵਿਚ ਵੱਸਣਾ, ਹਉਂ, ਬਲਕਾਰ, ਮਾਣ ਦਾਵੇ ਬੰਨ੍ਹਣੇ, ਆਪ ਸਭ ਤੋਂ ਅਗੇ ਤੇ ਉੱਚੇ ਹੋਣਾ, ਹਰ ਕਿਸੇ ਨੂੰ ਹੇਠ ਲਾਉਣਾ ਤੇ ਅਪਣੇ ਅਗੇ ਤੋਰਨਾ, ਆਦਿ।

ਪਹਿਲੇ, ਤਿਆਗ ਮਾਰਗ ਦੇ ਇੰਤਹਾ ਦਾ ਨਮੂਨਾ ਹਿੰਦੂ ਤੇ ਹਿੰਦ ਦੇ ਰਾਜੇ ਹਨ ਤੇ ਦੂਸਰੇ ਗ੍ਰਹਣ ਮਾਰਗ ਦੇ ਇੰਤਹਾ ਦਾ ਨਮੂਨਾ ਇਹ ਮੁਗ਼ਲ ਪਾਤਸ਼ਾਹ ਹਨ। ਹਿੰਦੂਆਂ ਨੇ ਆਦਰਸ਼ਕ ਤਿਆਗ ਕੀਤਾ, ਅਮਲ ਵਿਚ ਤਿਆਗ ਆਇਆ। ਇਨ੍ਹਾਂ ਦੇ ਤਿਆਗ ਨੇ ਬੜੇ ਬੜੇ ਬ੍ਰਹਮ ਗਿਆਨੀ, ਰਿਖੀ, ਦਰਸ਼ਨ ਵਿੱਦਯਾ ਦੇ ਪੰਡਤ ਪੈਦਾ ਕੀਤੇ, ਤਪ ਤੇ ਸੰਨਯਾਸ ਦੀਆਂ ਬੇਮਿਸਾਲ ਮਿਸਾਲਾਂ ਉਤਪਤ ਕੀਤੀਆਂ, ਪਰ ਇਨ੍ਹਾਂ ਦੇ ਨਿਰੇ ਤਿਆਗ ਦੀ ਸੁੰਦਰਤਾ ਦੇ ਉਪਦੇਸ਼ ਆਮ ਪਰਜਾ ਤੇ ਲੋਕਾਂ ਵਿਚ ਇਕ ਢਿੱਲਾਪਨ ਪੈਦਾ ਕਰ ਗਏ, ਗੁਣਵਾਨ ਤੇ ਉੱਚੇ ਮਨਾਂ ਵਾਲੇ ਤਿਆਗੀ ਹੋ ਬਨਾਂ ਨੂੰ ਟੁਰ ਗਏ। ਬਾਕੀ ਲੋਕ ਅਯਾਸ਼ ਹੋ ਇਖ਼ਲਾਕ ਤੋਂ ਢਹਿ ਪਏ*। ਇਸ ਤਰ੍ਹਾਂ ਸ਼ਰੀਰਕ ਬਲ ਵਿਚ ਏਹ ਲੋਕ ਸੰਸਾਰ ਵਿਚ ਨਿਰਬਲ ਹੋ ਗਏ ਤੇ ਸਿੱਟਾ ਇਹ ਹੋਇਆ ਕਿ ਅਪਣੇ ਘਰਾਂ ਦੇ ਬੀ ਆਪ ਮਾਲਕ ਨਾ ਰਹੇ, ਅਪਣੇ ਦੇਸ਼ ਵਿਚ ਆਪ ਓਪਰੇ ਤੇ ਬਦੇਸ਼ੀ ਹੋ ਗਏ।

ਮੁਗ਼ਲਾਂ ਵਿਚ ਗ੍ਰਹਿਣ ਵੱਸਦਾ ਹੈ। ਇਨ੍ਹਾਂ ਨੇ ਤਿਆਗ ਦੀ ਸੁੰਦਰਤਾ ਤੱਕੀ ਹੀ ਨਹੀਂ ਸੀ, ਇਹ ਸੂਰਬੀਰਤਾ, ਬਹਾਦਰੀ, ਦਾਨ, ਮਾਲਕੀ, ਹਕੂਮਤ ਵਿਚ ਗਏ, ਮਾਇਆ ਦੀ ਟੇਕ ਵਾਲੀ ਚੜ੍ਹਦੀ ਕਲਾ ਇਨ੍ਹਾਂ ਨੂੰ ਲੱਭੀ, ਸਭ ਕੋਈ ਇਨ੍ਹਾਂ ਅੱਗੇ ਝੁਕਦਾ ਬੀ ਹੈ, ਪਰ ਏਹ ਜ਼ੋਰ ਜ਼ੁਲਮ ਵਿਚ ਲੰਘ ਗਏ। ਹੱਕ ਅਨਹੱਕ ਦੀ ਪਛਾਣ ਛੱਡ ਬੈਠੇ, ਸੱਚ ਝੂਠ ਤੋਂ ਲਾਂਭੇ ਹੋ ਗਏ। ਹੁਣ ਇਨ੍ਹਾਂ ਦੇ ਕੰਮਾਂ ਵਿਚ ਤੇ ਜਾਂਗ਼ਲੀ ਜਾਨਵਰਾਂ ਦੇ ਕੰਮਾਂ ਵਿਚ ਨਿਰਾ ਚਤੁਰਾਈ ਦੇ ਵਾਧੇ ਦਾ ਫਰਕ ਹੇ ਹੋਰ ਕੋਈ ਫਰਕ ਨਹੀਂ ਹੈ। ਗ੍ਰਹਿਣ ਤੇ ਤਿਆਗ ਦੋਵੇਂ ਆਦਰਸ਼ ਖ਼ੂਬਸੂਰਤ ਹੋ ਸਕਦੇ ਹਨ, ਪਰ ਇਕੱਲੇ ਇਕੱਲੇ ਦੋਵੇਂ ਹਾਨੀਕਾਰਕ ਹੱਦਾਂ ਤੇ ਅੱਪੜ ਜਾਇਆ ਕਰਦੇ ਹਨ।

ਸੁਖਦਾਈ ਅਵਸਥਾ ਇਹ ਹੈ ਕਿ ਨੀਂਹ ਤਾਂ ਤਿਆਗ ਦੀ ਰੱਖੋ ਅਰ ਉਹ ਨੀਂਹ ਤਾਂ ਰੱਖ ਹੁੰਦੀ ਹੈ ਜੇ ਪਹਿਲਾਂ ਆਤਮ ਕੇਂਦ੍ਰ ਦਾ ਟਿਕਾਉ ਪ੍ਰਾਪਤ ਹੋਵੇ। ਕੇਂਦਰ ਤੇ ਖੜੇ ਨੂੰ ਨਾਸ਼ਮਾਨ ਜਗਤ ਨਾਸ਼-ਮਾਨ ਦਿੱਸਦਾ ਹੈ ਤੇ ਉਸ ਵਿਚ ਅੰਨ੍ਹਾਂ ਹੋ ਕੇ ਕਦੇ ਨਹੀਂ ਫਸਦਾ, ਪਰ ਤਿਆਗ ਦਾ ਉਹ ਆਦਰਸ਼ ਨਾ ਬੰਨ੍ਹੇ ਕਿ ਜੰਗਲਾਂ ਨੂੰ ਭੱਜ ਜਾਏ (ਹਾਂ, ਅਪਣਾ ਵਿਤ ਜ਼ਰੂਰ ਪਛਾਣਕੇ ਟੁਰੇ), ਪਰ ਵਿਚੇ ਰਹੇ ਤੇ ਕੰਮ ਕਰੇ। ਏਥੋਂ ਹੁਣ ਗ੍ਰਹਿਣ ਸ਼ੁਰੂ ਹੋ ਗਿਆ, ਉਹ ਕੰਮ ਕਰੇ ਸਾਰੀ ਕਿਸਮ ਦੇ ਜੋ ਕੁਦਰਤ ਉਸਦੇ ਸਪੁਰਦ ਕਰੇ। ਉਨ੍ਹਾਂ ਵਿਚ ਇਹ ਆਪ ਸਾਖੀ ਹੋਣ ਕਰਕੇ ਚੜ੍ਹਦੀਆਂ ਕਲਾਂ ਵਿਚ ਵੱਸੇਗਾ, ਐਉਂ ਜਾਪੇਗਾ ਕਿ ਇਹ ਗ੍ਰਹਿਣ ਵਿਚ ਹੈ, ਪਰ ਇਹ ਹਨੇਰੇ ਵਿਚ ਨਹੀਂ ਪੈਰ ਧਰੇਗਾ, ਇਸ ਕਰਕੇ ਇਸ ਦੇ ਕਰਤੱਵ ਅਮਲੀ ਜੀਵਨ ਦੇ ਅਮਲ, ਜ਼ੋਰ ਜ਼ੁਲਮ ਤੇ ਨਹੀਂ ਜਾਣਗੇ। ਇਹ ਕਾਇਰ, ਡਰਾਕੁਲ, ਨਿਮਾਣਾ ਨਹੀਂ ਹੋਵੇਗਾ, ਇਹ ਨਿਰਭੈ ਹੋਵੇਗਾ, ਪਰ ਇਹ ਦੁਖਦਾਈ ਤੇ ਜ਼ਾਲਮ ਨਹੀਂ ਹੋਵੇਗਾ। ਕਪਟੀ, ਛਲੀਆ, ਝੂਠਾ ਤੇ ਜ਼ਾਲਮ ਨਹੀਂ ਬਣੇਗਾ, ਵਧੀਕੀ ਨਹੀਂ ਕਰੇਗਾ, ਨਿਆਂ ਦੀ ਹੱਦ ਤੋਂ ਨਹੀਂ ਟੱਪੇਗਾ। ਸਦਾ ਜਾਗਦਾ ਰਹੇਗਾ ਤੇ ਕਦੇ ਗ਼ਲਤੀ ਨਾ ਕਰੇਗਾ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ {ਸਲੋਕ ਮ: ੯}

ਬੰਦਾ-ਮੈਂ ਪਹਿਲੀ ਤੁਕ ਨਹੀਂ ਸਮਝਿਆ।

ਸਾਹਿਬ ਬੋਲੇ-'ਕਿਸੇ ਨੂੰ ਭੈ ਨਾ ਦੇਣਾ' ਇਹ

*ਅੱਠਵੀਂ ਨਾਵੀਂ ਸਦੀ ਦੀ ਅਯਾਸ਼ੀ ਨੂੰ ਇਤਿਹਾਸਕਾਰ ਹਿੰਦ ਦੀਆਂ ਕਾਲੀਆਂ ਸਦੀਆਂ ਸਮਝਦੇ ਹਨ।

ਅਸਲ ਤਿਆਗ ਮਾਰਗ ਹੈ।

'ਕਿਸੇ ਦਾ ਭੈ ਨਾ ਮੰਨਣਾ' ਇਹ ਅਸਲ ਗ੍ਰਹਿਣ ਮਾਰਗ ਹੈ।

ਦੋਹਾਂ ਦਾ ਮੇਲ ਸਿੱਖੀ ਮਾਰਗ ਹੈ।

ਨੀਂਹ ਤਿਆਗ ਦੀ, ਇਮਾਰਤ ਗ੍ਰਹਿਣ ਦੀ। ਫਲ:-

'ਇਹ ਲੋਕ ਸੁਖੀਏ ਪਰਲੋਕ ਸੁਹੇਲੇ॥'{ਗਉ:ਮ:੫}

ਬੰਦਾ-ਅਭੈ ਪਦ ਤਾਂ ਸ਼ਾਸਤ੍ਰਕਾਰਾਂ ਨੇ ਬੀ ਪਰਮ ਪਦ ਦਰਸਾਇਆ ਹੈ।

ਗੁਰੂ ਜੀ-ਪਰ ਉਹ ਆਦਰਸ਼ ਹੈ ਤਿਆਗ ਦਾ। ਅਮਲੀ (ਸੰਸਾਰਕ) ਜੀਵਨ ਵਿਚ ਅਭੈਪਦ ਜ਼ੋਰ ਜ਼ੁਲਮ ਦੀ ਸ਼ਕਲ ਵਿਚ ਪਲਟ ਜਾਂਦਾ ਹੈ, ਸੋ ਜੇ ਉਸਨੂੰ ਨਿਰਮਲ ਰੱਖਣਾ ਹੋਵੇ ਤਾਂ ਦੂਸਰੇ ਨੂੰ ਭੈ ਨਾ ਦੇਣਾ, ਇਹ ਤਿਆਗ ਦਾ ਅਸੂਲ ਧਾਰਨਾਂ ਜ਼ਰੂਰੀ ਹੈ। ਭੈ ਉਹ ਨਾ ਦੇਵੇਗਾ ਜੋ ਵੈਰ ਹੀਨ ਹੋਵੇਗਾ, ਇਸ ਲਈ ਅਸਾਂ ਖਾਲਸੇ ਲਈ ਆਦਰਸ਼ ਬਣਾਇਆ ਹੈ ਕਿ ਸਦਾ ਯਾਦ ਰੱਖੋ ਕਿ:-

ਕਰਤਾਰ ਨੇ ਪਹਿਲਾਂ ਮੌਤ ਸਾਜੀ, ਮੌਤ ਕਦੇ ਨਾ ਭੁੱਲੇ। ਫੇਰ ਅੰਦਰੋਂ ਆਪਣੇ ਕੇਂਦਰ ਤੇ ਆਵੇ, ਆਤਮ ਕੇਂਦਰੀ ਬਣੇ, ਫੇਰ ਉਹ ਨਿਰਵੈਰ ਹੋ ਜਾਏਗਾ ਚੜ੍ਹਦੀਆਂ ਕਲਾਂ ਹੋ ਜਾਣਗੀਆਂ, ਅਭੈ ਪਦ ਆ ਜਾਵੇਗਾ, ਹੁਣ ਉਹ ਵੈਰ ਹੀਨ ਹੋਣ ਕਰਕੇ ਭੈ ਕਿਸੇ ਨੂੰ ਨਹੀਂ ਦੇਵੇਗਾ, ਸੋ ਉਹ ਆਪ ਅਭੈ ਹੋਕੇ ਹੋਰਨਾਂ ਨੂੰ ਅਭੈ ਹੋਣ ਦਾ ਮੌਕਿਆ ਦੇਵੇਗਾ, ਜੇ ਆਪ ਭੈਦਾਇਕ ਹੋ ਜਾਏਗਾ ਤਾਂ ਉਹ ਹੋਰਨਾਂ ਨੂੰ ਅਭੈ ਹੋਣੋਂ ਰੋਕੇਗਾ। ਕੋਈ ਨੇਕੀ ਨੇਕੀ ਨਹੀਂ, ਜੋ ਨੇਕੀ ਨੂੰ ਵਧਣੋਂ ਰੋਕੇ। ਸੋ ਜੋ ਅਭੈ ਪਦ ਤੇ ਹੈ ਉਹ ਹੋਰ ਕਿਸੇ ਨੂੰ ਅਭੈ ਹੋਣੋਂ ਰੋਕ ਨਹੀਂ ਸਕਦਾ, ਇਸ ਕਰਕੇ ਖਾਲਸਾ ਉਹ ਹੈ ਜੋ-

'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ।'

ਜਗਤ ਮਿਥਿਆ ਹੈ। ਬੰਦਿਆ! ਇਸਨੇ ਰਹਿਣਾ ਨਹੀਂ, ਤਾਂਤੇ ਜੀਵ ਜੋ ਇਸ ਵਿਚ ਆਇਆ ਹੈ ਜਨਮ ਸਫਲਾ ਕਰੇ, ਆਪਣੇ ਅੰਦਰ ਅਪਣੇ ਕੇਂਦਰ ਤੇ ਟਿਕੇ, ਆਪਣੇ ਅੰਦਰਲੇ ਦਾ ਲਗਾਉ ਆਪਣੇ ਮੂਲ ਕਾਰਨ ਵਾਹਿਗੁਰੂ ਦੀ ਲਗਨ ਵਾਲਾ, ਰੁਖ਼ ਵਾਲਾ, ਝੁਕਾਉ ਵਾਲਾ ਬਣਾਵੇ। ਇਹ ਕਾਰਜ ਹੋ ਗਿਆ ਤਦ ਅਸਲ ਸੰਨਜਾਸ ਹੋ ਗਿਆ। ਪਰ ਹੁਣ ਢਿੱਲੇ ਨਹੀਂ ਹੋਣਾ, ਸੁਰਤਿ ਕੱਸੀ ਰਹੇ, ਮਨ ਖੇੜੇ ਵਿਚ ਰਹੇ, ਤਾਂ ਜਾਣੋਂ ਕਿ ਅਸਲ ਚੜ੍ਹਦੀਆਂ ਕਲਾਂ ਦਾ ਵਾਸ ਹੋ ਗਿਆ, ਅਭੈ ਪਦ ਆ ਗਿਆ, ਹੁਣ ਉਸਦੇ ਕਰਤੱਬ ਕਿਸੇ ਨੂੰ ਭੈ ਨਾ ਦੇਣ। ਉਹ ਵਿਚਰੇਗਾ ਸਦਾ ਚੜ੍ਹਦੀਆਂ ਕਲਾਂ ਵਿਚ, ਜਗਤ ਤੇ ਸ਼ਰੀਰ ਨੂੰ ਮਿਥਿਆ ਜਾਣਕੇ ਉਹ ਸ਼ਰੀਰ ਦਾ ਸਭ ਤੋਂ ਸੁਹਣਾ ਵਰਤਾਉ ਕਰੇਗਾ, ਉਸਦੇ ਅਮਲ ਤੇ ਵਰਤਾਰੇ ਗ੍ਰਹਿਣ ਮਲੂਮ ਹੋਣਗੇ, ਉਹ ਬੜੇ ਮਜ਼ਬੂਤ ਤੇ ਅਹਿੱਲ ਆਚਰਣ ਦਾ ਹੋਵੇਗਾ, ਪਰ ਉਹ ਜ਼ੋਰ ਜ਼ੁਲਮ ਵਧੀਕੀ ਵਿਚ ਨਹੀਂ ਜਾਵੇਗਾ। ਝੂਠ, ਦਗ਼ੇ, ਫਰੇਬ, ਛਲ ਆਦਿ ਅਪਰਾਧਾਂ ਤੇ ਕਮੀਨੇਪਨਾਂ ਤੋਂ ਪਰੇ ਰਹੇਗਾ, ਉੱਚਾ ਤੇ ਸੁੱਚਾ ਵਿਚਰੇਗਾ, ਪਰ ਫੇਰ ਜਗਤ ਦੇ ਕੰਮ ਸੁਆਰੇਗਾ ਹੋਰਨਾਂ ਤੋਂ ਚੰਗੇ, ਖਾਲਸਾ ਇਹੋ ਹੈ*।

ਇੰਨੇ ਨੂੰ ਪੰਜ ਸਿੰਘ ਬੀ ਆ ਗਏ।

ਬੰਦਾ-ਬੜਾ ਉੱਚਾ ਤੇ ਸਾਫ ਆਦਰਸ਼ ਹੈ, ਪਰ ਵਰਤਾਰੇ ਵਿਚ ਕਠਨ ਹੈ।

ਗੁਰੂ ਜੀ-ਕੀਮਤੀ ਸ਼ੈ ਉਖੇਰੀ ਜਿਹੀ ਪ੍ਰਾਪਤ ਹੋਇਆ ਕਰਦੀ ਹੈ। ਕਦੇ ਇਸ ਭੁੱਲ ਵਿਚ ਨਹੀਂ ਪੈਣਾ:-'ਕਿ ਇਹ ਖਿਆਲੀ ਗੱਲਾਂ ਹਨ, ਅਸੀਂ ਅਮਲੀ ਜੀਵਨ ਵਿਚ ਪਏ ਹਾਂ', ਯਾ ਇਹ ਕਿ ਖਿਆਲ ਹੋਰ ਹੈ, ਵਰਤਾਰਾ ਹੋਰ ਹੈ। ਨਹੀਂ ਖਾਲਸਾ ਉਹ ਹੈ, ਜਿਸਦਾ 'ਖਿਆਲ, ਤੇ ਵਰਤਾਰਾ' ਅਨਜੋੜ ਨਾ ਖਾਵੇ।

'ਆਦਰਸ਼' ਬਿਨਾਂ 'ਅਮਲ' ਧੂਏਂ ਦਾ ਵੇਗ ਹੈ।

ਦੁਨੀਆਂ ਵਿਚ ਜਦ ਕੋਈ ਅਮਲੀ ਪਲਟਾ ਆਉਂਦਾ ਹੈ ਤਾਂ ਪਹਿਲੇ ਇਨਸਾਨਾਂ ਦੇ ਖਿਆਲਾਂ ਵਿਚ ਪਲਟਾ ਆਉਂਦਾ ਹੈ, ਸੋ ਖਿਆਲ ਹਾਸੇ ਦੀ ਗੱਲ ਹੀ ਨਹੀਂ, ਸਾਰੇ ਪਲਟੇ ਖਿਆਲ ਤੋਂ ਹੁੰਦੇ ਹਨ। ਇਸ ਕਰਕੇ ਖਿਆਲ ਯਾ ਆਦਰਸ਼ ਉੱਚਾ ਤੇ ਸੁੱਚਾ ਬਣਾਕੇ ਤੇ ਅੱਖਾਂ ਅੱਗੇ ਬੰਨ੍ਹਕੇ ਫੇਰ ਅਮਲ ਕਰਨਾ ਚਾਹੀਦਾ ਹੈ। ਸੋ ਤੁਸੀਂ ਸਮਝ ਲਓ ਕਿ

---

*ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥ ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥ ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥ ਪੂਰਨ ਜੋਤ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ॥੧॥

ਤੁਮਾਡਾ ਆਦਰਸ਼ ਇਹ ਹੈ, ਇਸੇ ਆਦਰਸ਼ ਨੂੰ ਅਸਾਂ ਅਮਲੀ ਜੀਵਨ ਦਿੱਤਾ, ਜਿਸ ਲਈ ਆਨੰਦ ਪੁਰ ਦਾ ਕੌਤਕ ਰਚਿਆ ਸੀ।

ਬੰਦਾ-ਉਹ ਕੀ ਸੀ?

ਸਾਹਿਬ ਜੀ ਨੇ ਬਿਨੋਦ ਸਿੰਘ ਬਾਬੇ ਨੂੰ ਆਗਜਾ ਕੀਤੀ ਕਿ ਅੰਮ੍ਰਿਤ ਦਾ ਪ੍ਰਸੰਗ ਸੁਣਾ ਦਿਓ। ਬਾਬਾ ਜੀ ਨੇ ਸਾਰਾ ਹਾਲ ਬੰਦੇ ਨੂੰ ਸੁਣਾਇਆ ਤੇ ਦੱਸਿਆ ਕਿ ਛਪੰਜਾ ਲੱਖ[1] ਸਿੱਖਾਂ ਵਿਚੋਂ ਪੰਜ ਪਯਾਰੇ ਸਾਜਕੇ ਸਤਿਗੁਰਾਂ ਨੇ ਇਕ ਨਮੂਨਾ[2] ਖੜਾ ਕਰ ਦਿੱਤਾ ਕਿ ਆਹ ਹੈ ਨਮੂਨਾ-ਖਾਲਸਾ। ਗੁਰੂ ਨੂੰ ਇਹ ਆਦਰਸ਼ ਪਸੰਦ ਹੈ। ਹੁਣ ਸਾਰੇ ਸਿੱਖਾਂ ਵਿਚ ਇਹ ਸੋਝੀ ਹੋ ਗਈ ਕਿ ਆਹ ਹੈ ਨਮੂਨਾ ਜੋ ਗੁਰੂ ਨੂੰ ਪਸੰਦ ਹੈ, ਸਾਨੂੰ ਚਾਹੀਏ ਕਿ ਇਸ ਨਮੂਨੇ ਨਾਲ, ਇਸ ਵੰਨਗੀ ਨਾਲ ਅਸੀਂ ਆਪਣੇ ਆਪ ਨੂੰ ਮੇਲੀਏ। ਸੋ ਪੰਥ ਵਿਚ ਆਮ ਕਾਇਆਂ ਪਲਟ ਆ ਗਈ। ਭਜਨ ਬੰਦਗੀ ਵਾਲੇ ਤਾਂ ਸਿਖ ਸਨ ਹੀ, ਮਨ ਸਾਧੇ ਹੋਏ ਸਨ; ਸੋ ਸਿਖ ਉਸ ਨਮੂਨੇ ਵਲ ਤੱਕ ਕੇ ਉਸੇ ਰੌ ਦੇ ਹੋਣ ਲਗੇ। ਸਤਿਗੁਰ ਜੀ ਨੇ ਨਿਰੇ ਪੰਜ ਪਿਆਰੇ ਹੀ ਨਹੀਂ ਸਨ ਪੈਦਾ ਕੀਤੇ, ਸਗੋਂ ਸਿੱਖ ਪੰਥ ਨੂੰ, ਨਹੀਂ ਸਾਰੇ ਜਗਤ ਨੂੰ ਇਕ ਪਲਟਾ ਦੇ ਦਿਤਾ ਹੈ। ਉਸ ਨਮੂਨੇ ਦੀ ਸੋਝੀ ਨੇ ਸਿਖਾਂ, ਹਿੰਦੂਆਂ ਤੇ ਮੁਸਲਮਾਨਾਂ ਵਿਚੋਂ ਖਾਲਸਾ ਨਮੂਨੇ ਤੇ ਆ ਜਾਣ ਵਾਲੇ ਲੋਕ ਪੈਦਾ ਕੀਤੇ। ਉਹ ਪੰਜ ਪਿਆਰੇ ਇਕ ਪੂਰਨਾ ਵਾਹ ਦਿਤਾ ਗਿਆ, ਜਿਸ ਮੁਤਾਬਕ ਬਣਨ ਦਾ ਚਾਉ ਫੈਲ ਗਿਆ ਤੇ ਆਪਣੀ ਕਲਾ ਵਰਤਾ ਗਿਆ।

ਬੰਦਾ ਸਾਰੇ ਵਿਸਥਾਰ ਨੂੰ ਸਮਝਦਾ ਤੇ ਵਿਚਾਰਦਾ ਕਿਨਾਂ ਚਿਰ ਸੋਚ ਤੇ ਸਤਿਗੁਰ ਦੀ ਸਿਫਤ ਸਲਾਹ ਵਿਚ ਗੁੰਮ ਹੋ ਰਿਹਾ।

ਗੁਰੂ ਜੀ-ਸੋ ਬੰਦੇ! ਇਸ ਖਾਲਸਾ ਆਦਰਸ਼ ਨੂੰ ਕਦੀ ਅੱਖਾਂ ਤੋਂ ਉਹਲੇ ਨਹੀਂ ਕਰਨਾ, ਜੰਗਾਂ ਦੇ ਚਾਉ ਤੇ ਲੁੱਟ ਦੇ ਲਾਲਚ ਵਿਚ ਸਾਰੇ ਦੇਸ਼ ਦੇ ਗੁੰਡੇ ਤੇ ਉਚੱਕੇ ਤੇਰੇ ਪਾਸ ਆਉਣਗੇ, ਪਰ ਤੂੰ ਆਦਰਸ਼ ਤੇ ਰਹਿਣਾ ਹੈ, ਭੀੜ ਵਧਦੀ ਦਾ ਚਾਉ ਤੇ ਫੌਜ ਬਣਦੀ ਦਾ ਲਾਲਚ ਤੈਨੂੰ ਆਦਰਸ਼ ਤੋਂ ਨਾ ਡੇਗੇ। ਭੇਡਾਂ ਦੇ ਵੱਗਾਂ ਨਾਲੋਂ ਇਕ ਸ਼ੇਰ ਕਾਫੀ ਹੈ! ਅਸਾਂ ਪੰਜ ਸਿੰਘ ਜੋ ਤੈਨੂੰ ਦਿਤਤੇ ਹਨ, ਏਹ ਸੁਹਣੇ ਦਿਦਾਰ ਵਾਲੇ, ਇਹ ਆਦਰਸ਼ਕ ਖਾਲਸਾ ਹਨ। ਇਹ ਨਮੂਨਾ ਹੈ ਜੋ ਕੰਮ ਕਰ ਸਕਦਾ ਹੈ। ਇਹ ਤੇਰੀਆਂ ਅੱਖਾਂ ਅਗੇ ਆਦਰਸ਼ ਹੈ। ਏਨ੍ਹਾਂ ਦੀ ਮਮਲਤ ਤੇਰੇ ਅਮਲਾਂ ਵਿਚ ਸਹਾਈ ਹੋਵੇਗੀ। ਜਗਤ ਖੁਦੀ ਵਿਚ ਹੈ, ਮਾਨੁਖ ਦੀ ਪੀੜ ਅਰਸ਼ਾਂ ਤਕ ਅੱਪੜੀ ਹੈ, ਇਸ ਦੁਖ ਨੂੰ ਹਰਨ ਵਾਸਤੇ ਅਸੀਂ ਆਏ ਹਾਂ, ਦੇਖੀਂ! ਮਤਾਂ ਪੀੜਾ ਹਰਦਾ ਤੂੰ ਪੀੜਾ ਦੇਣ ਲੱਗ ਜਾਏਂ। ਇਕ ਹੋਰ ਹੋਸ਼ ਰੱਖੀਂ:-

ਜਗਤ ਵਿਚ ਕਈ ਵੇਰ ਚੰਗੇ ਆਗੂ ਕੰਮ ਕਰਦੇ ਹਨ, ਉਹ ਆਪ ਕੋਈ ਉਚੇ ਆਦਰਸ਼ ਲੈਕੇ ਉਠਦੇ ਹਨ, ਪਰ ਆਪਣੇ ਮਗਰ ਲੱਗਣ ਵਾਲਿਆਂ ਨੂੰ ਕੋਈ ਨਮੂਨਾ ਬਣਾ ਕੇ, ਪੂਰਨਾ ਵਾਹਕੇ ਅਗੇ ਨਹੀਂ ਧਰਦੇ ਕਿ ਤੁਸੀਂ ਇਸ ਨਮੂਨੇ ਤੇ ਆਪਣੇ ਆਪ ਨੂੰ ਲਿਆਓ, ਤਾਂ ਮੇਰੇ ਨਾਲ ਕੰਮ ਕਰ ਸਕੋਗੇ। ਉਨ੍ਹਾਂ ਨੂੰ ਆਦਮੀਆਂ ਦੀ ਲੋੜ ਹੁੰਦੀ ਹੈ; ਜੋ ਮਿਲੇ ਨਾਲ ਰਲਾ ਲੈਂਦੇ ਹਨ; ਉਨ੍ਹਾਂ ਦੇ ਔਗੁਣ ਆਚਰਨ ਦੇ ਗਿਰਾਉ ਵਲ ਨਹੀਂ ਤੱਕਦੇ। ਇਸ ਤਰ੍ਹਾਂ ਭੈੜੇ ਲੋਕ ਤ੍ਰਿਸ਼ਨਾਲੂ ਤੇ ਕਈ ਵੇਰ ਲੋਭੀ ਪਾਪੀ ਬਦਚਲਣ ਉਸਦੇ ਕੱਠੇ ਕੀਤੇ ਦਲਾਂ ਵਿਚ ਰਲ ਜਾਂਦੇ ਹਨ, ਇਨ੍ਹਾਂ ਲੋਕਾਂ ਦੇ ਕਰਤਬ ਉਸਦੇ ਆਦਰਸ਼ ਤੇ ਉਸ ਦੇ ਮਨੋਰਥ ਨੂੰ ਸੱਟ ਮਾਰਦੇ ਹਨ ਤੇ ਅੰਤ ਕਾਮਯਾਬੀ ਨਹੀਂ ਹੁੰਦੀ। ਜੇ ਕੁਛ ਹੋਵੇ ਬੀ ਤਾਂ ਜਗਤ ਪੀੜਾ ਵਧਦੀ ਹੈ, ਪਾਪ ਵਧਦਾ ਹੈ, ਨਾਲ ਪਾਪ ਦਾ ਫਲ 'ਪੀੜਾ' ਵਧਦੀ ਹੈ। ਸੋ ਆਗੂ ਦਾ ਧਰਮ ਹੈ ਕਿ ਪਹਿਲਾਂ ਆਦਰਸ਼ ਬੰਨ੍ਹੇ, ਫੇਰ ਉਸ ਆਦਰਸ਼ ਤੇ ਲੋਕਾਂ ਨੂੰ ਲਿਆਵੇ, ਜੋ ਆਦਰਸ਼ ਤੇ ਆਉਣ ਉਸ ਨਮੂਨੇ ਵਲ ਟੁਰਨ ਉਤੇ ਜਤਨ ਲਾਉਣ, ਉਨ੍ਹਾਂ ਨੂੰ ਨਾਲ ਲਵੇ, ਆਚਾਰ ਹੀਣਿਆਂ ਤੋਂ ਪਰੇ ਰਹੇ। ਸੋ ਆਦਰਸ਼ ਤੇ ਅਮਲ ਦੋਏ ਅਸਾਂ ਤੁਹਾਨੂੰ ਸਮਝਾ ਦਿੱਤੇ ਹਨ। ਆਦਰਸ਼ ਤੋਂ ਉਖੜੋਗੇ ਤਾਂ ਦੁੱਖ ਪਾਓਗੇ।

ਬੰਦਾ-ਸੱਚੇ ਪਾਤਸ਼ਾਹ! ਕਾਰਜ ਖਰਾ ਕਠਨ ਸੀ, ਪਰ ਹੁਣ ਡਾਢਾ ਕਠਨ ਹੋ ਭਾਸਿਆ ਹੈ। ਆਪ ਨੇ ਮਿਹਰ ਕੀਤੀ ਹੈ, ਮੈਨੂੰ ਜਗਾ ਕੇ ਆਪੇ ਤੇ ਖੜਾ

---

੧. ਸਿਖਾਂ ਦੀ ਗਿਣਤੀ ਤਦੋਂ ਦੀ ਕੋਈ ਇਕ ਕਰੋੜ, ਕੋਈ ੫੬ ਲੱਖ ਦੀ ਦਸੀਂਦੀ ਚਲੀ ਆਈ ਹੈ।

੨. Type.

ਕੀਤਾ ਹੈ, ਮਿਹਰ ਕਰੋ, ਮੈਨੂੰ ਨਾਮ ਨਾ ਵਿਸਰੇ, ਆਪ ਦਾ ਪਿਆਰਾ ਚੰਦ ਮੁਖੜਾ ਨਾ ਉਹਲੇ ਹੋਵੇ, ਗੁਰ-ਬਾਣੀ ਮਿੱਠੀ ਲੱਗੇ, ਮੇਰਾ ਅੰਦਰਲਾ 'ਵਾਹਿਗੁਰੂ ਰੁਖੀਆ' ਰਹੇ, ਮੈਂ ਆਪ ਦੇ ਚਾਨਣੇ ਵਿਚ ਟੁਰਾਂ, ਏਹ ਪੰਜ ਖਾਲਸਾ ਮੇਰੇ ਸਹਾਈ ਹੋਣ, ਇਨ੍ਹਾਂ ਦੀ ਮਸਲਤ ਪੰਥ ਬਣਾਵੇ ਤੇ ਪੰਥ ਵਧਾਵੇ। ਪਰ ਹੇ ਸਾਈਂ! ਮੇਰੇ ਅਮਲਾਂ ਵਿਚ ਆਪ ਬੈਠੋ।

ਗੁਰੂ ਜੀ-ਦੇਖ ਬਈ! ਇਕ ਅਸੂਲ ਯਾਦ ਕਰ। ਤਾਕਤ ਸਾਰੀ ਏਕਾਗ੍ਰਤਾ ਵਿਚ ਹੈ। ਏਕਾਗ੍ਰਤਾ ਦੀ ਸਫਲਤਾ 'ਸ਼ੁਭ ਆਚਰਨ' ਨਾਲ ਹੈ।

ਮੋਟੀ ਅਮਲੀ ਗੱਲ ਇਹ ਯਾਦ ਰੱਖੀਂ: ਸ਼ੁਭ ਆਚਰਨ ਬਨਾਉਣਾ ਹੈ। ਭਲਿਆਂ ਨੂੰ ਜੋੜਨਾ ਹੈ ਤੇ ਕਾਰਜ ਕਰਨਾ ਹੈ।

ਬੰਦਾ-ਤਦ ਫੇਰ ਮੈਂ ਬੁਰੇ ਲੋਕਾਂ ਤੋਂ ਪਰੇ ਰਹਾਂ? ਤੇ ਅਕਸਰ ਡਿੱਠਾ ਹੈ ਕਿ ਬਲਕਾਰ ਮਾੜੇ ਲੋਕਾਂ ਵਿਚ ਹੁੰਦਾ ਹੈ ਤੇ ਜੁਧ ਜੰਗ ਬਲਕਾਰ ਵਾਲੇ ਹੀ ਕਰ ਸਕਦੇ ਹਨ?

ਗੁਰੂ ਜੀ-ਠੀਕ ਹੈ, ਪਰ ਬਲਕਾਰ ਵਾਲੇ ਜੋ ਬੁਰੇ ਹੁੰਦੇ ਹਨ, ਓਹ ਮਾੜੀ ਰਹਨੁਮਾਈ ਕਰਕੇ ਹੁੰਦੇ ਹਨ। ਬੁਰਿਆਂ ਨੂੰ ਚੰਗੀ ਰਹਨੁਮਾਈ ਦਿੱਤੀ, ਭਲੇ ਪਾਸੇ ਲਾਇਆ, ਬਦੀ ਛੁਡਾਈ, ਬਾਣੀ ਤੇ ਨਾਮ ਦਾ ਰਸੀਆ ਕਰ ਲਿਆ, 'ਖਾਲਸਾ' ਜੀ ਦੇ ਆਦਰਸ਼ ਤੇ ਲੈ ਆਂਦਾ, ਅੰਮ੍ਰਿਤ ਛਕਾਇਆ, ਕਾਰੇ ਲਾਇਆ। ਇਉਂ ਬਦੀ ਛੁੱਟ ਗਈ, ਬਲਕਾਰ ਭਲੇ ਅਰਥ ਕੰਮ ਆ ਗਿਆ। ਪਰ ਬੰਦਿਆ! ਏਸ ਭਿੱਤੀ ਹੇਠ ਜਾਲ ਹਈ, ਬਲਕਾਰ ਦੀ ਪਾਤਰ ਮਾੜੇ ਲੈ ਬਹੋ ਤਾਂ ਮਗਰੋਂ ਉਹ ਸਾਰੇ ਕੰਮਾਂ ਨੂੰ ਡੋਬਦੇ ਹਨ; ਬੁਰਿਆਂ ਨੂੰ ਭਲੇ ਬਨਾਉਣਾ ਕੋਈ ਸੌਖਾ ਕੰਮ ਨਹੀਂ। ਦੇਖ! ਵੱਡਿਆਂ ਦੀ ਕਰਨ.। ਭਾਈ ਬਿਧੀ ਚੰਦ ਪਤਾ ਹੈ ਕੌਣ ਮਨ?

ਬੰਦਾ-ਜੀ ਨਹੀਂ।

ਹੁਕਮ ਹੋਇਆ ਕਿ ਬਿਨੋਦ ਸਿੰਘ ਕਥਾ ਸੁਨਾਵੇ। ਸੋ ਉਸ ਨੇ ਸਾਰੀ ਸੁਨਾਈ।

ਗੁਰੂ ਜੀ-ਡਿੱਠਾ ਨੇ ਕਿ ਬਿਧੀ ਚੰਦ ਜੋ ਡਾਕੂ ਸੀ; ਕਿੱਡੇ ਬਲਕਾਰ ਵਾਲਾ ਤੇ ਕਿੱਡੀ ਅਕਲ ਵਾਲਾ ਸੀ। ਪੰਜਵੇਂ ਗੁਰਾਂ ਨੇ ਉਸ ਨੂੰ ਸਤਿਸੰਗ ਵਿਚ ਲਾਕੇ ਬਦੀ ਕੱਢ ਦਿੱਤੀ, ਉਸ ਦਾ ਲਾਲਚ ਕੱਢ ਦਿੱਤਾ, ਬਾਣੀ ਤੇ ਨਾਮ ਦਾ ਰਸੀਆ ਬਣਾ ਲਿਆ, ਉਹ ਫੇਰ ਛੇਵੇਂ ਗੁਰਾਂ ਕੋਲ ਮਹਾਂ ਉਪਕਾਰੀ ਹੋ ਗਿਆ! ਅਸਾਂ ਬੀ ਅਨੇਕਾਂ ਅਸ੍ਰੂਦਾਂ* ਨੂੰ ਦਰੁਸਤ ਕੀਤਾ, ਪਰ ਕਦੇ ਕਿਸੇ ਕਾਮਯਾਬੀ ਦੀ ਤੇਜ਼ੀ ਵਿਚ ਧਰਮ (ਕਿ ਅਸੂਲ) ਘਾਤ ਨਹੀਂ ਹੋਣ ਦਿੱਤਾ। ਅਸੀਂ ਧਰਮ ਉਬਾਰਨ ਆਏ ਹਾਂ, ਧਰਮ ਚਲਾਵਨ ਆਏ ਹਾਂ, ਸੰਤ ਰੱਖਿਆ ਵਾਸਤੇ ਆਏ ਹਾਂ, ਅਸੀਂ ਕਿਵੇਂ ਬੀ ਬਦੀ ਦਾ ਨਹੁੰ ਨਹੀਂ ਅੜਨ ਦੇਣਾ। ਖਾਲਸਾ ਮੇਰਾ ਰੂਪ ਹੈ, ਜੋ ਮੇਰਾ ਆਦਰਸ਼ ਹੈ ਸੋ ਖਾਲਸੇ ਦਾ ਹੈ, ਜੋ ਮੇਰਾ ਅਮਲ ਹੈ ਸੋ ਖਾਲਸੇ ਦਾ ਅਮਲ ਹੋਣਾ ਉਚਿਤ ਹੈ। ਤੁਸੀਂ ਮੇਰਾ ਕੰਮ ਕਰਨ ਚੱਲੇ ਹੋ, ਮੇਰੇ ਵਾਹਿਗੁਰੂ ਦਾ ਕੰਮ ਕਰਨ ਚੱਲੇ ਹੋ, ਤੁਸਾਂ ਉਸ ਮਾਲਕ ਦੇ ਆਦਰਸ਼ ਨੂੰ ਅੱਖੋਂ ਉਹਲੇ ਨਹੀਂ ਕਰਨਾ। ਹਰ ਸਮੇਂ ਤੇ ਹਰ ਹਾਲ ਇਨ੍ਹਾਂ ਪੂਰਨਿਆਂ ਤੇ ਟੁਰੋ।

ਬੰਦਾ ਤੇ ਸਾਰੇ ਸਿੰਘ-ਸਤਿ ਬਚਨ, ਆਪ ਦੀ ਬਰਕਤ ਨਾਲ।

ਗੁਰੂ ਜੀ-ਹੁਣ ਤੁਸਾਂ ਟੁਰਨਾ ਐਉਂ ਹੈ:- ਪੰਜਾਬ ਨੂੰ ਜਾਓ, ਸਾਡੇ ਹੁਕਮ ਨਾਮੇ ਮਾਝੇ, ਮਾਲਵੇ, ਦੜਪ, ਨੱਕੇ, ਪੋਠੋਹਾਰ, ਦੁਆਬੇ, ਮੈਨਦਾਬ, ਧੰਨੀ, ਸੁਆਂ ਸਾਰੇ ਪੰਜਾਬ, ਪਸ਼ੌਰ, ਮੁਲਤਾਨ, ਸਿੰਧ ਤੱਕ ਅੱਪੜ ਜਾਣਗੇ, ਖਾਲਸਾ ਆ ਮਿਲੇਗਾ। ਜਿਉਂ ਜਿਉਂ ਸਿੰਘ ਆ ਮਿਲਨ ਤਿਉਂ ਤਿਉਂ ਕੰਮ ਅਰੰਭਣਾ, ਬੁਧੂ ਸ਼ਾਹ ਪ੍ਰੇਮੀ ਮਾਡੇ ਨਾਲ ਰਿਹਾ, ਉਸ ਨੇ ਅਪਣੇ ਪੁਤਰ ਖਾਲਸੇ ਦੇ ਜੰਗ ਵਿਚ ਅਰਪੇ। ਤੁਰਕਾਂ ਨੇ ਤਅੱਸਬ ਤੇ ਜ਼ੋਰ ਜ਼ੁਲਮ ਦੀ ਲਹਿਰ ਵਿਚ ਉਸ ਨੂੰ ਬੇਰਹਿਮੀ ਨਾਲ ਕਤਲ ਕੀਤਾ। ਨਮੀਰਾਂ ਫਰਿਸ਼ਤਾ ਤੇ ਦੇਵੀ ਤ੍ਰੀਮਤ ਤੇ ਮਹਾਂ ਖਲੀ, ਕਵੀ ਤੇ ਸੰਤ, ਉਨ੍ਹਾਂ ਦੇ ਹਥੋਂ ਗੀਤ ਗਾਉਂਦੀ ਨਾਦ ਵਜਾਵੁੰਦੀ ਕਤਲ ਹੋਈ। ਉਸ ਪਿਆਰੀ ਰੱਬ ਦੀ ਦੁਲਾਰੀ ਤੇ ਉਸ ਰੱਬ ਪਿਆਰੇ ਦਾ ਇਕ ਨਿੱਕਾ ਬੱਚਾ ਸਢੌਰੇ ਅਜੇ ਕੈਦ ਸੁਣੀਂਦਾ ਹੈ, ਯਾ ਕਿਤੇ ਛਪਿਆ ਹੋਇਆ ਹੈ। ਉਸਦਾ ਪਤਾ ਕਰੋ, ਜੇ ਕੈਦ ਹੋਵੇ ਤਾਂ ਉਸ ਨੂੰ ਛੁਡਾ ਕੇ ਸੁਤੰਤ੍ਰ ਕਰਨਾ ਤੇ ਆਪਣੇ ਪੈਰੀਂ ਖੜਾ ਕਰਨਾ, ਇਹ

---

*ਅੜਮੰਨ, ਬੁਰੇ ਲੋਕ।

ਜ਼ਰੂਰੀ ਕੰਮ ਹੈ। ਇਸ ਤੋਂ ਅੱਗੇ ਦਿਗ-ਬਿਜੈ ਅਰੰਭ ਦਿਓ! ਸਰਹਿੰਦ ਫਤੇ ਕਰੋ ਤਾਂ ਮੇਨਦਾਬ ਸਰ ਹੋ ਗਿਆ, ਪੰਜਾਬ ਕਮਜ਼ੋਰ ਹੋ ਗਿਆ ਤੇ ਦਿੱਲੀ ਦੀ ਕਿੱਲੀ ਢਿੱਲੀ ਪੈ ਗਈ। ਸਰਹਿੰਦ ਹਿੰਦ ਦਾ ਸਿਰ, ਇਕ ਭਾਰੀ ਨਾਕਾ ਹੈ, ਦਿੱਲੀ ਤੇ ਕਾਬਲ ਦੀ ਇਕ ਮਿਆਨੇ ਧੁਰ ਹੈ। ਆਨੰਦਪੁਰ ਦੀ ਸਾਰ ਬੀ ਲੈਣੀ ਹੈ।

ਪਰ ਜੋ ਹੁਕਮ ਹੋਏ ਹਨ ਉਹ ਧੁਰੋਂ ਹਨ; ਮੈਂ ਹੁਕਮੀ ਦੀ ਕਾਰ ਕਰਨੀ ਹੈ, ਹੁਕਮ ਦੱਸਣੇ ਹਨ, ਤੁਸਾਂ ਅਮਲ ਕਰਨਾ ਤੇ ਸੁਖ ਪਾਉਣਾ ਹੈ।

ਖਾਲਸਾ ਇਕ ਰੱਬੀ ਆਦਰਸ਼ ਹੈ, ਇਕ ਅਮਲੀ ਮਾਨੁਖੀ ਵੰਨਗੀ ਹੈ ਉਸ ਇਨਸਾਨ ਦੀ ਜੋ ਇਨਸਾਨ ਨੂੰ ਉਚਿਤ ਹੈ ਕਿ ਬਣੇ।

ਬੰਦਾ-ਪਰ ਪਾਤਸ਼ਾਹ! ਆਦਰਸ਼ ਤੱਕ ਅੱਪੜ ਹਰ ਇਕ ਦੀ ਨਹੀਂ ਹੁੰਦੀ!

ਗੁਰੂ ਜੀ-ਪਰ ਨਜ਼ਰ ਹਰ ਇਕ ਦੀ ਆਦਰਸ਼ ਤੇ ਚਾਹੀਏ, ਜਿਸ ਦੀ ਨਜ਼ਰ ਆਦਰਸ਼ ਤੇ ਨਹੀਂ ਉਹ ਤਾਂ ਮੁਰਦਾ ਲੋਥ ਹੈ, ਜਿਸ ਦੀ ਮੁਰਦਾ ਛੋਤ ਸਾਰੇ ਪੰਥ ਵਿਚ ਉਹੋ ਮੁਰਦਿਹਾਨ ਪਸਾਰ ਦੇਵੇਗੀ ਕਿ ਜਿਸ ਵਿਚੋਂ ਅਸਾਂ ਲੋਕਾਂ ਨੂੰ ਕੱਢ ਕੇ ਪੰਥ ਮਾਜਿਆ ਹੈ। ਜੀਵਨ ਅਮਲੀ ਹੋਵੇ, ਹਾਂ, ਖਾਲੀ ਵਹਿਮੀ ਨਾ ਹੋਵੇ ਪਰ ਨਜ਼ਰ ਆਦਰਸ਼ ਤੇ ਹੋਵੇ ਅਤੇ ਜੀਵਨ ਅਮਲ ਉਸ ਆਦਰਸ਼ ਤੇ ਅੱਪੜਨ ਦਾ ਯਤਨ, ਹੀਲਾ ਤੇ ਕੋਸ਼ਿਸ਼ ਹੋਵੇ, ਕਦੇ ਕਿਸੇ ਲਹਿਰ ਵਿਚ, ਕਿਸੇ ਤੇਜ਼ੀ ਤੇ ਜੋਸ਼ ਵਿਚ, ਕਿਸੇ ਬਹਾਨੇ ਲੋੜ ਦੇ ਭੁਲਾਵੇ ਵਿਚ ਆਦਰਸ਼ ਤੋਂ ਨਾ ਉੱਕੀਂ ਫੇਰ ਭੁੱਲ ਨਹੀਂ ਹੋਵੇਗੀ। ਵਾਹਿਗੁਰੂ ਮਿਹਰ ਕਰੇ ਤੇ ਅੰਗ ਸੰਗ ਆਪਣਾ ਆਪ ਦੱਸੇ। ਮੈਂ 'ਹਰਿ ਦੇ ਜਨ' ਬਣਾਏ ਹਨ, ਫਕੀਰ ਸਾਜੇ ਹਨ, ਕਣੀ ਵਾਲੇ ਜੀਉਂਦੇ ਬੰਦੇ ਨਿਵਾਜੇ ਹਨ, ਜੀਉਂਦਿਆਂ ਦਾ ਪੰਥ ਰਚਿਆ ਹੈ, ਤੁਸੀਂ ਸਦਾ 'ਜੀਵਨ ਕਣੀ' ਅਪਣੇ ਅੰਦਰ ਵਸਾਕੇ ਤੇ ਰੱਖਕੇ ਟੁਰਨਾ। ਅਕਲ, ਦਨਾਈ, ਦੂਰੰਦੇਸ਼ੀ ਸਦਾ ਵਰਤੋ, ਪਰ ਝੂਠ ਤੇ ਪਾਪ ਤੋਂ ਸਦਾ ਬਚੋ, ਨਾਮ ਤੇ ਬਾਣੀ ਨਾ ਭੁੱਲੋ। ਸ਼ੁਭ ਆਚਰਨ ਸਦਾ ਰੱਖੋ, ਸਦਾ ਆਚਰਨ ਸਵਾਰੋ। ਤੁਹਾਡਾ ਸ੍ਰੀਰਕ ਬਲ ਤੇ ਸਾਹੀ ਉਮਰ ਦਾ ਸਿੱਧੀਆਂ ਦਾ ਪ੍ਰੇਮ-ਬੜਾ ਡਰ ਹੈ ਕਿ-ਤੁਸਾਨੂੰ ਕਦੇ ਗ੍ਰਹਣ ਵੱਲ ਫੇਰ ਨਾ ਲੈ ਜਾਏ, ਇਸ ਲਈ ਸਾਰੇ ਆਦਰਸ਼ ਤੁਹਾਨੂੰ ਸਮਝਾਏ ਹਨ, ਸਾਵਧਾਨ ਰਹਿਣਾ।

ਹੁਣ ਸੰਝ ਹੋ ਆਈ ਸੀ, ਰਹੁਰਾਸ ਦਾ ਪਾਠ ਅਰੰਭ ਹੋ ਗਿਆ, ਨਦੀ ਕਿਨਾਰਾ ਤੇ ਏਕਾਂਤ ਸੀ, ਸੋ ਅਰਸ਼ੀ ਰੰਗ ਬੱਝ ਗਿਆ।

੪.

ਅੱਜ ਦੀਵਾਨ ਸਜ ਰਿਹਾ ਹੈ, ਕੀਰਤਨ ਹੋ ਰਿਹਾ ਹੈ, ਸੰਗਤ ਜੁੜ ਰਹੀ ਹੈ, ਨੇੜੇ ਤੇੜੇ ਬੁਰਹਾਨ ਪੁਰ ਲਾਗ ਦੇ ਪ੍ਰੇਮੀ ਵੀ ਆਏ ਹਨ। ਕਦੇ ਤਲਵਾਰ ਸੂਤ ਕੇ ਸੀਸ ਮੰਗ ਕੇ ਪੰਜ ਪਿਆਰੇ ਟੋਰੇ, ਅੱਜ ਹੋਰ ਪੰਜ ਦੁਲਾਰੇ ਆ ਦੀਵਾਨ ਵਿਚ ਖੜੇ ਹੋਏ ਹਨ। ਏਹ ਸੀਸ ਭੇਟ ਕਰ ਚੁਕੇ ਹੋਏ ਹਨ, ਏਹ ਪਰਤਾਵਿਆਂ ਵਿਚੋਂ ਲੰਘ ਚੁਕੇ ਹੋਏ ਹਨ, ਏਹ ਪੰਜੇ ਜੀਉ ਚੁਕੇ ਜੀਵੇ ਹਨ, ਭੈ ਮੰਨਦੇ ਨਹੀਂ, ਭੈ ਦੇਂਦੇ ਨਹੀਂ। ਚੜ੍ਹਦੀਆਂ ਕਲਾਂ ਦੇ ਚਮਕਦੇ ਸੂਰਜ ਹਨ, ਨਾਲ ਆਏ ਹਨ, ਸਾਰੇ ਦੁਖੜੇ ਝੱਲਦੇ ਆਏ ਹਨ ਪਰ ਨਿਰਭੈ ਤੇ ਨਿਰਵੈਰ ਐਉਂ ਖੜੇ ਹਨ ਜਿਵੇਂ ਲਾੜੇ ਹਨ, ਹੁਣੇ ਵਿਆਹ ਕੇ ਆਏ, ਡੋਲਾ ਲੈ ਕੇ ਆਏ, ਮਾਤਾ ਦੇ ਛੰਦੇ ਤੇ ਨੁਛਾਵਰਾਂ ਨਾਲ ਆਦਰੇ ਗਏ ਦੂਲੇ ਖੜੇ ਹਨ; ਚਿਹਰੇ ਦਮਕਦੇ ਹਨ, ਅੱਖਾਂ ਚਮਕਦੀਆਂ ਹਨ। ਇੰਨੇ ਨੂੰ-

ਆ ਗਏ ਦੀਵਾਨ ਵਿਚ
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਵਾਲੀ ਦੋ ਜਹਾਨ।

ਸੰਗਤ ਨੇ ਸੀਸ ਨਿਵਾਇਆ, ਆਪ ਦੀਵਾਨ ਦੇ ਕੇਂਦ੍ਰੀ ਟਿਕਾਣੇ ਸਜ ਗਏ, ਕੀਰਤਨ ਦਾ ਭੋਗ ਪਿਆ, ਅਰਦਾਸਾ ਅਰਦਾਸੀਏ ਸਿੰਘ ਨੇ ਸੋਧਿਆ:-

"ਹੇ ਅਕਾਲ ਪੁਰਖ! ਆਪ ਦਾ ਸਾਜਿਆ ਨਿਵਾਜਿਆ ਬੰਦਾ ਸਿੰਘ ਤੇ ਪੰਜ ਲੱਖ ਖਾਲਸਾ ਦੇਸ਼ ਚੱਲਿਆ ਹੈ, ਧਰਮ ਜੁੱਧ ਕਰੇਗਾ, ਚੜ੍ਹਦੀਆਂ ਕਲਾਂ ਵਿਚ ਖੇਡੇਗਾ, ਬਰਕਤ ਦੇਹ ਕਿ ਤੇਰੀ ਮਿਹਰ ਹੇਠ ਟੁਰੇ।"

ਉੱਠੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ!

ਆਪਣੀ ਬਖਸ਼ੀ ਕਮਾਨ ਤੇ ਤੀਰਾਂ ਦਾ ਭੱਥਾ ਆਪ ਚਾਇਆ ਤੇ ਸਜਾ ਦਿੱਤੇ ਦੋਵੇਂ ਆਪਣੇ ਨਿਵਾਜੇ ਬੰਦੇ ਦੇ ਸ਼ਰੀਰ ਨਾਲ ਤੇ ਹੱਸ ਕੇ ਆਖਿਆ:-"ਇਹ ਹੈ ਮੇਰਾ ਬੰਦਾ"।

ਫੇਰ ਚਾਈਆਂ ਪੰਜ ਤਲਵਾਰਾਂ ਤੇ ਸਜਾ ਦਿੱਤੀਆਂ ਪੰਜਾਂ ਦੁਲਾਰਿਆਂ ਨੂੰ:-"ਏਹ ਹਨ ਮੇਰੇ ਦੁਲਾਰੇ, ਸ੍ਰੀ ਸਾਹਿਬ ਖਾਲਸੇ ਦੀ ਤੇ ਖਾਲਸਾ ਸ੍ਰੀ ਸਾਹਿਬ ਦਾ, ਪੰਜ ਮਸਲਤੀ ਖਾਲਸਾ।"

ਛੀਏ ਢਹਿ ਪਏ ਚਰਨਾਂ ਵਿਚ।

ਉਠਾਲੇ ਛੀਏ ਸਤਿਗੁਰੂ ਨੇ ਪਿਆਰ ਤੇ ਦਿਲਾਸੇ ਦੇ ਦੇ ਕੇ ਤੇ ਹੁਕਮ ਦਿੱਤਾ:-

"ਜਾਓ ਮੇਰੇ ਪੁੱਤਰੋ! ਵਾਹਿਗੁਰੂ ਦਾ ਹੁਕਮ ਪੂਰਾ ਕਰੋ"!

"ਤੁਸਾਂ ਵਿਚ ਧਰਮ ਤੇ ਨਿਆਂ ਆਇਆ ਹੈ, ਤੁਸੀਂ ਅਧਰਮ ਤੇ ਅਨਜਾਯ ਦੀ ਸਫਾ ਵਲ੍ਹੇਟ ਦਿਓ"।

ਕੜਾਹ ਪ੍ਰਸ਼ਾਦ ਵਰਤਿਆ, ਸਭ ਨੇ ਛਕਿਆ। ਹੁਣ ਘੋੜੇ ਆ ਗਏ, ਇਕ ਇਕ ਘੋੜਾ ਇਕ ਇਕ ਨੂੰ ਵੰਡਿਆ ਗਿਆ। ਤੁਪਕਾਂ ਆਈਆਂ, ਇਕ ਇਕ ਤੁਪਕ (ਬੰਦੂਕ) ਇਕ ਇਕ ਪਿਆਰੇ ਨੂੰ ਦਿੱਤੀ। ਆਪ ਮੋਢੇ ਧਰਕੇ ਹੱਥ ਫੜਾਈ, ਕਿਹਾ:"ਖਾਲਸਾ ਨਿਸ਼ਾਨੇ ਵਿਚ ਤਾਕ ਹੋਵੇਗਾ"! ਟੁਰ ਪਏ ਅੱਗੇ ਅੱਗੇ ਆਪ ਤੇ ਨਾਲ ਨਾਲ ਬੰਦਾ ਤੇ ਦੁਲਾਰੇ, ਮਗਰ ਸੰਗਤ ਸ਼ਬਦ ਪੜ੍ਹਦੀ। ਵਾਹ! ਗੁਰੂ ਸਚੇ ਪਾਤਸ਼ਾਹ ਤੇਰੇ ਪਿਆਰ ਦੇ ਸਦਕੇ! ਦਾਸਾਂ ਨੂੰ ਟੋਰਨ ਜਾ ਰਿਹਾ ਹੈਂ, ਅਪਣੇ ਸਾਜਿਆਂ ਨੂੰ ਵਿਦੈਗੀ ਦੇਣ ਟੁਰਿਆ ਹੈਂ, ਅਪਣੇ ਨਿਵਾਜਿਆਂ ਨੂੰ ਆਪ ਅਪੜਾਉਣ ਜਾ ਰਿਹਾ ਹੈਂ, ਧੰਨ ਤੇਰੀ ਮਿਹਰ ਤੇ ਧੰਨ ਤੇਰਾ ਪਿਆਰ! ਟੁਰਦੇ ਗਏ। ਕੋਈ ਥਾਂ ਆ ਗਿਆ, ਬੰਦਾ ਅਟਕ ਗਿਆ, ਨੈਣ ਭਰ ਆਏ, ਹਥ ਬੰਨ੍ਹਕੇ ਸਨਮੁਖ ਖੜੋ ਗਿਆ:-

"ਦਾਤਾ! ਮਿਹਰ ਕਰ। ਬੱਸ, ਟਹਿਲ ਵਾਲਿਆਂ ਨੂੰ ਟੋਰ, ਵਿੱਛੁੜਨ ਤੇ ਚਿਤ ਨਹੀਂ, ਪਰ ਹੋਰ ਖੇਚਲ ਨਾ ਕਰ। ਮਿਹਰ! ਮਿਹਰ! ਮਿਹਰ!"

ਉਹ ਬੈਰਾਗੀ ਜੋ ਕੁਛ ਦਿਨ ਬੀਤੇ ਹਨ ਸੁਆਹ ਮਲੇ ਗੋਦਾਵਰੀ ਦੇ ਕੰਢੇ ਬੀਰਾਰਾਧਨ ਤੇ ਤੰਤ੍ਰ ਘੋਖ ਰਿਹਾ ਸੀ, ਅੱਜ ਸਨੱਧਬੱਧ ਸੂਰਮਾਂ ਖੜਾ ਹੈ। ਕੱਦ ਬਹੁਤ ਲੰਮੇਰਾ ਨਹੀਂ, ਪਰ ਚਿਹਰੇ ਰੋਅਬ ਪਾਤਸ਼ਾਹੀ ਫਿਰ ਗਿਆ ਹੈ, ਚੜ੍ਹਦੀ ਕਲਾਂ ਦਾ ਸੂਰਜ ਦਮਕਦਾ ਹੈ, ਨੈਣਾਂ ਵਿਚ ਜੋਤਿ ਹੈ ਤੇ ਜੋਤਿ ਵਿਚ ਕੋਈ ਮਹਾਨ ਉਤਸ਼ਾਹ ਹੈ। ਹਾਂ ਭੈ ਲੱਗਦਾ ਹੈ ਤੱਕਿਆਂ, ਸੁਹਣਾ ਭੈ, ਪਰ ਦੇਖੋ ਇੱਡੀ ਬਲਵਾਨ ਡੀਲ ਤੇ ਬਹਾਦੁਰ ਨੁਹਾਰ ਵਾਲਾ ਇਸ ਵੇਲੇ ਅੱਖਾਂ ਵਿਚ ਪਾਣੀ ਭਰੇ ਹੱਥ ਬੰਨ੍ਹੀਂ ਖੜਾ ਹੈ। ਕੰਠ ਗਦ ਗਦ ਹੈ, ਸ਼ਰੀਰ ਤੇ ਪੁਲਕਾਵਲੀ ਹੈ, ਅੱਥਰੂ ਤੇ ਅੱਥਰੂ ਕਿਰਦਾ ਹੈ ਤੇ ਚਰਨਾਂ ਤੇ ਢਹਿ ਪਿਆ ਹੈ। ਬੰਦਾ ਹੁਣ ਘੁੱਟਕੇ ਚਰਨਾਂ ਨੂੰ ਜੱਫੀ ਪਾ ਬੈਠਾ ਹੈ, ਮਾਨੋਂ ਹੁਣ ਵਿਛੁੜਨਾ ਹੀ ਨਹੀਂ ਹੈ। ਪਿਆਰ ਦਾ ਸੋਮਾਂ ਏਥੇ ਫੁਹਾਰੇ ਮਾਰ ਰਿਹਾ ਹੈ। ਚੋਜੀ ਗੁਰੂ ਜੀ ਕਿਥੇ ਹਨ? ਬੀਰ ਰਸ ਦੇ ਰੰਗ ਕਿਥੇ ਹਨ? ਇਹ ਪ੍ਰੇਮਾ-ਭਗਤੀ ਦੇ ਤ੍ਰੰਗ! **'ਤੇਰੀ ਉਪਮਾ ਤੋਹਿ ਬਨਿ ਆਵੈ'** ਤੇਰੇ ਹੀ ਘਰ ਹਨ, ਸਾਰੇ ਚੋਜ! ਸੰਗਤ ਤੇ ਭੀ ਪ੍ਰੇਮ ਦਾ ਭਾਵ ਛਾ ਰਿਹਾ ਹੈ, ਦਾਤਾ ਜੀ ਆਪ ਭੀ ਪ੍ਰੇਮ ਵਿਚ ਹਨ। ਆਪ ਖੜੇ ਹਨ, ਬੰਦਾ ਚਰਨਾਂ ਤੇ ਸੀਸ ਧਰੇ ਪਿਆ ਛਮਾਂ ਛਮ ਛਹਿਬਰ ਲਾ ਰਿਹਾ ਹੈ, ਦੁਲਾਰੇ ਗੋਡੇ ਟੇਕੇ ਸਿਰ ਧਰਾ ਨਾਲ ਲਾਈ ਪਏ ਗਦ ਗਦ ਕੰਠ ਹਨ।

ਆਪ ਦੇ ਨੈਣ ਖੁੱਲ੍ਹੇ, ਰਸ ਭਿੰਨੇ ਨੈਣ ਖੁਲ੍ਹੇ, ਬੰਦੇ ਦਾ ਸੀਸ ਚਾਇਆ, ਚਿਹਰਾ ਤੱਕਿਆ, ਗਲ ਲਾ ਲਿਆ, ਅਸੀਸ ਦਿੱਤੀ, ਆਖਿਆ:-"ਜਾਓ! ਹੁਕਮ ਦੀ ਕਾਰ ਕਰੋ। ਜਦ ਤਕ ਹੁਕਮਾਂ ਤੇ ਟੁਰੋਗੇ ਮੈਂ ਨਾਲ ਰਹਾਂਗਾ"।

ਫੇਰ ਪੰਜਾਂ ਦੁਲਾਰਿਆਂ ਨੂੰ ਇਕ ਇਕ ਕਰਕੇ ਗਲੇ ਲਾਇਆ, ਪਿਆਰ ਦਿਤਾ, ਆਖਿਆ:-"ਗੁਰੂ ਅੰਗ ਸੰਗ, ਜਾਓ ਕਾਰ ਕਮਾਓ"।

ਐਉਂ ਪਿਆਰ ਦੇਂਦੇ ਬਰਕਤਾਂ ਬਖਸ਼ੀਆਂ ਤੇ ਵਿਦਾ ਕੀਤੇ ਸੁਹਣੇ। ਇਹ ਬੀ ਪਤਾ ਚਲਦਾ ਹੈ ਕਿ ਬੰਦੇ ਨਾਲ ਪੰਝੀ ਕੁ ਸਿੰਘ ਹੋਰ ਬੀ ਟੁਰੇ ਸਨ। ਨਾਲ ਡੇਰਾ, ਕੁਛ ਨੌਕਰ ਤੇ ਸਾਮਾਨ ਬੀ ਬਖਸ਼ਿਆ ਸੀ। ਟੁਰ ਗਏ ਤੇ ਟੋਰ ਦਿੱਤੇ ਆਪ ਕੋਲ ਖਲੋਕੇ ਅਪਣੇ ਪਿਆਰੇ ਦੁਲਾਰੇ ਜੋ ਹੁਕਮ ਦੀ ਕਾਰ ਕਮਾਵਨ।

ਸੂਚਨਾ-ਬੰਦੇ ਨੇ ਆਪਣਾ ਕੰਮ ਪਰਖੋਂਡੇ ਤੋਂ ਅਰੰਭਿਆ, ਮੈਨਦਾਬ ਵਿਚ ਜ਼ੋਰਾਂ ਨਾਲ ਵਧਾ ਲਿਆ ਤੇ ਸ੍ਰੀ ਗੁਰੂ ਜੀ ਨੂੰ ਬੰਦੇ ਦੇ ਆਉਣ ਮਗਰੋਂ ਵਾਹਿਗੁਰੂ ਜੀ ਦੇ ਦਰੋਂ ਅਟੱਲ ਸੱਦੇ ਆ ਗਏ। ਸ੍ਰੀ ਗੁਰੂ ਜੀ ਦੇ ਸੱਚ ਖੰਡ ਪਿਆਨ ਦੇ ਦਰਸ਼ਨ ਅਗਲੇ ਪ੍ਰਸੰਗ ਵਿਚੋਂ ਕੁਛ ਦਿੱਸ ਪੈਣਗੇ।

੯੫. ਅਰਸ਼ੀ ਪ੍ਰੀਤਮ*।

(੧. ਬੰਦੀ ਛੋਰ)

ਧੀਰਉ ਦੇਖਿ ਤੁਮ੍ਹਾਰੇ ਰੰਗਾ॥ ਤੁਹੀ ਸੁਆਮੀ ਅੰਤਰਜਾਮੀ ਤੁਹੀ ਵਸਹਿ ਸਾਧ ਕੈ ਸੰਗਾ॥

{ਬਿਲਾਵਲ ਮ: ੫-੧੦੨}

ਸੁੰਦਰਤਾ ਦਾ ਇਕ ਅਰਸ਼ੀ ਟੁਕੜਾ, ਇਸ ਧਰਤੀ ਪੁਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੈ। ਕੋਮਲ ਹੁਨਰਾਂ ਦਾ ਕਮਾਲ ਬੀ ਏਥੇ ਹੈ। ਸਾਰੇ ਜਗਤ ਦੇ ਸੁਹਣੇ ਟਿਕਾਣੇ ਤੱਕ ਆਓ, ਇਹ ਗੰਭੀਰਤਾ, ਇਹ ਪ੍ਰਕਾਸ਼, ਇਹ ਖੁੱਲ੍ਹਾਪਨ, ਇਹ ਅਛੋਤ ਸੁਹਣੱਪ, ਇਹ ਦੈਵੀ ਪ੍ਰਭਾਵ, ਇਹ ਅਮਰੀ ਛਬੀ ਕਿਸੇ ਦੀ ਵਿਉਂਤ ਵਿਚ ਨਾ ਦਿੱਸੂ ਜੋ ਇਸ ਮੰਦਰ-ਹਰੀਮੰਦਰ-ਵਿਚ ਦਿੱਸਦੀ ਹੈ। ਇਲਾਹੀ ਨੂਰ, ਦੈਵੀ ਪ੍ਰਕਾਸ਼, ਆਤਮ ਰੰਗ, ਗੁਹਝ ਕਥਾ ਤੇ ਰੱਬੀ ਭੇਤਾਂ ਦਾ ਜ਼ਿੰਮੇ ਵਾਰ ਇਹ ਸਤਿਗੁਰੂ ਦਾ ਸਰੀਰ ਮਾਨੋਂ ਅਡੋਲ, ਅਹਿੱਲ ਸਮਾਧੀ ਵਿਚ ਇਸਥਿਤ ਹੈ। ਗਿਰਦਾ ਗਿਰਦਾ ਐਨੀਂ ਖੁੱਲ੍ਹ ਹੈ ਕਿ ਕੋਈ ਲੁਕ, ਪਰਦਾ ਹੋਰ ਨਹੀਂ। ਅਕਾਸ਼ ਖੁੱਲ੍ਹਾ ਦੀਦਾਰੇ ਕਰੇ, ਰੌਸ਼ਨੀ ਖੁੱਲ੍ਹੀ ਆ ਕੇ ਮੱਥੇ ਟੇਕੇ, ਚੁਫੇਰ ਜਲ ਦਾ ਘੇਰਾ ਹੈ, ਜਿਸਦੇ ਕਾਰਨ ਹਵਾ ਦਾ ਮੰਡਲ ਸਦਾ ਖੁੱਲ੍ਹਾ ਤੇ ਸਾਫ ਰਹਿੰਦਾ ਹੈ। ਸਰੋਵਰ ਦਾ ਡੂੰਘ ਨਿੰਮ੍ਰਤਾ ਦੀਆਂ ਡੂੰਘਾਈਆਂ ਦਾ ਲਖਾਇਕ, ਤੇ ਗੁੰਬਜ਼ਾਂ ਦੀ ਉਚਾਈ ਚੜ੍ਹਦੀਆਂ ਕਲਾਂ ਦੀ ਉਚਾਣ ਹੈ। ਇਸ ਹਰਿਮੰਦਰ ਦੇ ਚਾਰ ਦਰਵਾਜ਼ੇ ਚਵ੍ਹਾਂ ਲਾਂਭਾਂ ਦੇ ਵਿਚਕਾਰ, ਤੇ ਹਰਿਮੰਦਰ ਦੀਆਂ ਚਾਰੇ ਨੁੱਕਰਾਂ ਚਹੁਵਾਂ ਲਾਂਭਾਂ (ਦਿਸ਼ਾ) ਦੀ ਸੇਧ ਉਪਰ ਹਨ। ਰੱਖ ਲਾਂਭਾਂ ਵਿਚ ਹੀ ਨਹੀਂ, ਸਾਰੇ ਹੈ, ਏਹ ਉਪਦੇਸ਼ ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਦੇ ਰਹੇ ਹਨ। ਵਿਆਪਕ ਵਾਹਿਗੁਰੂ ਨੂੰ ਵਿਆਪਕ ਸਮਝਣ ਦੇ ਭਾਵ ਤੇ ਚੁੱਪ ਦੀ ਅਵਾਜ਼ ਵਿਚ ਉਪਦੇਸ਼ ਦਾਤਾ ਸਤਿਗੁਰੂ ਦਾ ਸਰੀਰ-ਸੱਚ ਮੁਚ ਸਰੀਰ-ਇਹ ਹਰੀ ਮੰਦਰ ਹੈ। ਇਸ ਪ੍ਰਤੱਖ ਸਤਿਗੁਰ ਦੇ ਸਰੀਰ ਵਿਚ ਰੱਬੀ ਗਿਆਨ ਦਾ ਨਿਵਾਸ, ਅਡੋਲ ਰੰਗ ਵਿਚ ਤੇ ਕੀਰਤਨ ਰੂਪ ਵਿਚ ਅੱਠ ਪਹਿਰ ਜਾਰੀ; ਅਹਾਰ ਲਈ ਕੜਾਹ ਪ੍ਰਸ਼ਾਦ, ਸੁੰਘਣ ਲਈ ਫੁੱਲ, ਸੁਣਨ ਲਈ ਸੰਗੀਤ, ਤੱਕਣ ਲਈ ਭਗਤਾਂ ਦੇ ਦਰਸ਼ਨ ਤੇ ਸ਼ਰਧਾ ਨਾਲ ਝੁਕਦੇ ਸੀਸ, ਸਪਰਸ਼ ਲਈ ਠੰਢੀ ਪੌਣ, ਸਾਰੇ ਸਰੀਰ ਲਈ ਬੀ ਲੁੜੀਂਦੇ ਸਾਮਾਨ ਏਥੇ ਸਦਾ ਪ੍ਰਾਪਤ ਹਨ। ਹਰੀ ਮੰਦਰ ਦੇ ਗੁੰਬਜ਼ ਦਾ ਸ਼ਿਖਰ ਸਾਰੀ ਧਰਤੀ ਦਾ ਮਾਨੋਂ ਕੇਂਦਰ ਹੈ। ਜੋਤਸ਼ੀਆਂ ਗ਼ਲਤੀ ਨਾਲ ਅਗਲੇ ਸਮੇਂ ਬਨਾਰਸ ਤੇ ਹੁਣ ਗ੍ਰੀਨਿਚ (Greenwich) ਧਰਤੀ ਦੇ ਕੇਂਦਰ ਬਨਾਏ ਹਨ, ਅਸਲ ਅਰ ਹਿਸਾਬ ਨਾਲ ਠੀਕ ਕੇਂਦਰ ਇਹ ਦਰਬਾਰ ਸਾਹਿਬ ਦੇ ਗੁੰਬਜ਼ ਦੀ ਚੋਟੀ ਹੇਠਲਾ ਸਥਾਨ ਹੈ, ਜਿੱਥੇ ਮਾਲਕ ਦਾ ਯਸ਼ ਹਰ ਛਿਨ ਜਾਰੀ ਹੈ। ਹਰਿਮੰਦਰ ਅਰਸ਼ੀ ਮੰਦਰ ਹੈ, ਸਗੋਂ ਅਰਸ਼ਾਂ ਤੋਂ ਬੀ ਸੁਹਣਾ ਹੈ, ਕਿਉਂਕਿ ਅਰਸ਼ ਲੁਕਿਆ ਹੋਇਆ ਹੈ ਪਰ ਇਹ ਪ੍ਰਗਟ ਹੈ ਜੋ ਉਪਦੇਸ਼ ਤੇ ਕੀਰਤਨ ਕਰਦਾ ਹੈ। ਹਰਿਮੰਦਰ ਦੇ ਅੰਦਰ ਸਤਿਗੁਰ ਜੀ ਦੇ ਗਿਆਨ ਦਾ ਚਾਨਣਾ ਹੈ, ਇਹੋ ਚਾਨਣਾ ਸਾਰੇ ਪੇਹਨ ਵਿਚ ਪਸਰ ਰਿਹਾ ਹੈ। ਸੁਨਹਿਰੀ ਗੁੰਬਜ਼ਾਂ ਤੋਂ ਚਾਨਣੇ ਦੀਆਂ ਰਿਸ਼ਮਾਂ ਸਾਰੇ ਸਰੋਵਰ ਅਰ ਪ੍ਰਕਰਮਾਂ ਵਿਚ ਪ੍ਰਤਿਬਿੰਬਤ ਹੁੰਦੀਆਂ ਹਨ। ਹਰੀਮੰਦਰ ਦਾ ਪੁਲ ਵਾਹਿਗੁਰੂ ਦੀ ਦੇਹ ਤੱਕ ਅੱਪੜਨ ਦਾ ਵਿਚੋਲਾ ਆਪਣੀ ਛਬੀ ਵਿਚ ਅਦੁੱਤੀ ਐਉਂ ਦਮਕਦਾ ਹੈ ਜੀਕੂੰ ਕਿਸੇ ਅਸਮਾਨਾਂ ਦੇ ਰਾਜ ਹੰਸ ਨੇ ਆਪਣੀ ਡਾਢੀ ਲੰਮੀ ਧੌਣ ਪਿਆਰ ਨਾਲ ਮੱਥੇ ਟੇਕਣ ਵਿਚ ਲੰਮੀ ਪਾ ਦਿੱਤੀ ਹੈ। ਠੀਕ ਹੈ, ਇਹ ਪੁਲ ਹੈ-ਪੁਲ ਸੰਗਤ ਦੇ ਭੈ ਨੂੰ ਤੋੜਨ ਵਾਲਾ ਪਰਮਹੰਸ ਉਪਦੇਸ਼ਕ ਹੈ ਜੋ ਦੱਸਦਾ ਹੈ ਕਿ ਰਾਈ ਦੇ ਦਸਵੇਂ ਭਾਗ ਜਿੰਨਾਂ ਤੰਗ ਮੁਕਤ ਦਾ ਦਰਵਾਜ਼ਾ ਕੀਕੂੰ ਖੁੱਲ੍ਹਾ ਹੋ ਜਾਂਦਾ ਹੈ:-

ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥ ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥੫੯॥ {ਸਲੋਕ ਕਬੀਰ}

ਜੀਕੂੰ ਭੈਜਲ ਸੰਸਾਰ ਵਿਚ ਗੁਰਮੁਖ ਦਾ ਸ਼ਰੀਰ ਅਡੋਲ ਟਿਕਾਉ ਵਿਖ ਖੜਾ ਰਹਿੰਦਾ ਹੈ, ਤੀਕੂੰ

*ਇਹ ਪ੍ਰਸੰਗ ਟ੍ਰੈਕਟ ਦੀ ਸੂਰਤ ਵਿਚ ਸੰ: ਗੁ: ਨਾ: ਸਾ: ੪੪੬ (੧੯੧੫ ਈ:) ਦੇ ਗੁਰਪੁਰਬ ਸਪਤਮੀ ਸਮੇਂ ਪ੍ਰਕਾਸ਼ਿਆ ਸੀ।

ਇਹ ਪੁਲ ਤੇ ਮੰਦਰ ਅੰਮ੍ਰਿਤ ਜਲ ਪਰ ਐਉਂ ਖੜਾ ਜਾਪਦਾ ਹੈ, ਜਿਵੇਂ ਕਿਸੇ ਨੇ ਮਲਕੜੇ ਟਿਕਾ ਦਿੱਤਾ ਹੈ। ਹਰਿਮੰਦਰ, ਸੱਚਖੰਡ ਦਾ ਆਦਰਸ਼ ਹੈ, ਪਹੁੰਚਣੇ ਲਈ ਪੁਲ ਇਹ ਦੱਸ ਰਿਹਾ ਹੈ ਕਿ ਸਤਿਗੁਰ ਨੇ ਦਰਗਾਹ ਪਹੁੰਚਣ ਲਈ 'ਗੁਰਮੁਖ ਗਾਡੀ ਰਾਹ' ਸਾਜਕੇ ਭੈਜਲ ਉਤੇ ਪੁਲ ਬਣਾ ਦਿੱਤਾ ਹੈ, ਹੁਣ ਤਰਕੇ ਯਾ ਬੇੜੀਆਂ ਵਿਚ ਚੜ੍ਹਕੇ ਜਾਣ ਦੀ ਲੋੜ ਨਹੀਂ। ਹਾਂ, 'ਗੁਰ ਨਾਨਕ ਮਾਰਗ' ਪੁਲ ਸਮਾਨੀ ਸੁਖਦਾਇਕ ਹੈ, ਇਸ ਪਰ ਤੁਰੋ। ਸੂਰਜ ਰੋਜ਼ ਦਰਸ਼ਨ ਕਰਦਾ ਚਾਰੋਂ ਪਹਿਰ ਹਰਿਮੰਦਰ ਨੂੰ ਨਜ਼ਰੋਂ ਉਹਲੇ ਨਹੀਂ ਹੋਣ ਦਿੰਦਾ ਤੇ ਰਾਤ ਇਸੇ ਖਿੱਚ ਵਿਚ ਫਿਰਦਾ ਸਵੇਰੇ ਮੁੜ ਆ ਜਾਂਦਾ ਹੈ। ਚੰਦ ਦੀ ਸ਼ਰਮੀਲੀ ਠੰਢੀ ਪਿਆਰੀ ਨਜ਼ਰ ਇਸ ਪਵਿੱਤ੍ਰ ਸਤਿਗੁਰ ਦੇਹੀ ਤੋਂ ਲੋਟਨ ਪੋਟਨ ਹੁੰਦੀ ਫਿਰਦੀ ਹੈ। ਹਾਂ ਚੰਦ ਦੀ ਟਿੱਕੀ ਰਾਤਾਂ ਨੂੰ ਅੰਮ੍ਰਿਤ ਸਰੋਵਰ ਵਿਚ ਟੁੱਬੀਆਂ ਲਾਉਂਦੀ ਦੀਂਹਦੀ ਹੈ। ਤਾਰਾ ਮੰਡਲ ਸਾਰੇ ਦਾ ਸਾਰਾ ਐਨਾਂ ਉੱਚਾ ਹੋ ਕੇ ਸਰੋਵਰ ਦੀ ਤਹਿ ਤੱਕ ਉੱਤਰ ਜਾਂਦਾ ਹੈ, ਹਾਂ ਸਰੋਵਰ ਦੀ ਨਿਵਾਣ ਵਿਚ ਉੱਚਾ ਅਸਮਾਨ ਆ ਸਮਾਉਂਦਾ ਹੈ, ਜਿਵੇਂ ਵਾਹਿਗੁਰੂ ਅਤਿ ਉੱਚਾ ਉੱਚਿਆਂ ਦਾ ਉੱਚਾ ਹੈ:-

"ਵਡਾ ਸਾਹਿਬੁ ਊਚਾ ਥਾਉ॥
ਊਚੇ ਊਪਰਿ ਊਚਾ ਨਾਉ॥" {ਜਪੁਜੀ}

ਪਰ ਇਸ ਨੀਵੇਂ ਮਾਤਲੋਕ ਵਿਚ, ਭਗਤ ਦੇ ਹ੍ਰਿਦੇ ਵਿਚ ਪ੍ਰਤਿਬਿੰਬਤ ਹੁੰਦਾ ਹੈ। ਜੀਕੂੰ ਸਰੋਵਰ ਵਿਚ ਉੱਚਾ ਤਾਰਾਮੰਡਲ ਪ੍ਰਤਿਬਿੰਬਤ ਦੇਖਦੇ ਹੋ, ਇਸੇ ਤਰ੍ਹਾਂ ਹਰੀ ਮੰਦਰ ਦੇ ਅੰਦਰ ਉੱਚਾ ਵਾਹਿਗੁਰੂ ਪ੍ਰਤਿਬਿੰਬਤ ਹੈ। ਹਰਿਮੰਦਰ ਵਿਚ ਵਾਹਿਗੁਰੂ ਪ੍ਰਤਿ-ਬਿੰਬਤ ਹੋਣ ਕਰਕੇ ਹੀ ਇਹ ਮੰਦਰ ਨਹੀਂ, ਸਤ੍ਰਿਗੁਰੂ ਦੀ ਦੇਹੀ ਹੈ! ਇਸ ਮੰਦਰ ਦਾ ਅੰਦਰਲਾ ਨੂਰ ਦਿਲਾਂ ਨੂੰ ਖਿੱਚਦਾ ਹੈ, ਹਾਂ, ਇਸ ਵਾਹਿਗੁਰੂ ਦੀ ਛਬੀ ਦੀ ਖਿੱਚ ਮਨਾਂ ਨੂੰ ਮੋਂਹਦੀ ਹੈ; ਇਸ ਆਤਮ ਤੇ ਭੂਗੋਲਿਕ ਕੇਂਦਰ ਵਿਚ ਕੋਈ ਛਿਕੀ ਹੈ, ਧ੍ਰੂਹ ਹੈ ਅਰ ਉਸ ਧ੍ਰੂਹ ਵਿਚ ਕੋਈ ਰਸ ਹੈ ਕਿ ਹਰ ਮਤ ਦਾ ਰਸੀਆ ਫਕੀਰ ਇੱਥੇ ਆਇਆ ਨਹੀਂ, ਦਰ-ਸ਼ਨ ਪਾਇਆ ਨਹੀਂ ਕਿ ਦਾਮਨਿਕ ਰੌਆਂ ਨਾਲ ਥ੍ਰੱਰਾਇਆ ਨਹੀਂ, ਥੱਰਾਇਆ ਨਹੀਂ ਕਿ ਦਿਲ ਦੀ ਧੌਣ ਝੁਕੀ ਨਹੀਂ ਕਿ ਰਸ ਨਾਲ ਭਰਿਆ ਨਹੀਂ। ਇਹ ਹਰਿਮੰਦਰ ਵਾਹਿਗੁਰੂ ਪ੍ਰਕਾਸ਼ਿਕ ਹੈ। ਭੈਜਲ ਤੋਂ ਪਾਰ ਕਰਦਾ ਹੈ, ਸ਼ਬਦ ਦਾਤਾ, ਗਿਆਨ ਦਾ ਪ੍ਰਕਾਸ਼ਿਕ ਹੈ, ਤੇ ਹਰੀ ਰਸ ਦੇ ਦੇਣ ਹਾਰਾ ਹੈ, ਹਾਂ, ਏਥੇ ਹੀ:-

ਫਰੀਦਾ ਰਬ ਖਜੂਰੀ ਪਕੀਆਂ ਮਾਖਿਆ
ਨਈ ਵਹੰਨਿ॥ ਜੋ ਜੋ ਵੰਞੈਂ ਡੀਹੜਾ ਸੁ
ਉਮਰ ਹਥ ਪਵੰਨਿ॥੮੯॥ {ਸਲੋਕ ਫਰੀਦ}

ਪੱਕੀਆਂ ਰੱਬੀ ਖਜੂਰਾਂ ਏਥੇ ਹਨ, ਆਤਮ ਮਾਖਿਓ, ਰੂਹਾਨੀ ਸ਼ਹਿਦਾਂ ਮਿੱਠੀਆਂ ਰਸ ਭਰੀਆਂ ਦੇ ਫੁਹਾਰੇ ਏਥੇ ਹੀ ਛੁੱਟ ਰਹੇ ਹਨ, ਜੋ ਜੋ ਪ੍ਰੇਮੀ ਆਇਆ ਉਸਨੇ ਉੱਮਲ ਉੱਮਲ ਕੇ ਹੱਥ ਪਾਏ ਕਿ ਵੱਧ ਤੋਂ ਵੱਧ ਖਾਵਾਂ ਤੇ ਰਸ ਪਾਵਾਂ।

ਇਹ ਹਰਿ ਮੰਦਰ ਅਮਨ ਦਾ ਘਰ ਹੈ, ਜਾਲ ਇਸਦੇ ਸਰੋਵਰ ਵਿਚ ਨਹੀਂ ਪੈ ਸਕਦਾ ਤੇ ਬੰਦੂਕ ਇਸਦੇ ਵਾਯੂ ਮੰਡਲ ਵਿਚ ਨਹੀਂ ਚੱਲ ਸਕਦੀ। ਇਥੇ ਖੇਲਦੇ ਪੰਛੀ ਅਮਨ ਵਿਚ ਹਨ। ਇਹ ਮਾਨ-ਸਰੋਵਰ ਹੈ ਜਿਥੇ ਸੰਤ ਮਰਾਲ ਕੰਤੂਹਲ ਕਰਦੇ ਹੈਨ। ਇਹ ਅਰਸ਼ਾਂ ਦਾ ਗਗਨ ਹੈ। ਗਗਨ ਦਮਾਮਾਂ ਏਥੇ ਬਜਦਾ ਹੈ। ਕੁਰਬਾਨੀ ਦਾ ਨਕਸ਼ਾ, ਸਦਕੇ ਹੋਣ ਦਾ ਨਮੂਨਾ 'ਪ੍ਰਕ੍ਰਮਾਂ' ਏਥੇ ਵਿਦਮਾਨ ਹੈ। ਰੋਜ਼ ਪਤੰਗੇ ਵਾਂਗ ਪ੍ਰੇਮੀ ਆਕੇ ਪ੍ਰਕ੍ਰਮਾਂ ਕਰਦੇ ਇਹ ਦੱਸਦੇ ਹਨ ਕਿ ਅਸੀਂ ਸਦਕੇ ਨੁਛਾਵਰ ਹੁੰਦੇ ਹਾਂ, ਪਰ ਪਤੰਗਿਆਂ ਵਾਂਗ ਮਰਦੇ ਨਹੀਂ ਹਾਂ, ਸਗੋਂ ਫਰਿਸ਼ਤਿਆਂ ਵਾਂਗ ਅਮਰ ਜੀਵਨ ਦੀਆਂ ਝਰ-ਨਾਟਾਂ ਵਿਚ ਜੀਉ ਉੱਠਦੇ ਹਾਂ। ਇਹ ਸ਼ਹਿਰ ਦੇ ਅੰਦਰ 'ਜੀਅ ਦਾਨ' ਦਾ ਟਿਕਾਣਾ ਹੈ, ਜਿੱਥੇ ਮਨੂਰ ਮਨ ਕੰਚਨ ਵਾਂਗ ਤੇ ਮੋਏ ਦਿਲ ਬਿਜਲੀ ਵਾਂਗੂ ਜੀਉ ਉੱਠਦੇ ਹਨ। ਇਹ ਜੀਅਦਾਨ ਦਾਤਾ ਸਤਿਗੁਰੂ ਦਾ ਸ਼ਰੀਰ ਹੈ।

ਸ਼ਬਦ ਦੀ ਗੂੰਜ, ਇਲਾਹੀ ਰੌ ਦੀ ਝਰਨਾਟ, ਆਤਮਿਕ ਸ਼ਕਤੀ ਦੇ ਲਹਿਰਾਉ, ਰੂਹਾਨੀ ਦਾਮਨਿਕ ਧਾਰਾਂ ਇੱਥੇ ਪੂਰੇ ਜੋਬਨਾਂ ਵਿਚ ਹਨ, ਜਿਨ੍ਹਾਂ ਤੋਂ ਰਸੀਏ ਰਸ ਮਾਣਦੇ ਹਨ।

ਇਕ ਦਿਨ ਅੰਮ੍ਰਿਤ ਵੇਲੇ ਇਸ ਮੰਦਰ ਵਿਚ ਬੈਠਿਆਂ ਇਸ ਸੁਹਾਵੇ ਮੰਦਰ ਦੇ ਸੁਹਾਵੇ ਰਸ ਨੂੰ ਅੰਦਰ ਲੈਂਦਿਆਂ ਲੈਂਦਿਆਂ ਇਕ ਨਿਮਗਨਤਾ

ਜਿਹੀ ਛਾ ਗਈ। ਇਸ ਮਗਨਤਾ ਵਿਚ ਸੁਰਤ ਚੱਲੀ, ਹਾਂ ਚੱਲੀ ਹੁਣ ਸੈਂਕੜੇ ਮੀਲ ਹੇਠਾਂ ਦੱਖਣ ਦੇਸ਼ ਨੂੰ, ਕੀ ਦੇਖਦੇ ਹਾਂ, ਦੀਵਾਨ ਸਜ ਰਿਹਾ ਹੈ, ਸਿੰਘ ਗੁਰੂ ਕਲਗੀਧਰ ਦੇ ਵਿਛੌੜੇ ਵਿਚ ਬੈਠੇ ਹਨ, ਕੀਰਤਨ ਦਾ ਭੋਗ ਪਿਆ ਤਾਂ ਇਕ ਸਿੰਘ ਜੀ ਬੋਲੇ:-

'ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰ ਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥

{ਸੂਹੀ:ਮ:੫-੫੪}

ਇਸ ਪਰ ਇਕ ਸੁਖਮਈ ਝਰਨਾਟ ਛਿੜੀ, ਅਰ ਸਿਦਕੀ ਤੇ ਰਮੀਏ ਜੋਧਿਆਂ ਦੇ ਮੂੰਹ ਲਾਲ ਹੋ ਗਏ। ਧਨ ਸਤਿਗੁਰ!! ਦੀ ਗੂੰਜ ਉਠੀ ਤੇ ਜੈਕਾਰੇ ਗੱਜ ਪਏ।

ਫੇਰ ਭਾਈ ਸੰਤੋਖ ਸਿੰਘ ਜੀ ਜਥੇਦਾਰ ਬੋਲੇ:- ਖਾਲਸਾ ਜੀ! ਸਤਿਗੁਰੂ ਜੀ ਨੇ ਗੁਰੂ ਖਾਲਸਾ ਥਾਪਿਆ ਹੈ ਗੁਰੂ ਗ੍ਰੰਥ ਜੀ ਦੀ ਤਾਬੇ ਤੇ ਆਪ ਸਦਾ ਵਿਚਰਨਗੇ ਖਾਲਸੇ ਵਿਚ ਤੇ ਫੁਰਮਾਯਾ ਸੀ ਕਿ ਮੈਨੂੰ ਚੋਲਾ ਛੱਡ ਜਾਣ ਤੇ ਟੁਰ ਗਿਆ ਨਾ ਸਮਝਣਾ, ਮੈਂ ਤੁਸਾਂ ਦੇ ਵਿਚ ਹਾਂ, ਤੁਸਾਂ ਦੇ ਨਾਲ ਹਾਂ, ਹਾਂ 'ਸਭ ਥਾਈਂ ਹੋਹਿ ਸਹਾਇ' ਇਹ ਗੁਰੂ ਕਾ ਬਿਰਦ ਹੈ। ਜਿੱਥੇ ਕੋਈ ਅਰਾਧੇਗਾ ਗੁਰੂ ਬਾਹੁੜੀ ਕਰੇਗਾ, ਸਦਾ ਅੰਗ ਸੰਗ ਹੋ ਵਰਤੇਗਾ।

ਖਾਲਸਾ ਜੀ! ਸਤਿਗੁਰ ਦੇ ਘਰ 'ਗੁਰਪੁਰਬ ਸਦਾ ਦਸਾਹਿਰਾ' ਹੈ। 'ਅਵਤਾਰ ਧਾਰਨਾ' ਕਿ 'ਅੰਤਰ ਧਿਆਨ ਹੋਣਾ' ਸਤਿਗੁਰ ਦਾ ਸਦਾ ਗੁਰ-ਪੁਰਬ ਹੈ। ਸਾਡਾ ਸਤਿਗੁਰ ਜੀਵਨ ਦਾ ਸੂਰਜ ਹੈ, ਸੂਰਜ ਸਦਾ ਚਮਕਦਾ ਹੈ। ਸੂਰਜ ਦਾ ਉਦੇ ਅਸਤ ਸੂਰਜ ਦਾ ਜਨਮ ਮਰਨ ਨਹੀਂ ਹੁੰਦਾ, ਤਿਵੇਂ ਸਤਿਗੁਰ ਦਾ ਪ੍ਰਗਟ ਹੋਣਾ ਯਾ ਅੰਤ੍ਰਧਾਨ ਹੋਣਾ ਆਵਾਗਵਨ ਨਹੀਂ ਹੈ ਨਾ 'ਭਾਵ' 'ਅਭਾਵ' ਹੈ। ਸਤਿਗੁਰ ਜਾਗਤੀ ਜੋਤ ਸਦਾ ਪ੍ਰਕਾਸ਼ਮਾਨ ਹੈ। ਸਾਡੇ ਅੰਗ ਸੰਗ ਹੈ, ਸਾਡੇ ਵਿਚ ਹੈ ਜਿੱਕੂੰ:-

ਬਾਬਾ ਮੜੀ ਨ ਗੋਰ ਗੁਰ ਅੰਗਦ ਕੇ ਹੀਏ ਮੇ।

ਤਿੱਕੂੰ:-

ਕਲਗੀਆਂ ਵਾਲਾ ਨਾਥ, ਟੁਰ ਨਹੀਂ ਗਿਆ,
ਪੰਥ ਹੀਏ ਵਿਚਕਾਰ ਜੋਤ ਜਗਾ ਰਿਹਾ ਹੈ।

ਇਕ ਸਿੰਘ ਬੋਲਿਆ:-

ਪਰ ਤੱਤ ਤੱਤਾਂ ਵਿਚ ਰਲ ਗਏ, ਜੋਤਿ ਵਿਚ ਜੋਤਿ ਰਲ ਗਈ। ਸਤਿਗੁਰ ਸੰਪੂਰਨ ਸੀ; ਸੰਪੂਰਨ ਹੋ ਗਿਆ। ਬਾਕੀ ਕੀ?

ਇਕ ਹੋਰ ਅਵਾਜ਼ ਆਈ:-

੧੭੨੩ ਬਿ: ਸੰਮਤ ਵਿਚ ਸਤਿਗੁਰ ਪ੍ਰਗਟੇ, ੧੭੬੫ ਬਿ: ਵਿਚ ਜੋਤੀ ਜੋਤਿ ਸਮਾਏ, ਇਹ ਵਾਕਿਆਤ ਇੰਜ ਹੋਏ ਤੇ ਇੰਜ ਠੀਕ ਹਨ:

ਸੰਤੋਖ ਸਿੰਘ ਜੀ ਬੋਲੇ:-

ਫਿਲਸਫਾ ਤੇ ਇਤਿਹਾਸ ਆਪਣੀ ਰਾਹੇ ਟੁਰਨ, ਪਏ ਟੁਰਨ, ਪਰ ਆਤਮਕ ਦੁਨੀਆਂ ਦਾ ਸੱਚ ਤੇ ਪਰਤੱਖ ਸੱਚ ਇਉਂ ਹੈ ਕਿ-

ਸਤਿਗੁਰ ਦੀ ਜੋਤਿ ਅਜ਼ਲੀ ਜੋਤਿ ਹੈ, ਅਜ਼ਲੀ ਚੀਜ਼ ਦਾ ਆਦਿ ਅੰਤ ਨਹੀਂ, ਉਸਦਾ ਜਨਮ ਮਰਨ ਕਥਨ ਕਰਨਾ ਖ਼ਤਾ ਕਰਨੀ ਹੈ। ਉਹ ਅਜ਼ਲੀ ਜੋਤਿ ਦੇਸ਼ ਕਾਲ ਦੀ ਕੈਦ ਤੋਂ ਪਰੇ ਹੈ। ਅਸੀਂ ਸਾਰੇ ਮਨ ਵਾਲੇ, ਸੋਚ ਵਾਲੇ ਹੱਦ ਵਾਲੇ ਲੋਕ ਹਾਂ, 'ਦੇਸ਼ ਕਾਲ' ਆਦਿ ਬਿਨਾਂ ਅਸੀਂ ਕੁਛ ਸੋਚ ਹੀ ਨਹੀਂ ਸਕਦੇ। ਅਸੀਂ ਅਜ਼ਲੀ ਜੋਤਿ ਨੂੰ ਦੇਸ਼ਕਾਲ ਦੇ ਜਾਮੇਂ ਪਹਿਨਾ ਕੇ ਕੀਕੂੰ ਸੱਚੀਆਂ ਦਲੀਲਾਂ ਕਰ ਸਕਦੇ ਹਾਂ।

ਸਤਿਗੁਰ ਦੀ ਅਜ਼ਲੀ (ਅਬਚਲੀ) ਜੋਤਿ ਆਪਣੇ ਜੋਤਿ ਸਰੂਪ ਵਿਚ 'ਅਨੰਦ' ਹੈ, ਜੇ ਚਾਹੇ ਤਾਂ ਸੰਸਾਰ ਦੇ ਕੰਮ ਕਰਦੀ ਹੈ,-ਅਰੂਪ ਰੂਪ ਰਹਿਕੇ ਕਰਦੀ ਹੈ, ਰੂਪ ਧਾਰ ਕੇ ਕਰਦੀ ਹੈ। ਗੁਰੂ ਆਖਦਾ ਹੈ ਕਿ ਮੈਂ ਸਦਾ ਜੀਉਂਦਾ ਹਾਂ। ਮੈਂ ਅਵਧੂਤ ਬੀ ਹਾਂ, ਰਸਾਲ ਬੀ ਹਾਂ। 'ਪੁਰਖ ਰਸਿਕ' ਬੀ ਹਾਂ, 'ਬੈਰਾਗੀ' ਬੀ ਹਾਂ। ਮੈਂ 'ਅਰੂਪ' ਬੀ ਹਾਂ, 'ਰੂਪ' ਬੀ ਹਾਂ, 'ਅਰੂਪ ਰੂਪ' ਬੀ ਹਾਂ। ਮੈਂ 'ਖੇਲ' ਬੀ ਹਾਂ, 'ਅਖੇਲ' ਬੀ ਹਾਂ, 'ਅਖੇਲ ਖੇਲਨ' ਬੀ ਹਾਂ। ਮਿੱਤ੍ਰੋ! ਸਿੱਖ ਹਾਂ, ਸਿੱਖ ਪਦ ਵਿਚ ਗੁਰੂ ਪਦ ਦੀ ਸੰਭਾਵਨਾ ਹੈ। ਸੋ ਤੁਸਾਡਾ ਗੁਰੂ ਹੈ, ਉਹ ਗੁਰੂ ਸਦਾ ਜੀਉਂਦਾ ਹੈ, ਉਸ 'ਸਦਾ ਜੀਵਨ' ਨੇ ਸਦਾ ਸੰਸਾਰ ਦੇ ਜੀਵਾਂ ਨੂੰ 'ਜੀਅਦਾਨ' ਦੇਣਾ ਹੈ। ਅਸੀਂ ਤਾਂ ਦੇਹ ਦੇ ਦਰਸ਼ਨ ਪਾਏ, ਹਜ਼ਾਰਾਂ ਲੱਖਾਂ ਸਾਥੋਂ ਮਗਰੋਂ ਆਉਣਗੇ, ਸਿੱਖ ਅਖਾਉਣਗੇ ਸਿੱਖੀ ਸਿਦਕ ਪਾਲਨਗੇ, ਸਤਿਗੁਰ ਨੂੰ ਮਿਲਣਗੇ. ਕੀਕੂੰ? ਵੀਚਾਰ ਕਰੋ।..... ਜੇ ਤੁਸਾਂ ਸਤਿਗੁਰ ਨੂੰ ਨਿਰੇ

ਫਿਲਸਫੇ ਤੇ ਇਤਿਹਾਸ ਦੇ ਖੋਪਿਆਂ ਨਾਲ ਤੱਕਿਆ ਤੇ ਇਹ ਖੋਪੇ ਅਗੋਂ ਆਪਣੀ ਆਲ ਉਲਾਦ ਨੂੰ ਦੇ ਦਿੱਤੇ ਤਾਂ ਸਤਿਗੁਰ ਤੋਂ ਲਾਭ ਕੌਣ ਉਠਾਊ? ਉਹ ਦਿਨ ਹਾਇ ਹਾਇ ਦਾ ਹੋਊ, ਸ਼ੋਕ ਦਾ ਹੋਊ, ਜਿਸ ਦਿਨ ਖਾਲਸਾ ਸਤਿਗੁਰ ਨੂੰ "ਜਾਗਤਾ ਦੇਉ" ਨਾ ਸਮਝੂ, ਜਿਸ ਦਿਨ ਸਤਿਗੁਰ ਜੀ ਦੀ ਹੋਂਦ ਦਾ ਧਯਾਨ ਪੰਥ ਵਿਚ ਨਾ ਰਹੂ, ਜਿਸ ਦਿਨ ਸਤਿਗੁਰੂ ਸਿੱਖੀ ਦਾ ਆਦਰਸ਼ ਨਾ ਰਹੂ। ਹਾਵਿਆਂ ਵਾਲਾ ਹੋਊ ਉਹ ਦਿਨ, ਜਿਸ ਦਿਨ ਸਿੱਖ ਸੇਵਾ, ਉਪਕਾਰ, ਪੰਥ ਦਾ ਕੰਮ ਕਰਨਗੇ, ਪਰ ਹੀਏ ਵਿਚ ਸਤਿਗੁਰ ਦਾ ਚਾਉ ਤੇ ਸਾਰਾ ਕੁਛ ਉਸਨੂੰ ਸਮਰਪਨ ਕਰਨ ਦਾ ਉਮਾਹ ਨਹੀਂ ਧਾਰਨਗੇ। ਉਸ ਦਿਨ ਸਿੱਖ ਮਨਮੁਖ ਹੋ ਜਾਣਗੇ, ਜਿਸ ਦਿਨ ਸਤਿਗੁਰ ਨੂੰ ਭੁਲਾ ਦੇਣਗੇ। ਹਾਂ, ਜਦ ਤਕ ਸਿਖ ਸਤਿਗੁਰ ਨੂੰ ਆਦਰਸ਼ ਬਨਾਈ ਰੱਖਣਗੇ, ਸਤਿਗੁਰ ਨੂੰ (ਖਿਆਲੀ ਨਹੀਂ ਸਗੋਂ) ਸੱਚੀ ਅਜ਼ਲੀ ਜੋਤ ਜਾਣਨਗੇ; ਜੋ ਕੰਮ ਕਰਨਗੇ, ਉਸਦਾ ਹੁਕਮ ਜਾਣਕੇ ਕਰਨਗੇ, ਜੋ ਸੇਵਾ ਸ਼ੁਭ ਗੱਲਾਂ ਕਮਾਉਣਗੇ ਉਹਦੇ ਚਰਨਾਂ ਵਿਚ ਭੇਟ ਧਰਨਗੇ, ਤਦ ਤਕ ਸਿਖ ਸਿਖ ਰਹਿਣਗੇ! ਸੋ ਮਿਲੇ ਰਹੋ ਮਿਲੇ ਰਹੋ ਸਦਾ ਸਤਿਗੁਰ ਨੂੰ।

ਖਾਲਸਾ ਜੀ! ਅਸੀਂ ਸ਼ੋਕ ਵਿਚ ਪੈ ਰਹੇ ਹਾਂ, ਢਹਿੰਦੀਆਂ ਕਲਾਂ ਵਿਚ ਚਲੇ ਗਏ ਹਾਂ, ਬੇਅਦਬ ਹੋ ਚਲੇ ਹਾਂ। ਅਜ਼ਲੀ ਜੋਤ ਦੇ 'ਉਦੇ ਅਸਤ' ਦੇ ਵਹਿਮ ਵਿੱਚ ਪੈ ਗਏ ਹਾਂ, ਜਿਵੇਂ ਮੂਰਖ ਸੂਰਜ ਦੇ ਉਦੇ ਅਸਤ ਨੂੰ ਉਸਦਾ ਸਚਮੁਚ ਚੜ੍ਹਨਾ ਤੇ ਡੁਬਣਾ ਸਮਝਦੇ ਹਨ, ਸੂਰਜ ਸਦਾ ਚੜ੍ਹਿਆ ਹੈ। ਉਦੈ ਹੋਣ ਤੋਂ ਪਹਿਲਾਂ ਤੇ ਅਸਤ ਹੋਣ ਤੋਂ ਮਗਰੋਂ ਸੂਰਜ ਸਦਾ ਹੈ, ਕਦੇ 'ਨਹੀਂ ਹੈ' ਨਹੀਂ ਹੁੰਦਾ। ਹਾਂ, ਅਸੀਂ ਅੱਜ ਸਤਿਗੁਰ ਦੇ ਜਨਮ ਚਲਾਣੇ ਦੇ ਹਰਖ ਸ਼ੋਕ ਵਿਚ ਹਾਂ, ਛੱਡੋ ਇਹ ਅਗਿਆਨ, ਆਤਮ ਸੱਚ ਵੱਲ ਤੱਕੋ। ਸਤਿਗੁਰ ਦਾ ਅਵਤਾਰ ਤੇ ਅੰਤਰਧਿਆਨ ਹੋਣਾ ਦੋ ਕੌਤਕ ਹਨ, ਓਹ ਸਦਾ ਇਕ ਰਸ ਦਿਪਤ ਹਨ। ਸਾਡੇ ਲਈ ਦੋਇ ਕੌਤਕ ਦੇ ਦਿਨ ਗੁਰਪੁਰਬ ਹਨ, ਦੋਵੇਂ ਖੁਸ਼ੀਆਂ ਦੇ ਦਿਨ ਹਨ, ਦੋਵੇਂ ਰੱਬੀ ਭੇਤ ਹਨ, ਦੋਵੇਂ ਪ੍ਰਤੱਖ ਸੱਚ ਹਨ। ਸਤਿਗੁਰ ਦੀ ਜੋਤ ਅਬਚਲ ਹੈ, ਇਕ ਰਸ ਹੈ। ਸਿਖ ਤੇ ਸਤਿਗੁਰ ਦਾ ਸ੍ਰੀਰ ਤੱਕ ਦਾ ਨਾਤਾ ਨਹੀਂ, ਇਹ ਨਾਤ ਆਤਮਾ ਨਾਤਾ ਹੈ। ਆਤਮਾ ਨਿੱਤ ਹੈ, ਨਾਤਾ ਨਿੱਤ ਹੈ। ਵੀਰੋ! ਹੰਭਲਾ ਮਾਰੋ, ਉੱਚੀ ਅਟਾਰੀ ਤੇ ਸੁਰਤ ਕਰਕੇ ਤੱਕੋ! ਤੁਸੀਂ ਰੰਡੀਆਂ, ਛੁੱਟੜਾਂ, ਕੁਆਰੀਆਂ ਵਾਂਙੂ ਨਹੀਂ, ਤੁਸੀਂ ਸੁਹਾਗਣਾਂ ਵਾਂਙੂ ਹੋ ਜਿਨ੍ਹਾਂ ਦੇ ਸਿਰ ਤੇ ਥਿਰ ਸੁਹਾਗ ਹੈ, ਐਸਾ ਸੁਹਾਗ ਹੈ ਜੋ:-

'ਨਾ ਓਹੁ ਮਰੈ ਨ ਹੋਵੈ ਸੋਗੁ' ਹੈ।

ਹਾਂ, ਅੱਜ ਸ਼ੋਕ ਦਾ ਦਿਨ ਨਹੀਂ, ਅੱਜ ਬੀ ਖੁਸ਼ੀ ਦਾ ਦਿਨ ਹੈ। ਪਰ ਤਾਂ, ਜੇ ਅਸੀਂ ਸਿਦਕ ਦੀ ਐਨਕ ਨਾਲ ਸਤਿਗੁਰ ਦੇ ਅਸਲ ਸਰੂਪ ਨੂੰ ਤੱਕੀਏ। ਤਕੜੇ ਹੋਵੋ ਅਰ ਆਖੋ:-

"ਸਤਿਗੁਰ ਮੜੀ ਨ ਗੋਰ, ਗੁਰੂ ਪੰਥ ਦੇ ਹ੍ਰਿਦੇ ਵਿਚ; ਲਿਵ ਦੀ ਲਗੀ ਡੋਰ, ਹਾਜ਼ਰ ਦਿੱਸੇ ਜ਼ਾਹਰਾ।"

ਇਤਿਹਾਸਕਾਰ ਦੇ ਮਗਰ ਲੱਗ ਕੇ 'ਆਤਮ ਸੱਚ' ਨੂੰ ਨਾ ਗੁਆਓ। ਇਤਿਹਾਸਕਾਰ ਹਨੇਰੇ ਵਿਚ ਹੈ, ਕੇਵਲ ਛਿੱਲੜ ਤੱਕਦਾ ਹੈ, ਉਸਨੂੰ ਗਿਰੀ ਤੇ ਗਿਰੀ ਦੀਆਂ ਸ਼ਕਤੀਆਂ ਦਾ ਪਤਾ ਨਹੀਂ ਹੈ। ਫਿਲਸਫੇ ਵਾਲਾ ਗੇਣਤੀ ਵਿਚ ਹੈ; ਉਸ ਨੂੰ ਅਸੰਖ ਪਦ ਦਾ ਪਤਾ ਨਹੀਂ, ਉਸ ਨੂੰ ਅਮੁੱਲ ਦੀ ਗਜਾਤ ਅਜੇ ਨਹੀਂ ਆਈ। ਹਾਂ ਭਾਈਓ! ਟਿੰਡਾਂ ਬੈਠ ਕੇ ਕੁਮਿਹਾਰਰ ਦਾ ਪਾਰਾਵਾਰ ਲੈਂਦੀਆਂ ਹਨ। ਸਿਖ ਬਣੋਂ, ਹਨੇਰੇ ਵਿੱਚੋਂ ਨਿਕਲੋ, ਸੁਰਤੇ ਹੋ ਕੇ ਚਾਉ ਵਿਚ ਤੱਕੋ, ਸਤਿਗੁਰ ਸਦਾ ਜਾਗਦੀ ਜੋਤ ਹੈ। ਉਹ ਜਿਕੂੰ ਸਾਡੇ ਵਿਚ ਸਾਡੇ ਵਰਗੇ ਕਾਗਜ਼ੀ ਤਖਤੇ ਤੇ ਮੂਰਤ ਦਿਖਾ ਗਏ ਹਨ, ਉਹ ਅਮੂਰਤ ਤਖਤ ਉਤੇ ਉਸੀ ਤਰ੍ਹਾਂ ਮੂਰਤੀ ਮਾਨ ਹਨ। ਹਾਂ ਹਾਂ ਸਤਿਗੁਰ ਸਾਡਾ:-

ਹਲਤ ਪਲਤ ਸੁਆਰਨਗੇ, ਸਾਡੇ ਬੰਧਨ ਕੱਟਣਗੇ। ਸਤਿਗੁਰ ਦਾ ਬਿਰਦ ਹੈ:-

"ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤੁਹਾ ਉਠਿ ਧਾਵੈ॥੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ।" {ਆਸਾ ਮਹਲਾ ੫-੨੯}

ਜਿਵੇਂ ਬਰਫ ਜੋ ਤੁਸੀਂ ਨਿੱਗਰ ਤੱਕ ਰਹੇ ਹੋ ਪਾਣੀ ਹੈ। ਪਾਣੀ ਭਾਫ ਬਣਕੇ ਪੌਣ ਰੂਪ ਹੋ ਜਾਂਦਾ ਹੈ। ਤਿਵੇਂ ਸ਼ਰੀਰ, ਮਨ ਬੁੱਧੀ ਸਭ ਇਕੋ ਆਤਮਾ ਦੇ ਆਪਣੇ ਕੋਈ ਚੋਜ ਹਨ। ਜੀਵ ਦੀ ਆਤਮਾ

ਜਦੋਂ ਸੁਤੰਤ੍ਰ ਤੇ ਨਿਰਭੈ ਪਦ ਤੇ ਹੋ ਜਾਵੇ ਫਿਰ ਉਸ ਦੇ ਅਗੇ ਉਹ ਕੁਛ ਸੰਭਵ ਹੈ ਜੋ ਸਾਡੇ ਅਗੇ ਨਹੀਂ। ਤੁਸੀਂ ਸਤਿਗੁਰ ਦੀ ਜੋਤ ਤੇ ਈਮਾਨ ਧਰੋ, ਜੋ ਅਜ਼ਲੀ ਹੈ। ਮੇਰਾ ਜੀ ਇਹ ਕਰਦਾ ਹੈ ਕਿ ਫੋਕੇ ਗਿਆਨ ਨੂੰ ਬੀ ਦੂਰ ਰੱਖੋ, ਸਤਿਗੁਰ ਨੂੰ ਉਂਞ ਹੀ ਆਪਣੇ ਵਿਚ ਸਹਾਈ ਸਿਰ ਉਤੇ ਅੰਗ ਸੰਗ ਜਾਣੋ। 'ਸਤਿਗੁਰ ਹੈ' ਹੈ, ਇਸ ਨਰੀ ਸੋਚ ਵਿਚ ਨਾਂ ਪਵੋ, ਸਦਾ ਲਿਵ ਵਿਚ ਰਹੋ। ਫੇਰ ਗੁਰਸਿਖ ਦੀ ਸੰਧਿ ਸਦਾ ਗੁਰੂ ਨਾਲ ਮਿਲੀ ਹੈ। ਆਓ ਸ਼ੋਕ ਦੂਰ ਕਰੀਏ ਸਾਨੂੰ ਸ਼ੋਕ ਕਾਹਦਾ?

"ਨਾ ਓਹੁ ਮਰੈ ਨ ਹੋਵੈ ਸੋਗੁ॥" {ਆਸਾ:ਮ:੧-੨}

ਇਕ ਅਵਾਜ਼ ਆਈ:-

"ਹੀਏ ਨੂੰ ਲੱਗੇ ਬਿਰਹੋਂ ਦੇ ਤੀਰ।
ਕਿਵੇਂ ਨਿਕਲਣ ਤੇ ਕਿਵੇਂ ਮਿਲਣ।"

ਇਹ ਸੁਣਕੇ ਸਤਿਗੁਰ ਦੇ ਪਿਆਰੇ ਸੰਤੋਖ ਸਿੰਘ ਦਾ ਜੀ ਭਰ ਆਇਆ, ਜਿਸ ਨੂੰ ਕਲਗੀਆਂ ਵਾਲੇ ਨੇ ਹੁਕਮ ਦਿਤਾ ਸੀ ਕਿ 'ਤੁਸੀਂ ਸਦਾ ਏਥੇ ਰਹਿਣਾ ਤੇ ਦੇਗ ਚਲਾਉਣੀ' ਉਸ ਪਿਆਰੇ ਦਾ ਜੀ ਭਰ ਆਇਆ, ਸਿਦਕ ਨੇ ਉਛਾਲਾ ਖਾਧਾ, ਉਸ ਸੱਚ ਨੇ (ਜੋ ਦੁਨੀਆਂ ਦੀ ਵਡਿਆਈ ਨੂੰ ਵਡਿਆਈ ਨਹੀਂ ਸਮਝਦਾ, ਪਰ ਜਿੱਥੇ ਉਹ ਹੁੰਦਾ ਹੈ ਉਥੇ ਪ੍ਰਬਲ ਸ਼ਕਤੀ ਹੁੰਦੀ ਹੈ) ਉਛਾਲਾ ਖਾਧਾ, ਅੱਖਾਂ ਚੜ੍ਹ ਗਈਆਂ, ਲਾਲੀ ਭਰ ਆਈਆਂ, ਮੱਥਾ ਚਮਕ ਪਿਆ, ਲੱਸ ਮਾਰੀ, ਸ੍ਰੀਰ ਥ੍ਰਰਾ ਗਿਆ, ਨੈਣਾਂ ਵਿਚੋਂ ਇਕ ਤੇਜ਼ ਨਿਕਲਿਆ, ਅਰ ਸਿੰਘ ਜੀ ਨੇ ਅਕਾਸ਼ ਵਿਚ ਇਕ ਹੱਥ ਫੇਰਕੇ ਗੂੰਜਦਾਰ, ਪਰ ਕੜਕਵੀਂ ਅਵਾਜ਼ ਵਿਚ ਕਿਹਾ:-

ਓਹੁ ਅਉਹਾਣੀ* ਕਦੇ ਨਾਹਿ ਨਾ ਆਵੈ ਨਾ ਜਾਇ॥
{ਗੂਜ:ਵਾਰ-੨}

ਇਹ ਕਹਿੰਦੇ ਹੀ ਇਕ ਲਿਸ਼ਕਾਰਾ ਪਿਆ, ਸਭ ਨੈਣ ਮੁੰਦ ਗਏ। ਸਾਰੇ ਖਾਲਸੇ ਅਹਿੱਲ, ਅਚੱਲ, ਅਡੋਲ ਹੋ ਗਏ। ਸਾਰਿਆਂ ਦੇ ਨੈਣਾਂ ਅੱਗੋਂ ਮਾਤ੍ਰਲੋਕ ਲੋਪ ਹੋ ਗਿਆ, ਅੰਦਰਲੀ ਨਜ਼ਰ ਅਸਮਾਨਾਂ ਤੇ ਜਾ ਟਿਕੀ। ਕੀ ਦੇਖਦੇ ਹਨ:-

{ਪਹਿਲਾ ਆਤਮ ਲਹਿਰਾਉ}

ਇਕ ਪ੍ਰਕਾਸ਼ ਦੀ ਧਰਤੀ ਹੈ, ਬਿਨਾਂ ਚੰਦ ਸੂਰਜ ਤਾਰੇ ਦੇ ਚਾਨਣਾਂ, ਪਰ ਉਂਞ ਚੰਦ ਵਾਂਗੂੰ ਮਿੱਠਾ ਮਿੱਠਾ ਚਾਨਣਾ ਹੈ, ਚਾਨਣੇ ਦਾ ਇਕ ਮਹਿਲ ਹਵੇਲੀ ਦੀ ਸੂਰਤ ਦਾ ਹੈ। ਉਥੇ ਇਕ ਅਤੀ ਤੇਜਮਯ ਦੇਵੀਆਂ ਸਿਰ ਦੇਵੀ ਇਕ ਨੂਰ ਦੇ ਤਖਤ ਤੇ ਬੈਠੀ ਹੈ। ਚਾਰ ਹੋਰ ਨੂਰ ਦੇ ਪੁਤਲੇ ਨੂਰੀ ਘੋੜੇ ਸਰਪੱਟ ਸੱਟੀ ਆ ਰਹੇ ਹਨ ਤੇ ਛੇਤੀ ਨਾਲ ਤਖਤ ਪਾਸ ਜਾ ਕੇ ਮਥਾ ਟੇਕਦੇ ਹਨ ਤੇ ਆਖਦੇ ਹਨ, ਮਾਤਾ ਜੀ! ਅੱਜ ਦਾਤਾ ਜੀ ਦਾ ਆਗਮਨ ਹੈ।

ਸਮਾਧਿ ਸਥਿਤ ਦੇਵੀ ਨੇ ਨੇਤਰ ਖੁਹਲੇ, ਬੱਚਿਓ! ਕੀ ਸੰਦੇਸਾ ਲਿਆਏ ਹੋ?

ਬੱਚੇ-ਮਾਤਾ ਜੀ! ਪਿਤਾ ਜੀ ਆ ਰਹੇ ਹਨ, ਮਾਤਲੋਕ ਤੋਂ ਟੁਰ ਪਏ ਹਨ।

ਦੇਵੀ-ਨੈਣ ਮੁੰਦ ਲਏ, ਮੁੰਦੇ ਨੈਣਾਂ ਵਿਚੋਂ ਮਾਨੋਂ ਕੁਛ ਟੇਪੇ ਜਲ ਦੇ ਕਿਰੇ। ਪਿੱਛੋਂ ਸਹਿਜੇ ਧੀਮੀਂ ਮਿੱਠੀ ਅਵਾਜ਼ ਆਈ 'ਸ਼ੁਕਰ ਹੈ'। ਫਿਰ ਨੈਣ ਖੁੱਲ੍ਹੇ।

ਬੱਚੇ-ਮਾਤਾ ਜੀ! ਪਿਤਾ ਜੀ ਆ ਰਹੇ ਹਨ।

ਮਾਤਾ-ਸ਼ੁਕਰ ਹੈ!

ਬੱਚੇ-ਆਗਜਾ ਹੋਵੇ ਤਾਂ ਹੋਰ ਹੇਠਾਂ ਜਾਕੇ ਅੱਗੋਂ ਲਿਆਈਏ?

ਮਾਤਾ-ਉਪਰੋਂ ਹੇਠਾਂ ਉਤਰ ਕੇ ਐਥੋਂ ਤਕ ਹੀ ਆਉਣਾ ਠੀਕ ਹੈ, ਅੱਗੇ ਇਸ ਤੋਂ ਹੇਠਾਂ ਜਾਣ ਦੀ ਮਨਾਹੀ ਤਾਂ ਨਹੀਂ ਪਰ ਅੱਜ ਰਜ਼ਾ ਇਵੇਂ ਹੀ ਹੈ। ਇਹ ਕਹਿੰਦਿਆਂ ਨੈਣ ਫੇਰ ਮੁੰਦ ਗਏ ਤੇ ਸ਼ਬਦ ਹੋਇਆ:-

ਸਤਿਗੁਰ ਅਪੁਨੇ ਸੁਨੀ ਅਰਦਾਸਿ॥ ਕਾਰਜੁ ਆਇਆ ਸਗਲਾ ਰਾਸਿ॥ ਮਨ ਤਨ ਅੰਤਰਿ ਪ੍ਰਭੂ ਧਿਆਇਆ॥ ਗੁਰ ਪੂਰੇ ਡਰੁ ਸਗਲ ਚੁਕਾਇਆ॥੧॥ ਸਭ ਤੇ ਵਡ ਸਮਰਥ ਗੁਰ-ਦੇਵ॥ ਸਭਿ ਸੁਖ ਪਾਈ ਤਿਸ ਕੀ ਸੇਵ॥ ਰਹਾਉ॥ ਜਾਕਾ ਕੀਆ ਸਭੁ ਕਿਛੁ ਹੋਇ॥ ਤਿਸਕਾ ਅਮਰੁ ਨ ਮੇਟੈ ਕੋਇ॥ ਪਾਰਬ੍ਰਹਮੁ ਪਰਮੇਸਰੁ ਅਨੂਪੁ॥ ਸਫਲ ਮੂਰਤਿ ਗੁਰ ਤਿਸ ਕਾ ਰੂਪੁ॥੨॥ ਜਾਕੈ ਅੰਤਰਿ ਬਸੈ ਹਰਿਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥ ਬੀਸ ਬਿਸੁਏ ਜਾਕੈ ਮਨਿ ਪਰਗਾਸੁ॥ ਤਿਸੁ ਜਨ ਕੈ ਪਾਰ-ਬ੍ਰਹਮ ਕਾ ਨਿਵਾਸੁ॥੩॥ ਤਿਸੁ ਗੁਰ ਕਉ ਸਦ ਕਰੀ ਨਮਸਕਾਰ॥ ਤਿਸ ਗੁਰ ਕਉ ਸਦ

*ਅਉਹਾਣੀ=ਵਿਨਾਸ਼ ਹੋਣ ਵਾਲਾ।

ਜਾਉ ਬਲਿਹਾਰ॥ ਸਤਿਗੁਰ ਕੇ ਚਰਨ ਧੋਇ ਧੋਇ ਪੀਵਾ॥ ਗੁਰ ਨਾਨਕ ਜਪਿ ਜਪਿ ਸਦ ਜੀਵਾ॥੪॥੪੩॥੫੬ {ਭੈਰਉ ਮਹਲਾ ੫}

ਇਹ ਸ਼ਬਦ ਐਸੀ ਮਿੱਠੀ ਸੁਰ ਵਿਚ ਗਾਵਿਆਂ ਗਿਆ ਅਰ ਇਤਨੇ ਸਾਜ਼ ਨਾਲ ਵੱਜ ਰਹੇ ਭਾਸਦੇ ਸੇ ਕਿ ਜਿਨ੍ਹਾਂ ਦੇ ਮਿਲਾਪ ਨੇ ਅਚਰਜ ਕੋਮਲਤਾ ਪੈਦਾ ਕਰ ਦਿਤੀ ਸੀ, ਪਰੰਤੂ ਕੋਈ ਗਵੱਈਆ ਤੇ ਵਜੱਈਆ ਦੀਂਹਦਾ ਨਹੀਂ ਸੀ। ਇਕ ਹੋਰ ਬੜਾ ਅਚਰਜ ਇਹ ਸੀ, ਇਸ ਥਾਵੇਂ ਕੋਈ ਫੁੱਲ, ਕੋਈ ਫੁਲੇਲ, ਕੋਈ ਸੁਗੰਧੀ ਵਾਲੀ ਸ਼ੈ, ਕੋਈ ਅਤਰ ਨਹੀਂ ਸੀ ਪਿਆ, ਪਰ ਐਸੀ ਖੁਸ਼ਬੋਈ ਸੀ ਅਰ ਐਸੀ ਲਪਟਦਾਰ ਮਹਿਕ ਸੀ ਕਿ ਦਿਮਾਗ਼ ਤਰੋ ਤਰ ਹੁੰਦਾ ਜਾਂਦਾ ਸੀ; ਪਤਾ ਨਹੀਂ ਪੌਣ ਹੀ ਸੁਗੰਧਿਤ ਸੀ, ਪਤਾ ਨਹੀਂ ਇਨ੍ਹਾਂ ਨੂਰੀਆਂ ਦੇ ਸ਼ਰੀਰਾਂ ਵਿਚੋਂ ਲਪਟ ਨਿਕਲ ਰਹੀ ਸੀ। ਇਕ ਹੋਰ ਕੌਤਕ ਸੀ, ਦਿਲ ਦੀ ਰੰਗਤ ਏਥੇ ਅਤਿ ਪਿਆਰਾਂ ਭਰੀ ਸੀ, ਸਾਰੇ ਐਉਂ ਜ਼ਾਪਦੇ ਸਨ ਕਿ ਪਿਆਰ ਦੇ ਬਣੇ ਹਨ। ਆ ਮੁਹਾਰਾ ਦਿਲ ਨੂੰ ਪਿਆਰ ਦਾ ਉਮਾਹ ਚੜ੍ਹਦਾ ਸੀ ਅਰ ਉਹ ਉਮਾਹ ਐਉਂ ਖੀਵਾ ਕਰਦਾ ਸੀ, ਕਿ ਉਸ ਮੰਡਲ ਨਾਲ ਪੁਹਿਆ ਜਾ ਕੇ ਪੱਛੋਂ ਦੀ ਮੰਦ ਮੰਦ ਵਗਦੀ ਪੌਣ ਦੇ ਝੁਮਾਉ ਨਾਲ ਝੂਮਦੇ ਸਰੂ ਵਾਂਗ ਸਿਰ ਝੂਮਣ ਲੱਗ ਪੈਂਦਾ ਸੀ। ਸਾਮਾਨ, ਘਰ, ਬਾਰ ਸਾਰੇ ਨੂਰ ਦੇ ਸਨ, ਪੰਜੇ ਸ੍ਰੀਰ ਨੂਰ ਦੇ ਸਨ, ਪਰ ਫੇਰ ਨੂਰ ਦੀਆਂ ਆਭਾਂ ਵੱਖੋ ਵੱਖਰੀਆਂ ਸਨ, ਜਿਸ ਤੋਂ ਸਭ ਕੁਛ ਨਿਆਰਾ ਨਿਆਰਾ ਹੋਕੇ ਪ੍ਰਤੱਖ ਸ਼ਰੀਰ ਵਾਂਗੂ ਦਿੱਸ ਰਿਹਾ ਸੀ, ਐਉਂ ਜਾਪਦਾ ਸੀ ਕਿ ਇਹ ਦੇਸ਼ ਪ੍ਰਕਾਸ਼ ਦਾ ਹੈ ਅਰ ਜੀਕੂੰ ਸਾਡੇ ਦੇਸ਼ ਵਿਚ ਹਰ ਸ਼ੈ ਮਾਦੇ (ਸਥੂਲ ਪ੍ਰਕ੍ਰਿਤੀ) ਤੋਂ ਬਣੀ ਹੈ ਤਿਵੇਂ ਏਥੇ ਹਰ ਸ਼ੈ ਪ੍ਰਕਾਸ਼ ਤੋਂ ਬਣੀ ਹੈ। ਖਬਰ ਨਹੀਂ ਉਹੋ ਤੱਤ ਜੋ ਸਾਡੇ ਦੇਸ਼ ਵਿਚ ਮੋਟਾ ਮੋਟਾ ਸਥੂਲ ਸਥੂਲ ਰੂਪ ਰੱਖਦੇ ਹਨ, ਏਥੇ ਇਤਨੇ ਸੂਖਮ ਹੋ ਗਏ ਹਨ ਕਿ ਉਨ੍ਹਾਂ ਦਾ ਰੂਪ ਪ੍ਰਕਾਸ਼ ਪ੍ਰਕਾਸ਼ ਹੋ ਗਿਆ ਹੈ! ਜਾਂ ਐਉਂ ਹੈ ਕਿ ਅਸਲ ਵਸਤੂ ਅਸਲ ਸ਼ੈ ਇਹ ਪ੍ਰਕਾਸ਼ ਹੈ, ਇਸੇ ਪ੍ਰਕਾਸ਼ ਦੇ ਸੂਖਮ ਅਵੈਵਾਂ ਦੀ ਤੇ ਨਿਆਰੀ ਨਿਆਰੀ ਥ੍ਰਾਟ; ਨਿਆਰੀ ਨਿਆਰੀ ਝਰਨਾਟ, ਨਿਆਰੀ ਨਿਆਰੀ ਲਿਫਾਉ, ਨਿਆਰੀ ਨਿਆਰੀ ਕੰਪ ਕੋਈ ਸਥੂਲਤਾ ਦਾ ਰੂਪ ਬਣਦੀ ਹੈ ਜੋ ਅੱਡ ਅੱਡ ਤਰ੍ਹਾਂ ਯਾ ਭੂਤਾਂ ਦੇ ਸਥੂਲ ਰੂਪ ਧਾਰ ਕੇ ਮਾਤਲੋਕ ਦਾ ਸਾਮਾਨ ਬਣ ਜਾਂਦੀ ਹੈ, ਜਿੱਥੇ ਹਰ ਸ਼ੈ ਸ਼ਰੀਰ ਧਾਰੀ ਹੁੰਦੀ ਹੈ। ਜੀਕੂੰ ਨਾਨਾਂ ਤਰ੍ਹਾਂ ਦੇ ਸੰਸਾਰਕ ਪਦਾਰਥਾਂ ਦਾ ਮੂਲ ਸੌ ਸੱਠ ਤੱਤ ਹਨ ਤੇ ਸਾਰੇ ਤੱਤਾਂ ਦਾ ਮੂਲ ਕੋਈ ਇਕ ਸੂਖਮ ਹੋ ਮਾਤ੍ਰ ਹੈ ਤੇ ਏਹ ਸਾਰੇ ਉਸਦੀਆਂ ਅੱਡ ਅੱਡ ਝਰਨਾਟਾਂ ਤੇ ਥ੍ਰਾਟਾਂ ਹਨ, ਇਸੇ ਤਰ੍ਹਾਂ ਸਾਰੀਆਂ ਨਾਨਾ ਤਰ੍ਹਾਂ ਦੀਆਂ ਥਰਰਾਟਾਂ ਦਾ ਅਮਲ ਤੱਤ ਤੇ ਤੱਤਾਂ ਦਾ ਅਸਲ ਤੱਤ 'ਪਰਮ ਤੱਤ' ਇਹ ਪ੍ਰਕਾਸ਼ ਹੈ, ਜਿਸ ਪ੍ਰਕਾਸ਼ ਵਿਚ ਕੋਈ ਥੱਰਰਾਟ ਦੀ ਕਿਸਮ ਦਾ ਐਸਾ ਕਾਂਪਾ ਹੈ ਜੋ ਰੂਪ ਪ੍ਰਗਟ ਕਰ ਰਿਹਾ ਹੈ ਅਰ ਹਰ ਰੂਪ ਨੂੰ ਨਿਆਰਾ ਦਰਸਾ ਰਿਹਾ ਹੈ ਅਤੇ ਇਸ ਪਰਮ ਤੱਤ ਦੇ ਇਨ੍ਹਾਂ ਅਵੈਵੀ ਝਰਨਾਟਾਂ ਦੇ ਮਗਰ ਇਸ ਦਾ ਬੀ ਇਕ ਹੋਰ ਮੂਲ ਤੱਤ ਹੈ।

ਇਥੋਂ ਏਕਤਾ ਦਾ ਦੇਸ਼ ਅਰੰਭ ਹੁੰਦਾ ਹੈ ਤੇ ਜੋ ਕੁਛ ਏਥੇ ਦੀਹਦਾ ਹੈ ਇਕ ਇਸੇ ਪਰਮ ਤੱਤ ਦਾ ਬਣਿਆਂ ਹੋਇਆ ਹੈ, ਰੂਪ ਧਾਰੀ ਨਾਨੱਤ੍ਰ ਕਰਕੇ ਨਹੀਂ ਬਣਿਆਂ ਕੇਵਲ 'ਇਕ ਥੱਰ੍ਹਾਟ' ਇਸ ਇਕੋ ਤੱਤ ਵਿਚੋਂ ਨਾਨਾ ਤਰ੍ਹਾਂ ਦੇ ਰੂਪ ਦਰਸਾ ਰਹੀ ਹੈ ਤੇ ਜੋ ਕੁਛ ਦਰਸਾ ਰਹੀ ਹੈ, ਉਹ ਸਥੂਲ ਨਹੀਂ। ਕਿਉਂਕਿ ਜੇ ਕੰਧਾਂ ਨੂੰ ਹੱਥ ਲਾਓ ਤਾਂ ਹੱਥ ਵਿਚ ਕੁਛ ਨਹੀਂ ਆਉਂਦਾ, ਜੀਕੂੰ ਚਾਨਣਾ ਦੀਹਦਾ ਹੈ, ਪਰ ਹੱਥ ਨਾਲ ਛੁਹਿਆਂ ਸਪਰਸ਼ ਕੁਛ ਨਹੀਂ ਹੁੰਦਾ। ਫੇਰ ਇਹ ਜੋ ਕੁਛ ਦਿੱਸ ਰਿਹਾ ਹੈ ਸੋ ਨਜ਼ਰ ਪਰ ਸੁਹਾਉਣਾ, ਅਤਿ ਪਿਆਰਾ, ਅਤਿ ਚੰਗਾ ਲੱਗਣ ਵਾਲਾ ਅਸਰ ਪਾਉਂਦਾ ਹੈ। ਅਕੇਵਾਂ, ਥਕੇਵਾਂ, ਹਜੇਵਾਂ ਇਸਦੇ ਕਿਸੇ ਪਦਾਰਥ ਵਿਚ ਨਹੀਂ। ਠੰਢ, ਸੁਹਾਉ, ਮਗਨਤਾ, ਸ੍ਵਾਦ, ਰਸ ਆਪ ਤੋਂ ਆਪ ਸ਼ਰੀਰਾਂ ਦੇ ਅੰਦਰ ਬਾਹਰ ਫਿਰ ਰਿਹਾ ਹੈ! ਮਲੂਮ ਹੁੰਦਾ ਹੈ ਕਿ ਅਸ਼ਰੀਰੀ ਛਬੀ ਤੇ ਰੂਪ ਰਹਿਤ ਰਸ ਇਥੋਂ ਦਾ ਅਸਲੀ ਭੋਜਨ ਹੈ, ਜੋ ਬਿਨ ਤਰੱਦਦ, ਬਿਨ ਚਿੰਤ, ਬਿਨ ਮਿਹਨਤ ਆਪ ਤੋਂ ਆਪ ਸੁਭਾਵ ਵਾਂਗੂ ਇੱਥੇ ਮੌਜੂਦ ਹੈ ਅਰ ਵਾਸੀਆਂ ਦੇ ਅੰਦਰ ਬਾਹਰ ਆਪੇ ਫਿਰਦਾ ਹੈ, ਜੀਕੂੰ ਸਾਡੇ ਲੋਕ ਵਿਚ ਪੌਣ ਆਪੇ ਸੁਆਸ ਨਾਲ ਅੰਦਰ ਬਾਹਰ ਆਉਂਦੀ ਜਾਂਦੀ ਰਹਿੰਦੀ ਹੈ। ਐਉਂ ਇਹ ਅਰੂਪ ਤੇ ਅਸ਼ਰੀਰੀ ਛਬੀ ਇਨ੍ਹਾਂ ਨੂਰੀ ਰੂਪਾਂ ਵਿਚ ਫਿਰਦੀ ਟੁਰਦੀ ਤੇ ਏਹਨਾਂ ਦੀਆਂ ਅਕਾਲ ਮੂਰਤੀਆਂ ਦੀ ਪਾਲਨਾ

ਕਰਦੀ ਹੈ। ਇਸੇ ਕਰਕੇ ਇੱਥੇ ਸਾਡੇ ਵਰਗੀ ਕਰੁੱਝਵੀਂ 'ਮੇਰੀ' ਹੈ ਨਹੀਂ। ਸਾਰੇ ਮੁਤੰਤ੍ਰ ਆਪਣੇ ਆਪ ਵਿਚ ਪੂਰਨ ਤੇ ਬੇਮੁਹਤਾਜ ਹਨ। ਇਥੇ ਲੋੜ ਨਹੀਂ ਇਥੇ 'ਮੇਰੀ' ਦਾ ਵਿਖੇਵੇਂ ਵਾਲਾ ਸੰਕਲਪ ਹੋ ਹੀ ਨਹੀਂ ਸਕਦਾ। ਸਾਰੇ ਅਨੰਦ ਰਸ ਵਿਚ ਮਗਨ, ਪਿਆਰਾਂ ਦੀ ਲਪਟ ਵਿਚ, ਸਦਾ ਚੌਪ ਭਰੀ ਬੇਪਰਵਾਹੀ ਵਿਚ, ਪਰ ਸ਼ਾਂਤ, ਭਗਤੀ ਪ੍ਰੇਮ ਦੇ ਰੰਗ ਵਿਚ ਕਿਸੇ ਉੱਚੇ ਦੇ ਇਸ਼ਕ ਵਿਚ ਉਸ ਦੇ 'ਧਿਆਨ ਤਾਰ ਪ੍ਰੋਤੇ' ਵਿਚਰ ਰਹੇ ਹਨ।

ਐਸੇ ਪਿਆਰੇ ਸੁੰਦਰ ਦੇਸ਼ ਦੇ ਉਸ ਨੂਰੀ ਸਥਾਨ ਵਿਚ ਤੱਕਿਆਂ, ਹਾਂ ਜੀ, ਨੀਝ ਲਾਕੇ ਤੱਕਿਆਂ, ਕਲੇਜੇ ਹੱਥ ਧਰਕੇ ਤੱਕਿਆਂ, ਪਿਆਰ ਭਰੇ ਭੈ ਨਾਲ, ਸ਼੍ਰਧਾ ਭਰੇ ਅਦਬ ਨਾਲ, ਪ੍ਰੇਮ ਭਰੇ ਸਤਿਕਾਰ ਨਾਲ ਤੱਕਿਆਂ, ਇਕ ਬਿਜਲੀ ਦੀ ਚਮਕ ਵਾਂਗ, ਜਦੋਂ ਉਹ ਧੁੱਪ ਵਿਚ ਚਮਕਾਰਾ ਮਾਰੇ, ਤਿਵੇਂ ਦਾ ਉਸ ਚਮਕਾਰ ਵਿਚ ਇਕ ਚਮਕਾਰਾ ਵੱਜਾ, ਅੱਖਾਂ ਚਕਾਚੌਂਧ ਹੋ ਗਈਆਂ। ਦੂਸਰੀ ਖਿਨ ਕੀ ਦੇਖਦੇ ਹਾਂ ਕਿ ਤਖਤ ਦੀ ਛਬੀ ਹੋਰ ਵਧ ਗਈ ਹੈ, ਉਸ ਉੱਪਰ ਓਹ ਬਿਰਾਜਮਾਨ ਹਨ, ਜੋ ਸਾਡੇ ਦੇਸ਼ ਵਿਚ ਕਲਗੀਆਂ ਵਾਲੇ ਕਹਿ-ਲਾਉਂਦੇ ਸਨ। ਓਹ ਗ੍ਰੀਬਾਂ ਦੇ ਬੇਲੀ, ਅਨਾਥਾਂ ਦੇ ਮੇਲੀ, ਦੁਖੀਆਂ ਦੇ ਦਰਦੀ, ਮਨੁੱਖਾਂ ਦੇ ਮਨੁੱਖ, ਗ੍ਰੀਬੀ, ਫਕੀਰੀ, ਉਪਕਾਰ, ਅਮੀਰੀ ਵਿਚ ਆਪਾ ਵਾਰਦੇ ਮਨੁੱਖ ਨਾਟ ਕਰੀ ਫਿਰਦੇ ਸੇ, ਹੁਣ ਆਕੇ ਬਿਰਾਜਮਾਨ ਹੋ ਗਏ ਹਨ। ਤੱਕੋ ਉਹ ਸ਼ਰੀਰ ਜਿਸ ਨੂੰ ਤੀਰਾਂ ਦੀਆਂ ਨੋਕਾਂ ਕਈ ਵੇਰ ਚੁਭ ਗਈਆਂ, ਅਜ ਨਿਰੇ ਨੂਰ ਦਾ ਨਜ਼ਰ ਆ ਰਿਹਾ ਹੈ ਜਿਸ ਨੂੰ ਸ਼ਸਤ੍ਰ ਘਾ ਨਹੀਂ ਕਰ ਸਕਦੇ। ਉਹ ਜਾਮਾ ਜੋ ਗ੍ਰੀਬ ਮੇਢਿਆਂ ਦੀ ਉੱਨ ਤੇ ਨਿਮਾਣੀਆਂ ਸਿੱਕ ਭਰੀਆਂ ਦੇਵੀਆਂ ਤਿਆਰ ਕਰਕੇ ਆਪ ਨੂੰ ਪਹਿਨਾਇਆ ਕਰਦੀਆਂ ਸਨ, ਅੱਜ ਨਿਰੇ ਚਾਨਣੇ ਦਾ ਹੈ। ਉਹ ਕਲਗੀ, ਜੋ ਸਾਨੂੰ ਸੋਨੇ ਦੀ ਹੀਰਿਆਂ ਜੜੇ ਤੇ ਨਗੀਨਿਆਂ ਸਜੇ ਗਹਿਣੇ ਉੱਪਰ ਖੰਭਾਂ ਦੀ ਹੋ ਦਿੱਸਿਆ ਕਰਦੀ ਸੀ, ਅੱਜ ਅਣਗਿਣਤ ਤਾਰਾਂ ਦੀ ਹੈ*, ਤੇ ਹਰ ਤਾਰ ਇਕ ਚਮਕਾਰਾ ਹੈ, ਤੇ ਹਰ ਚਮਕਾਰੇ ਵਿੱਚ ਉਹ ਰੰਗ ਹੈ, ਜਿਸਨੂੰ ਅਸੀਂ ਗੁਣ ਜਾਂ ਸ਼ਕਤੀ ਆਖਦੇ ਹਾਂ। ਸਾਰੀਆਂ ਕਲਾਂ ਸੰਪੂਰਨ ਫਲਨ ਦੀ ਸ਼ਕਤੀ ਦਾ ਪੁੰਜ ਇਹ ਮਹਾਂ ਪੁਰਖ ਹੈ ਜਿਸ ਦੀ ਇਨ੍ਹਾਂ ਸ਼ਕਤੀਆਂ ਨਾਲ ਫਬੀ ਛਬੀ ਦੀ ਰੂਪਕ ਕਲਗੀ ਸੀ ਅਰ ਅਸੀਂ ਕਲਗੀ ਦਾ ਨਿਸ਼ਾਨ ਦੇਖਕੇ ਪਾਤਸ਼ਾਹ ਜਾਣਦੇ ਤੇ ਕਲਗੀ ਨਿਸ਼ਾਨੀ ਸਮਝਦੇ ਰਹੇ। ਅੱਜ ਦਿੱਸਿਆ ਕਿ ਇਹ ਕਲਗੀ ਤਾਂ ਸੱਚ ਦੀ ਹੈ, ਅਰ ਉਹ ਸਚ ਅਨੰਤ ਸ਼ਕਤੀਆਂ ਦਾ ਸਮੁਦਾਯ ਹੈ, ਅਰ ਇਹ ਕਲਗੀ ਸਚ ਦੀ ਨਿਸ਼ਾਨੀ ਸੀ, ਅਰ ਸਚ ਸ਼ਕਤੀਆਂ ਦਾ ਸਮੁਦਾਯ ਸੀ, ਤਦੇ ਅਸੀਂ ਇਸ ਨੂੰ ਪਾਤਸ਼ਾਹ ਜਾਣਦੇ ਹੋਏ ਸੱਚਾ ਪਾਤਸ਼ਾਹ ਆਖਜਾ ਕਰਦੇ ਸਾਂ। ਆ ਮੇਰੇ ਸੱਚ ਦੀਆਂ ਕਲਗੀਆਂ ਵਾਲਿਆ ਸੱਚਿਆ ਪਾਤਸ਼ਾਹਾ! ਆ ਸੱਚੇ ਕੌਤਕੀਆ! ਚੋਜੀਆ! ਨਾਟਕੀਆ! ਸਾਨੂੰ ਤਾਂ ਸਰੀਰ ਦੀ ਛਬੀ, ਉਪਕਾਰ ਦੀ ਸੁਹਣੱਪਤਾ, ਪਿਆਰ ਦੀ ਸੁੰਦਰਤਾ ਨਾਲ ਠੱਗਦਾ ਰਿਹੋਂ, ਅਜ ਤੇਰਾ ਭੇਦ ਲੱਧਾ, ਤੂੰ ਨੂਰ ਸੈਂ, ਨੂਰੀਆਂ ਦਾ ਬੀ ਨੂਰ, ਪ੍ਰਕਾਸ਼ਾਂ ਦਾ ਪ੍ਰਕਾਸ਼, ਤੇਜਾਂ ਦਾ ਤੇਜ ਰੂਪ ਸੈਂ। ਤੇਰਾ ਸਰੂਪ ਤੇਜ ਸੀ, ਤੇਰੀ ਕਲਗੀ ਸ਼ਕਤੀ ਰੂਪ ਸੱਚ ਸੀ, ਤੇਰਾ ਵਜੂਦ ਪ੍ਰਕਾਸ਼ ਸੀ। ਆਹਾ! ਅਸੀਂ ਕਿਥੇ ਭੁੱਲੇ ਰਹੇ? ਅਸੀਂ ਵਿਜੋਗਾਂ ਨੇ ਮਾਰ ਲਏ। ਹੇ ਸਦਾ ਸੰਜੋਗੀਆ! ਕਦੇ ਨਾ ਵਿਛੁੜਨ ਵਾਲਿਆ! ਸਦਕੇ ਤੇਰੀ ਅਜ ਦੀ ਆਭਾ ਤੋਂ, ਤੇਰੀ ਅਜ ਦੀ ਦੁਤੀ ਤੋਂ, ਤੇਰੀ ਅਜ ਦੀ ਕ੍ਰਾਂਤੀ ਤੋਂ, ਤੇਰੀ ਅਜ ਦੀ ਖੂਬਸੂਰਤੀ ਤੇ ਰੂਪਵਤੀ ਫਬਨ ਤੋਂ। ਵਾਹ ਵਾਹ, ਏਕੇ ਦੇ ਮਹਿਰਮਾਂ! ਨੂਰ ਦਾ ਤਖਤ, ਨੂਰ ਦਾ ਤੂੰ, ਨੂਰ ਦਾ ਸਭ ਕੁਛ, ਵਾਹ ਪ੍ਰੀਤਮਾਂ ਵਾਹ! ਐਡੇ ਉੱਚਿਆ ਤੇ ਸਾਡੇ ਨੀਵਿਆਂ ਵਿਚ ਵਰਤ ਚੁਕਿਆ ਸਾਹਿਬਾ! ਧੰਨ ਤੂੰ! ਧੰਨ ਤੂੰ!!

ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ!

{ਗਉ: ਮ: ੫:ਬਾ: ਅਖ-੫੫}

ਉਥੇ ਵਰਤੇ ਕੌਤਕ ਜੇ ਅਪਣੀ ਬੋਲੀ ਵਿਚ ਵਰਣਨ ਕਰੀਏ ਤਾਂ ਕੁਛ ਇਉਂ ਦਾ ਵਰਣਨ ਹੋ ਸਕਦਾ ਹੈ। ਆਪ ਸਾਹਿਬ ਅਪਣੇ ਤੇਜ ਵਿਚ ਲਸ ਰਹੇ ਸਨ ਕਿ ਮਾਤਾ ਗੁਜਰੀ ਜੀ ਆਏ। ਸਾਹਿਬਾਂ ਉਠਕੇ ਸੀਸ ਝੁਕਾਇਆ ਤੇ ਮਾਤਾ ਨੇ ਗਲੇ ਲਾਕੇ

---

*ਸੋਲਹ ਕਲਾ ਸੰਪੂਰਨ ਫਲਿਆ। ਅਨਤ ਕਲਾ ਹੋਇ ਠਾਕੁਰੁ ਚੜਿਆ॥੧੬॥੨॥੧੯॥ (ਮਾਰੂ ਸੋਲ: ਮ: ੫)

ਐਸਾ ਘੁੱਟਿਆ ਕਿ ਜਿਵੇਂ ਏਥੇ ਕੋਈ ਮਾਤਾ ਅਪਣੇ ਵਿਛੜੇ ਪੁਤ੍ਰ ਨੂੰ ਗਲੇ ਲਾਕੇ ਪੁੱਤ੍ਰ ਪ੍ਰੇਮ ਵਿਚ ਮਗਨ ਹੀ ਹੋ ਜਾਏ। ਫਿਰ ਨੈਣ ਖੁੱਲ੍ਹੇ। ਸਾਹਿਬ ਬੋਲੇ ਮਾਤਾ ਜੀ, ਬੜੇ ਕਸ਼ਟ ਝੱਲੇ, ਬੜੇ ਖੇਦ ਸਹੇ, ਪਰ ਦੇਖੋ ਜਗਤ ਸੁਖੀ ਹੋਇਆ ਹੈ। ਤੁਸਾਡੀਆਂ 'ਦੁਖ-ਝੱਲਣੀਆਂ' ਨੇ ਜਗਤ ਸੁਖੀ ਕੀਤਾ ਹੈ। ਹੁਣ ਤੱਕ ਲਓ ਓਹ ਸਭ ਕੁਛ ਕਾਲ ਵਿਚ ਸੀ, ਕਾਲ-ਦੁਖ ਦਾ ਕਾਲ-ਲੰਘ ਗਿਆ। ਹੁਣ ਆਪਾਂ ਸਾਰੇ ਮਿਲੇ ਹਾਂ, ਸੁਖੀ ਹਾਂ। ਲਾਡਲੇ ਪੋਤੇ ਦੇਖ ਲਓ ਕਿਵੇਂ ਸਹੀ ਸਲਾਮਤ ਜਰਨਗ ਕਰ ਰਹੇ ਹਨ। ਮਾਤਾ ਜੀ ਠੰਢਾ ਸਾਹ, ਹਾਂ ਸਹੂਲਤ ਵਾਲਾ ਸਾਹ ਲੈਕੇ ਮੁਸਕ੍ਰਾਏ ਤੇ ਬੋਲੇ:-ਅਰਸ਼ੀ ਪੁੱਤ੍ਰਾ ਤੇਰੀ ਗਤਮਿਤ ਤੂੰਹੋਂ ਜਾਣਦਾ ਹੈਂ।

ਮਾਤਾ ਜੀ ਨੂੰ ਪ੍ਰਸੰਨ ਕਰਕੇ ਅਰਸ਼ੀ ਪ੍ਰੀਤਮ ਜੀ ਆਪੇ ਵਿਚ ਆਪ ਮਾਏ ਚਮਕਾਂ ਦਮਕਾਂ ਵਿਚ ਲਸ ਰਹੇ ਹਨ, ਚਰਨਾਂ ਪਰ ਸ੍ਰੀ ਜੀਤੋ ਜੀ ਦਾ ਸੀਸ ਹੈ, ਚਾਰੇ ਸਾਹਿਬਜ਼ਾਦੇ ਕਿਸ ਤਰ੍ਹਾਂ ਦੰਡੌਤ ਕਰ ਰਹੇ ਹਨ, ਕਿਸ ਤਰ੍ਹਾਂ ਪੰਜਾਂ ਨੂਰੀ ਸਰੀਰਾਂ ਵਿਚੋਂ ਨਿੰਮ੍ਰਤਾ, ਪਿਆਰ, ਸ਼ਰਧਾ ਆਪਾ-ਵਾਰਨ ਦੀਆਂ ਅਤਿਸੂਖਮ ਕਿਰਨਾਂ ਜੇਹੀਆਂ ਲਾਸਾਂ ਨਿਕਲ ਕੇ ਸਤਿਗੁਰ ਦੇ ਚਰਨਾਂ ਉੱਤੇ ਪੈ ਰਹੀਆਂ ਹਨ, ਅਰ ਸਤਿਗੁਰ ਦੇ ਚਿਹਰੇ, ਅੱਖਾਂ, ਹੱਥਾਂ ਵਿਚੋਂ ਕਿੰਕੂੰ 'ਨਿਹਾਲ ਨਿਹਾਲ' ਦੀਆਂ ਤੇਜਮਯ ਕਿਰਨਾਂ ਆ ਮੁਹਾਰੀਆਂ ਨਿਕਲ ਨਿਕਲਕੇ ਪੰਜਾਂ ਦੇ ਸਰੀਰਾਂ ਤੇ ਪੈ ਰਹੀਆਂ ਹਨ? ਕਿਕੂੰ ਪੰਜੇ **'ਮਿਟਿ ਗਏ ਗਵਨ ਪਾਏ ਬਿਸਰਾਮ'** ਦੇ ਰੰਗ ਵਿਚ ਹਨ?

ਖਬਰੇ ਇਸ ਸਫਲ ਪਿਆਨ, ਇਸ ਅਮਲ ਦਰਸ਼ਨ, ਇਸ ਅਲੌਕਿਕ ਦੀਦਾਰ ਵਿਚ ਕਿੰਨਾ ਚਿਰ ਲੰਘਿਆ, ਮਗਨਤਾ ਨੇ ਸਮੇਂ ਦਾ ਕੋਈ ਮਾਪ ਨਹੀਂ ਰਹਿਣ ਦਿੱਤਾ, ਤਦੋਂ ਪਤਾ ਲਗਾ ਜਦੋਂ ਤੇਜਮਯ ਮੂਰਤੀ ਹਿੱਲੀ ਤੇ ਪੰਜੇ ਮੂਰਤਾਂ ਗੋੜਿਆਂ ਭਾਰ ਹੋ ਤਖਤ ਵਲ ਝੁਕਕੇ ਨੂਰੀ ਦਾਤੇ ਦੇ ਹਸਤਕਮਲਾਂ ਦੇ ਸਪਰਸ਼ ਹੇਠ ਸਿਰ ਧਰੀ ਅਦਬ ਦਾ ਨਕਸ਼ਾ ਹੋ ਗਈਆਂ, ਕਿ ਹੁਣ ਹੋਰ ਕੌਤਕ ਵਰਤਿਆ ਜਿਸਨੂੰ ਅਸੀਂ ਆਪਣੀ ਬੋਲੀ ਵਿਚ ਇਉਂ ਕਹਾਂਗੇ:

ਅਰਸ਼ੀ ਨੂਰੀ ਪਾਤਸ਼ਾਹ 'ਦੇਵੀਆਂ ਦੇ ਸਿਰਤਾਜ' ਵਲ ਮੂੰਹ ਕਰਕੇ ਬੋਲੇ-ਜੀਤ ਜੀ! ਲਾਲ ਜੀ ਮਰੇ ਨਹੀਂ ਨਾ, ਜੀਵੇ ਹਨ ਨਾਂ?

ਜੀਤ ਜੀ-ਹੇ ਪਾਰਦਰਸ਼ੀ, ਤ੍ਰਿਕਾਲਦਰਸ਼ੀ ਦਿੱਬਦਰਸ਼ੀ ਦਾਤਿਆ! ਮੈਂ ਤੇਰੇ ਚੰਜਾਂ ਨੂੰ ਕੀ ਜਾਣਾ? ਲਾਲ ਸਦਾ ਜੀਵੇ ਹਨ, ਜੋ ਮੈਂ ਮੌਤ ਜਾਣਦੀ ਸਾਂ, ਉਹ ਆਤਮ ਜਨਮ ਸੀ, ਤੇਰੀ ਬਖਸ਼ੀ ਉਹ ਅਬਦੀ (ਸਦਾ ਰਹਿਣ ਵਾਲੀ-Eternal) ਜ਼ਿੰਦਗੀ ਸੀ, ਉਹ ਅਜ਼ਲੀ ਜੀਵਨ ਸੀ, ਉਹ ਅਮਰ ਪਦਵੀ ਸੀ। ਲਾਲ ਚਮਕੌਰ ਦੀ ਧਰਤੀ ਵਿਚ ਸ਼ਹੀਦ ਨਹੀਂ ਹੋ ਗਏ, ਅਰਸ਼ਾਂ ਦੇ ਤਖਤਾਂ ਤੇ ਆ ਖੇਡੇ ਹਨ। ਲਾਲ ਸਰਹਿੰਦ ਵਿਚ ਸਮਾਪਤ ਨਹੀਂ ਹੋਏ। ਲਾਲ ਅਰਸ਼ਾਂ ਦੇ ਰਾਜੇ ਹੋ ਗਏ। ਦਾਤਾ! ਮੈਂ ਨਿਰਬਲ ਵੇਲ ਵਾਂਗੂ ਬੇਆਸੰਝ ਸਾਂ, ਤੇਰੇ ਆਸਰੇ ਬਚੀ ਤੇ ਤੇਰੇ ਉੱਚੇ ਚਰਨਾਂ ਦੇ ਪ੍ਰਤਾਪ 'ਜੀਤ' ਹੋਈ, ਸੁਖੀ ਹੋਈ, ਜੀਉਂਦਿਆਂ ਦੀ ਮਾਂ ਬਣੀ। ਅਮਰੀਆਂ ਨੇ ਮੈਨੂੰ ਅਸੀਸ ਦਿੱਤੀ, ਦਿੱਬ ਜਯੋਤੀਆਂ ਨੇ ਵਧਾਈਆਂ ਮੇਰੀ ਝੋਲੀ ਪਾਈਆਂ। ਹੇ ਨੈਣਾਂ ਵਾਲਿਆ! ਨਾਮ ਦਾਨ ਬਖਸ਼ਕੇ ਮੌਤ ਵਿਚ ਜੀਵਨ, ਸ਼ਹੀਦੀ ਵਿਚ ਜ਼ਿੰਦਗੀ, ਕੁਰਬਾਨੀ ਵਿਚ ਜਾਨ, ਆਪਾ ਵਾਰਨ ਵਿਚ ਅਮਰ ਪਦ ਸਭ ਨੂੰ ਦਿੱਸੇ, ਹਾਂ ਇਹ ਤੂੰ ਹੀ ਰੰਗਾਂ ਵਿਚ ਉਲਟ ਰੰਗ ਵਸਾਇਆ ਹੈ, ਤੈਨੂੰ ਹੀ ਠੀਕ ਦਿੱਸਦਾ ਹੈ, ਤੂੰ ਧੰਨ ਹੈਂ! ਤੂੰ ਧੰਨ ਹੈਂ!!

ਹੁਣ ਦੋ ਛੋਟੇ ਦੁਲਾਰੇ ਗੋਦ ਵਿਚ ਆ ਗਏ। ਚੋਜੀ ਪਿਤਾ ਪਿਆਰ ਦੇ ਰਿਹਾ ਹੈ, ਮੱਥੇ ਹੱਥ ਫਿਰ ਰਿਹਾ ਹੈ, ਪੁਛਦਾ ਹੈ "ਬੱਚਿਓ! ਕੰਧ ਵਿਚ ਦਮ ਬਹੁਤ ਘੁੱਟਿਆ ਸੀ? ਹਵਾ ਦੇ ਨਾ ਮਿਲਣ ਨੇ ਬੜੀ ਤੜਫਨੀ ਲਾਈ ਸੀ? ਜਿਸ ਵੇਲੇ ਸੰਸਾਰ ਦੇ ਚਾਨਣ ਤੇ ਹਵਾ ਤੋਂ ਰਹਿਤ ਤੁਹਾਨੂੰ ਉਮ ਤੰਗ ਘੋਪੇ ਵਿਚ ਚਿਣ ਕੇ ਬੰਦ ਕਰ ਦਿਤਾ ਗਿਆ, ਪਰ ਤੱਕੋ (ਛਾਤੀ ਨਾਲ ਲਾਕੇ) ਤੁਸੀਂ ਖੇਤ ਵਿਚ ਰਾਹਕ ਦੇ ਦੱਬੇ ਦਾਣੇ ਵਾਂਙੂ ਨੱਪੇ ਨਹੀਂ ਗਏ, ਪਰ ਲਹਿਲਹਾਉਂਦੇ ਨੌ ਨਿਹਾਲ ਹੋ ਕੇ ਖੁਲ੍ਹੀਆਂ ਹਵਾਵਾਂ ਤੇ ਖੁੱਲਿਆਂ ਚਾਨਣਿਆਂ ਵਿਚ ਆ ਲਹਿਰੇ ਹੋ। ਹਾਂ, ਫਿਰ ਤੁਸਾਨੂੰ ਹਵਾ ਲੁਆਕੇ ਡਰਾਕੇ ਸ਼ਮਸ਼ੇਰ ਦਾ ਪਾਣੀ ਚਖਾਇਆ ਗਿਆ ਸੀ? ਉਹ ਕਸ਼ਟ ਸੀ? ਤੱਕੋ ਤੁਹਾਡੇ ਉਸ ਬੀਜਾਣ ਹਾਰੇ ਤੇ ਬੀਤ ਚੁਕੇ ਕਸ਼ਟ ਝੱਲਣ ਨੇ ਦੁਖੀਆਂ ਨੂੰ ਕਿਤਨਾ ਸੁਖ ਦਿਤਾ ਹੈ। ਮੁਰਦੇ ਦਿਲ ਜੀਉ ਉਠੇ ਹਨ, ਮਰ ਚੁਕੀ ਸ੍ਰਿਸ਼ਟੀ

ਝੂਮ ਉਠੀ ਹੈ, ਜ਼ੁਲਮ ਦਾ ਹਨੇਰਾ ਤੁਹਾਡੇ ਕੰਧ ਵਿਚਲੇ ਹਨੇਰੇ ਨੇ ਕੱਟ ਦਿਤਾ ਹੈ। ਤੁਹਾਡੇ ਗਲੇ ਤੇ ਫਿਰੀ ਚਮਕਦੀ ਤਲਵਾਰ ਨੇ ਜਗਤ ਦੇ ਬੰਧਨ ਕੱਟੇ ਹਨ। ਸਫਲ ਬੱਚਿਓ! ਤੁਹਾਡੀ **'ਸਫਲ ਸਫਲ ਭਈ ਸਫਲ ਜਾਤ੍ਰਾ'**।" ਇਕ ਪੱਟ ਤੇ ਦੋਵੇਂ ਨਿੱਕੇ ਲਾਲ ਬੈਠੇ ਹਨ; ਦੂਜੇ ਪਰ ਵੱਡੇ ਲਾਲ ਦਿੱਸ ਰਹੇ ਹਨ। ਪਿਤਾ ਦਸਤਾਰ ਸੁਆਰਦਾ, ਛਾਤੀ ਨਾਲ ਲਾਂਦਾ, ਮੱਥਾ ਚੁੰਮਦਾ ਆਖਦਾ ਹੈ: "ਮੇਰੇ ਦੁਲਾਰਿਓ, ਵਾਹਵਾ! ਹਾਂ, ਓਹ ਜ਼ੁਲਮਾਂ ਦਾ ਟਾਕਰਾ, ਓਹ ਰਣ ਤੱਤਾ, ਓਹ ਅਨੇਕਾਂ ਨਾਲ ਇਕ ਇਕ ਦਾ ਮੁਕਾ-ਬਲਾ, ਓਹ ਅਜਿਤ ਸੰਗ੍ਰਾਮ; ਉਹ ਤਪਤ, ਓਹ ਕੜਕ, ਓਹ ਮਾਰੋਮਾਰ, ਓਹ ਹੱਲਾ, ਓਹ ਮਾਰ ਮੁਕਾਓ, ਪਰ ਹੋਰ ਹੋਰ ਟੁਰਦਾ ਵਧਦਾ ਆਉਂਦਾ ਜੁੱਧ! ਹਾਂ ਲਾਲੋ, ਖੂਬ ਲੜੇ, ਖੂਬ ਘਾਉ ਖਾਧੇ, ਚੱਪੇ ਚੱਪੇ ਸਰੀਰ ਤੇ ਨੋਕਾਂ ਖੁੱਭੀਆਂ। ਘਾਇਲ ਹੋ ਹੋ ਅਰ ਮਾਇਲ ਹੋ ਹੋ ਲੜਨ ਹਾਰੇ ਸਪੁੱਤ੍ਰੇ ਸਦਕੇ, (ਮੱਥਾ ਸੁੰਘਕੇ) ਤੁਹਾਡੇ ਉਸ ਚਮਕੋਰ ਦੇ ਗੁਬਾਰ ਵਿਚ ਲਹੂਵੀਟ ਦੇਣ ਨੇ ਸੰਸਾਰ ਦਾ ਗੁਬਾਰ ਕੱਟਿਆ। ਤੁਹਾਡੀ ਬੀਰਤਾ ਨੇ ਮੋਈ ਸ੍ਰਿਸ਼ਟੀ ਵਿਚ ਜਾਨ ਪਾਈ, ਦਾਨ ਬਖਸ਼ਿਆ, ਤੱਕੋ ਹੇਠਾਂ ਕਿਕੂੰ ਲੋਥਾਂ ਤ੍ਰਬਕ ਤ੍ਰਬਕ ਉਠ ਰਹੀਆਂ ਹਨ। ਤੁਸੀਂ ਜ਼ਾਲਮਾਂ ਦੀ ਤਲਵਾਰ ਨਾਲ ਕੱਟੇ ਗਏ, ਤੁਸੀਂ ਧ੍ਰੋਹ ਦੀ ਕਟਾਰ ਨਾਲ ਟੋਟੇ ਟੋਟੇ ਕੀਤੇ ਗਏ ਤੁਸੀਂ ਨਿਰਦਈਆਂ ਦੇ ਤੀਰਾਂ ਅਗੇ ਛਾਨਣੀ ਬਣਾਏ ਗਏ, ਤੁਸੀਂ ਕਹਿਰ ਕਹਾਰ ਨਾਲ ਮਾਰ ਦਿੱਤੇ ਗਏ ਪਰ ਤਕੋ ਤੁਸੀਂ ਮਾਰਿਆਂ ਮਾਰੇ ਨਾ ਗਏ, ਹਾਂ, ਤੁਸੀਂ ਕੱਟੀ ਗਈ ਡਾਲ ਵਾਙੂ ਮਰੇ ਨਹੀਂ ਪਰ ਕੱਟੀ ਡਾਲ ਪੇਉਂਦ ਹੋਕੇ ਉੱਚ ਜੀਵਨ ਵਿਚ ਜਾਗ ਉੱਠੇ ਵਾਂਗੂ ਅਮਰ ਜੀਵਨ ਪਾ ਆਏ, ਨਿਰਭੈ ਰੰਗ ਵਿਚ ਖੇਡੇ ਹੋ। ਸਦਾ ਜੀਵੋ ਲਾਲ! ਕਾਲ ਨੇ ਤੁਸਾਂ ਨੂੰ ਨਹੀਂ ਖਾਧਾ; ਅਕਾਲ ਨੇ ਤੁਸਾਂ ਨੂੰ ਆਪਣੀ ਗੋਦੀ ਪਾਇਆ ਹੈ। ਮੈਨੂੰ ਤੁਸੀਂ ਸੰਸਾਰ ਤੋਂ ਅਪੁੱਤਾ ਕਰਕੇ ਨਹੀਂ ਸੇ ਆ ਗਏ, ਤੁਹਾਡੇ ਲਹੂ ਦੀ ਇਕ ਇਕ ਬੂੰਦ ਤੋਂ ਓਥੇ ਮੇਰੇ ਘਰ ਲੱਖ ਲੱਖ ਪੁੱਤ ਜੰਮਿਆਂ ਹੈ, ਮੇਰੀ ਗੋਦ ਤੁਸੀਂ ਐਸੀ ਹਰੀ ਕਰ ਆਏ ਕਿ **'ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ'**{ਧ:ਮ:੪} ਵਾਲੀ ਸਚੀ ਸੌਤਰਤਾ ਹੋ ਗਈ ਹੈ; ਮੈਂ ਸੰਸਾਰ ਤੋਂ ਲਖੀਅਰ ਬਾਬਲ ਬਣਕੇ ਵਾਪਸ ਆਇਆ ਹਾਂ। ਵਾਹ ਪੁੱਤਰੋ! ਵਾਹ ਤੁਸੀਂ ਤੇ ਵਾਹ ਤੁਸਾਡੀ ਮਾਈ!

ਜੀਤ ਜੀ! ਧੰਨ ਤੁਸਾਡੇ ਪਿਆਰ, ਅਤੁੱਟ ਪਿਆਰ ਤੇ ਤੁਸਾਡੀ ਕੁਰਬਾਨੀ ਦੇ! ਮੈਥੋਂ ਇਹ ਨਾ ਮੰਗਿਆ, ਕਿ ਪੁੱਤ ਨਾ ਮਰਨ, ਪਰ ਇਹ ਮੰਗਿਆ ਕਿ ਮੈਂ ਪਹਿਲੋਂ ਜਾਵਾਂ। ਤੁਸਾਡੇ ਇਸ ਆਪਾਵਾਰਨ ਨੇ ਜਗਤ ਸੁਖੀ ਕਰ ਦਿੱਤਾ, ਮੈਂ ਡਾਢਾ ਨਾਜ਼ਕ ਕੰਮ ਲੈਕੇ ਆਪਣੇ ਬਾਬਲ ਜੀ ਦੇ ਘਰੋਂ ਟੁਰਿਆ ਸਾਂ, ਸ਼ਾਬਾਸ਼! ਤੁਸਾਂ ਮੈਨੂੰ ਉਸ ਵਿਚ ਮਦਦ ਦਿੱਤੀ। ਤੁਸੀਂ ਮੋਹ ਮਾਇਆ ਦੇ ਸੰਸਾਰ ਵਿਚ ਵੱਸ ਕੇ ਆਪਾ ਨੁਛਾਵਰ ਕੀਤਾ, ਮੇਰੇ ਹੁਕਮ ਮੰਨੇ! ਮੈਨੂੰ ਮੇਰੇ ਰੰਗੀ ਬਾਬਲ ਜੀ ਪਾਸ ਸੁਰਖਰੋਈ ਨਾਲ, ਉੱਜਲ ਮੁਖ ਨਾਲ, ਨਿਰਮਲ ਰੰਗ ਨਾਲ ਹਉਂ ਅਤੀਤ ਆਉਣ ਵਿਚ ਆਪਾਵਾਰ ਮਦਦ ਦਿੱਤੀ; ਰੰਗ ਲੱਗਾ ਰਹੇ, ਰੰਗਲ ਭਏ, ਤੁਸੀਂ ਅਮਰੀ ਹੋਏ; ਹਾਂ, ਤੁਸੀਂ ਮੇਰੇ ਆਤਮ ਸਰੂਪ ਦੀਆਂ ਡਾਲੀਆਂ ਹੋ ਗਏ।"

ਦੁਲਾਰਿਆਂ ਨੇ ਸੀਸ ਨਿਵਾਇਆ ਅਰ ਓਹਨਾਂ ਦੇ ਸ਼ਰੀਰਾਂ ਤੋਂ ਮਾਨੋਂ ਇਹ ਅਵਾਜ਼ ਆਈ:- "ਆਪ ਦੀ ਪਿਆਰੀ ਮੂਰਤੀ ਦੇ ਧਿਆਨ ਦੇ ਸੁਆਦ ਵਿਚ ਸਾਨੂੰ ਕੋਈ ਕਸ਼ਟ, ਉਖਿਆਈ ਨਹੀਂ ਲਗੀ, ਧਿਆਨ ਮਗਨ ਰੰਗ ਭਰੇ ਕਸ਼ਟਾਂ ਦੇ ਸਮੇਂ ਲੰਘ ਗਏ।"

ਫੇਰ ਲਿਸ਼ਕਾਰਾ ਵੱਜਾ, ਕੀ ਤੱਕਦੇ ਹਾਂ ਕਿ ਕਲਗੀਆਂ ਵਾਲੇ ਫੁਰਮਾ ਰਹੇ ਸਨ:-

"ਬੇਟਾ ਜੀਉ! ਸਾਡੇ ਸ਼ੁਰੂ ਤੋਂ ਅੱਜ ਤਾਈਂ ਦੇ ਯਾਰ ਜੋ ਸਾਡੇ ਮਨੁੱਖ ਨਾਟ ਵਿਚ ਹਰ ਜਾਮੇਂ ਸ਼ਹੀਦ ਹੁੰਦੇ ਰਹੇ ਹਨ, ਪਿਆਰ ਤੇ ਸ਼ਰਧਾ, ਆਪਾ ਵਾਰਨ ਤੇ ਇਸ਼ਕਾਂ ਕੁੱਠੇ, ਸਿਰ ਤਲੀ ਧਰੀ ਜੋ ਸਾਡੀ ਗਲੀ ਖੇਡਦੇ ਆਏ ਹਨ, ਪੰਜ ਪਿਆਰੇ, ਅਨੰਦ ਪੁਰੀ ਸ਼ਹੀਦ, ਚਮਕੌਰੀ ਮੁਕਤੇ, ਮੁਕਤਸਰੀ ਮੁਕਤੇ, ਹਾਂ, ਉਹ ਪਿਆਰੇ ਅਜ ਬਾਪੂ ਜੀ ਦੇ ਹੁਕਮ ਅਨੁਸਾਰ ਮਾਤ ਲੋਕ ਵਿਚ ਸਾਨੂੰ ਲੈਣ ਗਏ ਸਨ, ਓਹ ਪ੍ਰੀਤਮ ਦੇ ਅਦਬਾਂ ਵਾਲੇ ਅਦਬ ਸੁਆਰੇ ਇਸ ਦਾਲਾਨ ਦੇ ਬਾਹਰ ਖੜੇ ਹਨ, ਲਾਲੋ! ਓਹ ਮੇਰੇ ਹਨ, ਮੈਂ ਓਹਨਾਂ ਦਾ ਹਾਂ। ਲਾਲ ਜੀ! ਓਨ੍ਹਾਂ ਨੂੰ ਅੰਦਰ ਲੈ ਆਓ। ਮੈਂ ਓਹ ਆਪਣੇ ਕੀਤੇ ਹਨ, ਪਰ ਓਹ ਪਿਆਰ-ਪ੍ਰੇਤੇ ਅਦਬ ਸੁਆਰੇ ਅਦਬ ਵਿਚ ਬਾਹਰ ਖੜੇ ਹਨ।"

ਦੂਜੀ ਖਿਨ ਵਿਚ ਨੂਰੀ ਜਾਮਿਆਂ ਵਾਲੇ ਸੱਚੇ ਸ਼ਹੀਦ! ਹਉਂ ਕਰਕੇ ਮਰੇ ਨਹੀਂ, ਪਰ ਪਿਆਰ ਕਰਕੇ ਪਰਵਾਨ ਹੋ ਚੁਕੇ ਪਰਵਾਨੇ ਅੰਦਰ ਆ ਗਏ। ਅੱਗੇ ਅੱਗੇ ਬਾਬਾ ਸੰਤ ਸਿੰਘ ਹੈ ਜਿਸ ਦੀ ਸਾਰੀ ਨੁਹਾਰ ਕਲਗੀਧਰ ਜੀ ਦੀ ਆਪਣੀ ਹੈ, ਸਿਰ ਤੇ ਸਤਿਗੁਰ ਦੀ ਫਬਾਈ ਕਲਗੀ ਜਿਗਾ ਚਮਕ ਰਹੀ ਹੈ, ਗਲ ਸਤਿਗੁਰ ਵਾਲਾ ਜਾਮਾ ਹੈ, ਲੱਕ ਉਹੋ ਗੁਰੂ ਤਲਵਾਰ ਹੈ, ਪਰ ਅੱਖਾਂ ਅਦਬ ਨਾਲ ਸ਼ਰਮ-ਸਾਰ ਹਨ। 'ਹਾਇ! ਮੈਂ ਉਹ ਸਿੱਖ ਹਾਂ, ਜਿਨੇ ਸਿੱਖ ਹੋਕੇ ਗੁਰੂ ਜਾਮੇ ਪਹਿਨਣ ਦੀ ਬੇਅਦਬੀ ਕੀਤੀ ਹੈ'। ਵਾਹ ਅਦਬ ਧਾਰੇ ਸਿੱਖਾ! ਤੇਰੀ ਸਿੱਖੀ ਨੇ ਗੁਰੂ ਨੂੰ ਬਿਹਬਲ ਕਰ ਦਿੱਤਾ ਹੈ, ਔਹ ਤਖ਼ਤੋਂ ਛਾਲ ਮਾਰੀ, ਸੰਤ ਸਿੰਘ ਨੂੰ ਜੱਫੀ ਪਾਈ, "ਓਇ, ਮਿੱਤ੍ਰਾ! 'ਤੂੰ ਮੈਂ' 'ਮੈਂ ਤੂੰ' 'ਮੈਂ ਤੂੰ' 'ਤੂੰ ਮੈਂ' ਮਿਤ੍ਰਾ! ਵਾਹ ਅਤੀਤਾ, ਵਾਹ ਮੇਰੇ ਸੰਨਿਆਸੀਆ! ਵਾਹ ਮੇਰੇ ਵੈਰਾਗੀਆ! ਵਾਹ ਮੇਰੇ ਬਲੀਦਾਨਾ! ਵਾਹ ਮੇਰੇ ਜਗਵੇਦੀ ਦੇ ਸੱਚੇ ਕੁਰਬਾਨੀਆਂ! ਵਾਹ ਮੇਰੇ ਸੱਚੇ ਹਵਨੀਆਂ! ਵਾਹ ਮੇਰੇ ਆਪਾ ਵਾਰੂ ਆਪ ਨੁਛਾਵਰੀਆ! ਮੇਰੀ ਖ਼ਾਤਰ-ਨਿਰੋਲ ਮੇਰੀ ਖਾਤਰ-ਵਾਹ ਤੂੰ ਜਿਸ ਦੇ ਅੰਦਰ ਉਪਕਾਰ, ਪਰਾਇਆ ਭਲਾ, ਸ੍ਰਿਸ਼ਟੀ ਰਖਜਾ ਦਾ ਖਿਆਲ ਬੀ ਨੀਵਾਂ ਰਹਿ ਗਿਆ, ਅਨਿੰਨ ਨਿਰੋਲ ਮੇਰੀ ਦੇਹ ਰਖਜਾ ਦੇ ਪ੍ਰੇਮ ਵਿਚ -ਟੋਟੇ ਹੋਕੇ ਕੁਹੀ ਗਿਓਂ, ਮੇਰਿਆ! ਤੇ ਕੁਹੀ ਕੇ ਅਦਬ ਵਿਚ ਸ਼ਰਮਸਾਰ ਮੇਰੇ ਆਪਣਿਆਂ! ਮੇਰਾ ਜਾਮਾ, ਮੇਰੀ ਕਲਗੀ ਜਿਗਾ, ਮੇਰੇ ਸ਼ਸਤ੍ਰ ਲਾਉਣ ਦੀ ਬੇਅਦਬੀ ਦਾ ਭੈ ਧਾਰਨ ਵਾਲਿਆ! ਪਰ ਮੇਰੇ ਹਿਤ ਕੀਤੀ ਕੁਰਬਾਨੀ ਨੂੰ ਚੇਤੇ ਬੀ ਨਾ ਰੱਖਣ ਵਾਲਿਆ ਸਿੱਖਾ! 'ਤੂੰਮ ਮੈਂ' 'ਮੈਂ ਤੂੰ'! 'ਤੂੰ ਮੈਂ' 'ਮੈਂ ਤੂੰ'।"

ਜ਼ਰਾ ਗਹੁ ਕਰਨੀ, ਉਹ ਸਿਰ ਤਲੀ ਧਰਨ ਵਾਲੇ ਪੰਜ ਪਿਆਰੇ ਗੁਰੂ ਜੀ ਦੀ ਜੱਫੀ ਵਿਚ! ਗੁਰੂ ਸਿਰਾਂ ਨੂੰ ਸੁੰਘਦਾ ਤੇ ਆਖਦਾ ਹੈ-"ਸੂਰਿਓਂ, ਸਿਰ ਸਿਰ ਲਾ ਬਾਜ਼ੀ ਖੇਡਣ ਵਾਲਿਓ! ਜਿੱਤ ਨਿਕਲਿਓ ਮੇਰਿਓ! ਤੁਸੀਂ ਮੇਰੇ, ਮੈਂ ਤੁਸਾਡਾ, ਤੁਸਾਂ ਰੱਖ ਵਿਖਾਈ, ਤੁਸੀਂ ਬਾਪੂ ਜੀ ਦੇ ਹੁਕਮ ਕਮਾਉਣ ਵਿਚ ਮੇਰੀਆਂ ਭੁਜਾਂ ਬਣੇ। ਤੁਸੀਂ ਆਤਮ ਤੱਤਵੇਤਾ ਪੂਰਨ ਸਾਧੂ ਸੇ, ਮੇਰੇ ਨਾਲ ਗਏ ਸੇ ਤੇ ਮੇਰੇ ਪਿਆਰ ਵਿਚ ਤੁਸਾਂ ਦੁਖਾਂ ਵੇੜ੍ਹੀ ਸ੍ਰਿਸ਼ਟੀ ਦਾ ਭਾਰ ਹਰਨ ਦਾ ਕੰਮ ਚਾਇਆ ਤੇ ਆਪਣੇ ਮਾਸ ਦੀਆਂ ਬੋਟੀਆਂ ਅਹੂਤੀ ਕਰ ਕਰਕੇ ਸੱਚਾ ਹੋਮ ਤੇ ਜਗ ਰਚਾਇਆ।" ਗੁਰੂ ਤਾਂ ਐਉਂ ਕਹਿ ਰਿਹਾ ਹੈ, ਤੇ ਪੰਜੇ 'ਗੁਰੂ ਗਲੱਕੜੀ' ਤੋਂ ਖਿਸਕਦੇ ਚਰਨਾਂ ਤੇ ਢਹਿੰਦੇ ਜਾਂਦੇ ਹਨ, ਤੇ ਉਨ੍ਹਾਂ ਦੇ ਲੂੰਆਂ ਤੋਂ ਇਕ ਮੱਧਮ ਗੂੰਜ ਉਠ ਰਹੀ ਹੈ:-

"ਬੈਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ॥" {ਸੂਹੀ:ਮ:੫-੬}

ਹਾਂ, ਤੇ ਸਤਿਗੁਰ ਆਖਦਾ ਹੈ, "ਮੇਰੇ ਮੇਰੇ, ਮੇਰੇ ਮੇਰੇ"।

ਦੂਜੀ ਖਿਨ ਮੁਕਤੇ, ਹਾਂ ਜੀ ਚਮਕੌਰੀ ਮੁਕਤੇ, ਤੇ ਚਮਕੌਰ ਤੋਂ ਪਹਿਲੀ ਰਾਤ ਮਰਸੇ ਤੇ ਰੋਪੜ ਸ਼ਹੀਦ ਹੋਣ ਵਾਲੇ ਦੁਲਾਰੇ ਸਤਿਗੁਰ ਦੀ ਪਿਆਰ ਕਲਾਈ ਵਿਚ ਆ ਗਏ, ਸਤਿਗੁਰ ਪਿਆਰ ਦੇਂਦਾ ਤੇ ਆਖਦਾ ਹੈ:-"ਮੇਰੇ ਮਿਦਕ ਸੁਆਰੇ, ਅਡੋਲ ਮੇਰਿਓ! ਵਾਹ ਵਾਹ! ਤੁਹਾਡਾ ਲਹੂ, ਜਿਸ ਨਾਲ ਤੁਸਾਂ ਮੈਨੂੰ ਖਰੀਦ ਲਿਆ, ਤੁਹਾਡੀ ਕੁਰਬਾਨੀ ਨੇ ਮੈਨੂੰ ਵਿਹਾਝ ਲਿਆ ਤੁਸੀਂ ਧੰਨ, ਤੁਸੀਂ ਧੰਨ! ਧੰਨ ਸਿੱਖੀ! ਧੰਨ ਸਿੱਖੀ! ਧੰਨ ਸਿੱਖੀ! ਤੁਸਾਂ ਧਾਰੀ, ਤੁਸਾਂ ਪਾਲੀ, ਤੁਸਾਂ ਨਿਬਾਹੀ। ਤੁਸੀਂ ਅਮਰ ਹੋਏ, ਸਦਾ ਮੇਰੇ ਹੋਏ। ਜਦ ਮੈਂ ਸੰਸਾਰ ਵਿਚ ਫੇਰ ਜਾਸਾਂ ਤੁਸੀਂ ਮੇਰੇ ਨਾਲ, ਜਦੋਂ ਮੈਂ ਏਥੇ ਤੁਸੀਂ ਅੰਗ ਸੰਗ।" ਇਹ ਸੁਣਦਿਆਂ ਮੁਕਤਿਆਂ ਦੀਆਂ ਮਾਨੋਂ ਅੱਖਾਂ ਵਿਚੋਂ ਨੀਰ ਛੁੱਟਾ ਅਰ ਉਸੇ ਨੀਰ ਵਿਚੋਂ ਪਿਆਰ ਤੇ ਸਦਕੇ ਹੋ ਜਾਣ ਦੀ ਸੁਗੰਧਿ ਆਈ ਕਿ ਕਲਗੀਆਂ ਵਾਲੇ ਆਪ ਨੈਣ ਜਲ ਪੂਰਤ ਹੋ ਅਹਿਲ ਹੋ ਗਏ, ਮਾਰੇ ਮੁਕਤੇ ਦਾਤਾ ਨਾਲ ਇਸ ਤਰ੍ਹਾਂ ਲਿਪਟ ਗਏ ਕਿ ਜਿਕੂੰ ਭੌਰੇ ਕਮਲ ਨਾਲ ਲਿਪਟ ਜਾਂਦੇ ਹਨ:-

ਹਾਂ, ਦੂਜੀ ਖਿਨ ਆਈ ਤਾਂ ਮੁਕਤਸਰ ਦੇ ਮੁਕਤੇ ਆ ਰਹੇ ਹਨ। ਮਹਾਂ ਸਿੰਘ ਮੁਕਰ ਨਾਲ ਭਰਿਆ, ਖੁਸ਼ੀ ਨਾਲ ਰੋਂਦਾ ਆ ਰਿਹਾ ਹੈ, ਬਿਹਬਲ ਹੋ ਚਰਨਾਂ ਤੇ ਢਹਿੰਦਾ ਹੈ ਤੇ ਉਸਦੇ ਸਰੀਰ ਤੋਂ ਮਾਨੋਂ ਅਵਾਜ਼ ਆਉਂਦੀ ਹੈ:-

"ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ॥"

{ਸੋਰ:ਮ:੫-੬੨}

ਪਰ ਉਸ ਕਦੀ ਨਾ ਛਾਣਨ ਵਾਲੇ ਬਖਸ਼ਿੰਦ, ਬਿਰਦ ਨੇ, ਉਸ ਸੰਜੋਗੀ ਜੋੜਨਹਾਰ ਗੁਰੂ ਨੇ ਮਹਾਂ

ਸਿੰਘ ਨੂੰ ਸੀਨੇ ਲਾਇਆ, ਛਾਤੀ ਲਾਇਆ, ਛਾਤੀ ਲਾਇਆ ਤੇ ਆਖਿਆ, ਓਇ ਆਪਾ ਵਾਰਨ ਵਾਲੇ ਬੀਤਰਾਗੀਆ! ਨਿਰਬਾਣ ਪਦ ਤੂੰ ਪਾਇਆ, ਜਿਨ੍ਹ ਵੀਰਾਂ ਦੇ ਪਿਆਰ ਵਿਚ ਆਪਾ ਘੋਲ ਦਿੱਤਾ, ਤੂੰ ਜੀ, ਤੇਰੇ ਵੀਰ ਜੀਣ! ਇਹ ਕਹਿੰਦਿਆਂ ਸਾਰੇ ਮੁਕਤੇ ਜੋ ਬਖਸ਼ਿੰਦ ਬਖਹਿੰਦ! ਵਾਹ ਬਖਸ਼ਿੰਦ ਦਾ ਗੀਤ ਗਾ ਰਹੇ ਸੇ, ਸਤਿਗੁਰ ਨੇ ਗਲੇ ਲਾ ਲਏ, "ਮੇਰੇ ਪੰਜ ਹਜ਼ਾਰੀ, ਓਏ ਮੇਰੇ ਸੱਤ ਹਜ਼ਾਰੀ, ਓਇ ਮੇਰੇ ਦਸ ਹਜ਼ਾਰੀ", ਐਉਂ ਨਾਮ ਲੈ ਲੈਕੇ ਸਾਰੇ ਗਲੇ ਲਾਏ ਤੇ ਕਿਹਾ ਕਿ "ਤੁਸਾਨੂੰ ਮੈਂ ਅਪਨਾਇਆ ਹੈ, ਤੁਸੀਂ ਓਹ ਬ੍ਰਹਮਗਯਾਨੀ ਹੋ ਜੋ ਮਾਇਆ ਦਾ ਜਾਲ ਤੋੜਕੇ ਨਿੱਤਰੇ, ਤੁਸੀਂ ਓਹ ਹੋ ਜਿਨ੍ਹਾਂ ਨੇ ਭੁੱਲ ਦਾ ਪਰਦਾ ਲੀਰਾਂ ਲੀਰਾਂ ਕਰਕੇ ਆਪਾ ਵਾਰ ਨਾਚ ਨੱਚਿਆ। ਤੁਸੀਂ ਸਦਾ ਜੀਵੋ! ਤੁਸੀਂ ਮੇਰੇ, ਮੈਂ ਤੁਸਾਂ ਦਾ! ਸਿੱਖ ਗੁਰੂ ਦੇ ਗੁਰੂ ਸਿੱਖਾਂ ਦਾ। ਭਾਗੋ ਵਡਭਾਗਣ ਖਾਲਸੇ ਦੀ ਸੱਚੀ ਬੀਤਰਾਗ ਭੈਣ, ਤਰ ਗਈ।"

ਗਲ ਕੀਹ, ਬਚਿੱਤ੍ਰ ਸਿੰਘ, ਉਦੈ ਸਿੰਘ ਆਦਿ ਸਾਰੇ ਸ਼ਹੀਦ, ਸਾਰੇ ਪਿਆਰੇ ਇਕ ਇਕ ਕਰਕੇ ਹਜ਼ੂਰੀ ਵਿਚ ਆਏ। ਇਕ ਇਕ ਦੀ ਘਾਲ ਥਾਂ ਪਾਈ। ਜਿਨ੍ਹਾਂ ਜਿਨ੍ਹਾਂ ਨੇ ਇਸ ਹਨੇਰੇ ਸੰਸਾਰ ਵਿਚ-ਇਸ ਭੁਲੇਖੇ ਦੀ ਸਾਡੀ ਧਰਤੀ ਵਿਚ-ਸਤਿਗੁਰੂ ਨੂੰ 'ਸਤਿਗੁਰੂ' ਪਛਾਤਾ ਸੀ ਤੇ ਸਤਿਗੁਰ ਵਿਚ ਅਮਰੀ ਜੀਵਨ ਪਰ ਨਿਸ਼ਚਾ ਧਾਰਿਆ ਸੀ ਤੇ ਇਹ ਧਾਰ ਕੇ ਸੇਵਾ ਚਾਈ ਤੇ ਕੀਤੀ ਸੀ, ਯਾ ਸਤਿਗੁਰ ਦੇ ਹੁਕਮ ਵਿਚ ਸ਼ਹੀਦੀ ਪਾਈ ਸੀ; ਆਏ, ਤੇ ਮਤ ਦੀ ਘਾਲ ਥਾਂ ਪਈ। ਓਹ ਅੱਜ ਵੇਖ ਰਹੇ ਸੇ ਕਿ ਜੇ ਸਤਿਗੁਰ ਸਾਨੂੰ ਸਿਦਕ ਨਾ ਬਖਸ਼ਦਾ ਤਾਂ ਅੱਜ ਅਸੀਂ ਇਸ ਸਦਾ ਰਹਿਣ ਵਾਲੇ ਦੇਸ਼ ਵਿਚ ਕਦ ਸਤਿਗੁਰਾਂ ਦੇ ਚਰਨਾਂ ਪਾਸ ਆਉਂਦੇ। ਜੇ ਉਸ ਬਿਨਸਨਹਾਰ ਜਿੰਦ ਨੂੰ ਪਿਆਰ ਕਰਦੇ ਤਾਂ ਸਦਾ ਲਈ ਪ੍ਰੀਤਮ, ਇਸ 'ਅਰਸ਼ੀ ਪ੍ਰੀਤਮ', ਤੋਂ ਵਿਛੁੜ ਜਾਂਦੇ। ਧੰਨ ਹੈ ਸਤਿਗੁਰ ਜਿਸ ਨੇ ਸਾਨੂੰ ਤਾਰਿਆ!

ਹੁਣ ਇਕ ਗੱਲ ਚੌਕਰਾਕਾਰ ਕਿਰਨਾਂ ਦਾ ਲਹਿਰਾ ਵੱਜਾ, ਅਰ ਸਤਿਗੁਰ ਜੀ ਤਖਤ ਬਿਰਾਜੇ ਹੋਏ, ਸਾਹਿਬਜ਼ਾਦੇ ਚਰਨਾਂ ਵਿਚ ਸਜੇ ਹੋਏ ਤੇ ਸਾਰੇ ਨਾਮ ਰਸੀਏ ਤੇ ਸਾਰੇ ਆਪਾ ਜਿੱਤੇ ਸ਼ਹੀਦਾਂ ਦਾ, ਹਾਂ, ਗੁਰੂ ਪ੍ਰੇਮ ਵਿਚ ਸ਼ਹੀਦ ਹੋਏ ਪਿਆਰਿਆਂ ਦਾ ਦੀਵਾਨ ਸਜ ਗਿਆ ਤੇ ਇਕ ਲਹਿਰਾਉ ਵਰਤ ਗਿਆ। ਮਿਠੀ ਪਿਆਰੀ ਧੁਨੀ ਉੱਠੀ, ਨੈਣ ਮੁੰਦੇ ਗਏ, ਲੂੰਆਂ ਤੋਂ ਰਸ ਦੇ ਫੁਹਾਰੇ ਛੁੱਟ ਪਏ ਤੇ 'ਰਾਗ ਰਤਨ ਪਰਵਾਰ ਪਰੀਆ' ਦਾ ਅਰੂਪ ਸੰਗੀਤ ਸਾਡੇ ਬੈਰਾਗ ਦੀ ਧੁਨੀ ਵਾਂਗੂ, ਪਰ ਬਹੁਤ ਹੀ ਮਧੁਰ ਸੁਣਾਈ ਦਿੱਤਾ:-

*ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣਚੇਰੀ ਰਾਮ॥ ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ॥ ਸਾਰ ਨ ਜਾਣਾ ਤੂੰ ਵਡ ਦਾਣਾ ਕਰਿ ਮਿਹਰੰਮਤ ਸਾਂਈ॥ ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ॥ ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ॥ ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ॥੧॥ ... ...

ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ॥ ਹਉ ਬਲਿ ਜਾਈ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ॥ ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ॥ ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ॥ ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ॥ ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲਾ॥੪॥੧॥੪॥

{ਦੂਸਰਾ ਆਤਮ ਲਹਿਰਾਉ}

ਹੁਣ ਇਕ ਹੋਰ ਵੇਗ ਆਇਆ, ਕੈਸਾ ਅਦਭੁਤ ਹੁਲਾਰਾ ਪਿਆ। ਜੇ ਅਸੀਂ ਅਪਣੇ ਲੋਕ ਵਾਸੀਆਂ ਦੀ ਸਮਝ ਗੋਚਰਾ ਕਰਨਾ ਚਾਹੀਏ ਤਾਂ ਐਉਂ ਹੈ ਕਿ ਅੱਖ ਦੇ ਫਰੱਕੇ ਵਿਚ ਅਸੰਖਾਂ ਮੀਲ ਪੈਂਡਾ ਤੈ ਹੋ ਗਿਆ। ਵਾਹਵਾ! ਦੋਧੀ ਚਾਨਣਾ ਆਗਿਆ, ਠੰਢਾ ਠੰਢਾ, ਮਨ ਐਉਂ ਕੱਠਾ ਅਰ ਸ਼ਾਂਤ ਹੋ ਰਿਹਾ ਹੈ, ਜਿਵੇਂ ਕੋਈ ਟਿਕਾਉ ਤੇ ਰਸ ਲੀਨਤਾ ਦਾ ਦੇਸ਼ ਹੈ, ਮੁਹਾਉਣੀ ਮੀਤਲਤਾ ਦੀ ਅਵਧੀ ਹੈ।

ਇਥੇ ਇਕ ਸੁੰਦਰ ਵੱਡਾ ਸਾਰਾ ਇਕੋ ਕਮਰਾ ਹੈ। ਦੋਧੀ ਚਾਨਣ ਦਾ ਬਣਿਆ ਹੈ। ਇਸਦੇ ਅੰਦਰ

*ਇਹ ਸ਼ਬਦ ਸੂਹੀ ਛੰਤ ਮ: ੫ ਘਰੁ ੩ ਦਾ ਹੈ।

ਸਿਰੇ ਵਾਲੇ ਪਾਸੇ ਇਕ ਸੁਫੈਦ ਰੰਗ ਦਾ ਅਤਿ ਦਮਕਾਂ ਮਾਰਦਾ ਤਖ਼ਤ ਹੈ, ਜੋ ਐਉਂ ਜਾਪਦਾ ਹੈ ਕਿ ਕਿਸੇ ਹੀਰੇ ਵਰਗੇ ਚਿਟਾਨ ਵਿਚੋਂ ਕੱਟ ਕੇ ਉੱਕਰ ਕੇ ਬਣਾਇਆ ਹੈ। ਇਸ ਪਰ ਐਸੀਆਂ ਪਹਿਲਾਂ ਕੱਢੀਆਂ ਹਨ ਕਿ ਰੋਸ਼ਨੀ ਉੱਤੇ ਪੈਂਦੀ ਦਾ ਪੈਰ ਟਿਕਦਾ ਨਹੀਂ ਜਾਪਦਾ, ਤਿਲਕ ਤਿਲਕ ਪੈਂਦੀ ਹੈ ਅਰ ਜਿਉਂ ਜਿਉਂ ਤਿਲਕਦੀ ਹੈ, ਤਿਉਂ ਤਿਉਂ ਅੱਖਾਂ ਵਿਚ ਚਕਾਚੌਂਧ ਛਾਉਂਦੀ ਹੈ। ਪਰ ਇਸ ਚਕਾਚੌਂਧ ਨਾਲ ਘਬਰਾ ਨਹੀਂ ਪੈਂਦਾ, ਸਰੂਰ ਆਉਂਦਾ ਹੈ। ਤਖ਼ਤ ਖਾਲੀ ਹੈ, ਪਰ ਇਸ ਦੇ ਪਿੱਛੇ ਕੁਛ ਅਤਿ ਚਮਕਦਾਰ, ਪਰ ਟਿਕਾਉਦਾਰ ਰੂਪ ਵਾਲੀਆਂ ਸੂਰਤਾਂ ਖੜੀਆਂ ਹਨ। ਜਦ ਕਮਰੇ ਵਿਚ ਅੱਗੇ ਪਿੱਛੇ ਤੱਕੋ ਤਾਂ ਸਾਰਾ ਭਰਪੂਰ ਹੈ, ਡਾਢੇ ਹੀ ਪਿਆਰੇ, ਪ੍ਰੇਮ ਵਾਲੇ, ਸਿੱਕਾਂ ਵਾਲੇ, ਸੱਧਰਾਂ ਵਾਲੇ, ਤਾਂਘਾਂ ਵਾਲੇ, ਲੋਚਾਂ ਵਾਲੇ ਸੱਜਣ ਜੁੜੇ ਬੈਠੇ ਹਨ। ਸਾਰਿਆਂ ਦੇ ਸ਼ਰੀਰ ਅਤੀ ਸੂਖਮ ਪਰ ਦੋਧੀ ਝਾਲ ਵਾਲੇ ਚਾਨਣੇ ਦੇ ਬਣੇ ਹਨ। ਚਿਹਰੇ ਪ੍ਰੇਮ ਦਾ ਅਲਾਂਬਾ ਹਨ, ਪਰ ਅਲਾਂਬਾ ਸਰਦ ਚਾਂਦਨੀ ਦੇ ਚੰਦ ਵਾਂਗੂੰ ਅਡੋਲ ਤੇ ਸੀਤਲ ਹੈ। ਤਖ਼ਤ ਦੇ ਅੱਗੇ ਕੁਛ ਥਾਂ ਵਿਹਲੀ ਹੈ, ਜਿਥੇ ਇਕ ਨਿਰਮਲ ਨੀਲਗੂੰ ਝਾਲ ਦੀ ਚੌਂਕੀ ਉੱਤੇ ਆਰਤੀ ਦਾ ਸਮਿਆਨ ਧਰਿਆ ਹੈ। ਇਥੋਂ ਲੈਕੇ ਬਾਹਰਲੇ ਦਰਵਾਜ਼ੇ ਤਾਈਂ ਸਾਰੇ ਦਿੱਵ ਰੂਪੀਆਂ ਦੇ ਵਿਚਕਾਰ ਦੀ ਰਸਤਾ ਹੈ, ਹੁਣ ਸਾਰੇ ਪ੍ਰੇਮੀ ਅਦਬ ਨਾਲ ਖੜੇ ਦਿੱਸਣ ਲੱਗ ਪਏ। ਦਰਵਾਜ਼ੇ ਤੋਂ ਬਾਹਰ ਸੜਕ ਪਰ ਦੂਰ ਤੀਕ ਦੁਵੱਲੀ ਪ੍ਰਕਾਸ਼ ਸਰੂਪਾਂ, ਸੰਸਾਰ ਦੇ ਪ੍ਰਸਿੱਧ ਆਗੂਆਂ ਤੇ ਆਤਮ ਅਰੂੜ੍ਹਾਂ ਦੀ ਕਤਾਰ ਖੜੀ ਹੈ ਤੇ ਫੁੱਲਾਂ ਦੀ ਬਰਖਾ ਕਰਨੇ ਲਈ ਤਿਆਰ ਖੜੀ ਹੈ; ਮਾਲੂਮ ਹੁੰਦਾ ਹੈ ਕਿ ਕਿਸੇ ਦੀ ਉਡੀਕ ਲੱਗ ਰਹੀ ਹੈ।

ਹੁਣ ਇਕ ਤਿੱਖਾ ਲਿਸ਼ਕਾਰਾ ਵੱਜਾ, ਉਸੇ ਹੀਰੇ ਵਰਗੇ ਪਰ ਕੇਵਲ ਪ੍ਰਕਾਸ਼ ਦੇ ਬਣੇ ਤਖ਼ਤ ਪਰ ਇਕ ਮੋਹਨੀ ਮੂਰਤ ਬਿਰਾਜਮਾਨ ਹੈ। ਕਮਰੇ, ਤਖ਼ਤ ਦਿੱਵ ਸਰੂਪਾਂ ਸਭਨਾਂ ਦਾ ਰੂਪ ਪ੍ਰਕਾਸ਼ਦਾ ਸੀ, ਪਰੰਤੂ ਇਸ 'ਮਨ ਹਰਨ ਮਨੋਹਰ' ਮੂਰਤੀ ਦੀ ਇਹ ਅਕਾਲ ਮੂਰਤੀ ਹੋਰ ਹੀ ਸੂਖਮ ਤੇ ਹੋਰ ਹੀ ਚਮਕੀਲੇ ਰੂਪ ਦੀ ਬਣੀ ਹੋਈ ਸੀ। ਆਪ ਤਖ਼ਤ ਪੁਰ ਬਿਰਾਜੇ ਧਿਆਨ ਮਗਨ ਹਨ, ਨੈਣ ਬੰਦ ਹਨ, ਪਦਮਾਸਨ ਬਿਰਾਜ ਰਹੇ ਹਨ, ਖੱਬੇ ਪਾਸੇ ਲੱਕ ਨਾਲ ਤਲਵਾਰ ਹੈ, ਜੋ ਮਿਆਲ ਵਿਚ ਬਿਰਾਜ ਰਹੀ ਹੈ, ਜਿਸ ਪੁਰ ਲਿਖਿਆ ਹੈ 'ਭਗਤ ਰੱਖਜਕ'। ਸੱਜੇ ਹਥ ਜ਼ਮੁੱਰਦਾਂ ਵਰਗੇ, ਪਰ ਅਤੀ ਉੱਚੀ ਆਬ ਤੇ ਡਾਢੇ ਨਿਰੋਲ ਪਾਣੀ ਵਾਲੇ ਕਿਸੇ ਡਾਢੇ ਸੁੱਚੇ ਰੰਗ ਵਾਲੇ ਰੇਸ਼ੇ ਤੋਂ ਸਾਫ ਪਾਰਦਰਸ਼ਕ ਪਦਾਰਥ ਦੀ ਸਿਮਰਨੀ ਹੈ, ਜਿਸ ਦੇ ਮਣਕੇ ਕਾਰੀਗਰ ਨੇ ਐਉਂ ਬਣਾਏ ਹਨ ਕਿ ਨਿੱਗਰ ਗੁਲਿਆਈ ਦੀਆਂ ਛੇਕਦਾਰ ਗੋਲੀਆਂ ਵਾਂਗੂੰ ਨਹੀਂ, ਪਰ 'ਵਾਹਿਗੁਰੂ' ਇਨ੍ਹਾਂ ਅੱਖਰਾਂ ਨੂੰ ਉੱਕਰ ਕੇ ਗੁਲਿਆਈ ਦੇ ਦਿਤੀ ਹੈ ਤੇ ਫੇਰ ਪ੍ਰੀਤ-ਤਾਰ ਵਿਚ ਪਰੋ ਦਿਤਾ ਹੈ। ਮੇਰੂ ਦੇ ਮਣਕੇ ਵਿਚ ਧਿਆਨ ਮੂਰਤੀ ਦਾ ਨਕਸ਼ਾ ਦਿੱਸਦਾ ਹੈ। ਇਹ ਸਿਮਰਨਾ ਸੱਜੇ ਹੱਥ ਵਿਚ ਦਮਕਦਾ ਰਸ ਭਰੀਆਂ ਕਿਰਨਾਂ ਛੱਡ ਰਿਹਾ ਹੈ। ਪਿਛਲੇ ਪਾਸੇ ਖੜੇ ਕੁਈ ਡਾਢੇ ਪਿਆਰੇ ਚਵਰ ਕਰ ਰਹੇ ਹਨ ਤੇ ਬਾਕੀ ਦੇ ਖੜੇ ਸਾਰੇ ਗਰਦਨਾਂ ਨਿਵਾਈ ਹੱਥ ਜੋੜੇ, 'ਜੀਉਰਵੀਂ ਖੁਸ਼ੀ', 'ਜਰਵੇਂ ਉਮਾਹ', ਪੁੱਜ ਗਈ ਆਸ, ਪੁੱਜ ਗਈ ਸਿੱਕ, ਪੁੱਗ ਆਈ ਸੱਧਰ ਤੇ ਸਿਰੇ ਚੜ੍ਹੀ ਪ੍ਰੀਤਿ ਦੇ ਰਸ ਭਰੇ ਰੰਗ ਵਿਚ ਅਦਬ ਤੇ ਉੱਚੇ ਕਰਨ ਵਾਲੇ ਦਮਕਵੇਂ ਭੈ ਵਿਚ ਖੜੇ ਹਨ ਕਿ ਇਸ ਤੋਂ ਉੱਚੇ ਮੰਡਲਾਂ ਥੀਂ ਇਕ ਸ਼ੁਅਲਾ ਆਇਆ ਅਰ ਪਈ ਪਈ ਆਰਤੀ ਆਪੇ ਜਗ ਉੱਠੀ, ਐਸੀ ਜਗੀ ਤੇ ਚਮਕੀ ਕਿ ਸੁਆਦ ਆ ਗਿਆ। ਹੁਣ ਇਕ ਹਵਾ ਦਾ ਫੱਰਾਟਾ ਆਇਆ ਮਲਿਆਗਰ ਤੋਂ ਮਿੱਠੀ, ਚੰਦਨ ਵਾਸ਼ਨਾਂ ਤੋਂ ਪਿਆਰੀ, ਚੰਬੇਲੀ ਵਾਸ਼ਨਾਂ ਤੋਂ ਸੁਹਾਵੀ ਵਾਸ਼ਨਾਂ ਭਰ ਗਈ ਅਰ ਇਲਾਹੀ ਨਾਦ ਸ਼ੁਰੂ ਹੋ ਗਿਆ। ਆਰਤੀ ਇਕ ਬਿਰਧ, ਪਰ ਨੂਰ ਦੇ ਬੁੱਕੇ ਸੱਜਣ ਦੇ ਹੱਥਾਂ ਵਿਚ ਹੈ! ਬੁੱਢਾ ਹੈ, ਹਾਂ, ਇਹ ਬਚਪਨ ਤੋਂ ਹੀ ਬੁੱਢਾ ਅਖਵਾਉਂਦਾ ਸੀ, ਪਰ ਪਿਆਰ ਦੇ ਰੰਗ ਜੁਆਨ ਹੈ, ਗੁਰਮੁਖ ਜੋ ਹੋਯਾ, ਨਾਉਂ ਦਾ ਬੁੱਢਾ ਹੈ ਉਂਵ ਬੁੱਢਾ ਕਦੇ ਨਹੀਂ, ਆਰਤੀ ਇਸਦੀ ਪ੍ਰੀਤ-ਤਾਰ ਪ੍ਰੋਤੇ ਹੱਥਾਂ ਵਿਚ ਲਹਿਰੇ ਲੈ ਰਹੀ ਹੈ ਤੇ ਸਾਰੇ ਸੱਜਣਾਂ ਦੇ ਲੂੰਆਂ ਵਿਚੋਂ, ਰੋਮ ਰੋਮ ਵਿਚੋਂ , ਜੀ ਹਾਂ, ਗੁਰਮੁਖਾਂ ਦੇ ਲੂੰ ਲੂੰ ਵਿਚੋਂ ਨਾਦ ਉੱਠਿਆ, ਤੇ

ਇਹ ਸੰਗੀਤ ਅਤੀ ਮਧੁਰ, ਅਤਿ ਪਿਆਰੀ, ਡਾਢੀ ਹੀ ਰਸ ਭਿੰਨੀ ਸੁਰ ਵਿਚ ਹੋਇਆ:-

ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਯਾਰਾ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ॥੨॥ ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ॥ ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ॥੩॥੫॥ {ਪ੍ਰਭਾ:ਕਬੀ:}

ਆਰਤੀ ਦੇ ਮਗਰੋਂ ਸਾਰੇ ਸੱਜਣ ਬਿਰਾਜ ਗਏ, ਪਰ ਬਾਹਰ ਖੜੇ ਸਾਰੇ ਦਿੱਬ ਰੂਪੀ ਨਿਵੇਂ ਖੜੇ ਹਨ ਅਰ ਕੀਰਤਨ ਕਰ ਰਹੇ ਹਨ, ਜਿਸ ਦੀ ਮਧੁਰ ਧੁਨੀ ਤੰਬੂਰੇ ਦੀ ਗੂੰਜ ਵਾਂਙੂ ਅੰਦਰ ਜਾ ਰਹੀ ਹੈ।

ਤਖ਼ਤ ਪਰ ਉਹੋ ਮਾਤ ਲੋਕ ਵਿਚ ਵਿਚਰਨ ਵਾਲੇ ਪ੍ਰੀਤਮ, ਪਰ ਅਸਲ ਵਿਚ ਸਾਰੇ ਅਰਸ਼ਾਂ ਦੇ ਮਾਲਿਕ 'ਅਰਸ਼ੀ ਪ੍ਰੀਤਮ' ਕਲਗੀਆਂ ਵਾਲੇ, ਸ਼ਕਤੀਆਂ ਵਾਲੇ, ਨੈਣ ਖੁਹਲਕੇ ਨਦਰ ਨਾਲ, ਮਿਹਰ ਦੀ ਨਜ਼ਰ ਨਾਲ, ਤਾਰ ਲੈਣ ਵਾਲੀ ਨਜ਼ਰ ਨਾਲ ਤੱਕ ਰਹੇ ਹਨ। ਆਪ ਦੇ ਖੱਬੇ ਪਾਸੇ ਦੇ ਹੱਥ ਦੀ ਛਾਪ ਵਿਖ ਲਿਖਿਆ ਹੈ, 'ਕੁਲ ਅਦੇਵ ਸ਼ਕਤੀਆਂ ਪ੍ਰਰ ਹੁਕਮ।' ਸੱਜੇ ਹੱਥ ਦੀ ਛਾਪ ਵਿਚ ਲਿਖਿਆ ਹੈ 'ਕੁਲ ਦੇਵ ਸ਼ਕਤੀਆਂ ਪਰ ਹੁਕਮ'।

ਹੁਣ ਇਸ ਤਾਰਨਹਾਰ ਤੇ ਉੱਚ ਮੰਡਲਾਂ ਦੇ ਪ੍ਰੀਤਮ ਜੀ ਦਾ ਮਨ-ਬਖਸ਼ਿੰਦ ਤੇ ਪ੍ਰਤਿਪਾਲ ਮਨ-ਲਹਿਰੇ ਵਿਚ ਆਇਆ, ਅਵਾਜ਼ ਆਈ! "ਧੰਨ ਭ੍ਰਾਈ ਬੁੱਢਾ ਛੇ ਜਾਮਿਆਂ ਦਾ ਮਿੱਤ੍ਰ! ਸੱਚਾ ਮਿੱਤ੍ਰ! ਤੇਰੀ ਪ੍ਰੀਤ, ਤੇਰੀ ਘਾਲ ਸਫਲ। ਵਾਹ ਭਾਈ ਗੁਰਦਾਸ! ਜ਼ਿੰਦਗੀ ਦੇ ਕਵੀ ਰੱਬੀ ਰਚਨਾਂ ਵਾਲਿਆ! ਗੁਰ ਕੀਰਤਨੀਆਂ! ਭਾਈ ਜੀ! ਭਾਈ ਜੀ! ਸਦਾ ਥਿਰ ਜੀ! ਤੇ ਸਾਡਾ ਹਸਮੁਖੀਆ ਤੇ ਰੁੱਸ ਰੁੱਸ ਕੇ ਪ੍ਰੀਤ ਕਰਨ ਵਾਲਾ ਸੱਚੇ ਮਰਦਾਂ ਦਾ ਮਰਦ ਮਰਦਾਨਾਂ, ਜੰਗਲਾਂ ਵਿਚ ਸਾਥ ਦੇਣ ਵਾਲਿਆ! ਬਈ ਮਿੱਤ੍ਰਾ! ਏਸ ਦੇਸ਼ ਵਿਚ ਜੀਉ, ਜਿਥੇ ਕਦੇ ਭੁੱਖ ਨਹੀਂ। ਡਿੱਠਾ ਹਈ ਮੈਂ ਕਿਸ ਭੋਜਨ ਆਸਰੇ ਜੀਉਂਦਾ ਸੀ? ਤੂੰ ਬੀ ਹੁਣ ਖਾਹ, 'ਖਾਵਹਿ **ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥**'{ਗਉ:ਮ:੫-੧੦੦} ਭਾਈ ਨੰਦ ਲਾਲ ਜੀ, ਜ਼ਿੰਦਗੀ ਨਾਮੇ ਆਏ, ਸਾਡੇ ਮਾਤ ਲੋਕ ਦੇ ਕਵੀ ਰਾਜ ਆਏ, ਜੀਉ! ਭਾਈ ਜੀਉ! ਸਦਾ ਜੀਉ!

ਐਸ ਤਰ੍ਹਾਂ ਨਾਲ ਦਸਾਂ ਹੀ ਜਾਮਿਆਂ ਦੇ ਇਕ ਇਕ ਪਿਆਰੇ, ਸਿਰੇ ਚੜੇ, ਭਗਤੀ ਪੁਗਾਏ, ਵੈਰਾਗੀ ਪਰ ਰਸੀਏ ਪੂਰਨ ਹੋਏ ਸਿੱਖਾਂ ਦੇ ਜੋ ਕੇਵਲ ਇਸ ਦਰਬਾਰ ਵਿਚ ਜ਼ਗਮਗ ਕਰ ਰਹੇ ਸੇ ਸਤਿਗੁਰ ਨੇ ਨਾਮ ਲਏ ਤੇ ਵਰ ਦਾਨ ਦਿੱਤੇ। ਘਾਲਾਂ ਜਦੋਂ ਕੀਤੀਆਂ ਤਦੋਂ ਹੀ ਥਾਂ ਪੈ ਗਈਆਂ ਸਨ, ਪਰ ਇਕ ਹੋਰ ਕੌਤਕ ਹੈ ਕਿ ਅੱਜ ਥਾਂ ਪਈਆਂ, ਜਦ ਅਰਸ਼ੀ ਪ੍ਰੀਤਮ ਨੇ ਪਰਵਾਨ ਆਖੀਆਂ। ਪਰਵਾਨ ਬੀ ਅਗੇ ਆਖੀਆਂ ਸਨ, ਪਰ ਅਜ ਕੋਈ ਉਮਾਹ ਦਾ ਵੱਖਰਾ ਚੋਜ ਹੈ। ਅੱਜ ਪਰਵਾਨ ਹੋ ਗਏ, ਪੰਚ ਹੋ ਗਏ, ਪ੍ਰਧਾਨ ਹੋ ਗਏ, ਅੱਜ ਸਰੂਪ ਦਰ ਵਿਚ ਪ੍ਰਵਾਨ ਹੋਕੇ ਸੁਹ ਗਏ, ਸੁਹਬ ਗਏ, ਸੁਹਣੇ ਹੋ ਗਏ। ਹਾਂ, ਗੁਰ ਧਿਆਨ ਲਿਵਲੀਨ ਨਾ ਸੁਹਣੇ ਹੋਣ ਤਾਂ ਹੋਰ ਕੌਣ ਹੋਵੇ? ਤੱਕੋ ਸਾਰਿਆਂ ਦੇ ਲਿਬਾਸ ਬਦਲ ਗਏ, ਦਮਕਦੀਆਂ ਤਿੱਲੇ ਦੀਆਂ ਤਾਰਾਂ ਵਰਗੇ ਪ੍ਰਕਾਸ਼ੀ ਲਿਬਾਸ ਉੱਚੇ ਪ੍ਰਕਾਸ਼ ਵਾਲੇ ਹੋ ਗਏ, ਚੜ੍ਹ-ਦੀਆਂ ਕਲਾਂ ਦੇ ਤੁਰਲੇ ਸਭ ਦੀਆਂ ਦਸਤਾਰਾਂ ਵਿਚ ਦਮਕ ਪਏ, ਮਸਤਕਾਂ ਪਰ 'ਗੁਝੜਾ ਲਧਮੁ ਲਾਲ' ਦੀਆਂ ਮਣੀਆਂ ਲਟਕ ਪਈਆਂ, ਚਿਹਰਿਆਂ ਦੇ ਭਾਵ ਪ੍ਰਤਾਪ ਸ਼ੀਲ ਹੋ ਗਏ। ਰਾਜਾਨ ਅਰਥਾਤ ਰਾਜਿਆਂ ਵਾਙੂ ਪ੍ਰਤਾਪੀ, ਤੇਜੱਸ੍ਵੀ ਤੇ ਸ਼ਕਤੀਮਾਨ ਹੋ ਗਏ, ਪਰ ਪਰਵਾਨ ਹੋਕੇ, ਪਿਆਰੇ ਦੀ ਪ੍ਰੀਤ-ਤਾਰ ਵਿਚ, ਪ੍ਰੀਤਮ ਦੇ ਧਿਆਨ ਵਿਚ ਮਗਨ ਤੇ ਆਪ ਨਿਵਾਰੇ ਰੰਗ ਵਿਚ ਉੱਚੇ ਤੋਂ ਉੱਚੇ ਲਹਿਰੇ ਲੈ ਰਹੇ ਤੇ ਸਿਫਤ ਸਲਾਹਾਂ ਨਾਲ ਭਰ ਰਹੇ ਹਨ। ਪਰਵਾਨ ਹੋ ਗਏ, ਪਿਆਰੇ ਵੀਰੋ! ਤੁਸੀਂ ਧੰਨ ਹੋ, ਵਧਾਈਆਂ ਜੋਗ ਹੋ, ਨਾਮ ਰੱਤੇ ਗੁਰਮੁਖੋ! ਕਿਉਂ ਨਾ ਸੁਖ ਪਾਓ, ਜਦ ਸੁਖ ਦਾਤਾ ਇਹ ਕਹਿ ਆਇਆ ਹੈ:-

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ॥ ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ॥ ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ॥ ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰ ਸਿਖ ਲੈ ਮਨੁ ਜਿਣਤਿਆ॥ ਸਭਦੂ ਵਡੇ ਭਾਗ ਗੁਰ ਸਿਖਾ ਕੇ ਜੋ ਗੁਰ ਚਰਣੀ

ਸਿਖ ਪੜਤਿਆ॥੧੮॥*

ਵਰਦਾਨ ਲੈਕੇ ਸਾਹੇ ਸਿੱਖੀ ਮੰਡਲ ਵਿਚ ਕੀਰਤਨ ਦੀ ਧੁਨਿ ਉਠੀ:-

ਧਨਾਸਰੀ ਮ: ੫

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥ ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥੧॥ ਜਿਹਵਾ ਏਕ ਕਵਨ ਗੁਨ ਕਹੀਐ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨਹੀ ਲਹੀਐ॥੧॥ ਰਹਾਉ॥ ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥ ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥ ੨॥ ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥੩॥੧੨॥

{ਤੀਸਰਾ ਆਤਮ ਲਹਿਰਾਉ}

ਮਿੱਸੀ ਮਿੱਸੀ ਲਹਿਰ, ਮਿੱਸੀ ਨਹੀਂ ਅਤਿ ਪ੍ਰਕਾਸ਼ ਦੇ ਕਾਰਨ ਅੱਖਾਂ ਨਾ ਤੱਕ ਸੱਕਣ ਦੇ ਸਬੱਬ ਮਿੱਸੀ ਮਿੱਸੀ ਲੱਗਣ ਵਾਲੀ ਚਾਨਣੀ ਦੀ ਇਕ ਲਹਿਰ ਆਈ, ਵੇਗ ਆਇਆ, ਖਿਨ ਵਿਚ ਮਾਨੋਂ ਅਸੰਖਾਂ ਅਸੰਖ ਕੋਹ ਦਾ ਚੱਕਰ ਲੰਘ ਗਿਆ। ਉਂਵ ਪੈਂਡੇ ਵਾਙੂ ਨਹੀਂ, ਹੋਇਆ ਤਾਂ ਹੋਰਵੇਂ, ਪਰ ਮਨੁੱਖੀ ਸਮਝ ਗੋਚਰਾ ਕਰਨ ਲਈ ਐਉਂ ਹੀ ਕਹਿ ਹੁੰਦਾ ਹੈ।

ਹੁਣ ਤਾਂ ਹੋਸ਼ ਦੇ ਖੰਭ ਸੜਦੇ ਹਨ, ਫਿਕਰ ਦੇ ਪੈਰ ਭੁੱਜਦੇ ਹਨ, ਸੋਚ ਦੀਆਂ ਲੱਤਾਂ ਟੁੱਟਦੀਆਂ ਹਨ, ਧਜਾਨ ਚੱਕਰ ਖਾਂਦੇ ਹਨ, ਖਜਾਲ ਦੀ ਕੁਝ ਪੇਸ਼ ਨਹੀਂ ਜਾਂਦੀ, ਕੁਝ ਪਤਾ ਨਹੀਂ ਲੱਗਦਾ ਕਿ ਕੀ ਹੋ ਰਿਹਾ ਹੈ। ਬਿਹੋਸ਼ੀ ਹੈ, ਅੱਗ ਬਲਦੀ ਹੈ, ਸਾੜ ਦੀ ਲਾਟ ਆਉਂਦੀ ਹੈ, ਸਾਡੇ ਸੰਸਾਰੀ ਬਸਤਰਾਂ, ਸ਼ਰੀਰ ਮਨ ਸਮਝ ਤਕ ਸਭ ਨੂੰ ਫੂਕ ਘੱਤਦੀ ਹੈ। ਇਕ ਫਟਾਕਾ ਵੱਜਦਾ ਹੈ, ਨਵੇਂ ਜਾਏ ਬੋਟ ਵਾਂਗੂ ਅਸੀਂ ਆਪਣੇ ਹੁਣ ਤਕ ਦੇ ਸਾਰੇ ਖੰਭਾਂ ਤੋਂ ਹੀਣ, ਪਰ ਕਿਸੇ ਅਤੀ ਅਕੱਥਨੀਯ ਨੂਰ ਦੇ ਨਿਆਣੇ ਬਾਲ ਬਣਕੇ ਸੁਤੇ ਗਿਆਨ ਵਿਚ ਮਗਨ ਸੁਤੇ ਰੰਗ ਵਿਚ, ਸੁਤੇ ਨਜ਼ਰ ਵਿਚ, ਸੁਤੇ ਦੇ ਦੇਖਣੇ ਦੇਖਦੇ ਹਾਂ। ਇਕ ਤਖ਼ਤ ਹੈ, ਪਰ ਕੁਝ ਨਹੀਂ ਕਹਿ ਸਕਦੇ। ਐਉਂ ਜਾਪਦਾ ਹੈ ਡਲ੍ਹਕ ਦਰ ਡਲ੍ਹਕ ਹੈ, ਚਮਕ ਦਰ ਚਮਕ ਹੈ, ਉਸ ਪਰ ਨੌਂ ਪਾਤਸ਼ਾਹ ਬਿਰਾਜਮਾਨ ਹਨ, ਤੇਜ ਹੀ ਤੇਜ ਹੈ, ਮਹਾਂ ਪਾਵਨ, ਮਹਾਂ ਉੱਚਾ, ਮਹਾਂ ਤਰਲ, ਮਹਾਂ ਸੂਖਮ, ਪਰ ਮਹਾਂ ਬਲੀ ਤੇਜ ਹੈ। ਇੱਕੋ ਤੇਜ ਹੈ, ਪਰ ਫੇਰ ਨੌਂ ਭਾਹਾਂ ਮਾਰਦਾ ਹੈ, ਨੌਂ ਅੱਡ ਅੱਡ ਆਭਾਂ ਦਿਖਾਉਂਦਾ ਹੈ, ਪਰ ਫਿਰ ਹੈ ਇੱਕੋ। ਨੌਂ ਆਸਣ ਲੱਗੇ ਹਨ, ਉੱਪਰ ਨੌਂ ਜੋਤਾਂ ਦਮਕਾਂ ਦੇ ਰਹੀਆਂ ਹਨ, ਇਕ ਆਸਣ ਖਾਲੀ ਪਿਆ ਹੈ! ਜਦ ਗਹੁ ਕਰ ਤੱਕੋ ਤਾਂ ਅੱਖਾਂ ਮਿਟ ਜਾਂਦੀਆਂ ਹਨ, ਜੇ ਸੁਤੇ ਸਿਧ ਤੱਕੋ ਤਾਂ ਕੇਵਲ ਇਕ ਜੋਤਿ ਹੀ ਦੀਹਦੀ ਹੈ! ਪਤਾ ਨਹੀਂ ਏਥੇ ਦਸ ਆਸਣ ਹਨ ਕਿ ਅਸੀਂ ਦਸ ਆਸਣਾਂ ਦਾ ਧਿਆਨ ਲੈਕੇ ਆਏ ਹਾਂ। ਹੋਰ ਗਹੁ ਕਰਦੇ ਹਾਂ ਤਾਂ ਕੀ ਤੱਕਦੇ ਹੀਂ ਕਿ ਉਹ ਪ੍ਰਤਾਪਸ਼ੀਲ ਰਾਜਾ, ਉਹ ਸੱਚਾ ਪਤਾਸ਼ਾਹ, ਉਹ ਕਲਗੀਆਂ ਵਾਲਾ, ਉਹ ਮਹਿਮਾਂ ਵਾਲਾ, ਫੌਜਾਂ ਵਾਲਾ, ਮਨੁੱਖਾਂ ਵਿਚ ਮਨੁੱਖ ਦਿਸਦਾ ਪਰ ਅਸਲ ਵਿਚ ਇਨ੍ਹਾਂ ਮੰਡਲਾਂ ਦਾ ਪ੍ਰਤਾਪੀ, ਤੇਜੱਸਵੀ ਪ੍ਰੀਤਮ, ਇਸ ਤਖਤ ਦੇ ਮੁਹਰੇ ਆ ਕੇ ਆਦਿ ਮੂਰਤੀ ਦੇ ਚਰਨਾਂ ਤੇ ਢਹਿ ਕੇ ਆਖਦਾ ਹੈ:-

"ਸਭ ਤੇ ਵਡਾ ਸਤਿਗੁਰ ਨਾਨਕੁ
ਜਿਨਿ ਕਲ ਰਾਖੀ ਮੇਰੀ॥" {ਸੁਹੀ:ਮ:੫}

ਜੋ ਕਦੇ ਕਿਸੇ ਅਗੇ ਨਹੀਂ ਸੀ ਝੁਕਦਾ ਹੁੰਦਾ, ਅਜ ਵਾਰੋ ਵਾਰੀ ਨਵਾਂ ਹੀ ਅਕਾਲ ਮੂਰਤੀਆਂ ਅਗੇ ਝੁਕ ਰਿਹਾ ਹੈ। ਕੀ ਅਚਰਜ ਹੈ! ਹਾਂ ਪਰ ਸਾਡੇ ਲੋਕ ਵਿਚ ਬੀ ਤਾਂ ਝੁਕ ਗਿਆ ਹੈ, ਨਾਨਕ ਹੋ ਕੇ, ਹਾਂ ਜੀ, ਮਾਲਕ ਹੋ ਕੇ ਅੰਗਦ ਅਗੇ ਝੁਕਿਆ ਸੀ, ਅੰਗਦ ਹੋਕੇ ਅਮਰ ਅਗੇ ਝੁਕਿਆ ਸੀ, ਅਮਰ ਹੋ ਕੇ ਰਾਮਦਾਸ ਅਗੇ ਝੁਕਿਆ, ਆਪੇ ਰਾਮ ਆਪੇ-ਰਾਮਦਾਸ ਹੋਕੇ ਅਰਜਨ ਅਗੇ ਝੁਕਿਆ, ਅਰਜਨ ਹੋ ਕੇ ਹਰਿਗੋਬਿੰਦ ਅਗੇ ਝੁਕਿਆ ਤੇ ਹਰਿ ਗੋਬਿੰਦ ਆਪ ਹੋ ਕੇ ਹਰਿਰਾਇ ਅਗੇ ਝੁਕਿਆ ਤੇ ਆਪ ਕਰਤਾ ਹਰਿਰਾਇ ਹੋ ਕੇ ਹਰਿ ਕ੍ਰਿਸ਼ਨ ਅਗੇ ਝੁਕਿਆ ਤੇ ਆਪ ਕ੍ਰਿਸ਼ਨ ਹਾਂ, ਹਰੀ ਰੂਪ ਕ੍ਰਿਸ਼ਨ ਹੋ ਕੇ ਤੇਗ ਦੇ ਧਨੀ ਤੇਗ ਬਹਾਦਰ

*ਇਹ ਮਹਲਾ ੪ ਸੋਰਠ ਦੀ ਵਾਰ ਵਿਚ ਹੈ।

ਅਗੇ ਝੁਕਿਆ ਤੇ ਤੇਗ ਬਹਾਦਰ ਤੇਗ ਅਗੇ ਸਿਰ ਅਰਪਣੋਂ ਪਹਿਲੇ ਗੋਬਿੰਦ ਗੁਰ ਗੋਬਿੰਦ ਅਗੇ ਝੁਕਿਆ। ਜਦ ਅਸਾਂ ਮਾਤ ਲੋਕ ਵਿਚ ਅੱਖੀਂ ਨੌਂ ਵੇਰੀ ਝੁਕਦਾ ਡਿੱਠਾ ਸੀ, ਜੋ ਅਜ ਆਪੇ ਅਗੇ ਆਪ ਝੁਕ ਰਿਹਾ ਹੈ, ਤਾਂ ਕੀ ਅਚਰਜ ਹੈ?

ਹੁਣ ਦਸਵੀਂ ਗਦੀ ਸਖਣੀ ਨਾ ਰਹੀ, ਸਾਡੇ ਬਾਲਾ ਪ੍ਰੀਤਮ, ਸਾਡੇ ਪਿਆਰੇ ਪ੍ਰੀਤਮ, ਸਾਡੇ ਕਲਗੀਆਂ ਵਾਲੇ ਪ੍ਰੀਤਮ, ਸਾਡੇ ਅਰਸ਼ੀ ਪ੍ਰੀਤਮ ਇਥੇ ਸ਼ੋਭ ਗਏ।

ਔਹ ਤਕੋ! ਉਸ ਤੇਜ ਵਿਚ ਹਿਲੋਰਾ, ਆਇਆ, ਦਸੋ ਰੂਪ ਇਕ ਹੋ ਗਏ, ਹੁਣ ਕਿੰਨੀ ਨੀਝ ਲਾਓ, ਇਕ ਰੂਪ ਦੀਂਹਦਾ ਹੈ। ਸਤੇ ਬਲਵੰਡ ਨੇ ਸਚ ਕਿਹਾ ਸੀ:-

ਜੋਤਿ ਸਮਾਣੀ ਜੋਤਿ ਮਾਹਿ ਆਪੁ
ਆਪੈ ਸੇਤੀ ਮਿਕਿਓਨੁ॥ {ਰਾਮ: ਵਾਰ: -੪}

ਲਓ ਬਈ ਇਹ ਦਸ ਰੰਗਾਂ ਤੋਂ ਇਕ ਚਾਨਣੇ ਰੰਗੀ ਬਣੀ ਜੋਤਿ, ਇਹ ਇਕੋ ਇਕ ਜੋਤ ਹੁਣ ਏਥੋਂ ਟੁਰ ਪਈ।

ਹੁਣ ਇਸ ਤੋਂ ਅਗੇ ਏਹੋ ਹੀ ਜੋਤ ਜਾ ਸਕਦੀ ਹੈ, ਜੋ ਅਸੀਂ ਤਾਂ ਏਥੇ ਹੀ ਖੜੇ ਰਹਿ ਗਏ। ਇਹ ਜੋਤ ਟੁਰ ਪਈ, ਦੂਰ ਦੂਰ ਚਲੀ ਗਈ, ਦੂਰ ਕੀ ਨੇੜੇ ਤੋਂ ਨੇੜੇ ਚਲੀ ਗਈ, ਕਿਥੇ ਚਲੀ ਗਈ, ਜਿਥੇ ਦੂਰ ਨੇੜੇ ਕਹਿਣਾ ਖ਼ਤਾ ਤੁੱਲ ਹੈ। ਜਿਥੇ ਇਹ ਜੋਤ ਗਈ, ਓਥੇ ਅਗੇ ਇਕ ਜੋਤ ਸੀ, ਇਹ ਜੋਤ ਉਸ ਜੋਤ ਵਿਚ ਘੁਲ ਮਿਲ ਗਈ। ਜਿਕੂੰ ਦੋ ਦੀਵਿਆਂ ਦਾ ਚਾਨਣਾ ਘੁਲ ਮਿਲ ਜਾਂਦਾ ਹੈ ਤੇ ਪਤਾ ਨਹੀਂ ਲਗਦਾ; ਤਿਕੁਰ ਇਹ ਦੋਵੇਂ ਚਾਨਣੇ, ਨਹੀਂ ਨਹੀਂ, ਇਹ ਦੋਵੇਂ ਜੋਤਾਂ ਮਿਲ ਗਈਆਂ। ਇਸ ਜੋਤ ਦਾ ਤੇਜ ਅਕੱਥਨੀਯ ਹੈ, ਸਭ ਵਰਣਨਾਂ ਤੋਂ ਬਾਹਰ ਹੈ, ਇਸ ਦਾ ਤੇਜ ਅਖੰਡ ਅਰ ਅਝੱਲ ਹੈ। ਇਥੇ ਵਰਤਦਾ ਇਕ ਦੂਰੋਂ ਡਿੱਠਾ ਕੌਤਕ ਜੋ ਸਾਡੀ ਸਮਝ ਗੋਚਰਾ ਹੋਣ ਲਈ ਕਿਹਾ ਜਾ ਸਕਦਾ ਹੈ ਐਉਂ ਹੈ:-

ਪਰਮ ਜੋਤ ਇਕ ਮਹਾਨ ਦਿੱਬ ਮੂਲ ਤੱਤ ਪਰਮ ਤੱਤਾਂ ਦੇ ਪਰਮ ਤੱਤ, ਅਸਲੋਂ, ਅਖੀਰ ਦਾ ਅਸਲੀ ਸਰੂਪ, ਅਰੂਪ, ਅਰੰਗ, ਤੇਜਮਯ, ਤੇਜਪੁੰਜ ਤੇਜ, ਆਪ ਸਾਰੇ ਤੇਜਾਂ ਦਾ ਤੇਜ, ਪ੍ਰਕਾਸ਼ਾਂ ਦਾ ਪ੍ਰਕਾਸ਼ ਬ੍ਰਹਮੰਡਾਂ ਦਾ ਮਾਲਕ ਹੈ, 'ਵਾਹਿਗੁਰੂ' ਉਸ ਦਾ ਨਾਉਂ ਸਾਡੇ ਵਿਚ ਪ੍ਰਸਿੱਧ ਹੈ, ਓਹ ਸਮਝੋ ਇਕ ਮਹਾਨ ਹੀ, ਅਤਿ ਹੀ ਵਧਵੇਂ ਆਪਣੇ ਪ੍ਰਕਾਸ਼ ਸਰੂਪ ਵਿਚ ਇਸਥਿਤ ਹੈ ਕਿ ਉਸ ਪਰਮ ਜਯੋਤੀ ਦੀ ਹਜ਼ੂਰੀ ਇਹ ਜਯੋਤੀ ਸਰੂਪ ਪਹੁੰਚਦੇ ਹਨ। ਪਿਤਾ ਵਲ ਕ੍ਰਿਪਾਲ ਹੋਕੇ ਪਰਮ ਜਯੋਤੀ ਜੀ ਇਸ ਚਰਨ ਚੁੰਮਦੀ ਜਯੋਤ ਨੂੰ ਗੋਦੀ ਵਿਚ ਲੈ ਕੇ ਪਿਆਰ ਦੇਂਦੇ ਤੇ ਸ਼ਾਬਾਸ਼ ਆਖਦੇ ਤੇ ਸਫਲ ਘਾਲ, ਸਫਲ ਕਮਾਈ, ਸਫਲ ਰਜ਼ਾ ਮੰਨਣ ਕਹਿ ਕਹਿਕੇ ਪਿਆਰ ਦੇਂਦੇ ਹਨ। ਫੇਰ ਆਖਦੇ ਹਨ "ਬੇਟਾ! 'ਅਕਾਲੀ ਬੇੜਾ' ਬਣਾਓ, ਬ੍ਰਹਮੰਡ ਦਾ ਪ੍ਰਬੰਧ ਹੁਣ ਤੁਹਾਡੇ ਹਥ ਹੈ। ਅਰੂਪ ਰੂਪ ਵਿਚ ਵੱਸੋ, ਉੱਚੇ ਮੰਡਲਾਂ ਵਿਚ ਵੱਸੋ, ਮੇਰੀ ਗੋਦ ਵਿਚ ਖੇਲੋ, ਮੇਰੇ ਵਿਚ ਵਸੋ, ਮੇਰੀ ਗੋਦ ਤੋਂ ਬ੍ਰਹਮੰਡ ਦੀ ਹਰ ਨੁੱਕਰ ਤਕ ਤੁਸਾਨੂੰ ਸੁਤੰਤ੍ਰ ਖੁਲ੍ਹ ਹੈ, ਸਾਰੇ ਦੇ ਮਾਲਕ ਹੋ। ਸਭ ਸ਼ਕਤੀਆਂ ਗੁਪਤ ਪ੍ਰਗਟ ਤੁਸਾਡੇ ਹੁਕਮ ਵਿਚ ਹਨ। ਜਾਓ ਸਾਰੇ ਜੱਗ ਦਾ ਪ੍ਰਬੰਧ ਸੰਭਾਲੋ! ਤੂੰ ਆਪਾ ਨਿਵਾਰਕੇ ਕੇਵਲ ਤੇ ਨਿਸ਼ਕਾਮ ਰਹਿਕੇ ਮੇਰਾ ਪ੍ਰੇਮ ਦ੍ਰਿੜ੍ਹਾਇਆ। ਜਗਤ ਨੂੰ ਇਹ ਸੱਚਾ ਟਿਕਾਣਾ, ਸਭ ਦਾ ਥਾਉਂ, ਅਸਲੀ ਆਤਮ ਬਿਸਰਾਮ ਦਾ ਪਦ ਦ੍ਰਿੜ੍ਹਾਇਆ ਜੋ ਓਹ ਪ੍ਰੇਮ ਕਰ ਕੇ ਆਪੇ ਦੇ ਅੰਦਰੋਂ ਚੜ੍ਹ ਚੜ੍ਹਕੇ ਭਾਲ ਭਾਲਕੇ ਪ੍ਰਾਪਤ ਕਰਦੇ ਹਨ। ਤੂੰ 'ਮੈਂ ਮੇਰੀ' ਦੇ, ਦੇਸ਼ ਜਾਕੇ ਇਹ 'ਮੈਂ ਮੇਰੀ' ਦੀ ਕਾਈ ਨਹੀਂ ਖਾਧੀ, ਤੂੰਹੀ ਇਕ ਹੈਂ ਜੋ ਇਸ ਪਦ ਦੇ ਜੋਗ ਹੈਂ। ਜਾਹੁ ਜਿੱਕੁਰ ਧਰਾ ਤੇ ਧਰਮ ਚਲਾਇਆ, ਹੁਣ ਅਕਾਲ ਮੂਰਤੀ ਰੰਗ ਵਿਚ ਰਹਿਕੇ 'ਅਕਾਲੀ ਬੇੜਾ' ਸਾਜ ਕੇ ਅਕਾਲ ਦੇ ਵਿਚ ਟਿਕਕੇ 'ਕਾਲ ਅਕਾਲ' ਸਾਰੇ ਦੇ ਸ਼ਾਂ ਦਾ ਪ੍ਰਬੰਧ ਕਰੋ।"

ਇਸ ਪਿਆਰ ਲਾਡ, ਸਨਮਾਨ, ਆਦਰ, ਦਰਗਾਹ ਪਰਵਾਨਗੀ ਨਾਲ ਆਪ ਨੂੰ ਉਸ ਸੱਚੇ ਦਰ ਵਿਚ ਪਹਿਨਾਇਆ ਗਿਆ:-

'ਢਾਡੀ ਸਚੇ ਮਹਲਿ ਖਸਮਿ ਬੁਲਾਇਅ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥'

{ਮਾਝ:ਵਾਰ-੨੭}

ਹਾਂ, ਇਸ ਇਲਾਹੀ ਬਖਸ਼ਿਸ਼ ਦੇ ਮਗਰੋਂ ਪਰਮ ਜਯੋਤੀ ਆਪਣੇ ਜਯੋਤੀ ਰੰਗ ਵਿਚ ਅਰ ਸੁਤੇ ਪ੍ਰਕਾਸ਼ ਮਗਨਤਾ ਤੇ ਪ੍ਰੇਮ ਰੰਗ ਵਿਚ ਹੋ ਗਏ, ਜਿਸਨੂੰ

ਸਾਡੀ ਬੋਲੀ ਵਿਚ ਐਉਂ ਕਹਾਂਗੇ ਕਿ ਤਖ਼ਤ ਬੈਠੇ ਪਾਤਸ਼ਾਹ ਆਪਣੇ ਪਿਆਰੇ ਨੂੰ ਬਖਸ਼ਿਸ਼ ਕਰਕੇ ਆਪਣੇ ਰੰਗ ਵਿਚ ਮਗਨ ਹੋ ਗਏ ਤੇ ਉਨ੍ਹਾਂ ਦੇ ਪਿਆਰੇ ਜੀ ਹੁਕਮ ਬਜਾ ਲਿਆਵਨ ਨੂੰ ਟੁਰ ਪਏ। ਹੁਣ ਅਰਸ਼ਾਂ ਦੇ ਪ੍ਰੀਤਮ ਜੀ ਫੇਰ ਟੁਰ ਪਏ।

{੪. ਅਕਾਲੀ ਬੇੜਾ}

ਕਦੇ ਉਹ ਦਿਨ ਸੀ ਕਿ ਸ੍ਰੀ ਅਕਾਲ ਪੁਰਖ ਜੀ ਨੇ ਸਤਿਗੁਰ ਜੀ ਨੂੰ ਕਿਹਾ ਸੀ:-

'ਮੈਂ ਅਪਨਾ ਸੁਤ ਤੋਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ॥
ਜਾਹਿ ਤਹਾਂ ਤੂੰ ਧਰਮ ਚਲਾਇ॥
ਕਬੁਧ ਕਰਨ ਤੇ ਲੋਕ ਹਟਾਇ॥'

(ਬਚਿੱਤ੍ਰ ਨਾਟਕ)

ਅਰ ਸ੍ਰੀ ਗੁਰੂ ਜੀ ਕੇਵਲ ਮਾਤਲੋਕ ਵਿਚ ਇਥੋਂ ਦਾ ਗਰਦ ਗੁਬਾਰ ਦੂਰ ਕਰਨ, ਸਚ ਦ੍ਰਿੜ੍ਹਾਵਨ ਤੇ ਜੀਅਦਾਨ ਦੇਣ ਆਏ ਸੇ। ਅਜ ਓਹ ਦਿਨ ਹੈ ਕਿ ਉਹ ਮਹਾਨ ਕਾਰਜ ਕਰ ਕੇ ਆਪ ਨੇ ਆਪਣੇ ਮਾਲਕ ਦੇ ਹਜ਼ੂਰ ਸੁਰਖਰੋਈ ਪ੍ਰਾਪਤ ਕੀਤੀ। ਸੰਸਾਰ ਵਿਚ ਹਉਮੈਂ ਤੋਂ ਰਹਿਤ ਹੋਕੇ ਇਸ ਸਤਿਗੁਰ ਦੀ ਜੋਤ ਨੇ ਨਿਰੋਲ ਅਕਾਲ ਪੁਰਖ ਦਾ ਪ੍ਰੇਮ ਦ੍ਰਿੜ੍ਹਾਇਆ ਹੈ, ਇਸ ਕਰਕੇ ਵਾਹਿਗੁਰੂ ਸਰੂਪ ਤਕ ਪ੍ਰਾਪਤੀ ਹੈ, ਯਾ ਸਰੂਪ ਵਿਚ ਤਦਾਕਾਰ ਹੋਣ ਕਰਕੇ ਤੇ ਸਰੂਪ ਵਿਚੋਂ ਆਉਣ ਕਰਕੇ ਸਤਿਗੁਰ ਨੇ ਸੰਸਾਰ ਵਿਚ ਹਉਂ ਦੀ ਕਾਂਪ ਨਹੀਂ ਖਾਧੀ। ਅਜ ਹੁਣ ਦੇਖੋ ਇਸ ਜੋਤ ਨੂੰ ਬ੍ਰਹਮੰਡ ਦਾ ਕੰਮ ਹੋਰ ਰੰਗ ਵਿਚ ਸਪੁਰਦ ਹੋਇਆ ਹੈ। ਚਾਹੁਣ ਤਾਂ ਵਾਹਿਗੁਰੂ ਦੇ ਰੂਪ ਵਿਚ ਅਕਾਲ ਪੁਰਖ ਜੀ ਦੀ ਚਰਨ ਸ਼ਰਨ ਪ੍ਰਾਪਤ ਰਹਿਣ, ਚਾਹੁਣ ਤਾਂ ਸ੍ਰਿਸ਼ਟੀ ਦੇ ਦੂਰ ਤੋਂ ਦੂਰ ਹਿਸੇ ਤੇ ਯਾ ਇਹੋ ਕਹੋ ਕਿ ਸ੍ਰਿਸ਼ਟੀ ਦਰ ਸ੍ਰਿਸ਼ਟੀ ਦੇ ਅੰਤਰਗਤ ਚਲੇ ਜਾਣ, ਚਾਹੋ ਕੁਛ ਕਰਨ ਤੇ ਕਿਵੇਂ ਵਿਚਰਨ, ਪਰ ਸਾਰੇ ਬ੍ਰਹਮੰਡ ਦਾ ਪ੍ਰਬੰਧ ਕਰਨ। ਇਸ ਤਰ੍ਹਾਂ ਦਾ ਵਡਾ ਤੇ ਭਾਰੂ ਕੰਮ ਲੈਕੇ ਅਰ ਫਿਰ ਵਾਹਿਗੁਰੂ ਵਿਚ ਲੀਨ ਰਹਿ ਕੇ ਆਪ ਅਰੂਪ ਸਰੂਪੀ ਦੇਸ਼ਾਂ ਵਿਚ ਆਏ। ਹੁਣ ਤੱਕੋ-

ਇਕ ਬੜਾ ਭਾਰੀ ਮੰਦਰ ਹੈ, ਜਿਸਦੇ ਅੰਦਰ ਆਪ ਇਕ ਸਿੰਘਾਸਨ ਪਰ ਬਿਰਾਜ ਰਹੇ ਹਨ, ਸਾਰੇ ਸਿਖ, ਜੋ ਪਹਿਲੇ ਜਾਮੇ ਤੋਂ ਦਸਵੇਂ ਜਾਮੇਂ ਤਕ ਸੰਸਾਰ ਵਿਚ ਨਾਲ ਗਏ ਸਨ, ਹਾਜ਼ਰ ਹਨ; ਜੋ ਅਜੇ ਸੰਸਾਰ ਵਿਚ ਕੰਮ ਕਰ ਰਹੇ ਸਨ, ਉਨ੍ਹਾਂ ਦੇ ਸ਼ਰੀਰ ਤਾਂ ਮਾਤ ਲੋਕ ਵਿਚ ਨੀਂਦ ਵਿਚ ਆ ਗਏ ਤੇ ਦੇਵਗਣ ਉਨ੍ਹਾਂ ਦੀਆਂ ਰੂਹਾਂ ਨੂੰ ਇਸ ਦਰਬਾਰ ਵਿਚ ਲੈ ਆਏ। ਇਸਦੇ ਨਾਲ ਹੀ ਕਈ ਪਰਵਾਣ ਪਿਆਰੇ ਜੋ ਪਹਿਲੇ ਜੁਗਾਂ ਤੋਂ ਭਗਤੀਆਂ ਕਰ ਰਹੇ ਸੇ, ਪਰ ਨਿਸ਼ਕਾਮ ਪਦ ਦਾ ਅੰਤਲਾ ਕੰਮ ਜਿਨ੍ਹਾਂ ਦਾ ਬਾਕੀ ਸੀ, ਉਨ੍ਹਾਂ ਨੂੰ ਭੀ ਸੱਦਿਆ ਗਿਆ ਤੇ ਪਹਿਲੇ ਅਵਤਾਰਾਂ, ਪੀਰਾਂ, ਪੈਗੰਬਰਾਂ, ਸੰਤਾਂ ਨੂੰ ਭੀ ਸੱਦਿਆ ਗਿਆ। ਹਰ ਲੋਕ, ਹਰ ਬ੍ਰਹਮੰਡ, ਹਰ ਐਸੇ ਲੋਕ ਦੇ ਲੋਕ ਜਿਥੇ ਕਿ ਬੁਧੀ ਦੇ ਦਰਜੇ ਦੀ ਸ੍ਰਿਸ਼ਟੀ ਸੀ ਤੇ ਉਥੋਂ ਜੋ ਜੋ ਲੋਕ ਮੁਕੰਮਲ ਹੋਕੇ ਅਰੂਪ ਸਰੂਪੀ ਨਗਰ ਦੇ ਦੂਰ ਨੇੜੇ ਟਿਕਾਣੀਂ ਆ ਵਸੇ ਸੇ, ਸਭ ਬੁਲਾਏ ਗਏ। ਇਸ ਵੇਲੇ ਦਾ ਦਰਸ਼ਨ ਆਪਣੀ ਨਾਨੱਤਵ ਵਿਚ ਅਰਥਾਤ ਆਪਣੀ ਰੰਗਾ ਰੰਗੀ ਵਿਚ ਅਚਰਜ ਸੀ। ਨਾਨਾ ਤਰ੍ਹਾਂ ਦੀਆਂ ਮੂਰਤਾਂ, ਨਾਨਾ ਤਰ੍ਹਾਂ ਦੇ ਲਿਬਾਸ, ਨਾਨਾ ਤਰ੍ਹਾਂ ਦੇ ਰੂਪ ਅਰ ਰੰਗ ਤੇ ਫਿਰ ਜਮਘਟ ਇਤਨਾ ਕਿ ਨਜ਼ਰ ਕੰਮ ਨਹੀਂ ਕਰਦੀ ਕਿ ਕਿਥੇ ਕੁ ਜਾਕੇ ਮੁਕਦਾ ਹੈ, ਪਰ ਧੰਨ ਸਾਡਾ 'ਅਰਸ਼ੀ ਪ੍ਰੀਤਮ' ਕਿ ਜਿਸ ਨੂੰ ਇਕ ਇਕ ਦੀ ਸਾਰ ਹੈ, ਸਤਿਗੁਰ ਨੇ ਇਕ ਇਕ ਦੀ ਸੰਭਾਲ ਕੀਤੀ, ਇਕ ਇਕ ਦੀ ਕਰਨੀ ਸੁਣੀ ਤੇ ਇਕ ਇਕ ਦੀ ਘਾਲ ਪ੍ਰਵਾਨ ਕੀਤੀ।

ਇਸ ਵੇਲੇ ਇਕ ਹੋਰ ਅਚਰਜ ਗਾਲ ਨਜ਼ਰੇ ਪਈ ਕਿ ਸਤਿਗੁਰ ਦੇ ਕੰਨਾਂ ਦੇ ਲਾਗ ਤੇ ਅੱਖਾਂ ਦੇ ਅਗੇ ਇਕ ਨਿਕੇ ਹੀਰੇ ਵਰਗੇ ਗੋਲ ਗੋਲ ਮਣਕੇ ਆਪੂੰ ਲਟਕ ਰਹੇ ਸੇ, ਕੰਨਾ ਹੇਠ ਲਟਕ ਰਹੇ ਗੋਲਿਆਂ ਦੇ ਹੇਠਾਂ ਇਕ ਤੇਜ ਦੀ ਤਾਰ ਸੀ ਜੋ ਥੱਲੇ ਜਾਕੇ ਸੰਸਾਰ ਦੇ ਜਾਨਦਾਰ ਦਿਲਾਂ ਨਾਲ ਲੱਗੀ ਸੀ, ਇਸੇ ਤਰ੍ਹਾਂ ਅੱਖਾਂ ਅਗੇ ਗੋਲਿਆਂ ਦੇ ਹੇਠਾਂ ਤੇਜ ਦੀ ਤਾਰ ਸੀ ਜੋ ਥੱਲੇ ਬ੍ਰਹਮੰਡ ਵਿਚ ਜਾ ਕੇ ਹਰ ਜਾਨਦਾਰ ਦਿਲ ਨਾਲ ਲੱਗੀ ਸੀ। ਪਹਿਲੇ ਨਾਲ ਹਰ ਪ੍ਰਾਣੀ ਦੇ ਦਿਲ ਦੀ ਅਰਜ਼ੋਈ ਤੇ ਹਰ ਪ੍ਰਾਣੀ ਦੀ ਇਛਾ ਭਾਵ ਸਤਿਗੁਰ ਦੇ ਸ੍ਰਵਣੀ ਪਹੁੰਚਦੀ ਸੀ ਅਤੇ ਦੂਜੇ ਨਾਲ ਸਤਿਗੁਰ ਦੇ ਨੈਣੀਂ ਹਰ ਪਰਮੇਸ਼ਰ ਦਾ ਪਿਆਰਾ ਜਦ ਆਪਣੇ ਆਪਣੇ

ਲੋਕ ਵਿਚ ਟਿਕਦਾ ਸੀ, ਤਾਂ ਇਸ ਗੋਲੇ ਵਿਚ ਉਸ ਦੀ ਸੁਰਤਿ ਆ ਪਹੁੰਚਦੀ ਸੀ ਤੇ ਦਿੱਸਦੀ ਸੀ, ਸਤਿਗੁਰ ਦੇ ਦਰਸ਼ਨ ਪਾਉਂਦੀ ਸੀ ਅਰ ਸਤਿਗੁਰ ਉਸ ਨੂੰ ਦੇਖ ਲੈਂਦਾ ਸੀ, ਇਥੋਂ ਤਾਈਂ ਕਿ ਜਿਹੜੇ ਲੋਕ ਆਪਣੇ ਆਪਣੇ ਨਵੀਨ ਪੁਰਾਤਨ ਮਤਾਂ ਅਨੁਸਾਰ ਯਾ ਆਪਣੇ ਆਪਣੇ ਪੀਰਾਂ, ਪੈਗ਼ਬਰਾਂ, ਅਵਤਾਰਾਂ ਯਾ ਉਚਿਆਂ ਦਾ ਧਿਆਨ ਧਰਦੇ ਅਰੂਪ ਸਰੂਪ ਸਰੂਪੀ ਦਾਤਾਂ ਦੇ ਦਰਸ਼ਨ ਦੇ ਦਰਜੇ ਤੇ ਆਉਂਦੇ ਸੇ, ਤਾਂ ਮਭ ਨੂੰ ਏਥੇ ਆਕੇ ਇਹੋ ਕਲਗੀਆਂ ਵਾਲੇ ਦਾ ਦਰਸ਼ਨ ਹੁੰਦਾ ਸੀ, ਜੋ ਗੁਰੂ ਨਾਨਕ ਤੋਂ ਦਸ ਰੂਪ ਧਾਰੇ ਫੇਰ ਇਕੋ ਜੋਤ, ਇਕੋ ਰੂਪ ਸੀ, ਜਿਨ੍ਹਾਂ ਦਾ ਉਹ ਧਿਆਨ ਧਰਦੇ ਸੇ। ਪਰ ਹੁਣ ਓਹ ਸਾਰੇ ਅਵਤਾਰ ਆਦਿ ਇਸਦੇ ਹੁਕਮ ਵਿਚ ਇਸ ਨਾਲ ਅਭੇਦ ਸੰਸਾਰ ਦੇ ਪ੍ਰਬੰਧ ਵਿਚ ਉਨ੍ਹਾਂ ਕੰਮਾਂ ਲਈ ਤਿਆਰ ਸੇ ਜੋ ਇਸ 'ਸਤਿਗੁਰ-ਜਯੋਤੀ' ਨੇ ਸਪੁਰਦ ਕਰਨੇ ਹਨ।

ਫੇਰ ਕੀ ਨਜ਼ਰੀਂ ਪਿਆ ਕਿ 'ਅਰਸ਼ੀ ਪ੍ਰੀਤਮ ਜੀ' ਹੁਕਮ ਦੇ ਰਹੇ ਹਨ ਅਰ ਸਭ ਪ੍ਰੀਤਾਂ ਦੇ ਪੁਤਲੇ ਤੇ ਅਦਬਾਂ ਦੇ ਨੂਰੀ ਬੰਦੇ ਸਤਿ ਬਚਨ ਕਹਿਕੇ ਟੁਰ ਰਹੇ ਹਨ। ਸਾਰੇ ਬ੍ਰਹਿਮਡ ਦੇ ਹਰ ਜਾਨਦਾਰ ਤਬਕੇ ਵਿਚ ਖੰਡਾਂ, ਮੰਡਲਾਂ, ਵਰਭੰਡਾਂ, ਅਨੰਤ ਲੋਕਾਂ, ਗ੍ਰਹਿ, ਧਰਤੀਆਂ ਵਲ ਨੂੰ ਅਡ ਅਡ ਲੋਕ ਮੁਕੱਰਰ ਕੀਤੇ ਜਾਕੇ ਘੱਲੇ ਜਾ ਰਹੇ ਹਨ। ਉਹ ਅਨੰਦਪੁਰ ਦੇ ਕਿਲੇ ਵਿਚ ਬੈਠਕੇ ਹਮਾਤੜ ਖ਼ਾਕੀ ਬੰਦਿਆਂ ਅਗੇ ਸਮਝੌਤੀਆਂ ਸੱਟਣ ਵਾਲੇ ਚੋਜੀ-ਜੋ ਤ੍ਰੈ ਦਿਨ ਸਮਝਾਉਂਦੇ ਰਹੇ ਕਿ ਇਕ ਅੱਠ ਦਿਨ ਹੋਰ ਦੁਖ ਭੁਖ ਝੱਲੇ, ਅਠ ਦਿਨ ਕਿਹਾ ਮੰਨੋ, ਤੁਹਾਡੀ ਫਤਹ ਹੋਵੇਗੀ, ਅੱਠ ਦਿਨ ਹੋਰ ਕਸ਼ਟ ਪਾਓ-ਸਾਨੂੰ ਕੀ ਪਤਾ ਸੀ ਕਿ ਆਪ ਮਾਲਕ ਹਨ? ਹਾਂ, ਸਾਨੂੰ ਕੀ ਪਤਾ ਸੀ ਕਿ ਇਹ ਅਰਸ਼ਾਂ ਦਾ ਮਾਲਕ, ਦੇਵ ਅਦੇਵ ਗੁਪਤ ਪ੍ਰਗਟ ਲੋਕਾਂ ਦਾ ਹਾਕਮ ਹੈ, ਇਸਦੇ ਨੇਤਰ ਫੇਰੇ ਵਿਚ ਹਰਨ ਭਰਨ ਹੈ, ਇਹ ਅੱਖ ਚਮਕਾਰੇ ਵਿਚ ਫਨਾਹ ਭੀ ਕਰ ਸਕਦਾ ਹੈ, ਇਹ ਸਾਨੂੰ ਕੋਈ ਸਬਕ ਪੜ੍ਹਾ ਰਿਹਾ ਹੈ ਜੋ ਅਤਿ ਕਸ਼ਟਣੀ ਵਿਚ ਹੀ ਬੰਦੇ (ਖ਼ਾਕੀ ਬੰਦੇ) ਸਿੱਖ ਸਕਦੇ ਹਨ। ਅਸੀਂ ਜਾਤਾ ਸੀ ਇਹ ਮਨੁੱਖ ਹੈ, ਬੇਵਸ ਹੈ, ਬਿਪਤ ਅਧੀਨ ਹੈ, ਅਰ ਸਾਨੂੰ ਭੁੱਲ ਨਾਲ ਮਰਵਾਉਂਦਾ ਹੈ। ਅੱਜ ਵੇਖੋ ਉਸ ਵੇਲੇ ਦੇ ਦਾਨਿਓਂ, ਅਕਲਾਂ ਵਾਲਿਓ, ਤਦਬੀਰਾਂ, ਵਿਉਂਤਾਂ, ਜੁਰਤਾਂ ਦੂਰ-ਅੰਦੇਸ਼ੀਆਂ ਤੇ ਟੇਕਾਂ ਧਰਨ ਵਾਲਿਓ! ਅੱਜ ਤੱਕੋ ਕਿ ਜਿਸ ਨੂੰ ਤੁਸੀਂ ਭੁੱਲ ਤੇ ਮੰਨਕੇ ਆਪਣੇ ਵਰਗਾ ਮਨੁੱਖ ਸਮਝਦੇ ਸਾਓ, ਓਹ ਓਦੋਂ ਖ਼ਾਕੀ ਗੋਦੜੀ ਵਿਚ ਬੈਠਾ ਕਿਸ ਉੱਚੀ ਖਾਣ ਦਾ ਲਾਲ ਸੀ।

ਅੱਜ ਦੇਖੋ ਪਟਨੇ ਦੇ ਪ੍ਰੇਮੀਓਂ! ਤੁਹਾਡਾ ਪ੍ਰੀਤਮ -ਬਾਲਾ ਬਣਕੇ ਤੁਹਾਡੇ ਵਿਚ ਖੇਲਦਾ ਪ੍ਰੀਤਮ-ਅਸਲ ਵਿਚ ਕਿਸ ਤੇਜ ਦਾ ਧਨੀ ਹੈ, ਅਰ ਕਿਸ ਉੱਚੇ ਤੋਂ ਉੱਚੇ ਪਾਏ ਦਾ ਹੀਰਾ ਹੈ।

ਹੇ ਸ੍ਰਿਸ਼ਟੀ! ਅੱਜ ਤੱਕ, ਅੱਜ ਪ੍ਰੇਮੀਆਂ, ਵੈਰੀਆਂ ਸਭ ਨੂੰ ਸੱਦੋ ਜੋ ਪਿਆਰੇ ਦਾ ਅਸਲ ਭੇਤ ਵੇਖਣ ਤੇ ਪਛਾਣਨ। ਓ ਮੂਰਖ ਭੀਮ ਚੰਦ! ਦੇਖ ਤੂੰ ਕਿਸਨੂੰ ਮਾਰਨ ਦੇ ਫਿਕਰ ਵਿਚ ਸੈਂ? ਓ ਵਜੀਰ ਖਾਂ! ਆ ਵੇਖ ਜਿਸਦੇ ਲਾਲ ਕੌਹਦਾ ਸੈਂ, ਉਹ ਕੌਣ ਹੈ? ਹਾਂ ਆ ਔਰੰਗਜ਼ੇਬ! ਦੇਖ ਜਿਸਦੇ ਦਲਨ ਨੂੰ ਤੂੰ ਦਲਾਂ ਦੇ ਦਲ ਘਲਦਾ ਸੈਂ, ਅੱਜ ਆਪਣੇ ਨੀਵੇਂ ਟਿਕਾਣੇ ਥੀਂ ਤੱਕ ਕਿ ਜਿਸ ਨਾਲ ਤੂੰ ਜੰਗ ਮਚਾਉਂਦਾ ਸੈਂ ਅਸਲ ਵਿਚ ਕੌਣ ਸੀ? ਬਲਿਹਾਰ ਇਸ ਉੱਚੇ ਦਰਸ਼ਨ ਦੇ! ਦੇਖੋ, ਇਸ ਵੇਲੇ ਸਤਿਗੁਰ ਦੇ ਕਲੇਜੇ ਨੂੰ ਤੱਕੋ ਜੋ ਨੂਰੀ ਚੋਲੇ ਵਿਚੋਂ ਮਿੱਠੀ ਧਾਪ ਨਾਲ ਧੜਕ ਰਿਹਾ ਹੈ, ਉਥੇ ਕਿਸੇ ਨਾਲ ਵੈਰ ਨਹੀਂ ਵੱਸਦਾ, ਸਭ ਨਾਲ ਇਕ ਨਜ਼ਰ ਪਿਆਰ ਹੈ। ਬਲਿਹਾਰ ਇਸ ਪ੍ਰੇਮ ਮੂਰਤੀ ਦੇ, ਤਦੇ ਕੂਕ ਕੂਕ ਕੇ ਸਾਡੇ ਵਿਚ ਵਸਦਾ ਮਾਨੂੰ ਆਖਦਾ ਹੁੰਦਾ ਸੀ:-

ਸਾਚ ਕਹੌਂ ਸੁਨ ਲੇਹੁ ਸਭੈ ਜਿਨ
ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ॥

ਹੁਣ ਤਕ ਸਾਰੇ ਬ੍ਰਹਮੰਡ ਦੀ ਸੰਭਾਲ ਹੋ ਚੁਕੀ ਸੀ, ਹਰ ਥਾਂ ਦੇਹਾਂ ਧਾਰਕੇ ਕੰਮ ਕਰਨ ਲਈ ਬੰਦੇ ਟੁਰ ਚੁਕੇ ਸੇ। ਸਾਡੀ ਧਰਤੀ ਤੋਂ ਜੋ ਬੰਦੇ ਬੁਲਾਏ ਗਏ ਸੇ ਓਹਨਾਂ ਨੂੰ ਹੁਕਮ ਹੋਇਆ ਕਿ ਤੁਸਾਂ ਸ਼ਹੀ-ਦੀਆਂ ਪਾਉਣੀਆਂ ਹਨ, ਮੈਨੂੰ ਅੰਗ ਸੰਗ ਜਾਣਕੇ ਮੇਰੇ ਟੋਰੇ ਕੰਮ ਕਰਨੇ ਹਨ, ਸੰਸਾਰ ਦੀਆਂ ਪੀੜਾਂ ਹਰਨ ਲਈ ਢਾਲ ਰੂਪੀ ਧਰਮ ਦੇ ਜੁੱਧ ਮਚਾਉਣੇ ਹਨ। ਮੇਰੇ ਸੱਚ, ਨੇਕੀ, ਪਿਆਰ, ਦਮਬਦਮ ਸਿਮਰਨ ਵਾਲੇ ਅਸੂਲਾਂ ਨੂੰ ਧਾਰਨ ਕਰਕੇ ਧਰਾ ਦਾ ਭਾਰ ਹਰਨਾ ਹੈ ਤੇ ਹਰ ਕੰਮ, ਹਰ ਸੇਵਾ, ਹਰ ਕੁਰਬਾਨੀ,

ਹਰ ਉਪਕਾਰ, ਹਰ ਆਪਾਵਾਰਨ ਦੇ ਕੰਮ ਮੈਨੂੰ ਤੱਕ ਕੇ ਮੈਨੂੰ ਰਿਝਾਵਣ ਲਈ ਮੇਰੇ ਸਮਰਪਣ ਕਰਨੇ ਹਨ। ਜਦ ਤੱਕ ਮੈਨੂੰ ਆਦਰਸ਼ ਰੱਖੋਗੇ, ਗੁਰਮੁਖ ਰਹੋਗੇ, ਮੈਂ ਤੁਹਾਡੇ ਵਿਚ ਹਾਂ, ਵਿਚ ਹੋਵਾਂਗਾ।

ਇਹ ਹੁਕਮ ਦੇਕੇ ਏਹ ਲੋਕ ਹੁਣ ਮੋੜੇ ਗਏ, ਆਪ ਏਹ ਲੋਕ ਇਸ ਦੇਸ਼ ਆਉਣੋਂ ਜਾਣੋਂ ਪੂਰੇ ਵਾਕਫ ਨਹੀਂ ਸੇ, ਇਸ ਕਰਕੇ ਦੇਵਗਣਾਂ ਨੇ ਜਾਕੇ ਇਨ੍ਹਾਂ ਨੂੰ ਸਰੀਰਾਂ ਵਿਚ ਪੁਚਾ ਦਿਤਾ।

ਹੁਣ ਕਈ ਸ਼ਹੀਦ ਬੁਲਾਏ ਗਏ ਜੋ ਕਾਮਨਾ ਕਰ ਸ਼ਹੀਦ ਹੋਏ ਸੇ, ਓਹਨਾਂ ਨੂੰ ਹੁਕਮ ਹੋਇਆ ਕਿ ਘਾਲ ਪਰਵਾਨ ਹੈ, ਪਰ ਫੇਰ ਜਾਓ, ਐਤਕੀਂ ਨਿਸ਼ਕਾਮ ਸੇਵਾ ਕਰੋ ਤੇ ਵਾਹਿਗੁਰੂ ਪਿਆਰ ਵਿਚ ਸਰੀਰ ਲਾਓ, ਫੇਰ ਨਿਸ਼ਕਾਮ ਹੋਕੇ ਆਓ ਤਾਂ ਅਕਾਲੀ ਬੇੜੇ ਵਿਚ ਵਾਸਾ ਦਿਆਂਗਾ। ਏਹਨਾਂ ਨੂੰ ਤ੍ਰੀਕਾਂ ਵਾਰ ਬੀ ਦੱਸੇ ਗਏ ਕਿ ਅਮੁਕੇ ਵੇਲੇ ਤੁਸਾਂ ਅਮੁਕੇ ਗ੍ਰਿਹ ਜਨਮ ਪਾਕੇ ਮੇਰੇ ਸ਼ੁਰੂ ਕੀਤੇ ਕੰਮ ਨੂੰ ਜਾਕੇ ਕਰਨਾ ਹੈ, ਤਦ ਤਕ ਇਨ੍ਹਾਂ ਦੇ ਵੱਸਣ ਲਈ ਸੁਹਣੇ ਟਿਕਾਣੇ ਤੇ ਉੱਚੇ ਸੁਖ ਦਿੱਤੇ ਗਏ।

ਜਦ ਇਹ ਸੰਭਾਲ ਹੋ ਚੁਕੀ ਤਾਂ ਹੁਣ ਆਪਣੇ ਨਾਲ ਰਹਿਣ ਵਾਲੇ ਅਕਾਲੀ ਬੇੜੇ ਦਾ ਹਿੱਸਾ ਭਰਤੀ ਕੀਤਾ। ਇਸਦੀ ਵਿਉਂਤ ਇਹ ਸੀ:-ਸੱਚੇ ਪਾਤਸ਼ਾਹ ਸਤਿਗੁਰ ਦੀ ਜੋਤ ਸਭ ਪੁਰ ਉੱਚੀ ਸੀ, ਏਹਨਾਂ ਦੇ ਤਾਬੇ ਚਾਰ ਕੁੰਟ ਦੇ ਚਾਰ ਮਹਾਂ ਬਲੀ ਥਾਪੇ ਗਏ। ਓਹਨਾਂ ਦੇ ਹੇਠਾਂ ਹਰ ਲੋਕ ਦਾ ਇਕ ਇਕ ਜ਼ਿੰਮੇਵਾਰ ਅਧਿਪਤੀ ਥਾਪਿਆ ਗਿਆ। ਓਹਨਾਂ ਦੇ ਹੇਠਾਂ ਹਰ ਹਰ ਲੋਕ ਦੇਸ਼ ਦਾ ਜ਼ਿੰਮੇਵਾਰ ਥਾਪਿਆ ਗਿਆ। ਇਸ ਦੇਸ਼ ਦੇ ਜ਼ਿੰਮੇਵਾਰ ਦੇ ਹੇਠਾਂ ਹੋਰ ਨਿੱਕੀ ਵੰਡ ਕੀਤੀ ਗਈ, ਕਈ ਲੋਕਾਂ ਲਈ ਦਸ ਦਸ ਪੰਜ ਪੰਜ ਪਿਆਰਿਆਂ ਦਾ ਟੋਲਾ ਇਸ ਦੇ ਹੇਠਾਂ ਸਥਾਪਨ ਹੋਇਆ। ਇਹ ਟੋਲਾ ਧਰਤੀਆਂ ਪਰ ਸਰੀਰਾਂ ਵਿਚ ਵਸਦੇ ਲੋਕਾਂ ਦਾ ਧਿਆਨ ਰੱਖਦਾ। ਪੁਰਾਣੇ ਅਵਤਾਰ ਪੈਗੰਬਰ ਆਦਿਕਾਂ ਦੀ ਸਲਾਹਕਾਰ ਮੰਡਲੀ ਬਣਾਈ ਗਈ ਜੋ ਹਰ ਦੇਸ਼, ਹਰ ਕੌਮ ਲਈ ਸਲਾਹਾਂ ਦੇਣ।

ਗੱਲ ਕੀ ਅਰਸ਼ਾਂ ਵਿਚ ਮਾਨੋਂ ਇਕ ਐਸੀ ਫੌਜ ਬਣ ਗਈ ਜਿਸ ਵਿਚ ਉੱਪਰ ਤੋਂ ਹੇਠਾਂ ਤੱਕ ਕੰਮ ਕਰਨ ਵਾਲੇ ਨਿਸ਼ਕਾਮ ਲੋਕ ਕੰਮਾਂ ਪਰ ਥਾਪੇ ਗਏ ਜਿਨ੍ਹਾਂ ਦੀ ਸਾਰੇ ਬ੍ਰਹਮੰਡਾਂ ਪਰ ਨਿਗਰਾਨੀ ਹੋ ਗਈ ਪਰ ਸਾਰੇ ਸਤਿਗੁਰ ਦੀ ਜੋਤ ਤੇ ਹੁਕਮ ਦੀ ਤਾਬਿਆ ਕੰਮ ਕਰਨ ਵਾਲੇ ਹੋਏ। ਮਾਤ ਲੋਕਾਂ ਦੇ ਦੇਸ਼ਾਂ ਦੇ ਵਾਸੀ ਮਾਇਆ ਵੇੜ੍ਹੇ ਆਪਣੇ ਆਪਣੇ ਕੰਮਾਂ ਵਿਚ ਹਨ, ਆਪਣੇ ਲੋਭ ਲਾਲਚਾਂ, ਤ੍ਰਿਸ਼ਨਾ ਵਿਚ, ਦ੍ਰਿਸ਼ਟਮਾਨ ਵਿਚ ਮਸਤ ਹਨ, ਅਕਲਾਂ ਵਾਲੇ ਅਕਲਾਂ ਦੀਆਂ ਖੋਜਾਂ ਕਰ ਰਹੇ ਹਨ, ਪਰ ਕਿਸੇ ਨੂੰ ਪਾਰ ਲੋਕਾਂ ਦਾ ਪਤਾ ਨਹੀਂ, ਕਿਸੇ ਦੀ ਦ੍ਰਿਸ਼ਟੀ ਪਾਰਦਰਸ਼ਕ ਨਹੀਂ। ਕਿਸੇ ਦੀ ਸਮਝ ਸੁਰਤ ਗੁਪਤ ਤੇ ਅਦ੍ਰਿਸ਼ਟ ਸੰਸਾਰ ਵਲ ਨਹੀਂ, ਪਰੰਤੂ ਅਦ੍ਰਿਸ਼ਜ ਸੰਸਾਰ ਵਿਚ ਆਤਮ ਪ੍ਰਬੰਧ ਦਾ ਪੂਰਾ ਨਕਸ਼ਾ 'ਸ਼ਕਤੀ ਤੇ ਸੱਚ' ਦੀਆਂ ਕਲਗੀਆਂ ਵਾਲੇ ਦੇ ਤਾਬੇ ਆਪਣਾ ਕੰਮ ਕਰ ਰਿਹਾ ਹੈ।

ਕਲਗੀਆਂ ਵਾਲੇ ਕਿਉਂ ਕਲਗੀਆਂ ਵਾਲੇ ਹਨ? ਕਿਉਂਕਿ ਲੋਕ ਵਿਚ ਪ੍ਰਤਾਪ ਸ਼ੀਲ ਸੇ, ਪ੍ਰਲੋਕ ਵਿਚ ਅਤਮੰਤ ਪ੍ਰਤਾਪ ਸ਼ੀਲ ਹਨ। ਮਹਾਰਾਜ ਕਿਉਂ ਫੌਜਾਂ ਵਾਲੇ ਹਨ? ਲੋਕ ਵਿਚ ਫੌਜਾਂ ਦੇ ਮਾਲਿਕ ਸਨ, ਹੁਣ ਅਰਸ਼ੀ ਅਕਾਲੀ ਬੇੜੇ ਵਿਚ ਅਤਮੰਤ ਤੇ ਅਨੰਤ ਫੌਜਾਂ ਦੇ ਮਾਲਿਕ ਹਨ।

ਅਕਾਲੀ ਬੇੜਾ ਕੀ ਹੈ? ਸਤਿਗੁਰ ਦੇ ਹੁਕਮ ਵਿਚ ਓਹ ਨੇਕ ਬੰਦੇ, ਓਹ ਰੱਬ ਪਿਆਰੇ ਜੋ ਸਿਮਰਨ ਕਰਦੇ ਗਏ, ਪਰਵਾਨ ਹੋਏ ਤੇ ਜਿਨ੍ਹਾਂ ਲਈ ਸਤਿਗੁਰ ਜੋਤ ਨੇ ਮੁਨਾਸਬ ਜਾਤਾ ਕਿ ਇਹ ਸ੍ਰਿਸ਼ਟੀ ਦੇ ਉਧਾਰ ਸੁਧਾਰ ਤੇ ਪ੍ਰਪੱਕਤਾ ਵਿਚ ਇੱਥੇ ਵਧਕੇ ਕੰਮ ਕਰਨ, ਉਹਨਾਂ ਨੂੰ ਲਿਵਲੀਨ ਰਹਿੰਦਿਆਂ ਕੋਈ ਨੇਕੀ ਦਾ ਕੰਮ ਸਪੁਰਦ ਹੋਇਆ। ਓਥੇ ਕੰਮ ਸਾਡੇ ਵਾਂਗੂੰ ਨਹੀਂ ਹੈ, ਓਥੇ ਕੰਮ ਅਕੰਮ ਵਾਂਙੂ ਹੈ। ਇਨ੍ਹਾਂ ਬੰਦਿਆਂ ਸਤਿਗੁਰ ਦੇ ਪਿਆਰਿਆਂ ਨੂੰ ਹਰੀ ਜਸ, ਹਰੀ ਰੰਗ ਦਾ ਮੁੱਖ ਕੰਮ ਹੈ, ਇਸੇ ਅਨੰਦ ਵਿਚ ਮਗਨ ਹਨ। ਪਰ ਦੇਖੋ ਸੰਸਾਰ ਵਿਚ ਇਕ ਆਦਮੀ (ਅੰਮ੍ਰਿਤ ਨਾਲ ਗੁਰ ਦੀਖਜਤ ਹੋਕੇ ਆਪ੍ਹੂ ਯਾ) ਕਿਸੇ ਸਿਮਰਨ ਵਾਲੇ ਬੰਦੇ ਦੇ ਸਤਿਸੰਗ ਵਿਚ ਆ ਕੇ ਸਿਮਰਨ ਕਰ ਰਿਹਾ ਹੈ, ਹਾਂ ਜੀ! 'ਗੁਰਮੁਖ ਨਾਮ' ਜਪ ਰਿਹਾ ਹੈ, ਵਾਹਿਗੁਰੂ ਜੀ ਦੀ ਅਰਾਧਣਾ ਕਰਦਾ ਹੈ, ਪਿਆਰ ਵਿਚ ਭਰਦਾ ਹੈ, ਸਤਿਸੰਗ ਨੇ ਉਸਨੂੰ ਪ੍ਰਵਾਨ ਕਰ ਲਿਆ ਹੈ, ਕਲਗੀਆਂ ਵਾਲੇ ਅਰਸ਼ਾਂ ਵਿਚ ਇਸ ਦੇ ਸਿਰ ਤੇ ਆਪਣੇ

ਅਕਾਲੀ ਬੇੜੇ ਦਾ ਛਾਇਆ ਪਾਉਣਗੇ। ਉਸ ਪਿਆਰੇ ਨੂੰ ਹੁਣ ਭਜਨ ਸਿਮਰਨ ਵਿਚ ਅਰਸ਼ੀ ਮਦਦ ਮਿਲਿਆ ਕਰੇਗੀ, ਉਸ ਦਾ ਕੀਤਾ ਥਾਂ ਪਵੇਗਾ, ਨਿਸ਼ਾਨੀ ਇਹ ਹੋਵੇਗੀ ਕਿ ਉਸਨੂੰ ਰਸ ਪ੍ਰਾਪਤ ਹੋਵੇਗਾ, ਉਸਦਾ ਚਿੱਤ ਵੈਰਾਗ ਵਿਚ ਰਹੇਗਾ, ਉਸ ਦੀ ਜੀਭ ਮੱਤਜਾਵਾਨ ਹੋ ਜਾਏਗੀ, ਉਸਨੂੰ ਵਾਹਿਗੁਰੂ ਧਿਆਨ ਤੇ ਨਾਮ ਤੁੱਲ ਕੁਛ ਮਿੱਠਾ ਨਹੀਂ ਲਗੇਗਾ। ਉਸ ਦਾ ਆਪਣਾ ਆਪ ਹੌਲਾ ਫੁੱਲ ਹੋਵੇਗਾ। ਚੜ੍ਹਦੀਆਂ ਕਲਾਂ ਦਾ ਉਮਾਹੀ ਰੰਗ ਰਹੇਗਾ।*

ਇਸ ਪ੍ਰਕਾਰ ਅਕਾਲੀ ਬੇੜਾ ਅਰਸ਼ਾਂ ਦੀ ਇਕ ਤਾਕਤ, ਇਕ ਨਾ ਦਿੱਸਣੇ ਵਾਲੀ ਸ਼ਕਤਿ ਹੈ, ਜੋ ਮਨੁੱਖੀ ਬੋਲੀ ਵਿਚ ਕਹੀ ਹੀ ਨਹੀਂ ਜਾ ਸਕਦੀ। ਸਾਡੇ ਖਿਆਲ ਦੇਸ਼ ਕਾਲ ਵਾਲੇ ਹਨ, ਸਾਡਾ ਦੇਸ਼ (ਵਿੱਥ) ਬੀ ਤ੍ਰੈ ਪਹਿਲਾਂ ਵਾਲਾ ਹੈ, ਅਸੀਂ ਸਮਝ ਹੀ ਨਹੀਂ ਸਕਦੇ, ਇਸ ਕਰਕੇ ਸਾਡੀ ਸਮਝ ਅਨੁਸਾਰ ਐਉਂ ਹੀ ਹੋਇਆ ਕਿ ਸਤਿਗੁਰ ਜੋਤਿ ਨੇ ਸਾਰੇ ਬ੍ਰਹਮੰਡ ਦਾ ਪ੍ਰਬੰਧ ਕੀਤਾ ਤੇ ਪਰਵਾਨ ਆਤਮ ਅਰੂੜ੍ਹ ਬੰਦਿਆਂ ਨੂੰ ਅਰਸ਼ਾਂ ਵਿਚ ਅਰਸ਼ੀ ਕੰਮਾਂ ਵਿਚ ਸਾਰੀ ਸ੍ਰਿਸ਼ਟੀ ਨੂੰ ਤਾਰਨ ਦੇ ਕੰਮਾਂ ਵਿਚ ਲਾਇਆ। ਹੁਣ ਸਾਰੇ ਬ੍ਰਹਮੰਡ ਦੇ ਪ੍ਰਬੰਧਕ ਅਰਸ਼ੀ ਪ੍ਰੀਤਮ ਜੀ ਹਨ। ਪਿਛਲੇ ਅਵਤਾਰ ਨਬੀ ਆਦਿ ਇਨ੍ਹਾਂ ਦੀ ਵਿਉਂਤ ਵਿਚ ਲੱਗੇ ਸਾਰੇ ਕੰਮ ਕਰਦੇ ਹਨ। ਇਸ ਦਾ ਇਹ ਮਤਲਬ ਨਹੀਂ ਕਿ ਪਹਿਲਾਂ ਬ੍ਰਹਮੰਡ ਦਾ ਪ੍ਰਬੰਧ ਕੋਈ ਨਹੀਂ ਸੀ। ਪਹਿਲਾਂ ਬੀ ਸੀ ਤੇ ਹੁਣ ਬੀ ਹੋਇਆ, 'ਜੋ ਸੀ ਜੋ ਹੋਇਆ' ਉਹ ਅਕੱਥਨੀਯ ਹੈ। ਇਹ ਵਰਣਨ ਸਾਡੀ ਦੇਸ਼ ਕਾਲ ਦੀ ਬੋਲੀ ਤੇ ਦੇਸ਼ ਕਾਲ ਵਾਲੇ ਮਨ ਦਾ ਆਪਣੇ ਤਰੀਕੇ ਦਾ ਹੈ। ਸਤਿਗੁਰ ਦੇ ਦਰ ਤੇ ਜੋ ਕੁਛ ਅਸਲ ਵਿਚ ਵਰਤਦਾ ਹੈ ਅਕੱਥਨੀਯ ਹੈ ਤੇ ਸਮਝੋਂ ਪਰੇ ਹੈ। ਇਸ ਦਾ ਅਰਥ ਕੇਵਲ ਇਹ ਹੈ ਕਿ ਸਾਡਾ ਸਤਿਗੁਰ ਜੀਉਂਦਾ ਜਾਗਦਾ **'ਸਿਰ ਉਪਰਿ ਠਾਢਾ ਗੁਰੂ ਸੂਰਾ'** ਹੈ ਤੇ ਇਸ ਕਰਕੇ ਜੋ ਉਸ ਦੀ ਚਰਨ ਸ਼ਰਨ ਹੈ **'ਨਾਨਕ ਤਾਕੇ ਕਾਰਜ ਪੂਰਾ'** ਹੈ।

ਇੰਨੇ ਨੂੰ ਇਕ ਹੁਜ਼ੱਕਾ ਆਇਆ, ਜੀਕੂੰ ਭੁਚਾਲ ਆਉਂਦਾ ਹੈ। ਐਉਂ ਜਾਪੇ ਜਿਵੇਂ ਡਿੱਗਣ ਲੱਗੇ ਹਾਂ, ਫੇਰ ਹਨੇਰੀ ਛੁਟੀ ਤੇ ਅੰਧਕਾਰ ਛਾ ਗਿਆ ਅੱਖ ਖੁੱਲ੍ਹ ਗਈ। ਸਤਿਗੁਰ ਦੇ ਪਿਆਰੇ ਸੰਤੋਖ ਸਿੰਘ ਜੀ ਤਾਬਿਆ ਬੈਠੇ ਹਨ, ਸੰਗਤ ਅਚਰਜ ਵਿਸਮੈ ਭਾਵ ਵਿਚ ਅੱਖਾਂ ਪੱਟ ਪੱਟ ਤੱਕ ਰਹੀ ਹੈ, ਸੰਤੋਖ ਸਿੰਘ ਜੀ ਨੇ ਹਥ ਅਰਸ਼ਾਂ ਵਲ ਉਠਾਇਆ ਸੀ, ਹੁਣ ਧਰਤੀ ਵੱਲ ਲਟਕ ਰਿਹਾ ਹੈ, ਚਿਹਰਾ ਹੁਣ ਮੁਸਕ੍ਰਾ ਰਿਹਾ ਹੈ ਤੇ ਗੱਜ ਕੇ ਬੋਲ ਰਹੇ ਹਨ:-

"ਕਿਉਂ ਵੀਰੋ! ਕਲਗੀਆਂ ਵਾਲਾ ਜੀਉਂਦਾ ਕਿ ਨਹੀਂ?" ਤਾਂ ਸਾਰੇ ਦਲ ਵਿਚੋਂ ਅਵਾਜ਼ ਆਈ: "ਸਿੰਘਾ! ਕੱਚਾ ਬੋਲ ਨਾ ਬੋਲ।" ਮ੍ਰਿਦੁਲ ਸੁਭਾਵ ਸੰਤੋਖ ਸਿੰਘ ਨੇ ਹੱਸਕੇ ਕਿਹਾ, 'ਸਤਿਗੁਰ ਜਾਗਤਾ ਹੈ ਦੇਉ?'.....।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰ-ਉਪਕਾਰੀ ਆਏ॥ ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥

(ਸੂਹੀ ਮਹਲਾ ੫-੫੪)

"ਅੱਛਾ! ਹੁਣ ਸਾਡੇ ਅਗੇ ਕੇਵਲ ਇਹ ਵੀਚਾਰ ਹੈ ਕਿ ਸਤਿਗੁਰ ਜੀਕੂੰ 'ਦਿੱਸਦਾ' ਸਾਡੇ ਵਿਚ ਸੀ, ਤੀਕੂੰ 'ਅਣ ਦਿੱਸਦਾ' ਸਾਡੇ ਵਿਚ ਹੈ। ਸਤਿਗੁਰ ਨੇ ਜੋ ਕੌਤਕ ਵਰਤਾਏ ਹਨ ਸਚੇ ਹਨ, ਸਾਨੂੰ ਸਿਦਕ ਦੇਣ ਵਾਸਤੇ ਹਨ ਕਿ ਰੂਪ ਧਾਰਨਾ, ਅਰੂਪ ਹੋਣਾ, ਚੋਲਾ ਛੱਡਣਾ, ਚੋਲਾ ਲੈਣਾ, ਮਨੁਖ ਹੋਕੇ ਵਿਚਰਨਾ,

---

*ਐਉਂ ਕਰਕੇ ਸਾਰੇ ਕਾਰਜ ਸਮਝ ਲਵੋ-ਜਦੋਂ ਸੁਬੇਗ ਸਿੰਘ ਦਾ ਪੁਤਰ ਸ਼ਾਹਬਾਜ਼ ਸਿੰਘ ਚਰਖੀ ਤੇ ਚੜ੍ਹ ਕੇ ਘਬਰਾ ਜਾਂਦਾ ਹੈ, ਉਹ ਜਾਣਦਾ ਹੈ ਮੈਂ ਇਕੱਲਾ ਹਾਂ, ਮੈਂ ਮਰ ਚੱਲਿਆ ਹਾਂ, ਉਹ ਧਰਮ ਹਾਰਨ ਦਾ ਖੋਟਾ ਵਾਕ ਕਰ ਦਿੰਦਾ ਹੈ। ਪਿਉ ਤੱਕਦਾ ਹੈ ਕਿ ਪੁੱਤ ਸਿਮਰਦਾ ਤਾਂ ਹੈ, ਪਰ ਅਜੇ ਦਰ ਪਰਵਾਨ ਨਹੀਂ, ਉਹ ਪੁੱਤ ਨੂੰ ਝੱਟ ਮੇਲ ਲੈਂਦਾ ਹੈ, ਤੱਤਖਿਨ ਉਸ ਦੇ ਗਿਰਦ ਅਰਸ਼ੀ ਸ਼ਕਤੀ ਆ ਖੜੋਂਦੀ ਹੈ। ਫੇਰ ਉਹੋ ਬੱਚਾ ਟੋਟੇ ਟੋਟੇ ਹੋ ਮਰਦਾ ਹੈ ਅਰ ਆਤਮ ਰਸ-ਉਹ ਰਸ ਜੋ ਅਰਸ਼ੋਂ ਆਇਆ-ਉਸ ਨੂੰ ਢਹਿਣ ਨਹੀਂ ਦੇਂਦਾ। ਪਰ ਖ਼ਬਰਦਾਰ! 'ਹਠੁ ਕਰਿ ਮਰੈ ਨ ਲੇਖੈ ਪਾਵੈ॥' ਨਿਰੇ ਹਉਂ ਹਠ ਨਾਲ ਨਿਭਣਾ ਇਸ ਤੋਂ ਵੱਖਰੀ ਖੇਡ ਹੈ।

ਯਾ ਦਿੱਵ ਹੋਕੇ ਵਿਚਰਨਾ, ਯਾ ਸਰੂਪ ਲੀਨ ਹੋਣਾ, ਇਹ ਸਤਿਗੁਰ ਦੇ ਆਪਣੇ ਚੋਜ ਹਨ। ਸਤਿਗੁਰ ਹਰ ਹਾਲ ਜੀਉਂਦਾ ਹੈ ਅਰ ਅਸੀਂ ਕਦੇ ਰੰਡੀ ਤੀਮੀਂ ਵਾਂਗੂ 'ਨਿਗੁਰੇ' ਯਾ 'ਗੁਰੂ ਹੀਨ' 'ਨਿਖਸਮੇਂ' ਨਹੀਂ ਹਾਂ। ਜੇ ਸਤਿਗੁਰ ਦਿਸਦਾ ਸੀ, ਤਦ ਬੀ ਉਮ ਨਾਲ ਸਾਡੇ ਸਿੱਖੀ ਨਾਤੇ ਦਾ ਸੰਬੰਧ ਸਾਡੇ 'ਰਿਦੇ ਦੇ ਸਿਦਕ' ਵਿਚ ਸੀ ਤੇ ਹੁਣ ਬੀ 'ਰਿਦੇ ਦੇ ਸਿਦਕ' ਵਿਚ ਨਾਤਾ ਹੈ।

"ਪਿਆਰਿਓ! ਜੇ ਇਕ ਦਰਿਆ ਵਗਦਾ ਹੋਵੇ, ਦਰਿਆ ਦੇ ਦੋਹੀਂ ਪਾਸੀਂ ਵੱਸੋਂ ਹੋਵੇ, ਦੁਹਾਂ ਪਾਸਿਆਂ ਦਾ ਰਾਜਾ ਇਕੋ ਹੋਵੇ ਤੇ ਰਾਜਾ ਐਸਾ ਤਾਰੂ ਹੋਵੇ ਕਿ ਦੋਹੀਂ ਪਾਸੀ ਆ ਜਾ ਸਕਦਾ ਹੋਵੇ, ਤਾਂ ਜਦ ਉਹ ਪਾਰ ਹੋਉ ਕੀ ਤੁਸੀਂ ਉਮਨੂੰ ਬੀਤ ਗਿਆ ਸਮਝ ਬੈਠੋਗੇ? ਤਿਵੇਂ ਹੀ ਸਮਝ ਲਵੋ ਕਿ ਰੂਪ ਅਰੂਪ ਦੋ ਕਿਨਾਰੇ ਇਸ 'ਸਮੇਂ' ਦੀ ਨਦੀ ਦੇ ਹਨ, ਸਤਿਗੁਰ ਦੁਹਾਂ ਦਾ ਮਾਲਕ ਹੈ, 'ਸਮੇਂ' ਰੂਪੀ ਨਦੀ ਦਾ ਭੀ ਮਾਲਕ ਹੈ, 'ਕਾਲ' ਪਰ ਖਿਜ਼ੈਮਾਨ ਹੈ, ਉਹਦਾ ਨਦੀ ਦੇ ਇਧਰ ਹੋਣਾ ਯਾ ਉਧਰ ਹੋਣਾ ਪਰਜਾ ਲਈ ਸਦਾ ਸਿਦਕ ਦ ਥਾਉਂ ਹੈ, ਸਦਾ ਉਸ ਦੀ ਜਾਗਦੀ ਜੋਤ ਦਾ ਨਿਹਚਾ ਹੈ।.....

"ਫੇਰ ਜਦ ਸਾਡਾ ਮਾਲਕ ਜੀਉਂਦਾ ਹੈ, ਤਦ ਸਾਡੇ ਲਈ 'ਗੁਰਪੁਰਬ ਸਦਾ ਦਸਾਹਰਾ' ਹੈ। ਸਾਡੇ ਪੰਥ ਵਿਚ ਸਤਿਗੁਰ ਦੇ ਅਵਤਾਰ ਤੇ ਜੋਤੀ ਜੋਤ ਦੇ ਦਿਨ ਪੁਰਬ ਦੇ ਦਿਨ ਹੋਣ। ਤੁਸਾਂ ਅੱਜ ਡਿੱਠਾ ਹੈ ਕਿ ਅਰਸ਼ਾਂ ਪਰ ਸਤਿਗੁਰ ਦੇ ਜਾਣ ਪਰ ਖੁਸ਼ੀਆਂ ਤੇ ਪੁਰਬ ਮਨਾਏ ਗਏ ਹਨ। ਜਿਸਨੂੰ ਅਸਾਂ ਚਲਾਣਾ, ਟੁਰ ਜਾਣਾ, ਸਮਝਿਆ ਸੀ, ਅਰਸ਼ਾਂ ਤੇ ਉਹੋ ਆਗਮਨ ਤੇ ਮੰਗਲ ਸੀ। ਫੇਰ ਅਸੀਂ ਕਿਉਂ ਵਿਜ਼ੋਗ ਕਰੀਏ? ਅਸੀਂ ਸਦਾ ਸੰਜੋਗੀ ਹਾਂ, ਸਾਡਾ ਮਾਲਕ ਸਦਾ ਜੀਉਂਦਾ ਹੈ, ਜੀਉਂਦਾ ਨਹੀਂ ਸਦਾ ਥੀਉਂਦਾ ਹੈ, ਥੀਉਂਦਾ ਹੀ ਨਹੀਂ ਅਸਾਂ ਵਿਚ ਵੱਸਦਾ ਹੈ ਅਰ ਅਸਾਂ ਦੇ ਨਾਲ ਹੈ, ਸਾਡਾ ਤੇ ਉਸਦਾ ਸਾਕ ਥਿਰ ਸਾਕ ਹੈ। ਜਦ ਤਕ ਸਾਕ ਕਾਇਮ ਹੈ, ਸਤਿਗੁਰ ਦਾ ਮੇਲ ਪ੍ਰਾਪਤ ਹੈ। ਸੋ ਦੂਜਾ ਗੁਰਮਤਾ ਇਹ ਸੋਧੋ ਕਿ "ਅਜ ਸਤਿਗੁਰ ਜੀ ਦਾ ਅਰਸ਼ੀ ਜਨਮ ਹੈ, ਸਤਿਗੁਰ ਗਿਆ ਨਹੀਂ, ਆਇਆ ਹੈ, ਸਾਰੇ ਬ੍ਰਹਮੰਡ ਦਾ ਸਤਿਗੁਰ ਹੋਕੇ ਫੇਰ ਆਇਆ ਹੈ।"

"ਤੀਜਾ ਗੁਰਮਤਾ ਇਹ ਸੁਧੇ ਕਿ ਇਹ ਵਿਥਜਾ ਸਾਰੇ ਪੰਥ ਵਿਚ ਤੇ ਅਗੇ ਹਰ ਸਿਖ ਕੁਲ ਦਰ ਕੁਲ ਆਪਣੀ ਉਲਾਦ ਵਿਚ ਸੁਣਾਵੇ ਤੇ ਪੀੜ੍ਹੀ ਦਰ ਪੀੜ੍ਹੀ ਸਿਖ ਘਰਾਂ ਵਿਚ, ਸਿਖ ਦਿਲਾਂ ਵਿਚ ਸਤਿਗੁਰ ਵਿਚ ਸਿਦਕ ਦਾ ਨਾਤਾ ਟੁਰੇ। ਹਰ ਸਿਖ ਸਤਿਗੁਰ ਨੂੰ ਆਪਣੇ ਅੰਗ ਸੰਗ ਜਾਣੇ, ਉਨ੍ਹਾਂ ਦੀ ਸਿਖਿਆ ਪਰ ਟੁਦਰਾ ਉਨ੍ਹਾਂ ਦੀ ਜੋਤ ਨਾਲ ਪਿਆਰ ਕਰੇ ਤੇ ਆਪਣੇ ਸਿਰ ਤੇ ਉਨ੍ਹਾਂ ਦੇ ਹੋਣ ਦਾ ਭਰੋਸਾ ਰੱਖਕੇ ਹਰ ਕੰਮ ਉਨ੍ਹਾਂ ਦੀ ਚਰਨੀ ਭੇਟ ਕਰੇ। ਹਰ ਸਿਖ ਨੇਕੀ ਦੀ ਖ਼ਾਤਰ ਨੇਕੀ ਕਰਕੇ ਹਉਂ ਨਾ ਪਾਲੇ, ਨੇਕੀ ਸਤਿਗੁਰ ਦੇ ਚਰਨੀ ਅਰਪੇ 'ਕਿ ਮੈਂ ਆਪਣੇ ਮਾਲਕ ਦੀ ਸੇਵਾ ਕਰਦਾ ਹਾਂ, ਕਿ ਮੈਂ ਆਪਣੇ ਪਿਤਾ ਦੀ ਸੇਵਾ ਕਰਦਾ ਹਾਂ, ਕਿ ਮੈਂ ਆਪਣੇ ਗੁਰੂ ਦੀ ਸੇਵਾ ਕਰਦਾ ਹਾਂ, ਕਿ ਮੈਂ ਕੋਈ ਨੇਕੀ ਨਹੀਂ ਕਰ ਰਿਹਾ, ਕੇਵਲ ਹੁਕਮ ਕਮਾ ਰਿਹਾ ਹਾਂ"।.....

"ਚੌਥਾ ਇਹ ਹੈ ਕਿ ਅੰਧਕਾਰ ਵਿੱਚ ਟਟੋਲਣ ਵਾਲੇ ਫੋਕੇ ਫਿਲਸਫਾ ਛਾਂਟਣ ਹਾਰੇ ਦੇ ਵਿਕਲਪ, ਜਿਨ੍ਹਾਂ ਦੀ ਸੁਤਰ ਲਿਵ ਦੇ ਦਰਜੇ ਤੇ ਨਹੀਂ ਜਾਂਦੀ, ਅਤੇ ਨਿਰੇ ਮਨੁਖ ਨਾਟ ਦੀਆਂ ਤ੍ਰੀਕਾਂ ਲਿਖਣ ਵਾਲੇ ਯਾਦਗੀਰੀ ਲਈ ਲਕੀਰਾਂ ਪਾਉਣ ਵਾਲੇ ਇਤਿਹਾਸਕਾਰ ਦੀ ਫੋਕੀ ਨੁਕਤਾਚੀਨੀ ਸਿਖੀ ਦੇ ਸਿਦਕ ਮੰਡਲ ਵਿਚ ਅਰ 'ਆਦਿ ਸੱਚ' ਦੇ ਦਾਇਰੇ ਵਿਚ ਮੁੱਲ ਨਹੀਂ ਰਖਦੀ। ਹਰ ਸਿਖ ਦਾ ਵਿਸ਼ਵਾਸ ਇਹ ਹੋਵੇ ਕਿ ਮੇਰੇ ਸਤਿਗੁਰੂ ਜੀ ਜਨਮ ਮਰਨ ਵਿਚ ਨਹੀਂ ਹਨ, ਓਨ੍ਹਾਂ ਦੀ ਜਜੋਤ ਸਦਾ ਜਾਗਦੀ ਜੋਤ ਹੈ, ਅਜ਼ਲਾਂ ਤੋਂ ਅਰਸ਼ਾਂ ਵਿਚ ਕੰਮ ਕਰਦੀ ਹੈ, ਅਰ ਸਦਾ ਕੰਮ ਕਰੇਗੀ। ਗੁਪਤ ਹੋਣਾ ਯਾ ਪ੍ਰਗਟ ਹੋਣਾ ਉਨ੍ਹਾਂ ਦੇ ਚੋਜ ਹਨ। ਹਾਂ ਉਨ੍ਹਾਂ ਦੇ ਮਨੁਖ ਨਾਟ ਦੇ ਦਿਨ, ਵਾਰ, ਥਿੱਤਾਂ, ਮਾਹ ਇਕ ਸਮੇਂ ਵਿਚ ਟੋਹ ਲਾਉਣੇ ਲਈ ਯਾਦਦਾਸ਼ਤਾਂ ਹਨ, ਜ਼ਰੂਰੀ ਹਨ, ਰੱਖੋ ਤੇ ਸਾਂਭੋ ਪਰ ਆਤਮ ਦ੍ਰਿਸ਼ਟੀ ਵਿਚ ਓਹ ਉਨ੍ਹਾਂ ਦੀ ਅਜ਼ਲੀ ਜੋਤ ਦੇ, ਵਜੂਦ ਦੇ ਜਨਮ ਚਲਾਣੇ ਦੇ ਥਿੱਤ ਤੇ ਵਾਰ ਨਹੀਂ

ਹਨ, ਕਿਉਂਕਿ ਅਜ਼ਲ ਵਿਚ ਸਤਿਗੁਰ ਜਨਮ ਮਰਨ ਰਹਿਤ ਹੈ। ਸਾਡੇ ਸਿਦਕ ਦੀ ਨੀਂਹ ਸਤਿ-ਗੁਰੂ ਦੇ ਪ੍ਰੇਮ ਵਿਚ, ਸਤਿਗੁਰੂ ਦੇ ਸਰੂਪ ਗੁਰੂ ਗ੍ਰੰਥ ਸਾਹਿਬ ਵਿਚ, ਸਤਿਗੁਰੂ ਦੀ ਦੇਹ ਦਰਬਾਰ ਸਾਹਿਬ ਵਿਚ ਤੇ ਸਤਿਗੁਰੂ ਦੇ ਵਿੱਦਤ ਰੂਪ ਪੰਥ ਖਾਲਸੇ ਵਿਚ ਹੈ; ਨਾਮ ਰਸੀਏ, ਨਾਮ ਪ੍ਰੇਮੀ ਗੁਰਮੁਖਾਂ ਦੇ ਸਤਿਸੰਗ, ਸ਼ਰਧਾ ਤੇ ਪਿਆਰ ਵਿਚ ਹੈ; ਜਿਨ੍ਹਾਂ ਵਿਚ ਸਤਿਗੁਰੂ ਦੀ ਜਜੋਤ ਵਿਆਪਕ ਹੈ। ਸਿਖਾਂ ਦੇ ਕੰਮ ਸਾਰਨ ਲਈ ਸਤਿਗੁਰ ਦਾ ਅਕਾਲੀ ਬੇੜਾ ਅਰਸ਼ਾਂ ਦੇ ਕਾਰਜ ਸਾਰ ਰਿਹਾ ਤੁਸਾਂ ਤੁਸਾਂ ਅਜ ਪ੍ਰਤੱਖ ਡਿੱਠਾ ਹੈ, ਤੇ ਹਰ ਔਕੜ ਸਮੇਂ ਸਿਦਕ ਵਾਲੇ, ਨਾਮ ਵਾਲੇ, ਧਿਆਨ ਵਾਲੇ ਸਿਖ ਸਦਾ ਅਰਦਾਸ ਕਰਿਆ ਕਰਨਗੇ ਕਿ ਗੁਰੂ 'ਸਭ ਥਾਈਂ ਹੋਹਿ ਸਹਾਇ' ਹੈ! ਹਾਂ, ਅਜ ਦਾ ਜੁੜਿਆ ਪੰਥ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਸੀਸ ਦੇਂਦਾ ਹੈ ਕਿ ਨਾਮ ਰੰਗ ਤੇ ਸਿਦਕ ਸੁਰੰਗ ਵਿਚ ਵਸ ਕੇ ਗੁਰੂ ਸਦਾ ਅੰਗ ਸੰਗ ਪਾਓਗੇ। ਗੁਰੂ ਤੁਸਾਡਾ ਤੁਸੀਂ ਗੁਰੂ ਦੇ ਹੋਵੋਗੇ, ਸਮਾਂ ਨਿਰਬਲ ਹੈ ਕਿ ਵਿੱਥ ਪਾ ਸਕੇ! ਜਿਕੂੰ 'ਡਿੱਠਾ' ਸਤਿਗੁਰ ਸਾਡਾ ਸੀ, ਜਿਕੂੰ ਅਜ 'ਅਣਦਿਸਦਾ' ਸਤਿਗੁਰ ਸਾਡਾ ਹੈ; ਤਿਕੂੰ 'ਅਣਡਿੱਠਾ' ਸਤਿਗੁਰ ਤੁਸਾਡਾ ਹੋਵੇਗਾ, ਤੁਸੀਂ ਗੁਰੂ ਦੇ, ਗੁਰੂ ਤਸੁਾਡਾ, ਪਰ 'ਨਾਮ ਤੇ ਸਿਦਕ' ਵਿਚ ਵੱਸਣਾ। 'ਨਾਮ ਰਸ' ਵਿਚ ਆਏ ਤੁਸੀਂ ਬ੍ਰਹਮੰਡ ਦੀ 'ਪ੍ਰੀਤ ਤਾਰ' ਵਿਚ ਪ੍ਰੋਤੇ ਜਾਂਦੇ ਹੋ। ਨਾਮ ਤੋਂ ਵਿਸਾਰਾ ਕਦੇ ਨਹੀਂ ਕਰਨਾ ਤੇ 'ਨਾਮਰਸੀਏ' ਦੇ ਸਤਿਸੰਗ ਨੂੰ ਮੁਖ ਧਰਮ ਸਮਝਣਾ। ਗੁਰਮੁਖ ਯਾ ਸੰਤ, ਹਰੀਜਨ ਯਾ ਜਨ; ਸਾਧੂ ਯਾ ਭਗਤ, ਪ੍ਰੀਤ ਤਾਰ ਪ੍ਰੋਤਾ; ਨਾਮ ਰਸੀਆ ਆਪ ਜਪਦਾ ਹੈ ਤੇ ਜਗਤ ਨੂੰ ਜਪਾਉਣ ਦਾ ਸਹਾਇਕ ਹੈ। ਇਹ ਸਤਿਸੰਗ ਸਦਾ ਸੁਖਦਾਈ ਹੈ। ਫਿਲਸਫਾ* ਸਾਡੇ ਵਿਚ ਭਗਤੀ (ਪ੍ਰਾਪਤੀ) ਦੇ ਤਾਬਿਆ ਹੋਵੇਗਾ, ਅਰ ਇਤਿਹਾਸ ਵਡਿਆਂ ਦੇ ਮਾਨੁਖੀ ਪ੍ਰਸੰਗ ਦੱਸਣ ਵਿਚ ਗੁਰਬਾਣੀ ਦੇ ਕੀਰਤਨ ਦੇ ਤਾਬਿਆ ਰੱਖਿਆ ਜਾਵੇਗਾ[1] ਗਜਾਨ ਤੇ ਇਤਿਹਾਸ ਅਸਾਂ ਵਾਹਿਗੁਰੂ ਪ੍ਰੇਮ ਦੇ ਸਹਾਇਕ ਰੱਖਣੇ ਹਨ। ਇਨ੍ਹਾਂ ਨੂੰ ਛੱਡਣਾ ਨਹੀਂ। ਇਨ੍ਹਾਂ ਤੇ ਵਾਹਿਗੁਰੂ ਪ੍ਰੇਮ[2] ਹਾਵੀ ਰਹੇਗਾ। ਇਹ ਪ੍ਰੇਮ ਤੇ ਹਾਵੀ ਹੋਕੇ ਸਾਨੂੰ ਨਿਸ਼ ਪ੍ਰੇਮ ਨਾ ਕਰਨ।...''

''ਪੰਜਵਾਂ ਗੁਰਮਤਾ ਇਹ ਸੀ ਕਿ ਪੰਥ ਸਤਿ-ਗੁਰਾਂ ਦਾ ਅਵਤਾਰ ਤੇ ਜੋਤੀਂ ਜੋਤ ਦੇ ਗੁਰਪੁਰਖ ਇਕੇ ਤ੍ਰੀਕੇ ਇਕੋ ਮੰਗਲ ਨਾਲ ਮਨਾਵੇ। ਸਤਿਗੁਰ ਦਾ ਪ੍ਰਕਾਸ਼ ਤੇ ਅੰਤਰ ਧਿਆਨ ਸਾਡੇ ਲਈ ਦੋਵੇਂ ਪ੍ਰੀਤਮ ਪਿਆਰੇ ਦੀਆਂ ਯਾਦਗਾਰਾਂ, ਅਨੰਦ ਦੀਆਂ ਨਿਸ਼ਾਨੀਆਂ, ਉਤਸ਼ਾਹ ਤੇ ਉਮਾਹ ਭਰੀਆਂ ਚੜ੍ਹਦੀਆਂ ਕਲਾਂ ਦੀਆਂ ਦਾਤੀਆਂ ਹਨ।''

ਇਨ੍ਹਾਂ ਵਾਕਾਂ ਪਰ ਜੈਕਾਰੇ ਗੱਜੇ, ਸੁਹਾਗਣ, ਸਦਾ ਸੁਹਾਗਣ ਪੰਥ ਵਿਚੋਂ ਸ਼ੋਕ ਭੱਜ ਗਿਆ, ਸ਼ਦੀਆਨੇ ਵੱਜੇ, ਜੋ ਸ਼ਦੀਆਨੇ ਪਟਨੇ ਵਿਚ ੪੨ ਕੁ ਵਰ੍ਹੇ ਹੋਏ ਵੱਜੇ ਸਨ, ਜੋ ਸ਼ਦੀਆਨੇ ਅਰਸ਼ਾਂ ਵਿਚ ਵੱਜਦੇ ਸੁਣੇ ਸਨ, ਸੋ ਸ਼ਦੀਆਨੇ ਅਜ ਅਬਚਲਾ ਨਗਰ ਵਜੇ।

ਕੜਾਹ ਪ੍ਰਸ਼ਾਦ ਦੀਆਂ ਦੇਗਾਂ ਤਿਆਰ ਹੋਈਆਂ। ਸੰਤੋਖ ਸਿੰਘ-ਗੁਰੂ ਪਿਆਰਾ ਸੰਤੋਖ ਸਿੰਘ-ਸਾਨੂੰ ਵਰਦਾਨ ਦਿਵਾਵਣ ਵਾਲਾ ਸੰਤੋਖ ਸਿੰਘ, ਸਤਿਗੁਰ ਦੇ ਹੁਕਮ ਮੁਜਬ ਅਬਚਲਾ ਨਗਰ ਵਿਚ ਪਹਿਲਾ ਲੰਗਰ ਚਲਾਉਣ ਵਾਲਾ ਸਿੰਘ ਹੋਇਆ। ਇਹ ਸੱਜਣ-ਗੁਰੂ ਨਹੀਂ ਪਰ-ਪੰਥ ਦਾ ਪਹਿਲਾ ਜਥੇਦਾਰ ਹੋਇਆ ਜੋ ਉਥੇ ਪੰਥ ਨੇ ਥਾਪਿਆ। ਇਸਦਾ ਸਨਮਾਨ ਅਤਿ ਦਾ ਸੀ, ਇਹ ਅੰਮ੍ਰਿਤ ਛਕਾਉਂਦਾ, ਨਾਮ ਸਿਮਰਨ ਦਾ ਸਹਾਈ ਹੁੰਦਾ, ਸਤਿਸੰਗ ਦਾ ਰੰਗ ਲਾਉਂਦਾ ਸੀ। ਇਸਨੂੰ ਗੁਰਮੁਖ ਤੇ ਮਹਾਂ ਪੁਰਖ ਤੇ ਸੰਤ ਸਮਝਿਆ ਜਾਂਦਾ ਸੀ! ਪਰ ਇਹ ਰਿਹਾ ਗੁਰੂ ਕਾ ਸਿਖ ਤੇ ਅਬਚਲਾ ਨਗਰ ਵਿਚ ਪਹਿਲਾ ਜਥੇਦਾਰ। ਲੰਗਰ ਦਾ ਅਰੰਭ ਆਪ ਨੇ ਪਹਿਲੀ ਇਸ ਖੁਸ਼ੀ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਚੜ੍ਹਾਕੇ ਕੀਤਾ:-ਕਿ ਸਤਿਗੁਰ ਸਾਡਾ

*ਫਿਲਸਫਾ ਯਾ ਗਿਆਨ ਨਾਮ ਹੈ ਜਾਣਨ ਦਾ, ਭਗਤੀ ਨਾਮ ਹੈ ਪ੍ਰਾਪਤ ਕਰ ਲੈਣ ਦਾ, ਪ੍ਰਾਪਤੀ ਜਾਣਨੇ ਨਾਲੋਂ ਉੱਚੀ ਹੈ।

੧. ਕੀਰਤਨ ਰੂਪ ਅਰੂਪ ਗੁਰੂ ਦੇ ਦੋਹਾਂ ਰੰਗਾਂ ਵਿਚ ਗੁਰੂ ਨਾਲ ਮੇਲਦਾ ਹੈ, ਇਤਿਹਾਸ ਕੇਵਲ ਰੂਪ ਧਾਰੀ ਗੁਰੂ ਦੀ ਯਾਦ ਤੇ ਉਸਦੇ ਕੰਮਾਂ ਦੀ ਯਾਦ ਵਲ ਰੁਖ ਕਰਾਉਂਦਾ ਹੈ।

੨. ਨਾਮ-ਲਿਵ-ਪ੍ਰਾਪਤੀ।

ਸਤਿਗੁਰ ਹੈ, ਅਰਸ਼ਾਂ ਕੁਰਸ਼ਾਂ, ਮਕਾਨੀਆਂ, ਲਾਮਕਾਨੀਆਂ, ਦੇਸ਼ ਅਦੇਸ਼, ਕਾਲ ਅਕਾਲ ਸਭ ਦਾ ਸਦਾ ਗੁਰੂ ਹੈ:-

'ਸਤਿਗੁਰ ਜਾਗਤਾ ਹੈ ਦੇਉ॥'

ਅਰ ਜਿਕੂੰ ੧੭੨੩ ਬਿ: ਤੋਂ ੧੭੬੫ ਤਕ ਪੰਥ ਨੂੰ ਪਿਆਰ ਕਰਨ ਵਾਲਾ, ਗ਼ਰੀਬ ਨਿਵਾਜਣ ਵਾਲਾ ਆਪਾ ਵਾਰ ਕੇ ਤਾਰਨ ਵਾਲਾ, ਵਾਹਿਗੁਰੂ ਦਰ-ਸਾਉਣ ਵਾਲਾ, ਲੜ ਲਾਉਣ ਵਾਲਾ ਤੇ ਤੋੜ ਪਹੁੰਚਾਉਣ ਵਾਲਾ ਸਤਿਗੁਰੂ ਸੀ, ਇਸੇ ਤਰ੍ਹਾਂ ਹੀ ਹੁਣ ਬੀ ਸਾਡਾ ਸਤਿਗੁਰ ਹੈ, ਸਦਾ ਸੀ, ਸਦਾ ਹੈ, ਸਦਾ ਸਤਿਗੁਰੂ ਹੋਵੇਗਾ। ਸਦਾ:-

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ॥ {ਆਸਾ ਮ: ੫-੧੨੯}

ਅਪਨੇ ਦਾਸ ਕਉ ਦੇਇ ਵਡਆਈ॥ ਅਪਨੇ ਸੇਵਕ ਕਉ ਨਾਮੁ ਜਪਾਈ॥ {ਸੁਖਮਨੀ ਸਾ:}

ਅਪੁਨੇ ਜਨ ਕਾ ਪਰਦਾ ਢਾਕੈ॥ ਅਪਨੇ ਸੇਵਕ ਕੀ ਸਰਪਰ ਰਾਖੈ॥ {ਸੁਖਮਨੀ ਸਾਹਿਬ}

ਅਸੀਂ ਸਦਾ ਐਉਂ ਸਿਕ ਧਾਰਾਂਗੇ ਤੇ ਸਿਮ੍ਰਾਂਗੇ:-

ਗੁਰ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥ {ਆਸਾ ਮਹਲਾ ੫}

ਹੁਣ ਇਹ ਅਬਚਲਾ ਨਗਰ ਦਾ ਝਾਕਾ ਲੋਪ ਹੋ ਗਿਆ। ਪਰ ਸੋਝੀ ਦੇ ਗਿਆ ਕਿ ਜਨਮ ਮਰਨ ਗੁਰੂ ਲਈ ਕੋਈ ਸ਼ੈ ਨਹੀਂ। ਜਿਕੂੰ ਸੂਰਜ ਨੂੰ ਸਵੇਰ ਸੰਝ ਕੋਈ ਸ਼ੈ ਨਹੀਂ, ਉਦੈ ਅਸਤ ਕੋਈ ਸ਼ੈ ਨਹੀਂ, ਉਹ ਸਦਾ ਇਕ ਰਸ ਅਕਾਸ਼ਾਂ ਵਿਚ ਚਮਕਦਾ ਹੈ ਤੇ ਫੇਰ ਪ੍ਰਿਥਵੀ ਵਿਚ ਪ੍ਰਾਣੀ ਮਾਤ੍ਰ ਨਾਲ ਅੰਗ ਸੰਗ ਹੈ, ਤਿਵੇਂ ਸਤਿਗੁਰ ਅਰਸ਼ਾਂ ਦਾ ਅਸਲੀ ਸੂਰਜ ਸਦਾ ਚਮਕਦਾ ਹੈ, ਫੇਰ ਸਾਡੇ ਨਾਲ, ਸਦਾ ਅੰਗ ਸੰਗ ਹੈ। ਧੰਨ ਅਰਸ਼ੀ ਪ੍ਰੀਤਮ, ਜੋ ਹਰ ਸਮੇਂ ਪ੍ਰਤਿਪਾਲਦਾ, ਸ਼ਰਨ ਲਾਉਂਦਾ ਤੇ ਤਾਰਦਾ ਹੈ।

"ਸਭਿ ਥਾਈ ਹੋਹਿ ਸਹਾਇ॥"

ਗੁਰਜਜੋਤਿ-ਕਲਗੀਧਰ ਮਹਾਰਾਜ-ਕਿੱਥੇ ਗਏ*!

ਸੂਚਨਾ-'ਗੁਰ ਨਾਨਕ ਦੇਵ ਗੋਵਿੰਦ ਰੂਪ' ਤੇ 'ਵਹ ਪ੍ਰਗਟਿਓ ਪੁਰਖ ਭਗਵੰਤ ਰੂਪ' ਦੇ ਗੁਰਵਾਕ ਤੇ ਭਗਤ ਵਾਕਾਂ ਅਨੁਸਾਰ ਸਤਿਗੁਰ ਜੀ ਦਾ ਅਵਤਾਰ ਲੈਣਾ ਤੇ ਜੋਤੀ ਜੋਤਿ ਰਲਣਾ ਇੱਕੋ ਕ੍ਰਿਸ਼ਮੇ ਹਨ ਇਲਾਹੀ ਪ੍ਰੇਮ ਦੇ। ਜਿਵੇਂ 'ਅਵਤਾਰ' ਤੇ ਅਸੀਂ ਖੁਸ਼ੇ ਕਰਦੇ ਹਾਂ, ਤਿਵੇਂ 'ਜਜੋਤੀ ਜੋਤ' ਬੀ ਉਸੇ ਤਰ੍ਹਾਂ ਦੇ ਖੁਸ਼ੇ ਦੇਣਹਾਰ ਇਕ ਕੌਤਕ ਸਮਝਣਾ ਚਾਹੀਏ[1]। ਇਸ ਅਸੂਲ ਮੁਜਬ ਸਾਹਿਬਾਂ ਦੇ 'ਜਜੋਤੀ ਜੋਤ' ਸਮੇਂ ਦਾ ਇਸ ਦੀਸਣਹਾਰ ਚੁੰਧਿਆਉਣ ਵਾਲੇ ਪਰਦੇ ਦੇ ਉਹਲੇ ਜੋ ਕੌਤਕ ਵਰਤਿਆ, ਉਸ ਨੂੰ ਮਾਨੁੱਖੀ ਬੋਲੀ ਤੇ ਕਾਵਜ ਰਸ ਵਿਚ ਅੰਕਤ ਕਰਨ ਦੀ ਇਕ ਮੂਰਤੀ ਇਹ ਹੈ:-

'ਜਗਤ-ਜਾਤਰਾ' ਕਲਗੀਧਰ ਦੀ ਜਦ ਮੁੱਕੀ ਸੀ ਪਜਾਰੀ
ਕੁਦਰਤ ਨੇ ਤੱਤਾਂ ਤੋਂ ਪੁੱਛਿਆ- "ਹੈ ਵਜੂਦ ਇਹ ਭਾਰੀ,
"ਕੌਣ ਤੁਮਾਂ 'ਚੋਂ ਕਰੇ ਸੰਭਾਲਨ ਪੈਗੰਬਰ ਤੇ ਜੋਧਾ,
"ਕਵੀ ਸ਼ਿਰੋਮਣਿ, ਰਸਿਕ ਰਮਾਂ ਦਾ, ਗੁਣ ਸਪੰਨ ਉਪਕਾਰੀ?"
ਹੱਥ ਧਰੇ ਕੰਨਾਂ ਤੇ ਧਰਤੀ:- "ਮੈਂ ਭਾਰੀ ਤੇ ਮੈਲੀ,
"ਏ 'ਨਾਪਾ ਵਲਵਲਿਆਂ ਵਾਲਾ' ਮੈਂ ਨਾ ਸਕਾਂ ਸੰਭਾਰੀ"।
ਅੱਗ ਕਹੇ:-"ਮੈਂ ਧੂੰਏਂ ਵਾਲੀ, ਤੱਤੀ ਸਾੜਨਹਾਰੀ
"ਝਰਨਾਂਟਾਂ ਦੇ 'ਜਜੋਤ-ਮੰਡਲ' ਨੂੰ ਛੂਹ ਨਾ ਸਕਾਂ ਨਿਕਾਰੀ।"
ਨੀਰ ਕਹੇ:-"ਮੈਂ ਠੰਢਾ ਤੱਤਾ, ਛਿਨ ਸੁਖਰਾ, ਛਿਨ ਭਰਿਆ[2],
"'ਨੂਰ ਇਲਾਹੀ ਦਾ ਏ ਖੁੱਕਾ[3]' ਮੈਂ ਸਾਂਭਣ ਤੋਂ ਆਰੀ।"
ਪੌਣ ਕਹੇ-"ਮੈਂ ਖੇਡਾਂ ਘੱਟੇ, ਟਿਕਣ ਨ ਕਿਧਰੇ ਵਾਲੀ,
"'ਰਸ-ਕਿਰਨਾਂ ਦਾ ਏਹ ਅਲਾਂਬਾ' ਕਿੱਥੇ ਧਰਾਂ ਲੁਕਾ ਰੀ?"
ਕਹੇ ਅਕਾਸ਼:-"ਸ਼ੂੰਨ ਮੈਂ ਸਾਰਾ, ਇਹ ਹੈ ਹੋਂਦ ਇਲਾਹੀ,
"ਰੂਪ, ਅਰੂਪ ਰਸਾਲ, ਵਿਰਾਗੀ, ਮੈਂ ਨਾ ਸਕਾਂ ਸਮਾ ਰੀ!"
ਤਦੋਂ ਬ੍ਰਹਮ ਤੋਂ ਨਾਦ ਉਤਰਿਆ, ਉਸ ਨੇ ਸਿਰ ਤੇ ਚਾਘਾ:-
"ਬ੍ਰਹਮ ਰੂਪ ਹੈ ਹਸਤੀ ਤੇਰੀ, ਚਲ ਅਪਣੇ ਘਰ ਵਾਰੀ!"

*ਇਹ ਗੀਤ ੨੭ ਪੋਹ ਸੰ: ਗੁ: ਨਾ: ਸਾ: ੪੬੦ (੧੦ ਜਨਵਰੀ ੧੯੨੯) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ। ੧. ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥ ਤੁਮੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥{ਰਾਮ:ਸਦੂ} ੨. ਮੈਲਾ। ੩. ਘਰ।

ਸੂਚਨਾ-ਸ੍ਰੀ ਗੁਰੂ ਜੀ ਦੇ ਕਈ ਇਕ ਭਵਰੇ ਜੋ ਗੁਰੂ ਜੀ ਦੇ ਸਮੇਂ ਹੋਏ ਤੇ ਕਿਵੇਂ ਕਿਵੇਂ ਉਨ੍ਹਾਂ ਦੇ ਦੁਆਰੇ ਆ ਗੁੰਜਾਰੇ ਉਨ੍ਹਾਂ ਦੇ ਜੀਵਨ ਝਾਕੇ, ਪਿਛਲੇ ਵਰਿਹਾਂ ਵਿਚ ਅੱਡ ਅੱਡ ਸਮਿਆਂ ਤੇ ਅੰਕਿਤ ਹੁੰਦੇ, ਛਪਦੇ ਤੇ ਪਰਚਾਰ ਪਾਉਂਦੇ ਰਹੇ ਹਨ, ਉਹ ਲਗ ਪਗ ਸਾਰੇ ਇਸ ਸੰਚਯ ਵਿਚ ਪਿੱਛੇ ਆ ਗਏ ਹਨ। ਹੁਣ ਇਸ ਥਾਵੇਂ ਸ੍ਰੀ ਗੁਰੂ ਜੀ ਦੇ ਸ੍ਵੱਤ, ਸ੍ਵੈਤੇਜ ਤੇ ਸੁਤੇ ਪ੍ਰਕਾਸ਼ ਪ੍ਰਭਾਵ, ਸ਼ੁਭ ਗੁਣ, ਕੀਰਤ ਕਰਨੀਆਂ, ਕਮਾਲਾਂ ਤੇ ਖੂਬੀਆਂ ਸੰਬੰਧੀ ਜੋ ਖਿਆਲ ਕਦੇ ਕਦੇ ਲਿਖੀਂਦੇ ਰਹੇ, ਅਗਲੇ ਪੰਨਿਆਂ ਵਿਚ ਆਉਣਗੇ:-

(ਅ)*

ਪ੍ਰਭਾਵਸ਼ਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਕੀਰਤਿ ਕਰਨੀਆਂ, ਕਮਾਲ ਅਤੇ ਆਦਰਸ਼।

*(ੳ) ਵਾਸਤੇ ਦੇਖੋ ਪੂਰਬਾਰਧ ਦਾ ਸੂਚੀ ਪੱਤਰ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

੯੬. ਕਲਗੀਆਂ ਵਾਲੇ ਦੇ ਕਮਾਲ*।

"ਵਹ ਪ੍ਰਗਟਿਓ ਮਰਦ ਅਰੀਮੜਾ ਵਰਿ-ਯਾਮ ਅਕੇਲਾ॥"

ਜੀ ਹਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਮਾਲ ਉਪਰ ਇਕ ਵਿਦਵਾਨ, ਪੰਡਤ ਤੇ ਕਵੀ ਆਖਦਾ ਹੈ:-

"ਵਹ ਪ੍ਰਗਟਿਓ ਮਰਦ ਅਰੀਮੜਾ ਵਰਿਯਾਮ ਅਕੇਲਾ† ॥"

ਉਹ ਪ੍ਰਗਟ ਹੋਇਆ ਹੈ ਜੋ ਪੂਰਾ ਮਰਦ ਹੈ, ਜਿਸਦੀ ਗਤੀ ਨੂੰ ਸਮਝਣਾ ਕਠਨ ਹੈ, ਜੋ ਐਸੇ ਦਰਜੇ ਦਾ ਵਰਿਆਮ ਹੈ ਕਿ ਜਿੱਥੇ ਇੱਕੋ ਉਹ ਪੁੱਜਾ ਹੈ, ਉਹ ਆਪ ਇਕੱਲਾ ਉਸ ਦਰਜੇ ਦਾ ਵਰਿਆਮ ਹੈ।

ਇਕ ਦੂਸਰੇ ਫਾਰਸੀ ਤੇ ਅਰਬੀ ਜ਼ਬਾਨ ਦੇ ਫਾਜ਼ਲ ਅਰ ਕਵੀ ਅੱਖੀਂ ਦੇਖਦੇ ਤੇ ਉਸ 'ਵਰਿਆਮ ਇਕੇਲਾ' ਦੀ ਸ਼ਾਨ ਵਿਚ ਆਖਦੇ ਹਨ:-

ਤਵੱਕਲ ਉਲ ਮਤਵੱਕਲੂਨ।
ਕਮਾਲ ਉਲ ਮੁਕਲਮੂਨ‡।

ਅਰਥਾਤ-ਪਰਮੇਸ਼ੁਰ ਤੇ ਭਰੋਸੇ ਵਾਲਿਆਂ ਦਾ ਤਕੀਆ ਕਲਗੀਆਂ ਵਾਲਾ ਹੈ ਅਰ ਕਾਮਲਾਂ ਨੂੰ ਕਮਾਲ ਆਪ ਤੋਂ ਪ੍ਰਾਪਤ ਹੋਇਆ ਹੈ।

ਤੇ ਉਸ ਦਾਤੇ ਵਿਚ ਕਮਾਲਾਂ ਦਾ ਕਮਾਲ ਦੇਖ ਕੇ ਦੁਆ ਕਰਦੇ ਹਨ:-

ਲਾਲ ਰਾ ਸਰ ਬਪਾਇ ਸ਼ਾਂ ਬਾਦਾ।
ਸਰ ਖੁਸ਼ ਅੰਦਰ ਮਨਾਇ ਸ਼ਾਂ ਬਾਦਾ‡।

ਅਰਥ-ਨੰਦ ਲਾਲ ਦਾ ਸਿਰ ਉਸ (ਕਮਾਲ) ਦੇ ਪੈਰਾਂ ਵਿਚ ਰਹੇ ਤੇ ਸਿਰ ਉਸਦੀ ਸਿਫਤ ਸਲਾਹ ਵਿਚ ਪ੍ਰਸੰਨ ਰਹੇ। ਫਿਰ ਕਹਿੰਦੇ ਹਨ:-

ਬਰਤਰ ਅਜ਼ ਹਰ ਕਦਰ ਗੁਰ ਗੋਬਿੰਦ ਸਿੰਘ।
ਜਾਵਿਦਾਨੀ ਸਦਰ ਗੁਰ ਗੋਬਿੰਦ ਸਿੰਘ।
ਸ਼ਾਮਲ ਉੱਸ਼ਫਾਕ ਗੁਰ ਗੋਬਿੰਦ।
ਕਾਮਲੇ ਇਖ਼ਲਾਕ ਗੁਰ ਗੋਬਿੰਦ ਸਿੰਘ§।

ਅਰਥਾਤ-ਬਹੁਤ ਉੱਚਾ ਹਰ ਅੰਦਾਜ਼ੇ ਤੋਂ ਗੁਰੂ ਗੋਬਿੰਦ ਸਿੰਘ, ਸਦਾ ਦਾ ਪ੍ਰਧਾਨ ਗੁਰੂ ਗੋਬਿੰਦ ਸਿੰਘ, ਨਿਹਾਇਤ ਪਿਆਰ ਵਾਲੇ ਗੁਰੂ ਗੋਬਿੰਦ ਸਿੰਘ। ਪੂਰਾ ਇਖ਼ਲਾਕ (ਸਦਾਚਾਰ) ਵਾਲਾ ਗੁਰੂ ਗੋਬਿੰਦ ਸਿੰਘ।

ਬਰ ਦੋ ਆਲਮ ਦਸਤਿ ਗੁਰ ਗੋਬਿੰਦ ਸਿੰਘ।
ਜ਼ੁਮਲਾ ਉਲਵੀ ਪਸਤ ਗੁਰ ਗੋਬਿੰਦ ਸਿੰਘ§।

ਅਰਥਾਤ-ਉੱਪਰ ਦੋ ਜਹਾਨਾਂ ਦੇ ਹੱਥ ਗੁਰੂ ਗੋਬਿੰਦ ਸਿੰਘ ਜੀ ਦਾ, ਸਮੂਹ ਉੱਚੇ ਨੀਵੇਂ ਹਨ ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ।

ਪੁਨਾ:-ਕਮਾਲ ਉਲ ਕਮਾਲਤੋ ਫ਼ਰੁੱਖ਼ਸ਼ਯਮ
ਤਮੀਮੁਲ ਫਜ਼ਾਲਾ ਤੋ ਵਾਫ਼ਰ ਨਅੱਮ¶।

ਅਰਥ-ਗੁਰੂ ਗੋਬਿੰਦ ਸਿੰਘ ਕਮਾਲਾਂ ਦਾ ਕਮਾਲ ਹੈ ਤੇ ਮੁਬਾਰਕ ਸੁਭਾਵ ਵਾਲਾ ਹੈ, ਸਾਰੀਆਂ ਬਜ਼ੁਰਗੀਆਂ ਦੀ ਪੂਰਣਤਾ ਹੈ ਤੇ ਬੇਹੱਦ ਨੇਕੀਆਂ ਵਾਲਾ ਹੈ। ਪੁਨਾ:-

ਚਿ ਅਰਜਨ ਚਿ ਭੀਮੋ ਚਿ ਰੁਸਤਮ ਚਿ ਸ਼ਾਮ।
ਚਿ ਅਸਫੰਦ ਯਾਰੋ ਚਿ ਲਛਮਨ ਚਿ ਰਾਮ¶।

ਅਰਥ-ਕੀਹ ਚੀਜ਼ ਹਨ ਅਰਜਨ, ਭੀਮ, ਰੁਸਤਮ, ਸ਼ਾਮ, ਅਸਫੰਦ ਯਾਰ, ਲਛਮਨ ਤੇ ਰਾਮ (ਵਰਗੇ ਬਹਾਦੁਰ) ਗੁਰੂ ਗੋਬਿੰਦ ਸਿੰਘ ਜੀ ਦੇ ਅਗੇ।

ਹਜ਼ਾਰਾਂ ਮਹੇਸ਼ੋ ਹਜ਼ਾਰਾਂ ਗਨੇਸ਼। ਬਪਾਯਸ਼ ਨਿਹਾਦਹ ਸਰੇ ਇਜ਼ਜ਼ ਖੇਸ਼। ਹਜ਼ਾਰਾਂ ਅਲੀ ਓ ਹਜ਼ਾਰਾਂ ਵਲੀ। ਬਪਾਯਸ਼ ਨਿਹਾਦਹ ਸਰੇ ਮਰਵਰੀ¶।

ਅਰਥ-ਹਜ਼ਾਰਾਂ ਸ਼ਿਵਾਂ ਤੇ ਗਣੇਸ਼ਾਂ ਨੇ ਨਿੰਮਰਤਾ

*ਇਹ ਲੇਖ ੨੩ ਪੋਹ ਸੰ: ਗੁ: ਨਾ: ਸਾ:੪੪੭ (੬ ਜਨਵਰੀ ੧੯੧੬) ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ। †ਭਾਈ ਗੁਰਦਾਸ ਜੀ ਦੂਜੇ। ‡ਭਾਈ ਨੰਦ ਲਾਲ 'ਤਿਸੀਫ਼ੇ ਸਨਾ' ਵਿਚੋਂ। §ਭਾਈ ਨੰਦ ਲਾਲ 'ਰੀਜ ਨਾਮੇ' ਵਿਚੋਂ। ¶ ਭਾਈ ਨੰਦ ਲਾਲ 'ਜੋਤ ਬਿਕਾਸ' ਫਾਰਸੀ ਵਿਚੋਂ।

ਨਾਲ ਓਹਨਾਂ ਦੇ ਚਰਨੀਂ ਸਿਰ ਧਰਿਆ ਹੈ। (ਇਸੇ ਤਰ੍ਹਾਂ) ਹਾਜ਼ਾਰਾਂ ਔਲੀਆਂ (ਭਾਵ ਪੈਗੰਬਰਾਂ) ਤੇ ਵਲੀਆਂ (ਫਕੀਰਾਂ) ਨੇ ਸ਼ਰਨ ਲਈ ਹੋਈ ਹੈ।

{ਕਮਾਲ ਜੀਉਂਦੇ ਜੀ ਮੰਨੇ ਗਏ}

ਵਿਦਵਾਨਾਂ ਖੋਜ ਵਾਲਿਆਂ ਅੱਖੀਂ ਵੇਖ ਕੇ ਜਿਸ ਦੇ ਕਮਾਲਾਂ ਦਾ ਇਕਰਾਰ ਕੀਤਾ ਤੇ ਆਪਣੀਆਂ ਸਿੱਧੀਆਂ ਧੌਣਾਂ ਜਿਸ ਅੱਗੇ ਨਿਵਾਈਆਂ, ਉਸ ਪਿਆਰੇ ਪ੍ਰੀਤਮ ਸਾਹਿਬ ਕਮਾਲ ਕਲਗੀਆਂ ਵਾਲੇ ਦਾ ਵਜੂਦ ਓਹਨਾਂ ਨੇ ਸਭ ਤੋਂ ਉੱਚਾ ਪਾਇਆ ਤੇ ਇਸ ਉੱਚਤਾ ਦਾ ਇਕਰਾਰ ਕੀਤਾ। ਓਹਨਾਂ ਦਾ ਇਹ ਇਕਰਾਰ ਇਕ ਇਤਹਾਸਕ ਸਬੂਤ ਹੈ ਕਿ ਆਪਣੇ ਜੀਵਨ ਵਿਚ ਗੁਰੂ ਗੋਬਿੰਦ ਸਿੰਘ ਜੀ ਕਾਮਲਾਂ ਦੇ ਕਮਾਲ ਮੰਨੇ ਗਏ ਹਨ। ਇਉਂ ਨਹੀਂ ਕਿ ਸਮੇਂ ਨੇ ਬੀਤ ਬੀਤਕੇ ਉਨ੍ਹਾਂ ਦੀ ਕੀਰਤੀ ਵਧਾਈ, ਪਰ ਇਉਂ ਕਿ ਆਪਣੇ ਸਮੇਂ ਵਿਚ ਹੀ ਓਹਨਾਂ ਦੇ ਕਮਾਲ ਸ਼ਿਖਰ ਦੇ ਕਮਾਲ ਮੰਨੇ ਗਏ ਅਰ ਕਮਾਲਾਂ ਨੇ ਆਕੇ ਉਨਾਂ ਦੇ ਦਰ ਤੇ ਸਿਜਦੇ ਕੀਤੇ।

ੳ. { ਪੂਰ ਨਾਨਕ ਤੇ ਦਸੋਂ ਗੁਰੂ ਜੀ }
{ ਇਕ ਜੋਤ, ਇਕ ਕਮਾਲ }

ਜੇ ਅਸੀਂ ਗੁਰੂ ਨਾਨਕ ਦੇਵ ਜੀ ਵੱਲ ਦੇਖੀਏ। ਜਿਨ੍ਹਾਂ ਨੇ ਕੁੱਲ ਸੰਸਾਰ ਦੇ ਵਡਿਆਂ ਤੋਂ ਉਚੇਰੇ ਕਮਾਲ ਕੀਤੇ* ਤਾਂ ਅਸੀਂ ਗੁਰ ਨਾਨਕ ਵਿਚ ਇਨਸਾਨੀ ਰੱਬੀ ਕਮਾਲ ਉਨ੍ਹਾਂ ਦੇ ਆਪਣੇ 'ਇਖਲਾਕੀ ਤੇ ਰੂਹਾਨੀ ਜੀਵਨ ਵਿਚ' ਤੇ 'ਇਹ ਜੀਵਨ ਹੋਰਨਾਂ ਵਿਚ ਪੈਦਾ ਕਰਨ ਵਿਚ' ਸਭ ਤੋਂ ਉੱਚੇ ਦੇਖ ਚੁਕੇ ਹਾਂ। ਹਾਂ ਉਨ੍ਹਾਂ ਦੇ ਪਵਿਤ੍ਰ ਜੀਵਨ ਵਿਚ, ਉਨ੍ਹਾਂ ਦੇ ਆਪਣੇ ਅੰਦਰਲੇ ਦੇ ਹਰ ਛਿਨ -ਲਗਾਤਾਰ-ਅਨੰਤ ਵਿਚ ਲਗੇ ਰਹਿਣ ਵਿਚ ਅਰ ਦੂਸਰਿਆਂ ਦੇ ਦਿਲਾਂ ਨੂੰ ਇੱਕੁਰ ਲਾ ਦੇਣ ਵਿਚ ਪ੍ਰਤੱਖ ਚੋਟੀ ਦਾ ਕਮਾਲ ਅਸਾਂ ਦੇਖਿਆ। ਓਹਨਾਂ ਦਾ ਕਮਾਲ ਦਸੋ ਪਾਤਸ਼ਾਹੀਆਂ ਵਿਚ ਮੌਜੂਦ ਹੈ। ਹਰ ਪਾਤਸ਼ਾਹੀ ਨੇ ਇਸ 'ਲਗਾਤਾਰ ਅਨੰਤੀ ਲਗਾਉ' ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੋਲੀ ਵਿੱਚ 'ਲਿਵ' ਨੂੰ ਉਸੀ ਤਰਾਂ ਕਮਾਇਆ, ਉਸੀ ਤਰ੍ਹਾਂ ਦੂਸਰਿਆਂ ਵਿਚ ਲਗਾ ਕੇ ਪ੍ਰਤੱਖ ਦਿਖਾਇਆ, ਗੋਯਾ ਦਸੋਂ ਸਰੂਪ ਇਸ ਕਮਾਲਾਂ ਦੇ ਕਮਾਲ ਦੀਆਂ ਦਸ ਮੂਰਤਾਂ ਹਨ, ਜਿਨ੍ਹਾਂ ਵਿਚ ਸੀਰਤ ਇਕ ਹੈ, ਸੂਰਤ ਜੁਦਾ ਜੁਦਾ ਹੈ; ਜੋਤ ਇਕ ਹੈ, ਰੂਪ ਵਖ ਵਖ ਹਨ।

ਦਸ ਬਾਜੇ ਬਜਦੇ ਹਨ, ਬੀਨ, ਮਧਮ, ਸਾਰੰਗੀ, ਰਬਾਬ, ਸਰੰਦਾ, ਸਰੋਦਾ, ਤਾਊਸ, ਦਿਲਰੁਬਾ, ਅਸਰਾਜ, ਦੁਤਾਰਾ, ਸਾਰੇ ਆਸਾ ਰਾਗ ਦੀ ਇਕ ਤਰਜ਼ ਗਾਉਂ ਰਹੇ ਹਨ। ਹੁਣ ਦਸਾਂ ਵਿਚ ਤੁਸੀਂ ਇਕ ਯਕਰੰਗੀ ਵੇਖੋਗੇ ਅਰ ਫਿਰ ਆਪ ਨੂੰ ਦੱਸੇ ਵਾਜੇ ਆਪਣਾ ਜੁਦਾ ਜੁਦਾ ਸਰੂਪ ਭੀ ਦਿਖਾਲਣਗੇ। ਜਿੱਕੂੰ ਇਨ੍ਹਾਂ ਵਿਚ ਇਕ ਚੀਜ਼ ਦੇ ਵੱਜਣ ਦੀ ਇਕੋ ਸੁਰ ਤਾਰ ਲੈ ਵਿਚ ਯਕਰੰਗੀ ਹੈ ਤੇ ਫੇਰ ਸਰੂਪਾਂ ਦੀ ਬਹੁਰੰਗੀ ਹੈ, ਇਸ ਤਰ੍ਹਾਂ ਤਸਾਂ ਸਤਿਗੁਰਾਂ ਦੇ ਵਜੂਦ ਦੱਸੇ ਹਨ, ਪਰ ਕਮਾਲ ਇਕ ਹੈ, ਜੋਤ ਇਕ ਹੈ, ਤਾਰ, ਸੁਰ, ਲੈ, ਰਾਗ, ਧਾਰਨਾ ਇਕੋ ਹੈ। ਹਾਂ, ਇਸ ਖੂਬੀ ਨੂੰ, ਇਸ ਅਸਲੀਅਤ ਨੂੰ, ਅਰਥਾਤ ਇਸ ਲਗਾਤਾਰ ਲਗਨ ਨੂੰ, ਇਸ ਲਿਵ ਨੂੰ ਦੂਸਰਿਆਂ ਦੇ ਅੰਦਰ ਲਗਾ ਦੇਣ ਦੇ ਕੰਮ ਵਿਚ, ਸਮੇਂ ਅਨੁਸਾਰ ਮੁਸ਼ਕਲਾਂ ਹੱਲ ਕਰਨ ਵਿਚ ਹੋਰ ਹੋਰ ਕਮਾਲਾਂ ਦੀ ਲੋੜ ਪੈਂਦੀ ਰਹੀ, ਜਿਸ ਵਿਚ ਦਸੋਂ ਸਤਿਗੁਰੂ ਕਮਾਲ ਦਿਖਾਉਂਦੇ ਰਹੇ। ਦਸਾਂ ਦਾ ਕਮਾਲ ਇਹ ਹੈ ਕਿ 'ਨਾਨਕ ਕਮਾਲ' ਵਿਚ 'ਨਾਨਕ' ਵਰਗੇ ਗੁਰੂ ਹੋਕੇ ਵਰਤੇ, ਕੋਈ ਫਰਕ ਨਹੀਂ ਪਿਆ। ਫਿਰ ਸਮੇਂ ਸਮੇਂ ਦੀ ਲੋੜ ਤੇ ਮੁਸ਼ਕਲਾਂ ਵਿਚ ਇਸ ਕਮਾਲ ਨੂੰ ਕਾਇਮ ਰੱਖਣ ਤੇ ਪ੍ਰਚਾਰਣ ਵਿਚ ਇਨ੍ਹਾਂ ਲੋੜਾਂ ਤੇ ਮੁਸ਼ਕਲਾਂ ਦੇ ਹੱਲ ਕਰਨ ਵਿਚ ਆਪੋ ਅਪਣਾ ਕਮਾਲ ਕਰਦੇ ਰਹੇ।

ਅ. { ਅਰਸ਼ੀ ਵਿਦਜਾ, ਅਰਸ਼ੀ ਉਨਰ, }
{ ਅਰਸ਼ੀ ਕਾਰੀਗਰੀ }

੧. ਫਿਲਸਫੇ ਦੇ ਨੁਕਤੇ ਤੋਂ ਇਸ 'ਲਿਵ' ਦੀ ਸਾਰੀ ਸਮਝ ਨੂੰ, ਇਸਦੇ 'ਅਰੂਪ, ਅਦੇਸ਼, ਅਕਾਲ, ਅਕਾਰਣ' ਪਾਰਲੇ ਸਿਰੇ ਦੇ ਅਨੁਭਵ ਤੋਂ ਲੈ ਕੇ ਸਾਡੇ ਦਿਲਾਂ ਤਕ ਇਸ ਸਿਰੇ ਵੱਲ ਇਸਦੇ ਸਰੂਪ 'ਦੇਸ਼, ਕਾਲ, ਕਾਰਣ ਵਾਲੇ ਮਨ' ਦੀ ਸਾਰੀ ਸਮਝ ਨੂੰ, ਜੋ ਪੂਰਨ ਰੂਪ ਵਿਚ ਦਸਾਂ ਹੀ ਸਤਿਗੁਰਾਂ ਵਿਚ ਸੀ, ਲਿਵ ਦੀ ਵਿਦਜਾ ਕਹਿਣਾ ਚਾਹੀਏ। ਅਸੀਂ

*ਦੇਖੋ 'ਸਭ ਤੇ ਵਡਾ ਸਤਿਗੁਰੁ ਨਾਨਕੁ' ਗੁਰ ਨਾਨਕ ਚਮਤਕਾਰ ਉੜਾਰਧ ਸਫਾ ੩੭੩

ਇਸ ਨੂੰ 'ਅਰਸ਼ੀ ਵਿਦਜਾ' ਕਹਾਂਗੇ। ਇਹ ਵਿਦਜਾ 'ਕਰਤੇ' ਦੀ ('ਮਾਖੀ ਦੀ, 'ਅੰਦਰਲੇ' ਦੀ ਯਾ 'ਜਾਣਨਹਾਰ' 'ਦ੍ਰਿਸ਼ਟਾ' 'ਦੇਖਣਹਾਰ' ਦੀ) ਅਤੇ 'ਅਨੰਤ' ਜੀ ਦੀ ਵਿਦਜਾ ਹੈ। ਇਹ ਦ੍ਰਿਸ਼ਟਮਾਨ ਦਿੱਸਣ ਵਾਲੇ ਪਦਾਰਥਾਂ ਦੀ ਵਿਦਜਾ ਨਹੀਂ, ਪਰ ਦ੍ਰਿਸ਼ਟਮਾਨ ਨੂੰ ਦੇਖਣ ਵਾਲੇ 'ਦ੍ਰਿਸ਼ਟਾ' ਦੀ ਤੇ ਉਸ ਤੋਂ ਅਗੇ 'ਅਨੰਤ' ਦੀ।

੨. ਇਸ ਵਿਦਜਾ ਦਾ ਅਪਣੀ ਹਰ ਬਾਰੀਕੀ ਤੇ ਵਿਸਥਾਰ ਵਿਚ, ਕਮਾਲ ਦੇ ਦਰਜੇ ਦਾ ਸਤਿ-ਗੁਰੂ ਦੇ ਅੰਦਰ ਹੋਣਾ, ਅਰਥਾਤ ਇਸ ਲਗਾਤਾਰੀ ਲਗਾਉ ਦਾ 'ਇਸ ਅੰਦਰਲੇ ਦੇ ਹਰਦਮੀ ਝੁਕਾਉ ਤੇ ਲਗਨ' ਦਾ 'ਅਨੰਤ' ਵੱਲ ਸੱਚ ਮੁਚ ਪ੍ਰਾਪਤ ਤੇ ਵਰਤੋਂ ਵਿਚ ਆਇਆ 'ਰੁਖ਼ ਤੇ ਮੇਲ' ਦਾ ਯਾ ਐਉਂ ਕਹੋ ਕਿ 'ਵਾਹਿਗੁਰੂ' ਨਾਲ 'ਲਿਵ' ਦਾ ਸਤਿਗੁਰਾਂ ਦੇ ਅੰਦਰ ਕਮਾਲ ਰੂਪ ਵਿਚ ਹੋਣਾ ਇਹ ਦ੍ਰਿਸ਼ਟਾ ਪੱਖ ਦਾ ਸੂਖਮ ਉਨਰ ਹੈ, ਅਸੀਂ ਇਸਨੂੰ 'ਅਰਸ਼ੀ ਉਨਰ' ਕਹਾਂਗੇ।

੩. ਇਸ 'ਅਨੰਤ ਵਿਚ ਇਕ ਰਸ ਅਖੰਡ ਲਗਾਉਂ ਨੂੰ ਦੂਸਰਿਆਂ ਦੇ ਅੰਦਰ ਲਾ ਦੇਣਾ ਅਰ-ਥਾਤ 'ਲਿਵ' ਦਾ 'ਲਿਵ ਹੀਨਾਂ' ਦੇ ਮਨ ਵਿਚ ਲਾ ਦੇਣਾ। ਤ੍ਰਿਸ਼ਨਾ ਨਾਲ ਮੈਲੇ ਦਿਲਾਂ ਦੇ ਤਖਤੇ ਧੋ ਸਿੱਟਣੇ ਤੇ ਉਨ੍ਹਾਂ ਉੱਤੇ ਰੱਬੀ ਮੂਰਤ ਖਿੱਚ ਦੇਣੀ ਤੇ ਉਸ ਰੱਬੀ ਮੂਰਤ ਵਿਚ ਅੰਦਰਲੇ ਦੀ ਮਗਨਤਾ ਕਰਾ ਦੇਣੀ, ਦ੍ਰਿਸ਼ਟਾ ਦੇ ਪੱਖ ਦੀ ਕਾਰੀਗਰੀ ਹੈ। ਅਸੀਂ ਇਸ ਨੂੰ 'ਅਰਸ਼ੀ ਕਾਰੀਗਰੀ' ਕਹਾਂਗੇ। ਦਸਾਂ ਹੀ ਸਤਿਗੁਰਾਂ ਨੇ ਇਸ ਉੱਪਰ ਕਹੀ (੧) 'ਅਰਸ਼ੀ ਵਿਦਜਾ', (੨) 'ਅਰਸ਼ੀ ਉਨਰ' ਤੇ (੩) 'ਅਰਸ਼ੀ ਕਾਰੀਗਰੀ' ਵਿਚ ਕਮਾਲ ਕੀਤਾ ਹੈ, ਅਰਥਾਤ ਉਹ ਜਾਣਦੇ ਸਨ, ਓਹ ਇਸ ਵਿਦਜਾ ਦੀ ਵਰਤੋਂ ਯਾ ਅਮਲ ਵਿਚ ਕਮਾਲ ਤੇ ਟਿਕੇ ਹੋਏ ਸਨ ਤੇ ਹੋਰਨਾਂ ਨੂੰ ਇਹ ਵਿਦਜਾ ਦਾਨ ਕਰਦੇ ਤੇ ਅਮਲ ਵਿਚ ਲਿਆ ਦੇਂਦੇ ਤੇ ਇਸ ਪਰ ਟਿਕਾ ਦੇਂਦੇ ਸਨ। ਵਿਦਜਾ, ਉਨਰ, ਕਾਰੀਗਰੀ, ਇਹ ਤਿੰਨੇ ਲਿਵ ਦੇ ਕਮਾਲ ਉਨ੍ਹਾਂ ਦੇ ਰੂਹਾਨੀ ਕਮਾਲ ਸਨ--ਰੱਬੀ ਕਮਾਲ ਸਨ!

ਰੂਹਾਨੀ ਜੀਵਨ ਤੋਂ ਹੇਠਾਂ ਇਖ਼ਲਾਕੀ ਜੀਵਨ ਹੈ। ਇਹ ਮਾਨੋਂ ਨੀਂਹ ਹੈ ਰੂਹਾਨੀਅਤ ਦੀ। ਇਸ ਦੀ ਗਜ਼ਾਤ ਸਤਿਗੁਰਾਂ ਵਿਚ ਕਮਾਲ ਦੀ ਸੀ, ਇਸ ਤੇ ਅਪਣਾ ਅਮਲ ਕਮਾਲ ਦਾ ਸੀ, ਤੇ ਦੂਸਰਿਆਂ ਵਿਚ ਇਸ ਦੀ ਗਜ਼ਾਤ ਤੇ ਅਮਲ ਦੀ ਜਾਚ ਪਾ ਦੇਣੀ ਇਹ ਵੀ ਕਮਾਲ ਦਾ ਗੁਣ ਆਪ ਵਿਚ ਸੀ। ਅਰਥਾਤ (੧) ਇਖ਼ਲਾਕੀ ਵਿਦਜਾ, (੨) ਆਪ ਇਖ਼ਲਾਕ ਵਿਚ ਆਦਰਸ਼ਕ ਜੀਵਨ ਬਸਰ ਕਰਨਾ ਤੇ (੩) ਦੂਸਰਿਆਂ ਦੇ ਇਖ਼ਲਾਕ ਨੂੰ ਸੁਧਾਰਨਾ, ਤਿੰਨੇ ਇਖ਼ਲਾਕੀ ਕਮਾਲ ਭੀ ਉਹਨਾਂ ਵਿਚ ਕਮਾਲ ਤੇ ਸਨ।

ਤਿੰਨੇ ਇਖ਼ਲਾਕੀ ਕਮਾਲ ਤੇ ਤਿੰਨੇ ਰੂਹਾਨੀ ਕਮਾਲ ਉਹਨਾਂ ਨੇ ਆਪਣੇ ਵਜੂਦ ਵਿਚ ਇਕੱਠੇ ਕਰ ਦਿਖਾਏ ਤੇ ਦੂਸਰਿਆਂ ਵਿਚ ਪਾਏ, ਇਹ ਉਹਨਾਂ ਵਿਚ ਚੋਟੀ ਦਾ ਕਮਾਲ, ਸਿਰ ਕਮਾਲਾਂ ਦੇ ਕਮਾਲ ਸੀ।

ੲ. {ਰੂਹਾਨੀ ਜ਼ਿੰਦਗੀ}

ਇਖ਼ਲਾਕ ਦਾ ਕਮਾਲ ਇਨਸਾਨ ਲਈ ਕਾਫੀ ਨਹੀਂ, ਇਸ ਨਾਲ ਕੇਵਲ ਇਨਸਾਨੀ ਹਿੱਸਾ ਉੱਨਤ ਹੁੰਦਾ ਹੈ-ਅਕਲੀ ਹਿੱਸਾ ਉੱਚਾ ਹੁੰਦਾ ਹੈ; ਪਰ ਵਲਵਲੇ ਦਾ ਹਿੱਸਾ, ਉੱਚੇ ਤੇ ਸੂਖਮ ਵਲਵਲਿਆਂ ਵਾਲੀ ਅੰਦਰਲੀ ਆਸਲੀਅਤ ਅਪੂਰਨ ਰਹਿ ਜਾਂਦੀ ਹੈ, ਉਸ ਨੂੰ ਉੱਨਤ ਕਰਨ ਲਈ ਰੂਹਾਨੀ ਕਮਾਲ ਦੀ ਲੋੜ ਹੈ। ਆਪੇ ਦਾ ਵਾਹਿਗੁਰੂ ਨਾਲ ਮੇਲ ਇਸ ਪੱਖ ਦਾ ਕੰਮ ਹੈ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਕ ਤੁਕ ਵਿਚ 'ਨਾਮ ਸਿਮਰਨ' ਤੇ 'ਯਾਦ' ਦੇ ਉਪਦੇਸ਼ ਹਨ, 'ਏਕਾਗ੍ਰਤਾ' ਤੇ 'ਖੇੜਾ' ਨਾਲ 'ਰਜ਼ਾ' 'ਅਰਦਾਸ' 'ਕੀਰਤਨ' ਤੇ 'ਬਾਣੀ' ਦੇ ਉਪਦੇਸ਼ ਹਨ।

ਦੁਨੀਆਂ ਵਿਚ ਅਕਲੀ ਹਿੱਸਾ ਅਰਥਾਤ ਦਿਮਾਗ਼ੀ ਹਿੱਸਾ ਤ੍ਰੱਕੀ ਕਰਕੇ ਅਕਸਰ ਇਖ਼ਲਾਕ ਦੀ ਉਣਤ ਬੁਣਤ ਵਿਚ ਅਟਕ ਜਾਂਦਾ ਹੈ ਤੇ ਰੱਬੀ ਪਾਸੇ (ਰੂਹਾਨੀਅਤ ਵਲ) ਨਹੀਂ ਉੱਠਦਾ। ਕਈ ਵੇਰ ਫੇਰ ਇਸ ਅਕਲੀ ਹਿੱਸੇ ਨੇ ਰੱਬ ਤੇ ਰੱਬੀ ਰੂਹਾਨੀਅਤ ਨੂੰ ਬੇਅਦਬੀ ਨਾਲ ਮਖ਼ੌਲ ਕੀਤੇ ਹਨ ਤੇ ਮਜ਼ਹਬ ਵਿਚੋਂ ਇਸ ਹਿੱਸੇ ਨੂੰ ਦੂਰ ਕਰਨ ਦਾ ਯਤਨ ਬੀ ਕੀਤਾ ਹੈ, ਇਸ ਕਰਕੇ ਸਤਿਗੁਰ ਨੇ ਬਾਣੀ ਵਿਚ 'ਨਾਮ' ਤੇ 'ਲਿਵ' ਦੀਆਂ ਕੋਇਲ ਕੂਕਾਂ ਦਿੱਤੀਆਂ ਹਨ, ਅਤੇ ਖੋਲ੍ਹ ਖੋਲ੍ਹ ਕੇ ਦੱਸਿਆ ਹੈ:-

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਤਰਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥

{ਸੂਹੀ ਮ: ੫-੫੦}

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਭੁਲੇਖਾ ਕਦੇ ਨਹੀਂ ਪੈ ਸਕਦਾ ਕਿ ਸਤਿਗੁਰ ਜੀ ਦੀ ਤਾਲੀਮ 'ਲਿਵ' ਦੀ ਨਹੀਂ ਹੈ, ਯਾ ਲਿਵ ਕਦੇ ਇਖ਼ਲਾਕ ਤੋਂ ਸਦਕੇ ਕੀਤੀ ਜਾ ਸਕਦੀ ਹੈ। ਅਰ-ਥਾਤ ਨਿਰਾ ਇਖ਼ਲਾਕ ਲਿਵ ਦੀ ਅਵਸ਼ਕਤਾ ਨੂੰ ਦੂਰ ਨਹੀਂ ਕਰ ਸਕਦਾ। ਇਖ਼ਲਾਕ ਦੀ ਕਾਠੀ ਬੇਰੀ ਪਰ ਲਿਵ ਦੀ ਸੇਊ ਬੇਰੀ ਪੈਵੰਦ ਕਰਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਲੀਮ ਹੈ।

ਸਾਚੀ ਲਿਵੈ ਬਿਨੁ ਦੇਹ ਨਿਮਾਣੀ॥ ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥ {ਅਨੰਦ}

ਗੱਲ ਕੀ, ਜਦੋਂ ਸਤਿਗੁਰ ਨੇ ਇਹ ਗੱਲ ਵਰਤੀ ਕਿ ਆਪਣੀ 'ਪਵਿੱਤ੍ਰਤਾ' ਅਰ 'ਲਿਵ' ਦੇ ਉਨਰ ਨੂੰ ਕਾਰੀਗਰੀ ਵਿਚ ਆਂਦਾ ਤੇ ਮਨੁੱਖਾਂ ਦੇ ਦਿਲਾਂ ਪਰ ਇਹ ਰੱਬਾਨੀ (ਵਾਹਿਗੁਰਾਨੀ) ਮੂਰਤਾਂ ਖਿੱਚ ਦਿੱਤੀਆਂ ਤਾਂ ਇਹ ਮਨੁੱਖ ਜੀਉ ਉੱਠੇ-

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥ {ਮਾਝ:ਵਾਰ-੧੦}

ਮ. {ਪੰਥਕ ਜੀਵਨ ਲੋੜਾਂ ਤੇ ਮੁਸ਼ਕਲਾਂ}

ਗੁਰੂ ਜੀ ਦੇ ਜੀਅ ਦਾਨ ਦੇਣ ਨਾਲ ਇਹ ਜੀ ਉਠੇ ਬਹੁਤੇ ਹੋ ਗਏ ਤੇ 'ਇੱਕ' ਦੇ ਪ੍ਰੇਮ ਹੋਣ ਕਰਕੇ ਆਪੋ ਵਿਚ ਰਲ ਬੈਠੇ:-

ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥
ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ॥

{ਸੂਹੀ:ਵਾਰ-੮}

ਇਸ ਸੁਤੇ ਸਿੱਧ ਪ੍ਰੇਮ ਮੰਡਲ ਵਿਚ ਕੱਠੇ ਹੋ ਗਏ ਸੱਜਣਾਂ ਵਿਖੇ ਇਕ ਨਿਰਮਲ ਸਿੱਖੀ ਭਾਈਚਾਰਾ ਪੈਦਾ ਹੋ ਗਿਆ। ਇਸ ਭਾਈਚਾਰੇ ਵਿਚ ਜੋ ਜੋ ਲੋੜਾਂ ਮੁਸ਼ਕਲਾਂ ਆਈਆਂ, ਹਰ ਪਾਤਸ਼ਾਹੀ ਨੇ ਦੂਰ ਕੀਤੀਆਂ। ਓਹੋ ਗੁਰੂ ਨਾਨਕ ਕਮਾਲ ਹਰ ਗੁਰੂ ਦਾ ਆਦਰਸ਼ਕ ਜੀਵਨ ਸੀ, ਹਰ ਗੁਰੂ ਗੁਰ ਨਾਨਕ ਹੀ ਦੂਜੇ ਰੂਪ ਵਿਚ ਸੀ, ਪਰ ਹਰ ਗੁਰੂ ਨੂੰ ਅਪਣੀ ਅਰਸ਼ੀ ਕਾਰੀਗਰੀ ਦੇ ਵਰਤਨ ਵਿਚ ਕਈ ਤਰ੍ਹਾਂ ਦੀਆਂ ਲੋੜਾਂ ਤੇ ਮੁਸ਼ਕਲਾਂ ਆਈਆਂ। ਓਹਨਾਂ ਦੇ ਦੂਰ ਕਰਨ ਵਿਚ ਹੀ ਹਰ ਇਕ ਸਤਿ-ਗੁਰੂ ਦਾ ਆਪਣਾ ਆਪਣਾ ਕਮਾਲ ਸੀ। ਵੰਨਗੀ ਲਈ ਦੇਖੋ:-

{ਗੁਰੂ ਅੰਗਦ ਦੇਵ ਜੀ}

ਦੂਸਰੀ ਪਾਤਸ਼ਾਹੀ ਨੇ ਗੁਰੂ ਜੀ ਦੀ 'ਅਰਸ਼ੀ ਵਿਦਯਾ' ਜਿਉਂ ਕੀ ਤਿਉਂ ਕਾਇਮ ਰੱਖੀ। ਇਸ ਲਈ ਹੁਣ ਸਾਹਿਤਯ ਦੀ ਲੋੜ ਸੀ, ਸੋ ਉਸ ਦੀ ਨੀਂਹ ਰੱਖੀ। ਸਾਹਿਤਯ ਦੀ ਪਹਿਲੀ ਲੋੜ ਅੱਖਰ ਤੇ ਦੂਜੀ ਜ਼ੁਬਾਨ ਸੀ; ਸੋ ਉਹਨਾਂ ਨੇ ਆਦਿ ਗੁਰੂ ਦੇ ਸਮੇਂ ਹੀ ਗੁਰਮੁਖੀ ਪੈਂਤੀ ਰਚੀ, ਬਣਾਈ ਯਾ ਸੰਕਲਤ ਕੀਤੀ। ਜਿਸ ਰੂਪ ਵਿਚ ਗੁਰਮੁਖੀ ਪੈਂਤੀ ਹੈ, ਇਹ ਰੂਪ ਯਾ ਤਰਤੀਬ ਯਾ ਅੱਖਰਾਂ ਦਾ ਵਧਾ ਘਟਾ ਯਾ ਰੂਪ ਵਟਾ ਯਾ ਅੱਡ ਅੱਡ ਲਿਪੀਆਂ ਤੋਂ ਅੱਖਰਾਂ ਦੀ ਚੋਣ ਕਿਵੇਂ ਬੀ ਹੋਵੇ, ਗੁਰਮੁਖੀ ਪੈਂਤੀ ਜਿਸ ਰੂਪ ਵਿਚ ਹੁਣ ਹੈ, ਇਹ ਉਨ੍ਹਾਂ ਦਾ ਕੰਮ ਹੈ। ਚਾਹੇ ਇਸ ਕੰਮ ਨੂੰ ਬਨਾਉਣਾ ਕਹੋ, ਰਚਨਾ ਕਹੋ, ਸੰਕਲਤ ਕਰਨਾ ਕਹੋ*। ਸੋ ਇਕ ਪੈਂਤੀ ਬਣਾਕੇ 'ਜ਼ੁਬਾਨ' ਉਹ ਲੀਤੀ ਜਿਸ ਵਿਚ ਉਹਨਾਂ ਦੇ 'ਅਰਸ਼ੀ ਕਾਰੀਗਰ' ਗੁਰ ਨਾਨਕ ਦੇਵ ਜੀ ਬੋਲਦੇ ਸਨ। ਅਰਥਾਤ ਪੰਜਾਬੀ, ਆਪਣੇ ਪ੍ਰੀਤਮ ਜੀ ਦੀ ਮਾਦਰੀ ਬੋਲੀ। ਇਸ ਵਿਚ ਗੁਰ ਨਾਨਕ ਦੇਵ ਜੀ ਦੇ ਸ਼ਬਦ ਉਨ੍ਹਾਂ ਦੇ ਹੁੰਦਿਆਂ ਲਿਖੇ ਅਤੇ ਮਗਰੋਂ ਉਨ੍ਹਾਂ ਤੇ ਸਚਖੰਡ ਪਿਆਨ ਮਗਰੋਂ ਵੀ ਇਹ ਤੋਰ ਜਾਰੀ ਰਹੀ ਤੇ ਗੁਰ ਨਾਨਕ ਸਾਹਿਬ ਦੀ ਜਨਮਸਾਖੀ ਲਿਖ-ਵਾਈ। ਭਾਵੇਂ ਸਾਨੂੰ ਇਹ ਅਸਲੀ ਸਾਖੀ ਅਜੇ ਤਕ ਨਹੀਂ ਲੱਭੀ ਤੇ ਜੋ ਲੱਭੀਆਂ ਹਨ ਓਹਨਾਂ ਪਰ ਕਿੰਤੂ ਭੀ ਹਨ, ਪਰ ਜੇ ਉਹ ਅਸਲ, ਜੋ ਸ੍ਰੀ ਸਤਿਗੁਰ ਅੰਗਦ ਦੇਵ ਜੀ ਨੇ ਬਣਵਾਈ, ਨਾ

---

*ਗੁਰਮੁਖੀ ਅੱਖਰ ਗੁਰੂ ਨਾਨਕ ਦੇਵ ਜੀ ਦੇ ਸਮੇਂ ਗੁਰੂ ਅੰਗਦ ਦੇਵ ਜੀ ਨੇ ਰਚੇ ਤੇ ਸਭ ਤੋਂ ਪਹਿਲਾਂ ਇਕ ਸ਼ਬਦ ਗੁਰਮੁਖੀ ਅੱਖਰਾਂ ਵਿਚ ਲਿਖਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੇਸ਼ ਕੀਤਾ; ਇਹ ਗੱਲ ਗੋਇੰਦਵਾਲ ਵਾਲੀ ਪੋਥੀ ਦੇ ੨੧੫ ਪੱਤ੍ਰੇ ਦੇ ਹਾਸ਼ੀਏ ਤੇ ਲਿਖੀ ਹੋਈ ਹੈ:-
"ਗੁਰ ਅੰਗਦੁ ਗੁਰਮੁਖੀ ਅਖਰ ਖਾਨਾਏ ਬਾਬੇ ਦੇ ਅਗੇ ਸਬਦੁ ਭੇਟ ਕੀਤਾ।"

ਬਣਵਾਈ ਹੁੰਦੀ ਤਾਂ ਉਸਤੋਂ ਹੋਏ ਹੋਰ ਬਦਲੇ ਯਾ ਅਦਲੇ ਰੰਗ ਵਿਚ ਜੋ ਕੁਛ ਭੀ ਸਾਡੇ ਤਕ ਗੁਰ ਨਾਨਕ ਜੀਵਨ ਦਾ ਪਹੁੰਚਾ ਹੈ, ਪਹੁੰਚਣਾ ਕਠਨ ਸੀ। ਸੋ ਗੁਰੂ ਅੰਗਦ ਦੇਵ ਜੀ ਨੇ ਉਸ 'ਅਰਸ਼ੀ ਵਿਦਯਾ, ਉਨਰ ਤੇ ਕਾਰੀਗਰੀ' ਦੇ ਮਾਲਕ ਨੂੰ ਪ੍ਰਚਾਰਨ ਵਿਚ ਇਹ ਦੋ ਭਾਰੇ ਕੰਮ ਕੀਤੇ। ਆਪ ਲਿਵ ਵਿਚ ਰਹਿਣਾ ਤੇ ਦੂਜਿਆਂ ਨੂੰ ਲਾਉਣਾ, ਇਹ ਉਸੇ ਤਰ੍ਹਾਂ ਰਿਹਾ, ਜਿਸ ਤਰ੍ਹਾਂ ਆਦਿ ਜੁਗ ਵਿਚ ਸੀ।

{ਗੁਰੂ ਅਮਰ ਦਾਸ ਜੀ}

ਤੀਸਰੇ ਸਤਿਗੁਰਾਂ ਨੇ ਗੁਰੂ ਬਾਣੀ ਦੀਆਂ ਪੋਥੀਆਂ ਲਿਖਵਾਈਆਂ ਤੇ ਬਾਣੀ ਦਾ ਬਹੁਤ ਪ੍ਰਚਾਰ ਕੀਤਾ। ਫੇਰ ਆਪ ਨੇ ਡਿੱਠਾ ਕਿ ਸਾਡੇ ਇਸ ਅਰਸ਼ੀ ਉਨਰ ਦੇ ਰਸਤੇ ਵਿਚ 'ਨਫ਼ਰਤ' ਭਾਰੀ ਰੋਕ ਹੈ; ਜੋ ਨਵੇਂ ਲੋਕ ਲਾਈਦੇ ਹਨ, ਓਹ ਜਦੋਂ ਆਪੋ ਵਿਚ ਰਲ ਬੈਠਦੇ ਹਨ ਤਾਂ 'ਜਾਤ' ਭੇਦ ਕਰ ਕੇ (ਜੋ ਪਹਿਲੋਂ ਤੋਂ ਦਿਲਾਂ ਵਿਚ ਹੈ) ਇਕ ਦੂਜੇ ਤੋਂ ਨਫ਼ਰਤ ਕਰਦੇ ਹਨ। 'ਨਫ਼ਰਤ' 'ਪ੍ਰੇਮ' ਦਾ ਐਨ ਉਲਟ ਹੈ, ਪਰ 'ਲਿਵ', ਜੋ ਅਸੀਂ ਸਿਖਾਲਦੇ ਹਾਂ, 'ਸੁਧਾ ਤੇ ਸੁੱਚਾ ਤੇ ਲਗਾਤਾਰ' 'ਪ੍ਰੇਮ' ਹੈ। ਸੋ ਇਹ ਨਫ਼ਰਤ ਕੱਟ ਦਿੱਤੀ ਜਾਵੇ ਤਾਂ ਹੀ ਠੀਕ ਹੈ। ਇਸ ਲਈ ਹੁਕਮ ਦਿੱਤਾ ਕਿ ਇਕ ਲੰਗਰੀਏ ਹੋ ਜਾਓ। ਲੰਗਰ ਤਾਂ ਆਦਿ ਪਾਤਸ਼ਾਹੀ ਤੋਂ ਇਕ ਸੀ, ਪਰ ਇਹ ਕੈਦ ਨਹੀਂ ਸੀ ਕਿ ਸਾਰੇ ਓਥੋਂ ਖਾਣ। **'ਜਾਤੀ ਦੈ ਕਿਆ ਹਥਿ ਸਚੁ ਪਰਖੀਐ॥ ਮਹੁਰਾ ਹੋਵੈ ਹਥਿ ਮਰੀਐ ਚਖੀਐ॥'**{ਮਾਝ:ਵਾਰ-੧੦} ਇਹ ਉਪਦੇਸ਼ ਸੀ ਤੇ ਮੰਨੀਂਦਾ ਭੀ ਸੀ, ਪਰ ਨਵੇਂ ਆਏ ਤੇ ਨਵੇਂ ਲੱਗੇ ਜਗਿਆਸੂ ਦੇ ਅੰਦਰ ਰੱਬੀ ਮੂਰਤ ਲਿਖੀਂਦਿਆਂ ਉਮ ਦੇ ਅੰਦਰ ਵਮਦੀ 'ਜਾਤ-ਭੇਦ' ਦੇ ਖਿਆਲ ਤੋਂ ਪੈਦਾ ਹੋਈ ਵਿੱਥ ਬੜਾ ਹਰਜ ਕਰਦੀ ਸੀ। ਸੰਗਤਾਂ ਦੀ ਗਿਣਤੀ ਹੁਣ ਬੇਅੰਤ ਸੀ ਤੇ ਕਿਸੇ ਆਲਮਗੀਰ ਅਮਲੀ ਤਬਦੀਲੀ ਦੀ ਲੋੜ ਰਖਦੀ ਸੀ, ਜਿਸ ਨਾਲ ਜ਼ਾਤ ਦੀ ਪੈਦਾ ਕੀਤੀ ਸੂਗ ਦਿਲਾਂ ਵਿਚੋਂ ਪੂਰੀ ਪੂਰੀ ਮਿਟ ਜਾਵੇ, ਇਸ ਕਰਕੇ ਲੰਗਰ ਅਟੁੱਟ ਕੀਤਾ ਗਿਆ। ਹੁਕਮ ਹੋਇਆ ਕਿ ਜੋ ਸਾਨੂੰ ਮਿਲੇ ਲੰਗਰੋਂ ਪ੍ਰਸਾਦ ਛਕ ਕੇ ਆਵੇ। ਪੰਜਾਬੀ ਹੁਣ ਇਸ ਗਲ ਨੂੰ ਘੱਟ ਸਮਝਦੇ ਹਨ, ਪਰ ਪੂਰਬ ਵਿਚ ਜਾਓ ਤਾਂ ਹੁਣ ਤਕ ਅੱਡ ਅੱਡ ਚੁੱਲ੍ਹੇ ਹਨ, ਇਹੋ ਹਾਲ ਪੰਜਾਬ ਦਾ ਤਦੋਂ ਸੀ। ਇਉਂ ਇਹ ਦਿਲੀ ਸੂਗ ਦੂਰ ਕਰ ਕੇ ਸਤਿਗੁਰ ਨੇ ਫੇਰ 'ਅਨੰਦ' ਰਚਿਆ ਤੇ 'ਰੱਬੀ ਟੇਕ' ਦਾ ਵਿਆਹ ਜਾਰੀ ਕੀਤਾ ਤੇ ਆਪਣੇ ਸਾਹਮਣੇ ਕਈ ਵਿਆਹ ਕਰਾਏ ਤੇ ਜਾਤਾਂ ਪਾਤਾਂ ਤੋੜ ਕੇ ਬੀ ਵਿਆਹ ਕਰਾ ਦਿੱਤੇ। ਇਹ ਵਰਤੋਂ ਦੀ ਮੈਤ੍ਰੀ ਤੇ ਪਿਆਰ, ਉਸ 'ਅਰਸ਼ੀ ਕਾਰੀਗਰੀ' ਦੇ ਕਾਰਖਾਨੇ ਦੀ ਕਾਮਯਾਬੀ ਵਿਚ ਅਤਿ ਦੇ ਸਹਾਈ ਹੋਏ। ਫਿਰ ਮੈਦਾਨ ਵਧਿਆ ਤੇ ਦਾਇਰਾ ਖੁੱਲ੍ਹਾ ਹੋ ਜਾਣ ਕਰ ਕੇ ਸਤਿਗੁਰ ਨੇ ਆਪਣੇ ਤਾਬੇ ੨੨ ਇਕ ਤੇ ੫੨ ਇਕ ਤੇ ੭੨ ਇਕ, ਇਤਨੇ ਕਾਰੀਗਰ ਬਣਾ ਕੇ ਦੇਸ਼ ਦੇਸ਼ਾਂਤਰਾਂ ਵਿਚ ਭੇਜ ਦਿੱਤੇ ਕਿ ਮੁਰਦੇ ਦਿਲਾਂ ਵਿਚ 'ਪਵਿੱਤ੍ਰਤਾ' ਲਿਆਕੇ 'ਲਿਵ' ਲਗਾ ਦਿਓ। 'ਜਾਤ' ਨੂੰ ਅਮਲੀ ਤੌਰ ਤੇ ਤੋੜ ਕੇ 'ਨਫਰਤ' ਦੇ ਵਿਕਾਰ ਨੂੰ ਕੱਟ ਦੇਣਾ ਤੇ ਬਹੁਲਤਾ ਨਾਲ ਦੇਸ਼ ਦੇਸ਼ਾਂਤਰਾਂ ਵਿਚ 'ਲਿਵ' ਦਾ ਸੋਹਿਲਾ ਸੁਣਾ ਦੇਣਾ ਤੇ ਰੂਹਾਨੀ ਤਾਕਤ ਨਾਲ ਬੀਮਾਰਾਂ ਨੂੰ ਬੇਗਿਣਤ ਰਾਜ਼ੀ ਕਰਨਾ ਇਹ ਕਮਾਲ ਓਸ 'ਨਾਨਕ ਕਮਾਲ' ਦੇ ਪ੍ਰਚਾਰ ਵਿਚ ਤੀਸਰੇ ਸਤਿਗਰਾਂ ਨੇ ਦਿਖਾਏ।

{ਗੁਰੂ ਰਾਮਦਾਸ ਜੀ}

ਚੌਥੇ ਸਤਿਗੁਰਾਂ ਨੇ ਇੱਡੇ ਖੁੱਲ੍ਹੇ ਪ੍ਰਚਾਰ ਤੇ ਐਨੀਆਂ ਬਿਅੰਤ ਰੱਬੀ ਮੂਰਤਾਂ ਨੂੰ ਵਿਕੋਲਿੱਤ੍ਰੇ ਹੋ ਜਾਣ ਤੋਂ ਬਚਾਉਣ ਖਾਤਰ ਇਕ ਨੁਕਤੇ ਦੇ ਦੁਆਲੇ ਘੁਮਾਉਣ ਲਈ, ਇਕ ਦੇਸ਼ ਰੂਪ ਵਾਲਾ ਕੇਂਦਰ ਰਚਣਾ ਚਾਹਿਆ। ਚੁਨਾਂਚਿ ਆਪ ਨੇ 'ਜੀ ਉੱਠਿਆਂ' ਲਈ ਇਕ ਕੇਂਦ੍ਰੀਯ ਮੰਦਰ ਬਣਾਇਆ, ਇਹ ਮੰਦਰ ਆਪ ਨੂੰ ਯਾ ਕਿਸੇ ਦੇਵਤੇ ਨੂੰ ਯਾ ਇਨਸਾਨ ਨੂੰ ਅਰਪਨ ਨਹੀਂ ਕੀਤਾ, ਪਰ 'ਹਰੀ' ਨੂੰ। ਇਸ ਵਿਚ ਪੂਜਾ ਪ੍ਰਤਿਸ਼ਠਾ ਰੱਬ ਦੀ ਹੀ ਜਾਰੀ ਕੀਤੀ ਜੋ 'ਕੀਰਤਨ' ਨਾਲ ਹੁੰਦੀ ਹੈ ਤੇ ਇਹ ਵਿਉਂਤ ਬੰਨ੍ਹ ਦਿੱਤੀ ਕਿ ਇੱਥੇ ਅੱਠ ਪਹਿਰ ਹਰੀ ਕੀਰਤਨ ਹੋਵੇ, ਜਿਸ ਨੂੰ ਸੁਣ ਕੇ ਸੁਰਤਿ ਲਿਵ ਵਿਚ ਜੁੜੇ। ਉਸ ਮੰਦਰ ਦੀ ਵਿਉਂਤ ਜਲ ਦੇ ਅੰਦਰ ਬੜੀ ਖ਼ੂਬਸੂਰਤ ਕੀਤੀ ਕਿ ਜਿਸ ਦੇ ਦਰਸ਼ਨ ਮਾਤ੍ਰ ਤੋਂ ਅਚਰਜ ਤੇ ਵਿਸਮਾਦ ਦਾ ਰਸ ਪੈਦਾ ਹੋਵੇ। ਜਿੱਥੇ ਗਰਦ ਗੁਬਾਰ ਨਾ ਪਹੁੰਚ ਸੱਕੇ, ਹਵਾ ਰੌਸ਼ਨੀ ਨੂੰ ਕੋਈ ਨਾ ਰੋਕ ਸੱਕੇ,

ਸੀਤਲਤਾ ਦੁਆਲੇ ਹੋਵੇ, ਅਸਮਾਨ ਦਾ ਪੇਹਨ ਖੁਲ੍ਹਾ ਦਿੱਸੇ, ਸਾਰਾ ਸਾਮਾਨ 'ਸੁੰਦਰਤਾ' ਤੇ 'ਸ਼ਾਂਤੀ' ਦਾ ਪੈਦਾ ਕੀਤਾ ਕਿ ਜੋ ਸਾਡੇ 'ਹਵਾਸ' 'ਮਨ' ਤੇ 'ਇੰਦ੍ਰੀਆਂ' ਉੱਪਰ ਆਪਣਾ ਝਲਕਾ ਮਾਰੇ ਤੇ ਵਿਸਮਾਦ ਦੀ ਰੌ ਪੈਦਾ ਕਰ ਦੇਵੇ[1]। ਜਦੋਂ ਅਸੀਂ ਇਸ ਤਰ੍ਹਾਂ ਮੁਅੱਸਰ ਹੋ ਕੇ ਸੁੰਦਰਤਾ ਦੇ ਝਲਕੇ ਵਿਚ ਵਿਸਮਾਦ ਰੁਸ਼ੀਏ ਹੋ ਕੇ ਮੰਦਰ ਦੇ ਅੰਦਰ ਜਾਈਏ, ਅੱਗੇ ਵਾਹਿਗੁਰੂ ਦੀ ਸਿਫਤ ਸਲਾਹ ਸੰਗੀਤ ਵਿਚ ਸਾਡੇ ਕੰਨੀਂ ਪਵੇ, ਅੱਖਾਂ ਤੇ ਕੰਨ ਦੋਵੇਂ ਵਿਸਮਾਦ ਭਾਵ ਨੂੰ ਲੈਕੇ ਸੁਤੇ ਹੀ ਅੰਤਰਮੁਖ ਸੁਰਤਿ ਨੂੰ ਲੈ ਜਾਣ, ਮਨ 'ਸੋਚ' ਤੋਂ ਨਿਕਲਕੇ 'ਲਿਵ' ਵੱਲ ਤੁਰ ਪਵੇ। ਫਿਰ ਇਸ ਮੰਦਰ ਵਿਚ ਆਪ ਨੇ ਆਪਣੇ ਰੱਬੀ ਕਮਾਲ ਨਾਲ 'ਆਤਮ ਰੌ' ਤੇ 'ਸ਼ਬਦ ਨਿਵਾਸ' ਕਰ ਦਿਤਾ। ਇਹ 'ਰਾਮਦਾਸ ਕਮਾਲ' ਪ੍ਰਤੱਖ ਦਰਸ਼ਨ ਦੇ ਰਿਹਾ ਹੈ। ਚੌਥੀ ਪਾਤ-ਸ਼ਾਹੀ ਨੇ ਲੰਗਰ ਦਾ ਉਹੋ ਦਸਤੂਰ ਰੱਖਿਆ, ਰੱਬੀ ਟੇਕਦੇ ਵਿਆਹ ਭੀ ਕਰਾਏ ਤੇ ਦੂਜੇ ਸਤਿਗੁਰਾਂ ਵਾਂਗੂ ਆਪਣੀ ਤੇ ਚੌਹਾਂ ਸਤਿਗੁਰਾਂ ਦੀ ਬਾਣੀ ਲਿਖਾਈ। ਤੀਸਰੀ ਪਾਤਸ਼ਾਹੀ ਦੇ ਜਾਰੀ ਕੀਤੇ ਧਰਮ ਪ੍ਰਚਾਰ ਦੇ ਕੰਮ ਨੂੰ ਵੀ ਵਧਾਇਆ। ਸੰਗਤਾਂ ਵਿਚ ਪ੍ਰਚਾਰ ਕਰਨ ਵਾਸਤੇ ਉਹੋ ਮੰਜੀਆਂ ਆਦਿ ਬਖਸ਼ੀਆਂ, ਪਰ ਹੁਣ ਉਨ੍ਹਾਂ ਦਾ ਨਾਉਂ ਮਸੰਦ ਪਿਆ[2]।

{ਗੁਰੂ ਅਰਜਨ ਦੇਵ ਜੀ}

ਪੰਜਵੇਂ ਸਤਿਗੁਰਾਂ ਨੇ ਹਰੀ ਮੰਦਰ ਨੂੰ ਮੁਕੰਮਲ ਕੀਤਾ ਤੇ ਗੁਰਬਾਣੀ ਨੂੰ, ਜੋ ਪੰਜਾਂ ਸਤਿਗੁਰਾਂ ਨੇ ਉਚਰੀ ਸੀ, ਜੋ ਭਗਤਾਂ ਭਟਾਂ ਆਦਿਕਾਂ ਨੇ ਕਹੀ ਸੀ, ਸੰਕਲਤ ਕੀਤੀ। ਭਗਤ ਬਾਣੀ ਕੁਛ ਰਲ ਮਿਲ ਗਈ ਸੀ ਤੇ ਗੁਰ ਨਾਨਕ ਦੇ ਨਾਮ ਹੇਠ ਮਨੁੱਖੀ ਬਾਣੀ ਰਚੀ ਗਈ ਸੀ ਤੇ ਤੌਖਲਾ ਪੈ ਗਿਆ ਸੀ ਕਿ ਅਰਸ਼ੀ ਵਿਦਜਾ ਮਿਲਗੋਭਾ ਨਾ ਹੋ ਜਾਵੇ। ਉਨ੍ਹਾਂ ਨੇ 'ਗੁਰਬਾਣੀ' ਜੋ ਭਗਤਾਂ ਨੂੰ ਉਤਰੀ ਸੀ, ਇਨਸਾਨੀ ਖੋਜ ਨਾਲ ਸ਼ੁੱਧ ਸ਼ੁੱਧ ਲੱਭੀ, ਅਸ਼ੁੱਧ ਤਿਆਗੀ ਤੇ ਫੇਰ ਰੂਹਾਨੀ ਕਸਵੱਟੀ ਨਾਲ ਪਰਖੀ। ਇਸੀ ਤਰ੍ਹਾਂ ਜੋ ਬਨਾਵਟੀ ਬਾਣੀ ਗੁਰ ਨਾਨਕ ਨਾਮ ਹੇਠ ਰਚੀ ਗਈ ਸੀ (ਜੋ ਅਜੇ ਭੀ ਜਨਮ ਸਾਖੀਆਂ ਵਿਚ ਤੇ ਹੋਰ ਥੇ ਵੀ ਕਿਤੇ ਕਿਤੇ ਮਿਲਦੀ ਹੈ) ਦੂਰ ਕੀਤੀ ਤੇ ਸ਼ੁੱਧ ਬਾਣੀ ਸੰਕਲਿਤ ਕੀਤੀ। ਐਉਂ ਕਿੰਨਾ ਚਿਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬ੍ਰਹਮ ਵਿਦਜਾ ਯਾ ਅਰਸ਼ੀ ਵਿੱਦਜਾ[1] ਦੀ **'ਪੋਥੀ ਪਰਮੇਸਰ ਕਾ ਥਾਨ'** ਦਾ ਦਰਜਾ ਦੇਕੇ ਮੁਕੰਮਲ ਕੀਤਾ ਤੇ ਕੇਂਦ੍ਰੀਯ ਮੰਦਰ ਵਿਚ 'ਵਾਹਿਗੁਰੂ ਗਿਆਨ' ਨੂੰ, ਜੋ ਕੇਂਦ੍ਰੀਯ ਨੁਕਤਾ ਹੈ ਰਬੀਅਤ ਦਾ, ਸਥਾਪਨ ਕਰ ਦਿੱਤਾ, ਜੋ ਕੇਦ ਕਿਸੇ ਸਮੇਂ ਕੋਈ 'ਅਕਲ ਵਾਲੇ ਯਾ ਗਰਜ਼ ਵਾਲੇ' ਗੁਰ ਨਾਨਕ ਦੀ ਨਿਰੋਲਤਾ ਵਿਚ ਰਲਾ ਨਾ ਪਾ ਸੱਕਣ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੁਕੰਮਲ ਕਰਨਾ' ਪੰਚਮ ਗੁਰੂ ਜੀ ਦਾ ਕਮਾਲ ਦਾ ਕੰਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਪੰਥ ਦੇ ਉੱਪਰ ਥਾਪਕੇ ਬਖਸ਼ਣ ਦਾ ਕੰਮ ਦਸਮੇਂ ਪਾਤਸ਼ਾਹ ਦੇ ਦੇਣ ਲਈ ਰਿਹਾ।

ਗੁਰੂ ਅਰਜਨ ਦੇਵ ਜੀ ਨੇ ਮਾਇਆ ਦਾ ਪ੍ਰਬੰਧ ਰੱਬੀ ਰੌਸ਼ਨੀ ਵਿਚ ਕੀਤਾ। ਦੁੱਖ ਹਰਨ ਸੁਖ ਦੇਣ ਵਿਚ ਸੰਗਤਾਂ ਦੀ ਸੁਰਤ ਲਾਈ। ਹੁਕਮ ਦਿੱਤਾ:"ਕਿਰਤ ਕਮਾਈ ਵਿਚੋਂ ਦਸਵੰਧ ਗੁਰ ਅਰਪਨ ਕੱਢੋ[2], ਜੋ ਅਮਲੀ ਤਿਆਗ ਆਵੇ ਤੇ ਉਹ ਤਿਆਗ ਬਿਅਰਥ ਨਾ ਹੋਵੇ, ਪਰ ਸੇਵਾ ਵਿਚ ਲੱਗੇ। ਓਹਨਾਂ ਨੇ ਉਸ ਭਾਈਚਾਰੇ ਵਿਚ, ਜੋ ਇਕ ਗੁਰੂ ਜੀ ਦੇ ਦੁਆਲੇ ਆਕੇ ਬਣ ਗਿਆ ਸੀ, ਜਥੇਬੰਦੀ ਦੇ ਅਸੂਲ ਕਾਇਮ ਕੀਤੇ ਕਿ ਇਹ ਇਕ

---

੧. ਦੇਖੋ 'ਮੇਰਾ ਅਰਸ਼ੀ ਪ੍ਰੀਤਮ' ਦੇ ਆਦਲੇ ਸਫੇ।

੨. ਮਸੰਦ ਯਾ ਮਸਨਦ ਆਰਾ-ਇਸ ਵੇਲੇ ਬੜੇ ਰੱਬੀ ਕਮਾਲ ਵਾਲੇ ਸਿਖਾਂ ਦਾ ਦਰਜਾ ਸੀ, ਜੋ ਆਪ ਜਪਦੇ ਤੇ ਹੋਰਨਾਂ ਨੂੰ ਜਪਾਉਂਦੇ ਸਨ, ਨਿਰਲੋਭ ਤੇ ਅਚਾਹ ਸਨ, ਐਥੋਂ ਤਾਈਂ ਕਿ ਸੰਗਤਾਂ ਦੇ ਅਰਪੇ ਦਸਵੰਧ ਸਤਿਗੁਰਾਂ ਦੇ ਚਰਨਾਂ ਵਿਚ ਅਪੜਾਉਂਦੇ ਤੇ ਜਰਿਆਸੂਆਂ ਨੂੰ ਆਪ ਤਿਆਰ ਕਰਕੇ ਸਤਿਗੁਰਾਂ ਦੇ ਚਰਨੀ ਲਿਆ ਪਾਉਂਦੇ ਸੇ ਤੇ ਆਪ ਲੋਭ ਲਾਲਚ ਤੋਂ ਅਤੀਤ ਹੁੰਦੇ ਸੇ।

---

੧. Subjective Science.

੨. ਇਸਦਾ ਅਰੰਭ ਚੌਥੇ ਸਤਿਗੁਰਾਂ ਦੇ ਸਮੇਂ ਤੋਂ ਹੋਇਆ ਸੀ।

ਟੋਕੇ ਸਾਰੇ ਰੱਬੀ ਵਿਦਯਾ ਦੇ ਸਿੱਖ ਤੇ ਸਿਖਾਵਨ-ਹਾਰ ਬਣ ਜਾਣ। ਸ੍ਰੀ ਗੁਰੂ ਜੀ ਅਪਣੇ ਪਿਤਾ ਜੀ ਵਾਂਙੂ ਗਾਉਂਦੇ ਰਹੇ "ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।"{ਗਉ:ਵਾਰ-੧੧} ਬਾਕੀ ਅਰਸ਼ੀ ਵਿਦਯਾ, ਅਰਸ਼ੀ ਉਨਰ, ਅਰਸ਼ੀ ਕਾਰੀਗਰੀ ਦਾ ਕਮਾਲ ਓਹਨਾਂ ਵਿਚ ਉਹੋ ਨਾਨਕ ਕਮਾਲ ਦੇ 'ਇਕ ਜੋਤਿ' ਵਾਲਾ ਸੀ।

ਇਸ ਵੇਲੇ ਇਸ ਜੀਉਂਦਿਆਂ ਦੇ ਭਾਈਚਾਰੇ ਨਾਲ ਈਰਖਾ ਹੋ ਗਈ ਹੋਈ ਸੀ, ਕੇਂਦ੍ਰੀਯ ਮੰਦਰ ਤੇ ਕੇਂਦ੍ਰੀਯ ਧਰਮ ਪੁਸਤਕ ਨੇ ਰੂਹਾਨੀ ਜੀਵਨ ਤੋਂ ਸੱਖਣੇ ਲੋਕਾਂ ਵਿਚ ਆਪਣੇ ਰਿਜ਼ਕ ਰੋਟੀ ਤੇ ਤੌਖਲੇ ਪੈਦਾ ਕਰ ਦਿਤੇ, ਇਸ ਤੌਖਲੇ ਨੇ ਈਰਖਾ ਪੈਦਾ ਕੀਤੀ। ਭਾਈ ਨੰਦ ਲਾਲ ਜੀ ਲਿਖਦੇ ਹਨ:-

ਚਿ ਰੀਗਾ ਮੁਕਾਬਲ ਬ ਅੰਮ੍ਰਿਤ ਸਰਸ਼॥
ਕਿ ਹਰ ਸ਼ਸਤੋ ਹਸ਼ਤ ਆਮਦਹ ਚਾਕਰਸ਼॥

ਸਿੱਖਾਂ ਦੇ ਏਹ ਭਰੋਸੇ ਇਸ ਕਿਸਮ ਦੇ ਹੋ ਗਏ ਸਨ ਕਿ ਓਹਨਾਂ ਦਾ ਸਿਦਕ ਆਪਣੇ ਸਤਿਗੁਰ ਪਰ, ਉਨ੍ਹਾਂ ਦੀ ਬਖਸ਼ੀ 'ਪਵਿੱਤ੍ਰਤਾ ਤੇ ਲਿਵ' ਵਿਚ ਸੀ। 'ਸਿਖ ਬਾਤਲ ਪ੍ਰਸਤੀ' ਝੂਠ ਦੀ ਪੂਜਾ ਤੋਂ ਪਾਰ ਹੋ ਚੁਕੇ ਸਨ। ਵਿਸਥਾਰ ਦਾ ਸਮਾਂ ਇਥੇ ਨਹੀਂ, ਕਾਫੀ ਹੈ ਇਹ ਜਾਣਨਾ ਕਿ ਸਚ ਦੀ ਜਗ-ਵੇਦੀ ਉੱਤੇ ਸਤਿਗੁਰ ਨੂੰ ਸਰੀਰ ਦੇਣਾ ਪਿਆ। ਸੋ ਹੁਣ 'ਅਰਜਨ ਕਮਾਲ' ਦੇਖੋ ਜੋ ਸਿਖਾਉਂਦੇ ਸਨ 'ਸੰਸਾਰ ਕੂੜਾ ਹੈ, ਦੇਹ ਅਨਿਸਥਿਰ ਹੈ', 'ਲਿਵ ਜੀਵਨ ਹੈ', ਤੇ ਓਹਨਾਂ ਨੇ ਤਸੀਹੇ ਭੋਗ ਕੇ ਮੌਤ ਨੂੰ ਮਖੌਲ ਕਰਕੇ ਦਿਖਾ ਦਿਤਾ ਕਿ ਚਬੂਤਰੇ ਤੇ ਖੜੋਕੇ ਇਹ ਕਹਿਣਾ ਹੋਰ ਗੱਲ ਹੈ, ਪਰ ਤੱਤੇ ਤਵੇ ਤੇ ਬੈਠਕੇ ਮੀਆਂ ਮੀਰ ਵਰਗੇ ਫਕੀਰ ਨੂੰ ਇਹ ਕਹਿਣਾ ਕਿ ਇਹ ਪ੍ਰਜਾਰੇ ਦੀ ਰਜ਼ਾ ਹੈ ਤੇ ਪਜਾਰੇ ਦੀ ਹੋਣ ਕਰਕੇ ਮਿੱਠੀ ਹੈ, ਇਕ ਕਮਾਲ ਹੈ, ਹਾਂ 'ਅਰਜਨ ਕਮਾਲ' ਹੈ।

ਸਿੱਖ ਗੁਰੂ ਸਾਹਿਬਾਂ ਦਾ ਵਡਾ ਕਮਾਲ ਰਿਹਾ ਹੈ:-

'ਅਮਲ' ਅਰਥਾਤ ਜੋ ਕਹਿਣਾ ਕਰ ਕੇ ਦਿਖਾਉਣਾ। ਸੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਮਾਲ ਕਰ ਦਿਤਾ, ਤਿਆਗ, ਵੈਰਾਗ, ਸੰਨਿਆਸ ਦਾ। ਜਦੋਂ ਮੀਆਂ ਮੀਰ ਨੇ ਤੱਤੇ ਤਵੇ ਤੇ ਬੈਠੇ ਵੇਖ ਕੇ ਕਿਹਾ, ਹੁਕਮ ਕਰੋ ਜੋ ਵੈਰੀਆਂ ਦਾ ਨਸ਼ਟ ਕਰਾਂ, ਤਾਂ ਬੋਲੇ ਜੋ ਹੋ ਰਿਹਾ ਹੈ, ਪ੍ਰੀਤਮ ਵਾਹਿਗੁਰੂ ਦੇ ਹੁਕਮ ਤੇ ਰਜ਼ਾ ਵਿਚ ਹੈ ਤੇ ਇਸ ਲਈ ਸੁਹਣਾ ਹੈ।

{ਗੁਰੂ ਹਰਿ ਗੋਬਿੰਦ ਜੀ}

ਹੁਣ ਛੇਵੇਂ ਸਤਿਗੁਰਾਂ ਦੀ ਵਾਰੀ ਆਈ। ਸਤਿਗੁਰਾਂ ਦੀ 'ਤਿਆਗ ਵੈਰਾਗ' ਦੀ 'ਘਾਟੀ' ਤੇ ਲਿਵ ਦੀ 'ਚੋਟੀ' ਨੂੰ ਸਮਝਣਾ ਕਠਨ ਕੰਮ ਹੈ। ਅਰੋ ਭੀ ਤੇ ਹੁਣ ਵੀ ਲੋਕੀਂ ਮਜ਼ਹਬ ਕਿਸੇ ਢਹਿੰਦੀ ਦਸ਼ਾ ਨੂੰ ਸਮਝਦੇ ਸਨ ਤੇ ਹਨ।

ਵਾਹਿਗੁਰੂ ਜੀ ਨਾਲ ਲਿਵ ਯਾ ਨਾਮ ਦੇ ਸੰਬੰਧ ਤੋਂ ਅਣਜਾਣ ਲੋਕ ਨਹੀਂ ਸਮਝਦੇ ਕਿ ਅਪਣੇ ਸਤਜ ਉਤੇ ਟਿਕੇ ਰਹਿਕੇ ਦੁੱਖ ਝੱਲਣਾ ਤੇ ਜਾਨ ਤਕ ਦੇ ਦੇਣੀ ਵੀ ਚੜ੍ਹਦੀਆਂ ਕਲਾਂ ਵਾਲੀ ਗਲ ਹੈ। ਪੰਜਵੇਂ ਪਾਤਸ਼ਾਹ ਦਾ ਨਿਰਦੋਸ਼ ਹੁੰਦੇ ਹੋਏ ਚੁਪ ਸ਼ਾਂਤੀ ਨਾਲ ਕਰੜੇ ਖੇਦ ਸਹਿਣੇ, 'ਸੀ' ਤਕ ਨਾ ਕਰਨੀ ਲਿਵਧਾਰੀ ਦੀ ਸਭ ਤੋਂ ਉੱਚੀ ਮਿਸਾਲ ਇਸ ਪ੍ਰਕਾਰ ਦੀ ਚੜ੍ਹਦੀ ਕਲਾ ਹੈ।

ਜਿਵੇਂ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:-

'ਸ਼ਬਦ ਸੁਰਤ ਲਿਵ ਮਿਰਗ ਜਯੋਂ ਭੀੜ ਪਈ
ਚਿਤ ਅਵਰ ਨ ਆਣੀ॥ ਚਰਨ ਕਵਲ ਮਿਲ
ਭਵਰ ਜਯੋਂ ਸੁਖ ਸੰਪਟ ਵਿਚ ਰੈਣ ਵਿਹਾਣੀ॥

ਕਮਾਲ ਇਹ ਸੀ ਕਿ ਸਰੀਰਕ ਖੇਦਾਂ ਦੇ ਵੇਲੇ ਲਿਵ ਨਹੀਂ ਟੁੱਟੀ, ਸੁਰਤ ਨਹੀਂ ਢੱਠੀ। ਸਭ ਤੋਂ ਵੱਡੀ ਬੀਰਤਾ ਇਹ ਹੈ ਕਿ ਸਰੀਰ ਦੇ ਤਸੀਹੇ ਅਤੇ ਪਦ ਤੋਂ ਹੇਠਾਂ ਨਾ ਲੈ ਆਉਣ, ਇਹ ਅਸਲ ਚੜ੍ਹਦੀ ਕਲਾ ਹੈ ਸੋ ਅਤਿ ਕਸ਼ਟਾਂ ਵਾਲੀ ਰਾਤ ਆਪਦੀ 'ਸੁਖ ਸੰਪਟ ਵਿਚ ਰੈਣ ਵਿਹਾਣੀ'। ਛੇਵੇਂ ਸਤਿਗੁਰਾਂ ਨੂੰ ਉਸ 'ਅਰਸ਼ੀ ਵਿੱਦਯਾ, ਅਰਸ਼ੀ ਉਨਰ, ਅਰਸ਼ੀ ਕਾਰੀਗਰੀ' ਦੇ ਪ੍ਰਚਾਰ ਵਿਚ ਇਹ ਗਲ ਸਪਸ਼ਟ ਕਰਨੀ ਪਈ ਕਿ ਸਿਖੀ ਮੁਰਦਾ ਹੋ ਜਾਣ ਦਾ ਤੇ ਢਹਿੰਦੀਆਂ ਕਲਾਂ ਦਾ ਨਾਉਂ ਨਹੀਂ। ਜੇ ਸਾਡੇ ਸਤਿਗੁਰ ਜੀ ਨੇ ਜ਼ੁਲਮ ਝੱਲੇ ਹਨ ਤਾਂ ਇਹ ਸਾਡੇ 'ਸਬਰ ਜੀਰਾਂਦ, ਜੇਰੇ, ਭਾਣੇ ਤੇ ਰਜ਼ਾ' ਦੇ ਕਮਾਲ ਹਨ, ਨਾਂ ਕਿ ਨਿਤਾਣਪੁਣੇ ਦੇ ਨਿਸ਼ਾਨ ਹਨ। ਇਹ ਗਲ ਜ਼ੁਬਾਨੀ ਕਹਿ ਛੱਡਣੀ ਨਹੀਂ, ਇਸਨੂੰ ਅਮਲ ਵਿਚ ਲਿਆਉਣਾ ਹੈ। ਅਸੀਂ ਦੱਸ ਆਏ ਹਾਂ ਕਿ ਸਿਖ ਗੁਰੂ ਸਾਹਿਬਾਂ ਦਾ ਇਕ ਕਮਾਲ 'ਅਮਲ' (ਕਰਨਾ) ਹੈ। ਛੇਵੇਂ ਸਤਿਗੁਰਾਂ ਦੱਸਿਆ-ਕਰਕੇ ਦੱਸਿਆ

-ਕਿ ਜੋ ਰੱਬਾਨੀ ਮੂਰਤਾਂ ਅਸਾਂ ਦਿਲਾਂ ਪਰ ਬਣਾਈਆਂ ਹਨ ਓਹ:-

'ਕਰਮ ਖੰਡ ਕੀ ਬਾਣੀ ਜੋਰੁ' ਦੇ ਰੂਹਾਨੀ ਅਸਲੇ ਵਾਲੀਆਂ ਹਨ, ਓਹ ਖਰਗੋਸ਼ ਵਾਂਗੂ ਭੱਜ ਜਾਣਾ ਨਹੀਂ, ਪਰ ਉਹ ਜੀਵਨ ਸ਼ਕਤੀ ਦਾ ਉਮਾਹ ਹੈ। ਸੋ ਓਹਨਾਂ ਨੇ ਤਲਵਾਰ ਫੜੀ, ਇਹ ਤਲਵਾਰ ਨਫਰਤ ਤੋਂ, ਕੀਨੇ ਤੋਂ, ਵੈਰ ਤੋਂ ਨਹੀਂ ਫੜੀ। ਸਿਖਾਂ ਵਿਚ ਤਲਵਾਰ 'ਨਫਰਤ' ਦਾ ਹਥਿਆਰ ਨਹੀਂ, ਇਹ ਰਖਜਾ ਦੀ ਢਾਲ ਹੈ ਅਰ ਚੜ੍ਹਦੀ ਕਲਾ ਦਾ ਅਮਲੀ ਚਿੰਨ੍ਹ* ਹੈ। ਜਦ ਸੁਰਤ ਚੜ੍ਹਦੀ ਕਲਾ ਵਿਚ ਹੋਵੇ, ਮਨ ਲਿਵ ਵਿਚ ਹੋਵੇ, ਕਾਰਨ ਪਵਿੱਤ੍ਰਤਾ ਦੇ, ਇਖ਼ਲਾਕ ਦੇ, ਦੀਨ ਰੱਖਜਾ ਦੇ ਹੋਣ, ਤਦ ਤਲਵਾਰ ਧੂਹਣੀ ਜ਼ੁਲਮ ਅਗੇ ਢਾਲ ਪੇਸ਼ ਕਰਨੀ ਹੈ ਅਰ ਪੇਸ਼ ਕਰਨ ਵਾਲੇ ਰੂਹਾਨੀ ਜੀਵਨ ਦੀ ਨਿਸ਼ਾਨੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਾਵਾਰ ਸਾਕੇ ਨੇ ਦੱਸ ਦਿੱਤਾ ਕਿ ਹੁਣ 'ਜੀਉ ਉਠੈ' ਲੋਕਾਂ ਦੀ ਰਖਜਾ ਈਰਖਾ ਵਾਲਿਆਂ ਤੋਂ ਲੋੜੀਂਦੀ ਸੀ! ਨਹੀਂ ਤਾਂ ਮੂਰਖਾਂ ਨੇ ਇਹ 'ਅਰਸ਼ੀ ਚਿੱਤ੍ਰਸ਼ਾਲਾ' ਉਡਾ ਦੇਣ ਦੀ ਠਾਣੀ ਹੋਈ ਸੀ। ਗੁਰੂ ਅਰਜਨ ਜੀ ਦੇ ਜੇਰੇ ਨੇ ਜ਼ਾਲਮਾਂ ਵਿਚ ਪਸਚਾਤਾਪ ਪੈਦਾ ਨਹੀਂ ਕੀਤਾ, ਸਗੋਂ ਲਿਵਧਾਰੀ ਦੀ ਉਸ ਸੂਰਮ-ਗਤੀ ਤੇ ਚੜ੍ਹਦੀ ਕਲਾ ਨੂੰ ਢਹਿੰਦੀ ਕਲਾ ਸਮ-ਝਿਆ ਗਿਆ। ਤਦ ਛੇਵੇਂ ਸਤਿਗੁਰ ਖੜਗ ਫੜਦੇ ਤੇ ਚੜ੍ਹਦੀਆਂ ਕਲਾਂ ਦਾ ਅਮਲੀ ਵਰਤਾਰਾ ਵਰਤਦੇ ਹਨ, ਪਰ ਦੇਖੋ ਤਲਵਾਰ ਪਕੜਕੇ ਜ਼ੁਲਮ ਨਹੀਂ ਕਰਦੇ, ਜ਼ੁਲਮ ਰੋਕਦੇ ਹਨ ਤੇ ਦੱਸਦੇ ਹਨ ਕਿ ਤਲਵਾਰ ਲਿਵ ਵਾਲੇ ਦੇ ਹੱਥ ਵਿਚ ਜ਼ੁਲਮ ਦਾ ਮ਼ਸਤ੍ਰ ਨਹੀਂ, ਪਰ ਰੱਖਜਾ ਦੀ ਢਾਲ ਹੈ। ਆਪ ਦਾ ਦੂਜਾ ਕਮਾਲ ਇਹ ਹੈ ਕਿ ਤਲਵਾਰ ਸੂਤੀ ਵਿਚ ਭੀ ਫਕੀਰੀ ਕਮਾਲ, ਅਰਸ਼ੀ ਕਮਾਲ ਕਾਇਮ ਰਖਜਾ। ਭਾਈ ਨੰਦ ਲਾਲ ਜੀ ਸਾਖ ਭਰਦੇ ਹਨ :-

੧. 'ਗੁਰੂ ਹਰਿਗੋਬਿੰਦ ਆਂ ਸਰਾਪਾ ਕਰਮ,
ਕਿ ਮਕਬੂਲ ਸ਼ੁਦ ਜ਼ੋ ਸ਼ਕੀਓ ਦਯੱਮ॥

*Symbol.

੨. ਫਜ਼ਾਲੋ ਕਰਾਮਸ਼ ਫ਼ਜ਼ੂੰ ਅਜ਼ ਹਿਸਾ,
ਸ਼ਕੋਹਸ਼ ਹਮਾ ਫੱਰਰਾਹੇ ਕਿਬਰਯ਼ਾ॥
੩. ਵਜ਼ੂਦਸ਼ ਸਰਾਪਾ ਕਰਮ ਹਾਏ ਹਕ਼,
ਜ਼ਿ ਖਾਸਾਂ ਰਬਾਇੰਦਹ ਗੋਏ ਸਬਕ॥
੪. ਹਮ ਅਜ਼ ਫ਼ਕਰ ਹਮ ਸਲਤਨਤ ਨਾਮਵਰ,
ਬਫ਼ੁਰਮਾਨੇ ਓ ਜ਼ੁਮਲਾ ਜ਼ੇਰੋ ਜ਼ਬਰ॥
੫. ਦੁਆਲਮ ਮੁਨੱਵਰ ਜ਼ਿ ਅਨਵਾਰੇ ਊ,
ਹਮਾ ਤਿਸ਼ਨਾਏ ਫੈਜ਼ੇ ਦੀਦਾਰੇ ਊ॥'

ਅਰਥ-(੧) ਗੁਰੂ ਹਰਿਗੋਬਿੰਦ ਸਿਰ ਤੋਂ ਪੈਰਾਂ ਤਕ ਬਖ਼ਸ਼ਿਸ਼ਾਂ ਵਾਲੇ, ਉਨ੍ਹਾਂ ਦੇ ਜ਼ਰੀਏ ਵੱਡੇ ਵੱਡੇ ਪਾਪੀ ਤੇ ਸ਼ੋਕਾਤੁਰ (ਦਰਗਾਹ ਰੱਬ ਦੀ ਵਿਚ) ਕਬੂਲ ਹੋ ਗਏ। (੨) ਬਜ਼ੁਰਗੀ ਤੇ ਕਰਾਮਾਤ ਉਮ ਦੀ ਅਨਗਿਣਤ ਹੈ, ਉਸਦਾ ਦਬਦਬਾ ਸਾਰਾ ਰੱਬੀ ਦਬਦਬਾ ਹੈ। (੩) ਉਸਦਾ ਵਜ਼ੂਦ ਸਿਰ ਤੋਂ ਪੈਰਾਂ ਤੀਕਰ ਰੱਬੀ ਬਖਸ਼ਿਸ਼ਾਂ ਦਾ, ਸਭ ਖਾਸ ਲੋਕਾਂ (ਰੱਬੀ ਲੋਕਾਂ) ਤੋਂ ਵਧ ਜਾਣ ਵਾਲਾ (ਵੱਡਾ) ਹੈ। (੪) ਬਾਦਸ਼ਾਹੀ ਤੇ ਫਕੀਰੀ ਦੋਹਾਂ ਵਿਚ ਉੱਘਾ, ਹੇਠਲੇ ਤੇ ਉੱਪਰਲੇ ਸਭ ਉਸ ਦੇ ਹੁਕਮ ਵਿਚ। (੫) ਉਸ ਦੇ ਨੂਰ ਤੋਂ ਦੋ ਜਹਾਨ ਪ੍ਰਕਾਸ਼ਮਾਨ ਹਨ ਤੇ ਸਭ ਉਸ ਦੇ ਦਰਸ਼ਨ ਦੀ ਮਿਹਰ ਦੇ ਤਿਹਾਏ ਹਨ।

ਸੋ ਛੇਵੇਂ ਸਤਿਗੁਰਾਂ ਨੇ ਚੜ੍ਹਦੀਆਂ ਕਲਾਂ ਵਿਚ ਰਹਿ ਕੇ ਪੰਥ ਨੂੰ ਸੱਚ ਲਈ ਮਰਨ ਦੀ ਜਾਚ ਸਿਖਾਈ। ਕਿਉਂਕਿ ਸਾਰੇ ਸਤਿਸੰਗੀ ਇਕ ਦਰਜੇ ਦੇ ਉੱਚੇ ਨਹੀਂ ਸਨ, ਸੋ ਉੱਚਿਆਂ ਨੂੰ ਦੂਸਰਿਆਂ ਦੀ ਰੱਖਜਾ ਦੀ ਜਾਚ ਸਿਖਾਈ, ਜਗਤ ਪਰ ਹੋ ਰਹੇ ਜ਼ੁਲਮ ਨੂੰ, ਜੇ ਹੋਰ ਹੀਲਿਆਂ ਨਾਲ ਨਾ ਹਟੇ ਤਾਂ, ਤਲਵਾਰ ਹੱਥ ਵਿਚ ਲੈ ਕੇ ਆਪਣੀ ਜਾਨ ਹੂਲਕੇ ਹਟਾਉਣ ਦੀ ਜਾਚ ਸਿਖਾਈ, ਗੱਲ ਕੀਹ ਆਪਣੇ ਅਰਸ਼ੀ ਚਿੱਤ੍ਰਸ਼ਾਲਾ ਨੂੰ ਤਲਵਾਰ ਦੀ ਢਾਲ ਬਣਾ ਕੇ, ਉਸ ਦੀ ਰੱਖਿਆ ਦਾ ਬਾਨ੍ਹਣੂ ਬੰਨ੍ਹ ਕੇ, ਫਕੀਰੀ ਨੁਕਤੇ ਤੋਂ ਕਿਤੇ ਨਾ ਉੱਖੜ ਕੇ ਛੇਵੇਂ ਸਤਿਗੁਰਾਂ ਨੇ 'ਗੁਰ ਹਰਿਗੋਬਿੰਦ ਕਮਾਲ' ਦਿਖਾਇਆ।

{ਗੁਰੂ ਹਰਿਰਾਇ ਜੀ}

ਹੁਣ ਸੱਤਵੇਂ ਸਤਿਗੁਰਾਂ ਦੀ ਵਾਰੀ ਆਈ!

ਸਿੱਖੀ ਅਸੂਲ ਗ੍ਰਿਹਸਤ ਦਾ ਸੀ, ਗ੍ਰਿਹਸਤ

ਵਿਚ ਸਾਰੇ ਤਬਕੇ ਹੁੰਦੇ ਹਨ, ਛੇਵੇਂ ਸਤਿਗੁਰਾਂ ਨੇ ਸਿੱਖੀ ਤਬਕੇ ਵਿਚ ਤਲਵਰੀਏ ਸਿੱਖ ਪੈਦਾ ਕੀਤੇ, ਪਰ ਗ੍ਰਿਹਮਤ ਆਸ਼ਰਮ ਦੇ ਭਾਈਚਾਰੇ ਲਈ ਕੁਛ ਪੱਕੇ ਰਾਜ ਘਰਾਂ ਦੀ ਲੋੜ ਸੀ, ਜੋ ਕੌਮ ਵਿਚ ਸਰਦਾਰੀ ਤੋਂ ਲੈ ਮਜ਼ਦੂਰੀ ਤਕ ਸਾਰੇ ਗ੍ਰਿਹਸਤ ਦੇ ਲੋਕ ਅਮਲੀ ਤੌਰ ਤੇ ਹੋਣ ਤੇ ਦੱਸਣ ਕਿ ਹਰ ਪੇਸ਼ੇ ਤੇ ਕਮਾਮ, ਹਰ ਤਬਕੇ ਤੇ ਰੰਗ ਵਿਚ ਗ੍ਰਿਹਸਤੀ 'ਪਵਿੱਤ੍ਰ ਤੇ ਲਿਵ' ਵਾਲਾ ਹੋ ਸਕਦਾ ਹੈ! ਜੇ ਅੰਦਰ ਤ੍ਰਿਸ਼ਨਾਂ ਨਹੀਂ, ਪਵਿੱਤ੍ਰਤਾ ਹੈ, ਜੇ ਅੱਠ ਪਹਿਰੀ ਲਗਾਉ 'ਅਨੰਤ' ਵਲ ਰਹਿੰਦਾ ਹੈ ਤਾਂ ਗੋਦੜੀ ਤੇ ਬੈਠਣਾ ਤੇ ਤਖ਼ਤ ਤੇ ਬੈਠਣਾ ਇਕ ਅਰਥ ਰੱਖਦਾ ਹੈ, ਇਸ ਲਈ ਸਿਖਾਂ ਵਿਚ ਰਾਜ ਘਰਾਣਿਆਂ ਦੀ ਨੀਂਹ ਧਰ ਦਿੱਤੀ! ਆਪ ਦੇ ਹੀ ਵਰਦਾਨ ਨਾਲ ਫੂਲਕੇ ਰਾਜੇ, ਬਾਹੀਏ ਸਰਦਾਰ ਤੇ ਅਨੇਕ ਜਾਗੀਰਦਾਰ ਪੈਦਾ ਹੋਏ ਤੇ ਪਰਜਾ ਪਾਲਣ ਵਾਲੇ ਨਮੂਨੇ ਦੇ ਸਿੱਖ ਬਣੇ। ਜਥੇਦਾਰ ਜਸਾ ਸਿੰਘ, ਮਹਾਰਾਜਾ ਆਲਾ ਸਿੰਘ, ਮਹਾਰਾਜਾ ਕਰਮ ਸਿੰਘ ਆਦਿਕ ਕਈ ਰਾਜੇ ਫਕੀਰੀ ਤੇ ਅਮੀਰੀ ਦੇ ਅਮਲੀ ਸਿਖ ਜੀਵਨ ਬਿਤੀਤ ਕਰਕੇ ਦਿਖਾ ਗਏ ਹਨ।

ਸੱਤਵੇਂ ਸਤਿਗੁਰ ਨੇ ਉਹੋ 'ਨਾਨਕ ਕਮਾਲ' ਲਿਵ ਦਾ ਦਿਖਾਇਆ ਤੇ ਵਰਤਿਆ। ੨੨੦੦ ਸਵਾਰ ਫੌਜ ਰੱਖੀ, ਪਰ ਜੰਗ ਇਕ ਨਹੀਂ ਕੀਤਾ। ਸਿੱਖਾਂ ਵਿਚ ਚੜ੍ਹਦੀਆਂ ਕਲਾਂ ਤੇ ਬੀਰਤਾ ਵਧਾਈ, ਪਰ ਤਲਵਾਰ ਧੂਹਣ ਦੀ ਲੋੜ ਨਹੀਂ ਪਈ, ਬੇ-ਲੋੜ ਤਲਵਾਰ ਮਿਆਨੋਂ ਨਾ ਕੱਢੀ। ਸਾਰੀ ਉਮਰ ਤੀਸਰੀ ਪਾਤਸ਼ਾਹੀ ਵਾਂਗੂ ਬੜੇ ਉੱਚੇ ਦਰਜੇ ਦਾ ਪ੍ਰਚਾਰ ਕੀਤਾ, ਵਾਹਿਗੁਰੂ ਦੇ ਸੱਚਖੰਡ ਲਈ ਰੱਬੀ ਮੂਰਤਾਂ ਦਿਲਾਂ ਤੇ ਚਿੱਤ੍ਰੀਆਂ!

{ਗੁਰੂ ਹਰਿ ਕ੍ਰਿਸ਼ਨ ਜੀ}

ਅੱਠਵੇਂ ਸਤਿਗੁਰਾਂ ਨੂੰ ਬੜਾ ਥੋਹੜਾ ਵਕਤ ਮਿਲਿਆ, ਪਰ ਉਨ੍ਹਾਂ ਨੇ ਇੰਨੇ ਅਰਸੇ ਵਿਚ ਆਪਣੇ ਰੂਹਾਨੀ ਕਮਾਲ ਨੂੰ ਵਬਾਈ ਰੋਗਾਂ ਦੇ ਦੂਰ ਕਰਨ ਵਿਚ ਖਰਚ ਕੀਤਾ। ਇਸ ਕਰਕੇ ਓਹਨਾਂ ਦਾ ਬਿਰਦ ਮਸ਼ਹੂਰ ਹੋ ਗਿਆ 'ਜਿਸ ਡਿਠਿਆਂ ਮਭ ਦੁਖੁ ਜਾਇ'। ਲਿਵ ਦਾ ਪ੍ਰਚਾਰ ਕੀਤਾ ਅਰ ਅਮਲੀ ਸਬੂਤ ਰੂਹਾਨੀ ਸ਼ਕਤੀ ਦੇ ਤੀਸਰੀ ਪਾਤਸ਼ਾਹੀ ਵਾਂਗੂ ਰੋਗੀ ਰਾਜ਼ੀ ਕਰਨ ਦੇ ਦਿਖਾਏ। ਬਚਨ ਪਾਲਨਾ ਤੇ ਔਰੰਗਜ਼ੇਬ ਅਗੇ ਅਡੈ ਰਹਿਣਾ, ਜ਼ੁਲਮ ਅਗੇ ਨਾ ਝੁਕਣਾ, ਕਰਕੇ ਦਸਿਆ ਕਿ ਲਿਵਧਾਰੀ ਲੋਕ ਬੇ-ਆਜ਼ਾਰ ਹਨ। **'ਭੈ ਕਾਹੂ ਕਉ ਦੇਤ ਨਹਿ'** ਦਰਜੇ ਬੇ-ਆਜ਼ਾਰ ਹਨ, ਪਰ **'ਨਹਿ ਭੈ ਮਾਨਤ ਆਨਿ'** ਦੇ ਰੂਹਾਨੀ ਔਜ ਵਾਲੇ ਪੀਡੇ ਤੇ ਨਿੱਗਰ ਭੀ ਹਨ।

{ਗੁਰੂ ਤੇਗ ਬਹਾਦਰ ਜੀ}

ਨਾਵੀਂ ਪਾਤਸ਼ਾਹੀ ਨੇ **'ਸਾਧੋ ਇਹ ਤਨ ਮਿਥਿਆ ਜਾਨੋ'** ਦਾ ਸਬਕ ਦੇ ਕੇ ਸਿਖਾਂ ਵਿਚ ਆ ਰਹੀ ਸਰਦਾਰੀ ਵਿਚ ਅਸਲੀਅਤ ਦੇ ਗੁੰਮ ਹੋ ਜਾਣ ਤੋਂ ਬਚਾਏ ਰੱਖਣ ਲਈ ਉਪਦੇਸ਼ ਦਿੱਤਾ। ਉਹ 'ਨਾਨਕ ਕਮਾਲ' ਆਪ ਵਿਚ ਸੀ, ਪਰੰਤੂ ਜੀਕੂੰ ਪੰਜਵੀਂ ਪਾਤਸ਼ਾਹੀ ਦੇ ਸਾਕੇ ਨੂੰ ਝੱਲਕੇ ਚੁੱਪ ਕਰ ਰਹਿਣ ਤੋਂ ਸਿੱਖਾਂ ਵਿਚ ਢਹਿੰਦੀਆਂ ਕਲਾਂ ਦੇ ਆਵੇਸ਼ ਦਾ ਡਰ ਸੀ, ਤਿਵੇਂ ਛੇਵੀਂ ਤੇ ਅੱਠਵੀਂ ਪਾਤਸ਼ਾਹੀ ਦੇ ਚੜ੍ਹਦੀਆਂ ਕਲਾਂ ਦੇ ਅਮਲੀ ਜੀਵਨ ਤੋਂ ਹੁਣ ਇਹ ਖਿਆਲ ਸੀ ਕਿ ਮਤੇਂ ਸਿੱਖ 'ਰਾਜ਼ਮਸਤ' ਹੋ ਜਾਣ ਤੇ ਵੈਰ ਵਿਚ ਚਲੇ ਜਾਣ ਤੇ ਆਖਣ ਸਤਿਗੁਰ ਦਾ ਠਾਠ ਨਿਰਾ ਅਮੀਰੀ ਹੈ, ਇਸ ਕਰਕੇ ਆਪ ਨੇ ਕਮਾਲ ਦਰਜੇ ਦਾ ਵੈਰਾਗ ਸਿਖਾਇਆ। ਜਗਤ ਦੀ ਬੇਅਸਾਰਤਾ ਵਲ ਵਧੀਕ ਰੁਖ਼ ਕਰਾਇਆ, ਤਾਂ ਜੋ ਸਿੱਖਾਂ ਦੇ ਮਨ ਦਾ ਤਖ਼ਤਾ 'ਰੱਬੀ-ਨਕਸ਼ਾਂ' ਲਈ ਸਾਫ ਰਹੇ। ਰਾਜ ਵਿਚ ਜੋਗੀ ਰਹਿਣ, ਰੱਬ ਨਾਲ ਜੁੜੇ ਜੋਗੀ, ਲਿਵ ਵਾਲੇ ਜੀਵੇ ਪੁਰਖ ਰਹਿਣ! ਜਿੱਕੂੰ ਈਸਾ ਜੀ ਦੇ ਚੇਲੇ ਰਾਜ ਵਲ ਝੁਕੇ 'ਵਾਹਿਗੁਰੂ-ਪ੍ਰੀਤ' ਨੂੰ ਭੁੱਲ ਗਏ ਤੇ ਹੁਣ ਕਿਤਨੇ ਖ਼ੂਨ ਖ਼ਰਾਬੇ ਜਗਤ ਵਿਚ ਕਰ ਰਹੇ ਹਨ, ਜਗਤ ਨੂੰ ਗੁਲਾਮ ਬਣਾ ਰਹੇ ਤੇ ਆਪੋ ਵਿਚ ਕਟਾਵਢ ਕਰ ਰਹੇ ਹਨ ਤੇ ਕਈ ਥਾਈਂ ਈਸਾ ਦੇ ਹੀ ਗਿਰਜੇ ਤੇ ਪੁਸਤਕਾਲਯ ਸਾੜ ਰਹੇ ਹਨ*।

'ਮਾਦੀ ਜੀਵਨ ਵਿਚ ਆਕੇ ਸਿੱਖ ਇਖਲਾਕੀ ਤੇ ਰੂਹਾਨੀ ਜੀਵਨ ਨੂੰ ਭੁੱਲ ਨਾ ਜਾਣ' ਨਾਵੇਂ

*ਪਿਛਲੇ (੧੯੧੪-੧੯) ਦੇ ਜੰਗ ਵਿਚ ਕਈ ਗਿਰਜੇ ਤੇ ਪੁਸਤਕਾਲਯ ਸਾੜੇ ਗਏ ਸਨ। ਹੁਣ ਦੇ ਜੰਗ (੧੯੩੯) ਵਿਚ ਤਾਂ ਜ਼ੁਲਮਾਂ ਦੀ ਓੜਕ ਹੀ ਹੋ ਗਈ ਹੈ।

ਸਤਿਗੁਰਾਂ ਦਾ ਪ੍ਰਯੋਜਨ ਇਹ ਸੀ। ਫੌਜ ਸਤਿਗੁਰ ਪਾਸ ਸੀ, ਆਨੰਦਪੁਰ ਸ਼ਹਿਰ ਪਹਾੜੀ ਪਨਾਹ ਵਿਚ ਭੀ ਬਣਾ ਲਿਆ ਸੀ, ਕਿਲ੍ਹਾ ਭੀ ਸੀ, ਪਰ ਫੇਰ ਪੰਜਵੇਂ ਸਤਿਗੁਰਾਂ ਵਾਂਗ 'ਭਾਣੇ ਤੇ ਜੀਰਾਂਦ' ਦਾ ਨਮੂਨਾ ਦਿਖਾਇਆ, ਤਨ ਮਿਥਿਆ ਸਿਖਾਇਆ ਸੀ ਤੇ ਸਿਰ ਦੇ ਕੇ ਕਮਾਲ ਕਰ ਦਿਤਾ। ਫੌਜ ਤੇ ਤਲਵਾਰ ਸੀ, ਪਰ ਵਰਤੀ ਨਹੀਂ। ਇਹ ਪੰਜਵੀਂ ਤੋਂ ਦਸਵੀਂ ਤਕ 'ਰਾਜ-ਜੋਗ' ਦੇ ਕਮਾਲ ਸਤਿਗੁਰਾਂ ਨੇ ਆਪਣੇ 'ਨਾਨਕ ਕਮਾਲ' ਦੀ ਕਾਮਯਾਬੀ ਖ਼ਾਤਰ, ਪੰਥ ਵਿਚ ਅਮਲੀ ਜੀਵਨ ਦੇ ਕਾਇਮ ਕਰਨ ਲਈ ਕੀਤੇ। ਨਾਵੇਂ ਸਤਿਗੁਰਾਂ ਦੀ ਬਾਣੀ, ਪ੍ਰਚਾਰ, ਸਫਰ, ਪਹਿਲੀ ਪਾਤਸ਼ਾਹੀ ਵਾਂਗ ਹਨ! ਨਾਵੇਂ ਸਤਿਗੁਰਾਂ ਦੀ ਬਾਣੀ ਵੈਰਾਗਮਈ ਸਮਝਕੇ ਉਦਾਸੀ ਦੀ ਮੰਨੀ ਜਾਂਦੀ ਹੈ, ਪਰ ਓਹਨਾਂ ਦੀ ਬਾਣੀ ਨਿਰਭੈਤਾ ਦਾ ਮੂਲ ਹੈ, ਜੋ ਸਚੀ ਖੁਸ਼ੀ ਤੇ ਉਤਸ਼ਾਹ ਉਮਾਹ ਦੀ ਜਿੰਦ ਜਾਨ ਹੈ। ਸਤਿਗੁਰ ਫੁਰਮਾਉਂਦੇ ਹਨ **'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥'** ਫਿਰ ਇਹ ਅਸੂਲ ਕਹਿਕੇ ਆਪ ਔਰੰਗਜ਼ੇਬ ਵਰਗੇ ਜ਼ਾਲਮ ਦਾ 'ਭੈ ਨਹੀਂ ਮੰਨਦੇ' ਮੌਤ ਦਾ ਭੈ ਨਹੀਂ ਮੰਨਦੇ, ਬਦਨਾਮੀ ਦਾ ਭੈ ਨਹੀਂ ਮੰਨਦੇ, ਤਲਵਾਰ ਦੀ ਧਾਰ ਦਾ ਭੈ ਨਹੀਂ ਮੰਨਦੇ, ਮਰਦਾਂ ਦੇ ਮਰਦਾਨ ਤੇਗ ਦੇ ਅਗੇ ਖੜੋ ਕੇ ਦਸਦੇ ਹਨ **'ਸਾਧੋ ਇਹ ਤਨੁ ਮਿਥਿਆ ਜਾਨਉ'**। ਕਿਸੇ ਪਰਬਤ ਦੀ ਕੁੱਖ ਵਿਚ ਲੁਕਕੇ ਉਦਾਸ ਬੈਠੇ ਤੇ ਹਾਇ ਹਾਇ ਕਰਦੇ ਤਨ ਨੂੰ ਮਿਥਿਆ ਨਹੀਂ ਦਸਦੇ। ਹਾਂ, ਆਪਣੇ ਅਸੂਲ, ਅਪਣੇ ਲਿਵ ਦੇ ਜੀਵਨ ਤੋਂ ਤਨ ਵਾਰ ਦੇਂਦੇ ਹਨ। ਇਕ ਗਲ ਹੋਰ ਸਮਝਣ ਵਾਲੀ ਹੈ: ਅਪਣੇ ਈਮਾਨ ਤੇ ਅਸੂਲ ਤੋਂ ਯਾ ਅਪਣੇ ਮਜ਼ਹਬ ਤੋਂ ਤਾਂ ਸ਼ਹੀਦੀਆਂ ਪਾਉਣ ਵਾਲੇ ਆਪ ਨੂੰ ਭਲੇ ਪੁਰਖ ਇਤਿਹਾਸ ਵਿਚ ਮਿਲਨਗੇ ਪਰ ਦੂਸਰੇ ਦੇ ਧਰਮ ਦੀ ਖਾਤਰ ਕਿ ਉਸਨੂੰ ਅਪਣੇ ਧਰਮ ਵਿਚ ਖੁੱਲ੍ਹ ਕਾਇਮ ਰਹੇ, ਕਿਸੇ ਨੇ ਸੀਸ ਦਿਤਾ ਹੋਵੇ ਇਹ ਮਿਸਾਲ ਮੈਨੂੰ ਤਾਂ ਨਹੀਂ ਕਦੇ ਲੱਭੀ ਸਿਵਾ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੇ। ਇਹ ਨੁਕਤਾ ਦਸਵੇਂ ਪਾਤਸ਼ਾਹ ਨੇ ਗੁਰੂ ਤੇਗ ਬਹਾਦਰ ਜੀ ਬਾਬਤ ਆਪ ਵਰਣਨ ਕੀਤਾ ਹੈ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।

ਉਨ੍ਹਾਂ ਦਾ, ਅਰਥਾਤ ਹਿੰਦੂਆਂ ਦਾ ਤਿਲਕ ਜੰਞੂ ਵਾਲਾ ਧਰਮ ਬਚਾ ਦਿਤਾ, ਕਲਜੁਗ ਵਿਚ ਇਹ ਬੜਾ ਭਾਰੀ ਸਾਕਾ ਕਰ ਦਿਖਾਇਆ। ਇਹ ਹੈ ਗੁਰੂ ਤੇਗ ਬਹਾਦਰ ਜੀ ਦੇ ਉਪਕਾਰੀ ਕਮਾਲਾਂ ਵਿਚੋਂ ਇਕ ਅਦੁਤੀ ਕਮਾਲ।

{ਸ੍ਰੀ ਗੁਰੂ ਗੋਬਿੰਦ ਸਿੰਘ ਜੀ}

ਹੁਣ ਆਈ ਸ੍ਰੀ ਗੁਰੂ ਕਲਗੀਧਰ ਜੀ ਦੀ ਵਾਰੀ।

ਆਪਦਾ ਵਜੂਦ ਦਸਾਂ ਪਾਤਸ਼ਾਹੀਆਂ ਦੇ ਸਰੀਰੀ ਵਜੂਦ ਵਿਚੋਂ 'ਨਾਨਕ ਕਮਾਲ' ਦਾ ਗੁਰੂ ਰੂਪ ਵਜੂਜ਼ ਆਖ਼ਰੀ ਸੀ। ਇਸ ਵੇਲੇ ਜੀ ਉਠੇ ਲਿਵਧਾਰੀ ਲੋਕਾਂ ਦੇ ਦੁਆਲੇ ਜਗਤ ਨੇ ਪੂਰਨ ਤਬਾਹੀ ਦਾ ਸਾਮਾਨ ਕਰ ਰਖਿਆ ਸੀ।

'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥'

{ਮਾਝ:ਵਾਰ-੧੬}

ਸਤਿਨਾਮੀ ਫਿਰਕੇ ਨੂੰ ਔਰੰਗਜ਼ੇਬ ਤਹਤੇਗ ਕਰ ਚੁਕਾ ਸੀ, ਕਈ ਬੇਨਵਾ ਫਕੀਰ ਡੋਬੇ ਜਾ ਚੁਕੇ ਸੇ, ਕਈ ਸੂਫੀ ਫਕੀਰ ਕਤਲ ਹੋ ਚੁਕੇ ਸੇ। ਕਸ਼ਮੀਰੀ ਬ੍ਰਹਮਣ ਤੇ ਕੌਮਾਂ ਦੀਆਂ ਕੌਮਾਂ ਜਬਰਨ ਮੁਸਲਮਾਨ ਕੀਤੀਆਂ ਜਾ ਰਹੀਆਂ ਸਨ, ਰਾਜਪੂਤ ਧੀਆਂ ਦੇ ਕੇ ਜ਼ੇਰ ਹੋ ਚੁਕੇ ਸਨ। ਔਰੰਗਜ਼ੇਬ ਦੀ ਸ਼ਰ੍ਹਾ ਤੇ ਜ਼ੁਲਮ ਇਸ ਵੇਲੇ ਜ਼ੋਰਾਂ ਵਿਚ ਸੀ। ਹਿੰਦੂ ਬਰਤਰਫ਼ ਕੀਤੇ ਗਏ, ਮੰਦਰ ਢਾਹੇ ਗਏ, ਤੀਰਥ ਯਾਤ੍ਰਾ ਕ੍ਰੀਬਨ ਬੰਦ ਤੇ ਉਤੋਂ ਤੇਗ ਜਾਰੀ ਕਿ ਮੁਸਲਮਾਨ ਕਰੋ। ਇਸ ਵੇਲੇ ਸਿਖ ਫਿਰਕਾ ਉਸ ਨੂੰ ਇਕ ਭਾਰੀ ਕੰਟਕ ਦਿਸਦਾ ਸੀ। ਇਹ ਫਿਰਕਾ ਇਕ ਫਕੀਰੀ ਫਿਰਕਾ ਸੀ, ਇਹ ਫਕੀਰ ਖ਼ੁਦੀ ਤੇ ਖ਼ੁਦਾ (ਆਪੇ ਤੇ ਰੱਬ) ਦੇ ਡੂੰਘੇ ਭੇਤਾਂ ਤੋਂ ਵਾਕਫ ਸਨ। ਇਹ ਜੰਗਲੀਂ ਵੱਸਣ ਵਾਲੇ ਬੈਰਾਗੀ ਨਹੀਂ ਸੇ। ਇਹ ਇਖ਼ਲਾਕੀ ਮੇਆਰਜ ਤੋਂ ਨਿਪੁੰਸ-ਕਤਾ ਵਲ ਝੁਕ ਗਏ ਕਾਇਰ ਨਹੀਂ ਸੇ। ਇਹ ਪਰਮੇਸ਼ੁਰ ਤੋਂ ਡਰਦੇ, ਪਰ ਮਾਇਆ ਤੋਂ ਅਭੈ ਤੇ ਬੇਲੋੜ ਸੇ। ਇਹ ਮਰਦ ਸੇ, ਮਰਦ ਦੇ ਚੇਲੇ ਸੇ ਤੇ ਮਰਦਊਪਨੇ ਵਿਚ ਜੀਉ ਉਠੇ ਸੇ। ਇਨ੍ਹਾਂ ਦੀ ਮਰਦਊ ਰੂਹਾਨੀਅਤ ਦੇ ਸ਼ਿਖਰੀਂ ਜਾ ਚੜ੍ਹੀ ਸੀ, ਇਨ੍ਹਾਂ ਦੇ ਰੰਗ ਪਾਤਸ਼ਾਹ ਨੂੰ ਪਤਾ ਸਨ। ਸੋ ਐਉ ਜਾਪਦਾ ਹੈ ਕਿ ਉਸਨੇ ਪਹਿਲੇ ਤਾਂ ਪਹਾੜੀ

ਰਾਜੇ ਇਨ੍ਹਾਂ ਦੇ ਗਲੇ ਪਾਏ ਕਿ ਹਿੰਦੂ ਆਪੋ ਵਿਚ ਕਟ ਮਰਨ ਤੇ ਮੈਨੂੰ ਕੁਛ ਨਾ ਕਰਨਾ ਪਵੇ। ਪਾਤਸ਼ਾਹ ਨੂੰ ਪਤਾ ਸੀ ਕਿ ਸਿਖਾਂ ਦੀ ਰਵਸ਼ ਵੱਖਰੀ ਹੈ ਤੇ ਹਿੰਦੂ ਅਕਬਰ ਦੇ ਵੇਲੇ ਤੋਂ ਦੰਦ ਪੀਹ ਰਹੇ ਹਨ; ਇਨ੍ਹਾਂ ਨੂੰ ਇਸ਼ਾਰਾ ਦੇਕੇ ਸਿਖਾਂ ਦੇ ਗਲ ਪਾ ਦੇਣਾ ਰਾਜਨੀਤੀ ਹੈ। ਦੂਜੇ ਪਾਸੇ ਸਿਖਾਂ ਦਾ ਇਨ੍ਹਾਂ ਪਹਾੜੀ ਰਾਜਿਆਂ ਅਗੇ ਸਹਿਨਸ਼ੀਲਤਾ ਨਾਲ ਪਿਸ ਜਾਣਾ ਇਸ ਵੇਲੇ ਰੂਹਾਨੀ ਜੇਰਾ ਨਹੀਂ, ਪਰ ਰੂਹਾਨੀ ਮੌਤ ਸੀ।

ਗੁਰੂ ਗੋਬਿੰਦ ਸਿੰਘ ਜੀ ਵਿਚ 'ਅਰਸ਼ੀ ਵਿੱਦਯਾ, ਉਨਰ, ਕਾਰੀਗਰੀ' ਨਾਨਕ ਕਮਾਲ ਤੇ ਸਨ। ਜਿੱਕੂੰ ਇਸ ਆਦਰਸ਼ ਦੇ ਪ੍ਰਚਾਰ ਲਈ ਪਹਿਲੇ ਨਵਾਂ ਸਤਿਗੁਰਾਂ ਨੇ ਵਕਤ ਵਕਤ ਦੀਆਂ ਲੋੜਾਂ ਪੂਰੀਆਂ ਕੀਤੀਆਂ ਤੇ ਮੁਸ਼ਕਲਾਂ ਹੱਲ ਕੀਤੀਆਂ, ਤਿਵੇਂ ਹੁਣ ਵਕਤ ਆ ਗਿਆ ਕਿ ਕਲਗੀਧਰ ਨੂੰ ਹੋਰ ਕਮਾਲ ਦਿਖਾਉਣੇ ਪੈਣ। ਇਹ ਮਾਮਲੇ ਬੜੇ ਕਠਨ ਹਨ, ਇਸੇ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਸਮਝਣਾ ਕਠਨ ਹੈ ਤੇ ਮੁਅੱਰਖ ਟਪਲੇ ਖਾਂਦੇ ਹਨ।

ਗੁਰ ਨਾਨਕ ਕਮਾਲ ਸੀ-'ਪਵਿਤ੍ਰ ਰਹਿਣਾ' ਤੇ 'ਅੰਦਰਲੇ ਨੂੰ ਲਗਾਤਾਰ ਅਨੰਤ ਤੇ ਲਗਾਉ ਵਿਚ ਰੱਖਣਾ' ਤੇ ਇਸ ਤਰ੍ਹਾਂ ਕਹਿੰਦੇ ਹੋਏ ਵਿਸ਼ੇਸ਼ ਕਰਕੇ 'ਜੀਵਨ ਗ੍ਰਿਹਸਤੀ' ਰੱਖਣਾ। ਗ੍ਰਿਹਸਤ ਦੇ ਸਾਰੇ ਪਹਿਲੂਆਂ ਵਿਚ ਸਾਰੇ ਸਤਿਗੁਰ ਇਹ 'ਅਨੰਤ ਵਿਚ ਨਿਰੰਤਰ ਲਗਾਉਂ' ਸਿਖਾਉਂਦੇ ਰਹੇ ਤੇ ਲੁਆਉਂਦੇ ਰਹੇ। ਦਸਾਂ ਪਾਤਸ਼ਾਹੀਆਂ ਦੇ ਮਨੋਰਥ 'ਮਨ ਦੇ ਤੇ ਜ਼ਿੰਦਗੀ ਦੇ ਇਕ ਤੁਲਵੇਂ ਤੋਲ ਦੇ ਅਰ ਟਿਕਵੀਂ ਇਕਸੁਰਤਾ' ਦੇ ਅਮਲੀ ਆਦਮੀ ਪੈਦਾ ਕਰਨ ਦੇ ਸਨ। ਹੁਣ ਵਕਤ ਆਇਆ ਸੰਸਾਰ ਵਿਚ ਸਭ ਤੋਂ ਕਠਨ ਤੇ ਭਿਆਨਕ ਕੰਮ-ਜੰਗ-ਦਾ। ਇਨ੍ਹਾਂ ਗ੍ਰਿਹਸਤੀਆਂ ਨੂੰ ਜੰਗ ਕਰਨੇ ਹੀ ਪੈ ਗਏ। ਚਾਹੋ ਓਹ ਆਪ ਨਾ ਚਾਹੁਣ ਵਾਲੇ ਸੇ, ਪਰ ਸਮੇਂ ਦੇ ਅੰਨਜਾਯ ਤੇ ਧੱਕੇ ਨੇ ਓਹਨਾਂ ਦੇ ਗਲ ਜੰਗ ਮੜ੍ਹ ਦਿਤੇ ਤੇ ਓਹਨਾਂ ਨੂੰ ਸ੍ਵੈ-ਰਖਿਆ ਲਈ ਯਾ ਦੀਨਾਂ ਦੀ ਰਖਿਆ ਲਈ ਜੰਗ ਕਰਨੇ ਪੈ ਗਏ। ਜੰਗ ਕਲਗੀਧਰ ਜੀ ਨੇ ਨੇਉਤੇ ਨਹੀਂ, ਪ੍ਰਰ ਸਮੇਂ ਦੇ ਜ਼ੁਲਮ ਤੋਂ ਮਜ਼ਲੂਮਾਂ ਦੀ ਰਖਿਆ ਲਈ ਘਰ ਆ ਗਏ ਜੰਗ ਦੀ ਪ੍ਰਾਹੁਣਾਚਾਰੀ ਕੀਤੀ ਹੈ। ਜੰਗ ਦੇ 'ਹਿਲਾਉ ਪ੍ਰਯਤਨ ਤੇ ਪ੍ਰੀਵਰਤਨ', ਵਾਲੇ ਸਮੇਂ ਭੀ ਅੰਦਰਲੇ ਦਾ ਲਗਾਉ ਅਨੰਤ ਵੱਲ ਲੱਗਾ ਰਹੇ, ਇਹ 'ਕਲਗੀਧਰ ਕਮਾਲ' ਹੈ।

ਅਮਨ ਨਾਲ ਰਾਜ ਕਰਦਿਆਂ ਜਿਸ ਤਰ੍ਹਾਂ ਜਨਕ ਸੀ, ਵਿਹਾਰ ਕਾਰ ਕਰਦਿਆਂ ਜਿੱਕੂੰ ਨਰਸੀ, ਕਮਾਮ ਕਰਦਿਆਂ ਜਿੱਕੂੰ ਕਬੀਰ ਤੇ ਨਾਮਾ ਸੀ, ਖੇਤੀ ਕਰਦਿਆਂ ਜਿੱਕੂੰ ਧੰਨਾ ਸੀ, ਤਿੱਕੂੰ ਦਿਲ ਦਾ ਰੁਖ਼ ਸਾਈਂ ਵੱਲ ਰਖਣ ਦੇ ਉੱਚੇ ਉੱਚੇ ਨਮੂਨੇ ਸਿਖਾਂ ਵਿਚ ਹਰ ਪੇਸ਼ੇ ਦੇ ਆਦਮੀਆਂ ਦੇ ਆਮ ਸਨ। ਜੰਗ ਵਿਚ ਧਰਮ ਨਿਭੇ, ਏਸ ਗਲ ਦੀ ਨੀਂਹ ਛੇਵੇਂ ਸਤਿਗੁਰਾਂ ਨੇ ਧਰੀ ਤੇ ਇਹ ਗਲ ਅਟੱਲ ਮੁਸ਼ਕਲ ਦੀ ਸ਼ਕਲ ਵਿਚ ਕਲਗੀਆਂ ਵਾਲੇ ਦੇ ਸਾਹਮਣੇ ਆਈ। ਓਹਨਾਂ ਨੇ ਕੌਮ ਨੂੰ ਸ੍ਰੀ ਗੁਰ ਅਰਜਨ ਤੇ ਸ੍ਰੀ ਗੁਰ ਤੇਗ ਬਹਾਦਰ ਵਾਲਾ ਆਦਰਸ਼-ਮੌਤ ਨੂੰ ਮਖ਼ੌਲ ਕਰਨ ਵਾਲਾ-ਪੇਸ਼ ਕੀਤਾ, ਪੰਜ ਨਿਤਰੇ, ਪੰਜਾਂ ਦੀ ਕੌਮ ਬਣਾਈ, ਜਿਨ੍ਹਾਂ ਵਿਚ ਤੀਜੇ ਚੌਥੇ ਸਤਿਗੁਰਾਂ ਦਾ, ਜੀ ਉਠਿਆਂ ਦਾ ਜੁਦਾ ਭਾਈਚਾਰਾ ਹੋਣ ਦਾ ਆਦਰਸ਼ ਪਾਕੇ ਵਹਿਮੀ ਮਤਾਂ ਤੋਂ ਉੱਕਾ ਤੋੜ ਲਿਆ। ਕਿਸੇ ਵਡਿੱਤ ਦੇ ਵਹਿਮ ਯਾ ਸੂਗ ਤੋਂ ਨਹੀਂ, ਪਰ ਜਥੇਬੰਦ ਕਰਨ ਲਈ ਹੁਣ ਦਸਿਆ ਕਿ ਅਨੰਤ ਦੇ ਲਗਾਉ ਵਿਚ ਜੋ ਸੁਰਤ ਸਾਈਂ ਵੱਲ ਰਹਿੰਦੀ ਹੈ ਉਹ ਇਕ ਖੁਸ਼ੀ ਹੈ, **'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥'** ਉਹ ਚੜ੍ਹਦੀ ਅਵਸਥਾ ਹੈ, ਉਹ ਰੂਹ ਦਾ ਖੇੜਾ ਹੈ, ਉਹ ਰਸ ਹੈ, ਉਸ ਲਈ ਭੈ ਤੇ ਭਰਮ ਕੁਛ ਚੀਜ਼ ਨਹੀਂ। ਜਿਸਦੇ ਅੰਦਰ ਮੌਲਾ ਹੈ, ਉਸ ਦੀ ਗਰਦਨ ਝੂਠੇ ਅਗੇ ਨਹੀਂ ਝੁਕੇਗੀ। ਜਿਸ ਦੇ ਅੰਦਰ **'ਨਾਨਕ ਦਾ ਸਚ, ਤੇ ਸਚਾ ਰੱਬ'** ਹੈ, ਉਹ ਜ਼ਾਲਮ ਕਮੀਨੇ ਅਗੇ ਨਹੀਂ ਨਿਵੇਂਗਾ! ਰੂਹਾਨੀ ਔਜ ਜਿਸਦਾ ਹੋ ਚੁਕਾ ਹੈ, ਉਹ ਇਕ ਸ਼ਕਤੀ ਹੈ, ਇਕ ਉਚ ਆਚਰਨ ਹੈ, ਇਕ ਤਾਕਤ ਹੈ, ਉਹ **'ਜੋਧ ਮਹਾ ਬਲ ਸੂਰ'** ਹੈ, ਉਹ ਆਤਮ-ਬਲ ਹੈ, ਆਪੇ ਦਾ ਕੇਂਦ੍ਰੀ ਸਾਹਸ ਹੈ। ਇਉਂ ਸਤਿਗੁਰ ਨੇ ਫਕੀਰਾਂ ਨੂੰ ਫਕੀਰੀ ਦੇ ਨੁਕਤੇ ਤੋਂ ਦਸਿਆ ਕਿ ਰਣ ਤੱਤੇ ਵਿਚ ਭੀ ਲਿਵ ਨਾ ਟੁੱਟੇ, ਪਰ ਨਾ ਟੁੱਟੇ।

ਇਕ ਤੋਂ ਵਧੀਕ ਵਾਰ ਰਾਜਿਆਂ ਨੂੰ ਸਮ-

ਝਾਇਆ, ਦੇਸ਼ ਦੀ ਦੁਰਗਤੀ ਦੱਸੀ। ਜਦੋਂ ਓਹ ਨਾ ਟਲੇ ਤੇ ਅਕਾਰਣ ਲੜਨ ਆ ਗਏ ਤਾਂ ਫਕੀਰ ਖੜੇ ਹੋ ਗਏ। ਇਨ੍ਹਾਂ ਦੇ ਦਿਲ ਸਤਿਗੁਰ ਨੇ ਕੀਨਾਂ ਨਹੀਂ ਪਾਇਆ, ਸੂਗ ਨਹੀਂ ਸਿਖਾਈ ਕਿਉਂਕਿ ਓਹਨਾਂ ਦਾ ਆਪਣਾ ਸੀਨਾ ਕੀਨੇ ਤੋਂ ਸਾਫ ਹੈ! ਭਾਈ ਨੰਦ ਲਾਲ ਜੀ ਸਾਖ ਭਰਦੇ ਹਨ:-

ਖਾਲਿਸੋ ਬੇ ਕੀਨਾ ਗੁਰ ਗੋਬਿੰਦ ਸਿੰਘ।
ਹਕ ਹਕ ਆਈਨਾ ਗੁਰੁ ਗੋਬਿੰਦ ਸਿੰਘ।
(ਰੰਜ ਨਾਮਾ)

ਪਾਪ ਭਰੀ ਤੇ ਦੂਏ ਦੀ ਮੁਲਕਗੀਰੀ ਦੀ ਹੱਵਸ ਨਹੀਂ ਸਿਖਾਈ। ਪਰ ਮਜ਼ਲੂਮਾਂ ਤੋਂ ਜ਼ੁਲਮ ਦੂਰ ਕਰਨ ਦੀ ਅਰ ਮਾਦੀ ਤਾਕਤਾਂ ਅਗੇ ਅਪਣੀ ਰੂਹਾਨੀਅਤ ਨੂੰ ਨਾ ਝੁਕਾਉਣ ਦੀ ਬੀਰ੍ਤਾ ਸਿਖਾਈ ਨਮੂਨੇ ਲਈ ਦੇਖੋ।

1. {ਰੂਹਾਨੀ ਕਮਾਲ}

੧. ਅਨੰਦ ਪੁਰੋਂ ਸਖਤ ਮੁਹਾਸਰੇ ਦੇ ਬਾਦ ਨਿਕਲਦੇ ਹਨ, ਦੁਸ਼ਮਨ ਦਲ ਵਿਚੋਂ ਨਿਕਲ ਟੁੱਰਦੇ ਹਨ, ਕਈ ਮੀਲ ਜਾਕੇ ਤ੍ਰਿਪਹਿਰੇ ਦਾ ਸਮਾ ਆ ਜਾਂਦਾ ਹੈ, ਉਹ ਰੂਹਾਨੀ ਕਮਾਲ ਵਾਲਾ ਬੋਲਦਾ ਹੈ 'ਥੰਮ੍ਹ' ਤੇ ਆਸਾ ਦੀ ਵਾਰ ਦਾ ਦੀਵਾਨ ਸਜ ਜਾਂਦਾ ਹੈ। ਇਹ ਕੰਮ ਕੋਈ ਜਰਨੈਲ ਨਹੀਂ ਕਰ ਸਕਦਾ, ਪਰ ਰੂਹਾਨੀ ਔਜ ਵਾਲਾ, ਕੀਨੇ ਤੋਂ ਸਾਫ, ਅਨੰਤ ਵਿਚ ਚੁਭੀ ਹੋਈ ਸੁਰਤਿ ਵਾਲਾ ਕਾਮਲ ਗੁਰੂ ਗੋਬਿੰਦ ਸਿੰਘ ਹੀ ਕਰ ਸਕਦਾ ਹੈ। ਉਹਨਾਂ ਦੇ ਜੰਗ ਨਫਰਤ ਤੇ ਮਬਨੀ ਨਹੀਂ; ਪਰ ਉਤਸ਼ਾਹ ਤੇ ਮਬਨੀ ਸਨ। ਇਸ ਤੋਂ ਸਾਫ ਹੈ ਕਿ ਉਹਨਾਂ ਨੇ ਸਿਪਾਹੀ ਜੀਵਨ ਤੇ ਲੋਕਾਂ ਉੱਤੋਂ ਰੂਹਾਨੀ ਜੀਵਨ ਨੂੰ ਨਹੀਂ ਵਾਰਿਆ ਅਰ ਰੂਹਾਨੀ ਜੀਵਨ ਨੂੰ ਕਾਮਯਾਬ ਰੱਖਣ ਵਿਚ ਕਿਸੇ ਜਰਨੈਲੀ ਲੋੜ ਨੂੰ ਪ੍ਰੋਹਤਾ ਨਹੀਂ ਦਿੱਤੀ ਅਰ ਕਦੀ ਖ਼ਤਰੇ ਵਿਚ ਪੈ ਜਾਣੋਂ ਦਰੇਗ ਨਹੀਂ ਕੀਤਾ।

੨. ਔਰੰਗਜ਼ੇਬ ਵਲੋਂ ਰਾਜ, ਖ਼ਿਤਾਬ, ਜਗੀਰਾਂ, ਇੱਜ਼ਤਾਂ ਦੇ ਲਾਲਚ ਆਉਂਦੇ ਹਨ ਕਿ ਰਜਵਾੜਿਆਂ ਵਾਂਗੂ ਰਾਜਾ ਹੋਕੇ ਸੁੱਖ ਮਾਣੇ, ਪਰ ਉਹ ਇਖ਼ਲਾਕੀ ਤੇ ਰੂਹਾਨੀ ਕਮਾਲ ਵਾਲਾ ਕਬੂਲ ਨਹੀਂ ਕਰਦਾ। ਦੂਸਰਿਆਂ ਦੀ ਆਜ਼ਾਦੀ ਖੁਹਣੀ ਅਪਣਾ ਰਾਜ ਤੇ ਸੁਖ ਲੋੜਨੇ ਪ੍ਰਯੋਜਨ ਨਹੀਂ, ਅਰਥਾਤ ਤ੍ਰਿਸ਼ਨਾਂ ਕਾਰਨ ਨਹੀਂ ਜੋ ਤਲਵਾਰ ਪਕੜਵਾ ਰਹੀ ਹੈ, ਪਰ ਸੁਰਤਿ ਨੂੰ ਝੁਕਣ ਨਹੀਂ ਦੇਣਾ, ਲਿਵ ਨੂੰ ਭੈ ਤੇ ਲੋਭ ਦੇ ਤਾਬੇ ਨਹੀਂ ਹੋਣ ਦੇਣਾ, ਇਹ ਹੈ ਨਿਰਭੈਤਾ ਤੇ ਸੁਤੰਤ੍ਰਤਾ ਦਾ ਉੱਚਾ ਖਿਆਲ ਜੋ ਤਲਵਾਰ ਪਕੜਵਾ ਰਿਹਾ ਹੈ। ਇਹ ਹੰਕਾਰ ਬੀ ਨਹੀਂ ਹੈ, ਹੰਕਾਰ ਉਸ ਆਦਮੀ ਦੀ ਮਸਤੀ ਹੈ ਜਿਸ ਦੇ ਅੰਦਰ ਲਿਵ ਨਹੀਂ ਹੈ, ਅੰਦਰੋਂ ਸੱਖਣਾ ਹੈ ਤੇ ਬਾਹੂਬਲ, ਪਦਾਰਥ ਯਾ ਹਰ ਨਾਸ਼ਮਾਨ ਤਾਕਤਾਂ ਤੇ ਹੈਂਕੜਦਾ ਹੈ, ਪਰ ਇਹ ਨਿਰੋਲ ਚੜ੍ਹਦੀ ਕਲਾ ਦਾ ਬਲ ਹੈ ਜੋ ਨਿਰਮਾਨ ਹੈ, ਵੈਰਾਗ ਵਿਚ ਹੈ, ਸੰਸਾਰ ਨੂੰ ਨਾਸ਼ਮਾਨ ਵੇਖਦਾ ਹੈ, ਤਨ ਮਿਥਿਆ ਜਾਣਦਾ ਹੈ, ਸ੍ਰਿਸ਼ਟੀ ਰਚਨਾ ਵਿਚ ਖੰਡਾ (ਮੌਤ) ਪ੍ਰਿਥਮੇਂ ਸਾਜਿਆ ਜਾਂਦਾ ਤੱਕਦਾ ਹੈ ਤੇ ਇਸ ਕਰ ਕੇ ਅਭੈ ਹੈ ਕਿ ਉਸਨੂੰ ਇਸ ਨਾਸ਼ਮਾਨ ਵਿਚ ਇਕ ਅਵਿਨਾਸ਼ ਕਿਣਕਾ, ਇਕ ਨਾਸ਼ ਰਹਿਤ ਟੇਕ ਦਾ ਕੇਂਦਰ-'ਅਨੰਤ ਵਿਚ ਨਿਰੰਤਰ ਅੰਦਰਲੇ ਦਾ ਲਗਾਉਂ ਅਰਥਾਤ ਲਿਵ ਦਾ ਯਥਾਰਥ ਆਸਰਾ ਮਿਲ ਗਿਆ ਹੈ। ਉਹ ਤਲਵਾਰ ਚਲਾਉਂਦਾ ਹੈ ਕਿ ਹਾਂ, ਮੈਂ ਇਸ ਕਿਣਕੇ ਨੂੰ, ਹੇ ਜ਼ਾਲਮ! ਤੇਰੇ ਭੈ ਅਗੇ, ਨਹੀਂ ਦੇ ਦੇਣਾ, ਭੈ ਆਇਆ ਲਿਵ ਗਈ, ਤ੍ਰਿਸ਼ਨਾਂ ਆਈ ਲਿਵ ਗਈ।

੩. ਹਾਂ ਜੀ, ਕਈ ਇਖ਼ਲਾਕੀ ਮਹਾਤਮਾਂ ਜੰਗ ਨੂੰ ਪਾਪ ਦੱਸਦੇ ਹਨ। ਹਾਂ ਜੋ ਨਿਰਾ ਹੰਕਾਰ ਕਰਕੇ, ਲੜਦੇ ਮਰਦੇ ਹਨ ਉਹ ਪੁੰਨ ਨਹੀਂ ਕਰ ਰਹੇ, ਪਰ ਜਿਸਦੇ ਅੰਦਰ 'ਲਿਵ' ਦੀ ਅਜਲੀਅਤ ਹੈ ਤੇ ਉਸਦੇ ਅੰਦਰ ਦਾ ਝੁਕਣ ਵਾਲੀ ਤਾਕਤ ਹੈ, ਉਹ ਜੇ ਦੀਨ ਰਖਜਾ ਹਿਤ ਯਾ ਲਿਵ ਲਾ ਰਹੇ ਸਾਧੂਆਂ ਹਿਤ ਨਹੀਂ ਝੁਕਦਾ, ਤੇ ਜ਼ਾਲਮ ਦੇ ਅੱਗੇ ਆਪਣੀ ਅਮੁੜ ਤਲਵਾਰ ਦੀ ਢਾਲ ਪੇਸ਼ ਕਰਦਾ ਹੈ, ਤਾਂ ਉਹ ਆਤਮਕ ਨੁਕਤੇ ਤੋਂ 'ਜੋਧ ਮਹਾਬਲ ਸੂਰ*' ਦਾ ਕੰਮ ਕਰ ਰਿਹਾ ਹੈ, ਉਹਦੇ ਅੰਦਰ ਹਉਂ ਨਹੀਂ, ਪਰ **'ਰਾਮ ਰਹਿਆ ਭਰਪੂਰ'** ਹੈ। ਉਸ ਦਾ ਜੰਗ ਪੁੰਨ ਕਰਮ ਹੈ, ਤੇ ਭਾਰੀ ਕੁਰਬਾਨੀ ਹੈ।

ਸੇਲ੍ਹੀਆਂ ਵਾਲੇ ਨਾਨਕ ਨੇ ਅਜ ਕਲਗੀਆਂ

---

*ਜਾਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥ {ਧਨਾ:ਮ:੫-੩੫}

ਲਾਕੇ ਤਲਵਾਰ ਫੜੀ ਹੈ, ਕਹਿੰਦਾ ਹੈ ਜੀਕੂੰ ਮੈਂ ਹਰ ਸੰਸਾਰ ਦੇ ਫਕੀਰ ਨੂੰ ਜਿੱਤਿਆ ਸੀ, ਜੀਕੂੰ ਬਾਬਰ ਅਗੇ ਨਹੀਂ ਝੁਕਿਆ ਸਾਂ, ਤੀਕੂੰ ਰਾਜਿਆਂ ਤੇ ਜ਼ਾਲਮ ਔਰੰਗਜ਼ੇਬ ਦੀ ਤਲਵਾਰ ਅਗੇ ਨਹੀਂ ਝੁਕਣਾ, ਹੁਣ ਰਾਖੀ ਕਰਾਂਗਾ, ਪਰ ਦੇਖੋ ਮੇਰਾ ਕਮਾਲ, ਖੜਕਦੇ ਖੰਡੇ ਵਿਚ ਮੇਰਾ ਲਗਾਤਾਰੀ ਲਗਾਉ ਉਸੇ ਤਰ੍ਹਾਂ ਰਹੇਗਾ, ਚੁਭੀ ਰਹੇਗੀ ਮੇਰੀ ਸੁਰਤੀ ਮਚੇ ਜੰਗਾਂ ਵਿਚ ਭੀ ਉਸ ਮਿੱਤ੍ਰ ਪਿਆਰੇ 'ਅਨੰਤ' ਵਿਖੇ।

ਹਾਂ ਜੀ! ਇਕ ਬੰਗਾਲੀ ਨੇ ਕਿਹਾ ਸੀ ਕਿ ਗੁਰ ਨਾਨਕ ਜੀ ਦੀ ਰੂਹਾਨੀਅਤ ਆਪ ਨੇ ਤਬਾਹ ਕਰ ਦਿੱਤੀ। ਪਰ ਇਸ ਸੱਜਣ ਦਾ ਆਪਣਾ ਆਦਰਸ਼ ਕਮਜ਼ੋਰ ਹੈ, ਇਹ ਇਖ਼ਲਾਕੀ ਮੁਰਦਾ ਦਿਲੀ ਨੂੰ, ਦਿਮਾਗ਼ੀ ਅਕਲ ਸ਼ੂਨਤਾ ਨੂੰ ਰੂਹਾਨੀਅਤ ਸਮਝਦਾ ਹੈ। ਇਸ ਨੂੰ ਰੂਹਾਨੀ ਜੀਵਨ ਦਾ ਪਤਾ ਨਹੀਂ ਹੈ। ਪਰ ਹਾਂ ਜੇ ਕੋਈ ਸਿੰਘ 'ਲਿਵ ਹੀਨ' ਹੋਵੇ ਤੇ ਹੰਕਾਰ ਹੈਂਕੜਾਂ ਵਿਚ ਖੜਾ ਜ਼ੁਲਮ ਕਮਾਵੇ ਤੇ ਦੂਸਰੇ ਦੇ ਮਾਲ ਮਿਲਖ ਨੂੰ ਖੋਹੇ ਤੇ ਆਖੇ: 'ਮੈਂ ਗੁਰੂ ਕਾ ਸਿੱਖ ਹਾਂ' ਤਾਂ ਭੁੱਲ ਹੈ, ਭੁੱਲ ਹੈ, ਭੁੱਲ ਹੈ; ਉਹ ਰੂਹਾਨੀ ਆਦਮੀ ਨਹੀਂ ਹੈ। ਕਲਗੀਆਂ ਵਾਲੇ ਦੇ ਜੰਗਾਂ ਵਿਚ ਰੂਹਾਨੀ ਕਮਾਲ ਨਾਲ ਹੈ ਕਿ ਐਸੇ ਕ਼ਿਆਨਕ ਰੰਗਾਂ ਵਿਚ ਮਾਈਂ ਯਾਦ ਹੈ, ਤੇ ਧਰਮ ਮੁੱਖ ਹੈ, ਪਰ ਕਾਰਨ ਕੀਨਾ ਨਹੀਂ, ਵੈਰ ਨਹੀਂ, ਲਾਲਚ ਨਹੀਂ, ਕੇਵਲ ਸਾਧ ਰਖਜਾ ਹੈ, ਰੂਹਾਨੀ ਰਖਜਾ ਹੈ। ਸੂਫੀ ਫਕੀਰ, ਹਿੰਦੂ ਸਾਧੂ, ਰੱਬੀ ਬੰਦੇ ਕਤਲ ਹੋ ਰਹੇ ਹਨ, ਇਹ ਦੇਖਣਾ ਤੇ ਮੁਰਦੇ ਵਾਂਗੂੰ ਬਹਿ ਰਹਿਣਾ ਤੇ ਕਹਿਣਾ ਇਹ ਰੂਹਾਨੀ ਕਮਾਲ ਹੈ, ਭੁੱਲ ਹੈ। ਜੇ ਇਕ ਉਪਕਾਰੀ ਰਾਖਾ ਜ਼ਾਲਮ ਦੇ ਅੱਗੇ ਆ ਖੜਾ ਹੋਵੇ ਤੇ ਕਹੇ, ਬਈ ਸਾਧ ਨਾ ਮਾਰ, ਖਲਕਤ ਨਾ ਕੋਹ, ਮੱਲੋ ਮੱਲੀ ਧਰਮ ਨਾ ਛੀਨ ਕਰ। ਜ਼ਾਲਮ ਸਮਝਣ ਦੀ ਥਾਂ ਜੇ ਇਸ ਤੇ ਵਾਰ ਕਰ ਦੇਂਦਾ ਹੈ ਤਾਂ ਹੁਣ ਜੇ ਇਹ ਰਾਖਾ ਆਪ ਨਿੰਮ੍ਰਤਾ ਕਰਕੇ ਕਤਲ ਹੋ ਜਾਵੇ ਤਾਂ ਇਸਨੇ ਕੀ ਸੁਆਰਿਆ? ਜਿਨ੍ਹਾਂ ਦੀ ਰਖਜਾ ਕੀਤੀ ਉਨ੍ਹਾਂ ਨੂੰ ਕੀ ਲਾਭ ਦਿੱਤਾ? ਆਪ ਝੂੰਗੇ ਵਿਚ ਮਰ ਗਿਆ, ਪਰ ਜੇ ਅੜ-ਮੰਨ ਜ਼ਾਲਮ ਦੇ ਅੰਗੇ ਬੱਕਰੀ ਵਾਂਗੂੰ ਸਰੀਰ ਪੇਸ਼ ਕਰਨ ਦੀ ਥਾਂ ਤਲਵਾਰ ਪੇਸ਼ ਕਰੇ ਤੇ ਕਹੇ ਚੰਗਾ ਬਈ ਮੈਂ ਰਾਖਾ ਹਾਂ ਰਾਖੀ ਕਰਾਂਗਾ, ਤੇਰੇ ਜ਼ੁਲਮ ਦੀ ਤਲਵਾਰ ਤੋੜਾਂਗਾ ਤਾਂ ਨਤੀਜਾ ਕੀ ਹੋਵੇਗਾ? ਜੰਗ। ਪਰ ਇਹ ਜੰਗ ਰਖਜਾ ਹੈ, ਰੂਹਾਨੀ ਕੁਰਬਾਨੀ ਹੈ, ਅਮਲੀ ਸੰਨਿਆਸ ਹੈ। ਸਾਧਾਂ ਤੋਂ, ਪਰਜਾ ਤੋਂ, ਦੁਖੀਆਂ ਤੋਂ ਆਪਾਵਾਰ ਦੇਣਾ, ਜੀ ਹਾਂ, ਅੱਗ ਵਿਚ ਘਿਉ ਬਲੀ ਹੋਣ ਵਾਂਗੂ ਨਿਰਾ ਅਹੂਤੀ ਨਾ ਹੋ ਜਾਣਾ, ਪਰ ਜ਼ਾਲਮ ਦੇ ਜ਼ੁਲਮ ਦੀ ਤਾਕਤ ਘਟਾਈ ਜਾਣੀ ਤੇ ਆਪਣੇ ਸੁਖ ਵਾਰੀ ਜਾਣੇ ਤੇ ਵਾਰੀ ਜਾਣੇ, ਜਦੋਂ ਆਪਾ ਤੇ ਆਪਣਾ ਨੁਛਾਵਰ ਹੋ ਜਾਵੇ ਤਦੋਂ ਜ਼ਾਲਮ ਦਾ ਜ਼ੁਲਮ ਭੀ ਅੰਤ ਤੇ ਆ ਜਾਵੇ। ਇਹ ਉੱਚਾ ਸੰਨਿਆਸ ਹੈ, ਕੇਵਲ ਕਲਗੀਧਰ ਦੇ ਸੰਸਾਰ ਵਿਚ ਸਭ ਤੋਂ ਉੱਚੇ ਹੋਏ ਰੂਹਾਨੀ ਮਰਦ ਦਾ ਕੰਮ ਹੈ।

2. {ਰੂਹਾਨੀ ਪ੍ਰਚਾਰ ਦਾ ਕਮਾਲ}

ਇਕ ਮੁਸਲਮਾਨ ਜ਼ਰਨੈਲ ਆਪਣੇ ਦਲਾਂ ਵਿਚ ਖੜਾ ਆਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਕਸ਼ਫ (ਕਰਾਮਾਤੀ ਬਜ਼ੁਰਗ) ਹੈ ਫੇਰ ਜੰਗ ਰਚਾਉਂਦਾ ਹੈ? ਦੇਖੋ ਲਿਵਧਾਰੀ ਗੁਰੂ ਗੋਬਿੰਦ ਸਿੰਘ ਉਸਦੇ ਮਨ ਦੇ ਫੁਰਨੇ ਨੂੰ ਵਾਚ ਲੈਂਦਾ ਹੈ; ਘੋੜਾ ਦੁੜਾ ਵੈਰੀ ਦਲ ਵਿਚ ਉਸਦੇ ਸਾਹਮਣੇ ਜਾ ਖੜੋਂਦਾ ਤੇ ਕਹਿੰਦਾ ਹੈ, ਮੁਰਦੇ ਮਰ ਰਹੇ ਹਨ, ਮੈਂ ਕਿਸੇ ਨੂੰ ਨਹੀਂ ਮਾਰ ਰਿਹਾ, ਮੈਂ ਇਹ ਸਬਕ ਸਿਖਾਉਣਾ ਹੈ 'ਲਿਵਧਾਰੀ' ਹੋਣਾ, 'ਕਾਇਰ ਹੋਣਾ' ਨਹੀਂ। ਉਹ ਜਰਨੈਲ ਪੈਰੀਂ ਡਿੱਗਦਾ ਹੈ, ਉਸ ਨੂੰ ਉਸ ਰਣ ਤੱਤੇ ਵਿਚ ਵੈਰੀ ਦੇ ਦਲ ਵਿਚ ਆ ਖੜੇ ਗੁਰੂ ਜੀ ਲਿਵ ਦਾਨ ਦੇਂਦੇ ਹਨ, ਉਹ ਮੈਦਾਨ ਜੰਗ ਛਡਕੇ ਚਲਾ ਜਾਂਦਾ ਹੈ, ਸਰੀ ਉਮਰ ਭਜਨ ਵਿਚ ਗੁਜ਼ਾਰਦਾ ਹੈ, ਪਰ੍ਹੇ ਦਾ ਕਾਮਲ ਫ਼ਕੀਰ ਬਣਦਾ ਹੈ, ਇਹ ਹੈ ਕਮਾਲ*।

3. {ਇਖ਼ਲਾਕੀ ਕਮਾਲ}

੧. ਦੁਸ਼ਮਨਾਂ ਦੇ ਸਰਦਾਰ ਦਾ ਇਕ ਡੋਲਾ ਸਿੱਖਾਂ ਦੀ ਕੈਦ ਵਿਚ ਆਉਂਦਾ ਹੈ, ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੁੰਦਾ ਹੈ, ਮਹਿਲਾਂ ਤੋਂ ਗੋਲੀਆਂ ਬੁਲਾਓ! ਆਕੇ ਖ਼ਾਤਰ ਕਰਨ, ਪੀਰਜ ਦੇਣ। ਪਹਿਲੇ ਪੂਰਾ ਪੂਰਾ ਆਦਰ ਕੀਤਾ, ਫੇਰ ਸਿੱਖ ਸਵਾਰਾਂ

*ਦੇਖੋ ਨਸੀਰਾਂ ਦਾ ਪ੍ਰਸੰਗ।

ਦਾ ਦਸਤਾ ਨਾਲ ਦੇ ਕੇ ਹੁਕਮ ਹੁੰਦਾ ਹੈ, ਜਾਓ ਇਨ੍ਹਾਂ ਦੇ ਦੇਸ਼ ਘਰ ਪੁਚਾ ਕੇ ਆਓ। ਹੈ ਨਾ ਇਖ਼ਲਾਕੀ ਕਮਾਲ? ਦੁਸ਼ਮਨ ਦੀ ਇਸਤ੍ਰੀ ਆਪਣੀ ਕੈਦ ਵਿਚ ਆਈ, ਉਸਦਾ ਆਦਰ ਖਾਤਰ ਕੀਤਾ, ਹੁਰਮਤ ਕਾਇਮ ਰੱਖੀ ਤੇ ਘਰ ਪੁਚਾਇਆ, ਹੈ ਨਾ ਬੇਕੀਨਾ ਗੁਰੂ ਗੋਬਿੰਦ ਸਿੰਘ।

੨. ਕਿਸੇ ਫਕੀਰ ਨੂੰ ਮਿਲਨ ਗਏ ਸਤਿਗੁਰ ਇਕ ਬੜੀ ਅਮੀਰ ਸੁੰਦਰ ਜਵਾਨ ਇਸਤ੍ਰੀ ਦੇ ਘੇਰੇ ਵਿਚ ਘਿਰ ਜਾਂਦੇ ਹਨ, ਇਸ ਦੇ ਰੂਪ ਮਾਲ ਅੱਗੇ ਸਤਿਗੁਰ ਦਾ ਝੁਕਣਾ ਤਾਂ ਅਸੰਭਵ ਸੀ ਹੀ, ਇਸ ਭੈ ਅੱਗੇ ਭੀ ਨਾ ਝੁਕੇ ਕਿ ਤੁਸੀਂ ਤੇ ਮੈਂ ਇਕਲੇ ਖੜੇ ਹਾਂ, ਚੀਕਾਂ ਮਾਰ ਰੌਲਾ ਪਾਵਾਂਗੀ ਤੇ ਝੂਠੀ ਊਜ ਲਾਵਾਂਗੀ ਜਿਸ ਨਾਲ ਤੁਹਾਡੀ ਇੱਜ਼ਤ ਮਿਟ ਜਾਏਗੀ। ਇਖ਼ਲਾਕੀ ਪਵਿਤ੍ਰਤਾ ਉਤੋਂ ਇੱਜ਼ਤ ਨੂੰ ਭੀ ਵਾਰ ਸੁੱਟਣ ਵਾਲੇ ਸੱਚੇ ਤੇ ਸੁੱਚੇ ਸਤਿਗੁਰ ਬੇਖ਼ੌਫ ਨਿਕਲ ਟੁਰੇ ਅਰ ਸਿੱਖਾਂ ਨੂੰ ਦੱਸ ਦਿੱਤਾ ਕਿ ਇਖ਼ਲਾਕੀ ਕਮਾਲ ਇਹ 'ਸਾਬਤੀ' ਹੈ।

4. {ਸਮਦਰਸ਼ਤਾ ਦਾ ਕਮਾਲ}

੧. ਹਾਂ ਜੀ ਜੰਗ ਹੋ ਰਿਹਾ ਹੈ, ਪਾਣੀ ਹੈ ਨਹੀਂ, ਪਿਆਸੇ ਮਰ ਰਹੇ ਹਨ, ਕਲਗੀਆਂ ਵਾਲੇ ਕਾਮਲ ਦਾ ਅਤਿ ਪਿਆਰਾ ਸਿੱਖ ਭਾਈ ਕਨ੍ਹੈਯਾ* ਸਿੱਖ ਤੇ ਮੁਸਲਮਾਨ ਦੁਹਾਂ ਨੂੰ ਮੈਦਾਨੇ ਜੰਗ ਵਿਚ ਪਾਣੀ ਪਿਲਾ ਰਿਹਾ ਹੈ, ਇਸ ਸਿੱਖ ਨੂੰ ਥਾਪੜਾ ਦੇਕੇ ਨਾਲ ਮਲ੍ਹਮ* ਦੀ ਡੱਬੀ ਦੇਂਦੇ ਹਨ ਕਿ ਬਈ ਜ਼ਖਮਾਂ ਤੇ ਮੱਲ੍ਹਮ ਵੀ ਲਾਇਆ ਕਰ। ਹੈ ਨਾ ਸੀਨਾ ਕੀਨੇ ਤੋਂ ਖਾਲੀ? ਸੱਚ ਕੂਕ ਰਿਹਾ ਹੈ ਭਾਈ ਨੰਦ ਲਾਲ:-

ਖ਼ਾਲਸੋ ਬੇਕੀਨਾ ਗੁਰ ਗੋਬਿੰਦ ਸਿੰਘ।

੨. ਦੀਵਾਨ ਸਜਿਆ ਹੈ, ੫੨ ਹਿੰਦੁਸਤਾਨ ਦੇ ਵਿਦਵਾਨ ਬੈਠੇ ਹਨ। ਸ਼ੈਵ, ਸ਼ੌਰ, ਸ਼ਾਕਤਕ, ਵੈਸ਼ਨਵ, ਸਿੱਖ, ਸੂਫੀ, ਹਰ ਫਿਰਕੇ ਦੇ ਪੰਡਤ ਔਰੰਗਜ਼ੇਬ ਦੇ ਸਤਾਏ ਹੋਏ, ਸਭ ਨੂੰ ਪਨਾਹ ਦੇ ਰਿਹਾ ਹੈ ਕਲਗੀਆਂ ਵਾਲਾ ਕਾਮਲਾਂ ਦਾ ਕਾਮਲ। ਹੈ ਕੋਈ ਪੱਖਪਾਤ? ਸ਼ਰਨ ਪਾਲਨ ਦਾ ਕਮਾਲ ਹੈ?

*ਇਹ ਅੱਡਣਸ਼ਾਹੀਆਂ ਦੇ ਵੱਡੇ ਹੋਏ ਹਨ। ਇਨ੍ਹਾਂ ਲੋਕਾਂ ਦੇ ਡੇਰੇ ਮੱਲ੍ਹਮ ਹੁਣ ਤਕ ਮਿਲਦੀ ਹੈ। ਨਾਲ ਰੋਟੀ ਵੀ ਦੇਂਦੇ ਹਨ।

{ਵਿਦਜਾ ਦਾ ਕਮਾਲ-ਦੇਖੋ ਗੁਰੂ ਗੋਬਿੰਦ ਸਿੰਘ ਜੀ ਦਾ ਵਿਦਜਾ ਦਰਬਾਰ, ਜੋ ਅਗੇ ਆਵੇਗਾ}

5. {ਬਖਸ਼ਿਸ਼ਾਂ ਦਾ ਕਮਾਲ}

ਸ਼ਾਮ ਹੈ, ਜ਼ਖਮੀਆਂ ਮੁਰਦਿਆਂ ਨਾਲ ਮੈਦਾਨ ਭਰਪੂਰ ਹੈ, ਕਲਗੀਆਂ ਵਾਲੇ ਇਕ ਸਿਸਕਦੇ ਦਾ ਸਿਰ ਗੋਦ ਵਿਚ ਲਈ ਮੂੰਹ ਪੂੰਝ ਰਹੇ ਤੇ ਪਿਆਰ ਕਰ ਰਹੇ ਹਨ; ਆਖਦੇ ਹਨ: ਕੁਛ ਮੰਗ? ਓਹ ਆਖਦਾ ਹੈ: ਹੇ ਪਿਤਾ! ਮੇਰੇ ਵੀਰ ਆਪ ਨੂੰ ਬੇਦਾਵਾ ਲਿਖ ਕੇ ਦੇ ਗਏ ਹਨ, ਉਹ ਪਾੜ ਦੇਹ ਤੇ ਟੁੱਟੀ ਗੰਢ ਲੈ। ਬਖਸ਼ਿੰਦ ਪਿਤਾ ਪੁੱਤਰਾਂ ਦਾ ਨਾ-ਵਫਾਦਾਰੀ ਦਾ, ਅਪੁੱਤ੍ਰਪਨੇ ਦਾ ਪਾਪ ਭੀ ਝੱਟ ਬਖਸ਼ਦਾ ਹੈ, ਕਾਗਤ ਪਾੜਦਾ ਹੈ ਤੇ ਨਾ ਕੇਵਲ ਬਖਸ਼ਦਾ ਹੈ ਸਭ ਨੂੰ ਵਰ ਦੇਂਦਾ ਹੈ, ਸਭ ਨੂੰ ਹਫਤ ਹਜ਼ਾਰੀ ਤੇ ਦਸ ਹਜ਼ਾਰੀ ਆਪਦਾ ਤੇ **'ਬਹੁੜਿ ਪਿਤਾ ਗਲਿ ਲਾਵੈ'** ਕਰ ਦਿਖਾਉਂਦਾ ਹੈ। ਹੈ ਨਾ ਬਖਸ਼ਿਸ਼ ਦਾ ਕਮਾਲ*।

6. {ਕੋਮਲ ਉਨਰਾਂ ਦੇ ਕਮਾਲ}

ਸਤਿਗੁਰਾਂ ਦੀ ਰਚਨਾਂ ਸਾਡੇ ਤੱਕ ਅੱਪੜੀ ਹੈ, ਉਮ ਦਾ ਇਕ ਹਿੱਸਾ ਐਨ ਗੁਰ ਨਾਨਕ ਦੇਵ ਜੀ ਦੀ ਬਾਣੀ ਵਰਗਾ 'ਅਰਸ਼ੀ ਕਮਾਲ' ਹੈ, ਦੂਜਾ ਹਿੱਸਾ 'ਬੀਰ ਰਸ' ਦਾ ਤੇ 'ਪਖੰਡ ਨਿਖੇਧਿ' ਦਾ ਹੈ। ਬੀਰ ਰਸ ਦੀ ਕਵਿਤਾ ਭੀ ਆਪਣੇ ਕਮਾਲ ਤੇ ਹੈ, ਉਤਸਾਹ ਤੇ ਉਮਾਹ ਦੀ ਖਾਣ ਹੈ, ਪੜ੍ਹਦਿਆਂ ਪੜ੍ਹਦਿਆਂ ਵਲਵਲੇ ਵਿਚ ਲੈ ਜਾਂਦੀ ਹੈ। ਬਾਣੀ ਤੋਂ ਛੁਟ ੫੨ ਕਵੀ ਪੰਡਤ ਸੇ, ਇਨ੍ਹਾਂ ਨੇ ਸਭ ਵਿਦਜਾ ਦੇ ਗ੍ਰੰਥਾਂ ਦੇ ਟੀਕੇ ਕਰ ਸੱਟੇ ਤੇ ਨੌ ਮਣ ਪੱਕਾ ਭਾਰ ਕਾਗਤਾਂ ਦਾ ਸੀ ਜੋ ਗੁਰੂ ਕੇ ਦੁਆਰੇ ਗ੍ਰੰਥ ਰਚੇ ਤੇ ਟੀਕਾ ਕੀਤੇ ਗਏ। ਰਚਨਾਂ ਤੋਂ ਇਲਾਵਾ ਚਿੱਤ੍ਰਕਾਰ ਤੇ ਗਵੱਯੇ ਦੂਰ ਦੂਰ ਤੋਂ ਆਏ ਇਕ ਤਾਂ ਕਦਰ ਕਰਕੇ, ਇਕ ਜੋ ਜ਼ੁਲਮ ਵਾਲੇ ਰਾਜ ਨੇ ਸਤਾਏ ਸਭ ਇਥੇ ਸ਼ਰਨ ਆਏ। ਆਪ ਬਾਗ਼-

*ਪਿਛਲੇ ਰਿਖੀ ਅਵਤਾਰ ਸਰਾਪ ਦੇਕੇ ਵਰ ਮਾਫ ਨਹੀਂ ਕਰਦੇ ਰਹੇ, ਸਤਿਗੁਰੂ ਨੇ ਆਪਣੇ ਤਾਂ ਕੀ ਲੋਕਾਂ ਦੇ ਦਿਤੇ ਸਰਾਪ ਬਖਸ਼ੇ, ਕੌਡਾ ਰਾਖਸ਼ ਸੱਜਣ ਠੱਗ ਬਖਸ਼ੇ। ਦਸਮੇਂ ਜਾਮੇ ਰੇਵਾ ਵਰਗਿਆਂ ਪਾਪੀ ਸੁਭਾਵ ਵਾਲਿਆਂ ਦੇ ਸਰਾਪ ਬਖਸ਼ੇ।

ਬਾਨੀ, ਕਿਲ੍ਹੇ ਰਚਨ, ਇਮਾਰਤਾਂ ਬਨਾਵਨ ਵਿਚ ਕਮਾਲ ਦੇ ਰਸੀਏ ਤੇ ਗੁਣੀਆਂ ਦੇ ਸ਼ਰਨ ਪਾਲ ਸੇ।

7. {ਤੀਰੰਦਾਜ਼ੀ ਦਾ ਕਮਾਲ ਤੇ ਕਸ਼ਫ ਦਾ ਕਮਾਲ}

ਅਨੰਦਪੁਰ ਘੇਰੇ ਵਿਚ ਹੈ, ਡੇਢ ਮੀਲ ਪਰ ਆਪਣੇ ਟਿਕਾਣੇ ਦੁਸ਼ਮਣ ਪਲੰਘ ਤੇ ਬੈਠੇ ਸ਼ਤ੍ਰੰਜ ਖੇਡ ਰਹੇ ਹਨ ਕਿ ਉਹਨਾਂ ਦੇ ਇਕ ਪਾਵੇ ਵਿਚ ਤੀਰ ਆ ਵੱਜਦਾ ਹੈ। ਦੁਸ਼ਮਣ ਤੀਰ ਦੇਖਦੇ ਹਨ ਤਾਂ ਨਾਲ ਸੋਨਾਂ ਹੈ, ਪੱਕੀ ਨਿਸ਼ਾਨੀ ਹੈ ਕਿ ਇਹ ਤੀਰ ਗੁਰੂ ਗੋਬਿੰਦ ਸਿੰਘ ਦੇ ਆਪਣੇ ਹੱਥੋਂ ਆਯਾ ਹੈ। ਆਪਸ ਵਿਚ ਬਹਿਸ ਛਿੜਦੀ ਹੈ ਕਿ ਆਇਆ ਇੰਨੀ ਦੂਰ ਸ਼ਿਸਤ ਤੇ ਤੀਰ ਮਾਰਨਾ ਇਨਸਾਨੀ ਕਮਾਲ ਹੈ ਕਿ ਆਤਮਕ ਬਲ ਹ? ਅਜੇ ਬਹਿਸ ਜਾਰੀ ਹੈ ਕਿ ਦੂਜੇ ਪਾਵੇ ਵਿਚ ਇਕ ਹੋਰ ਤੀਰ ਆ ਵੱਜਦਾ ਹੈ, ਓਸ ਨਾਲ ਰੁੱਕਾ ਬੱਧਾ ਹੈ, ਜਿਸ ਪਰ ਲਿਖਿਆ ਹੈ ਕਿ ਇਹ ਰੂਹਾਨੀ ਕਮਾਲ ਨਹੀਂ, ਇਹ ਇਨਮਾਨੀ ਕਮਾਲ ਹੈ। ਤਦ ਓਹ ਆਖਦੇ ਹਨ ਮੰਨ ਲਿਆ ਕਿ ਤੀਰ ਮਾਰਨਾ ਤੀਰੰਦਾਜ਼ੀ ਦੇ ਫਨ ਦਾ ਕਮਾਲ ਹੈ, ਪਰ ਸਾਡੀ ਬਹਿਸ ਨੂੰ ਡੇਢ ਮੀਲ ਤੋਂ ਅਨੁਭਵ ਕਰ ਲੈਣਾ ਨਿਰਸੰਦੇਹ ਕਸ਼ਫ (ਅੰਤਰਯਾਮਤਾ) ਦਾ ਕਮਾਲ ਹੈ।

ਭਾਈ ਨੰਦ ਲਾਲ ਜੀ ਸਾਖ ਭਰਦੇ ਹਨ:-

ਖ਼ਦੰਗਸ਼ ਚੁਨਾਂ ਸੰਗ ਖਾਰਾ ਦਰਦ, ਕਿ ਸ਼ਮਸ਼ੇਰ ਹਿੰਦੀ ਕਬਾਰ ਆਵੁਰਦ। ਅਜ਼ਾਂ ਬਰਗੁਜ਼ੀਂ ਤਰ ਕਿਹ ਆਯਦ ਕਮਾਂ, ਅਜ਼ਾਂ ਬਰਤਰੀਂ ਤਰ ਕਿਹ ਗੋਯਦ ਜ਼ੁਬਾਂ। ਚੁਨਾਂ ਨਾਵਕਸ਼ ਹਲਕਾ ਦਰ ਕੋਹ ਕਰਦ, ਕਿ ਅਰਜਨ ਨ ਕਰਦਹ ਬੇਰੋਜ਼ੇ ਨਬਰਦ: {'ਜੋਤ ਬਿਕਾਸ' ਫਾਰਸੀ}

ਭਾਵ-ਅਰਜਨ ਦੇ ਤੀਰ ਗੁਰੂ ਜੀ ਅੱਗੇ ਮਾਤ ਹਨ, ਕੋਈ ਐਸਾ ਕਮਾਨਕਸ਼ ਅੱਗੇ ਨਹੀਂ ਹੋਇਆ।

8. {ਫਰਜ਼ ਦਾ ਕਮਾਲ}

ਅਨੰਦਪੁਰ ਛੁੱਟ ਗਿਆ, ਐਸ਼੍ਵਰਜ ਨਹੀਂ ਰਿਹਾ, ਪਿਆਰੇ ਤੇ ਪੁੱਤ੍ਰ ਸ਼ਹੀਦ ਹੋ ਗਏ, ਵਣ ਵਣ ਵੈਰੀ ਹੈ, ੮੦ ਘੰਟੇ ਅੰਨ ਪਾਣੀ ਨਹੀਂ ਲੱਝਾ, ਨੰਗੇ ਪੈਰ ਹਨ, ਕਟਕ ਦਾ ਪੈਦਲ ਸਫਰ ਕੀਤਾ ਹੈ, ਸਾਥੀ ਨਾਲ ਇਕ ਨਹੀਂ! ਜਿਨ੍ਹਾਂ ਦੀ ਖਾਤਰ ਸਰਬੰਸ ਵਾਰਿਆ, ਓਹ ਲੋਕੀ ਮਾਨੋਂ ਆਖਦੇ ਹਨ, 'ਤੇਰਾ ਮਗ਼ਰੂਰ ਸਿਰ ਲੁਕਾਉਣ ਲਈ ਸਾਡੇ ਪਾਸ ਕੋਈ ਛੱਤ ਨਹੀਂ, ਤੇਰੀ ਅਝੁਕ ਬੈਠਕ ਲਈ ਦੋ ਫੁਟ ਜ਼ਮੀਨ ਨਹੀਂ, ਕੌਣ ਤੇਰੀ ਖਾਤਰ ਤੇਰੇ ਵਾਂਗ ਖਾਨਾਂ ਬਦਰ ਹੋਵੇ ਤੇ ਪਾਤਸ਼ਾਹ ਦੇ ਕਹਿਰ ਹੇਠ ਆਵੇ?'

ਹੇ ਗੁਰੂ ਗੋਬਿੰਦ ਸਿੰਘ! ਆ ਦਿਲ ਢਾਟ, ਹੁਣ ਤਾਂ ਉਦਾਸ ਤੇ ਨਿਰਾਸ ਹੋ, ਕਹੁ ਪੈਣ ਢੱਠੇ ਖੂਹ ਵਿਚ ਦੁਖੀਏ, ਮੈਂ ਕੀ ਲੈਣਾ ਹੈ। ਆ ਤ੍ਰਿਸ਼ਨਾਂ ਦੇ ਹੇਠ, ਅਜੇ ਭੀ ਰਾਜ ਭਾਗ ਜਗੀਰ ਮਿਲ ਜਾਏਗੀ, ਕਿਉਂ ਖਾਨਾ ਬਦੋਸ਼ ਫਿਰਦੇ ਹੋ?

ਪਰ ਹਾਂ, ਇਹ ਅਵਾਜ਼ ਕਲਗੀਧਰ ਦੇ ਕੰਨਾਂ ਨੂੰ ਕਾਇਰ ਦੀ ਅਵਾਜ਼ ਹੈ, ਉਸਦੀ ਅਟੱਲ, ਅਹਿੱਲ, ਅਝੁਕ, ਅਮਿੱਟ ਸੁਰਤ ਬੇਪਰਵਾਹ ਹੈ। ਦੋ ਤ੍ਰੈ ਮੁਸਲ-ਮਾਨ ਆਉਂਦੇ ਹਨ, ਸੇਵਾ ਅਰਪਨ ਕਰਦੇ ਹਨ ਤੇ ਪੁੱਛਦੇ ਹਨ: 'ਹੇ ਕੁਰਬਾਨ ਹੋ ਚੁਕੇ ਘਾਇਲ ਪਰ ਪੂਰੇ ਮਰਦ! ਹੁਣ ਕੀਹ ਕੰਮ ਕਰੇਂਗਾ?' ਤਾਂ ਉਹ ਮਨੁੱਖ ਜਾਤੀ ਦਾ ਸਿਰਤਾਜ, ਹੋ ਚੁਕੇ ਤੇ ਹੋਣ ਵਾਲੇ ਮਰਦਾਂ ਦਾ ਮਰਦ 'ਵਰਿਆਮ ਅਕੇਲਾ' ਕਹਿੰਦਾ ਹੈ:- "ਸਿਖਾਂ ਨੂੰ ਲਿਵ ਦਾਨ ਦਿਆਂਗਾ, ਸਿੱਖਾਂ ਨੂੰ ਅਟੱਲ ਕੌਮ ਬਨਾਵਾਂਗਾ। ਸੰਸਾਰ ਵਿੱਚ ਇਕ ਰੂਹਾਨੀ ਇਖ਼ਲਾਕੀ ਮੇਅ਼ਰਾਜ ਛੱਡਾਂਗਾ, ਜੋ ਕੁਛ ਮੇਰਾ ਬਾਕੀ ਹੈ ਇਹ ਭੀ ਸਿਖਾਂ ਤੋਂ ਵਾਰਾਂਗਾ, ਪਰ ਉਹ ਅਟੱਲ ਬੀਜ, ਉਹ ਜੀਵਨ ਕਣੀ ਜੋ ਗੁਰ ਨਾਨਕ ਨੇ ਆਂਦੀ, ਉਹ ਅਮਰੀ ਰੌ, ਉਹ ਅਬਚਲੀ ਜੋਤ ਜੋ ਗੁਰ ਨਾਨਕ ਨੇ ਜਗਾਈ, ਉਹ ਸੰਸਾਰ ਵਿਚ ਕਾਇਮ ਰੱਖਾਂਗਾ, ਇਨਸਾਨ ਨੂੰ ਅਲੂਹੀਅਤ ਵਿਚ ਰੰਗਾਕੇ ਜਾਵਾਂਗਾ, ਬੰਦੇ ਨੂੰ ਰੱਬੀ ਬੰਦਾ ਬਨਾਵਾਂਗਾ, ਕੋਈ ਜ਼ਾਲਮ, ਕੋਈ ਮਾਦੀ ਤਾਕਤ ਵਾਲਾ ਜਾਬਰ, ਕੋਈ ਔਰੰਗਜ਼ੇਬ ਵਰਗਾ ਰਿਆਕਾਰ, ਬਨਾਵਟੀ ਇਖ਼ਲਾਕੀ ਮੁੱਲਾਂ ਉਸ 'ਨਿਰੰਤਰ ਰੱਬੀ ਲਿਵ' ਨੂੰ ਹੁਣ ਸੰਸਾਰ ਤੋਂ ਦੂਰ ਨਹੀਂ ਕਰ ਸਕੇਗਾ, ਜਿਸਦਾ ਕਮਾਲ ਗੁਰ ਨਾਨਕ ਵਿਚ ਹੋਇਆ ਤੇ ਜੋ ਉਸਨੇ ਸੰਸਾਰ ਨੂੰ ਦਾਨ ਕੀਤੀ।"

ਹਾਂ ਜੀ, ਗੁਰੂ ਗੋਬਿੰਦ ਸਿੰਘ ਅਜੇ ਆਪਣੇ ਧਾਰੇ ਪ੍ਰਣ ਤੋਂ, ਆਪਣੇ ਆਦਰਸ਼ ਤੋਂ ਆਪਣੇ ਉੱਚੇ ਫਰਜ਼ ਤੋਂ ਨਹੀਂ ਟਲਿਆ ਜੇ, ਇਹ ਫਰਜ਼ ਦਾ ਕਮਾਲ ਜੇ, ਇਹ ਰੂਹਾਨੀਅਤ ਜੇ ਜਿਸ ਰੂਹਾਨੀਅਤ ਨੂੰ ਸਮਝਣਾ ਕਠਨ ਹੈ:

9. {ਪਿਆਰ ਦਾ ਕਮਾਲ}

ਦੁਨੀਆਂ ਦੇ ਮਹਾਂ ਪੁਰਖ ਦੁਨੀਆਂ ਨੂੰ ਪਿਆਰ ਕਰਦੇ ਆਏ, ਕਲਗੀਧਰ ਨੇ ਭੀ ਪਿਆਰ ਕੀਤਾ, ਪਰ ਕਿਸੇ ਨੇ ਇਹ ਕਮਾਲ ਨਹੀਂ ਕੀਤਾ:-

ਗੋਦੀ ਲੀਤੇ ਪੁਤਾਂ ਉੱਤੋਂ ਕੁਖਾਂ ਜਾਏ ਵਾਹ ਦਿੱਤੇ, ਪਿਆਰ ਦੀ ਅਟਾਰੀ ਉੱਤੇ ਕਲਗੀ ਵਾਲਾ ਪਹੁੰਚਿਆ।

ਤੱਕੋ-

ਬੁਧ ਜੀ ਸੰਸਾਰ ਦੇ 'ਬੁਧ ਦਾਤਾ' ਤਿਆਗੀ ਮਹਾ-ਤਮਾ ਇਕ ਚਬੂਤਰੇ ਉੱਤੇ ਖੜੇ ਨੇਕ ਆਚਰਨ ਤੇ ਨਿਰਵਾਨ ਦੀ ਸ਼ੁਭ ਮੱਤ ਦੇ ਰਹੇ ਹਨ।

ਸ਼ੰਕਰ ਜੀ ਫਿਲਾਸਫਰ ਸੰਨਿਆਸ ਧਾਰਕੇ ਖੜੇ ਇਕ ਬ੍ਰਹਮ ਦੀ ਸਿਖਜਾ ਦੇ ਰਹੇ ਹਨ।

ਈਸਾ ਆਪ ਗ੍ਰਿਹਸਤ ਤੋਂ ਉਪ੍ਰਾਮ, ਪਹਾੜੀ ਤੇ ਖੜੇ ਸਾਨੂੰ ਆਪੋ ਵਿਚ ਭਰਾ ਹੋਣ ਦਾ ਉਪਦੇਸ਼ ਦੇ ਰਹੇ ਹਨ। ਉਹਨਾਂ ਦੇ ਚੇਲੇ ਪੌਲੂਸ ਜੀ ਉਹਨਾਂ ਦੀ ਮਜ਼ਾਰ ਤੇ ਖੜੇ ਕਹਿ ਰਹੇ ਹਨ, ਇਸ ਮਹਾਤਮਾ ਦੀ ਮੌਤ ਪਰ ਯਕੀਨ ਕਰੋ ਕਿ ਜੋ ਮੋਇਆਂ ਵਿਚੋਂ ਜੀ ਉਠਿਆ, ਤੁਸੀਂ ਜੀ ਉਠੋਗੇ।

ਮੁਹੰਮਦ ਜੀ ਅੱਲਾ ਦੇ ਰਸੂਲ ਕਹੇ ਗਏ ਕਦੇ ਪਰਬਤ ਤੋਂ ਕਦੇ ਮੈਦਾਨ ਜੰਗ ਤੋਂ ਨੇਕ ਕਰਮਾਂ ਦੀ ਸੁਮੱਤ ਦੇਂਦੇ ਤੇ ਰੱਬ ਦੀ ਕੂਕ ਸੁਣਾਉਂਦੇ ਕੁਛ ਵਿੱਥ ਤੇ ਖੜੇ ਸਫਾਰਸ਼ ਕਰਦੇ ਦੀਂਹਦੇ ਹਨ।

ਕ੍ਰਿਸ਼ਨ ਜੀ ਗੀਤਾ ਦੀ ਵੀਣਾ ਅਲਾਪਦੇ ਅਕਾਸ਼ ਵਿਚ ਖੜੇ ਹਨ, ਇਨਸਾਨ ਨੂੰ ਨਿਰਮੋਹਤਾ, ਬੇਪਰਵਾਹੀ, ਦ੍ਵੈਦਾਂ ਤੋਂ ਛੁਟਕਾਰਾ ਪਾਕੇ ਉਹਨਾ ਦੇ ਮਗਰ ਮਗਰ ਗਗਨ ਉਡਾਰੀਆਂ ਦੀ ਦਿਲ-ਖਿੱਚ ਬੰਸਰੀ ਸੁਣਾ ਰਹੇ ਹਨ।

ਪਰ ਗੁਰੂ ਗੋਬਿੰਦ ਸਿੰਘ ਵਿੱਥ ਤੇ ਨਹੀਂ ਜੇ ਰਿਹਾ, ਇਨਸਾਨਾਂ ਵਿਚ ਆ ਖਲੋਤਾ ਜੇ, ਹਾਂ, ਸਾਡੇ ਵਿਚ ਬੈਠ ਗਿਆ ਹੈ, ਇਨਸਾਨ ਨੂੰ ਗੋਦੀ ਪਾ ਲਿਆ ਸੂ, ਪਿਤਾ ਬਣਕੇ ਸਾਨੂੰ ਪਿਆਰ ਦੇ ਰਿਹਾ ਹੈ, ਸਾਡੀ ਮੈਲ ਧੋ ਰਿਹਾ ਹੈ। ਅਸੀਂ ਰੋਂਦੇ ਹਾਂ ਤਾਂ ਛਾਤੀ ਨਾਲ ਲਾਉਂਦਾ ਹੈ, ਆਖਦਾ ਹੈ 'ਪੁੱਤ੍ਰ! ਮੈਂ ਪਿਤਾ ਤੇਰੇ ਸਿਰ ਤੇ ਹਾਂ।' ਲੋਰੀਆਂ ਦੇਣ ਲਈ ਸਾਨੂੰ ਸਾਹਿਬ ਦੇਵਾਂ ਮਾਤਾ ਦੇਂਦਾ ਹੈ। ਜਦੋਂ ਅੰਮ੍ਰਿਤ ਛਕਾਉਂਦੇ ਹਨ, ਸਾਡਾ ਬੁੱਧ ਦਾਤਾ, ਸਾਡਾ ਫਿਲਸਫਾ ਦਾਤਾ, ਸਾਨੂੰ ਮੁਕਤਿ ਦਾਤਾ, ਸਾਨੂੰ ਸਿਫਾਰਸ਼ ਦਾਤਾ, ਸਾਨੂੰ ਨਿਰਮੋਹ ਦੀ ਦਾਤ ਦਾਨ ਕਰਨ ਵਾਲਾ ਦਾਤਾ ਵਿੱਥ ਤੇ ਖਲੋਣ ਵਾਲਾ ਰੱਬ ਨਹੀਂ ਦਿਖਾਲਦੇ! ਸਾਡੇ ਵਿਚ ਸਾਡੇ ਵਰਗੇ ਹੋਕੇ ਸਾਨੂੰ 'ਪੁੱਤ' ਬਣਾਉਂਦੇ ਹਨ, ਸਾਨੂੰ ਦਿਲਾਸਾ ਦੇਂਦੇ ਹਨ, ਸਾਡੇ ਦੁੱਖਾਂ ਪਰ ਰੋਂਦੇ ਹਨ, ਸਾਡੇ ਸੜੇ ਦਿਲਾਂ ਤੇ ਮਰੇ ਮਨਾਂ ਨੂੰ ਅੰਮ੍ਰਿਤ ਨਾਲ ਜ਼ਿਵਾਉਂਦੇ ਹਨ। ਸਾਨੂੰ ਨਿਰੀ 'ਮੱਤ ਸੁਮੱਤ' ਹੀ ਨਹੀਂ ਦੇਂਦੇ, ਸਾਡੇ ਦੁਖਾਂ ਦਾ ਦਾਰੂ ਸਾਡੇ ਛੱਡ ਜਾਣ ਵਿਚ ਹੀ ਦੱਸਕੇ, ਸਾਨੂੰ ਅਕਾਸ਼ ਵਿਚ ਨਹੀਂ ਸੱਦਦੇ। ਹਾਂ, ਸਾਡੇ ਨਿੱਕੇ ਨਿੱਕੇ ਦੁਖਾਂ ਨੂੰ ਸੱਚੇ ਪਿਤਾ ਵਾਂਗੂ ਦੂਰ ਕਰਦੇ ਹਨ। ਅਸੀਂ ਕਮਜ਼ੋਰ ਇਨਸਾਨ ਹਾਂ, ਇਨਸਾਨੀ ਮੰਡਲ ਵਿਚ ਭੀ ਸਾਡੀਆਂ ਇਨਸਾਨੀ ਪੀੜਾਂ ਹਰਦੇ ਹਨ, ਪਿਉ ਜੁ ਬਣ ਗਏ। ਖਿਡੌਣੇ ਭੀ ਲੈ ਦੇਂਦੇ ਹਨ, ਹਉਏ ਨੂੰ ਬੀ ਮਾਰਦੇ ਹਨ, ਕੋਕੋ ਦਾ ਭੈ ਬੀ ਦੂਰ ਕਰਦੇ ਹਨ, ਕਰੜੇ ਉਸਤਾਦਾਂ ਤੋਂ ਭੀ ਰਖਜਾ ਕਰਦੇ ਹਨ, ਗੁਲਾਮੀ ਤੇ ਪਰਤੰਤ੍ਰਤਾ ਦੇ ਦੁਖ ਦੂਰ ਕਰਦੇ ਹਨ। ਜ਼ਾਲਮ ਨਾਲ ਸਾਡੀ ਖ਼ਾਤਰ ਲੜਦੇ ਹਨ, ਸੁਖ ਦੀ ਰੋਟੀ, ਸੁਖ ਦਾ ਵਾਸ, ਸੁਖ ਨਾਲ ਰੂਹਾਨੀ ਜੀਵਨ ਪਾਲਨ ਲਈ ਚਾਰੇ ਆਪਣੇ ਜਾਏ ਪੁੱਤ ਕੂਹਾ ਸੁਟਦੇ ਹਨ, ਪਰ 'ਇਨਸਾਨ' ਨੂੰ, ਹਾਂ ਜੀ (Humanity) ਨੂੰ ਅਤੇ ਗੋਦੀ ਪਾਏ ਪੁੱਤ ਨੂੰ ਇਨਸਾਨੀ ਰੱਬ ਬਣਕੇ ਪਿਆਰ ਕਰਦੇ ਹਨ। ਇਨਸਾਨ ਗੁਰੂ ਗੋਬਿੰਦ ਸਿੰਘ ਦੇ ਪਿਆਰ ਨੂੰ ਈਸਾ, ਮੁਹੰਮਦ, ਕ੍ਰਿਸ਼ਨ, ਬੁੱਧ, ਸ਼ੰਕਰ ਸਭ ਦੇ ਪਿਆਰ ਨਾਲੋਂ ਛੇਤੀ ਸਮਝ ਸਕਦੇ ਹਨ। ਹਰ ਇਨਸਾਨ 'ਮਾਤਾ ਪਿਤਾ' ਦੇ ਪਿਆਰ ਨੂੰ ('ਵਾਤਸਲ' ਪਿਅਰ ਨੂੰ) ਛੇਤੀ ਸਮਝ ਸਕਦਾ ਹੈ; ਤਾਹੀਓਂ ਗੁਰੂ ਗੋਬਿੰਦ ਸਿੰਘ ਦਿਲਾਂ ਦੇ ਅਤਿ ਨੇੜੇ ਹੈ, ਸਾਡੀ ਉਸ ਤਕ ਪਹੁੰਚ ਹੋਰਨਾਂ ਨਾਲੋਂ ਸੁਖਾਲੀ ਹੈ। ਦੱਸੋ ਕੌਣ ਹੈ ਜਿਸਨੇ ਸਾਡੇ ਵਿਚ ਆਕੇ, ਸਾਡੇ ਘਰ ਵੜਕੇ, ਸਾਨੂੰ ਗੋਦ ਵਿਚ ਲੈਕੇ ਤੇ ਪਿਤਾ ਬਣਕੇ ਪਿਆਰ ਕੀਤਾ? ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦਾ ਇਨਸਾਨ ਨਾਲ ਇਹ ਪਿਆਰ ਦਾ ਰਿਸ਼ਤਾ ਅਨੋਖਾ ਹੈ, ਇਹ ਇਨਸਾਨ ਨਾਲ ਪਿਆਰ ਦਾ ਕਮਾਲ ਗੁਰੂ ਗੋਬਿੰਦ ਸਿੰਘ ਦਾ ਸਭ ਤੋਂ ਉੱਚਾ ਸ਼ਿਖਰ ਦਾ ਕਮਾਲ ਹੈ, ਅਸੀਂ

ਪੁੱਤ੍ਰ ਹਾਂ ਉਹ ਪਿਉ ਹੈ।

ਪਹਿਲੇ ਜਾਮੇਂ ਸ਼ਿਵਨਾਭ ਲੰਕਾ ਵਾਲੇ ਦੀ ਜ਼ਾਤ ਜਨਮ ਕੁਲ ਦੇਸ਼ ਤੋਂ ਦੁਰਾਡੀ ਪਈ ਸ਼ਹਿਜ਼ਾਦੀ ਨੂੰ ਗੁਰੂ ਨਾਨਕ ਕਹਿੰਦਾ ਹੈ:-

'ਗਾਛਹੁ ਪੁਤ੍ਰੀ ਰਾਜ ਕੁਆਰਿ॥'{ਬਸੰਤ ਮ:੧}

ਦਸਮੇ ਜਾਮੇ ਅੰਮ੍ਰਿਤ ਛਕਾ ਕੇ:-

ਨਾਈ, ਛੀਂਬੇ, ਜੱਟ, ਖੱਤ੍ਰੀ, ਬ੍ਰਾਹਮਣ ਸਭ ਨੂੰ ਕਹਿੰਦਾ ਹੈ 'ਮੇਰੇ ਪੁੱਤ੍ਰੋ' ਨਹੀਂ ਨਹੀਂ, ਰੰਗਰੇਟੇ ਨੂੰ ਕਹਿੰਦਾ ਹੈ:-

'ਮੇਰੇ ਬੇਟੇ, ਗੁਰੂ ਕੇ ਬੇਟੇ'। ਬੱਸ ਇਨਸਾਨੀ ਪਿਆਰ ਦਾ ਕਮਾਲ ਹੋ ਗਿਆ।

ਪਹਿਲੇ ਜਾਮੇ ਫੁਰਮਾਇਆ-**'ਬਲਿਹਾਰੀ ਕੁਰਦਤਿ ਵਸਿਆ॥'** ਫਿਰ ਦੂਜੇ ਜਾਮੇ ਆਖਿਆ, **'ਇਹੁ ਜਗੁ ਸਚੈ ਕੀ ਹੈ ਕੋਠੜੀ॥'** ਦਸਮੇਂ ਜਾਮੇਂ ਆ ਦੱਸਿਓ ਮੁ; ਪੁੱਤ੍ਰੋ! ਮੁਕੰਮਲ ਇਨਸਾਨ ਬਣੋ, ਭੱਜੋ ਨਾ, ਡਰੋ ਨਾ ਰੁੜ੍ਹੋ ਨਾ, ਉਦਾਸ ਨਾ ਹੋਵੋ, ਭੈ ਨਾ ਖਾਓ, ਮਰਦ ਬਣੋਂ, ਮੇਰੇ ਪੁੱਤ੍ਰ ਬਣੋ, ਮੈਂ ਪਿਤਾ ਹੋਕੇ ਲਾਡ ਕਰਾਵਾਂਗਾ ਤੇ ਸਿਖਾਵਾਂਗਾ, ਦੇਖੋ ਓਹ ਰੱਬ ਦੂਰ ਨਹੀਂ; ਤੱਕੋ: ਓਹ **'ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥'** ਹਾਂ ਓਹ ਕੁਦਰਤ ਵਿਚ, ਦਿਸ਼ਾ ਵਿਸ਼ਾ ਵਿਚ ਪ੍ਰੇਮ ਹੋਕੇ ਫੈਲ ਰਿਹਾ ਹੈ।

੧. ਆਪ ਦੂਰ ਖੜਾ ਗੁਰੂ ਨਹੀਂ, ਗੋਦੀ ਲੈ ਕੇ ਛਾਤੀ ਲਾਉਣ ਵਾਲਾ ਪਿਉ ਬਣਿਆਂ।

੨. ਆਪਣਾ ਰੱਬ ਸਾਨੂੰ ਅਕਾਸ਼ਾਂ ਵਿਚ, ਅਸੋਹਾਂ ਵਿਚ ਨਿਰਾ ਦੱਸਕੇ ਦਿਲ ਢਾਹੁਣ ਦੀ ਥਾਂ ਸਾਨੂੰ, 'ਜਿਥੇ ਕਿਥੇ ਦੇਸ਼ ਵੇਸ਼ ਹਰ ਥਾਂ ਵਿਚ ਪ੍ਰੇਮ ਰੂਪ' ਦੱਸਿਆ। ਅਪਣੇ ਨੇੜੇ ਹੋਣ ਵਾਂਗੂ ਰਬ ਵੀ ਨੇੜੇ ਕਰ ਦਿੱਤਾ।

੩. ਪਿਤਾ ਬਣ ਕੇ ਸਾਨੂੰ ਆਪੋ ਵਿਚ ਭਰਾ ਬਣਾਇਆ। 'ਕੌਮੀ ਪਿਆਰ' ਨਾਲ ਆਪੋ ਵਿਚ ਜੁੜਨ ਨਾਲੋਂ ਇਕ ਪਿਤਾ ਦੇ ਪੁੱਤ ਹੋ ਕੇ 'ਭ੍ਰਾਤ੍ਰੀ ਪਿਆਰ' ਨਾਲ ਜੁੜਨਾ ਹੋਰ ਗੱਲ ਹੈ, ਇਹ ਹੋਰ ਨੇੜੇ ਦਾ ਪਿਆਰ ਹੈ।

'ਰੱਬ ਦੇ ਜ਼ਹੂਰ ਵਾਲੇ ਸਾਰੇ ਵੱਡੇ' ਇਨਸਾਨ ਨਾਲ ਪਿਆਰ ਕਰਦੇ ਰਹੇ ਹਨ! ਰੱਬ ਦਾ ਇਹ ਜ਼ਹੂਰ ਕਲਗੀਆਂ ਵਾਲਾ ਅਰਸ਼ਾਂ ਤੋਂ ਉਤਰ ਕੇ 'ਇਨਸਾਨ' ਦੇ ਜਿੰਨਾਂ ਨੇੜੇ ਤੋਂ ਨੇੜੇ ਆਇਆ ਹੈ, ਹੋਰ ਕੋਈ ਜ਼ਹੂਰ ਐਨਾਂ ਨੇੜੇ ਨਹੀਂ ਆਇਆ, ਇਹ ਜ਼ਹੂਰ ਕਾਮਲਾਂ ਦਾ ਕਾਮਲ ਜ਼ਹੂਰ ਹੈ। ਸੋ ਸੱਜਨੋਂ! ਅੱਜ:-

ਲਿਵ ਵਿਚ ਜਾਗੋ ਤੇ ਜੀ ਉੱਠੋ, ਕਿਣਕਾ ਜੀਅ ਬਸਾਵੋ, ਫਿਰ ਇਸ ਰੱਬੀ ਕਿਣਕੇ ਨੂੰ ਮਘਾਓ, ਇਸ ਨੂੰ ਬੁਝਣ ਨਾ ਦੇਵੋ, ਕੋਈ ਵੈਰ, ਕੋਈ ਭੈ, ਕੋਈ ਮੋਹ, ਕੋਈ ਤ੍ਰਿਸ਼ਨਾ ਇਸ ਨੂੰ ਨਾ ਮੇਟੇ। ਤੁਸੀਂ ਕੀਨੇ ਵਿਚ ਨਹੀਂ ਜਾਣਾ, ਤੁਸਾਂ ਨਫ਼ਰਤ ਵਿਚ ਨਹੀਂ ਜਾਣਾ, ਉੱਚ ਸੁਰਤੇ ਰਹਿਕੇ ਆਪਣੀ ਲਿਵ ਦੀ ਰਾਖੀ ਕਰੋ, ਚੜ੍ਹਦੀਆਂ ਕਲਾਂ ਵਿਚ ਰਹੋ। ਸੰਸਾਰ ਦੇ ਹਰ ਕੰਮ ਵਿਚ ਜਾਓ, ਕਰੋ, ਪਰ ਇੰਞ ਕਰੋ, ਜਿਵੇਂ ਕਲਗੀਧਰ ਨੇ ਕਰ ਦਿਖਾ-ਇਆ ਹੈ। ਕਲਗੀਆਂ ਵਾਲੇ ਦਾ ਸਿਰ ਕਮਾਲਾਂ ਦੇ ਕਮਾਲ ਇਹ ਹੈ। 'ਗੋਬਿੰਦ ਸਿੰਘ ਜੀ ਗੁਰੂ' ਹੈ, ਗੁਰੂ ਦਾ ਕੰਮ ਮੁਰਦੇ ਜਿਵਾਉਣਾ ਹੈ, ਜੀਅ-ਦਾਨ ਦੇਣਾ ਹੈ, ਇਨ੍ਹਾਂ ਦੀ ਲੋ ਅਨੰਤ ਵਿਚ ਲਾਉਣੀ ਹੈ, ਜੋ ਉਨ੍ਹਾਂ ਨੇ ਕਰ ਦਿਖਾਈ। ਸਤਿਗੁਰ ਦਾ ਜੀਵਨ ਦੱਸਦਾ ਹੈ ਕਿ ਉਹ:-'ਅਵਤਾਰ ਸਨ, ਪੈਗੰਬਰ ਸਨ, ਸੁਧਾਰਕ ਸਨ, ਜੋਧਾ ਸਨ, ਨੀਤੀ-ਵੇਤਾ ਸਨ, ਰਾਜਾ ਸਨ, ਕਵੀ ਸਨ, ਕਲਾ ਕੌਸ਼ਲ -ਕੋਮਲ ਉਨਰਾਂ[1]-ਦੇ ਪ੍ਰਬੀਨ ਸਨ, ਕੌਮ ਰਚਨਹਾਰ ਸਨ, ਗੁਰਮੁਖ ਫਕੀਰ ਸਨ ਤੇ ਸਾਡੇ ਪਿਆਰੇ ਪਿਤਾ ਸਨ ਤੇ ਹਨ, ਜੋ ਜੁਗੋ ਜੁਗ ਹਨ[2]।

ਆਪ ਨੇ ਜਗਤ ਵਿਚ ਵਾਹਿਗੁਰੂ ਦਾ ਹੁਕਮ ਵਰਤਾਇਆ, ਮਰਦਾਂ ਦੇ ਨਮੂਨੇ ਜੋ ਤਿਆਰ ਸਨ, ਜਿਸ ਨੂੰ ਸਿੱਖ ਆਖਦੇ ਸਨ, ਉਨ੍ਹਾਂ ਨੂੰ ਸ਼ਸਤ੍ਰਾਂ ਦੇ ਸਾਹਮਣੇ ਸ਼ਸਤ੍ਰ ਫੜਕੇ ਬੀ 'ਇਨਸਾਨ ਤੇ ਮਰਦ' ਰਹਿਣਾ ਸਿਖਾ ਦਿੱਤਾ 'ਤ੍ਰਿਸ਼ਨਾਂ ਨਾ ਰਹੇ ਅੰਦਰ' ਤੇ ਅੰਦਰ ਹੋ ਜਾਏ ਚੜ੍ਹਦੀ ਕਲਾ। ਚੜ੍ਹਦੀ ਕਲਾ ਅੰਦਰਲਾ ਉਹ ਰੰਗ ਹੈ ਜੋ ਲਗਦਾ ਹਉਮੈਂ ਹੈ, ਪਰ ਹਉਮੈਂ ਨਹੀਂ ਹੁੰਦਾ, ਉਹ ਸਚੀ ਉਚਿਆਣ ਹੁੰਦੀ ਹੈ। ਇਸ ਉਚਿਆਈ ਉਤੇ ਅੰਦਰਲਾ ਟਿਕ

---

੧. Fine arts.

੨. ਸਤਿਗੁਰ ਜੀ ਦੇ ਇਨ੍ਹਾਂ ਸਾਰੇ ਕਮਾਲਾਂ ਪਰ ਇਸੇ ਸੰਗ੍ਰੈ ਦੇ 'ਕੀਰਤਿ ਮੂਰਤੀ' ਦੇ ਸਿਰਲੇਖ ਹੇਠ ਸਵਿਸਥਾਰ ਹਾਲ ਦਿਤੇ ਗਏ ਹਨ।

ਕੇ ਕੰਮ ਕਰਦਾ ਹੈ, ਇਹ ਉਚਿਆਈ 'ਨਾਮ' ਨਾਲ ਪ੍ਰਾਪਤ ਹੁੰਦੀ ਹੈ, ਨਾਮ ਬਿਨਾਂ ਜੋ ਉਚਿਆਈ ਹੈ ਹਉਮੈਂ ਹੈ। ਇਸ ਉਚਿਆਈ ਵਾਲਾ ਜਗਤ ਨੂੰ ਹੇਠਾਂ ਵੇਖਦਾ ਹੈ, ਇਹ ਆਪ ਉੱਚਾ ਸੁੱਚਾ ਵੱਖਰਾ ਹੁੰਦਾ ਹੈ, ਵੱਖਰਾ ਸੁਗ ਨਾਲ ਨਹੀਂ, ਪਰ ਉਚੇਰੀ ਸੂਰਤ ਵਾਲਾ ਹੋਕੇ। ਇਸ ਦੇ ਅੰਦਰ ਸਫ਼ਾਈ, ਪ੍ਰਕਾਸ਼ ਸੱਚਾ ਖੇੜਾ ਹੁੰਦਾ ਹੈ, ਪੂਰਨ ਇਨਸਾਨੀਅਤ ਇਸ ਵਿਚ ਹੁੰਦੀ ਹੈ, ਪੂਰਨ ਪ੍ਰੇਮ ਵਰਤਦਾ ਹੈ, ਨਾਲ ਪੂਰਾ ਮਰਦਊ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਵਾਕ ਹੈ:-

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥ ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥ ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥ ਪੂਰਨ ਜੋਤ ਜਗੈ ਘਟ ਮੈ ਤਬ ਖਾਲਸਾ ਤਾਹਿ ਨਿਖਾਲਸ ਜਾਨੈ॥੧॥

ਇਸ ਨਮੂਨੇ ਦੇ ਆਦਮੀ ਨੂੰ ਗੁਰੂ ਜੀ ਨੇ ਅਮਰ ਕੀਤਾ ਤੇ ਇਸਨੂੰ ਕਿਹਾ, ਸਿੱਖ। ਇਸਨੂੰ ਆਖਿਆ ਕਿ ਇਹ 'ਸਵਾ ਲੱਖ' ਤੋਂ ਵਧੀਆ ਹੈ। ਜੋ ਇਸ ਨਮੂਨੇ ਦਾ ਮਰਦ ਹੈ, ਉਹ ਲੱਖਾਂ ਤੇ ਭਾਰੂ ਹੈ। ਲੱਖਾਂ ਉਸ ਪਰ ਭਾਰੂ ਨਹੀਂ ਹਨ, ਉਸਦੇ ਮਨ ਤੋਂ ਜਨਮ ਜਨਮ ਦਾ ਝੂਠਾ ਧਰਮ, ਫੋਕਟ ਕਰਮ ਤੇ ਦਿਖਾਵੇ ਦੇ ਇਖਲਾਕਾਂ ਦਾ ਮੋਹਨੀ ਮੰਤ੍ਰ ਵੈਰਾਗ ਦੀ ਬੂਟੀ ਨਾਲ ਟੁੱਟ ਚੁਕਾ ਹੁੰਦਾ ਹੈ ਤੇ ਨਾਮ ਨਾਲ ਉਸ ਵਿਚ ਇਕ ਸੱਚੀ 'ਉਚਿਆਈ' ਆ ਜਾਂਦੀ ਹੈ। ਇਸ ਉਚਿਆਈ ਤੇ ਖੜਾ ਉਹ ਸਾਰੇ ਕੰਮ ਕਰਦਾ ਹੈ। ਇਸ ਉਚਿਆਈ ਤੇ ਉਸ ਦੀ ਉੱਚੀ ਦ੍ਰਿਸ਼ਟੀ ਹੈ, ਤੇ ਉਸ ਦੇ ਅੰਦਰ ਜਗ ਰਹੀ ਜੋਤ ਤੋਂ ਉਸਦੀ ਵਰਤਣ ਤੇ ਉਸਦੀ ਇਨਸਾਨੀਅਤ ਪਈ ਦਿੱਸਦੀ ਹੈ। ਅਸਲ ਵਿਚ ਉਹ ਮਨ ਦੇ ਉਸ ਟਿਕਾਣੇ ਤੇ ਹੁੰਦਾ ਹੈ ਜਿੱਥੇ ਜਾਕੇ ਦੁਨੀਆਂ ਨੂੰ ਵੇਖਣ ਦੀ ਦ੍ਰਿਸ਼ਟੀ ਦਾ ਨੁਕਤਾ ਹੀ ਬਦਲ ਜਾਂਦਾ ਹੈ। ਉਸ ਨੁਕਤੇ ਨੂੰ -ਕੁਛ ਨਾਮ ਧਰ ਦਿਓ-ਅੱਪੜਨਾ ਮਰਦ ਦੇ ਜੀਵਨ ਦਾ ਪ੍ਰਯੋਜਨ ਹੈ। ਜੋ ਇਸ ਨੁਕਤੇ ਤੇ ਅੱਪੜਿਆ ਹੈ, ਮੌਤ ਤੋਂ ਨਹੀਂ ਡਰਦਾ, ਮੋਹ ਮਾਇਆ ਉਸ ਨੂੰ ਬੰਨ੍ਹਦੀ ਨਹੀਂ, ਸੱਚ ਉਸਦੇ ਅੰਦਰ ਬਾਹਰ ਹੈ, ਭੈ ਦੇਂਦਾ ਨਹੀਂ, ਭੈ ਮੰਨਦਾ ਨਹੀਂ, ਦੁੱਖ ਨੂੰ ਸਮਝਦਾ ਹੈ ਪਰ ਸੁਖੀ ਤੇ ਰਮ ਵਿਚ ਰਹਿੰਦਾ ਹੈ, ਖੀਵਾ ਹੈ ਤੇ ਖਿੜਦਾ ਹੈ। ਉਹ ਪ੍ਰੇਮ ਦੀ ਖੁਸ਼ਬੋ ਦੇਂਦਾ ਹੈ, ਫਿਰ ਤੁੱਚਾ ਉੱਚਾ ਰਹਿੰਦਾ ਤੇ ਵੱਸਦਾ ਹੈ! ਹਉਮੈ ਵਾਲਾ ਸੱਚ ਮੁੱਚ ਅੰਦਰੋਂ ਉੱਚਾ ਨਹੀਂ ਹੁੰਦਾ, ਪਰ ਵਹਿਮ ਬੰਨ੍ਹ ਲੈਂਦਾ ਹੈ ਕਿ ਮੈਂ ਉੱਚਾ ਹਾਂ। ਚੜ੍ਹਦੀ ਕਲਾ ਵਾਲਾ ਅੰਦਰੋਂ ਉੱਚਾ ਹੁੰਦਾ ਹੈ, ਕਿਉਂਕਿ ਉਹ ਉੱਚੇ -'ਅਨੰਤ'-ਦੀ ਖਿੱਚ ਵਿਚ ਹੁੰਦਾ ਹੈ। ਇਸ ਦੇ ਧਰਮ, ਕਰਮ ਤੇ ਇਖ਼ਲਾਕ ਇਸ ਉਚਿਆਈ ਤੋਂ ਉਪਜਦੇ ਤੇ ਆਪਣੇ ਉੱਚੇ ਨਿਯਮਾਂ ਵਿਚ ਟੁਰਦੇ ਹਨ। ਮੁਰਦੇ ਦਿੱਲਾਂ, ਸੜ ਰਹੇ ਤੇ ਸੜਾਂਦਾਂ ਛੱਡ ਰਹੇ ਮੁਰਦਾਰਾਂ ਦੀਆਂ ਅਫੂਨਤਾਂ (ਬਦਬੂਆਂ) ਇਹਨਾਂ ਲਈ ਧਰਮ ਕਰਮ ਨਹੀਂ ਬੰਨ੍ਹਦੀਆਂ, ਕੈਦੀਆਂ ਦੀਆਂ ਵਾਹੀਆਂ ਲੀਕਾਂ ਇਨ੍ਹਾਂ ਲਈ ਰਸਤਾ ਨਹੀਂ ਬੰਨ੍ਹਦੀਆਂ। ਇਹ ਪੰਛੀਆਂ ਵਾਂਙ ਸਿੱਧੇ ਰਸਤੇ ਉੱਡਦੇ ਹਨ ਤੇ ਜਿਸ ਲੀਹੇ ਉਡਦੇ ਹਨ, ਉਹੀ ਰਸਤਾ ਹੁੰਦਾ ਹੈ, ਅਰ ਏਹ ਹਰ ਫੇਰੇ ਉਡਾਰੀ ਦੀ ਲੀਕ ਨਵੀਂ ਪਾਉਂਦੇ ਹਨ, ਇਸੇ ਕਰਕੇ ਕਲਗੀਆਂ ਵਾਲੇ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦਾ ਨਾਉਂ 'ਬਿਹੰਗਮ' ਬੀ ਰਖਿਆ ਸੀ। ਬਿਹੰਗਮ= ਪੰਛੀ, ਜਿਸਦੀ ਗਤੀ ਹਵਾ ਵਿਚ ਹੋਵੇ।

ਬਿਹੰਗਮ ਦੇ ਤ੍ਰੈ ਸੰਬੰਧ ਇਸ ਪ੍ਰਕਾਰ ਕਹੇ ਜਾ ਸਕਦੇ ਹਨ:-

(੧) ਅਪਣੇ ਆਪ ਨਾਲ-ਤ੍ਰਿਸ਼ਨਾਂ ਜਿੱਤੀ ਹੋਈ, ਅੰਦਰੋਂ ਉਚਿਆਈ ਪ੍ਰਾਪਤ, ਨਵੇਂ ਨਰੋਏ ਅਰੋਗ, ਸਾਵਧਾਨ, ਸੁਤੰਤ੍ਰ, ਅਭੈ।

(੨) 'ਅਨੰਤ ਨਾਲ'-ਅੰਦਰੋਂ ਉਪਰ ਨੂੰ ਅਨੰਤ ਵਲ ਖਿਚੇ ਹੋਏ, ਲਿਵਲਾਏ।

(੩) 'ਅੰਤ ਵਲ' (ਬਾਹਰ ਨੂੰ)-ਨਿਰੋਲ ਸੱਚ ਵਲ ਨਜ਼ਰ ਤੇ ਦੁੱਖ ਸੁੱਖ ਲਾਲਚ ਲੋਭ ਤੋਂ ਅਲੇਪ, ਨਾ ਕਮਜ਼ੋਰ, ਨਾ ਜਰਵਾਣੇ, ਲੋੜ ਪੈ ਜਾਏ ਤਾਂ ਜਾਨ ਦੇਣ ਨੂੰ ਹਾਜ਼ਰ, ਸਰਬਤ ਦੇ ਭਲੇ ਵਿਚ।

ਹਾਂ ਜੀ, ਇਨ੍ਹਾਂ ਦਾ ਹਰ ਦਿਸਦੀ ਸ਼ੈ, ਜੀਵ ਮਨੁੱਖ ਨਾਲ ਰੁਖ਼ ਫ਼ਾਇਲੀ, (=ਸਾਖੀ) ਹੁੰਦਾ ਹੈ। ਜੀਕੂੰ ਫ਼ਨੀਅਰ ਸੱਪ ਦਾ ਜਦ ਫਨ ਫੈਲਿਆ ਤੇ ਖੜਾ ਹੋਵੇ ਤਾਂ ਉਸ ਦੇ ਸਰੀਰ ਦਾ ਰੁਖ਼ ਦਬੀਜਣ ਵਾਲਾ, ਝੁਕਣ ਵਾਲਾ, ਹੇਠ ਲਗਣ ਵਾਲਾ,-

ਮਫਊਲੀ-ਨਹੀਂ ਹੁੰਦਾ, ਉਸ ਦਾ ਰੁਖ਼ ਸਰੀਰ ਦਾ ਆਨਖਾਨ ਸਾਖੀ ਰੂਪ (ਫ਼ਾਇਲੀ ਸੂਰਤ) ਦਾ ਹੁੰਦਾ ਹੈ, ਯਾ ਕਹੋ ਕਿ ਦ੍ਰਿਸ਼ਟਾ ਪਦ ਵਿਚ ਟਿਕੇ ਵਾਲਾ ਰੁਖ਼। ਇਸ ਤਰ੍ਹਾਂ ਇਸ ਮਰਦ ਦੇ ਅੰਦਰਲੇ ਦਾ ਰੁਖ਼ ਫਾਇਲੀ ਹੁੰਦਾ ਹੈ, ਇਸ ਕਰਕੇ ਸਵਾ ਲੱਖ ਮਾਮੂਲੀ ਇਨਸਾਨ ਉਸਦੇ ਮਨ ਉਪਰ ਕੋਈ ਅਸਰ ਨਹੀਂ ਪਾ ਸਕਦੇ, ਸਵਾ ਲੱਖ ਉਤੇ ਉਹ ਭਾਰੂ ਹੁੰਦਾ ਹੈ, ਇਸ ਫ਼ਾਇਲੀ ਰੁਖ਼ ਕਰਕੇ ਸਤਿਗੁਰ ਨੇ ਆਪਣੇ 'ਨਮੂਨੇ ਦੇ ਮਰਦ' ਨੂੰ 'ਸਿੱਖ' 'ਬਿਹੰਗਮ' ਜਿਥੇ ਕਿਹਾ ਹੈ ਉਥੇ 'ਭੁਜੰਗ' (ਫਨੀਅਰ ਸੱਪ) ਬੀ ਕਿਹਾ ਹੈ। ਭੁਜੰਗੀ ਕਹਿਣੇ ਵਿਚ ਸੱਪ ਦੇ ਦ੍ਰਿਸ਼ਟਾਪਨ ਦੇ ਰੁਖ਼ ਦਾ ਦ੍ਰਿਸ਼ਟਾਂਤ ਦਿੱਤਾ ਹੈ, ਸੱਪ ਦੇ ਸੁਭਾਵੇ ਦਾ ਨਹੀਂ। ਸੱਪ ਦੇ ਅੰਦਰ ਜ਼ਹਿਰ ਹੈ, ਉਸਦਾ ਇਰਾਦਾ ਕਸ਼ਟ ਦੇਣਾ ਹੁੰਦਾ ਹੈ। ਸਿਖ ਦੇ ਅੰਦਰ ਅੰਮ੍ਰਿਤ ਹੈ ਉਸਦਾ ਇਰਾਦਾ ਸੁਖ ਦੇਣ ਦਾ ਹੁੰਦਾ ਹੈ। ਕੇਵਲ ਰੁਖ਼ ਉਸ ਕਿਸਮ ਦਾ ਹੁੰਦਾ ਹੈ ਕਿ ਜਿਸ ਨੇ ਦੂਏ ਦੀ ਸੱਟ ਖਾਣੀ ਨਹੀਂ, ਕਾਇਰ ਨਹੀਂ ਹੋਣਾ।

ਸ਼ੇਰ ਜੀਕੂੰ ਅਭੈ ਹੈ, ਉਸਦੇ ਸ਼ਰੀਰ ਦੀ ਬਨਾਵਟ, ਉਸ ਦੀ ਤੱਕ, ਖੜੇ ਹੋਣ ਦੀ ਡੌਲ, ਹਰ ਸ਼ੈ ਵਲ ਉਮਦੇ ਚਿਹਰੇ ਤੇ ਅੱਖਾਂ ਦਾ ਰੁਖ ਫ਼ਾਇਲੀ ਹੈ, ਸਿਖ ਦਾ ਰੁਖ਼ ਵੀ ਇਕ੍ਰਰ ਫ਼ਾਇਲੀ (ਦ੍ਰਿਸ਼ਟਾਪਨੇ) ਵਾਲਾ ਹੁੰਦਾ ਹੈ। ਇਸੇ ਕਰਕੇ ਕਲਗੀਆਂ ਵਾਲੇ ਨੇ ਆਪਣੇ ਇਸ 'ਨਮੂਨੇ' ਦੇ 'ਮਰਦ' ਨੂੰ 'ਸਿੰਘ' ਆਖਿਆ ਹੈ। ਸ਼ੇਰ ਦਾ ਪਾੜ ਖਾਣਾ ਯਾ ਜਾਂਗਲੀ ਪਣਾ ਨਹੀਂ ਗ੍ਰਹਿਣ ਕੀਤਾ, ਪਰ ਉਸ ਦਾ ਅਭੈ ਰੁਖ਼ ਜੋ ਹਰ ਦਿਸਦੀ ਸ਼ੈ ਨਾਲ ਉਹ ਰਖਦਾ ਹੈ। ਸ਼ੇਰ ਵਾਂਙੂ ਪਾੜ ਖਾਣਾ ਨਹੀਂ, ਪਰ ਅਭੈ ਹੋਣਾ। ਸੱਚੀ ਬੀਰਤਾ, ਸੁਖਦਾਈ ਬੀਰਤਾ, ਇਸੇ ਰੁਖ਼ ਤੋਂ ਉਪਜਦੀ ਹੈ। ਜੀਉਂਦਾ ਇਖ਼ਲਾਕ ਇਸ ਤੋਂ ਜਨਮਦਾ ਹੈ। ਰੂਹ ਵਾਲਾ ਧਰਮ ਇਸੇ ਤੋਂ ਪ੍ਰਕਾਸ਼ਦਾ ਹੈ। ਸ਼ਾਨਦਾਰ ਕਰਮ, ਸਜ਼ਾ ਜਜ਼ਾ ਤੋਂ ਖਾਲੀ ਕਰਮ ਇਸੇ ਰੁਖ਼ ਦੇ ਜਾਏ ਹਨ। ਸੱਤ ਅੱਠ ਬਰਸ ਦਾ ਬੱਚਾ ਕੰਧ ਵਿਚ ਚਿਣਿਆਂ ਜਾ ਰਿਹਾ ਹੈ, ਕਸ਼ਟ ਵਾਪਰ ਰਿਹਾ ਹੈ ਤੇ ਮੌਤ ਸਾਹਮਣੇ ਖੜੀ ਹੈ, ਪਰ ਇਸ ਰੁਖ਼ ਦਾ ਕਾਰੀਗਰ ਹੋਣ ਕਰਕੇ ਹਜ਼ਾਰਾਂ ਫੌਜਾਂ, ਤੋਪਾਂ, ਬੰਦੂਕਾਂ, ਦਬਾਵਾਂ, ਡਰਾਵਿਆਂ ਅਗੇ ਨਹੀਂ ਦਬਦਾ। ਹਾਂ ਜੀ, ਇਸ ਰੁਖ਼ ਵਾਲਾ ਬੰਦਾ ਪ੍ਰਾਣ ਦੇਣ ਵੇਲੇ ਆਪਣੇ ਰੱਬ ਦੀ ਯਾਦ ਵਿਚ ਹੁੰਦਾ ਹੈ। ਦੇਖੋ ਇਸੇ ਨਮੂਨੇ ਦਾ ਇਕ ਮਰਦ ਉਠਦਾ ਹੈ* ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਦਾ ਹੈ, ਦੇਖੋ ਗੁਰੂ ਜੀ! ਮੇਰੀ ਤੇ ਆਪ ਦੀ ਸ਼ਕਲ ਇਕ ਹੈ, ਕਲਗੀ ਜਿਗਾ ਮੈਨੂੰ ਦਿਓ, ਆਪ ਜਾਓ, ਅਜੇ ਆਪ ਦਾ ਕੰਮ ਬਾਕੀ ਹੈ। ਹਾਂ ਜੀ ਮੌਤ ਦੇ ਖ਼ਤਰੇ ਵਾਲੇ ਥਾਓਂ ਸਤਿਗੁਰੂ ਜੀ ਨੂੰ ਮਾਨ, ਦਾਅਵੇ ਦੇ ਪਿਆਰ ਨਾਲ ਜ਼ੋਰ ਦੇ ਕੇ ਟੋਰ ਦੇਂਦਾ ਹੈ, ਆਪ ਪਾਤਸ਼ਾਹੀ ਪੁਸ਼ਾਕੇ ਪਹਿਨ ਕਲਗੀ ਜਿਗਾ ਲਗਾ ਕੇ ਉਨ੍ਹਾਂ ਦੀ ਥਾਵੇਂ ਬੈਠ ਜਾਂਦਾ ਹੈ, ਪਰ ਉਸੇ ਸਾਰੇ ਰੰਗ ਵਿਚ ਬੈਠਾ ਦੁਸ਼ਮਨਾ ਦੇ ਹੱਥੋਂ ਤੂੰਬਾ ਤੂੰਬਾ ਕਰ ਕੇ ਉਡਾਇਆ ਜਾਂਦਾ ਹੈ, ਮੱਥੇ ਵੱਟ ਨਹੀਂ ਪੈਂਦਾ, ਚਿਹਰੇ ਸ਼ਿਕਨ ਨਹੀਂ ਆਉਂਦਾ, ਅੰਦਰਲਾ ਜੋ ਕਿਸੇ ਉਚਿਆਈ ਉੱਤੇ ਹੈ, ਅਭੈ ਹੈ, ਅੰਦਰਲੇ ਦਾ ਰੁਖ਼ ਬਾਹਰਲੇ ਵਰਤਾਰੇ ਨਾਲ-ਚਾਹੋ ਉਹ ਰਾਜ ਹੈ, ਚਾਹੋ ਦੁਖ ਤੇ ਕਲੇਸ਼-ਫ਼ਾਇਲੀ ਰੁਖ਼ ਦਾ ਹੈ। ਹੁਣ ਫੇਰ ਕੀ? ਸ਼ੇਰ ਵਾਂਙੂ ਫ਼ਾਇਲੀ ਡੌਲ ਹੈ, ਫਨੀਅਰ ਵਾਂਙੂ ਉਹੋ ਫ਼ਾਇਲੀ ਆਕੜਦਾਰ ਧੌਣ ਦਾ ਚੜ੍ਹਾਉ ਤੇ ਰੁਖ਼ ਹੈ, ਭਾਵੇਂ ਸਰੀਰ ਤੂੰਬਾ ਤੂੰਬਾ ਕਰ ਕੇ ਉਡਾਇਆ ਜਾ ਰਿਹਾ ਹੈ।

ਗੁਰੂ ਜੀ ਦਾ ਜੰਗ ਜ਼ਾਨਦਾਰ ਸਰੀਰਾਂ ਦਾ ਫ਼ਾਇਲੀ ਰੁਖ਼ ਦਾ ਇਕ ਕ੍ਰਿਸ਼ਮਾਂ ਸੀ, ਕੋਈ ਤ੍ਰਿਸ਼ਨਾਂ ਕੁੱਠਿਆਂ ਦਾ ਵਲਦਾਰ ਗੋਰਖ ਧੰਦੇ ਦਾ ਸੁਲਝਾਉ ਤਾਂ ਨਹੀਂ ਸੀ ਕਿ ਔਰੰਗਜ਼ੇਬ ਵਾਂਙੂ ਪਿਉ ਤੇ ਪਿਉ ਦੀ ਉਲਾਦ ਦੇ ਦੁੱਧ ਪੀਂਦੇ ਬੱਚੇ ਤੋਂ ਵੀ ਭੈ ਆ ਰਿਹਾ ਹੈ ਤੇ ਸਲਾਮਤੀ ਉਨ੍ਹਾਂ ਦੀ ਕੈਦ ਯਾ ਕਤਲ ਵਿਚ ਦਿਸਦੀ ਹੈ ਤੇ ਕਤਲ ਕਰਨ ਲਈ ਭੀ ਹਜ਼ਾਰ ਮਨਸੂਬੇ ਦੀ ਲੋੜ ਹੈ, ਪਿਉ ਤੇ ਬੀ ਭਰੋਸਾ ਨਹੀਂ, ਮਾਂ ਤੇ ਬੀ ਯਕੀਨ ਨਹੀਂ, ਧੀ ਪਰ ਵੀ ਸ਼ੱਕ ਹੈ, ਅਤੇ ਪੁੱਤ੍ਰ ਪਰ ਬੀ ਸ਼ੁਬ੍ਹਾ ਹੈ।

ਕਲਗੀਆਂ ਵਾਲੇ ਦਾ 'ਮਰਦ ਦਾ ਨਮੂਨਾ' ਹਾਂ ਜੀ, ਉਹ ਵੰਨਗੀ ਜੋ ਉਸ ਨੇ ਆਦਮੀ ਦੀ ਬਣਾਈ

---

*ਚਮਕੌਰ ਵਿਚੋਂ ਨਿਕਲਣ ਵੇਲੇ ਭਾਈ ਸੰਤ ਸਿੰਘ ਯਾ ਸੰਗਤ ਸਿੰਘ ਨੇ ਇਹ ਕੁਰਬਾਨੀ ਕੀਤੀ ਸੀ।

ਇਹ ਸੀ ਕਿ ਇਕ ਸਿਰ ਮੰਗਦੇ ਹਨ, ਪੰਜ ਸਿਰ ਦੇਣ ਭੱਜੇ ਆਉਂਦੇ ਹਨ। ਇਕ ਨੂੰ ਕਹਿੰਦੇ ਹਨ ਕਿ ਬੰਦੂਕ ਦਾ ਨਿਸ਼ਾਨਾ ਬਣਨ ਵਾਸਤੇ ਆਓ, ਜਿੰਨੇ ਸੁਣ ਪਾਉਂਦੇ ਹਨ ਸਿਰ ਦੇਣ ਨੂੰ ਨੱਠੇ ਆਉਂਦੇ ਹਨ। ਫਿਰ ਸਾਰੇ ਜੰਗਾਂ ਵਿਚ ਇਨਸਾਨੀਅਤ ਹੈ:-ਸਿਖ ਪਾਣੀ ਪਿਲਾਉਂਦਾ ਹੈ, ਵੈਰੀ ਤੇ ਮਿੱਤ੍ਰ ਸਭਨਾਂ ਨੂੰ ਪਿਲਾਈ ਜਾਂਦਾ ਹੈ। ਇਨਸਾਨੀਅਤ ਦੇ ਆਦਰਸ਼ ਦਾ ਬੰਦਾ ਹੈ। ਇਕ ਮਲ੍ਹਮ ਲਾਉਂਦਾ ਹੈ, ਆਪਣਿਆਂ ਨੂੰ ਬੀ ਵੈਰੀਆਂ ਨੂੰ ਬੀ: ਦੁਸ਼ਮਣ ਕਹਿੰਦਾ ਹੈ: ਮੈਂ 'ਸ਼ਰਨ' ਹਾਂ, ਸਿਖ ਦੀ ਧੂਹੀ ਤਲਵਾਰ ਉਥੇ ਹੀ ਅਝਕਦੀ ਹੈ। ਧੂਹੀ ਤਲਵਾਰ ਕਦੇ ਕਿਸੇ ਜੋਧੇ ਤੋਂ ਨਹੀਂ ਰੋਕੀ ਗਈ, ਪਰ ਸਿਖ ਰੋਕ ਲੈਂਦੇ ਰਹੇ ਹਨ। ਤ੍ਰੀਮਤ, ਬੀਮਾਰ, ਬੱਚੇ ਬੁੱਢੇ, ਨਿਰਬਲ, ਵੈਰੀ ਹੋਣ ਪਰ ਬੀ, ਦੁਖਾਏ ਨਹੀਂ ਜਾਂਦੇ। ਵੈਰੀਆਂ ਨਾਲ ਨਫਰਤ, ਵੈਰ ਕੀਨੇ ਦੇ ਨੁਕਤੇ ਤੋਂ ਜੰਗ ਨਹੀਂ ਹੁੰਦਾ। ਗੱਲ ਕੀ ਕਲਗੀ-ਧਰ ਨੇ ਜੋ ਕੁਛ ਹੁਕਮ ਲੈ ਕੇ ਆਏ ਸਨ, ਕਰ ਦਿਖਾਇਆ। ਉਨ੍ਹਾਂ ਨੇ 'ਮਰਦ' ਪੈਦਾ ਕਰਨਾ ਸੀ, ਸੋ ਕਰ ਦਿਖਾਇਆ ਅਰ ਉਸ ਨਮੂਨੇ ਦਾ ਮਰਦ ਇਕ ਅੱਧ ਨਹੀਂ, ਹਜ਼ਾਰਹਾ ਬਣਾ ਕੇ, ਪਰਖਾ ਕੇ, ਮੌਤ ਦੀ ਜਗਵੇਦੀ ਪਰ ਚੜ੍ਹਾ ਕੇ ਦਿਖਾ ਕੇ ਸਾਬਤ ਕਰ ਦਿੱਤਾ ਕਿ:-

ਇਹ ਚੜ੍ਹਦੀਆਂ ਕਲਾਂ ਵਾਲਾ
ਤ੍ਰਿਸ਼ਨਾ ਰਹਿਤ
ਮਰਦਊ ਵਿਚ ਕਾਮਲ
ਇਨਸਾਨੀਅਤ ਵਿਚ ਮੁਕੰਮਲ,
ਸਿੱਖ ਹੈ ਜੇ,
ਭੁਜੰਗੀ ਹੈ ਜੇ,
ਸਿੰਘ ਹੈ ਜੇ,
ਬਿਹੰਗਮ ਹੈ ਜੇ,
ਪਰ

ਇਹ ਮਰਦ ਤਾਂ ਬਣਦਾ ਹੈ, ਜੇ ਫੋਕਟ ਧਰਮ ਦਾ ਜਾਦੂ ਟੁੱਟੇ। ਉਹ ਟੁੱਟਦਾ ਹੈ

ਨਾਮ ਦੇ ਅਭਯਾਸ ਨਾਲ।

ਫਿਰ ਪ੍ਰਾਪਤ ਹੁੰਦੀ ਹੈ ਅੰਦਰ ਉਚਯਾਈ, ਅਨੰਤ ਨਾਲ ਨਿਰੰਤਰ ਲਿਵ, ਤੇ ਬਾਹਰ ਜਗਤ ਨਾਲ ਫ਼ਾਇਲੀ ਰੁਖ਼ ਤੇ ਵਰਤੋਂ ਪਯਾਰ ਉਪਕਾਰ ਦੀ, ਐਉਂ ਬਣ ਜਾਂਦਾ ਹੈ ਕਲਗੀਆਂ ਵਾਲੇ ਦਾ

'ਨਮੂਨੇ ਦਾ ਮਰਦ'
"ਸਿੰਘ"

ਚੜ੍ਹਦੀਆਂ ਕਲਾਂ ਵਾਲਾ ਗੁਰੂ ਕਾ ਲਾਲ।

੯੭. ਪ੍ਰੀਤ-ਤਾਰ ਪ੍ਰੋਤੇ ਗੁਰੂ-ਸਿਖ*।

{'ਗੁਰੂ! ਸਦਕੇ! ਇਸ ਨਾਮ ਦੇ}

ਦੱਸੋ ਜੀ 'ਗੁਰੂ' ਕਿਸ ਨੂੰ ਆਖਦੇ ਹਨ?

ਪੁੱਛੋ ਭਾਈ, ਪੁੱਛੋ, ਜਮ ਜਮ ਪੁੱਛੋ, ਪੁੱਛਿਆਂ ਸਾਰੇ ਲੋਕੀਂ ਇਹ ਆਖਦੇ ਹਨ, ਬਈ 'ਗੁਰੂ' ਦਾ-

(੧) ਇਕ ਅਰਥ ਹੈ 'ਹਨੇਰੇ ਨੂੰ' ਦੂਰ ਕਰਨ ਵਾਲਾ।
(੨) ਦੂਆ ਅਰਥ ਹੈ 'ਵੱਡਾ'।
(੩) ਤੀਆ ਅਰਥ ਹੈ 'ਸ਼ਬਦ ਦਾ ਦਾਤਾ'[1]।
(੪) ਚੌਥਾ ਅਰਥ ਹੈ 'ਉਸਤਾਦ', ਸਿੱਖਯਾਦਾਤਾ।
(੫) ਪੰਜਵਾਂ ਅਰਥ ਹੈ 'ਮੁਰਸ਼ਿਦ'।
(੬) ਛੇਵਾਂ ਅਰਥ ਹੈ 'ਪੈਗੰਬਰ'।
(੭) ਸਤਵਾਂ ਅਰਥ ਹੈ 'ਅਵਤਾਰ'।
(੮) ਅਠਵਾਂ ਅਰਥ ਹੈ 'ਖ਼ੁਦਾ', 'ਰੱਬ'। ਪਰ ਭਾਈ! ਜੋ 'ਸਿੱਖ' ਹੈ, ਉਸ ਦੇ ਅੰਦਰ ਗੁਰੂ ਦਾ ਅਰਥ ਕੀ ਹੈ?

ਜੀਓ ਜੀ! ਉਸ ਦੇ ਅੰਦਰ ਅਰਥ ਹੈ:-

ਇਕ ਸਭ ਤੋਂ ਪਿਆਰਾ, ਪਿਆਰੀਆਂ ਚੀਜ਼ਾਂ

---

੧. 'ਗ੍ਰੀ=ਸ਼ਬਦ' ਧਾਤੂ ਤੋਂ।

*ਇਹ ਪ੍ਰਸੰਗ ੧੪ ਪੋਹ ਸੰਮਤ ਗੁ: ਨਾ: ਮਾ: ੪੪੮ (੨੮ ਦਸੰਬਰ ੧੯੧੭) ਤੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਤ ਹੋਇਆ ਸੀ।

ਤੇ ਪਿਆਰਿਆਂ ਤੋਂ ਵੱਧ ਪਿਆਰਾ*, ਇਕ ਸਮਝ ਦੀਆਂ ਡੂੰਘਾਈਆਂ ਤੋਂ ਭੀ ਡੂੰਘੇ ਥਾਂ ਵਸਦਾ ਸਭ ਤੋਂ ਉੱਚਾ, ਸੱਚਾ, ਸੁੱਚਾ,

ਪਿਆਰਾ, ਮਿੱਠਾ ਲੱਗਣ ਵਾਲਾ,
ਸੱਚੀ ਮੁੱਚੀ ਅੰਦਰ ਵਸਦਾ ਵਜੂਦ*,
ਅੰਤਰ 'ਵੱਸਦਾ' ਮਿੱਠਾ ਵਜੂਦ। ਜੀਓ ਜੀ!
ਫੇਰ ਨੈਣੀ ਵੱਸਦਾ ਮਿੱਠਾ ਵਜੂਦ।

ਜੀਓ ਜੀ! ਫੇਰ ਜਿਧਰ ਜਿਧਰ ਨਜ਼ਰ ਜਾਏ ਓਧਰ ਓਧਰ ਵੱਸਦਾ ਵਜੂਦ।

ਆਹੋ ਨੀ, ਰਹਿੰਦਾ ਨੀ
ਹਰਦਮ ਰਹਿੰਦਾ
ਅੱਖੀਆਂ ਦੇ ਸਾਹਮਣੇ[1]।

ਜਿਸਨੂੰ 'ਸਿੱਖ' ਨੇ ਮਨੁੱਖ ਜਾਮੇ ਵਿਚ ਡਿੱਠਾ ਯਾ ਸੁਣਿਆਂ ਸੀ[2]। ਤੇ ਹੁਣ ਜਿਸ ਦੇ ਜਾਗਤੀ ਜੋਤ ਸਦਾ ਸਲਾਮਤ ਵਜੂਦ ਦੇ ਹੋਣ ਦਾ ਬੇਸ਼ੁਬਹ ਨਿਸ਼ਚਾ ਉਸਦੇ ਆਤਮਾਂ ਵਿਚ ਇਉਂ ਦਾ ਹੈ ਕਿ ਉਹ ਵਜੂਦ ਉਸਦੇ ਅੰਦਰ-

'ਆਹੋ ਨੀ ਰਹਿੰਦਾ ਨੀ
ਹਰ ਦਮ ਰਹਿੰਦਾ
ਮੇਰੇ ਨੀ ਅੰਦਰੇ[1]।'

ਛਹਿਬਰਾਂ ਲਾਈ ਰਖਦਾ ਹੈ ਤੇ ਉਹ ਏਸ 'ਸੰਗੀਤ-ਥ੍ਰਾਟ' ਵਿਚ ਰਹਿੰਦਾ ਹੈ:-

ਗੁਰੂ ਗੁਰੂ ਗੁਰੁ ਕਰਿ ਮਨ ਮੋਰ॥
ਗੁਰੂ ਬਿਨਾ ਮੈ ਨਾਹੀ ਹੋਰ॥{ਗੌਂਡ:ਮ:੫-੮}

ਭਲਾ ਜੀ! 'ਸਿੱਖ' ਕਿਸ ਨੂੰ ਆਖਦੇ ਹਨ?

ਜੀਓ! ਪੁੱਛੋ! ਹਾਂ ਜੀ, ਪੁੱਛਿਆਂ ਆਖਦੇ ਹਨ-

(੧) ਸਿਖਿਆ ਲੈਣ ਦੀ ਇੱਛਿਆ ਵਾਲਾ, ਸਿੱਖਣ ਵਾਲਾ।
(੨) ਸਿੱਖਿਆ ਲੈ ਰਿਹਾ, ਵਿੱਦਯਾਰਥੀ।
(੩) ਸਿੱਖਿਆ ਲੈ ਚੁੱਕਾ ਤੇ ਸਿੱਖ ਕੇ ਸਿੱਖਯਾ-ਵਾਨ ਹੋ ਗਿਆ, ਸਿੱਖ।
(੪) ਮੁਰੀਦ, ਚੇਲਾ।
(੫) ਪੈਗੰਬਰ ਦੀ ਪੈਗੰਬਰੀ ਤੇ ਅਵਤਾਰ ਦੀ ਅਵਤਾਰਤਾ ਦਾ ਕਾਇਲ, ਮੋਮਨ, ਬੰਦਾ, ਜਨ।
(੬) ਪੰਜਾਬ ਵਿਚ ਵੱਸਦੀ ਇਕ ਸਿੱਖ ਅਖਵਾਉਣ ਵਾਲੀ ਕੌਮ ਦਾ ਆਦਮੀ।

ਪਰ ਭਾਈ! ਜਿੱਕੂੰ 'ਸੁਹਾਗਣ' ਕਹੋ ਤਾਂ ਦਿਲ ਵਿਚ ਖਿਆਲ ਗੁਜ਼ਰਦਾ ਹੈ ਕਿ ਇਸ ਦਾ ਕੋਈ ਪਤੀ ਹੋਊ, ਪਰਜਾ ਕਹੋ ਤਾਂ ਉਸ ਦਾ ਕੋਈ ਰਾਜਾ ਹੋਊ, ਇਸੇ ਤਰ੍ਹਾਂ ਸਿੱਖ ਕਹੋ ਤਾਂ ਉਸ ਦਾ ਕੋਈ 'ਗੁਰੂ' ਹੋਊ। ਆਓ ਓਸ 'ਗੁਰੂ' ਤੋਂ ਪੁੱਛੀਏ, ਗੁਰੂ ਜੀ! ਤੁਸਾਡੇ ਅੰਦਰ ਸਿੱਖ ਦਾ ਕੀ ਅਰਥ ਹੈ? ਤਾਂ ਦੇਖੋ ਗੁਰੂ ਦੇ ਅੰਦਰ*:-

(੧) ਸਾਰੇ ਮਨੁੱਖਾਂ ਤੋਂ ਪਿਆਰਾ।
(੨) ਆਪਣੇ ਕੁਟੰਬ ਤੋਂ ਪਿਆਰਾ।
(੩) ਆਪਣੇ (ਆਤਮਜ=) ਪੁੱਤਾਂ ਤੋਂ ਭੀ ਪਿਆਰਾ।

ਇਕ ਇਨਸਾਨ, ਜੋ ਅਣਡਿੱਠੇ ਵਿਚ ਸਿਦਕ ਰਖਦਾ ਹੈ, ਪਰ 'ਦਿੱਸਦੇ' 'ਵੱਸਦੇ' ਸੰਸਾਰ ਵਿਚ ਸੁਹਣੀ ਤਰ੍ਹਾਂ ਵਿਚਰਦਾ ਵਜੂਦ ਹੈ।

ਹਾਂ ਜੀ, ਐਸੇ ਇਨਸਾਨਾਂ ਨੂੰ 'ਗੁਰੂ' ਆਖਦਾ ਹੈ:-

ਮੋ ਗ੍ਰਿਹ ਮੈ ਮਨ ਤੇ ਤਨ ਤੇ
ਸਿਰ ਲੌ ਧਨ ਹੈ ਸਭਹੀ ਇਨਹੀ ਕੋ।

ਜੀਓ ਜੀ! ਜਿਸ ਨੇ ਅਰਸ਼ਾਂ ਤੇ ਭੀ ਜਾਕੇ ਆਪਣੇ ਸਿੱਖਾਂ ਨੂੰ ਭੁਲਾਇਆ ਨਹੀਂ, ਐਸੇ ਰੌਦੀ ਪਾਏ ਕਿ ਮੁੜ ਕੱਢੇ ਹੀ ਨਹੀਂ, ਉਸ ਦੇ ਅੰਦਰ ਸਿੱਖ ਇਹ ਥਾਉਂ ਰਖਦਾ ਹੈ।

ਹੁਣ ਆਪ ਨੇ ਡਿੱਠਾ 'ਗੁਰੂ' ਤੇ ਫੇਰ ਡਿੱਠਾ 'ਸਿੱਖ' ਦੋਹਾਂ ਵਿਚ ਨਜ਼ਰ ਜਮਾ ਕੇ ਤੱਕੋ, ਆਪ ਨੂੰ

---

*ਮਾਪੇ ਹੇਤ ਨ ਪੁੱਜਨੀ ਸਤਿਗੁਰੁ ਹੇਤ ਸੁਚੇਤ ਸਹਾਈ॥ ਸ਼ਾਹ ਵਿਸਾਹ ਨ ਪੁੱਜਨੀ ਸਤਿਗੁਰੁ ਸ਼ਾਹ ਅਥਾਹ ਸੁਨਾਈ॥ ਸਾਹਿਬ ਤੁਲ ਨ ਸਾਹਿਬੀ ਸਤਗੁਰੁ ਸਾਹਿਬ ਸਚਾ ਸਾਈਂ॥ ਦਾਤੇ ਦਾਤ ਨ ਪੁੱਜਨੀ ਸਤਿਗੁਰ ਦਾਤਾ ਸੱਚ ਦਿੜਾਈ॥ ਵੈਦ ਨ ਪੁੱਜਨ ਵੈਦਗੀ ਸਤਿਗੁਰ ਹਉਮੈ ਰੋਗ ਮਿਟਾਈ॥ ਦੇਵੀ ਦੇਵ ਨ ਸੇਵ ਤੁਲ ਸਤਿਗੁਰ ਸੇਵ ਸਦਾ ਸੁਖਦਾਈ॥ {ਭਾ: ਗੁਰਦਾਸ ਜੀ}

੧. ਭੈਰਵੀ ਯਾ ਜੋਗ।

੨. ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥ {ਸੋਰਠਿ ਮ: ੫-੧੩}

*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥ {ਗਉੜੀ ਮ: ੫ ਸੁਖਮਨੀ}

ਦਿੱਸੇਗਾ ਕਿ 'ਪ੍ਰੀਤ-ਤਾਰ' ਲਗ ਰਹੀ ਹੈ।

ਅਸੀਂ ਵਾਹਿਗੁਰੂ ਦੀ 'ਸੁਰਤ-ਤਾਰ' ਤੋਂ ਟੁੱਟੇ ਹੋਏ ਪਏ ਸਾਂ ਅਰਥਾਤ ਅਸੀਂ 'ਪ੍ਰੀਤ-ਕੇਂਦਰ*' ਦੀ ਪ੍ਰੀਤ-ਤਾਰ ਨਾਲੋਂ ਵੱਖ ਹੋਏ ਹੋਏ ਸਾਂ। ਅੱਜ ਮਿੱਠੇ ਪਿਆਰੇ ਰੱਬ ਸੁਆਰੇ ਨੇ ਆ ਕੇ ਸਾਨੂੰ ਫਿਰ 'ਪ੍ਰੀਤ-ਤਾਰ' ਵਿਚ ਪ੍ਰੋ ਲਿਆ ਤਾਂ ਦੇਖੋ ਕੀ ਹੋਇਆ ਕਿ ਅਸੀਂ ਮੋਏ ਜੀ ਉਠੇ, ਜੀਅਦਾਨ ਪਾਕੇ ਜੀ ਪਏ।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥

{ਸੂ: ਮ: ੫-੫੪}

ਸੋ ਸੱਜਣਾਂ! 'ਗੁਰੂ-ਸਿੱਖ' ਦਾ ਨਾਤਾ ਸ਼ਖਸੀ, ਜ਼ਾਤੀ, ਯਾ ਨਿਜ ਦਾ ਨਾਤਾ ਹੈ। ਜਿੱਕੂੰ ਉਸਤਾਦ ਸ਼ਗਿਰਦ ਦਾ ਇਕ ਨਾਤਾ ਹੈ ਜੋ ਕੇਵਲ ਸਿਖਜਾ ਮਾਤ੍ਰ ਦੇ ਦੇਣ ਤੇ ਲੈ ਲੈਣ ਦਾ ਇਕ ਵਿੱਥ ਵਾਲਾ ਨਾਤਾ ਹੈ, ਪਰ ਪਿਤਾ ਪੁੱਤ੍ਰ ਦਾ ਨਾਤ ਇਸ ਤਰ੍ਹਾਂ ਦੀ ਵਿੱਥ ਵਾਲਾ ਨਹੀਂ, ਉਹ ਨਿਜ ਦਾ ਜ਼ਾਤੀ ਨਾਤਾ ਹੈ। ਇਸੇ ਤਰ੍ਹਾਂ 'ਗੁਰੂ ਸਿੱਖ' ਦਾ ਨਾਤਾ ਹੈ। ਅਸੀਂ ਉਸ ਦੇ ਗੋਦੀ ਪਏ ਬੱਚੇ ਹਾਂ, ਨਹੀਂ ਨਹੀਂ ਉਸ ਨੇ ਆਪਣੇ ਜਾਏ ਸਾਡੇ ਉੱਤੋਂ ਵਾਰੇ, ਤਾਂਤੇ ਅਸੀਂ ਉਸ ਨੂੰ ਪੁੱਤਾਂ ਤੋਂ ਵਧੀਕ ਪਿਆਰੇ ਹਾਂ।

ਸੱਜਣੋਂ! ਦੁਹਾਈ ਜੇ ਉਹ ਨਿਰਾ ਅਵਤਾਰ ਨਹੀਂ, ਜੋ ਆਖਦਾ ਹੋਵੇ:-

ਐ ਮਾਇਆ ਮੇਂ ਭੂਲੇ ਲੋਗੋ! ਅਗਿਆਨ ਸੇ ਬਚੋ ਔਰ ਆਤਮਾ ਕੋ ਸੰਭਾਲੋ ਔਰ ਕੈਵੱਲ (ਵੱਖਰੇ) ਹੋ ਜਾਓ।

ਉਹ ਨਿਰਾ ਰਸੂਲ ਨਹੀਂ ਜੋ ਪਿਆ ਆਖੇ:- ਈਮਾਨ ਲਾਓ ਮੇਰੇ ਪਰ ਔਰ ਮੇਰੇ ਖ਼ੁਦਾ ਪਰ, ਤਬ ਤੁਮ ਦੋਜ਼ਖ ਕੀ ਆਗ ਸੇ ਬਚੋਗੇ।

ਓਹ ਨਿਰਾ ਸਿੱਖਿਆ ਦਾਤਾ ਨਹੀਂ ਜੋ ਪਿਆ ਆਖੇ:-

ਅਪਨੀ ਕਰਨੀ ਕਰਤੂਤ ਠੀਕ ਕਰੋ, ਨੇਕ ਬਨੋ, ਨੇਕੀ ਹੀ ਤੁਮਾਰੀ ਰਹਿਬਰ ਔਰ ਨਿਰਵਾਨ ਕਰਤਾ ਹੈ।

*ਵਾਹਿਗੁਰੂ।

ਨਿਰਾ ਐਉਂ ਉਹ ਦਾਤਾ ਸਾਡੇ ਵਿਚ ਨਹੀਂ ਸੀ ਆਇਆ, ਉਸ ਤਾਂ ਸਾਨੂੰ ਗੋਦੀ ਲੈ ਲਿਆ ਸੀ। ਉਸਨੂੰ ਅਸੀਂ ਜੰਮੇ ਨਹੀਂ ਸਾਂ, ਪਰ ਉਸ ਨੇ ਅੰਮ੍ਰਿਤ ਤਿਆਰ ਕਰਕੇ ਸਾਨੂੰ ਆਪ ਛਕਾ ਕੇ ਆਪਣੇ ਨਾਲ ਸਾਨੂੰ ਪੇਵੰਦ ਕਰ ਲਿਆ, ਨਹੀਂ ਨਹੀਂ, ਇੱਕ ਕਰ ਲਿਆ, ਪੁੱਤ ਬਨਾ ਲਿਆ, ਨਹੀਂ ਜੀਉ ਜੀ! ਉਸ ਰਿਸ਼ਤੇ ਦਾ ਸਾਡੀ ਜ਼ਮੀਨੀ ਕਿਸੇ ਬੋਲੀ ਵਿਚ ਕੋਈ ਨਾਉਂ ਨਹੀਂ ਕਿ ਜਿਸ 'ਰਿਸ਼ਤੇ' ਉੱਤੋਂ ਸਕੇ ਪੁਤ੍ਰ ਭੀ ਵਾਰ ਦਈਦੇ ਹਨ। ਸਾਡਾ ਉਸ ਨਾਲ ਉਹ ਰਿਸ਼ਤਾ ਹੈ ਜੋ ਪਿਤਾ ਪੁਤ੍ਰ ਤੋਂ ਵੀ ਨੇੜੇ ਦਾ ਹੈ, ਜਿਸ ਰਿਸ਼ਤੇ ਉੱਤੋਂ ਪੁਤ੍ਰ ਬੀ ਘੋਲੇ ਜਾਂਦੇ ਹਨ। ਉਹ ਰਿਸ਼ਤਾ ਉੱਚਾ ਹੈ ਤੇ ਇੰਨਾ ਡੂੰਘਾ ਹੈ ਕਿ ਦਿਲਾਂ ਦੀ ਤਾਰ ਨਾਲ ਤਾਰ ਹੀ ਖੜਕਦੀ ਹੈ ਤੇ ਬਾਹਰ ਜ਼ੁਬਾਨ ਲਈ ਉਹ ਇੰਨਾ ਬ੍ਰੀਕ ਹੋ ਜਾਂਦਾ ਹੈ ਕਿ ਉਸ ਨੂੰ ਅਦਾ ਨਹੀਂ ਕਰ ਸਕਦੀ। ਸੋ ਭਾਈ! ਸਾਡਾ ਰਿਸ਼ਤਾ ਨਿਰਾ 'ਪਾਂਧੇ ਤੇ ਚਾਟੜਿਆਂ' ਵਾਲਾ ਸਿਖਜਾ ਮਾਤ੍ਰ ਦਾ ਰਿਸ਼ਤਾ ਨਹੀਂ, ਸਾਡਾ ਰਿਸ਼ਤਾ 'ਪ੍ਰੀਤ-ਤਾਰ ਪ੍ਰੇਤਾ' ਕੋਈ ਅਕਹਿ ਨਿਜ ਦਾ ਰਿਸ਼ਤਾ ਹੈ। ਅਸੀਂ ਗੁਰੂ ਦੇ ਹਾਂ ਗੁਰੂ ਸਾਡਾ ਹੈ। ਸਮਾਂ ਸਾਡੇ ਸੰਬੰਧ ਵਿਚ ਕੋਈ ਵਿੱਥ ਨਹੀਂ, ਸਰੀਰ ਅਸਰੀਰ ਹਾਲਤਾਂ ਦੀ ਸਾਡੇ ਵਿਚ ਕੋਈ ਜੁਦਾਈ ਨਹੀਂ, ਅਸੀਂ ਉਸ ਦੇ ਹਾਂ, ਉਹ ਸਾਡਾ ਹੈ-

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥

{ਆਸਾ:ਮ:੫-੯੩}

ਅਸੀਂ ਰੋਂਦੇ ਸਾਂ, ਉਨਾਂ ਆਕੇ ਸਾਡੇ ਨੈਣ ਪੂੰਝੇ। ਅਸੀਂ ਜ਼ੁਲਮਾਂ ਹੇਠ ਚੂਰ ਹੋ ਗਏ ਸਾਂ, ਉਨਾਂ ਆ ਕੇ ਕੱਢਿਆ ਤੇ ਮਲ੍ਹਮਾ ਲਾਈਆਂ। ਸਾਡੀ ਸੁਰਤ ਪ੍ਰਾਜੈ ਹੋ ਚੁਕੀ ਸੀ, ਉਸ ਨੇ ਮੁੜ ਸੁਰਜੀਤ ਕਰ ਕੇ ਸੁਤੰਤ੍ਰ ਬਨਾਈ, ਉਹ ਆਪਣੀ ਆਤਮ ਮੌਜ ਦਾ ਅਨੰਦੀ ਸਾਡਾ ਸਾਂਝੀਵਾਲ ਹੋਯਾ, ਉਸਨੇ ਸਾਡੇ ਸਦੀਆਂ ਦੇ ਦੁਖ ਦੂਰ ਕੀਤੇ। ਉਹ ਦੁਨੀਆਂ ਵਿਚ ਸਾਡਾ ਉਸ ਵੇਲੇ ਬੇਲੀ ਹੋਯਾ, ਜਿਸ ਵੇਲੇ ਰਾਜਾ ਕਿ ਸਾਧੂ, ਸੰਤ ਕਿ ਸੂਰਮਾ, ਸ਼ਾਸਤ੍ਰ ਵੇਤਾ ਕਿ ਸ਼ਸਤ੍ਰ ਵੇਤਾ, ਸੰਨਿਆਸੀ, ਜੋਗੀ, ਜਪੀ, ਤਪੀ ਕਿ ਬਾਹੂਬਲ ਵਾਲਾ ਕੋਈ ਸਾਡਾ ਨਾ ਬਣਿਆਂ। ਉਹ ਉਸ ਵੇਲੇ ਸਾਡੇ ਦੁਖਾਂ ਦਾ ਮਹਿਰਮ ਬਣਿਆਂ, ਜਿਸ ਵੇਲੇ ਰਵਾਇਤ ਹੈ ਕਿ ਸ਼ਿਵ ਜੀ ਲੁਕ ਗਏ ਤੇ

ਮੰਦਰਾਂ ਤੋਂ ਆਵਾਜ਼ ਆਵੇ ਕਿ-ਆਨੰਦਪੁਰ ਜਾਓ।

ਓਇ! ਸਾਡੀਆਂ ਅਖਾਂ ਦੇ ਸਾਮ੍ਹਣੇ ਬਹੂ ਬੇਟੀਆਂ ਖੋਹਕੇ ਕੈਦ ਪਾਕੇ ਕਾਬਲ ਟੋਰ ਦਿੱਤੀਆਂ ਗਈਆਂ। ਅਸੀਂ ਰੋ ਰਹੇ ਹਾਂ, ਬੱਚੇ ਸਾਡੇ ਵਿਲਕ ਰਹੇ ਹਨ, ਬਹੂ ਬੇਟੀਆਂ ਕੁਰਲਾਂਦੀਆਂ ਲਿਜਾਈਆਂ ਜਾ ਰਹੀਆਂ ਹਨ। ਤੱਕੋ ਸੱਜਨੋਂ! ਜ਼ਰਾ ਅੱਖਾਂ ਅੱਗੇ ਇਹ ਨਜ਼ਾਰਾ ਲਿਆਓ। ਇਕ ਪਾਸੇ ਮਾਤਾ ਤੇ ਪਿਤਾ ਢਾਹਾਂ ਮਾਰ ਰਹੇ ਹਨ, ਅਗੇ ਖੜੇ ਬੱਚੇ ਚਾਂਗਰਾਂ ਦੇ ਰਹੇ ਹਨ, ਦੂਸਰੇ ਪਾਸੇ ਜ਼ਾਲਮ ਮਾਵਾਂ ਤੇ ਧੀਆਂ ਨੂੰ ਭੇਡਾਂ ਵਾਂਗ ਤਲਵਾਰ ਦੇ ਕੋਟੜੇ ਨਾਲ ਹੱਕੀ ਲਿਜਾ ਰਹੇ ਹਨ ਤੇ ਉਹ ਕੂੰਜਾਂ ਵਾਂਗੂੰ ਕੁਰਲਾ ਰਹੀਆਂ ਹਨ। ਪਾਸ ਇਕ ਟਿੱਬੀ ਤੇ ਇਕ ਬ੍ਰਹਮ ਗਿਆਨੀ, ਮਹਾਤਮਾਂ ਅਪਰਸ ਬੈਠੇ ਵੀਣਾ ਵਜਾ ਰਹੇ ਹਨ ਤੇ ਤੱਕ ਕੇ ਅੱਖਾਂ ਪਰੇ ਕਰ ਲੈਂਦੇ ਹਨ ਕਿ ਜੇ ਮੈਂ ਹੇਠਾਂ ਗਿਆ ਤਾਂ ਮੇਰੀ ਅਵਸਥਾ ਰੁੜ੍ਹ ਜਾਏਗੀ ਅਰ ਮੈਂ ਜਾਂਗਲੀ ਲੜਾਕਾ ਪਸ਼ੂ ਹੋ ਜਾਵਾਂਗਾ।

ਇਕ ਹੋਰ ਟਿੱਲੇ ਪਰ ਇਕ ਜੋਗੀ ਸਮਾਧਿ ਸਥਿਤ ਬੈਠੇ ਹਨ, ਕੁਰਲਾਹਟ ਨਾਲ ਸਮਾਧੀ ਉਟਕਦੀ ਹੈ, ਪੁਛਦੇ ਹਨ 'ਮਾਤ ਲੋਕ ਵਿਚ ਕਿਆ ਵਰਤਾਰਾ ਹੈ?' ਤੇ ਕੋਈ ਗ਼ੈਬੀ ਆਵਾਜ਼ ਕਹਿੰਦੀ ਹੈ: 'ਤੁਸੀਂ ਪਰਬਤਾਂ ਪਰ ਬੈਠੇ ਹੋ ਤੇ ਮਾਤ ਲੋਕ ਤਬਾਹ ਹੋ ਗਈ ਹੈ', ਪਰ ਉਹ ਸਿੱਧ ਪੁਰਸ਼ ਕਹਿੰਦੇ ਹਨ, 'ਬਾਬਾ ਰੇ ਹਮ ਜ਼ਖਮ ਖਾਏਂ, ਲੜੇਂ, ਤਮੋਗੁਣੀ ਹੋ ਜਾਏਂ, ਹਮ ਕੋ ਆਦਮੀ ਸੇ ਬੂ ਆਤੀ ਹੈ। ਹਾ! ਹਾ ਰੇ!'

ਇਕ ਹੋਰ ਪੱਬੀ ਜੇਹੀ ਹੈ, ਉਥੇ ਇਕ ਚਿੱਤ੍ਰਕਾਰ ਬੈਠਾ ਹੈ, ਕੁਰਲਾਹਟ ਨਾਲ ਆਪਣੀ ਮਹਿਵੀਅਤ ਤੋਂ ਉਟਕਦਾ ਹੈ, ਕਹਿੰਦਾ ਹੈ ਕੀ ਹੋ ਰਿਹਾ ਹੈ? ਦੇਖਦਾ ਹੈ ਤੇ ਅਖ ਫੇਰ ਲੈਂਦਾ ਹੈ, ਕਹਿੰਦਾ ਹੈ 'ਜਾਣ ਦਿਓ, ਕਰ ਤਾਂ ਕੁਛ ਸਕਦੇ ਨਹੀਂ! ਆਪਣਾ ਸੁਖ ਕੌਣ ਗੁਆਵੇ'।

ਵਾਹਵਾ ਹਿੰਦੁਸਤਾਨ ਤੇਰਾ ਰੂਹਾਨੀ ਔਜ! ਜ਼ੁਲਮ ਹੁੰਦਾ ਹੈ, ਅਧਰਮ ਹੁੰਦਾ ਹੈ, ਪਾਪ ਹੁੰਦਾ ਹੈ ਤੇ ਤੇਰੇ ਰੂਹਾਨੀ ਲੋਕ ਉਸ ਪਾਪ ਨੂੰ ਦੂਰ ਕਰਨਾ ਧਰਮ ਨਹੀਂ ਸਮਝਦੇ।

ਦੇਖੋ, ਇਕ ਹੋਰ ਖ਼ੁਦਾ ਦੀ 'ਪ੍ਰੇਮ-ਰਸਨ' ਵਿਚ ਬੱਧਾ ਉਸ ਦਾ ਬੰਦਾ ਅਨੰਦ ਨਾਲ ਅਨੰਦਪੁਰ, ਇਕ ਉਚੀ ਉਚਿਆਈ ਉਤੇ ਬੈਠਾ ਵੀਣਾ, ਕਵਿਤਾ, ਸਮਾਧੀ, ਅਰਸ਼ੀ ਤੇ ਸਾਰੀਆਂ ਕੋਮਲ ਕਲਾਂ ਦਾ ਕਲਾਵਾਨ ਬੀ ਇਹ ਦੁਖ ਦੇਖਦਾ ਹੈ, ਉਸ ਦੀ ਰੂਹਾਨੀ ਕਲਾ ਆਖਦੀ ਹੈ:-ਮੁਲਕ ਦੀ ਆਜ਼ਾਦੀ ਗਈ, ਧਰਮ ਦੀ ਆਜ਼ਾਦੀ* ਖੋਹੀ ਗਈ ਸੀ, ਹੁਣ ਗ੍ਰਿਹਸਤ ਦੀ ਪਵਿਤ੍ਰਤਾ ਵੀ ਨਾਲ ਗਈ, ਬਹੂ ਬੇਟੀ ਦੀ ਲਾਜ ਭੀ ਨਾ ਰਹੀ। ਉਹ ਉਠਦਾ ਹੈ, ਸਿਮਰਨਾ ਗਲ ਪਾ ਲੈਂਦਾ ਹੈ, ਸਿਮਰਣ ਅੰਦਰ ਪਰੋ ਲੈਂਦਾ ਹੈ। ਤੇ ਪੇਸ਼ਕਬਜ਼ ਵਿਚ ਹੱਥ ਪਾ ਲੈਂਦਾ ਹੈ, ਡਾਂਟਕੇ, ਲਲਕਾਰਕੇ ਸ਼ੇਰ ਵਾਂਗੂ ਭਬਕਕੇ ਬਿਜਲੀ ਦੀ ਫੁਰਤੀ ਨਾਲ ਤਲਵਾਰ ਲਿਸ਼ਕਾਂਦਾ ਆ ਖੜਾ ਹੁੰਦਾ ਹੈ ਤੇ ਆਖਦਾ ਹੈ: 'ਖੜੇ ਹੋ ਜਾਓ ਜ਼ਾਲਮੋ! ਤੁਹਾਡਾ ਕੋਈ ਹੱਕ ਨਹੀਂ ਪਰਾਈਆਂ ਨਾਰਾਂ ਤੇ।'

ਦੇਖੋ ਉਸਦੀ ਤਲਵਾਰ ਅਸਮਾਨਾਂ ਵਿਚ ਚਮਕਦੀ ਹੈ ਤੇ ਉਸਦੇ ਜ਼ਿੰਦਾ ਕੀਤੇ ਜੁਆਨ ਜਾ ਪੈਂਦੇ ਹਨ, ਸਾਰੀਆਂ ਕੁਰਲਾਂਦੀਆਂ ਕੂੰਜਾਂ ਮੋੜ ਲਿਆਉਂਦੇ ਹਨ। ਇਕ ਇਕ ਕੂੰਜ ਦੇ ਅੱਥਰੂ ਪੂੰਝਦੇ ਹਨ, ਦਿਲਾਸਾ ਦੇਂਦੇ ਹਨ, ਫੇਰ ਪਤੇ ਪੁਛਕੇ ਹਰੇਕ ਮਾਂ ਨੂੰ ਵਿਲਕਦੇ ਬਾਲ ਦੇ ਆ ਗਲੇ ਮੇਲਦੇ ਹਨ, ਹਰੇਕ ਰੋ ਰਹੇ ਪਤੀ ਨੂੰ ਇਸਤ੍ਰੀ ਲਿਆ ਦੇਂਦੇ ਹਨ, ਹਰ ਭਰਾ ਦੀਆਂ ਅੱਖਾਂ ਅੱਗੇ ਭੈਣ ਲਿਆ ਖੜੀ ਕਰਦੇ ਹਨ। ਹਰ ਧੀ ਨੂੰ ਮਾਂ ਦੇ ਗਲੇ ਮੇਲਦੇ ਹਨ। ਉਹ ਵਿਲਕਦੇ ਮਜ਼ਲੂਮ ਉਸ ਵੇਲੇ ਇਕ ਗੁਲਾਬ ਦਾ ਖਿੜਿਆ ਚਮਨ ਬਣ ਜਾਂਦੇ ਹਨ!-ਉਹ ਤਲਵਰੀਆ-ਸੰਨਿਆਸੀ ਆਖਦਾ ਹੈ:-

ਹੇ ਦੁਨੀਆਂ! ਇਹ ਵੀ ਮੇਰੀ ਇਕ ਰੂਹਾਨੀਅਤ ਹੈ। ਇਹ ਜੰਗ ਨਹੀਂ, ਪਰ ਜੰਗ ਮੇਟਣ ਦਾ ਸ਼ਸਤ੍ਰ ਹੈ।

ਉੱਪਰ

ਅਰਸ਼ਾਂ ਤੇ ਰੱਬ ਜੀ ਖੁਸ਼ ਹੋ ਰਹੇ ਹਨ ਤੇ ਦੇਵਤੇ ਫੁਲਾਂ ਦੀ ਬਰਖਾ ਕਰ ਰਹੇ ਹਨ ਤੇ ਕਹਿ ਰਹੇ ਹਨ:-

ਖ਼ਲਕ ਖ਼ਾਲਕ ਕੀ ਜਾਨਕੇ ਖ਼ਲਕ ਦੁਖਾਵੈ ਨਾਹਿ।
ਖ਼ਲਕ ਦੁਖੇ ਨੰਦ ਲਾਲ ਜੀ ਖਾਲਕ ਕੋਪੈ ਤਾਂਹਿ॥

*ਰਾਜਾ ਦਾ ਪਰਜਾ ਦੇ ਧਰਮ ਵਿਚ ਦਖਲ ਦੇਣਾ ਧਾਰਮਕ ਆਜ਼ਾਦੀ ਨੂੰ ਖੋਹ ਲੈਣਾ ਹੈ, ਧਰਮ ਧਾਰਨ ਵਿਚ ਹਰ ਜੀਵ ਸੁਤੰਤਰ ਹੈ।

ਪੁਨਾ:-

ਪਾ ਦੁਖ, ਖਲਕਤ ਰੱਖੀਆ, ਮੇਰੇ ਪੁਤਰ! ਆਪ।
ਸਦਕੇ ਬਚੜਾ ਤੁੱਧ ਤੋਂ, ਤੂੰ ਪੁੱਤਰ ਮੈਂ ਬਾਪ!

ਵੇਖੋ ਆਪਣੀ ਟਿੱਬੀ, ਟਿੱਲੇ ਤੇ ਪੱਬੀ ਉਤੇ ਤ੍ਰੈਏ ਰੂਹਾਨੀ ਆਦਮੀ ਕੰਬ ਰਹੇ ਹਨ ਕਿ ਹੈਂ ਇਸ ਆਦਮੀ ਨੇ ਜੋ ਅਸਾਂ ਡਿੱਠਾ ਸੀ, ਅਵਤਾਰ ਹੋਕੇ ਆਇਆ ਹੈ, ਲਹੂ ਹੱਥ ਲਬੇੜ ਲਏ ਹਨ, ਇਹ ਤਾਂ ਖਬਰੇ ਕੌਣ ਹੈ? ਤੇ ਉਪਰ ਅਰਸ਼ਾਂ ਤੋਂ ਗ਼ੈਬੀ ਆਵਾਜ਼ਾ ਬੋਲ ਰਿਹਾ ਹੈ:-

'ਇਹਬੀ ਰੂਹਾਨੀਅਤ ਹੈ, ਇਹ ਬੀ ਸਮਾਧੀ ਹੈ, ਇਹ ਵੀ ਕਮਾਲ ਹੈ।'

'ਦਿਲ ਤਾਂ ਮੇਰੇ ਨਾਲ ਅਟੁੱਟ ਲੱਗਾ ਰਹੇ, ਹੱਥ ਸ੍ਰਿਸ਼ਟੀ ਦਾ ਭਾਰ ਹਰਨ, ਇਹ ਰੂਹਾਨੀਅਤ ਦਾ ਕਮਾਲ ਹੈ।'

ਸੱਜਣੋਂ! ਪਰਖੀ ਜੇ ਉੱਪਰਲੀ ਤਸਵੀਰ ਕਿਸਦੀ ਸੀ? ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ, ਡਿੱਠਾ ਜੇ?

ਰਿਖੀ, ਮੁਨੀ, ਤਪੀ, ਹਠੀ,
ਜਤੀ, ਸਤੀ, ਸਿੱਧ ਸਾਧ
ਜੋਗੀ ਤੇ ਜੰਗਮ ਕੋਈ
ਸਾਨੂੰ ਨਾ ਸੀ ਅਹੁੜਿਆ।
ਫੜੇ ਜਾਈਏ ਚਿੜੀਆਂ ਵਾਂਗੂ,
ਬੱਧੇ ਜਾਈਏ ਬਿਨਾਂ ਪਾਪ,
ਮਾਰੇ ਜਾਈਏ ਬਿਨਾਂ ਦੋਸ਼,
ਘਰ ਘਾਟ ਚਉੜਿਆ।
ਓਸ ਵੇਲੇ ਧਰਾ ਨਾਥ
ਬਡੇ ਲੋਗ ਚੁੱਪ ਭਏ
ਮੰਦਰ ਨਾਥ ਮੰਦਰਾਂ ਤੋਂ
ਕੋਈ ਨਾਹੀਂ ਦਉੜਿਆ।
ਇੱਕੋ ਸ੍ਰੀ ਗੁਬਿੰਦ ਸਿੰਘ
ਸੱਚਾ ਆਤਮ ਵੇਤਾ ਗੁਰ
ਦੁਖੀ ਦੀਨ ਪ੍ਰਜਾ ਤਾਈਂ
ਇੱਕੋ ਏਹੋ ਬਹੁੜਿਆ।

ਗੁਰੂ ਗੋਬਿੰਦ ਸਿੰਘ ਜੀ ਵੈਰਾਗੀ ਸਨ, ਸੰਸਾਰ ਵਿਚ ਆਉਣਾ ਨਹੀਂ ਚਾਹੁੰਦੇ ਸਨ, ਆਕੇ ਇਥੇ ਪਕੜ ਨਹੀਂ ਖਾਧੀ।

ਚਿਤ ਨ ਭਯੋ ਹਮਰੋ ਆਵਨ ਕਹਿ॥
ਚੁਭੀ ਰਹੀ ਸੂਤਿ ਪ੍ਰਭ ਚਰਨਨ ਮਹਿ॥

ਏਹ ਓਹਨਾਂ ਦੇ ਆਪਣੇ ਵਾਕ ਹਨ, ਦੇਖੋ ਓਹਨਾਂ ਦੀ ਸੁਰਤ ਪ੍ਰਭੂ ਚਰਨਾਂ ਵਿਚ ਚੁਭੀ ਰਹੀ, ਗੱਡੀ ਰਹੀ। ਇਹ ਰੰਗ ਅੰਦਰ ਰੱਖਕੇ ਓਹਨਾਂ ਨੇ ਦੁਨੀਆਂ ਦੀ ਪੀੜ ਹਰੀ ਤੇ ਗੁਰ ਨਾਨਕ ਦਾ ਜੀਵਨ ਸਿਪਾਹੀ ਜੀਵਨ ਵਿਚ ਭੀ ਪੂਰਾ ਕਰਕੇ ਦੱਸਿਆ:-

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥ ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

{ਰਾਮ:ਮ:੧:ਸਿਧ ਗੋਸ਼-੫}

ਸਜਣੋਂ! ਜਿਸ ਸਤਿਗੁਰ ਨੇ ਐਨਾ ਪਿਆਰ ਕੀਤਾ ਉਸ ਦਾ ਸਾਡਾ ਸਨਬੰਧ ਅਸੀਂ ਹੀ ਜਾਣਦੇ ਹਾਂ, ਉਹ ਰਿਸ਼ਤਾ ਨਿਜ ਦਾ ਰਿਸ਼ਤਾ ਹੈ।

ਦੁਨੀਆਂ ਸਾਡੇ ਅੱਜ ਕੱਲ ਦੇ ਗਿਰਾਉ ਵਿਚ ਭੀ ਪਰਮਾਰਥਕ ਝੁਕਾਉ ਦੇਖ ਰਹੀ ਹੈ। ਸਾਡਾ ਇਹ ਝੁਕਾਉ-ਸਾਰਾ ਪਰਮਾਰਥ-ਇਸ 'ਗੁਰੂ-ਪ੍ਰੇਮ' ਦਾ ਫਲ ਹੈ। ਅਸੀਂ ਗੁਰੂ ਜੀ ਦੀ 'ਗੁਰੂ-ਕਲਾ' ਨਾਲ ਪ੍ਰੀਤ-ਤਾਰ ਨਾਲ ਜੁੜ ਪਏ ਉਪਰ ਨੂੰ ਖਿੱਚੇ ਜਾਂਦੇ ਹਾਂ, ਇਹ ਖਿੱਚ ਸਾਨੂੰ ਉੱਚਿਆਂ ਰੱਖਦੀ ਹੈ।

ਤੁਸਾਨੂੰ ਪਤਾ ਹੈ ਕਿ ਇਕ ਪੁਰਾਤਨ ਰਿਖਿ ਕਿਤਨਾ ਮਹਾਤਮਾ ਸੀ, ਇਕ ਪਰਤਾਵੇ ਦੇ ਆਯਾਂ ਉਸ ਸਤਿਕਾਰ ਯੋਗ ਮਹਾਤਮਾ ਨੂੰ ਕਮਜ਼ੋਰੀ ਨੇ ਨੱਪ ਲਿਆ। ਹੱਸੋ ਨਾ, ਉਸਨੂੰ ਮਖ਼ੌਲ ਨਾ ਕਰੋ, ਅਸੀਂ ਉਸ ਤੋਂ ਵੀ ਨਿਤਾਣੇ ਹੋ ਸਕਦੇ ਹਾਂ, ਪਰ ਵਾਹਿਗੁਰੂ ਦੇ ਭੈ ਪਿਆਰ ਵਿਚ ਮੁਤਾਲਿਆ ਕਰੋ। ਕਿਉਂ ਉਹ ਢੱਠਾ, ਉਹ ਤਾਂ ਜੋਗ ਅਭਿਆਸੀ ਸੀ? ਉਹ ਤਾਂ ਸੰਨਿਆਸੀ ਸੀ? ਉਸਦਾ ਆਦਰਸ਼ ਕੀ ਸੀ? ਸੁਣੋ ਉਸ ਦਾ ਖਿਆਲ ਇਹ ਸੀ:-

'ਸੰਸਾਰ ਮਿੱਥਿਆ ਹੈ, ਕਿਸੇ ਭੁਲੇਖੇ ਨਾਲ ਆਤਮਾ ਮਾਇਆ ਦੇ ਜਾਲ ਵਿਚ ਫਸ ਗਿਆ ਹੈ, ਇਸ ਤੋਂ ਕਿਵੇਂ ਛੁੱਟੇ?' ਮੋਟੇ ਅੱਖਰਾਂ ਵਿਚ ਇਹ ਗੱਲ ਹੈ ਕਿ 'ਇਹ ਸੰਸਾਰ ਦੀ ਰਚਨਾ ਕਿਸੇ ਗ਼ਲਤੀ ਨਾਲ ਹੋ ਗਈ ਹੈ ਤੇ ਰਚਨਾ ਸਾਰੀ ਦੁਖੀ ਹੈ, ਦੁੱਖ ਪਾ ਰਹੀ ਹੈ, ਇਹ ਦੁਖ ਕਿਵੇਂ ਹਟੇ? ਸੋ ਉਪਾਉ ਇਹ ਹੈ ਕਿ ਰਚਨਾ ਹੀ ਨਾ ਰਹੇ। ਉਹ ਕਿਵੇਂ ਹਟੇ? ਇਸ ਤਰ੍ਹਾਂ ਕਿ ਤਿਆਗ ਕਰਕੇ ਅਭਿਆਸ ਕਰੋ, ਜੋ ਆਤਮਾ ਇਸ ਮਾਦਾ (ਅਨਾਤਮਾ) ਤੋਂ ਜਾਂ ਚੇਤਨ ਜੜ੍ਹ ਤੋਂ ਜੁਦਾ ਹੋ ਜਾਵੇ, ਜੁਦਾ ਹੋਕੇ ਚੇਤਨ

ਯਾ ਆਤਮਾ ਯਾ ਪੁਰਖ ਨਿਹਕੇਵਲ ਹੋ ਜਾਏ, ਕਿਸੇ ਨਾਲ ਲਾਗਾ ਦਾਗ਼ਾ ਨਾ ਰਹੇ।'

ਦੂਸਰੇ ਪਾਸੇ ਦੇਖੋ, ਕਲਜੁਗ ਵਿਚ ਇਹ ਹੋਰ ਮਹਾਂ ਰਿਖੀ ਹੋਇਆ, ਉਸਦਾ ਨਾਉਂ ਜੋਗਾ ਸਿੰਘ ਸੀ, ਉਸ ਭੀ ਸੰਸਾਰ ਵਿਚ ਦੁੱਖ ਡਿੱਠਾ ਸੀ ਤੇ ਸੁਖ ਚਾਹੁੰਦਾ ਸੀ, ਪਰ ਉਹ 'ਗੁਰੂ ਦੇ ਵਜੂਦ' ਨੂੰ 'ਗੁਰੂ ਮੂਰਤੀ' ਨੂੰ ਮਿਲ ਪਿਆ। ਗੁਰੂ ਨੇ ਕਿਹਾ, ਬੱਚਾ! ਇਕ ਇਨਸਾਨ ਦੀ ਸਮਝ ਤੋਂ ਪਰੇ 'ਅਕਾਲ ਮੂਰਤਿ' ਵਜੂਦ ਹੈ, ਜਿਸ ਨੇ ਆਪਣੇ ਕਿਸੇ ਰੰਗ ਵਿਚ ਸੰਸਾਰ ਰਚਿਆ ਹੈ। ਉਸ ਨੂੰ ਭੁਲਾ ਕੇ ਤੂੰ ਦੁਖੀ ਹੈਂ, ਉਸਨੂੰ ਹਰਦਮ ਯਾਦ ਰੱਖ, ਕਦੇ ਉਸਦੀ ਯਾਦ ਅੰਦਰੋਂ ਨਾ ਛੱਡ। ਉਸ ਦੀ ਯਾਦ ਵਿਚ ਰਹਿਕੇ ਉਸਦੇ ਹੁਕਮ ਦੀ ਸਿਆਣ ਕਰੀ ਜਾਹ। ਦੁਖ ਤੋਂ ਡਰ ਨਾ, ਦੁਖ ਦਾਰੂ ਹੈ, ਤੇਰੀ ਤੱਕੀ ਕਰੇਗਾ। ਜਿਉਂ ਜਿਉਂ ਤੂੰ ਹੁਕਮ ਪਛਾਣੇਗਾ ਤਿਉਂ ਤਿਉਂ ਦੁਖ ਘਟਦਾ ਜਾਵੇਗਾ। ਤੂੰ ਵਿਚੇ ਰਹੁ, ਪਰ ਉਸ ਪਿਆਰੇ ਦੀ ਯਾਦ ਤੋਂ ਨਾ ਜੁਦਾ ਹੋ। ਉਸ ਤੋਂ ਵਿਛੁੜਨਾ ਦੁੱਖਾਂ ਦਾ ਮੂਲ ਹੈ। ਉਸ ਨਾਲ ਲੱਗਾ ਰਹੁ ਪਰ ਜਗਤ ਦੇ ਵਿਚ ਰਹੁ, ਤੂੰ ਉੱਚਾ ਹੋ ਵਰਤੇਂਗਾ, ਅੰਤ ਏਸੇ ਦੁਨੀਆਂ ਵਿਚ ਤੇਰਾ ਆਤਮਾ ਸੁਖੀ ਹੋ ਜਾਏਗਾ, ਤੂੰ ਪਰਮ ਪਦ ਪਾ ਲਏਂਗਾ।

ਉਸ ਨੂੰ ਇਨ੍ਹਾਂ ਗੱਲਾਂ ਤੇ ਨਿਹਚਾ ਹੋ ਗਿਆ। ਓਨ ਭੀ ਅਭਜਾਸ ਕੀਤਾ-ਅਲੱਗ ਹੋਕੇ ਖਿਆਲੀ ਉਚਿਆਈਆਂ ਤੇ ਜਾਣ ਦਾ ਨਹੀਂ, ਪਰ ਵਿਚੇ ਰਹਿ ਕੇ, ਵਿਚੇ ਵਿਚਰਕੇ-ਪਿਆਰ ਦੇ ਸੋਮੇ ਨਾਲ ਲੱਗੇ ਰਹਿਣ ਦਾ। ਉਹ ਕੀ ਕਿ ਮੱਲੋ ਮੱਲੀ ਉਸ ਗੁਰੂ ਕਲਗੀਆਂ ਵਾਲੇ ਦੇ ਨਾਲ ਉਹ ਪ੍ਰੀਤ-ਤਾਰ ਵਿਚ ਪ੍ਰੋਤਾ ਗਿਆ। ਇਸ ਪਿਆਰ ਦੀ ਇਕ ਖਿੱਚ ਲੱਗ ਗਈ, ਉਹ ਨਾਮ ਜਪੇ, ਸਾਈਂ ਨੂੰ ਚੇਤੇ ਰੱਖੇ, ਹੁਕਮ ਭੀ ਪਛਾਣੇ, ਪਰ ਜਦ ਕਦੇ ਭੁੱਲ ਹੋਣ ਲਗੇ 'ਗੁਰੂ-ਮੂਰਤੀ' ਅੱਖਾਂ ਅੱਗੇ ਆ ਖੜੋਵੇ। ਐਸੇ ਵੇਲੇ ਉਹ 'ਪ੍ਰੀਤ-ਤਾਰ', ਜੋ ਗੁਰੂ ਵਿਚ ਸੀ, ਮਨ ਨੂੰ ਖਿੱਚ ਲਵੇ ਤੇ ਉਹ ਗ਼ਲਤੀ ਤੋਂ ਬਚ ਜਾਵੇ। ਰਿਖੀ ਵਾਲਾ ਵੇਲਾ ਜੋਗਾ ਸਿੰਘ ਨੂੰ ਭੀ ਆਇਆ, ਪਰ ਦੇਖੋ ਉਸਦਾ ਮਨ 'ਪ੍ਰੀਤ-ਤਾਰ' ਨਾਲ ਗੁਰੂ ਵਿਚ ਪਰੋਤਾ ਪਿਆ ਸੀ, ਗੁਰੂ ਦੀ ਮੋਹਨੀ ਮੂਰਤ ਅੱਖਾਂ ਅਗੇ ਆ ਖੜੋਤੀ। ਜੋਗਾ ਸਿੰਘ ਨੂੰ ਡਰ ਆ ਗਿਆ ਕਿ ਗੁਰੂ ਕੀ ਆਖੇਗਾ ਤੇ ਮੈਂ ਕੀ ਮੂੰਹ ਲੈਕੇ ਪਿਆਰੇ ਕੋਲ ਜਾਵਾਂਗਾ? ਜੋਗਾ ਸਿੰਘ ਦੀਆਂ ਅੱਖਾਂ ਅਗੇ 'ਪਵਿੱਤ੍ਰਤਾ ਦਾ ਆਦਰਸ਼', ਜਿਸ ਨੂੰ ਉਸ ਨੇ ਗੁਰੂ ਰੂਪ ਵਿਚ ਡਿੱਠਾ ਤੇ ਪਿਆਰ ਦੇ ਨਾਤੇ ਨਾਲ ਆਪਣਾ ਕੀਤਾ ਸੀ, ਆ ਗਿਆ। ਉਧਰੋਂ ਦਾਸ-ਰਖਜ਼ਕ ਬਿਰਦ ਵਾਲੇ ਗੁਰੂ ਜੀ ਨੂੰ ਖਿੱਚ ਪਈ ਤੇ ਦਾਸ ਦਾ ਗਿਰਾਉ ਥੰਮ੍ਹਣ ਲਈ ਪਰਤੱਖ ਹੋ ਦਿਸੇ। ਇਸ ਮਿਹਰ ਨਾਲ ਉਸਨੇ ਝਟ ਆਪਣੀ ਉਸ ਰੁਚੀ ਤੇ ਜਿੱਤ ਪਾ ਲਈ, ਜਿਸ ਤੇ ਰਿਖੀ ਨਹੀਂ ਸੀ ਪਾ ਸਕਿਆ! ਰਿਖੀ ਦੀਆਂ ਅੱਖਾਂ ਅਗੇ ਕੋਈ 'ਆਦਰਸ਼ਕ ਜੋਤੀ' ਕੋਈ 'ਪਵਿੱਤ੍ਰਤਾ ਦਾ ਕਮਾਲ' ਨਹੀਂ ਸੀ, ਜਿਸ ਨਾਲ ਉਹ 'ਪ੍ਰੀਤ-ਤਾਰ' ਵਿਚ ਪਰੋਤਾ ਪਿਆ ਹੁੰਦਾ ਅਰ ਜੋ ਔਕੜ ਵੇਲੇ ਦਿਲੀ ਪ੍ਰੀਤ ਦੇ ਕਾਰਨ ਉਸ ਦੇ ਸਾਹਮਣੇ ਆ ਖਲੋਂਦਾ ਤੇ ਉਸਨੂੰ ਹੋੜ ਲੈਂਦਾ:-

'ਕਬੀਰ ਨਿਗੁਸਾਂਏਂ ਬਹ ਗਏ
ਬਾਂਧੀ ਨਾਹੀ ਕੋਇ॥' {ਸ:ਕਬੀਰ-੫੧}

ਜੀਓ ਜੀ! ਗੁਰਸਿੱਖ 'ਪ੍ਰੀਤ-ਤਾਰ' ਨਾਲ ਪ੍ਰੋਤੇ ਪਏ ਹਨ, ਗੁਰਸਿੱਖ ਖਸਮ ਵਾਲੇ ਹਨ। ਓਹ ਜਗਤ ਨੂੰ ਕਿਸੇ ਉਪਾਧੀ ਨਾਲ, ਕਿਸੇ ਗ਼ਲਤੀ ਨਾਲ, ਕਿਸੇ ਇਤਫ਼ਾਕ ਨਾਲ ਬਣਿਆ ਸਮਝਕੇ ਇਸ ਨੂੰ ਤੋੜਨ ਦੇ ਅਭਜਾਸ ਵਿਚ ਨਹੀਂ, ਪਰ ਓਹ ਆਪਣੇ ਸਿਰ ਪਰ ਕਰਤਾਰ ਰਚਨਹਾਰ ਨੂੰ ਵੇਖਦੇ ਹਨ, ਓਹ 'ਕਰਤਾ-ਪੁਰਖ' ਨੂੰ ਜਾਣਦੇ ਹਨ ਤੇ ਉਸ ਦੀ ਯਾਦ ਵਿਚ ਵਸਦੇ ਹਨ, ਉਨ੍ਹਾਂ ਦੀਆਂ ਅੱਖਾਂ ਦੇ ਅਗੇ ਅਣਹੋਂਦ ਦੇ ਅਰਥਾਂ ਵਾਲੀ ਸ਼ੂਨ ਨਹੀਂ ਵਸਦੀ। ਉਹ ਕਿਸੇ ਆਪਣੇ ਮਨ ਦੇ ਵਹਿਮੀ ਖ਼ੁਦਾ ਦੇ 'ਖ਼ਯਾਲ ਪ੍ਰਸਤ' ਬੰਦੇ ਨਹੀਂ। ਉਨ੍ਹਾਂ ਦੀਆਂ ਅੱਖਾਂ ਦੇ ਅਗੇ ਹੁਕਮ ਮੰਨਣ, ਰਜ਼ਾ ਪੁਰ ਟੁਰਨ, ਸਾਈਂ ਨੂੰ ਯਾਦ ਰੱਖਣ ਤੇ ਹਰ ਤਰ੍ਹਾਂ ਪਵਿਤ੍ਰ ਜੀਵਨ ਬਸਰ ਕਰਨ ਵਾਲਾ ਗ੍ਰਿਹਸਤ-ਸੰਨਿਆਸੀ ਗੁਰੂ ਗੋਬਿੰਦ ਸਿੰਘ ਦਾ ਆਦਰਸ਼ (Ideal) ਤੇ ਸੱਚਾ ਨਮੂਨਾ ਮੌਜੂਦ ਹੈ। ਫੋਕੇ ਤੇ ਵਿੱਥ ਪਰ ਖੜੇ ਉਸਤਾਦ ਦੀ ਸ਼ਕਲ ਵਿਚ ਨਹੀਂ, ਪਰ ਪਿਤਾ ਤੋਂ ਪਿਆਰੇ, 'ਪ੍ਰੀਤ-ਤਾਰ' ਵਿਚ ਪ੍ਰੋਤੇ ਜ਼ਾਤੀ ਰਿਸ਼ਤੇ ਵਾਲੇ ਨਿਕਟ ਖਲੇ* ਗੁਰੂ ਦਾ

*ਸਰਬ ਫਲਾ ਦੀਨ੍ਹੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ॥੨॥੪੭॥੭੦॥ {ਸਾਰੰਗ ਮ: ੫}

ਆਦਰਸ਼ ਮੌਜੂਦ ਹੈ। ਸਿੱਖ ਦੇ ਦਿਲ ਵਿਚ ਜੇ ਗੁਰੂ ਨਾਲ ਪ੍ਰੀਤ ਨਾ ਹੋਵੇ, ਜੇ ਉਸ ਦਾ ਤੇ ਗੁਰੂ ਦਾ ਜ਼ਾਤੀ ਸਬੰਧ ਨਾ ਹੋਵੇ ਤਾਂ ਲੋੜ ਵੇਲੇ ਆਦਰਸ਼ ਉਸਦੇ ਨੈਣਾਂ ਅਗੇ ਕੀਕੂੰ ਆਵੇਗਾ? ਰਿਖੀ ਨੂੰ ਔਕੜ ਵੇਲੇ ਆਪਣੀ ਨੇਕੀ ਦਾ ਹੀ ਆਸਰਾ ਸੀ, ਆਪਣੇ ਖਿਆਲਾਂ ਦੀ ਬੁਲੰਦੀ ਤਕ ਉਸਦਾ ਤਾਣ ਸੀ, ਜਦੋਂ ਅਜ਼ਮਾਇਸ਼ ਤਾਣ ਤੋਂ ਭਾਰੀ ਤੇ ਵਡੇਰੀ ਆ ਗਈ, ਹਾਰ ਗਏ। ਜੋਗਾ ਸਿੰਘ ਦਾ ਬੀ ਇਹੋ ਹਾਲ ਹੋਇਆ। ਅਜ਼ਮਾਇਸ਼ (ਪ੍ਰਤਾਵਾ) ਉਸਦੀ ਤਾਕਤ ਤੋਂ ਭਾਰੂ ਸੀ, ਪਰ ਉਸਦਾ ਮਨ ਆਪਣੇ ਆਦਰਸ਼ ਨਾਲ ਪ੍ਰੋਤਾ ਪਿਆ ਸੀ। ਇਹ ਇਕ ਅਧਯਾਤਮਕ ਅਸੂਲ ਹੈ ਕਿ ਜਿਸ ਨਾਲ ਦਿਲੀ ਪ੍ਰੀਤ ਹੋਊ, ਉਹ ਔਕੜ ਵੇਲੇ ਯਾ ਕਿਸੇ ਗੈਰ ਮਾਮੂਲੀ ਵਲਵਲੇ ਦੇ ਪੈਦਾ ਹੋਇਆਂ ਜ਼ਰੂਰੀ ਯਾਦ ਆਵੇਗਾ। ਇਹ ਬੀ ਵੈਸਾ ਹੀ ਅਸੂਲ ਹੈ ਕਿ ਜਿਸ ਨਾਲ ਤੁਹਾਡੀ ਲਗਾਤਾਰ ਪ੍ਰੀਤ ਹੈ ਉਸ ਨੂੰ ਤੁਹਾਡੀ ਖਿੱਚ ਜ਼ਰੂਰ ਪਵੇਗੀ।

'ਆਖ ਗੁਆਲ!
ਅਸਾਂ ਮਨੋਂ ਨਾ ਵਿਸਾਰਿਆ,
ਤੁਸੀਂ ਕਿਵੇਂ ਨ ਯਾਦ ਕਰੇਸੋ।'

ਸੋ ਜੇ 'ਪ੍ਰੀਤ-ਤਾਰ' ਜੋਗਾ ਸਿੰਘ ਦੇ ਅੰਦਰ ਨਾ ਹੁੰਦੀ ਤਾਂ ਨਾ ਉਸ ਅੰਧੇਰੀ ਝੁਲੀ ਵੇਲੇ 'ਗੁਰ ਮੂਰਤ' ਅੱਖਾਂ ਅਗੇ ਆਉਂਦੀ, ਨਾ ਗੁਰੂ ਨੂੰ ਉਸਦੀ ਖਿਚ ਪੈਂਦੀ ਤੇ ਨਾ ਉਸਦੀ ਅੰਦਰਲੀ ਰੋਕ ਸ਼ਕਤੀ ਦੁਬਾਲਾ ਹੋ ਜਾਂਦੀ ਤੇ ਨਾ ਉਸਦਾ ਬਚਾਉ ਹੁੰਦਾ।

ਇਹ ਅਸੂਲ ਗੁਰਸਿਖੀ ਦਾ ਡੂੰਘਾ ਦਿਲ ਦੇ ਕੇ ਸਮਝਣ ਵਾਲਾ ਹੈ। ਸਾਡੇ ਵਿਚ ਪੱਛਮੀ ਵਿਦਯਾ ਦੀ ਹਨੇਰੀ ਝੁੱਲ ਪਈ ਹੈ, ਜਿਕੂੰ ਪਛਮ ਕਿਸੇ ਹਨੇਰੀ ਹੇਠ ਨਾਸਤਕਤਾ ਵਲ ਟੁਰ ਪਿਆ ਸੀ, ਉਸੇ ਤਰ੍ਹਾਂ ਅਸੀਂ ਟੁਰ ਪਏ ਹਾਂ! ਜਿਕੂੰ ਉਹ ਸੌ ਡੂਢ ਸੌ ਸਾਲ ਤੋਂ ਟੱਕਰਾਂ ਖਾਕੇ ਕਿਸੇ ਹੋਰ ਤ੍ਰੀਕੇ ਨਾਲ ਕੁਛ ਪਰਤੇ ਸਨ, ਇਸੇ ਤਰ੍ਹਾਂ ਅਸੀਂ ਪਰਤਾਂਗੇ, ਪਰ ਕਿਆ ਚੰਗਾ ਹੋਵੇ ਕਿ ਠੁਹਕਰਾਂ ਨਾ ਖਾਈਏ ਤੇ ਹੁਣੇ ਹੀ ਟਿਕਾਣੇ ਸਿਰ ਰਹੀਏ, ਰੀਸ ਨਾ ਰਕੀਏ, ਗੁਣ ਵਿਹਾਝੀਏ ਤੇ ਆਪਣੇ ਗੁਣ ਨਾ ਗੁਆਈਏ। ਗੁਰੂ ਨਾਲ ਸਾਡਾ ਨੇਹੁੰ ਨਿਰਾ ਸਿੱਖਯਾ ਸੁਣਨ ਦਾ ਨਹੀਂ ਜਿੱਕੂੰ ਸਾਨੂੰ ਪੱਛਮੀ ਰੌਸ਼ਨੀ ਵਿਚ ਚੁੰਧਿਆਏ 'ਖਯਾਲ ਪ੍ਰਸਤ' ਲੋਕ ਦੱਸਦੇ ਹਨ, ਸਗੋਂ ਸਾਡਾ ਰਿਸ਼ਤਾ ਗੁਰੂ ਗੋਬਿੰਦ ਸਿੰਘ ਨਾਲ ਨਿਜ ਦਾ ਰਿਸ਼ਤਾ ਹੈ, ਸਾਕਾਦਾਰੀ ਹੈ, ਅਰ ਉਹ ਪਿਤਾ ਪੁੱਤਰ ਤੋਂ ਉਚੇਰੀ ਤੇ ਵਡੇਰੀ ਤੇ ਮੇਰੀ ਤੇ ਪਿਆਰੀ ਰਿਸ਼ਤੇਦਾਰੀ ਹੈ, ਜਿਸ ਦਾ ਨਾਮ ਧਰਨ ਨੂੰ ਜ਼ੁਬਾਨ ਕਾਸਰ ਤੇ ਬੋਲੀ ਆਰੀ ਹੈ। ਪ੍ਰੀਤ ਤਾਰ ਦਾ ਮਜ਼ਹਬ ਸਾਡਾ ਤਿਹਰਫਾ ਹੈ:-

(੧) ਅਸਾਂ ਜਗਤ ਨੂੰ ਕਰਤਾਰ ਦਾ ਜਾਣ ਕੇ ਕਰਤਾਰ ਨੂੰ ਪਿਆਰ ਕਰਨਾ ਹੈ। ਪਿਆਰ ਦਾ ਵਿਦਤ ਸਰੂਪ ਹੈ ਪ੍ਰੀਤਮ ਨੂੰ ਯਾਦ ਰੱਖਣਾ। ਸੋ ਜਗਤ ਵਿਚ ਰਹਿਕੇ ਅਸਾਂ ਕਰਤਾਰ ਨੂੰ ਨਹੀਂ ਭੁੱਲਣਾ। ਇਹੋ ਹੀ ਸਾਡਾ ਰਾਗ (ਪ੍ਰੇਮ) ਹੈ ਤੇ ਇਹੋ ਹੀ ਸਾਡਾ ਵੈਰਾਗ ਹੈ। ਹਾਂ, ਕਰਤਾਰ ਨੂੰ ਯਾਦ ਰੱਖਣ ਵਿਚ ਅਸੀਂ ਉਸ ਨਾਲ 'ਰਾਗ' ਰੱਖਦੇ ਹਾਂ ਤੇ ਜਗਤ ਨਾਲ ਸਾਡਾ ਸੁਤੇ ਵੈਰਾਗ ਹੁੰਦਾ ਜਾਂਦਾ ਹੈ। ਹਾਂ, ਅਸਾਂ ਉਸ ਨੂੰ ਨਿਜ ਦਾ ਸੱਜਣ ਤੇ ਅਪਣੇ ਅੰਗ ਸੰਗ ਸਮਝਣਾ ਹੈ*।

(੨) ਕਰਤਾਰ ਨੂੰ ਯਾਦ ਰੱਖਦੇ ਹੋਏ ਜਗਤ ਦੀ ਵਰਤੋਂ ਵਿਚ ਦੁੱਖਾਂ ਸੁੱਖਾਂ, ਖਖੇੜਾਂ ਬਖੇੜਾਂ ਵਿਚ ਅਸਾਂ 'ਹੁਕਮ ਪਛਾਣਨਾ' ਹੈ, ਅਸਾਂ ਕੁੜ੍ਹਨਾ ਨਹੀਂ, ਘਾਬਰਨਾ ਨਹੀਂ, ਅਸਾਂ ਖੁਸ਼ ਸ਼ਾਂਤ ਹੁਕਮ ਵਿਚ ਖੇਡਣਾ ਹੈ। ਇਹੋ ਸਾਡਾ ਤਪ ਹੈ, ਇਹੋ ਸਾਡੀ ਤਤਿੱਖਜਾ ਹੈ।

(੩) ਅਸੀਂ 'ਪ੍ਰੀਤ-ਤਾਰ' ਬਿਨ ਆਪਣੇ, ਮਨੁੱਖੀ ਅਮਲੀ ਵਰਤਾਰੇ ਲਈ ਕਿਸੇ ਸ਼ੂਨਤਾ ਦਾ ਕਿਸੇ ਖਿਆਲੀ ਮਨਫ਼ੀਅਤ ਦਾ ਆਸਰਾ ਨਹੀਂ ਲੈਣਾ। ਅਸਾਂ ਆਪਣੇ ਗੁਰੂ ਨੂੰ, ਜਿਸ ਨੇ ਮਨੁੱਖ ਹੋਕੇ ਮਨੁੱਖਾਂ ਵਿਚ ਵਿਚਰਕੇ ਉੱਚੇ ਸੁੱਚੇ ਨਮੂਨੇ ਸਾਨੂੰ ਦਿਖਾਏ ਤੇ ਸਿਖਾਏ, 'ਪ੍ਰੀਤ-ਤਾਰ' ਵਿਚ ਆਪਣੇ ਨਾਲ ਪ੍ਰੋਈ ਰੱਖਣਾ ਹੈ! ਜੇ ਸਾਡਾ ਆਦਰਸ਼ ਗੁਰੂ ਹੋਵੇਗਾ ਤਾਂ ਅਸੀਂ ਨੀਵੇਂ ਖਯਾਲੀ ਨਹੀਂ ਹੋਵਾਂਗੇ; ਜੇ ਸਾਡੀ ਗੁਰੂ ਨਾਲ ਪ੍ਰੀਤਿ ਹੋਵੇਗੀ ਤਾਂ ਉਹ ਅੰਗ ਸੰਗ ਰਹੇਗਾ; ਜੇ ਸਾਡੇ ਅੰਦਰ 'ਪ੍ਰੀਤ-ਤਾਰ' ਲਰੀ ਹੋਵੇਗੀ ਤਾਂ ਗੁਰੂ ਨੂੰ ਭੀ ਸਾਡੀ ਖਿੱਚ ਪਵੇਗੀ ਤੇ ਐਭੀ ਨਿਭੀ ਵੇਲੇ ਆਦਰਸ਼ ਦਾ ਚੇਤਾ ਤੇ ਗੁਰੂ ਵੱਲੋਂ ਸਾਡੀ ਲਗਾਤਾਰ ਖਿੱਚ ਨਾਲ ਆਈ ਵਡੇਰੀ ਤਾਕਤ ਦੀ

*ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋ-ਇਅੜਾ ਮੇਰਾ ਸਾਜਨੜਾ॥ {ਰਾਮਕਲੀ ਮ:੫:ਛੰਤ-੧}

ਮੱਦਦ ਸਾਨੂੰ ਬਿਜੈਮਾਨ ਰੱਖਿਆ ਕਰੂ। ਗੁਰੂ -ਕਲਗੀਆਂ ਵਾਲੇ ਗੁਰੂ ਨਾਨਕ-ਦੀ ਪ੍ਰੀਤ ਤਾਰ ਤੇ ਆਦਰਸ਼ ਨੂੰ ਸਾਹਮਣੇ ਰੱਖਕੇ ਉਨ੍ਹਾਂ ਦੇ ਦੱਸੇ ਹੁਕਮ ਮੂਜਬ ਅਸਾਂ ਅੰਕ ਇਕ ਵਾਲੇ ਅਮਲ ਵਿਚ ਟੁਰੇ ਰਹਿਣਾ ਹੈ। ਹਾਂ ਜੀ ਸਾਨੂੰ ਗੁਰੂ ਨੇ ਇਕ ਗੱਲ ਦੱਸੀ ਹੈ ਜੋ ਅਸਾਂ ਕਦੇ ਨਹੀਂ ਭੁੱਲਣੀ। ਉਹ ਹੈ:-

"ਗੁਰਾ ਇਕ ਦੇਹ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥" {ਜਪੁਜੀ}

ਅਸਾਂ ਰਿਖੀ ਨੂੰ ਮਾੜਾ ਨਹੀਂ ਕਹਿਣਾ, ਪਰ ਉਹਨਾਂ ਦੇ ਤਜਰਬੇ ਤੋਂ ਸਿਖਜਾ ਲੈਣੀ ਹੈ, ਜੇ ਉਹਨਾਂ ਦਾ ਹ੍ਰਿਦਾ 'ਪ੍ਰੀਤ-ਤਾਰ' ਨਾਲ ਗੁਰੂ ਗੋਬਿੰਦ ਸਿੰਘ ਨਾਲ ਬੱਧਾ ਹੁੰਦਾ, ਉਹੋ ਜੋਗਾ ਸਿੰਘ ਹੋ ਜਾਂਦੇ! ਅਤੇ ਜੋਗਾ ਸਿੰਘ ਜੀ ਜੇ ਆਦਰਸ਼ਹੀਨ ਹੁੰਦੇ ਆਪਣੇ ਆਦਰਸ਼ ਨਾਲ 'ਪ੍ਰੀਤ-ਤਾਰ' ਵਿਚ ਪਰੋਤੇ ਹੋਏ ਨਾ ਹੁੰਦੇ, ਨਿਸ਼ਚੇ ਸੀ ਕਿ ਕਦੇ ਨਾ ਬਚਦੇ, ਉਹ ਰਿਖੀ ਵਾਂਗੂ ਹੋ ਜਾਂਦੇ। ਸੋ ਸਜਣੋਂ! ਦੇਖਣਾਂ ਫੋਕੇ ਤੇ ਵਹਿਮੀ ਉਪਦੇਸ਼ਕਾਂ ਦੇ ਵਾਕ ਨਾ ਸੁਣਨੇ। ਗੁਰੂ ਗੋਬਿੰਦ ਸਿੰਘ ਨਾਲ ਸਿਖ ਦਾ ਸਾਕ ਨਿਜ ਦਾ ਜ਼ਾਤੀ ਸਾਕ ਹੈ, ਆਪਣਾ ਰਿਸ਼ਤਾ ਹੈ। ਅਸੀਂ 'ਪ੍ਰੀਤ-ਤਾਰ' ਨਾਲ ਉਸ ਨਾਲ ਪ੍ਰੋਤੇ ਹਾਂ, ਉਹ ਸਾਡਾ ਆਦਰਸ਼ ਹੈ। ਰੱਬੀ ਹੁਕਮ, ਰੱਬੀ ਰਜ਼ਾ, ਰੱਬੀ ਪਜਾਰ, ਰੱਬੀ ਪਵਿੰਤ੍ਰਤਾ, ਰੱਬੀ ਖੇੜੇ, ਜਮਾਲ, ਜਲਾਲ ਦਾ ਆਦਰਸ਼ ਅਸਾਂ ਉਨ੍ਹਾਂ ਤੋਂ ਸਿੱਖਣਾ ਹੈ, ਉਨ੍ਹਾਂ ਵਿਚ ਵੇਖਣਾ ਤੇ ਉਨ੍ਹਾਂ ਨਾਲ 'ਪ੍ਰੀਤ-ਤਾਰ' ਪ੍ਰੋਤੇ ਰਹਿਣਾ ਹੈ ਤੇ ਐਉਂ ਸਾਂਝੀਵਾਲ ਰਹਿਣਾ ਹੈ:-

ਪਿਤਾ ਹਮਾਰੇ ਪ੍ਰਗਟੇ ਮਾਝ॥
ਪਿਤਾ ਪੂਤ ਰਲਿ ਕੀਨੀ ਸਾਂਝ॥
ਕਹੁ ਨਾਨਕ ਜਉ ਪਿਤਾ ਪਤੀਨੇ॥
ਪਿਤਾ ਪੂਤ ਏਕੈ ਰੰਗਿ ਲੀਨੇ॥੪॥
੯॥੨੨॥ {ਭੈਰੋ:ਮ:੫}

ਅਸੀਂ ਫੇਰ ਇਕ ਵੇਰ ਉਪਰਲੇ ਆਦਰਸ਼ਾਂ ਨੂੰ ਦੁਹਰਾਉਂਦੇ ਹਾਂ:-

(੧) ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥ {ਵਾਰ:ਆਸਾ}

ਪੁਨਾ:-'ਆਪਿ ਸਤਿ ਕੀਆ ਸਭੁ ਸਤਿ॥'{ਸੁਖਮਨੀ}

ਰਚਨਹਾਰ ਸੱਚ ਹੈ ਤੇ ਉਸਦੀ ਰਚਨਾਂ ਦਰੁਸਤ ਹੈ। ਗ਼ਲਤ ਨਹੀਂ, ਕੋਈ ਭੁੱਲ ਇਸ ਜਗਤ ਦਾ ਕਾਰਨ ਨਹੀਂ, ਸਗੋਂ:-

'ਤਿਸੁ ਪ੍ਰਭ ਤੇ ਸਗਲੀ ਉਤਪਤਿ'{ਸੁਖਮਨੀ}

ਹੈ ਤੇ ਜਗਤ ਦੁਖ ਰੂਪ ਨਹੀਂ, ਸੱਚੇ ਦਾ ਘਰ ਹੈ, ਦੁਖ ਹੈ-ਸੱਚੇ ਨੂੰ ਭੁੱਲ ਜਾਣਾ, ਝੂਠ ਵਿਚ ਪੈ ਜਾਣਾ! ਝੂਠ ਦੁਖ ਹੈ, ਝੂਠ ਦੁਖ ਦਾ ਮੂਲ ਹੈ।

(੨) ਅਸਾਂ ਦੁਖ ਦੀ ਨਿਵਿਰਤੀ ਸੰਸਾਰ ਤੋਂ ਭੱਜ ਜਾਣ ਵਿਚ ਨਹੀਂ ਵੇਖਣੀ, ਉਦਾਸੀ, ਗ਼ਮੀ, ਢਹਿ ਢੇਰੀ ਮਨ ਦੀ ਦਸ਼ਾ ਵਿਚ ਨਹੀਂ ਤੱਕਣੀ, ਦੁਖ ਦੀ ਨਿਵਿਰਤੀ ਕਰਤਾਰ ਨੂੰ ਯਾਦ ਰੱਖਣ ਵਿਚ ਹੈ।

'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥
{ਸੁਖਮਨੀ}

(੩) ਸਾਈਂ ਯਾਦ ਰੱਖ ਕੇ ਅਸਾਂ ਹੁਕਮ ਵਿੱਚ ਟੁਰਨਾ ਹੈ:-

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥' 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥' {ਜਪੁਜੀ}

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭ ਸਾਹਿਬ ਦਾ ਤਿਨਿ ਭੇਦੁ ਜਾਤਾ॥
{ਰਾਮ:ਮ:੫-੯}

(੪) ਤੇ ਹੁਕਮ ਮੰਨਣ ਵਿਚ ਔਕੜਾਂ ਵੇਲੇ ਆਦਰਸ਼ ਆਪਣੇ ਕਲਗੀਧਰ ਜੀ ਦਾ ਰੱਖਣਾ ਹੈ ਤੇ ਉਨ੍ਹਾਂ ਨਾਲ 'ਪ੍ਰੀਤ-ਤਾਰ' ਨਾਲ ਪ੍ਰੋਤੇ ਨਿਜ ਦਾ ਰਿਸ਼ਤਾ ਕਾਇਮ ਰੱਖਣਾ ਹੈ-

ਫੁਨਿ ਗੁਰੂ ਜਲ ਬਿਮਲ ਅਥਾਹ ਮਜਨ ਕਰਹੁ ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ॥
{ਸ:ਮ:ਚਉਥੇ ਕੇ-੧੪/੧੩੯੮}

ਹਾਂ ਜੀ, ਗੁਰੂ ਨਾਨਕ ਗੋਬਿੰਦ ਸਿੰਘ ਸਾਡਾ ਸਦਾ ਜਾਗਦਾ ਗੁਰੂ ਟੁਰ ਨਹੀਂ ਗਿਆ, ਸਦਾ ਸਾਡੇ ਨਾਲ ਹੈ, ਘੋਖ ਕੇ ਪੜ੍ਹੋ:-

'ਸਿਰ ਊਪਰਿ ਠਾਢਾ ਗੁਰੁ ਸੂਰਾ॥
ਨਾਨਕ ਤਾਕੈ ਕਾਰਜ ਪੂਰਾ॥' {ਸੁਖਮਨੀ-੨੨}

(੫) ਇਹ ਕੁਛ ਕਰਦੇ ਹੋਏ ਅਸਾਂ ਭਾਈਚਾਰੇ ਵਿਚ ਰਹਿਣਾ ਹੈ, ਪਰ ਸਤਿਸੰਗ ਵਿਚ ਵੱਸਣਾ ਹੈ ਤੇ ਸਦਾ ਮੰਗਣਾ ਹੈ:-

'ਸਾਧ ਸੰਗਿ ਪ੍ਰਭ ਦੇਹੁ ਨਿਵਾਸ॥
ਸਰਬ ਸੂਖ ਨਾਨਕ ਪਰਗਾਸ॥'
{ਸੁਖਮਨੀ-੨੦}

ਸੂਚਨਾ-ਹੇਠ ਲਿਖੀ ਬਾਤ ਚੀਤ ਸ੍ਰੀ ਕਲਗੀਧਰ ਜੀ ਦੇ ਆਦਰਸ਼ਾਂ ਨੂੰ ਕੁਛ ਸਮਝਣ ਦੇ ਯਤਨ ਵਿਚ ਲਿਖੀ ਗਈ ਸੀ:-

੯੮. ਕਲਗੀਆਂ ਵਾਲੇ ਦੇ ਆਦਰਸ਼!

ਪ੍ਰੀਤਮ ਆਦਰਸ਼*!!

ਇਕ ਸੂਫ਼ੀ ਫ਼ਕੀਰ ਰੇਲ ਵਿਚ ਸਫ਼ਰ ਕਰ ਰਹੇ ਸਨ। ਇਕ ਵਡੇ ਸਟੇਸ਼ਨ ਤੇ ਗੱਡੀ ਜੁ ਠਹਿਰੀ ਤਾਂ ਇਕ ਚਿੱਟੇ ਬਸਤਰਾਂ ਵਾਲੇ ਗੰਭੀਰ ਸੱਜਣ, ਜੋ ਸਿੰਘ ਮਲੂੰਮ ਹੁੰਦੇ ਸਨ, ਉਸ ਕਮਰੇ ਵਿਚ ਆ ਚੜ੍ਹੇ। ਸ਼ਕਲ ਸੂਰਤ ਨੂਰਾਨੀ ਵੇਖਕੇ ਸੂਫ਼ੀ ਜੀ ਨੇ ਸਿੰਘ ਹੁਰਾਂ ਨੂੰ ਬੜੇ ਆਦਰ ਨਾਲ ਆਪਣੇ ਸਾਹਮਣੇ ਬਾਰੀ ਦੇ ਲਾਗੇ ਬਿਠਾ ਲਿਆ, ਸੁਖਸਾਂਦ ਪੁੱਛੀ ਤੇ ਚੰਗਾ ਸਤਿਕਾਰ ਦਿਤਾ। ਇੰਨ੍ਹੇ ਨੂੰ ਇਕ ਦੋ ਹੋਰ ਮੁਸਾਫ਼ਰ ਆ ਬੈਠੇ ਤੇ ਰੇਲ ਟੁਰ ਪਈ। ਇਸ ਤੋਂ ਅੱਗੇ ਜੋ ਸਟੇਸ਼ਨ ਆਇਆ ਸੋ ਜੰਕਸ਼ਨ ਸੀ ਤੇ ਰੇਲ ਨੇ ਏਥੇ ਕੋਈ ਘੰਟਾ ਖੜੋਨਾ ਸੀ, ਕਿਉਂਕਿ ਸਾਹਮਣਿਓਂ ਆਉਣ ਵਾਲੀ ਗੱਡੀ ਦੇਰੀ ਨਾਲ ਆ ਰਹੀ ਸੀ, ਇਸ ਕਰਕੇ ਇਸਨੂੰ ਹੋਰ ਬੀ ਅਟਕਣਾ ਪੈ ਗਿਆ।

ਇਸ ਵੇਲੇ ਤੱਕ ਸੂਫ਼ੀ ਤੇ ਸਿੰਘ ਜੀ ਦੀਆਂ ਕੁਛ ਕੁਛ ਗੱਲਾਂ ਬਾਤਾਂ ਛਿੜ ਪਈਆਂ ਸਨ। ਦੋਵੇਂ ਧਿਰਾਂ ਵਿਦਵਾਨ ਸਨ ਤੇ ਮਹਾਂਪੁਰਖਾਂ ਦੇ ਸਤਿਕਾਰ ਕਰਨ ਵਾਲੀਆਂ ਸਨ, ਇਸ ਕਰਕੇ ਆਪੋ ਵਿਚ ਚੰਗੇ ਪਿਆਰ ਨਾਲ ਖਿਆਲਾਂ ਦਾ ਵਟਾਂਦਰਾ ਹੋਣ ਲੱਗ ਪਿਆ, ਏਥੋਂ ਤਾਈਂ ਕਿ ਕੇਸਾਂ ਦੇ ਬਾਰੇ ਗੱਲ ਛਿੜ ਪਈ। ਤਦ ਸੂਫ਼ੀ ਜੀ ਨੇ ਕਿਹਾ ਕਿ ਅਸੀਂ ਲੋਕ ਆਪ ਦੇ ਸਿਰ ਤੇ ਕੇਸ ਵੇਖਕੇ ਖੁਸ਼ ਹੁੰਦੇ ਹਾਂ, ਸਾਡੇ ਮਜ਼ਹਬ ਵਿਚ ਕੇਸ ਚੰਗੇ ਮੰਨੇ ਹਨ, ਕੇਸ ਰਖਣੇ 'ਸੁਨੱਤ' ਹੈ, ਅਰਥਾਤ ਕੇਸ ਰੱਖਣੇ ਭਲਿਆਈ ਦਾ ਕੰਮ ਹੈ। ਸਾਡੇ ਹਜ਼ਰਤ ਮੁਹੰਮਦ ਸਾਹਿਬ ਆਪ ਕੇਸਾਂ ਵਾਲੇ ਸਨ ਅਰ ਸਾਰੇ ਰੱਬੀ ਪਹੁੰਚ ਵਾਲੇ ਫਕੀਰ ਲਗਪਗ ਕੇਸਾਂ ਵਾਲੇ ਹੁੰਦੇ ਹਨ, ਤੇ ਦੁਨੀਆਂ ਦੇ ਹਰ ਰੂਹਾਨੀ ਤਾਕਤ ਵਾਲੇ ਨੇ ਕੇਸ ਰੱਖੇ ਹਨ।

ਸਿੰਘ ਜੀ ਨੇ ਦੱਸਿਆ ਕਿ ਏਹ ਦਿਮਾਗ ਦੇ ਉੱਤੇ ਆਤਮਕ ਤਾਕਤ ਅਰ ਸ੍ਰੀਰਕ ਅੰਦਰਲੀਆਂ ਦਾਮਨਿਕ ਸ਼ਕਤੀਆਂ ਦੀ ਰਖਜਾ ਕਰਦੇ ਹਨ। ਸਿਰ ਇਨ੍ਹਾਂ ਤਾਕਤਾਂ ਦਾ ਜਨਕ ਹੈ। ਰਸੀਏ ਤੇ ਅਭਜਾਸੀ ਇਨ੍ਹਾਂ ਭੇਤਾਂ ਨੂੰ ਜਾਣਦੇ ਹਨ।

ਏਥੋਂ ਗੱਲ ਟੁਰਦੀ ਟੁਰਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਿਕਰ ਸ਼ੁਰੂ ਹੋ ਪਏ। ਸੂਫ਼ੀ ਜੀ ਬੋਲੇ:-

ਸਿੰਘ ਜੀ! ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਸਾਹਿਬ ਕਸ਼ਫ' ਸਨ, ਇਸ ਵਿਚ ਕਲਾਮ (ਸੰਸਾ) ਨਹੀਂ। ਅਸੀਂ ਲੋਕ ਬਜ਼ੁਰਗਾਂ ਦੀ ਇੱਜ਼ਤ ਕਰਨ ਵਾਲੇ ਹਾਂ, ਨਿੰਦਾ ਕਰਨ ਵਾਲੇ ਨਹੀਂ, ਪਰ ਮੈਂ ਬੜੇ ਅਦਬ ਨਾਲ ਪੁੱਛਦਾ ਹਾਂ ਕਿ ਉਨ੍ਹਾਂ ਨੇ ਰਬ ਪਿਆਰੇ ਤੇ ਰੱਬ ਦੇ ਘਲੇ ਹੋਏ ਹੋਕੇ ਸ਼ਸਤ੍ਰ ਕਿਉਂ ਫੜੇ?

ਸਿੰਘ-ਸਾਈਂ ਵਾਲਿਓ! ਤੁਸੀਂ ਇਹ ਸੰਸਾ ਕਰਦੇ ਚੰਗੇ ਨਹੀਂ ਲਗਦੇ, ਕਿਉਂਕਿ ਆਪਦੇ ਬਜ਼ੁਰਗ ਮੁਹੰਮਦ ਸਾਹਿਬ ਜੀ ਨੇ ਸ਼ਸਤ੍ਰ ਫੜੇ, ਜੰਗ ਕੀਤੇ। ਉਨ੍ਹਾਂ ਨੂੰ ਜਿਵੇਂ ਆਪ ਸ਼ਸਤ੍ਰਧਾਰੀ ਵੇਖਕੇ 'ਰਸੂਲ ਅੱਲਾ' ਮੰਨਣੋਂ ਸੰਸੇ ਵਿਚ ਨਹੀਂ ਪੈਂਦੇ, ਇਸੀ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਲੂਹੀਅਤ (ਈਸ਼ੂਰੀਯ ਸੱਤਾ) ਨੂੰ ਬੀ ਸ਼ਸਤ੍ਰਾਂ ਨਾਲ ਜਿਉਂ ਦੀ ਤਿਉਂ ਤੱਕੋ।

ਇਸੇ ਪ੍ਰਕਾਰ ਜੇ ਤੁਸੀਂ ਹਿੰਦੂ ਸੱਜਣਾਂ ਵਲ ਆਓ ਤਾਂ ਉਨ੍ਹਾਂ ਦੇ ਦੋਵੇਂ ਮਹਾਨ ਅਵਤਾਰ 'ਰਾਮ' ਤੇ 'ਕ੍ਰਿਸ਼ਨ' ਜੀ ਸ਼ਸਤ੍ਰਧਾਰੀ ਸਨ, ਅਤੇ ਗੀਤਾ ਵਿਚ ਕ੍ਰਿਸ਼ਨ ਦੇਵ ਨੇ ਅਰਜਨ ਨੂੰ-ਜੋ ਧਰਮ ਭਾਵ ਵਿਚ ਆਕੇ ਸ਼ਸਤ੍ਰਾਂ ਤੋਂ ਕਾਇਰ ਹੋ ਰਿਹਾ ਸੀ-ਸ਼ਸਤ੍ਰ ਫੜਨੇ 'ਧਰਮ ਵਿਰੁਧ ਨਹੀਂ ਹਨ' ਸਿੱਧ ਕਰ ਦਿਤਾ ਸੀ। ਇਸੀ ਤਰ੍ਹਾਂ ਉਹਨਾਂ ਦੇ ਦੇਵਤੇ ਵਿਸ਼ਨੂੰ ਜੀ 'ਗਦਾ ਤੇ ਚੱਕ੍ਰ ਧਾਰੀ' ਹਨ, ਸ਼ਿਵ ਜੀ 'ਤ੍ਰਿਸ਼ੂਲ ਧਾਰੀ' ਹਨ, ਤੇ ਵੇਦਕ ਰਿਸ਼ੀਆਂ ਦੇ ਸਮੇਂ ਕੁਲ ਦਾ ਵਡਾ ਸ਼ਸਤ੍ਰਧਾਰੀ ਹੀ ਆਗੂ ਤੇ ਪ੍ਰੋਹਤ ਹੋਇਆ ਕਰਦਾ ਸੀ।

ਜੇ ਈਸਾ ਜੀ ਵੱਲ ਆਓ ਤਾਂ ਜਦੋਂ ਸਿਪਾਹੀ ਉਨ੍ਹਾਂ ਨੂੰ ਫੜਨ ਚੱਲੇ ਹਨ ਤੇ ਉਨ੍ਹਾਂ ਨੂੰ ਪਤਾ ਲੱਗਾ ਹੈ ਤਾਂ ਉਨ੍ਹਾਂ ਨੇ ਅਪਣੇ ਚੇਲਿਆਂ ਨੂੰ ਪੁਛਿਆ ਹੈ ਕਿ

*ਇਹ ਪ੍ਰਸੰਗ ਟ੍ਰੈਕਟ ਦੀ ਸੂਰਤ ਵਿਚ ਸੰ: ਗੁ: ਨਾ: ਸਾ: ੪੪੭ (੧੯੧੬ ਈ:) ਦੇ ਗੁਰਪੁਰਬ ਸਪਤਮੀ ਸਮੇਂ ਪ੍ਰਕਾਸ਼ਤ ਹੋਇਆ ਸੀ।

ਕਿਸੇ ਪਾਸ ਤਲਵਾਰ ਹੈ? ਤੇ ਉਸ ਵੇਲੇ ਇਸ ਪ੍ਰਕਾਰ ਕੁਛ ਆਖਿਆ ਹੈ ਕਿ:-

'ਜਿਸ ਦੇ ਪਾਸ ਨਾ ਹੋਵੇ ਆਪਣੇ ਕਪੜੇ ਵੇਚਕੇ ਤਲਵਾਰ ਖਰੀਦੇ*।'

ਬੁੱਧ ਜੀ ਆਖਦੇ ਹਨ:-ਨਿਆਂ ਵਾਸਤੇ, ਜ਼ੁਲਮ ਰੋਕਣ ਵਾਸਤੇ ਦੰਡ ਦੇਣਾ ਪਾਪ ਨਹੀਂ। ਸੋ ਸੱਜਣ ਜੀ! ਹਿੰਦੂ, ਮੁਸਲਮਾਨ ਤੇ ਈਸਾਈ ਤਾਂ ਆਪਣੇ ਵਡਿਆਂ ਵਲ ਵੇਖਕੇ ਹੀ ਸ੍ਰੀ ਗੁਰੂ ਜੀ ਦੇ ਸ਼ਸਤ੍ਰਧਾਰੀ ਹੋਣ ਪਰ ਕਿੰਤੂ ਨਹੀਂ ਕਰ ਸਕਦੇ।

ਗਲ ਬਾਤ ਹੁਣ ਮੁਆਦਲੀ ਹੁੰਦੀ ਜਾਂਦੀ ਸੀ। ਇਕ ਨਵੇਂ ਪੜ੍ਹੇ ਬਾਬੂ ਜੀ ਪਾਸ ਬੈਠੇ ਸਨ, ਸੁਣਕੇ ਆਖਣ ਲੱਗੇ ਕਿ ਮੈਂ ਇਨ੍ਹਾਂ ਮਜ਼ਹਬਾਂ ਦੀ ਕੈਦ ਤੋਂ ਬਾਹਰ ਹੋਕੇ ਪੁਛਦਾ ਹਾਂ ਕਿ ਉਨ੍ਹਾਂ ਦੇ ਦਇਆ ਬ੍ਰਿਤੀ ਦੇ ਨਾਲ ਸ਼ਸਤ੍ਰ ਕਿਉਂ ਫੜੇ?

ਸਿੰਘ-ਸੱਜਣ ਜੀ! ਮੈਂ ਵਿਦਯਾ ਵਿਚ ਨਿਮਾਣਾ ਹਾਂ ਤੇ ਚਰਚਾ ਦੀ ਮੈਨੂੰ ਜਾਚ ਨਹੀਂ, ਜੇ ਆਪ ਨੂੰ ਹਾਰ ਜਿੱਤ ਦਾ ,ਸੰਕਲਪ ਹੈ ਤਾਂ ਮੈਂ ਹਾਰਿਆ। ਜੇ ਆਪ ਅਸਲੀਅਤ-ਮੱਚ-ਨੂੰ ਅਪਣੇ ਆਤਮਾ ਦੇ ਸੁਖ ਲਈ ਮਲੂਮ ਕਰਨਾ ਚਾਹੁੰਦੇ ਹੋ ਤਾਂ ਜੋ ਮੇਰੇ ਆਤਮਾ ਵਿਚ 'ਸੁਖ' ਹੈ ਉਸ ਦਾ ਕੁਛ ਵਿਸਥਾਰ ਕਰ ਸੁਣਾਉਂਦਾ ਹਾਂ।

ਬਾਬੂ-ਸਿੰਘ ਜੀ! ਮੈਂ ਕਲਗੀਧਰ ਜੀ ਦਾ ਮੱਦਾਹ (ਮਹਿੰਮਾ ਕਰਨ ਵਾਲਾ) ਹਾਂ, ਪਰ ਕਿਸੇ ਹੋਰ ਨੁਕਤੇ ਤੋਂ। ਉਨਾਂ ਨੇ ਮਾਡੇ ਦੇਸ਼ ਦੀ, ਧਰਮ ਦੀ, ਸਾਡੀ ਬਹੂ-ਬੇਟੀਆਂ ਦੀ ਰੱਖਜਾ ਕੀਤੀ, ਉਹਨਾਂ ਨੇ ਸਰਵੰਸ ਵਾਰਿਆ, ਆਪਾ ਵਾਰਿਆ, ਸਾਨੂੰ ਸੁਖ ਦਿਤਾ, ਉਨ੍ਹਾਂ ਦੀ ਨਜ਼ੀਰ ਜਗਤ ਵਿਚ ਓਹ ਆਪ ਹਨ, ਪਰ ਮੇਰਾ ਨੁਕਤਾ ਖਿਆਲ ਹੋਰ ਹੈ। ਮੈਂ ਆਪਣੇ ਨਿਰਣੇ ਕਰਨ ਲਈ ਤੇ ਸੱਚ ਦੀ ਪ੍ਰਾਪਤੀ ਲਈ ਪੁੱਛਦਾ ਹਾਂ ਕਿ 'ਪੈਗੰਬਰਾਂ, ਅਵਤਾਰਾਂ' ਤੋਂ ਵਧੀਕ ਧਰਮੀ ਹੋਕੇ ਉਨ੍ਹਾਂ ਨੇ ਧਰਮ ਦੇ ਨਾਲ ਤਲਵਾਰ ਕੀਕੂੰ ਠੀਕ ਜਾਤੀ?

ਸਿੰਘ-ਆਪ ਨੂੰ ਪਤਾ ਹੈ ਕਿ ਹਿੰਦੁਸਤਾਨ ਦੇ ਸਾਰੇ ਧਰਮਾਂ ਦਾ ਇਹ ਨਿਚੋੜ ਹੈ ਕਿ ਧਰਮ ਦੀ ਪ੍ਰਾਪਤੀ ਵਾਸਤੇ ਘਰ ਬਾਰ ਛੱਡ ਕੇ ਜੰਗਲ ਵਿਚ ਏਕਾਂਤ ਹੋਕੇ ਅਭਜਾਸ ਕਰਨਾ ਹੀ ਰਸਤਾ ਹੈ। ਚਾਹੇ ਜਦੋਂ ਵੈਰਾਗ ਹੋ ਜਾਏ ਟੁਰ ਪਵੇ ਤੇ ਚਾਹੇ ਉਮਰਾ ਦੇ ਪਿਛਲੇ ਪਹਿਰੇ। ਬੁੱਧ, ਜੈਨ, ਸੰਨਯਾਸ, ਵੈਸ਼ਨਵ, ਸ਼ੈਵ, ਹਰ ਮਤ ਦਾ ਰਤਾ ਰਤਾ ਫਰਕ ਹੈ, ਪਰ ਲਗਪਗ ਹਰੇਕ ਵਿਚ ਤਜਾਗ ਦਾ ਉਪਦੇਸ਼ ਹੈ।

ਪਰੰਤੂ ਗੁਰੂ ਜੀ ਨੇ ਗ੍ਰਹਸਤ ਵਿਚ ਰਹਿਣਾ ਤੇ ਫੇਰ ਮੁਕਤੀ ਨੂੰ ਪ੍ਰਾਪਤ ਕਰ ਲੈਣਾ ਸਿਖਾਯਾ। ਹੁਣ ਗ੍ਰਿਹਸਤੀ ਇਕ ਕਮਾਮ ਤਾਂ ਨਹੀਂ ਨਾ ਕਰਦਾ, ਜ਼ਿਮੀਂਦਾਰ, ਵਪਾਰੀ, ਕਾਰੀਗਰ, ਨੌਕਰ ਸੱਭੇ ਗ੍ਰਿਹਸਤੀ ਹਨ। ਏਹ ਸਾਰੇ ਤਾਂ ਗ੍ਰਿਹਸਤ ਵਿਚ ਮੁਕਤ ਹੋ ਸਕਦੇ ਹਨ, ਪਰ ਸਿਪਾਹੀ ਵੀ ਤਾਂ ਗ੍ਰਿਹਸਤੀ ਹੈ, ਜੋ ਸਿਪਾਹੀ ਗੁਰ ਨਾਨਕ ਦੇ ਤ੍ਰੀਕੇ ਵਿਚ ਰੱਬ ਨੂੰ ਨਹੀਂ ਪਾ ਸਕਦਾ ਤਾਂ ਧਰਮ ਦਾ ਤ੍ਰੀਕਾ ਅਧੂਰਾ ਰਹਿ ਗਿਆ। ਇਸ ਕਰਕੇ ਗੁਰੂ ਜੀ ਨੇ ਸਿਪਾਹੀ ਹੋਕੇ ਬੀ ਰੱਬੀ ਰੰਗ ਵਿਚ ਰਹਿਣਾ ਦੱਸ ਦਿੱਤਾ। ਤੁਸੀਂ ਵੇਖ ਲਓ ਸਿਖਾਂ ਵਿਚ ਛੀਂਬੇ, ਜੁਲਾਹੇ, ਮੋਚੀ, ਤਰਖਾਣ, ਲੁਹਾਰ, ਰਾਜ, ਮਿਸਤ੍ਰੀ, ਕਿਰਤੀ, ਮਜ਼ਦੂਰ, ਕਾਰੀਗਰ, ਵਪਾਰੀ, ਨੌਕਰ, ਸਿਪਾਹੀ, ਰਾਜ, ਹਰ ਤਬਕੇ, ਹਰ ਪੇਸ਼ੇ ਅਰ ਕਮਾਮ ਦੇ ਲੋਕ ਹਨ, ਤੇ ਦੋ ਢਾਈ ਸੌ ਬਰਸ ਕੁੱਲ ਗੁਰੂ ਗੋਬਿੰਦ ਸਿੰਘ ਜੀ ਨੂੰ ਬੀਤਿਆ ਹੈ*, ਤੇ ਉਨ੍ਹਾਂ ਦੀ ਉੱਮਤ ਵਿਚ ਸਾਰੇ ਕਮਾਮਾਂ ਦੇ ਲੋਕ ਹਨ, ਜਿਸ ਕਰਕੇ ਇਸ ਨਿੱਕੀ ਜਿਹੀ ਗਿਣਤੀ ਨੂੰ ਲੋਕ ਤਸਲੀਮ ਕਰਦੇ ਹਨ, ਤੇ ਇਹ ਸਾਰੇ ਕਿਰਤ ਕਰਦੇ ਹਨ, ਗ੍ਰਿਹਸਤੀ ਹਨ ਤੇ ਫੇਰ ਮੁਕਤੀ ਦਾ ਮਾਰਗ ਇਨ੍ਹਾਂ ਦਾ ਮੁੱਖ ਪ੍ਰਯੋਜਨ ਹੈ।

ਬਾਬੂ-ਪਰ ਜੇ ਉਹ ਸ਼ਸਤ੍ਰ ਨਾ ਫੜਦੇ ਤਾਂ ਕੀ ਹਰਜ ਸੀ?

ਸਿੰਘ-ਇਹ ਆਪ ਮੰਨਦੇ ਹੋ ਕਿ ਸਮੇਂ ਦੀ ਲੋੜ ਸੀ, ਦੇਸ਼ ਬਿਪਤਾ ਵਿਚ ਸੀ, ਔਰੰਗਜ਼ੇਬ ਤੇ ਉਸਦੇ ਹਾਕਮਾਂ ਨੇ ਧਰਮ ਦੀ ਆਜ਼ਾਦੀ ਵਿਚ ਦਖਲ ਦਿਤਾ ਸੀ, ਮੰਦਰ ਢਾਹੁਣੇ, ਮੱਲੋ ਮੱਲੀ ਧਰਮ ਬਦਲਨੇ, ਇਹ ਵਤੀਰਾ ਰਾਜ ਨੇ ਧਾਰ ਲਿਆ ਸੀ। ਧਰਮ ਦੀ ਆਜ਼ਾਦੀ ਇਨਸਾਨ ਦਾ ਹੱਕ ਹੈ। ਇਸਨੂੰ ਬਚਾਉਣ ਲਈ, ਅਤੇ ਮਜ਼ਲੂਮਾਂ ਦੀ ਰਖਜਾ ਲਈ ਸ਼ਸਤ੍ਰ ਫੜੇ! ਪਰਜਾ ਦੁਖੀ ਸੀ, ਨਿੱਕੇ ਹਾਕਮ ਤੇ ਅਜਾਰੇਦਾਰ ਪਰਜਾ ਨੂੰ ਦੁੱਖ ਦੇਂਦੇ

*ਲੂਕਾ, ਬਾਬ ੨੨, ਆਇਤ ੩੬!

*ਇਹ ਲੇਖ ੧੯੧੬ ਈ: ਵਿਚ ਲਿਖਿਆ ਸੀ।

ਸਨ, ਉਨ੍ਹਾਂ ਦੀ ਰਖਜਾ ਕਰਨੀ ਸੀ, ਇਸ ਲਈ ਧਰਮ ਜੁੱਧ ਕੀਤਾ, ਅਪਣੇ ਲੋਭ ਲਾਲਚ, ਰਾਜ ਭਾਗ ਪਿਛੇ ਨਹੀਂ। ਸੋ ਉਨ੍ਹਾਂ ਦਾ ਸ਼ਸਤ੍ਰ ਫੜਨਾ ਇਖ਼ਲਾਕੀ ਤੇ ਧਾਰਮਿਕ ਆਜ਼ਾਦੀ ਨੂੰ ਕਾਇਮ ਰੱਖਣ ਤੇ ਪ੍ਰਜਾ ਨੂੰ ਸੁਖੀ ਕਰਨ ਵਾਸਤੇ ਸੀ, ਨਾਕਿ ਅਪਣੇ ਲਈ ਕੁਛ ਪ੍ਰਾਪਤ ਕਰਨ ਵਾਸਤੇ ਸੀ।

ਇਕ ਨੁੱਕਰੇ ਇਕ ਹੋਰ ਪਤਲੇ ਜਿਹੇ ਦੋ ਟੁਕੇ ਸ਼ੀਸ਼ੇ ਦੀ ਐਨਕ ਵਾਲੇ ਪੱਛਮੀ ਵਿਦਜਾ ਦੇ ਪਾਠੀ ਸੱਜਣ ਬੈਠੇ ਸਨ। ਆਖਣ ਲਗੇ-'ਚੁਪ ਕਰ ਰਹਿੰਦੇ, ਸਾਰੇ ਲੋਕੀਂ ਝੱਲਦੇ ਜਾਂਦੇ, ਜ਼ਾਲਮ ਆਪੇ ਚੁੱਪ ਕਰ ਜਾਂਦਾ ਅੰਤ ਜ਼ੁਲਮ ਆਪ ਡੁੱਬਦਾ ਹੈ, ਸਹਿਣ ਵਾਲਾ ਅਸੂਲ ਤੇ ਖੜਾ ਰਹੇ, ਜਾਨ ਦੇ ਦੇਵੇ, ਪਰ ਅੱਗੋਂ ਹੱਥ ਨਾ ਚੁੱਕੇ।'

ਸਿੰਘ-ਤੁਹਾਡਾ ਮਤਲਬ ਹੈ ਕਿ ਅਸੂਲ ਤੇ ਕੁਰਬਾਨ ਹੁੰਦਾ ਜਾਵੇ, ਕਾਇਰ ਹੋਕੇ ਤਨ ਰਖਜਾ ਦੀ ਖ਼ਾਤਰ ਅਸੂਲ ਨਾ ਛੱਡੇ ਪਰ ਮੁਕਾਬਲਾ ਬੀ ਨਾ ਕਰੇ।

ਐਨਕ ਵਾਲਾ-ਜੀ ਹਾਂ।

ਸਿੰਘ ਜੀ-ਠੀਕ ਹੈ ਤੇ ਬਹੁੰ ਠੀਕ ਹੈ, ਇਹ ਤ੍ਰੀਕਾ ਰੱਦਣ ਵਾਲਾ ਨਹੀਂ, ਸਤਿਕਾਰ ਯੋਗ ਹੈ। ਪਰ ਕੀ ਤੁਸੀਂ ਮੰਨਦੇ ਹੋ ਕਿ ਸਾਨੂੰ ਦਰਦਵੰਦਾਂ ਦੁਖੀਆਂ ਦੀ ਰਖਜਾ ਕਰਨੀ ਚਾਹੀਏ?

ਐਨਕ ਵਾਲਾ-ਜੀ ਹਾਂ।

ਸਿੰਘ ਜੀ-ਇਕ ਗਰੀਬ ਆਦਮੀ ਨੂੰ ਤਲਵਾਰ ਵਾਲਾ ਸਤਾ ਰਿਹਾ ਹੈ ਕਿ ਮੇਰਾ ਦੀਨ ਕਬੂਲ ਕਰ, ਉਹ ਕਹਿੰਦਾ ਹੈ ਮਰ ਜਾਸਾਂ, ਪਰ ਮੰਨਸਾਂ ਨਹੀਂ। ਇਕ ਹੋਰ ਸ਼ੇਰ ਦਿਲ ਕੋਲੋਂ ਲੰਘਦਾ ਹੈ ਉਹ ਤਲਵਾਰ ਵਾਲੇ ਨੂੰ ਕਹਿੰਦਾ ਹੈ ਭਈ ਤੇਰਾ ਕੋਈ ਹੱਕ ਨਹੀਂ ਕਿ ਜਬਰਨ ਦੀਨ ਮਨਵਾਵੇਂ, ਇਹ ਰੱਬੀ ਸੁਤੰਤ੍ਰਤਾ ਹੈ, ਤੂੰ ਜ਼ੁਲਮ ਨਾ ਕਰ। ਅਗੋਂ ਉਹ ਆਖਦਾ ਹੈ, ਮੈਂ ਕਰਸਾਂ। ਫੇਰ ਸ਼ੇਰ ਦਿਲ ਆਖਦਾ ਹੈ, ਮੈਂ ਇਹ ਅੰਨਜਾਇ ਨਹੀਂ ਹੋਣ ਦੇਣਾ। ਇਸ ਵੇਲੇ ਜੇ ਸ਼ੇਰ ਦਿਲ ਚੁੱਪ ਕਰ ਰਹੇ ਤਾਂ ਜ਼ਾਲਮ ਦੋਹਾਂ ਨੂੰ ਮਾਰੇਗਾ, ਜੇ ਜ਼ਾਲਮ ਦੇ ਉਸ ਹੱਥ ਨੂੰ-ਜੋ ਗਰੀਬਾਂ ਨੂੰ ਮਾਰਨ ਲੱਗਾ ਹੈ-ਸ਼ੇਰ ਦਿਲ ਫੜ ਲਏ ਤਾਂ ਜ਼ਾਲਮ ਇਸ ਨੂੰ ਮਾਰੇਗਾ। ਹੁਣ ਸ਼ੇਰ ਦਿਲ ਅਗੋਂ ਮੁਕਾਬਲਾ ਨਾ ਕਰੇ ਤਾਂ ਆਪ ਬੀ ਮਰੇਗਾ ਤੇ ਜਿਸ ਦੀ ਰਾਖੀ ਕਰਨ ਲਗਾ ਸੀ ਉਹ ਬੀ ਮਰੇਗਾ, ਤਾਂ ਉਸਦੀ ਰਖਜਾ ਕਰਨ ਦੀ ਨੇਕੀ ਦਾ ਉੱਦਮ ਕਿਸੇ ਕੰਮ ਨਾ ਆਇਆ ਤੇ ਜੇ ਅੱਗੋਂ ਮੁਕਾਬਲਾ ਕਰਦਾ ਹੈ ਤਾਂ ਉਹ ਜ਼ਾਲਮ ਦੇ ਜ਼ੁਲਮ ਨੂੰ ਰੋਕ ਬੀ ਸਕੇਗਾ ਤੇ ਦੀਨ ਰਖਜਾ ਬੀ ਕਰ ਸਕੇਗਾ। ਸੋ ਸ਼ੇਰ ਦਿਲ ਦਾ ਇਹ ਜਤਨ ਸੁਤੇ ਸਿਧ ਹੋ ਪੈਂਦਾ ਹੈ ਅਰ ਇਹ ਅਵਸ਼ਕ ਜਤਨ ਹੈ, ਜੋ ਜੰਗ ਦੀ ਸ਼ਕਲ ਧਾਰਦਾ ਹੈ।

ਮੋਟੀ ਮਸਾਲ ਲੈ ਲਓ:-ਜੇ ਬਘਿਆੜ ਭੇਡਾਂ ਦੇ ਅੱਯੜ ਵਿਚ ਆ ਵੜੇ ਤਾਂ ਕੀ ਅਯਾਲੀ ਦੀ ਚੁੱਪ ਸਹਿਨਸ਼ੀਲਤਾ ਉਸ ਵੇਲੇ ਕੰਮ ਆਵੇਗੀ। ਕੀ ਅਯਾਲੀ ਦਾ ਧਰਮ ਅੱਯੜ ਦੀ ਰਖਜਾ ਕਰਨਾ ਤੇ ਬਘਿਆੜ ਨਾਲ ਲੜਨਾ ਨਹੀਂ ਹੈ?

ਇਸ ਪ੍ਰਕਾਰ ਦਾ ਜੰਗ ਜਦਲ ਸੀ ਜੋ ਗੁਰੂ ਜੀ ਨੂੰ ਕਰਨਾ ਪਿਆ। ਸਪਸ਼ਟ ਹੈ ਕਿ ਉਹ ਕਿਸੇ ਦੀ ਜ਼ਰ, ਜੋਰੂ, ਜ਼ਮੀਨ ਦਾ ਲੋਭ ਕਰਕੇ ਜੰਗ ਕਰਨ ਨਹੀਂ ਗਏ, ਉਨ੍ਹਾਂ ਦੇ ਵੱਡੇ ਗੁਰੂ ਅਰਜਨ ਦੇਵ ਜੀ ਨੇ ਚੁੱਪ ਕਰਕੇ ਸੀਸ ਦਿੱਤਾ, ਉਨ੍ਹਾਂ ਦੇ ਪਿਤਾ ਜੀ ਨੇ 'ਸੀ' ਨਾ ਕਰਕੇ ਸੀਸ ਦਿਤਾ, ਪਰ ਜ਼ਾਲਮ ਨੇ ਦੇਸ਼ ਵਿਚ ਮਜ਼ਹਬੀ ਆਜ਼ਾਦੀ ਨਾ ਦਿੱਤੀ, ਸਗੋਂ ਮਲੋ ਮਲੀ ਦੀਨ ਵਧਾਉਣਾ ਸ਼ੁਰੂ ਕਰ ਦਿਤਾ। ਉਧਰ ਦੇਸ਼ ਦੇਸ਼ ਤੋਂ ਸੰਗਤਾਂ ਤੇ ਕੌਮਾਂ ਦੇ ਆਗੂ ਤੇ ਕਵੀ ਤੇ ਵਿਦਵਾਨ ਸ਼ਰਨ ਆਉਣ ਲਗੇ ਕਿ ਰਖਜਾ ਕਰੋ। ਆਪ ਰਖਜਾ ਲਈ ਉਠੇ, ਉਸੇ ਰਖਜਾ ਵਿਚ ਇਹ ਜੰਗ ਹੋਇਆ। ਸੋ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਨੂੰ ਢਾਲ ਕਹਿਣਾ ਚਾਹੀਏ, ਕਿਉਂਕਿ ਇਹ ਜੰਗ ਜ਼ਰੂਰੀ ਨਤੀਜਾ ਸੀ ਉਨ੍ਹਾਂ ਦੇ ਉਸ ਪੈਗੰਬਰੀ ਫਰਜ਼ ਦਾ, ਜਿਸਦਾ ਨਾਮ ਹੈ-'ਦੀਨ ਰਖਜਾ' 'ਮਜ਼ਲੂਮਾਂ ਦੀ ਮਦਦ'। ਇਸ ਵੇਲੇ ਇਹ ਰੂਹਾਨੀ ਫਰਜ਼ ਦਾ ਪਹਿਲੂ ਇਸ ਸੂਰਤ ਵਿਚ ਆ ਰਿਹਾ ਸੀ ਕਿ ਉਸਦਾ ਦਾਰੂ ਸਤਿਗੁਰੂ ਦੇ ਤੇਜ ਦਾ ਪ੍ਰਕਾਸ਼ ਸੀ। ਜੰਗ ਹੋ ਪੈਣਾ ਤਾਂ ਸਮੇਂ ਦੀ ਲੋੜ ਦੀ ਇਕ ਗਲ ਹੈ। ਅਸਲ ਵਿਚ ਇਸ ਦੇਸ਼ ਦੇ ਲੋਕਾਂ ਵਿਚ ਭੈ ਨਾ ਮੰਨਣ ਦੀ ਨਿਰਭੈਤਾ ਦ੍ਰਿੜਾਕੇ ਇਨਸਾਨ ਨੂੰ ਸ੍ਵੈ-ਸਤਿਕਾਰ ਤੇ ਸ੍ਵੈ-ਰਖਜਾ ਦੀ ਸੱਤਜਾ ਵਾਲਾ ਬਣਾ ਦੇਣਾ ਇਹ ਗੁਰੂ ਜੀ ਦਾ ਯਤਨ ਸੀ, ਤਾਕਿ ਇਨਸਾਨ ਰੂਹਾਨੀ, ਇਖ਼ਲਾਕੀ ਤੇ ਜਿਸਮਾਨੀ ਤਾਕਤਾਂ ਨਾਲ ਹਰ ਪਹਿਲੂ ਤੋਂ ਮੁਕੰਮਲ ਹੋਵੇ।

ਸੂਫ਼ੀ-ਬਹੁਤ ਖੂਬ।

ਬਾਬੂ-ਸਿੰਘ ਜੀ! ਮੈਨੂੰ ਸਮਝ ਨਹੀਂ ਆਉਂਦੀ ਕਿ ਦਇਆ, ਉਪਕਾਰ, ਪਰਾਇਆ ਭਲਾ ਕਰਨ ਵਾਲੇ ਤੇ ਮਿਹਰ ਦੇ ਚਸ਼ਮੇ ਅਵਤਾਰਾਂ ਵਿਚ ਤਲਵਾਰ ਫੜਕੇ ਮਾਰਨਾ, ਵੱਢਣਾ ਕੁਦਇਆ ਦੇ ਗੁਣ ਕੀਕੂੰ ਆ ਜਾਂਦੇ ਹਨ?

ਸਿੰਘ ਜੀ-ਸਜਣ ਜੀ! ਅਸੀਂ ਮੂਰਤ ਦਾ ਇਕ ਪਾਸਾ ਤਕ ਰਹੇ ਹਾਂ। ਮੇਰੀ ਜਾਚੇ ਤੁਹਾਨੂੰ ਬੁਲ ਬੁਲ ਦੀ ਆਵਾਜ਼ ਚੰਗੀ ਲਗਦੀ ਹੈ, ਪਰ ਉਕਾਬ ਦੀ ਸੱਦ ਬਦਸੂਰਤ ਦਿੱਸਦੀ ਹੈ। ਤੋਤੇ ਦੀ ਮੂਰਤ ਤੁਸਾਂ ਨੂੰ ਖੂਬਸੂਰਤੀ ਲਗਦੀ ਹੈ, ਪਰ ਚਿੜ੍ਹੇ ਦੀ ਮੂਰਤ ਬਦਸੂਰਤੀ। ਮਾਫ ਕਰਨਾ ਆਪਦਾ ਖਿਆਲ ਯਥਾ-ਰਥ ਨਹੀਂ। ਜੀਕੂੰ ਗਵਯੇ ਦੀ ਸੁਰ ਸੁਹਣੀ ਹੈ, ਇਕੁਰ ਹੀ ਬਿਜਲੀ ਦੀ ਕੜਕ ਸੁੰਦਰ ਹੈ, ਪਰ ਅਸੀਂ ਅਜੇ ਉੱਨੇ ਉੱਚੇ ਨਹੀਂ ਹੋਏ ਕਿ ਉਸ ਸੁੰਦਰਤਾ ਦਾ ਰਸ ਲੈ ਸਕੀਏ। ਗੱਯੇ ਦਾ ਗੌਣ ਸੁਣਨ ਲਗੇ ਸਾਨੂੰ ਡਰ ਨਹੀਂ ਆਉਂਦਾ, ਸੋ ਇਸਦੇ ਮੁਆਦ ਨੂੰ ਅਸੀਂ ਮਾਣ ਸਕਦੇ ਹਾਂ, ਪਰ ਬਿਜਲੀ ਦੀ ਕੜਕ ਵੇਲੇ ਸਾਨੂੰ ਸੁਆਦ ਨਹੀਂ ਆਉਂਦਾ ਕਿਉਂਕਿ ਪਹਿਲਾਂ ਸਾਨੂੰ ਭੈ ਪੈ ਜਾਂਦਾ ਹੈ ਕਿ 'ਮਤਾਂ ਸਾਨੂੰ ਮਾਰ ਨਾ ਲਵੇ' ਉਹ ਭੈ ਬਿਜਲੀ ਦੀ ਸੁੰਦਰਤਾ ਦਾ ਸੁਆਦ ਨਹੀਂ ਲੈਣ ਦੇਂਦਾ। ਜੇ ਬਿਜਲੀ ਦੀ ਕੜਕ ਵੇਲੇ ਮਨ ਨਿਰਭੈ ਹੋਵੇ, ਤਦ ਤੁਹਾਨੂੰ ਉਸਦੇ ਚਮਕਾਰੇ ਤੇ ਕੜਕ ਵਿਚ ਬੀ ਸੁਆਦ ਆਵੇ। ਚੰਦ੍ਰਮਾਂ ਸੁਹਣਾ ਹੈ ਸਾਰੇ ਕਹਿੰਦੇ ਹਨ, ਸੂਰਜ ਉਸਤੋਂ ਵਧੀਕ ਸੁਹਣਾ ਹੈ ਪਰ ਕੋਈ ਆਖਦਾ ਨਹੀਂ। ਚੰਦ ਦਾ ਸੁਹਜ ਮਿਠਾ ਹੈ, ਸੂਰਜ ਦਾ ਸੁਹਜ ਤੇਜ ਵਾਲਾ ਹੈ। ਅਸੀਂ ਆਪਣੇ ਭਾਈਚਾਰੇ, ਸ਼ਹਿਰਾਂ ਪਿੰਡਾਂ ਵਿਚ ਬੰਦ ਰਹਿੰਦੇ ਹਾਂ, ਡਰ, ਭੈ, ਲੋਕਾਂ ਦੇ ਦਬਾਉ ਕਰਕੇ ਨਿਤਾਣੇ ਹੋ ਰਹੇ ਹਾਂ, ਸਾਡੇ ਮਨ ਨਿਰਾ ਮਿੱਠੇ ਸੁਹਜ ਨੂੰ ਨਤਾਣੀ ਜਿਹੀ ਹਾਲਤ ਵਿਚ ਪਿਆਰ ਕਹਦੇ ਹਨ, ਤੇਜ ਵਾਲੇ ਸੁਹਜ ਤੋਂ ਡਰਦੇ ਹਨ, ਡਰ ਕਰਕੇ ਉਸ ਨੂੰ ਕੋਝਾ ਕਹਿੰਦੇ ਹਨ। ਇਹ ਨਹੀਂ ਕਹਿੰਦੇ ਕਿ ਅਸੀਂ ਭੈ ਵਿਚ ਹਾਂ। ਹਾਂ, ਸਾਡੇ ਮਨ ਤੇਜ ਵਾਲੇ ਸੁਹਜ ਦਾ ਕਦਰ ਨਹੀਂ ਪਾ ਸਕਦੇ ਮਰੋਂ ਇਸ ਸੁਹਣੀ ਸ਼ੈ ਨੂੰ ਕਹਿੰਦੇ ਹਨ ਕੋਝੀ ਹੈ।

ਤੁਸੀਂ ਦਾਨੇ ਹੋ ਵਿਚਾਰ ਲਓ:-ਖੂਬਸੂਰਤੀ (ਸੁੰਦਰਤਾ) ਦੋ ਪ੍ਰਕਾਰ ਦੀ ਹੈ-ਇਕ ਮਿਠੀ, ਦੂਜੀ ਤੇਜ ਵਾਲੀ। ਇਨ੍ਹਾਂ ਦੋਹਾਂ ਨੂੰ 'ਜਮਾਲ' ਤੇ 'ਜਲਾਲ' ਬੀ ਆਖ ਸਕੀਦਾ ਹੈ। ਰਬ ਦੇ ਘੱਲੇ ਮਹਾਂ ਪੁਰਖਾਂ ਵਿਚ ਜਮਾਲ (ਮਿਠੀ ਸੁੰਦਰਤਾ) ਅਤਿ ਦਰਜੇ ਦੀ ਵਸਦੀ ਹੈ, ਪਰ ਉਨ੍ਹਾਂ ਦਾ ਅੰਤ੍ਰਾਤਮਾ ਵਾਹਿਗੁਰੂ ਨਾਲ ਲਗਾਤਾਰ ਜੁੜਿਆ ਹੋਣ ਕਰਕੇ ਉਨ੍ਹਾਂ ਵਿਚ ਰੱਬੀ ਤੇਜ (ਜਲਾਲ) ਬੀ ਅਪਾਰ ਹੁੰਦਾ ਹੈ। ਮਿਠੀ ਸੁੰਦਰਤਾ ਤਾਂ ਉਨ੍ਹਾਂ ਦਾ ਪਿਆਰ, ਤਰਸ, ਮਿੱਠਤ ਕੁਰਬਾਨੀ, ਸੂਰਤ, ਸੀਰਤ, ਮੇਲ ਜੋਲ, ਮਿਹਰ, ਕਿਰਪਾ ਤੋਂ ਸਦਾ ਪਈ ਦਿੱਸਦੀ ਹੈ, ਪਰ ਤੇਜ ਹਰ ਵੇਲੇ ਨਹੀਂ ਦਿਸਦਾ। ਉਨ੍ਹਾਂ ਦਾ ਆਪਣੇ ਅੰਦਰ ਦਾ ਟਿਕਾਉ ਸਦਾ ਅਟੁਕ ਤੇਜ ਵਾਲਾ ਹੁੰਦਾ ਹੈ। ਕਦੇ ਗਲ ਵਿਚ, ਕਦੇ ਚਰਚਾ ਵਿਚ, ਕਦੇ ਦੂਸਰਿਆਂ ਦੇ ਪਾਪ ਦਗਧ ਕਰਨ ਵਿਚ ਇਹ ਤੇਜ ਪ੍ਰਕਾਸ਼ ਪਾਉਂਦਾ ਹੈ। ਕਦੇ 'ਬਦੀ ਦੇ ਅਸੂਲ' ਨੂੰ ਜੋ ਸੰਸਾਰ ਵਿਚ ਫੈਲ ਗਿਆ ਹੁੰਦਾ ਹੈ ਤੇ ਨੇਕੀ ਨੂੰ ਦਬ ਲੈਣ ਵਿਚ ਪ੍ਰਬਲ ਹੋ ਜਾਂਦਾ ਹੈ, ਤਦੋਂ ਇਹ ਤੇਜ਼ ਸ਼ਸਤ੍ਰਾਂ ਦੀ ਦਮਕ ਵਿਚ ਆ ਦਿਸਦਾ ਹੈ, ਮਿਠਾਸ ਤੇ ਤੇਜ ਦੋਵੇਂ ਅੱਲਾ ਵਾਲਿਆਂ ਦੀ 'ਜਮਾਲੀ' ਤੇ 'ਜਲਾਲੀ' ਖੂਬਸੂਰਤੀ ਹਨ।

ਸੂਫ਼ੀ-ਸੁਬਹਾਨ ਅੱਲਾ! ਜਿਹੀ ਸੂਰਤ ਨੂਰਾਨੀ ਤਿਹੀ ਸੀਰਤ ਰੂਹਾਨੀ, ਤੇਰੀ ਰਮਜ਼ ਸ਼ਿਨਾਸੀ ਖੂਬ ਜਲਾਲ ਵਾਲੀ ਹੈ।

ਸਿੰਘ-ਮੈਂ ਤਾਬਿਆਦਾਰ ਹਾਂ! ਇਹ ਤਾਂ ਰੱਬੀ ਸੱਚ ਹਨ, ਮੇਰਾ ਇਸ ਵਿਚ ਕੀ ਹੈ?

ਐਨਕਾਂ ਵਾਲਾ-ਸਿੰਘ ਜੀ! ਆਪਦੀ ਗੁਫਤਗੂ ਕਾਬਲੇ ਕਦਰ ਹੈ, ਤੇ ਮੇਰਾ ਸੰਸਾ ਢੇਰ ਸਾਰਾ ਦੂਰ ਹੋ ਗਿਆ ਹੈ, ਪਰ ਕਿਆ ਆਪ ਚੰਗਾ ਸਮਝਦੇ ਹੋ ਕਿ ਸੰਸਾਰ ਵਿਚ ਜੰਗ ਜਦਲ ਸਦਾ ਰਹਿਣੇ ਚਾਹੀਦੇ ਹਨ?

ਸਿੰਘ ਜੀ-ਨਹੀਂ, ਮੇਰਾ ਮਜ਼ਹਬ ਤਾਂ ਇਹ ਹੈ ਕਿ ਇਸ ਜਗਤ ਵਿਚ ਮਨੁੱਖ ਮਨੁੱਖ ਦੇ ਵਿਚਕਾਰ ਪ੍ਰੇਮ ਦਾ ਰਾਜ ਚਾਹੀਦਾ ਹੈ। ਸਾਡਾ ਤਾਂ ਦੀਨ ਹੀ ਪ੍ਰੇਮ ਹੈ, ਪਰ ਮਨੁੱਖ 'ਹੁਕਮ' ਤੋਂ ਬੇਪਰਵਾਹੀ ਕਰਕੇ ਖੁਦੀ ਵਿਚ ਪੈਂਦਾ ਹੈ। ਸੁਲ੍ਹਾ, ਸ਼ਾਂਤੀ, ਆਰਾਮ ਦੇ ਸਮੇਂ ਢਿੱਲਾ, ਸੁਮਤ, ਅਯਾਸ਼ ਹੋ ਜਾਂਦਾ ਹੈ, ਦੂਸਰਿਆਂ ਦੇ ਹੱਕ ਚਲਾਕੀਆਂ ਨਾਲ ਮਾਰਦਾ ਤੇ ਭੋਗਾਂ ਵਿਚ

ਡੁਬਦਾ ਸੁਸਤ ਹੋ ਜਾਂਦਾ ਹੈ। ਇਨ੍ਹਾਂ ਪਾਪਾਂ ਤੇ ਜ਼ੁਲਮਾਂ ਤੇ ਸੁਸਤੀਆਂ ਦਾ ਫੇਰ ਕੋਈ ਕੁਦਰਤੀ ਇਲਾਜ ਹੁੰਦਾ ਹੈ ਜੋ ਕਦੇ ਜੰਗ ਦੀ ਸੂਰਤ ਵਿਚ ਉਠਦਾ ਹੈ। ਸੋ ਮੁਸੀਬਤ ਆਈ ਤੇ ਕਈ ਵੇਰ ਉਹ ਅੱਯਾਸ਼ ਤੇ ਸੁਸਤ ਆਦਮੀ ਬਹਾਦਰ, ਉੱਦਮੀ, ਮਰਦਊ-ਪਨ ਵਾਲਾ ਸੱਚਾ ਤੇ ਨੇਕ ਹੋ ਜਾਂਦਾ ਹੈ। ਜੇ ਆਦਮੀ ਸੁਖ ਵਲ 'ਮਰਦ' ਤੇ 'ਨੇਕ' ਰਹੇ ਤੇ ਸੰਸਾਰ ਦੇ ਕੇਂਦਰ ਨਾਲ ਜੁੜਿਆ ਰਹੇ ਤਾਂ ਜੰਗ ਦੀ ਲੋੜ ਨਾ ਪਵੇ। ਹਾਂ, ਆਦਮੀ ਨਿਆਂ ਤੇ ਸੱਚ ਤੇ ਖੜੋ ਜਾਵੇ, ਆਪਣੇ ਹੱਕ ਦੇ ਨਾਲ ਅਪਣੇ ਫਰਜ਼ ਅਰਥਾਤ ਦੂਏ ਦੇ ਹੱਕ ਨੂੰ ਬੀ ਪਛਾਣੇ ਤਾਂ ਜੰਗ ਦੀ ਕਦੇ ਲੋੜ ਨਾ ਪਵੇ। ਪਰ ਜਦੋਂ ਇਨਸਾਨ ਏਹ ਅਸੂਲ ਛੱਡੇ ਤਾਂ ਹਠ ਤੇ ਆਕੜ, ਖ਼ੁਦਗ਼ਰਜ਼ੀ ਤੇ ਲਾਲਚ ਵਧਦੇ ਹਨ ਜਿਨ੍ਹਾਂ ਤੋਂ ਜੰਗ ਪੈਦਾ ਹੋ ਪੈਂਦਾ ਹੈ, ਏਹ ਜੰਗ ਪਾਪ ਰੂਪ ਹਨ। ਪਰ ਕਦੇ ਇੱਕ ਧਿਰ ਜੰਗ ਕਰਦੀ ਦੂਸਰੀ ਸਹਾਰਦੀ ਹੈ, ਇਹ ਸਹਾਰਦੀ ਸਹਾਰਦੀ ਨਿਤਾਣੀ ਹੋਕੇ ਇਨਸਾਨੀਅਤ ਤੋਂ ਗਿਰਨ ਲਗ ਜਾਂਦੀ ਹੈ। ਜੇ ਕੋਈ ਅਪਣੇ ਸੁਖ ਵਾਰਕੇ ਇਸ ਨੂੰ ਜਿਉਂਦਿਆਂ ਕਰੇ ਤੇ ਸ੍ਵੈ-ਸਤਿਕਾਰ ਤੇ ਸ੍ਵੈ-ਰਖਿਆ ਦੇ ਜੋਗ ਬਣਾ ਦੇਵੇ ਤਾਂ ਜ਼ਾਲਮ ਨਾਲ ਜੰਗ ਹੋ ਪੈਂਦਾ ਹੈ, ਇਹ ਜੰਗ ਬੇਵਸਾ ਗਲੇ ਪੈਂਦਾ ਹੈ। ਇਹ ਜੰਗ ਜਗਤ ਸੁਧਾਰ ਲਈ ਹੁੰਦਾ ਹੈ। ਅਸੀਂ ਸੰਸਾਰ ਵਿਚ ਸੁਖ ਚਾਹੁੰਦੇ ਹਾਂ, ਸਗੋਂ ਅਸੀਂ ਤਾਂ ਆਪਣੇ ਸਾਰੇ ਸੁਖ ਦੂਸਰਿਆਂ ਤੋਂ ਵਾਰ ਦੇਂਦੇ ਹਾਂ, ਪਰ ਸਾਡਾ ਅਸੂਲ ਹੈ ਕਿ ਪਹਿਲਾਂ ਆਪ ਵਾਹਿਗੁਰੂ ਨਾਲ ਲਗਾਤਾਰ ਜੁੜੇ ਰਹਿਣਾ ਅੰਦਰਲਾ ਰੁਖ਼ ਬੰਨ੍ਹਕੇ। ਇਹੋ ਆਪਾ ਵਾਰਨ ਦਾ ਅਸੂਲ ਹੀ ਸਾਨੂੰ ਏਥੋਂ ਤਾਂਈ ਲੈ ਜਾਂਦਾ ਹੈ ਕਿ ਅਸੀਂ ਦੂਸਰਿਆਂ ਨੂੰ ਸੁਖ ਦੇਣ ਵਾਸਤੇ, ਦੁਖ ਦੇਣ ਵਾਲਿਆਂ ਨਾਲ ਪਿਆਰ, ਸਮਝੌਤੀ ਤੋਂ ਜਦੋਂ ਗਲ ਲੰਘ ਜਾਵੇ ਤਦੋਂ ਮਜਬੂਰ ਹੋਕੇ ਤਲਵਾਰ ਤੱਕ ਪੁੱਜ ਆਪਣੀਆਂ ਜਾਨਾਂ ਤੇ ਖੇਡ ਜਾਂਦੇ ਹਾਂ। ਤੁਸਾਨੂੰ ਪਤਾ ਹੈ ਹੁਸ਼ਯਾਰ ਪੁਰ ਦੇ ਜਾਬਰ ਖਾਨ ਪਠਾਨ ਸਰਦਾਰ ਨੇ ਇਕ ਬ੍ਰਹਮਨ ਦੀ ਸਜ-ਵਿਆਹੀ ਵਹੁਟੀ ਖੁਹ ਲਈ ਸੀ। ਜੋ ਗੁਰੂ ਜੀ ਦੇ ਵਡੇ ਬੇਟੇ ਨੇ ਸਿਖ ਦਸਤਾ ਨਾਲ ਲਿਜਾਕੇ ਛੁਡਾਈ ਤੇ ਬ੍ਰਹਮਨ ਨੂੰ ਵਾਪਸ ਦਿਵਾਈ ਸੀ। ਫੇਰ ਬੜਾ ਪ੍ਰਸਿਧ ਵਾਕਿਆ ਹੋਰ ਹੈ ਕਿ ਜਦੋਂ ਪਠਾਣ ਪਾਤਸ਼ਾਹ ੨੧੦੦ ਗ੍ਰੀਬ ਹਿੰਦੂ ਇਸਤ੍ਰੀਆਂ ਫੜਕੇ ਕਾਬਲ ਨੂੰ ਲਈ ਜਾਂਦਾ ਸੀ, ਤਦੋਂ ਪੰਜਾਬ ਦੇ ਕਿਸੇ ਮਜ਼ਬ ਨੇ, ਕਿਸੇ ਕੌਮ ਨੇ ਕਿਸੇ ਇਖ਼ਲਾਕੀ ਫਿਰਕੇ ਨੇ ਕੁਛ ਨਹੀਂ ਸੀ ਕੀਤਾ। ਤੁਸੀਂ ਦਸੋ ਕਿਸੇ ਧਰਮ ਦੀ ਆਨ ਵਾਲੇ ਆਦਮੀ ਲਈ, ਕਿਸੇ ਰੱਬ ਦੇ ਪਿਆਰੇ ਲਈ, ਕਿਸੇ ਐਸੇ ਆਦਮੀ ਲਈ ਜਿਸਦੀਆਂ ਰਗਾਂ ਵਿਚ ਇਲਾਹੀ ਪ੍ਰੇਮ ਸੀ, ਇਹ ਮੁਮਕਿਨ ਸੀ ਕਿ ਉਹ ੨੧੦੦ ਰੱਬ ਦੇ ਨਿਤਾਣੇ ਬੰਦੇ ਉਨ੍ਹਾਂ ਦੇ ਘਰਾਂ ਘਾਟਾਂ ਪਤੀਆਂ ਤੇ ਪਿਤਾ ਭਰਾਵਾਂ ਤੋਂ ਵਿਛੋੜੇ ਜਾਕੇ ਕੈਦ ਵਿਚ ਪਾਏ ਜਾਕੇ, ਡੰਗਰਾਂ ਵਾਂਗੂੰ ਪਰਦੇਸ਼ ਵਿਚ ਹਕੀਂਦੇ ਲਿਜਾਏ ਜਾਂਦੇ ਦੇਖਦਾ ਤੇ ਚੁੱਪ ਕਰਕੇ ਬੈਠਾ ਰਹਿੰਦਾ, ਤੇ ਆਖਦਾ ਕਿ ਤਲਵਾਰ ਫੜਨਾ ਰਾਖਸ਼ਾਂ ਦਾ ਕੰਮ ਹੈ ਤੇ ਜੰਗ ਕਰਨਾ ਭਗਤਾਂ ਦਾ ਕੰਮ ਨਹੀਂ, ਤੇ ਲੜਨਾ ਇਖ਼ਲਾਕ ਵਿਰੁੱਧ ਤੇ ਦੁੱਖ ਕਿਸੇ ਨੂੰ ਨਾ ਦੇਣ ਦੇ ਅਸੂਲ ਨੂੰ ਵੱਟਾ ਲਾਉਂਦਾ ਹੈ? ਸੱਜਣੋਂ! ਦੱਸੋ ਇਸ ਵੇਲੇ ਕਿਆ ਇਹ ਧਰਮ 'ਧਰਮ' ਸੀ? ਕਿ ਜ਼ੁਲਮ ਨੂੰ ਦੇਖੋ ਤੇ ਆਪਣੀ ਸਾਰੰਗੀ ਦੀ ਸੁਰ ਵਿਚ ਮਸਤ ਪਏ ਰਹੋ ਤੇ ਕਹਿ ਛੱਡੋ ਕਿ ਧਰਮ ਮੰਦਿਰ ਵਿਚ ਬੈਠੇ ਲੋਕਾਂ ਦਾ ਕੰਮ ਤਲਵਾਰ ਫੜਨਾ ਨਹੀਂ? ਸਜਣੋਂ! ਮੇਰਾ ਧਰਮ ਇਹ ਸਿਖਾਲਦਾ ਹੈ ਕਿ ਇਸ ਜ਼ੁਲਮ ਨੂੰ ਦੇਖਣਾ ਤੇ ਕਹਿਣਾ ਕਿ 'ਜਾਣ ਦਿਓ ਝੱਲਣਾ ਹੀ ਚੰਗਾ ਹੈ, ਅਸੀਂ ਅਹਿੰਸਾ ਦੇ ਧਰਮ ਵਿਚ ਰਹੀਏ, ਓਹ ਤਾਂ ਜ਼ਾਲਮ ਹੋਏ ਅਸੀਂ ਬੀ ਲਹੂ ਹੱਥ ਰੰਗੀਏ?' ਠੀਕ ਨਹੀਂ। ਮੇਰਾ ਧਰਮ ਦੱਸਦਾ ਹੈ ਕਿ ਇਹ ਕੁਛ ਕਹਿਣਾ ਧਾਰਮਿਕ ਕਾਇਰਤਾ ਹੈ ਧਰਮ ਭਾਵ ਦੀ ਮੌਤ ਹੈ। ਸੋ ਸੱਜਣੋਂ! ਮੇਰੇ ਉਸ ਵੇਲੇ ਦੇ ਭਰਾਵਾਂ ਨੇ ਗੁਰਮੱਤਾ ਕੀਤਾ ਤੇ ਸ਼ਸਤ੍ਰਾਂ ਵਾਲੇ ਫਕੀਰ ਟੁਰ ਪਏ, ਦੂਰ ਪਿਛੇ ਪਿਛੇ ਰਹਿੰਦੇ ਅਟਕ ਪਹੁੰਚੇ। ਜਦੋਂ ਜਰਵਾਣੇ ਪਾਰ ਹੋ ਰਹੇ ਸਨ ਤੇ ਏਹ ਕੈਦੀ ਪਿਛੇ ਸਨ, ਤਦ ਜਾ ਹਮਲਾ ਕੀਤਾ ਤੇ ਛੋਟੀ ਜਿਹੀ ਲੜਾਈ ਤੇ ਕਟਾਵੱਢ ਵਿਚ ਖੇਡ ਕੇ ੨੧੦੦ ਗ਼ਰੀਬ ਤ੍ਰੀਮਤਾਂ ਛੁਡਾਕੇ ਅਪਣੇ ਨਾਲ ਲੈਕੇ ਬਾਰ ਵਿਚ ਆ ਗਏ। ਹੁਣ ਜੇ ਇਹ ਜ਼ਾਲਮ ਹੁੰਦੇ, ਜਰਵਾਣੇ ਜਾਂ ਲੋਭੀ ਹੁੰਦੇ ਤਾਂ ਇਹ ਇਸਤ੍ਰੀਆਂ ਘਰੀਂ ਪਾ ਲੈਂਦੇ, ਪਰ ਨਹੀਂ, ਇਨ੍ਹਾਂ ਨੇ ਹਰੇਕ ਦਾ ਘਰ ਪੁੱਛ ਕੇ ਆਪ ਨਾਲ ਹੋ ਹੋਕੇ ਸਭੋ ਘਰੋ

ਘਰੀ ਅਮਨ ਅਮਾਨ ਨਾਲ ਪਹੁੰਚਾਈਆਂ।

ਇਸ ਵੇਲੇ ਸਾਰਿਆਂ ਦੀਆਂ ਅੱਖਾਂ ਵਿਚ ਪਾਣੀ ਉਤਰ ਆਇਆ ਸੀ। ਸੂਫੀ ਜੀ ਬੀ ਰੋ ਰਹੇ ਸਨ, ਪਰ ਸਿੰਘ ਜੀ ਨੇ ਉਨ੍ਹਾਂ ਨੂੰ ਕਿਹਾ: ਸਾਈਂ ਜੀ! ਖਫ਼ਾ ਨਹੀਂ ਹੋਣਾ, ਮੈਂ ਇਤਿਹਾਸਿਕ ਜ਼ਿਕਰ ਕੀਤਾ ਹੈ, ਚੂੰਕਿ ਓਹ ਲੋਕ ਮੁਸਲਮਾਨ ਸਨ, ਆਪ ਨੇ ਰੰਜ ਨਹੀਂ ਹੋਣਾ।

ਸੂਫ਼ੀ-ਵਾਹ ਸਿੰਘ ਜੀ! ਇਹ ਕੀ ਕਿਹਾ ਨੇ? ਆਪ ਸਿੱਖ ਹੋ, ਸਿੱਖ ਫਕੀਰ ਹੁੰਦਾ ਹੈ। ਮੈਂ ਸਿਖ ਦੇ ਸੀਨੇ ਨੂੰ ਸਦਾ ਕੀਨੇ ਤੋਂ ਸਾਫ 'ਫਕੀਰ-ਸੀਨਾ' ਸਮਝ ਰਖਿਆ ਹੈ, ਮੇਰੀ ਉਨ੍ਹਾਂ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਜਿਨ੍ਹਾਂ ਖ਼ਲਕ ਖ਼ੁਦਾ ਨੂੰ ਸਤਾਇਆ ਹੈ, ਚਾਹੇ ਕੋਈ ਹੋਣ।

ਐਨਕ ਵਾਲਾ-ਸਿੰਘ ਜੀ! ਆਪ ਨੇ ਉਦਾਸ ਨਾ ਹੋਣਾ ਜੇ ਮੈਂ ਆਪ ਤੋਂ ਹੋਰ ਪੁੱਛੀ ਚੱਲਾਂ ਤਾਂ, ਮੇਰੇ ਬਹੁਤ ਸਾਰੇ ਭਰਮ ਨਵਿਰਤ ਹੋ ਰਹੇ ਹਨ। ਜੇ ਆਪ ਦੀ ਕੌਮ ਨੂੰ ਉਸ ਸਮੇਂ ਦਾ ਰਾਜ ਵਿਦ੍ਰੋਹੀ ਫਿਰਕਾ ਕਿਹਾ ਜਾਵੇ ਤਾਂ ਆਪ ਪਾਸ ਕੀ ਜੁਵਾਬ ਹੈ?

ਸਿੰਘ ਜੀ-ਜੇ ਉਸ ਵੇਲੇ ਦਾ ਰਾਜਾ ਦਾ ਰਾਜ ਨਾਸ਼ ਕਰਨਾ ਸਾਡਾ ਧਰਮ ਸੀ, ਯਾ ਕੋਈ ਪੁਲੀਟੀ-ਕਲ (ਰਾਜਸੀ) ਭੁੱਖ ਕਾਰਨ ਸੀ, ਜਿਸ ਕਰਕੇ ਅਸੀਂ ਲੜੇ, ਤਾਂ ਗੱਲ ਵੱਖਰੀ ਹੈ, ਸਾਡੀ ਤਾਂ ਮੰਗ ਵਕਤ ਦੇ ਰਾਜਾ ਪਾਸੋਂ ਇਹ ਸੀ ਕਿ ਤੁਸੀਂ ਪਰਜਾ ਨੂੰ ਮਜ਼ਹਬੀ ਆਜ਼ਾਦੀ ਦਿਓ, ਤੇ ਜ਼ਾਲਮਾਂ ਨੂੰ ਹਾਕਮ ਨਾ ਬਣਾਓ। ਜਦੋਂ ਕਸ਼ਮੀਰ ਵਿਚ ਜਬਰਨ ਮੁਸਲਮਾਨ ਕੀਤੇ ਜਾਣ ਲੱਗੇ ਹਨ ਤੇ ਉਥੋਂ ਦੇ ਲੋਕ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਏ ਹਨ, ਤਦੋਂ ਸਤਿਗੁਰ ਨੇ ਸਮਝਾਇਆ ਕਿ ਮਜ਼ਹਬੀ ਅਜ਼ਾਦੀ ਵਿਚ ਦਖਲ ਨਾ ਦਿਓ। ਉਧਰੋਂ ਹਾਕਮ ਕਸ਼ਮੀਰ ਨੇ ਉਸ ਨੂੰ ਲਿਖਿਆ ਕਿ ਏਹ ਲੋਕ ਆਖਦੇ ਹਨ ਕਿ ਜੇ ਸਾਡਾ ਗੁਰੂ ਮੁਸਲਮਾਨ ਹੋਵੇ ਤਾਂ ਅਸੀਂ ਬੀ ਹੋ ਜਾਂਦੇ ਹਾਂ, ਤਾਂ ਉਧਰੋਂ ਆਪ ਦਿੱਲੀ ਨੂੰ ਸੱਦੇ ਗਏ*। ਗੱਲ ਕੀ ਦਿੱਲੀ ਜਾਕੇ ਨਾਵੇਂ ਗੁਰਾਂ ਨੇ ਇਹੋ ਗੱਲ ਸਮਝਾਈ ਹੈ, ਤੇ ਉਸ ਨੇ ਉਨ੍ਹਾਂ ਦੇ ਹੀ ਮੁਸਲਮਾਨ ਹੋਣ ਲਈ ਜ਼ੋਰ ਦਿੱਤਾ ਹੈ, ਤੇ ਇਸੇ ਨਾਫ਼ਰਮਾਨੀ ਵਿਚ ਜ਼ਾਲਮਾਂ ਨੇ ਉਨ੍ਹਾਂ ਨੂੰ ਕਤਲ ਕਰ ਦਿਤਾ ਹੈ। ਕੋਈ ਮੁਅੱਰਖ ਜੀ ਲਿਖਦੇ ਹਨ ਕਿ ਜਿਸ ਦਿਨ ਨਾਵੇਂ ਗੁਰੂ ਜੀ ਕਤਲ ਹੋਏ ਦਿੱਲੀ ਵਿੱਚ ਸਖਤ ਭੁਚਾਲ ਆਇਆ, ਹਨੇਰਾ ਦਿਨ ਨੂੰ ਐਨਾ ਛਾਇਆ ਕਿ ਤਾਰੇ ਨਜ਼ਰ ਆ ਗਏ।

ਨਾਵੇਂ ਗੁਰੂ ਜੀ ਪੁਲੀਟੀਕਲ ਮਿਸ਼ਨ ਲੈ ਕੇ ਨਹੀਂ ਗਏ ਸਨ, ਉਨ੍ਹਾਂ ਦਾ ਕੰਮ ਸੀ ਜ਼ਾਲਮ ਨੂੰ ਜ਼ੁਲਮ ਤੋਂ ਹੋੜਨਾ। ਦਸਵੇਂ ਸਤਿਗੁਰਾਂ ਨੇ ਜਦ ਇਹ ਡਿੱਠਾ ਕਿ ਸਮਝੌਤੀ ਦਾ ਫਲ ਰਖਜਾ ਕਰਨ ਵਾਲੇ ਦੀ ਸ਼ਹਾਦਤ ਹੋਇਆ ਹੈ, ਦੀਨ ਰਖਜਾ ਦਾ ਦੂਸਰਾ ਪਹਿਲੂ ਸਿਰੇ ਚੜ੍ਹਿਆ, ਜੋ ਮੈਂ ਪਹਿਲੇ ਬਿਨੈ ਕਰ ਆਇਆ ਹਾਂ। ਤੁਸੀਂ ਦੱਸੋ ਕਿ ਅਟਕ ਤੋਂ ਜਾਕੇ ਹਿੰਦੂ ਕੈਦੀ ਇਸਤ੍ਰੀਆਂ ਨੂੰ ਮੋੜ ਲਿਆਉਣਾ ਇਹ ਬਿਨਾਂ ਉਸ ਤਾਕਤ ਦੇ ਹੋ ਸਕਦਾ ਸੀ ਜੋ ਫਕੀਰ ਸਿਖਾਂ ਵਿਚ ਗੁਰੂ ਜੀ ਨੇ ਭਰੀ? ਗੁਰੂ ਸਾਹਿਬਾਂ ਦੇ ਵਕਤ ਤੋਂ ਅਸੀਂ ਅਰਦਾਸ ਕਰਦੇ ਹਾਂ 'ਰਾਜਾ ਰਾਜ ਕਰੇ ਪਰਜਾ ਸੁਖੀ ਵੱਸੇ' ਹਰ ਸਿੱਖ ਹਰ ਰੋਜ਼ ਅਪਣੀ ਅਰਦਾਸ ਵਿਚ ਇਹ ਫਿਕਰਾ ਬੋਲਦਾ ਹੈ, ਅਰ ਗੁਰਾਂ ਦੇ ਸਮੇਂ ਤੋਂ ਅੱਜ ਤੀਕ ਬੋਲਦਾ ਹੈ। ਦੱਸੋ ਕੋਈ ਰਾਜ ਵਿਦ੍ਰੋਹੀ ਇਹ ਕਹਿ ਸਕਦਾ ਹੈ? ਇਸ ਅਰਦਾਸ ਦਾ ਆਦਰਸ਼ ਇਹ ਹੈ ਕਿ ਅਸਾਂ ਸਰਬਤ ਦਾ ਭਲਾ ਕਰਨਾ ਹੈ। ਰਾਜਾ ਧਰਮ ਦਾ ਰਾਜ ਕਰੇ ਜਿਸ ਨਾਲ ਪਰਜਾ ਸੁਖੀ ਰਹੇ, ਸਾਨੂੰ ਫਿਰ ਕਿਸੇ ਧਰਮੀ ਰਾਜ ਨਾਲ ਦ੍ਰੋਹ ਕਰਨ ਦਾ ਕੋਈ ਪ੍ਰੋਜਨ ਨਹੀਂ, ਅਸੀਂ ਤਾਂ ਪਰਜਾ ਨੂੰ ਸੁਖੀ ਦੇਖਣਾ ਚਾਹੁੰਦੇ ਹਾਂ ਤੇ ਰਾਜਾ ਨੂੰ ਬੇਲਾਗ ਧਰਮੀ ਦੇਖਣਾ ਚਾਹੁੰਦੇ ਹਾਂ। ਦੇਸ਼ ਤੇ ਕੌਮ ਦੀ ਸੁਤੰਤ੍ਰਤਾ, ਹੱਕ ਤੇ ਨਿਆਂ ਵਿਚ ਵਾਸਾ ਏਹ ਗਲਾਂ ਅਸੀਂ ਚਾਹੁੰਦੇ ਹਾਂ।

ਇਕ ਕਥਾ ਮੈਂ ਗੁਰੂ ਜੀ ਦੇ ਅਪਣੇ ਵਕਤ ਦੀ ਸੁਣਾਉਂਦਾ ਹਾਂ। ਇਕ ਜੰਗ ਵਿਚ ਇਕ ਮੁਸਲ-ਮਾਨ ਅਮੀਰ ਦਾ ਡੋਲਾ ਘੇਰੇ ਵਿਚ ਆ ਗਿਆ, ਇਕ ਦਸਤਾ ਫੌਜ ਦਾ ਇਸ ਡੋਲੇ ਨੂੰ ਗੁਰੂ ਜੀ ਪਾਸ ਲੈ ਆਇਆ। ਪਹਿਲੀ ਗੱਲ ਜੋ ਸਤਿਗੁਰਾਂ ਨੇ

*ਗੁਰੂ ਜੀ ਦੇ ਅਨੰਦ ਪੁਰੋਂ ਆਪ ਦਿੱਲੀ ਨੂੰ ਜਾਣ ਦੇ ਇਰਾਦੇ ਨਾਲ ਟੁਰ ਪੈਣ ਤੋਂ ਮਗਰੋਂ ਦਿੱਲੀ ਤੋਂ ਆਪ ਨੂੰ ਸੱਦਾ ਘਲਿਆ ਗਿਆ ਸੀ।

ਕੀਤੀ, ਉਹ ਇਹ ਪੁੱਛ ਸੀ ਕਿ ਡੋਲੇ ਵਿਚ ਬੈਠੀ ਅਬਲਾ ਨੂੰ ਕਿਸੇ ਸਤਾਇਆ ਤਾਂ ਨਹੀਂ? ਜਵਾਬ ਮਿਲਿਆ ਕਿ ਕਿਸੇ ਸਤਰ ਚੁੱਕ ਕੇ ਦੇਖਣ ਦੀ ਬੀ ਪਰਵਾਹ ਨਹੀਂ ਕੀਤੀ। ਉਸ ਵੇਲੇ ਸਤਿਗੁਰਾਂ ਨੇ ਆਪਣੀ ਗੋਲੀ ਭੇਜਕੇ ਘਰ ਬਾਰ ਦਾ ਪਤਾ ਲੈ ਕੇ ਬਾਇੱਜ਼ਤ ਉਸ ਡੋਲੇ ਨੂੰ ਉਹਨਾਂ ਦੇ ਘਰ ਪਹੁੰਚਾ ਦਿਤਾ। ਤੁਸੀਂ ਦੱਸੋ ਜੇ ਗੁਰੂ ਵਿਚ ਪੂਰਨ ਧਰਮ ਨਾ ਹੁੰਦਾ ਤਾਂ ਇਹ ਸਲੂਕ ਕਰਦੇ? ਜੇ ਕੀਨੇ ਵਾਲੇ ਹੁੰਦੇ ਤਾਂ ਬਦਲਾ ਲੈਣ ਦਾ ਸਮਾਂ ਸੀ। ਪਰ ਦੂਜੀ ਧਿਰ ਵਲ ਤੱਕੋ, ਗੁਰੂ ਜੀ ਦੇ ਮਾਸੂਮ ਬੱਚੇ ਜਦ ਉਨ੍ਹਾਂ ਦੇ ਹਥ ਆਏ ਤਾਂ ਕਈ ਦੁਖ ਦੇਕੇ ਮਾਰੇ ਗਏ! ਉਨ੍ਹਾਂ ਵਲੋਂ ਉਹ ਸਲੂਕ ਨਾ ਹੋਇਆ ਜੋ ਗੁਰੂ ਜੀ ਵਲੋਂ ਉਨ੍ਹਾਂ ਨਾਲ ਹੋਇਆ ਸੀ! ਫਿਰ ਦੇਖੋ ਉਸ ਸਮੇਂ ਅੰਬਾਲੇ ਜ਼ਿਲੇ ਵਿਚ ਬੁੱਧੂ ਸ਼ਾਹ ਫਕੀਰ ਹੋਇਆ ਹੈ, ਉਸਦੇ ਹਜ਼ਾਰਾਂ ਚੇਲੇ ਸਨ। ਜੇ ਗੁਰੂ ਜੀ ਦੇ ਜੁੱਧ ਧਰਮ ਸੁਤੰਤ੍ਰਤਾ ਤੇ ਗ਼ਰੀਬ ਰਖਜਾ ਲਈ ਨਾ ਹੁੰਦੇ ਤਾਂ ਇਹ ਮੁਸਲਮਾਨ ਫਕੀਰ ਕਦੇ ਉਨ੍ਹਾਂ ਦਾ ਮਹਾਈ ਹੁੰਦਾ?

ਫਿਰ ਮੈਂ ਆਪ ਨੂੰ ਸੁਣਾਉਂਦਾ ਹਾਂ ਕਿ ਇਕ ਮੁਸਲਮਾਨ ਮੁਅੱਰਖ਼ 'ਕਾਜ਼ੀ ਨੂਰ ਮੁਹੰਮਦ ਬਲੋਚ' ਆਪਣੇ ਜੰਗ ਨਾਮੇ ਵਿਚ ਸਿਖਾਂ ਦੇ ਚਾਲ ਚਲਣ ਬਾਬਤ ਕੀਹ ਆਖਦਾ ਹੈ:-

"ਸਿਖ ਨਮਰਦ (ਕਾਇਰ) ਨੂੰ ਕਦੇ ਨਹੀਂ ਮਾਰਦੇ ਤੇ ਨਾਹੀਂ ਭੱਜੇ ਜਾਂਦੇ ਨੂੰ ਘੇਰਦੇ ਹਨ। ਇਸਤ੍ਰੀ ਭਾਵੇਂ ਸਿਆਣੀ ਹੋਵੇ ਤੇ ਭਾਵੇਂ ਲੌਂਡੀ, ਉਸਦੇ ਧਨ ਤੇ ਗਹਿਣੇ ਨੂੰ ਵੀ ਨਹੀਂ ਲੁੱਟਦੇ। ਏਹ ਪਰ-ਤ੍ਰਿਯ ਗਾਮੀ ਨਹੀਂ ਹੁੰਦੇ ਤੇ ਨਾ ਹੀ ਚੋਰੀ ਕਰਨਾ ਇਨ੍ਹਾਂ ਦਾ ਕੰਮ ਹੈ। ਇਹ ਚੋਰ ਤੇ ਵਿਭਚਾਰੀ ਨੂੰ ਮਿੱਤ੍ਰ ਹੀ ਨਹੀਂ ਬਣਾਉਂਦੇ*"।

*ਕਿ ਨਾ ਕੁਸ਼ੰਦ ਨਾਮਰਦ ਰਾ ਹੇਚ ਗਾਹ।
ਗੁਰੇਜ਼ੰਦਹ ਰਾ ਹਮ ਨ ਗੀਰੰਦ ਰਾਹ।
ਜ਼ਰੋ ਜ਼ੇਵਰੇ ਜ਼ਨ ਬਤਾਰਾਜ ਨੀਜ਼।
ਨ ਗੀਰੰਦ ਗਰ ਹੁੱਰਹ ਹਸਤ ਵਰ ਕਨੀਜ਼।
ਜ਼ਨਾਹ ਹਮ ਨ ਬਾਸ਼ਦ ਮਿਯਾਨੇ ਸਗਾਂ।
ਨ ਦੁਜ਼ਦੀ ਬਵੱਦ ਕਾਰੇ ਆਂ ਬਦਰਕਾਂ।
ਕਿ ਜ਼ਾਨੀ ਓ ਸਾਰਕ ਨ ਦਾਰੰਦ ਦੋਸਤ।

ਇਹ ਸਾਰੀਆਂ ਗੱਲਾਂ ਕਾਫੀ ਹਨ ਇਹ ਗੱਲ ਦੱਸਣ ਲਈ ਕਿ ਗੁਰੂ ਜੀ ਨੇ 'ਤ੍ਰਿਸ਼ਨਾ ਦੀ ਭੁੱਖ' ਲਈ ਸ਼ਸਤ੍ਰ ਨਹੀਂ ਫੜੇ ਕਿ ਦੂਸਰਿਆਂ ਤੇ ਅਪਣੇ ਨਫਸ ਲਈ ਧਕਾ ਕਰਨਾ, ਪਰ ਗ਼ਰੀਬਾਂ ਅਨਾਥਾਂ ਦੁਖੀਆਂ ਦੇ ਸੁਖ ਲਈ, ਪਰਜਾ ਦੇ ਧਰਮ ਦੀ ਸੁਤੰਤ੍ਰਤਾ ਕਾਇਮ ਰੱਖਣ ਲਈ ਉਨ੍ਹਾਂ ਨੇ ਉਨ੍ਹਾਂ ਮਜ਼ਲੂਮਾਂ ਦੀ ਖ਼ਾਤਰ-ਜੋ ਧਰਮ ਨਾ ਦੇਣ ਦੀ ਹਾਲਤ ਵਿਚ ਕਤਲ ਹੁੰਦੇ ਸਨ-ਤਲਵਾਰ ਫੜੀ।

ਸਤਿਗੁਰ ਜੀ ਨੂੰ ਸੁਖ, ਆਰਾਮ, ਸ਼ਾਹੀ ਠਾਠ ਵਾਫ਼ੂ ਪ੍ਰਾਪਤ ਸੀ, ਦੀਨਾਂ ਦੀ ਰਖਜਾ ਤੇ ਧਾਰਮਕ ਫਰਜ਼ ਨੇ ਉਨ੍ਹਾਂ ਨੂੰ ਦਿਨ ਰਾਤ ਖੇਦਾਂ ਤੇ ਕਸ਼ਟਾਂ ਦੇ ਮੂੰਹ ਆਂਦਾ, ਦੋ ਪੁੱਤ੍ਰ ਨੀਹਾਂ ਹੇਠ ਚਿਣੇ ਤੇ ਮਾਰੇ ਗਏ ਉਨ੍ਹਾਂ ਦੇ ਦੇਖਦੇ ਦੋ ਅੱਖੀਆਂ ਅਗੇ ਬੋਟੀ ਬੋਟੀ ਹੋ ਉੱਡੇ, ਮਾਤਾ ਕੈਦ ਵਿਚ ਸ਼ਹੀਦ ਹੋਈ, ਵਤਨੋਂ ਬੇ-ਵਤਨ ਘਰੋਂ ਬਾਹਰ ਦਰ ਬਦਰ ਖਾਨਾਬਦੋਸ਼ੀ, ਮਿੱਤ੍ਰ ਪਿਆਰੇ ਅੱਖਾਂ ਦੇ ਸਾਹਮਣੇ ਲੜ ਲੜ ਮਰੇ। ਉਹ ਉਹ ਵਕਤ ਆਏ ਕਿ ਅੱਕ ਦੀਆਂ ਕਰੂੰਬਲੀਆਂ ਖਾ ਕੇ ਲਹੂ ਦੇ ਗੇੜ ਨੂੰ ਸਹਾਰੇ ਦੇਣੇ ਪਏ। ਇਹ ਸਾਰਾ ਕੁਛ ਕੁਰਬਾਨੀ ਸੀ। ਉਸ ਮਰਦ ਦੀਆਂ ਰਗਾਂ ਵਿਚ ਸੱਚਾ ਇਲਾਹੀ ਪ੍ਰੇਮ ਸੀ, ਉਹ ਉਸ ਖ਼ਾਲਕ ਦੀ ਖ਼ਲਕਤ ਦੇ ਦੁਖ ਦੂਰ ਕਰਨ ਨੂੰ ਦੁਖਾਂ ਦੇ ਮੂੰਹ ਆਇਆ ਅਰ ਭਰ ਜੁਵਾਨੀ ਵਿਚ ਆਪ ਸ਼ਹੀਦ ਹੋ ਗਿਆ। ਤੁਸੀਂ ਦੱਸੋ, ਇਨਸਾਫ ਕਰੋ ਕਿ ਉਸਦੀ ਕੁਰਬਾਨੀ ਸੱਚਾ ਧਰਮ ਨਹੀਂ ਤਾਂ ਕੀ ਹੈ? ਜੇ ਇਹ ਰੂਹਾਨੀਅਤ ਨਹੀਂ ਤਾਂ ਕਿਆ ਰੂਹਾ-ਨੀਅਤ ਥ੍ਰਿੱਛ ਹੋਕੇ ਧਰਤੀ ਤੇ ਗੱਡੇ ਜਾਣ ਦਾ ਨਾਮ ਹੈ? ਜਾਂ ਸ਼ਿਲਾ ਹੋਕੇ ਕਿਸੇ ਦਰਯਾ ਦੇ ਕੰਢੇ ਜੁਗਾਂ ਦੀ ਅਚੱਲਤਾ ਹਾਸਲ ਕਰਨ ਦਾ ਨਾਮ ਹੈ?

ਮੈਂ ਕਹਿ ਸਕਦਾ ਹਾਂ ਕਿ ਪਹਾੜੀ ਰਾਜੇ ਖਾਸ ਕਰ ਭੀਮ ਚੰਦ, ਗੁਰੂ ਜੀ ਨੂੰ 'ਅਨੰਦਪੁਰ ਦਾ ਰਾਣਾ' ਆਪਣੀ ਮਾਤਹਿਤੀ ਵਿਚ ਮਨਜ਼ੂਰ ਕਰਨ ਨੂੰ ਤਿਆਰ ਸੀ। ਹਾਂ ਜੀ ਔਰੰਗਜ਼ੇਬ ਦਾ ਇਕ ਸ਼ਾਹਜ਼ਾਦਾ ਗਿਆ ਸੀ ਲੜਨ ਗੁਰਾਂ ਨਾਲ ਪਰ ਉਸਨੇ ਗੁਰੂ ਦ੍ਰੋਹੀਆਂ ਨੂੰ ਮਾਰਿਆ ਸੀ ਤੇ ਸਤਿਗੁਰ ਦਾ ਪੱਖ ਕੀਤਾ ਸੀ, ਇਲਾਕੇ ਦੇ ਰਾਜਸੀ ਅਖਤਿਆਰ ਬਾਜ ਗੁਜ਼ਾਰ ਰਈਸ ਦੀ ਸ਼ਕਲ ਵਿਚ ਉਸਤੋਂ ਉਸ ਵੇਲੇ ਮਿਲਦੇ ਸਨ। ਜੇ ਰਾਜ ਦੀ ਭੁੱਖ ਹੁੰਦੀ ਤਾਂ

ਮੰਨ ਲੈਂਦੇ, ਪੈਰ ਜਮਾ ਲੈਂਦੇ, ਹੌਲੇ ਹੌਲੇ ਪਏ ਵਧਦੇ।

ਇਸ ਵੇਲੇ ਸਾਰੇ ਮੂਰਤਾਂ ਵਾਂਗੂ ਅਚੱਲ ਸੁਣ ਰਹੇ ਸਨ ਅਰ ਸਭਨਾਂ ਦੇ ਅੰਦਰ ਖੂਨ ਜੋਸ਼ ਮਾਰ ਰਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਨਾ ਕੇਵਲ ਸਿੱਖਾਂ ਦਾ ਗੁਰੂ ਹੈ, ਬਲਕਿ ਸਾਡੇ ਸਾਰੇ ਪੰਜਾਬੀਆਂ ਦਾ ਫ਼ਖ਼ਰ ਤੇ ਉਚੇ ਮੰਡਲਾਂ ਦਾ ਚਮਕਦਾ ਸਿਤਾਰਾ ਹੈ ਅਰ ਹਰ ਪੰਜਾਬੀ ਨੂੰ ਉਨ੍ਹਾਂ ਨੂੰ ਆਪਣਾ ਸਿਰਤਾਜ ਸਮਝਣਾ ਚਾਹੀਏ। ਇਸ ਵੇਲੇ ਐਨਕ ਵਾਲੇ ਨੇ ਪੁਛਿਆ, ਸਿੰਘ ਜੀ! ਕਿਆ ਐਸੇ ਵਾਕਜਾਤ ਬੀ ਹਨ ਜਿਨ੍ਹਾਂ ਤੋਂ ਮਾਲੂਮ ਹੋਵੇ ਕਿ ਐਸੇ ਜੰਗ ਜਦਲ ਦੇ ਸਮਾਨਾਂ ਵਿਚ ਗੁਰੂ ਜੀ ਨੂੰ ਆਪਣੇ ਪੈਗ਼ੰਬਰੀ ਕੰਮ ਦਾ ਖਿਆਲ ਰਹਿੰਦਾ ਸੀ?

ਸਿੰਘ ਜੀ-ਮੈਂ ਕੇਵਲ ਇਕ ਵਾਕਿਆ ਜੋ ਮੈਂ ਸੁਣਿਆ ਹੈ, ਆਪ ਨੂੰ ਸੁਣਾ ਦੇਂਦਾ ਹਾਂ। ਨਤੀਜਾ ਆਪ ਨੇ ਕੱਢ ਲੈਣਾ:-

ਇਕ ਵੇਰ ਕਿਲੇ ਨੂੰ ਘੇਰਾ ਪਿਆ ਸੀ, ਅਨੇਕਾਂ ਕਸ਼ਟ ਵਾਪਰ ਰਹੇ ਸਨ, ਗੱਲ ਲੰਮੀ ਹੈ, ਖੈਰ! ਇਕ ਰਾਤ ਆਈ, ਕਿ ਗੁਰੂ ਜੀ ਦੇ ਪਿਆਰੇ ਤੇ ਪੁੱਤ੍ਰਾਂ ਤੇ ਪਰਵਾਰ ਸਮੇਤ ਕਿਲੇ ਤੋਂ ਨਿਕਲ ਖੜੇ ਹੋਏ। ਆਪ ਕਈ ਮੀਲ ਉਨ੍ਹਾਂ ਤੋਂ ਪਰੇ ਚਲੇ ਗਏ।

ਆਸਾ ਦੀ ਵਾਰ ਦਾ ਵੇਲਾ ਸੀ। ਸਤਿਗੁਰ ਨੇ ਕਿਹਾ: 'ਭਜਨ ਪਹਿਲੇ ਹੈ, ਭਾਈ ਖਾਲਸਾ ਜੀ! ਦੀਵਾਨ ਲਾ ਦਿਓ, ਜਾਨ ਜਾਏ, ਪਰ ਬੰਦਗੀ ਦਾ ਵੇਲਾ ਨਾ ਜਾਏ।' ਉੱਥੇ ਹੀ ਦੀਵਾਨ ਲਗ ਗਿਆ। ਦੁਸ਼ਮਨ ਅਹਦ ਤੋੜਕੇ ਮਗਰੇ ਆ ਰਹੇ ਸੇ, ਆ ਪਏ। ਇਸ ਵੇਲੇ ਦੇ ਖੇਦ ਦਾ ਅੰਦਾਜ਼ਾ ਲਾ ਲਓ, ਕਿੰਨੀ ਕੁ ਕਟਾਵੱਢ ਤੇ ਮੁਸ਼ਕਲ ਦਾ ਸਾਹਮਣਾ ਪਿਆ ਹੋਊ। ਹੁਣ ਤੁਸੀਂ ਆਪਣੇ (ਰਾਜਨੀਤੀ) ਪੁਲੀਟੀਕਲ ਅਰਥਾਂ ਵਲ ਨਾ ਜਾਣਾ ਕਿ ਇੱਥੇ ਕੀਰਤਨ ਦਾ ਕਿਹੜਾ ਵੇਲਾ ਸੀ, ਨ੍ਹੱਸ ਕਿਉਂ ਨਾ ਗਏ, ਦੂਏ ਦਿਨ ਬੰਦਗੀ ਕਰ ਲੈਂਦੇ? ਮੈਂ ਕਹਾਂਗਾ ਕਿ ਇਹੋ ਵਾਕਿਆ ਪੂਰੇ ਤੌਰ ਪਰ ਸਾਬਤ ਕਰਦਾ ਹੈ ਕਿ ਗੁਰੂ ਜੀ ਨੂੰ ਆਪਣਾ ਵਾਹਿਗੁਰੂ ਤੇ ਬੰਦਗੀ ਦਾ ਕੰਮ ਮੁੱਖ ਸੀ, ਓਹ ਪੈਗ਼ੰਬਰ ਸੇ ਪੂਰੇ, ਰੱਬੀ ਪਿਆਰ ਮੁੱਖ ਕੰਮ ਸੀ, ਅਤੇ ਉਨ੍ਹਾਂ ਦੇ ਜੰਗ, ਉਨ੍ਹਾਂ ਦੇ ਫਰਜ਼ ਪੈਗ਼ੰਬਰੀ ਦਾ ਇਕ ਹਿੱਸਾ ਮਨ, ਅਰ 'ਬੰਦਗੀ' ਦਾ ਇਕ ਨਾਗ਼ਾ, ਓਹ ਜਾਨਾਂ ਪਰ ਖੇਡਦੇ ਸਨ, ਪਰ ਨਹੀਂ ਸਨ ਪਾਉਂਦੇ। ਸਾਫ਼ ਹੈ ਕਿ ਉਨ੍ਹਾਂ ਦਾ ਉਪਦੇਸ਼ ਆਪਣੇ ਲਈ ਰਾਜ ਦੀ ਭੁੱਖ ਤੇ ਤ੍ਰਿਸ਼ਨਾ ਨਹੀਂ ਸੀ, ਬਾਕੀ ਜੇ ਉਨ੍ਹਾਂ ਦਾ ਸਾਰਾ ਜੀਵਨ ਪੜ੍ਹੋ ਤਾਂ ਦੇਖੋਗੇ ਕਿ ਹਰ ਰੋਜ਼ ਮੁਖ ਕੰਮ ਹੀ ਮੁਰਦੇ ਲੋਕਾਂ ਵਿਚ ਰੂਹਾਨੀ ਜੀਵਨ ਫੂਕਣਦਾ ਸੀ। ਉਹ ਕਰਦੇ ਹੀ ਆਪਣਾ ਇਲਾਹੀ ਪ੍ਰੇਮ ਦਾ ਕੰਮ ਸਨ, ਜੰਗ ਤਾਂ ਕਦੇ ਕਦੇ ਦੇ ਕੰਮ ਸਨ ਜੋ ਗਲੇ ਆ ਪੈਂਦੇ ਸਨ, ਆਪ ਤਾਂ ਸਤਿਗੁਰ ਚੜ੍ਹਕੇ ਕਿਸੇ ਤੇ ਕਦੇ ਨਹੀਂ ਗਏ। ਤੁਸੀਂ ਗੁਰੂ ਜੀਵਨ ਮੁਤਾਲਿਆ ਕਰੋ, ਉਨ੍ਹਾਂ ਨੇ ਆਪ ਪਹਿਲ ਕਦੇ ਨਹੀਂ ਕੀਤੀ, ਅਪਣੇ ਤੇ ਹੋਏ ਹਮਲਿਆਂ ਦੇ ਬਚਾਉ ਕੀਤੇ ਹਨ। ਜੰਗ ਫਤੇ ਹੋਣ ਤੇ ਜੇ ਸਿਖਾਂ ਹਾਰੇ ਸ਼ਤਰੂ ਦਾ ਪਿਛਾ ਕੀਤਾ ਹੈ ਤਾਂ ਉਨ੍ਹਾਂ ਨੂੰ ਵਰਮ ਲਿਆ ਹੈ।

ਐਨਕ ਵਾਲਾ-ਬਹੁਤ ਖੂਬ, ਸਿੰਘ ਜੀ! ਇਹ ਵਾਕਿਆ ਤਾਂ ਪੂਰੇ ਤੌਰ ਤੇ ਫੈਸਲਾ ਕਰਦਾ ਹੈ ਕਿ ਧਾਰਮਕ ਪਹਿਲੂ ਗੁਰੂ ਗੋਬਿੰਦ ਸਿੰਘ ਜੀ ਵਿਚ ਮੁਖ ਪਹਿਲੂ ਉਨ੍ਹਾਂ ਦੇ ਜੀਵਨ ਦਾ ਸੀ। ਪਰੰਤੂ ਕੀ ਆਪ ਕ੍ਰਿਪਾ ਕਰਕੇ ਮੈਨੂੰ ਇਹ ਸਮਝਾਓਗੇ ਕਿ ਜੰਗ ਕਰਨ ਵਾਲੇ ਦੀ ਬ੍ਰਿਤੀ ਤਾਮਸੀ ਬ੍ਰਿਤੀ ਨਹੀਂ ਹੋ ਜਾਂਦੀ? ਜਿਸਦਾ ਮਨ ਰੋਹ, ਕ੍ਰੋਧ, ਤਾਮਸ ਵਿਚ ਰਹੇ ਓਹਦਾ ਮਨ ਧਰਮ ਵਿਚਾਰ ਵਿਚ ਜਾਂ ਜਿਸ ਤਰ੍ਹਾਂ ਆਪ ਨੇ ਕਿਹਾ ਹੈ ਅੰਦਰਲੇ ਦੇ ਮੁਖ ਵਿਚ ਯਾ ਸ਼ਾਂਤੀ ਵਿਚ ਕੀਕੂੰ ਰਹਿ ਸਕਦਾ ਹੈ?

ਸੂਫ਼ੀ-ਬਹੁਤ ਅੱਛਾ ਸਵਾਲ ਹੈ, ਮੁਇੱਮੇ ਦੀ ਹੱਲ ਹੀ ਏਥੇ ਹੈ।

ਸਿੰਘ-ਇਹ ਗੱਲ ਰਤਾ ਅਲੂਣੀ ਜਿਹੀ ਹੋ ਜਾਏਗੀ, ਪਰ ਜਿਸ ਤਰ੍ਹਾਂ ਮੈਨੂੰ ਜਾਚ ਹੈ, ਬੇਨਤੀ ਕਰ ਦੇਂਦਾ ਹਾਂ:-

ਲੋਭ, ਗੁੱਸਾ, ਨਫਰਤ, ਪਿਆਰ ਏਹੋ ਜਿਹੇ ਮਾਰੇ ਵਲਵਲੇ ਆਦਮੀ ਦੇ ਅੰਦਰ ਉੱਠਦੇ ਹਨ, ਇਨ੍ਹਾਂ ਦੇ ਦੋ ਹਿੱਸੇ ਹੁੰਦੇ ਹਨ-ਇਕ ਤਾਂ ਅੰਦਰ ਮੂਲ ਅੰਸ਼ ਹੁੰਦੀ ਹੈ, ਇਕ ਉਸ ਤੋਂ ਭਾਵ ਪੈਦਾ ਹੋ ਜਾਂਦੇ ਹਨ। ਅੰਦਰਲੀ ਮੂਲ ਅੰਸ਼ ਨੂੰ 'ਸਥਾਈ' ਤੇ ਉਸਤੋਂ ਪੈਦਾ ਹੋਏ ਭਾਵਾਂ ਨੂੰ 'ਸੰਚਾਰੀ' ਕਹਿੰਦੇ ਹਨ। ਜਿਹਾ ਕੁ ਜਦ ਕਿਸੇ ਨੂੰ ਗ਼ਜ਼ਬ ਦੀ ਹਾਲਤ ਹੁੰਦੀ ਹੈ ਤਾਂ ਪਹਿਲਾਂ ਓਸਦੇ ਅੰਦਰ ਕ੍ਰੋਧ ਦੀ ਅੰਸ਼ ਉਠਦੀ ਹੈ, ਇਹ 'ਕ੍ਰੋਧ' ਸਥਾਈ ਭਾਵ ਹੈ ਤੇ ਫੇਰ ਅੱਖਾਂ ਲਾਲ

ਸਰੀਰ ਦਾ ਕੰਬਣਾ ਜੋਸ਼ ਆਦਿਕ ਅਸਰ ਹੁੰਦੇ ਹਨ, ਏਹ ਸੰਚਾਰੀ ਭਾਵ ਹਨ। ਸਾਡੇ ਦਾਨਿਆਂ ਨੇ ਇਨ੍ਹਾਂ ਸਾਰੇ ਵਲਵਲਿਆਂ ਨੂੰ ਰਸ ਆਖਿਆ ਹੈ ਤੇ ਨੌਂ ਰਸ ਗਿਣੇ ਹਨ ਜੋ ਏਹ ਹਨ:-

੧. ਸ਼ਿੰਗਾਰ (ਇਸ਼ਕ), ੨. ਹਾਸਯ, ੩. ਕਰੁਣਾ (ਸ਼ੋਕ), ੪. ਬੀਰ (ਬਹਾਦਰੀ), ੫. ਰੌਦ੍ਰ (ਕ੍ਰੋਧ), ੬. ਭਯਾਨਕ (ਭੈ), ੭. ਬੀਭਤਸ (ਨਫਰਤ), ੮. ਅਦਭੁਤ, ਤੇ ੯. ਸ਼ਾਂਤਿ[1]।

ਇਨ੍ਹਾਂ ਵਿਚੋਂ ਸ੍ਰੀ ਗੁਰੂ ਜੀ ਨੇ ਸ਼ਾਂਤਿ ਰਸ ਦੀ ਰਾਖੀ ਲਈ ਸਿੱਖਾਂ ਨੂੰ ਬੀਰ ਰਸ ਸਿਖਾਯਾ ਹੈ, ਰੌਦ੍ਰ ਰਸ ਨਹੀਂ ਸਿਖਾਇਆ।

ਬੀਰ ਰਸ ਤਦ ਚੜ੍ਹਦਾ ਹੈ, ਜਦ ਅੰਦਰ ਸਥਾਈ 'ਉਤਸਾਹ' ਹੁੰਦਾ ਹੈ। ਬੀਰ ਰਸ ਦਾ 'ਸਥਾਈ' ਗੁੱਸਾ ਨਹੀਂ ਹੋਇਆ ਕਰਦਾ। ਜਦੋਂ ਅੰਦਰਲਾ ਵਲਵਲਾ ਉਤਸਾਹ ਦਾ ਹੋਵੇਗਾ ਤਾਂ ਬਿਰਤੀ ਤਮੋਗੁਣੀ ਨਹੀਂ ਹੁੰਦੀ। ਉਤਸਾਹ ਜਾਂ ਰਜੋਗੁਣ ਵਿਚ ਹੁੰਦਾ ਹੈ ਜਾਂ ਸਤੋਗੁਣ ਵਿਚ। ਭਜਨ ਬੰਦਗੀ ਕਰਨ ਵਾਲੇ ਇਕ 'ਖੁਸ਼ ਹਾਲਤ' ਵਿਚ ਹੁੰਦੇ ਹਨ। ਖੁਸ਼ੀ ਇਕ ਬੰਦਗੀ ਦਾ ਫਲ ਹੈ। **'ਨਾਨਕ ਭਗਤਾ ਸਦਾ ਵਿਗਾਸ'**, ਇਸੇ ਤਰ੍ਹਾਂ ਬੀਰ ਮਰਦ ਦੇ ਅੰਦਰ ਉਤਸ਼ਾਹ ਰਹਿੰਦਾ ਹੈ। ਸੋ ਤੁਸੀਂ ਦੇਖ ਸਕਦੇ ਹੋ ਕਿ ਬੀਰਤਾ ਦਾ ਸਥਾਈ ਭਾਵ ਤੇ ਬੰਦਗੀ ਵਾਲੇ ਦਾ ਸਤੋਗੁਣੀ ਉਤਸਾਹ ਦੋਵੇਂ 'ਖੁਸ਼ੀ' ਹਨ। ਜੇ ਗੁਰੂ ਜੀ ਬਦਲਾ ਲੈਣਾ, ਡਾਹ, ਕੀਨਾਂ, ਤ੍ਰਿਸ਼ਨਾ ਸਿਖਾਲਦੇ ਤਾਂ ਸਿੱਖਾਂ ਦੇ ਦਿਲ ਤਾਮਸੀ ਹੋ ਜਾਂਦੇ, ਕਿਉਂਕਿ ਵੈਰ, ਕੀਨੇ, ਡਾਹ, ਤ੍ਰਿਸ਼ਨਾ ਨਾਲ ਅੰਦਰ ਤਮੋਗੁਣ ਹੋ ਜਾਂਦਾ ਹੈ, ਪਰ ਉਨ੍ਹਾਂ ਨੇ ਸਿਖਾਇਆ ਹੈ ਬੀਰ ਰਸ। ਬੀਰ ਰਸ ਨਾਲ ਸੁਰਤ 'ਉਤਸ਼ਾਹ' ਵਿਚ ਰਹਿੰਦੀ ਹੈ, ਇਸ ਕਰਕੇ ਬੰਦਗੀ ਕਰਨ ਵਾਲੇ ਮਨ ਬੀਰ ਰਸ ਵਿਚ ਜਾ ਸਕਦੇ ਹਨ। ਉਤਸਾਹ ਵੇਲੇ ਭਜਨ ਸਿਮਰਨ ਬਹੁਤ ਸੁਆਦਲਾ ਹੁੰਦਾ ਹੈ, ਤੇ ਭਜਨ ਹੈ ਹੀ ਉਸ ਸਿਮਰਨ ਦਾ ਨਾਮ ਜਿਸ ਨਾਲ ਮਨ ਕੌਲ ਫੁਲ ਵਾਂਗੂੰ ਟਹਕਜਾ ਰਹੇ[2]।

ਮੈਨੂੰ ਪਤਾ ਨਹੀਂ ਕਿ ਮੈਂ ਆਪਣਾ ਅਰਥ ਸਾਫ਼ ਦੱਸ ਸਕਿਆ ਹਾਂ ਕਿ ਨਹੀਂ?

ਸੂਫ਼ੀ-ਬਹੁਤ ਖੂਬ! 'ਮਜਜ਼ੂਬ' ਹੋਣ ਤੋਂ ਪਹਿਲੀ ਹਾਲਤ ਐਸੀ ਹੋਣੀ ਚਾਹੀਏ।

ਐਨਕ ਵਾਲਾ-ਮੈਂ ਫਕੀਰੀ ਖ਼ਿਆਲਾਤ ਤੋਂ ਨਾਵਾਕਫ ਹਾਂ, ਜ਼ਰਾ ਕੁਛ ਵਧੇਰੇ ਸਮਝਣਾ ਚਾਹੁੰਦਾ ਹਾਂ।

ਬਾਬੂ (ਐਨਕ ਵਾਲੇ ਨੂੰ)-ਸਿੰਘ ਸਾਹਿਬ ਇਸ ਵੇਲੇ ਆਪਨੂੰ ਸਾਈਕਾਲੋਜੀਕਲ (ਮਾਨਸਕ) ਤ੍ਰੀਕੇ ਨਾਲ ਆਪਣਾ ਭਾਵ ਸਮਝਾ ਰਹੇ ਹਨ, ਤੇ ਆਪਣੇ ਜਾਣੇ ਹੋਏ ਤ੍ਰੀਕੇ ਨਾਲ ਗਲ ਨੂੰ ਬਿਆਨ ਕਰ ਰਹੇ ਹਨ। ਦਿਲ ਵਿਚ ਜੋ ਵਲਵਲੇ (Emotions) ਪੈਦਾ ਹੁੰਦੇ ਹਨ ਉਨ੍ਹਾਂ ਦੇ ਭਾਵ ਦੋ ਕਿਸਮ ਦੇ ਹੁੰਦੇ ਹਨ-ਇਕ ਤਾਂ ਮੂਲ ਕਾਰਣ ਹੁੰਦੇ ਹਨ ਤੇ ਦੂਸਰੇ ਉਸ ਵੇਲੇ ਉਸ ਤੋਂ ਪੈਦਾ ਹੋ ਜਾਂਦੇ ਹਨ।

ਦਿਲ ਉਤੇ ਜੋ ਪ੍ਰਬਲ ਕਿਸਮ ਦੇ ਵਲਵਲੇ ਹੁੰਦੇ ਹਨ, ਜਿਨ੍ਹਾਂ ਦੇ ਆਵੇਸ਼ ਵਿਚ ਅਦਾਮੀ ਤਰ੍ਹਾਂ ਤਰ੍ਹਾਂ ਦੇ ਕੰਮ ਕਰਦਾ ਹੈ, ਉਨ੍ਹਾਂ ਨੂੰ 'ਰਸ' ਕਹਿੰਦੇ ਹਨ, ਅਰ ਹਿੰਦੀ ਦਾਨਿਆਂ ਨੇ ਐਸੇ ਰਸ ਨੌਂ ਗਿਣੇ ਹਨ, ਉਨ੍ਹਾਂ ਵਿਚੋਂ ਇਕ ਸ਼ਿੰਗਾਰ ਰਸ ਹੈ। ਇਸਦੀ ਸਥਾਈ (ਮੂਲ ਕਾਰਣ) ਪ੍ਰੀਤ ਹੈ, ਤੇ ਸੰਚਾਰੀ ਭਾਵ ਅਨੇਕਾਂ ਹਨ, ਮਸਲਨ-ਹੱਸ ਪੈਣਾ ਆਦਿ।

ਸਿੰਘ ਜੀ-ਇਨ੍ਹਾਂ ਰਸਾਂ ਵਿਚ ਇਕ ਬੀਰ ਰਸ ਹੈ, ਇਸਦੀ ਸਥਾਈ 'ਉਤਸਾਹ' ਹੈ। ਕ੍ਰੋਧ ਇਸਦੀ ਸਥਾਈ ਨਹੀਂ ਹੈ*।

ਬੀਰ ਉਹ ਆਦਮੀ ਹੈ, ਜੋ ਦਾਨ ਕਰਦਾ ਹੈ, ਦਇਆ ਪਾਲਦਾ ਹੈ ਤੇ ਦੂਹਾਂ ਲੋੜਾਂ ਲਈ ਆਵੱਸ਼ਕ ਲੋੜ ਪੈਣ ਤੇ ਜੁੱਧ ਬੀ ਕਰਦਾ ਹੈ। ਉਸਦੇ ਅੰਦਰ ਮੂਲ ਕਾਰਣ, ਕੀਨਾ, ਡਾਹ, ਸਾੜਾ, ਕ੍ਰੱਝਣਾ, ਨਫ਼ਰਤ ਕਰਨਾ, ਏਹ ਨਹੀਂ ਹੁੰਦੇ, ਪਰ ਉਸਨੂੰ ਦਿਸਦਾ ਹੈ ਕਿ ਮੈਂ ਨੇਕੀ ਦਾ ਕੰਮ ਕਰਦਾ ਹਾਂ, ਮੇਰੇ ਅੰਦਰ ਚਾਉ ਹੈ ਨੇਕੀ ਲਈ। ਸੋ ਉਹ ਤਾਂ ਚਾਉ ਵਿਚ ਦਇਆ, ਦਾਨ ਤੇ ਜੁੱਧ ਕਰਦਾ ਹੈ। ਜੁੱਧ

---

੧. ਬਾਜ਼ ਦਾਨੇ 'ਵਾਤਸੱਲੇ' ਨੂੰ ਵੀ ਇਕ ਰਸ ਗਿਣਦੇ ਸਨ।

੨. ਸੇਜ ਸੁਖਾਲੀ ਬਿਗਸੈ ਜੀਉ॥ ਸੋ ਸਿਮਰਨੁ ਤੂ ਅਨਦਿਨੁ ਪੀਉ॥ (ਰਾਮ: ਕਬੀਰ-੯)

*ਬੀਰ ਰਸ ਵਿਚ ਜੋ ਕ੍ਰੋਧ ਕਦੇ ਆ ਜਾਂਦਾ ਹੈ ਉਹ 'ਸੰਚਾਰੀ' ਹੁੰਦਾ ਹੈ, 'ਸਥਾਈ' ਨਹੀਂ ਹੁੰਦਾ। ਹਾਂ, ਰੌਦ੍ਰ ਰਸ ਦਾ ਸਥਾਈ ਕ੍ਰੋਧ ਹੈ।

ਕਰਨ ਵਿਚ ਉਹ ਦੂਸਰੇ ਦੇ ਭਲੇ ਲਈ ਆਪਾ ਵਾਰਦਾ ਹੈ। ਆਪਾ ਵਾਰਨ ਦਾ ਚਾਉ ਉਸਦੇ ਅੰਦਰ ਹੁੰਦਾ ਹੈ। ਉਹ ਚਾਉ ਵਿਚ ਜਾਨ ਨੂੰ ਕੁਝ ਚੀਜ਼ ਨਹੀਂ ਸਮਝਦਾ, ਨਾ ਦੂਸਰੇ ਦੀ ਜਾਨ ਨੂੰ ਉਹ ਵੈਰ ਨਾਲ ਮਾਰਦਾ ਹੈ, ਪਰ ਧਰਮ ਦੀ ਪੂਰਣਤਾ ਵਿਚ ਚਾਉ ਵਿਚ ਜੋ ਹੁੰਦਾ ਹੈ ਸੋ ਹੁੰਦਾ ਹੈ। ਜੋ ਨਿਰੋਲ ਪਰਸੁਆਰਥ ਲਈ ਜੁੱਧ ਕਰਦਾ ਹੈ ਉਸ ਦਾ ਜੁੱਧ 'ਤ੍ਰਿਸ਼ਨਾ' (Assertion) ਨਹੀਂ, ਪਰ 'ਕੁਰਬਾਨੀ' (denial) ਹੈ। ਉਹ ਦੂਸਰੇ ਦੇ ਸੁਖ ਲਈ ਜਾਨ ਤਕ ਵਾਰਨ ਨੂੰ ਜਦ ਟੁਰ ਪੈਂਦਾ ਹੈ ਤਦ ਉਸ ਦੇ ਅੰਦਰ ਕੁਰਬਾਨੀ ਵਾਲਾ ਉਤਸ਼ਾਹ ਹੁੰਦਾ ਹੈ। ਗੁਰੂ ਕੇ ਸਿੱਖ ਸ਼ਾਂਤਿ ਰਸ ਵਾਲੇ ਸਨ, ਜਿਸਦਾ ਮੂਲ ਕਾਰਨ ਅੰਦਰ ਵਸਦਾ ਵੈਰਾਗ ਸੀ। ਵੈਰਾਗ ਦਾ ਅਰਥ ਸਿੱਖ ਇਹ ਕਰਦੇ ਹਨ ਕਿ ਰਹਿਣਾ ਜਗਤ ਵਿਚ, ਪਰ ਇਸ ਵਿਚ ਖੱਚਤ ਨਾ ਹੋਣਾ। ਸੋ ਸ਼ਾਂਤਿ ਰਸ ਵਾਲੇ ਸਿੱਖ ਤ੍ਰਿਸ਼ਨਾ ਵਲੋਂ ਅੰਦਰ ਵੈਰਾਗ ਰਖਦੇ ਹਨ ਤੇ ਵਾਹਿਗੁਰੂ ਨਾਲ ਰਾਗ (ਪ੍ਰੀਤ) ਰਖਦੇ ਹਨ। ਵਾਹਿਗੁਰੂ ਦੀ ਪ੍ਰੀਤ ਕਰਕੇ ਅੰਦਰ ਇਕ ਉਤਸ਼ਾਹ ਰਹਿੰਦਾ ਹੈ ਜੋ ਸਤੋ ਗੁਣੀ ਹੁੰਦਾ ਹੈ, ਇਹ ਚੰਗੀ ਤਰ੍ਹਾਂ ਸਮਝ ਲੈਣਾ। ਹਰ ਵੇਲੇ ਉਦਾਸ, ਰੋਣੀ ਸੂਰਤ ਤੇ ਢੱਠੇ ਮਨ ਵਾਲੇ ਨੂੰ ਸਿਖ ਸ਼ਾਂਤ-ਰਸੀਆ ਨਹੀਂ ਜਾਣਦੇ। ਜਿਨ੍ਹਾਂ ਦੇ ਅੰਦਰ ਜਗਤ ਨਾਲ ਪਕੜ ਨਹੀਂ, ਪਕੜ ਰੱਬ ਨਾਲ ਹੈ ਤੇ ਰੱਬ ਦੇ ਪਿਆਰ ਵਿਚ ਖਿੜੇ ਰਹਿੰਦੇ ਹਨ, ਓਹ ਸ਼ਾਂਤ ਰਸੀਏ ਹਨ। ਹੁਣ ਤੁਸੀਂ ਸਮਝ ਲਓ ਐਸਿਆਂ ਦਾ ਬੀਰ ਰਸ ਵਿਚ ਆ ਜਾਣਾ ਉਨ੍ਹਾਂ ਦੇ ਅੰਦਰ ਕੋਈ ਭੈੜੀ ਤਬਦੀਲੀ ਨਹੀਂ ਕਰ ਸਕਦਾ। ਦੂਸਰੇ ਓਹ ਹੁਕਮ ਦੇ ਕਾਇਲ ਹਨ। ਜਦੋਂ ਓਹੀ ਸ਼ਾਂਤਿ ਰਸ ਵਿਚ ਹੁੰਦਿਆਂ ਦੀਨ ਰਖਜਾ ਖਾਤਰ ਬੀਰ ਰਸ ਦੇ ਉਤਸ਼ਾਹ ਵਿਚ ਜਾਂਦੇ ਹਨ ਤਾਂ ਰੱਬ ਦਾ ਹੁਕਮ ਸਮਝਦੇ ਹਨ। ਮਰਨਾ, ਦੁੱਖ ਪਾਉਣਾ ਉਨ੍ਹਾਂ ਨੂੰ ਹੈਰਾਨ ਨਹੀਂ ਕਰਦਾ, ਅੰਦਰੋਂ ਉਤਸ਼ਾਹ ਤੋਂ ਨਹੀਂ ਡੇਗਦਾ। ਇਹ ਗੱਲਾਂ ਆਪ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਆਦਿ ਸਿੱਖ ਸ਼ਹੀਦਾਂ ਦੇ ਹਾਲਾਤ ਤੋਂ ਸਮਝ ਸਕਦੇ ਹੋ। ਮੇਰੇ ਖਿਆਲ ਵਿਚ ਹੁਣ ਮੈਂ ਸਪਸ਼ਟ ਕਰ ਦਿਤਾ ਹੈ ਕਿ ਕੀਕੂੰ ਸ਼ਾਂਤਿ ਰਸ ਵਾਲੇ 'ਕੇਵਲ ਉਪਕਾਰ ਖ਼ਾਤਰ ਬੀਰ ਰਸ ਵਿਚ ਆਕੇ' ਅਪਣੇ ਬੰਦਗੀ ਦੇ ਖੇੜੇ ਵਿਚੋਂ ਡਿੱਗ ਕੇ ਤਾਮਸੀ ਯਾ ਤਮੋਗੁਣ ਦੇ ਅਧੀਨ ਨਹੀਂ ਹੋ ਜਾਂਦੇ। ਜੇ ਹੋ ਜਾਣ ਤਾਂ ਗੁਰੂ ਆਦਰਸ਼ ਤੋਂ ਦੂਰ ਜਾ ਪਏ।

ਅਪਣੇ ਮੂੰਹੋਂ ਅਪਣੀ ਮਹਿੰਮਾ ਨਹੀਂ ਫਬਦੀ, ਪਰ ਅਜੇ ਬੀ ਸਿੱਖਾਂ ਵਿਚ ਨਮੂਨੇ ਹਨ। ਮੇਰੇ ਦੇਖਦੇ ਇਕ ਭਜਨ ਵਾਲੇ ਸਿੰਘ ਜੀ ਦੇ ਹੱਥ ਤੇ ਨਿੰਮ ਦਾ ਦਰਖਤ ਆ ਪਿਆ। ਹੱਥ ਹੇਠਾਂ ਦੱਬਿਆ ਪਿਆ ਹੈ ਮਾਸ ਹੱਡੀਆਂ ਚਿਥੜ ਗਈਆਂ ਹਨ ਤੇ ਆਪ ਖਿੜੇ ਮੱਥੇ ਕਹਿ ਰਹੇ ਹਨ, 'ਸਿੰਘ ਜੀ! ਜ਼ਰਾ ਇਹ ਮੁਢ ਚਾ ਦੇਣਾ, ਮੇਰਾ ਹੱਥ ਹੇਠਾਂ ਅਨੰਦ ਖੇੜ ਰਿਹਾ ਹੈ।' ਤੇ ਜਦੋਂ ਆਪ ਦਾ ਜ਼ਖ਼ਮ ਡਾਕਟਰ ਮਲੋ ਮਲੀ ਆਕੇ ਬੰਨ੍ਹਣ ਸੀਉਣ ਲੱਗਾ ਤਾਂ ਕਲੋਰੋ ਫਾਰਮ ਸੁੰਘਣੋਂ ਯਾ ਲੇਟਣੋਂ ਆਪ ਨੇ ਨਾਂਹ ਕੀਤੀ, ਉਸੇ ਤਰ੍ਹਾਂ ਖਿੜੇ ਮੱਥੇ ਸਭ ਕੁਛ ਕਰਵਾ ਲਿਆ।

ਸੂਫ਼ੀ-ਠੀਕ ਹੈ! ਮੈਂ ਇਕ ਨਾਮ ਵਾਲੇ ਫੌਜੀ ਸਿੰਘ ਦੇ ਪੱਟ ਦੀ ਹੱਡੀ ਦਾ ਓਪ੍ਰੇਸ਼ਨ ਡਿੱਠਾ ਸੀ, ਆਪ ਬੀ ਖਿੜੇ ਮਥੇ ਕਰਵਾ ਗਏ ਸਨ।

ਇਸ ਵੇਲੇ ਇਕ ਬੁੱਕਲ ਮਾਰਕੇ ਲੇਟਿਆ ਪਿਆ ਆਦਮੀ ਉੱਠ ਬੈਠਾ, ਇਸ ਦੇ ਕਪੜੇ ਭਗਵੇ ਸਨ, ਰੰਗ ਪੀਲਾ ਭੂਕ ਸੀ ਤੇ ਅੱਖਾਂ ਕੁਛ ਥੱਲੇ ਲੱਥੀਆਂ ਹੋਈਆਂ ਸਨ, ਆਖਣ ਲੱਗਾ:-

ਸਿੰਘ ਜੀ! ਅਨੰਦ ਤਾਂ ਬਹੁਤ ਆਯਾ ਔਰ ਮੇਰੇ ਵੀ ਕੁਛ ਭਰਮ ਨਵਿਰਤ ਹੋ ਗਏ, ਪਰ ਇਹ ਤਾਂ ਦੱਸੋ, ਮਨ ਇਕ ਖਿਨ ਵਿਚ ਬ੍ਰਹਮਾਕਾਰ ਔਰ ਸੰਸਾਰਾਕਾਰ ਕਿਸ ਤਰ੍ਹਾਂ ਰਹਿ ਸਕਦਾ ਹੈ?

ਸਿੰਘ ਜੀ-'ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥' {ਸ:ਮਬੀਰ}

ਸਾਰੇ ਹੱਸ ਪਏ ਤੇ

ਸੂਫ਼ੀ ਜੀ-ਬਹੁਤ ਠੀਕ।

ਸਾਧੂ-ਮੈਂ ਨਹੀਂ ਸਮਝਿਆ ਜੇ! ਮੈਂ ਹੁੱਜਤਾਂ ਨਹੀਂ ਕਰ ਰਿਹਾ। ਸਿੰਘ ਜੀ! ਹੈ ਤਾਂ ਸ਼ਰਮ ਦੀ ਗੱਲ ਕਿ ਮੇਰੇ ਕੱਪੜੇ ਭਗਵੇ ਹਨ ਤੇ ਮੈਂ ਗ੍ਰਿਹਸ-ਤੀਆਂ ਤੋਂ ਪੁੱਛਦਾ ਹਾਂ, ਪਰ ਮੈਂ ਉਮਰ ਦਾ ਢੇਰ ਹਿੱਸਾ ਗਾਲਿਆ ਹੈ ਤੇ ਮੈਂ ਸੁਖੀ ਨਹੀਂ, ਆਪ ਦੇ ਬਚਨ ਬਹੁਤ ਸੁਖਦਾਈ ਲੱਗੇ ਹਨ, ਇਸ ਕਰਕੇ ਚਾਹੁੰਦਾ ਹਾਂ ਕਿ ਜੇ ਸੰਸਾ ਸਾਰਾ ਹਟ ਜਾਏ ਤਾਂ

ਜਨਮ ਬਿਰਥਾ ਨਾ ਜਾਏ।

ਸਿੰਘ ਜੀ-ਸੂਰੇ ਸਤਿਗੁਰੂ ਦੀ ਸ਼ਰਨ ਲਓ, ਲੱਗਿਆਂ ਹੋਇਆਂ ਦੀ ਸੰਗਤ ਕਰੋ, ਅਨਲੱਗਿਆਂ ਦੀ ਸੁਹਬਤ ਛੱਡੋ।.....(ਸੋਚਕੇ)

ਗੱਲ ਸੰਤ ਜੀ ਇਹ ਹੈ, ਕਿ ਤੁਹਾਡੇ ਸਾਡੇ ਖ਼ਿਆਲਾਂ ਵਿਚ ਇਕ ਮੁਢ ਦਾ ਫ਼ਰਕ ਹੈ। ਤੁਹਾਡੀ ਵਿਦਯਾ ਇਹ ਸਿਖਾਉਂਦੀ ਹੈ ਕਿ ਚੇਤਨ ਤੇ ਜੜ੍ਹ ਯਾ ਰੂਹ ਤੇ ਮਾਦਾ ਕਿਸੇ ਇਤਫ਼ਾਕ ਨਾਲ ਯਾ ਸੁਤੇ ਹੀ ਕੱਠੇ ਹੋ ਗਏ ਹਨ। ਇਨ੍ਹਾਂ ਦੇ ਮੇਲ ਤੋਂ ਸੰਸਾਰ ਹੈ, ਤੇ ਸੰਸਾਰ ਦੁਖ ਰੂਪ ਹੈ। ਇਸ ਦੁਖ ਤੋਂ ਛੁਟਕਾਰਾ ਤਾਂ ਹੈ ਜੇ ਏਹ ਜੜ੍ਹ ਚੇਤਨ ਅੱਡ ਅੱਡ ਹੋ ਜਾਣ। ਚਾਹੋ ਇਹ ਦੋਇ ਸਤਿ ਹਨ, ਚਾਹੋ ਜੜ ਭਰਮ ਮਾਤ੍ਰ ਹੈ, ਗੱਲ ਓਥੇ ਹੀ ਰਹਿੰਦੀ ਹੈ! ਇਸ ਲਈ ਜਗਤ ਤੋਂ ਉਪ੍ਰਾਮਤਾ, ਪਰੇ ਰਹਿਣਾ ਆਦਿਕ ਭਾਵ ਤੁਸੀਂ ਧਾਰਦੇ ਹੋ, ਜੋ ਬਹੁਤੀ ਵੇਰ ਡੂੰਘੀ ਉਦਾਸੀ ਬਣਕੇ ਬੱਝ ਜਾਂਦੇ ਹਨ। ਇਸ ਕਰਕੇ ਤੁਸੀਂ ਹਠ ਤਪ ਕਰਦੇ ਉਦਾਸ ਤੇ ਦਿਲਗੀਰੀ ਵਿਚ ਫਸ ਜਾਂਦੇ ਹੋ।

ਅਸੀਂ ਸਮਝਦੇ ਹਾਂ ਕਿ ਸੰਸਾਰ ਕਿਸੇ ਰਚਨ-ਹਾਰ ਨੇ ਰਚਿਆ ਹੈ ਅਰ ਉਹ ਪਿਆਰ ਕਰਨ ਵਾਲਾ ਹੈ। ਸੰਸਾਰ ਵਿਚ ਦੁਖ ਜ਼ਰੂਰ ਹੈ, ਏਥੇ ਅਸੀਂ ਤੁਸਾਂ ਨਾਲ ਸੰਮਤੀ ਰੱਖਦੇ ਹਾਂ, ਪਰ ਦੁਖ ਰਚਨਹਾਰ ਨੇ ਨਹੀਂ ਬਣਾਯਾ, ਦੁਖ ਇਸ ਕਰਕੇ ਹੈ ਕਿ ਅਸੀਂ ਅਪਣੇ ਕਰਤਾਰ ਤੋਂ ਵਿਛੁੜ ਰਹੇ ਤੇ ਭੁੱਲੀ ਪੈ ਗਏ ਵਾਂਙੂ ਹਾਂ*। ਜੀਕੂੰ ਮੇਲੇ ਤੇ ਮਾਤਾ ਦੇ ਨਾਲ ਗਿਆਂ ਬਾਲ ਮਾਂ ਤੋਂ ਵਿੱਛੁੜ ਕੇ ਦੁਖ ਪਾਉਂਦਾ ਹੈ। ਮਾਂ ਤੇ ਮੇਲਾ ਦੁੱਖ ਰੂਪ ਨਹੀਂ ਸਨ, ਦੁੱਖ ਮਾਂ ਤੋਂ ਵਿੱਛੁੜਨਾ ਸੀ। ਸੰਸਾਰ ਦੁਖੀ ਇਸ ਲਈ ਹੈ ਕਿ ਕਰਤਾਰ ਤੋਂ ਵਿੱਛੁੜ ਗਿਆ ਹੈ। ਜੇ ਅਸੀਂ ਵਾਹਿਗੁਰੂ ਨਾਲ ਲੱਗੇ ਰਹੀਏ, ਅੰਦਰ ਦੀ ਲਗਨ ਕਰਤਾ ਪੁਰਖ ਵਲ ਰਹੇ ਤੇ ਦਿੱਸਦਾ ਜਗਤ ਉਸ ਦਾ ਅਖਾੜਾ, ਮੇਲਾ, ਖੇਲ ਵੇਖੀਏ, ਫੇਰ ਦੁੱਖ ਨਹੀਂ। ਅਸੀਂ ਸਮਝਦੇ ਹਾਂ ਕਿ ਮੇਲੇ ਦੇ ਵਿਚ ਫਿਰਨਾ, ਪਰ ਮਾਂ ਦੀ ਉਂਗਲ ਨਾ ਛੱਡਣੀ ਇਸ ਵਿਚ ਮੇਲਾ ਸੁਖ ਰੂਪ ਹੈ, ਪਰ ਮਾਂ ਦੀ ਉਂਗਲ ਛੱਡ ਕੇ ਭੁੱਲੀ ਪੈਕੇ ਮੇਲੇ ਵਿਚ ਰੁੱਝ ਜਾਣਾ ਤੇ ਰੁਲ ਜਾਣਾ ਇਹ ਦੁਖ ਰੂਪ ਹੈ ਤੇ ਸਾਰੇ ਦੁਖਾਂ ਦਾ ਮੂਲ ਕਾਰਣ ਹੈ। ਸੋ ਅਸੀਂ ਦੁਖ ਦੀ ਨਵਿਰਤੀ ਇਸ ਵਿਚ ਸਮਝਦੇ ਹਾਂ ਕਿ ਕਿਵੇਂ ਮਾਂ ਦੀ ਉਂਗਲ ਫੇਰ ਲੱਭ ਪਵੇ ਤੇ ਉਹ ਸਾਨੂੰ ਆਪਣੇ ਸਤਿਸੰਗ ਵਿਚੋਂ ਲੱਭ ਪੈਂਦੀ ਹੈ, ਕਿਉਂਕਿ ਜਿਨ੍ਹਾਂ ਮਾਂ ਦੀ ਉਂਗਲ ਫੜੀ ਹੋਈ ਹੈ ਓਹ ਸਾਨੂੰ ਬੀ ਫੜਾ ਦੇਂਦੇ ਹਨ ਤੇ ਆਖਦੇ ਹਨ ਅੰਦਰਲੇ ਦੀ ਲਗਨ ਹਰਦਮ ਉਸ ਦੀ ਯਾਦ ਵਿਚ ਰੱਖੋ। ਮਨ ਦਾ ਝੁਕਾਉ, (ਮਨ ਦਾ ਰੁਖ਼, ਮਨ ਦੀ ਲਗਨ, ਮਨ ਦਾ ਲਗਾਉ) ਵਾਹਿ-ਗੁਰੂ ਨਾਲ ਰਖੋ। ਇਹ ਮਾਂ ਦੀ ਉਂਗਲ ਫੜਨੀ ਹੈ, ਬਾਹਰਲਾ ਜਗਤ ਮੇਲਾ ਹੈ, ਜਿਸਦੀ ਸੈਰ ਤਮਾਸ਼ੇ ਲਈ ਤੇ ਜਿਸ ਤੋਂ ਕੁਛ ਸਿੱਖਣ ਕੁਛ ਖੱਟਣ ਲਈ ਅਸੀਂ ਆਏ ਹਾਂ। ਮੇਲੇ ਵਿਚ ਅਪਣਾ ਰਹਿਣਾ ਅਸੀਂ ਅਟੱਲ ਨਹੀਂ ਸਮਝਦੇ। ਬਾਹਰ ਜੋ ਸਾਡਾ ਵਰਤਾਰਾ ਹੈ ਉਹ ਹੈ ਪ੍ਰੇਮ, ਸੋ ਅਸੀਂ ਰਹਿੰਦੇ ਹਾਂ 'ਯਾਦ' ਵਿਚ, 'ਧਯਾਨ' ਵਿਚ, 'ਖਿੱਚ' ਵਿਚ ਤੇ ਇਸ ਕਰਕੇ ਰਹਿੰਦੇ ਹਾਂ ਖਿਲੇ ਕੌਲ ਫੁਲ ਵਾਂਙੂ ਖਿੜੇ ਤੇ ਖੁਸ਼ ਪਰ ਸ਼ਾਂਤੀ, ਠੰਢ, ਰਸ ਵਿਚ ਟਿੱਕੇ ਹੋਏ। ਬਾਹਰ ਲੋਕਾਂ ਨਾਲ ਅਸੀਂ ਵਰਤਦੇ ਹਾਂ 'ਸਰਬੱਤ ਕਾ ਭਲਾ'। ਜਦੋਂ ਲੋੜ ਆ ਪੈਂਦੀ ਹੈ ਕਿ ਅਸੀਂ ਔਰੰਗਜ਼ੇਬ ਨੂੰ ਮਜ਼ਬੀ ਆਜ਼ਾਦੀ ਲਈ ਸਮਝਾਈਏ, ਤਾਂ ਮਾਂ ਦੀ ਉਂਗਲ ਫੜੇ ਹੋਏ ਵਾਂਙੂ ਜਾਕੇ ਮੱਤ ਦੇਂਦੇ ਹਾਂ। ਉਹ ਸਾਡਾ ਸੀਸ ਉਤਾਰਦਾ ਹੈ, ਅਸੀਂ ਉਸ ਵੇਲੇ ਬੀ ਮਾਂ ਦੀ ਉਂਗਲ ਫੜੀ ਮਾਂ ਦੇ ਪਿਆਰ ਵਿਚ ਹਸਦੇ ਹਾਂ ਤੇ ਜਲਾਦ ਨੂੰ ਮਖ਼ੌਲ ਕਰਦੇ ਹਾਂ। ਸੀਸ ਉੱਡ ਜਾਂਦਾ ਹੈ, ਪਰ ਅਸੂਲ (ਸਿਰਰ) ਕਾਇਮ ਰਹਿੰਦਾ ਹੈ। ਜੇ ਸਾਨੂੰ ਹੁਕਮ ਆਉਂਦਾ ਹੈ ਕਿ ਜ਼ਾਲਮ ਦਾ ਪਿੱਛਾ ਕਰੋ, ਤਾਂ ਅਸੀਂ ਅਟਕ ਤੇ ਜਾ ਕੇ ਕਈ ਸੀਸ ਭੇਟਾ ਕਰਕੇ ੨੧੦੦ ਅਬਲਾ ਛੁਡਾ ਲਿਆਉਂਦੇ ਹਾਂ, ਘਰੋ ਘਰੀ ਪੁਚਾ-ਉਂਦੇ ਹਾਂ, ਪਰ ਖੁਸ਼ ਇਸ ਗੱਲ ਵਿਚ ਹਾਂ ਕਿ ਅਸੀਂ ਆਪਣੀ ਮਾਂ ਦੀ ਉਂਗਲ ਫੜੀ ਹੋਣ ਦੇ ਰੰਗ ਵਿਚ ਹਾਂ। ਏਹ ਸਭ ਕੰਮ ਕਰਨੇ ਤੇ ਸੇਵਾ ਉਪਕਾਰ ਕਰਨੇ, ਸਾਡੀਆਂ ਖੇਡਾਂ ਹਨ। ਅਸੀਂ ਸੀਸ ਦੇਣਾ, ਮਰ ਜਾਣਾ, ਜੰਗ ਕਰਨਾ, ਯਾ ਭਲਾ

*ਦੁਖ ਦੇ ਵਿਸ਼ਯ ਤੇ ਹੋਰ ਵਿਸਥਾਰ ਸਮਝਣ ਲਈ ਦੇਖੋ 'ਚੌਧਰੀ ਸਮੀਰ' ਤੇ ਉਸਤੋਂ ਪਹਿਲਾ ਪ੍ਰਸੰਗ ਸ੍ਰੀ 'ਕਲਗੀਧਰ ਜੀ ਦੀਨੇ' ਪੰਨਾ ੧੫੫ ਇਸੇ ਪੁਸਤਕ ਦਾ।

ਕਰਨਾ-ਜਮਾਲ ਵਿਚ ਕਿ ਜਲਾਲ ਵਿਚ-ਸਦਾ ਇਹ ਸਮਝਦੇ ਹਾਂ ਕਿ ਹੁਕਮ ਦੀ ਕਾਰ ਕਮਾ ਰਹੇ ਹਾਂ। ਇਹ ਨਾ ਦਿਲਗੀਰੀ ਦਾ ਥਾਂ ਹੈ ਨਾ ਦਿਲ ਦੀ ਖੁਸ਼ੀ ਦਾ। ਨਾ ਹੱਸਣ ਦਾ ਥਾਂ ਹੈ ਨਾ ਰੋਣ ਦਾ। ਸਾਡੇ ਹੱਥ ਮਾਂ ਦੀ ਉਂਗਲ ਫੜੀ ਹੋਈ ਹੈ, ਇਸ ਕਰਕੇ ਅਸੀਂ ਪੱਕੇ ਤੇ ਸੱਚੇ ਟਿਕਾਣੇ ਹਾਂ, ਇਹ ਟਿਕਾਣਾ ਖੁਸ਼ੀ ਦਾ ਹੈ। ਉਂਗਲੀ ਫੜੀ ਮੇਲੇ ਵਿਚ ਟੁਰਦੇ ਹਾਂ ਤਾਂ ਸਭ ਰੰਗ 'ਮਾਂ ਦੀ ਉਂਗਲ ਫੜੀ ਦੇ ਨਾਜ਼, ਫ਼ਖ਼ਰ ਤੇ ਭਰੋਸੇ ਵਿਚ' ਹੁਕਮ ਜਾਣਕੇ ਮਾਣਦੇ ਹਾਂ।

ਤੁਸੀਂ ਦਿਲਗੀਰ ਹੋ, ਤੁਮਾਂ ਆਪ ਜੜ੍ਹ ਚੇਤਨ ਨੂੰ ਤੋੜਨਾ, ਵੱਖ ਵੱਖ ਕਰਨਾ ਹੈ। ਰੱਬ ਤੁਸਾਡਾ ਯਾ ਤਾਂ ਹੈ ਨਹੀਂ, ਜੇ ਹੈ ਤਾਂ ਕਰਤਾਰ ਨਹੀਂ, ਜੇ ਕਿਸੇ ਸੂਰਤ ਵਿਚ ਕਰਤਾ ਹੈ ਤਾਂ ਉਹ ਤੁਮਾਂ ਲਈ ਕਰਤਾ ਪੁਰਖ ਨਹੀਂ। ਜੇ ਤੁਸੀਂ ਕਿਸੇ ਸ਼ਕਲ ਵਿਚ ਉਸਦਾ ਹੋਣਾ ਕਹਿੰਦੇ ਹੋ ਤਾਂ ਫੇਰ ਆਖ ਦੇਂਦੇ ਹੋ ਅਸੀਂ ਆਪ ਹੀ ਓਹੋ ਹਾਂ। ਤੁਸੀਂ ਕਦੇ ਪ੍ਰੇਮ ਤੇ ਉਮਾਹ ਵਿਚ ਆ ਕੇ ਨਹੀਂ ਗਾਵੋਂ:-

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ॥੧॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥
ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ
ਸਭੁ ਤੇਰਾ ਖੇਲੁ ਅਖਾੜਾ ਜੀਉ॥੨॥

{ਮਾਝਮ:੫-੩੧}

ਸੋ ਤੁਸਾਂ ਲਈ ਇਹ ਸਮਝਣਾ ਕਠਨ ਹੈ ਕਿ ਇਕੋ ਵਕਤ 'ਰੱਬ ਯਾਦ' ਤੇ 'ਖੜਗ ਹੱਥ' ਕੀਕੂੰ ਨਿਭ ਸਕਦੇ ਹਨ? ਮਾਫ ਕਰਨਾ ਮੈਂ ਰਤਾ ਪੰਚਮ ਸੁਰ ਵਿਚ ਗੱਲਾਂ ਕਰਦਾ ਰਿਹਾ ਹਾਂ। ਇਹ ਹੰਕਾਰ ਵਿਚ ਨਹੀਂ, ਪਰ 'ਮਾਂ ਦੀ ਉਂਗਲ' ਫੜੀ ਦੀ ਗੱਲ ਕਰਦਿਆਂ ਮੇਰੇ ਅੰਦਰ ਮਾਂ ਦੇ ਪਿਆਰ ਦਾ ਨਖ਼ਰਾ ਵਧ ਗਿਆ ਸੀ ਕਿ ਧੰਨ ਗੁਰੂ ਨਾਨਕ ਕਲਗੀਆਂ ਵਾਲਾ ਗੁਰੂ ਗੋਬਿੰਦ ਸਿੰਘ, ਜਿਸਨੇ ਸਾਨੂੰ ਦਿਲ-ਗੀਰੀ ਤੋਂ ਕੱਢਕੇ ਖੇੜੇ ਵਿਚ ਲੈ ਆਂਦਾ! ਸੋ ਸੰਤ ਜੀ! ਮੈਂ ਕਹੇ ਬਿਨ ਰਹਿ ਨਹੀਂ ਸਕਦਾ ਕਿ ਜੇ ਆਪ ਅਪਣੇ ਨੁਕਤਾ ਖਿਆਲ ਨੂੰ ਬਦਲੋ ਤੇ ਮੇਰੇ ਨੁਕਤਾ ਖਿਆਲ ਵਿਚ ਆਓ ਤਾਂ ਤੁਸੀਂ ਖੁਸ਼ ਰਹਿ ਸਕਦੇ ਹੋ ਅਰ ਮਾਂ ਦੀ ਉਂਗਲ ਫੜੀ ਰੱਖਕੇ ਮਾਂ ਦੇ ਨਾਲ ਨਾਲ ਮੇਲੇ ਦੇ ਸਾਰੇ ਰੰਗ ਦੇਖ ਮਾਣ ਸਕਦੇ ਹੋ, ਤੇ ਮਾਂ ਦੀ ਛਾਂ ਹੇਠ ਅਲੇਪ ਰਹਿਕੇ ਮਾਂ ਨਾਲ ਆਏ, ਮਾਂ ਨਾਲ ਰਹੇ ਤੇ ਮਾਂ ਨਾਲ ਹੀ ਘਰਾਂ ਨੂੰ ਏਸ ਮੇਲੇ ਤੋਂ ਚਲੇ ਗਏ ਦੀ ਸੱਚੀ ਅਲੇਪਤਾ ਪ੍ਰਾਪਤ ਕਰ ਸਕਦੇ ਹੋ, ਸੋ ਐਉਂ ਅਪਰਸ ਬੀ ਰਹਿ ਸਕਦੇ ਹੋ।

ਐਨਕ ਵਾਲਾ-ਸਿੰਘ ਜੀ! ਮੇਰਾ ਲੂੰ ਲੂੰ ਆਪ ਤੋਂ ਸਦਕੇ ਹੈ। ਮੈਂ ਅੱਜ 'ਸ਼ਾਪਨ-ਹਜ਼ੂਰ' ਦੀ 'ਸ਼ਨਿ-ਆਮ' ਦੀ ਥੀਊਰੀ ਕਲਿਆਨ ਦੀ ਪ੍ਰਾਪਤੀ ਵਾਸਤੇ ਪੜ੍ਹਕੇ ਬੜਾ ਦਿਲਗੀਰ ਸਾਂ। ਆਪ ਨੇ ਬੜੇ ਸੌਖੇ ਤ੍ਰੀਕੇ ਨਾਲ ਗੁਰੂ ਗੋਬਿੰਦ ਸਿੰਘ ਦਾ ਆਦਰਸ਼ (Ideal) ਸਮਝਾਇਆ ਹੈ। ਮੈਂ ਗੁਰੂ ਦੇ ਨਾਮ ਤੋਂ ਸਦਕੇ ਹੋਣ ਵਾਲਾ ਸਾਂ, ਪਰ ਮੈਨੂੰ ਪਤਾ ਨਹੀਂ ਸੀ ਲਗਦਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ (Ideal) ਕੀਹ ਸੀ? ਮੈਂ ਉਨ੍ਹਾਂ ਨੂੰ ਸਾਂਖ, ਯੋਗ ਵੇਦਾਂਤ ਦੇ ਨੁਕਤੇ ਤੋਂ, ਫੇਰ ਕੈਂਟ ਦੇ ਨੁਕਤੇ ਤੋਂ, ਫੇਰ ਦੁਨੀਆਂ ਦੇ ਜੋਧੇ ਸਿਕੰਦਰ ਨਿਪੋਲੀਅਨ ਦੇ ਨੁਕਤੇ ਤੋਂ ਤੱਕਦਾ ਸਾਂ ਤੇ ਸਮਝਣ ਵਿਚ ਨਾ-ਕਾਮਯਾਬ ਹੁੰਦਾ ਸਾਂ, ਪਰ ਅੱਜ ਮੈਨੂੰ ਉਸ ਆਦਰਸ਼ (Ideal) ਦੀ ਸਮਝ ਆ ਗਈ ਹੈ ਕਿ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਹੈ।

ਸਿੰਘ ਜੀ-ਗਲ ਲੰਮੀ ਤੇ ਅਲੂਣੇ ਪਾਸੇ ਚਲੀ ਜਾਂਦੀ ਹੈ। ਤੁਸਾਂ ਨੇ 'ਕੈਂਟ' ਆਦਿ ਪੜ੍ਹੇ ਹਨ। ਤੁਸਾਨੂੰ ਅਸਥੈਟਿਕਸ (aesthetics) (ਰਸ) ਦੀ ਸਮਝ ਆਈ ਹੋਊ, ਤੁਸਾਂ ਟ੍ਰੈਂਸਡੈਂਟਲ (Transcendental) ਹਾਲਤ ਕੁਛ ਸਮਝੀ ਹੋਊ ਤੇ ਨਾਲ ਸੰਨਜਾਸੀ ਅਵਸ਼ਜਕਤਾ ਬੀ ਪੜ੍ਹੀ ਹੋਊ ਪਰ ਤੁਸੀਂ ਸੁਖੀ ਨਹੀਂ ਹੋਏ।

ਪਰ ਸਤਿਗੁਰ ਦੀ ਇਸ ਸਾਦਗੀ ਨੂੰ ਸਮਝੋ ਤੇ ਈਮਾਨ ਲਿਆਓ ਅਕਾਲ ਪੁਰਖ ਤੇ; ਈਮਾਨ ਲਿਆਓ ਕਿ ਉਹ ਕਰਤਾ ਪੁਰਖ ਹੈ, ਅਰ ਅਲੇਪ ਕਰਤਾ ਪੁਰਖ ਹੈ; ਈਮਾਨ ਲਿਆਓ ਕਿ ਉਹ ਪ੍ਰੇਮ ਹੈ, ਈਮਾਨ ਲਿਆਓ ਕਿ ਅੰਦਰਲੇ ਦੇ ਅੰਦਰ ਹੈ ਤੇ ਬਾਹਰ ਦੇ ਹਰ ਰਗ ਰੇਸ਼ੇ ਵਿਚ ਹੈ, ਈਮਾਨ ਲਿਆਓ ਕਿ ਅੰਦਰੋਂ ਉਸਦੀ ਠਾਹਰ, ਟੇਕ ਅਮਾਂ ਨਹੀਂ ਛੱਡਣੀ। ਹਰਦਮ, ਹਰ ਛਿਨ ਅੰਦਰੋਂ ਉਮਨੂੰ

ਯਾਦ ਨਾਲ, ਧਿਆਨ ਨਾਲ, ਪਿਆਰ ਨਾਲ ਫੜੀ ਰੱਖਣਾ ਹੈ। ਗਲ ਕੀਹ, ਮਨ ਦਾ ਲਗਾਉ* ਹਰ ਵੇਲੇ ਵਾਹਿਗੁਰੂ ਰੁਖ਼ੀ ਕਰੀ ਰੱਖੋ। ਹਾਂ, ਮਨ ਦਾ ਲਗਾਉ ਸਦਾ ਬ੍ਰਹਮੰਡ ਦੇ ਕੇਂਦਰ ਵਲ ਰੁੱਖੀਆ ਰੱਖੋ। ਇਉਂ ਅੰਦਰਲੇ ਦਾ ਰੰਗ ਜਮਾਕੇ ਸੰਸਾਰ ਵਿਚ ਵਿਚਰੋ ਫੇਰ ਦੇਖੋ ਕਿ ਤੁਸੀਂ ਜੀਉਂਦੇ ਹੀ ਰਸ ਵਿਚ, ਵਿਸਮਾਦ ਵਿਚ, ਖੇੜੇ ਵਿਚ ਆਉਂਦੇ ਹੋ ਕਿ ਨਹੀਂ। ਪਰ ਬਾਬਾ! ਇਹ ਰੰਗ ਦਮਬਦਮ ਸਾਈਂ ਨੂੰ ਯਾਦ ਕੀਤਿਆਂ ਜੰਮਦਾ ਹੈ। ਅਤੇ ਇਹ 'ਯਾਦ' ਯਾਦ ਕਰਨ-ਹਾਰਿਆਂ ਦਾ ਸਤਿਸੰਗ ਕੀਤਿਆਂ ਪੱਕਦੀ ਹੈ। ਭੁੱਲੇ ਹੋਇਆਂ ਦਾ ਸੰਗ ਕੁਸੰਗ ਹੈ, ਭੁੱਲੇ ਹੋਏ ਲੋਗ 'ਲਗਾਤਾਰ ਅੰਦਰਲੇ ਦੇ ਅਨੰਤ ਵਲ ਲਗਾਉ ਨੂੰ' ਤੋੜਦੇ ਹਨ, ਪਰ ਹਾਂ, ਇਨ੍ਹਾਂ ਦਾ ਕੁਸੰਗ ਅਸਰ ਨਹੀਂ ਕਰੇਗਾ, ਜੇ ਤੁਸੀਂ ਮਾਂ ਦੀ ਉਂਗਲ ਫੜੀ ਰੱਖੀ ਤਾਂ।

ਸਾਧੂ-ਬਹੁਤ ਠੀਕ ਹੈ, ਪਰ ਮੈਨੂੰ ਸੰਸੇ ਫੁਰਦੇ ਹਨ, ਜੋ ਕਰਤਾ ਪੁਰਖ ਹੋਇਗਾ ਉਹ ਕਰਤਾਰ ਹੋਣ ਵਿਚ ਵਿਕਾਰੀ ਹੋ ਜਾਊ। ਇਹੋ ਜਿਹੇ ਦਲੀਲੀ ਸੰਸੇ ਸਾਰੇ ਜਾਣਦੇ ਹੀ ਹੋ ਤੇ ਇਸ਼ਾਰੇ ਨਾਲ ਉੱਤਰ ਕਹਿ ਚੁਕੇ ਹੋ।

ਸਿੰਘ-ਇੱਕੋ ਉਤਰ ਹੈ, ਖਾਬਾ! ਰੱਬ ਹੈ ਬੇਹੱਦ, ਹਦ ਬੰਨੇ ਤੋਂ ਪਾਰ, ਕੋਈ ਦੇਸ਼ ਥਾਂ ਵਿੱਥ ਉਸ ਨੂੰ ਨਹੀਂ ਬੰਨ੍ਹਦੀ ਹੈ, 'ਉਹ ਪੂਰਨ ਬ੍ਰਹਮ ਹੈ'। ਨਾ ਉਹ ਸਮੇਂ ਵਕਤ ਕਾਲ ਦੀ ਕੈਦ ਵਿਚ ਹੈ, 'ਉਹ ਪਾਰ-ਬ੍ਰਹਮ ਹੈ'। ਨਾ ਉਹ ਕਿਸੇ ਸਬੱਬ ਦੀ ਕੈਦ ਵਿਚ ਹੈ, ਉਹ 'ਪਰੰਬ੍ਰਹਮ ਹੈ'! ਜੋ 'ਦਲੀਲ' ਜੋ ਅੱਖਰ ਤੁਸੀਂ ਕਹਿੰਦੇ ਹੋ ਏਹ ਸਭ ਦੇਸ਼ ਕਾਲ ਵਿਚ ਕੀਤੇ ਹੋਏ ਅਖਰ ਹਨ, ਜਿਸਨੇ ਇਹ ਅੱਖਰ ਲਿਖੇ ਹਨ, ਏਹ ਅੱਖਰ ਉਸਦੇ ਸਿਰ ਤੇ ਹਾਵੀ ਨਹੀਂ ਹੋ ਸਕਦੇ। ਤੁਸੀਂ ਉਸ ਆਪ ਸੁਤੰਤ੍ਰ ਦੇ ਸਿਰ ਏਹ ਅੱਖਰ ਹਾਵੀ ਕਰਦੇ ਹੋ, ਤੁਹਾਡੀ ਭੁੱਲ (ਮਾਫ ਕਰਨਾ) ਇਹੋ ਹੈ ਕਿ ਆਪ ਤਾਂ 'ਦੇਸ਼ ਕਾਲ ਨਮਿੱਤ' ਤੋਂ ਬਿਨਾ ਸੋਚ ਕੁਛ ਨਹੀਂ ਸਕਦੇ ਤੇ ਇਸ ਕੈਦਣ ਬੁੱਧੀ ਨਾਲ ਪੈਮਾਨੇ 'ਪਰੰਬ੍ਰਹਮ' ਨੂੰ ਮੇਚਣ ਦੇ ਬਣਾਉਂਦੇ ਹੋ? ਹੱਦ ਵਿਚ ਪਏ ਬੇਹੱਦ ਦੀ ਮਿਣਤੀ ਕਰਦੇ ਹੋ। ਈਮਾਨ ਲਿਆਓ ਕਿ ਉਹ ਜੋ ਬੇਅੰਤ ਹੈ, ਜਿਸਨੂੰ ਤੁਸੀਂ ਸਾਰੇ ਬੇਅੰਤ ਮੰਨਦੇ ਹੋ, ਉਸਦੇ ਰਚਨ ਦੇ ਤ੍ਰੀਕੇ, ਉਸਦੇ ਪਿਆਰ ਕਰਨ ਦੇ ਤ੍ਰੀਕੇ, ਉਸਦੇ ਸਾਰੇ ਕੰਮ ਬੇਅੰਤਤਾਈ ਦੇ ਕੰਮ ਹਨ, ਜਿਥੇ ਸਾਡੀ ਸਮਝ ਦੀ ਰੀਮਤਾ ਨਹੀਂ[1]। ਅਨੰਤ ਜਿਸ ਦਾ ਵਜੂਦ ਹੈ, ਉਸ ਦੇ ਕਰਨੇ ਬੀ ਅਨੰਤ ਹਨ[2]। ਉਸਦੀ ਸ਼ਰਨ ਲਓ ਤਾਂ ਸੁਖ ਹੈ।

ਸੂਫ਼ੀ-ਵਾਹ ਸਿੰਘ ਜੀ! ਕੈਸਾ ਈਮਾਨ ਹੈ। ਯਕੀਨੀ ਯਕੀਨ ਆਪਦਾ ਡਿੱਠਾ ਹੈ।

ਐਨਕ ਵਾਲਾ-ਮੈਂ ਖ਼ੁਦਗਰਜ਼ ਹਾਂ, ਸਿੰਘ ਜੀ! ਮੈਨੂੰ ਗੁਰੂ ਗੋਬਿੰਦ ਸਿੰਘ ਦੇ ਆਦਰਸ਼ ਨੇ ਨਵੀਂ ਜਾਨ ਪਾ ਦਿੱਤੀ ਹੈ। ਅੱਜ ਮੈਨੂੰ ਫ਼ਿਲਾਸਫ਼ੀ ਦੀ ਬੀ ਸਮਝ ਆ ਗਈ ਹੈ। ਸਾਡੀ ਬੁੱਧੀ ਸਾਂਖ[3] ਅਰ ਕੈਂਟ ਦੁਹਾਂ ਆਦਿ ਅੰਤ ਫ਼ਿਲਾਸਫ਼ਰਾਂ ਦੇ ਕਹੇ ਮੂਜਬ ਦੇਸ਼ ਕਾਲ ਨਮਿੱਤ ਵਾਲੀ ਹੈ[4] ਤੇ ਓਹ ਦੇਸ਼ ਕਾਲ ਨਮਿੱਤ ਤੋਂ ਬਾਹਰ ਹੈ, ਪਹੁੰਚ ਹੀ ਕਿੱਥੇ? ਹਾਂ, ਵਿਸਮਾਦ ਵੇਲੇ ਅਸੀਂ ਸ਼ਰਨ ਦਾ ਸੁਖ ਮਾਣਦੇ ਹਾਂ। ਸੋ ਇਹ ਵਿਸਮਾਦ ਦਾ ਰੰਗ ਵੇਖਕੇ ਫੇਰ ਈਮਾਨ ਲਿਆਈਏ, ਅਰ ਇਹ ਈਮਾਨ ਲਿਆਈਏ ਕਿ ਉਸ ਦਾ ਕੰਮ ਯਾ ਅਕੰਮ, ਉਸਦੇ ਰੰਗ ਯਾ ਅਰੰਗ, ਉਸ ਦਾ ਰਚਨਾ ਕਿ ਮੇਟਨਾ, ਉਸ ਦਾ ਪਾਲਨਾ ਕਿ ਪ੍ਰੇਮ, ਸਾਡੇ ਵਰਗੇ ਨਹੀਂ ਜੋ ਉਨ੍ਹਾਂ ਨੂੰ ਵਿਕਾਰ ਆਦਿ ਕਹਿ ਸਕੀਏ। ਓਥੇ ਤਾਂ ਸਾਡੀ ਰੀਮਤਾ ਹੀ ਨਹੀਂ, ਉਹ ਅਰੀਮ ਹੈ। ਇਹੋ ਹੈ ਨਾ ਆਪ ਦਾ ਭਾਵ?

ਸਿੰਘ-ਜੀ ਹਾਂ, ਦੇਖੋ ਗੁਰੂ ਜੀ ਦਾ ਫੁਰਮਾਣ ਹੈ-

ਸਚਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲਿ॥ ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥ ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮ ਤਿਵੈ ਤਿਵ ਕਾਰ॥ ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥੩੭॥ {ਜਪੁਜੀ ਸਾਹਿਬ}

*Attitude of mind.

---

੧. ਅਪਨੇ ਕਰਤਬ ਜਾਨੈ ਆਪਿ॥ (ਸੁਖ:)

੨. ਸਚੇ ਤੇਰੇ ਕਰਣੇ ਸਰਬ ਬੀਚਾਰ॥ (ਆ: ਮ: ੧)

੩. 'ਬੁਧੀ' ਪ੍ਰਧਾਨ ਦੀ ਸ਼ੈ ਹੈ, ਪੁਰਖ ਦੀ ਸ਼ੈ ਨਹੀਂ।

੪. ਸਾਡੇ ਮਨ ਦੀ apriory (ਮੂਲ ਉਪਾਧੀ) ਦੇਸ਼ ਕਾਲ ਨਮਿੱਤ ਹੈ, ਅਰਥਾਤ ਮਨ ਦ੍ਰਿਸ਼ਟਮਾਨ ਦੇ ਹਿੱਸੇ ਦੀ ਚੀਜ਼ ਹੈ।

'ਉਸਦਾ' ਤੇ ਉਸ ਦੇ 'ਕਰਨਿਆਂ' ਦਾ ਕਥਨ ਅਕੱਥ ਹੈ। ਜਿਸ ਨੂੰ ਅਸੀਂ ਸਮਝ ਨਹੀਂ ਸਕਦੇ, ਜੋ ਬੇਅੰਤ ਤੇ ਅਮਿੱਤ ਹੈ, ਉਸਦੇ ਕਰਨਿਆਂ ਨੂੰ ਅਪਣੇ ਕਰਨਿਆਂ ਨਾਲ ਕਿਉਂ ਟੀਕਾ ਕਰਦੇ ਹਾਂ? ਤੇ ਜੇ ਉਸਦੇ ਕਰਨਿਆਂ ਦੀ ਮਿੱਤ ਅਸੀਂ ਲਾਉਂਦੇ ਹਾਂ ਤਾਂ ਅਸੀਂ ਭੁੱਲ ਕਰਦੇ ਹਾਂ।

'ਹਰਿ ਬਿਅੰਤੁ ਹਉ ਮਤਿ ਕਰਿ ਵਰਨਉ
ਕਿਆ ਜਾਨਾ ਹੋਇ ਕੈਸੋ ਰੇ॥'{ਸੋਰ:ਮ:੫-੧੩}

ਇਸ ਲਈ ਮਿੱਤਾਂ ਦੇ ਵਰਣਨ ਨਾ ਕਰੋ, ਇਹ ਸੱਭ ਭੁੱਲ ਹੋਏਗੀ। ਆਪਣੇ ਆਪ ਨੂੰ 'ਸੋਚ ਦੇ ਮੰਡਲ' ਤੋਂ ਉੱਚਾ ਕਰਕੇ 'ਰਸ ਤੇ ਵਿਸਮਾਦ' ਦੇ ਮੰਡਲ ਵਿਚ ਉੱਠੋ, ਜਿਥੇ ਤੁਹਾਡਾ ਮਨ ਮਰੇ, ਨਾਲ ਧਾਤ (ਮਾਇਆ) ਮਰੇ, ਤੇ ਆਤਮਾ ਤੁਸਾਡਾ ਉਸ ਅਨੰਤ ਨਾਲ ਛੁਹ ਪਾਵੇ ਤੇ ਇਉਂ ਕਰਦਿਆਂ ਮਮਾਂ ਆ ਜਾਵੇ ਕਿ ਉਹ ਅਨੰਤ ਤੁਹਾਨੂੰ ਆਪਣੇ ਅਨੰਤ ਵਿਚ ਖਿੱਚ ਲਵੇ। ਦੇਸ਼ ਕਾਲ ਨਮਿੱਤ ਨਾਲ ਜੋ ਵਰਣਨ ਹੁੰਦਾ ਹੈ, ਉਹ ਬੀ ਪੂਰਾ ਨਹੀਂ ਹੁੰਦਾ। ਕਾਲ ਕੋਈ ਵਸਤੂ ਨਹੀਂ ਫੇਰ ਕਾਲ ਹੈ, ਐਉਂ ਹੈ ਤੇ ਨਹੀਂ ਦੇ ਅਜਬ ਨਕਸ਼ੇ ਹਨ। ਦੇਸ਼ (ਵਿੱਥ)* ਹੈ, ਪਰ ਅਨੇਕ ਰੰਗ ਹਨ ਇਸਦੇ, ਖੰਡ ਮੰਡਲ ਬ੍ਰਹਮੰਡ ਲੋਕ ਤੇ ਅਕਾਸ਼ ਅਨੇਕ ਦਰਜਿਆਂ ਦੇ ਇਕ ਦੂਸਰੇ ਦੇ ਅੰਤਰਗਤ, ਪਰ ਸਾਡੇ ਇਸ ਗਿਆਨ ਤੋਂ ਪਰੇ, ਪਰ ਸਾਡੇ ਕੋਲਵਾਰ ਹੀ ਹਨ। ਬੇਅੰਤ ਹੈ ਆਪ; ਬੇਅੰਤ ਹੈ ਰਚਨਾ ਤੇ ਕੁਦਰਤ। ਸੋ ਬੇਅੰਤ ਦੀ 'ਸਿਫਤ ਸਲਾਹ' ਵਿਚ ਵੱਸੋ। ਅਗੰਮ ਵਿਸਮਾਦ ਹੈ, ਵਿਸਮਾਦ ਦਾ ਸਾਧਨ ਸਿਫਤ ਸਲਾਹ ਹੈ, ਸਿਫਤ ਸਲਾਹ ਦਾ ਸਾਧਨ ਕੀਰਤਨ ਤੇ ਉਸਦਾ ਸਿਮਰਨ ਹੈ।

ਐਨਕ ਵਾਲਾ-ਮੇਰੀ ਤਸੱਲੀ ਆਪ ਨੇ ਖੂਬ ਕੀਤੀ ਹੈ!

ਬਾਬੂ-ਸਿੰਘ ਜੀ! ਪਰ ਮੈਂ ਅਜੇ ਕੁਛ ਮੋਟੀਆਂ ਮੋਟੀਆਂ ਗੱਲਾਂ ਕਰਨੀਆਂ ਹਨ।

ਆਪ ਕ੍ਰਿਪਾ ਕਰਕੇ ਇਹ ਦੱਸੋ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਇਹ ਸੀ ਕਿ ਮੁਸਲਮਾਨ ਮਾਰ ਦਿੱਤੇ ਜਾਣ?

ਸਿੰਘ ਜੀ-ਨਹੀਂ, ਵੈਰ ਤਾਂ ਉਨ੍ਹਾਂ ਦਾ ਕੰਮ ਹੀ ਨਹੀਂ ਸੀ, ਓਹ ਤਾਂ ਪ੍ਰੇਮ ਸੂਰਤ ਸਨ। ਉਨ੍ਹਾਂ ਨੇ 'ਧਰਮ ਦੀ ਸੁਤੰਤ੍ਰਤਾ' ਲਈ ਉਸ ਨਾਲ ਜੰਗ ਰਚਾਇਆ ਜੋ ਇਸਦਾ ਵੈਰੀ ਸੀ ਤੇ ਪਰਜਾ ਪਰ ਧੱਕਾ ਕਰਦਾ ਸੀ, ਇਹ ਇਤਫਾਕ ਦੀ ਗੱਲ ਹੈ ਕਿ ਉਹ ਮੁਸਲਮਾਨ ਸੀ। ਮਹਾਨ ਪੁਰਖ ਹਮੇਸ਼ਾਂ ਬਦੀ ਨਾਲ ਲੜਿਆ ਕਰਦੇ ਹਨ, ਬਦਾਂ ਨਾਲ ਉਨ੍ਹਾਂ ਦੇ ਅੰਦਰ ਕੀਨਾਂ ਨਹੀਂ ਹੁੰਦਾ, ਸੋ ਜਿਥੇ ਬਦੀ ਹੁੰਦੀ ਹੈ, ਉੱਥੇ ਉਨ੍ਹਾਂ ਦੇ ਤੀਰ ਵਜਦੇ ਹਨ। ਮੈਂ ਇਕ ਦੋ ਵਾਰਤਾ ਸੁਣਾਉਂਦਾ ਹਾਂ, ਜਿਸ ਤੋਂ ਸਾਫ਼ ਹੋ ਜਾਏਗਾ ਕਿ ਉਨ੍ਹਾਂ ਦੇ ਜੁੱਧ 'ਧਰਮ' ਲਈ ਸਨ, ਜਹਾਦ ਵਾਂਙ ਕਿਸੇ ਕੌਮ ਦੇ ਬਰਖਿਲਾਫ ਬਹਹੈਸੀ-ਅਤ ਕੌਮੀ ਜੁੱਧ ਨਹੀਂ ਸਨ। ਇਕ ਵੇਰ ਯੁੱਧ ਮਚੇ ਵਿਚ ਗੁਰੂ ਜੀ ਪਾਸ ਸ਼ਿਕਾਇਤ ਆਈ ਕਿ ਭਾਈ ਕਨ੍ਹੱਯਾ ਮੈਦਾਨ ਜੰਗ ਵਿਚ ਮੁਸਲਮਾਨਾਂ ਨੂੰ ਬੀ ਪਾਣੀ ਪਿਲਾਉਂਦਾ ਫਿਰਦਾ ਹੈ, ਉਸ ਨੂੰ ਤਾੜਨਾ ਚਾਹੀਏ। ਗੁਰੂ ਜੀ ਹੱਸ ਪਏ, ਬੁਲਾਇਆ ਤੇ ਪੁੱਛਿਆ। ਭਾਈ ਕੱਨ੍ਹਯੇ ਨੇ ਜਵਾਬ ਦਿੱਤਾ ਕਿ ਹਜ਼ੂਰ! ਆਪ ਦੀ ਆਗਜ਼ਾ ਹੈ ਕਿ **'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥'** ਅਰਥਾਤ ਮੈਂ ਜ਼ਖਮੀਆਂ ਦੀ, ਦੁਖੀਆਂ ਦੀ ਮੈਦਾਨ ਜੰਗ ਵਿਚ ਸੇਵਾ ਕਰਾਂ। ਸੋ ਜੋ ਦੁਖੀ ਮੇਰੀ ਸੇਵਾ ਦਾ ਲੋੜਵੰਦ ਹੁੰਦਾ ਹੈ, ਮੈਂ ਸੇਵਾ ਕਰਦਾ ਹਾਂ। ਮੈਂ, ਸੱਚੇ ਪਾਤਸ਼ਾਹ! ਕੇਵਲ ਆਪ ਨੂੰ ਪਾਣੀ ਪਿਲਾ ਰਿਹਾ ਹਾਂ, ਆਪਦੇ ਬਖਸ਼ੇ ਨੈਣਾਂ ਨਾਲ ਨਾ ਹਿੰਦੂ ਦਿੱਸਦਾ ਹੈ ਨਾ ਮੁਸਲਮਾਨ, ਤੁਸੀਂ ਸਾਰੇ ਖੇਲਦੇ ਦਿੱਸਦੇ ਹੋ।

ਸੂਫ਼ੀ-ਸੁਬਹਾਨ ਅੱਲਾ, ਕਮਾਲ ਹੈ!

ਸਿੰਘ ਜੀ-ਗੁਰੂ ਜੀ ਨੇ ਕਨ੍ਹੱਯੇ ਨੂੰ ਗਲ ਲਾਇਆ, ਭਾਈ ਦਾ ਖਿਤਾਬ ਦਿਤਾ ਤੇ ਆਖਿਆ ਸ਼ਾਬਾਸ਼! ਇਸੀ ਤਰ੍ਹਾਂ ਕਰੋ। ਇਹ ਭਾਈ ਕਨ੍ਹੱਯਾ ਜੰਗ ਵਿਚ ਜ਼ਖਮੀਆਂ ਦੀ ਸੇਵਾ ਕਰਨ ਦੇ ਕੰਮ ਪੁਰ ਜੱਥੇਦਾਰ ਸੀ*। ਸੋ ਇਸ ਦੀ ਸੰਪ੍ਰਦਾ ਟੁਰੀ, ਜ਼ਮੀਆਂ ਦੀ ਇਹ ਸੇਵਾ ਕਰਦੇ ਰਹੇ, ਤਦ ਤੋਂ ਉਨ੍ਹਾਂ ਵਿਚ ਸੇਵਾ ਕਰਨੀ, ਜ਼ਖਮ ਬੰਨ੍ਹਣੇ, ਮਲ੍ਹਮਾਂ ਤਿਆਰ ਕਰਨੀਆਂ, ਤਪਾਂ ਲਈ ਗੋਲੀਆਂ ਰੱਖਣੀਆਂ

* Space.

*ਜਿਵੇਂ ਅੱਜ ਕੱਲ ਰੈਡਕ੍ਰਾਸ (Red Cross) ਸੁਸਾਇਟੀ ਹੈ।

ਤੇ ਸਤ ਗਲੋਆਂ* ਕੱਢਣੀਆਂ, ਸੇਵਾ ਦੇ ਕੰਮ ਜਾਰੀ ਹੋਏ ਤੇ ਟੁਰ ਪਏ। ਇਹ ਸਭ ਸੇਵਾ ਪ੍ਰੇਮ ਸੇਵਾ ਸੀ, ਇਹ ਸਿੱਖ ਸਾਧੂ ਆਪਣਾ ਪੇਟ ਭਰਨ ਲਈ ਮੁੰਜ ਕੁੱਟ ਕੇ ਨਿਰਬਾਹ ਕਰ ਲੈਂਦੇ ਸਨ। ਅੱਜ ਤੱਕ ਇਹ ਸੰਪ੍ਰਦਾ ਟੁਰਦੀ ਹੈ, ਜਿਸ ਨੂੰ "ਸੇਵਾ ਪੰਥੀ" ਕਹਿੰਦੇ ਹਨ। ਇਨ੍ਹਾਂ ਵਿਚ ਐਸੇ ਐਸੇ ਸੇਵਕ ਹੋਏ ਹਨ ਕਿ ਆਪ ਨੂੰ ਦੁਨੀਆਂ ਦੇ ਸਾਰੇ ਵੱਡੇ ਵੱਡੇ ਸੇਵਕ ਭੁੱਲ ਜਾਣ।

ਫਿਰ ਮੈਂ ਆਪ ਨੂੰ ਦੱਸ ਆਇਆ ਹਾਂ ਕਿ ਬੁੱਧੂ ਸ਼ਾਹ ਸਦੀਵ ਗੁਰੂ ਜੀ ਦੀ ਸੇਵਾ ਕਰਦਾ ਰਿਹਾ, ਇਹ ਮੁਸਲਮਾਨ ਵਡਕਾ ਸੀ। ਇਕ ਹੋਰ ਘਟਨਾ ਹੈ, ਜਿਸ ਤੋਂ ਪਹਿਲੋਂ ਮੈਂ ਇਕ ਪ੍ਰਸ਼ਨ ਕਰਦਾ ਹਾਂ ਕਿ ਤੁਸੀਂ ਮੰਨਦੇ ਹੋ ਕਿ ਕੋਈ ਆਦਮੀ ਦੂਸਰੇ ਦੇ ਦਿਲਾਂ ਦੇ ਖਿਆਲ ਵਾਚ ਸਕਦਾ ਹੈ?

ਬਾਬੂ-ਨਹੀਂ।

ਐਨਕ ਵਾਲਾ-ਕਿਉਂ ਨਹੀਂ, ਕਿਆ ਆਪ ਨੇ ਥਾਟਰੀਡਿੰਗ (Thought reading) (ਦੂਜੇ ਦੇ ਖਿਆਲ ਵਾਚ ਲੈਣੇ) ਤੇ ਟੈਲੀ ਪੇਥੀ (ਦਿਲਾਂ ਤੋਂ ਦਿਲਾਂ ਨਾਲ ਗੱਲਾਂ ਦੀ) ਸਾਹਿਨਸ (ਵਿਦਜਾ) ਪੜ੍ਹੀ ਨਹੀਂ? ਅੱਜ ਕੱਲ ਯੂਰਪ ਅਮ੍ਰੀਕਾ ਵਿਚ ਇਹ ਗੱਲ ਸਿੱਧ ਹੋ ਗਈ ਹੈ ਤੇ ਸਭ ਪੰਡਤ ਮੰਨਦੇ ਹਨ।

ਸਿੰਘ ਜੀ-ਧਿਆਨ ਕਰੀਓ ਜੀ! ਜੋ ਗੱਲ ਸਾਡੇ ਦੇਸ਼ ਵਿਚ ਅਨੋਖੀ ਹੋਵੇ, ਉਹ ਸਾਡੇ ਸੱਜਣ ਇਸ ਤਰ੍ਹਾਂ ਨਾਲ ਤੱਕਦੇ ਹਨ ਜ਼ਿਵੇਂ ਝੂਠ ਹੈ, ਪਰ ਜਦੋਂ ਵਲੈਤਾਂ ਵਾਲੇ ਓਹੋ ਗੱਲ ਮੰਨ ਲੈਣ ਤਾਂ ਸਾਡੇ ਦੇਸ਼ ਦੇ ਬੀ ਆਖਦੇ ਹਨ ਹੁਣ ਠੀਕ ਹੈ। ਹੁਣ ਤਾਂ ਤੁਸੀਂ ਮੰਨਦੇ ਹੋ ਕਿ ਖਿਆਲ ਵਾਚੇ ਜਾ ਸਕਦੇ ਹਨ? (ਸਾਰੇ ਹੱਸ ਪਏ)।

ਸਿੰਘ ਜੀ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਗੰਮ ਵਾਚ ਲਿਆ ਕਰਦੇ ਸਨ। ਇਕ ਦਿਨ ਮੈਦਾਨ ਜੰਗ ਵਿਚ ਇਕ ਮੁਸਲਮਾਨ ਜਰਨੈਲ ਆਪਣੀ ਫੌਜ ਵਿਚ ਖੜਾ ਸੋਚ ਰਿਹਾ ਸੀ ਕਿ ਗੁਰੂ ਜੀ ਹਨ ਤਾ ਫਕੀਰ, ਫੇਰ ਲੜ ਕਿਉਂ ਰਹੇ ਹਨ? ਇਹ ਖਿਆਲ ਵਾਚ ਕੇ ਗੁਰੂ ਜੀ ਘੋੜੇ ਨੂੰ ਅੱਡੀ ਲਾ ਉਸਦੇ ਕੋਲ ਜਾ ਪੁੱਜੇ ਤੇ ਆਖਣ ਲੱਗੇ 'ਮੀਟ ਅੱਖਾਂ ਤੇ ਦੇਖ'। ਉਸ ਨੇ ਕੀ ਡਿੱਠਾ ਕਿ ਦੁਵੱਲੀ ਕਈ ਲੋਕ ਮੋਏ ਪਏ ਹਨ। ਜਦ ਅੱਖ ਖੁੱਲ੍ਹੀ ਤਾਂ ਗੁਰੂ ਜੀ ਨੇ ਕਿਹਾ, "ਮੈਂ ਮਾਰਨ ਵਿਚ ਨਹੀਂ।

'ਜੀਆ ਮਾਰਿ ਜੀਵਾਲੇ ਸੋਈ
ਅਵਰ ਨ ਕੋਈ ਰਖੈ॥'{ਮਾਝ:ਵਾਰ-੨੬}

ਮੈਨੂੰ ਹੁਕਮ ਹੈ ਕਿ ਦੁਖੀਆਂ ਦੀ ਰਖਜ਼ਾ ਕਰਾਂ। ਬੱਸ ਕਿਸੇ ਨਾਲ ਮੇਰਾ ਵੈਰ ਨਹੀਂ ਹੈ। ਮੈਂ ਕਿਸੇ ਨੂੰ ਮਾਰ ਨਹੀਂ ਰਿਹਾ।"

ਇਹ ਤੱਕ ਕੇ ਉਹ ਜਰਨੈਲ ਮਥਾ ਟੇਕ ਕੇ ਕਹਿਣ ਲੱਗਾ "ਮੇਰਾ ਚਿੱਤ ਉਦਾਸ ਹੈ, ਦੱਸੋ ਮੈਂ ਕੀ ਕਰਾਂ?" ਸਤਿਗੁਰ ਨੇ ਕਿਹਾ: "ਤੇਰਾ ਅੰਦਰ ਅਜੇ ਸਾਧਨਾ ਚਾਹੁੰਦਾ ਹੈ, ਜਾਹ ਨਾਮ ਜਪ, ਕਹੁ ਵਾਹਿਗੁਰੂ।" ਉਹ ਜਰਨੈਲ ਉਸੇ ਵੇਲੇ ਭਜਨ ਕਰਨ ਲਈ ਮੈਦਾਨ ਛੱਡਕੇ ਟੁਰ ਗਿਆ*। ਇਸ ਤੋਂ ਬੀ ਗੁਰੂ ਜੀ ਦੀ ਨਿਰਪੱਖਤਾ ਸਾਫ ਸਿੱਧ ਹੈ।

ਇਹ ਦਸਦਿਆਂ ਕਿ ਇਕ ਲੋੜ ਦੇ ਸਮੇਂ ਗ਼ਨੀ ਖ਼ਾਂ, ਨਬੀ ਖ਼ਾਂ ਨਾਮੇ ਦੋ ਪਠਾਣਾਂ ਨੇ ਗੁਰੂ ਜੀ ਦੀ ਆਗਜ਼ਾ ਵਿਚ ਸੇਵਾ ਕੀਤੀ ਸੀ। ਫੇਰ ਦੇਖੋ ਗੁਰੂ ਜੀ ਪਾਸ ਕਈ ਮੁਸਲਮਾਨ ਵਿਦਵਾਨ ਸ਼ਰਨ ਰਹਿੰਦੇ ਸਨ। ਅਨੇਕਾਂ ਮੁਸਲਮਾਨ ਸਿੱਖ ਸਨ। ਜੰਗ ਉਨ੍ਹਾਂ ਦੇ ਅੰਨਜਾਯ ਕਰਨ ਵਾਲੇ ਮੁਸਲਮਾਨਾਂ ਨਾਲ ਸਨ, ਸੰਗਤਾਂ ਨੂੰ ਲੁਟਣ ਵਾਲੇ ਤੇ ਫਕੀਰਾਂ ਨੂੰ ਸਤਾਉਣ ਵਾਲੇ ਹਿੰਦੂਆਂ ਨਾਲ ਬੀ ਸਨ।

ਬਾਬੂ-ਬਹੁਤ ਖੂਬ! ਮੇਰਾ ਇਹ ਸੰਸਾ ਨਵਿਰਤ ਹੋ ਗਿਆ ਕਿ ਗੁਰੂ ਸਾਹਿਬ ਸਮਦਰਸ਼ੀ ਸਨ? ਕ੍ਰਿਪਾ ਕਰਕੇ ਇਹ ਦੱਸੋ ਕਿ ਗੁਰੂ ਜੀ ਨੇ ਤ੍ਰੈ ਵਿਵਾਹ ਕਿਉਂ ਕਰਾਏ ਸਨ?

ਸਿੰਘ ਜੀ-ਲੰਮੀਆਂ ਵਿੱਥਿਆ ਛੇੜੀਆਂ ਨੇ, ਪਰ ਖੈਰ! ਮੈਂ ਸੰਖੇਪ ਕਰ ਦੱਸਦਾ ਹਾਂ:-ਪਹਿਲੀ ਗਲ ਤਾਂ ਇਹ ਹੈ ਕਿ ਜਿਸ ਨੂੰ ਤੁਸੀਂ ਇਤਿਹਾਸ ਕਹਿੰਦੇ ਹੋ ਉਹ ਤਾਂ ਗੁਰੂ ਸਾਹਿਬਾਂ ਦਾ ਪੂਰਾ ਪੂਰਾ ਉਸ ਸਮੇਂ ਕਿਸੇ ਪੂਰਬੀ ਪੱਛਮੀ ਨੇ ਲਿਖਿਆ

*ਹੁਣ ਤਕ ਅੱਡਣਸ਼ਾਹੀਆਂ ਯਾ ਸੇਵਾਪੰਥੀਆਂ ਦੀਆਂ ਧਰਮਸਾਲਾਂ ਵਿਚ ਮੱਲ੍ਹਮ ਤੇ ਸਤਗਿਲੋ ਹੁਣ ਬੀ ਬਣਦਾ ਹੈ।

*ਸੈਦ ਖਾਨ ਇਸਦਾ ਨਾਮ ਸੀ, ਇਸਦੇ ਪੂਰੇ ਹਾਲ ਲਈ ਦੇਖੋ 'ਸੈਦਾ ਬੇਗ ਸ਼ਰਨਾਗਤ' ਇਸੇ ਪੋਥੀ ਦਾ ਸਫਾ ੬੮ ਤੇ 'ਨਸੀਰਾਂ' ਸਫਾ ੩੩੬ ਤੇ।

ਨਹੀਂ। ਕੋਈ ਟੁੱਟੇ ਫੁੱਟੇ ਫਿਕਰੇ ਕਿਸੇ ਕਿਸੇ ਮੁਸਲ-ਮਾਨ ਮੁਅੱਰਖ਼ ਨੇ ਲਿਖੇ ਹਨ, ਜਿਨ੍ਹਾਂ ਵਿਚ ਵੈਰ ਦੀ ਅੰਸ਼ ਮੌਜੂਦ ਹੈ, ਉਨ੍ਹਾਂ ਵਿਚੋਂ ਕਿਸੇ ਨੇ ਤ੍ਰੈ ਵਿਆਹ ਨਹੀਂ ਲਿਖੇ, ਤੇ ਜਿੱਥੇ 'ਤ੍ਰੈ ਵਿਆਹ' ਲਿਖੇ ਹਨ, ਓਸ ਨੂੰ ਤੁਸੀਂ ਅਪਣੇ ਖਿਆਲੇ ਇਤਿਹਾਸ ਦਾ ਦਰਜਾ ਨਹੀਂ ਦੇਂਦੇ, ਫੇਰ ਤੁਸੀਂ 'ਤ੍ਰੈ ਵਿਆਹਾਂ ਦੀ ਗੱਲ' ਅਮਰ ਵਾਕਿਆ ਯਾ ਇਤਿਹਾਸਕ ਸੱਚ ਦੀ ਸ਼ਕਲ ਵਿਚ ਕਿਸ ਤਰ੍ਹਾਂ ਪੇਸ਼ ਕਰਦੇ ਹੋ?

ਬਾਬੂ-ਇਹ ਇਤਰਾਜ਼ ਬਿਲਕੁਲ ਠੀਕ ਹੈ, ਪਰ ਮੇਰੀ ਅਰਜ਼ ਇਹ ਹੈ ਕਿ ਮੇਰੇ ਅੰਦਰ ਸੰਸਾ ਹੈ, ਇਹ ਦੂਰ ਕਰ ਦਿਓ।

ਸਿੰਘ ਜੀ-ਗੁਰੂ ਜੀ ਦੇ ਵਿਆਹਾਂ ਬਾਬਤ ਜੋ ਰਵਾਇਤਾਂ ਦੇ ਹਾਲ ਹਨ, ਮੈਂ ਸੁਣਾ ਦੇਂਦਾ ਹਾਂ, ਨਤੀਜਾ ਆਪ ਕੱਢ ਲੈਣਾ।

ਗੁਰੂ ਜੀ ਦਾ ਪਹਿਲਾ ਵਿਆਹ ਜੀਤੋ ਜੀ ਨਾਲ ਹੋਇਆ, ਪਰ ਇਕ ਰਵਾਇਤ ਹੈ ਕਿ 'ਜੀਤੋ' ਪੇਕਾ ਨਾਮ ਸੀ ਤੇ ਸਹੁਰਾ ਨਾਮ 'ਸੁੰਦਰੀ' ਸੀ। ਜੇ ਇਹ ਰਵਾਯਤ ਸੱਚੀ ਹੋਵੇ ਤਾਂ ਦੂਸਰਾ ਵਿਆਹ ਗ਼ਲਤ ਹੋਇਆ। ਮੈਕਾਲਫ ਬੀ ਲਿਖਦਾ ਹੈ ਕਿ ਉਸ ਨੂੰ ਇਹ ਖਬਰ ਮਿਲੀ ਹੈ ਕਿ ਸੁੰਦਰੀ ਜੀ ਗੁਰੂ ਜੀ ਦੀ ਦੂਸਰੀ ਵਹੁਟੀ ਨਹੀਂ ਸੀ ਸਗੋਂ ਜੀਤੋ ਜੀ ਦੀ ਹੀ ਸਾਹਵਰੀ ਅੱਲ 'ਸੁੰਦਰੀ' ਸੀ। ਇਕ ਹੋਰ ਰਵਾ-ਇਤ ਇਹ ਹੈ ਕਿ ਜੀਤੋ ਜੀ ਅਨੰਦ ਪੁਰ ਵਿਚ ਚੜ੍ਹ ਗਏ ਸਨ, ਤਦੋਂ ਦੂਸਰੀ ਸ਼ਾਦੀ ਸੁੰਦਰੀ ਜੀ ਨਾਲ ਹੋਈ। ਇਸ ਮਾਈ ਨੇ ਜੀਤੋ ਜੀ ਦੇ ਚਾਰੇ ਬੇਟੇ ਪਾਲੇ, ਜਿਨ੍ਹਾਂ ਵਿਚੋਂ ਅਜੀਤ ਸਿੰਘ ਨਾਲ ਇਨ੍ਹਾਂ ਦਾ ਅਤਿ ਮੋਹ ਹੋਇਆ। ਜੇ ਇਹ ਰਵਾਇਤ ਠੀਕ ਹੈ ਤਾਂ ਆਪ ਦੇ ਖਿਆਲ ਮੂਜਬ ਇਤਰਾਜ਼ ਨਾ ਰਿਹਾ। ਹਰ ਹਾਲ ਇਹ ਤਾਂ ਸਪਸ਼ਟ ਹੈ ਕਿ ਇਹ ਮਾਮਲਾ ਅਜੇ ਖੋਜ ਤਲਬ ਹੈ। ਇਸ ਹਾਲਤ ਵਿਚ ਰਾਇ ਜ਼ਨੀ ਦੀ ਲੋੜ ਨਹੀਂ। ਹੁਣ ਆਓ ਤੀਸਰੇ ਵਿਆਹ ਵੱਲ, ਜਦੋਂ ਗੁਰੂ ਜੀ ਦਿਨ ਰਾਤ ਪਰਚਾਰ ਤੇ ਜੰਗ ਦੇ ਸਾਮਾਨਾਂ ਵਿਚ ਰੁੱਝ ਗਏ ਤਦ ਆਖਦੇ ਹਨ ਕਿ ਜਿੱਕੂੰ ਬ੍ਰਹਮਚਾਰੀ ਹੁੰਦੇ ਹਨ, ਹੋ ਗਏ। ਤਦੋਂ ਇਕ ਸਿੱਖ ਆਪਣੀ ਕਾਕੀ ਦਾ ਡੋਲਾ ਲੈ ਆਇਆ* ਕਿ ਅਸਾਂ ਇਸਦੇ ਬਚਪਨ ਤੋਂ ਇਸਦੀ ਸਤਿਗੁਰ ਨਾਲ ਕੁੜਮਾਈ ਕਰ ਰੱਖੀ ਹੈ, ਹੁਣ ਵਿਆਹ ਹੋ ਜਾਵੇ। ਸਤਿਗੁਰ ਨੇ ਇਨਕਾਰ ਕੀਤਾ, ਸਿੱਖ ਨੇ ਕਿਹਾ, ਮੈਂ ਪ੍ਰਣ ਕਰ ਚੁਕਾ ਹਾਂ, ਲੋਕੀਂ ਇਸਨੂੰ ਮਾਤਾ ਸੱਦਦੇ ਹਨ, ਆਪ ਦੇ ਦਰ ਹੀ ਇਸਦੀ ਢੋਈ ਹੈ, ਸਾਰੀ ਉੱਮਤ ਵਿਚੋਂ ਕਿਸੇ ਨੇ ਇਸ ਨਾਲ ਵਿਆਹ ਨਹੀਂ ਕਰਨਾ। ਗੁਰੂ ਜੀ ਕਹਿਣ ਲੱਗੇ, ਬਈ! ਜੇ ਇਸੀ ਤਰ੍ਹਾਂ ਕੁਆਰੀ ਰਹਿਣਾ ਚਾਹੇ, ਅਰ ਪਰਮੇਸ਼ੁਰ ਦਾ ਭਜਨ ਕਰਕੇ ਪਰਮ ਪਦ ਪਾਉਣਾ ਚਾਹੇ ਤਾਂ ਛੋੜ ਜਾਓ। ਸੋ ਜਿਸ ਗ੍ਰੰਥ ਦੇ ਆਧਾਰ ਤੇ ਤੁਸੀਂ ਕਹੋ, ਕਿ ਇਹ ਗੁਰੂ ਜੀ ਦਾ ਵਿਵਾਹ ਹੈ, ਉਥੇ ਹੀ ਲਿਖਿਆ ਹੈ ਕਿ ਇਹ ਬੀਬੀ ਭਜਨ ਬੰਦਗੀ ਕਰਨ ਵਾਲੀ ਯੋਗੀ ਹੋਈ; ਅਰ ਸਤਿਗੁਰਾਂ ਨਾਲ ਕੇਵਲ ਉਨ੍ਹਾਂ ਦਾ ਪਵਿੱਤ੍ਰ ਆਤਮਕ ਸੁਖ ਲੈਣ ਦਾ ਸੰਬੰਧ ਰਿਹਾ, ਸ੍ਰੀਰਕ ਭਾਵਨਾ ਕਦੇ ਨਹੀਂ ਹੋਈ। ਨਾਲੇ ਇਹ ਗੱਲ ਸੁਣ ਲਵੋ ਕਿ ਸਿਖ ਲੋਕ ਉਨ੍ਹਾਂ ਨੂੰ ਕੌਮੀ ਮਾਤਾ ਸਮਝਦੇ ਹਨ, ਕੌਮ ਖਾਲਸਾ ਗੁਰੂ ਗੋਬਿੰਦ ਸਿੰਘ ਜੀ ਦੀ ਨਾਦੀ ਔਲਾਦ ਕਹੀ ਜਾਂਦੀ ਹੈ, ਤੇ ਉਹ ਆਤਮ ਪਿਤਾ ਤੇ ਸਾਹਿਬ ਦੇਵਾਂ ਆਤਮ ਮਾਤਾ ਕਹੇ ਜਾਂਦੇ ਹਨ। ਇਸਤੋਂ ਬੀ ਸਾਬਤ ਹੋ ਗਿਆ ਕਿ ਉਹ ਸਾਰੀ ਉਮਰ ਕੰਵਾਰੇ, ਦੇਵੀ ਰੂਪ ਭਜਨ ਦੀ ਮੂਰਤ, ਉਚੇ ਫਕੀਰ ਤੇ ਸਚੇ ਰੱਬ ਨਾਲ ਜੁੜੇ ਜੋਗੀ ਰਹੇ। ਦਿੱਲੀ ਵਿਚ ਜਿਥੇ ਸਮਾਧਾਂ ਹਨ, ਸੁੰਦਰੀ ਤੇ ਸਾਹਿਬ ਦੇਵਾਂ ਦੀਆਂ ਦੋ ਹੀ ਸਮਾਧਾਂ ਹਨ।

ਬਾਬੂ-ਮੈਨੂੰ ਇਨ੍ਹਾਂ ਹਾਲਤਾਂ ਦਾ ਪਤਾ ਨਹੀਂ ਸੀ, ਹੁਣ ਤਾਂ ਮੇਰੀ ਜਾਚੇ ਤ੍ਰੈ ਵਿਆਹਾਂ ਦਾ ਇਤਰਾਜ਼ ਕਰਨਾ ਅਪਣੇ ਆਪ ਨੂੰ ਮੂਰਖ ਬਨਾਉਣਾ ਹੈ।

ਸਿੰਘ-ਇਹ ਤਾਂ ਮੈਂ ਆਪ ਨੂੰ ਦੱਸਿਆ ਹੈ ਸੱਚ, ਜੋ ਮੈਨੂੰ ਪਤਾ ਹੈ, ਪਰ ਇਹ ਇਖ਼ਲਾਕੀ ਗੱਲਾਂ ਜਿਨ੍ਹਾਂ ਨਾਲ ਨੀਵੇਂ ਲੋਕ ਵਡਿਆਂ ਦੀ ਪੜਚੋਲ ਕਰਦੇ ਹਨ, ਪੈਮਾਨੇ ਹਨ ਮਿਣਤੀ ਦੇ,

---

*ਭਾਈ ਮਨੀ ਸਿੰਘ ਦੇ ਗੁਰਬਿਲਾਸ ਮੂਜਬ ਇਹ ਵਾਕਿਆ ਆਪ ਜੀ ਨੂੰ ਦੱਖਣ ਜਾਂਦਿਆਂ ਆਰਾਰੇ ਤੋਂ ਵਿਦਾ ਹੋ ਜਾਣ ਦੇ ਮਗਰੋਂ ਦਾ ਹੈ। ਇਹੋ ਥਹੁ ਗੁਰੂ ਸ਼ੋਭਾ ਤੋਂ ਪੈਂਦਾ ਹੈ। ਪਰ ਸੂ: ਪ੍ਰ: ਆਦਿਕਾਂ ਨੇ ਪਹਿਲੋਂ ਦਾ ਲਿਖਿਆ ਹੈ।

ਜਿਵੇਂ ਕੋਈ ਪਰਬਤਾਂ ਨੂੰ ਟੋਪਿਆਂ ਨਾਲ ਮਿਣੇ। ਆਤਮ ਜੀਵਨ ਬਹੁਤ ਉਚੀ ਸ਼ੈ ਹੈ। ਜੀਵਨ ਹੋਰ ਸ਼ੈ ਹੈ, ਹਿਸਾਬ ਕਿਤਾਬ ਤੇ ਮੁਰਦਾ ਹਿਸਾਬ ਕਿਤਾਬ ਹੋਰ ਗੱਲਾਂ ਹਨ। ਤੁਸੀਂ ਮੈਨੂੰ ਜਨਮ ਦੇ ਹਿੰਦੂ, ਮਜ਼ਹਬ ਦੇ ਬ੍ਰਹਮੂ ਤੇ ਝੁਕਾਉ ਦੇ ਈਸਾ ਵਲ ਝੁਕੇ ਜਾਪਦੇ ਹੋ, ਠੀਕ ਹੈ?

ਬਾਬੂ-ਜੀ ਹਾਂ।

ਸਿੰਘ-ਮੈਂ ਨਿੰਦਕ ਨਹੀਂ, ਮੈਂ ਆਪਨੂੰ ਸਲਾਹ ਦਿਆਂਗਾ ਕਿ ਮਹਾਂਪੁਰਖਾਂ ਤੇ ਸਾਡੇ ਵਿਚਕਾਰ ਸਦੀਆਂ ਦੇ ਫਾਸਲੇ ਹਨ, ਉਨ੍ਹਾਂ ਦੇ ਹਾਲਾਤ ਸੁਣਕੇ ਇਕ ਦਮ ਫੈਸਲੇ ਤੇ ਇਤਰਾਜ਼ ਕਰਨੇ ਠੀਕ ਨਹੀਂ।

ਅੱਜ ਕੋਈ ਮਾਜਰਾ ਹੋ ਜਾਂਦਾ ਹੈ, ਕੱਲ ਮੁਕ-ਦਮਾ ਸ਼ੁਰੂ ਹੋ ਜਾਂਦਾ ਹੈ ਤੇ ਅਦਾਲਤ ਨੂੰ ਸੱਚ ਝੂਠ ਨਿਰਨੇ ਕਰਨ ਵਾਸਤੇ ਹਜ਼ਾਰਾਂ ਮਿਹਨਤਾਂ ਕਰਨੀਆਂ ਪੈਂਦੀਆਂ ਹਨ, ਤਾਂ ਕਿਤੇ ਸੱਚ ਲਭਦਾ ਹੈ, ਕਈ ਵੇਰ ਅਦਾਲਤ ਝੂਠ ਨੂੰ ਸੱਚ ਮੰਨਕੇ ਬੇਗੁਨਾਹਾਂ ਨੂੰ ਡੰਨ ਦੇ ਬੈਠਦੀ ਹੈ। ਜਦ ਹੁਣਦੇ ਵਰਤ ਰਹੇ ਹਾਲਾਤ ਦੀ ਛਾਣ ਬੀਨ ਐਨੀ ਕਠਨ ਹੈ, ਤਦ ਸਦੀਆਂ ਗੁਜ਼ਰੇ ਸਮੇਂ ਦੇ ਹਾਲਾਤ ਵਿਚਾਰਨ ਵੇਲੇ ਸਾਨੂੰ ਕਿੰਨੀ ਇਹਤਿਆਤ ਦੀ ਲੋੜ ਹੈ? ਅਜ ਕਲ ਦੀਆਂ ਅਦਾਲਤਾਂ ਨੂੰ ਸ਼ਬ੍ਹਾ ਪੈ ਜਾਏ ਤਾਂ ਫੈਸਲਾ ਖਿਲਾਫ ਨਹੀਂ ਕਰਦੀਆਂ, ਤਦ ਪੁਰਾਣੇ ਹਾਲਾਤ ਪਰ ਜੋ ਸ਼ੁਬ੍ਹੇ ਵਾਲੇ ਹੋਣ, ਕਤਈ ਫੈਸਲੇ ਦੇਕੇ ਆਪ ਮਹਾਂ ਪੁਰਖਾਂ ਨਾਲ ਅਨਜਾਇ ਕਰ ਬੈਠੋਗੇ। ਮਸਲਨ ਲਓ ਬ੍ਰਹਮੂ ਸਮਾਜ ਦੇ ਵੱਡੇ ਰਾਜਾ ਰਾਮ ਮੋਹਨ ਰਾਇ ਆਪ ਦੇ ਚਾਰ ਵਿਆਹ ਸਨ। ਹੁਣ ਦੱਸੋ ਕਿਉਂ ਹੋਏ? ਕਿਸ ਤਰ੍ਹਾਂ ਹੋਏ? ਕਿਆ ਆਪ ਨਿਰਨਾ ਕਰ ਸਕਦੇ ਹੋ? (ਮੇਰੀ ਜੀਭ ਸੜੇ) ਮੈਂ ਨਹੀਂ ਆਖਦਾ ਕਿ ਰਾਜਾ ਸਾਹਿਬ ਕਿਤਨੇ ਵਿਸ਼ਈ ਸਨ ਕਿ ਉਨ੍ਹਾਂ ਨੇ ਕਾਮ ਅਧੀਨ ਹੋਕੇ ਵਿਆਹ ਕੀਤੇ ਸਨ। ਜੇ ਇਹ ਨਿਰਣੇ ਨਾ ਹੋ ਸਕੇ ਤਾਂ ਆਪ ਉਨ੍ਹਾਂ ਨੂੰ ਕਾਮੀ ਹੋਣ ਦਾ ਦੋਸ਼ ਕੀਕੂੰ ਦੇ ਸਕੋਗੇ? ਇਸੀ ਤਰ੍ਹਾਂ ਲਓ ਈਸਾ ਜੀ ਸੰਨਿਆਸੀ ਸਨ, ਪਰ 'ਮੇਰੀ ਮੇਗਡਲਿਨੀ' ਨਾਮੇ ਇਕ ਸੁੰਦਰ ਇਸਤ੍ਰੀ ਨੇ ਉਹਨਾਂ ਦੇ ਪੈਰ ਚੁੰਮੇ, ਅਤਰ ਨਾਲ ਧੋਤੇ, ਅਤਿ ਪਿਆਰ ਕੀਤਾ ਤੇ ਈਸਾ ਜੀ ਨੇ ਮਿਹਰ ਕੀਤੀ, ਤੇ ਇਹ ਬੀ ਕਹਿੰਦੇ ਹਨ ਕਿ 'ਮੇਰੀ' ਪਹਿਲੇ ਮਾੜੇ ਚਾਲ ਚਲਨ ਦੀ ਤ੍ਰੀਮਤ ਸੀ। ਈਸਾ ਜੀ ਸੰਨਿਆਸੀ ਸਨ, ਜੈਸੇ ਗ੍ਰਿਹਸਤੀ ਲਈ ਆਪ ਦੋ ਵਿਆਹ ਬੁਰੇ ਸਮਝਦੇ ਹੋ, ਇਸੀ ਤਰ੍ਹਾਂ ਸੰਨਿਆਸੀ ਦਾ ਕਿਸੇ ਇਸਤ੍ਰੀ ਨਾਲ ਗੱਲ ਕਰਨਾ ਬੀ ਠੀਕ ਨਹੀਂ, ਈਸਾ ਨੇ ਉਸ ਇਸਤ੍ਰੀ ਪਰ ਆਤਮ ਕਿਰਪਾ 'ਕੀਤੀ' ਕਹਿੰਦੇ ਹਨ। ਪਰ ਕੀ ਅੱਜ ਆਪ ਇਸ ਵਾਕਿਆ ਨੂੰ ਪੜ੍ਹਕੇ ਈਸਾ ਜੀ ਪਰ ਕੋਈ ਸ਼ੁਬ੍ਹਾ ਕਰਕੇ ਕਹਿ ਸਕੋਗੇ ਕਿ ਤੁਸੀਂ ਨਿਸਚੇ ਪੂਰਬਕ ਸੱਚਾ ਫੈਸਲਾ ਕਰ ਰਹੇ ਹੋ? ਘੱਟ ਤੋਂ ਘੱਟ ਮੈਂ ਇਸ ਵਾਕਿਆ ਨੂੰ ਪਵਿਤ੍ਰਤਾ ਦੀ ਨਜ਼ਰ ਨਾਲ ਦੇਖਦਾ ਹਾਂ। ਅਰ ਉਸਨੂੰ ਈਸਾ ਜੀ ਦੀ ਆਤਮ ਮਿਹਰ ਦੀ ਪਾਤ੍ਰ ਸਮਝਦਾ ਹਾਂ। ਇਸੀ ਤਰ੍ਹਾਂ ਕ੍ਰਿਸ਼ਨ ਜੀ ਪਰ ਸੋਲਾਂ ਹਜ਼ਾਰ ਗੋਪੀ ਦੇ ਪਤੀ ਹੋਣ ਦਾ ਮਾਜਰਾ ਕਿਹਾ ਜਾਂਦਾ ਹੈ, ਤੇ ਇਵੇਂ ਹੀ ਰਾਮ ਜੀ ਦੇ ਭੀਲਣੀ ਪਰ ਆਤਮ ਕ੍ਰਿਪਾ ਕਰਨ ਨੂੰ ਮਾੜੇ ਅਰਥਾਂ ਵਿਚ ਬਿਆਨ ਕਰਨ ਦੀ ਮੂੰਹ ਫਟਤਾ ਅਖਤਿਆਰ ਕੀਤੀ ਜਾ ਸਕਦੀ ਹੈ। ਇਵੇਂ ਮੁਹੰਮਦ ਸਾਹਿਬ ਪਰ ਚਾਰ ਸ਼ਾਦੀਆਂ ਕਰਨ ਦਾ ਦੋਸ਼ ਦਿਤਾ ਜਾ ਸਕਦਾ ਹੈ ਤੇ ਇਸੇ ਤਰ੍ਹਾਂ ਹੋਰ। ਮੇਰਾ ਮਤਲਬ ਇਹ ਹੈ ਕਿ ਸਦੀਆਂ ਦੀਆਂ ਵਿੱਥਾਂ ਤੇ ਹੋ ਚੁਕੇ ਮਹਾਂ ਪੁਰਖਾਂ ਦੇ ਗੁਣਗ੍ਰਾਹੀ ਹੋਣਾ ਠੀਕ ਹੈ, ਵਿਤੰਡਾ ਵਾਦ ਛੇੜਕੇ ਜੋ ਰਸਮ ਈਸਾਈਆਂ ਨੇ ਆਂਦੀ, ਬ੍ਰਹਮੂਆਂ ਨੇ ਸਿਖੀ ਤੇ ਆਰਯਾ ਸਮਾਜੀਆਂ ਨੇ ਭਾਂਬੜ ਮਚਾਈ ਅਖਤਿਆਰ ਨਹੀਂ ਕਰਨੀ ਚਾਹੀਦੀ। ਕੇਵਲ ਨਿੰਦਾ ਨਿੰਦਾ ਹੀ ਲੱਭਣ ਨਾਲ ਅਸੀਂ ਇਨਸਾਫ ਨਹੀਂ ਕਰਦੇ, ਅੰਨਜਾਯ ਕਰਦੇ ਹਾਂ, ਤੇ ਮੇਰੀ ਜਾਚੇ ਜੋ ਅੰਨਜਾਯ ਕਰਦਾ ਹੈ ਉਹ ਆਦਮੀ ਨਹੀਂ, ਆਦਮੀ ਦੀ ਜਾਨਵਰਾਂ ਪਰ ਸਰਦਾਰੀ ਨਜਾਯ ਕਰ ਸਕਣ ਵਿਚ ਹੈ। ਨਾਲੇ ਨਿੰਦਾ ਦਾ ਭਾਵ ਅੰਦਰ ਵਾੜਕੇ ਆਪਣਾ ਮਨ ਭੀ ਨਿਰਮਲ ਨਹੀਂ ਰਹਿੰਦਾ।

ਦੂਸਰੀ ਗੱਲ ਅਸਲ ਭੇਤ ਦੀ ਇਹ ਹੈ ਕਿ ਮਹਾਂ ਪੁਰਖਾਂ ਵਿਚ ਇਕ ਕਣੀ ਹੁੰਦੀ ਹੈ। ਉਹ ਸੋਚ ਦੇ ਦਾਇਰੇ ਤੋਂ ਉੱਪਰ ਰਸ ਤੇ ਵਿਸਮਾਦ ਵਿਚ ਉੱਠਦੇ ਹਨ, ਤੁਹਾਡੀ ਪੱਛਮੀ ਬੋਲੀ ਵਿਚ ਸ਼ਾਇਦ ਐਉਂ

ਕਿਹਾ ਜਾਏ ਕਿ ਉਹ ਅਸਥੈਟਿਕ ਤੇ 'ਟ੍ਰੈਂਸਡੈਂਟਲ' ਹਾਲਤਾਂ ਵਿਚ ਜਾਂਦੇ ਹਨ। ਇਸ ਕਰਕੇ ਉਨ੍ਹਾਂ ਦੀ ਤਬੀਅਤ ਅਸਲੀ ਸੱਚ-ਨਿਰਪੇਖਕ ਸੱਚ-(Absolute truth) ਵਿਚ ਲੱਗੀ ਹੁੰਦੀ ਹੈ, ਅਸੀਂ ਵੱਸਦੇ ਹਾਂ ਸਾਪੇਖਕ (Comparative truth) ਵਿਚ ਅਸੀਂ ਕੇਵਲ ਸੋਚਾਂ ਤੇ ਸਹਸ ਸਿਆਣਪਾਂ ਵਿਚ ਹਾਂ, ਜੋ ਫੈਸਲੇ ਅਸੀਂ ਕਰਦੇ ਹਾਂ ਉਹ ਸਾਪੇਖਕ ਸੱਚ (Comparative truth) ਤੱਕ ਜਾ ਸਕਦੇ ਹਨ, ਇਸ ਤੋਂ ਅੱਗੇ ਅਸੀਂ ਫੈਸਲਾ ਨਹੀਂ ਕਰ ਸਕਦੇ। ਜਦ ਤਕ ਅਸੀਂ ਸਿਫਤ ਸਲਾਹ ਨਾਲ ਅਸਚਰਜ ਤੇ ਉਸਤੋਂ ਉੱਠਕੇ 'ਵਿਸਮਾਦ' ਦੇ ਰੰਗ ਵਿਚ ਆਪ ਨਹੀਂ ਜਾਂਦੇ, ਆਤਮ ਰਸੀਆਂ ਦੀ ਅਵਸਥਾ ਨੂੰ ਅਨੁਭਵ ਨਹੀਂ ਕਰ ਸਕਦੇ, ਸੋ ਅਪਣੇ ਫੈਸਲਿਆਂ ਕਰਨ ਵਿਚ ਗ਼ਲਤੀ ਕਰਦੇ ਹਾਂ। ਤੁਸਾਡੇ ਵੱਡੇ ਸ੍ਰੀ ਕੇਸ਼ਬ ਚੰਦ੍ਰ ਸੇਨ ਪਹਿਲੇ ਅਸਾਂ ਵਾਂਙੂ ਹੀ ਇਖ਼ਲਾਕੀ ਮਿਣਤੀਆਂ ਕਰਦੇ ਸਨ। ਉਹ ਠੀਕ ਸਨ, ਪਰ ਸਾਪੇਖਕ ਸੱਚ ਤੱਕ, ਜਿਥੇ ਤਕ ਸੱਚ ਦੇ ਮੁਕਾਬਲੇ ਤੇ ਝੂਠ ਤੇ ਝੂਠ ਦੇ ਮੁਕਾਬਲੇ ਤੇ ਸੱਚ ਪ੍ਰਕਾਸ਼ਤ ਹੁੰਦੇ ਹਨ। ਇਕ ਦਿਨ ਉਹ ਸਾਧੂ ਰਾਮਾ ਕ੍ਰਿਸ਼ਨਾ ਨੂੰ ਮਿਲਨ ਵਾਸਤੇ ਗਏ, ਜਾਕੇ ਇਤ੍ਰਾਜ਼ ਕੀਤਾ ਕਿ ਆਪ ਪੱਥਰ ਪੂਜਦੇ ਹੋ! ਰਾਮਾ ਕ੍ਰਿਸ਼ਨਾ ਪੱਥਰ ਪੂਜ ਨਹੀਂ ਸੀ, ਚਾਹੋ ਉਠਿਆ ਦੇਵੀ ਉਪਾਸਨਾ ਤੋਂ ਹੀ ਸੀ, ਰਾਮਾ ਕ੍ਰਿਸ਼ਨਾ ਅਸਲ ਵਿਚ ਅਰੀਮ ਦਾ ਧਿਆਨੀ ਹੋ ਚੁਕਾ ਸੀ। ਪਰ ਉਸ ਭਗਤ ਦੇ ਨੈਣੀ ਨੀਰ ਆ ਗਿਆ, ਕੰਬਿਆ ਤੇ ਕਿਸੇ ਵਿਸਮਾਦ ਵਿਚ ਜਾਕੇ ਬੋਲ ਉਠਿਆ, ਕਿਆ ਮੇਰਾ ਧਿਆਲ ਇਸ਼ਟ ਪੱਥਰ ਹੈ? ਹੈਂ? ਪੱਥਰ ਹੈ? ਹੈਂ?

ਆਖਦੇ ਹਨ ਕਿ ਕੇਸ਼ਬ ਜੀ ਨੂੰ ਇਸ ਵੇਲੇ ਆਪ ਵਿਸਮਾਦ ਦਾ ਝੂਟਾ ਆਇਆ। ਫੇਰ ਆਪ ਉਸ ਦਿਨ ਤੋਂ ਬਾਦ ਚੁਪ ਹੋ ਗਏ। ਮੇਰੀ ਜਾਚੇ ਉਨ੍ਹਾਂ ਨੂੰ ਉਸ ਵੇਲੇ ਊਰਧ ਵਿਸਮਾਦ (ਟ੍ਰੈਂਸਡੈਂਟਲ) ਹਾਲਤ ਦਾ ਝਲਕਾ ਵੱਜਾ, ਇਸ ਨੇ ਸਾਰਾ ਸਾਪੇਖਕ ਮੰਡਲ ਭੁਲਾਕੇ ਅਰਥਾਤ ਉਸਤੋਂ ਉੱਚਾ ਕਰਕੇ ਅਰੀਮ ਦੇ ਧਿਆਨ ਮਗਨ ਕਰ ਦਿੱਤਾ, ਤੇ ਥਹੁ ਪਿਆ ਕਿ ਪੂਰੀ ਮਹਾਂਪੁਰਖਤਾ ਤਾਂ ਇਸ ਅਸਚਰਜ ਤੇ ਇਸਤੋਂ ਅਗੇ ਵਿਸਮਾਦ ਤੇ ਉਸਤੋਂ ਅਗੇਰੇ ਜਾਕੇ ਆਉਂਦੀ ਹੈ। ਇਸ ਡੂੰਘੀ ਤੇ ਅਦਬ ਵਾਲੀ ਵਿਚਾਰ ਪਰ ਜੋ ਇਨਸਾਨੀ ਜ਼ਿੰਦਗੀ ਦਾ ਅਸਲੀ ਭੇਤ ਤੇ ਅਸਲੀ ਮਿਅ੍ਰਾਜ (ਆਦਰਸ਼) ਹੈ, ਮੈਂ ਆਪਨੂੰ ਅਰਜ਼ ਕਰਦਾ ਹਾਂ ਕਿ ਮਹਾਂਪੁਰਖਾਂ ਲਈ ਸੀਨੇ ਵਿਚ ਸਤਿਕਾਰ ਲੋੜੀਦਾ ਹੈ, ਅਰ ਉਨ੍ਹਾਂ ਦੇ ਫੈਸਲੇ ਕਰਨ ਲਈ ਜੱਜ (ਨਿਆਇ ਕਰਤਾ) ਬਣਨ ਤੋਂ ਪਹਿਲਾਂ ਰਸ ਤੇ ਵਿਸਮਾਦ ਦਾ ਇਮਤਿਹਾਨ ਆਪ ਪਾਸ ਕਰਨਾ ਚਾਹੀਦਾ ਹੈ। ਹਾਂ, ਮਨ ਦੇ ਇਲਾਹੀ ਰੰਗ, ਰੱਬੀ ਝੁਕਾਉ, ਵਿਸਮਾਦ ਦੇ ਝਲਕੇ ਤੇ ਅਨੰਤ ਵਿਚ ਲਯਤਾ ਦੇ ਹੁਲਾਰੇ ਦੀ ਕਸਵੱਟੀ ਅਪਣੇ ਪਾਸ ਲੋੜੀਦੀ ਹੈ।

ਐਨਕ ਵਾਲਾ-ਬਹੁਤ ਖ਼ੂਬ ਸਿੰਘ ਜੀ! ਮੇਰੀ ਬੀ ਇਹੋ ਰਾਇ ਹੈ। ਹਿੰਦੁਸਤਾਨ ਵਿਚ ਤੇ ਖਾਸ ਕਰ ਪੰਜਾਬ ਵਿਚ ਇਹ ਬੇਅਦਬੀ ਟੁਰ ਪਈ ਹੈ ਕਿ ਨਾਵਾਕਫ ਤੋਂ ਨਾਵਾਕਫ ਲੋਕ ਉਠਕੇ ਕ੍ਰਿਸ਼ਨ ਅਰ ਰਾਮ ਨੂੰ ਮਖ਼ੌਲ ਕਰਦੇ ਹਨ। ਹੋਰ ਸਾਰੇ ਵਡੇ ਵਡੇ ਮਹਾਂਪੁਰਖਾਂ ਪਰ ਹਰਫਜ਼ਨੀ ਕਰਦੇ ਹਨ*, ਇਹ ਦੇਸ਼ ਦੇ ਅਭਾਗ ਹਨ, ਕੌਮੀ ਤਬਾਹੀ ਦੇ ਨਿਸ਼ਾਨ ਹਨ। ਮੇਰੀ ਜਾਚੇ ਅੰਗ੍ਰੇਜ਼ੀ ਪੜ੍ਹੇ ਨੂੰ 'ਕਾਰਲਾਈਲ ਦੀ ਹੀਰੋਵਰਸ਼ਿਪ' ਪੜ੍ਹਨੀ ਚਾਹੀਏ। ਏਹੋ ਔਗੁਣ ਯੂਰਪ ਵਿਚ ਨਿੰਦਾ ਕਰਨ ਦਾ ਪੈ ਗਿਆ ਸੀ, ਪਰ ਉਸ ਮਹਾਤਮਾ ਨੇ ਲੈਕਚਰ ਦੇਕੇ (ਜੋ ਉਸ ਕਿਤਾਬ ਵਿਚ ਹਨ) ਦੱਸ ਦਿੱਤਾ ਕਿ ਮਹਾਂ ਪੁਰਖਾਂ ਦੇ ਜੀਵਨ ਦੇ ਆਕਾਸ਼ ਨੂੰ ਆਪਣੀਆਂ ਗਿੱਠਾਂ ਤੇ ਚੱਪਿਆਂ ਨਾਲ ਮਿਣਨਾ ਆਪਣੀ ਨਿਊਨਤਾ ਪ੍ਰਗਟ ਕਰਨਾ ਹੈ।

ਬਾਬੂ-ਸਿੰਘ ਜੀ! ਮਾਫ ਕਰਨਾ, ਮੈਂ ਹਰਗਿਜ਼ ਨਿੰਦਕ ਨਹੀਂ, ਮੇਰਾ ਮਤ ਸਭਨਾਂ ਦੀ ਇੱਜ਼ਤ ਕਰਨਾ ਹੈ, ਮੈਂ ਚਾਹੁੰਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਮੇਰਾ ਆਦਰਸ਼ ਹੋਵੇ, ਪਰ ਜਦ ਮੈਂ ਪਿਆਰ ਕਰਨ ਲਗਦਾ ਹਾਂ ਤਾਂ ਸੰਸੇ ਪੈਂਦੇ ਹਨ, ਇਸ ਕਰਕੇ ਮੇਰਾ ਝੁਕਾਉ ਈਸਾ ਵਲ ਹੈ, ਪਰ ਓਥੇ ਬੀ ਮੈਨੂੰ ਫੇਰ ਸੰਸਾ ਆ ਜਾਂਦ ਹੈ! ਤੁਸੀਂ ਉਪਕਾਰ ਕਰ ਰਹੇ ਹੋ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨੇੜੇ ਨੇੜੇ ਲਿਆ ਰਹੇ ਹੋ!

*ਇਹ ਸਮਾਂ ਪੰਜਾਬ ਵਿਚ ਬੀਤ ਚੁਕਾ ਹੈ ਜਦੋਂ ਆਰਯਾ ਸਮਾਜ ਦੇ ਮੰਦਰਾਂ ਵਿਚ ਤੇ ਉਪਦੇਸ਼ਕਾਂ ਤੋਂ ਨਿੰਦਾ ਹੀ ਨਿੰਦਾ ਦਾ ਪ੍ਰਚਾਰ ਹੁੰਦਾ ਸੀ ਤੇ ਈਸਾਈ ਉਪਦੇਸ਼ਕ ਬੀ ਇਹੋ ਕੁਛ ਕਰਦੇ ਸਨ ਤੇ ਅਗੋਂ ਉੱਤਰ ਬੀ ਇਵੇਂ ਹੀ ਮਿਲਦੇ ਸਨ।

ਸਿੰਘ ਜੀ-ਮੈਂ ਜਾਣਦਾ ਹਾਂ ਕਿ ਤੁਸੀਂ ਨਿੰਦਕ ਨਹੀਂ, ਪਰ ਤੁਸਾਂ ਵਿਚ ਇਕ ਕਸਰ ਹੈ, ਮਾਫ ਰੱਖਣਾ, ਸਤਿਸੰਗ ਹੋ ਰਿਹਾ ਹੈ ਤੇ ਏਥੇ ਸੱਚ ਨਾ ਕਹਿਣਾ ਪਾਪ ਹੈ, ਚਾਹੇ ਉਹ ਸੱਚ ਕੌੜਾ ਹੀ ਹੋਵੇ। ਆਪ ਵਿਚ ਇਹ ਇਕ ਕਮੀ ਬਾਕੀ ਹੈ ਕਿ ਆਪ ਇਖ਼ਲਾਕ ਦਾ ਇਕ ਪੈਮਾਨਾ ਆਪਣੇ ਮਨ ਨਾਲ ਬਣਾਉਂਦੇ ਹੋ, ਮਨ ਨਾਲ ਮਹਾਂ ਪੁਰਖਾਂ ਨੂੰ ਛੋਟਾ ਵੱਡਾ ਕਰਦੇ ਹੋ। ਵਾਹਿਗੁਰੂ ਦੀ ਰਚਨਾ ਸ਼ਕਤੀ, ਗੁਣ, ਮੀਰਤ, ਤੁਸੀਂ ਨਿਰੇ ਅਪਣੇ ਮਨ ਦੇ ਪੈਮਾਨੇ ਨਾਲ ਮਾਪਦੇ ਹੋ, ਜਿਥੇ ਇਹ ਮਨ ਨਾ ਮੰਨਿਆ ਓਥੇ ਝੂਠ। ਮੈਂ ਆਖਦਾ ਹਾਂ ਸਾਰੇ ਧਰਮਾਂ ਦੀ ਡੂੰਘੀ ਮੁਤਾਲਜਾ ਤੇ ਉਪਨਿਸ਼ਦ ਦੇ ਪਹਿਲੇ ਰਿਖੀ ਤੋਂ ਲੈ ਕਪਿਲ, ਪਲਾਤੂਸ, ਸ਼ੰਕਰ ਤੋਂ ਹੁੰਦੇ ਕੈਂਟ ਤਕ ਸਾਰੇ ਫ਼ਿਲਾਸਫ਼ਰਾਂ ਨੇ ਫ਼ੈਸਲਾ ਕੀਤਾ ਹੈ ਕਿ ਸਾਡਾ ਮਨ ਨਿਰਪੇਖਕ (Absolute) ਸੱਚ ਨੂੰ ਅਨੁ-ਭਵ ਨਹੀਂ ਕਰ ਸਕਦਾ, ਕਿਉਂਕਿ ਇਹ ਮਨ ਅੰਤ ਵਾਲਾ (finite) ਹੈ ਤੇ ਉਹ ਨਿਰਪੇਖਕ ਸੱਚ (infinite) ਅਨੰਤ ਹੈ। ਫ਼ਿਲਾਸਫ਼ਰਾਂ ਦੀ ਬੋਲੀ ਵਿਚ ਇਉਂ ਕਹਿੰਦੇ ਹਨ ਕਿ ਓਹ ਪਾਰਬ੍ਰਹਮ 'ਦੇਸ਼ ਕਾਲ, ਨਮਿੱਤ' ਤੋਂ ਪਾਰ ਹੈ ਤੇ ਸਾਡਾ ਮਨ 'ਦੇਸ਼ ਕਾਲ, ਨਮਿੱਤ' ਤੋਂ ਬਿਨਾਂ ਕੁਛ ਵੀਚਾਰ ਨਹੀਂ ਸਕਦਾ। ਜੋ ਕੁਛ ਸਾਡੀ ਸਮਝ ਵਿਚ ਯਾ ਅਕਲ ਵਿਚ ਆਉਂਦਾ ਹੈ ਉਹ ਜ਼ਰੂਰ 'ਦੇਸ਼, ਕਾਲ, ਨਮਿੱਤ' ਵਾਲਾ ਹੁੰਦਾ ਹੈ। ਇਸ ਗੱਲ ਨੂੰ ਭਗਤ ਲੋਕ ਐਉਂ ਆਖਦੇ ਹਨ ਕਿ:-

'ਕਰਤੇ ਕੀ ਮਿਤਿ ਨ ਜਾਨੈ ਕੀਆ॥'{ਸੁਖਮਨੀ}

ਮੋਟੀ ਬੋਲੀ ਵਿਚ ਐਉਂ ਕਹਾਂਗੇ ਕਿ ਟਿੰਡਾਂ ਨੂੰ ਘੁਮਿਆਰ ਦੀ ਕੀ ਸਾਰ ਹੋ ਸਕਦੀ ਹੈ? ਜੇ ਟਿੰਡਾਂ ਸੋਚਣ ਬਹਿ ਜਾਣ ਤਾਂ ਕੀ ਸੋਚਣਗੀਆਂ ਕਿ ਘੁਮਿਆਰ ਇਕ ਵਡਾ ਸਾਰਾ ਮੱਟ ਹੈ। ਕਈ ਕਹਿਣਗੀਆਂ ਸਾਨੂੰ ਓਨ੍ਹੇ ਨਹੀਂ ਬਣਾਇਆ। ਉਹ ਜੇ ਬਣਾਏਗਾ ਤਾਂ ਭਾਂਡਾ ਨਹੀਂ ਰਹੇਗਾ, ਆਪ ਭੱਜ ਜਾਏਗਾ। ਪਰ ਉਨ੍ਹਾਂ ਨੂੰ ਕੀ ਪਤਾ ਕਿ ਘੁਮਿਆਰ ਦੇ ਸਰੀਰ ਦੀ ਬਣਤਰ ਹੋਰ ਤਰ੍ਹਾਂ ਦੀ ਹੈ, ਤੇ ਵਜੂਦ ਹੋਰਵੇਂ ਤੇ ਦਿਮਾਗ਼ ਹੋਰਵੇਂ ਹੈ।

ਏਸੇ ਤਰ੍ਹਾਂ ਤੁਸੀਂ ਆਪਣੇ ਮਨ ਨਾਲ-ਜੋ ਅਨੰਤ ਦੀ ਸੋਝੀ ਪਾ ਨਹੀਂ ਸਕਦਾ-'ਅਨੰਤ' ਦੀ ਗਿਣਤੀ ਕਰਦੇ ਹੋ। ਸਾਰੀ ਸੂਰਤ, ਮੂਰਤ ਆਪਣੇ ਮਨ ਨਾਲ ਬਣਾਉਂਦੇ ਹੋ, ਜਿਥੇ ਮਨ ਮੰਨ ਗਿਆ, ਓਥੇ ਤੁਸੀਂ ਮੰਨ ਗਏ। ਇਸਤੋਂ ਅਗੇ ਉਠਦੇ ਨਹੀਂ। ਪਰ ਭਗਤਾਂ ਦੀ ਬੋਲੀ ਵਿਚ ਇਸ ਕਰਮ ਨੂੰ ਮਨ-ਮੁਖਤਾ ਕਹਿੰਦੇ ਹਨ, ਅਰਥਾਤ ਆਪਣੇ ਮਨ ਨੂੰ ਅਪਣਾ ਗੁਰੂ ਬਣਾ ਲੈਣਾ। ਸੋ ਇਸ ਤਰ੍ਹਾਂ ਦੇ ਰਚੇ ਰਬ ਰਸੂਲ ਮਹਾਂ ਪੁਰਖ ਅਸਲੀ ਰਬ ਰਸੂਲ ਮਹਾਂ ਪੁਰਖ ਨਹੀਂ, ਪਰ ਜੀਵਾਂ ਦੇ ਆਪਣੇ ਖਿਆਲੀ ਪੁਤਲੇ ਹਨ।

ਬਾਬੂ (ਹੈਰਾਨ ਹੋਕੇ)-ਫੇਰ ਕਰੀਏ ਕੀ?

ਸਿੰਘ-ਭੈ, ਅਦਬ ਵਿਚ ਇਸ ਮਨ ਨੂੰ ਰਖੋ ਤੇ ਉਹ ਸਾਧਨ ਕਰੋ, ਉਹ ਸੰਜਮ ਕਰੋ ਜਿਸ ਨਾਲ ਤੁਹਾਨੂੰ ਇਕ ਵਾਰੀ ਰਸ, ਅਸਚਰਜ ਤੇ ਵਿਸਮਾਦ ਦਾ ਝਲਕਾ ਵਜੇ, ਫੇਰ ਤੁਸੀਂ ਆਪ ਕਾਇਲ ਹੋ ਜਾਓਗੇ ਕਿ ਮਨ ਬਾਣੀ ਤੋਂ ਪਰੇ ਕੋਈ ਹੋਰ ਹਾਲਤ ਬੀ ਵਾਰਦ ਹੁੰਦੀ ਹੈ ਉਹ ਹਾਲਤ ਅਨੰਤ (Infinity) ਦਾ ਕ੍ਰਿਸ਼ਮਾ ਹੈ।

ਫੇਰ ਤੁਸੀਂ ਆਪਣੇ ਆਤਮਾ ਨੂੰ ਉਚਾ ਕਰੋ, ਮਨ ਦੀ ਵਿਚਾਰ ਦਾ ਮੰਡਲ ਖੁਲ੍ਹੇਰਾ ਤੇ ਵਡੇਰਾ ਕਰੋ, ਜਿਉਂ ਜਿਉਂ ਮਨ ਇਕਾਗਰ ਕਰੋਗੇ ਤਿਉਂ ਤਿਉਂ ਆਤਮਾ ਨੂੰ ਵਧੀਕ ਤੋਂ ਵਧੀਕ ਰਸ ਪਏਗਾ ਅੰਤ ਤੁਸਾਨੂੰ ਅਨੁਭਵ (Realization) ਹੋ ਜਾਏਗਾ ਕਿ 'ਨਿਰਪੇਖਕ ਸਚ' (Absolute truth) 'ਦ੍ਵੈਦਾਂ ਤੋਂ ਪਰੇ ਦੇ ਸੱਚ' ਦੀ ਸ਼ਰਨ ਪ੍ਰਾਪਤ ਹੋਣਾ ਕੀ ਹੈ?

ਬਾਬੂ-ਜੇ ਮਨ ਤੇ ਅਕਲ ਨਾ ਵਰਤੀਏ ਤਾਂ ਮੂਰਖ ਹੋ ਜਾਈਦਾ ਹੈ?

ਸਿੰਘ ਜੀ-ਮੇਰਾ ਇਹ ਮਤਲਬ ਨਹੀਂ, ਕਿ ਮੂਰਖ ਹੋ ਜਾਓ। ਮਨ ਬਿਨਾਂ ਅਸੀਂ ਮਰ ਜਾਵਾਂਗੇ, ਤੇ ਬੁੱਧੀ ਬਿਨਾਂ ਰੁਲ ਜਾਵਾਂਗੇ। ਮੇਰਾ ਮਤਲਬ ਤਾਂ ਇਹ ਹੈ ਕਿ ਇਹ ਨਾ ਸਮਝੋ ਕਿ ਮਨ ਬੁੱਧੀ ਆਖ਼ਰੀ ਪੈਮਾਨਾ ਤੇ ਸੰਪੂਰਨ ਪੈਮਾਨਾ ਹੈ, ਜਿਨ੍ਹਾਂ ਨਾਲ ਅਸਾਂ ਜ਼ਿੰਦਗੀ ਦੇ ਮਰਮਾਂ ਤੇ ਡੂੰਘਾਈਆਂ ਨੂੰ ਮਿਣਨਾ ਹੈ, ਇਹ ਪੈਮਾਨੇ ਕੀਮਤੀ ਹਨ, ਜੋ ਸਾਨੂੰ ਪਸ਼ੂਪੁਣੇ ਤੋਂ ਉੱਚਾ ਲੈ ਆਏ ਤੇ ਅਸਾਂ ਇਨਸਾਫ, ਰਹਿਮ ਤੇ ਭਲਾਈ ਸਿੱਖ ਲਈ। ਇਹ ਪੈਮਾਨਾ ਕੀਮਤੀ ਹੈ, ਜਿਸਨੇ ਸਰਬ ਵਿਦਯਾ ਖੋਜ ਲਈਆਂ ਹਨ ਪਰ

ਹੁਣ ਤੁਸੀਂ ਮੰਨੋ ਕਿ ਅੱਗੇ ਕੁਛ ਹੋਰ ਹੈ, ਉਸ ਦੇ ਮੁਤਲਾਸ਼ੀ ਬਣੋ ਤੇ ਮਹਾਂ ਪੁਰਖਾਂ ਨੇ ਜੋ ਗਿਆਨ ਦਿੱਤਾ ਹੈ, ਉਸਨੂੰ ਰਹਿਬਰ ਬਣਾਓ। ਜਦੋਂ ਉਨ੍ਹਾਂ ਦੀ ਦਿਤੀ ਰੋਸ਼ਨੀ ਵਿਚ ਤੁਰਦੇ ਤੁਸੀਂ ਅਨੁਭਵ (Realization) ਵਿਚ ਆਓਗੇ ਤਦੋਂ ਰਾਇ ਦੇਣੀ ਕਿ ਫਲਾਣੀ ਗੱਲ ਇਸ ਤਰ੍ਹਾਂ ਹੈ। ਮਹਾਂ ਪੁਰਖਾਂ ਨੇ ਅਨੁਭਵ ਪਾਇਆ ਸੀ, ਓਹ ਅਨੰਤ ਵਿਚ ਗਏ ਸਨ, ਉਨ੍ਹਾਂ ਨੂੰ ਅਨੰਤ ਦੀ ਲਿਵ ਪ੍ਰਾਪਤੀ ਹੋਈ ਸੀ। ਇਸ ਕਰਕੇ ਜੋ ਗਜਾਨ ਓਹ ਦੇਂਦੇ ਹਨ, ਉਹ ਉਸ ਗਜਾਨ ਤੋਂ ਉੱਚਾ ਹੈ, ਜੋ ਨਿਰਾ ਮਨ ਦੇ ਖਿਆਲਾਂ ਤੋਂ ਇਖ਼ਲਾਕੀ ਪੈਮਾਨੇ ਤਿਆਰ ਕਰਨ ਵਾਲੇ ਦੇਂਦੇ ਹਨ। ਸਾਡੀ ਬੋਲੀ ਵਿਚ ਉਨ੍ਹਾਂ ਆਦਮੀਆਂ ਨੂੰ-ਜੋ ਗੁਰੂ ਨਾਨਕ ਦੇਵ ਜੀ ਦੇ ਅਨੁਭਵੀ ਗਿਆਨ ਦੀ ਰੋਸ਼ਨੀ ਵਿਚ ਅਪਣੇ ਮਨ ਬੁੱਧ ਦਾ ਮੰਡਲ ਉੱਚਾ ਕਰਦੇ ਹਨ ਤੇ ਆਪ ਨੂੰ ਅਨੁਭਵ ਤਕ ਲੈ ਜਾਣ ਦਾ ਜਤਨ ਕਰਦੇ ਹਨ-'ਗੁਰਮੁਖ' ਆਖਦੇ ਹਨ, ਅਰਥਾਤ ਓਹ ਜੋ ਮਹਾਂ ਪੁਰਖਾਂ ਦੀ ਰੋਸ਼ਨੀ ਵਿਚ ਅਨੁਭਵ ਨਗਰ ਦਾ ਸਫਰ ਕਰ ਰਹੇ ਹਨ, ਜਿਨ੍ਹਾਂ ਨੇ ਆਪਣੇ ਮਨ ਨੂੰ ਮੁੱਖਤਾ ਅਰਥਾਤ ਰਹਿਬਰੀ ਅਗੁਵਾਨੀ ਨਹੀਂ ਦਿੱਤੀ, ਪਰ ਗੁਰੂ ਦੇ ਗਜਾਨ ਨੂੰ ਆਪਣਾ ਰਹਿਬਰ ਬਣਾਇਆ ਹੈ, ਤੇ ਮਨ ਨੂੰ ਉਸ ਰੋਸ਼ਨੀ ਵਿਚ ਟੋਰਕੇ ਸੱਚ ਦੀ ਭਾਲ ਅਰੰਭੀ ਹੋਈ ਹੈ ਯਾ ਪਾ ਲਈ ਹੈ। ਕਾਰਨ ਓਹੋ ਜੋ ਮੈਂ ਦੱਸਿਆ ਹੈ ਕਿ ਇਕੱਲਾ ਸਾਡਾ ਮਨ 'ਅੰਤ' ਵਿਚ ਹੈ, ਇਸ ਨੂੰ ਉਨ੍ਹਾਂ ਦੀ ਸਿਖਜਾ, ਮੱਤ, ਗਜਾਨ, ਮਦਦ ਤੇ ਅਸੀਸ ਦੀ ਲੋੜ ਹੈ, ਜਿਨ੍ਹਾਂ ਨੇ 'ਅਨੰਤ' ਵਿਚ ਟੁੱਭੀ ਲਾਈ ਹੈ ਤੇ ਉਸਦੀ 'ਰਸ ਅਨੁਭਵਤਾ' ਪਾਈ ਹੈ ਤਾਂ ਜੋ ਅਸੀਂ ਆਪ ਅਨੁਭਵ ਤਕ ਉਠ ਸਕੀਏ।

ਬਾਬੂ-ਇਹ ਤਾਂ ਤੁਸਾਂ ਨੇ ਮੇਰਾ ਉਹ ਸੰਸਾ ਦੂਰ ਕਰ ਦਿਤਾ ਹੈ ਜੋ ਮੈਨੂੰ ਸਿੱਖਾਂ ਤੋਂ ਸਦਾ ਦੂਰ ਰੱਖਿਆ ਕਰਦਾ ਸੀ। ਮੈਂ ਸਿੱਖਾਂ ਨੂੰ 'ਆਦਮ ਪ੍ਰਸਤ' ਸਮਝਕੇ ਵਿੱਥ ਤੇ ਰਹਿੰਦਾ ਸੀ। ਤੁਸਾਡੇ ਗੁਣਾਂ ਦੀ ਕਦਰ ਤਾਂ ਮੈਨੂੰ ਸੀ, ਪਰ ਮੈਂ ਜਾਣਦਾ ਸਾਂ (ਮਾਫ ਕਰਨਾ) ਕਿ ਤੁਸੀਂ ਅਨਪੜ੍ਹ ਮੂਰਖ ਹੋ, ਜੋ ਆਦਮੀ ਗੁਰੂਆਂ ਦੀ ਪੂਜਾ ਵਿਚ ਢੱਠੇ ਪਏ ਹੋ। ਮੈਨੂੰ ਨਹੀਂ ਸੀ ਪਤਾ ਕਿ ਤੁਸਾਡੀਆਂ ਖੱਦਰ ਦੀਆਂ ਪੱਗਾਂ ਹੇਠ ਇਸ ਤਰ੍ਹਾਂ ਦੀ ਰੋਸ਼ਨ ਦਿਮਾਗ਼ੀ ਹੈ। ਹੁਣ ਤਾਂ ਸਾਫ ਹੋ ਗਿਆ ਕਿ ਤੁਸੀਂ ਆਦਮ ਪ੍ਰਸਤ ਨਹੀਂ, ਤੁਸੀਂ ਤਾਂ ਅਨੰਤ (Infinite) ਤੇ (Absolute) ਪਾਰਬ੍ਰਹਮ ਦੇ ਉਪਾਸ਼ਕ ਹੋ।

ਇਹ ਸੁਣਦੇ ਹੀ ਸਿੰਘ ਜੀ ਦਾ ਰੰਗ ਬਦਲਿਆ, ਚਿਹਰਾ ਲਾਲੀ ਵਿਚ ਆ ਗਿਆ ਤੇ ਇਲਾਹੀ ਨਾਦ ਵਿਚ ਇਹ ਸ਼ਬਦ ਗਾਵੇਂ ਕਿ ਸਾਰੇ ਮੂਰਤ ਵਾਙ ਅਚੱਲ ਹੋ ਗਏ ਤੇ ਬੇਨਤੀ ਦੀ ਤਸਵੀਰ ਬਣ ਗਏ:-

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ੧॥ਰਹਾਉ॥ ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥੧॥ ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ॥੨॥ ਅੰਧ ਕੂਪ ਮਹਾ ਭਇਆਨ ਨਾਨਕ ਪਾਰਿਉਤਾਰ॥੩॥੮॥੩੦॥ {ਮਲਾਰ ਮ:੫}

ਸਾਰਿਆਂ ਨੂੰ ਸਰੂਰ ਆ ਗਿਆ, ਕੁਛ ਚਿਰ ਝੂੰਮ ਕੇ ਅੱਖਾਂ ਖੁੱਲ੍ਹੀਆਂ, ਵਾਹ ਵਾਹ ਦੀ ਗੁੰਜਾਰ ਹੋਈ, ਸਭ ਤੋਂ ਮਗਰੋਂ ਸਿੰਘ ਜੀ ਦੇ ਲਾਲ ਹੋਏ ਨੇਤ੍ਰ ਖੁੱਲ੍ਹੇ ਤੇ ਬੋਲੇ:-

'ਆਦਮ ਪ੍ਰਸਤ' ਸੱਜਣਾਂ! ਅਸੀਂ 'ਆਦਮ ਪ੍ਰਸਤ' ਜ਼ਰੂਰ ਹਾਂ, ਪਰ ਅਸੀਂ ਸ਼ੁਕਰ ਹੈ 'ਮਨਮੁਖ' ਨਹੀਂ।

ਬਾਬੂ ਜੀ! ਐਨਕਾਂ ਵਾਲੇ ਜੀ! ਸੰਤ ਜੀ! ਤੁਸੀਂ ਸਾਰੇ ਰੱਬ ਦੇ ਮੁਤਲਾਸ਼ੀ ਦੀਂਹਦੇ ਹੋ, ਸਚੋ ਸਚ ਦੱਸਣਾ ਕਦੇ ਉਹ ਰੱਬ ਡਿਠਾ ਜੇ, ਕਦੇ ਉਸ ਦਾ ਝਲਕਾ ਵਜਾ ਜੇ, ਜਿਸਦੇ ਤੁਸੀਂ ਮੁਤਲਾਸ਼ੀ ਹੋ? ਤੁਹਾਡੇ ਹਿਰਦੇ ਇਕ ਸ਼ੂਨ ਦੇ ਖਿਆਲ ਨੂੰ ਰੱਬ ਕਹਿਕੇ ਉਪਾਸ਼ਨਾ ਦੇ ਵਹਿਮ ਵਿਚ ਰਹਿੰਦੇ ਹਨ, ਤੁਹਾਡੇ ਅੰਦਰ ਉਹ 'ਅਕਾਲ ਮੂਰਤੀ ਮਨ' ਨਹੀਂ ਹੈ, ਜੋ 'ਅਕਾਲ ਮੂਰਤ' ਦੀ ਸ਼ਰਨ ਦੀ ਟੇਕ ਲੈਂਦਾ ਹੈ। ਤੁਸੀਂ ਅਨੰਤ ਦੇ ਖਿਆਲ ਨੂੰ 'ਸ਼ੂਨ' ਦੇ ਵਹਿਮ ਵਿਚ ਖ਼ੁਦਾ ਕਹਿ ਰਹੇ ਹੋ। ਉਹ 'ਅਜੋਨੀ' ਤੁਸਾਡੇ ਅੰਦਰ 'ਅਕਾਲ ਮੂਰਤ' ਹੋਕੇ ਨਹੀਂ ਆਇਆ। ਸੰਗ ਨਹੀਂ ਕਰਨੀ, ਸੱਚ ਦਾ ਇਕਰਾਰ ਕਰਨਾ ਸੱਚ ਹੈ।

ਸਾਰੇ-ਸੱਚ ਇਹੋ ਹੈ।

ਸਿੰਘ-ਅਸੀਂ ਮੂਰਖ ਹਾਂ, ਸਿੱਧੇ ਹਾਂ, ਅਨਪੜ੍ਹ ਹਾਂ, ਆਦਮ ਪ੍ਰਸਤ ਹਾਂ, ਪਰ ਸਾਡੇ ਅੰਦਰ ਭੈ ਹੈ ਕਿ ਅਸੀਂ (finite) ਅੰਤ ਵਾਲੇ ਹਾਂ, ਅਸੀਂ ਇਕਰਾਰ ਕਰਦੇ ਹਾਂ ਕਿ (Infinite) 'ਅਨੰਤ' ਨੂੰ ਅਪਣੇ ਮਨ ਦਾ ਵਿਸ਼ਾ ਅਸੀਂ ਨਹੀਂ ਬਣਾ ਸਕਦੇ, ਅਸੀਂ ਇਕਰਾਰ ਕਰਦੇ ਹਾਂ ਕਿ ਸਾਡਾ ਰੱਬ ਸਾਡੇ ਮਨ ਬਾਣੀ ਤੋਂ

ਅਵਿਸ਼ੇ (ਪਰੇ) ਹੈ। ਅਸੀਂ ਇਕਰਾਰ ਕਰਦੇ ਹਾਂ ਕਿ ਸਾਨੂੰ ਐਸੇ ਆਦਮੀ ਦੀ ਲੋੜ ਹੈ ਜੋ ਮਨ ਬੁਧੀ ਤੋਂ ਉੱਚਾ ਹੋਕੇ, 'ਸੁਧਿ'* ਵਿਚ ਗਿਆ ਹੈ ਤੇ ਉਸਤੋਂ ਉਚੇਰਾ ਬੀ। ਜਿਸਦਾ ਆਪਣਾ ਆਪ ਰਸ ਤੇ ਵਿਸਮਾਦ ਦੀ ਹਾਲਤ ਵਿਚ ਗਿਆ ਹੈ, ਜਿਸ ਨੇ ਮਨ ਬਾਣੀ ਤੋਂ ਉਠਕੇ ਅਨੰਤ (Infinite) ਵਿਚ ਲਿਵ ਲਾਕੇ ਲੀਨਤਾ ਪਾਈ ਹੈ, ਜਿਸਨੇ ਅਨੰਤ (Infinite) ਨੂੰ ਆਤਮਾ ਦੀ ਸ਼ਰਨ ਜਾਕੇ ਅਨੁਭਵ ਕੀਤਾ ਹੈ, ਉਸ ਅਗੰਮੀ ਮਰਦ ਦੇ ਗਿਆਨ ਦੀ-ਉਸਦੇ ਹਿਰਦੇ ਦੀ-ਸਾਨੂੰ ਲੋੜ ਹੈ। ਉਸਦੇ ਹਿਰਦੇ ਵਿਚੋਂ ਅਪਣੇ ਹਿਰਦੇ ਪਰ ਰੱਬੀ ਅਕਸ (ਪ੍ਰਭਾਵ) ਲੈਣ ਦੀ 'ਮਨੁਖ-ਪੂਜਾ' ਦੀ ਸਾਨੂੰ ਲੋੜ ਹੈ। **'ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥'**{ਫੁਨਹੇ-੧੨}

ਉਸਦੀ ਅਨੁਭਵੀ ਰੌਸ਼ਨੀ ਦੀ ਸਾਨੂੰ ਲੋੜ ਹੈ ਕਿ ਸਾਡਾ ਮਨ ਤੇ ਬੁਧਿ ਅਪਣੀ (Infinite) ਦੀ ਤਲਾਸ਼ ਦੇ ਸਫਰ ਵਿਚ ਡੱਕੋ ਡੋਲੇ ਨਾ ਖਾਵੇ ਅਰ ਉਸ ਰੌਸ਼ਨੀ ਦੀ ਮਦਦ ਨਾਲ ਅਨੰਤ ਦੀ 'ਅਨੁਭਵਤਾ' ਪ੍ਰਾਪਤ ਕਰੇ।

ਅਸੀਂ ਮੰਨਦੇ ਹਾਂ ਕਿ ਅਨੁਭਵ ਵਾਲਾ ਆਦਮੀ ਅਕਲਮੰਦ, ਪੰਡਤ, ਦਾਨੇ ਆਦਮੀ ਨਾਲੋਂ ਕੋਈ ਵੱਖਰਾਪਨ ਤੇ ਕੋਈ ਨਿਆਰੀ ਵਿਸ਼ੇਸ਼ਤਾ ਰਖਦਾ ਹੈ। ਉਸ ਨੂੰ ਅਨੰਤ ਦੀ 'ਰਸ-ਰੀਮਤਾ' ਹੈ, ਦਾਨੇ ਨੂੰ ਕੇਵਲ 'ਅੰਤ' ਦੀਆਂ ਗੱਲਾਂ ਦੀ ਸੋਝੀ ਹੈ। ਪਹਿਲੇ ਅਸੀਂ ਸੰਸਾਰ ਦੇ ਸਾਰੇ ਮਹਾਂਪੁਰਖਾਂ ਦਾ ਸਤਿਕਾਰ ਕਰਦੇ ਹਾਂ, ਪਰ ਅਪਣੇ ਸਤਿਗੁਰਾਂ ਨੂੰ ਉਨ੍ਹਾਂ ਤੋਂ ਉੱਚਾ ਇਲਾਹੀ ਦਰਜਾ ਦੇਕੇ ਬੜਾ ਡੂੰਘਾ (Profound) ਸਤਿਕਾਰ ਪੇਸ਼ ਕਰਦੇ ਹਾਂ, ਹਾਂ ਜੀ, ਇਹ ਸਾਡੀ-ਮੈਂ ਫੇਰ ਆਖਦਾ ਹਾਂ-'ਆਦਮ-ਪ੍ਰਸਤੀ' ਹੈ। ਇਸ 'ਆਦਮ ਪ੍ਰਸਤੀ' ਦਾ ਚਾਨਣਾ ਸਾਨੂੰ ਅਨੰਤ ਵਿਚ ਲਿਜਾਏਗਾ, ਪੰਡਤ ਦਾ ਚਾਨਣਾ ਸਾਨੂੰ ਨੇਕੀ ਤੇ ਵਿਦਜਾ ਵਲ ਲਿਜਾ ਸਕਦਾ ਹੈ, ਪਰ (finite) ਹੱਦ ਬੰਨੇ ਦੀ ਕੈਦ ਵਿਚ ਹੀ ਰਖੇਗਾ। ਸੋ ਅਸੀਂ 'ਪਹਿਲੇ ਮਰਦ' ਲਈ ਅਪਣੇ ਦਿਲ ਵਿਚ ਅਨੰਤ ਸਤਿਕਾਰ ਦੀ ਨਜ਼ਰ ਰਖਦੇ ਹਾਂ, ਉਸਨੂੰ ਗੁਰੂ, ਗੁਰੂ* ਨਾਨਕ, ਗੁਰੂ ਗੋਬਿੰਦ ਸਿੰਘ ਆਖਦੇ ਤੇ ਪਿਆਰ ਕਰਦੇ ਹਾਂ, ਉਸਦੇ ਵਜੂਦ ਨਾਲ ਤੇ ਸ਼ਖਸੀ ਤਅੱਲਕ (Personal connection) ਨਾਲ ਆਪਣਾ ਪਿਆਰਾ ਪਿਤਾ ਸਮਝਕੇ ਉਸਦੀ ਰੌਸ਼ਨੀ ਵਿਚ ਉਠਦੇ ਹਾਂ। ਇਹ ਸਾਡੀ 'ਆਦਮ-ਪ੍ਰਸਤੀ' ਹੈ।

ਅਸੀਂ ਆਪਣੇ ਮਨ ਦੇ ਸਿੱਖ ਨਹੀਂ, ਪਰ ਉਸ ਗੁਰੂ ਦੇ ਸਿੱਖ ਹਾਂ, ਜਿਸਨੇ ਸਾਨੂੰ ਵਾਹਿਗੁਰੂ ਦਾ ਸੱਚਾ ਗਿਆਨ ਦੱਸਿਆ ਤੇ ਵਿਸਮਾਦ ਤੇ ਅਨੰਤ ਦੇ ਅਨੁਭਵੀ ਜੀਵਨ ਦੀ ਸੋਝੀ ਪਾਈ ਹੈ। ਉਸ ਗੁਰੂ ਦਾ ਸਤਿਕਾਰ ਪਿਆਰ, ਜ਼ਾਤੀ ਰਿਸ਼ਤੇ ਦਾ ਪਿਆਰ ਸਾਡੀ 'ਆਦਮ-ਪ੍ਰਸਤੀ' ਹੈ, ਅਰ ਅਸੀਂ ਫ਼ਖ਼ਰ ਨਾਲ ਇਸਦੇ ਇਕਰਾਰੀ ਹਾਂ। ਮਨ ਸਾਡੇ ਪਾਸ ਹੈ ਪਰ ਇਸ ਪਰ ਅਸੀਂ ਮੱਤ ਦਾ ਕੁੰਡਾ ਰਖਦੇ ਹਾਂ, ਮੱਤ ਨੂੰ ਸਾਈਂ ਦੀ ਰਾਖੀ ਵਿਚ ਰਖਦੇ 'ਸੁਧਿ' ਦੇ ਦਰਜੇ ਤੇ ਲੈ ਜਾਂਦੇ ਹਾਂ। ਐਉਂ ਅਸੀਂ ਪ੍ਰਬੁਧ ਹੋਕੇ 'ਆਦਮ-ਪ੍ਰਸਤ' ਹਾਂ।

ਸੂਫ਼ੀ-ਮਰਹਬਾ! ਇਸ ਆਦਮ ਪ੍ਰਸਤੀ ਦੇ, ਇਹ ਅਮਲ ਖ਼ੁਦਾ ਪ੍ਰਸਤੀ ਹੈ। ਮੈਂ ਹੈਰਾਨ ਹਾਂ ਕਿ ਕਾਲਜਾਂ ਵਿਚ ਸੰਸਾਰੀ ਵਿਦਜਾ ਪਾਉਣ ਲਈ ਸਾਡੇ ਨੌਜਵਾਨਾਂ ਨੂੰ ਹੋ ਚੁਕੇ ਦਾਨਿਆਂ ਦੇ ਗਿਆਨ ਦੀ ਲੋੜ ਤਾਂ ਹੈ ਪਰ ਸੱਚੀ ਵਿਦਜਾ ਵਾਲੇ ਪਾਸ ਗੁਰ ਨਾਨਕ ਵਰਗੇ ਮਹਾਂ ਪੁਰਖ ਦੇ ਤਜਰਬਾਤ ਦੀ ਲੋੜ ਸਾਨੂੰ ਨਹੀਂ ਤੇ ਉਨ੍ਹਾਂ ਦੇ ਵਜੂਦ ਲਈ ਕਿਸੇ ਸਤਿਕਾਰ ਤੇ ਪਿਆਰ ਦੀ ਲੋੜ ਨਹੀਂ! ਸੰਸਾਰ ਦੀ ਇਹ ਸਮਝ ਅਸਚਰਜ ਹੈ! ਅਸਚਰਜ ਹੈ!

ਸਾਧੂ-ਸੱਚ ਕਿਹਾ ਜੇ, ਮੈਂ ਸਾਂਖ ਯੋਗ, ਵੇਦਾਂਤ ਦਾ ਪੰਡਤ ਹਾਂ, ਸਨਾਤਨ ਤੇ ਆਰਯਾ ਸਾਰੇ ਮਤ ਤੱਕੇ ਹਨ, ਸਾਡੇ ਯੋਗ ਦਰਸ਼ਨ ਵਿਚ 'ਬੀਤਰਾਗ ਨੂੰ ਵਿਸ਼ਯ ਕਰਨ ਵਾਲਾ ਚਿਤ ਬਨਾਓ' ਲਿਖਿਆ

---

*ਤਿਥੈ ਘੜੀਐ ਸੁਰਾ ਸਿਧਾ ਕੀ 'ਸੁਧਿ'। Intution ਦੇ ਫ਼ਿਲਸਫ਼ੇ ਦਾ ਖਿਆਲ 'ਸੁਧਿ' ਦੇ ਨੇੜੇ ਢੁੱਕਦਾ ਜਾਪਦਾ ਹੈ।

*'ਗੁਰੂ' ਸਾਡੇ ਵਿਚ ਨਿਰਾ ਉਸਤਾਦ ਦਾ ਨਾਮ ਨਹੀਂ, ਪਰ ਆਦਮੀ ਤੋਂ ਦੇਵਤਾ ਬਣਾ ਦੇਣ ਵਾਲੇ ਦਾ ਜੋ ਸਾਨੂੰ ਅਨੰਤ ਵਿਚ ਲੈ ਜਾਂਦਾ ਹੈ। ਦੇਖੋ ਆਸਾ ਦੀ ਵਾਰ।

ਹੈ*। ਓਥੇ ਸਾਨੂੰ ਆਦਮ ਪ੍ਰਸਤੀ ਯਾਦ ਨਹੀਂ, ਇੱਥੇ ਅਮਲੀ ਜੀਵਨ ਵਾਲੇ ਫਕੀਰ ਸਿੱਖਾਂ ਨੂੰ ਅਸੀਂ ਸਮਝਦੇ ਨਹੀਂ ਰਹੇ! ਪਰ ਅੱਜ ਸਾਨੂੰ ਸਾਫ਼ ਹੋ ਗਿਆ ਹੈ ਕਿ ਸਿਖ ਅਸਲ ਮੁਆਹਦ, ਖ਼ੁਦਾ ਪ੍ਰਸਤ ਤੇ ਅਮਲੀ ਖ਼ੁਦਾ ਪ੍ਰਸਤ ਹਨ। ਇਨ੍ਹਾਂ ਦਾ ਗੁਰੂ ਸਾਹਿਬਾਂ ਦੀ ਇੱਜ਼ਤ ਕਰਨਾ, ਪਿਆਰ ਕਰਨਾ, ਅਕਲੀ, ਅਮਲੀ, ਦਲੀਲੀ ਅਰ ਮੰਤਕ ਨਾਲ ਸਿਧ ਅਮਲ ਹੈ, ਬਲਕਿ ਰੂਹ ਦੀ ਕੁਦਰਤੀ ਭੁੱਖ ਦਾ ਇਹੋ ਇਕ ਦਾਰੂ ਹੈ।

ਸੂਫ਼ੀ-ਇਕ ਮੈਂ ਅਰਜ਼ ਕਰਨੀ ਹੈ, ਖ਼ਫ਼ਾ ਨਹੀਂ ਹੋਣਾ। ਮੈਂ ਸਿਖਾਂ ਨੂੰ ਅਹਿਲੇ-ਕਿਤਾਬ ਸਮਝਦਾ ਹਾਂ, ਅਰ ਗੁਰੂ ਸਾਹਿਬਾਂ ਨੂੰ ਅੱਲਾ ਦੇ ਰਸੂਲ ਮੰਨਦਾ ਹਾਂ, 'ਉੱਮਤ ਦੇ ਰਸੂਲ ਨਾਲ ਪਿਅਰ' ਦਾ ਮੈਂ ਜਾਣੂੰ ਹਾਂ। ਭਗਤਾਂ ਦੇ ਰਾਮ ਕ੍ਰਿਸ਼ਨ ਦੇ ਪਿਆਰ ਦਾ ਮੈਂ ਵਾਕਫ਼ ਹਾਂ ਤੇ ਈਸਾਈਆਂ ਦੀ ਈਸਾ ਭਗਤੀ ਨੂੰ ਬੀ ਜਾਣਦਾ ਹਾਂ। ਪਰ ਜਿਸ ਅਹਸਨ (ਨੇਕ) ਤ੍ਰੀਕੇ ਨਾਲ ਸਿੰਘ ਜੀ ਨੇ ਆਪਣੀ ਆਪਣੇ ਪੈਗੰਬਰਾਂ ਨਾਲ ਪ੍ਰੀਤ ਦੇ ਮਰਮ ਬਿਆਨ ਕੀਤੇ ਹਨ ਉਹ ਅਕਲ ਤੇ ਦਲੀਲ ਨਾਲ ਬੀ ਸਾਬਤ ਕਰ ਦਿਤੇ ਹਨ। ਕੀ ਆਪ ਸਭ ਸਾਹਿਬ ਮੇਰੇ ਨਾਲ ਇਤਫ਼ਾਕ ਕਰਦੇ ਹੋ?

ਸਾਰੇ-ਬੇਸ਼ਕ।

ਸੂਫ਼ੀ-ਮੈਂ ਆਪ ਦੀ ਤਵੱਜੋ ਇਕ ਪੀੜ੍ਹੀ ਹੇਠ ਲਾਠੀ ਫੇਰਨ ਵਾਲੀ ਪੰਜਾਬੀ ਮਿਸਾਲ ਮੂਜਬ ਦਿਵਾਉਣੀ ਹੈ ਕਿ ਬਿੱਲੀ ਤਾਂ ਉੱਥੇ ਲੁਕੀ ਬੈਠੀ ਜੇ, ਤੁਸੀਂ ਵਿਹੜੇ ਵਿਚ ਸੋਟੇ ਐਵੇਂ ਮਾਰਦੇ ਰਹੇ ਜੇ।

ਉਹ ਇਹ ਹੈ ਕਿ ਕੌਣ ਅਦਾਮ ਪ੍ਰਸਤ ਨਹੀਂ, ਕੋਈ ਹੈ ਇਨਸਾਨ ਜਿਸ ਦੇ ਦਿਲ ਦਾ ਆਸਰਾ ਕੋਈ ਦੂਸਰਾ ਇਨਸਾਨ ਨਹੀਂ ਹੈ? ਸ਼ਰਮ ਦੀ ਗੱਲ ਨਹੀਂ, ਮਨ ਆਸਰੇ ਬਿਨਾਂ ਕਦੇ ਰਹਿ ਹੀ ਨਹੀਂ ਸਕਦਾ, ਕਿਸੇ ਦੇ ਮਨ ਦਾ ਆਸਰਾ ਵਹੁਟੀ ਹੈ, ਕਿਸੇ ਦਾ ਪੁੱਤ੍ਰ ਹੈ, ਕਿਸੇ ਦਾ ਮਿਤ੍ਰ ਹੈ, ਕਿਸੇ ਦੀ ਕੋਈ ਸਹੇਲੀ ਹੈ ਤੇ ਕਿਸੇ ਦਾ ਕੋਈ ਹੈ। ਗਲ ਕੀ, ਮਾਨੁਖ ਦੇ ਅੰਦਰ ਮਾਨੁਖ ਦੀ ਟੇਕ ਹੈ। ਇਸਤੋਂ ਜੋ ਆਪਣੇ ਆਪ ਨੂੰ ਸੱਖਣਿਆਂ ਕਰਦਾ ਹੈ ਅਕਸਰ ਸ਼ੁਦਾਈ ਹੋ ਜਾਂਦਾ ਹੈ। ਇਹ ਗੱਲ ਸਟ ਪਾਉਣ ਵਾਲੀ ਨਹੀਂ, ਡੂੰਘੀ ਸੋਚ ਵਾਲੀ ਹੈ।

ਹੁਣ ਵੀਚਾਰ ਕਰੋ ਜਿਨ੍ਹਾਂ ਨੇ ਦਿਲਾਂ ਦੀ ਟੇਕ ਤੀਮੀਆਂ ਤੋਂ, ਪੁੱਤ੍ਰਾਂ ਤੋਂ, ਯਾਰਾਂ ਤੋਂ ਚੁਕਕੇ ਉਸ ਆਦਮੀ ਪਰ ਲਾਈ ਹੈ ਜਿਸਨੂੰ ਅਸੀਂ ਰਸੂਲ, ਅੱਲਾ ਆਖਦੇ ਹਾਂ ਤੇ ਮੇਰੀ ਜਾਚੇ ਸਿਖ 'ਗੁਰੂ' ਆਖਦੇ ਹਨ, ਉਨ੍ਹਾਂ ਨੇ ਮਨ ਉੱਚਾ ਕੀਤਾ ਹੈ ਕਿ ਨੀਵਾਂ? ਜੋ ਲੋਕ ਮਾਤਾ, ਪਿਤਾ, ਭੈਣ, ਭਰਾ, ਪੁੱਤਰ, ਇਸਤ੍ਰੀ ਦੀ ਟੇਕ ਧਾਰਕੇ ਵਿਚਰ ਰਹੇ ਹਨ ਉਹਨਾਂ ਨੂੰ ਕੀ ਹੱਕ ਹੈ ਕਿ ਪਹਿਲੇ ਆਪਣੇ ਅੰਦਰ ਵਸਦੀ 'ਆਦਮ ਪ੍ਰਸਤੀ' ਨੂੰ ਦੂਰ ਨਾ ਕਰਨ ਤੇ ਉਨ੍ਹਾਂ ਲੋਕਾਂ ਪਰ ਇਤ੍ਰਾਜ਼ ਕਰਨ ਜਿਨ੍ਹਾਂ ਨੇ ਸੰਸਾਰ ਤੋਂ ਨਜ਼ਰ ਉਚੀ ਕਰਕੇ ਪਰਮੇਸ਼ਰ ਵਲ ਲਾਈ ਤੇ ਵਾਹਿਗੁਰੂ ਦੇ ਹੁਕਮ ਵਾਲੇ ਜੀਵਨ ਪਰ ਟੁਰਨ ਲਈ ਇਕ ਮੁਕੰਮਲ ਅਰਸ਼ੋਂ ਆਏ ਰਸੂਲ ਦੇ ਉਚੇ ਜੀਵਨ ਨੂੰ ਆਪਣਾ ਆਦਰਸ਼ ਬਣਾਇਆ ਹੈ, ਤੇ ਦਿਲ ਦੀ ਟੇਕ, ਅੰਦਰਲੇ ਦਾ ਆਸਰਾ, ਪਿਆਰ ਦਾ ਕੇਂਦਰ ਉਸਨੂੰ ਬਣਾਇਆ ਹੈ? ਹਾਂ ਉਸ ਨੂੰ ਜਿਸਨੂੰ 'ਸਭ ਤੇ ਵਡਾ ਸਤਿਗੁਰ ਨਾਨਕ' ਓਹ ਮੰਨਣ ਦਾ ਫ਼ਖ਼ਰ ਰਖਦੇ ਹਨ।

ਐਨਕ ਵਾਲਾ-ਬਹੁਤ ਖ਼ੂਬ! ਇਹ ਤਾਂ ਇਕ ਦਿਮਾਗ਼ੀ ਅਸੂਲ ਹੈ ਕਿ ਹਰ ਇਨਸਾਨ ਦੀ ਟੇਕ ਦੂਏ ਇਨਸਾਨ ਪਰ ਹੈ। ਮੇਰੀ ਸਮਝ ਵਿਚ ਤਾਂ ਜਿਨ੍ਹਾਂ ਦੀ ਪ੍ਰੀਤ ਦਾ ਕੇਂਦ੍ਰ ਮਿੱਤ੍ਰਾਂ, ਸਾਕਾਂ, ਵਿਕਾਰੀ ਸੰਬੰਧਾਂ ਤੋਂ ਉਠਕੇ ਰਸੂਲ ਅਵਤਾਰ ਯਾ ਗੁਰੂ ਹੋ ਗਿਆ ਹੈ, ਉਨ੍ਹਾਂ ਨੇ ਸਾਡੇ ਸ਼ਾਸਤ੍ਰਾਂ ਮੂਜਬ ਮੋਹ ਮਾਇਆ ਨੂੰ ਜਿੱਤ ਲਿਆ ਹੈ, ਤੇ ਉੱਚੇ ਇਨਸਾਨ ਹਨ। ਉਹਨਾਂ ਦੇ ਦਿਲ ਦੁਨੀਆਂ ਤੋਂ ਉੱਚੇ ਹਨ, ਵਾਹਿਗੁਰੂ ਦੇ ਨੇੜੇ ਜਾ ਰਹੇ ਹਨ। ਉਨਾਂ ਦਾ ਅਸੂਲ ਉਹ ਗਿਆਨ ਹੈ ਜੋ ਵਾਹਿਗੁਰੂ ਤੋਂ ਅਨੁਭਵ ਕਰਕੇ ਗੁਰੂ ਸਾਹਿਬਾਂ ਨੇ ਦਿੱਤਾ। ਉਸ ਗਿਆਨ ਦੇ ਅਮਲੀ ਜੀਵਨ ਖਸਰ ਕਰਨ ਲਈ ਉਨ੍ਹਾਂ ਦਾ ਆਦਰਸ਼ ਗੁਰੂ ਜੀਵਨ ਹੈ ਤੇ ਮਨ ਦੀ ਟੇਕ ਗੁਰੂ ਹੈ ਤੇ ਵਲਵਲਿਆਂ ਦਾ ਪਿਆਰ ਕੇਂਦ੍ਰ ਤੇ ਮਦਦ ਦਾਤਾ 'ਗੁਰੂ' ਹੈ।

---

*ਬੀਤਰਾਗ੍ਹ ਵਿਖ਼ਯੰ ਵਾ ਚਿਤ੍ਰੰ॥੧॥੩੭॥ ਅਰਥਾਤ-ਯਾ ਬੀਤਰਾਗ ਪੁਰਖ ਨੂੰ ਵਿਸ਼ਜ ਕਰਨ ਵਾਲਾ ਚਿਤ (ਮਨ ਨੂੰ ਇਮਥਿਤ ਕਰ ਲੈਂਦਾ ਹੈ)।

ਸਿੰਘ ਜੀ-ਇਨਸਾਨ ਵਿਚ ਗੁਰੂ ਸਾਹਿਬਾਂ ਨੇ 'ਅਨੰਤ ਲਈ' 'ਜ਼ਿੰਦਗੀ ਦੇ ਗੁੱਝੇ ਮਰਮਾਂ ਲਈ', 'ਮਹਾਂ ਪੁਰਖਾਂ ਲਈ', 'ਸੁੰਦਰਤਾ ਲਈ' ਤੇ 'ਚੰਗਿ-ਆਈ ਲਈ', ਇੰਕਰਾਰ ਤੇ ਸਤਿਕਾਰ (worship) ਮਾਦਾ ਪਾਇਆ ਸੀ, ਪਰ ਬਦਕਿਸਮਤੀ ਨਾਲ ਈਸਾਈ ਸਾਹਿਬਾਨ ਨੇ ਆਕੇ ਆਪਣੇ 'ਅਸਮਤੁਲ ਅੰਬੀਆ' ਯਾਨੇ 'ਪੈਗੰਬਰ ਬੇਗੁਨਾਹ ਚਾਹੀਏ' ਦਾ ਮਸਲਾ ਐਸੇ ਈਰਖਾ ਵਾਲੇ ਰੰਗ ਵਿਚ ਸੁਣਾਇਆ ਤੇ ਇਸਦੇ ਸਿਲਸਿਲੇ ਵਿਚ ਕ੍ਰਿਸ਼ਨ ਆਦਿਕ ਅਵਤਾਰਾਂ ਦੇ ਜੀਵਨ ਪਰ ਹਮਲੇ ਕੀਤੇ ਜਿਸ ਤੋਂ ਹਿੰਦੂਆਂ (ਆਰਯਾਂ) ਨੇ ਸਲਾਮਤੀ ਇਸ ਗਲ ਵਿਚ ਸਮਝੀ ਕਿ ਅਸੀਂ ਬੀ ਰਾਮ ਕ੍ਰਿਸ਼ਨ ਦੀ ਤਾਂ ਨਿੰਦਾ ਕਰੀਏ ਤੇ ਆਪਣੀ ਟੇਕ ਹੋਰ ਪਰੇ ਲੈ ਜਾਈਏ, ਸੋ ਇਨਕਾਰ ਦਾ ਮਾਦਾ ਪੰਜਾਬ ਵਿਚ ਟੁਰਿਆ। ਸਿੱਖਾਂ ਬੀ ਇਨਕਾਰ ਰੀਸੋ ਰੀਸੀ ਸਿਖ ਲਿਆ। ਇਹ ਤਾਂ ਮੈਂ ਬੀ ਮੰਨਦਾ ਹਾਂ ਕਿ ਇਤਨੇ ਇਨਕਾਰ ਦੀ ਲੋੜ ਸੀ, ਕਿ ਜੋ ਗੱਲਾਂ ਅਕਲ ਤੋਂ ਨੀਵੀਆਂ ਤੇ ਭੈੜੀਆਂ ਵਹਿਮੀ ਲੱਗ ਜਾਂਦੀਆਂ ਸਨ, ਕੱਟ ਦਿਤੀਆਂ ਜਾਂਦੀਆਂ; ਪਰ ਇਹ ਇਨਕਾਰ ਇੰਨਾ ਵਧਿਆ ਹੈ ਕਿ ਪੰਜਾਬ ਵਿਚ ਸਿਵਾ ਪਰਸਪਰ ਖਾਨਾ ਜੰਗੀਆਂ ਦੇ ਤੇ ਹਰ ਚੰਗੀ ਗਲ ਤੋਂ-ਜੋ ਅਕਲ ਤੋਂ ਰਤਾ ਬੀ ਉਚੇਰੀ ਹੋਵੇ, ਯਾ ਜਿਸਦੀ ਸਾਨੂੰ ਆਪ ਹੀ ਸਮਝ ਨਾ ਹੋਵੇ-ਅਸੀਂ ਇਨਕਾਰ ਵਿਚ ਸਲਾਮਤੀ ਵੇਖਦੇ ਹਾਂ। ਇਸ ਸੁਖ ਰਹਿਣੀ ਰਵਸ਼ ਨੇ ਖੋਜ, ਤਲਾਸ਼, ਮੁਤਾਲਿਆ, ਸਾਧਨ ਦੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਉਪਰੋਂ ਸਾਇੰਸ ਦੀ ਮੁਤਾਲਿਆ ਨੇ ਦਿੱਸ ਰਹੇ ਪਦਾਰਥਾਂ ਦੀ ਖੋਜ ਤੇ ਅਸੂਲ ਦੱਸਕੇ ਨੌਜੂਆਨਾਂ ਨੂੰ ਇਸ ਭੁਲੇਖੇ ਵਿਚ ਪਾਇਆ ਹੈ ਕਿ ਬੱਸ ਕੁਦਰਤ ਏਥੇ ਬੱਸ ਹੈ। ਇਹ ਪਤਾ ਨਹੀਂ ਲੈਂਦੇ ਕਿ ਜੀਕੂੰ ਦ੍ਰਿਸ਼ਟਮਾਨ ਹੈ ਇਸ ਤਰ੍ਹਾਂ ਦ੍ਰਿਸ਼ਟਾ ਬੀ ਹੈ। ਜੀਕੂੰ ਉਸ ਦੀ ਵਿਦਜਾ ਹੈ, ਇਸਦੀ ਬੀ ਹੈ। ਅਸੀਂ ਮਾਦਾ (Matter) ਦੇ ਭੇਦ ਨੂੰ ਤਾਂ ਕੁਛ ਖੋਜਿਆ ਹੈ, ਪਰ ਰੂਹ ਤੇ ਜ਼ਿੰਦਗੀ ਦੀ ਸਾਇੰਸ ਅਸਾਂ ਨਹੀਂ ਖੋਜੀ। ਹਾਂ ਜੀ, ਇਹ ਜੋ ਅੰਦਰ ਸਾਡੇ ਅੰਦਰਲਾ ਬੈਠਾ ਹੈ, ਇਸਦੇ ਬੀ ਕੋਈ ਮੁਰਮ ਹਨ, ਇਸਦੀ ਬੀ ਕੋਈ ਵਿਦਜਾ ਹੋਣੀ ਚਾਹੀਏ, ਉਸ ਫਿਤਰਤ ਦੀ ਬੀ ਖੋਜ ਚਾਹੀਏ ਜੋ ਸਾਰਿਆਂ ਪਦਾਰਥਾਂ ਦੀਆਂ ਡੂੰਘਾਈਆਂ ਖੋਜ ਕੇ ਲਿਆ ਰਹੀ ਹੈ। ਜ਼ਿੰਦਗੀ ਦੇ ਗਹਿਰੇ ਤੇ ਗੁੱਝੇ (deep ਤੇ profound) ਭੇਤਾਂ ਵਲ ਕੋਈ ਮੁਤਾ-ਲਿਆ ਅਰ ਖੋਜ ਨਹੀਂ ਹੈ, ਇਸ ਕਰਕੇ ਪੰਜਾਬ ਦਾ ਅੱਜ ਕੱਲ ਦਾ ਮਜ਼ੂਬ ਇਨਕਾਰ ਰੁਖ਼ੀਆ ਹੈ, ਯਾ ਇਸਦੇ ਹਰ ਮਜ਼ੂਬ ਵਿਚ 'ਇਨਕਾਰ' ਪ੍ਰਧਾਨ ਹੈ, ਇਕਰਾਰ ਨਹੀਂ ਰਿਹਾ ਯਾ ਉਡ ਰਿਹਾ ਹੈ। ਜੀਕੂੰ ਇਕਰਾਰ ਦੇ ਉਦਾਲੇ ਵਹਿਮ ਤੇ ਭਰਮ ਲੱਗ ਕੇ ਇਸਦੀ ਚਮਕ ਮੈਲੀ ਕਰਿਆ ਕਰਦੇ ਹਨ, ਉੱਕਰ ਹੀ 'ਇਨਕਾਰ' ਅੰਤ ਨਾਸਤਕਤਾ ਤੇ ਜਾਕੇ ਮੁੱਕਿਆ ਕਰਦਾ ਹੈ, ਤੇ ਨਾਸਤਕਤਾ ਯਾ ਪੂਰਨ ਇਨਕਾਰ ਜ਼ਿੰਦਗੀ ਦੀ ਖੂਬਸੂਰਤੀ ਨੂੰ ਕਤਲ ਕਰਦਾ ਹੈ, ਉੱਚੇ ਵਲਵਲੇ ਤੇ ਉੱਚੇ ਅਹਿਸਾਸ ਇਨਸਾਨ ਦੇ ਘੱਟ ਜਾਂਦੇ ਹਨ। ਜਿਕੂੰ ਹਰਨਾਖਸ਼ ਪੰਡਤ ਸੀ, ਪਰ ਇਨਕਾਰ ਦਾ ਪੰਡਤ ਸੀ, ਉਸਦੀ ਨਾਸਤਕਤਾ ਉਸਦਾ ਅੰਤ ਅਰ ਉਸ ਵੇਲੇ ਦੀ ਸੱਭਜਤਾ (Civilization) ਦੀ ਤਬਾਹੀ ਸੀ। ਹੁਣ ਇਸ ਵੇਲੇ ਪੱਛਮ ਵਿਚ ਜੋ ਜ਼ਿੰਦਗੀ ਦੇ ਮਰਮਾਂ ਤੋਂ ਮੂੰਹ ਮੋੜ ਨਿਰੀ ਮਾਦੀ (Material) ਤ੍ਰੱਕੀ ਕੀਤੀ ਗਈ ਹੈ, ਉਸਦਾ ਫਲ ਯੂਰਪ ਦੀ ਪਰਸਪਰ ਈਰਖਾ, ਬੇਚੈਨੀ ਤੇ ਭਿਆਨਕ ਜੰਗ ਹੋ ਰਿਹਾ ਹੈ*।

ਐਨਕ ਵਾਲਾ-ਠੀਕ ਹੈ ਪੰਜਾਬ ਵਿਚ 'ਇਨਕਾਰ' ਦੇ ਮਾਦੇ ਨੇ ਬੜੀ ਭਿਆਨਕ ਸ਼ਕਲ ਅਖ਼ਤਿਆਰ ਕੀਤੀ ਹੈ।

ਸਿੰਘ ਜੀ! ਆਪ ਪਾਸੋਂ ਅੱਜ ਜੀਵਨ ਮਰਮਾਂ ਦੇ ਸਤਿਕਾਰ ਯੋਗ ਇਸ਼ਾਰੇ ਸੁਣਕੇ ਮੈਨੂੰ ਅਪਣੀ ਫ਼ਿਲਾਸਫ਼ੀ ਦੀ ਮੁਤਾਲਿਆ ਸਾਰੀ ਲਾਭਦਾਇਕ ਹੋ ਗਈ ਹੈ। ਮੇਰੀ ਜਾਚੇ ਗੁਰੂ ਸਾਹਿਬਾਂ ਦੇ ਜੀਵਨ ਦੀ ਮੁਤਾਲਿਆ ਫ਼ਿਲਾਸਫ਼ੀ ਵਿਚ ਜੋ ਕੁਛ ਸੁੰਦਰ ਹੈ ਉਸ ਦਾ ਅਮਲੀ ਦਰਸ਼ਨ ਹੈ ਤੇ ਖਿਆਲ ਮੰਡਲ ਵਿਚ ਉਸਤੋਂ ਬੀ ਉਚੇਰਾ ਰੰਗ ਹੈ।

ਸਾਧੂ-ਠੀਕ ਹੈ, ਮੇਰੇ ਖਿਆਲ ਉਚੇ ਹੋ ਰਹੇ ਹਨ, ਪਰ ਮੈਂ ਸੰਨਿਆਸੀ ਹਾਂ। ਦੱਸੋ, ਮਾਇਆ

---

*ਪਹਿਲਾ ਜੰਗ ਜੋ ੧੯੧੯ ਦੇ ਲਗਪਗ ਮੁਕਾ ਸੀ। ਪਿਛੋਂ ਫੇਰ (੧੯੪੨) ਵਿਚ ਉਸਤੋਂ ਮਹਾਂ ਭਿਆਨਕ ਜੰਗ ਹੋਇਆ।

ਫੇਰ ਧਾਰਾਂ ਤਾਂ ਪ੍ਰਣ ਤੋਂ ਗਿਆ, ਜੇ ਇਸ ਤਰ੍ਹਾਂ ਰਹਾਂ ਤਾਂ ਕਿਵੇਂ ਰਹਾਂ?

ਸਿੰਘ ਜੀ-ਇਕ ਵੇਰ ਸੰਨਿਆਸੀਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਆਪ ਅਵ-ਤਾਰ ਹੋ, ਵਰਣਾਸ਼੍ਰਮ ਦੀ ਮਿਰਯਾਦਾ ਕਾਇਮ ਰੱਖੋ, ਆਪ ਨੇ ਗ੍ਰਿਹਸਤੀਆਂ ਨੂੰ ਸਾਰੇ ਅਧਿਕਾਰ ਦੇ ਦਿਤੇ ਹਨ, ਸੰਨਿਆਸ ਮੇਟ ਦਿੱਤਾ ਹੈ। ਰੋਡਾ ਜਲਾਲੀ ਇਕ ਫਕੀਰ ਬੀ ਇਹੋ ਗੱਲ ਕਰ ਰਿਹਾ ਸੀ! ਸਤਿਗੁਰ ਨੇ ਉਸ ਵੇਲੇ ਸੰਨਿਆਸੀਆਂ ਦੀਆਂ ਚਿਪੀਆਂ ਉਤੋਂ ਲਾਖ ਉਤਰਵਾਈ ਤਾਂ ਮੋਹਰਾਂ ਨਿਕਲੀਆਂ ਤੇ ਰੋਡੇ ਜਲਾਲੀ ਦੀ ਟੋਪੀ ਵਿਚੋਂ ਮੋਹਰਾਂ ਕਢਵਾਈਆਂ ਤੇ ਆਖਿਆ: ਸੰਨਿਆਸੀਆਂ ਫਕੀਰਾਂ ਪਾਸ ਇਹ ਮਾਇਆ ਕਿਉਂ ਹੈ? ਓਹ ਬੋਲੇ ਨਿਰਬਾਹ ਵਾਸਤੇ। ਸਤਿਗੁਰ ਬੋਲੇ: ਮੇਰੇ ਬਣਾਏ 'ਅਨੰਤ' ਵਿਚ ਲੋ ਰੱਖਣ ਵਾਲੇ ਗ੍ਰਿਹਸਤੀਆਂ ਕੋਲ ਮਾਇਆ ਬੀ ਨਿਰਬਾਹ ਵਾਸਤੇ ਹੈ, ਫਰਕ ਏਨਾਂ ਹੈ ਕਿ ਕਿਸੇ ਚਿੱਪੀਆਂ ਤੇ ਥੱਪ ਲਈ, ਕਿਸੇ ਟੋਪੀ ਵਿਚ ਟਾਂਕ ਲਈ, ਕਿਸੇ ਜੇਬ ਵਿਚ ਰੱਖ ਲਈ। ਸੰਨਿਆਸ ਦਿਲ ਦਾ ਹੈ। ਅਸਲ ਸੰਨਿਆਸ ਇਹ ਹੈ ਕਿ ਵਾਹਿਗੁਰੂ ਨਾਲ ਪਿਆਰ ਹੋਵੇ! ਜੇ ਦੁਨੀਆਂ ਤੋਂ ਵਿਰਕਤ ਹੋ ਗਿਆ ਤੇ ਕਰਤਾ ਪੁਰਖ ਅਕਾਲ ਮੂਰਤ 'ਅਨੰਤ' ਨਾਲ ਜੁੜਿਆ ਨਾ, ਤਦ ਸੰਨਿਆਸ ਨਹੀਂ, ਦਿਲਗੀਰੀ ਹੈ। ਜੇ ਅੰਦਰ ਲਗਾਤਾਰੀ ਲੋ ਕਰਤਾ ਪੁਰਖ ਨਾਲ ਹੈ, ਤਾਂ ਫੇਰ ਗ੍ਰਿਹਸਤ ਉੱਚੇ ਤੋਂ ਉੱਚਾ ਸੰਨਿਆਸ ਹੈ।

ਇਕ ਹੋਰ ਆਦਮੀ ਇਸੇ ਕਮਰੇ ਵਿਚ ਸੀ, ਜੋ ਹੁਣ ਤਕ ਚੁੱਪ ਚਾਪ ਪੂਰੇ ਧਿਆਨ ਨਾਲ ਸੁਣਦਾ ਰਿਹਾ ਸੀ। ਆਪ ਦਾ ਲਿਬਾਸ ਸਾਰਾ ਵਲੈਤੀ ਸੀ, ਕੇਵਲ ਪਗ ਦੇਸੀ ਸੀ। ਆਪ ਬੋਲ ਪਏ:--

ਸਿੰਘ ਜੀ! ਮੈਂ ਆਪ ਦੇ ਜਵਾਬਾਤ ਅਰ ਖਿਆਲਾਤ ਸੁਣੇ ਹਨ ਤੇ ਖੁਸ਼ ਹੋਇਆ ਹਾਂ। ਗੁਰੂ ਗੋਬਿੰਦ ਸਿੰਘ ਜੀ ਦਾ ਮੈਂ ਬੜਾ ਹੀ ਸਤਿਕਾਰ ਕਰਦਾ ਹਾਂ, ਪਰ ਮੇਰਾ ਖਿਆਲ ਹੋਰ ਹੈ, ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਨੂੰ ਮਜ਼ਹਬ ਨੇ ਡਬੋਇਆ ਹੈ। ਸਾਡੇ ਵਡਿਆਂ ਨੂੰ ਲੋੜਾਂ ਘੱਟ ਸਨ, ਕਣਕ ਤੇ ਦੁੱਧ ਸ਼ੱਕਰ ਏਥੇ ਆਮ ਹੋ ਪੈਂਦੀ ਹੈ। ਕਪੜੇ ਦੀ, ਰੁੱਤਾਂ ਗਰਮ ਹੋਣ ਕਰਕੇ ਲੋੜ ਹੀ ਘੱਟ ਹੈ! ਜ਼ਿੰਦਗੀ ਦੀਆਂ ਜ਼ਰੂਰੀਆਤ ਘੱਟ ਹੋਣ ਕਰਕੇ ਸਾਡੇ ਵਡਿਆਂ ਨੂੰ ਉੱਦਮ ਤੇ ਪ੍ਰਯਤਨ ਦੀ ਘੱਟ ਲੋੜ ਪੈਂਦੀ ਰਹੀ ਹੈ, ਉਤੋਂ ਅੱਤ ਗਰਮੀ ਨੇ ਉਨ੍ਹਾਂ ਦੇ ਐਸਾਬ (nerves)[1] ਢਿੱਲੇ ਕਰ ਦਿਤੇ ਤੇ ਪੱਠੇ ਨਰਮ ਪੈ ਗਏ, ਸੋ ਸੁਖ ਰਹਿਣੇ ਹੋ ਗਏ ਅਤੇ ਆਪਣੇ ਖਿਆਲਾਂ ਨੂੰ 'ਜ਼ਿੰਦਗੀ ਕੀ ਹੈ?' ਦੇ ਪਿਟਣਿਆਂ ਵਿਚ ਪਾਕੇ ਉਮਰਾ ਤੇ ਸਦੀਆਂ ਲੰਘਾ ਗਏ। ਵੈਰਾਗ ਤੇ ਤਿਆਗ ਦੇ ਉਪਦੇਸ਼ਾਂ ਨੇ ਕਮਜ਼ੋਰ ਕਰ ਦਿਤਾ। ਸਾਰੀਆਂ ਗਲਾਂ ਦਾ ਫਲ ਕਾਇਰਤਾ ਤੇ ਕਮਜ਼ੋਰੀ ਹੋਕੇ ਦੇਸ਼, ਕੌਮ ਅਪਾਹਜ ਹੋ ਗਏ।

ਇਸ ਤਰ੍ਹਾਂ ਦੀ ਮੁਰਦਿਹਾਨ ਤੋਂ ਚੁੱਕ ਕੇ ਜ਼ਿੰਦਗੀ ਦੀਆਂ ਦਰਪੇਸ਼ ਮੁਸ਼ਕਲਾਂ ਵਿਚ ਮਰਦ ਬਣਾਕੇ ਖੜਾ ਕਰਨ ਤੇ ਜੱਦੋ ਜਿਹਦ (ਯਤਨ) ਕਰਕੇ ਫਤਹ ਕਰਨ ਦੀ ਆਸ਼ਾ ਦੇ ਮਜ਼ਬੂਤ ਕਮਰ ਬੰਦ ਸਾਨੂੰ ਬਨ੍ਹਾਣ ਵਾਲਾ ਸ਼ੇਰ ਮਰਦ ਗੁਰੂ ਗੋਬਿੰਦ ਸਿੰਘ ਹੈ। ਮੇਰੇ ਅੰਦਰ ਉਨ੍ਹਾਂ ਦਾ ਐਡਮੀਰੇਸ਼ਨ (ਮਹਿਮਾ) ਇਹ ਹੈ ਕਿ ਉਹਨਾਂ ਨੇ ਸਾਨੂੰ ਮਜ਼ਹਬ ਦੇ ਗੋਰਖ ਧੰਦੇ ਵਿਚੋਂ ਕੱਢਿਆ, ਸੁਪਨ ਅਵਸਥਾ ਤੋਂ ਬਾਹਰ ਆਂਦਾ। ਜੋ ਕਲੇਸ਼ ਸਾਡੇ ਉਦਾਲੇ ਸਨ, ਉਨ੍ਹਾਂ ਲਈ ਤਾਨ ਭਰਿਆ; ਜੋ ਮੁਰਦਾਪਨ ਸਾਡੇ ਅੰਦਰ ਸੀ, ਉਸਨੂੰ ਦੂਰ ਕੀਤਾ। ਸਾਨੂੰ ਜੁਆਨ, ਤਕੜੇ, ਭਲੇ-ਮਾਣਸ, ਪਰ ਮਿਹਨਤ ਕਰਨ ਵਾਲੇ, ਮੁਸ਼ਕਲਾਂ ਦੇ ਅੱਗੇ ਜਵਾਂਮਰਦੀ ਨਾਲ ਉਹਨਾਂ ਨੂੰ ਹੱਲ ਕਰ ਲੈਣ ਵਾਲੇ ਜੀਊਂਦੇ ਜਾਗਦੇ ਮਰਦ ਤੇ ਪੰਡਤ ਬਣਾ ਦਿਖਾਇਆ। ਅਗਲੇ ਸੁਰਗਾਂ ਦੇ ਨਸ਼ੇ ਵਿਚ ਹਡ ਰਖ ਹੋਣ ਦੀ ਥਾਂ ਹੁਣ ਆਪਣੇ ਉਦਾਲੇ ਸੁਰਗ ਬਣਾ ਲੈਣ ਦਾ ਵੱਲ ਸਿਖਾਇਆ। ਉਹਨਾਂ ਨੇ ਜੋ ਸਿੰਘ ਪੈਦਾ ਕੀਤੇ ਇਹ ਕੋਈ ਰਾਵਲਾਂ ਦਾ ਟੋਲਾ ਨਹੀਂ, ਪਰ ਜੋ ਉਨ੍ਹਾਂ ਦੀ ਅਵਾਜ਼ ਨਾਲ ਮਰਦਊ-ਪੁਣੇ ਤੇ ਇਨਸਾਨੀਅਤ[2] ਦੇ ਜਜ਼ਬਿਆਂ ਵਿਚ ਆਕੇ ਸਚ ਮੁੱਚ ਦੇ ਆਦਮੀ ਬਣਕੇ ਖੜੇ ਹੋ ਗਏ ਕਿ ਇਨ੍ਹਾਂ ਹੱਥਾਂ ਨਾਲ ਅਸਾਂ ਸੁਖ ਪਾਉਣਾ ਤੇ ਸੁਖ ਦੇਣਾ ਹੈ, ਉਹਨਾਂ ਦਾ ਨਾਮ ਸਿੰਘ ਸੀ। ਪੱਛਮ ਦੇ ਲੋਕ ਦਿੱਸਣ ਵਾਲੇ ਸੰਸਾਰ ਵਿਚ ਤ੍ਰੱਕੀਆਂ ਕਰਕੇ

---

੧. ਸਨਾਯੂ।

੨. Manliness ਤੇ Humanitarian

ਅਨੇਕ ਸਾਇੰਸਾਂ ਦੇ ਗਿਆਤਾ ਤੇ ਸਾਇੰਸ ਦੀ ਤੁਫ਼ੈਲ ਰੇਲ, ਤਾਰ, ਜਹਾਜ਼, ਡਾਕ, ਹਰ ਤਰ੍ਹਾਂ ਦੇ ਸੁਖਾਂ ਵਾਲੇ ਪੰਡਤ ਹੋ ਗਏ ਤੇ ਅਸੀਂ ਸੁਰਗ ਸੁਰਗ ਕਰਦੇ ਸਭ ਵਿਦਯਾ ਭੁਲਾ ਕੇ ਵਹਿਮ ਤੇ ਭਰਮ ਦੇ ਨਰਕ ਵਿਚ ਪੈ ਗਏ ਸਾਂ। ਗੁਰੂ ਗੋਬਿੰਦ ਸਿੰਘ ਮਰਦ ਨੇ ਸਾਨੂੰ ਨਰਕ ਤੋਂ ਕੱਢਿਆ ਅਰ ਅਸਲੀ ਸੁਰਗ ਦਾ ਰਾਹ ਦੱਸਿਆ। ਮੈਂ ਐਉਂ ਗੁਰੂ ਜੀ ਨੂੰ ਮੁਕਤੀ ਦਾਤਾ ਸਮਝਕੇ ਉਨ੍ਹਾਂ ਦੀ ਮਹਿਮਾਂ ਕਰਦਾ (admirer) ਹਾਂ, ਤੁਸੀਂ ਹੁਣ ਹੋਰ ਹੋਰ ਆਦਰਸ਼ ਦੱਸੇ ਹਨ, ਜਿਨ੍ਹਾਂ ਨੂੰ ਮੈਂ ਬੜੇ ਸਤਿਕਾਰ ਨਾਲ ਸੁਣਿਆਂ ਹੈ, ਪਰ ਮੈਨੂੰ ਡਰ ਪੈਂਦਾ ਹੈ ਕਿ ਕਿਆ ਆਪ ਦੇ ਖਿਆਲਾਤ ਵਿਚ ਕੁਛ ਮੁਸ਼ਕ ਉਸੇ ਪੁਰਾਣੀ 'ਸ੍ਵਪਨ-ਧਰਤੀ' ਦੀ ਤਾਂ ਨਹੀਂ ਹੈ?

ਸਿੰਘ ਜੀ-ਜੇ ਆਪ ਆਗਜਾ ਦਿਓ ਤਾਂ ਆਪ ਦਾ ਖਿਆਲ ਮੈਂ ਅਪਣੇ ਲਫ਼ਜ਼ਾਂ ਵਿਚ ਦੱਸਾਂ ਤੇ ਫੇਰ 'ਗੁਰੂ-ਆਦਰਸ਼' ਸੁਣਾਵਾਂ?

ਨਵੇਂ ਬੋਲੇ ਸੱਜਣ-ਬਹੁਤ ਹੱਛਾ।

ਸਿੰਘ ਜੀ-ਤੁਹਾਡਾ ਮਤਲਬ ਇਹ ਹੈ ਕਿ 'ਹਿੰਦ ਨੂੰ ਮਜ਼ਹਬ ਨੇ ਡਬੋਇਆ' ਪਰ ਮੈਂ ਆਖਦਾ ਹਾਂ ਕਿ ਮਜ਼ਹਬ ਨੇ ਨਹੀਂ ਪਰ ਇਸਦੇ ਗ਼ਲਤ ਵਰਤਾਉ ਨੇ; ਜਿਸ ਤਰ੍ਹਾਂ ਕਿ ਸਾਇੰਸ ਦੇ ਗ਼ਲਤ ਵਰਤਾਉ ਨੇ ਦੁਨੀਆਂ ਵਿਚ ਦੁਖ ਤੇ ਪੀੜਾ ਵਧਾਈ ਹੈ। ਜੇ ਆਪ ਦੇ ਮਤਲਬ ਨੂੰ ਮੈਂ ਹੋਰ ਸਪਸ਼ਟ ਕਰਕੇ ਦੱਸਾਂ ਤਾਂ ਇਹ ਹੈ ਕਿ ਆਪ ਚਾਹੁੰਦੇ ਹੋ ਕਿ ਅਸੀਂ ਕੇਵਲ ਤੇ ਨਿਰੀ 'ਮਾਦੀ ਤ੍ਰੱਕੀ ਕਰੀਏ' ਪਰ ਅੰਦਰਲੇ ਦੀ ਖੋਜ ਪੜਤਾਲ ਤੇ ਤ੍ਰੱਕੀ ਨਾ ਕਰੀਏ। ਠੀਕ ਹੈ?

ਨਵੇਂ ਬੋਲੇ ਸੱਜਣ-ਜੀ ਹਾਂ।

ਸਿੰਘ ਜੀ-ਤੁਹਾਨੂੰ ਭੈ ਇਹ ਪੈ ਰਿਹਾ ਹੈ ਕਿ ਅੰਦਰਲੇ ਵਲ ਰੁਖ਼ ਕੀਤਿਆਂ ਇਨਸਾਨ ਅਪਣੀ ਬਾਹਰਲੀ ਹਾਲਤ ਵਿਗਾੜ ਲੈਂਦਾ ਹੈ ਤੇ ਮੁਰਦਾ ਹੋ ਜਾਂਦਾ ਹੈ।

ਨਵੇਂ ਬੋਲੇ ਸੱਜਣ-ਠੀਕ ਹੈ।

ਸਿੰਘ ਜੀ-ਗੁਰੂ ਗੋਬਿੰਦ ਸਿੰਘ ਜੀ ਦਾ ਆਪਦੇ ਇਸ ਖਿਆਲ ਨਾਲ ਇਤਫ਼ਾਕ ਨਹੀਂ। ਉਨ੍ਹਾਂ ਦਾ ਆਦਰਸ਼ ਇਹ ਹੈ ਕਿ ਅਦਾਮੀ ਦੀ ਫਿਤਰਤ (Nature) ਦੇ ਦੋ ਪਹਿਲੂ ਹਨ ਇਕ 'ਦ੍ਰਿਸ਼ਟਾ' ਤੇ ਦੂਜਾ 'ਦ੍ਰਿਸ਼ਟਮਾਨ'। ਜੇ ਦੁਹਾਂ ਵਿਚ ਨਿਪੁਨਤਾ ਹੈ ਤਾਂ ਤ੍ਰੱਕੀ ਹੈ, ਨਹੀਂ ਤਾਂ ਇਕਵਾਸੀ ਗੱਲ ਹੈ। ਆਓ ਦੇਖੋ:-

ਹਿੰਦ ਨੇ ਅੰਦਰਲੇ ਵਲ ਖਿਆਲ ਦਿਤਾ ਤਾਂ ਬਾਹਰਲੀ ਹਾਲਤ ਹੱਛੀ ਨਾ ਰਹੀ, ਤੇ ਪੱਛਮ ਨੇ ਬਾਹਰਲੀ ਹਾਲਤ ਵਲ ਸਾਰਾ ਜ਼ੋਰ ਲਾਇਆ ਤਾਂ ਅੰਦਰਲੀ ਹਾਲਤ ਵਿਗੜ ਰਹੀ ਹੈ। ਮੇਰੇ ਕਹਿਣ ਦੀ ਲੋੜ ਨਹੀਂ ਤੁਸੀਂ ਜਾਣਦੇ ਹੋ ਕਿ 'ਸੁਖ' ਜਿਸ ਨੂੰ ਕਹਿੰਦੇ ਹਨ ਉਹ ਪੱਛਮ ਵਿਚ ਬੀ ਨਹੀਂ ਓਥੇ ਵੀ ਅਸ਼ਾਂਤੀ ਤੇ ਘਬਰਾ ਪ੍ਰਧਾਨ ਹੈ। ਮੈਨੂੰ ਅਮ੍ਰੀਕਾ ਤੇ ਯੂਰਪ ਦੇ ਕਈ ਦਾਨੇ ਪ੍ਰੋਫ਼ੈਸਰਾਂ ਨੂੰ ਮਿਲਨ ਦਾ ਸਮਾਂ ਬਣਿਆ ਹੈ ਤੇ ਉਹ ਬੀ ਇਹੋ ਗਲ ਕਹਿੰਦੇ ਹਨ ਤੇ ਯੂਰਪੀ ਜੰਗਾਂ ਜੁਧਾਂ ਨੂੰ ਆਪ ਤਕ ਲਓ।

ਸੋ ਤਜਰਬੇ ਨੇ ਦੱਸਿਆ ਹੈ ਕਿ ਦੋਵੇਂ ਹਾਲਤਾਂ ਇਕਵਾਸੀਆਂ ਹਨ। ਤ੍ਰੱਕੀ ਇਸ ਗੱਲ ਦਾ ਨਾਮ ਹੈ ਕਿ ਆਪਨੂੰ ਦ੍ਰਿਸ਼ਟਮਾਨ ਦੇ ਪਦਾਰਥ (Objects) ਦੀ ਵਿਦਯਾ ਬੀ ਆਉਂਦੀ ਹੋਵੇ ਤੇ ਆਪਨੂੰ ਦ੍ਰਿਸ਼ਟਾ ਦੀ ਵਿਦਯਾ ਬੀ ਆਉਂਦੀ ਹੋਵੇ। ਜੀਵਨ ਦਾ ਹਦ ਸੌ ਵਰ੍ਹਾ ਅਸਾਂ ਦ੍ਰਿਸ਼ਟਮਾਨ ਵਿਚ ਕਟਣਾ ਹੈ ਤੇ ਮਗਰੋਂ ਸਾਡੇ ਦ੍ਰਿਸ਼ਟਮਾਨ ਦੇ ਹਿੱਸੇ ਨੇ ਮਿੱਟੀ ਸੁਆਹ ਹੋ ਜਾਣਾ ਹੈ ਤੇ ਦ੍ਰਿਸ਼ਟਾ ਦੇ ਹਿੱਸੇ ਨੇ ਮਰਕੇ ਬਾਕੀ ਰਹਿਣਾ ਹੈ। ਇਹ ਗਲ ਬੀ ਹੁਣ ਪੱਛਮ ਦੀਆਂ ਕਈ ਰੂਹਾਨੀ ਸੁਸੈਟੀਆਂ ਦੇ ਵੱਡੇ ਵੱਡੇ ਸਾਇੰਸ ਵੇਤਾ (ਜੈਸੇ ਆਲੀਵਰ ਲਾਜ) ਤਸਲੀਮ ਕਰਦੇ ਹਨ। ਸੋ ਜੇ ਅਸੀਂ ਦ੍ਰਿਸ਼ਟਮਾਨ ਦੇ ਸੌ ਵਰ੍ਹੇ ਲਈ ਵਿਦਯਾ ਦੀ ਖੋਜ ਕਰਦੇ ਹਾਂ ਤਾਂ (ਚਾਹੇ ਤੁਸੀਂ ਆਸਤਕ ਹੋਵੋ ਚਾਹੇ ਨਾਸਤਕ) ਇਹ ਜ਼ਰੂਰੀ ਹੈ ਕਿ ਅੰਦਰ ਵਸਦੇ ਉਸ ਆਪਣੇ ਹਿੱਸੇ ਦੀ-ਜੋ ਸਾਰੀਆਂ ਵਿਦਯਾ ਖੋਜਦਾ ਹੈ, ਜੋ ਦਲੀਲ ਕਰਦਾ ਤੇ ਚੇਤਨ ਹੈ-ਖੋਜ ਕਰੀਏ ਅਰ ਇਸਦੇ ਬੀ ਮਰਮ ਲੱਭੀਏ ਕਿ ਆਇਆ ਇਹ ਸਾਡਾ ਆਪਣਾ ਆਪ ਕੀ ਹੈ? ਜੇ ਅਕਾਸ਼ਾਂ ਦੀਆਂ ਡੂੰਘਾਈਆਂ ਵਿਚ ਤਾਰਿਆਂ ਤੇ ਨਛੱਤ੍ਰਾਂ, ਸ੍ਵਰਗ-ਪਥਾਂ* ਤੇ ਨੇਬੂਲਿਆਂ (ਧੁੰਧ ਤਾਰਿਆਂ) ਦਆਂ ਖੋਜਾਂ ਕਰ ਰਹੇ ਹੋ, ਤਦ ਕੀ ਤੁਸਾਡੀ ਆਪਣੀ ਅੰਦਰਲੀ ਫਿਤਰਤ ਦਾ ਤੁਸਾਡੇ ਪਰ ਕੋਈ ਹੱਕ ਨਹੀਂ ਕਿ ਤੁਸੀਂ ਇਸਨੂੰ ਬੀ ਜਾਣੋ

*Milky way.

ਕਿ ਇਹ ਕੀ ਭੇਤ ਵਾਲੀ ਤਾਕਤ ਅੰਦਰ ਕੰਮ ਕਰ ਰਹੀ ਹੈ, ਜਿਸਨੇ ਸਾਰੀਆਂ ਵਿਦਜਾ (ਸਾਇੰਸਾਂ) ਲੱਭ ਆਂਦੀਆਂ ਹਨ?

ਦੂਸਰਾ ਇਸ ਵਿਦਜਾ ਦਾ ਇਕ ਮੁਇੰਮਾ ਜੋ ਗੁਰੂ ਜੀ ਨੇ ਖੁਹਲਿਆ ਹੈ, ਉਹ ਜੇ ਆਪ ਸਮਝ ਲਓ ਤਾਂ ਆਪ ਨੂੰ ਤਸੱਲੀ ਹੋ ਜਾਏਗੀ। ਉਹ ਦੱਸਦੇ ਹਨ ਕਿ ਅੰਦਰ ਉਦਾਸੀ, ਗ਼ਮ, ਗਿਰਾਉ, ਢੱਠੇ ਰਹਿਣਾ, ਇਹ ਅੰਦਰਲੇ ਦੀ ਤ੍ਰੱਕੀ ਨਹੀਂ। ਇਹ ਆਲਸ ਤੇ ਦ੍ਰਿੱਦਰ ਹੈ, ਇਹ ਤਮੋਗੁਣ ਹੈ, ਯਾਨੇ ਮਨ ਦੀਆਂ ਦਸ਼ਾਂ ਵਿਚੋਂ ਸਭ ਤੋਂ ਨੀਵੀਂ ਦਸ਼ਾ ਹੈ। ਉਹ ਦੱਸਦੇ ਹਨ ਕਿ ਜੇ ਅੰਦਰਲੇ ਵਿਚ ਜਾਗ ਪੈਦਾ ਹੋਵੇਗੀ, ਤਾਂ ਉਹ ਉੱਚਾ ਉੱਠੇਗਾ, ਉਸ ਵਿਚ ਬਲ ਭਰੇਗਾ, ਹੋਰ ਉੱਚਾ ਹੋਕੇ ਉਹ ਦ੍ਰਿਸ਼ਟਮਾਨ ਤੋਂ ਆਪਣੇ ਆਪ ਨੂੰ ਉੱਚਾ ਤੇ ਵੱਖਰਾ ਅਨੁਭਵ ਕਰੇਗਾ ਤੇ ਉਸਦੀ ਦਸ਼ਾ ਹਰ ਵਕਤ ਖੁਸ਼ੀ ਦੀ ਹੋਵੇਗੀ, ਉਤਸ਼ਾਹ ਦੀ ਹੋਵੇਗੀ, ਤਾਕਤ ਦੀ ਹੋਵੇਗੀ, ਅਰਥਾਤ ਉਹ ਚੜ੍ਹਦੀਆਂ ਕਲਾ ਵਿਚ ਰਹੇਗਾ। ਮੈਂ ਆਪਨੂੰ ਦੱਸਦਾ ਹਾਂ ਕਿ ਉੱਨਤ ਹਿਰਦੇ ਦੀ ਇਹ ਦਸ਼ਾ ਦੱਸਣ ਲਈ ਉਨ੍ਹਾਂ ਨੇ ਲਫਜ਼ 'ਚੜ੍ਹਦੀਆਂ ਕਲਾਂ' ਆਪ ਬਣਾਇਆ ਸੀ, ਜਿਸਦਾ ਅਰਥ ਕੁਛ ਅਰਸੇ ਤੋਂ ਆਮ ਸਿੱਖ ਬੀ ਭੁੱਲ ਰਹੇ ਸਨ। ਜਿਸ ਆਦਮੀ ਦੇ ਦ੍ਰਿਸ਼ਟਾ ਹਿੱਸੇ (Subjective Nature) ਨੂੰ ਜਾਗ ਆਈ ਹੈ, ਉਹ ਵਧੀਕ ਦਾਨਾ ਤੇ ਵਧੀਕ ਤਕੜਾ ਹੋ ਜਾਂਦਾ ਹੈ, ਵਧੀਕ ਮਜ਼ਬੂਤ ਤੇ ਆਨੰਦ ਰਹਿੰਦਾ ਹੈ। ਸੋ ਗੁਰੂ ਸਾਹਿਬਾਂ ਦੇ ਦੱਸੇ ਮਜ਼ਹਬ ਨੇ ਸਾਨੂੰ ਇਕ ਮਜ਼ਬੂਤ ਵਜੂਦ ਵਾਲੇ ਬਨਾਉਣਾ ਹੈ, ਅਹਿੱਲ ਆਚਰਣ (Character) ਵਾਲੇ ਬਨਾਉਣਾ ਹੈ ਅਤੇ ਇਕ ਸ਼ਖਸੀਅਤ ਬਨਾਉਣਾ ਹੈ ਜੋ ਹਰ ਪਹਿਲੂ ਤੋਂ ਉੱਨਤ ਹੋਵੇ, ਤਦ ਉਹ ਬਾਹਰਲੇ ਜੀਵਨ ਵਿਚ ਸਾਨੂੰ ਮੁਰਦਾ ਕਿਸ ਤਰ੍ਹਾਂ ਕਰੇਗਾ? ਬਾਹਰਲਾ ਜੀਵਨ ਸਾਡਾ ਅੰਦਰਲੇ ਦੇ ਰੁਖ਼ ਝੁਕਾਉ (Attitude) ਤੋਂ ਬਣਦਾ ਹੈ। ਇਹ ਪੱਕਾ ਅਸੂਲ ਹੈ ਜਿਸਦਾ ਦਿਲ ਡਰ ਵਾਲਾ ਹੈ ਉਹ ਖੜਾਕ ਹੋਏ ਤੇ ਉੱਠ ਭੱਜੇਗਾ, ਜਿਸਦੇ ਅੰਦਰ ਪਿਆਰ ਹੈ, ਉਸਦੀ ਵਰਤੋਂ ਹਮਦਰਦੀ ਦੀ ਹੋਵੇਗੀ। ਜਿਸਦਾ ਦਿਲ ਉੱਚਾ ਹੈ ਉਹ ਦਰਿੱਦਰੀ ਨਹੀਂ ਹੋਵੇਗਾ।

ਸੋ ਜੋ ਮੁਗ਼ਾਲਤਾ (ਭੁਲੇਵਾਂ) ਤੁਸੀਂ ਖਾਧਾ ਹੈ, ਇਹ ਹੈ ਕਿ ਸਾਡੇ ਅੰਦਰਲੇ ਦਾ ਜਾਗ੍ਰਣ ਸਾਡੇ ਅੰਦਰ ਗ਼ਮ, ਉਦਾਸੀ ਦਲਿੱਦਰ ਤੇ ਕ੍ਰੂੰਝਣਾ ਪੈਦਾ ਕਰੇਗਾ। ਸਾਡੇ ਆਦਰਸ਼ ਮੂਜਬ ਉਹੋ ਧਰਮ ਧਰਮ ਹੀ ਨਹੀਂ, ਉਹ ਦ੍ਰਿਸ਼ਟਾ ਜੀ ਦੀ ਵਿਦਜਾ, ਵਿਦਜਾ ਹੀ ਨਹੀਂ ਹੈ ਜਿਸਦੇ ਆਇਆਂ ਅੰਦਰਲੇ ਵਿਚ ਅਭੈਤਾ, ਤਾਕਤ, ਉਤਸਾਹ, ਪਿਆਰ, ਖੁਸ਼ੀ, ਟਹਿਕਾਉ ਤੇ ਕੌਲ ਫੁੱਲ ਵਰਗਾ ਖੇੜਾ ਨਹੀਂ ਆਵੇਗਾ। ਤੁਸੀਂ ਆਪ ਹੀ ਸੋਚ ਵੇਖੋ ਕਿ ਜਦ ਅੰਦਰਲੇ ਵਿਚ ਉਤਸਾਹ, ਬਲ, ਅਭੈਤਾ, ਇਕਾਗ੍ਰਤਾ, ਪਿਆਰ ਹੋਵੇਗਾ, ਤਦੋਂ ਉਸ ਆਦਮੀ ਦਾ ਜੀਵਨ ਤੇ ਵਰਤਾਉ ਦਰਿੱਦਰ, ਮੁਰਦਾਪਨ, ਕਾਇਰਤਾ ਤੇ ਢਿੱਲਾਪਨ ਦੇ ਹੋਣਗੇ, ਯਾ ਸਾਹਸ ਵਾਲੇ, ਉੱਦਮ ਵਾਲੇ, ਹੋਸ਼ ਵਾਲੇ ਤੇ ਸੁਖਦਾਈ?

ਨਵੇਂ ਬੋਲੇ ਸੱਜਣ-ਠੀਕ ਹੈ, ਇਹ ਤਾਂ ਸਪਸ਼ਟ ਹੈ।

ਸਿੰਘ ਜੀ-ਫਿਰ ਆਪ ਹੀ ਦੱਸੋ ਕਿ ਜਦ ਗੁਰੂ ਜੀ ਨੇ ਮਜ਼ਹਬ ਦਾ ਆਦਰਸ਼ ਦੱਸਿਆ ਹੈ ਕਿ ਇਹ ਇਕ ਖੇੜਾ ਹੈ, ਖੁਸ਼ੀ* ਹੈ, ਰਸ ਹੈ, ਤਾਕਤ ਹੈ, ਬਲ ਹੈ, ਹਾਵੀ ਆਚਰਣ ਹੈ, ਫਿਰ ਸ਼ਾਂਤਮਯ ਤੇ ਸੁਆਦੀਕ ਹੈ, ਤਦ ਆਪਦਾ ਇਤਰਾਜ਼ ਆਪੇ ਹੱਲ ਹੋ ਗਿਆ। ਦੂਸਰੇ ਇਹ ਗੱਲਾਂ ਸਤਿਗੁਰ ਨੇ ਜ਼ਬਾਨੀ ਹੀ ਨਹੀਂ ਕੀਤੀਆਂ, ਕਰਕੇ ਦੱਸੀਆਂ ਹਨ।

ਗੁਰੂ ਨਾਨਕ ਦੇਵ ਕਿਸੇ ਕੰਦਰਾ ਵਿਚ ਲੰਮੇ ਪੈਕੇ, ਮੈਲੀਆਂ ਲੀਰਾਂ ਵਿਚ ਸੌਂ ਕੇ ਦਿਨ ਨਹੀਂ ਗੁਜ਼ਾਰ ਗਏ। ਕੁੱਲ ਉਸ ਵੇਲੇ ਦੇ ਜਾਣੇ ਸੰਸਾਰ ਵਿਚ ਫਿਰੇ ਤੇ ਘਰ ਘਰ ਇਹ ਨਾਦ ਸੁਣਾਇਆ ਕਿ ਇਨਸਾਫ ਤੇ ਟੇਕ ਧਰਕੇ, ਆਪਣੇ ਅਸਲੇ ਨੂੰ ਪਛਾਣਕੇ, ਅੰਦਰਲੇ ਨੂੰ ਵਾਹਿਗੁਰੂ ਪ੍ਰੇਮ ਵਿਚ ਪਾਕੇ ਇਕ ਦਜਾਨਤਦਾਰੀ ਦਾ ਉੱਚਾ, ਸੁੱਚਾ ਸੁਹਣਾ ਤੇ ਬਲਵਾਨ ਜੀਵਨ ਬਸਰ ਕਰੋ ਤੇ ਸਰਬੱਤ ਨੂੰ ਪਿਆਰ ਕਰੋ। ਆਪ ਜਿਸ ਜਿਸ ਨੂੰ ਮਿਲੇ ਸਭ ਪਰ ਫਤਹ ਪਾਈ। ਸਫਰ ਓਦੋਂ ਦੇ ਕਿੰਨੇ ਕਠਨ ਸਨ, ਪਰ ਓਹਨਾਂ ਨੇ ਕਿਤਨੇ ਲੰਮੇ ਲੰਮੇ ਸਫਰ ਕੀਤੇ?

ਦੂਸਰੇ ਸਤਿਗੁਰੂ ਜੀ ਓਸੇ ਤਰ੍ਹਾਂ ਰਸ ਨਿਮਰਾਨ ਤੇ ਸਾਹਸ ਵਾਲੇ ਸਨ, ਤੀਸਰੇ ਸਤਿਗੁਰ ਸੱਤਰ ਵਰ੍ਹੇ

*ਨਾਨਕ ਭਗਤਾ ਸਦਾ ਵਿਗਾਸੁ॥ {ਜਪੁਜੀ}

ਦੀ ਉਮਰ ਤੋਂ ੧੦੫* ਵਰ੍ਹੇ ਦੀ ਵਡੇਰੀ ਉਮਰ ਵਿਚ ਕਿਤਨਾ ਸਾਹਸ ਉੱਦਮ ਤੇ ਉੱਚੇ ਪਰਸੁਆਰਥ ਦਾ ਜੀਵਨ ਬਸਰ ਕਰਦੇ ਰਹੇ ਹਨ। ਇਸੀ ਤਰ੍ਹਾਂ ਸਾਰੇ ਸਤਿਗੁਰ ਹੋਏ ਹਨ।

ਦਸਵੇਂ ਜਾਮੇ ਅਮਲੀ ਲੋੜ ਲਈ ਆਪ ਨੇ, ਤੁਸਾਂ ਨੂੰ ਪਤਾ ਹੈ, ਜੋ ਕੁਛ ਕੀਤਾ। ਅਮਲੀ ਤੌਰ ਤੇ ਜੋ ਸਿਖ ਬਣੇ ਉਨ੍ਹਾਂ ਦੇ ਜੀਵਨ ਪੜ੍ਹ ਲਵੋ, ਬਚਿਤ੍ਰ ਸਿੰਘ, ਉਦੈ ਸਿੰਘ, ਸੰਤ ਸਿੰਘ, ਸੰਗਤ ਸਿੰਘ, ਚਾਲੀ ਮੁਕਤੇ, ਪੰਜੇ ਪਜਾਰੇ, ਚਾਰ ਆਪਣੇ ਪੁੱਤ੍ਰ, ਮਨੀ ਸਿੰਘ, ਤਾਰੂ ਸਿੰਘ ਹੋਰ ਮੈਂ ਕਿੰਨੇ ਕੁ ਗਿਣਾਂ? ਕਿਸ ਆਤਮ ਅਰੂੜਤਾ ਦੇ ਬੰਦੇ ਪੈਦਾ ਕੀਤੇ ਜੋ ਦ੍ਰਿਸ਼ਟਾ ਵਿਚ ਬੀ ਉੱਨਤ ਸਨ ਤੇ ਦ੍ਰਿਸ਼ਟਮਾਨ ਵਿਚ ਬੀ ਆਪਣੇ ਸਮੇਂ ਦਾ ਉੱਤਮ ਤੋਂ ਉੱਤਮ ਕੰਮ ਕਰ ਗਏ ਹਨ।

ਸੋ ਸੱਜਣ ਜੀ! ਅੰਦਰਲੇ ਦੀ ਵਿਦਜਾ ਨੂੰ ਭੁਲਾ ਦੇਣਾ ਠੀਕ ਨਹੀਂ, ਅੰਦਰਲੇ ਨੂੰ ਰਸ ਦੇਸ਼ ਲਿਜਾਣਾ, ਖੇੜੇ ਵਿਚ ਰੱਖਣਾ, ਜੋ ਵਾਹਿਗੁਰੂ ਰੁਖ਼ੀਏ ਹੋਇਆਂ ਹੁੰਦਾ ਹੈ, ਜ਼ਰੂਰੀ ਹੈ, ਤੇ ਅੰਦਰਲਾ ਜਦ ਸੁਖੀ ਤੇ ਨਿਜ ਟਿਕਾਣੇ, ਅਪਣੀ ਟੇਕ ਤੇ ਹੋਵੇਗਾ ਤਾਂ ਉਸ ਦੀ ਦ੍ਰਿਸ਼ਟੀ ਦਰੁਸਤ ਹੋਵੇਗੀ, ਅਰ ਉਸਦੀ ਰੌਸ਼ਨੀ ਵਿਚ ਬਾਹਰਲਾ ਜੀਵਨ ਠੀਕ ਸੁਖਦਾਈ ਬਣਾ ਸਕਾਂਗੇ।

ਨਵੇਂ ਆਏ-(ਥੈਂਕਸ) ਧੰਨਵਾਦ ਹੈ! ਪਰ ਮਜ਼ਹਬਾਂ ਵਾਲੇ ਪਰਸਪਰ ਲੜਦੇ ਕਿਉਂ ਹਨ?

ਸਿੰਘ ਜੀ-ਇਹ ਉਨ੍ਹਾਂ ਦੀ ਭੁੱਲ ਤੇ ਤੰਗਦਿਲੀ ਹੈ। ਗੁਰੂ ਜੀ ਤਾਂ ਸਿਖਾਲਦੇ ਹਨ ਕਿ ਨਾਮ ਜਪੋ, ਭਾਵ ਅੰਦਰੋਂ ਦ੍ਰਿਸ਼ਟਾ ਵਾਹਿਗੁਰੂ ਨਾਲ ਲਗੇ ਰਹੋ ਤੇ ਮਨ ਨੂੰ ਚੜ੍ਹਦੀਆਂ ਕਲਾਂ ਵਿਚ ਰਖੋ ਤੇ ਸਰਬੱਤ ਦਾ ਭਲਾ ਕਰੋ, ਇਹ ਸਾਡੀ ਰੋਜ਼ ਦੀ ਅਰਦਾਸ ਹੈ-ਨਾਨਕ, 'ਨਾਮ', 'ਚੜ੍ਹਦੀ ਕਲਾ', ਤੇਰੇ ਭਾਣੇ 'ਸਰਬਤ ਦਾ ਭਲਾ।'

ਨਵੇਂ ਆਏ-ਠੀਕ ਹੈ, ਜਿਸ ਮਜ਼ਹਬ ਦੇ ਇਹ ਆਦਰਸ਼ ਤੇ ਅਸੂਲ ਹਨ, ਉਹ ਬੇਸ਼ਕ ਸੁਖਦਾਈ ਵਸਤੂ ਹੈ।

ਐਨਕ ਵਾਲਾ-ਜੋ ਕੁਛ ਆਪ ਨੇ ਦੱਸਿਆ ਹੈ, ਇਹ ਅਸਲ ਸੰਨਜਾਸ ਹੈ ਜੋ ਦੀਨ ਦੁਨੀ ਦੇ ਮੁਖ ਦੇਂਦਾ ਹੈ। ਮੇਰਾ ਆਦਰਸ਼ ਹੁਣ ਗੁਰੂ ਜੀ ਹੋਣ।

ਸਿੰਘ ਜੀ-ਮੈਂ ਇਕ ਗੱਲ ਹੋਰ ਕਹਿਣੀ ਹੈ:- ਮਹਾਂਪੁਰਖ ਬਿਨਾ ਸੰਸਾਰ ਸੁੰਞਾ ਹੈ, ਮਹਾਂ ਪੁਰਖ ਵਿਚ ਇਕ ਬੜੀ ਉੱਚੀ ਅਰੀਮ ਦੀ ਕਲਾ ਹੁੰਦੀ ਹੈ ਜੋ ਆਮ ਇਨਸਾਨਾਂ ਵਿਚ ਨਹੀਂ ਹੁੰਦੀ। ਤੁਸੀਂ ਪੱਛਮੀ ਵਿਦਜਾ ਪੜ੍ਹੇ ਹੋ, ਐਸੇ ਆਦਮੀਆਂ ਨੂੰ, ਜੋ ਅਲੌਕਿਕ ਕਵਿਤਾ, ਯਾ ਅਜੀਬ ਚਿੱਤ੍ਰ ਸੰਗੀਤ ਬਣਾ ਲੈਂਦੇ ਹਨ ਯਾ ਦਿਲ ਵਿੰਨ੍ਹਵੇਂ ਯਾ ਸਾਇੰਸ ਦੇ ਮਰਮ ਖੋਜ ਕੱਢਦੇ ਹਨ, ਯਾ ਦੇਸ਼, ਰਾਜ ਆਦਿਕ ਪ੍ਰਬੰਧਾਂ ਵਿਚ ਗ਼ੈਰ ਮਾਮੂਲੀ ਕਾਬਲੀਅਤ ਦਿਖਾਲਦੇ ਹਨ, ਉਨ੍ਹਾਂ ਨੂੰ ਜੀਨੀਅਸ (Genius) ਆਖਦੇ ਹਨ। ਦੱਸੋ ਹਰੇਕ ਆਦਮੀ 'ਜੀਨੀਅਸ' ਹੁੰਦਾ ਹੈ?

ਸਭ ਨੇ ਕਿਹਾ-ਨਹੀਂ, ਕੋਈ ਵਿਰਲਾ, ਕਦੇ।

ਸਿੰਘ ਜੀ-ਫਿਰ ਮਹਾਂ ਪੁਰਖਾਂ ਦੇ ਕਲਾਵਾਨ ਹੋਣ ਤੋਂ ਇਨਕਾਰ ਕਰਨਾ ਕੀ ਅਰਥ ਰੱਖਦਾ ਹੈ?

ਮਹਾਂ ਪੁਰਖ ਇਕ ਅਰੀਮ ਦੀ ਕਲਾ ਨਾਲ ਕਲਾਧਾਰੀ ਹੁੰਦਾ ਹੈ। ਉਸ ਵਿਚ ਕੋਈ ਅਕਹਿ ਤਾਕਤ ਹੈ। ਸਾਡੇ ਸਾਮਾਨ ਲੱਕੜ ਕਾਠ ਹਨ, ਪਰ ਕਲਾਵਾਨ ਇਕ ਬਲਦੀ ਬਿਜਲੀ ਹੈ। ਸਾਡੇ ਵਿਚ ਇਕ ਮੁਰਦਿਹਾਨ ਹੈ, ਉਸ ਵਿਚ ਇਕ ਅਮਰੀ ਜੀਵਨ ਹੈ। ਉਹ ਮਾਮੂਲੀ ਇਨਸਾਨ ਨਹੀਂ, ਉਹ ਕੋਈ ਤਾਕਤ ਹੈ, ਬਲ ਹੈ, ਸਮਰੱਥਾ ਹੈ, ਖੂਬਸੂਰਤੀ ਹੈ, ਤੇਜ ਹੈ, ਪ੍ਰਤਾਪ ਹੈ, ਅਝੁਕਤਾ ਹੈ, ਨਿਰਭੈਤਾ ਹੈ।

ਉਹ ਕਦੇ ਕਦੇ ਆਉਂਦਾ ਹੈ, ਸੰਸਾਰ ਵਿਚ ਜਦ ਕੋਈ ਬਦੀ ਗ਼ਾਲਬ ਆਉਂਦੀ ਹੈ ਤਾਂ ਫੇਰ ਮਾਰਦਾ ਹੈ ਅਰ ਅਪਣੀ ਅਗਨੀ ਨਾਲ ਉਸ ਬਦੀ ਨੂੰ ਦਗਧ ਕਰਕੇ ਇਨਸਾਨੀ ਖਿਆਲ ਨੂੰ ਪਲਟਾ ਦੇ ਜਾਂਦਾ ਹੈ। ਮੇਰੀ ਅਕਲ, ਤਜਰਬੇ ਵਿਸ਼ਵਾਸ ਵਿਚ ਇਹ ਆਇਆ ਹੈ ਕਿ ਗੁਰ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਕਲਾਵਾਨਾ, ਕਲਾਧਾਰੀਆਂ, ਮਹਾਂ ਪੁਰਖਾਂ ਸਭ ਵੱਡਿਆਂ ਤੋਂ ਉੱਚੇ ਦਰਜੇ ਤੇ ਹਨ। ਮੈਂ ਮਹਾਂ ਪੁਰਖਾਂ ਦਾ ਉਨ੍ਹਾਂ ਨੂੰ ਸਰਦਾਰ ਮੰਨਦਾ ਤੇ ਪਿਆਰ ਕਰਦਾ ਹਾਂ, ਬਲਕਿ ਮੈਂ ਤਾਂ ਉਨ੍ਹਾਂ ਦਾ ਐਉਂ ਜ਼ਿਕਰ ਕਰਨਾ-ਜਿਸ ਤਰ੍ਹਾਂ ਕਰਦਾ ਹਾਂ-ਅਪਣੇ ਲਈ ਗੁਸਤਾਖ਼ੀ ਸਮਝਦਾ ਹਾਂ। ਉਹ ਬਹੁਤ

---

*ਲਗਪਗ ੭੧ ਵਰ੍ਹੇ ਦੀ ਆਯੂ ਵਿਚ ਸੇਵਾ ਵਿਚ ਆਏ, ੧੨ ਵਰ੍ਹੇ ਸੇਵਾ ਤੇ ੨੨ ਵਰ੍ਹੇ ਗੁਰਿਆਈ ਕੀਤੀ।

ਉਚੇ ਤੇ ਵੱਡੇ 'ਗੁਰ ਨਾਨਕ ਦੇਵ ਗੋਵਿੰਦ ਰੂਪ' ਹਨ। ਜੀਕੂੰ ਇਕ ਲੋਹੇ ਦਾ ਗੋਲਾ ਅੱਗ ਵਿਚ ਪਿਆ ਅੱਗ ਰੂਪ ਹੁੰਦਾ ਹੈ, ਇਕੁਰ ਅਮਰੀ, ਅਨੰਤ, ਵਾਹਿਗੁਰੂ ਦੀ ਅਲੂਹੀਅਤ ਨਾਲ ਉਹ ਰੱਬੀ ਜਲਾਲ ਨਾਲ ਸਰਸ਼ਾਰ, ਜਮਾਲ ਤੇ ਜਲਾਲ ਰੂਪ ਇਲਾਹੀ ਜਲਵਾ ਹਨ। ਮੇਰਾ ਈਮਾਨ ਇਹ ਹੈ।

ਸਾਰੇ-ਬੇਸ਼ੱਕ, ਅਜ ਸਾਨੂੰ ਬੀ ਉਨ੍ਹਾਂ ਦੇ ਆਦ-ਰਸ਼ ਐਸੇ ਹੀ ਪਿਆਰੇ ਲਗੇ ਹਨ ਅਰ ਸਾਡੇ ਦਿਲਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਨਿਵਾਸ ਪਾ ਗਿਆ ਹੈ ਅਰ ਸਾਨੂੰ ਬੀ ਆਪ ਵਾਂਗੂ ਪਿਆਰੇ ਤੇ ਮਿਠੇ ਲਗੇ ਹਨ। ਉਹ ਆਪ ਦੇ ਹੀ ਨਹੀਂ, ਸਰਬ ਕਾਲੀ, ਸਰਬ ਦੇਸ਼ੀ, ਸਾਡੇ ਸਭਨਾਂ ਦੇ ਆਪਣੇ ਹਨ।

੯੯. ਅੱਖੀਂ ਦੇਖਣ ਵਾਲੇ ਪ੍ਰੇਮੀਆਂ ਦੇ ਸੁਨੇਹੇ*।

ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੋਹਨ ਮੂਰਤੀ ਸੰਸਾਰ ਵਿਚ ਹਰ ਅੱਖ ਨੂੰ ਭਾਈ। ਪੁਰਾਤਨ ਨਵੀਨ ਜਿਸ ਇਤਿਹਾਸਕਾਰ ਨੇ ਉਨ੍ਹਾਂ ਦਾ ਜ਼ਿਕਰ ਕੀਤਾ, ਕਿਸੇ ਨਾ ਕਿਸੇ ਖ਼ੂਬੀ ਦੀ ਮਹਿਮਾਂ ਕੀਤੀ। ਜਿਸ ਨੁਕਤੇ ਤੋਂ ਜਿਸ ਨੇ ਡਿਠਾ ਮਜਬੂਰ ਹੋਇਆ ਕਿ ਮਹਿਮਾਂ ਕਰੇ। ਹਿੰਦੂ, ਸਿਖ, ਮੁਸਲਮਾਨ, ਅੰਗ੍ਰੇਜ਼ ਸਾਰੇ ਇਤਿਹਾਸਕਾਰਾਂ ਨੇ, ਜਸ ਗਾਵਿਆਂ। ਸਿਖਾਂ ਦੇ ਲਿਖਣ ਨੂੰ ਜੇ ਇਤਿ-ਹਾਸਕ ਨੁਕਤੇ ਦੇ ਰੁੱਖਾਪਨ ਤੋਂ ਵਧੀਕ ਸ਼ਰਧਾ ਤੇ ਪ੍ਰੇਮ ਭੀ ਕਾਰਨ ਸਮਝਿਆ ਜਾਵੇ ਤਾਂ ਲਾ: ਦੌਲਤ ਰਾਇ ਵਰਗੇ ਆਰਯਾਂ ਦਾ ਸ੍ਰੀ ਗੁਰੂ ਜੀ ਨੂੰ ਰਾਮ, ਕ੍ਰਿਸ਼ਨ, ਪੈਗੰਬਰਾਂ ਤੋਂ ਵਡਾ ਕਹਿਣਾ ਤੇ ਇਹ ਲਿਖਣਾ "ਸਾਰੀ ਕੌਮੋਂ ਅਪਣੇ ਬਹਾਦਰੋਂ ਔਰ ਸ਼ਹੀਦੋਂ ਪਰ ਜਿਸ ਕਦਰ ਫ਼ਖ਼ਰ ਕਰੋਂ ਜ਼ੇਬਾ, ਲੇਕਨ ਜੋ ਫ਼ਖ਼ਰ ਹਿੰਦੂਓਂ ਕੋ ਗੁਰੂ ਗੋਬਿੰਦ ਸਿੰਘ ਕਾ ਹੈ ਉਸਕਾ ਮੁਕਾਬਲਾ ਰੂਏ ਆਲਮ ਮੇਂ, ਸ਼ਸ਼ਦਰ ਜਹਾਨ ਮੇਂ ਔਰ ਕੋਈ ਕੌਮ ਨਹੀਂ ਕਰ ਸਕਤੀ" ਤੇ ਫੇਰ ਕਹਿਣਾ ਕਿ 'ਸੰਸਾਰ ਨੂੰ ਫ਼ਖ਼ਰ ਹੋ ਸਕਦਾ ਹੈ ਤਾਂ ਗੁਰੂ ਦਸਮੇਂ ਪਾਤਸ਼ਾਹ ਜੀ ਦਾ' ਦਸਦਾ ਹੈ ਕਿ ਕੈਸਾ ਜ਼ਬਰਦਸਤ ਵਜੂਦ ਗੁਰੂ ਜੀ ਦਾ ਹੈ ਜੋ ਅਨ-ਉਪਾਸ਼ਕਾਂ ਤੋਂ ਬੀ ਮਹਿਮਾਂ ਕਰਵਾਉਂਦਾ ਹੈ। ਲਾਲਾ ਸ਼ਿਵਬ੍ਰਤ ਲਾਲ ਰਾਧਾ ਸੁਆਮੀ ਗੀਤ ਗਾਉਂਦਾ ਹੈ। ਗ੍ਰਿਫਿਨ ਲਿਖਦਾ ਹੈ ਕਿ:-"ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਬਰ ਤਿਆਰ ਸਜਜਾ ਸਜਾਯਾ ਖਾਲਸਾ ਆਪਣੇ ਦਿਮਾਗ ਤੋਂ ਇਸ ਤਰ੍ਹਾਂ ਪੈਦਾ ਕਰਕੇ ਰਖ ਦਿਤਾ ਜਿਸ ਤਰ੍ਹਾਂ ਬ੍ਰਹਸਪਤ ਨੇ ਦੇਵੀ ਮੈਨਿਰਵਾ ਪੈਦਾ ਕੀਤੀ ਸੀ"। ਕਨਿੰਘਮ ਦਾ ਉਨ੍ਹਾਂ ਦੇ ਕੰਮ ਦੀ ਸ਼ਲਾਘਾ, ਅਰ ਜ਼ਿੰਦਗੀ ਤੋਂ ਬਾਦ ਕੰਮ ਸਿਰੇ ਚੜ੍ਹਨ ਵਿਚ ਉਨ੍ਹਾਂ ਦੀ ਦਾਨਾਈ ਅਰ ਕੰਮ ਕਰਨ ਦੀ ਸੁੰਦਰਤਾ ਦੀ ਸ਼ਲਾਘਾ ਕਰਨਾ ਦਸਦਾ ਹੈ ਕਿ ਇਤਿਹਾਸ ਸਾਰਾ ਉਹਨਾਂ ਦੀ ਮਹਿਮਾਂ ਕਰਦਾ ਹੈ। ਪਰ ਅਜ ਅਸੀਂ ਮਗਰੋਂ ਹੋਏ ਇਤਿਹਾਸਕਾਰਾਂ ਦੀ ਉਗਾਹੀ ਨਹੀਂ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਕੋਈ ਐਸਾ ਪ੍ਰੇਮੀ ਮਿਲੇ ਜਿਸ ਨੇ ਗੁਰੂ ਜੀ ਨੂੰ ਡਿਠਾ ਹੋਵੇ, ਪਿਆਰ ਕੀਤਾ ਹੋਵੇ, ਪਾਸ ਰਿਹਾ ਹੋਵੇ, ਫੇਰ ਵਿਦਵਾਨ ਹੋਵੇ, ਵਿਵੇਕ ਵਾਲਾ ਹੋਵੇ, ਸੰਸਾਰਕ ਵਿਭੂਤੀ ਵਾਲਾ ਹੋਵੇ ਅਤੇ ਜਿਸ ਨੇ ਗੁਰੂ ਜੀ ਦੇ ਗੁਣਾਂ ਤੇ ਆਸ਼ਿਕ ਹੋਕੇ ਕੋਈ ਕੁਰਬਾਨੀ ਕੀਤੀ ਹੋਵੇ, ਉਹ ਅਪਣੀ ਜ਼ੁਬਾਨ ਨਾਲ ਸਾਨੂੰ ਗੁਰੂ ਜੀ ਦੀ ਆਤਮਿਕ ਸੁੰਦਰਤਾ ਸੁਣਾਵੇ। ਉਹ ਆਖੇ: ਇਹ ਮੈਂ ਅੱਖੀਂ ਡਿਠਾ ਹੈ, ਮੇਰੇ ਐਉਂ ਹੱਡ ਬੀਤੀ ਹੈ, ਮੈਂ ਇਹ ਅਸਰ ਅਜ਼ਮਾਯਾ ਹੈ। ਜਦ ਅਸੀਂ ਇਹ ਅਭਿਲਾਖਾ ਕਰਦੇ ਹਾਂ ਤਾਂ ਸਾਡੇ ਸਾਹਮਣੇ ਇਕ ਸੁੰਦਰ ਮੂਰਤੀ ਆ ਖੜੋਂਦੀ ਹੈ। ਗਜ਼ਨੀ ਦਾ ਜਨਮ ਹੈ, ਲੰਮੀ ਸੁੰਦਰ ਡੀਲ ਹੈ, ਅੱਖਾਂ ਵਿਚ ਨਿਮਕੀ ਤੇ ਦਨਾਈ ਭਰੀ ਹੈ, ਦੋਵੇਂ ਨੈਣ ਪਿਆਲੇ ਸੁੱਚੇ ਮਦ ਨਾਲ ਸਰਸ਼ਾਰ ਹਨ, ਵਿਦਜਾ ਤੇ ਪ੍ਰਤਾਪ ਮਗਰ ਮਗਰ ਆ ਰਹੇ ਹਨ। ਜੇ ਤਾਂ ਆਪ ਦੀ ਕਲਮ ਦਾ ਕੋਈ ਜੀਵਨ ਚਰਿਤ੍ਰ ਲੱਭ ਜਾਂਦਾ ਤਾਂ ਹੋਰ ਵੀ ਸੁਖ ਦਾ ਕੰਮ ਸੀ, ਪਰ

*ਇਹ ਲੇਖ ੧੧ ਪੋਹ ਸੰ: ਗੁ: ਨਾ: ਸਾ: ੪੪੫ (੨੫ ਦਸੰਬਰ ੧੯੧੩) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਤ ਹੋਯਾ ਸੀ।

ਹੁਣ ਜੋ ਕੁਛ ਸੁਨੇਹਾ ਉਹ ਦੇਂਦੇ ਹਨ ਸਾਨੂੰ ਸੋਈ ਬੜਾ ਸੁਖਦਾਈ ਹੈ।

੧. ਭਾਈ ਨੰਦ ਲਾਲ ਜੀ!

ਆਪ ਕਹੋਗੇ ਇਤਿਹਾਸ ਦੀ ਉਗਾਹੀ ਸਾਡੇ ਪਾਸ ਕਾਫ਼ੀ ਹੈ ਕਿ ਸ੍ਰੀ ਗੁਰੂ ਜੀ ਦੇ ਆਤਮ ਗੁਣ ਸਾਡੇ ਵਿਚ ਨਿਵਾਸ ਕਰਨ ਤੇ ਸਾਡਾ ਸਤਿਕਾਰ ਮੱਲੋਮਲੀ ਉਹਨਾਂ ਲਈ ਉਛਾਲੇ ਲਵੇ, ਪਰ ਜਿਸ ਸੱਜਣ ਤੋਂ ਸਤਿਗੁਰ ਦੀਆਂ ਗਲਾਂ ਅਜ ਅਸੀਂ ਸੁਣਨਾ ਲੋਚਦੇ ਹਾਂ, ਉਸਦੀ ਉਗਾਹੀ ਸਾਰੇ ਇਤਿਹਾਸਾਂ ਤੋਂ ਜ਼ਬਰਦਸਤ ਹੈ, ਕਿਉਂਕਿ ਉਹ ਅਖੀਂ ਡਿਠੀ ਤੇ ਹੱਡੀਂ ਬੀਤੀ ਦੱਸਦਾ ਹੈ। ਉਹ ਪਿਆਰਾ ਨਾਮ ਭਾਈ ਨੰਦ ਲਾਲ ਜੀ ਦਾ ਹੈ! ਆਪ ਫ਼ਾਰਸੀ ਜ਼ੁਬਾਨ ਦੇ ਪੰਡਤ, ਅਰਬੀ ਦੇ ਵਿਦ-ਵਾਨ ਸੇ, ਦਾਨਾਈ ਤੇ ਦੂਰੰਦੇਸ਼ੀ, ਮਾਮਲੇ ਦੇ ਸਮ-ਝਣ ਤੇ ਵਿਵੇਕ ਕਰਨ ਵਿਚ ਇੰਨੇ ਪ੍ਰਬੀਨ ਸੇ ਕਿ ਬਹਾਦਰਸ਼ਾਹ ਸ਼ਾਹ-ਜ਼ਾਦੇ ਦੇ ਮੀਰ-ਮੁਨਸ਼ੀ (ਸਕੱਤ੍ਰ) ਬਣੇ, ਅਰ ਇਸ ਅਹੁਦੇ ਤੇ ਹੋਣਾ ਦੱਸਦਾ ਹੈ ਕਿ ਉਹਨਾਂ ਦਾ ਐਸ਼੍ਵਰਜ ਭੀ ਕਿਤਨਾ ਸੀ। ਐਸ਼੍ਵਰਜ ਅਰ ਦਾਨਾਈ, ਲਿਆਕਤ, ਪ੍ਰਬੀਨਤਾ ਵਾਲੇ ਹੋਕੇ ਹਿੰਦੁਸਤਾਨ ਦੇ ਵਡੇ ਵਡੇ ਫ਼ਕੀਰਾਂ ਕਾਮਲਾਂ ਤੇ ਸਾਧੂਆਂ ਦੇ ਜਾਣੂੰ ਹੋਕੇ ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਮੰਨਿਆਂ। ਬਾਲਪਣ ਦੀ ਅੱਲ੍ਹੜ ਉਮਰਾ ਵਿਚ ਨਹੀਂ, ਜੁਆਨੀ ਦੇ ਜੋਸ਼ ਵਿਚ ਨਹੀਂ, ਪਰ ਪੱਕੀ ਉਮਰਾ ਵਿਚ ਤਜਰਬੇ ਤੇ ਵਿਦਯਾ ਵਿਚ ਪ੍ਰਬੀਨ ਹੁੰਦੇ ਹੋਏ। ਇਸ ਤਰ੍ਹਾਂ ਦੇ ਲਾਇਕ, ਖੋਜੀ, ਵਿਦਵਾਨ, ਕਵੀ, ਗ੍ਰੰਥਕਾਰ, ਸ਼ਾਹੀ ਪੜਤਲੇ ਵਾਲੇ, ਪਤ ਅਬਰੋ ਵਾਲੇ ਦਾ ਉਹਨਾਂ ਨੂੰ ਕਾਮਲ ਮੰਨਣਾ, ਗੁਰੂ ਚੁਣਨਾ ਤੇ ਸੰਸਾਰ ਤੋਂ ਨਾਤਾ ਤੋੜਕੇ ਲਗ ਪਣ ਸਾਰੀ ਉਮਰ ਉਹਨਾਂ ਦੇ ਚਰਨਾਂ ਵਿਚ ਬਿਤਾਉਣਾ ਦੱਸਦਾ ਹੈ ਕਿ ਗੁਰੂ ਜੀ ਫੌਜੀ ਜਰਨੈਲ, ਰਾਜਸੀ ਮਹਾਂ ਪੁਰਖ, ਜੋਧਾ, ਕਵੀ, ਵਿਦਵਾਨ, ਪੰਡਤ ਹੁੰਦੇ ਹੋਏ ਕਾਮਲ ਫ਼ਕੀਰ, ਪੂਰੇ ਗੁਰੂ-ਗੁਰ ਅਵਤਾਰ-ਸੇ। ਭਾਈ ਨੰਦ ਲਾਲ ਦਾ ਸਿੱਖ ਹੋਣਾ ਇਕ ਆਮ ਆਦਮੀ ਦਾ ਸਿਖ ਹੋਣਾ ਨਹੀਂ, ਭਾਈ ਨੰਦ ਲਾਲ ਦਾ ਪ੍ਰੇਮ ਆਮ ਮੋਹ ਨਹੀਂ, ਉਹਨਾਂ ਦੀ ਸਿਖੀ ਇਕ ਕਾਮਲ ਉਗਾਹੀ ਹੈ ਜੋ ਇਤਿਹਾਸਕ ਤ੍ਰੀਕੇ ਤੇ ਪੱਥਰ ਲੀਕ ਵਾਂਗ ਦਿਲਾਂ ਪਰ ਸਿੱਕਾ ਬਿਠਾਉਂਦੀ ਹੈ ਕਿ ਗੁਰੂ ਸਾਹਿਬ ਜੀ ਕਮਾਲ ਦਰਜੇ ਦੇ ਮਹਾਂ ਪੁਰਖ ਸੇ। ਦੇਖੋ ਭਾਈ ਨੰਦ ਲਾਲ ਜੀ ਉਹਨਾਂ ਦੇ ਮੁਰਸ਼ਦਾਨਾ ਕਮਾਲ ਪਰ ਕੀ ਆਖਦੇ ਹਨ:-

ਜ਼ਹੇ ਸਾਹਿਬ ਦਿਲੇ, ਰੌਸ਼ਨ ਜ਼ਮੀਰੇ, ਆਰਫ਼ੇ ਕਾਮਿਲ; ਕਿ ਬਰ ਦਰਗਾਹਿ ਹੱਕ ਪੇਸ਼ਾਨੀਏ ਓ ਸੂਦਹ ਮੇਬਾਸ਼ਦ॥

ਅਰਥਾਤ-ਧੰਨ ਹੈ ਉਹ ਦਿਲ ਦਾ ਮਾਲਿਕ* ਦਿਬ ਦ੍ਰਿਸ਼ਟੀ ਵਾਲਾ ਪੂਰਨ ਗਿਆਨੀ ਕਿ ਜਿਸ ਦਾ ਮਸਤਕ ਪਰਮੇਸ਼ੁਰ ਦੀ ਦਰਗਾਹ ਤੇ ਸਦਾ ਟਿਕਿਆ ਰਹਿੰਦਾ ਹੈ।

ਇਹ ਪ੍ਰੀਤਮ ਜੀ ਨੂੰ ਅਖੀਂ ਵੇਖਣ ਵਾਲੇ ਪ੍ਰੇਮੀ ਜੀ ਦਾ ਅਜ ਸਾਨੂੰ ਸੁਨੇਹਾ ਹੈ ਕਿ ਜਿਸ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੋਂ ਤੁਸੀਂ ਅਜ ਸਦਕੇ ਹੁੰਦੇ ਹੋ, ਮੈਂ ਅੱਖੀਂ ਡਿਠੀ ਸਾਖੀ ਭਰਦਾ ਹਾਂ ਕਿ ਉਹ ਪੂਰਨ ਬ੍ਰਹਮ-ਵੇਤਾ ਹਨ, ਉਹ ਪੂਰਨ ਦਿੱਬ ਦ੍ਰਿਸ਼ਟ ਹਨ ਅਰ ਵਾਹਿਗੁਰੂ ਪ੍ਰੇਮ ਵਿਚ ਨਿਰੰਤਰ ਮਗਨ ਹਨ। ਮੈਂ ਉਹਨਾਂ ਨਾਲ ਕੀਕੂੰ ਵਰਤਦਾ ਹਾਂ ਕਿ:-

ਬਕੁਰਬਾਨੇ ਸ਼ਰੇ ਕੂਯਸ਼ ਬਗਿਰਦੋ ਦਮ ਮਜ਼ਨ ਗੋਯਾ! ਇਸ਼ਾਰਤ ਹਾਇ ਚਸ਼ਮੇ ਓ ਮਰਾ ਫ਼ਰਮੂਦਹ ਮੇ ਬਾਸ਼ਦ।

ਉਸ ਸਤਿਗੁਰ ਦੇ ਕੂਚੇ ਦੇ ਉਦਾਲੇ ਮੈਂ ਸਦਕੇ ਹੁੰਦਾ ਹਾਂ ਤਾਂ ਦਮ ਨਹੀਂ ਮਾਰਦਾ, (ਪ੍ਰੇਮੀ ਹੋ ਤੱਕਦਾ ਹਾਂ ਤਾਂ) ਸਤਿਗੁਰ ਦੇ ਨੈਣਾਂ ਦੇ ਇਸ਼ਾਰਿਆਂ ਨਾਲ (ਤਾਰਨ ਹਾਰ) ਉਪਦੇਸ਼ ਪ੍ਰਾਪਤ ਹੁੰਦਾ ਹੈ। ਅਤੇ-

ਜ਼ਿ ਫੈਜ਼ੇ ਮੁਰਸ਼ਦੇ ਕਾਮਿਲ ਮਰਾ ਮਾਲੂਮ ਸ਼ੁਦ ਆਖ਼ਿਰ, ਕਿ ਦਾਯਮ ਮਰਦਮੇ ਦੁਨੀਆ ਬਗ਼ਮ ਆਲੂਦਹਾ ਮੇ ਬਾਸ਼ਦ॥

ਮੈਨੂੰ ਪੂਰਨ ਸਤਿਗੁਰ ਦੀ ਮਿਹਰ ਨਾਲ ਅੰਤ ਇਹ ਪਤਾ ਲਗ ਗਿਆ ਕਿ ਦੁਨੀਆਂਦਾਰ ਆਦਮੀ

*ਨਾਮ ਵਿਚ ਰੱਤੇ ਨੂੰ ਭਾਈ ਜੀ ਨੇ ਸਾਹਿਬ ਦਿਲ ਕਿਹਾ ਹੈ।

ਦਾ ਦਿਲ ਸਦਾ ਗ਼ਮ ਨਾਲ ਰੀਦਾ ਰਹਿੰਦਾ ਹੈ ਤੇ ਮੈਨੂੰ ਸਤਿਗੁਰ ਤੋਂ ਇਹ ਅਵਸਥਾ ਮਿਲੀ ਹੈ:-

ਬਹਰ ਸੂਏ ਕਿ ਮੇ ਬੀਨਮ ਬਚਸ਼ਮਮ ਮਾਸਿਵਾ ਨਾਯਦ, ਹਮੇਸ਼ਹ ਨਕਸ਼ੇ ਓ ਦਰ ਦੀਦਹੇ ਮਾ ਬੂਦਹ ਮੇ ਬਾਸ਼ਦ!

ਮੇਰੀਆਂ ਅੱਖੀਆਂ ਵਿਚ ਜਿਧਰ ਤੱਕਾਂ ਸਿਵਾਇ ਉਸਦੇ ਨਕਸ਼ ਦੇ ਹੋਰ ਕੋਈ ਦੀਦਾਰ ਨਹੀਂ ਵੱਸਦਾ।

੨. ਅਦੁਤੀ ਗੁਰੂ-ਭਾਈ ਜੀ ਗੁਰੂ ਜੀ ਨੂੰ ਕਾਮਲ ਮੁਰਸ਼ਿਦ, ਬ੍ਰਹਮ ਵੇਤਾ, ਦਿੱਬ ਦ੍ਰਿਸ਼ਟ ਮੰਨਦੇ ਹੋਏ ਆਮ ਮੁਰਸ਼ਿਦਾਂ ਦੀ ਬਰਾਬਰੀ ਤੇ ਨਹੀਂ ਦੇਖਦੇ, ਉਹਨਾਂ ਦੇ ਤਜਰਬੇ ਨੇ ਉਹਨਾਂ ਨੂੰ ਦੱਸ ਦਿਤਾ ਸੀ ਕਿ ਆਪ ਸਭ ਤੋਂ ਉਚੇ ਹਨ, ਇਨ੍ਹਾਂ ਦੀ ਕੀਮਤ ਕੂਤ ਦਾ ਹੋਰ ਕੋਈ ਬ੍ਰਹਮਵੇਤਾ ਅਹ ਮੁਰਸ਼ਿਦ ਨਹੀਂ ਹੈ। ਯਥਾ:-

ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼-ਸਾਰਿ ਮਾ। ਹਰ ਦੋ ਆਲਮ ਕੀਮਤੇ ਯਕ ਤਾਰੇ ਮੂਏ ਯਾਰਿ ਮਾ।

ਦੀਨ ਤੇ ਦੁਨੀਆਂ ਦੋਵੇਂ ਮੇਰੇ ਸੁੰਦਰ ਪ੍ਰੀਤਮ (ਸਤਿਗੁਰ ਗੋਬਿੰਦ ਸਿੰਘ) ਜੀ ਦੇ ਚਰਨਾਂ ਵਿਚ ਹਨ, ਮੇਰੇ ਸਤਿਗੁਰ ਦੇ ਇਕ ਰੋਮ ਦੀ ਕੀਮਤ ਦੋ ਜਹਾਨ ਨਹੀਂ ਤੁਲ ਸਕਦੇ।

ਫਿਰ ਆਖਦੇ ਹਨ ਕਿ ਪਰਮੇਸ਼ੁਰ ਪ੍ਰਾਪਤੀ ਲਈ ਉਪਦੇਸ਼, ਸਿੱਖਿਆ, ਸਾਧਨ ਆਦਿ ਪਿੱਟਣਿਆਂ ਨਾਲ ਸਿਰੇ ਚਾੜ੍ਹਨ ਦੀ ਏਸ ਮੁਰਸ਼ਿਦ ਨੂੰ ਹੋਰਨਾਂ ਵਾਂਗੂ ਲੋੜ ਨਹੀਂ ਹੈ, ਇਹ ਅਦੁਤੀ ਮੁਰਸ਼ਿਦ ਹੈ। ਏਥੇ ਤਾਂ:-

ਆਈਨਹਏ ਖ਼ੁਦਾਨੁਮਾ ਹਸਤ ਰੂਏ ਤੋ। ਦੀਦਾਰੇ ਹਕ ਜ਼ਿ ਆਈਨਹੇ ਰੂਏ ਤੋ ਮੇਕੁਨੰਦ।

ਹੇ ਕ਼ਲਗੀਆਂ ਵਾਲੇ! ਤੇਰਾ ਚਿਹਰਾ ਰੱਬ ਨੂੰ ਪਰਤੱਖ ਪ੍ਰਗਟ ਕਰਨੇ ਵਾਲਾ ਹੈ। ਹਾਂ, ਤੇਰੇ ਚਿਹਰੇ ਦੇ ਸ਼ੀਸ਼ੇ ਤੋਂ (ਆਰਫ ਲੋਕ) ਰੱਬ ਦਾ ਦਰਸ਼ਨ (ਸੁਤੇ ਸਿਧ) ਪ੍ਰਾਪਤ ਕਰਦੇ ਹਨ। ਚਿਹਰਾ ਹੀ ਖ਼ੁਦਾ ਦਿਖਾਵਣ ਵਾਲਾ ਹੈ।

ਆਪਣੇ ਗੁਰੂ ਨੂੰ 'ਸ਼ਾਹ' ਕਹਿਕੇ ਸੱਦਦੇ ਹਨ, ਜਿਸਤੋਂ ਭਾਵ ਹੈ ਕਿ ਹੋਰ ਸਭ ਪੀਰ ਮੁਰਸ਼ਿਦ ਉਸ ਦੀ ਰਈਅਤ ਹਨ:-

ਮਾ ਬਪਾਏ ਸ਼ਾਹ ਸਰ ਅਫਰੀਦਹ ਏਮ। ਅਜ਼ ਦੁਆਲਮ ਦਸਤ ਰਾ ਅਫਸ਼ਾਂਦਹ ਏਮ।

ਅਸਾਂ 'ਸ਼ਾਹ' (ਗੁਰੂ) ਦੇ ਚਰਨੀਂ ਸੀਸ ਨਿਵਾਇਆ ਹੈ, (ਤਦ ਤੋਂ) ਦੋ ਜਹਾਨਾਂ ਤੋਂ ਹੱਥ ਧੋਇਆ ਹੈ।

੩. ਗੁਰੂ ਜੀ ਦੀ ਪ੍ਰੇਰਨਾ ਸ਼ਕਤੀ-ਸਤਿਗੁਰੂ ਜੀ ਦੇ ਪ੍ਰਭਾਵ ਤੇ ਪ੍ਰੇਰਨ ਸ਼ਕਤੀ ਤੇ ਪੁਰ ਅਮਰ ਜਜ਼ਬੇ ਬਾਬਤ ਭਾਈ ਜੀ ਗੁਰੂ ਗੋਬਿੰਦ ਸਿੰਘ ਜੀ ਨਾਲ ਆਪਣੀ ਹੱਡ ਬੀਤੀ ਦਸਦੇ ਹਨ:-

ਮਾਰਾ ਬਯਕ ਇਸ਼ਾਰਹਏ ਅਬਰੂ ਸ਼ਹੀਦ ਕਰਦ। ਅਕ ਨੂੰ ਇਲਾਜ ਨੇਸਤ ਕਿ ਤੀਰ ਅਜ਼ ਕਮਾਂ ਗੁਜ਼ਸ਼ਤ।

ਕਲਗੀਆਂ ਵਾਲੇ ਨੇ ਅੱਖ ਦੇ ਇਕ ਇਸ਼ਾਰੇ ਨਾਲ ਮੈਨੂੰ ਸ਼ਹੀਦ ਕਰ ਲੀਤਾ, ਹੁਣ ਜੋ ਤੀਰ ਕਮਾਨੋਂ ਛੁਟ ਚੁਕਾ ਉਸਦਾ ਕੀ ਦਾਰੂ ਹੈ?

੪. ਗੁਰੂ ਜੀ ਦਾ ਉਪਦੇਸ਼-ਭਾਈ ਨੰਦ ਲਾਲ ਜੀ ਦੱਸਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਹ ਸਿਖਜਾ ਦੇਂਦੇ ਸਨ ਤੇ ਉਹ ਸਿਖਜਾ ਮਨ ਨੂੰ ਕੀਹ ਪਲਟਾ ਦੇਂਦੀ ਹੈ:-

ਮੁਰਸ਼ਿਦੋ ਕਾਮਲੇ ਮਾ ਬੰਦਗੀ ਅਤਫ਼ੂਰਮਾਯਦ। ਐ ਜ਼ਹੇਕਾਲ ਮੁਬਾਰਕ ਕਿ ਕੁਨਦ ਸਾਹ ਬੇਹਾਲ।

ਮੇਰੇ ਪੂਰਨ ਸਤਿਗੁਰੂ ਜੀ ਭਜਨ ਕਰਨ ਦਾ ਹੁਕਮ ਦੇਂਦੇ ਹਨ, (ਉਹ ਹੁਕਮ ਐਸਾ) ਮੁਬਾਰਕ ਮਹਾਂ ਵਾਕ ਹੈ ਕਿ ਸੁਣਦੇ ਸਾਰ ਉਨਮਨੀ ਅਵਸਥਾ ਵਿਚ ਲੈ ਜਾਂਦਾ ਹੈ।

੫. ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀਆਂ ਕਲਾਂ ਵਾਲੇ ਸਤਿਗੁਰ ਹਨ:-

ਨਮੇਂ ਗੁੰਜਦ ਬਚਸ਼ਮੇ ਗ਼ੈਰ ਸ਼ਾਹੇ ਖ਼ੁਦ ਪਸੰਦੇ ਮਨ। ਬਚਸ਼ਮਮ ਖ਼ੁਸ਼ ਨਿਸ਼ਸਤ ਆਂ ਕ਼ਾਮਤੇ ਬਖ਼ਤੇ ਬੁਲੰਦੇ ਮਨ।

ਗ਼ੈਰ ਦੀਆਂ ਅੱਖਾਂ ਵਿਚ ਮੇਰੇ ਪੂਰਨ ਚੜ੍ਹਦੀਆਂ ਕਲਾਂ ਵਾਲੇ ਪਾਤਸ਼ਾਹ ਨਹੀਂ ਸਮਾਉਂਦੇ, ਉਹ ਉੱਚੀ ਡੀਲ ਤੇ ਉਚੇ ਬਖ਼ਤ ਵਾਲੇ (ਮੇਰੇ ਪਾਤ-ਸ਼ਾਹ) ਮੇਰੀਆਂ ਖ਼ੁਸ਼ ਅੱਖਾਂ ਵਿਚ ਆ ਬਿਰਾਜੇ ਹਨ। ਕਿਸੇ ਗ਼ੈਰ ਦੀਆਂ ਅੱਖਾਂ ਵਿਚ ਨਾ ਸਮਾ ਸਕਣ ਦੇ ਅਰਥ ਹਨ ਕੋਈ ਉਹਨਾਂ ਨੂੰ ਅਪਣਾ ਨਿਸ਼ਾਨਾ ਨਹੀਂ ਬਣਾ ਸਕਦਾ, ਕੋਈ ਉਹਨਾਂ ਨੂੰ ਝੁਕਾ ਨਹੀਂ

ਸਕਦਾ। ਜਿਸਨੂੰ ਕਵੀ ਜੀ ਨੇ ਏਥੇ 'ਖ਼ੁਦ ਪਸੰਦੀ' ਕਿਹਾ ਹੈ, ਉਹ ਏਕਾਗ੍ਰਤਾ ਦਾ ਸਭ ਤੋਂ ਉਚਾ ਦਰਜਾ ਹੈ, ਜਿਥੇ ਆਪਣੇ ਆਪ ਵਿਚ ਆਪਾ ਸਾਖੀ ਹੋ ਖਲੋਂਦਾ ਹੈ, ਖੁਸ਼ੀ, ਰਸ ਤੇ ਉਚਾ ਪਨ ਕਮਾਲ ਦਰਜੇ ਦਾ ਹੁੰਦਾ ਹੈ। ਇਸ ਦਰਜੇ ਦਾ ਮਹਾਂ ਪੁਰਖ ਕੇਵਲ ਪ੍ਰੇਮ ਦੇ ਵੱਸ ਹੁੰਦਾ ਹੈ।

੬. ਪ੍ਰੇਮੀ ਨੂੰ ਪ੍ਰੇਮ ਕਰਨੇ ਵਾਲਾ-

ਆਸ਼ੁਫਤਹਏ ਆਂਨੇਮ ਕਿ ਓ ਸ਼ੈਫਤਹ ਏ ਮਾਸਤ।
ਮਾ ਸ਼ਾਹ ਨ ਦਾਨੇਮ ਗਦਾ ਰਾ ਨ ਸ਼ਨਾਸੇਮ।

ਅਸੀਂ ਜਿਸ ਪ੍ਰੀਤਮ ਦੇ ਪ੍ਰੇਮੀ ਹਾਂ, ਉਹ ਸਾਡਾ ਬੀ ਆਸ਼ਿਕ ਹੈ, ਹੋਰ ਅਸੀਂ (ਪਦਾਰਥਾਂ ਵਾਲੇ) ਪਾਤਸ਼ਾਹਾਂ ਨੂੰ (ਤੇ ਸਿੱਧੀਆਂ ਵਾਲੇ) ਫਕੀਰਾਂ ਨੂੰ ਨਹੀਂ ਪਛਾਣਦੇ ਕਿ ਕੌਣ ਹਨ? ਭਾਵ ਇਹ ਹੈ ਕਿ ਅਸੀਂ ਜਿਸ ਗੁਰੂ ਨੂੰ ਪ੍ਰੇਮ ਕਰਦੇ ਹਾਂ, ਉਹ ਐਸਾ ਪ੍ਰੇਮ ਪੁੰਜ ਹੈ ਕਿ ਸਾਨੂੰ ਬੀ ਪ੍ਰੇਮ ਕਰਦਾ ਹੈ।

ਜੇ ਵਾਹਿਗੁਰੂ ਗੁਰੂ ਪ੍ਰੇਮ ਨਾ ਕਰਨ ਤਾਂ ਕੋਈ ਭਗਤ ਪ੍ਰੇਮ ਕਰ ਹੀ ਕੀਹ ਸਕਦਾ ਹੈ।

੭. ਸਤਿਗੁਰ ਦਾ ਮਾਰਗ ਸੁਖੈਨ ਮਾਰਗ ਹੈ। ਈਰਾਨ ਦੇ 'ਹਾਫਜ਼' ਜੀ ਆਪਣੇ ਪਰਮੇਸ਼ੁਰ ਪ੍ਰਾਪਤੀ ਦੇ ਰਸਤੇ ਨੂੰ ਅਤੀ ਕਠਨ ਦਸਦੇ ਹਨ, ਜਿਸ ਦਾ ਅਰਥ ਇਹ ਹੈ:-

ਮੰਜ਼ਲ ਯਾਰ ਪਿਆਰੇ ਅੰਦਰ
ਸੁਖ ਆਰਾਮ ਨ ਕਾਈ।
ਇਸ ਘੜਿਆਲ ਤਿਆਰੀ ਵਾਲੇ
ਹਰਦਮ ਟਨ ਟਨ ਲਾਈ।

ਭਾਈ ਜੀ ਉਹਨਾਂ ਦੇ ਹੀ ਲਫਜ਼ਾਂ ਵਿਚ ਅਰ ਓਸੇ ਤਰ੍ਹਾਂ ਦੀ ਗਜ਼ਲ ਵਿਚ ਦਸਦੇ ਹਨ ਕਿ ਮੇਰੇ ਸਤਿਗੁਰ ਦਾ ਰਸਤਾ ਬੜਾ ਔਖਾ ਹੈ:-

ਮਰਾ ਦਰ ਮੰਜ਼ਲੇ ਜਾਨਾਂ
ਹਮਹ ਐਸ਼ੋ ਹਮਹ ਸ਼ਾਦੀ।
ਜਰਸ ਬੇਹੂਦਹ ਮੇ ਨਾਲਦ
ਕੁਜਾ ਬੰਦੇਮ ਮਹਮਿਲਹਾ।

ਅਰਥਾਤ-

ਮੰਜ਼ਲ ਯਾਰ ਪਜਾਰੇ ਅੰਦਰ,
ਖੁਸ਼ੀਆਂ ਤੇ ਸ਼ਦਿਆਨੇ ਹਨ।
ਕਿਉਂ ਪਿੱਟਣ ਘੜਿਆਲ,
ਅਸਾਡੇ ਪ੍ਰੀਤਮ ਗੋਦ ਟਿਕਾਣੇ ਹਨ।

੮. ਗੁਰੂ ਜੀ ਦਾ ਰਸਤਾ ਦਸਦੇ ਹਨ-

ਰਾਹ ਰਸਾਨੇ ਰਾਹਿ ਹਕ ਆਮਦ ਅਦਬ।
ਹਮ ਬਦਿਲ ਯਾਦੇ ਖ਼ੁਦਾ ਓ ਹਮ ਬਲਬ।

ਰੱਬ ਦੇ ਰਸਤੇ ਪੁਚਾਉਣ ਵਾਲੇ ਦਾ ਅਦਬ, ਦਿਲ ਵਿਚ ਰੱਬ ਦੀ ਯਾਦ ਤੇ ਜੀਭ ਪਰ ਸਿਮਰਨ, ਇਹ ਕਲਗੀਆਂ ਵਾਲੇ ਦਾ ਸੱਤ ਮਾਰਗ ਹੈ। ਅੱਜ ਕਲ ਕਈ ਲੋਕ ਪਹਿਲੋਂ ਤੋਂ ਹੀ ਅੰਤਰਮੁਖ ਜਾਪਾਂ ਨਾਲ ਔਖੇ ਹੋਏ ਦੇਖੇ ਹਨ, ਕਿਉਂਕਿ ਉਹ ਮਨ ਦੀ ਮੈਲ ਲੱਥੇ ਬਿਨਾ ਹੀ ਜੀਭ ਦਾ ਸਿਮਰਨ ਛੋੜ ਦੇਂਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਉਂਦੇ ਹਨ:-

"ਬਰਨ ਸਹਿਤ ਜੋ ਜਾਪੈ ਨਾਮੁ॥
ਸੋ ਜੋਗੀ ਕੇਵਲ ਨਿਹਕਾਮ॥" {ਭੈਰੋ:ਰਵਿ-੧}

੯. ਗੁਰੂ ਜੀ ਦਾ ਰੂਪ ਬੜਾ ਸੁੰਦਰ ਤੇ ਤੇਜਵਾਨ ਸੀ:

ਬਾ ਦੀਦਹ ਖ਼ੂਬਨਾਕ ਚੂੰ ਬੇਰੂੰ ਬਰਾਮਦੀ।
ਸ਼ਰਮਿੰਦਹ ਗਸ਼ਤ ਅਜ਼ ਰੁਖ਼ੇ ਤੋ ਆਫ਼ਤਾਬੇ ਸੁਬਹ।

ਨੀਂਦ ਅਲਸਾਏ ਨੈਣਾਂ ਨਾਲ (ਹੇ ਸਤਿਗੁਰ!) ਜਦ ਤੁਸੀਂ ਬਾਹਰ ਨਿਕਲੇ ਤਾਂ ਤੁਸਾਡੇ ਚਿਹਰੇ ਨੂੰ ਦੇਖਕੇ ਸਵੇਰ ਦਾ ਸੂਰਜ ਸ਼ਰਮਿੰਦਾ ਹੋ ਗਿਆ।

ਹੋਲੇ ਮਹੱਲੇ ਦੇ ਬਿਆਨ ਵਿਚ ਗੁਰੂ ਜੀ ਦਾ ਕੌਤਕ ਤੇ ਮਨਮੋਹਨ ਅਸਰ ਬਿਆਨ ਕਰਦੇ ਹਨ:-

ਗੁਲਾਲ ਅਫਸ਼ਾਨੀਏ ਦਸਤੇ ਮੁਬਾਰਕ,
ਜ਼ਮੀਨੋ ਆਸਮਾਂ ਰਾ ਸੁਰਖ਼ਰੂ* ਕਰਦ।
ਦੁਆਲਮ ਗਸ਼ਤ ਰੰਗੀਂ ਅਜ਼ ਤੁਫੈਲਸ਼,
ਚੁਸ਼ਾਹਮ ਜਾਮਾਹਏ ਰੰਗੀਂ ਦਰ ਗੁਲੂਕਰਦ।
ਕਸੇ ਕੋ ਦੀਦ ਦੀਦਾਰੇ ਮੁਕੱਦਸ,
ਮੁਰਾਦੇ ਉਮਰ ਰਾ ਹਾਸਲ ਨਿਕੋ ਕਰਦ।
ਸ਼ਵਦ ਕੁਰਬਾਨ ਖ਼ਾਕੇ ਸਾਧ ਸੰਗਤ,
ਦਿਲੇ ਗੋਯਾ ਹਮੀ ਰਾ ਆਰਜ਼ੂ ਕਰਦ।

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ) ਮੁਬਾਰਕ ਹਸਤ ਕਮਲਾਂ ਤੋਂ ਗੁਲਾਲ ਦੇ ਛਿੜਕਾਉ ਨੇ ਜ਼ਮੀਨ ਅਸਮਾਨ ਨੂੰ ਲਾਲ ਗੁਲਾਲ* ਕਰ ਦਿੱਤਾ। ਜਦ ਮੇਰੇ ਸਚੇ ਪਾਤਸ਼ਾਹ ਨੇ ਰੰਗ ਛਿੜਕੇ ਕਪੜੇ ਪਹਿਨੇ ਤਾਂ ਉਸਦੀ ਤੁਫੈਲ ਦੋ ਜਹਾਨਾਂ ਨੂੰ ਰੰਗ ਚੜ੍ਹ ਗਿਆ, ਇਸ ਪਵਿੱਤ੍ਰ ਦੀਦਾਰ ਨੂੰ ਜਿਸ ਨੇ ਡਿੱਠਾ ਉਸ ਨੇ

---

*ਸੁਰਖ਼ਰੂ=ਲਾਲ ਗੁਲਾਲ ਤੇ ਦੂਜੇ ਅਰਥ ਹਨ-ਮੁੱਖ ਉਜਲੇ।

ਉਮਰਾਂ ਦੀ ਮੁਰਾਦ ਪਾ ਲਈ। ਮੇਰਾ ਦਿਲ ਤਰਸਦਾ ਹੈ ਕਿ ਐਸੀ ਸਾਧ ਸੰਗਤ ਦੀ ਧੂੜ ਤੋਂ ਸਦਕੇ ਹੋ ਜਾਵਾਂ।

੧੦. ਗੁਰੂ ਗੋਬਿੰਦ ਸਿੰਘ ਜੀ ਨੂੰ ਭਾਈ ਜੀ ਨੇ ਪਰਖਕੇ ਗੁਰੂ ਬਣਾਇਆ ਸੀ:-

ਮਾ ਕਿ ਦੀਦੇਮ ਸਰੇ ਕੂਏ ਤੋ ਐ ਮਹਿਰਮੇ ਰਾਜ਼। ਅਜ਼ ਹਮਹ ਰੂਏ ਫਿਰੀਦਹ ਏਮ ਸਰੇ ਖ਼ੁਦ ਬਨਿਆਜ਼।

ਹੇ ਭੇਤ ਦੇ ਮਹਿਰਮਾਂ! ਜਦ ਅਸਾਂ ਤੇਰੇ ਕੂਚੇ ਦਾ ਰਸਤਾ ਲੱਭਿਆ ਤਾਂ ਹੋਰ ਸਾਰੇ ਰਸਤਿਆਂ ਤੋਂ ਮੂੰਹ ਮੋੜਕੇ ਨਿੰਮ੍ਰਤਾ ਤੇ ਸ਼ਰਧਾ ਨਾਲ ਅਪਣੇ ਸਿਰ ਨੂੰ ਤੇਰੇ ਦਰਵਾਜ਼ੇ ਤੇ ਸੱਟਿਆ। ਭਾਵੇਹ ਕਿ ਸਾਰਿਆਂ ਨੂੰ ਤੱਕਿਆ, ਤਦ ਤੋਂ ਹੋਰ ਸਾਰੇ ਦਰ ਛੋੜਕੇ ਤੇਰਾ ਦਰ ਮੱਲਿਆ ਹੈ।

੧੧. ਗੁਰੂ ਜੀ ਦੇ ਦਰਸ਼ਨ ਵੈਰਾਗ ਤੇ ਪ੍ਰੇਮ ਪੈਦਾ ਕਰਦੇ ਹਨ:-

ਹਰ ਗਹ ਨਜ਼ਰ ਬਜਾਨਬੇ ਦਿਲਦਾਰ ਮੇ ਕੁਨਮ।
ਦਰਿਯਾਇ ਹਰ ਦੁਚਸ਼ਮ ਗਹੁਰ ਬਾਰ ਮੇ ਕੁਨਮ।

ਜਦੋਂ ਭੀ ਅਸੀਂ ਪ੍ਰੀਤਮ ਜੀ ਵਲ ਨਜ਼ਰ ਭਰਕੇ ਤੱਕਦੇ ਹਾਂ, ਸਾਡੀਆਂ ਦੁਹਾਂ ਅੱਖੀਆਂ ਦੇ ਦਰਯਾ ਮੋਤੀਆਂ ਵਾਂਗੂ ਵੱਸ ਪੈਂਦੇ ਹਨ।

੧੨. ਗੁਰੂ ਗੋਬਿੰਦ ਸਿੰਘ ਜੀ ਦੀ ਤਕਰੀਰ ਦਾ ਅਸਰ:-

ਤਮਾਮੀ ਮੁਰਦਹਹਾ ਰਾ ਅਜ਼ ਤਬੱਸਮ ਜ਼ਿੰਦਹ ਮੇ ਸਾਜ਼ਦ। ਚੁ ਰੇਜ਼ਦ ਆਬੇ ਹੈਵਾਂ ਅਜ਼ ਦਹਾਂ ਆਂ ਗੁੰਚਾ ਖੰਦੇ ਮਨ।

ਫੂਲ ਕਲੀ ਵਰਗੇ ਹਸਮੁਖੇ ਚਿਹਰੇ ਵਾਲਾ ਮੇਰਾ ਪ੍ਰੀਤਮ ਜਦੋਂ ਮੁਸਕ੍ਰਾਕੇ ਆਪਣੇ ਮੁਖੜੇ ਤੋਂ ਅੰਮ੍ਰਤ ਵਰਖਾ ਕਰਦਾ ਹੈ, ਸਾਰੇ ਮੁਰਦਿਆਂ ਨੂੰ ਜੀਉਂਦਾ ਕਰ ਦੇਂਦਾ ਹੈ।

੧੩. ਗੁਰੂ ਜੀ ਦਾ ਧਿਆਨ:-

ਮਨਮ ਯਕ ਮੁਸ਼ਤਿ ਗਿਲ ਗੋਯਾ ਦਰੂਨਮ ਨੂਰਿ ਓ ਲਾਮਅ। ਬਗਿਰਦਸ਼ ਦਾਯਮਾ ਗਰਦਦ ਦਿਲੇ ਪੁਰ ਹੋਸ਼ਮੰਦੇ ਮਨ।

ਮੈਂ ਇਕ ਮਿੱਟੀ ਦੀ ਮੁੱਠ ਹਾਂ, ਮੇਰੇ ਅੰਦਰ ਉਸਦਾ ਨੂਰ ਜਗਮਗ ਕਰ ਰਿਹਾ ਹੈ, ਉਸ ਨੂਰ ਦੇ ਦੁਆਲੇ ਮੇਰਾ ਹੋਸ਼ ਵਾਲਾ ਦਿਲ ਪ੍ਰਕ੍ਰਮਾ ਕਰ ਰਿਹਾ ਹੈ। ਸਰੀਰ ਤਾਂ ਮਿੱਟੀ ਹੈ, ਅੰਦਰ ਇਕ ਕੇਂਦ੍ਰ ਹੈ, ਜਿੱਥੇ ਕਲਗੀਆਂ ਵਾਲਾ ਬੈਠਾ ਹੈ ਤੇ ਮੇਰਾ ਦਿਲ ਸ਼ੁਦਾਈ ਹੋਕੇ ਨਹੀਂ, ਪਰ ਦਾਨੀ ਫਕੀਰਾਂ ਵਿਚ ਵਸਦਾ ਉਸ ਕੇਂਦ੍ਰ ਦੀ ਪ੍ਰਕ੍ਰਮਾ ਕਰ ਰਿਹਾ ਹੈ। ਇਹ ਭਾਈ ਜੀ ਸਤਿਗੁਰ ਦੇ ਧਯਾਨ ਤੇ ਅਪਣੇ ਪ੍ਰੇਮ ਦਾ ਨਕਸ਼ਾ ਦੱਸਦੇ ਹਨ।

੧੪. ਗੁਰੂ ਗੋਬਿੰਦ ਸਿੰਘ ਜੀ ਨੇ ਮਸਤੀ ਨਹੀਂ ਸਿਖਾਈ-ਸਿੱਖ ਧਰਮ ਦੀ ਧਾਰਨਾ ਦਾ ਸਰੂਪ ਭਾਈ ਜੀ ਦੱਸਦੇ ਹਨ:-

ਦਰ ਮਜ਼ਹਬੇ ਮਾ ਗ਼ੈਰ ਪਰਸਤੀ ਨ ਕੁਨੰਦ।
ਸਰ ਤਾ ਬਕਦਮ ਬਹੋਸ਼ ਮਸਤੀ ਨ ਕੁਨੰਦ।
ਗ਼ਾਫ਼ਲ ਨ ਸ਼ਵੰਦ ਯਕਦਮ ਅਜ਼ ਯਾ ਦੇ ਖ਼ੁਦਾ।
ਦੀਗਰ ਸਖ਼ੁਨ ਅਜ਼ ਬੁਲੰਦੁ ਪਸਤੀ ਨ ਕੁਨੰਦ।

ਸਾਡੇ ਮਜ਼ਹਬ (ਮਤ ਵਿਚ ਸਿਵਾ ਮਾਈਂ ਦੇ) ਗ਼ੈਰ ਦੀ ਪੂਜਾ ਨਹੀਂ ਕਰਦੇ, ਸਿਰ ਤੋਂ ਲੈਕੇ ਪੈਰਾਂ ਤਕ ਹੋਸ਼ ਵਿਚ ਰਹਿੰਦੇ ਹਨ, ਮਸਤੀ ਨਹੀਂ ਕਰਦੇ, ਪਰਮੇਸ਼ੁਰ ਦੇ ਸਿਮਰਨ ਤੋਂ ਇਕ ਦਮ ਗ਼ਾਫ਼ਲ ਨਹੀਂ ਹੁੰਦੇ, ਹੋਰ ਗੱਲਾਂ ਉਚਾਣ ਨਿਵਾਣ ਦੀਆਂ ਨਹੀਂ ਮਾਰਦੇ।

੧੫. ਗੁਰੂ ਜੀ ਦੇ ਸਤਿਸੰਗ ਵਿਚ ਜੋ ਵਕਤ ਲੰਘਿਆ ਉਸਨੂੰ ਆਪ ਸਫਲ ਸਮਝਦੇ ਹਨ-

ਮਨ ਅਜ਼ ਜੁਵਾਂ ਕਿ ਪੀਰ ਸ਼ੁਦਮ ਦਰ ਕਿਨਾਰਿ ਉਮਰ। ਐ ਬਾ ਤੋ ਖ਼ੁਦ ਗੁਜ਼ਸ਼ਤ ਮਰਾ ਦਰ ਕਿਨਾਰਿ ਉਮਰ। ਦਮਹਾਏ ਮਾਂਦਹ ਰਾ ਤੁ ਚੁਨੀਂ ਮੁਗ਼ਤਨਿਮ ਸ਼ੁਮਾਰ, ਆਖਰ ਖ਼ਿਜ਼ਾਂ ਬਿਆਵੂਰਦ ਈਂ ਨੌ ਬਹਾਰਿ ਉਮਰ। ਹਾਂ ਮੁਗ਼ਤਨਮ ਸ਼ੁਮਾਰ ਦਮੇ ਰਾ ਬਜ਼ਿਕਰਿ ਹਕ਼, ਚੂੰ ਬਾਦ ਮੇਰਵਦ ਜ਼ਿ ਨਜ਼ਰ ਦਰ ਸ਼ੁਮਾਰਿ ਉਮਰ। ਬਾਸ਼ਦ ਰਵਾਂ ਚੁ ਕਾਫਲਾ ਏ ਮੌਜ ਪੈ ਬਪੈ, ਆਬੇ ਬਨੋਸ਼ ਯਕ ਨਫਸ ਅਜ਼ ਜੂਏ ਬਾਰਿ ਉਮਰ। ਸਦ ਕਾਰ ਕਰਦਹਈ ਕਿ ਨਿਆਯਦ ਬਕਾਰਿ ਤੋ, ਗੋਯਾ ਬਕੁਨ ਕਿ ਬਾਜ਼ ਬਿਆਇ ਅਦ ਬਕਾਰ ਉਮਰ। {ਗ਼ਜ਼ਲ ੩੭}

ਇਸਦਾ ਪੰਜਾਬੀ ਅਨੁਵਾਦ:-

ਕੁੱਛੜ ਉਮਰਾ ਦੇ ਮੈਂ ਚੜ੍ਹਿਆਂ,
ਬੁੱਢਾ ਹੋਯਾ ਭੋਗ ਜੁਵਾਨੀ।
ਐਪਰ ਉਮਰ ਜੁ ਤੈਂ ਸੰਗ ਬੀਤੀ,

ਖੁਸ਼ ਗੁਜ਼ਰੀ ਰਸ ਰੰਗ ਵਾਨੀ।
ਬਾਕੀ ਜੋ ਦਮ ਰਹਿੰਦੇ ਤੇਰੇ,
ਜਾਨ ਗ਼ਨੀਮਤ ਲੈ ਸਫਲਾ,
ਆਨ ਖ਼ਿਜ਼ਾਂ ਪਕੜੇਗੀ ਆਖ਼ਰ,
ਉਮਰ ਬਹਾਰ ਜੁ ਖਿੜੀ ਖਿੜਾਨੀ।
ਯਾਦ ਪ੍ਰਭੂ ਵਿਚ ਦਮ ਸਫਲਾ ਲੈ,
ਹਰਦਮ ਜਾਣ ਗ਼ਨੀਮਤ ਤੂੰ,
ਉਮਰਾ ਦੀ ਗਿਣਤੀ, ਤੂੰ ਤੱਕ ਲੈ,
ਵਾਂਙ ਹਵਾ ਦੇ ਜਾਇ ਉਡਾਨੀ।
ਵਾਂਙ ਕਾਫਲੇ ਵਿਚ ਦਰਿਯਾ ਦੇ
ਲਹਿਰਾਂ ਚਲਦੀਆਂ ਪੈ ਦਰਪੈ।
ਤਿਵੇਂ ਉਮਰ ਦੀ ਵਗਦੀ ਨਦੀਓਂ
ਦਮ ਦਮ ਘੁੱਟ ਭਰ ਪੀ ਲੈ ਪਾਨੀ।
'ਗੋਯਾ' ਕੀਤੇ ਕਈ ਕੰਮ ਤੂੰ
ਕਿਸੇ ਕੰਮ ਜੋ ਹੁਣ ਨਾ ਆਣ,
ਹੁਣ ਕਰ ਕੰਮ, ਕੰਮ ਜੋ ਆਵਣ
ਬਾਕੀ ਉਮਰ ਹੋਇ ਸਫਲਾਨੀ।

੧੬. ਹੋਰ ਉਚਾਰ ਗੁਰੂ ਜੀ ਦੀ ਰੂਹਾਨੀਅਤ ਬਾਬਤ ਭਾਈ ਨੰਦ ਲਾਲ ਜੀ ਦੇ ਲਈ ਦੇਖੋ ਇਸ ਪੋਥੀ ਦੇ ਪੂਰਬਾਰਧ ਵਿਚ 'ਭਾਈ ਨੰਦ ਲਾਲ ਨਿਸਤਾਰਾ' ਦਾ ਅੰਤਲਾ ਅੰਕ। {ਪੰਨਾ ੨੪੦-੨੭੧}

੨. ਚੰਦ ਕਵੀ*।

ਚੰਦ ਨਾਮ ਇਕ ਕਵੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹੋਏ ਹਨ। ਆਪ ਲਾਹੌਰ ਦੇ ਨਿਵਾਸੀ ਸਨ ਤੇ ਇਸਤੋਂ ਵੱਧ ਹੋਰ ਪਤਾ ਅਜੇ ਨਹੀਂ ਚਲਦਾ ਕਿ ਆਪ ਦਾ ਜੀਵਨ ਕੀ ਸੀ? ਪਰ ਆਪ ਦੀਆਂ ਦੋ ਅਮਲੋਕ ਸੁਗਾਤਾਂ ਸਾਡੇ ਤਕ ਪਹੁੰਚੀਆਂ ਹਨ, ਜਿਨ੍ਹਾਂ ਤੋਂ ਉਹ ਉਗਾਹੀ ਦ੍ਰਿੜ੍ਹ ਹੁੰਦੀ ਹੈ ਜੋ ਭਾਈ ਨੰਦ ਲਾਲ ਜੀ ਨੇ ਭਰੀ ਹੈ ਕਿ ਸਾਰੇ ਗੁਰੂ ਸਾਹਿਬ ਇਕ ਰੂਪ ਹਨ। ਆਪ ਦੀ ਸੁਗਾਤ ਦੋ ਛੰਦ ਹੈਨ:-

*ਇਹ ਲੇਖ ੧੪ ਪੋਹ ਸੰ: ਗੁ: ਨਾ: ਸਾ: ੪੪੮ (੨੮ ਦਸੰਬਰ ੧੯੧੬) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

੧. ਕਲ ਮੈ ਭਇਓ ਏਕ ਮਰਦ ਨਾਨਕ ਹੈ ਨਾਮ ਜਾਂਕੋ ਤਾਂਤੇ ਪਏ ਨੌ ਏਕ ਜੋਤੀ ਸੁਹਾ-ਇਓ ਹੈ। ਫੇਰ ਗੁਰ ਗੋਬਿੰਦ ਸਿੰਘ ਕਲਗੀ ਅਵਤਾਰ ਹੋਏ ਖੜਗ ਧਾਰੀ ਹੋਇ ਮਹਲ਼ ਦਸਵਾਂ ਕਹਾਇਓ ਹੈ। ਤੇਈਅਨ ਮੈਂ ਆਏ ਬੀਚ ਪੈਂਠੇ ਸਮਾਏ ਗੁਰ ਦੁਨੀਆਂ ਬਸਾਇ ਜਾਏ ਪਾਉਂਟਾ ਬਸਾਇਓ ਹੈ। ਸਤਿਗੁਰ ਬਚਨ ਸਾਰ ਮਰਦ ਗੁਰ ਕਾ ਬਿਚਾਰ ਗੋਬਿੰਦ ਸਿੰਘ ਕ੍ਰਿਪਾ ਤੇ ਦਾਸ ਚੰਦ ਕਹਿ ਸੁਨਾਇਓ ਹੈ।

੨. ਛਪੈ॥

ਗੁਰ ਨਾਨਕ (ਗੁਰੂ) ਅੰਗਦ (ਗੁਰੂ) ਅਮਰ-ਦਾਸ ਰਾਮਦਾਸ ਗੁਰੁ ਅਰਜਨ ਧਾਰਿਓ। ਗੁਰੂ ਹਰਿ ਗੋਬਿੰਦ ਹਰਿ ਰਾਇ ਗੁਰੂ ਹਰਿ ਕ੍ਰਿਸ਼ਨ ਬਿਚਾਰਿਓ। ਗੁਰ ਤੇਗ ਬਹਾਦਰ ਭਇਓ ਨਾਮ ਜਿਨ ਇਕ ਮਨ ਲੀਨੋ। ਸ਼ਬਦ ਗੁਰੂ ਉਪਦੇਸ਼ ਦਾਨ ਸੰਗਤ ਕਉ ਦੀਨੋ। ਕਲਾਧਾਰ ਗੁਰ ਗੋਬਿੰਦ ਸਿੰਘ ਭਏ ਪ੍ਰਗਟ ਭਈ ਕਲ ਮੈ ਸਿੱਖੀ। ਜੈਕਾਰ ਭਇਓ ਤ੍ਰੈਲੋਕ ਮੈਂ ਜੋ ਬਿਰਦ ਪੈਜ ਸਤਿਗੁਰ ਰੱਖੀ॥*

੩. ਭਾਈ ਨਨੂਆਂ ਜੀ[1]।

ਲਾਹੌਰ ਵਿਚ ਸਤਿਗੁਰ ਦੇ ਘਰ ਦੇ ਪ੍ਰੇਮ ਵਿਚ ਲਗੇ ਇਕ ਗਦਾ ਨਰਾਇਣੀ ਜੀ ਫਕੀਰ ਹੋਏ ਹਨ। ਨਾਵੇਂ ਸਤਿਗੁਰਾਂ ਦੀ ਬਖਸ਼ਿਸ਼ ਇਨ੍ਹਾਂ ਪਰ ਸੀ। ਏਹ ਜਨਮ ਦੇ ਮੁਸਲਮਾਨ ਸੇ ਤੇ ਇਨ੍ਹਾਂ ਹੀ ਦਿਨਾਂ ਵਿਚ ਨਨੂਆਂ ਜੀ ਇਕ ਸਿਖ ਨਾਵੇਂ ਗੁਰਾਂ ਦੇ ਦੁਆਰੇ ਸੇਵਾ ਕਰਦੇ ਸੇ। ਇਕ ਦਿਨ ਸਤਿਗੁਰ ਜੀ ਨੇ ਇਨ੍ਹਾਂ ਨੂੰ ਕਿਹਾ ਕਿ ਲਾਹੌਰ ਜਾਓ ਤੇ ਕੁਝ ਦਿਨ ਮਸਤਾਨੇ ਸਾਈਂ ਲੋਕ ਸਾਡੇ ਪ੍ਰੇਮੀ ਗਦਾ ਨਰਾਇਣੀ ਪਾਸ ਰਹੋ। ਹੁਕਮ ਮੰਨਕੇ ਨਨੂਆਂ ਜੀ ਚਲੇ ਗਏ। ਗਦਾ ਨਰਾਇਣੀ ਨੇ

*ਏਹ ਦੋ ਛੰਦ ਕਈ ਭੱਟਾਂ ਦੇ ਯਾਦ ਹਨ ਤੇ ਅਜੇ ਤਕ ਸਿਹਰਾਬੰਦੀ ਵੇਲੇ ਪੜ੍ਹਦੇ ਹਨ।

੧. ਇਹ ਪ੍ਰਸੰਗ ੩ ਪੋਹ ਸੰ: ਗੁ: ਨਾ: ਸਾ: ੪੪੬ (੧੭ ਦਸੰਬਰ ੧੯੧੪) ਦੇ ਗੁਰਪੁਰਬ ਸਪਤਮੀ ਦੇ ਖਾ: ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਨਨੂਆਂ ਜੀ ਨੂੰ ਆਉਂਦਿਆਂ ਹੀ ਕਿਹਾ, ਆ ਬਈ ਵਪਾਰੀਆ। ਸਾਡੇ ਸ਼ਾਹਾਂ ਦੀ ਹੁੰਡੀ ਗੁਮਾਸ਼ਤਿਆਂ ਪਾਸ ਲੈਕੇ ਆਯਾ ਹੈਂ? ਚੰਗਾ, ਸਤਿਗੁਰਾਂ ਦੀ ਮਿਹਰ ਨਾਲ ਸਤਿਗੁਰ ਆਪ ਹੀ ਹੁੰਡੀ ਸਕਾਰਨਗੇ। ਸੋ ਨਨੂਆਂ ਜੀ ਇਨ੍ਹਾਂ ਦੇ ਸਤਿਸੰਗ ਵਿਚ ਲਗ ਪਏ। ਅੰਤ ਇਨ੍ਹਾਂ ਦੇ ਸਤਿਸੰਗ ਵਿਚੋਂ ਦਾਤ ਲੈਕੇ ਨਨੂਆਂ ਜੀ ਆਪਣੇ ਦੇਸ਼ ਜਾ ਰਹੇ। ਇਨ੍ਹਾਂ ਦੀ ਜਦ ਕੀਰਤੀ ਫੈਲੀ ਤਾਂ ਭਾਈ ਕਨ੍ਹੱਯਾ* ਨਾਮੇ ਇਕ ਰੱਬ ਦੇ ਖੋਜੀ ਇਨ੍ਹਾਂ ਪਾਸ ਪੁੱਜੇ। ਆਪ ਨੇ ਨਨੂਆਂ ਜੀ ਦੀ ਬਹੁਤ ਸੇਵਾ ਕੀਤੀ ਤੇ ਆਪਦਾ ਆਪ ਨਾਲ ਪਿਆਰ ਅਤਿ ਦਾ ਪੈ ਗਿਆ। ਇਕ ਦਿਨ ਕਨੱਯਾ ਜੀ ਨੇ ਬੇਨਤੀ ਕੀਤੀ ਕਿ ਕੋਈ ਬਾਣੀ ਰਚੋ। ਉਨ੍ਹਾਂ ਆਖਿਆ ਸਾਨੂੰ ਹੁਕਮ ਨਹੀਂ ਹੈ, ਪਰ ਹੁਕਮ ਆ ਜਾਵੇ ਤਾਂ ਰਚੀਏ। ਬੇਨਤੀ ਕੀਤੀ, ਹੁਕਮ ਪੁੱਛ ਆਵਾਂ? ਆਪ ਨੇ ਕਿਹਾ, ਹਛਾ। ਇਹ ਸੁਣਕੇ ਕਨ੍ਹੱਯਾ ਜੀ ਗਦਾ ਨਰਾਇਣੀ ਜੀ ਪਾਸ ਲਹੌਰ ਗਏ, ਪਰ ਪੁੱਛਣ ਦਾ ਹੌਸਲਾ ਨਾ ਪਿਆ ਕਿ ਮਤਾਂ ਨਾਂਹ ਕਰ ਦੇਣ। ਇਸ ਲਈ ਅਪਣੇ ਪ੍ਰੇਮ ਵਿਚ ਰੱਤੇ ਮੁੜ ਆਏ ਤੇ ਆਕੇ ਕਹਿ ਦਿਤਾ "ਆਗਿਆ ਹੈ"। ਤਦ ਤੋਂ ਭਾਈ ਨਨੂਆਂ ਜੀ ਨੇ ਸਤਿਗੁਰ ਦੇ ਪ੍ਰੇਮ, ਆਮ ਉਪਦੇਸ਼ ਅਰ ਸੁਖ ਤਰੰਗਾਂ ਵਿਚ ਗਜਾਨ ਦੇ ਕਈ ਇਕ ਛੰਦ ਰਚੇ। ਇਕ ਦਿਨ ਖੂਹ ਤੇ ਨਹਾ ਰਹੇ ਸੇ ਕਿ ਕੋਈ **'ਘੜੀਐ ਸਬਦੁ ਸਚੀ ਟਕਸਾਲ'** ਪਾਠ ਕਰ ਰਿਹਾ ਸੀ। ਆਪਦਾ ਧਿਆਨ ਅਰਥ ਵਲ ਜੁ ਲੱਗਾ, ਅਨੋਖੀ ਸੋਚ ਫੁਰੀ ਕਿ ਸ਼ਬਦ ਦੀ ਟਕਸਾਲ ਅਰਥਾਤ ਵਾਹਿਗੁਰੂ ਸੰਬੰਧੀ ਬਾਣੀ ਰਚਨ ਦਾ ਹਿਰਦਾ ਐਸਾ ਹੋਵੇ ਜੈਸਾ **'ਜਤ ਪਹਾਰਾ'** ਦੀ ਪੌੜੀ ਵਿਚ ਕਿਹਾ ਹੈ, ਤੇ ਮੇਰਾ ਹਿਰਦਾ ਐਸਾ ਨਹੀਂ, ਐਸਾ ਹਿਰਦਾ ਕੇਵਲ ਸਤਿਗੁਰ ਜੀ ਦਾ ਹੈ ਤੇ ਸਤਿਗੁਰ ਜੀ ਨੇ ਆਪ ਬਾਣੀ ਰਚੀ ਹੈ, ਤਾਂਤੇ ਮੈਂ ਬਾਣੀ ਰਚਨ ਵਿਚ ਬੇਅਦਬੀ ਕੀਤੀ ਹੈ। ਇਹ ਸੋਚਕੇ ਬੜਾ ਵੈਰਾਗ ਲੱਗਾ, ਵਿਰਾਗੇ ਹੋਏ ਲਹੌਰ ਪਹੁੰਚੇ ਤੇ ਜਾ ਗਦਾ ਨਰਾਇਣੀ ਜੀ ਨੂੰ ਦੱਸਿਆ ਕਿ ਮੈਂ ਚਾਹੋ ਆਪ ਦੀ ਆਗਜਾ ਮੰਗਾ ਲਈ ਸੀ, ਪਰ ਫੇਰ ਬੀ ਮੈਂ ਜਪੁਜੀ ਦੀ ਇਸ ਪੌੜੀ ਮੂਜਬ ਭੁੱਲ ਕੀਤੀ ਹੈ, ਮੈਨੂੰ ਬਖਸ਼ੋ। ਉਹ ਹੱਸ ਪਏ ਤੇ ਆਖਣ ਲਗੇ, ਭਾਈ ਅਸਾਂ ਤਾਂ ਬਾਣੀ ਰਚਨ ਦੀ ਆਗਜਾ ਨਹੀਂ ਘੱਲੀ, ਬਾਣੀ ਤਾਂ ਧੁਰ ਦੀ ਬਾਣੀ ਦਾ ਜਾਣੂ ਸਾਡਾ ਸਾਹਿਬ ਰਚਦਾ ਹੈ, ਪਰ ਤੂੰ ਕਨ੍ਹੱਯਾ ਜੀ ਤੇ ਖ਼ਫ਼ਾ ਨਹੀਂ ਹੋਣਾ, ਉਸ ਨੂੰ ਤੇਰੇ ਨਾਲ ਅਧਿਕ ਪ੍ਰੇਮ ਸੀ, ਇਸ ਕਰਕੇ ਉਸਨੇ 'ਆਗਜਾ ਹੈ' ਦਾ ਵਾਕ ਜਾ ਕਿਹਾ। ਉਸ ਪਰ ਰੰਜ ਨਹੀਂ ਕਰਨਾ ਉਸਤੋਂ ਜੋ ਕੁਛ ਹੋਇਆ ਹੈ ਮੋਹ ਦੀ ਪ੍ਰਬਲਤਾ ਵਿਚ ਹੋਇਆ ਹੈ। ਉਹ ਬੜਾ ਚੰਗਾ ਫ਼ਕੀਰ ਹੋਵੇਗਾ, ਅਨੇਕਾਂ ਨੂੰ ਤਾਰੇਗਾ। ਤੁਸਾਂ ਹੁਣ ਅਗੋਂ ਤੋਂ ਰਚਨਾ ਨਹੀਂ ਕਰਨੀ, ਪਿਛਲੀ ਦਾ ਸ਼ੋਕ ਨਹੀਂ ਧਾਰਨਾ। ਭਾਈ ਨਨੂਆਂ ਜੀ ਦੀ ਬਾਣੀ ਵਿਸ਼ੇਸ਼ ਕਰਕੇ ਕਲਗੀਧਰ ਜੀ ਦੇ ਪ੍ਰੇਮ ਵਾਲੀ ਯਾ ਗਜਾਨਮਈ ਹੈ, ਅਰ ਕਿਤੋਂ ਕਿਤੋਂ ਟਾਵੀਂ ਟਾਵੀਂ ਹੁਣ ਤਕ ਲੱਭਦੀ ਬੀ ਹੈ। ਸਤਿਗੁਰ ਦੇ ਦਰਸ਼ਨਾਂ ਦੇ ਕਰਨਹਾਰੇ ਭਾਈ ਜੀ ਦੇ ਮੁਖ ਥੀਂ ਉਚਰੀ ਸਤਿਗੁਰ ਮਹਿਮਾ ਦੀ ਵੰਨਗੀ ਮਾਤ੍ਰ ਨਨੂਆਂ ਜੀ ਦੀ ਰਚਨਾ ਸਾਧ ਸੰਗਤ ਦੇ ਪੇਸ਼ ਕਰਦੇ ਹਾਂ। ਇਹੋ ਜੇਹੀਆਂ ਵਸਤਾਂ ਅਮੋਲਕ ਖਜ਼ਾਨੇ ਹਨ ਤੇ ਗੁਰੂ ਘਰ ਦੀ ਇਤਿਹਾਸਕ ਗੌਰਵਤਾ ਦੀਆਂ ਸਚੀਆਂ ਸਾਖੀਆਂ ਹਨ।

ਰਾਗ ਕਿਦਾਰਾ

ਅਸਾਂ ਸਾਹਿਬ ਦਰਸ ਦਿਖਾਇਆ।
ਖੁੱਲ੍ਹੀ ਬੰਦੀ ਡੁੱਲ੍ਹਦੇ ਨੈਣੀਂ
ਹੱਸਦਾ ਹੱਸਦਾ ਆਇਆ।
ਪਜਾਰ ਆਪਣਾ ਭਰ ਭਰ ਬੁੱਕੀਂ
ਮਨ ਤਨ ਸਾਡੇ ਪਾਇਆ।
ਨਨੂਏ ਨੂੰ ਹੋਰ ਚਿੱਤ ਨ ਕਾਈ
ਧਾ ਸਿਰ ਚਰਨਾਂ ਤੇ ਲਾਇਆ॥੧॥
ਲੋਇਨ ਨਿਪਟ ਲਾਲਚੀ ਮੇਰੇ।
ਭੁੱਖੇ ਧਾਵੇਂ ਤਿਪਤ ਨ ਪਾਵੇਂ
ਸਦਾ ਰਹੈਂ ਗੁਰ ਮੂਰਤ ਘੇਰੇ।
ਜੋੜੇ ਹਾਥ ਅਨਾਥ ਨਾਥ ਪਹਿ
ਅਪਨੇ ਠਾਕੁਰ ਕੇਰੇ ਚੇਰੇ।
ਹੇਰ ਹੇਰ ਨਨੂਆ ਹੈਰਾਨਾ
ਗੁਰ ਮੂਰਤ ਵਿਚ ਹਰਿ ਜੀ ਹੋਰੇ॥੨॥

*ਸੇਵਾ ਵੰਥੀ ਸੰਪ੍ਰਦਾ ਦੇ ਵਡਕੇ ਜੀ।

ਸੂਚਨਾ-ਬਾਕੀ ਅੱਖੀਂ ਦੇਖਣ ਵਾਲੇ ਸਮਕਾਲੀ ਵਿਦਵਾਨਾਂ ਦੇ ਪ੍ਰਸੰਗ ਅਗਲੇ ਧਿਆ ਵਿਚ ਹਨ। ਪਿਛੇ ਸਫੇ ੨੧੫-੧੬ ਪਰ ਉਨ੍ਹਾਂ ਕਵੀਆਂ ਦੀ ਰਚਨਾਂ ਆ ਚੁਕੀ ਹੈ ਜੋ ਲੱਖੀ ਜੰਗਲ ਵਿਚ ਆ ਜੁੜੇ ਸਨ, ਉਨ੍ਹਾਂ ਦੇ ਨਾਮ ਸਨ:-ਬਿਹਾਰੀ, ਅੱਡਾ, ਲਾਲ, ਨੰਦ ਲਾਲ ਤੇ ਤ੍ਰੈ ਚਾਰ ਹੋਰ।

੧੦੦. ਵਿਦਜਾ ਦਰਬਾਰ*।

੧.

ਜਦੋਂ ਕਿਸੇ ਪੜ੍ਹੇ ਲਿਖੇ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਣਾਂ ਬਾਬਤ ਕੁਛ ਪੁਛੀਏ ਤਾਂ ਉਹ ਸਭ ਤੋਂ ਵਿਸ਼ੇਸ਼ ਗੁਣ ਉਨ੍ਹਾਂ ਦੇ ਬੀਰ ਰਸੀ ਕਮਾਲ ਦਾ ਦੱਸਦਾ ਹੈ ਅਤੇ ਉਨ੍ਹਾਂ ਨੂੰ ਇਕ ਪ੍ਰਬੀਨ ਤੇ ਪੂਰਨ ਸੈਨਾਪਤ ਯਾ ਅਜ ਕਲ ਦੀ ਬੋਲੀ ਵਿਚ ਸ਼੍ਰੋਮਣੀ ਜਰਨੈਲ ਵਰਣਨ ਕਰਦਾ ਹੈ। ਇਸ ਵਿਚ ਸ਼ੱਕ ਬੀ ਕੋਈ ਨਹੀਂ। ਹਿੰਦ ਦੇਸ਼ ਦੀ ਪਰਜਾ ਅਰ-ਥਾਤ ਇਸ ਦੇਸ਼ ਦੀ ਆਪਣੀ ਹਿੰਦੀ ਪਰਜਾ ਸੱਤ ਅੱਠ ਸਦੀਆਂ ਦੇ ਜ਼ੁਲਮ ਨਾਲ ਪੀੜਤ ਹੋ ਹੋ ਨਿਤਾਣੀ ਹੋ ਚੁਕੀ ਸੀ ਤੇ ਉਸਦੇ ਮਨ ਵਿਚ ਬੀਰਤਾ ਦੇ ਥਾਂ ਸ੍ਹੈਹੀਣਤਾ ਨੇ ਮੱਲ ਲਈ ਹੋਈ ਸੀ। ਪਛ-ਮੋਤ੍ਰੀ ਹਮਲਾਆਵਰਾਂ ਦਾ ਰੁਅਬ ਐਸਾ ਛਾ ਚੁਕਾ ਸੀ ਕਿ ਉਨਾਂ ਲਈ ਇਨ੍ਹਾਂ ਦੇ ਜੂਲੇ ਹੇਠੋਂ ਨਿਕਲ ਕੇ ਕਦੇ ਸੁਤੰਤਰ ਹੋ ਸੱਕਣਾ ਅਸੰਭਵ ਦੀ ਪਦਵੀ ਲੈ ਚੁਕਾ ਸੀ। ਜਦੋਂ ਗੁਰੂ ਜੀ ਨੇ ਇਸ ਅਨਿਆਈ ਹਾਕਮਾਂ ਦੇ ਪ੍ਰਬੰਧ ਹੇਠ ਦੁਖੀ ਪਰਜਾ ਨੂੰ ਸੁਤੰਤ੍ਰਤਾ ਦਾ ਖਿਆਲ ਦੇਣਾ ਤਾਂ ਉਨ੍ਹਾਂ ਨੇ ਕੰਬਕੇ ਆਖਣਾ ਮਹਾਰਾਜ! ਅਸੀਂ ਦਾਲ ਭਾਜੀ ਖਾਣ ਵਾਲੇ ਕਦੇ ਟਾਕਰਾ ਕਰ ਸਕਦੇ ਹਾਂ ਉਨ੍ਹਾਂ ਦੁੰਬੇ ਖਾਣਿਆਂ ਦਾ, ਜਿਨ੍ਹਾਂ ਵਿਚ ਬਲਪ੍ਰਾਕ੍ਰਮ ਅਤਿ ਹੈ ਤੇ ਡੀਲ ਹੀ ਜਿਨ੍ਹਾਂ ਦੀ ਭੀਹਾਵਲੀ ਹੈ। ਉਸ ਦਰਦ ਰਵਾਣੀ, ਸ੍ਹੈਸਤਿਕਾਰ ਸ੍ਹੈਭਰੋਸਾ ਗੁਆਕੇ ਸ੍ਹੈਹੀਣਤਾ ਦੇ ਨ੍ਹਿਸਚੇ ਵਿਚ ਪੱਕੀ ਹੋ ਚੁਕੀ ਪਰਜਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਨੋਂ ਇਕ ਕਰਨਾ ਫੂਕਕੇ ਇਕ ਨਵੀਂ ਜਿੰਦ ਲਾ ਦਿਤੀ। ਹਾਂ ਉਸ ਵੇਲੇ ਔਰੰਗਜ਼ੇਬ ਜੈਸੇ ਕਾਮਯਾਬ ਤੇ ਬਲੀ ਪਾਤਸ਼ਾਹ ਦੇ ਟਾਕਰੇ ਦਾ ਖਜਾਲ ਵੀਚਾਰਿਆ ਤੇ ਦੂਸਰਿਆਂ ਨੂੰ ਦਿੱਤਾ, ਜੋ ਜਾਦੂ ਦੀ ਤਰ੍ਹਾਂ ਆਪਣਾ ਅਸਰ ਕਰ ਗਿਆ। ਪੱਛਮੋਤ੍ਰੀ ਹਮਲਾਆਵਰਾਂ ਦਾ ਨਾਉਂ ਸੁਣਕੇ ਕੰਬਣ ਵਾਲਿਆਂ ਨੇ ਸਾਹਸ ਧਾਰਿਆ ਤੇ ਆਖਿਆ: ਹਾਂ, ਆਪ ਦੇ ਬਲ ਆਸਰੇ ਇਨ੍ਹਾਂ ਦੇ ਟਾਕਰੇ ਤੇ ਕਾਮਯਾਬ ਹੋਵਾਂਗੇ। ਅੰਮ੍ਰਿਤ ਨਾਲ ਜੀ ਉੱਠੇ ਇਨ੍ਹਾਂ ਨਵੇਂ ਜਾਗੇ ਹਿੰਦੀਆਂ ਨੇ ਥੋੜ੍ਹੇ ਹੀ ਬਰਸਾਂ ਵਿਚ ਪਹਾੜੀ ਰਾਜਿਆਂ ਤੇ ਸਰਹਿੰਦ ਦੀਆਂ ਫੌਜਾਂ ਵਲੋਂ ਹੋਏ ਹਮਲਿਆਂ ਦੇ ਜੁਵਾਬ ਵਿਚ ਕਈ ਟਾਕਰੇ ਕਰਕੇ ਫਤਹਯਾਬੀਆਂ ਲਈਆਂ। ਇੱਥੋਂ ਤਾਈਂ ਗੁਰੂ ਜੀ ਨੇ ਇਹ ਲੋਕ ਸਰੀਰ ਦੇ ਬਲੀ ਤੇ ਮਨ ਦੇ ਅਜਿੱਤ ਸੂਰਮੇ ਬਣਾ ਦਿਤੇ ਕਿ ਸਾਰੇ ਰਾਜਿਆਂ, ਲਾਹੌਰ, ਸਰਹਿੰਦ ਦੀਆਂ ਫੌਜਾਂ ਤੇ ਦਿੱਲੀ ਦੀ ਕੁਮਕ ਨੇ ਸੱਤ ਅਠ ਮਹੀਨੇ ਜੰਗ ਕਰਕੇ ਇਨ੍ਹਾਂ ਉਤੇ ਕਾਮ-ਯਾਬੀ ਪ੍ਰਾਪਤ ਨਾ ਕੀਤੀ ਤੇ ਅੰਤ ਫਰੇਬ ਅਰ ਛਲ ਨਾਲ ਆਪਣੀਆਂ ਸਹੁੰਵਾਂ ਸੁਰੀਧਾਂ ਤੋੜਕੇ-ਮਾਨੋਂ ਅਪਣੀ ਇਖ਼ਲਾਕੀ ਹਾਰ ਖਾਕੇ-ਗੁਰੂ ਜੀ ਤੋਂ ਅਨੰਦਪੁਰ ਛੁਡਵਾਇਆ ਤੇ ਚਮਕੌਰ ਦੇ ਟਿਕਾਣੇ ਗੁਰੂ ਜੀ ਨੂੰ-ਜੋ ਉਸ ਵੇਲੇ ੪੦ ਕੁ ਸਿਖਾਂ ਨਾਲ ਸਨ-ਘੇਰ ਲਿਆ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਜਾਗ੍ਰਤ ਵਿਚ ਆਂਦੇ ਇਨ੍ਹਾਂ ੪੦ ਥੱਕੇ ਟੁੱਟੇ ਭੁੱਖੇ ਪਰ ਅਜਿੱਤ ਸੂਰਮਿਆਂ ਨੇ ਅਣਗਿਣਤਾਂ ਦੇ ਘੇਰੇ ਵਿਚ ਆਕੇ ਬੀ ਸ਼ਸਤ੍ਰ ਨਾ ਸੁੱਟੇ, ਇਕ ਇਕ ਦੋ ਦੋ ਕਰਕੇ ਲੜੇ ਤੇ ਐਨਾ ਵਧਾਇਆ ਆਪਣਾ ਜੰਗ ਕਰਨ ਦਾ ਰੋ ਕਿ ਚਾਰ ਪਹਿਰ ਕਸਮ-ਤੋੜ ਹਮਲਾ-ਆਵਰਾਂ ਨੂੰ ਵਖ਼ਤ ਪਾਈ ਰਖਿਆ। ਸ਼ਾਮਾਂ ਹੋ ਆਈਆਂ ਤਾਂ ਅਜੇ ਪੰਜ ਚਾਰ ਜੀਉਂਦੇ ਸਨ, ਪਰ

*ਇਹ ਪ੍ਰਸੰਗ ਸੰ: ਗੁ: ਨਾ: ੪੭੨ ਪੋਹ ਦੀ ੨੧ ਸੰਮਤ ੧੯੯੭ ਬਿ:, (੪ ਜਨਵਰੀ ੧੯੪੧ ਨੂੰ ਗੁਰਪੁਰਬ ਸਪਤਮੀ ਪਰ ਖਾਲਸਾ ਸਮਾਚਾਰ ਅੰਮ੍ਰਿਤਸਰ ਵਿਚ ਪ੍ਰਕਾਸ਼ਿਆ ਸੀ।

ਗੜ੍ਹੀ ਆਕੀ ਸੀ ਤੇ ਬੇਸ਼ੁਮਾਰ ਦਲ ਤੋਂ ਟੁੱਟ ਨਹੀਂ ਸੀ ਸਕੀ। ਏਹ ਪੈਂਤੀ ਛੱਤੀ ਸੂਰਮੇ ਭਾਵੇਂ ਸ਼ਹੀਦ ਹੋ ਗਏ, ਪਰ ਹਮਲਾ ਆਵਰਾਂ ਦੇ ਵਡੇ ਵਡੇ ਸਰ-ਦਾਰ ਤੇ ਅਣਗਿਣਤ ਸੂਰਮੇ ਮਾਰੇ ਗਏ। ਫੇਰ ਭੀ ਗੁਰੂ ਜੀ ਅਤੇ ਦੋ ਤ੍ਰੈ ਸਿਖ ਰਾਤ ਪਈ ਤੇ ਸਹੀ ਸਲਾਮਤ ਨਿਕਲ ਗਏ। ਅਨੇਕ ਖਖੇੜ ਬਖੇੜ ਸਹਾਰਦੇ ਗੁਰੂ ਜੀ ਅੰਤ ਮਾਲਵੇ ਜਾ ਅੱਪੜੇ। ਚਾਹੋ ਪਹੁੰਚਦੇ ਸਾਰ ਆਪ ਨੇ ਜੰਗ ਦਾ ਸਾਮਾਨ ਕੀਤਾ, ਪਰ ਇਹ ਸ਼ਾਹੀ ਸੈਨਾ ਦੇ ਟਾਕਰੇ ਤੇ ਅਤਿ ਥੋੜ੍ਹਾ ਸੀ। ਇਸ ਹੋ ਚੁਕੀ ਬੇ-ਸਰੋ ਸਾਮਾਨੀ ਵਿਚ ਸੂਬਾ ਸਰਹਿੰਦ ਫੇਰ ਮੁਕਤਸਰ ਵਾਲੇ ਟਿਕਾਣੇ ਗੁਰੂ ਜੀ ਪਰ ਜਾ ਪਿਆ। ਫਿਰ ਭੀ ਨਵੀਂ ਬੀਰ ਰਸੀ ਜਾਗ੍ਰਤ ਵਿਚ ਆਏ ਏਹ ਗੇਣਤੀ ਵਿਚ ਮੁਠੀ ਭਰ ਸੂਰਮੇ ਸਿੰਘ, ਬਿਨਾਂ ਕਿਲ੍ਹੇ ਕੋਟ ਦੇ, ਖੁੱਲ੍ਹੇ ਮੈਦਾਨ ਵਿਚ ਜੰਗ ਕਰਦੇ ਸਾਰਾ ਦਿਨ ਲੜਦੇ ਤੇ ਜ਼ਾਲਮ ਦੇ ਵਾਰਾਂ ਨੂੰ ਰੋਕਦੇ ਚੰਗੇ ਤੋਂ ਚੰਗੇ ਸੂਰਮਿਆਂ ਨੂੰ ਮਾਰਦੇ ਰਹੇ, ਪਰ ਅੰਤ ਸ਼ਹੀਦ ਹੋ ਗਏ ਤੇ ਸੂਬੇ ਨੂੰ ਆਪਣਾ ਸਾ ਮੂੰਹ ਲੈਕੇ ਸਰਹਿੰਦ ਵਾਪਸ ਹੋਣਾ ਪਿਆ। ਐਸੀ ਅਜਿੱਤ ਸੂਰਮਗਤੀ ਨਾ ਕੇਵਲ ਸਰੀਰਾਂ ਵਿਚ ਸਗੋਂ ਮਨ ਵਿਚ ਤੇ ਮਨ ਦੇ ਨਿਸਚੇ ਵਿਚ ਭਰ ਦੇਣੀ ਇਕ ਉਹ ਕਮਾਲ ਹੈ, ਜਿਸਦੀ ਨਜ਼ੀਰ ਨਹੀਂ ਮਿਲਦੀ। ਅੱਜ ਅਸੀਂ ਪੂਰਾ ਅੰਦਾਜ਼ਾ ਨਹੀਂ ਲਾ ਸਕਦੇ, ਕਿਉਂਕਿ ਓਹ ਲੋਕ, ਜਿਨ੍ਹਾਂ ਵਿਚੋਂ ਇਹ ਬੀਰ ਰਸੀ ਠਾਠ ਬਣਾਯਾ ਗਿਆ ਸੀ, ਹੁਣ ਜੀਉਂਦੇ ਨਹੀਂ, ਜਿਨ੍ਹਾਂ ਨੂੰ ਦੇਖਕੇ ਰਾਇ ਬਣਾਈ ਜਾ ਸਕਦੀ ਕਿ ਹੈਂ ਇਨ੍ਹਾਂ ਹੀਣੇ ਦਬੇਲ ਤੇ ਮਰ ਮਿਟੇ ਲੋਕਾਂ ਵਿਚੋਂ ਅਝੁੱਕ ਤੇ ਅਜਿੱਤ ਸੂਰਮੇ ਪੈਦਾ ਕਰ ਦਿਤੇ ਗਏ ਸਨ!

ਪਰੰਤੂ ਗੁਰੂ ਸਾਹਿਬ ਜੀ ਨਿਰੇ ਇਸ ਮਹਾਨ ਗੁਣ ਦੇ-ਪਰਤੰਤ੍ਰ ਪਰਜਾ ਨੂੰ ਦਲੇਰ ਤੇ ਸੁਤੰਤ੍ਰ ਬਣਾ ਦੇਣ ਦੇ ਹੀ-ਮਾਲਕ ਨਹੀਂ ਸਨ, ਇਸਤੋਂ ਛੁਟ ਆਪ ਰੂਹਾਨੀਅਤ ਦੇ ਮਾਲਕ ਸਨ, ਪੂਰੇ ਗੁਰੂ ਸਨ, ਧਰਮ ਦੇ ਆਗੂ ਸਨ, ਆਪ ਦਾ ਆਪਣਾ ਫੁਰਮਾਨ ਹੈ:-

ਹਮ ਇਹੁ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥

ਇਹ ਆਪਦਾ ਮੁਖ ਕੰਮ ਸੀ ਜਿਸਨੂੰ ਆਪ ਨੇ ਪੂਰੀ ਤਰ੍ਹਾਂ ਸਿਰੇ ਚਾੜ੍ਹਿਆ। ਹਾਂ, ਬੀਰ ਰਸੀ ਸਾਮਾਨ ਦੇ ਨਾਲ ਸ਼ਾਂਤਿ ਰਸੀ ਸਾਮਾਨ-ਜਿਸਦੇ ਆਪ ਮਹਾਨ ਆਚਾਰਜ ਸੇ-ਪੂਰੀ ਤਰ੍ਹਾਂ ਨਿਭਾਇਆ। ਅਸਲ ਵਿਚ ਸ਼ਾਂਤਿ ਰਸ ਦੀ ਕਾਯਮੀ ਤੇ ਸੁਤੰਤ੍ਰਤਾ ਲਈ ਹੀ ਤਾਂ ਗੁਰੂ ਜੀ ਨੇ ਬੀਰ ਰਸ ਦਾ ਕਮਾਲ ਸਿਖਾਇਆ ਸੀ ਕਿ ਨਿਰੇ ਸ਼ਾਂਤਿ ਮਈ ਲੋਕਾਂ ਨੂੰ ਹੀਣੇ ਸਮਝ ਕੇ ਮੂਰਖ ਤੇ ਜ਼ਾਲਮ ਤਬਾਹ ਕਰਦੇ ਹਨ ਤੇ ਜਗਤ ਦੀ ਆਤਮ ਉੱਨਤੀ ਨੂੰ ਰੋਕਦੇ ਹਨ, ਉਨ੍ਹਾਂ ਦੀ ਮੂੰਹ ਜ਼ੋਰ ਤਅੱਦੀ (ਤਾਕਤ) ਨੂੰ ਉਨਾਂ ਦੇ ਤਰੀਕੇ ਨਾਲ ਰੋਕ ਪਾਈ ਜਾਵੇ। ਸੋ ਆਪ ਨੇ ਇਸ ਰਖਜਾ ਦੇ ਕੰਮ ਨੂੰ ਕਰਦੇ ਹੋਏ ਆਪਣੇ ਅਸਲੀ-ਗੁਰਿਆਈ ਦੇ-ਫਰਜ਼ਾਂ ਨੂੰ ਪਹਿਲੇ ਗੁਰੂ ਸਾਹਿਬਾਂ ਵਾਂਗ ਪੂਰੀ ਤਰ੍ਹਾਂ ਨਿਭਾਯਾ। ਆਪ ਵਿਚ ਹੋਰ ਬੀ ਅਨੇਕਾਂ ਗੁਣ ਸਨ ਜਿਨ੍ਹਾਂ ਵਿਚੋਂ ਵਿਦਯਾ ਦਾ ਗੁਣ ਵਿਸੇਸ਼ ਸੀ। ਆਪ ਦੀਆਂ ਤਬਾਹੀ ਤੋਂ ਬਚ ਰਹੀਆਂ ਕੁਛ ਰਚਨਾਂ ਜੋ ਹਨ ਉਨ੍ਹਾਂ ਨੂੰ ਪੜ੍ਹ ਪੜ੍ਹ ਕੇ ਤਸੱਲੀ ਹੋ ਜਾਂਦੀ ਹੈ ਕਿ ਆਪ ਮਹਾਨ ਕਵੀ ਸੇ! ਵਿਦਯਾ ਵਿਚ ਪੂਰੀ ਰੀਮਤਾ ਸੀ। ਸ਼ੌਕ ਇਤਨਾ ਸੀ ਵਿਦਯਾ ਦਾ ਕਿ ਉਸ ਵੇਲੇ ਦੇ ਪ੍ਰਸਿੱਧ ਗ੍ਰੰਥਾਂ ਦੇ ਸੰਸਕ੍ਰਿਤ ਆਦਿ ਭਾਸ਼ਾ ਤੋਂ ਤਰਜੁਮੇਕਰਵਾਏ, ਨਵੀਨ ਗ੍ਰੰਥ ਰਚੇ ਤੇ ਰਚਵਾਏ। ਗੁਣੀਆਂ ਵਿਦਵਾਨਾਂ ਕਵੀਆਂ ਦੀ ਕਦਰਦਾਨੀ ਕੀਤੀ, ਐਤਨੀ ਕਿ ਅਜ ਕਲ ਉਸਦੀ ਨਜ਼ੀਰ ਨਹੀਂ ਦਿਸਦੀ। ਮਹਾਂ ਭਾਰਥ ਦੇ ਇਕ ਇਕ ਪਰਬ ਦੇ ਟੀਕੇ ਲਈ ਸਠ ਸਠ ਹਜ਼ਾਰ ਰੁਪਯਾ ਉਲਥਾਕਾਰਾਂ ਨੂੰ ਦਿਤਾ। ਸੋ ਨਾ ਕੇਵਲ ਆਪ ਕਵੀ ਤੇ ਦ੍ਰਿਸ਼ਟਾ ਤੇ ਦ੍ਰਿਸ਼ਟਮਾਨ ਦੋਹਾਂ ਵਿਦਯਾ ਵਿਚ ਪ੍ਰਬੀਨ ਸੇ, ਸਗੋਂ ਆਪ ਵਿਦਯਾ ਤੇ ਵਿਦਯਾਵਾਨਾਂ ਦੇ ਬੀ ਸਰਪ੍ਰਸਤ ਸੇ। ਹਿੰਦੁਸਤਾਨ ਭਰ ਤੋਂ, ਜ਼ੁਲਮ ਤੋਂ ਪੀੜਤ ਹੋਏ ਗੁਣੀ ਆਕੇ ਆਪਦੀ ਸ਼ਰਣ ਲੈਂਦੇ ਸੇ। ਅਪਣੇ ਦਾਨ, ਮਾਨ, ਸਨਮਾਨ ਦੀ ਪ੍ਰਾਪਤੀ ਲਈ ਬੀ ਕਈ ਵਿਦਵਾਨ ਆਪ ਪਾਸ ਪਹੁੰਚਦੇ ਸੇ। ਫਿਰ ਕਈ ਵਿਦਯਾ ਪਾਕੇ, ਪਰ ਅਸ਼ਾਂਤਿ ਰਹੇ ਵਿਦਵਾਨ ਕਲਿਆਨ ਦਾਨ ਦੀ ਖ਼ਾਤਰ ਬੀ ਚਰਨਾਂ ਨੂੰ ਪ੍ਰਾਪਤ ਹੁੰਦੇ ਸੇ! ਸਭਨਾਂ ਦੀ ਲੋੜ ਆਪ ਪੂਰੀ ਕਰਦੇ ਸੇ। ਇਉਂ ਆਪਦੇ ਪਾਸ ਗੁਣੀਆਂ ਤੇ

ਵਿਦਵਾਨਾਂ ਦਾ ਇਕ ਚੋਖਾ ਸੰਘਟਨ ਹੋ ਗਿਆ ਸੀ। ਸੋ ਨਾ ਕੇਵਲ ਆਪਦੇ ਦੁਆਰੇ ਕਥਾ ਕੀਰਤਨ, ਧਰਮ ਉਪਦੇਸ਼ ਤੇ ਜੀਅਦਾਨ ਦਾ ਪ੍ਰਵਾਹ ਚਲਦਾ ਸੀ, ਨਾ ਕੇਵਲ ਫੌਜੀ ਕਵਾਇਦਾਂ, ਬੀਰ ਰਸੀ ਅਭਿਆਸਾਂ ਦੇ ਕਾਰਨਾਮੇ ਹੋ ਰਹੇ ਸਨ, ਨਾ ਕੇਵਲ ਸ਼ਸਤਰਾਂ ਦੀ ਘਾੜਤ ਤੇ ਠਕਾਠਕ ਝਨਕਾਰ ਲੱਗੀ ਰਹਿੰਦੀ ਸੀ ਪਰ ਵਿਦਜਾ ਦੀ ਰੌਣਕ ਬੀ ਪੂਰੇ ਜੋਬਨਾਂ ਤੇ ਹੁੰਦੀ ਸੀ। ਆਪ ਪਰਜਾ ਨੂੰ ਨਾ ਕੇਵਲ ਧਰਮੀ ਤੇ ਸੂਰਬੀਰ ਬਣਾ ਰਹੇ ਸੇ, ਪਰ ਇਨ੍ਹਾਂ ਗੁਣਾਂ ਨੂੰ ਵਿਦਜਾ ਨਾਲ ਬੀ ਭੂਸ਼ਿਤ ਕਰ ਰਹੇ ਸੇ। ਨਵੀਆਂ ਰਚਨਾਂ ਨਵੇਂ ਕਾਵਜ ਰਚੇ ਜਾਂਦੇ ਸੇ, ਸੰਸਕ੍ਰਿਤ ਫ਼ਾਰਸੀ ਆਦਿ ਤੋਂ ਚੰਗੇ ਚੰਗੇ ਪੁਸਤਕਾਂ ਦੇ ਤਰਜਮੇ ਕਰਵਾਏ ਜਾਂਦੇ ਸੇ। ਵਿਦਜਾ ਦੇ ਦੀਵਾਨ ਲਗਦੇ ਤੇ ਕਵੀਆਂ ਦੇ ਸੰਮੇਲਨ ਹੁੰਦੇ ਸੇ। ਇਨ੍ਹਾਂ ਸਮਾਗਮਾਂ ਵਿਚ ਵਿਦਵਾਨ ਆਪਣੇ ਜੌਹਰ ਦਿਖਾਲਦੇ ਸੇ ਅਤੇ ਇਨ੍ਹਾਂ ਦਰਬਾਰਾਂ ਵਿਚ ਗੁਰੂ ਕੇ ਸੂਰਮੇ, ਆਈਆਂ ਸੰਗਤਾਂ ਤੇ ਓਥੇ ਰਹਿਣ ਵਾਲੇ ਸਿਖ ਸਾਰੇ ਸ਼ਾਮਲ ਹੋਕੇ ਵਿਦਜਾ ਦੇ ਗੁਣਾਂ ਦਾ ਲਾਭ ਲੈਂਦੇ ਸਨ, ਤਾਂਕਿ ਸਿਪਾਹੀ ਤੇ ਸਾਧਾਰਣ ਸਿਖ ਬੀ ਨਾਮ ਦੇ ਨਾਲ ਵਿਦਜਾ ਦੇ ਗੁਣ ਪ੍ਰਾਪਤ ਕਰਕੇ ਤੇ ਉੱਚੇ ਹੋ ਕੇ ਸੁਖ ਪਾਉਣ, ਤੇ ਸੁਖ ਦੇਣ। ਇਕ ਵਿਦਜਾ ਦਰਬਾਰ ਦਾ ਅਨੰਦਪੁਰ ਵਿਚ ਹੋਣਾ ਕਵੀ ਸੈਨਾਪਤ, ਜੋ ਇਸ ਮਾਲਾ ਦਾ ਇਕ ਮੋਤੀ ਸੀ, ਇਕ ਪਦ -ਸਭਾ-ਵਿਚ ਪਤਾ ਦੇਂਦਾ ਹੈ:-

ਗੁਰ ਗੋਬਿੰਦ ਕੀ 'ਸਭਾ' ਮਹਿ ਲੇਖਕ ਪਰਮ ਸੁਜਾਨ।

ਅਸਲ ਵਿਚ ਸੰਸਕ੍ਰਿਤ ਵਿਦਜਾ ਵਿਚ ਲੁਕੇ ਦਬੇ ਪਏ ਇਲਮੀ ਖ਼ਜ਼ਾਨੇ ਆਪ ਹਿੰਦੀ ਵਿਚ ਤਰਜਮੇ ਕਰਵਾਕੇ ਸਰਬ ਸਾਧਾਰਣ ਦੀ ਪਹੁੰਚ ਗੋਚਰਾ ਬਨਵਾ ਰਹੇ ਸਨ, ਆਪ ਦਾ ਆਸ਼ਾ ਇਹ ਸੀ ਕਿ ਵਿਦਜਾ ਆਮ ਹੋ ਜਾਏ ਤਾਂ ਲੋਕੀਂ ਉੱਚ-ਖਿਆਲੇ ਹੋ ਜਾਣ। ਨਾ ਕੇਵਲ ਸੰਸਕ੍ਰਿਤ ਸਗੋਂ ਅਰਬੀ ਫ਼ਾਰਸੀ ਦੀ ਵਿਦਜਾ ਬੀ ਹਿੰਦੀ ਵਿਚ ਕਰਵਾਉਣ ਦੇ ਆਪ ਨੇ ਆਹਰ ਕੀਤੇ ਸਨ। ਹਿੰਦ ਦੇ ਵਿਦਜਕ ਇਤਿਹਾਸ ਵਿਚ ਇਕ ਆਪ ਦਾ ਚਲਾਇਆ ਨਵੀਨ ਦੌਰ ਸੀ। ਸ਼ੋਕ ਹੈ ਕਿ ਆਪ ਦੇ ਤਿਆਰ ਕਰਵਾਏ ਤੇ ਕੀਤੇ ਸਾਰੇ ਗ੍ਰੰਥ ਨਹੀਂ ਮਿਲਦੇ, ਓਹ ਆਖ਼ਰੀ ਜੰਗ ਵਿਚ ਬਹੁਤੇ ਤਬਾਹ ਹੋ ਗਏ, ਇਸ ਕਰਕੇ ਇਸ ਵਿਸ਼ੇ ਤੇ ਪੂਰਾ ਚਾਨਣਾ ਪਾਇਆ ਜਾ ਸਕਣਾ ਇਸ ਵੇਲੇ ਕਠਨ ਹੈ, ਪਰ ਜੋ ਕੁਛ ਸਾਮਾਨ ਮਿਲਦੇ ਹਨ ਉਨ੍ਹਾਂ ਦੇ ਆਧਾਰ ਤੇ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਗੁਰੂ ਕੇ ਦਰ-ਬਾਰ ਵਿਚ ਵਿਦਵਾਨਾਂ ਦੀ ਕਿਤਨੀ ਕਦਰ ਹੁੰਦੀ ਸੀ ਤੇ ਓਹ ਵਿਦਵਾਨ ਆਪ ਗੁਰੂ ਜੀ ਦੀ ਉਸ ਵਿਦਜਾ ਦੀ ਸਰਪ੍ਰਸਤੀ ਬਾਬਤ ਕੀਹ ਕੁਝ ਕਹਿੰਦੇ ਲਿਖਦੇ ਸੇ, ਜਿਸਦਾ ਕੋਈ ਕੋਈ ਪੁਰਜ਼ਾ ਮਾਤ੍ਰ ਕਿਤੋਂ ਕਿਤੋਂ ਲੱਭ ਪੈਂਦਾ ਹੈ। ਅਨੰਦਪੁਰ ਵਿਚ ਰਹਿੰਦਿਆਂ ਜੋ ਵਿਦਜਕ ਸਾਮਾਨ ਤਿਆਰ ਹੋਏ ਓਹ ਚੰਗੇ ਬਰੀਕ ਲਿਖੇ ਜਾਣ ਪਰ ਭੀ ਤੋਲ ਵਿਚ ਨੌਂ ਮਣ ਸਨ। ਇਸ ਰਚਨਾਂ ਨੂੰ 'ਵਿਦਜਾ ਸਾਗਰ' 'ਵਿਦਜਾਧਰ' ਆਦਿ ਨਾਮਾਂ ਨਾਲ ਪੁਕਾਰਿਆ ਜਾਂਦਾ ਸੀ-

ਨਾਮ ਗ੍ਰੰਥ ਕੋ ਵਿਦਜਾ ਸਾਗਰ।
ਰਾਖਨ ਕੀਨੋ ਸ੍ਰੀ ਪ੍ਰਭੁ ਨਾਗਰ।
{ਰੁਤ ੩, ਅੰਸੂ ੫੧}

ਜਦੋਂ ਅਨੰਦਪੁਰ ਦੇ ਜੰਗ ਬਾਦ ਹਮਲਾਅਵਰਾਂ ਦੀਆਂ ਸੌਹਾਂ ਸੁਰੀਂਧਾਂ ਮੂਜਬ ਗੁਰੂ ਜੀ ਅਨੰਦਪੁਰੋਂ ਨਿਕਲੇ ਤਾਂ ਉਨ੍ਹਾਂ ਨੇ ਕੀਤੇ ਅਹਿਦ ਤੋੜਕੇ ਗੁਰੂ ਜੀ ਪਰ ਹਮਲਾ ਕਰ ਦਿੱਤਾ। ਗੁਰੂ ਜੀ ਉਸ ਵੇਲੇ ਇਸ ਹਮਲੇ ਲਈ ਅਗੋਂ ਹਮਲਾ ਕਰਨ ਨੂੰ ਤਿਆਰ ਨਹੀਂ ਸੇ, ਪਰ ਫਿਰ ਭੀ ਅਪਣੇ ਬਚਾਉ ਵਿਚ ਉਹ ਸੂਰਮਗਤੀ ਦਿਖਾਈ ਕਿ ਹੱਦ ਮੁਕਾ ਦਿੱਤੀ। ਇਸ ਘਮਸਾਣ ਵਿਚ ਪਰਵਾਰ ਕਿਸੇ ਪਾਸੇ, ਆਪ ਕਿਸੇ ਪਾਸੇ ਤੇ ਸਿੱਖ ਕਿਸੇ ਪਾਸੇ ਚਲੇ ਗਏ। ਮਾਲ ਅਸ-ਬਾਬ ਜੋ ਕੁਛ ਨਾਲ ਸੀ ਤਬਾਹ ਹੋ ਗਿਆ। ਅਨੰਦ ਪੁਰ ਵਿਚ ਜੋ ਕੁਛ ਸੀ ਉਹ ਸੁਖਨਹਾਰੇ ਵੈਰੀਆਂ ਨੇ ਤਬਾਹ ਕੀਤਾ। ਇਸ ਘਮਸਾਨ ਵਿਚ ਇਨ੍ਹਾਂ ਨੇ ਅਪਣੀ ਮੂੰਹ ਜ਼ੋਰੀ ਵਿਚ ਵਿਦਜਾ ਦਾ ਬੀ ਲਿਹਾਜ਼ ਨਾ ਕੀਤਾ। ਅਨੰਦਪੁਰ ਦੇ ਅੰਦਰ ਕਿ ਬਾਹਰ ਜੋ ਕੁਛ ਹੱਥ ਚੜ੍ਹਿਆ ਗ੍ਰੰਥਾਂ ਸਮੇਤ ਵਿਸਰਜਨ ਕਰ ਦਿਤਾ। ਇਉਂ ਗੁਰੂ ਜੀ ਨੇ ਜੋ ਪੁਸਤਕਾਂ ਦਾ ਸੰਚਯ ਬੀ ਦੂਰ ਦੂਰ ਤੋਂ ਖੋਜਕੇ ਕੱਠਾ ਕੀਤਾ ਸੀ, ਕੁਛ ਤਬਾਹ ਤੇ ਕੁਛ ਵਿਕੋਲਿਤਰਾ ਹੋ ਗਿਆ। ਅਜ ਕਲ ਯੂਰਪ ਦੇ ਸਭਜ ਕਹਿਲਾਉਣ ਵਾਲੇ ਹਮਲਾਆਵਰ ਪੁਸਤਕਾਲਯ (ਲਾਇਬ੍ਰੇਰੀਆਂ), ਧਰਮ ਮੰਦਰ ਤੇ

ਸਾਇੰਸ ਸ਼ਾਲਾ ਤਬਾਹ ਕਰਨੋਂ ਜ਼ਰਾ ਸੰਕੋਚ ਨਹੀਂ ਕਰਦੇ* ਤੇ ਉਸ ਵੇਲੇ ਦੇ ਜਰਵਾਣੇ ਤੇ ਅਨਪੜ੍ਹ ਸਿਪਾਹੀਆਂ ਨੂੰ ਤਾਂ ਗ੍ਰੰਥਾਂ ਦੀ ਕਦਰ ਹੀ ਕੀਹ ਸੀ। ਉਨ੍ਹਾਂ ਲੋਕਾਂ ਦੇ ਹਥੋਂ ਇਹ ਨੌਮਣੀ ਸੰਚਯ ਬੀ ਜਿਸ ਨੂੰ 'ਵਿਦਜਾਸਾਗਰ' ਯਾ 'ਵਿਦਜਾਧਰ'[1] ਆਖਿਆ ਜਾਂਦਾ ਸੀ, ਉਹ ਕਹਿਰ ਕਹਾਰਾਂ ਦੀ ਰਾਤ ਵਿਸਰ-ਜਨ ਹੋ ਗਿਆ; ਦੇਖੋ ਸ੍ਰੂ: ਪ੍ਰ:

ਤਿਨ ਕਵਿਯਨ ਬਾਣੀ ਰਚੀ ਲਿਖ ਕਾਗਦ ਤੁਲਵਾਇ। ਨੌ ਮਣ ਹੋਏ ਤੋਲ ਮਹਿੰ ਸੂਖਮ ਲਿਖਤ ਲਿਖਾਇ। 'ਬਿਦਜਾਧਰ'[1] ਤਿਸ ਗ੍ਰੰਥ ਕੋ ਨਾਮ ਧਰਜੋ ਕਰਿ ਪ੍ਰੀਤ। ਨਾਨਾ ਵਿਧਿ ਕਵਿਤਾ ਰਚੀ ਰਖ ਰਖ ਨੌ ਰਸ ਰੀਤ। ਮਚਜੋ ਜੰਗ ਗੁਰ ਸੰਗ ਬਡ ਰਹਜੋ ਗ੍ਰੰਥ ਸੋ ਬੀਚ। ਨਿਕਸੇ ਆਨੰਦਪੁਰ ਤਜਜੋ ਲੂਟਜੋ ਪੁਨ ਮਿਲ ਨੀਚ। ਪ੍ਰਿਥਕ ਪ੍ਰਿਥਕ ਪੱਤ੍ਰੇ ਹੁਤੇ ਲੁਟਜੋ ਸੁ ਗ੍ਰੰਥ ਬਿਖੇਰ। ਇਕ ਥਲ ਰਹਜੋ ਨ ਇਮ ਗਯੋ ਜਿਸਤੇ ਮਿਲਜੋ ਨ ਫੇਰ। ੫। {ਰੁਤ ੫, ਅੰਸੂ ੫੨}

ਇਹ ਸੰਚਯ ਕੁਛ ਤਾਂ ਪਾੜਿਆ, ਰੌਂਦਿਆ ਮਲੀਆਮੇਟ ਹੋਇਆ, ਕੁਛ ਦੇ ਪਤ੍ਰੇ ਉਡ ਅਡ ਕਿਸੇ ਦੇ ਹੱਥ ਆਏ, ਕੋਈ ਹਿੱਸਾ ਸਲਾਮਤ ਕਿਤੇ ਜਾ ਪਿਆ ਤੇ ਫੌਜਾਂ ਟੁਰ ਜਾਣ ਮਗਰੋਂ ਹੱਥ ਆਇਆ। ਕਿਸੇ ਸ਼ੈ ਦਾ ਪਹਿਲ਼ਾ ਖਰੜਾ ਉਤਾਰਾ ਕਿਸੇ ਰਚਨਹਾਰੇ ਦੇ ਘਰ ਤੋਂ ਲੱਝਾ। ਐਉਂ ਸਿੱਖਾਂ ਨੇ ਸਮੇਂ ਬਾਦ ਕੁਛ ਕੁਛ ਲੱਭ ਕੱਠਾ ਕਰਕੇ ਉਸ ਵੇਲੇ ਦੀ ਵੀਚਾਰ ਅਨੁਸਾਰ ਇਕ ਥਾਂ ਕਰ ਲਿਆ। ਪਰ ਫਿਰ ਬੀ ਕਈ ਚੀਜ਼ਾਂ ਬਾਹਰ ਸਨ। ਕਿਸੇ ਕਿਸੇ ਕਵੀ ਦੀ ਕੋਈ ਚੀਜ਼ ਪਟਿਆਲੇ ਪੁਸਤਕਾਲਯ ਵਿਚ ਹੈ। ਕੁਛ ਪਤ੍ਰੇ ਕਵੀ ਸੰਤੋਖ ਸਿੰਘ ਜੀ ਨੂੰ ਆਨੰਦ ਪੁਰੋਂ ਮਿਲੇ ਸੇ ਜੋ ਉਨ੍ਹਾਂ ਨੇ ਅਪਣੇ ਗੁਰ ਪ੍ਰ: ਸੂ: ਵਿਚ ਦਿਤੇ ਹਨ। ਕੁਛ ਕਿਸੇ ਦੇ ਲਿਖੇ ਬਾਵਾ ਸੁਮੇਰ ਸਿੰਘ ਜੀ ਨੂੰ ਮਿਲੇ ਸੇ। ਕੋਈ ਕੋਈ ਸ਼ੈ ਅਜੇ ਪਤਾ ਨਹੀਂ ਹੋਰਥੇ ਬੀ ਹੋਵੇ। ਮਸਲਨ ਸਾਨੂੰ ਇਕ ਆਪ ਦਾ ਵਿਖਮ ਪਦ ਮਿਲਿਆ ਹੈ, ਜਿਸ ਪਰ ਲਿਖਿਆ ਹੈ- 'ਵਿਖਮ ਪਦ ਪਾਤਸ਼ਾਹੀ ੧੦' ਇਸ ਦਾ ਪਾਠ ਇਸ ਪ੍ਰਕਾਰ ਹੈ:-

ਹਰਿ ਕੇ ਨੈਨਾ ਜਲ ਠਏ॥ ਦਿਪਤ ਜੋਤ ਦਿਨ ਮਨ ਦੁਤਿ ਮੁਖ ਤੇ ਕਬੂ ਨ ਮੂੰਦ ਭਏ॥੧॥ ਰਹਾਉ॥ ਤਿਨ ਕੋ ਦੇਖ ਜਨਨ ਦ੍ਰਿਗ ਪੁਤਰੀ ਲਾਲੀ ਰੰਗ ਰੰਗਏ॥ ਜਨੁ ਪਰਾਗ ਕਵਲਿਨ ਕੀ ਊਪਰ ਭ੍ਰਮਰ ਕੋਟ ਭਰਮਏ॥

ਇਸ ਤਰ੍ਹਾਂ ਖੋਜ ਦੀ ਲੋੜ ਹੈ, ਜੋ ਕੁਛ ਲੱਭੇ, ਤਦ ਨਿਸਚੇ ਕਰਨੇ ਦੀ ਲੋੜ ਹੈ ਕਿ ਠੀਕ ਉਸੇ ਸੰਚਯ ਦਾ ਕੋਈ ਹਿੱਸਾ ਹੈ? ਗੁਰੂ ਕਾ ਹੈ ਕਿ ਉਨ੍ਹਾਂ ਦੇ ਦਰਬਾਰੀ ਕਵੀਆਂ ਦਾ ਹੈ। ਅਗਲੇ ਸੰਚਯ ਵਿਚੋਂ ਹੈ ਕਿ ਹੋਰ ਕਿਸੇ ਦਾ ਹੈ ਤੇ ਕਿਸੇ ਨੇ ਨਾਮ ਲਿਖ ਦਿੱਤਾ ਹੈ?

੨.

ਆਪ ਜੀ ਦੀ ਵਿਦਜਾ ਦੀ ਵਿਸ਼ਾਲ ਕਦਰ-ਦਾਨੀ ਕੇਵਲ ਉਨ੍ਹਾਂ ਦੇ ਉਸ ਦਾਨ ਸਨਮਾਨ ਤੋਂ ਹੀ ਨਹੀਂ ਅੰਦਾਜ਼ਾ ਹੁੰਦੀ ਜੋ ਉਨ੍ਹਾਂ ਦੇ ਦਰਬਾਰ ਵਿਚ ਆਏ ਵਿਦਵਾਨਾਂ ਨੂੰ ਪ੍ਰਾਪਤ ਹੁੰਦਾ ਸੀ, ਸਗੋਂ ਇਸ ਗੱਲ ਤੋਂ ਬੀ ਕਿ ਉਨ੍ਹਾਂ ਦੀ ਜਿੰਦ ਦੀ ਓਹ ਕਿਤਨੀ ਭਲਿਆਈ ਤੱਕਦੇ ਸਨ। ਇਹ ਗਲ ਇਕੋ ਵਾਕਿਆ ਤੋਂ ਪਤਾ ਲਗ ਜਾਂਦੀ ਹੈ, ਜਦੋਂ ਆਨੰਦਪੁਰ ਦਾ ਵੱਡਾ ਜੰਗ ਛਿੜਨ ਵਾਲਾ ਸੀ ਉਸ ਤੋਂ ਪਹਿਲਾਂ ਗੁਰੂ ਜੀ ਨੇ ਆਪਣੇ ਦਰਬਾਰ ਦੇ ਸਾਰੇ ਕਵੀ ਕੋਵਿਦ* ਇਕੱਠੇ ਕਰ ਕੇ ਉਨ੍ਹਾਂ ਨੂੰ ਖੁੱਲ੍ਹੇ ਦਾਨ ਦੇ ਕੇ ਨਿਹਾਲ ਕੀਤਾ, ਰੁਪੱਯੇ, ਬਸ-ਤਰ, ਘੋੜੇ, ਗਲ ਕੀਹ ਹਾਥੀਆਂ ਤੱਕ ਦਿੱਤੇ ਤੇ

*ਮਹਾਰਾਜਾ ਰਣਜੀਤ ਸਿੰਘ ਦੀ ਇਹ ਤਾਰੀਫ ਹੈ ਕਿ ਉਸ ਨੇ ਪਿਸ਼ਾਵਰ ਤੇ ਹਮਲਾ ਕਰਨ ਵੇਲੇ ਸੈਨਾਪਤ ਨੂੰ ਆਖ ਦਿਤਾ ਸੀ ਕਿ 'ਚਮਕਣੀ' ਵਿਚ ਪੁਸਤਕਾਲਯ ਹਨ, ਤੁਸਾਂ ਨੂੰ ਪੂਰੀ ਇਹਤਿਆਤ ਕਰਨੀ ਹੋਵੇਗੀ ਕਿ ਕੋਈ ਪੁਸਤਕ ਜ਼ਾਇਆ ਨਾ ਹੋਣੀ ਪਾਵੇ। ਇਹ ਵਿਦਜਾ ਪ੍ਰਸਤੀ ਦਾ ਗੁਣ ਹਮਲੇ ਵੇਲੇ ਯਾਦ ਰਖ਼ਣਾ ਤੇ ਵਰਤਣਾ ਇਸ ਸਿਖ ਮਹਾਰਾਜੇ ਦਾ ਗੁਣ ਸੀ ਤੇ ਦੱਸਦਾ ਸੀ ਕਿ ਵਿਦਜਾ ਦੀ ਕਿੰਨੀ ਕਦਰ ਸਿਖਾਂ ਵਿਚ ਹੈਸੀ।

{ਮ: ਰਣਜੀਤ ਸਿੰਘ, ਕ੍ਰਿਤ, ਸੀ: ਰਾ: ਕੋਹਲੀ, ਸ:੩੨੭}

੧. ਲਿਖਾਰੀ ਦੀ ਕਲਮ ਉਕਾਈ ਜਾਪਦੀ ਹੈ, ਪਾਠ 'ਵਿਦਜਾਸਰ' ਚਾਹੀਦਾ ਸੀ।

*ਕੋਵਿਦ=ਵਿਦਵਾਨ, ਪੰਡਿਤ।

ਆਗਜਾ ਕੀਤੀ ਕਿ ਆਪ ਹੁਣ ਜਿੱਥੇ ਜਿੱਥੇ ਸੁਖ ਹੋਵੇ ਜਾ ਟਿਕੋ, ਇਥੇ ਭਿਆਨਕ ਜੁੱਧ ਛਿੜਨੇ ਵਾਲਾ ਹੈ, ਆਪ ਦੀਆਂ ਜ਼ਿੰਦਗੀਆਂ ਕੀਮਤੀ ਹਨ; ਉਸ ਭਿਆਨਕ ਸਮੇਂ ਤੋਂ ਪਹਿਲਾਂ ਸੁਖ ਸਬੀਲੀ ਦੇ ਸਮੇਂ ਹੀ ਆਪ ਐਥੋਂ ਟੁਰ ਜਾਓ ਤਾਂ ਠੀਕ ਹੈ। ਇਸ ਤਰ੍ਹਾਂ ਪਿਆਰ ਕਰਕੇ ਵਿਦਾ ਕਰ ਦਿੱਤੇ*। ਹੰਸ ਰਾਮ ਦਾ ਇਕ ਛੰਦ ਹੈ ਜਿਸ ਤੋਂ ਜਾਪਦਾ ਹੈ ਕਿ ਉਸ ਵੇਲੇ ਵਿਦਾ ਹੋਕੇ ਜਾ ਰਹੇ ਕਵੀ ਸਮਾਜ ਵਲੋਂ ਉਸ ਵਿਚ ਗੁਰੂ ਕੇ ਦਾਨ ਦਾ ਯਸ਼ ਵਰਣਨ ਹੈ:-

ਦੰਦਭੀ ਧੰਕਾਰੇ ਬਾਜੇ ਮਾਨੋ ਜਲਧਰ ਗਾਜੇ,
ਰਾਜਤ ਨਿਸ਼ਾਨ ਭਯ ਭਾਨੁ ਛਿਪੇ ਜਾਤ ਹੈਂ।
ਹਾਥਿਨਿ ਕੇ ਹਲਕਾ ਹਜ਼ਾਰਨਿ, ਗਨੇ ਕੋ ਹਯ,
ਜਟਤਿ ਜਵਾਹਰ ਜੇ ਜਗਮਗ ਗਾਤ ਹੈਂ।
ਕੋਰ ਸਾਜੇ ਜੋਰ ਕਰਨਾਲਨ ਕੋ ਸ਼ੋਰ ਸੁਨੇ,
ਸੰਕਤਿ ਸੁਰੇਸ਼ ਔ ਨਰੇਸ਼ ਬਿਲਖਾਤ ਹੈਂ।
'ਹੰਸ ਰਾਮ' ਕਹਿਤ ਬਿਰਾਜੋ ਜਿਨ ਭਾਜੋ
ਗੁਰ ਗੋਬਿੰਦ ਕੋ ਮਾਂਗੇ ਕਵਿਰਾਜ ਚਲੇ ਜਾਤੇ ਹੈਂ।

ਇਸ ਵਾਕਿਆ ਤੋਂ ਥਹੁ ਪੈ ਗਿਆ ਕਿ ਵਿਦ-ਵਾਨਾਂ ਦੇ ਜੀਵਨਾਂ ਨੂੰ ਆਪ ਕਿਤਨਾ ਕੀਮਤੀ ਸਮਝਦੇ ਸਨ ਤੇ ਉਸ ਨੂੰ ਸੁਰੱਖਜਤ ਕਰਦੇ ਸਨ।

ਅੱਗੇ ਅਸੀਂ ਹੁਣ ਕਵੀਆਂ ਦੇ ਛੰਦ ਤੇ ਉਨ੍ਹਾਂ ਪਰ ਟੀਕੇ ਟਿਪਣੀਆਂ ਦੇਂਦੇ ਹਾਂ। ਜਿਨ੍ਹਾਂ ਦੀ ਵੰਡ ਇਉਂ ਹੈ:-

ਪਹਿਲੇ ਓਹ ਛੰਦ ਹਨ ਜਿਨ੍ਹਾਂ ਵਿਚ ਕਵੀਆਂ ਨੇ ਅਪਣੀ ਛਾਪ (ਕਵਿਤਾ ਦਾ ਨਾਮ) ਦਿੱਤੀ ਹੈ। ਯਾ ਉਨ੍ਹਾਂ ਦੀਆਂ ਰਚੀਆਂ ਪੁਸਤਕਾਂ ਵਿਚੋਂ ਲਏ ਗਏ ਹਨ। ਦੂਜੇ ਓਹ ਛੰਦ ਹੋਣਗੇ ਜੋ ਹਨ ਤਾਂ ਗੁਰੂ ਜੀ ਦੇ ਹਜ਼ੂਰੀ ਕਵੀਆਂ ਦੇ, ਪਰ ਉਨਾਂ ਵਿਚ ਉਨ੍ਹਾਂ ਨੇ ਆਪਣੀ ਛਾਪ ਨਹੀਂ ਦਿੱਤੀ, ਉਂਵ ਉਹ ਆਏ ਹਜ਼ੂਰੀ ਕਵੀਆਂ ਦੇ ਛੰਦਾਂ ਦੇ ਵਿਚ ਵਿਚ ਯਾ ਨਾਲ ਨਾਲ ਹਨ।

ਓਹ ਛੰਦ ਜੋ ਅਨੰਦਪੁਰ ਦੇ ਜੁੱਧ ਚਮਕੌਰ ਦੇ ਘੇਰੇ ਤੇ ਮੁਕਤਸਰ ਦੇ ਹਮਲੇ ਤੋਂ ਮਗਰੋਂ ਲੱਖੀ ਜੰਗਲ ਵਿਚ ਉਚਾਰ ਹੋਏ, ਏਥੇ ਪਹੁੰਚ ਕੇ ਮੁੜ ਵਿਦਜਾ ਦਰਬਾਰ ਲਗਾ ਹੈ ਤੇ ਓਥੇ ਕੋਈ ਕੋਈ ਕਵੀ ਕੋਵਿਦ ਪਹੁੰਚੇ ਹਨ ਤੇ ਕਾਵਜ ਸ਼ਾਰਦਾ ਨੇ ਤਲਵਾਰ ਦੇ ਮਗਰੋਂ ਏਥੇ ਕੋਮਲਤਾ ਦੀ ਵੀਣਾ ਵਜਾਈ ਹੈ, ਪਿਛੇ ਸਫਾ ੨੧੫-੧੬ ਪ੍ਰਸੰਗ 'ਇਬ੍ਰਾਹੀਮ-ਅਜਮੇਰ ਸਿੰਘ' ਵਿਚ ਆ ਚੁਕੇ ਹਨ।

*ਗੁ: ਬਿ: ਬਾ: ਸੁ: ਸਿੰਘ।

੪. ਕਵੀ ਸੈਨਾਪਤ*।

ਆਪ ਦਾ ਨਾਮ ੫੨ ਕਵੀਆ ਵਿਚ ਹੈ। ਆਪ ਗੁਰੂ ਸਾਹਿਬ ਜੀ ਦੇ ਸਨਮਾਨਿਤ ਦਰਬਾਰੀ ਕਵੀ ਸਨ। ਆਪ ਖ਼ੁਦ ਲਿਖਦੇ ਹਨ:-

ਗੁਰ ਗੋਬਿੰਦ ਕੀ ਸਭਾ ਮਹਿ ਲੇਖਕ ਪਰਮ ਸੁਜਾਨ।
ਚਾਣਾਕੈ ਪਾਸ਼ਾ ਕਰੀ ਕਵਿ 'ਸੈਨਾਪਤਿ' ਨਾਮ।

ਇਸ ਦੋਹੇ ਤੋਂ ਖਿਆਲ ਕੀਤਾ ਜਾਂਦਾ ਹੈ ਕਿ ਇਸ ਦਾ ਨਾਮ ਸੈਨਾਪਤਿ ਸੀ ਤੇ ਇਹ ਸਹਿਜਧਾਰੀ ਸੀ, ਪਰ ਸੈਨਾਪਤ ਨਾਮ ਆਪਦਾ 'ਕਵਿ ਨਾਮ' ਅਰਥਾਤ ਛਾਪ ਸੀ ਆਪ ਦੀ, ਨਾਮ ਨਹੀਂ ਸੀ। ਗੁਰਸ਼ੋਭਾ ਗ੍ਰੰਥ ਪੜ੍ਹਨ ਤੋਂ ਸਹੀ ਹੁੰਦਾ ਹੈ ਕਿ ਇਸ ਦਾ ਲੇਖਕ ਸੈਨਾਪਤਿ ਗੁਰੂ ਸਾਹਿਬ ਤੇ ਪੂਰਨ ਭਰੋਸਾ ਰਖਣੇ ਵਾਲਾ, ਸਿਦਕੀ ਤੇ ਰਹਿਤ ਮ੍ਰਿਯਾਦਾ ਖਾਲਸੇ ਦੇ ਆਦਰਸ਼ ਦਾ ਪੂਰਣ ਪ੍ਰੇਮੀ ਸੀ, ਤੇ ਸਿੰਘ ਸੀ ਇਸ ਲਈ ਆਪਦਾ ਸਿੰਘ ਨਾਮ ਲੱਭਣੇ ਲਈ ਖੋਜ ਪੜਤਾਲ ਦੀ ਲੋੜ ਹੈ। ਆਪ ਦੇ ਇਸ ਪ੍ਰਕਾਰ ਦੇ ਲੇਖਾਂ ਤੋਂ ਜਿਸਦੀ ਵੰਨਗੀ ਇਕ ਕਬਿੱਤ ਅਗੇ ਦਿੰਦੇ ਹਾਂ, ਦੱਸ ਰਹੀ ਹੈ ਕਿ ਆਪ ਖਾਲਸਾ ਆਰਦਸ਼ ਦੀ ਕਮਾਈ ਵਾਲੇ ਸਨ:-ਕਬਿੱਤ-

ਬਚਨ ਕੀਓ ਕਰਨਹਾਰ, ਸੰਤਨ ਕੀਓ ਬਿਚਾਰ,
ਸੁਪਨੋ ਸੰਸਾਰ ਜਾਨ ਕਾਹੇ ਲਪਟਾਈਐ।
ਬਿਖਜਨ ਸੌਂ ਤਜਿ ਸਨੇਹ, ਸਤਿਗੁਰ ਕੀ ਸਿੱਖ ਲੇਹਿ,
ਬਿਨਸੈ ਛਿਨ ਮਾਹਿ ਦੇਹਿ, ਜਮਪੁਰਿ ਨ ਜਾਈਐ।
ਸੀਸ ਨ ਮੁੰਡਾਵ ਮੀਤ, ਹੁੱਕਾ ਤਜਿ ਭਲੀ ਰੀਤਿ,
ਮਨ ਮੈਂ ਕਰ ਪ੍ਰੇਮ ਪ੍ਰੀਤ ਸੰਗਤ ਮੇਂ ਜਾਈਐ।
ਜੀਵਨ ਦਿਨ ਚਾਰਿ ਸਮਝ ਦੇਖ ਬੁਝਿ ਮਨ ਬਿਚਾਰ,
ਵਾਹਿਗੁਰੂ ਗੁਰੂ ਜੀ ਕਾ ਖਾਲਸਾ ਕਮਾਈਐ॥੧॥

*ਇਹ ਲੇਖ ਇਸੇ ਸੰਚਯ ਲਈ ਦੂਸਰੀ ਐਡੀਸ਼ਨ ਦੇ ਪ੍ਰਕਾਸ਼ਤ ਹੋਣ ਸਮੇਂ ਲਿਖਿਆ ਗਿਆ ਸੀ। ਕਵੀ ਦੀ ਗਿਣਤੀ '੪' ਪਿਛਲੇ ਧਿਆ ਵਿਚ ਆਏ ਤਿਨ ਕਵੀਆਂ ਤੋਂ ਅਗੇ ਜਾਰੀ ਰਖੀ ਹੈ।

ਇਨ੍ਹਾਂ ਦੀ ਰਚਨਾਂ ਦਾ ਇਕ ਗ੍ਰੰਥ ਮਿਲਦਾ ਹੈ ਜਿਸਦਾ ਨਾਮ ਹੈ 'ਗੁਰ ਸ਼ੋਭਾ'। ਇਸ ਵਿਚ ਆਪਨੇ ਗੁਰੂ ਗੋਬਿੰਦ ਸਿੰਘ ਜੀ ਦੇ ਕੁਛ ਜੀਵਨ ਸਮਾਚਾਰ ਲਿਖੇ ਹਨ, ਜਿਨ੍ਹਾਂ ਵਿਚ ਬਹੁਤ ਸਾਰਾ ਲਾਭਦਾਇਕ ਤੇ ਕੀਮਤੀ ਇਤਿਹਾਸਿਕ ਮਸਾਲਾ ਮਿਲਦਾ ਹੈ। ਆਪ ਨੇ ਦੱਸਿਆ ਹੈ ਕਿ ਦੱਖਣ ਦੇ ਹਾਲਾਤ ਮੈਂ ਸਜਣਾਂ ਤੋਂ ਸ੍ਰਵਣ ਕਰਕੇ ਲਿਖੇ ਹਨ। ਇਸੇ ਗ੍ਰੰਥ ਵਿਚ ਅਕਸਮਾਤ ਆਪ ਨੇ ਅਪਣੀ ਸ੍ਵੈ-ਜੀਵਨੀ ਸਬੰਧੀ ਬੀ ਕੁਝ ਛੰਦ ਦਿੱਤੇ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਆਪ ਗੁਰੂ ਸਾਹਿਬ ਜੀ ਪਰ ਪੂਰਨ ਭਰੋਸਾ ਤੇ ਸਿਦਕ ਰੱਖਣ ਵਾਲੇ ਸਨ, ਪਰਮਾਰਥਿਕ ਲਗਨ ਬੀ ਜਾਪਦੀ ਹੈ ਤੇ ਖਾਲਸੇ ਦੀ ਰਹਿਤ ਮ੍ਰਿਯਾਦਾ ਆਦਿ ਦੇ ਧਾਰਨੀ ਬੀ ਪ੍ਰਤੀਤ ਦਿੰਦੇ ਹਨ। ਯਥਾ-

ਚੌਪਈ ॥ ਤ੍ਰਿਪ੍ਰਸਾਦਿ ਗੁਰੂ ਉਪਦੇਸੇ।
ਜਨਮ ਜਨਮ ਕੇ ਮਿਟੇ ਅੰਦੇਸੇ।
ਤਬ ਇਹ ਕੀਟ ਪਤਿਤ[1] ਮਨ ਆਯੋ।
ਭਈ ਕ੍ਰਿਪਾ ਗੁਰ ਮਾਰਗ ਪਾਯੋ[2]।੮।

ਦੋਹਰਾ-
ਓਟ ਤਿਹਾਰੀ ਧਰਤ ਹੌਂ ਜਾਨਤ ਅਵਰ ਨ ਕੋਇ।
ਮਨ ਬਚਕ੍ਰਮ ਕਰ ਭਾਵਨੀ ਸਿੰਮ੍ਰਤ ਹੌਂ ਇਮ ਤੋਇ।

ਸਵੈਯਾ-
ਕਾਹੂੰ ਕੇ ਮਾਤ ਪਿਤਾ ਸੁਤ ਹੈਂ[3] ਅਰ,
ਕਾਹੂੰ ਕੇ ਭ੍ਰਾਤ ਮਹਾ ਬਲਕਾਰੀ।
ਕਾਹੂੰ ਕੇ ਮੀਤ ਸਖਾ, ਹਿਤੁ, ਸਾਜਨ,
ਕਾਹੂੰ ਕੇ ਗ੍ਰੇਹ ਬਿਰਾਜਤ ਨਾਰੀ।
ਕਾਹੂੰ ਕੇ ਧਾਮ ਮਹਾਂ ਨਿਧ[4] ਰਾਜਤ,
ਆਪਸ ਮੋਂ ਕਰ ਹੈਂ ਹਿਤ ਭਾਰੀ।
ਹੋਹੁ ਦਿਆਲ ਦਯਾ ਕਰਕੈ ਪ੍ਰਭੁ,
ਗੋਬਿੰਦ ਜੀ ਮੁਹਿ ਟੇਕ ਤੁਹਾਰੀ[1]॥੪॥

ਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਅਵਤਾਰ ਮੰਨਦੇ ਸੇ, ਯਥਾ- ਦੋਹਰਾ-

ਨਿਰੰਕਾਰ ਆਕਾਰ ਕਰ ਮਨਸਾ ਮਨਿ ਬੀਚਾਰ।
ਮੁਕਤ ਕਰਨ ਸੰਸਾਰ ਕੋ ਪ੍ਰਗਟ ਭਯੋ ਕਰਤਾਰ।
ਕਰਨ ਕਰਾਵਨ ਹਾਰ ਪ੍ਰਭ ਸਮਰਥ ਸਿੰਘ ਗੋਬਿੰਦ।
ਕਲਾ ਧਾਰ ਪਰਗਟ ਭਯੋ ਚਹੁੰ ਦਿਸ਼ ਭਯੋ ਅਨੰਦ।

ਸ੍ਵੈਯਾ-ਜੁਗਤਿ ਕੈ ਜੋਗ ਕੈ ਭਾਵਨੀ ਭੋਗ ਲੈ ਭੇਪ ਅਲੇਖ ਨਹਿੰ ਹਾਥ ਅਹੁਰੇ। ਜਾਇ ਕਰਵਤ ਲੈ ਹੈਵਰੇ ਗਰਤ ਜੈਹੈ ਮੀਚ ਅਮੀਚ ਕੈ ਲੇਤ ਭਹੁਰੇ। ਮੋਨ ਗਹਿ ਜੀਵ ਮੈਂ ਬਸਤ੍ਰ ਤਜਿ ਸੀਵ ਮੈਂ ਦਿਸ਼ਟ ਅਕਾਸ਼ ਕਰੁ ਨਾਂਹਿ ਲਹੁਰੇ। ਟੇਰ ਹੈ ਸੰਤ ਬੇਅੰਤ ਮਹਿਮਾਂ ਮਹਾਂ ਨਾਮ ਗੋਬਿੰਦ ਗੋਬਿੰਦ ਕਹੁ ਰੇ।

ਕੋਟਿ ਉਪਾਵ ਬੀਚਾਰ ਕੇਹੂ ਕਰੋ ਪਾਰ ਜਿਹ ਤੇ ਪਰੋ ਬਾਤ ਅਹੁ ਰੇ। ਅਨਿਕ ਤੀਰਥ ਕਰੋ ਜਾਇ ਕਾਸ਼ੀ ਮਰਉ ਚੜ੍ਹੋ ਕੇਦਾਰ ਨਹਿੰ ਪਾਪ ਪਹੁ ਰੇ। ਅਨਿਕ ਤਪ ਸਾਧ ਅਗਾਧ ਜਾਨਿਓ ਨਹੀ ਹੋਤ ਹੈ ਔਰ ਕੀ ਔਰ ਅਹੁਰੇ। ਟੇਰ ਹੈ ਸੰਤ ਬੇਅੰਤ ਮਹਿਮਾਂ ਮਹਾਂ ਨਾਮ ਗੋਬਿੰਦ ਗੋਬਿੰਦ ਕਹੁ ਰੇ॥

ਇਨ੍ਹਾਂ ਦੀ ਕਵਿਤਾ ਵਿਚੋਂ ਖਾਲਸਾ ਸਜਣ ਦਾ ਹਾਲ, ਖਾਲਸੇ ਦੇ ਗੁਣ ਅਤੇ ਕੇਸ ਕ੍ਰਿਪਾਨ ਆਦਿ ਰਹਿਤ ਮ੍ਰਿਯਾਦਾ ਦਾ ਗੁਰੂ ਸਾਹਿਬ ਦਾ ਆਪ ਕਾਇਮ ਕਰਨਾ ਤੇ ਟੋਰਨਾ ਅਖੀਂ ਡਿੱਠਾ ਦੱਸਿਆ ਹੈ। ਆਪ ਦੀ ਕਵਿਤਾ ਦੇ ਨਮੂਨੇ ਏਹ ਹਨ:-

ੳ. (ਖਾਲਸਾ ਪ੍ਰਗਟਾਇਆ)

ਛਪਯ-ਨਿਰਮਲ ਕਰਿ ਸੰਸਾਰ, ਜਗ੍ਤ ਮੈਂ ਬਚਨਿ ਸੁਨਾਏ। ਕੀਓ ਖਾਲਸਾ ਪ੍ਰਗ੍ਟਿ, ਸੁਨਤ ਦ੍ਰੁਹਜਨ ਡਰਪਾਏ। ਮੁਨਿ ਜਨ ਕਰਤ ਬਿਚਾਰ, ਚਾਰ ਅਚਰਜ ਸੁਨਿ ਭਾਈ। ਗੁਪਤ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ। ਮਾਨਹਿ ਸੁ ਸੰਤ ਇਹ ਮੰਤ੍ਰ[2] ਕੋ ਜਨਮ ਜੀਤ ਮੁਕਤਾ ਭਯੋ। ਕਵਿ ਤਾਸ ਰੇਨ ਤਿਹ

---

੧. ਨੀਵਾਂ ਕੀੜਾ ਭਾਵ ਕਵੀ ਆਪਣੀ ਬਾਬਤ ਲਿਖ ਰਿਹਾ ਹੈ। ੨. ਭਾਵ ਹੈ ਕਿ ਸਿਧੀ ਮਾਰਗ ਵਿਚ ਗੁਰੂ ਜੀ ਨੇ ਮੈਨੂੰ ਟੋਰਿਆ ਹੈ।

੩. ਕਿਸੇ ਦੇ ਮਾਤਾ, ਪਿਤਾ ਤੇ ਪੁਤ੍ਰ ਹਨ (ਤੇ ਉਸਨੂੰ ਉਨ੍ਹਾਂ ਦਾ ਆਸਰਾ ਹੈ)।

੪. ਭਾਵ ਬੜਾ ਧਨ ਦੌਲਤ।

---

੧. ਕਵੀ ਕਹਿੰਦਾ ਹੈ, ਕਿ ਮੈਨੂੰ ਕੇਵਲ ਤੇਰੀ ਹੀ ਟੇਕ ਹੈ। ੨. ਮੰਤ੍ਰ, ਸਲਾਹ।

ਸਿਖ ਕੀ, ਜੁ ਸਤਿਗੁਰ ਕੀ ਸ਼ਰਨੀ ਅਯੋ।

ਦੋਹਰਾ-

ਸੋ ਸਮਰਥ ਕਾਰਨ ਕਰਨ ਤਿਹ ਸਮਾਨ ਨਹੀਂ ਕੋਇ।
ਤਾਂਕੀ ਸੇਵਾ ਸੋ ਕਰੇ ਜਿਸਹਿ ਪਰਾਪਤਿ ਹੋਇ।

ਸਰਬ ਆਨੰਦ ਗੋਬਿੰਦ ਕੇ ਜਾਪ ਤੇ,
ਜਪੋ ਨਿਤ ਨਿਤ ਕੈ ਪ੍ਰੀਤਿ[1], ਮੀਤਾ!
ਸਰਬ ਕੋ ਤੰਤ[2] ਯਹਿ ਮੰਤ ਗੁਰਦੇਵ ਕਾ-
ਏਕ ਮਨ ਜੀਤ ਸੰਸਾਰ ਜੀਤਾ।
ਸਰਬ ਜੰਜਾਰ ਬੇਕਾਰ[3] ਛਿਨ ਮੈਂ ਤਜੇ,
ਸਰਬ ਗੁਰਦੇਵ ਸਨ ਗਯਾਨ ਗੀਤਾ।
ਭਯੋ ਜੈਕਾਰ ਤ੍ਰੈਲੋਕ ਚੌਦੈ ਭਵਨ,
ਸਤਿਗੁਰੂ ਖਾਲਸਾ ਖਾਸ ਕੀਤਾ।

ਅ. (ਅੰਮ੍ਰਿਤ ਮ੍ਰਿਯਾਦਾ ਕਾਯਮ ਕੀਤੀ)

ਦੋਹਰਾ-

ਖਾਂਡੇ ਕੀ ਪਾਹੁਲ ਦਈ ਕਰਨਹਾਰ ਪ੍ਰਭ ਸੋਇ।
ਕੀਓ ਦਸੋਦਿਸ ਖਾਲਸਾ ਤਾ ਬਿਨ ਅਵਰ ਨ ਕੋਇ।

ਪਉੜੀ॥ ਦੇ ਖਾਂਡੇ ਕੀ ਪਾਹੁਲ ਤੇਜ ਬਢਾਇਆ।
ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ।

ੲ. (ਖਾਲਸੇ ਦੀ ਰਹਿਤ)

ਕੀਏ ਜਦਿ ਬਚਨ ਸਤਿਗੁਰੂ ਕਾਰਨ ਕਰਨ-
'ਸਰਬ ਸੰਗਤਿ ਆਦਿ ਅੰਤ ਮੇਰਾ ਖਾਲਸਾ।
'ਮਾਨੇਗਾ ਹੁਕਮੁ ਸੋ ਤੋ ਹੋਵੇਗਾ ਸਿੱਖ ਸਹੀ,
'ਨ ਮਾਨੇਗਾ ਹੁਕਮ ਸੋ ਤੋ ਹੋਵੈਗਾ ਬਿਹਾਲਸਾ।
'ਪਾਂਚ ਕੀ ਕੁਸੰਗਤ ਤਜਿ ਸੰਗਤਿ ਸੌਂ ਪ੍ਰੀਤ ਕਰੇ,
'ਦਯਾ ਔਰ ਧਰਮ ਧਾਰ ਤਜਾਗੇ ਸਭ ਲਾਲਸਾ।
'ਹੁੱਕਾ ਨਹੀਂ ਪੀਵੇ, ਸੀਸਦਾੜੀ ਨ ਮੁੰਡਾਵੇ, ਸੋ ਤੋ
'ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ'॥੩੦॥

ਪਉੜੀ॥

ਬਚਨ ਕੀਓ ਕਰਤਾਰ: ਖੁਰ[4] ਨਹੀਂ ਲਾਈਐ।
ਮਨ ਅੰਤਰਿ ਕਰਿ ਪ੍ਰੀਤਿ ਬਚਨਿ ਕਮਾਈਐ।
ਮਾਤ ਪਿਤਾ ਮਰ ਜਾਇ ਨ ਭਦਰ[5] ਕਰਾਈਐ।

---

੧. ਪ੍ਰੀਤ ਕਰਕੇ ਨਿਤ ਨਿਤ ਜਪੋ। ੨. ਤੱਤ ਰੂਪ, ਸਾਰ ਰੂਪ। ੩. ਜੰਜਾਲ ਅਤੇ ਵਿਕਾਰ।

੪. ਕਸ਼ੁਰ-ਉਸਤਰਾ। ੫. ਭਦਰ-ਭੱਦਣ=ਸਿਰ ਦੇ ਵਾਲ ਦੂਰ ਕਰਨੇ। ਖਾਸ ਕਰ ਮਾਤਾ ਪਿਤਾ ਦੇ ਮਰਨੇ ਪਰ ਜੋ ਹਿੰਦੂ ਸਿਰ ਮੂੰਹ ਮੁਨਾਉਂਦੇ ਹਨ।

ਸ. (ਖਾਲਸਾ ਉਹ ਜੋ ਨਾਮ ਜਪੇ)

ਦੋਹਰਾ-ਜਿਨਜਨ ਉਪਜਤ ਨਾਮ ਧੁਨਿ ਤਿਨ
ਜਨ ਨਿਰਮਲ ਰੀਤਿ। ਭਜਿ ਗੋਬਿੰਦ ਭਏ
ਖਾਲਸਾ ਜ਼ਿਨ ਅੰਤਰਿ ਪਰਤੀਤਿ।

ਪਉੜੀ-

ਮਹਾਂ ਦੂਤਨ ਕੋ ਤ੍ਰਾਸ ਪਰਤ ਜਮ ਜਾਰਸਾ।
ਸਾਚਾ ਨਾਮ ਪੁਨੀਤ ਓਟਿ ਭਈ ਢਾਲਸਾ।
ਬਿਨਸੇ ਸਗਲ ਕਲੇਸ਼ ਗਯੋ ਜੰਜਾਲਸਾ।
ਚੁਕਿਓ ਆਵਨ ਜਾਨ ਮਿਟੀ ਸਭ ਲਾਲਸਾ।
ਖਾਲਸ ਜਪਿ ਗੋਬਿੰਦ ਭਯੋ ਹੈ ਖਾਲਸਾ।

ਹ. (ਖਾਲਸੇ ਦੇ ਹੋਰ ਲੱਛਨ)

ਜਾਕੇ ਹਿਰਦੇ ਭਰਮ ਨ ਹੋਈ।
ਭਰਮ ਭੇਖ ਤੇ ਰਹੇ ਨਿਆਰਾ।
ਸੋ ਖਾਲਸ ਸਤਿਗੁਰੂ ਹਮਾਰਾ।

ਕ. (ਗੁਰੂ ਜੀ ਆਪ ਕੇਸਾਧਾਰੀ ਸਨ)

ਆਨੰਦ ਰੂਪ। ਸੁੰਦਰ ਸਰੂਪ।
ਐਸੇ ਨਿਹਾਰ। ਗੁਰੂ ਕੇਸ ਧਾਰ।

ਪੁਨਾ-

ਬਚਨ ਗੁਰਦੇਵ ਦੇ ਗਿਆਨ ਐਸੋ ਕੀਓ,
ਮੁਕਤਿ ਕੀ ਯੁਕਤਿ ਐਸੇ ਬਿਚਾਰੀ।
ਰਚੇ ਕਰਤਾਰ ਯੌਂ ਰਚੀ ਆਕਾਰ ਤੇ
ਜਪੈਗੀ ਜਾਪ ਸਭ ਸ੍ਰਿਸ਼ਟ ਸਾਰੀ।
ਤੱਤ੍ਵ ਕੋ ਧਾਰਿਕੈ ਜੀਤ ਬੋਲੀ ਫਤੇ
ਮਾਰ ਦੂਤਨ ਕੀਓ ਭਸਮ ਛਾਰੀ।
ਭਯੋ ਜੈਕਾਰ ਤ੍ਰੈਲੋਕ ਚੌਦੈ ਭਵਨ
ਆਚਲ ਪਰਤਾਪ ਗੁਰ ਕੇਸਧਾਰੀ।

ਖ. (ਅਨੰਦਪੁਰ ਦੇ ਜੰਗ ਵਿਚ ਅੱਖੀਂ ਡਿੱਠੇ ਹਾਲ)

ਲਗੇ ਮੋਰਚੇ ਤੁਰਕ ਕੇ ਊਪਰਿ ਚਢੀ ਕਮਾਨ।
ਇਤ ਸਨਮੁਖ ਭਯੋ ਖਾਲਸਾ ਹੋਤ ਬੀਰ ਸੰਗ੍ਰਾਮ।

ਸ੍ਵੈਯਾ:-ਤੋਪ ਛੁਟੈ ਗਰਜੈ ਘਨ[1] ਜਯੋਂ,
ਲਰਜ਼ੈ[2] ਹੀਅਰਾ, ਸੁ ਮਹਾਂ ਭਯ ਮਾਂਹੀ।
ਐਸੇ ਮਨੋਜ[3] ਚਲੈ ਭੁਵਚਾਲ,
ਹਲੈ ਬਸੁਧਾ[4] ਸਮ ਤਾਸ ਕੀ ਆਹੀ।
ਦਾਮਨਿ[5] ਜਿਉਂ ਚਮਕੇ ਤਿਹ ਠਉਰ
ਸੁ ਲਾਗਤ ਜਾ ਮਗ ਹੀ ਸੁ ਤਹਾਂਹੀ।

---

੧. ਬੱਦਲ। ੨. ਕੰਬਦਾ ਹੈ। ੩. ਸੁੰਦਰ। ੪. ਪ੍ਰਿਥਵੀ। ੫. ਬਿਜਲੀ।

ਸੇਤ[1] ਮਨੋ ਬਰਖੈਂ ਘਨ ਤੇ,
ਤਹਾਂ ਗੋਲਾ ਚਲੈਂ ਸਮਤਾ ਸੁ ਅਸਾਹੀ[2]।

ਗ. (ਅਨੰਦਪੁਰੋਂ ਤੋਪ ਦਾ ਚੱਲਣਾ)

ਤੋਪ ਛੁਟੈ ਗਰਜੈ ਘਨ ਜਯੋਂ
ਲਰਜੈਂ ਹਿਯਰਾ ਮਾਨੋ ਬਿੱਜ ਕੜੱਕੈ।
ਠਉਰ ਰਹੇ ਜਿਹਕੇ ਉਰ ਲਾਗਤ
ਹੋਤ ਹੈ ਛਾਤੀ ਕੈ ਪਾਟ ਪੜੱਕੈ।
ਯਾ ਬਿਧਿ ਸੋਂ ਤਹਿਂ ਗੋਲਾ ਚਲੈ
ਟਿਕਹੈ ਨਹੀਂ ਸੂਰਾ ਤਾਹੀ ਕੈ ਧੱਕੈ।
ਰਾਜਨ ਕੇ ਅਵਸਾਨ[3] ਗਏ ਜਬ
ਆਨੰਦ ਕੋਟ ਤੇ ਤੋਪ ਛੁੜੱਕੈ।

ਘ. {ਬਾਬਾ ਅਜੀਤ ਸਿੰਘ ਜੀ ਦਾ ਜੰਗ}

ਤਾਂ ਦਿਨ ਗਡਜੋ ਰਣ ਖ਼ੰਭ ਸਿੰਘ ਰਣਜੀਤ[4] ਧਰਤ ਪਰ। ਧਰਤ ਲਰਜ਼, ਉਠੀ ਧੂਰ, ਭਾਨ ਛਿਪ ਗਯੋ ਆਪ ਘਰ। ਪਵਨ ਮੰਦ ਹੁਇ ਰਹੀ ਰੈਨ ਭਈ ਦਿਵਸ ਛੁਪਾਨੋ। ਲਰਜ਼ੇ ਸਕਲ ਅਕਾਸ਼ ਤੋਪ ਛੁਟੀ ਪਰਮਾਨੋ। ਬਜਯੋ ਨਿਸ਼ਾਨ ਤਿਹੁੰ ਲੋਕ ਮੈਂ ਸੁਨ ਦੇਵਨ ਮਨ ਯੌਂ ਭਯੋ। ਚੜਿ ਚੜਿ ਬਿਬਾਨ ਦੇਖਨ ਚਲੇ ਸੁਸ਼ੰਕਰ[5] ਸਮੇਤ, ਨਹੀਂ ਕੋ ਰਹਯੋ[6]।

ਙ. (ਗੁਰੂ ਜੀ ਨੇ ਜਗਤ ਉਧਾਰਨੇ ਵਾਸਤੇ ਸਾਰਾ ਕੁਛ ਕੀਤਾ ਸੀ)

ਸ੍ਵੈ:-ਕਲਿ ਮੈ ਕਲਿ ਧਾਰਿ ਅਕਾਰਿ ਕੀਓ
ਕਰ ਆਪਨ ਦੂਤ ਸੰਘਾਰਨ ਕੋ[7]।
ਚਮਕੀ ਦਿਸ਼ ਚਾਰ ਹੂੰ ਜੋਤ ਮਹਾਂ
ਜਗ ਪਾਪ ਸਮੂਹ ਬਿਡਾਰਨ ਕੋ[8]।
ਕਰਿ ਖਾਲਸ[9] ਜਾਪ ਦਏ ਹਰਿ ਨੈ
ਹਥਿਆਰ ਅਪਾਰ ਜੁਝਾਰਨ ਕੋ।
ਗੁਰ ਗੋਬਿੰਦ ਸਿੰਘ ਕੀਓ ਇਤਨਾ
ਭਵਸਾਗਰ ਪਾਰ ਉਤਾਰਨ ਕੋ।

ਚ. {ਸਤਿਗੁਰੂ ਜੀ ਦੇ ਘੋੜੇ ਦੀ ਉਪਮਾ}

ਤੁਰਕੀ ਅਸੁ ਅੱਛ ਸੁਪੱਛਿ ਬਡੋ[1],
ਤਿਹ ਊਪਰਿ ਪਾਖਰ[2] ਆਨ ਧਰੀ।
ਛਬਿ ਸੋਹਤ ਜ਼ੀਨ ਜਰਾਇਨ[3] ਕੀ,
ਸਭ ਸਾਜ਼ ਸਮੇਤ ਅਨੂਪ ਖਰੀ।
ਗਜ ਮੋਤਿਨ ਕੋ ਗੁਲਬੰਦਨ ਕੇ[4]
ਕਲਗੀ ਸਿਰ ਸ਼ੋਭ ਜ਼ਰਾਵ ਜਰੀ।
ਬਰਨੋ ਛਬਿ, ਯੌ ਜਲ ਚਾਲ ਚਲੈ,
ਛਿਪ ਹੈ ਤਿਹ ਦੇਖਤ ਹੂਰ ਪਰੀ।

ਛ. (ਦੂਸਰੇ ਕਵੀਆਂ ਦੀ ਖਯਾਲ ਪੂਰਤੀ ਵਿਚ ਗੁਰੂ ਜੀ ਦਾ ਰੋਅ਼ਬ)

ਸਵੈਯਾ-ਡੰਕਨ ਘੋਰ ਸੁ ਘੋਰ ਭਈ,
ਸੁਨਿਕੈ ਪੁਰੀਆਂ ਸਭ ਹੀ ਲਰਜ਼ੀ[5]।
ਲਰਜ਼ੇ ਸਭ ਭਾਨ ਭਿਆਨ ਭਏ,
ਕਿਹ ਕਾਰਨ ਕਾਜ ਚੜਯੋ ਹਰਿ ਜੀ[6]।
ਲੋਕ ਅਲੋਕ ਸਭੈ ਲਰਜ਼ੇ,
ਸ਼ਿਵਜੀ ਕੈਲਾਸ਼ ਪਤਿ ਯੌ ਡਰ ਜੀ[7]।
ਸੁਨ ਸ਼ੇਸ਼ ਮਹੇਸ਼ ਸੁਰੇਸ਼ ਬਡੇ,
ਲਰਜ਼ੇ ਸਿੰਘ ਗੋਬਿੰਦ ਕੇ ਡਰ ਜੀ।

ਜ. {ਸੈਨਾਪਤ ਜੀ ਪੰਜਾਬੀ ਸਨ, ਜੈਸਾ ਕਿ ਉਨ੍ਹਾਂ ਦੀ ਪੰਜਾਬੀ ਕਵਿਤਾ ਤੋਂ ਅਨੁਮਾਨ ਹੁੰਦਾ ਹੈ। ਨਮੂਨਾ ਏਹ ਹੈ-}

ਪਉੜੀ॥

ਸਭ ਤੇਰੀ ਤੂ ਸਭਸਦਾ ਕੋ ਕਿੱਧਰ ਜਾਵੈ।
ਪੁਤ ਕੁਪੱਤੀ ਜੇ ਕਰੇ ਪਿਉ ਮੁਖਹੁੰ ਨ ਪਾਵੈ।
ਭਾਵੈਂ ਕੇਤਾ ਭਰਮਣਾ ਜੇ ਸ਼ਰਣੀ ਆਵੈ।
ਅਉਗਣ ਮੇਟੇ ਗੁਣ ਕਰੇ ਭੀ ਮਾਂਹਿ ਸਮਾਵੈ।
ਜੀ, ਗੋਬਿੰਦ ਸਿੰਘ ਦਿਆਲ ਹੈ ਸਤਿਸੰਗ ਮਿਲਾਵੈ।

---

੧. ਓਲੇ, ਗੜੇ। ੨. ਉਸਦੀ ਉਪਮਾ ਐਸੀ ਹੈ। ੩. ਹੋਸ਼। ੪. ਅਰਥਾਤ, ਬਾਬਾ ਅਜੀਤ ਸਿੰਘ ਜੀ। ਗ਼ਾਲਬਨ ਇਹ ਜਮਤੁੱਲਾ ਭਾਊ ਵਾਲੇ ਜੰਗ ਦਾ ਹਾਲ ਹੈ ਜਿਸ ਵਿਚ ਸਾਹਿਬ ਅਜੀਤ ਸਿੰਘ (= ਰਣਜੀਤ ਸਿੰਘ ਜੀ) ਲੜੇ ਸਨ। ੫.ਸ਼ਿਵਜੀ ਸਣੇ। ੬. ਭਾਵ ਸਾਰੇ ਦੇਵਤੇ ਦੇਖਣ ਆਏ ਸੁਰ ਪੁਰ ਵਿਚ ਕੋਈ ਨਾ ਰਿਹਾ। ੭.ਕਲ-ਜੁਗ ਵਿਚ ਦੁਸ਼ਟਾਂ ਨੂੰ ਨਾਸ਼ ਕਰਨ ਹਿਤ ਆਪ ਨੇ ਸੁਹਣਾ ਰੂਪ ਧਾਰਨ ਕੀਤਾ। ੮.ਦੂਰ ਕਰਨ ਨੂੰ। ੯ .ਖਾਲਸਾ ਸਜਾਕੇ।

੧. ਤੁਰਕੀ ਘੋੜਾ ਜੋ ਸ੍ਰੇਸ਼ਟ ਵਡੇ ਪੰਛੀ ਵਰਗਾ ਦਿਖਾਈ ਦਿੰਦਾ ਹੈ। ੨. ਪਾਖਰ= ਲੋਹੇ ਦੀਆਂ ਕੜੀਆਂ ਦਾ ਝੁੱਲ ਜੋ ਜੰਗ ਵਿਚ ਰਖਯਾ ਲਈ ਘੋੜੇ ਤੇ ਪਾਇਆ ਜਾਂਦਾ ਹੈ। ੩. ਜੜਾਊਆਂ ਨਾਲ ਜੜਤ ਕਾਠੀ। ੪. ਗਜ ਮੋਤੀਆਂ ਦੇ ਗੁਲੂਬੰਦ ਬਣੇ ਹਨ। ੫. ਕੰਬ ਗਈਆਂ। ੬. ਗੁਰੂ ਗੋਬਿੰਦ ਸਿੰਘ ਜੀ। ੭. ਕੈਲਾਸ ਪਤਿ ਸ਼ਿਵਜੀ ਇਉਂ ਡਰਿਆ।

੫. ਆਸਾ ਸਿੰਘ (ਮੁਤਸੱਦੀ)*।

ਸ੍ਰੀ ਗੁਰੂ ਜੀ ਦੇ ਦਰਬਾਰ ਦਾ ਇਕ ਮੁਸੱਦੀ ਹੁੰਦਾ ਸੀ, ਇਸ ਦਾ ਨਾਮ ਸੀ ਆਸਾ ਸਿੰਘ। ਬੜਾ ਗੁਰੂ ਕਾ ਪ੍ਰੇਮੀ ਤੇ ਨੇਕਚਲਨ ਦਿਆਨਤਦਾਰ ਆਦਮੀ ਸੀ। ਵਿਦਵਾਨ ਤੇ ਕਵੀ ਵੀ ਸੀ। ਪਰਾਈ ਪੀੜਾ ਨਾਲ ਪੀੜਤ ਹੋਕੇ ਦ੍ਰੱਵ ਜਾਣ ਦਾ ਗੁਣ ਵਿਸ਼ੇਸ਼ ਰਖਦਾ ਸੀ। ਇਕ ਦਿਨ ਇਕ ਦੁਖੀ ਲਾਚਾਰ ਆਦਮੀ, ਜਿਸ ਦੀ ਕਾਕੀ ਦਾ ਵਿਆਹ ਸੀ, ਆਪ ਪਾਸ ਆਇਆ ਤੇ ਦੁਖ ਰੋਕੇ ਮਦਦ ਮੰਗੀ। ਕੇਵਲ ਮੱਦਦ ਹੀ ਨਾ ਮੰਗੀ ਗੁਰੂ ਕਾ ਵਾਸਤਾ ਬੀ ਪਾ ਦਿੱਤਾ। ਆਪ ਪਸੀਜ ਗਏ, ਪੰਜ ਸੌ ਦਾ ਟੋਂਬੂ ਲਿਖ ਦਿਤਾ, ਜਿਸ ਜਗਾ ਦਾ ਉਹ ਦੁਖੀ ਪੁਰਖ ਰਹਿਣੇ ਵਾਲਾ ਸੀ ਓਥੋਂ ਦੇ ਇਕ ਸਿਖ ਵਪਾਰੀ ਦੇ ਨਾਮ ਤੇ। ਗੁਰੂ ਕਾ ਟੋਂਬੂ ਲੈਕੇ ਉਸ ਸਿੱਖ ਨੇ ਰੁਪਏ ਦੇ ਦਿਤੇ, ਗ੍ਰੀਬ ਦਾ ਕਾਰਜ ਹੋ ਗਿਆ। ਕੁਛ ਸਮੇਂ ਮਗਰੋਂ ਇਹ ਵਪਾਰੀ ਸਿੱਖ ਅਨੰਦਪੁਰ ਸਾਹਿਬ ਆਇਆ ਤੇ ਸਾਹਿਬਾਂ ਦੀ ਹਜ਼ੂਰੀ ਵਿਚ ਗੁਣ ਗਾਉਣ ਲਗਾ ਕਿ ਪਾਤਸ਼ਾਹ! ਆਪ ਨੇ ਜੋ ਅਮਕੇ ਲੋੜਵੰਦ ਨੂੰ ਪੰਜ ਸੌ ਦਾਨ ਕੀਤਾ ਤੇ ਮੇਰੇ ਵਲ ਟੋਂਬੂ ਘੱਲਿਆ ਸੀ, ਉਸਦਾ ਕਾਰਜ ਰਾਸ ਹੋ ਗਿਆ ਤੇ ਆਪਦਾ ਬੜਾ ਸੁਜਸ ਹੋਇਆ ਕਿ ਆਪ 'ਇਨਸਾਨੀ ਪੀੜਾ ਹਰਨ' ਵਿਚ ਗੁਰੂ ਨਾਨਕ ਦੇਵ ਹੀ ਹੋ।

ਗੁਰੂ ਜੀ ਸੁਣਕੇ ਮੁਸਕ੍ਰਾਏ ਤੇ ਕਹਿਣ ਲਗੇ: ਭਾਈ ਅਸਾਂ ਤਾਂ ਕਿਸੇ ਨੂੰ ਟੋਂਬੂ ਨਹੀਂ ਦਿੱਤਾ। ਸਿੱਖ ਨੇ ਕਿਹਾ ਆਪ ਦੀ ਮੁਹਰ ਟੋਂਬੂ ਉਤੇ ਲੱਗੀ ਹੋਈ ਸੀ! ਦਾਤਾ ਜੀ ਫੁਰਮਾਉਣ ਲੱਗੇ: ਮਾਡੀ ਮੁਹਰ ਆਸਾ ਸਿੰਘ ਪਰਮ ਇਤਬਾਰੀ ਦੇ ਹੱਥ ਹੈ, ਹੋ ਨਹੀਂ ਸਕਦਾ ਕਿ ਬਿਨਾਂ ਪੁਛੇ ਉਹ ਟੋਂਬੂ ਲਿਖੇ ਤੇ ਮੁਹਰ ਲਾਵੇ। ਕਿਵੇਂ ਉਸ ਨੇ ਆਪੇ ਟੋਂਬੂ ਲਿਖ ਕੇ ਦੇ ਦਿੱਤਾ ਤੇ ਖੋਟ ਕੀਤਾ? ਇਹ ਗਲ ਕਿਸੇ ਨੇ ਆਸਾ ਸਿੰਘ ਨੂੰ ਪੁਚਾ ਦਿੱਤੀ। ਆਸਾ ਸਿੰਘ ਜਾਣਦਾ ਸੀ ਕਿ ਚਾਹੇ ਮੈਂ ਨੇਕੀ ਕੀਤੀ ਹੈ, ਪਰ ਮੇਰੇ ਫਰਜ਼ ਮਨਸਬੀ ਵਿਚ ਇਹ ਈਮਾਨਦਾਰੀ ਦਾ ਕੰਮ ਨਹੀਂ। ਮੈਂ ਕੇਵਲ ਮੁਸੱਦੀ ਹਾਂ, ਮੈਨੂੰ ਪੁੱਛ ਲੈਣਾ ਚਾਹੀਦਾ ਸੀ। ਹੁਣ ਮੇਰੇ ਪਾਸ ਕੋਈ ਉਜ਼ਰ ਆਪਣੀ ਸਫ਼ਾਈ ਦਾ ਨਹੀਂ, ਮੈਂ ਕਿਵ ਕਰਾਂ? ਸੋਚ ਸਾਚ ਕੇ ਭੈ ਨੇ ਭੱਜਣਾ ਹੀ ਠੀਕ ਰਸਤਾ ਦੱਸਿਆ। ਸੋ ਕੰਮ ਸਾਰਾ ਆਪਣੇ ਮਾਤਹਿਤ ਮੁਸੱਦੀ ਦੇ ਹਥ ਛਡਕੇ ਘਰ ਜਾ ਛੁਪਿਆ ਤੇ ਮੁਨਸ਼ੀਖਾਨੇ ਆਉਣਾ ਬੰਦ ਕਰ ਦਿੱਤਾ। ਘਰ ਬੈਠਾ ਸੋਚੇ, ਪਰਉਪਕਾਰ ਚੰਗਾ ਹੈ ਪਰ ਮਾੜਾ ਵੀ ਕੇਡਾਕੁ ਹੈ। ਮੈਂ ਜੇ ਨਾ ਦ੍ਰਵਦਾ ਤਾਂ ਕਿਉਂ ਦਿਆਨਤਦਾਰ ਹੁੰਦੇ ਹੋਏ ਖ਼ੁਨਾਮੀਆ ਹੋ ਜਾਂਦਾ। ਇਹ ਦ੍ਰਵਣਾ ਗੁਰਸਿਖੀ ਦਾ ਗੁਣ ਹੈ, ਪਰ ਮੇਰੇ ਨਾਲ ਕੀਹ ਵਰਤੀ!.....ਦ੍ਰਵਣਾ ਦੋ ਪ੍ਰਕਾਰ ਦਾ ਹੋਣਾ ਹੈ-ਇਕ ਤਾਂ ਵਾਹਿਗੁਰੂ ਜ਼ੀ ਦੇ ਪ੍ਰੇਮ ਵਿਚ ਦ੍ਰਵਣਾ, ਦੂਜੇ ਪਰ ਪੀੜਾ ਪੁਰ ਦ੍ਰਵਣਾ, ਪਰ ਪਰਾਈ ਪੀੜਾ ਤੇ ਦ੍ਰਵਣਾ ਫਿਰ ਦੋ ਪ੍ਰਕਾਰ ਦਾ ਸਹੀ ਹੁੰਦਾ ਹੈ, ਇਕ ਤਾਂ ਅਕਲਮੰਦੀ ਨਾਲ ਤੇ ਇਕ ਮਨ ਤੇ ਸਰੀਰ ਦੀ ਕਮਜ਼ੋਰੀ ਨਾਲ ਰੁੜ੍ਹ ਪਿਆਂ। ਮੈਂ ਜਿਸ ਨੂੰ ਆਪਣਾ ਗੁਣ ਜਾਣਿਆ ਸੀ, ਉਹ ਮੇਰੇ ਮਨ ਦੀ ਕਮਜ਼ੋਰੀ ਦਾ ਰੋੜ੍ਹ ਸੀ, ਜਿਸਨੂੰ ਲੋਕੋਕਤੀ ਐਉਂ ਦੱਸਦੀ ਹੈ-'ਜਿਸ ਲਾਈ ਗੱਲੀਂ, ਓਸੇ ਨਾਲ ਉਠ ਚਲੀ।' ਐਸੇ ਆਦਮੀਆਂ ਨੂੰ ਲਾਈਲਗ ਕਹਿੰਦੇ ਹੋਣਗੇ, ਕਿਉਂਕਿ ਜੇ ਮੇਰੇ ਵਿਚ ਦ੍ਰਵਣਤਾ ਉਹ ਹੁੰਦੀ ਜੋ ਗੁਰੂ ਜੀ ਨੇ ਫੁਰਮਾਈ ਹੈ:-

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥
ਹਰਿ ਦਰਗਹ ਕਹੁ ਕੈਸੇ ਗਵੈ॥{ਸੁਖ:}

ਤਦ ਮੈਨੂੰ ਦੁਖ ਨਾ ਹੁੰਦਾ। ਮੈਨੂੰ ਦੁਖ ਹੋਇਆ ਹੈ ਤਾਂ ਤੇ ਮੇਰੀ ਦ੍ਰਵਣਤਾ ਮੇਰੇ ਮਨ ਦੀ ਕਮਜ਼ੋਰੀ ਸੀ, ਜਿਸ ਨੇ ਦਿਆਨਤਦਾਰੀ ਦੇ ਇਖ਼ਲਾਕੀ ਗੁਣ ਨੂੰ ਗੁਵਾ ਲਿਆ। ਪਰ ਹਾਇ ਇਹ ਸੋਚਾਂ ਮੈਨੂੰ ਤਦੋਂ ਕਿਉਂ ਨਾ ਫ਼ੁਰੀਆਂ। ਮੇਰੀ ਮਨ-ਕਮਜ਼ੋਰੀ ਨੇ ਮੇਰੀ ਅਕਲ ਦੇ ਤੋਲ ਨੂੰ ਉਸ ਵੇਲੇ ਝਿਲਮਿਲਾ ਕਰ ਦਿਤਾ ਸੀ। ਫਿਰ ਸੋਚੇ, ਮੈਂ ਕੋਈ ਆਪ ਤਾਂ ਨਹੀਂ ਖਾ ਗਿਆ, ਮੈਂ ਭਾਵੇਂ ਭੁਲਕੇ ਕੁਛ ਦਿਤਾ ਪਰੰਤੂ ਦਿਤਾ ਤਾਂ ਪਰਉਪਕਾਰ ਵਿਚ ਹੈ। ਇਸ ਹਿਸਾਬ ਮੈਂ ਅਪ੍ਰਾਧੀ ਨਹੀਂ, ਪਰ ਦੂਸਰੇ ਹਿਸਾਬ ਅਨ-ਆਗਾਜਾਕਾਰੀ ਤੇ ਦੋਸ਼ੀ ਹਾਂ। ਇਸ ਤਰ੍ਹਾਂ ਦੇ ਲਹਾ ਚੜ੍ਹਾ ਲਗੇ ਰਹੇ। ਅੰਤ ਕੁਤ ਦਿਨ ਸੋਚ ਸਾਚ ਕੇ ਹੌਮਲਾ ਪਰਤਿਆ ਤੇ ਵੀਚਾਰ ਕੀਤੀ ਕਿ ਇਹੋ

*ਅਰਬੀ, ਤਸੁਦੀਅ=ਅਗੇ ਆਉਣਾ, ਪੇਸ਼ ਹੋਣਾ। ਮੁਤਸੱਦੀ=ਪੇਸ਼ਕਾਰ।

ਗੱਲ ਗੁਰੂ ਜੀ ਨੂੰ ਲਿਖਕੇ ਕਿਓਂ ਨਾ ਘੱਲਾਂ ਤੇ ਘੱਲਾਂ ਕਵਿਤਾ ਵਿਚ। ਇਕ ਤਾਂ ਆਪ ਬਖਸ਼ਿੰਦ ਹਨ, ਦੂਜੇ ਮੇਰੀ ਕਮਜ਼ੋਰੀ ਦੇਖ ਲੈਣਗੇ ਤੇ ਮੇਰੇ ਬਦਦਿਆਨਤੀ ਵਾਲੇ ਪੱਖ ਵਿਚ ਨਿਰਅਪ੍ਰਾਧਤਾ ਤੱਕ ਲੈਣਗੇ, ਤੀਸਰੇ ਵਿਦਜਾ ਤੇ ਵਿਦਵਾਨਾਂ ਦੇ ਦਾਤਾ ਹਨ, ਹੋ ਸਕਦਾ ਹੈ ਮੇਰੀ ਟੁੱਟੀ ਫੁੱਟੀ ਕਵਿਤਾ ਤੇ ਰੀਝ ਪੈਣ। ਇਉਂ ਵਿਚਾਰਕੇ ਉਸ ਨੇ ਇਹ ਕਵਿਤਾ ਲਿਖਕੇ ਸ੍ਰੀ ਹਜ਼ੂਰ ਦੇ ਚਰਨਾਂ ਵਿਚ ਘੱਲੀ-

ਕਲਮੋਵਾਚ॥ ਦੋਹਰਾ॥

ਮੁਖ ਕਾਰਾ ਮੇਰੋ ਕਰੈ ਕਰਤ, ਨ ਪਰਉਪਕਾਰ॥
ਤਾਹੂ ਕੋ ਮਨ ਕਰਤ ਨਿਜ ਕਾਰੋ ਬਦਨ ਨਿਹਾਰ॥੬੭॥
ਫਟ ਛਾਤੀ ਦੋ ਟੂਕ ਭਈ ਰੁਦਨ ਕਰਤ ਲਿਖ ਜਾਤ॥
ਪਰਸ੍ਵਾਰਥ ਉਪਕਾਰ ਬਿਨ ਮੁਝੇ ਨ ਸੁਪਨੇ ਸ਼ਾਂਤ॥੬੮॥

ਚੌਪਈ॥ ਯੌ ਲਿਖਨੀ ਬਚ ਹੈ ਬਰ ਰਚਾ॥
ਸੋ ਪਕਰਾਈ ਗੁਰ ਮੁਰ ਕਰਾ॥
ਯੌ ਉਪਕਾਰ ਨਾਥ ਨਾ ਕਰੋਂ॥
ਤੱਦਪਿ ਤੁਮ ਤੇ ਬਹੁ ਬਿਧਿ ਡਰੋਂ ॥੬੯॥
ਯੌ ਸਿਖ ਤੁਮਰੀ ਦਈ ਦੁਹਾਈ॥
ਤੌ ਮਮ ਟੌਂਬੂ ਦਯੋ ਕਰਾਈ॥
ਭੂਲਨ ਮੱਧ ਸਦਾ ਇਹ ਜੰਤੂ॥
ਸਤਿਗੁਰ ਹੈ ਬਖਸ਼ੰਦ ਬਿਅੰਤ ॥੭੦॥
ਮੇਰੀ ਖ਼ਤਾ ਓਰ ਨਹੀਂ ਜਾਨਹੁ॥
ਅਪਨੋ ਲੀਜੈ ਬਿਰਦ ਪਛਾਨਹੁ॥
ਸਰਬ ਲੱਛ ਜਗ ਮੈਂ ਇਹ ਤੇਰੀ॥
ਖਾਵਤੁ ਭੁੰਚ ਜੀਵ ਕਰਿਜੋਰੀ*॥੭੧॥

(ਗੁ: ਬਿ: ਸੁ: ਸਿ:)

*ਇਸ ਕਵਿਤਾ ਦਾ ਇਕ ਪਾਠਾਂਤਰ ਹੈ ਜੋ ਭਾਈ ਸੰਤੋਖ ਸਿੰਘ ਜੀ ਨੇ ਐਉਂ ਲਿਖਿਆ ਹੈ-

ਕਲਮੋਵਾਚ॥

ਦੋ:-ਮੁਖ ਕਾਰਾ ਮੇਰੋ ਕਰੈਂ, ਕਰਤ ਨ ਪਰਉਪਕਾਰ।
ਤਿਸਕੋ ਮੈਂ ਫਿਰ ਕਰਉਂਗੀ, ਪਲਟਾ ਇਹੁ ਦਰਬਾਰਿ॥
ਫਟ ਛਾਤੀ ਦੋ ਟੂਕ ਭਈ, ਰੁਦਨ ਕਰਤ ਲਿਖਜਾਤ।
ਪਰਸ੍ਵਾਰਥ ਉਪਕਾਰ ਬਿਨ, ਮੋਹਿ ਨ ਉਪਜਤ ਸ਼ਾਂਤਿ॥
ਚੌ:-ਐਸੋ ਕਲਮ ਕਹਤਿ ਸਭਿ ਸਾਥ। ਸੋ ਪਕਰਾਈ ਗੁਰ ਮੁਹਿ ਹਾਥਿ। ਗੁਰ ਕੀ ਆਨ ਜਬਹਿ ਸਿਖ ਕੀਨੀ। ਸ਼ਹੀ ਨ ਮੈਂ, ਚਿੱਠੀ ਲਿਖ ਦੀਨੀ। ਸਰਬ ਲੱਛਮੀ ਜਗਤ ਤੁਮਾਰੀ। ਭੁੰਚਤ ਹੈ ਇਹ ਸ੍ਰਿਸ਼ਟੀ ਸਾਰੀ। ਛਿਮਹੁ ਗੁਰੂ ਅਪਰਾਧ ਹਮਾਰਾ। ਸਦ ਬਖਸ਼ਿੰਦ ਹੈਂ ਬਿਰਦ ਤੁਹਾਰਾ।

ਇਹ ਕਵਿਤਾ ਪੜ੍ਹ ਕੇ ਸਤਿਗੁਰੂ ਜੀ ਹੱਸ ਪਏ ਤੇ ਬੋਲੇ: ਸਿਖ ਨੇ ਬਦਨੀਯਤੀ ਨਾਲ ਪਹੇਮਾਨਗੀ ਨਹੀਂ ਕੀਤੀ, ਗੁਰੂ ਦੀ ਆਨ ਸੁਣ ਕੇ ਦ੍ਰਵ ਗਿਆ ਹੈ।.....ਵਿਦਵਾਨ ਹੈ, ਕਵੀ ਹੈ, ਗੁਣੀ ਹੈ, ਜਾਓ ਲੈ ਆਓ। ਸੋ ਆਸਾ ਸਿੰਘ ਨੇ ਆ ਚਰਨ ਪਰਸੇ ਤੇ ਹੰਝੂਆਂ ਦੇ ਮਾਨੋਂ ਗੁਲਾਬ-ਛਿਣਕਾਉ ਨਾਲ ਤ੍ਰੇਲ ਪਏ ਕਮਲ ਵਾਙੂ ਮੋਤੀ ਮੋਤੀ ਕਰ ਦਿੱਤੇ। ਤਦ 'ਵਿਦਜਾ ਅਧਿਪਤੀ' ਜੀ ਨੇ ਸਿਰ ਤੇ ਹੱਥ ਦੇਕੇ ਉਚਿਆਇਆ ਤੇ ਫੁਰਮਾਇਆ-ਆਸਾ ਸਿੰਘ ਨੂੰ ਪੱਗ ਬੰਨ੍ਹਾਓ, ਸਿਰੋਪਾਉ ਵਜੋਂ। ਲੈ ਬਈ ਪਰ-ਉਪਕਾਰ ਲਈ ਚੱਲਣ ਵਾਲੀ ਕਲਮ ਦੇ ਕਲਮ-ਕਸ਼! ਪਰ ਅਸੋਚਵਾਨ।.....ਦਿਓ ਬਈ ਉਹੋ ਕਲਮ ਇਸਦੇ ਹੱਥ, ਪਰ ਕਲਮ ਦਿਮਾਗ ਨਾਲ ਇਕਸੁਰ ਹੋਕੇ ਟੁਰੇ, ਨਿਰੇ ਹੱਥਾਂ ਨਾਲ ਚਲਾਈ ਕਲਮ ਚੀਂਚ-ਗਲੋਲੇ ਵਾਹੁੰਦੀ ਹੈ। ਆਸਾ ਸਿੰਘ! ਪਰਉਪਕਾਰੀ ਦੇ ਚਰਨ ਦਾਨਾਈ ਦੇ ਹਨ।

ਚਿੜੀਆ ਪਰ ਉਪਕਾਰਦੀ, 'ਦਰਦ'
'ਉਦਾਰਤਾ' ਖੰਭ। ਦਾਨਾਈ ਦੇ ਪੈਰ ਪਰ,
ਪ੍ਰਭੂ ਟੇਕ ਅਵਿਲੰਬ[1]।

੬. ਹੰਸ ਰਾਮ।

ਇਹ ਕਵੀ ਗੁਰੂ ਕੇ ਦਰਬਾਰ ਦਾ ਇਕ ਪ੍ਰਬਲ ਕਵੀ ਹੋਇਆ ਹੈ। ਇਸਦੀ ਇਕ ਰਚਨਾ-ਮਹਾਂ ਭਾਰਤ ਦੇ ਕਰਣਪਰਬ ਦਾ ਭਾਸ਼ਾ ਵਿਚ ਅਨੁਵਾਦ-ਹੈ[2]। ਇਸ ਵਿਚ ਲਿਖੇ ਕਵੀ ਦੇ ਅਪਣੇ ਲੇਖ ਤੋਂ ਅੰਦਾਜ਼ਾ ਲਗਦਾ ਹੈ ਕਿ ਸ੍ਰੀ ਗੁਰੂ ਜੀ ਵਿਦਜਾ ਦੀ ਸਰਪ੍ਰਸਤੀ ਕਿੱਡੀ ਉਦਾਰਤਾ ਨਾਲ ਕਰਦੇ ਹੁੰਦੇ ਸਨ। ਹੋਰ ਨਿਤ ਦਾਨ ਤੋਂ ਛੁੱਟ ਹੰਸ ਰਾਮ ਨੂੰ ਗੁਰੂ ਜੀ ਨੇ ਸੱਠ ਹਜ਼ਾਰ ਰੁਪੱਯਾ ਦਿੱਤਾ ਸੀ। ਦੇਖੋ ਇਕ

੧. ਪਰਉਪਕਾਰ ਦੇ ਪੰਛੀ ਦੇ ਖੰਭ ਹਮਦਰਦੀ ਤੇ ਉਦਾਰਤਾ (ਸਖ਼ੀਪਨਾ) ਹੈਨ, ਪਰੰਤੂ ਪੈਰ ਇਸ ਪੰਛੀ ਦੇ ਦਾਨਾਈ ਦੇ ਹਨ ਤੇ ਹੀਏ ਦਾ ਭਾਵ-ਵਾਹਿਗੁਰੂ ਜੀ ਦੀ ਟੇਕ ਹੈ।

੨. ਇਹ-ਕਰਣ ਪਰਬ-ਦਾ ਅਨੁਵਾਦ ਹੰਸਰਾਮ ਦਾ ਕੀਤਾ ਹੋਯਾ ਹੁਣ ਪਟਿਆਲੇ ਮੋਤੀ ਬਾਗ ਦੀ ਲਾਇਬ੍ਰੇਰੀ ਵਿਚ ਹੈ। ਨੰਬਰ-੧-੧੦ਵਾਂ ਹੈ।

ਇਕ ਪਰਬ ਤਰਜੁਮੇ ਲਈ ਇਤਨੀ ਇਤਨੀ ਭਾਰੀ ਰਕਮ ਦਾਨ ਦੇ ਕੇ ਵਿਦਵਾਨ ਰਖ ਲੈਣੇ ਕਿਤਨੀ ਭਾਰੀ ਵਿਦਯਾ ਦੀ ਕਦਰਦਾਨੀ ਹੈ। ਜਿਸਦੀ ਸਾਖ ਕਵੀ ਆਪ ਐਉਂ ਭਰਦਾ ਹੈ-

ਪ੍ਰਿਥਮ ਕ੍ਰਿਪਾ ਕਰਿ ਰਾਖ ਕਰ ਗੁਰ ਗੋਬਿੰਦ ਉਦਾਰ, ਟਕਾ[1] ਕਰੇ ਬਖਸ਼ੀਸ਼ ਤਬ ਮੋਕੇ ਸਾਠ ਹਜ਼ਾਰ। ਤਾਂ ਕੋ ਆਯਸੁ[2] ਪਾਇਕੇ ਕਰਣ ਪਰਬ ਮੈਂ ਕੀਨ, ਭਾਖਾ ਅਰਥ ਵਚਿਤ੍ਰ ਕਰ ਸੁਨੇ ਸੁਕਵਿ ਪ੍ਰਬੀਨ।

ੳ. {ਕਰਣ ਪਰਬ ਦਾ ਉਲਥਾ ਅਰੰਭ}

ਸੰਬਤ ਸਤ੍ਰਾਂ ਸੈ ਬਹਸ ਬਾਵਨ ਬੀਤਨ-ਹਾਰ[3], ਮਾਰਗ ਵਦਿ ਤਿਥਿ ਦੂਜ ਕੋ ਤਾਂ ਦਿਨ ਮੰਗਲਵਾਰ[4]। ਹੰਸਰਾਮ ਤਾਂ ਦਿਨ ਕਰਜੋ 'ਕਰਨ ਪਰਬ[5]' ਆਰੰਭ।

ਅ. {ਗੁਰੂ ਜੀ ਤੇ ਅਨੰਦਪੁਰ ਦਾ ਵਰਣਨ}

ਕੌਨ ਬਡੋ ਯਾ ਜਗਤ ਮੈਂ ਕੋ ਦਾਤਾ ਕੋ ਸੂਰ?
ਕਾਂਕੇ ਰਣ ਅਰੁ ਦਾਨ ਮੇ ਮੁਖ ਪਰ ਬਰਮਤ ਨੂਰ?
ਰਚਜੋ ਬ੍ਰਹਮ ਕਰ ਆਪਨੇ ਦੀਨੋ ਭੂ ਕੋ ਭਾਰ,
ਸੋ ਤੋ ਗੁਰੁ ਗੋਬਿੰਦ ਹੈ ਨਾਨਕ ਕੋ ਔਤਾਰ।
ਐਸੇ ਕਾਹੂੰ ਕੇ ਨਹੀਂ ਸੁਰ ਸੁਰਪਤਿ ਕੇ ਭੌਨ,
ਈਸ ਮੁਨੀਸ਼ ਦਿਲੀਸ਼ ਏ ਨਰ ਨਰੇਸ਼ ਕੇ ਕੌਨ?
ਚਾਰ ਬਰਨ ਚਾਰੋਂ ਜਹਾਂ ਆਸ਼੍ਰਮ ਕਰਤ ਅਨੰਦ[6],
ਤਾਂ ਕੋ ਨਾਮ ਅਨੰਦਪੁਰ ਹੈ ਅਨੰਦ ਕੋ ਕੰਦ।

ੲ. {ਅਸੀਸ}

ਕਬਿੱਤ-ਕਾਯਮ ਕੁਬੇਰ ਸਾਤ ਸਾਯਰ[7] ਸੁਮੇਰ ਜੌ ਲੌ, ਕੀਰਤਿ ਕਰਨ ਕੀ ਕਰਨ ਅਵਗਾਹ-ਬੀ[8] ਜੌ ਲੌ ਪੌਣ ਪੰਨਗ ਪ੍ਰਬਲ ਪੁਹਮੀ ਕੇ ਭਾਰ[1], ਪਾਰਥ ਕੋ ਜੌ ਲੌ ਪੁਰਖਾਰਥ ਸਰਾਹ-ਬੀ[2]। ਜੌ ਲੌ ਸ਼ਿਵ ਸਲਿਤਾ[3] ਸੁ ਕਵਿ 'ਹੰਸਰਾਮ' ਕਹੈ? ਜੌ ਲੌ ਰਾਮ ਰਾਵਨ ਕੋ ਰਾਮਾਯਨ ਚਾਹ ਬੀ। ਜੌ ਲੌ ਧ੍ਰੂਵ ਧਰਨਿ ਤਰੁਨ[4] ਤੇਜ ਰਾਜੇ ਜਗ, ਤੌ ਲੌ ਸ੍ਰੀ ਗੁਬਿੰਦ ਸਿੰਘ ਤੇਰੇ ਸੀਸ ਸਾਹਿਬੀ।

ਸ. {ਮੁਕਤੀ ਦਾਤਾ}

ਕਵੀ ਹੰਸ ਰਾਮ ਜੀ ਗੁਰੂ 'ਗੋਬਿੰਦ ਸਿੰਘ' ਜੀ ਦੇ 'ਮੁਕਤੀ ਦਾਤਾ' ਹੋਣ ਬਾਬਤ ਆਪਣੇ ਕਬਿਤਾਂ ਵਿਚ ਸੁੰਦਰ ਵਰਣਨ ਕਰਦੇ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਸ ਮਹਾਂ ਬਲੀ ਨੇ ਅਪਣੇ ਬੀਰਰਮੀ ਠਾਠ ਵਿਚ ਸ਼ਾਂਤਿ ਰਸ ਦੇ ਕੰਮ ਨੂੰ ਇਸ ਖ਼ੂਬੀ ਨਾਲ ਕੀਤਾ ਸੀ ਕਿ ਹੰਸ ਰਾਮ ਵਰਗੇ ਵਿਦਵਾਨ ਨੇ ਉਨ੍ਹਾਂ ਨੂੰ ਪ੍ਰਤੱਖ ਦਰਸ਼ਨ ਕਰਦੇ ਹੋਏ 'ਅਵਤਾਰ ਸ਼ਿਰੋਮਣਿ' ਤੇ 'ਮੁਕਤੀ ਦਾਤਾ' ਮੰਨਿਆ, ਯਥਾ:-

ਅਵਧ ਅਨਾਏ ਕਹਾਂ, ਤਿਲਕ ਬਨਾਏ ਕਹਾਂ,
ਦ੍ਵਾਰਕਾ ਛਪਾਏ ਕਹਾਂ ਤਨ ਤਾਈਯਤਿ ਹੈ।
ਕੋਵਿਦ ਕਹਾਏ ਕਹਾਂ, ਬੇਨੀ ਕੇ ਮੁੰਡਾਏ ਕਹਾਂ
ਕਾਸ਼ੀ ਕੇ ਬਸਾਏ ਕਹਾਂ ਲਾਹਾ ਲਖੀਯਤ ਹੈ।
ਮੋਹਨ ਮਨਾਏ ਕਹਾਂ, ਭੂਪਤਿ ਰਿਝਾਏ ਕਹਾਂ
ਕਹਾਂ 'ਹੰਸਰਾਮ' ਜੋ ਧਰਾ ਮੈਂ ਧਾਈਯਤ ਹੈ।
ਚਾਰ ਹੂੰ ਬਰਨ ਤਾਂਕੇ ਹਰਨ ਕਲੇਸ਼ ਗੁਰ
ਗੋਬਿੰਦ ਕੇ ਚਰਨ ਮੁਕਤਿ ਪਾਈਯਤ ਹੈ[5]।

ਅਰਥ-੧. ਅਯੁੱਧਿਆ ਜਾਕੇ (ਸਰਜੂ ਨਦੀ ਵਿਚ) ਨ੍ਹਾਉਣ ਦੀ ਕੀ ਲੋੜ ਹੈ, ਮੱਥੇ ਤੇ (ਵਰਣਾ-

---

੧. ਰੁਪਏ। ੨. ਆਗਯਾ। ੩. ੧੭੫੨। ੪. ਮੱਘਰ ਵਦੀ ਦੂਜ ਮੰਗਲਵਾਰ। ੫. ਮਹਾਂ ਭਾਰਥ ਦਾ ਇਕ ਧਿਆਯ। ੬. ਆਨੰਦ ਪੁਰ ਚੌਹਾਂ ਵਰਣਾਂ ਤੇ ਚੌਹਾਂ ਹੀ ਆਸ਼੍ਰਮਾਂ ਦੇ ਲੋਗ ਗੁਰੂ ਜੀ ਨੇ ਵਸਾਏ, ਏਹ 'ਮਾਨਸ ਕੀ ਜਾਤ ਸਭੈ ਏਕੋ ਪਹਿ-ਚਾਨਬੋ' ਦੇ ਅਮਲੀ ਵਰਤਾਉ ਦੀ ਅੱਖੀਂ ਡਿੱਠੀ ਉਗਾਹੀ ਹੈ। ੭. ਸੱਤ ਸਮੁੰਦਰ। ੮. ਜਦ ਤਕ (ਦਾਨੀ) ਕਰਨ ਦੀ ਕੀਰਤੀ ਨੂੰ ਕੌਨ ਗ੍ਰਹਿਣ ਕਰਦੇ ਰਹਿਣਗੇ।

੧. ਭਾਵ, ਜਦ ਤਕ ਧਰਤੀ ਦੇ ਭਾਰ ਨੂੰ ਸ਼ੇਸ਼ਨਾਗ ਚੁੱਕਣ ਨੂੰ ਪ੍ਰਬਲ ਹੈ ਤੇ ਵਾਯੂ ਚੁੱਕਣ ਨੂੰ ਧਰਤੀ ਪ੍ਰਬਲ ਹੈ। ੨. ਅਰਜੁਨ ਦੇ ਪੁਰਖਾਰਥ ਦੀ ਮਹਿਮਾ ਦੀ ਸਲਾਹੁਤਾ ਜਦ ਤਕ ਰਹੇਗੀ। ੩. ਗੰਗਾ ਜਦ ਤਕ ਵਹੇਗੀ। ੪. ਸੂਰਜ।

੫. ਇਸੇ ਤਰ੍ਹਾਂ ਦਾ ਛੰਦ ਇਸੇ ਖਿਆਲ ਪੂਰਤੀ ਦਾ ਇਕ ਹੋਰ ਹੈ ਜਿਸ ਲਈ ਦੇਖੋ ਬੇਛਾਪ (ਯਾਨੀ ਕਵੀ ਦਾ ਨਾਮ ਨਹੀਂ ਦਿਤਾ) ਧਿਆਯ-ਛੰਦ ਦੀ ਪਹਿਲੀ ਸਤਰ ਇਹ ਹੈ-ਕੌਨ ਬਨਾਰਸੀ ਬਾਸ ਕਰੈ ਜਹਿਂ ਬਾਸਕ ਨਾਗ ਹੀਏ ਮੈ ਲਸੈ।' ਦੇਖੋ ਪੰਨਾ ੪੯੧, ਕਾਲਮ-੨

ਸ੍ਰਮੀ) ਤਿਲਕ ਲਾਉਣ ਦੀ ਕੀ ਲੋੜ ਹੈ, ਦ੍ਵਾਰਕਾ ਜਾਕੇ (ਤੱਤੇ) ਛਾਪੇ ਲੁਆਉਣ ਦੀ ਕੀ ਲੋੜ ਹੈ ਤੇ ਕਾਹਨੂੰ ਐਵੇਂ ਤਨ ਤਪਾਈਦਾ ਹੈ (ਭਾਵ ਪੰਚ ਅਗਨੀਆਂ ਸੇਵੀਦੀਆਂ ਹਨ)। ੨. ਪੰਡਿਤ ਕਹਾ-ਉਣ ਦਾ ਕੀ ਲਾਭ, ਬੋਦੀ ਮਨਾਉਣ (ਸੰਨਜਾਸੀ ਬਣਨ) ਦਾ ਕੀ ਲਾਭ, ਕਾਸ਼ੀ ਜਾਕੇ ਵੱਸਣ ਦਾ ਕੀ ਲਾਭ ਲਖੀਦਾ ਭਾਵ ਪਾਈਦਾ ਹੈ। ੩. ਮੋਹਨ (ਕ੍ਰਿਸ਼ਨ) ਨੂੰ ਮਨਾਉਣ ਦਾ, ਰਾਜੇ ਨੂੰ ਖੁਸ਼ ਕਰਨ ਦਾ, ਧਰਤੀ ਤੇ ਭਟਕਦੇ ਫਿਰਨ ਦਾ ਹੇ ਹੰਸਰਾਮ ਕੀ ਲਾਭ ਹੈ? ੪. ਜਦ ਕਿ ਚਹੁੰ ਵਰਨਾਂ ਦੇ ਕਲੇਸ਼ ਨੂੰ ਦੂਰ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਮੌਜੂਦ ਹਨ, ਜਿਨ੍ਹਾਂ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ।

ਹ. {ਮਹਾਂ ਦਾਨੀ ਤੇ ਪਰ ਪੀੜਾ ਹਰਨ ਕਰਤਾਰ}

ਚਾਰੋਂ ਚੱਕ ਸੇਵੈਂ ਗੁਰੂ ਗੋਬ੍ਰਿੰਦ ਤਿਹਾਰੇ ਪਾਇ,
ਮੇਰੇ ਜਾਨੈ ਆਜ ਤੂਹੀ ਦੂਜੋ ਕਰਤਾਰ ਹੈਂ।
ਪ੍ਰਬਲ ਪ੍ਰਚੰਡ ਖੰਡ ਖੰਡ ਮਹੀ ਮੰਡਲ ਮੈਂ,
ਸਾਚੋ ਪਾਤਸ਼ਾਹ ਜਾਂਕੋ ਸਾਚੋ ਸਿਰ ਭਾਰ ਹੈ।
ਕਾਮਨਾ ਕੇ ਦਾਨ ਬਾਨ ਜਾਂਕੀ 'ਹੰਸਰਾਮ' ਕਹੈ,
ਪਰਮ ਧਰਮ ਦੇਖੇ ਬਿਬਿਧ ਬਿਚਾਰ ਹੈ।
ਪਰਮ ਉਦਾਰ ਪਰ ਪੀਰ ਕੋ ਹਰਨਹਾਰ,
ਕੌਨ ਜਾਨੈ ਕੌਨੈ ਭਾਂਤ ਲੀਨੋ ਅਵਤਾਰ ਹੈ।

ਅਰਥ-੧. ਚਹੁੰ ਚੱਕਾਂ ਵਿਚ ਹੇ ਗੁਰੂ ਗੋਬਿੰਦ ਸਿੰਘ ਜੀ ਆਪ ਦੇ ਚਰਨ ਸੇਵੇ ਜਾ ਰਹੇ ਹਨ, ਮੇਰੀ ਸਮਝ ਵਿਚ ਤਾਂ ਤੂੰ ਅੱਜ ਦੂਜਾ ਕਰਤਾਰ ਹੈਂ। ੨. ਧਰਤੀ ਦੇ ਖੰਡਾਂ ਵਿਚ (ਦੁਸ਼ਟਾਂ ਨੂੰ ਦਲਨ ਦਾ ਆਪ ਦਾ) ਤੇਜ ਮਹਾਂ ਪ੍ਰਜ੍ਵਲਤ ਹੈ। ਸਚਾ ਪਾਤਸ਼ਾਹ ਤੇ ਜਿਸਨੇ ਸੱਚਾ ਬਿਰਦ ਸਿਰ ਤੇ ਲਿਆ ਹੋਇਆ ਹੈ। ੩. (ਲੋੜਵੰਦਾਂ ਦੀਆਂ) ਮੁਰਾਦਾਂ ਪੂਰਨ ਕਰ ਦੇਣਾ ਜਿਨ੍ਹਾਂ ਦਾ ਸੁਭਾਵ ਹੀ ਹੈ, (ਜਿਨ੍ਹਾਂ ਦੇ ਦੇਖੇ=) ਦਰਸ਼ਨ ਕਰਨ ਨਾਲ ਪੂਰਨ ਧਰਮ ਤੇ ਦੈਵੀ ਵਿਚਾਰ ਪ੍ਰਾਪਤ ਹੁੰਦਾ ਹੈ। ੪. ਬਹੁਤ ਵੱਡੇ ਦਾਤੇ ਹਨ, ਪਰਾਈ ਪੀੜਾ ਹਰਨ ਵਾਲੇ ਹਨ, ਕੀਕੂੰ ਜਾਣੀਏ ਕਿਉਂ (ਇਸ ਧਰਤੀ ਪਰ ਆਪ ਨੇ) ਅਵਤਾਰ ਲਿਆ ਹੈ!

ਕ. {ਗੁਰੂ ਦਲ ਦੀ ਚੜ੍ਹਾਈ}

ਛਪਯ-ਡੁੱਲਤਿ ਅਪਰ ਨਰੇਸ਼ ਪਤਿ ਹੱਥਹਿ ਜਿਮ ਹੱਲੈ। ਸੂਖਤ ਸਾਇਰ ਸਲਲ, ਸੰਕ ਧੂਅ ਧਾਮ ਨ ਚੱਲੈ। ਚਲਕ ਖੈਲ ਖਲ ਭਲਤਿ ਭੈਲ ਭਗਹਿ ਤਿਲੋਕ ਮਹਿਂ। ਪਲਕ ਪੇਲ ਗਢ ਲੇਤ ਹੇਤ ਹੁੰਕਤਿ ਸੁ ਜੰਗ ਮਹਿ। ਕਹਿ ਹੰਸਰਾਮ ਸਤਿ ਸਿਮਰਕੈ ਸਕੁਚ ਰਹਿਤ ਦਿਗ-ਪਾਲ ਤਬਿ। ਧਸਮਸਤ ਧਰਨ ਦਲ ਭਾਰ ਤੇ ਮੋ ਬਿਰਚਰਾਇਂ ਗੋਬਿੰਦ ਜਬਿ।

ਅਰਥ-੧. ਡੋਲਦੇ ਹਨ ਹੋਰ ਰਾਜੇ ਜਿਵੇਂ ਹੱਥ ਫੜਿਆ ਪੱਤਾ (ਹਵਾ ਨਾਲ) ਹਿੱਲਦਾ ਹੈ। ੨. ਸਮੁੰਦਰ ਦਾ ਪਾਣੀ ਸੁੱਕਦਾ ਹੈ ਤੇ ਧ੍ਰੂ ਸੰਕਮਾਨ ਹੋ ਜਾਂਦਾ ਹੈ ਕਿ ਮਤਾਂ ਮੇਰਾ ਧਾਮ ਚਲਾਇਮਾਨ ਨਾ ਹੋ ਜਾਏ। ੩. ਸਮੂਹ ਖ਼ਲਕਤ ਵਿਚ ਖੜਬੜਾਟ ਪੈਂਦੀ ਹੈ (ਤੇ ਉਹ) ਉੱਠ ਭੱਜਦੀ ਹੈ ਅਰ ਤ੍ਰਿਲੋਕੀ ਤੇ ਭੈ ਛਾ ਜਾਂਦਾ ਹੈ। {ਭੈਲ=ਭੈ ਸੰਯੁਕਤ ਹੋਣਾ}। ੪. ਕਿਲ੍ਹਾ ਲੈਣ ਵਾਸਤੇ ਜੰਗ ਵਿਚ ਜਦ ਹੰਗੂਰਾ ਮਾਰਦੇ ਹਨ ਤਦ ਪਲ ਵਿਚ ਕਿਲ੍ਹਾ ਮਾਰ ਲੈਂਦੇ ਹਨ। ੫. ਹੰਸ ਰਾਮ ਕਹਿੰਦਾ ਹੈ ਤਦੋਂ (ਗੁਰੂ ਜੀ ਦੀ) ਸਤਜਾ ਨੂੰ ਯਾਦ ਕਰਕੇ* ਹੀ ਦਿਗਪਾਲ ਡਰੇ ਰਹਿੰਦੇ ਹਨ। ੬. ਜਦ ਗੁਰੂ ਜੀ ਦਲਾਂ ਨੂੰ ਨਾਲ ਲੈਕੇ ਫਿਰਦੇ ਹਨ ਤਦ ਭਾਰ ਨਾਲ ਧਰਤੀ ਧਸਕਦੀ ਹੈ।

ਦੁੰਦਭੀ ਧੁੰਕਾਰੇ ਬਾਜੇ ਮਾਨੋ ਜਲਧਰ ਗਾਜੇ,
ਰਾਜਤ ਨਿਸ਼ਾਨ ਭਯ ਭਾਨੁ ਛਿਪੇ ਜਾਤ ਹੈਂ।
ਹਾਥਨਿ ਕੇ ਹਲਕਾ ਹਜ਼ਾਰਨਿ, ਗਨੇ ਕੋ ਹਯ,
ਜਟਤਿ ਜਵਾਹਰ ਜੇ ਜਗਮਗ ਗਾਤ ਹੈਂ।
ਕੋਰ ਸਾਜੇ ਜੋਰ ਕਰ ਨਾਲਨ ਕੋ ਸ਼ੋਰ ਸੁਨੇ,
ਸੰਕਤਿ ਸੁਰੇਸ਼ ਔ ਨਰੇਸ਼ ਬਿਲਖਾਤ ਹੈਂ।
'ਹੰਸਰਾਮ' ਕਹਿਤ, ਬਿਰਾਜੇ ਜਿਨ ਭਾਜੋ
ਗੁਰ ਗੋਬਿੰਦ ਕੋ ਮਾਂਗੇ ਕਵਿਰਾਜ ਚਲੇ ਜਾਤ ਹੈਂ।

ਅਰਥ-੧. ਦੁੰਦਭੀ ਧੁੰਕਾਰਦੀ ਤੇ ਵੱਜਦੀ ਹੈ (ਐਸੀ ਕਿ) ਮਾਨੋ ਬੱਦਲ ਗੱਜਦੇ ਹਨ, ਝੰਡਿਆਂ ਦੇ ਫਹਿਰਾ-ਉਣ ਨਾਲ ਡਰ ਖਾਕੇ ਸੂਰਜ ਹੁਰੀਂ ਛੁਪੇ ਜਾ ਰਹੇ ਹਨ। ੨. ਹਾਥੀਆਂ ਦੇ ਨਗ ਹਜ਼ਾਰਾਂ ਹਨ ਤੇ ਘੋੜਿਆਂ ਨੂੰ ਗਿਣੇ ਹੀ ਕੌਣ? ਜਿਨ੍ਹਾਂ ਦੇ ਸਰੀਰ ਜੜਾਊ ਗਹਿਣਿਆਂ ਨਾਲ ਜਗਮਗ ਜਗਮਗ ਕਰ ਰਹੇ ਹਨ। (ਅ:, ਹ੍ਯਲਕਹ੍=ਨਗ। ਅਦਦੁ)।

---

*ਸਤਿ=ਸਤਜਾ। (ਅ) ਹੰਸਰਾਮ ਸਚ ਕਹਿੰਦਾ ਹੈ। (ੲ) ਸਤਿ-ਸਤਿਗੁਰ ਦਾ ਸੰਖੇਪ।

੩. (ਇਨ੍ਹਾਂ ਦੀਆਂ) ਕਤਾਰਾਂ ਜੁੜਕੇ (ਜਦੋਂ ਚਲਦੀਆਂ ਹਨ ਤਾਂ ਉਨ੍ਹਾਂ ਦੀਆਂ) ਨਾਅਲਾਂ ਦਾ ਸ਼ੋਰ ਸੁਣਕੇ (ਪ੍ਰਿਥਵੀ ਦੇ) ਰਾਜੇ ਘਾਬਰਦੇ ਹਨ ਤੇ (ਸੁਰਗਾਂ ਦਾ) ਇੰਦਰ ਡਰਦਾ ਹੈ[1]। ੪. ਹੰਸਰਾਮ ਕਹਿੰਦਾ ਹੈ ਕਿ (ਹੇ ਸੁਰੇਸ਼ੋ ਨਰੇਸ਼ੋ) ਟਿਕੇ ਰਹੋ ਨੱਸੋ ਨਾ (ਇਹ ਫੌਜ ਨਹੀਂ ਚੜ੍ਹਕੇ ਆਈ ਇਹ ਤਾਂ) ਗੁਰੂ ਗੋਬਿੰਦ ਸਿੰਘ ਜੀ ਤੋਂ ਦਾਨ ਲੈਕੇ ਕਵੀ ਰਾਜ (ਘੋੜੇ ਤੇ ਹਾਥੀਆਂ ਤੇਂ ਚੜ੍ਹੇ) ਜਾ ਰਹੇ ਹਨ[2]।

ਖ. (ਗੁਰੂ ਦਰਬਾਰ ਦਾ ਜਲਾਲ)

ਜਿਨ ਕੋ ਪ੍ਰਤਾਪ ਪਰਿ ਪੂਰਨ ਪੁਹਮਿ ਪਰਿ,
ਸੋਊ ਤੇਰੇ ਚਰਨ ਕੋ ਕਰਤ ਬਖਾਨ ਹੈਂ।
ਜਿਨ੍ਹੈ ਚਾਟ ਚੱਕ੍ਰਵੈ ਚਕਿਤ ਹੋਤ 'ਹੰਸਰਾਮ'
ਤੇਊ ਤੇਰੇ ਚਾਹਿਬੇ ਕੋ ਧਾਰਤ ਧਿਆਨ ਹੈਂ।
ਜਿਨ ਕੋ ਬਿਜਯ ਪਾਰਾਵਾਰ ਪਾਰ ਦੇਖੀਯਤਿ,
ਪ੍ਰਬਲ ਪ੍ਰਚੰਡ ਸੁਨੇ ਜ਼ਾਹਰ ਜਹਾਨ ਹੈਂ।
ਜਿਨ ਕੋ ਨ ਦਰਬਾਰ ਪਾਯਤਿ ਮਹੀਨਿਕ ਲੌਂ,
ਤੇਊ ਤੇਰੇ ਦਰਬਾਰ ਦੇਖੇ ਦਰਬਾਨ ਹੈਂ।

ਅਰਥ-੧. ਜਿਨ੍ਹਾਂ ਦਾ ਪ੍ਰਤਾਪ ਪ੍ਰਿਥਵੀ ਉਤੇ (ਭਰਪੂਰ ਹੈ=) ਫੈਲ ਰਿਹਾ ਹੈ, ਓਹ ਤੇਰੇ ਚਰਨਾਂ (ਦਾ ਯਸ਼) ਵਰਣਨ ਕਰਦੇ ਹਨ। ੨. ਜਿਨ੍ਹਾਂ (ਰਿਖੀਆਂ ਮੁਨੀਆਂ ਸਿੱਧਾਂ) ਨੂੰ ਚੱਕ੍ਰਵਰਤੀ ਰਾਜੇ ਦੇਖ ਕੇ ਚੱਕ੍ਰਿਤ ਹੁੰਦੇ ਹਨ, ਓਹ ਆਪ ਦੇ ਦਰਸ਼ਨਾਂ ਲਈ ਧਿਆਨ ਧਾਰਦੇ ਹਨ। ੩. ਜਿਨ੍ਹਾਂ (ਰਾਜਿਆਂ) ਦੀ ਫਤਹ ਸਮੁੰਦਰੋਂ[3] ਪਾਰ ਦੇਖੀਦੀ ਹੈ ਤੇ ਜਿਨ੍ਹਾਂ ਦਾ ਪ੍ਰਬਲ ਤੇਜ ਜਗਤ ਵਿਚ ਪ੍ਰਗਟ ਸੁਣੀਦਾ ਹੈ, ੪. (ਅਤੇ) ਜਿਨ੍ਹਾਂ (ਰਾਜਿਆਂ) ਦੇ ਦਰਬਾਰ ਵਿਚ ਮਹੀਨਿਆਂ ਤੱਕ (ਜਾਣਾ ਨਹੀਂ) ਪਾ ਸਕੀਦਾ ਓਹ ਰਾਜੇ ਤੇਰੇ ਦਰਵਾਜੇ ਤੇ ਦਰਬਾਨ ਤੱਕੀਦੇ ਹਨ, (ਅਥਵਾ ਦਰਵਾਜ਼ੇ ਤੇ ਉਡੀਕਦੇ ਦੇਖੀਦੇ ਹਨ)।

ਗ. (ਸਰਬ ਗੁਣ ਸੰਪੰਨਤਾ)

ਕਰਨ ਸੇ ਦਾਤਾ ਹੋ, ਬਿਧਾਤਾ ਮਹੀ ਮੰਡਲਕੇ,
ਬੈਰੀ ਕੋ ਬਿਹੰਡਨਿ ਪ੍ਰਚੰਡ ਭੂਅ ਭਾਰ ਕੋ।
ਪੁਰਖ ਪੁਰਾਨ ਸੇ ਪੁਰਾਨਨ ਮੈਂ ਗਾਈਯਤਿ
ਸਾਚੇ ਗੁਰ ਗੋਬਿੰਦ ਅਧਾਰ ਨਿਰਾਧਾਰ ਕੋ,
ਜੌਨ ਤੇਰੀ ਕੀਰਤਿ ਜਗਾਤੋ ਜੰਬੂ ਦੀਪ ਕੈ ਕੈ,
ਪਸਰੇ ਉਜਾਰੋ ਪਰਸਤ ਪਾਰਾਵਾਰ ਕੋ।
ਗੁਰਨ ਕੇ ਬੰਸ ਚਲਿ ਆਈ 'ਹੰਸਰਾਮ' ਸਦਾ
ਗੁਨੀ ਸੋਂ ਉਦਾਰ, ਤੋਰਾਦਾਰ ਤਰਵਾਰ ਕੋ।

ਅਰਥ-੧. 'ਕਰਨ' ਵਰਗੇ ਦਾਤੇ ਹੋ, ਪ੍ਰਿਥਵੀ ਮੰਡਲ ਦੇ ਰਚਨਹਾਰ ਹੋ, ਵੈਰੀ ਦੇ ਨਾਸ਼ ਕਰਨ ਨੂੰ (ਅਤੇ) ਧਰਤੀ ਦੇ ਭਾਰ ਉਤਾਰਨ ਨੂੰ ਮਹਾਂ ਤੇਜੱਸ੍ਵੀ ਹੋ, (ਅ) ਪ੍ਰਿਥਵੀ ਤੇ ਭਾਰ ਰੂਪ ਜੋ ਵੈਰੀ ਹਨ ਉਨ੍ਹਾਂ ਦੇ ਨਾਸ਼ ਕਰਤਾ ਹੋ। ੨. ਪੁਰਾਣਾਂ ਵਿਚ ਤੁਸੀਂ ਪੁਰਾਤਨ ਪੁਰਖ* ਕਰਕੇ ਗਾਇਨ ਕੀਤੇ ਗਏ ਹੋ, ਹੇ ਸਚੇ ਗੁਰੂ ਗੋਬਿੰਦ ਸਿੰਘ ਜੀ ਆਪ ਨਿਆਸਰਿਆਂ ਦੇ ਆਸਰਾ ਹੋ। ੩. ਜੰਬੂ (ਦੀਪ) ਵਿਚ ਆਪਦੀ ਜਿਸ ਕੀਰਤੀ ਨੂੰ ਅਸੀਂ ਦੀਵੇ ਬਣਾ ਬਣਾਕੇ ਜਗਾ ਰਹੇ ਹਾਂ, (ਉਹ ਆਪ ਦੀ ਕੀਰਤੀ) ਚਾਂਦਨੀ ਹੋਕੇ ਸੱਤਾਂ ਸਮੁੰਦਰਾਂ ਤੋਂ ਪਾਰ ਆਪਣਾ ਉਜਾਲਾ ਪਸਾਰ ਰਹੀ ਹੈ। ੪. ਗੁਰੂ ਸਾਹਿਬਾਂ ਦੇ ਬੰਸ ਵਿਚ (ਇਹ ਗੱਲ) ਚਲੀ ਆਈ ਹੈ ਕਿ ਗੁਣੀਆਂ ਨਾਲ ਸਦਾ ਉਦਾਰ ਰਹੇ ਹਨ ਤੇ ਤਲਵਾਰ (ਖਿੱਚਣ ਵਾਲੇ ਨੂੰ) ਤੋੜੇਦਾਰ ਹੋਕੇ ਟੱਕਰਦੇ ਰਹੇ ਹਨ, (ਭਾਵ ਪ੍ਰਬਲ ਪੈਕੇ ਜ਼ੇਰ ਕਰਦੇ ਰਹੇ ਹਨ)।

ਛਪਯ-ਕਮਠ ਪੀਠ ਕਸਮਸਤ, ਅਸਤ ਰਜ
ਭਾਨ ਛਾਇ ਭੂਅ। ਕੋਲ ਕੱਛ ਕਲਮਲਤ,
ਹਲਤ ਪੰਨਗ ਪਤੰਗ ਹੁਅ। ਤੁਟਤ ਪੱਬ ਜਰ
ਪਗ ਚਲਤ ਹੁਟਤ ਦਿੱਗਜ ਖਿਤ ਤਾਨਯੋ।
ਲੁੱਟਿ ਕੁੱਟਿ ਪਰਿਪੂਰ ਛੁੱਟ ਬਨ ਬਨ ਬਿਲ-

---

੧. (ਅ) 'ਕਰਨਾਲਨ' ਪਾਠ ਕਰਕੇ ਬੰਦੂਕ ਅਰਥ ਬੀ ਲਗਦਾ ਹੈ, ਪਰ ਅਗਲੀ ਤੁਕ ਉਸਨੂੰ ਖੰਡਦੀ ਹੈ। (ੲ) ਕਰਨਾਇ ਨਰਸਿੰਘਾ ਅਰਥ ਬੀ ਲਾਉਂਦੇ ਹਨ। ੨. ਜਾਪਦਾ ਹੈ ਕਿ ਜਦੋਂ ਸ੍ਰੀ ਗੁਰੂ ਜੀ ਨੇ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਕਵੀਆਂ ਤੇ ਵਿਦਵਾਨਾ ਨੂੰ ਦਾਨ ਸਨਮਾਨ ਘੋੜੇ ਹਾਥੀ ਦੇਕੇ ਟੋਰਿਆ ਹੈ ਤਦੋਂ ਦੀ ਕਵਿ ਸਤਿਕਾਰ ਵਿਚ ਦਿਤੀ ਫੌਜੀ ਵਿਦੈਰੀ ਦਾ ਇਸ ਛੰਦ ਵਿਚ ਅਲੰਕਾਰਕ ਨਕਸ਼ਾ ਹੈ।

੩. ਪਾਰਾਵਾਰ=ਸਮੁੰਦਰ।

*ਪੁਰਾਤਨ ਪੁਰਖ ਯਾ ਪੁਰਾਣ ਪੁਰਖ= ਅਨਾਦੀ ਪਰਮਾਤਮਾ।

ਖਾਨਯੋ। ਕਹਿ 'ਹੀਸਰਾਮ' ਹਰਖੰਤ ਹਰਿ, ਧਰਧਰ
ਧ੍ਰੂਅ ਲੰਕੇਸ਼ ਸਬ। ਘਰ ਘਰਨ ਦੁੱਖ ਦੱਬਯੋ
ਧਰਨਿ ਸੁ ਚਢਤਿ, ਸਿੰਘ ਗੋਬਿੰਦ ਜਬ।

ਅਰਥ-੧. ਕਛੂ ਦੀ ਪਿੱਠ ਦਰੜੀ ਗਈ ਹੈ, ਧੂੜ ਦੇ ਛਾ ਜਾਣ ਨਾਲ ਸੂਰਜ ਡੁੱਬ ਗਿਆ ਮਾਨੋਂ। ੨. ਸੂਰ, ਕੱਛੂ ਘਬਰਾਂਦੇ ਹਨ, ਸ਼ੇਸ਼ਨਾਗ ਪਤੰਗ ਵਾਂਗੂ ਕੰਬ ਰਿਹਾ ਹੈ[1]। ੩. ਪਹਾੜਾਂ ਦੀਆਂ ਜੜ੍ਹਾਂ ਤ੍ਰੁਟਦੀਆਂ ਹਨ ਜਦ (ਫੌਜ) ਦੇ ਪੈਰ (ਕਵਾਇਦ) ਬੱਝਵੇਂ ਤੁਰਦੇ ਹਨ ਤੇ ਦਿਸ਼ਾਪਾਲ ਹਾਥੀ (ਇਸ ਜਤਨ ਵਿਚ ਕਿ ਨਾ ਹਿੱਲੀਏ) ਸਾਰਾ ਜ਼ੋਰ ਲਾਕੇ ਭੀ ਥੱਕ ਰਹੇ ਹਨ। ੪. (ਜ਼ਿਮੀਂ ਦੇ ਲੋਕਾਂ ਦੇ) ਪੂਰਾਂ ਦੇ ਪੂਰ (ਡਰ ਕੇ ਕਿ ਮਤਾਂ ਲੁੱਟ ਕੁਟ ਪੈ ਜਾਵੇ) ਘਬਰਾ ਕੇ ਬਨਾਂ ਬਨਾਂ ਵਿਚ ਦੌੜਦੇ ਹਨ। ੫. ਧ੍ਰੂ ਤੇ (ਲੰਕੇਸ਼-) ਵਿਭੀਖਣ ਬੀ ਥਰਥਰ ਕਰਦੇ ਹਨ (ਕਿ ਮਤੇ ਸਾਡੇ ਅਟੱਲ ਰਾਜ ਨਾ ਖੁੱਸ ਜਾਣ ਪਰ) ਵਿਸ਼ਨੂੰ ਜੀ ਪ੍ਰਸੰਨ ਹੁੰਦੇ ਹਨ (ਕਿ ਗੁਰੂ ਜੀ ਨੇ ਤਾਂ ਕੇਵਲ ਦੁਸ਼ਟਾਂ, ਪਰਜਾ ਦੋਖੀਆਂ ਤੇ ਜ਼ਾਲਮਾਂ ਨੂੰ ਸੋਧਣਾ ਹੈ ਇਹ ਐਵੇਂ ਪਏ ਡਰਦੇ ਹਨ, ਕਿਉਂਕਿ) ਗੁਰੂ ਗੋਬਿੰਦ ਸਿੰਘ ਜਦ ਚੜ੍ਹਾਈ ਕਰਦੇ ਹਨ ਤਾਂ ਧਰਤੀ ਉਤੇ ਘਰ ਘਰ ਵਿਚ ਜੋ ਦੁਖ ਹੈ ਉਹ ਦੱਬੀਂਦਾ ਹੈ (ਭਾਵ ਨਾਸ਼ ਹੁੰਦਾ ਹੈ)।

ਕਰਾਚੋਲੀ ਕੋ ਕਬਿੱਤ-

ਸੂਰਨ ਕੀ ਪਤਿ ਅਤਿ ਜਾਨਤਿ ਜਹਾਨ ਜਾਂਕੋ
ਤਾਂਕੋ ਫਲ ਦੇਤ ਸਦਾ ਅਰਿ ਪਰ ਜੀਤ ਹੈ।
ਪੂਰ ਜੇ ਹਰੀ ਕੇ ਹਿਏ ਕਾਮਨਾ ਥਮਤ ਜਾਂਤੇ
'ਹੀਸਰਾਮ' ਕਹੇ ਸਦਾ ਪਾਨਿਪ[2] ਮੋਂ ਪ੍ਰੀਤ ਹੈ।
ਜੋਗਨਿ ਕੀ ਜੀਵਨ ਸਜੀਵਨ ਹੈ ਭੂਤਨ ਕੀ
ਮੂਤਨ[3] ਸੁ ਹੀਨ ਨਿਤ ਬਾਢਤ ਪੁਨੀਤ ਹੈ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਸਿੰਘ
ਤੇਰੀ ਕਰਾਚੋਲੀ[4] ਕਾਮਤਰੁ ਕੀ ਸੀ ਰੀਤ ਹੈ।੧੩।

ਅਰਥ-੪. ਹੇ ਗੁਰੂ ਗੋਬਿੰਦ ਸਿੰਘ ਜੀ! (ਤੁਸੀਂ) ਬੜੇ ਪ੍ਰਤਾਪੀ ਪਾਤਸ਼ਾਹ ਹੋ, ਤੁਹਾਡੀ ਤਲਵਾਰ (ਕਾਤਲ ਸ਼ੈ ਨਹੀਂ, ਇਹ) ਕਲਪ ਬ੍ਰਿਛ ਦੀ ਰੀਤੀ ਰੱਖਦੀ ਹੈ। (ਕਿਵੇਂ? ਉੱਤਰ ਹੈ:-) ੧. ਸਾਰਾ ਜਹਾਨ ਇਸਨੂੰ ਜਾਣਦਾ ਹੈ ਕਿ ਇਹ ਸੂਰਮਿਆਂ ਦੀ ਅਤਿ ਦੀ ਅਬਰੋ ਹੈ, ਉਨਾਂ ਨੂੰ ਇਹ ਦੁਸ਼ਟਾਂ ਪਰ ਫਤੇ ਦਾ ਫਲ ਦੇਂਦੀ ਹੈ। ੨. (ਪਰਾਏ ਸੁਖ ਨੂੰ) ਹਰਿ ਲੈਣ ਵਾਲਿਆਂ ਦੇ ਹਿਰਦਿਆਂ ਦੀਆਂ ਜੋ (ਲੱਟ, ਕੁੱਟ, ਮਾਰ, ਜ਼ੁਲਮ ਦੀਆਂ) ਕਾਮਨਾਂ ਭਰ ਰਹੀਆਂ ਹਨ ਓਹ (ਇਸ ਤੇਰੀ ਤਲਵਾਰ ਦੇ ਭੈ ਨਾਲ) ਥੰਮ੍ਹ ਜਾਂਦੀਆਂ ਹਨ ਤੇ ਸ਼ਰਨਾਗਤਾਂ ਨਾਲ ਇਸਦੀ ਸਦਾ ਪ੍ਰੀਤ ਹੈ (ਭਾਵ ਉਨ੍ਹਾਂ ਨੂੰ ਪ੍ਰਤਿਪਾਲਦੀ ਹੈ)। ੩. ਜੋਗਣੀਆਂ ਦਾ ਇਹ ਜੀਵਨ ਹੈ ਤੇ ਭੂਤਾਂ ਦਾ ਭੀ ਸੁਹਣਾ ਜੀਵਨ ਭਾਵ ਭੋਜਨ ਦਾਤੀ ਹੈ (ਪਰ) ਪਵਿਤ੍ਰਤਾ ਰਹਿਤ (ਮਨੁੱਖਾਂ ਨੂੰ) ਹੀਨਤਾ ਦੇਣ ਵਾਲੀ ਅਤੇ ਪੁਨੀਤਾਂ ਨੂੰ ਵਾਧਾ ਦੇਣ ਵਾਲੀ ਹੈ।

੭. ਚੰਦਨ।

ਇਕ ਦਿਨ ਸ੍ਰੀ ਕਲਗੀਧਰ ਜੀ ਵਿਦਵਾਨਾਂ ਦੀ ਸਭਾ ਲਾਈ ਬੈਠੇ ਸਨ, ਬੜੇ ਬੜੇ ਵਿਦਵਾਨ ਤੇ ਕਵੀ ਦੁਆਲੇ ਬੈਠੇ ਸਨ, ਸੁਹਣੇ ਸੁਹਣੇ ਵਿਦਜ਼ਾ ਦੇ ਦਾਰਸ਼ਨਿਕ ਤੇ ਕਾਵਜ ਦੇ ਕਟਾਖਜ ਚਲ ਰਹੇ ਸਨ ਕਿ ਇਕ ਕਵੀ ਦੀ ਆਉਂਦਣ ਹੋਈ। ਇਸ ਦਾ ਨਾਮ 'ਚੰਦਨ' ਸੀ। ਇਹ ਜ਼ਾਤ ਦਾ ਬ੍ਰਾਹਮਣ ਸੀ। ਜਦ ਇਸਦੀ ਭੇਟ ਹੋ ਚੁਕੀ ਤਾਂ ਸ੍ਰੀ ਗੁਰੂ ਜੀ ਨੇ ਪੁੱਛਿਆ ਕਵੀ ਜੀਓ ਕੀਕੁਣ ਆਉਂਦਣ ਹੋਈ? ਕਹਿਣ ਲੱਗਾ ਆਪਦਾ ਯਸ਼ ਬਹੁਤ ਸੁਣਿਆ ਹੈ, ਆਪਦੇ ਗੁਣਾਂ ਦੀ ਦੇਸ਼ ਵਿਚ ਘਰ ਘਰ ਕੀਰਤੀ ਹੋ ਰਹੀ ਹੈ। ਆਪ ਨੇ ਹਿੰਦੂ ਧਰਮ ਦੀ ਲਾਜ ਰੱਖ ਦਿਖਾਈ ਹੈ। ਆਪ ਨੇ ਪ੍ਰਜਾ ਦੀ ਪਾਲਨਾ ਤੇ ਰਖਜਾ ਕੀਤੀ ਹੈ, ਧੰਨ ਹੋ। ਫਿਰ ਆਪ ਦੀ ਕੀਰਤੀ ਵਿਦਜ਼ਾ ਦੀ ਕਦਰਦਾਨੀ ਦੀ ਹੋ ਰਹੀ ਹੈ। ਆਪਦੇ ਦਰਬਾਰ ਦੇ ਕਵੀਆਂ ਤੇ ਵਿਦ੍ਵਾਨਾਂ ਦੀ ਬੀ ਅਤਿ ਮਹਿਮਾਂ ਹੋ ਰਹੀ ਹੈ। ਮੈਂ ਭੀ ਆਇਆ ਹਾਂ ਕਿ ਦੇਖਾਂ ਆਪਦੇ ਕਵੀ ਕੋਵਿਦ ਮੇਰੇ ਇਕ ਸ੍ਵੈਯੇ ਨੂੰ ਸਮਝਦੇ ਹਨ ਕਿ ਨਹੀਂ। ਜੇ ਮੇਰੀ ਯੋਗਤਾ ਦੀ ਬੀ ਸ੍ਰੀ ਜੀ ਨੂੰ ਯੋਗਤਾ ਭਾਸ ਜਾਵੇ ਤਾਂ ਮੈਂ ਬੀ ਸੇਵਾ

---

੧. ਸੂਰ, ਕੱਛੂ, ਸ਼ੇਸ਼ਨਾਗ ਤ੍ਰੈ ਧਰਤੀ ਦੇ ਹੇਠਾਂ ਇਸਦਾ ਭਾਰ ਚੁੱਕੀ ਬੈਠੇ ਮੰਨੇ ਹਨ।

੨. ਪਾਨਿਪ=ਸ਼ੋਭਾ। (ਅ) ਸ਼ਰਨਾਗਤ=ਪ੍ਰਣਤਿਪਾਲ।

੩. ਮੂਤਨ=ਪਵਿਤ੍ਰਤਾ ਰਹਿਤ ਭਾਵ ਅਪਵਿੱਤ੍ਰ!

੪. ਕਰਾਚੋਲੀ=ਫ਼ਾਰਸੀ, ਕਰਾਚੂਰ=ਤਲਵਾਰ।

ਵਿਚ ਟਿਕ ਜਾਵਾਂ। ਤਦ ਗੁਰੂ ਜੀ ਉਸਦੀ ਗੁਣ ਗਰਬਿਤ ਅਵਸਥਾ ਤੇ ਮੁਸਕ੍ਰਾਏ, ਪਰ ਬੋਲੇ, ਸੁਣਾਓ ਕਵਿ ਜੀ ਆਪਣੀ ਰਚਨਾ। ਫਿਰ ਉਸ ਨੇ ਸ੍ਵੈਯਾ ਪੜ੍ਹਿਆ-

ਨਵ ਸਾਤ ਤਿਯੇ, ਨਵ ਸਾਤ ਕਿਯੇ,
ਨਵ ਸਾਤਿ ਪਿਯੇ ਨਵਸਾਤ ਪਿਯਾਏ।
ਨਵ ਸਾਤ ਰਚੇ, ਨਵ ਸਾਤ ਬਦੇ,
ਨਵ ਸਾਤ ਪਿਯਾ ਪਹਿ ਦਾਯਕ ਪਾਏ।
ਜੀਤ ਕਲਾ ਨਵਸਾਤਨ ਕੀ,
ਨਵਸਾਤਨ ਕੇ ਮੁਖ ਅੰਚਰ ਛਾਏ।
ਮਾਨਹੁੰ ਮੇਘ ਕੇ ਮੰਡਲ ਮੈਂ ਕਵਿ
'ਚੰਦਨ' ਚੰਦ ਕਲੇਵਰ ਛਾਏ॥੧॥

ਸੁਣਕੇ ਗੁਰੂ ਜੀ ਫੇਰ ਮੁਸਕ੍ਰਾਏ ਤੇ ਬੋਲੇ-

ਇਸ ਜੈਸਨਿ ਕੇ ਅਰਥ ਬਿਚਾਰਨ।
ਹਮਰੇ ਘਾਹੀ ਕਰੈਂ ਉਚਾਰਿਨ।

ਚੰਦਨ ਕਵੀ ਅਚਰਜ ਰਹਿ ਗਿਆ ਕਿ ਮੇਰਾ ਐਡਾ ਪ੍ਰਾਗੱਲਭ ਸ੍ਵੈਯਾ ਤੇ ਐਸੇ ਸ੍ਵੈਯੇ ਇਥੋਂ ਦੇ ਘਾਹੀ ਸਮਝ ਸਕਦੇ ਹਨ! ਫਿਰ ਬੋਲਿਆ, ਪਾਤ-ਸ਼ਾਹ! ਕੋਈ ਘਾਹੀ ਬੁਲਾਓ ਤਾਂ ਜੋ ਇਸਦੇ ਅਰਥ ਕਰੇ। ਤਦ ਚੋਬਦਾਰ ਨੂੰ ਹੁਕਮ ਹੋਇਆ-ਧੰਨਾ ਸਿੰਘ ਨੂੰ ਬੁਲਾ ਲਿਆਓ। ਥੋੜ੍ਹੀ ਦੇਰ ਬਾਦ ਹੱਥ ਵਿਚ ਰੰਬਾ ਤੇ ਮੋਢੇ ਤੇ ਜਾਲੀ ਸੁੱਟੀ ਧੰਨਾ ਸਿੰਘ ਆ ਗਿਆ। ਸਤਿਗੁਰਾਂ ਨੇ ਆਗਜਾ ਕੀਤੀ, ਭਾਈ ਧੰਨਾ ਸਿੰਘ! ਇਸ ਕਵੀਸ਼ਰ ਜੀ ਦਾ ਸ੍ਵੈਯਾ ਸੁਣੋ ਤੇ ਇਸ ਦਾ ਅਰਥ ਜੋ ਸਮਝੋ ਸੁਣਾ ਦਿਓ। ਤਦ ਕਵੀ ਨੇ ਸ੍ਵੈਯਾ ਪੜ੍ਹਿਆ। ਧੰਨਾ ਸਿੰਘ ਨੇ ਇਕ ਦੋ ਵਾਰ ਸੁਣਿਆ ਤੇ ਕਿਹਾ, ਪਾਤਸ਼ਾਹ ਇਸ ਵਿਚ ਕੋਈ ਉਚਾ ਵਲਵਲਾ, ਕੋਈ ਕਾਵਜ ਦਾ ਡੂੰਘਾ ਖਿਆਲ ਤਾਂ ਨਹੀਂ ਹੈ ਇਹ ਤਾਂ ਸੋਲਾਂ ਪਦਾਂ ਦੀ ਗੇਣਤੀ ਹੈ ਉਸਦੇ ਕਈ ਪ੍ਰਕਾਰ ਵਿਚ ਕਈ ਚੀਜ਼ਾਂ ਤੇ ਘਟਣ ਦੀ। ਜੋ ਇਉਂ ਹੈ-

ਨਵ ਸਾਤ, ਨੌਂ ਤੇ ਸਤ ਹੋਏ ਸੋਲਾਂ, ੧੬ ਬਰਸਾਂ ਦੀ ਇਕ ਇਸਤ੍ਰੀ ਨੇ ੧੬ ਸ਼ਿੰਗਾਰ ਕੀਤੇ, ਪਤੀ ਉਸਦਾ ਬੀ ੧੬ ਬਰਸਾਂ ਦਾ ਸੀ ਜੋ ਪ੍ਰਦੇਸ ਸੀ ਉਹ ੧੬ ਮਹੀਨਿਆਂ ਪਿਛੋਂ ਘਰ ਆਯਾ ਸੀ।* ਸੋਲਾਂ ਘਰਾਂ ਵਾਲੀ ਖੇਲ (=ਚੌਪੜ) ਦੀ ਬਾਜ਼ੀ ਲਾਈ ਗਈ, (ਨਵਸਾਤ ਬਦੇ=) ੧੬ ਦਾਉ ਪਾਉਣ ਦੀ ਸ਼ਰਤ ਲਾਈ ਗਈ। ਸੋ ੧੬ਵਾਂ ਦਾਉ ਪਤੀ ਦਾ (ਜਿਸ ਵਾਲਾ) ਪੈ ਗਿਆ (ਫੇਰ) ਚੌਪਟ ਦੀ ਬਾਜ਼ੀ (ਪਤੀ ਨੇ) ਜਿੱਤ ਲਈ। ੧੬ ਕਲਾਂ ਵਾਲੇ ਚੰਦ ਦੇ ਮੁਖ ਵਾਲੀ ਇਸਤ੍ਰੀ ਨੇ ਹਾਰ ਖਾਕੇ ਮੂੰਹ ਲੁਕਾ ਲਿਆ, (ਉਸ ਪੱਲੇ ਵਿਚ ਮੂੰਹ ਢਪਿਆ ਗਿਆ ਪਰ ਫੇਰ ਭਾਸਦਾ ਭੀ ਰਿਹਾ) ਜਿਵੇਂ ਬੱਦਲ ਦੇ ਮੰਡਲ ਵਿਚ 'ਚੰਦ' ਛਾਯਾ ਵਿਚ ਆ ਜਾਂਦ ਹੈ।

੮. ਧੰਨਾ ਸਿੰਘ।

ਇਹ ਅਰਥ ਸੁਣਕੇ ਚੰਦਨ ਸ਼ਰਮਿੰਦਾ ਹੋ ਗਯਾ ਪਰ ਆਪਾ ਸੰਭਲਕੇ ਬੋਲਿਆ, ਸਾਹਿਬ ਜੀਓ, ਆਪ ਨਿਰੇ ਪੰਡਿਤ, ਨਿਰੇ ਵਿਦਜਾਧਰ, ਨਿਰੇ ਕਵੀ ਨਹੀਂ ਹੋ ਨਾ, ਆਪ ਅਵਤਾਰ ਤੇ ਸਾਹਿਬ ਕਰਾਮਾਤ ਹੋ, ਜੋ ਚਾਹੋ ਸੋ ਕਰ ਸਕਦੇ ਹੋ। ਸੁਣਿਆ ਸੀ ਆਪ ਦੇ ਵਡੇਰੇ ਗੁਰੂ ਹਰਿ ਕ੍ਰਿਸ਼ਨ ਜੀ ਨੇ ਝੀਵਰ ਤੋਂ ਪੰਡਤ ਨੂੰ ਸ਼ਾਸ਼ਤ੍ਰਾਰਥ ਵਿਚ ਹਰਾ ਦਿਤਾ ਸੀ, ਅਜ ਘਾਹੀ ਨੇ ਮੇਰਾ ਸ੍ਵੈਯਾ ਸਮਝ ਲਿਆ ਤਾਂ ਆਪਦੀ ਬਰਕਤ ਹੈ। ਤਦ ਗੁਰੂ ਜੀ ਬੋਲੇ, ਧੰਨਾ ਸਿੰਘ ਤੂੰ ਕੋਈ ਆਪਣੀ ਸ਼ਾਬਦੀ ਸੁੰਦਰਤਾ ਦੀ ਰਚਨਾ ਸੁਣਾ ਜੋ ਕਵੀ ਜੀ ਨੂੰ ਸਮਝ ਪਵੇ ਕਿ ਤੁਸੀਂ ਬੀ ਕਵਿਤਾ ਕਰ ਸਕਦੇ ਹੋ ਤਾਂ ਧੰਨਾ ਸਿੰਘ ਬੋਲਿਆ-

ਮੀਨ ਮਰੇ ਜਲ ਕੇ ਪਰਸੇ ਕਬਹੂੰ ਨ ਮਰੇ ਪਰ ਪਾਵਕ ਪਾਏ। ਹਾਥੀ ਮਰੇ ਮਦ ਕੇ ਪਰਸੇ ਕਬਹੂੰ ਨ ਮਰੇ ਤਨ ਤਾਪ ਕੇ ਆਏ। ਤੀਯ ਮਰੇ ਪਿਯ ਕੇ ਪਰਸੇ ਕਬਹੂੰ ਨ ਮਰੇ ਪਰਦੇਸ਼ ਸਿਧਾਏ। ਗੂੜ੍ਹ ਮੈਂ ਬਾਤ ਕਹੀ ਦਿਜਰਾਜ[1] ਬਿਚਾਰ ਸਕੇ ਨ ਬਿਨਾ ਚਿਤ ਲਾਏ। ਕਉਲ ਮਰੇ ਰਵਿ ਕੇ[2] ਪਰਸੇ ਕਬਹੂੰ ਨ ਮਰੇ ਸਸਿ ਕੀ ਛਬਿ ਪਾਏ[3]। ਮਿਤ੍ਰ ਮਰੇ ਮਿਤ ਦੇ ਮਿਲਬੇ ਕਬਹੂੰ ਨ ਮਰੇ ਜਬ ਦੂਰ ਸਿਧਾਏ। ਸਿੰਘ ਮਰੇ ਜਬ ਮਾਸ ਮਿਲੇ ਕਬਹੂੰ ਨ ਮਰੇ ਜਬ ਹਾਥ ਨ ਆਏ[4]। ਗੂੜ ਮੈਂ ਬਾਤ ਕਹੀ ਦਿਜਰਾਜ! ਬਿਚਾਰ ਸਕੇ ਨ ਬਿਨਾ ਚਿਤ ਲਾਏ।

ਇਹ ਸੁਣ ਕੇ ਚੰਦਨ ਜੀ ਨੂੰ ਅਰਥ ਦੀ ਸੁਗੰਧੀ ਨਾ ਆਈ, ਤਦ ਬੋਲਿਆ, ਪਾਤਸ਼ਾਹ ਵਿਦਜਾ ਦੇ

*ਐਉਂ ਬੀ ਲਾਉਂਦੇ ਹਨ-੧੬ ਤਰ੍ਹਾਂ ਦੇ ਖਾਣੇ ਖੁਲਾਏ।

੧. ਹੇ ਚੰਦਨ ਕਵੀ! ੨. ਸੂਰਜ ਦੀ ਧੁੱਪ। ੩. ਭਾਵ ਚੰਦ ਦੀ ਚਾਂਦਨੀ। ੪. ਮਾਸ ਹੱਥ ਆਵੇ।

ਜਲ ਉੱਪਰ ਅਭਿਮਾਨ ਦਾ ਬੂਰ ਬੀ ਛਾ ਜਾਂਦਾ ਹੈ। ਮੇਰੇ ਤਾਂ ਵਿਦਯਾ ਅਭਿਮਾਨ ਦੇ ਨਾਲ ਜਾਤੀ ਅਭਿਮਾਨ ਬੀ ਰਲ ਗਿਆ, ਖਿਮਾ ਕਰੋ ਤੇ ਇਹ ਦੂਰ ਕਰੋ। ਗੁਰੂ ਜੀ ਉਸਦੀ 'ਸ੍ਵੈ ਅਵਗੁਣ ਲੱਖਤਾ' ਤੇ ਪ੍ਰਸੰਨ ਹੋ ਗਏ ਤੇ ਉਸਦਾ ਰੋਜ਼ੀਨਾ ਲਾ ਕੇ ਕਵੀ ਸਮੁਦਾਇ ਵਿਚ ਰੱਖ ਲਿਆ।

ਅਰਥ-ਉਪਰਲੇ ਦੋਹਾਂ ਸ੍ਵੈਯਾਂ ਦੇ ਅਰਥ ਦੀ ਕੁੰਜੀ ਇਹ ਹੈ, ਹਰ ਤੁਕ ਦਾ ਪਾਠ ਐਉਂ ਕਰਨਾ ਹੈ-

ਮੀਨ ਮਰੇ ਜਲ ਕੇ ਪਰਸੇ ਕਬਹੂੰ ਨ,
ਮਰੇ ਪਰ ਪਾਵਕ ਪਾਏ।

ਮੱਛੀ ਕਦੀ ਨਹੀਂ ਮਰਦੀ ਜਲ ਦੇ ਸਪਰਸ਼ ਨਾਲ, ਪਰ ਅਗਨੀ ਦੇ ਸਪਰਸ਼ ਨਾਲ ਮਰ ਜਾਂਦੀ ਹੈ*। ਇਸੇ ਤਰ੍ਹਾਂ ਸਾਰੀਆਂ ਤੁਕਾਂ ਦੇ ਅਰਥ ਲਗ ਜਾਂਦੇ ਹਨ।

੯. ਅੰਮ੍ਰਿਤ ਰਾਇ।

ਇਹ ਕਵੀ ਪੰਜਾਬੀ ਸੀ, ਲਾਹੌਰ ਦਾ ਰਹਿਣ ਵਾਲਾ ਸੀ, ਪਰ ਇਸਦੀ ਬ੍ਰਿਜ ਭਾਸ਼ਾ ਦੀ ਰਚਨਾ ਕਮਾਲ ਦੀ ਹੈ। ਇਸਦੇ ਪਿਤਾ ਦਾ ਨਾਮ ਛੈਲ ਰਾਇ ਸੀ। ਇਸਨੇ ਮਹਾਂ ਭਾਰਤ ਦੇ ਸਭਾ ਪਰਬ ਦਾ ਤਰਜਮਾ ਭਾਖਾ ਵਿਚ ਗੁਰੂ ਜੀ ਦੇ ਹੁਕਮ ਨਾਲ ਕੀਤਾ ਤੇ ਦਾਨ ਮਾਨ ਨਾਲ ਸਨਮਾਨਿਆ ਗਿਆ ਸੀ[1]। ਇਹ ਪਰਬ ਪਟਿਆਲਾ ਲਾਇਬ੍ਰੇਰੀ ਵਿਚ ਹੈ[2]। ਇਸਦੀ ਰਚਨਾਂ ਦੇ ਇਕ ਛੰਦ ਦੀ ਇਕ ਸਤਰ ਟੱਪਾ ਬਣਕੇ ਅੱਜ ਤਕ ਜ਼ੁਬਾਨਾਂ ਤੇ ਚੜ੍ਹੀ ਹੋਈ ਹੈ, 'ਪਾਈਏ ਕਰੋਰ ਤੋ ਨ ਜਾਈਏ ਲਾਹੌਰ ਤੇ[3]'। ਜਿਵੇਂ ਜ਼ੌਕ ਕਵੀ ਨੇ ਕਿਹਾ ਸੀ, 'ਆਜਕਲ ਗਰਚਿਹ ਦੱਕਨ ਮੇਂ ਹੈ ਬੜੀ ਕਦਰੇ ਸਖ਼ੁਨ, ਕੌਨ ਜਾਏ ਜ਼ੌਕ ਪਰ ਦਿੱਲੀ ਕੀ ਗਲੀਆਂ ਛੋੜ ਕਰ'। ਤਿਵੇਂ ਦਾ ਇਹ ਅਹਿਸਾਸ ਅੰਮ੍ਰਿਤ ਰਾਇ ਦਾ ਹੈ ਪਰ ਹੈ ਉਸ ਤੋਂ ਮੁਹਰੇ ਦਾ। ਅੰਮ੍ਰਿਤ ਰਾਇ ਜੀ ਆਮ ਕਵੀਆਂ ਦੀ ਤਰ੍ਹਾਂ ਅਮੀਰਾਂ ਦੇ ਦੁਆਰੇ ਨਹੀਂ ਜਾਇਆ ਕਰਦੇ ਸੇ। ਆਪ ਦੀ ਸ੍ਵੈਸਤਿਕਾਰ ਦੀ 'ਮਨ-

*ਇਸ ਰਚਨਾ ਵਿਚ ਅਲੰਕਾਰ ਹੈ-ਵਿਰੋਧਾਭਾਸ।

੧. ਗੁ: ਪ੍ਰ: ਸੂ: ਵਿਚ ਲਿਖਿਆ ਹੈ ਕਿ ਅੰਮ੍ਰਿਤ ਰਾਇ ਨੇ 'ਕਰਣ ਪਰਬ' ਭਾਖਾ ਕੀਤਾ, ਪਰ ਇਸ ਨੇ 'ਸਭਾ ਪਰਬ' ਦਾ ਅਨੁਵਾਦ ਕੀਤਾ ਸੀ। ਇਹ ਗਲ ਇਸਦੇ ਪੁਸਤਕ ਤੋਂ ਅਤੇ ਗੁ: ਬਿ: ਖਾ: ਸੁ: ਸਿੰਘ ਤੋਂ ਸਹੀ ਹੋ ਜਾਂਦੀ ਹੈ। ਯਥਾ-

ਸਭਾ ਪਰਬ ਤਾਂਤੇ ਬਨਵਾਯੋ। ਮ੍ਰਵਣ ਜੋਗ ਕਵਿਤਾ ਮਨ ਭਾਯੋ।
ਸਾਠ ਸਹੱਸ੍ਰ ਰੁਪੱਯਾ ਦੀਨਾ। ਸਿਰੋਪਾਉ ਪਸ਼ਮੰਬਰ ਭੀਨਾ। {ਸਫਾ: ੧੧੧}

ਇਹ ਬੀ ਓਥੇ ਹੀ ਲਿਖਿਆ ਹੈ ਕਿ ਪਹਿਲੋਂ ਇਸ ਨੇ 'ਨੌ ਰਸ' ਦੇ ਵਿਸ਼ੇ ਤੇ ਇਕ ਚਮਤਕਾਰੀ ਗ੍ਰੰਥ ਲਿਖਿਆ ਸੀ।

੨. ਪਟਿਆਲਾ ਲਾਇਬ੍ਰੇਰੀ ਦੇ ਨੰ: ੧-੫ ਵਿਚ ਹੈ।

੩. ਅੰਮ੍ਰਿਤਰਾਇ ਨੇ ਚਿਤ੍ਰ ਬਿਲਾਸ ਨਾਮੇ ਗ੍ਰੰਥ ਲਿਖਿਆ ਸੀ, ਉਸ ਵਿਚ ਇਹ ਛੰਦ ਲਿਖਯਾ ਹੈ-

ਬਾਚਤ ਪੁਰਾਨ ਕਹੂੰ ਨਾਚਤ ਨਿਰਤਕਾਰੀ, ਗਾਵਤ ਹੈਂ ਗੀਤ ਕਹੂੰ ਮੀਠੀ ਧੁਨਿ ਮੋਰ ਤੇ।
ਕੌਤਕ ਕਹਾਨੀ ਕੇਲ ਜਹਾਂ ਜਹਾਂ ਹਾਸੀ ਖੇਲ ਸਾਧਨ ਸੋਂ ਮੇਲ, ਡਰ ਹੈ ਨ ਠਗ ਚੋਰ ਤੇ।
ਲੌਨੇ ਲੌਨੇ ਰੂਪ ਸਭ ਭੂਪ ਭੇਖ ਦੇਖੀਅਤ 'ਅੰਮ੍ਰਿਤ' ਸਹਜ ਸੁਖ ਸਾਂਝ ਔਰ ਭੋਰ ਤੇ।
ਰਤਿਪਤਿ ਭੋਗ ਤਹਾਂ ਰੋਗ ਨਾ ਬਿਯੋਗ ਸੋਗ, ਪਾਈਏ ਕਰੋਰ ਤੋ ਨ ਜਾਈਏ ਲਹੌਰ ਤੇ।੧੩।

{ਐਰਾਵਤੀ ਨਦੀ ਵਰਨਨੰ॥ ਕਬਿਤ}

ਗੰਗਾ ਜੂ ਕੇ ਸੰਗ ਕੀ ਤਰੰਗਨੀ ਤਰੰਗਾ ਅੰਗ, ਕਰੈ ਪਾਪ ਭੰਗ ਵਾਮੈ ਨੈਕ ਜੂ ਅਨਾਈਏ।
ਮੱਛ ਕੱਛ ਤਤਕਾਲ ਭੌਰਨ ਮੇਂ ਭ੍ਰਮੈ ਬਜ਼ਾਲ, ਮੰਗਲ ਕਰਾਲ ਹੋਤ ਕਹਾਂ ਲੌ ਸੁਨਾਈਏ।
ਤੀਰ ਤਰੁ ਲਲਿਤ ਬਲਿਤ ਬੇਲਿ ਫੂਲ ਫਲ, ਚਕ੍ਰਵਾਕ ਸਾਰਸ ਮਰਾਲ ਮਨ ਭਾਈਏ।
ਪਾਪੀ ਜਾਤ ਤਰ ਅਰ ਤੁਰਤ ਹੀ ਜਾਤ ਤਰ, ਐਸੀ ਐਰਾਵਤੀ ਲੋਕ ਲੋਕਨ ਮੇਂ ਗਾਈਏ।੧੪।

{ਲਿਖਤੀ ਨੁਸਖਾ 'ਚਿਤ੍ਰ ਬਿਲਾਸ'। ਸੰਚਯ ਸ੍ਰੀ ਮਾਨ ਡਾ: ਚਰਨ ਸਿੰਘ ਜੀ।}

ਜਿਸ ਵਿਦਾਵਨ ਨੂੰ ਲਾਹੌਰ ਇਤਨਾ ਪਿਆਰਾ ਸੀ ਕਿ ਕਿਸੇ ਰਾਜੇ ਦਾ ਦਾਨ ਸਨਮਾਨ ਉਸਨੂੰ ਲਾਹੌਰ ਤੋਂ ਨਹੀਂ ਸੀ ਕੱਢ ਸਕਦਾ, ਉਸ ਪਰ ਗੁਰੂ ਗੋਬਿੰਦ ਸਿੰਘ ਜੀ ਦੀ ਅਦੁਤੀ ਸ਼ਖਸੀਅਤ ਉਹ ਪ੍ਰਭਾਵ ਪਾਉਂਦੀ ਹੈ ਕਿ ਲਾਹੌਰ ਛੱਡਕੇ ਉਹ ਅਨੰਦਪੁਰ ਜਾਂਦਾ ਹੈ ਤੇ ਗੁਰੂ ਜੀ ਦੇ ਯੱਸ ਕਰਦਾ ਰੱਜ਼ਦਾ ਨਹੀਂ।

ਪ੍ਰਤੀਤੀ' ਕਮਾਲ ਦੀ ਸੀ। ਪਰ ਗੁਰੂ ਜੀ ਦੀ 'ਦੀਨ ਰਖਜਾ ਤੇ ਆਤਮ ਤੱਤ ਦਰਸਤਾ' ਦੀਆਂ ਖੂਬੀਆਂ ਦੇ ਕਮਾਲ ਸੁਣ ਸੁਣ ਕੇ ਆਪ ਨੂੰ ਦਰਸ਼ਨ-ਪ੍ਰੇਮ ਉਮਗ ਪਿਆ ਤੇ ਜਾ ਹਾਜ਼ਰ ਹੋਏ। ਦੇਖੇ ਸੁਣੇ ਦਾ ਫਰਕ ਹੁੰਦਾ ਹੈ, ਜੋ ਕੁਛ ਇਸ ਨੇ ਜਾ ਕੇ ਉੱਥੇ ਡਿੱਠਾ ਉਸਨੇ ਹੋਰ ਮੋਹਿਤ ਕਰ ਲਿਆ ਤੇ ਇਸ ਨੇ ਗੁਰੂ ਯਸ਼ ਗਾਏ। ਇਸਦੇ ਬੇਪਰਵਾਹ ਤੇ ਕਮਾਲ ਦੇ ਸ੍ਵੈਸਤਿਕਾਰੀ ਹੁੰਦਿਆਂ ਹੋਇਆਂ ਇਸਦੇ ਰਚੇ ਗੁਰੂ ਗੀਤ ਗਾਯਨ ਦੇ ਛੰਦ ਇਤਿਹਾਸਕ ਨੁਕਤੇ ਤੋਂ ਬੀ ਵੱਡੇ ਕੀਮਤੀ ਹਨ। ਇਸਦੀ ਕਵਿਤਾ ਦੇ ਨਮੂਨੇ ਏਹ ਹਨ[1]:- **ੳ. {ਉਦਾਰਤਾ}**

ਜਾਹੀਂ ਓਰ ਜਾਊਂ, ਅਤਿ ਆਦਰ ਤਹਾਂ ਤੇ ਪਾਊਂ,
ਤੇਰੇ ਗੁਨ ਗਨ ਕਉ ਅਗਾਊ ਗਨੈ ਸ਼ੇਸ਼ ਜੂ।
ਹੀਰ ਚੀਰ ਮੁਕਤਾ ਜੇ ਦੇਤਿ ਦਿਨਪ੍ਰਤਿ ਦਾਨ,
ਤਿਨੈ ਦੇਖ ਦੇਖ ਅਭਿਲਾਖਤ ਧਨੇਸ਼ ਜੂ।
ਗੁਨਨ ਮੈਂ ਗੁਨੀ ਕਵਿ ਅੰਮ੍ਰਿਤ ਪਛੈਯਾ ਮੇਰੇ[2],
ਜਬ ਇਨੇ ਹੇਰੋ ਪਜਾਰ ਕੀਜੈ ਅਮਰੇਸ਼ ਜੂ।
ਸ੍ਰੀ ਗੁਰੂ ਗੋਬਿੰਦ ਸਿੰਘ ਛੀਰਨਿਧ ਪਾਰ ਭਈ,
ਕੀਰਤ ਤਿਹਾਰੀ ਤੁਮੈਂ ਕਹਿਕੇ ਸੰਦੇਸ਼ ਜੂ।

ਅਰਥ-੧. ਜਿਸ ਤਰਫ ਮੈਂ ਜਾਂਦਾ ਹਾਂ, ਓਥੋਂ ਹੀ ਆਦਰ ਪਾਂਵਦਾ ਹਾਂ, ਤੇਰੇ ਸਾਰੇ ਗੁਣਾਂ ਨੂੰ ਤਾਂ ਸ਼ੇਸ਼ਨਾਗ ਪਹਿਲੇ ਤੋਂ ਹੀ ਗਿਣ ਰਿਹਾ ਹੈ, (ਉਸਦੀ ਹਜ਼ਾਰ ਜੀਭ ਹੈ ਤੇ ਮੇਰੀ ਇਕ ਹੈ, ਉਹ ਆਦਿ ਤੋਂ ਆਪਦੀ ਕੀਰਤੀ ਕਰ ਰਿਹਾ ਹੈ ਤੇ ਮੈਂ ਅੱਜ ਕਰਨ ਲੱਗਾ ਹਾਂ)।

੨. ਹੀਰੇ, ਬਸਤ੍ਰ, ਮੋਤੀ ਜਿਹੜੇ ਆਪ ਹਰ ਰੋਜ਼ ਦਾਨ ਦਿੰਦੇ ਹੋ, ਤਿਨ੍ਹਾਂ ਨੂੰ ਵੇਖ ਵੇਖ ਕੁਬੇਰ ਵੀ ਚਾਹੁੰਦਾ ਹੈ (ਕਿ ਮੈਨੂੰ ਵੀ ਇਹੋ ਜਿਹਾ ਦਾਨ ਮਿਲੇ)।

੩. ਹੇ ਅਮਰਾਂ (ਦੇਵਤਿਆਂ) ਦੇ ਈਸ਼ੂਰ ਜੀ! ਆਪ ਗੁਣੀਆਂ ਤੋਂ ਵੱਡੇ ਗੁਣੀ ਹੋ ਤੇ ਅੰਮ੍ਰਿਤ ਕਵੀ ਨੂੰ (ਜਦ ਇਹ ਦੇਖੋਗੇ ਕਿ) ਮੇਰੇ (ਗੁਣਾਂ ਦਾ) ਪੜ੍ਹਨ ਵਾਲਾ (=ਉਚਾਰਣ ਵਾਲਾ) ਹੈ ਤਾਂ ਪਿਆਰ ਕਰੋਗੇ। ੪. ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਆਪ ਦੀ ਕੀਰਤੀ ਖੀਰ ਸਮੁੰਦਰੋਂ ਭੀ ਪਾਰ ਨਿਕਲ ਗਈ ਹੈ (ਕੇਵਲ ਇਤਨਾ) ਸੰਦੇਸਾ ਕਹਿਕੇ ਆਪ ਜੀ ਨੂੰ ਸੁਨਾਉਣ ਲਈ ਮੈਂ ਆਇਆ ਹਾਂ। (ਭਾਵ-ਮੈਂ ਆਦਰ ਪਾਏ ਬਿਨਾਂ ਕਿਤੇ ਨਹੀਂ ਜਾਂਦਾ, ਤੇਰੇ ਗੁਣ ਗਾਯਨ ਕਰਨ ਲਈ ਇਥੇ ਆਪ ਆਇਆ ਹਾਂ। ਮੇਰੇ ਗੁਣ ਗਾਯਨ ਦੀ ਆਪ ਨੂੰ ਲੋੜ ਨਹੀਂ, ਜਿਨ੍ਹਾਂ ਦੇ ਗੁਣ ਕਿ ਸ਼ੇਸ਼ਨਾਗ ਆਪ ਗਾ ਰਿਹਾ ਹੈ। ਮੈਂ ਤਾਂ ਇਤਨਾ ਸੰਦੇਸ਼ਾ ਦੇਣ ਆਯਾ ਹਾਂ ਕਿ ਆਪ ਦੀ ਕੀਰਤੀ ਸੱਤਾਂ ਸਮੁੰਦਰਾਂ ਤੋਂ ਭੀ ਪਾਰ ਨਿਕਲ ਗਈ ਹੈ)।

ਅ. {ਗੁਰੂ ਜੀ ਦੇ ਅਨੇਕ ਗੁਣਾਂ ਦਾ ਵਰਣਨ}

ਪ੍ਰਿਯਾ ਪ੍ਰੇਮ ਸੇ ਸ਼ਿੰਗਾਰੀ, ਹਾਸਜ ਸੋਂ ਵਿਨੋਦਭਾਰੀ,
ਦੀਨਨ ਪੇ ਕਰੁਣਾ ਅਨੁਸਾਰੀ ਸੁਖ ਦੀਨੋ ਹੈ।
ਕੀਨੋ ਅਰਿ ਰੁੰਡ ਮੁੰਡ, ਰੁਦ੍ਰ ਰਸ ਭਰਜੋ ਝੁੰਡ,
ਫੌਜਨ ਸੁਧਾਰਨ ਮੇਂ ਬੀਰ ਰਸ ਕੀਨੋ ਹੈ।
ਡੰਕ ਸੁਨ ਲੰਕ ਭਯਭੀਤ, ਸ਼ਤ੍ਰ ਬਾਮ ਨਿੰਦਾ,
ਵਿਕ੍ਰਮ ਪ੍ਰਬਲ ਅਦਭੁਤ ਰੱਸ ਲੀਨੋ ਹੈ।
ਬ੍ਰਹਮ ਗਯਾਨ ਸਮ ਰਸ 'ਅੰਮ੍ਰਿਤ' ਵਿਰਾਜੈ ਸਦਾ,
ਸ੍ਰੀ ਗੁਰੂ ਗੋਬਿੰਦ ਰਾਇ ਨਵੋ ਰਸ ਭੀਨੋ ਹੈ।

ਅਰਥ-ਕਾਵਜ ਗ੍ਰੰਥਾਂ ਵਿਚ ਕਵੀਆਂ ਨੇ ਨੌਂ ਰਸ ਮੰਨੇ ਹਨ। ਯਥਾ-

ਪ੍ਰਿਥਮ ਸ਼ਿੰਗਾਰ, ਸੁਹਾਸਜਰਸ, ਕਰਨਾ, ਰੌਦ੍ਰ, ਸੁਵੀਰ,
ਭਯ, ਬੀਭਤਸ, ਬਖਾਨਿਯੋ ਅਦਭੁਤ, ਸ਼ਾਂਤ ਸੁਧੀਰ।

ਨਵਾਂ ਰਸਾਂ ਦੇ ਵਰਣਨ ਵਿਚ ਪ੍ਰਾਗੱਲਭ ਲੇਖਕ ਹੋਣ ਕਰਕੇ ਇਸ ਨੇ ਗੁਰੂ ਜੀ ਵਿਚ ਨਵਾਂ ਹੀ ਰਸਾਂ ਦੀ ਪੂਰਨਤਾ ਦਿਖਲਾਈ ਹੈ:-੧. ਪਿਆਰੇ (ਵਾਹਿ-ਗੁਰੂ ਜੀ) ਦੇ ਪ੍ਰੇਮ ਦਾ ਜੋ ਸ਼ਿੰਗਾਰ (ਧਾਰਨ ਕੀਤਾ ਹੈ, ਇਹੋ ਸ਼ਿੰਗਾਰ ਰਸ ਹੈ), ਜੋ ਭਾਰੀ ਕੌਤਕ ਕਰਦੇ ਹੋ (ਜੋ ਕੌਤਕ ਸਿਖਜਾਦਾਇਕ ਹੁੰਦੇ ਹੋਏ ਬੀ ਹਸਾ-ਉਂਦੇ ਹਨ) ਉਹ ਹਾਸ ਰਸ ਹੈ*। ਗਰੀਬਾਂ ਤੇ ਮੇਹਰ ਕਰਕੇ ਜੋ ਸੁਖ ਦੇ ਰਹੇ ਹੋ, ਇਹ ਕਰੁਨਾ ਰਸ ਹੈ।

---

੧. ਸੂ: ਪ੍ਰ: ਵਿਚ ਲਿਖਿਆ ਹੈ ਕਿ ਦਰਬਾਰ ਵਿਚ ਪਹਿਲੀ ਹਾਜ਼ਰੀ ਸਮੇਂ ਇਹ ਅਗਲਾ ਛੰਦ ਸੁਣਾਯਾ ਸੀ। ਪਰੰਤੂ ਇਸ ਦਾ ਭਾਵ ਐਉਂ ਬੀ ਜਾਪਦਾ ਹੈ ਕਿ ਅਨੰਦ ਪੁਰ ਵਿਚ ਆ ਕੇ ਆਪਣਾ ਆਦਰ, ਗੁਰੂ ਕੇ ਦਾਨ ਸਨਮਾਨ ਆਦਿ ਨੂੰ ਤੱਕ ਕੇ ਕਵੀ ਕਹਿ ਰਿਹਾ ਹੈ। ੨. ਪੁਰਾਤਨ ਲਿਖਤੀ ਤੇ ਸੋਧੇ ਹੋਏ ਗੁ: ਪ੍ਰ: ਵਿਚ ਪਾਠ 'ਮੇਰੋ' ਹੈ।

*ਇਕ ਗਧੇ ਪੁਰ ਸ਼ੇਰ ਦੀ ਖੱਲ ਪਹਿਨਾਕੇ ਜੋ ਕੌਤਕ ਕੀਤਾ ਸੀ ਓਹ ਸਿਖਜਾ ਦੇ ਨਾਲ ਹਾਸ ਰਸ ਦਾ ਸੀ, ਵੇਖੋ ਸੂਰਜ ਪ੍ਰਕਾਸ਼। ਫਿਰ ਰਵਾਲਸਰ ਪਰ ਪੱਗਾਂ ਦਾ ਕੌਤਕ।

੨. ਵੈਰੀਆਂ ਦੇ ਝੁੰਡਾਂ ਨੂੰ (ਮੈਦਾਨੇ ਜੰਗ ਵਿਚ) ਜੇ ਤਹਿ ਤੇਗ ਕੀਤਾ ਹੈ ਇਹੋ ਰੌਦ੍ਰ ਰਸ (ਆਪ ਜੀ ਵਿਚ) ਭਰ ਰਿਹਾ ਹੈ ਤੇ ਫੌਜਾਂ ਦੇ ਤਿਆਰ ਬਰ ਤਿਆਰ ਕਰਨ ਵਿਚ ਆਪ ਬੀਰ ਰਸੀਏ ਹੋ। ੩. (ਆਪ ਜੀ ਦੇ 'ਰਣਜੀਤ ਨਗਾਰੇ' ਦੀਆਂ) ਚੋਟਾਂ ਨੂੰ ਸੁਣਕੇ ਲੰਕਾ ਵਾਲੇ ਭਯਭੀਤ ਹੋ ਰਹੇ ਹਨ ਇਹ ਆਪ ਜੀ ਵਿਚ ਭਿਆਨਕ ਰਸ ਹੈ। (ਸ਼ਤਰੂਆਂ ਦੀਆਂ) ਇਸਤ੍ਰੀਆਂ (ਜੋ ਅਪਣੇ ਪਿਆਰਿਆਂ ਦੇ ਵਿਜੋਗ ਵਿਚ ਵਿਆਕੁਲ ਹੋ) ਅਨੁਚਿਤ ਬੋਲ ਰਹੀਆਂ ਹਨ (ਇਹ ਬੀਭਤਸ ਰਸ ਹੈ), (ਮਹਾਂ ਕਾਇਰਾਂ ਤੇ ਨਿਰਬਲਾਂ ਨੂੰ) ਬੜੇ ਬਲਵਾਨ ਬਣਾ ਰਹੇ ਹੋ, (ਇਹ) ਅਦਭੁਤ ਰਸ ਹੈ। ੪. ਅੰਮ੍ਰਿਤ ਕਵੀ ਜੀ ਕਹਿੰਦੇ ਹਨ, ਆਪ ਜੀ ਦੇ ਅੰਦਰ ਜੋ ਸਦਾ ਬ੍ਰਹਮ ਦਾ ਗਯਾਨ ਵਿਰਾਜ ਰਿਹਾ ਹੈ ਇਹੋ ਸ਼ਾਂਤਿ ਰਸ ਹੈ, ਇਉਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਨਵੇਂ ਹੀ ਰਸ ਭਰਪੂਰ ਹਨ*।

ਗੁਰੂ ਜੀ ਦੇ ਦਾਨ ਤੋਂ ਹੈਰਾਨ ਹੋਕੇ ਅੰਮ੍ਰਿਤ ਰਾਇ ਨੇ ਇਸ ਵਿਸ਼ੇ ਵਿਚ ਭੀ ਆਪ ਨੂੰ ਸ਼ਿਰੋਮਣ ਦਾਨੀ ਤੇ ਯਸ਼ ਦੇ ਯੋਗ ਵਰਣਨ ਕੀਤਾ ਹੈ:-

ੲ. {ਯਸ਼}

ਪ੍ਰਿਥਮੈ ਹੈ ਜਾਯੋ ਪ੍ਰਿਥੁ, ਬੇਨ ਨ੍ਰਿਪ ਲੈ ਖਿਲਾਯੋ,
ਚੂਮ ਚੂਮ ਮੁਖ ਦੈ ਦਧੀਚਿ ਸੁਖ ਦੀਨੋ ਹੈ।
ਬਲਿਰਾਜ ਮਨ ਭਾਯੋ, ਹਰਿਚੰਦ ਲੈ ਲਡਾਯੋ,
ਚਲਨ ਸਿਖਾਯੋ ਕਲ ਕਰਣ ਪ੍ਰਬੀਨੋ ਹੈ।
ਵਿਕ੍ਰਮ ਪਢਾਯੋ, ਭੋਜ ਭੋਜਨ ਕਰਾਯੋ, ਜਗ-
ਦੇਵ ਪਹਿਰਾਯੋ ਜਗ ਅਭਿਲਾਖ ਲੀਨੋ ਹੈ।
ਸ੍ਰੀ ਗੁਰੂ ਗੋਬਿੰਦ ਰਾਇ 'ਅੰਮ੍ਰਿਤ' ਸੁਦ੍ਰਿਸ੍ਟਿ ਹੀ ਤੇ,
ਤੈ ਤੋ ਪ੍ਰਤਿਪਾਲ ਛਿਤਿਪਾਲ ਜਸ ਕੀਨੋ ਹੈ।

ਅਰਥ-ਕਵੀ ਜੀ ਯਸ਼ ਨੂੰ ਇਕ ਬਾਲਕ ਦੇ ਅਲੰਕਾਰ ਵਿਚ ਵਰਣਨ ਕਰਦੇ ਹਨ:-੧. ਪਹਿਲਾਂ ਪ੍ਰਿਥੁ ਰਾਜੇ ਨੇ ਯਸ਼ ਨੂੰ ਜਨਮ ਦਿੱਤਾ, ਬੇਨੂ ਰਾਜੇ ਨੇ (ਇਸ ਨੂੰ) ਖਿਡਾਇਆ; ਦਧੀਚ ਜੀ ਨੇ (ਇਸਦਾ) ਮੁੱਖੜਾ ਚੁੰਮ ਚੁੰਮ ਕੇ ਇਸ ਨੂੰ ਸੁਖ ਦਿਤਾ। ੨. ਬਲੀ ਰਾਜੇ ਨੇ ਇਸ ਨੂੰ ਪਿਆਰ ਕੀਤਾ, ਹਰੀ ਚੰਦ (ਰਾਜੇ ਨੇ ਇਸ ਨੂੰ) ਲਾਡ ਕਰਾਏ, ਪ੍ਰਬੀਨ (ਮਹਾਰਾਜ) ਕਰਨ ਜੀ ਨੇ ਇਸ ਨੂੰ ਸੋਹਣੀ ਚਾਲ ਸਿਖਾਈ। ੩. (ਮਹਾ-ਰਾਜਾ) ਵਿਕ੍ਰਮਾ ਦੱਤ ਜੀ ਨੇ ਇਸ ਨੂੰ ਪੜ੍ਹਾਇਆ, (ਮਹਾਰਾਜਾ) ਭੋਜ ਜੀ ਨੇ ਇਸ ਨੂੰ ਭੋਜਨ ਛਕਾ ਕੇ (ਪੁਸ਼ਟ ਕੀਤਾ), ਜਗਦੇਵ ਜੀ ਨੇ ਵਸਤ੍ਰ ਪਹਿਨਾਕੇ ਇਸ ਤੋਂ ਜਗਤ ਦੀਆਂ ਇਛਾਂ ਪੂਰਨ ਕੀਤੀਆਂ*। ੪. 'ਅੰਮ੍ਰਿਤ' ਕਵੀ ਕਹਿੰਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀਓ! ਆਪ ਜੀ ਨੇ ਤਾਂ (ਅੰਮ੍ਰਿਤ) ਦ੍ਰਿਸ਼ਟੀ ਤੱਕ ਕੇ ਯਸ਼ ਨੂੰ ਐਸਾ ਪਾਲਨ ਕੀਤਾ ਹੈ ਕਿ ਜਗਤ ਦਾ ਪਾਤਸ਼ਾਹ ਹੀ ਬਣਾ ਦਿੱਤਾ ਹੈ। (ਭਾਵ ਸਭ ਤੋਂ ਵਧੀਕ ਯਸ਼ ਆਪ ਦੇ ਹਿੱਸੇ ਆਇਆ ਹੈ)।

੧੦. ਮੰਗਲ।

ਇਸ ਕਵੀ ਨੂੰ ਗੁਰੂ ਜੀ ਨੇ ਆਪ ਬੁਲਾਇਆ ਸੀ ਤੇ ਮਹਾਂਭਾਰਤ ਦਾ ਇਕ ਪਰਬ ਉਲਥਾ ਕਰਨੇ ਲਈ ਦਿੱਤਾ ਸੀ, ਜਿਸਦਾ ਨਾਮ ਹੈ 'ਸਲਜ ਪਰਬ'। ਜਿਸ ਬਾਬਤ ਉਹ ਆਪ ਐਉਂ ਲਿਖਦਾ ਹੈ:-

ਗੁਰ ਗੋਬਿੰਦ ਮਨ ਹਰਖ ਹ੍ਵੈ ਮੰਗਲ ਲਿਯੋ ਬੁਲਾਇ। ਸਲਜ ਪਰਬ ਆਗਯਾ ਕਰੀ ਲੀਜੈ ਤੁਰਤ ਬਨਾਇ। ਸੰਬਤ ਸਤ੍ਰਹ ਸੈ ਬਰਖ ਤ੍ਰੇਪਨ ਬੀਤਨ ਹਾਰ। ਮਾਧਵ ਰਿਤੁ ਥਿਤੁ ਤ੍ਰੈਦਸੀ ਤਾਂ ਦਿਨ ਮੰਗਲਵਾਰ। ਸਲਜ ਪਰਬ ਭਾਸ਼ਾ ਭਯੋ ਗੁਰ ਗੋਬਿੰਦ ਕੇ ਰਾਜ। ਅਰਬ ਖਰਬ ਬਹੁ ਦਰਬ ਦੈ ਕਰਿ ਕਵਿ ਜਨ ਕੋ ਕਾਜ। ਜੌ ਲੌ ਧਰਨ ਅਕਾਸ਼ ਗਿਰਿ ਚੰਦ ਸੂਰ ਸੁਰ ਇੰਦ। ਤੌਲੌ ਚਿਰਜੀਵੈ ਜਗਤ ਸਾਹਿਬ ਗੁਰ ਗੋਬਿੰਦ।

ਇਸ ਤੋਂ ਪਤਾ ਲੱਗਾ ਕਿ ਇਸ ਨੂੰ ਭੀ ਇਕ ਪਰਬ ਦੇ ਅਨੁਵਾਦ ਲਈ ਕੋਈ ਭਾਰੀ ਰਕਮ ਮਿਲੀ ਹੈ। ਹੰਸ ਰਾਮ ਨੇ ੬੦ ਹਜ਼ਾਰ ਰੁਪੱਯਾ ਮਿਲਿਆ ਲਿਖਿਆ ਹੈ। ਇਸਦੇ ਅਰਬ ਖਰਬ ਕਹਿਣ ਤੋਂ ਅਨੁਮਾਨ ਹੁੰਦਾ ਹੈ ਕਿ ਇਤਨੀ ਯਾ ਇਸਤੋਂ ਵਧੀਕ ਰਕਮ ਮੰਗਲ ਨੂੰ ਬੀ ਮਿਲੀ ਹੈ ਤੇ ਇਤਨੀ ਮਿਲੀ ਹੈ ਕਿ ਜਿਤਨੀ ਦੀ ਉਸਨੂੰ ਆਸ

*ਰਸ ਪਦ ਦਾ ਅਰਥ ਜਲ ਬੀ ਹੈ, ਇਸ ਲਈ 'ਭੀਨੋ' ਪਦ ਵਰਤਿਆ ਹੈ। ਭੀਨੋ=ਭਿੱਜੇ ਹੋਏ। 'ਭੀਨੋ' ਦਾ ਦੂਸਰਾ ਅਰਥ ਹੈ 'ਸਮਾ ਜਾਣਾ' ਭਰਪੂਰ ਹੋਣਾ।

*ਯਾ ਜਦ ਵਸਤ੍ਰਾਂ ਨਾਲ ਯਸ਼ ਰੂਪੀ ਬਾਲਕਾ ਸਜ ਫਬ ਗਿਆ ਤਾਂ ਜਿਸਨੂੰ ਇੱਛਾ ਹੋਈ ਉਸੇ ਨੇ ਜਗਤ ਵਿਚ ਇਸ ਨੂੰ ਲੈ ਲਿਆ।

ਨਹੀਂ ਸੀ। ਲੈ ਕੇ ਗਦਗਦ ਹੋ ਗਿਆ ਹੈ ਤੇ ਉਸਨੂੰ ਅਰਬ ਖਰਬ ਕਹਿ ਕੇ ਚਿੱਤ ਦਾ ਅਹਿਲਾਦ ਪ੍ਰਗਟ ਕਰ ਰਿਹਾ ਹੈ। ਇਹ ਸ਼ਲਜ ਪਰਬ ਦਾ ਅਨੁਵਾਦ ਭੀ ਪਟਿਆਲਾ ਲਾਇਬਰੇਰੀ ਵਿਚ ਹੈ। {ਦੇਖੋ ਲਾਇਬਰੇਰੀ ਦਾ ਨੰ. ੧ ਦਾ ਅੰਕ ੧੧, ਸੰ: ੧੯੮੬}

ਇਸ ਕਵੀ ਜੀ ਦੀ ਕਵਿਤਾ ਦੇ ਹੋਰ ਨਮੂਨੇ ਏਹ ਹਨ:-

ੳ. {ਪਾਮਰੀ}

ਪਾਮਰੀ ਤੋਂ ਭਾਵ ਕਸ਼ਮੀਰੀ ਦੁਸ਼ਾਲੇ ਦਾ ਹੈ। ਇਕ ਕਬਿੱਤ ਵਿਚ ਇਹ ਕਵੀ ਜੀ ਗੁਰੂ ਜੀ ਦੇ ਅਧਿਕਾਰੀ ਕਵੀ ਕੋਵਿਦਾ ਨੂੰ ਦੁਸ਼ਾਲੇ ਬਖਸ਼ਣ ਦਾ ਜ਼ਿਕਰ ਐਉਂ ਕਰਦੇ ਹਨ, ਮਾਨੋਂ ਸਿਆਲੇ ਦੀ ਸੀਤ ਵਿਚ ਮਿਲ ਰਹੇ ਦੁਸ਼ਾਲਿਆਂ ਦਾ ਨਜ਼ਾਰਾ ਅੱਖਾਂ ਅੱਗੇ ਆ ਜਾਂਦਾ ਹੈ।

ਊਪਰ ਨਰੇਸ਼ ਹੂੰ ਕੀ, ਹੋਹਿਂ ਸ਼ੁਭ ਬੋਸ਼ ਹੂੰ ਕੀ,
ਕਾਸ਼ਮੀਰ ਦੇਸ਼ ਹੂੰ ਕੀ ਭਰੀ ਆਨ ਧਾਮਰੀ।
ਬੁਨੀ ਕਾਰੀਗਰ ਭਾਰੀ, ਕਰੀ ਖੂਬ ਗੁਲਕਾਰੀ,
ਪਹਿਰੇਂ ਭਿਖਾਰੀ ਮੋਲ ਪਾਵੈਂ ਲਾਖ ਦਾਮਰੀ।
ਸੀਤ ਹੂੰ ਕੋ ਜੀਤ ਲੇਤ, ਐਸੀ ਸ਼ੋਭਾ ਦੋਹਿਦੇਤਿ,
ਮੰਗਲ ਸੁ ਕਵਿ ਜਯੋਂ ਕਨ੍ਹੈਯਾ ਜੀ ਕੋ ਕਾਮਰੀ।
ਸ਼ਜਾਮ, ਸੇਤ, ਪੀਰੀ, ਲਾਲ, ਜ਼ਰਦ, ਸਬਜ਼ ਰੰਗ,
ਗੁਰੂ ਜੀ ਗੁਬਿੰਦ ਐਸੀ ਦੇਤਿ ਮੌਜ ਪਾਮਰੀ*।

ਅਰਥ-੧. ਕਸ਼ਮੀਰ ਦੇਸ਼ ਦੀਆਂ (ਬਣੀਆਂ ਹੋਈਆਂ) ਰਾਜਿਆਂ ਦੇ ਉਪਰ ਲੈਣ ਵਾਲੀਆਂ ਜੋ ਪਹਿਨੀਆਂ ਹੋਈਆਂ (ਉਨ੍ਹਾਂ ਉਤੇ ਭੀ) ਚੰਗੀਆਂ ਲੱਗਦੀਆਂ ਹਨ, (ਓਹ ਪਾਮਰੀਆਂ) ਘਰ ਵਿਚ (ਮੰਗਾਕੇ) ਭਰ ਰੱਖੀਆਂ ਹਨ। ੨. ਭਾਰੀ ਕਾਰੀਗਰਾਂ ਦੀਆਂ ਬੁਣੀਆਂ ਹੋਈਆਂ, (ਉਪਰ) ਚੰਗੇ ਫੁਲਾਂ ਦੀ ਕਾਢ ਕੱਢੀ ਹੋਈ, ਲੱਖਾਂ ਰੁਪਏ ਜਿਨ੍ਹਾਂ ਦਾ ਮੁੱਲ ਪਵੇ, (ਮੇਰੇ ਵਰਗੇ) ਭਿਖਾਰੀ ਪਹਿਨ ਰਹੇ ਹਨ। ੩. ਠੰਢ ਨੂੰ ਜਿੱਤ ਲੈਂਦੀਆਂ ਹਨ ਤੇ ਦੇਹੀ ਨੂੰ ਐਸੀ ਸ਼ੋਭਾ ਦਿੰਦੀਆਂ ਹਨ ਜਿਵੇਂ ਕਨ੍ਹੱਯਾ ਜੀ ਦੀ ਕੰਬਲੀ। ੪. ਕਾਲੀ, ਚਿੱਟੀ, ਪੀਲੀ, ਲਾਲ, ਖੱਟੀ, ਸਾਵੇ ਰੰਗ ਦੀ, ਗੁਰੂ ਜੀ ਐਸੀਆਂ ਪਾਮਰੀਆਂ ਬਖਸ਼ਦੇ ਹਨ।

ਅ. {ਗੁਰੂ ਜੀ ਦੇ ਦਾਨ ਦਾ ਵਰਣਨ}

ਜਾਚੇ ਧ੍ਰੂ ਪਾਯੋ ਹੈ ਅਮਰ ਪਦ ਸੁਰ ਲੋਕ,
ਨਾਮਾ ਜੂਕੇ ਜਾਚੇ ਦੀਓ ਦੇਹੁਰਾ ਫਿਰਾਇਜੀ।
ਬਿਪਦਾ ਮੈਂ ਲੰਕਾ ਦੀਨੀ ਜਾਚੇ ਤੇ ਬਿਭੀਖਨ ਕੋ,
'ਮੰਗਲ' ਸੁ ਕਬਿ ਜਾਓਂ ਮੰਗਲ ਸੁਨਾਇ ਜੀ।
ਦ੍ਰੋਪਦੀ ਨਗਨ ਹੋਤ ਜਾਚਯੋ ਸਭਾ ਮਾਂਹਿ ਠਾਂਢੇ,
ਅੰਬਰ ਲੌ ਅੰਬਰ ਮਹੀ ਪੈ ਰਹੇ ਛਾਇ ਜੀ।
ਐਸੇ ਦਾਨ ਦੈਬੋ ਕੌਨ ਕੋਊ ਸਤਿਗੁਰੂ ਬਿਨਾ,
ਔਰ ਕਉ ਨ ਜਾਚੀਏ ਬਿਨਾ ਗੁਬਿੰਦ ਰਾਇ ਜੀ।

ਅਰਥ-੧. (ਆਪ ਤੋਂ) ਧ੍ਰੂ ਨੇ ਮੰਗਕੇ ਸੁਰ ਲੋਕ ਵਿਚ ਅਮਰ ਪਦਵੀ ਪਾਈ ਤੇ ਨਾਮ ਦੇਵ ਦੇ ਜਾਚਣ ਨਾਲ (ਓਸਦਾ) ਦੇਹੁਰਾ ਫਿਰਾ ਦਿਤਾ। ੩. ਦ੍ਰੋਪਤੀ ਨੇ ਸਭਾ ਵਿਚ ਖੜੋਤੇ ਨੰਗੇ ਹੁੰਦਿਆਂ ਕੱਪੜਾ ਮੰਗਯਾ ਤਾਂ ਅਕਾਸ਼ ਤਕ (ਆਪ ਦੇ ਬਖਸ਼ੇ) ਕੱਪੜੇ ਪ੍ਰਿਥਵੀ ਤੇ ਛਾ ਗਏ। ੨. ਬਿਭੀਖਣ ਬਿਪਤਾ ਫਸੇ ਨੂੰ ਮੰਗਣ ਤੇ (ਆਪ ਨੇ) ਲੰਕਾ ਦਿੱਤੀ, ਪਰ ਮੰਗਲ ਕਵੀ ਇਹ ਜਾਚਦਾ ਹੈ ਕਿ ਮੈਂ ਸਦਾ ਆਪ ਨੂੰ ਮੰਗਲ ਸੁਣਾਉਂਦਾ ਰਹਾਂ। ੪. ਸਤਿਗੁਰੂ ਜੀ ਤੋਂ ਬਿਨਾਂ ਐਸਾ ਦਾਨ ਕੌਣ ਕੋਈ ਦੇ ਸਕਦਾ ਹੈ ਸੋ ਬਿਨਾਂ ਗੁਰੂ ਗੋਬਿੰਦ ਸਿੰਘ ਜੀ ਤੋਂ ਹੋਰ ਨੂੰ ਨਾ ਮੰਗੀਏ।

ਭਾਵੇਂ ਜਾਇ ਤੀਰਥ ਭ੍ਰਮਤਿ ਸੇਤੁਬੰਦ ਹੂੰ ਲੌਂ[1],
ਭਾਵੈਂ ਜਾਇ ਕੰਦਰਾ ਮੈਂ ਕੰਦ ਮੂਲ ਖਾਈਏ।
ਭਾਵੈਂ ਦੇਹਿ ਦ੍ਵਾਰਕਾ ਦਗਧ ਕਰੇ ਛਾਪੇ ਲਾਇ[2],
ਭਾਵੈਂ ਕਾਂਸ਼ੀ ਮਾਹਿਂ ਜਾਇ ਜੁੱਗਲੌ ਵਸਾਈਏ।
ਭਾਵੈਂ ਪੂਜੋ ਦੇਹੁਰੇ ਦਿਵਾਲੇ ਸਭ ਜੱਗ ਹੂੰ ਕੇ,
ਭਾਵੈਂ ਖਟ ਦਰਸ਼ਨ ਕੇ ਭੇਖ ਮੈਂ ਫਿਰਾਈਏ।
ਜੋ ਤੂੰ ਚਾਹੇ ਮਨਸਾ ਕੋ 'ਮੰਗਲ' ਤੁਰਤ ਫਲ,

---

*ਹਿੰ:, ਪਾਮਰੀ=ਦੁਪੱਟਾ। ਸੰਸ:'ਪਾਵਰ' =ਉਪਰਲਾ ਕੱਪੜਾ ਯਾ ਚੋਗਾ। ਇਸ ਕਬਿਤ ਵਿਚ ਜੋ ਵਿਆਖਿਆ ਆਈ ਹੈ, ਉਸ ਤੋਂ ਸਪਸ਼ਟ ਹੈ ਕਿ ਇਹ ਕਸ਼ਮੀਰੀ ਦੁਸ਼ਾਲੇ ਸਨ, ਕਸ਼ਮੀਰ ਦੇ ਜਾਮੇਵਾਰ ਉਣੀ ਹੋਈ ਗੁਲਕਾਰੀ ਦੇ ਬੜੇ ਕੀਮਤੀ ਹੁੰਦੇ ਹਨ। ਫਿਰ ਇਸ ਛੰਦ ਵਿਚ ਪਾਮਰੀ ਨੂੰ ਉਪਮਾ ਕੰਬਲੀ ਨਾਲ ਦਿੱਤੀ ਹੈ, ਇਸ ਵਾਸਤੇ 'ਉਤੇ ਲੈਣ ਦਾ ਕੱਪੜਾ'=ਦੁਸ਼ਾਲਾ ਹੀ ਠੀਕ **ਅਰਥ ਭਾਵ** ਹੈ।

੧. ਤੀਰਥਾਂ ਤੇ ਫਿਰਦੇ ਸੇਤਬੰਦ ਤਕ ਚਾਹੇ ਚਲੇ ਜਾਓ। (ਹਿੰਦ ਦੇ ਦੱਖਣ ਦੇ ਅੰਤ ਪਰ ਸੇਤਬੰਦ ਰਾਮਸ਼੍ਵਰਮ ਚੌਥਾ ਧਾਮ ਹੈ)। ੨. ਛਾਪੇ ਲੁਆਕੇ ਦੇਹ ਨੂੰ ਸਾੜੇ।

ਗੋਬਿੰਦ ਗੁਰੂ ਕੀ ਏਕ ਮੌਜ ਹੂੰ ਮੈਂ ਪਾਈਏ[1]।੧੭

ੲ. {ਮੰਗਲ ਕਵੀ ਕਿਸੇ ਹੋਰ ਮਿੱਤਰ ਕਵੀ ਨੂੰ ਅਨੰਦਪੁਰ ਸੱਦਦਾ ਹੈ}

ਪੂਰਨ ਪੁਰਖ ਅਵਤਾਰ ਆਨ ਲੀਨ ਆਪ,
ਜਾਂਕੇ ਦਰਬਾਰ ਮਨ ਚਿਤਵੇ ਸੋ ਪਾਈਏ।
ਘਟਿ ਘਟਿ ਬਾਸੀ, ਅਬਿਨਾਸੀ ਨਾਮ ਜਾਂਕੋ ਜਗ,
ਕਰਤਾ ਕਰਨਹਾਰ ਸੋਈ ਦਿਖਰਾਈਏ[2]।
ਨੌਮੋ ਗੁਰ ਨੰਦ, ਜਗਬੰਦ, ਤੇਗ ਤਜਾਗ ਪੂਰੇ[3],
ਮੰਗਲ ਸੁ ਕਬਿ ਕਹਿ ਮੰਗਲ ਸੁਥਾਈਏ[4]।
ਆਨੰਦ ਕੋ ਦਾਤਾ ਗੁਰ ਸਾਹਿਬ ਗੋਬਿੰਦ ਰਾਇ,
ਚਾਹੈ ਜੌ ਆਨੰਦ ਤੌ ਅਨੰਦਪੁਰ ਆਈਏ[5]।੧੪

ਸ. {ਤੌਖਲਾ ਦੱਸਕੇ ਦਾਨ ਦੀ ਉਪਮਾ}

ਮੰਗਲ ਕਵੀ ਪੰਜਾਬੀ ਵਿਚ ਵੀ ਸੋਹਣੀ ਕਵਿਤਾ ਕਰਦਾ ਹੁੰਦਾ ਸੀ। ਉਸਦਾ ਇਕ ਕਬਿੱਤ ਅਨੋਖਾ ਹੈ ਇਸ ਵਿਚ ਗੁਰੂ ਜੀ ਦੇ ਦਾਨ ਦੀ ਬਾਹੁਲਤਾ ਨੂੰ ਇਸ ਤੌਖਲੇ ਵਿਚ ਦਰਸਾਉਂਦਾ ਹੈ ਕਿ ਬਲਰਾਜੇ ਕੋਲ ਇਕ ਮੰਗਤਾ ਆਇਆ ਸੀ ਤੇ ਉਹ ਛਲਿਆ ਗਿਆ ਸੀ ਤੇਰੇ ਕੋਲ ਅਮੁੱਕ ਲੈਣ ਵਾਲੇ ਆਂਵਦੇ ਹਨ, ਵੇਖੀਂ ਕੋਈ ਉਸਤਰਾਂ ਦਾ ਛਲ ਨਾ ਕਰ ਜਾਵੇ:

ਸਮੁੰਦਰ ਦੇ ਵਾਰ ਪਾਰ, ਵਿਚ ਮਹੀ ਮੰਡਲ ਦੇ
ਜੈਂਦਾ[6] ਜਸ ਦੇਸ਼ ਦੇਸ਼ ਸੱਭੇ ਲੋਕ ਗਾਂਵਦੇ।
ਸੇਂਵਦੇ ਭਿਖਾਰੀ ਸੋਈ ਹੋਂਦੇ ਨੀ ਹਜ਼ਾਰੀ[7] ਹੁਣ,
ਵਾਰੀ ਵਾਰੀ ਪਢਿਕੇ ਕਬਿੱਤ ਨੀ ਸੁਨਾਂਵਦੇ।
ਚਾਰੋਂ ਹੀ ਬਰਨ ਖਟ ਦਰਸ਼ਨ ਜੈਂਦੇ ਦ੍ਵਾਰ
'ਮੰਗਲ ਸੁਕਬਿ' ਮਨ ਇੱਛਾ ਫਲ ਪਾਂਵਦੇ।
ਵੇਖੀਂ ਬਲ ਵਾਂਗੂ ਕੋਈ ਛਲੀ ਗੁਰੂ ਗੋਬਿੰਦ ਜੀ,
ਇਕ ਲੈ ਲੈ ਜਾਂਦੇ ਇਕ ਲੇਵਣੇ ਨੂੰ ਆਂਵਦੇ*।

੧੧. ਸੁੰਦਰ।

ਇਸ ਦਾ ਨਾਮ ਗੁਰੂ ਕੇ ਕਵੀਆਂ ਵਿਚ ਆਯਾ ਹੈ, ਪਰ ਇਹ ਸ਼ਾਹਜਹਾਂ ਦੇ ਦਰਬਾਰੀ ਕਵੀ ਸੁੰਦਰ ਤੋਂ, ਜੋ 'ਸੁੰਦਰ ਸ਼ਿੰਗਾਰ' ਨਾਮੇ ਗ੍ਰੰਥ ਦਾ ਕਰਤਾ ਹੈ, ਵੱਖਰਾ ਹੈ। ਇਸ ਦੀ ਛਾਪ ਦੇ ਛੰਦ ਮਿਲਦੇ ਹਨ, ਜੋ ਏਹ ਹਨ:-

ਸਾਧਨ ਕੋ ਸਿੱਧ ਸ਼ਰਨਾਗਤ, ਸਮਰ ਸਿਧੁ,
ਸੁਧਾਧਰ 'ਸੁੰਦਰ' ਸਰਸ ਪਦ ਪਾਯੋ ਹੈ।
ਕੁਲ ਕੋ ਕਲਸ, ਕਵਿ ਕਾਮਨਾ ਕੋ ਕਾਮ ਤਰੁ,
ਕੋਪ ਕੀਏ ਕਾਲ, ਕਵੀਯਨ ਗੁਨ ਗਾਯੋ ਹੈ।
ਦੇਵਨ ਮੈਂ, ਦਾਨਵ ਮੈਂ, ਮਾਨਵ, ਮੁਨਿਨਿ ਹੂੰਮੈਂ,
ਜਾਂਕੋ ਜਸ ਜ਼ਾਹਰ ਜਹਾਨ ਚਲਿ ਆਯੋ ਹੈ।
ਤੇਗ ਸਾਚੋ, ਦੇਗ ਸਾਚੋ, ਸੂਰਮਾ ਸ਼ਰਨ ਸਾਚੋ,
ਸਾਚੋ ਪਾਤਿਸਾਹੁ ਗੁਰੂ ਗੋਬਿੰਦ ਕਹਾਯੋ ਹੈ।੩੦।

ਅਰਥ-੧. ਸ਼ਰਣਾਗਤ ਸਾਧਕਾਂ ਦੀ ਆਪ ਸਿਧਿ ਹੋ (ਸਿੱਧਿ ਦਾਤਾ ਹੋ), ਜੁਧ ਦੇ ਸਮੁੰਦਰ ਹੋ, ਸੁੰਦਰ (ਕਹਿੰਦਾ ਹੈ ਆਪ ਨੇ) ਚੰਦ੍ਰਮਾਂ ਤੋਂ ਉੱਚੀ ਪਦਵੀ ਪਾਈ ਹੈ, ਭਾਵ ਆਪਦੀ ਸੁੰਦਰਤਾ ਨਿਸ਼ਕਲੰਕ ਹੈ। ੨. ੩. ਕੁਲ ਦੇ ਸ਼ਿਰੋਮਣੀ ਕਵੀਆਂ ਦੀ ਇੱਛਾ ਪੂਰਨ ਲਈ ਕਲਪ ਬ੍ਰਿਛ ਹੋ, ਕੋਪ ਕੀਤਿਆਂ ਕਾਲ ਰੂਪ ਹੋ, ਐਸੇ ਕਵੀਆਂ ਨੇ (ਆਪਦੇ) ਗੁਣ ਗਾਏ ਹਨ। ਦੇਵਤਿਆਂ ਵਿਚ, ਦਾਨਵਾਂ ਵਿਚ, ਮਾਨਵਾਂ ਮੁਨੀਆਂ ਵਿਚ ਜਿਨ੍ਹਾਂ ਦਾ ਜਸ (ਭਾਵ ਆਪ ਦਾ ਜਸ) ਜਹਾਨ ਵਿਚ ਜ਼ਾਹਰ ਚਲਿਆ ਆ ਰਿਹਾ ਹੈ। ੪. (ਆਪ ਦੀ) ਤੇਗ ਸੱਚੀ ਹੈ, ਦੇਗ ਸੱਚੀ ਹੈ, ਸੂਰਮਿਆਂ ਦੇ ਸੱਚੇ ਸ਼ਰਣਪਾਲ ਹੋ (ਏਸੇ ਲਈ) ਹੇ ਗੁਰੂ ਗੋਬਿੰਦ ਸਿੰਘ ਜੀਓ! ਆਪ ਸਚੇ ਪਾਤਸ਼ਾਹ ਸਦਵਾਂਦੇ ਹੋ।

---

੧. ਹੇ ਮੰਗਲ ਕਵੀ! ਜੇ ਤੂੰ ਭਾਵਨੀ ਦਾ ਤੁਰਤ ਫਲ ਚਾਹੁੰਦਾ ਹੈਂ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਬਖਸ਼ਿਸ਼ ਵਿਚੋਂ ਮਿਲ ਸਕਦਾ ਹੈ (ਹੋਰ ਕਿਤੋਂ ਨਹੀਂ)। ੨. ਬ੍ਰਹਮਾ ਦਾ ਰਚਣਹਾਰ ਭਾਵ ਪ੍ਰਮਾਤਮਾ ਉਸੇ ਨੂੰ ਦੇਖੀ ਦਾ ਹੈ। ੩. ਜੋ ਨੌਵੇਂ ਗੁਰਾਂ ਦਾ ਸਪੁਤਰ ਹੈ ਤੇ ਜਗਤ ਦੇ ਬੰਦਨ ਕਰਨੇ ਯੋਗ ਤੇਗ (ਵਾਹੁਣ ਤੇ ਮਾਯਾ) ਤਿਆਗ ਵਿਚ ਪੂਰਾ ਹੈ।

੪. ਮੰਗਲ ਕਵੀ ਕਹਿੰਦਾ ਹੈ ਮੰਗਲ ਤਾਂ ਏਸੇ ਥਾਂ ਹੈ। ੫. ਉਹ ਹੈ ਆਨੰਦ ਦਾ ਦਾਤਾ ਸਾਹਿਬ ਗੁਰੂ ਗੋਬਿੰਦ ਸਿੰਘ, ਜੇ ਤੂੰ ਅਨੰਦ ਲੋਚਦਾ ਹੈਂ ਤਾਂ ਅਨੰਦਪੁਰ ਆ ਜਾ।

੬. ਜਿਸ (ਗੁਰੂ ਗੋਬਿੰਦ ਸਿੰਘ ਜੀ) ਦਾ।

੭. ਭਿਖਾਰੀ ਹਜ਼ਾਰਾਂ ਵਾਲੇ ਹੋ ਜਾਂਦੇ ਹਨ।

*ਹੇ ਗੁਰ ਗੋਬਿੰਦ ਸਿੰਘ! ਵੇਖੀਂ ਮਤਾਂ ਕੋਈ (ਦਾਨ ਬਹਾਨੇ) ਬਲ ਵਾਂਗੂ ਤੁਮਾਨੂੰ ਛਲ ਨਾ ਜਾਵੇ, (ਕਿਉਂਕਿ ਉਥੇ ਤਾਂ ਯਾਚਕ ਇਕ ਆਇਆ ਸੀ ਤੇ ਏਥੇ) ਇਕ ਲੈ ਲੈ ਜਾਂਦੇ ਹਨ ਇਕ ਲੈਣ ਨੂੰ ਹੋਰ ਆ ਰਹੇ ਹਨ।

ਬੇਦਨ ਮਹਿਂ ਸ਼ਾਮ ਸੁਨੋ, ਸਿਧੁ ਮਿਰਜਾਦਾ ਮੇਰੁ
ਮੰਡਲ ਮਹੀ ਮੈਂ, ਗੁਰਿਆਈ ਗੁਨ ਗਾਏ ਹੋ।
ਸ਼ਰਮ ਕੇ ਸਾਗਰ, ਸਪੂਤਨ ਕੇ ਸਿਰਮੌਰ,
ਸੁੰਦਰ ਸੁਧਾਸਰ ਸੇ 'ਸੁੰਦਰ' ਗਨਾਏ ਹੋ।
ਰਚਨ ਮੈਂ ਦਾਨ ਬਾਨਿ ਬਾਨੀ ਹਰੀਚੰਦ ਕੀ ਸੀ,
ਬਿਦਤ ਬਿਨਯ ਬਡੇ ਬੰਸ ਚਲਿ ਆਏ ਹੋ।
ਤੇਜ ਕੋ ਤਰਨਿ ਤਰਵਾਰ ਕੋ ਪਰਸਰਾਮ,
ਗੁਰਨ ਮਹਿਂ ਐਸੇ ਗੁਰੂ ਗੋਬਿੰਦ ਕਹਾਏ ਹੋ। ੩੧।

ਅਰਥ-੧. ਵੇਦਾਂ ਵਿਚ ਸ਼ਾਮ, ਮਿਰਯਾਦਾ ਵਿਚ ਸਮੁੰਦਰ, ਪ੍ਰਿਥਵੀ ਦੇ ਮੰਡਲ ਵਿਚ ਸੁਮੇਰੁ (ਅਸਾਂ ਸ਼ਿਰੋਮਣੀ ਸੁਣੇ ਹਨ, ਪਰ ਤੁਸੀਂ ਇਨ੍ਹਾਂ) ਗੁਣਾਂ ਵਿਚ (ਇਨ੍ਹਾਂ ਤੋਂ ਬੀ) ਅਧਿਕ ਗੁਣਾਂ ਵਾਲੇ ਗਾਏ ਗਏ ਹੋ। (ਭਾਵ ਗਜਾਨ, ਮ੍ਰਿਯਾਦਾ ਪੁਰਸ਼ੋਤਮਤਾ ਤੇ ਅਚੱਲ ਉੱਚਤਾ ਵਿਚ ਤੁਸੀਂ ਇਨ੍ਹਾਂ ਤੋਂ ਬੀ ਅਧਿਕ ਹੋ)। (ਅ) ਵੇਦਾਂ ਵਿਚੋਂ ਸ਼ਾਮ (ਵਡਾ) ਸੁਣਿਆਂ ਹੈ, ਉਸਨੇ ਆਪ ਦੀ ਗੁਰਿਆਈ ਦੇ ਗਜਾਨ ਦੇ ਗੁਣ ਗਾਏ ਹਨ, ਸਮੁੰਦਰ ਨੇ ਆਪ ਦੀ ਗੁਰਿਆਈ ਵਿਚ ਮਿਰਜਾਦਾ ਦੀ ਅਵਧੀ ਵੇਖਕੇ ਗੁਣ ਗਾਏ ਹਨ। ੨. ਸ਼ਰਮ ਦੇ ਸਮੁੰਦਰ ਹੋਂ, ਸਪੂਤਾਂ ਵਿਚੋਂ ਸ਼ਿਰੋਮਣੀ ਹੋ ਤੇ (ਸੁੰਦਰ ਕਹਿੰਦਾ ਹੈ) ਸੁਹਣੇ ਚੰਦ ਤੋਂ ਬੀ ਸੁਹਣੇ ਗਿਣੇ ਗਏ ਹੋ। {ਸੁੰਦਰ ਸ਼ਲੇਖ ਹੈ, ਕਵੀ ਦੀ ਛਾਪ ਬੀ ਤੇ ਸੋਹਣਾ ਬੀ}। ੩. ਬਾਣੀ ਰਚਣ ਵਿਚ (ਬਾਣੀ=) ਸਾਰਦਾ ਹੋ ਤੇ ਦਾਨ ਹਰੀ ਚੰਦ ਵਾਂਙੂ (ਦੇਂਦੇ ਹੋ), ਵਡੇ ਵੰਸ (ਭਾਵ ਗੁਰੂ ਪ੍ਰਣਾਲੀ) ਵਿਚੋਂ ਚਲੇ ਆਏ ਹੋ (ਫਿਰ ਆਪ ਦੀ) ਨਿੰਮ੍ਰਤਾ ਵਿਦਿਤ ਹੈ। (ਅ) ਰਚਨਾ (ਰਚਨ ਵਿਚ ਬਾਣੀ=) ਸ਼ਾਰਦਾ ਤੁੱਲ ਹੋ, ਬਾਣਾ (ਵਿਚ ਰਾਮ ਹੋ), ਦਾਨ ਵਿਚ ਹਰੀ ਚੰਦ ਹੋ। ੪. ਤੇਜ ਦੇ ਸੂਰਜ ਹੋ, ਪਰਸਰਾਮ (ਜਿਵੇਂ ਕੁਹਾੜੇ ਫੜਨ ਵਿਚ ਤਿਵੇਂ ਆਪ) ਤਲਵਾਰ (ਫੜਨ ਵਿਚ ਸਿੱਧ) ਹੋ, ਗੁਰੂ ਸਾਹਿਬਾਂ ਵਿਚੋਂ ਐਸੇ (ਸਰਬ ਗੁਣ ਸੰਪੰਨ) ਗੁਰੂ ਗੋਬਿੰਦ ਸਿੰਘ ਜੀ ਸੱਦੇ ਜਾਂਦੇ ਹਨ।

੧੨. ਆਲਮ।

ਹਿੰਦੀ ਕੋਸ਼ ਦੀ ਪ੍ਰਸਤਾਵਨਾ ਵਾਲੇ ਲਿਖਦੇ ਹਨ ਕਿ ਇਹ ਬ੍ਰਾਹਮਣ* ਸੀ ਤੇ ਫੇਰ ਇਕ ਰੰਗਰੇਜਣ 'ਸ਼ੇਖ' ਨਾਮੀ ਦੇ ਪ੍ਰੇਮ ਵਿਚ ਮੁਸਲਮਾਨ ਹੋ ਗਿਆ ਸੀ। ਇਸਨੇ ਜੋਧ ਕਵੀ ਦੀ ਸੰਸਕ੍ਰਿਤ ਪੁਸਤਕ ਦਾ (ਜੋ ੯੯੧ ਹਿਜਰੀ ਵਿਚ ਜੋਧ ਕਵੀ ਨੇ ਲਿਖੀ ਸੀ) ਹਿੰਦੀ ਵਿਚ ਅਨੁਵਾਦ ਕੀਤਾ, ਜਿਸਦਾ ਨਾਉਂ 'ਮਾਧਵ ਨਲ ਕਾਮ ਕੰਦਲਾ' ਹੈ। 'ਸ਼ਿਵ ਸਿੰਹ ਸਰੋਜ' ਵਿਚ ਲਿਖਿਆ ਹੈ ਕਿ ਇਹ ਸ਼ਹਿਜ਼ਾਦੇ ਮੁਅੱਜ਼ਮ ਪਾਸ 'ਬਹੁਤ ਦਿਨੋਂ ਤਕ ਰਹੇ'। ਮਗਰੋਂ ਜਾਪਦਾ ਹੈ ਕਿ ਇਹ ਗੁਰੂ ਜੀ ਪਾਸ ਰਿਹਾ। ਕਾਮ ਕੰਦਲਾ ਦੇ ਤਰਜਮੇ ਦਾ ਸੰਮਤ ਹਿੰਦੀ ਲਿਪੀ ਲਿਖੇ ਕਾਮਕੰਦਲਾ ਦੇ ਨੁਸਖੇ ਵਿਚ ਬਿ: ੧੭੭੪ ਦਿਤਾ ਹੈ। ਸੂ: ਪ੍ਰ: ਵਿਚ ਕਵੀਆਂ ਦੇ ਕਬਿੱਤਾਂ ਵਿਚ ਇਕ ਕਬਿੱਤ ਇਨ੍ਹਾਂ ਦਾ ਆਇਆ ਹੈ, ਬਾਬਾ ਸੁਮੇਰ ਸਿੰਘ ਜੀ ਨੇ ਬੀ ਇਹੋ ਕਬਿੱਤ ਦਿੱਤਾ ਹੈ ਤੇ ਆਲਮ ਕਵੀ ਦਾ ਰਚਿਤ ਦੱਸਿਆ ਹੈ:-

ਸ਼ੋਭਾ ਹੂੰ ਕੇ ਸਾਗਰ, ਨਵਲ ਨੇਹ ਨਾਗਰ ਹੈਂ,
ਬਲ ਭੀਮ ਸਮ, ਸ਼ੀਲ ਕਹਾਂ ਲੌ ਗਿਨਾਈਏ।
ਭੂਮ ਕੇ ਬਿਭੂਖਨ, ਜੁ ਦੂਖਨ ਕੇ ਦੂਖਨ
ਸਮੂਹ ਸੁਖ ਹੂੰਕੇ ਮੁਖ ਦੇਖੇ ਤੇ ਅਘਾਈਏ।
ਹਿੰਮਤ ਨਿਧਾਨ, ਆਨ ਦਾਨ ਕੋ ਬਖਾਨੇ? ਜਾਨੇ
'ਆਲਮ' ਤਮਾਮ ਜਾਮ ਆਠੋਂ ਗੁਨ ਗਾਈਏ।
ਪ੍ਰਬਲ ਪ੍ਰਤਾਪੀ ਪਾਤਿਸ਼ਾਹ ਗੁਰੂ ਗੋਬਿੰਦ ਜੀ!
ਭੋਜ ਕੀ ਸੀ ਮੌਜ ਤੇਰੇ ਰੋਜ਼ ਪਾਈਏ।

ਅਰਥ-੧. ਸੋਭਾ ਦੇ ਸਮੰਦਰ ਹੋ, ਨਿਤ ਨਵੇਂ ਪ੍ਰੇਮ ਵਾਲੇ ਦਾਨੇ ਯਾ ਛਬੀਲੇ ਹੋ (ਭਾਵ ਭਗਤਾਂ ਨਾਲ ਆਪਦਾ ਪ੍ਰੇਮ ਬੁੱਢਾ ਨਹੀਂ ਹੁੰਦਾ) ਭੀਮ ਜਿਹਾ ਬਲ ਹੈ ਤੇ ਸ਼ੀਲ ਸੁਭਾਵ ਦੀ ਸ੍ਰੇਸ਼ਟਤਾ ਦੀ ਗਿਣਤੀ ਹੀ ਨਹੀਂ ਹੈ। ੨. ਪ੍ਰਿਥਵੀ ਦਾ ਸ਼ਿੰਗਾਰ ਹੋ, ਦੋਖੀਆਂ ਨੂੰ ਨਾਸ਼ ਕਰਦੇ ਹੋ, ਸਾਰੇ ਸੁਖਾਂ ਦੇ ਦਾਤੇ ਹੋ, ਦੇਖਕੇ ਤ੍ਰਿਪਤ ਹੋਈਦਾ ਹੈ। {ਸੂਚਨਾ-ਜਾਪਦਾ ਹੈ ਕਿ ਦਰੁਸਤ ਪਾਠ ਐਉਂ ਸੀ: 'ਸਮੂਹ ਸੁਖ ਹੂੰ ਕੇ ਸੁਖ ਦੇਖੇ ਤੇ ਅਘਾਈਏ'। ਲਿਖਾਰੀ ਦੀ ਕਲਮ ਉਕਾਈ ਨੇ ਪਾਠ 'ਸੁਖ' ਦਾ ਮੁਖ ਕਰ ਦਿੱਤਾ ਹੈ}। ੩. ਹਿੰਮਤ ਦੇ ਖਜ਼ਾਨੇ ਹੋ, ਆਪ ਦੇ ਦਾਨਾਂ ਨੂੰ ਕੌਣ ਵਰਣਨ ਕਰੇ? ਉਸ ਨੂੰ ਤਾਂ ਸਾਰਾ ਜਹਾਨ ਹੀ ਜਾਣਦਾ ਹੈ, (ਆਲਮ ਕਹਿੰਦਾ ਹੈ) ਅੱਠੇ ਪਹਿਰ ਆਪ ਦਾ ਗੁਣ ਗਾਈਦਾ ਹੈ। ('ਆਲਮ' ਪਦ ਸ਼ਲੇਖ ਹੈ-ਜਹਾਨ ਅਰਥ ਬੀ ਹੈ ਤੇ ਕਵੀ ਦੀ ਛਾਪ ਭੀ ਹੈ)।

*'ਸ਼ਿਵ ਸਿੰ: ਸਰੋਜ' ਵਾਲੇ ਇਨ੍ਹਾਂ ਨੂੰ ਸਨਾਢ ਬ੍ਰਾਹਮਣ ਲਿਖਦੇ ਹਨ।

੪. ਮਹਾਨ ਬਲਵਾਨ ਪ੍ਰਤਾਪੀ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀਓ! (ਰਾਜੇ) ਭੋਜ ਵਰਗੀ ਬਖਸ਼ਿਸ਼ (ਜੋ ਭੋਜ ਤੋਂ ਤਾਂ ਕਦੀ ਕਦੀ ਆਉਂਦੀ ਸੀ) ਤੁਸਾਂ ਦੇ ਹਰ ਰੋਜ਼ ਪਾਈਦੀ ਹੈ।

ਸੂਚਨਾ-ਇਸ ਛੰਦ ਵਿਚ ਆਲਮ, ਜੋ ਸ਼ਹਿਜ਼ਾਦੇ ਪਾਸ ਰਹਿ ਚੁਕਾ ਸੀ, ਗੁਰੂ ਜੀ ਦੀ ਬਖਸ਼ਿਸ਼ ਨੂੰ ਉਸ ਤੋਂ ਵਧੀਕ ਦੇਖਕੇ ਉਨ੍ਹਾਂ ਨੂੰ ਪਾਤਸ਼ਾਹ ਤੇ ਉਨ੍ਹਾਂ ਦੀ ਬਖਸ਼ਿਸ਼ ਨੂੰ ਰਾਜੇ ਭੋਜ ਤੋਂ ਵੱਡੀ ਦੱਸ ਰਿਹਾ ਹੈ।

੧੩. ਸ਼ਾਰਦਾ।

ਇਸ ਨਾਮ ਦਾ ਕੋਈ ਕਵੀ ਯਾ ਕਵੀ ਇਸਤ੍ਰੀ ਦਾ ਨਾਮ ਹੁਣ ਤਕ ਦੇ ਮਿਲੇ ਗੁਰੂ ਦੁਆਰੇ ਆਏ ਕਵੀਆਂ ਦੀ ਕਿਸੇ ਗਿਣਤੀ ਵਿਚ ਨਹੀਂ ਆਯਾ ਪਰ ਦੋ ਛੰਦ ਗੁ: ਪ੍ਰ: ਸੂ: ਵਿਚ ਐਸੇ ਮਿਲਦੇ ਹਨ ਜਿਨ੍ਹਾਂ ਵਿਚ ਪਾਠ ਆਉਂਦਾ ਹੈ 'ਸ਼ਾਰਦਾ ਕਹਿਤ ਹੈ'। ਉਂਞ ਦੋਹਾਂ ਵਿਚ ਇਸਦਾ ਅਰਥ-ਸੁਰਸ੍ਵਤੀ ਇਉਂ ਕਹਿੰਦੀ ਹੈ-ਬੀਂ ਲੱਗ ਜਾਂਦਾ ਹੈ, ਪਰ ਵਿਸ਼ੇਸ਼ ਸੰਭਾਵਨਾ ਹੁੰਦੀ ਹੈ ਕਿ 'ਸ਼ਾਰਦਾ' ਕਵਿ ਛਾਪ ਹੈ। ਦੂਸਰੇ ਛੰਦ ਤੋਂ ਐਉਂ ਟਪਕਦਾ ਹੈ ਕਿ ਮੰਗਲ ਕਵੀ ਦੇ ਖਿਆਲ ਦੀ ਹੀ ਪੂਰਤੀ ਸ਼ਾਰਦਾ ਵਲੋਂ ਹੋ ਰਹੀ ਹੈ। ਛੰਦ ਏਹ ਹਨ:-

ਦਿਸ਼ ਦਿਸ਼ ਦੇਸ਼ ਦੇਸ਼ ਏਸ਼ ਦਿਗਪਾਲ ਕੇਤੇ,
ਆਜ ਕਰੇ ਕਾਲ ਕੇਤੇ ਗੁਨਹ ਗਹਤਿ ਹੈਂ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਸਾਚੇ ਸੁਨੀਅਤਿ,
ਤੇਰੇ ਸਿਰ ਭਾਰ ਭੂ ਕੋ ਸ਼ਾਰਦਾ ਕਹਿਤ ਹੈ।
ਓਜਨ ਕੇ ਸੂਰ ਮਹਾਂ ਮੌਜਨ ਸੌਂ ਘੇਰ ਮਾਰ,
ਔਰ ਨ ਬਿਚਾਰ ਕੀਜੈ ਦਾਰਿਦ ਦਹਤਿ ਹੈਂ।
ਹਰ ਮਾਂਗੇ ਬਰ ਦੇਤਿ ਮਾਂਗ ਗੁਰ ਗੋਬਿੰਦ ਕੋ,
ਕਰਤਾਰ ਮਾਂਗੇ ਕਰਤਾਰ ਦੇ ਰਹਤ ਹੈਂ।

ਅਰਥ-੧. ਦਿਸ਼ਾ ਦਿਸ਼ਾ ਦੇ ਸ੍ਵਾਮੀ ਦਿਗਪਾਲ ਤੇ ਦੇਸ਼ ਦੇਸ਼ ਦੇ ਰਾਜੇ (ਅਜ=) ਦੇ ਸਮੇਂ ਕਿੰਨੇ ਹੀ (ਆਪ ਦੇ) ਗੁਣ ਨੂੰ ਗੁਹਣ ਕਰਦੇ ਹਨ, ਕਿੰਨੇ (ਕਲ=ਅਗੇ ਨੂੰ ਗ੍ਰਹਣ ਕਰਨਗੇ। ੨. ਆਪ ਪ੍ਰਬਲ ਪ੍ਰਤਾਪ ਵਾਲੇ ਤੇ ਸੱਚੇ ਪਾਤਸ਼ਾਹ ਸੁਣੀਂਦੇ ਹੋ, ਸ਼ਾਰਦਾ ਕਹਿੰਦਾ ਹੈ ਕਿ ਆਪ ਦੇ ਸਿਰ ਤੇ ਹੀ ਪ੍ਰਿਥਵੀ ਦਾ ਭਾਰ (ਭਾਵ ਆਪ ਦਾ ਆਸ਼੍ਰਯ ਹੈ) ੩. (ਉਮੰਗ ਤੇ ਉਤਸ਼ਾਹ ਦੇ) ਮਹਾਂ ਸੂਰਮੇ ਹੋ, ਬਖਸ਼ਿਸ਼ਾਂ ਨਾਲ ਘੇਰ ਕੇ ਮਾਰ ਦਿੰਦੇ ਹੋ, (ਮੇਰੇ ਮਨ!) ਹੋਰ ਵਿਚਾਰਾਂ ਵਿਚ ਨਾ ਪੌ, (ਉਹ ਤਾਂ ਐਉਂ ਕਰਨ ਵਿਚ) ਦਰਿਦ੍ਰ (ਗਰੀਬੀ) ਦਾ ਨਾਸ਼ ਕਰ ਰਹੇ ਹਨ। {ਓਜ=ਉਤ-ਸਾਹ, ਉਮੰਗ, ਜੋਸ਼। ਬਲ}। (ਭਾਵ ਦਾਨ ਦੇਣ ਵੇਲੇ ਕਿਸੇ ਦੇ ਅਧਿਕਾਰ ਆਦਿ ਦੀ ਵੀਚਾਰ ਨਹੀਂ ਕਰਦੇ, ਉਸਦਾ ਦਰਿੱਦ੍ਰ ਦੂਰ ਕਰ ਦੇਂਦੇ ਹਨ)। ੪. ਹਰੀ ਤੋਂ ਕੁਛ ਮੰਗੀਏ ਤਾਂ ਓਹ ਵਰ ਦੇ ਦੇਂਦੇ ਹਨ (ਪਰ ਮੇਰੇ ਮਨ ਤੂੰ) ਗੁਰੁ ਗੋਬਿੰਦ (ਸਿੰਘ) ਜੀ ਤੋਂ ਮੰਗ (ਜੋ) ਮੰਗਿਆਂ ਹਥਾਂ (ਦੇ ਦਾਨ) ਨਾਲ ਤਾਰ ਦਿੰਦੇ ਹਨ (ਤੇ ਨਾਲ) ਕਰਤਾਰ* ਭੀ ਦੇ ਦੇਂਦੇ ਹਨ, (ਭਾਵ ਵਾਹਿਗੁਰੂ ਪ੍ਰਾਪਤ ਭੀ ਕਰਾ ਦਿੰਦੇ ਹਨ)।

{ਗੁਰੂ ਜੀ ਦੀ ਛੜੀ}

ਇਹ ਛੰਦ ਮੰਗਲ ਦੇ ਛੜੀ ਪਰ ਕਹੇ ਛੰਦ ਦੇ ਖਿਆਲ ਨੂੰ ਦੂਸਰੇ ਖਿਆਲ ਵਿਚ ਅਦਾ ਕੀਤਾ ਗਿਆ ਹੈ। ਮੰਗਲ ਨੇ ਗੁਰੂ ਜੀ ਨੂੰ ਵਿਸ਼ਨੂੰ ਤੇ ਛੜੀ ਨੂੰ ਵਿਸ਼ਨੂੰ ਦੀ ਗਦਾ ਤੋਂ ਰੂਪਧਾਰੀ ਹੋਯਾ ਦੱਸਿਆ ਹੈ ਤੇ ਸ਼ਾਰਦਾ ਨੇ ਗੁਰੂ ਜੀ ਨੂੰ ਕ੍ਰਿਸ਼ਨ ਤੇ ਛੜੀ ਨੂੰ ਬੰਸਰੀ ਰੂਪਧਾਰੀ ਹੋਈ ਦਸਿਆ ਹੈ। ਛੰਦ ਇਉਂ ਹੈ-

ਕੁੰਜ ਕੁੰਜ ਗਲਿਨਿ ਬਜਾਈ ਬਨ ਬਾਂਸਰੀ ਸੀ,
ਉਨਹੀ ਕੇ ਸੰਗ ਸੋਈ, 'ਸ਼ਾਰਦਾ' ਕਹਤਿ ਹੈ।
ਜਮਨਾ ਕੇ ਤਟ ਬੰਸੀ ਬਟ ਕੇ ਨਿਕਟ ਸੋਈ,
ਤਟ ਸਤੁਦ੍ਰਵ ਆਨ ਸਾਹਿਬੀ ਕਰਤ ਹੈ।
ਦੇਖੋ ਭੂਪ ਭੂਪਨਿ ਕੇ, ਭੂਮ ਕੇ ਭਰਤ ਲੋਗੋ!
ਭਾਗ ਯਾ ਛਰੀ ਕੇ ਮੋ ਸੌਂ ਕਹਿਬੇ ਬਨਤ ਹੈਂ।
ਕਾਨ੍ਹ ਹ੍ਵੈ ਕੈ ਔਤਰਯੋ ਤੌ ਮੁੱਖਹੀ ਰਹਤ ਲਾਗੀ,
ਗੋਬਿੰਦ ਹ੍ਵੈ ਔਤਰਯੋ ਤੌ ਹਾਥ ਹੀ ਰਹਤ ਹੈ।

ਅਰਥ-੧. ਬ੍ਰਿੰਦਾ ਬਨ ਦੀ ਕੁੰਜ ਕੁੰਜ ਤੇ ਗਲੀ ਗਲੀ ਵਿਚ ਬਾਂਸਰੀ ਬਜਾਈ ਸੀ। ਸ਼ਾਰਦਾ ਕਵੀ ਕਹਿੰਦਾ ਹੈ ਕਿ ਉਹੋ (ਬਾਂਸਰੀ) ਹੀ ਹੁਣ ਉਨ੍ਹਾਂ ਦੇ ਨਾਲ ਹੈ (ਛੜੀ ਦੇ ਰੂਪ ਵਿਚ)। ੨. ਜਮੁਨਾ ਦੇ ਕਿਨਾਰੇ ਜੋ ਬੰਸੀ ਬਟ ਦੇ ਨੇੜੇ (ਬੰਸੀ

---

*{ਕਰਤਾਰ=ਹੱਥਾਂ ਨਾਲ ਤਾਰਨਾ। ਕਰਤਾਰ=ਈਸ਼੍ਵਰ।} ਕਰਤਾਰ ਪਦ ਦੇ ਏਥੇ ਹੋਰ ਬੀ ਦੋ ਤ੍ਰੈ ਅਰਥ ਲਗਦੇ ਹਨ, ਦੇਖੋ ਸੰਪਾਦਿਤ ਸੂਰਜ ਪ੍ਰਕਾਸ਼ ਸਫਾ ੫੭੧੬।

ਬਜਾਉਂਦਾ ਸੀ*) ਉਹੋ ਸਤਲੁਜ ਦੇ ਕਿਨਾਰੇ ਆ ਕੇ ਹੁਣ ਸਾਹਿਬੀ ਕਰ ਰਿਹਾ ਹੈ। ੩. ਹੇ (ਸਿੰਘਾਸਣ ਤੇ ਵਿਰਾਜੇ) ਰਾਜਿਆਂ ਦੇ ਰਾਜੇ (ਗੁਰੂ ਜੀ!) ਤੇ ਹੇ ਪ੍ਰਿਥਵੀ (ਤੇ ਬੈਠੇ) ਭਗਤ ਜਨੋ (ਸਾਧ ਸੰਗਤ ਜੀ!) ਦੇਖੋ ਇਸ ਛੜੀ ਦੇ ਭਾਗ ਮੈਨੂੰ ਕਹਿਣੇ ਹੀ ਬਣੇ ਹਨ। ੪. ਕਿ ਜਦੋਂ ਕਾਨ੍ਹ ਹੋਕੇ ਅਵਤਰੇ ਸਨ ਤਾਂ ਮੁਖ ਨਾਲ ਹੀ ਲਗੀ ਰਹਿੰਦੀ ਸੀ, ਗੁਰੂ ਗੋਬਿੰਦ ਸਿੰਘ ਜੀ ਹੋਕੇ ਜਦ ਅਵਤਰੇ ਹਨ ਤਾਂ ਹੱਥ ਵਿਚ ਹੀ ਰਹਿੰਦੀ ਹੈ।

੧੪. ਸੁਦਾਮਾ।

ਇਸ ਨਾਮ ਦਾ ਇਕ ਬ੍ਰਹਮਨ ਸ੍ਰੀ ਕ੍ਰਿਸ਼ਨ ਜੀ ਦੇ ਸਮੇਂ ਹੋਯਾ ਹੈ ਜੋ ਉਨ੍ਹਾਂ ਦੇ ਨਾਲ ਇਕੱਠਾ ਪੜ੍ਹਦਾ ਰਿਹਾ ਸੀ। ਇਹ ਅਤਿ ਨਿਰਧਨ ਸੀ। ਇਕ ਵੇਰ ਇਹ ਥੋੜੇ ਚਾਵਲ ਭੇਟਾ ਲੈਕੇ ਕ੍ਰਿਸ਼ਨ ਜੀ ਨੂੰ ਦ੍ਵਾਰਕਾ ਜਾ ਮਿਲਿਆ। ਸ੍ਰੀ ਜੀ ਉਸਨੂੰ ਅਤਿ ਪਿਆਰ ਤੇ ਸਤਿਕਾਰ ਨਾਲ ਮਿਲੇ ਤੇ ਉਸਦਾ ਦਰਿਦ੍ਰ ਦੂਰ ਕੀਤਾ। ਇਸਦੀ ਇਹ ਵਿਥਯਾ ਭਾਈ ਗੁਰਦਾਸ ਜੀ ਨੇ ਬੀ ਲਿਖੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬੀ ਇਸ ਨਾਮ ਦਾ ਇਕ ਬ੍ਰਹ-ਮਨ ਹੋਯਾ ਹੈ ਜੋ ਬੁੰਦੇਲ ਖੰਡ ਦਾ ਰਹਿਣੇ ਵਾਲਾ ਸੀ। ਇਹ ਚੰਗਾ ਕਵੀ ਬੀ ਸੀ, ਪਰ ਗ੍ਰੀਬ ਸੀ, ਇਹ ਸੁਣਕੇ ਕਿ ਗੁਰੂ ਗੋਬੰਦ ਸਿੰਘ ਜੀ ਕਵੀਆਂ ਨੂੰ ਸਨਮਾਨਦੇ ਹਨ ਇਹ ਅਪਣਾ ਦਰਿਦ੍ਰ ਦੂਰ ਕਰਨ ਹਿਤ ਆਨੰਦਪੁਰ ਗਿਆ ਤੇ ਗੁਰੂ ਕੇ ਹਜ਼ੂਰ ਦੁਆਪਰ ਦੇ ਸੁਦਾਮੇ ਦੀ ਅਪਣੇ ਨਾਲ ਸਮਾਨਤਾ ਲੈਕੇ ਗੁਰੂ ਜੀ ਨੂੰ ਮਿਲਿਆ ਤੇ ਦਾਨ ਪਾਕੇ ਸੁਖੀ ਹੋਇਆ, ਉਸਦੀ ਰਚਨਾ ਦਾ ਇਕ ਕਬਿੱਤ ਹੈ-

ਏਕ ਸੰਗ ਪਢੇ ਅਵੰਤਕਾ ਸੰਦੀਪਨ ਕੇ,
ਸੋਈ ਸੁਧ ਆਈ ਤੋ ਬੁਲਾਇ ਬਈ ਬਾਮਾਂ ਮੈਂ:-
ਪੁੰਗੀ ਫਲ ਹੋਤ ਤੋ ਅਸੀਸ ਦੇਤੋ ਨਾਥ ਜੀ ਕੋ,
ਤੰਦੁਲ ਲੇ, ਦੀਜੈ, ਬਾਂਧ ਲੀਜੈ ਫਟੇ ਜਾਮਾ ਮੈਂ।
ਦੀਨ ਦੁਆਰ ਸੁਨਿਕੈ ਦਯਾਲ ਦਰਬਾਰ ਮਿਲੇ,
ਏਤੋ ਕੁਛ ਦੀਨੋ ਪਾਈ ਅਗਨਤ ਸਾਮਾਂ ਮੈਂ।

*ਬੰਸੀ ਬਟ, ਉਹ ਬੋਹੜ ਜਿਸ ਹੇਠ ਕ੍ਰਿਸ਼ਨ ਜੀ ਬੰਸੀ ਵਜਾਉਂਦੇ ਸਨ।

ਪ੍ਰੀਤਿ ਕਰਿ ਜਾਨੇ ਗੁਰ ਗੋਬਿੰਦ ਕੈ ਮਾਨੇ,
ਤਾਂਤੇ ਵਹੈ ਤੂੰ ਗੋਬਿੰਦ ਵਹੈ ਬਾਮਨ ਸੁਦਾਮਾਂ ਮੈਂ।

ਅਰਥ-੧. ਅਵੰਤਕਾ ਪੁਰੀ ਵਿਚ ਸੰਦੀਪਨ (ਉਸਤਾਦ ਪਾਸੋਂ) ਇਕੱਠੇ ਪੜ੍ਹੇ ਸੀ (ਕ੍ਰਿਸ਼ਨ ਤੇ ਸੁਦਾਮਾ) ਇਹ ਗੱਲ ਚੇਤੇ ਆਈ ਤਾਂ ਮੈਂ (ਆਪਣੀ) ਇਸਤ੍ਰੀ ਨੂੰ ਬੁਲਾ ਕੇ ਪੁੱਛਿਆ। ੨. ਜੇ (ਘਰ ਵਿਚ) ਸੁਪਾਰੀ ਹੁੰਦੀ ਤਾਂ ਮੈਂ ਜਾ ਕੇ ਨਾਥ (ਭਾਵ ਗੁਰੂ ਗੋਬਿੰਦ ਸਿੰਘ ਜੀ) ਨੂੰ (ਭੇਟਾ ਧਰਕੇ) ਆਸੀਸ ਦੇਂਦਾ। (ਇਸਤ੍ਰੀ ਨੇ ਕਿਹਾ) ਚਾਵਲ ਹੀ ਲਿਜਾ (ਕੇ ਭੇਟਾ) ਦੇ ਦਿਓ ਤੇ ਬੰਨ੍ਹ ਲਿਜਾਓ ਪਾਟੇ ਟੱਲੇ ਵਿਚ[1]। ੩. (ਨਾਥ ਜੀ ਮੇਰੇ ਵਰਗਾ) ਗਰੀਬ ਦੁਆਰੇ ਆਇਆ ਸੁਣ ਕੇ ਦਰਬਾਰ ਵਿਚ ਦਿਆਲੂ ਹੋਕੇ ਮਿਲੇ ਤੇ ਇੰਨਾਂ ਕੁਝ ਦਿੱਤਾ ਕਿ ਮੈਂ ਅਣਗਿਣਤ ਸਮਿਗ੍ਰੀ ਪਾ ਲਈ। (ਸਮਾਂ=ਸਾਮਾਨ, ਸਮੱਗ੍ਰੀ)। ੪. ਪ੍ਰੀਤ ਕਰਕੇ ਮੈਂ ਤੁਸਾਨੂੰ) ਜਾਣ ਲਿਆ ਹੈ ਤੇ (ਪਰਖ) ਮੰਨ (=ਨਿਸ਼ਚੇ ਕਰ) ਲਿਆ ਹੈ ਕਿ ਤੂੰ ਹੇ ਗੁਰੂ ਗੋਬਿੰਦ ਸਿੰਘ ਜੀ ਉਹੋ ਗੋਬਿੰਦ ਹੈਂ ਤੇ (ਮੈਂ) ਉਹੀ ਸਦਾਮਾਂ (ਬ੍ਰਹਮਣ ਹਾਂ[2]।)

੧੫. ਸੈਣਾ।

ਇਹ ਗੁਰੂ ਦਰਬਾਰ ਦਾ ਇਕ ਲਿਖਾਰੀ ਸੀ। ਇਸਤੋਂ ਕੁਛ ਖ਼ਤਾ ਹੋ ਗਈ, ਮਾਫੀ ਮੰਗ ਲੈਣ ਦੀ ਥਾਂ ਨੱਸ ਗਿਆ ਤੇ ਘਰ ਜਾਕੇ ਖੇਤੀ ਬਾੜੀ ਵਿਚ ਲਗ ਗਿਆ। ਅੱਖਰ ਇਹ ਬਹੁਤ ਸੁਹਣੇ ਲਿਖਿਆ ਕਰਦਾ ਸੀ ਜਿਸ ਕਰਕੇ ਗੁਰੂ ਜੀ ਇਸਨੂੰ ਯਾਦ ਕਰਦੇ ਹੁੰਦੇ ਸੇ। ਇਸਦੀ ਗੁਰੂ ਜੀ ਕਦਰ ਭੀ ਕਰਦੇ ਸੇ; ਕਦੇ ਕਦੇ ਇਹ ਕੁਛ ਕਵਿਤਾ ਬੀ ਕਰ ਲੈਂਦਾ ਸੀ। ਕੁਛ ਚਿਰ ਘਰ ਰਹਿਕੇ 'ਗੁਰੂ ਮਿਹਰਾਂ' ਨੂੰ ਯਾਦ ਕਰਕੇ ਇਸਨੇ ਕੁਛ ਕਵਿਤਾ ਲਿਖ ਘੱਲੀ ਜਿਸਦਾ ਇਹ ਰੂਪ ਮਿਲਦਾ ਹੈ-

੧. (ਅ) (ਇਸਤ੍ਰੀ ਨੇ ਕਿਹਾ:-) ਤੰਦੁਲ ਲੈ। (ਮੈਂ ਕਿਹਾ-) ਦੀਜੈ ਬਾਂਧ। (ਇਸਤ੍ਰੀ ਬੋਲੀ:-) ਲੀਜੇ ਫਟੇ ਜਾਮਾ ਮੈਂ (ਭਾਵ ਹੋਰ ਕਪੜਾ ਨਹੀਂ ਘਰ ਵਿਚ)।

੨. (ਅ) ਹੇ ਗੁਰੂ ਗੋਬਿੰਦ ਸਿੰਘ ਜੀ! (ਆਪ ਨੇ ਜੋ) ਪ੍ਰੀਤ ਕਰਕੇ (ਮੈਨੂੰ) ਮਾਣ ਦਿਤਾ ਹੈ, (ਮੈਂ) ਜਾਣ ਲਿਆ ਹੈ ਕਿ (ਓਹੋ) ਤੂੰ ਗੋਬਿੰਦ (ਕ੍ਰਿਸ਼ਨ) ਹੈਂ ਤੇ ਓਹੀ ਮੈਂ ਸੁਦਾਮਾ ਹਾਂ।

ਜਬ ਕੇ ਪ੍ਰਭੁ ਤੇ ਬੀਛੁਰੇ, ਕੀਯੋ ਕ੍ਰਿਖਿ[1] ਕੋ ਠਾਟ।
ਬ੍ਰਿਖਭਨ[2] ਸੰਗਤਿ ਹਮ ਕਰੀ ਭਏ ਜਾਟ ਕੇ ਜਾਟ।
ਅਬ ਕਾ ਮੁਖ ਪ੍ਰਭੁ ਕਉ ਦਿਖਰਾਊਂ।
ਸਿਮਰ ਨਾਮ ਨਿਤ ਆਨੰਦ ਪਾਊਂ।
ਗੁਰ ਗਤਿ ਅਗਮ ਜਾਣ ਨਹਿਂ ਜਾਈ।
ਨਾਰਦਾਦਿ ਕੀ ਮਤਿ ਭਰਮਾਈ[3]।

ਇਹ ਪੜ੍ਹਕੇ ਸਤਿਗੁਰਾਂ ਨੇ ਮਾਫ ਕਰ ਦਿਤਾ ਤੇ ਬੁਲਾ ਲਿਆ ਤੇ ਫੇਰ ਉਸਨੂੰ ਲਿਖਤ ਦੀ ਸੇਵਾ ਤੇ ਲਾ ਲਿਆ।

੧੬. ਕੁਵਰੇਸ਼।

ਓੜਛਾ ਦੇ ਰਾਜੇ ਇੰਦ੍ਰਜੀਤ ਪਾਸ ਇਕ ਬ੍ਰਹਮਣ ਕਵੀ ਸੀ, ਜਿਸਦਾ ਨਾਮ ਕੇਸ਼ੂਦਾਸ ਸੀ। ਇਸ ਰਾਜਾ ਨੇ ਕਵੀ ਨੂੰ ੨੧ ਪਿੰਡ ਇਨਾਮ ਦਿਤੇ ਸਨ। ਇਸ ਸ਼ਿਰੋਮਣੀ ਕਵੀ ਨੇ 'ਕਵਿ ਪ੍ਰਿਯਾ' 'ਰਸਿਕ ਪ੍ਰਿਯਾ' ਦੋ ਗ੍ਰੰਥ ਲਿਖੇ ਹਨ ਜੋ ਬ੍ਰਿੱਜ ਭਾਸ਼ਾ ਵਿਚ ਕਾਵਜ ਵਿਦਜਾ ਦੇ ਉੱਚੇ ਪਾਏ ਦੇ ਗ੍ਰੰਥ ਮੰਨੇ, ਪੜ੍ਹੇ ਪੜ੍ਹਾਏ ਤੇ ਸਤਿਕਾਰੇ ਜਾਂਦੇ ਹਨ। 'ਰਾਮਚੰਦ ਚੰਦ੍ਰਿਕਾ' ਭੀ ਇਕ ਅਲੰਕ੍ਰਿਤ ਰਚਨਾ ਇਸੇ ਮਹਾਨ ਕਵੀ ਦੀ ਹੈ। ਹੋਰ ਛੋਟੇ ਗ੍ਰੰਥ ਬੀ ਕੁਛ ਹੈਨ ਜੈਸੇ- ਬੀਰ ਸਿੰਘ ਦੇਵ ਚਰਿਤ, ਵਿਗਜਾਨ ਗੀਤਾ। ਇਸ ਦੇ ਜਨਮ ਦਾ ਸੰਮਤ 'ਸ਼ਿਵਸਿੰ: ਸਰੋਜ' ਨੇ ੧੬੨੪ ਤੇ 'ਹਿੰ: ਕੋ:' ਨੇ ੧੬੧੨ ਦਿਤਾ ਹੈ, ਚਲਾਣਾ ੧੬੭੪ ਵਿਚ ਬੁੰਦੇਲ ਖੰਡ ਵਿਚ ਹੋਇਆ[4]। ਕਵੀ ਸੰਤੋਖ ਸਿੰਘ ਜੀ ਇਸ ਮਹਾਨ ਕਵੀ ਦੇ ਪੁੱਤਰ ਦਾ ਨਾਮ ਕੁਵਰੇਸ਼ ਲਿਖਦੇ ਹਨ[5]। ਇਹ ਭੀ ਕਵੀ ਤੇ ਸੰਸਕ੍ਰਿਤ ਦਾ ਮਹਾਨ ਪੰਡਿਤ ਸੀ। ਔਰੰਗਜ਼ੇਬ ਨੇ ਇਸ ਨੂੰ ਮੁਸਲਮਾਨ ਬਣਾਉਣਾ ਚਾਂਹਿਆ। ਜਦ ਕੁਵਰੇਸ਼ ਨੂੰ ਪਤਾ ਲੱਗਾ ਤਾਂ ਚੁਪਾਤਾ ਉਠ ਤੁਰਿਆ। ਭੇਸ ਵਟਾ ਤੇ ਲੁਕ ਛੁਪਕੇ ਅਨੰਦ ਪੁਰ ਪਹੁੰਚਾ ਤੇ ਗੁਰੂ ਚਰਨਾਂ ਵਿਚ ਹਾਜ਼ਰ ਹੋਕੇ ਐਉਂ ਬਿਨੈ ਕੀਤੀ-

'ਸੁਨਾ ਨਿਥਾਂਵਨ ਕੋ ਤੁਮ ਥਾਨ। ਸਦਾ ਨਿਮਾ-
ਨਨ ਕੇ ਬਡ ਮਾਨ। ਅਹੋ ਨਿਤਾਨਨ ਕੇ ਤੋਮ
ਤ੍ਰਾਨ। ਅਸ ਸੋਭਾ ਕੋ ਕਥੈ ਜਹਾਨ। ਤੁਰਕ
ਤੇਜ ਤੇ ਬਿਨ ਬਲ ਹਿੰਦੂ। ਧਰਮ ਬਿਨਾਸਤ
ਮੇਲਤ ਬ੍ਰਿੰਦੂ। ਮਹਾਂ ਤ੍ਰਾਸ ਤੇ ਮੈਂ ਚਲਿ
ਆਯੋ। ਚਹਿਤ ਆਪਨੋ ਧਰਮ ਬਚਾਯੋ।'

ਸ੍ਰੀ ਸਤਿਗੁਰੂ ਜੀ ਬ੍ਰਾਹਮਣ ਵਿਦਵਾਨ ਦੀ ਦੁਖੀ ਦਸ਼ਾ ਤੇ ਪਸੀਜੇ ਤੇ ਪੰਜ ਰੁਪੈ ਰੋਜ਼ ਦਾ ਰੁਜ਼ੀਨਾ ਲਾ ਕੇ ਆਪਣੇ ਕਵੀ ਸਮਾਜ ਵਿਚ ਰੱਖ ਲਿਆ[1]। ਇਸ ਨੇ ਗੁਰੂ ਆਗਜਾ ਵਿਚ ਮਹਾਂਭਾਰਤ ਦੇ 'ਦ੍ਰੋਣ ਪਰਬ' ਦਾ ਹਿੰਦੀ ਅਨੁਵਾਦ ਕੀਤਾ[2], ਜਿਸ ਬਾਬਤ ਉਹ ਆਪ ਐਉਂ ਲਿਖਦਾ ਹੈ:-

ਸੰਬਤ ਸਤ੍ਰਹ ਸੈ ਅਧਿਕ ਬਾਵਨ ਬੀਤੇ ਔਰ[3],
ਤਾਮੈ ਕਵਿ ਕੁਵਰੇਸ਼ ਯਹ ਕਿਯੋ ਗ੍ਰੰਥ ਕੋ ਡੌਰ[4]।
ਵਾਹੁਜ[5] ਬੇਦੀ ਕੁਲ ਭਯੋ ਨਾਨਕ ਗੁਰੂ ਅਨੂਪ,
ਜਿਨ ਮੈਂ ਪੂਰੋ ਪਾਈਏ ਪਾਰਬ੍ਰਹਮ ਕੋ ਰੂਪ।
ਨਾਨਕ ਸਿੱਖ ਕੀਏ ਤ੍ਰਿਹੁਨ ਕੁਲ ਅੰਗਦ ਸ਼ੁਭਨਾਮ,
ਭਕਿਤ ਸਰੋਰੁਹ ਕੇ ਭਯੇ ਜੇ ਰਵਿ ਆਠੋ ਜਾਮ[6]।
ਅੰਗਦ ਨਿਜ ਗੁਰੁਤਾ ਦਈ ਭੱਲੇ ਭਲੇ ਵਿਚਾਰ,
ਅਮਰਦਾਸ ਕੋ ਨਿਜ ਸਕਲ ਦੀਨੋ ਜਗਤਉਧਾਰ।
ਅਮਰਦਾਸ ਅਪਨੇ ਸਕਲ ਗੁਰਤਾ ਪ੍ਰਭੁਤਾ ਗਜਾਨ[7]
ਰਾਮ ਦਾਸ ਕੋ ਸਭ ਦਿਯੋ ਜੋ ਸੋਢੀ ਸੁਲਤਾਨ।
ਅਰਜੁਨ ਬ੍ਰਿਕਮ ਨਾਹ ਹੂੰ ਅਰਜੁਨ ਜਗ ਪੁਰਹੂਤ,

---

੧. ਖੇਤੀ। ੨. ਬੈਲਾਂ ਦੀ। ੩. ਇਹ ਚੌਪਈ ਦੋਹਿਰੇ ਦੇ ਨਾਲ ਬਾਬਾ ਸੁਮੇਰ ਸਿੰਘ ਜੀ ਨੇ ਦਿੱਤੀ ਹੈ, ਸਫਾ ੨੬੭।

੪. ਅਕਬਰ ਨੇ ਰਾਜਾ ਇੰਦ੍ਰਜੀਤ ਪਰ ਕਿਸੇ ਗਲੇ ਇਕ ਕਰੋੜ ਰੁਪੱਯਾ ਜੁਰਮਾਨਾ ਕੀਤਾ, ਕੇਸ਼ਵ ਦਾਸ ਨੇ ਚੋਰੀ ਚੋਰੀ ਜਾਕੇ ਬੀਰਬਲ ਨੂੰ ਅਪਣੀ ਕਵਿਤਾ ਨਾਲ ਰਿਝਾਯਾ ਤੇ ਉਸਦੀ ਸਿਫਾਰਸ਼ ਨਾਲ ਕਰਜ਼ੇ ਦਾ ਜੁਰਮਾਨਾ ਮਾਫ ਕਰਵਾਇਆ।

{ਸ਼ਿਵ ਸਿੰ: ਸਰੋਜ}

੫. ਸੂੰਹ ਇਉਂ ਬੀ ਪਈ ਸੀ ਕਿ ਕੁੰਵਰੇਸ਼ ਪੋਤਾ ਸੀ।

---

੧. ਬਾਬਾ ਸੁਮੇਰ ਸਿੰਘ ਜੀ ੫੦੦) ਮਹੀਨਾ ਲਿਖਦੇ ਹਨ। ੨. ਇਹ ਗ੍ਰੰਥ ਪਟਿਆਲਾ ਲਾਇ-ਬਰੇਰੀ ਵਿਖੇ ਹੈ, ਨੰਬਰ ੧-੬।

੩. ੧੭੫੨ ਸੰਮਤ ਬਿ:। ੪. ਡੌਲ, ਰੂਪ:

੫. ਖੱਤ੍ਰੀ। ੬. ਭਗਤੀ ਰੂਪੀ ਕਵਲ ਨੂੰ ਜੋ ਅਠੇ ਪਹਿਰ ਸੂਰਜ ਵਤ ਹੋਏ। {ਸਰੋਰੁਹ=ਕਵਲ}

੭. ਗੁਰਿਆਈ, ਵਡਿਆਈ ਤੇ ਗਜਾਨ।

ਜਿਨ ਜਗ-ਜਸ ਅਰਜੁਨ ਕਿਯੋ ਰਾਮਦਾਸ ਕੇ ਪੂਤ[1]।
ਅਰਜੁਨ ਸੁਨੁ[2] ਉਦਾਰ ਮਤਿ ਹਰਿਗੋਬਿੰਦ ਨਰਿੰਦ,
ਜਿਨ ਹਰਿਲੋ ਮਾਰੇ ਨਿਖਿਲ ਬੈਰੀ ਪ੍ਰਬਲ ਕਰਿੰਦ[3]।
ਛੋਡਯੋ ਜਬ ਗੁਰੁਦਿੱਤ ਜੂ ਜਗ ਮਾਯਾ ਵਿਸਾਤਰ[4],
ਤਿਨ ਕੇ ਸੁਤ ਹਰਿਰਾਯ ਕੋ ਦੀਨੋ ਗਰੁਤਾ ਭਾਰ।
ਭਏ ਸੁਨੁ[5] ਹਰਿਰਾਇ ਕੇ ਗੁਰ ਅਤ੍ਰਿਸ਼ਨ[6] ਹਰਿਕ੍ਰਿਸ਼ਨ,
ਤਜਯੋ ਜਬੈ ਤਿਨਹੂੰ ਜਗਤ ਤਬਹਿ ਕਰੀ ਯਹ ਪ੍ਰਸ਼ਨ।
ਗੁਰੁਤਾ ਪ੍ਰਭੁਤਾ ਕੋ ਉਚਿਤ[7] ? ਤੇਗ ਬਹਾਦਰ ਏਕ,
ਨਾਰਾਯਨ ਜਾਂ ਪਰ ਕਿਯੋ ਭਕਿਤ ਸੁਧਾ ਕੋ ਸੇਕ[8]।
ਨਿਜ ਜਨ ਕੈਰਵ[9] ਸੁਖ ਕਰਨ ਤੇਗ ਬਹਾਦਰ ਚੰਦ,
ਜਿਨ ਭਵ ਪਾਰਾਵਾਰ[10] ਕੇ ਦੂਰ ਕਿਯੋ ਦੁਖ ਦ੍ਵੰਦ।
ਗੁਰ ਗੋਬਿੰਦ ਨਰਿੰਦ ਹੈ ਤੇਗ ਬਹਾਦਰ ਨੰਦ[11],
ਜਿਨ ਤੇ ਜੀਵਤ ਹੈਂ ਸਕਲ ਭੂਜਲ ਕਵਿਬੁਧ ਬ੍ਰਿੰਦ।
ਨਦੀ ਸਤੱਦ੍ਰੂ ਤੀਰ ਤਹਿਂ ਸ਼ੁਭ ਅਨੰਦਪੁਰ ਨਾਮ,
ਗੁਰ ਗੋਬਿੰਦ ਨਰਿੰਦੋ ਕੇ ਰਾਜਤ ਸੁਭਗ ਸੁਧਾਮ।
ਗੰਗਾ ਜਮਨਾ ਬੀਚ ਮੇਂ ਬਰੀ ਗ੍ਰਾਮ ਕੋ ਨਾਮ,
ਤਹਾਂ ਸੁ ਕਵਿ ਕੁਵਰੇਸ਼ ਕੋ ਬਾਸ ਕੋ ਧਾਮ[12]।

੧੭. ਰੌਸ਼ਨ ਸਿੰਘ।

ਕਵੀ ਕਵਿਤਾ ਕਰਦੇ ਹਨ। ਕਵਿਤਾ ਬੀ ਧਨ ਵਾਙੂ ਇਕ ਧਨ ਹੈ ਤੇ ਇਸ ਦੀ ਬੀ ਚੋਰੀ ਹੁੰਦੀ ਹੈ। ਕਵਿਤਾ ਦੀ ਚੋਰੀ ਵਾਲੇ ਨੂੰ ਚੋਰ ਕਵੀ ਆਖਦੇ ਹਨ। ਕਈ ਤਾਂ ਖਜਾਲ ਚੁਰਾਉਂਦੇ ਹਨ, ਦੂਸਰੇ ਕਵੀ ਦੇ ਖਿਆਲ ਲੈਕੇ ਕੁਛ ਛੰਦ ਬਦਲਕੇ ਕੁਛ ਭੰਨ ਤੋੜ ਕਰਕੇ ਆਪਣੇ ਕਰ ਦੱਸਦੇ ਹਨ, ਕਈ ਰਚੀ ਰਚਾਈ ਵਿਚ ਅਪਣੇ ਨਾਮ ਦੀ ਛਾਪ ਦੇਕੇ ਸਮੂਲਚਾ ਧਾੜਾ ਮਾਰਦੇ ਹਨ, ਕਈ ਅਦਲਾ ਬਦਲੀ ਕਰਕੇ ਦੁਇ ਤਰ੍ਹਾਂ ਛਾਪਾ ਮਾਰ ਲੈਂਦੇ ਹਨ। ਜਿੱਥੇ ਐਤਨੇ ਕਵੀ ਕੱਠੇ ਹੋਏ, ਓਥੇ ਕਿਸੇ ਐਸੇ ਕਵੀ ਦਾ ਹੋਣਾ ਬੀ ਅਚਰਜ ਨਹੀਂ ਸੀ। ਐਸੇ ਇਕ ਸੱਜਣ ਦਾ ਨਾਮ ਗੁਰਬਿਲਾਸ (ਬ: ਸਮੇ: ਸਿੰ:) ਵਿਚ ਆਇਆ ਹੈ। ਪਰ ਇਸਦੀ ਇਸ ਵਾਦੀ ਨੂੰ ਦੂਰ ਕਰਨ ਲਈ 'ਹਾਸ ਬਿਲਾਸ ਦੇ ਪਾਤਸ਼ਾਹ' ਤੇ ਫੇਰ 'ਪਰਦੇ ਢਕ' ਗੁਰੂ ਜੀ ਨੇ ਇਕ ਕੌਤਕ ਕੀਤਾ।

ਗੁਰੂ ਜੀ ਪਾਸ ੩੬ ਲਿਖਾਰੀ ਸਨ। ਉਨ੍ਹਾਂ ਵਿਚੋਂ ੪ ਬਹੁਤ ਸਿਆਣੇ ਤੇ ਵਿਦਵਾਨ ਸਨ। ਉਨ੍ਹਾਂ ਵਿਚੋਂ ਇਕ ਦਾ ਨਾਉਂ ਰੌਸ਼ਨ ਸਿੰਘ ਸੀ। ਇਕ ਦਿਨ ਗੁਰੂ ਜੀ ਨੇ ਕੁਛ ਸ੍ਵੈਯਾਂ ਦੀ ਰਚਨਾ ਰਚੀ ਤੇ ਰੌਸ਼ਨ ਸਿੰਘ ਨੂੰ ਉਤਾਰਾ ਕਰਨ ਲਈ ਦਿੱਤੀ ਤੇ ਆਪ ਉਸ ਦਫਤਰ ਵਿਚੋਂ ਜਿੱਥੇ ਲਿਖਾਰੀ ਆਪ ਦੀ ਉਚਾਰ ਹੁੰਦੀ ਰਚਨਾ ਲਿਖਦੇ ਹੁੰਦੇ ਸੇ ਬਾਹਰ ਚਲੇ ਗਏ। ਰੌਸ਼ਨ ਸਿੰਘ ਇਕੱਲਾ ਸੀ ਉਸ ਨੇ ਕੁਛ ਸ੍ਵੈਯੇ ਅਪਣੇ ਪੱਟ ਤੇ ਲਿਖ ਲਏ ਕਿ ਘਰ ਜਾਕੇ ਉਤਾਰਾ ਕਰਕੇ ਅਪਣੀ ਛਾਪ ਵਿਚ ਪਾ ਕੇ ਲਿਖ ਲਵਾਂਗਾ। ਇਸਨੇ ਜਾਤਾ ਕਿ ਗੁਰੂ ਜੀ ਭੁੱਲ ਜਾਣਗੇ, ਯਾਦ ਨਹੀਂ ਰਹਿਣ ਲਗਾ। ਗੁਰੂ ਜੀ ਇਸ ਵੇਲੇ ਬਾਹਰ ਸਮਾਗਮ ਵਿਚ ਜਾ ਬੈਠੇ ਸਨ। ਥੋੜੇ ਚਿਰ ਵਿਚ ਹੀ ਆਪ ਜੀ ਨੇ ਖਜ਼ਾਨਚੀ ਨੂੰ ਸੱਦਿਆ ਤੇ ਕਿਹਾ ਕਿ ਜਾਓ ਰੌਸ਼ਨ ਸਿੰਘ ਨੂੰ ਸਾਬਣ ਦਹੀਂ ਦੇਕੇ ਆਪ ਨਾਲ ਹੋਕੇ ਕੇਸਾਂ ਸਣੇ ਸ਼ਨਾਨ ਕਰਾ ਦਿਓ ਤੇ ਨਵੇਂ ਕੱਪੜੇ ਪੁਆਕੇ ਘਰ ਜਾਣੇ ਦੀ ਛੁੱਟੀ ਦੇ ਦਿਓ। ਜਦ ਐਸਾ ਕੀਤਾ ਗਿਆ ਤਾਂ ਸਾਰੇ ਅੱਖਰ ਪੱਟ ਤੇ ਲਿਖੇ ਹੋਏ ਮਿਟ ਗਏ। ਰੌਸ਼ਨ ਸਿੰਘ ਸਿਰ ਧੁਨਦਾ ਤੇ ਪਛੁਤਾਂਦਾ ਨ੍ਹਾ ਧੋਕੇ, ਚੋਰੀ ਦੇ ਨਿਸ਼ਾਨਾਂ ਤੋਂ ਬੀ ਧੋਤਾ ਜਾਕੇ ਘਰ ਗਿਆ। ਕੁਛ ਦਿਨ ਪਾਕੇ ਗੁਰੂ ਜੀ ਨੇ ਇਕ ਦਿਨ ਇਕੱਲੇ ਨੂੰ ਹੱਸਕੇ ਕਿਹਾ 'ਸੁਣਾ ਬਈ ਰੌਸ਼ਨ ਸਿੰਘ! ਰੌਸ਼ਨੀ ਕਿ ਰੁਸ਼ਨਾਈ* ? ਚਾਨਣਾ ਕਿ ਸ਼ਾਹੀ?' ਸ਼ਰਮਿੰਦਾ ਹੋਕੇ ਚਰਨੀ ਪੈ

---

੧. ਗੁਰੂ ਰਾਮਦਾਸ ਦੇ ਪੂਤ ਜਿਨ੍ਹਾਂ ਦਾ ਬਲ ਵਾਲਾ ਨਾਮ ਹੈ 'ਅਰਜਨ' (ਸੁਰਲੋਕ ਦੇ) ਇੰਦਰ ਵਾਙੂ ਜੋ ਜਗਤ ਦੇ ਇੰਦਰ ਹਨ, ਜਿਨ੍ਹਾਂ ਨੇ ਉਜਲ ਜਸ ਜਗਤ ਵਿਚ ਲੀਤਾ।

੨. ਗੁਰੂ ਅਰਜਨ ਦੇਵ ਜੀ ਦੇ ਸਪੁਤ੍ਰ।

੩. ਜਿਸ ਨੇ ਧੱਕਾ ਕਰਨ ਵਾਲੇ (ਇਨਸਾਨ ਦੇ ਇਨਸਾਨੀ) ਵੈਰੀਆਂ ਤੋਂ ਲੈਕੇ (ਪਸ਼ੂ ਵੈਰੀ) ਪ੍ਰਬਲ ਸ਼ੇਰਾਂ ਤਕ ਸਭ ਨੂੰ ਮਾਰਿਆ। ੪. ਭਾਵ ਸਰੀਰ ਤਿਆਗ ਗਏ। ੫. ਸਪੁਤ੍ਰ। ੬. ਤ੍ਰਿਸ਼ਨਾਂ ਤੋਂ ਰਹਿਤ। ੭.ਯੋਗ, ਲਾਇ। ੮. ਭਗਤ ਰੂਪੀ ਅੰਮ੍ਰਤ (ਜਿਨ੍ਹਾਂ ਨੇ) ਸਿੰਚਨ ਕੀਤਾ ਹੈ। ੯.ਕਵੀਆਂ, ਕੁਮੁਦਨੀਆਂ। ੧੦. ਸੰਸਾਰ ਸਾਗਰ ਦੇ। ੧੧. ਗੁਰੂ ਤੇਗ ਬਹਾਦਰ ਜੀ ਦੇ ਸੁਪੁਤ੍ਰ। ੧੨. ਭਾਵ ਕਵੀ ਦਾ ਘਰ ਬਰੀ ਪਿੰਡ ਵਿਚ ਹੈ।

*ਰੁਸ਼ਨਾਈ ਨਾਮ ਸਜਾਹੀ ਦਾ ਵੀ ਹੈ।

ਗਿਆ, 'ਪਾਤਸ਼ਾਹ! ਤੇਰੀ ਅੰਤਰਯਾਮਤਾ ਦੇ ਸਦਕੇ ਤੇ ਵਧੀਕ ਸਦਕੇ ਤੇਰੀ ਪੜਦੇ ਕੱਜ ਗ੍ਰੀਬ ਨਿਵਾਜਤਾ ਦੇ, ਮੈਂ ਤਾਂ ਚਾਨਣੇ ਤੋਂ ਸਿਆਹੀ ਬਣਨ ਦੀ ਕਰਤੂਤ ਕੀਤੀ ਪਰ ਹੇ ਦਾਤਾ ਤੂੰ ਧੋ ਦਿੱਤੀ ਸਿਆਹੀ, ਉੱਜਲ ਕਰ ਦਿੱਤਾ ਸਰੀਰ ਬੀ ਤੇ ਮਨ ਬੀ। ਨਾਲ ਮੇਰਾ ਪਰਦਾ ਬੀ ਬਣਿਆ ਰਿਹਾ, ਜਿਸ ਆਪਦੇ ਪਰਦੇ ਢੱਕ ਬਿਰਦ ਦੇ ਸਦਕੇ ਮੇਰਾ ਜਨਮ ਸੰਵਰ ਗਿਆ। ਮਿਹਰ ਕਰ ਹੁਣ ਕਦੇ ਪਹੇਮਾਨਗੀ ਨਾ ਹੋਵੇ। ਤੀਜੀ ਇਹ ਮਿਹਰ ਕੇਡੀ ਹੈ ਕਿ ਪੜਦੇ ਬੀ ਢਕੇ ਤੇ ਫੇਰ ਹਜ਼ੂਰੀ ਵਿਚੋਂ ਧੱਕੇ ਬੀ ਨਹੀਂ ਦਿਤੇ, ਮੇਰੇ ਕੰਮ ਤੇ ਲਾਈ ਰਖਿਆ ਮੈਨੂੰ। ਪੈਜ ਰੱਖ ਲਈ।'

ਇਸ ਲੇਖਕ ਨੇ ਕਵਿਤਾ ਬੀ ਕੀਤੀ ਸੀ, ਲਿਖਾਰੀ ਤੇ ਕਵੀ ਦੁਇ ਸੀ, ਪਰ ਸ਼ੋਕ ਹੈ ਇਸਦੀ ਕਵਿਤਾ ਅਜੇ ਮਿਲੀ ਨਹੀਂ।

੧੮. ਹੀਰ ਕਵਿ।

ਇਹ ਚੰਗਾ ਚਮਤਕਾਰੀ ਕਵੀ ਹੋਇਆ ਹੈ। ਇਸਦੀ ਰਚਨਾ ਤੋਂ ਪਤਾ ਲਗਦਾ ਹੈ ਕਿ ਇਹ ਖਾਲਸਾ ਸਾਜਣ ਤੋਂ ਬਾਦ ਅਨੰਦਪੁਰ ਹਾਜ਼ਰ ਸੀ ਤੇ ਇਸ ਨੇ ਕਈ ਜੁੱਧ ਗੁਰੂ ਸਾਹਿਬਾਂ ਦੇ ਦੇਖੇ ਸਨ ਤੇ ਅਪਣੇ ਦੇਖੇ ਸਮਿਆਂ ਨੂੰ ਅਲੰਕਾਰੀ ਰਚਨਾ ਵਿਚ ਰਚਦਾ ਰਿਹਾ ਹੈ। ਗੁਰੂ ਚਰਨਾਂ ਵਿਚ ਹਾਜ਼ਰ ਹੋਣ ਦੀ ਇਸਦੀ ਕਥਾ ਮਨੋਹਰ ਹੈ। ਗੁਰੂ ਕਾ ਦਰ-ਬਾਰ ਲਗ ਰਿਹਾ ਸੀ, ਸਾਰੇ ਕਵਿ ਹਾਜ਼ਰ ਸਨ ਤੇ ਬੀਰਰਸੀ ਕਵਿਤਾ ਦੇ ਛੰਦ ਕਹੇ ਜਾ ਰਹੇ ਸਨ ਤਦ ਹੀਰ ਕਵਿ ਭੀ ਹਾਜ਼ਰ ਆ ਹੋਇਆ। ਉਸਨੂੰ ਪਤਾ ਲਗ ਗਿਆ ਸੀ ਕਿ ਬੀਰਰਸੀ ਕਵਿਤਾ ਤੇ ਆਪ ਬਹੁਤ ਪ੍ਰਸੰਨ ਹੁੰਦੇ ਹਨ। ਸੋ ਉਹ ਉਠ ਕੇ ਹੱਥਾ ਬਾਹਾਂ ਅੱਖਾਂ ਆਦਿ ਨਾਲ ਐਉਂ ਨਾਟ ਕਰਨ ਲਗ ਗਿਆ ਜਿਵੇਂ ਕਿਸੇ ਵੈਰੀ ਨਾਲ ਘੁਲ ਰਿਹਾ ਹੈ ਤੇ ਉਸ ਨੂੰ ਪ੍ਰਾਜੈ ਕਰਨ ਦੇ ਜਤਨ ਵਿਚ ਹੈ। ਸਾਰੀ ਸਭਾ ਹੱਸ ਪਈ ਤੇ ਗੁਰੂ ਜੀ ਨੇ ਕਿਹਾ ਕਵੀਸ਼ਰ ਜੀ ਕੀਹ ਕਰ ਰਹੇ ਹੋ? ਹੀਰ ਮਹਾਰਾਜ ਵਲ ਹਥ ਜੋੜਕੇ

ਬੋਲਿਓ--ਏਕ ਬੀਰ ਬਲਵਾਨ।
ਦੇਤ ਪਢਨ ਨਹਿ ਕ੍ਰਿਪਾ ਨਿਧਾਨ!
ਤਾ ਸਨ ਲਰ ਲਰ ਕਬਿਤ ਸੁਝੈ ਹੌਂ।
ਮਹਾਰਾਜ ਸੁਖ ਖਾਨ ਰਿਝੈ ਹੌਂ।

ਤਦ ਹੁਕਮ ਹੋਇਆ ਉਹ ਕਬਿੱਤ ਸੁਣਾਓ, ਤਦ ਹੀਰ ਨੇ ਉਸੇ ਤਰ੍ਹਾਂ ਨਾਟ ਕਰ ਕਰ ਕੇ ਦੋ ਕਬਿੱਤ ਸੁਣਾਏ, ਉਹ ਕਬਿੱਤ ਏਹ ਹਨ:-

(ਹੀਰ ਗੁਰੂ ਜੀ ਵਲ ਮੁਖਾਤਬ ਹੋਕੇ ਫਰਿਯਾਦੀ ਵਾਙੂ ਬੋਲਿਆ)-

ਪਾਸ ਠਾਢੋ ਝਗਰਤ, ਝੁਕਤ ਦਰੇਰੈ ਮੋਹਿ,
ਬਾਤ ਨ ਕਰਨ ਪਾਊਂ ਮਹਾਂ ਬਲੀ ਬੀਰ ਸੋਂ!
ਐਸੇ ਅਰਿ ਬਿਕਟ ਨਿਕਟ ਬਸੈ ਨਿਸ ਦਿਨ,
ਨਿਪਟ ਨਿਸੰਕ ਸਠ ਘੇਰੈ ਫੇਰ ਭੀਰ ਸੋਂ।

(ਅਪਣੇ ਖਜਾਲੀ ਵੈਰੀ ਵਲ ਰੁਖ ਕਰਕੇ)-

'ਦਰਿਦ ਕਪੂਤ'! ਤੇਰੋ ਮਰਨ ਬਨਜੋ ਹੈ ਆਜ,
ਕਰਕੇ ਸਲਾਮ ਵਿਦਾ ਹੂਜੈ ਕਵਿ 'ਹੀਰ' ਸੋਂ!
ਨਾਤੁਰ ਗੋਬਿੰਦ ਸਿੰਘ ਵਿਕਲ ਕਰੈਂਗੇ ਤੋਹਿ,
ਟੂਕ ਟੂਕ ਹ੍ਵੈ ਗਾਢੇ ਦਾਨਨ ਕੇ ਤੀਰ ਸੋਂ।

ਅਰਥ-੧. (ਹੇ ਗੁਰੂ ਜੀ! ਇਸ ਵੇਲੇ ਬੀ 'ਦਰਿਦ੍ਰ'*) ਮੇਰੇ ਪਾਸ ਖੜਾ ਹੈ, ਝਗੜਦਾ ਹੈ, ਝੁਕ ਝੁਕ ਕੇ ਦਰੇੜਾਂ ਦੇਂਦਾ ਹੈ ਮੈਨੂੰ, ਐਨਾ ਕਿ ਮਹਾਂ ਬਲੀ ਬੀਰ (ਸ੍ਰੀ ਹਜ਼ੂਰ ਨਾਲ) ਗਲ ਬੀ ਨਹੀਂ ਕਰਨ ਦੇਂਦਾ। ੨. (ਉਥੇ) ਐਸਾ ਕਰੜਾ ਵੈਰੀ ਨਿਸਦਿਨ ਮੇਰੇ ਪਾਸ ਵਸਦਾ ਹੈ, ਇਹ ਦੁਸ਼ਟ ਬੜਾ ਬੇਸ਼ਰਮ ਹੈ, (ਦੇਖੋ ਹੁਣ) ਫੇਰ (ਮੈਨੂੰ) ਡਰਾ ਡਰਾ ਕੇ ਘੇਰ ਰਿਹਾ ਹੈ। ੩. ਹੇ ਕਪੁਤਰ ਦਰਿਦ੍ਰ! ਅਜ ਤੇਰਾ ਮਰਨ ਆ ਬਣਿਆ ਹੈ, (ਚੰਗੀ ਗੱਲ ਹੈ ਕਿ) ਸਲਾਮ ਕਰਕੇ ਹੀਰ ਕਵੀ ਪਾਸੋਂ ਵਿਦਾ ਹੋ ਜਾਹ। ੪. ਨਹੀਂ ਤਾਂ ਗੁਰੂ ਗੋਬਿੰਦ ਸਿੰਘ ਜੀ (ਹੁਣੇ) ਤੈਨੂੰ ਵਜਾਕੁਲ ਕਰ ਦੇਣਗੇ, (ਖਬਰਦਾਰ ਰਹੁ) ਤੂੰ ਉਨ੍ਹਾਂ ਦੇ ਭਾਰੀ ਦਾਨ ਦੇ ਤੀਰਾਂ ਨਾਲ ਟੁਕੜੇ ਟੁਕੜੇ ਹੋ ਜਾਏਂਗਾ।

(ਫੇਰ ਗੁਰੂ ਜੀ ਵਲ ਬਿਨੈ ਦੇ ਰੰਗ ਵਿਚ)-

ਜੈਸੇ ਪ੍ਰਹਲਾਦ ਸੁਰਪਤਿ ਕੀਨੋ ਪਤਿ ਦੈ ਕੈ,
ਯਾਹੂ ਪਤਿਕਾਜੈ ਨੈਕ ਚਿਤ ਦੈ ਸਮਾਰੀਏ।
ਜੈਸੇ ਬਲ ਬਾਧਜੋ ਧਰ ਬਾਵਨ ਸਰੂਪ 'ਹੀਰ',
ਟੂਕ ਟੂਕ ਕਰੋ ਚਾਢ ਆਂਖਿਨ ਪਛਾਰੀਏ।
ਛਾਡਤ ਨ ਸੰਗ ਜੁਰਯੋ ਰਹੈ ਆਠੋ ਜਾਮ ਮੇਰੇ,
ਤੇਰੇ ਦਾਨ ਨਾਮ ਤੇ ਪਰੇਤ ਮੇਰੇ ਝਾਰੀਏ।

---

*ਕੰਗਾਲਪਣਾ।

ਏਕੇ ਗੁਰੂ ਗੋਬਿੰਦ, ਗਰੁਰ ਜਾਂਕੋ ਬਾਹਨ ਹੈ*,
ਜੈਸੇ ਮੁਰ ਮਾਰਜੋ ਤੈਸੇ ਮੇਰੋ ਅਰਿ ਮਾਰੀਏ।

ਅਰਥ-੧. ਜਿਸ ਤਰ੍ਹਾਂ ਆਪ ਨੇ (ਜੋ ਕਦੇ ਨਰਸਿੰਘ ਅਵਤਾਰ ਸੇ) ਪ੍ਰਹਲਾਦ ਨੂੰ ਇਜ਼ਤ ਦੇਕੇ ਦੇਵਤਿਆਂ ਦਾ ਰਾਜਾ ਬਣਾ ਦਿਤਾ ਸੀ, ਇਸ ਪਤਿ (ਦੇਣ) ਦੇ ਕੰਮ ਨੂੰ ਚੰਗੀ ਤਰ੍ਹਾਂ ਚਿੱਤ ਦੇ ਕੇ ਯਾਦ ਕਰੋ। ੨. ਜਿਸ ਤਰ੍ਹਾਂ ਤੁਸਾਂ ਬਾਵਨ ਰੂਪ ਧਾਰਕੇ ਬਲ ਦੈਂਤ ਨੂੰ ਬੰਨ੍ਹ ਲਿਆ ਸੀ ਉਸੇ ਤਰ੍ਹਾਂ (ਇਸ ਮੇਰੇ ਦੈਂਤ ਦਰਿਦ੍ਰ ਨੂੰ) ਅੱਖਾਂ ਚੜ੍ਹਾਕੇ ਹੀ ਪਛਾੜ ਕੇ ਟੋਟੇ ਟੋਟੇ ਕਰ ਸਿੱਟੋ। {ਇਸ ਤੁਕ ਵਿਚ ਲੱਛਣਾਂ ਦੁਆਰਾ ਬਾਵਨ ਸਰੂਪ ਤੋਂ ਭਾਵ ਇਹ ਹੈ ਕਿ ਜਿਵੇਂ ਬਲ ਨੂੰ ਦਮਨ ਕਰਨ ਵੇਲੇ ਵੈਰਾਟ ਰੂਪ ਧਾਰਕੇ ਦੋ ਕਦਮਾਂ ਵਿਚ ਧਰਤੀ ਤੇ ਅਕਾਸ਼ ਮਿਣ ਲਿਆ ਤੇ ਤੀਜਾ ਕਦਮ ਚੁੱਕ ਕੇ ਬਲ ਦਾ ਸਰੀਰ ਲੈ ਲਿਆ ਸੀ, ਓਥੇ ਤਾਂ ਬਾਮਨ ਨੂੰ ਦਲਨ ਵੇਲੇ ਲੱਤ ਚਾੜ੍ਹਨੀ ਪਈ ਸੀ, ਏਥੇ ਅੱਖਾਂ ਹੀ ਚਾੜ੍ਹਕੇ ਦੈਂਤ ਨੂੰ ਮਾਰ ਦਿਓ}। ੩. ਮੇਰਾ ਇਹ ਸੰਗ ਨਹੀਂ ਛੱਡਦਾ, ਅੱਠੇ ਪਹਿਰ ਮੇਰੇ ਨਾਲ ਜੁੜਿਆ ਰਹਿੰਦਾ ਹੈ, ਆਪਣੇ ਦਾਨ ਰੂਪੀ ਮੰਤ੍ਰ (ਝਾੜੇ) ਨਾਲ ਮੇਰੇ (ਮਗਰ ਪਏ ਇਸ) ਪ੍ਰੇਤ ਨੂੰ ਝਾੜ ਦਿਓ। ੪. ਗੁਰੂ ਗੋਬਿੰਦ ਸਿੰਘ ਤੇ ਵਿਸ਼ਨੂੰ ਇਕੋ ਹੀ ਹੋ ਜਿਸ ਤਰ੍ਹਾਂ (ਵਿਸ਼ਨੂੰ ਰੂਪ ਵਿਚ) ਮੁਰ ਨਾਮੇ ਰਾਖਸ਼ ਨੂੰ ਮਾਰਿਆ ਸੀ, ਉਸੇ ਤਰ੍ਹਾਂ ਮੇਰੇ ਵੈਰੀ ਦਰਿੱਦ੍ਰ ਨੂੰ ਬੀ ਮਾਰ ਦਿਓ।

ਇਨ੍ਹਾਂ ਕਬਿੱਤਾਂ ਨੂੰ ਸੁਣਕੇ ਗੁਰੂ ਜੀ ਸਮੇਤ ਸਾਰੀ ਸਭਾ ਅਤਿ ਪ੍ਰਸੰਨ ਹੋਈ। ਗੁਰੂ ਜੀ ਵਲੋਂ ਉਸੇ ਵੇਲੇ ਉਸਨੂੰ ਬਹੁਤ ਦਾਨ ਤੇ ਸਨਮਾਨ ਮਿਲਿਆ ਤੇ ਕਵੀਆਂ ਵਿਚ ਰੁਜ਼ੀਨਾ ਲਾਕੇ ਰੱਖ ਲੀਤਾ ਗਿਆ।

ਯਥਾ:-ਸੁਨੰ ਸਾਚੇ ਸਤਿਗੁਰ ਅਬਿਨਾਸ਼ੀ।
ਦੀਨੋ ਧਨ ਅਨਗਨ ਗੁਨ ਰਾਸੀ।
ਕਵਿ ਜਨ ਮੱਧ ਰੋਜ਼ ਕਰ ਦੀਓ।
ਦਾਰਿਦ ਦੁਰਦ ਦਮਨ ਸੁਖ ਕੀਓ।
{ਬਾ: ਸ: ਸਿੰ:}

ਹੀਰ ਦੀ ਕਵਿਤਾ ਜਿੰਨੀ ਲੱਭ ਚੁਕੀ ਹੈ ਉਸ ਤੋਂ ਅਨੁਮਾਨ ਹੁੰਦਾ ਹੈ ਕਿ ਇਹ ਜੁੱਧਾਂ ਜੰਗਾਂ ਦੇ ਘੋਰ ਸੰਗ੍ਰਾਮਾਂ ਵੇਲੇ ਆਇਆ ਹੈ। ਇਸਨੇ ਅਪਣੇ ਦੇਖੇ ਸੰਗ੍ਰਾਮਾਂ ਦੇ ਅਪਣੇ ਕਾਵਜ ਵਿਚ ਕਈ ਅਲੰਕਾਰ ਵਰਤਕੇ ਬੀਰ ਤੇ ਰੌਦ੍ਰ ਰਸ ਦੇ ਨਕਸ਼ੇ ਬੱਧੇ ਹਨ। ਤਰਜ਼ ਕੁਛ ਉਸੇ ਤਰ੍ਹਾਂ ਦੀ ਹੈ ਜਿਵੇਂ ਕਵੀ ਭੂਸ਼ਣ ਦੀ ਸ਼ਿਵਾ ਬਾਵਨੀ ਵਿਚ ਹੈ। ਇਸਦੇ ਇਨ੍ਹਾਂ ਛੰਦਾਂ ਦੀ ਸੁਰਖੀ ਹੈ-'ਅੰਤਕ ਸਮਰ ਬੀਰ ਕੇ ਕਬਿੱਤ' ਅਰਥਾਤ ਭਜਾਨਕ ਜੰਗਾਂ ਦੀ ਬੀਰਤਾ ਦੇ ਕਬਿੱਤ। ਇਹ ਕਵੀ ਆਪ ਚੰਗੀ ਬੀਰ ਰਸੀ ਤਬੀਅਤ ਦਾ ਜਾਪਦਾ ਹੈ ਤੇ ਅਪਣੇ ਵਰਣਨ ਵਿਚ ਕਮਾਲ ਕਰ ਜਾਂਦਾ ਹੈ। ਹੋ ਸਕਦਾ ਹੈ ਇਹ ਸਿੰਘ ਹੋਵੇ ਤੇ ਇਸ ਨੇ ਅਨੰਦਪੁਰ ਠਹਿਰਕੇ ਅਖੀਰਲੇ ਜੰਗ ਦੇ ਬੀ ਕਈ ਨਜ਼ਾਰੇ ਤੱਕੇ ਹੋਣ। ਕਵਿਤਾ ਦੇ ਨਮੂਨੇ ਏਹ ਹਨ:-

ੳ. {ਨਗਾਰਿਆਂ ਦੀ ਚੋਟ}

ਕਲ ਨਹਿੰ ਪਰਤ ਬਿਕਲ ਦੇਸ ਬੰਗਸ ਕੋ,
ਪਲਕ ਨ ਲਾਗੈ ਪਲ ਰੂਮ* ਸਾਮਨੀ।
ਗੋਲਕੰਡ ਕੰਪਤਿ ਨਗਾਰਨਿ ਕੀ ਧੁਨਿ ਸੁਨਿ,
ਬੀਜਾਪੁਰ ਬੰਦਰ ਬਸਤ ਬਨ ਜਾਮਨੀ।
ਆਸਮਾਨ ਦਹਲ, ਹਹਲ ਗਿਰਜੋ ਲੰਕ 'ਹੀਰ'!
ਦਰੀ ਮੈਂ ਦਬਤ ਫਿਰੈ ਦਸਨ ਜਿਉਂ ਦਾਮਨੀ।
ਤੇਰੇ ਡਰ ਗੋਬਿੰਦ ਮ੍ਰਿਗਿੰਦ ਗੁਰੂ ਅਰਿਨਿ ਕੀ,
ਟੋਲਾ ਟੋਲ ਜਾਇ ਸੋ ਖਟੋਲਾ ਮਾਂਗੈ ਭਾਮਿਨੀ।

ਅਰਥ-੧. ੨. (ਹੇ ਗੁਰੂ ਜੀ! ਤੇਰੇ) ਨਗਾਰਿਆਂ ਦੀ ਧੁਨੀ ਸੁਣਕੇ (ਬੰਗਸ=) ਕੁਰਮ ਤੇ ਕੋਹਾਟ (ਦੇ ਪਠਾਣ ਲੋਕ) ਵਜਾਕੁਲ ਹੈਨ, ਚੈਨ ਨਹੀਂ ਨੇ ਪੈਂਦਾ? ਰੂਮ ਸ਼ਾਮ* ਦੇ ਸ਼ਾਮੀਆਂ (ਲੋਕਾਂ) ਦੀ ਪਲ ਭਰ ਅੱਖ ਨਹੀਂ ਲਗਦੀ। ਗੋਲਕੰਡਾ[1] ਕੰਬਦਾ ਹੈ ਤੇ ਬੀਜਾ

---

*ਗਰੁਰ ਜਾਂਕੋ ਬਾਹਨ ਹੈ, ਇਸ ਸਾਰੇ ਵਾਕ ਦਾ ਅਰਥ ਹੈ: ਵਿਸ਼ਨੂੰ। 'ਗਰੁੜ ਗਾਮੀ' ਵਿਸ਼ਨੂੰ ਦਾ ਨਾਮ ਹੈ।

*ਸ਼ਾਮ ਦੇਸ=ਸਿਰੀਆ, ਜਿਸਦਾ ਪ੍ਰਸਿਧ ਨਗਰ ਦਮਿਸ਼ਕ ਹੈ। ਨੂਹ ਦੇ ਪੁਤ੍ਰ 'ਸ਼ਾਮ' ਦੇ ਨਾਮ ਤੇ ਦੇਸ਼ ਦਾ ਨਾਮ ਹੈ। ੧. ਗੋਲਕੰਡਾ, ਦਖਣ ਵਿਚ ਮੁਸਲਿਮ ਸਲਤਨਤ ਦੀ ਰਾਜਧਾਨੀ ਸੀ, ਹੁਣ ਨਿਜ਼ਾਮ ਹੈਦਰਾਬਾਦ ਦੇ ਰਾਜ ਵਿਚ ਹੈ। ਮੁਸਲਮਾਨੀ ਰਾਜ ਬਾਹਮਣੀ ਦੇ ਟੁੱਟਣ ਤੇ ਤ੍ਰੈ ਮੁਸਲਿਮ ਰਾਜਧਾਨੀਆਂ ਬਣੀਆਂ ਸਨ, ਗੋਲਕੰਡਾ, ਬੀਜਾਪੁਰ ਤੇ ਅਹਿਮਦ ਨਗਰ।

ਪੁਰ ਅਤੇ ਬੰਦਰਗਾਹਾਂ (ਬੰਬਈ, ਰਤਨਾਗਿਰੀ ਆਦਿ ਦੇ ਵਸਨੀਕ) ਲੋਕ ਐਉਂ ਰਹਿੰਦੇ ਹਨ ਜਿਵੇਂ ਰਾਤ ਨੂੰ ਬਨ ਵਿਚ ਰਹੀਦਾ ਹੈ (ਭਾਵ ਡਰਦੇ ਰਹਿੰਦੇ ਹਨ)। ੩. ਆਸਮਾਨ ਦਹਲਦਾ ਹੈ, ਲੰਕਾ ਡਰ ਖਾ ਕੇ ਡਿਗਦੀ ਹੈ, ਹੇ ਹੀਰ! ਬਿਜਲੀ ਐਉਂ ਦਬਕਦੀ ਫਿਰਦੀ ਹੈ ਜਿਵੇਂ ਦੰਦਾਂ ਦੀ ਦੁਤੀ ਮੂੰਹ ਰੂਪੀ ਕੰਦਰਾ ਵਿਚ ਛਿਪਦੀ ਹੈ। ੪. ਹੇ ਗੁਰੂ ਗੋਬਿੰਦ ਸਿੰਘ ਜੀ ਤੇਰਾ ਦਬਦਬਾ ਐਸਾ ਛਾਇਆ ਹੈ (ਕਿ ਦੂਰ ਦੂਰ ਦੇਸ਼ ਦੇ ਤੇ ਤੇਰੇ ਵੈਰੀਆਂ ਦੀਆਂ) ਇਸਤ੍ਰੀਆਂ ਦੀਆਂ ਟੋਲੀਆਂ (ਭੁੱਜਦੀਆਂ ਥੱਕ ਟੁੱਟਕੇ ਹੁਣ) ਮੰਜੇ ਮੰਗਦੀਆਂ ਫਿਰਦੀਆਂ ਹਨ।

ਅ. {ਫੌਜਾਂ ਦੀ ਤਿਆਰੀ ਤੋਂ ਭੈ}

ਭਭਰਜੋ ਭਭੀਖਨ ਭਵਨ ਤਜਿ ਭਟਕਤ
ਢਹੇ ਪੋਰ ਲੰਕ ਕੀ ਨਿਸ਼ਾਨਨ ਕੇ ਬਾਜੇ ਤੇ।
ਪਾਪਰ ਸੇ ਫੂਟਤ ਧਰਾਧਰ ਸੁ ਚੂਰ ਹੋਤ,
ਸਿੰਧੁ ਅਕੁਲਾਤ ਗਜਰਾਜਨ ਕੇ ਗਾਜੇ ਤੇ।
ਬਰਨਤ 'ਹੀਰ' ਗੁਰੂ ਗੋਬਿੰਦ ਤਿਹਾਰੇ ਤ੍ਰਾਸ
ਦਬਤ ਫਿਰਤਿ ਅਰਿ ਕੰਦਰਾਂਨ ਭਾਜੇ ਤੇ।
ਚੂਰ ਹੋਤ ਕਮਠ, ਦਰਾਰੇ ਦਾਢ ਅਟਕਤ,
ਫਟੇ ਫਨ ਸਹਸ ਪ੍ਰਬਲ ਦਲ ਸਾਜੇ ਤੇ।

ਅਰਥ-੧. (ਗੁਰੂ ਜੀ ਦੇ) ਨਗਾਰਿਆਂ ਦੇ ਵੱਜ ਪਿਆਂ ਬਭੀਖਨ ਭੈ ਖਾ ਕੇ ਘਰ ਛੱਡ ਦੌੜਦਾ ਭੱਜਦਾ ਲੰਕਾ ਦੇ ਦਰਵਾਜ਼ੇ ਤੇ ਡਿੱਗ ਪੈਂਦਾ ਹੈ। ੨. (ਗੁਰੂ ਜੀ ਦੇ) ਹਾਥੀਆਂ ਦੇ ਗੱਜਨ ਨਾਲ ਪਹਾੜ ਪਾਪੜ ਵਾਙੂ ਫੁਟਦੇ ਤੇ ਚੂਰ ਹੁੰਦੇ ਹਨ ਤੇ ਸਮੁੰਦਰ ਤੂਫਾਨ ਵਿਚ ਆ ਜਾਂਦੇ ਹਨ। ੩. ਵਰਣਨ ਕਰਦਾ ਹੈ ਹੀਰ ਹੇ ਗੁਰੂ ਗੋਬਿੰਦ ਸਿੰਘ! ਆਪ ਦੇ ਭੈ ਕਰਕੇ ਵੈਰੀ ਨੱਠੇ ਹੋਏ ਕੰਦਰਾਂ ਵਿਚ ਲੁਕਦੇ ਫਿਰਦੇ ਹਨ। ੪. ਜਦੋਂ ਤੁਸੀਂ ਬਲੀ ਫੌਜਾਂ ਨੂੰ ਤਜਾਰ ਬਰ ਤਜਾਰ ਕਰਦੇ ਹੋ ਤਾਂ (ਧਰਤੀ ਹੇਠਲਾ) ਕਛੂ (ਭੈ ਨਾਲ) ਚੂਰ ਹੁੰਦਾ ਹੈ, (ਕੰਬਦੇ ਸੂਰ ਦੀ) ਹੁਡ ਦਰਾੜਾਂ ਵਿਚ ਫਸਦੀ ਹੈ ਤੇ ਸ਼ੇਸ਼ਨਾਗ ਦੇ ਫਨ ਫਟਦੇ ਹਨ।

ੲ. {ਰਣ ਭੂਮੀ}

ਤੇਰੇ ਮਾਰੇ ਖਲ ਦਲ ਘੂੰਮਤ ਘੁਸਤ ਮਹਿ,
ਛਾਤੀ ਛੋਰ ਜੋਰ ਸੋ ਸਹੇਂ ਬਨ ਕੀ ਚਭਕੈ*।
ਕਹੂੰ ਲੋਥ ਚੋਂਚ ਸੇ ਸਮੇਟ ਡਾਰੇ ਗੀਧ ਗਨ,
ਖੇਲਤ ਧਿਡਾਨੋ ਧਿੰਗਜ ਮੁਖ ਕੀ ਹਭਕੈ[1]।
ਸ੍ਰੀ ਗੋਬਿੰਦ ਸਿੰਘ ਰਨ ਭੂਮ ਕੋ ਮਚੱਯਾ 'ਹੀਰ',
ਲੋਹੂ ਕੀ ਲਲਕ ਘਾਟ ਘਾਟਨ[2] ਕੀ ਡਬਕੈਂ।
ਭੋਰੈ[3] ਫਿਰੈ ਭੂਤ ਲੈ, ਭਭੀਖ ਨਾਚੈ ਦ੍ਵਾਰਪਾਲ[4],
ਭਭਕ ਭਭਕ ਬੋਲੈਂ ਘਾਇਨ ਕੀ ਭਭਕੈਂ।

ਅਰਥ-੩. ਹੇ 'ਹੀਰ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਚੀ ਰਣਭੂਮੀ ਵਿਚ (ਜਦ) ਆਉਂਦੇ ਹਨ, ਭਾਵ ਜਦੋਂ ਜੁੱਧ ਵਿਚ ਰੁੱਝਦੇ ਹਨ ਤਾਂ ਤਲਵਾਰਾਂ ਦੀਆਂ ਧਾਰਾਂ ਲਹੂ ਦੇ ਲਾਲਚ ਵਿਚ ਗਰਦਨਾਂ ਤੇ ਐਉਂ ਪੈਂਦੀਆਂ ਹਨ ਜਿਵੇਂ (ਲੋਕੀ) ਨਦੀ ਦੇ ਘਾਟਾਂ ਤੇ ਡੁਬਕੀਆਂ ਲੈਂਦੇ ਹਨ। ੧. ਤੇਰੇ (ਡਰ ਦੇ) ਮਾਰੇ ਹੋਏ ਦੁਸ਼ਟਾਂ ਦੇ ਦਲ ਛਾਤੀ ਦਾ ਜ਼ੋਰ ਛਡਕੇ (ਨੱਠ ਜਾਂਦੇ) ਜੰਗਲਾਂ ਵਿਚ ਘੁੰਮਦੇ, ਧਰਤੀ ਵਿਚ ਧਸਦੇ, (ਖੁੜੱਲਾਂ ਵਿਚ ਲੁਕਦੇ) ਬਨ (ਦਿਆਂ ਕੰਡਿਆਂ) ਦੀਆਂ ਚੋਭਾਂ ਸਹਾ-ਰਦੇ ਹਨ। ੨. (ਪਈਆਂ) ਲੋਥਾਂ ਨੂੰ ਗਿਰਝਾਂ ਦੇ ਸਮੂਹ ਚੁੰਝਾਂ ਨਾਲ ਸਮੇਟ ਲੈਂਦੇ ਹਨ (ਭਾਵ ਖਾ ਜਾਂਦੇ ਹਨ ਤੇ) ਫੇਰ ਮੂੰਹ ਨੂੰ ਐਵੇਂ ਖੁਹਲ ਖੁਹਲ ਕੇ (ਖਾਣ ਨੂੰ) ਤਾਂਘਦੀਆਂ ਧਿੰਗਾਜ਼ੋਰੀ ਕਰਦੀਆਂ ਖੇਲਦੀਆਂ ਹਨ। ੪. ਭੂਤਾਂ ਨੂੰ ਨਾਲ ਲੈ ਕੇ ਸ਼ਿਵ ਫਿਰ ਰਿਹਾ ਹੈ, ਦੁਆਰਪਾਲ ਭਿਆਨਕ ਨਾਚ ਨੱਚ ਰਹੇ ਹਨ ਤੇ ਜ਼ਖਮੀਆਂ ਦੇ ਜ਼ਖਮਾਂ ਚੋਂ ਲਹੂ ਨਿਕਲਣ ਦੀਆਂ ਆਵਾਜ਼ਾਂ ਭਭਕ ਭਭਕ ਕਰਕੇ ਆ ਰਹੀਆਂ ਹਨ।

ਸ. {ਦੁਸ਼ਟ ਮਾਰਕੇ ਨਿਕਲੀ ਤਲਵਾਰ ਦਾ ਰੂਪਕ}

ਨਾਹਰ ਸਮਾਨ ਝੁਕਿ ਝਰਿ ਪਰੇ ਗੁਬਿੰਦ ਸਿੰਘ
ਖਗ ਗਹਿ ਖੰਡ ਕੀਨੀ ਖਲਨ ਕੀ ਖੱਪਰੀ।

*ਚੋਭ ਯਾ ਡੰਗ ਸਹਿਣਾ ਭਾਵ ਦੁਖ ਸਹਾਰਨਾ।

੧. ਮੂੰਹ ਅੱਡ ਕੇ ਖਾਣ ਲਈ ਪੈਣਾ।

੨. ਘਾਟ=ਤਲਵਾਰ ਦੀ ਧਾਰ ਦੀ ਅਣੀ। ਘਾਟਨ=ਘਾਟਿਕਾ=ਗਰਦਨ ਦਾ ਪਿਛਲਾ ਭਾਗ। ਇਹ ਪਦ ਸ਼ਲੇਖ ਹੈ। ਦੂਸਰਾ ਅਰਥ ਹੈ ਨਦੀ ਦਾ ਘਾਟ। ੩. ਭੋਰਾਨਾਥ=ਸ਼ਿਵ। ਸ਼ਿਵਜੀ ਦਾ ਪ੍ਰਸਿੱਧ ਨਾਮ 'ਭੂਤਨਾਥ' ਹੈ।

੪. ਦੁਆਰਪਾਲ=ਤੰਤ੍ਰ ਸ਼ਾਸਤ੍ਰ ਅਨੁਸਾਰ ਕਾਲੀ ਦੁਰਗਾ ਦੇ ਚਾਰ ਦੁਆਰਪਾਲ ਹਨ--ਗਣੇਸ਼, ਖੇਤ੍ਰਪਾਲ, ਵਟਕੇ ਤੇ ਯੋਗਨੀ।

ਹਨੇ ਘਨੇ ਘੋਰ ਘਮਸਾਨ ਕੋ ਘਮੰਡ ਕੀਨੋ
ਘਾਇਨ ਘੁਮਤਿ, ਘਾਇਲਨ ਕੀ ਧਰਾਧਰੀ।
ਰੁਧ੍ਰ ਕੇ ਕੁੰਡ ਤੇ ਨਿਕਸ ਕਾਲੀ ਕੁਲ ਠਾਢੀ,
ਉਪਮਾ ਬਢੀ ਹੈ 'ਹੀਰ' ਅਭਿਮਤਿ ਤੇ ਖਰੀ।
ਦਲ ਦਸਮਾਥ ਰਘੁਨਾਥ ਕੋ ਮਨਾਇ ਮਨ
ਮਾਨੋ ਸੀਅ ਸੌਂਹ ਦੈ ਹੁਤਾਸਨ ਤੇ ਨਿੱਸਰੀ।੧੧।

ਅਰਥ-੧. (ਅਪਨੇ ਉਤੇ ਆ ਪਏ ਹਮਲਾ ਆਵਰ) ਦੁਸ਼ਟਾਂ ਉਤੇ ਸ਼ੇਰ ਵਾਂਙੂ ਝੁਕਕੇ ਤੇ ਝਪਟਕੇ ਪਏ ਗੁਰੂ ਗੋਬਿੰਦ ਸਿੰਘ ਜੀ ਨੇ ਹੱਥ ਫੜੀ ਤਲਵਾਰ ਨਾਲ ਉਨ੍ਹਾਂ ਦੀਆਂ ਖੋਪਰੀਆਂ ਫੋੜੀਆਂ। ੨. ਪੂਰਨ ਸ੍ਵੈ ਭਰੋਸੇ ਨਾਲ ਘੋਰ ਯੁੱਧ ਕਰਕੇ ਘੋਰ ਘੋਰ ਕੇ ਘਣੇ (ਦੁਸ਼ਟ ਤਾਂ) ਮਾਰ ਦਿਤੇ (ਤੇ ਧਰਾਧਰੀ=) ਢੇਰਾਂ ਦੇ ਢੇਰ ਜ਼ਖਮੀਆਂ ਦੇ ਲਗ ਗਏ, (ਫੇਰ ਬੀ ਤਲਵਾਰ ਥਕ ਕੇ) ਚੋਟ ਕਰਨੋਂ ਪਿਛੇ ਨਹੀਂ ਮੁੜਦੀ। ੩. (ਹੁਣ ਮਾਨੋਂ) ਲਹੂ ਦੇ ਕੁੰਡ ਤੋਂ ਤਲਵਾਰ ਨਿਕਲਕੇ ਖੜੋ ਗਈ ਹੈ, ਜਿਸਦੀ ਖਰੀ ਖਰੀ ਉਪਮਾ ਹੀਰ (ਕਵੀ) ਦੀ ਸਰਬ ਓਰ ਤੋਂ ਵਿਚਾਰੀ ਮਤ ਤੋਂ ਐਉਂ ਬਣੀ ਹੈ, ੪. (ਕਿ ਮਾਨੋ) ਸੀਤਾ ਰਾਮ ਨੂੰ ਮਨ ਵਿਚ ਮਨਾਕੇ ਰਾਵਣ ਨੂੰ ਮਾਰਕੇ, ਸਹੁੰ ਦੇਕੇ ਅੱਗ ਤੋਂ ਨਿਕਲੀ ਹੈ।

ਇਸ ਛੰਦ ਵਿਚ ਕਵਿਤਾ ਦੀ ਨਫਾਸਤ ਦਾ ਕਮਾਲ ਤ੍ਰੈ ਪਦਾਂ ਦੇ ਸੰਮੇਲਨ ਵਿਚ ਹੈ, ਗੁਰੂ ਗੋਬਿੰਦ ਸਿੰਘ ਜੀ ਨੂੰ (ਘਮੰਡ=) ਪੂਰਨ ਵਿਸ਼ਵਾਸ਼ ਹੈ ਅਪਣੀ ਤਲਵਾਰ ਦੇ ਕਮਾਲ ਉਤੇ, ਕਵੀ ਨੂੰ 'ਸਰਬ ਓਰ ਤੋਂ ਵਿਚਾਰੀ ਮਤੀ' ਤੋਂ ਖਰੀ ਉਪਮਾ ਲਿਆਉਣ ਦੀ ਪੂਰੀ ਤਸੱਲੀ ਹੈ, ਤੇ ਉਧਰ ਸੀਤਾ ਨੂੰ ਅਪਣੇ ਸਤ ਦਾ ਸ੍ਵੈਭਰੋਸਾ ਇਤਨਾ ਹੈ ਕਿ ਅੱਗ ਦੇ ਪਰਤਾਵੇ ਵਿਚੋਂ ਜੀਉਂਦੀ ਨਿਕਲਦੀ ਹੈ, ਕਵੀ ਨੇ ਤ੍ਰੈ ਸ੍ਵੈ-ਭਰੋਸੇ ਇਕੱਤ੍ਰ ਕੀਤੇ ਹਨ।

ਹ. {ਗੁਰੂ ਦਲ, ਗੁਰੂ ਕ੍ਰਿਪਾਨ, ਗੁਰੂ ਗਾਸੀ=ਤੀਰ ਦੀ ਮੁਖੀ}

ਪਾਰਥ ਕੇ ਬਾਨ ਕੈ ਕ੍ਰਿਪਾਨ ਸਿੰਘ ਗੋਬਿੰਦ ਕੋ
ਸਿੰਘ ਨ ਬਚਤ ਬਨ, ਮਾਰੇ ਝਾਰ ਝਾਰ ਕੈ।
ਕੇਤੇ ਭਟ ਸੁਭਟ ਭਜਾਏ 'ਹੀਰ' ਕਈ ਓਰ
ਕਈ ਬੇਰ ਕਾਲੀ ਸ੍ਰੋਨ ਪੀਵਤ ਅਹਾਰ ਕੈ।
ਤੇਰੈ ਦਲ ਚਲਤ ਦਲਤ ਦਲ ਅਰਿਨਿ ਕੇ
ਕੇਹੂੰ ਨ ਸੰਭਾਰੇ ਤਨ ਹਾਂਕਤ ਪਹਾਰ ਕੈ।
ਗਾਂਸੀ ਕੇ ਲਗੇ ਤੇ ਪੀਲਵਾਨ ਗਿਰਜੋ ਪੀਲ ਹੂੰਤੇ
ਮਾਨੋ ਗਿਰਜੋ ਬਾਦਰ ਪਹਾਰ ਵਾਂਧ ਮਾਰਕੇ।੨੦।

ਅਰਥ-੧. ਅਰਜਨ ਦੇ ਤੀਰ ਤੋਂ ਯਾ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਤੋਂ (ਕੋਈ) ਸ਼ੇਰ ਨਹੀਂ ਬਚਿਆ, ਝਾੜ ਝਾੜ ਕੇ ਬਨ ਦੇ (ਸਾਰੇ ਸ਼ੇਰ) ਮਾਰ ਦਿੱਤੇ। ੨. ਕਿੰਨੇ ਹੀ (ਵੈਰੀ ਦੇ) ਸੂਰਮੇ ਤੇ ਮਹਾਂ ਸੂਰਮੇ ਕਈ ਪਾਸੀਂ ਭਜਾ ਦਿੱਤੇ ਤੇ ਕਈ ਵਾਰ ਕਾਲੀ ਨੇ ਲਹੂ ਪੀਣ ਦਾ ਭੋਜਨ ਕੀਤਾ। ੩. ਤੇਰੇ ਦਲ ਜਦ ਚਲਦੇ ਹਨ ਤਦ ਵੈਰੀਆਂ ਦੇ ਦਲ ਨੂੰ ਐਉਂ ਦਲਦੇ ਹਨ ਕਿ ਮਾਨੋਂ ਪਹਾੜ ਧੱਕੇ ਜਾ ਰਹੇ ਹਨ ਤੇ ਕਿਸੇ ਕੋਲੋਂ ਬੀ ਅਪਣੇ ਤਨ ਦੀ ਸੰਭਾਲ ਨਹੀਂ ਹੋ ਸਕਦੀ। ੪. ਤੇਰੇ ਚਲਾਏ ਤੀਰ ਦੀ ਮੁਖੀ ਲੱਗਣ ਨਾਲ ਹਾਥੀ ਤੋਂ ਮਹਾਵਤ ਐਉਂ ਡਿਗਦਾ ਹੈ ਮਾਨੋਂ ਬੱਦਲ ਪਹਾੜ ਤੋਂ ਛਾਲ ਮਾਰਕੇ ਡਿੱਗਦਾ ਹੈ।

ਕ. {ਗੁਰੂ ਜੀ ਦੀ ਤੀਰੰਦਾਜ਼ੀ ਦਾ ਕਮਾਲ}

ਕਸ ਤਰਕਸ[1] ਧਰਕਸ[2] ਬਰਕਸ[3] ਧਰ,
ਐਸੋ ਸਰ[4] ਕਸ ਹਿਤ ਚਿਤ ਬਿਤ ਗਾਢੋ ਹੈ।
ਕੀਨੇ ਘਮਸਾਨ ਰੰਗ ਭੂਮ ਕੇ ਮੈਦਾਨ 'ਹੀਰ',
ਬਾਜਤ ਨਿਸ਼ਾਨ ਲੈ ਹਥਜਾਰ ਹਥ ਬਾਢੋ ਹੈ।
ਸ੍ਰੀ ਗੁਬਿੰਦ ਸਿੰਘ ਕੀ ਕਾਮਨ ਤੇ ਚਲੈ ਹੈਂ ਤੀਰ,
ਉਰਵਾਰ ਹੋਤ ਪਾਰਾਵਾਰ ਪਾਰ ਠਾਢੋ ਹੈ।
ਬਖਤਰ[5] ਬੇਹ, ਬਖ਼ਤਰੀ ਬੇਹ, ਬਾਂਕੇ[6] ਬੇਹ,
ਬਾਨਨ ਸੋਂ ਬੇਹ ਕੈ ਬੰਰਾ ਸੋ ਬੇਹ ਕਾਢੋ ਹੈ।

ਅਰਥ-੧. (ਇਕ ਪਾਸੇ[7]) ਭੱਥਾ ਲਾਕੇ, ਉਸਦੇ ਉਲਟ ਪਾਸੇ[8] ਕਮਾਨ ਲਾਕੇ (ਗੁਰੂ ਜੀ ਆਪ ਚੜ੍ਹਦੇ ਹਨ ਤੇ) ਐਸੇ ਤੀਰ ਕੱਸ ਕੱਸਕੇ ਚਿਤ ਤੇ ਸਰੀਰ ਦੇ ਹਿਤ ਨਾਲ ਚੜ੍ਹਾਉਂਦੇ ਹਨ ਕਿ ੨. ਜਦੋਂ ਨਗਾਰੇ ਵੱਜ ਰਹੇ ਹੁੰਦੇ ਹਨ ਤੇ ਹੱਥ ਹਥਜਾਰ ਲੈਕੇ ਫੌਜਾਂ ਵਧਕੇ ਰੰਗਭੂਮੀ ਦੇ ਮੈਦਾਨ ਵਿਚ ਘੋਰ ਯੁਧ ਕਰ-ਦੀਆਂ ਹੁੰਦੀਆਂ ਹਨ ਤਦੋਂ ੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਮਾਨ ਤੋਂ ਜੋ ਤੀਰ ਚਲਦੇ ਹਨ (ਓਹ) ਉਰਲਿਆਂ ਤੇ ਉਨ੍ਹਾਂ ਤੋਂ ਪਰਲਿਆਂ ਵਿਚੋਂ ਪਾਰ

---

੧. ਭੱਥਾ। ੨. 'ਧਨੁਰ ਕਸ' ਦਾ ਸੰਖੇਪ ਹੈ-ਧਨੁਖ ਕੱਸ ਕੇ। ੩. ਬਰ ਅਕਸ। ੪. ਤੀਰ। ੫. ਸੰਜੋਅ। ੬. ਬਾਂਕਾ=ਘੋੜਾ। ੭. ਸੱਜੇ। ੮. ਖੱਬੇ।

ਹੋਕੇ ਜਾ ਗਡੀਂਦੇ ਹਨ (ਧਰਤੀ ਵਿਚ)। ੪. (ਏਹ ਤੀਰ) ਸੰਜੋਅ ਨੂੰ ਵਿੰਨ੍ਹਦੇ ਹਨ, ਫੇਰ ਸੰਜੋਅ ਪਹਿ-ਨਣ ਵਾਲੇ ਨੂੰ ਵਿੰਨ੍ਹਦੇ ਹਨ ਫੇਰ ਘੋੜੇ ਨੂੰ ਜਾ ਵਿੰਨ੍ਹਦੇ ਹਨ (ਜਿਵੇਂ ਕੜਾਹੀ ਵਿਚੋਂ ਵੜੇ ਤਲਨ ਵਾਲਾ ਤੱਕੁਲੇ ਨਾਲ ਇਕ ਦੋ ਤਿੰਨ) ਵੜੇ (ਇੱਕੋ ਵੇਰ ਅਸਾਨੀ ਨਾਲ ਵਿੰਨ੍ਹ ਵਿੰਨ੍ਹ ਕੇ) ਕੱਢ ਲੈਂਦਾ ਹੈ ਤਿਵੇਂ (ਗੁਰੂ ਜੀ) ਬਾਣਾਂ ਨਾਲ ਬਕਤਰ, ਬਕਤਰੀ ਤੇ ਘੋੜਾ (ਸੁਖੱਲਾ ਹੀ) ਵਿੰਨ ਦੇਂਦੇ ਹਨ।

ਖ. {ਗੁਰੂ ਜੀ ਦੀ ਅੱਝਵੀਂ ਵਜਕਤੀ ਹੈ}

ਕਮਠ ਸੋਂ ਸੇਸ ਮੁਰੈ, ਬੈਲ ਸੋਂ ਮਹੇਸ਼ ਮੁਰੈ,
ਸ਼ੰਭੁ ਸੋਂ ਗਨੇਸ਼ ਮੁਰੈ, ਮੁਰੈ ਤੀ ਅਨੰਗ ਤੈ।
ਮੁਰ ਚੱਲੈ ਸਰਿਤਾ, ਮਤੰਗਨ ਕੈ ਮਦ ਮੁਰੈ,
ਭੀਮ ਮੁਰੈ ਭਾਰਥ, ਪਾਰਥ ਮੁਰੈ ਸੰਗ ਤੈ।
ਗੋਬਿੰਦ ਮੁਰੇ ਨ*, ਪਰਸਰਾਮ ਸੋਂ ਸਮੱਥ ਮੁਰੈ,
ਸੀਅ ਸਤ ਮੁਰੈ, ਰੂਪ ਮੁਰਤ ਅਨੰਗ ਤੈ।
ਭੂਪ ਮੁਰੈ ਲੰਕ ਕੋ, ਅਤੰਕ ਹਨੂਮਾਨ 'ਹੀਰ',
ਮੇਰੁ ਮੁਰੈ, ਮਸਕ ਮੁਰੈ, ਮੁਰੈ ਨ ਗੁਰੂ ਜੰਗ ਤੈ।

ਅਰਥ-੧. ਸ਼ੇਸ਼ਨਾਗ ਕਛੂ ਤੋਂ ਪਰੇ ਹਟੇ ਤਾਂ ਹਟ ਸਕਦਾ ਹੈ, ਸ਼ਿਵਜੀ (ਆਪਣੇ ਵਾਹਨ) ਬੈਲ ਦੀ ਸਵਾਰੀ ਛੱਡ ਸਕਦਾ ਹੈ, ਗਨੇਸ਼ ਸ਼ਿਵਜੀ ਨੂੰ ਛੱਡ ਸਕਦਾ ਹੈ, ਕਾਮਦੇਵ ਨੂੰ (ਉਸਦੀ) ਇਸਤ੍ਰੀ (=ਰਤੀ) ਛੱਡ ਸਕਦੀ ਹੈ। ੨. ਨਦੀ (ਪਿਛੋ) ਮੁੜਕੇ (ਜਿਧਰੋਂ ਆਈ ਸੀ ਉਧਰ ਨੂੰ) ਜਾ ਸਕਦੀ ਹੈ, ਹਾਥੀਆਂ ਦਾ ਮਦ ਉਤਰ ਸਕਦਾ ਹੈ, ਭੀਮ ਮਹਾਂ ਭਾਰਥ ਦੇ ਜੁਧ ਤੋਂ ਟਲ ਸਕਦਾ ਹੈ, ਅਰਜੁਨ (ਸ੍ਰੀ ਕ੍ਰਿਸ਼ਨ ਦੇ) ਸੰਗ ਨੂੰ ਛੱਡ ਸਕਦਾ ਹੈ। ੩. ਕ੍ਰਿਸ਼ਨ ਮੁਰ (ਰਾਖਸ਼) ਨੂੰ ਨਾ ਮਾਰੇ ਤਾਂ ਨਾ ਮਾਰੇ, ਪਰਸਰਾਮ ਵਰਗਾ ਸਮਰੱਥ (ਬਲੀ ਖੱਤ੍ਰੀ ਕੁਲ ਨਾਸ਼ ਕਰਨੋ) ਮੁੜ ਸਕਦਾ ਹੈ, ਸੀਤਾ (ਆਪਣੇ ਸਤ ਤੋਂ) ਮੁੜ ਸਕਦੀ ਹੈ, ਰੂਪ ਕਾਮ ਤੋਂ ਮੁੜ ਸਕਦਾ ਹੈ। ੪. ਲੰਕਾ ਦਾ ਰਾਜਾ (ਬਿਭੀ-ਖਣ ਅਪਣੇ ਅਟੱਲ ਰਾਜ ਤੋਂ) ਟਲ ਸਕਦਾ ਹੈ ਤੇ ਹਨੂਮਾਨ ਭੈ ਖਾ ਸਕਦਾ ਹੈ, ਸੁਮੇਰ ਟਲ ਸਕਦਾ ਹੈ, ਮੱਛਰ (ਡੰਗ ਮਾਰਨੋਂ) ਹਟ ਸਕਦਾ ਹੈ, ਪਰ ਗੁਰੂ ਗੋਬਿੰਦ ਸਿੰਘ ਜੀ (ਫਤੇ ਪ੍ਰਾਪਤ ਕੀਤੇ ਬਿਨਾ) ਜੰਗ ਤੋਂ ਨਹੀਂ ਮੁੜ ਸਕਦੇ।

*ਨ=ਮੁਰ ਨੂੰ ਨਾ (ਮਾਰੇ)।

ਗ. {ਦਲਾਂ ਦੇ ਚਾਲੇ ਪੈਣ ਦਾ ਡਰ ਮਾਤ੍}

ਅਚਲ, ਚਲਤ ਚਾਲ ਪਾਲਸੇ, ਹਲਤ ਹਾਲ,
ਧਰ ਰਨ ਮਸਤ ਮਲ ਗਯੋ ਦੇਸ਼ ਹਰਿ ਕੋ।
ਅਹਿ ਫਨ ਫਟਤ, ਘਟਤ ਸਿੰਧ ਪਲਕ ਮੈਂ,
ਦ੍ਵਾਰ ਭਯੋ ਗਰਦ ਬਭੀਖਨ ਕੇ ਘਰ ਕੋ।
ਐਲ ਪਰੀ ਬਲਖ, ਫਿਰੰਗ ਦੇਸ ਖੈਲ ਭੈਲ,
ਗੈਲ ਕੋਊ ਪਾਵੈ ਨਾਹਿ ਬਲ ਛੂਟਯੋ ਕਰ ਕੋ।
ਸ੍ਰੀ ਗੋਬਿੰਦ ਸਿੰਘ ਗੁਰ ਦਲ ਕੇ ਚਲਤ 'ਹੀਰ'
ਪਤਿਨ ਸੰਭਾਰੇ ਨਾਰਿ ਐਸੇ ਹਾਲ ਡਰ ਕੋ।੨੭।

ਅਰਥ-੧. ਜਦੋਂ (ਗੁਰੂ ਦਾ ਦਲ) ਕਤਾਰਾਂ ਬੰਨ੍ਹਕੇ ਚਲ ਪੈਂਦਾ ਹੈ ਤਾਂ ਪਹਾੜ ਝੱਟ ਹਿੱਲ ਪੈਂਦੇ ਹਨ, ਰਣ ਦੀ ਧਰਤੀ (ਪੈਰਾਂ ਹੇਠ) ਮਲੀ ਦਲੀ ਜਾ (ਮਲ= ਧੂੜ (ਬਣਕੇ) ਹਰੀ ਦੇ ਦੇਸ਼ (ਅਕਾਸ਼) ਜਾ ਅੱਪੜਦੀ ਹੈ। ੨. ਸ਼ੇਸ਼ਨਾਗ ਦੇ ਫਨ ਫਟਦੇ ਹਨ, ਸਮੁੰਦਰ ਪਲ ਵਿਚ ਘਟ ਜਾਂਦਾ ਹੈ (ਮਿੱਟੀ ਪੈ ਜਾਣ ਨਾਲ) ਤੇ ਭਬੀਖਨ ਦੇ ਘਰ ਦਾ ਦਰਵਾਜ਼ਾ ਗਰਦ ਹੋ ਜਾਂਦਾ ਹੈ (ਭਾਵ ਮਿੱਟੀ ਨਾਲ ਭਰ ਜਾਂਦਾ ਹੈ ਯਾ ਮਿੱਟੀ ਹੋਕੇ ਡਿੱਗ ਪੈਂਦਾ ਹੈ)। ੩. ਬਲਖ ਵਿਚ ਰੌਲਾ ਪੈ ਜਾਂਦਾ ਹੈ, ਫਿਰੰਗਦੇਸ਼ ਵਿਚ ਖਿਲਬਿਲੀ ਮੱਚ ਜਾਂਦੀ ਹੈ, (ਘਾਬਰਿਆਂ ਨੂੰ) ਰਾਹ ਕੋਈ ਲੱਭਦਾ ਨਹੀਂ, ਤੇ ਹੱਥਾਂ ਦਾ ਬਲ ਨਾਸ਼ ਹੋ ਜਾਂਦਾ ਹੈ (ਭਾਵ ਘਾਬਰ ਵਿਚ ਹੱਥ ਪੈਰ ਝੂਠੇ ਹੁੰਦੇ ਜਾਂਦੇ ਹਨ)। ੪. ਹੇ ਹੀਰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਲ ਦੇ ਤੁਰ ਪਿਆਂ ਐਸਾ ਹਾਲ ਡਰ (ਮਾਤ੍) ਨਾਲ ਹੀ ਹੋ ਜਾਂਦਾ ਹੈ ਕਿ ਇਸਤ੍ਰੀਆਂ ਪਤੀਆਂ ਨੂੰ ਸੰਭਾਲਦੀਆਂ ਭਾਵ ਲੁਕਾਉਂਦੀਆਂ ਫਿਰਦੀਆਂ ਹਨ। (ਕਿਉਂਕਿ ਮਰਦ ਤਾਂ ਡਰਦੇ ਮਾਰੇ ਬੇਸੁੱਧ ਹੋ ਜਾਂਦੇ ਹਨ ਤਦ ਨਾਰੀਆਂ ਹੀ ਫਿਰ ਉਨ੍ਹਾਂ ਨੂੰ ਸੰਭਾਲਦੀਆਂ ਹਨ, ਕਿਉਂਕਿ ਨਾਰੀਆਂ ਨੂੰ ਪਤਾ ਹੈ ਕਿ ਗੁਰੂ ਦਲ ਨਾਰੀਆਂ ਨੂੰ ਨਹੀਂ ਛੇੜਦਾ, ਇਸ ਲਈ ਉਹ ਹੋਸ਼ ਵਿਚ ਰਹਿੰਦੀਆਂ ਹਨ,) ਗੁਰੂ ਦਲ ਦੇ ਉਚੇ ਇਖ਼-ਲਾਕ ਦੀ ਕੈਸੀ ਅੱਛੀ ਉਗਾਹੀ ਹੈ।)

ਘ. {ਹਾਥੀਆਂ ਨੂੰ ਮਾਰ}

ਫੋਰਤ ਪਹਾਰਨ ਚੁਵਤ ਮਦ ਧਾਰਨ ਜੇ
ਗਢਨ ਉਦਾਰਨ ਲਖੇ ਤੇ ਬੜੀ ਗਤ ਕੇ*।

*ਸ਼ਰੀਰ ਦੇ।

ਧੂਹਿ ਭਰੇ ਧੂਸਰੇ ਧਰਨਿ ਧਸਕਤਿ ਪਗ
ਕੱਜਲ ਸੇ ਕਾਰੇ ਵੇ ਦਤਾਰੇ[1] ਮਹਾ ਗਤਿਕੇ[2]।
ਗਾਜੇ ਰਨ ਸਾਜੇ[3] ਗਜ ਐਸੇ ਪੀਲਵਾਨ ਬਨੇ[4]
ਬਰਨਤ 'ਹੀਰ' ਮਹਾਂਬੀਰ ਰਤਿਪਤ ਕੇ।
ਮਹਾਂ ਅੰਗ ਭਾਰੇ ਤੇ ਬਿਦਾਰੇ ਸ੍ਰੀ ਗੁਬਿੰਦ ਸਿੰਘ
ਡੀਲਨ ਡਰਾਰੇ ਹਠੇ ਹਿੰਦਵਾਨ ਪਤਿ ਕੇ।

ਅਰਥ-੧. (ਐਸੇ ਹਾਥੀ ਜੋ ਟੱਕਰ ਮਾਰਕੇ) ਪਹਾੜਾਂ ਨੂੰ ਫੋੜ ਦੇਂਦੇ ਸਨ (ਜਿਨ੍ਹਾਂ ਦੇ ਮੱਥੇ ਤੋਂ) ਮਦ ਧਾਰਾਂ ਬੰਨ੍ਹਕੇ ਚੋਂਦਾ ਸੀ, ਦੇਖਣ ਨੂੰ ਕਿਲ੍ਹਿਆਂ ਵਰਗੇ ਤੇ ਬੜੀ ਚਾਲ ਵਾਲੇ ਸਨ। ੨. (ਜਿਨ੍ਹਾਂ ਦੇ) ਪੈਰ (ਤੁਰਨ ਵੇਲੇ) ਧਰਤੀ ਵਿਚ ਧਸਦੇ ਜਾਂਦੇ ਸਨ, ਤੇ ਮਿੱਟੀ ਦੇ ਭਰੇ ਹੋਏ ਜੋ ਧੂਸਰੇ ਦਿੱਸ ਪੈਂਦੇ ਸਨ, ਓਹ ਵਡੇ ਹਾਥੀ ਜੋ ਕੱਜਲ ਵਰਗੇ ਕਾਲੇ ਰੂਪ ਦੇ ਸਨ। ੩. ਹੀਰ ਵਰ-ਣਨ ਕਰਦਾ ਹੈ ਕਿ (ਐਸੇ) ਰਣ ਵਿਚ ਗੱਜਣ ਵਾਲੇ ਮਹਾਂਬੀਰ ਕਾਮਦੇਵ ਰੂਪੀ ਪੀਲਵਾਨ ਨੇ ਜੋ ਸਜਾਏ ਫਬਾਏ ਹੋਏ ਸਨ। ੪. (ਹਾਂ, ਪਹਾੜੀ) ਹਿੰਦੂ ਰਾਜਿਆਂ ਦੇ ਓਹ ਹਾਥੀ ਜਿਨ੍ਹਾਂ ਦੇ ਅੰਗ ਬੜੇ ਹੀ ਭਾਰੇ ਸਨ, ਜਿਨ੍ਹਾਂ ਦੇ ਡੀਲ ਡੌਲ ਭਜਾਨਕ ਸਨ, ਓਹ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਾਜੈ ਕਰ ਦਿੱਤੇ ਹਨ।

੬. {ਦਲ ਦੀ ਚੜ੍ਹਾਈ}

ਛਪਯ-ਉਡਤ ਗਰਦ, ਡਰ ਭਾਨ ਮਾਨ, ਸੁਰਪਤ
ਨ ਗਹਤ ਮਨ। ਨੀਰ ਛੀਰ ਭਏ ਇੱਕ, ਕਰਕ
ਟੁੱਟਤ ਉਪਬਨ ਬਨ। ਮਥਤ ਕਹਤ ਫਿਰ
ਸਿੰਧ ਬਿਧੰ ਦਹਲਤ ਚਲਤ ਡਰ। ਸਿਮਿਟ
ਸੰਕੁਚ ਰਹਜੋ ਨਾਗ ਕਮਠ ਕੋ ਚਭਕ ਬਿਕਟ ਭਰ।
ਭਨ 'ਹੀਰ' ਚਢਤ ਚਿੰਦਵਾਨ ਹਦ
ਦਿਗਪਾਲ ਕੰਪ ਧਰਨੀ ਹਲਤ।
ਗੋਬਿੰਦ ਸਿੰਘ ਦਲ ਚਢਤ ਜਬ
ਅਤਲ ਬਿਤਲ ਸੂਤਲ ਤਲਤ।

ਅਰਥ-੧. ਗਰਦ ਉਡਦੀ ਹੈ, ਸੂਰਜ ਡਰ ਮੰਨਦਾ ਹੈ, ਇੰਦਰ ਦਾ ਮਨ ਬੀ ਨਹੀਂ ਠਹਿਰਦਾ। ੨. ਦੂਧ ਪਾਣੀ ਇਕ ਹੋ ਜਾਂਦੇ ਹਨ (ਭਾਵ ਸਤਾਂ ਸਮੁੰਦਰਾਂ ਵਿਚ ਹਲਚਲੀ ਮਚਦੀ ਹੈ ਤੇ ਪਾਣੀ ਤੇ ਦੁੱਧ ਦੇ ਸਮੁੰਦਰ ਰਲ ਮਿਲ ਜਾਂਦੇ ਹਨ) ਬਾਗ ਤੇ ਬਨ ਕੜਕ ਕੜਕ ਕਰਕੇ ਟੁੱਟਦੇ ਹਨ। ੩. ਬਿੰਧਜਾਚਲ ਪਹਾੜ ਕਹਿੰਦਾ ਹੈ ਕਿ ਭਾਵੇਂ ਫੇਰ ਸਮੁੰਦਰ ਰਿੜਕਨ ਲਗੇ ਹਨ (ਇਸ ਕਰਕੇ) ਡਰਦਾ ਹੈ ਕਿ ਮੈਨੂੰ (ਹੀ ਕਿਤੇ ਮਧਾਣੀ ਬਣਾਕੇ) ਨਾ ਚਲਾ ਦੇਣ। ੪. ਸ਼ੇਸ਼ ਨਾਗ (ਡਰ ਨਾਲ) ਗੁੱਛਾ ਮੁਛਾ ਹੋ ਰਿਹਾ ਹੈ ਤੇ ਕੱਛੂ ਨੂੰ ਬਿਕਟ ਚੀਸਾਂ ਪੈ ਰਹੀਆਂ ਹਨ (ਕਿ ਜੇ ਸਮੁੰਦਰ ਮੁੜ ਰਿੜਕਿਆ ਤਾਂ ਸ਼ੇਸ਼ਨਾਗ ਦਾ ਫੇਰ ਨੇਤ੍ਰਾ ਬਣੇਗਾ ਤੇ ਮੈਂ ਕੱਛੂ ਮਧਾਣੀ ਦਾ ਜੁੱਟ ਬਣਾਂਗਾ)। ੫. ਕਹਿੰਦਾ ਹੈ ਹੀਰ ਹਿੰਦੂਆਂ ਦੀ ਅਵਧੀ (ਗੁਰੂ ਜੀ) ਜਦ ਚੜ੍ਹਦੇ ਹਨ ਤਾਂ ਧਰਤੀ ਹਿੱਲਦੀ ਹੈ ਤੇ ਦਿਸ਼ਾ ਪਾਲ (ਦਿਗਜ) ਕੰਬਦੇ ਹਨ। ੬. ਗੁਰੂ ਗੋਬਿੰਦ ਸਿੰਘ ਦਾ ਦਲ ਜਦ ਚੜ੍ਹਦਾ ਹੈ ਤਦ ਅਤਲ ਬਿਤਲ ਤੇ ਸੁਤਲ (ਨਾਮੇ ਪਤਾਲ ਤਲਤ=) ਹੇਠ ਉਪਰ ਹੋ ਜਾਂਦੇ ਹਨ।

੮. {ਪ੍ਰਬਲ ਵੈਰੀ ਪਰ ਗੁਰੂ ਜੀ ਦੀ ਪ੍ਰਬਲਤਾ}

ਏਤੀ ਅਨੀ ਬਨੀ ਜੋ ਗਨੀ ਨ ਜਾਤ ਕਾਹੂੰ ਬਿਧਿ,
ਮਨੀ ਨ ਰਹਤ 'ਹੀਰ' ਤੀਰ ਬੂੰਦੈ ਝਰੀ ਹੈਂ।
ਤਹਾਂ ਗੁਰੂ ਗੋਬਿੰਦ ਤਮ੍ਕ[1] ਮਾਰੇ ਅਰੀ ਤਬ,
ਤੂਟ ਤੂਟ ਜਾਤ ਬਖਤਰਨ[2] ਕੀ ਕਰੀ ਹੈਂ।
ਗੀਧ ਚੋਚੈਂ ਲੋਥਨ ਕਰਾਲ, ਉਡੈਂ ਖੋਪਰੀ ਲੈ
ਲਾਲ ਜੋਗਨੀ ਜਮਾਤ ਬਿਖ[3] ਸਾਥ ਭਰੀ ਹੈਂ।
ਐਸੀ ਲਾਗੀ ਬਰਛੀ ਗਇੰਦਨ ਕੇ ਸੀਸ ਪਰ,
ਮਾਨੋ ਕਾਹੂੰ ਭੂਧਰ[4] ਮਸਾਲੇਂ ਬਾਲ ਧਰੀ ਹੈਂ।

ਅਰਥ-੧. (ਵੈਰੀਆਂ ਦੀ) ਫੌਜ ਏਨੀ (ਕੱਠੀ ਹੋਕੇ) ਡੱਟ ਰਹੀ ਸੀ ਜੋ ਕਿਸੇ ਤਰ੍ਹਾਂ ਗਿਣੀ ਨਹੀਂ ਸੀ ਜਾਂਦੀ, ਹੇ ਹੀਰ! ਮੰਨਣ ਵਿਚ ਨਹੀਂ ਆਉਂਦਾ (ਪਰ ਸਚਮੁਚ ਉਨ੍ਹਾਂ ਦੇ) ਤੀਰਾਂ ਦੀ ਬੁਛਾੜ (ਐਉਂ ਆਉਂਦੀ ਸੀ ਜਿਵੇਂ ਮੀਂਹ ਦੀਆਂ) ਬੂੰਦਾਂ। ੨. ਤਦ ਓਥੇ ਗੁਰੂ ਗੋਬਿੰਦ ਸਿੰਘ ਜੀ ਨੇ ਰੋਹ ਵਿਚ ਆਕੇ ਵੈਰੀਆਂ ਤੇ (ਐਸੇ ਤੀਰ) ਮਾਰੇ ਕਿ (ਵੈਰੀਆਂ ਦੀਆਂ) ਸੰਜੋਆਂ ਦੀਆਂ ਕੜੀਆਂ ਟੁੱਟ ਟੁੱਟ ਗਈਆਂ। ੩. (ਐਸੀ ਮਾਰ ਹੋਈ ਕਿ) ਭਿਆਨਕ ਗਿੱਧਾਂ ਉਡੀਆਂ,

---

੧. ਦਤਾਰੇ=ਹਾਥੀ। ੨. ਰੂਪ ਵਾਲੇ।
੩. ਸਜਾਏ। ੪. ਫਬਾਏ।

੧. ਰੋਹ ਨਾਲ। ੨. ਸੰਜੋਆਂ।
੩. ਵਿਖ=ਜ਼ਹਿਰ। (ਅ) ਪਾਣੀ। (ੲ) ਵਿਖ਼ਾ ਨਾਮੇ ਬਿਰਛ ਦਾ ਰਸ ਜੋ ਲਾਲ ਹੁੰਦਾ ਹੈ ਤੇ ਲਾਲ ਰੰਗ ਚਾੜ੍ਹ ਦੇਂਦਾ ਹੈ। ੪. ਪਹਾੜਾਂ ਉਤੇ।

ਆ ਕੇ ਲੋਥਾਂ ਨੂੰ ਚੁੰਝਾਂ ਨਾਲ (ਖਾਣ ਲੱਗੀਆਂ ਅਤੇ) ਜੋਗਨੀਆਂ ਦੀ ਜ਼ਮਾਤ ਨੇ ਖੋਪਰੀਆਂ ਲੈ ਲੈ ਲਾਲ ਜ਼ਹਿਰ (ਲਹੂ) ਨਾਲ ਭਰ ਲਈਆਂ। (ਅਥਵਾ-ਲਾਲ ਪਾਣੀ ਨਾਲ। ਬਿਖ ਦਾ ਅਰਥ ਪਾਣੀ ਬੀ ਹੈ)। ੪. ਹਾਥੀਆਂ ਦੇ ਸਿਰਾਂ ਤੇ ਬਰਛੀਆਂ ਵੱਜੀਆਂ ਐਉਂ (ਦਿਸਦੀਆਂ) ਹਨ ਕਿ ਮਾਨੋ ਕਿਸੇ ਨੇ ਪਹਾੜਾਂ ਤੇ ਮਸਾਲਾਂ ਬਾਲਕੇ ਧਰੀਆਂ ਹਨ।

ਛ. {ਗੁਰੂ ਜੀ ਦਾ ਹਾਥੀ ਦੀ ਸੁੰਡ ਕੱਟਣ ਦਾ ਕਮਾਲ}

ਸ੍ਰੀ ਗੁਰ ਗੋਬਿੰਦ ਸਿੰਘ ਬਲੀ
ਕਰ ਖੱਗ ਗਹੇ ਅਰਿ ਕੋ ਪਰ ਧਾਯੋ!
ਰੰਭਕ[1] ਸੁੰਡ ਅਨੇਕ ਗਿਰੇ ਰਣ,
ਧੂੰਮ ਕਰੀ ਧਰ ਧੀਂਗ ਨਚਾਯੋ।
ਐਸੋ ਦਯੋ ਧਰ ਕੁੰਭ[2] ਕੇ ਛੋਰ,
ਸੁ ਬੀਰ ਲਖੇ ਜਸ 'ਹੀਰ' ਜ ਗਾਯੋ।
ਸੁੰਡ ਬਿਨਾ ਗਜਰਾਜ ਚਲਯੋ ਭਜਿ,
ਸੁੰਡ ਮਨੋ ਘਰ ਹੀ ਧਰਿ ਆਯੋ।

ਅਰਥ-੧. ਮਹਾਂ ਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥ ਵਿਚ ਤਲਵਾਰ ਪਕੜਕੇ ਵੈਰੀ ਪਰ ਜਾ ਪਏ, ੨. (ਉਨ੍ਹਾਂ ਦੀ ਤਲਵਾਰ ਦੀ ਮਾਰ ਨਾਲ) ਅਨੇਕਾਂ (ਹਾਥੀਆਂ ਦੇ) ਸੁੰਡ ਭਾਰੀ ਸ਼ਬਦ ਕਰਕੇ (ਕੱਟਕੇ) ਡਿਗ ਪਏ, (ਜਿਨ੍ਹਾਂ ਦੇ ਕੱਟਣੇ ਕਰਕੇ) ਹਾਥੀਆਂ ਨੇ ਧੂਮ ਮਚਾ ਦਿੱਤੀ ਤੇ ਧਰਤੀ ਤੇ ਜ਼ੋਰੋਜ਼ੋਰੀ ਨੱਚ ਪਏ। ੩. (ਸੁੰਡ ਕਟੀਣ ਵੇਲੇ) ਸੂਰਮਿਆਂ ਨੇ (ਤਲਵਾਰ ਦਾ ਕਮਾਲ) ਡਿੱਠਾ (ਕਿ ਗੁਰੂ ਜੀ ਨੇ ਹਾਥੀ ਦੇ ਮੱਥੇ ਦੇ) ਕੁੰਭ ਦੇ ਲਾਗ (ਤਲਵਾਰ ਦਾ ਵਾਰ) ਐਸਾ ਮਾਰਿਆ ਕਿ (ਉਸਨੂੰ) ਕੱਟ ਦਿੱਤਾ, (ਇਸ ਸੂਰਮ-ਗਤੀ ਦਾ) ਜਸ ਹੀਰ ਨੇ ਗਾਇਆ ਕਿ ੪. ਵੱਡਾ ਹਾਥੀ ਸੁੰਡ ਕਟਵਾ ਕੇ ਐਉਂ ਭੱਜ ਚਲਿਆ ਕਿ ਮਾਨੋਂ ਸੁੰਡ ਘਰ ਰੱਖ ਕੇ ਹੀ ਆਇਆ ਸੀ।

੧੯. ਟਹਿਕਣ।

ਇਸ ਕਵੀ ਦਾ ਨਾਮ ੫੨ ਕਵੀਆਂ ਦੀ ਫਹਿ-ਰਿਸਤ ਵਿਚ ਹੈ, ਪਰ ਅਜੇ ਤਕ ਇਸ ਦੀ ਗੁਰੂ ਦਰਬਾਰ ਆਕੇ ਕੀਤੀ ਰਚਨਾ ਦੀ ਕੋਈ ਵੰਨਗੀ ਨਹੀਂ ਲੱਭੀ। ਜਦੋਂ ਗੁਰੂ ਦਰਬਾਰ ਆਇਆ ਤਾਂ ਵਡੇਰੀ ਉਮਰ ਦਾ ਜਾਪਦਾ ਹੈ। ਇਹ ਪਹਿਲੀ ਉਮਰੇ ਸਿਪਾਹੀ ਰਿਹਾ ਹੈ। ਤਦੋਂ ਇਸਨੇ 'ਅਸ੍ਵਮੇਧ ਭਾਖਾ ਗ੍ਰੰਥ' ਲਿਖਿਆ ਹੈ। ਜਿਸ ਬਾਬਤ ਉਹ ਲਿਖਦਾ ਹੈ-

ਕਛੁਕ ਉਕਤਿ ਬਲਬੁਧਿ ਕਛੁਕ ਪਰ ਕ੍ਰਿਤ[1]
ਹਰਿ ਲੀਨੀ। ਬੀਨ ਬੀਨ ਅੱਛਰ ਪ੍ਰਬੀਨ[2]
ਪੋਥੀ ਸ਼ੁਭ ਕੀਨੀ।

ਇਸ ਗ੍ਰੰਥ ਦੇ ਆਦਿ ਅੰਤ ਇਸਨੇ ਆਪਣਾ ਨਾਮ ਠਾਮ ਦਾ ਪਤਾ ਦਿੱਤਾ ਹੈ ਜੋ ਉਸਦੀ ਕਵਿਤਾ ਦੇ ਨਮੂਨੇ ਵਜੋਂ ਉਸਦੇ ਅਪਣੇ ਛੰਦਾਂ ਵਿਚ ਹੇਠਾਂ ਦੇਂਦੇ ਹਾਂ:-

ਬਰਨੋ ਕਥਾ ਸੁਧਾ ਰਸ ਸਾਨੀ[3]!
ਕਹੋਂ ਜਥਾਮਤ[4] ਉਕਤ ਕਹਾਨੀ।
ਪ੍ਰਥਮੇ ਸੁਰ ਭਾਖਾ[5] ਸੁਨਿ ਲੀਨੀ।
ਦੋਹਾ ਸਰਸ ਚਉਪਈ ਕੀਨੀ।
ਕਹੂੰ ਕਬਿਤ ਸੋਰਠਾ ਕੀ ਗਤਿ।
ਟਹਕਨ ਬਰਨਨ ਕੀਓ ਅਲਪਮਤਿ[6]।

ਦੋ:-ਸੰਬਤਸਰ ਦਸ ਸਪਤ ਸ਼ਤ, ਅਧਿਕ ਬਰਖ ਖਟ ਬੀਮ[7]। ਥਿਤ ਤ੍ਰਯੋਦਸ਼ੀ ਅਖਾਢਿ ਬਦਿ ਬੁਧਿ ਬਾਸੁਰ ਸ਼ੁਭਦੀਸ[8]।

'ਟਹਿਕਣ' ਕਵੀ 'ਜਲਾਲਪੁਰ' ਬਾਸੀ!
ਛਤ੍ਰਿ ਧਰਮ 'ਨੰਦ ਲਾਲ' ਉਪਾਸੀ।
ਪਿਤਾ 'ਰੰਗੀਲਾਦਾਸ' ਜਿਹ ਨਾਮਾ।
ਗਜਾਤ[9] 'ਚੋਪਰਾ' ਕੁਲ ਅਭਿਰਾਮਾ।
ਸਮੈ ਪਾਇ ਕਰਿ ਗਯੋ ਸਿਪਾਹੀ।
'ਹੈ ਕ੍ਰਿਤ ਭਾਖਾ'[10] ਕਰੀ ਤਹਾਂ ਹੀ।
ਪ੍ਰਥਮ ਸਹਸਕ੍ਰਿਤ ਸ੍ਰੁਤਿ[11] ਸੁਨਿ ਲੀਨੀ।
ਤਾਂ ਪਾਛੇ ਭਾਖਾ ਬਰਕੀਨੀ। {ਅਧਜਾਯ ੭੩}

---

੧. ਰੰਭਕ=ਰੰਭ ਕਰਦਾ, ਭਾਰੀ ਸ਼ਬਦ ਕਰਕੇ। ਰੰਭਾ=ਕੇਲੇ ਵਾਙੂ। ੨. ਹਾਥੀ ਦੇ ਮਥੇ ਤੇ ਵਧਿਆ ਹੋਇਆ ਘੜੇ ਵਰਗਾ ਥਾਉਂ।

੧. ਪਰਾਈ ਰਚਨਾ। ੨. ਚਤੁਰਤਾ ਨਾਲ। ੩. ਅੰਮ੍ਰਤ ਰਸ ਨਾਲ ਮਿਲੀ। ੪. (ਅਪਣੀ) ਬੁੱਧੀ ਅਨੁਸਾਰ। ੫. ਸੰਸਕ੍ਰਿਤ। ੬. ਤੁੱਛ ਬੁੱਧੀ ਅਨੁਸਾਰ। ੭. ਬਿਕ੍ਰਮੀ ਸੰਮਤ ੧੭੨੬। ੮. ਤਿਥ ਹਾੜ ਵਦੀ ਤ੍ਰੋਦਸ਼ੀ, ਬੁਧਵਾਰ ਦਾ ਸ਼ੁਭ ਦਿਨ। ੯. ਜਾਤ। ੧੦. 'ਅਸ੍ਵਮੇਧਭਾਖਾ'। ੧੧.ਕੰਨੀਂ।

੩.

ਇਹ ਦਰਬਾਰ ਆਪਣੇ ਪੂਰੇ ਰੰਗ ਰੂਪ ਵਿਚ ਨਹੀਂ ਲਿਖਿਆ ਜਾ ਸਕਦਾ, ਕਿਉਂਕਿ ਜਿਸ ਵਿਦਜਾ ਦੇ ਸਰਪ੍ਰਸਤ ਦੇ ਤਸਨੀਫ ਕਰਵਾਏ, ਤਰਜੁਮਾ ਕਰਵਾਏ, ਖ਼ੁਦ ਰਚੇ ਤੇ ਰਚਵਾਏ ਗ੍ਰੰਥਾਂ ਦਾ ਤੋਲ ੯ ਮਣ ਸੀ, ਜਿਸ ਨੂੰ ਲਿਖਣ ਵਾਸਤੇ ੩੬ ਦੇ ਕਰੀਬ ਲਿਖਾਰੀ ਮੁਲਾਜ਼ਮ ਸਨ, ਜਿਸਦੀ ਤਿਆਰੀ ਵਿਚ ਘਟ ਤੋਂ ਘਟ ੫੨ ਤਾਂ ਕਵੀ ਸਮਝੇ ਜਾਂਦੇ ਹਨ, ਹੋਰ ਆਲਮ ਫਾਜ਼ਲ ਪੰਡਤ ਵਿਦਵਾਂਨ ਆਉਂਦੇ ਜਾਂਦੇ ਕੰਮ ਕਰਦੇ ਰਹਿੰਦੇ ਸੀ, ਉਹ ਸਾਰਾ ਤਬਾਹ ਹੋ ਗਿਆ, ਜੋ ਕੁਛ ਵਿਕਲਿਤ੍ਰਾ ਹਥ ਆਇਆ ਤੇ ਸਾਡਿਆਂ ਬਜ਼ੁਰਗਾਂ ਸਾਂਭਿਆ ਉਹ ਇਤਨਾ ਥੋੜਾ ਹੈ ਕਿ ਜਿਵੇਂ ਖਜ਼ਾਨੇ ਗੁਆਚੇ ਵਿਚੋਂ ਕੁਛ ਸੈਂਕੜੇ ਲੱਭ ਪੈਣ। ਫਿਰ ਭੀ ਉਹ ਐਸਾ ਹੈ ਜਿਸ ਤੋਂ ਥੋੜਾ ਜਿਹਾ ਅੰਦਾਜ਼ਾ ਲਗ ਸਕਦਾ ਹੈ ਕਿ ਕੈਸੇ ਕੈਸੇ ਗੁਣੀ ਤੇ ਪ੍ਰਬੀਨ ਪੁਰਖ ਉਥੇ ਕਠੇ ਹੋਏ ਸੇ, ਅਰ ਉਨ੍ਹਾਂ ਨੂੰ ਕਿਤਨਾ ਅਮਿਤ ਧਨ ਦੇਕੇ ਗੁਰੂ ਜੀ ਵਿਦਜਾ ਦੇ ਸਾਮਾਨ ਰਚਵਾ ਤੇ ਤਰਜਮੇ ਕਰਵਾ ਰਹੇ ਸੇ। ਇਸੇ ਘਾਲ ਨੂੰ ਮੁੱਖ ਰੱਖਕੇ ਪਿਛੇ ਅੰਕ ੨ ਵਿਚ ਦਰਬਾਰੀ ਵਿਦਵਾਨਾਂ ਦੇ ਮਿਲੇ ਹਾਲਾਤ, ਵਿਦਜਵਾਨਾਂ ਦੀ ਸਰਪ੍ਰਸਤੀ ਤੇ ਕਦਰ-ਦਾਨੀ ਬਾਬਤ ਦਿੱਤੀਆਂ ਉਗਾਹੀਆਂ ਆਦਿ ਸਮਾਨ ਢੂੰਡ, ਲੱਭ, ਇਕੱਤ੍ਰ ਕਰਕੇ ਦੇ ਦਿੱਤੇ ਹਨ। ਉਸ ਵਿਚ ਉਹ ਛੰਦ ਬੀ ਦਿਤੇ ਗਏ ਹਨ ਜਿਹੜੇ ਕਿ ਕਵੀਆਂ ਦੀ ਆਪਣੀ ਰਚਨਾ ਦੇ ਹਨ ਤੇ ਵਿਚ ਉਨ੍ਹਾਂ ਦੀ ਛਾਪ ਹੈ, ਯਾ ਉਨ੍ਹਾਂ ਦੀਆਂ ਰਚੀਆਂ ਪੁਸਤਕਾਂ ਵਿਚੋਂ ਹਨ, ਯਾ ਉਨ੍ਹਾਂ ਛੰਦਾਂ ਬਾਬਤ ਇਤਿਹਾਸ ਵਿਚ ਉਨ੍ਹਾਂ ਦੇ ਆਪਣੇ ਰਚੇ ਹੋਣ ਦੀ ਉਗਾਹੀ ਮਿਲੀ ਹੈ। ਹੁਣ ਅੰਕ ੩ ਵਿਚ ਉਹ ਛੰਦ ਦੇਂਦੇ ਹਾਂ, ਕਿ ਜੋ ਹੈਨ ਤਾਂ ਦਰਬਾਰੀ ਕਵੀਆਂ ਦੇ, ਜੋ ਹਜ਼ੂਰੀ ਵਿਚ ਹਾਜ਼ਰ ਹੋਏ ਸਨ, ਪਰ ਉਨ੍ਹਾਂ ਵਿਚ ਛਾਪ (ਕਵੀ ਦਾ ਨਾਮ) ਨਹੀਂ ਹੈ। ਕਿੰਤੂ ਨਾਲ ਨਾਲ ਟੂਕਾਂ ਵਿਚ ਜਿੱਥੇ ਬਣ ਪਿਆ ਅਸੀਂ ਦੱਸੀ ਜਾਵਾਂਗੇ ਕਿ ਇਹ ਛੰਦ ਫਲਾਣੇ ਦੇ ਹਨ ਯਾ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਤਾਂ ਜੋ ਪਾਠਕਾਂ ਨੂੰ ਜਿੰਨਾਂ ਸਾਮਾਨ ਕਿ ਦਸਤਯਾਬ ਹੋ ਚੁਕਾ ਹੈ ਉਸ ਸਾਰੇ ਦੇ ਦਰਸ਼ਨ ਹੋ ਜਾਣ।

ਹੰਸਰਾਮ।

ੳ. {ਸ਼ਿਵ, ਰਾਮ, ਪ੍ਰਜਾਪਤਿ ਤੋਂ ਗੁਰੂ ਜੀ ਦੀ ਵਿਸ਼ੇਸ਼ਤਾ}

ਕੌਨ ਬਨਾਰਸੀ ਬਾਸ ਕਰੈ ਜਹਿਂ ਬਾਸਕ ਨਾਗ
ਹੀਏ ਮੈਂ ਲਸੈ। ਔਧ ਕੋ ਔਸਰ ਨਾਥ ਭਇਓ
ਰਘੁਨਾਥ ਕੇ ਪਾਂਇਨ ਪਾਪ ਨਸੈ। ਕਰ ਮੰਡਨ
ਕੌਨ ਸਿਤਾਸਿਤ ਮੇਂ ਜਹਿਂ ਦੇਖਿਕੈ ਲੋਕਰੁ
ਦੇਵ ਹਸੈਂ। ਇਮ ਤੇਗ ਬਹਾਦਰ ਨੰਦ ਜਗੇ,
ਕਿਨ ਗੋਬਿੰਦ ਰਾਇ ਗੁਰੂ ਦਰਸੈ[1]।

ਅਰਥ-੧. ਬਨਾਰਸ ਜਾਕੇ ਕੌਣ ਵੱਸੇ ਜਿੱਥੇ ਕਿ ਸ਼ਿਵ ਜੀ (ਹੋਏ ਦੱਸੀਦੇ ਹਨ) ਜਿਨ੍ਹਾਂ ਦੀ ਛਾਤੀ ਤੇ ਬਾਸ਼ਕ ਨਾਗ ਲਸ ਲਸ ਕਰਦਾ ਸੀ। ੨. (ਅਪਣੇ) ਸਮੇਂ ਅਵਧ ਦੇ ਨਾਥ (ਰਾਮ ਜੀ) ਹੋਏ, (ਪਰ ਹੁਣ) ਰਘਨਾਥ (ਦੀ ਮੂਰਤੀ) ਦੇ ਪੈਰੀਂ ਪਿਆਂ ਪਾਪ ਨਹੀਂ ਦੂਰ ਹੁੰਦੇ। ੩. ਪ੍ਰਯਾਗ[2] ਵਿਚ ਜਾਕੇ ਸਿਰ ਮੁਨਾਉਣ (ਦਾ ਕੀ ਲਾਭ ਹੈ) ਜਿਸ (ਮੁੰਨੇ ਸਿਰ) ਨੂੰ ਦੇਖਕੇ ਲੋਕ ਤੇ ਦੇਵਤੇ ਮਖ਼ੌਲ ਕਰਦੇ ਹਨ। ੪. ਇਥੇ (=ਅਨੰਦ ਪੁਰ ਵਿਚ ਕਿ ਜਿਥੇ) ਗੁਰੂ ਤੇਗ ਬਹਾਦਰ ਜੀ ਦੇ ਸਪੁਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਜ ਰਹੇ ਹਨ, (ਆਕੇ) ਕਿਉਂ ਨਹੀਂ ਉਨ੍ਹਾਂ ਦੇ ਦਰਸ਼ਨ ਕਰਦਾ, (ਭਾਵੇਹ ਕਿ ਉਨ੍ਹਾਂ ਤੋਂ ਵਿਸ਼ੇਸ਼ ਪ੍ਰਤੱਖ ਮੁਕਤੀ ਦਾਤਾ ਏਹ ਹਨ ਇਨ੍ਹਾਂ ਦਾ ਦਰਸ਼ਨ ਕਰ।)

ਅ. {ਗੁਰੂ ਕੀਰਤੀ ਦਾ ਵਿਸਥਾਰ}

ਜਹਾਂ ਦਿਨਕਰ ਕੋ ਪ੍ਰਤਾਪ ਦਿਨ ਮਾਨ ਨਾਹੀ,

---

੧. ਸੂ: ਪ੍ਰ: ਵਿਚ ਇਹ ਛੰਦ ਹੰਸ ਰਾਮ ਦੇ ਕਬਿਤਾਂ ਵਿਚਾਲੇ ਆਯਾ ਹੈ, ਪਰ ਬੇਛਾਪ ਹੋਣ ਕਰਕੇ ਇਹ ਬੀ ਸੰਭਾਵਨਾ ਹੋ ਸਕਦੀ ਹੈ ਕਿ ਹੰਸ ਰਾਮ ਦੇ ਪਿਛੇ ਆਏ ਛੰਦ-'ਅਵਧ ਅਨਾਏ ਕਹਾਂ'{ਪੰਨਾ-੪੬੯} ਵਾਲੇ ਖਜਾਲ ਪਰ ਕਿਸੇ ਦੂਸਰੇ ਨੇ ਅਪਣਾ ਛੰਦ ਆਪਣੀ ਸਮਸਜਾ ਪੂਰਤੀ ਦੀ ਤਰ੍ਹਾਂ ਦਾ ਲਿਖਿਆ ਹੋਵੇ। ਪਰੰਤੂ ਬਾਬਾ ਸੁਮੇਰ ਸਿੰਘ ਜੀ ਨੇ ਇਸ ਨੂੰ ਤੇ ਅਗਲੇ ਨੂੰ ਹੰਸਰਾਮ ਦੀ ਸੁਰਖੀ ਹੇਠ ਹੀ ਲਿਖਿਆ ਹੈ, ਸੋ ਉਸ ਦਾ ਸਮਝਣਾ ਠੀਕ ਹੈ। ੨. ਮਤਸਜ ਪੁਰਾਣ ਅਨੁਸਾਰ-ਪ੍ਰਯਾਗ ਪ੍ਰਜਾਪਤਿ ਅਰਥਾਤ ਬ੍ਰਹਮਾ ਜੀ ਦਾ ਛੇਤਰ ਹੈ।

ਜਹਾਂ ਨ ਦਿਲੇਸ਼ ਕੋ ਪ੍ਰਤਾਪ ਛਾਈਯਤ ਹੈ।
ਜਹਾਂ ਨ ਕਲਾਨਿਧ ਕੀ ਕਲਾ ਕੀ ਕਿਰਨ ਏਕ,
ਜਹਾਂ ਮ੍ਰਿਗਰਾਜਨ ਕੇ ਥਰ ਧਾਈਯਤ ਹੈ।
ਜਹਾਂ ਸੁਰਪਤਿਕੀ ਨ ਗਤਿ, ਰਤਿਪਤਿਕੀ ਨ ਮਤਿ,
ਕਹਾਂ ਧੌਲਪਤਿ ਹੂੰ ਮੈਂ ਪਾਈਯਤ ਹੈ।
ਜਹਾਂ ਸ੍ਰੁਤ ਸਿੰਮ੍ਰਤ ਸੁਨੀ ਨ ਸ੍ਰੌਨ ਸੁਪਨੇ ਹੂੰ,
ਤਹਾਂ ਗੁਰੂ ਗੋਬਿੰਦ ਕੋ ਜਸ ਗ੍ਰਾਈਯਤ ਹੈ।

ਅਰਥ-੧. ਜਿਥੇ ਸੂਰਜ ਦੇ ਪ੍ਰਤਾਪ ਕਰਕੇ ਦਿਨ ਵਾਰ ਦਾ ਹਿਸਾਬ ਨਹੀਂ ਹੈ, ਜਿਥੇ ਦਿੱਲੀ ਦੇ ਈਸ਼ (ਔਰੰਗਜ਼ੇਬ) ਦਾ ਰਾਜ ਨਹੀਂ ਹੈ, ੨. ਜਿਥੇ ਚੰਦ੍ਰਮਾਂ ਦੀ ਕਲਾ ਦੀ ਇਕ ਕਿਰਨ ਬੀ ਨਹੀਂ ਅੱਪੜਦੀ, ਜਿਥੇ ਸ਼ੇਰਾਂ ਦੇ ਝੁੰਡ ਹੀ ਦੌੜੇ ਫਿਰਦੇ ਹਨ। ੩. ਜਿਥੇ ਇੰਦਰ ਦੀ ਪਹੁੰਚ ਨਹੀਂ, ਕਾਮਦੇਵ ਦੀ ਬੁੱਧੀ ਜਿਥੇ ਨਹੀਂ ਅੱਪੜਦੀ, ਸ਼ਿਵ ਜੀ (ਦੀ ਮਤੀ ਭੀ ਜਿਥੇ) ਨਹੀਂ ਪਹੁੰਚਦੀ, ੪. ਜਿਥੇ ਕਦੇ ਵੇਦ ਤੇ ਸਿੰਮ੍ਰਤੀਆਂ ਦੀ ਅਵਾਜ਼ ਸੁਪਨ ਵਿਚ ਸੁਣੀ ਨਹੀਂ ਗਈ ਓਥੇ ਗੁਰੂ ਗੋਬਿੰਦ ਸਿੰਘ ਜੀ ਦਾ ਜਸਗਾਵਿਆਂ ਜਾ ਰਿਹਾ ਹੈ। (ਭਾਵ-ਸੁੰਨ ਮੰਡਲ ਵਿਚ, ਲੋਕ ਤੇ ਪ੍ਰਲੋਕ ਵਿਚ ਧਰਤੀ ਤੇ ਹਿੰਦੁਸਤਾਨ ਤੋਂ ਦੂਰ ਦੂਰ, ਗੁਰੂ ਗੋਬਿੰਦ ਸਿੰਘ ਦਾ ਜਸ ਹੋ ਰਿਹਾ ਹੈ)।

ੲ. {ਨਗਾਰਾ ਵੱਜਣ ਦਾ ਹੌਲ}

ਕਬਿਤ-

ਬਾਜਤਿ ਨਿਸ਼ਾਨ ਕੇ ਦਿਸ਼ਾਨ ਭੂਪ ਭਹਿਰਤਿ,
ਹਾਲਾਡੋਲ ਪਰਤਿ ਕੁਬੇਰ ਹੂੰ ਕੇ ਘਰ ਮੈਂ।
ਹੋਤ ਹੈ ਅਤੰਕ ਸ਼ੰਕ ਲੰਕ ਹੂੰ ਮੈਂ ਮਾਨੀਯਤਿ,
ਰੰਕ ਹ੍ਵੈ ਬਿਭੀਖਨ ਸੋ ਡੋਲਤ ਡਹਰ ਮੈਂ।
ਭੂ ਮੈਂ ਗੁਰ ਗੋਬਿੰਦ ਸੋਂ ਭੂਪਤਿ ਕਹਿਤ ਠਾਂਢੇ,
ਭੂ ਮੈਂ ਹਮੈਂ ਰਾਖ ਜੋ ਤੁਹਾਰੇ ਆਵੈ ਧਰ ਮੈਂ।
ਅਰਿਨਿ ਕੀ ਰਾਨੀ ਬਿਲਲਾਨੀ ਚਹੈਂ ਪਾਨੀਤੇ ਵੈ,
ਮੋਤਿਨਿ ਕੀ ਮਾਲ ਲੈ ਨਿਚੋਵਤੀ ਅਧਰ ਮੈਂ*।

ਅਰਥ-੧. ਨਗਾਰੇ ਦੇ ਵਜਦਿਆਂ ਦਿਸ਼ਾ ਦੇ ਰਾਜੇ ਡਰਦੇ ਹਨ ਤੇ ਕੁਬੇਰ ਦੇ ਘਰ ਵਿਚ ਤਾਂ ਹਲਚਲੀ ਮਚ ਜਾਂਦੀ ਹੈ। ੨. (ਐਸਾ) ਹੁੰਦਾ ਹੈ ਡਰ ਕਿ ਲੰਕਾ ਦੇ ਵਿਚ ਬੀ ਭੈ ਮੰਨਿਆ ਜਾਂਦਾ ਹੈ ਤੇ ਬਿਭੀਖਨ ਕਾਇਰ ਹੋਕੇ ਜੰਗਲਾਂ ਵਿਚ ਫਿਰਦਾ ਹੈ ਡੋਲਦਾ। ੩. ਪ੍ਰਿਥਵੀ ਤੇ ਖੜੇ ਰਾਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਹਿ ਰਹੇ ਹਨ:-ਜ਼ਿਮੀਂ ਤੇ ਸਾਨੂੰ ਰੱਖ ਲੈ (ਕਿਉਂਕਿ) ਤੁਹਾਡੀ (ਸ਼ਰਨ ਜੋ) ਆਵੇ (ਉਸ ਨੂੰ ਰੱਖਣਾ ਤੁਹਾਡਾ) ਧਰਮ ਹੈ। (ਅ) ਜੋ ਅਸੀਂ ਤੁਹਾਡੀ (ਧਰ-ਮੈ) ਸ਼ਰਨ ਵਿਚ ਆਏ ਹਾਂ। ੪. ਵੈਰੀਆਂ ਦੀਆਂ ਰਾਣੀਆਂ (ਭੈ ਨਾਲ) ਵਿਲਪ-ਦੀਆਂ ਦੇ (ਹੋਠ ਸੁਕਦੇ ਹਨ ਤਾਂ) ਪਾਣੀ ਮੰਗਦੀਆਂ ਹਨ, (ਪਾਣੀ ਘਬਰਾ ਵਿਚ ਲੱਭਦਾ ਨਹੀਂ ਤਾਂ) ਮੋਤੀਆਂ ਦੀ ਮਾਲਾ ਹੋਠਾਂ ਤੇ ਨਿਚੋੜਦੀਆਂ ਹਨ।

ਸ. {ਚੰਦ ਤੇ ਗੁਰੂ ਜੀ ਦਾ ਮੁਕਾਬਲਾ ਤੇ ਗੁਰੂ ਵਿਸ਼ੇਸ਼ਤਾ}

ਪੁਨਜਾਈ ਹੂੰ ਸਰਸਾਤ ਦੂਜ ਜਾਤ ਅਵਦਾਤ,
ਕਲਾਕਰ ਨਾਮ ਭ੍ਰਾਂਤ ਅੰਮ੍ਰਿਤ ਬਨਾਏ ਹੈਂ।
ਗ੍ਰਹਿ ਗ੍ਰਹਿ ਬਾਸੀ ਤਮ ਨਾਸੀ ਸ੍ਰੀ ਪ੍ਰਕਾਸੀ,
ਅਬਿਨਾਸੀ ਪਦ ਪਾਇ ਲੋਕਾ ਲੋਕਨ ਮੈਂ ਗਾਏ ਹੈਂ।
ਦੋਊ ਪਰਮਾਨੰਦ ਸੋਂ ਕੀਰਤ ਕੇ ਉਜਿਯਾਰੇ,
ਪੂਜਿ ਪੂਜਿ ਉਮਾਪਤਿ ਭਲੇ ਲੈ ਚਢਾਏ ਹੈਂ।
ਸਸਿ ਬੇਖੀ ਭਯੋ ਇੰਦ ਸੁਨਿਐ ਗੁਰੂ ਗੋਬਿੰਦ,
ਕੁਹੂ ਕੇ ਅਨਿੰਦ ਸਸਿ ਨਿੰਦਿਤ ਕਹਾਏ ਹੈਂ*।

{ਇਸ ਛੰਦ ਦੇ ਅਰਥ ਉਖੇਰੇ ਹਨ ਪਰ ਸ਼ਲੇਖ ਦੀ ਸਹਾਇਤਾ ਨਾਲ ਸਾਰੇ ਪਦ ਪਦਾਰਥ ਲੱਗ ਜਾਂਦੇ ਹਨ}

ਅਰਥ-੧. (ਚੰਦ) ਪੁੰਨਜਾਂ ਤਕ ਹੀ ਵਧਦਾ ਹੈ (ਫੇਰ ਘਟ ਘਟ ਕੇ) ਦੂਜ ਤੱਕ ਜਾਂਦਾ ਹੈ, (ਪਰ ਗੁਰੂ ਗੋਬਿੰਦ ਸਿੰਘ ਜੀ) ਪੂਰਨ ਹੋਕੇ ਬੀ ਦੂਜਦੇ ਚੰਦ ਵਾਙੂ ਵਧਦੇ

---

*ਇਹ ਛੰਦ ਸੂ: ਪ੍ਰ: ਵਿਚ ਹੰਸਰਾਮ ਦੇ ਛੰਦਾਂ ਦੇ ਵਿਚਾਲੇ ਹੈ। ਬਾਬਾ ਸੁਮਰ ਸਿੰਘ ਜੀ ਨੇ ਇਹ ਹੰਸਰਾਮ ਛਾਪ ਵਾਲੇ ਦੇ ਬਾਦ ਅਖੀਰਲਾ ਛੰਦ ਦਿਤਾ ਹੈ। ਇਸ ਮੁਜਬ ਇਹ ਬੀ ਹੰਸਰਾਮ ਦਾ ਹੀ ਮੰਨਣਾ ਚਾਹੀਏ। ਚਾਲ ਢਾਲ ਬੀ ਓਸੇ ਵਰਗੀ ਹੈ।

*ਇਹ ਅਤੇ ਅਗਲਾ ਛੰਦ ਸੂਰਜ ਪ੍ਰਕਾਸ਼ ਵਿਚ ਨਹੀਂ ਹੈ। ਇਨ੍ਹਾਂ ਵਿਚ ਛਾਪ ਨਹੀਂ ਹੈ, ਪਰ ਬਾਬਾ ਸੁਮੇਰ ਸਿੰਘ ਜੀ ਨੇ ਇਨ੍ਹਾਂ ਨੂੰ ਹੰਸ ਰਾਮ ਦਿਆਂ ਛੰਦਾਂ ਵਿਚ ਲਿਖਿਆ ਹੈ ਸੋ ਉਸੇ ਦੇ ਹੀ ਮੰਨਣੇ ਠੀਕ ਹਨ।

ਜਾਂਦੇ ਹਨ, (ਇਹ ਗਲ) ਪ੍ਰਗਟ ਹੈ*। (ਚੰਦ ਦਾ ਨਾਮ ਹੈ) ਕਲਾ ਵਾਲਾ (ਪਰ ਉਹ ਕਲਾ ੧੬ ਹਨ ਤੇ ਗੁਰੂ ਜੀ ਦਾ ਨਾਮ ਬੀ) ਕਲਾਕਰ ਹੈ, (ਪਰ ਉਹ ਹੈ ਕਲਾ+ਆਕਰ=ਕਲਾ ਦੀ ਖਾਣ, ਅਨੰਤ ਕਲਾ ਹਨ ਜਿਸ ਵਿਚ)। (ਚੰਦ) ਅੰਮ੍ਰਿਤ ਬਣੌਂਦਾ ਹੈ (ਪਰ ਉਹ ਔਖਧੀਆਂ ਵਿਚ ਪੈਕੇ ਸਰੀਰ ਨੂੰ ਸੁਖ ਦੇਂਦਾ ਹੈ, ਮਨ ਦੀ) ਭ੍ਰਾਂਤੀ (ਦੂਰ ਨਹੀਂ ਹੁੰਦੀ, ਗੁਰੂ ਜੀ ਬੀ) ਅੰਮ੍ਰਿਤ ਬਣਾਉਂਦੇ ਹਨ (ਪਰ ਉਹ ਮਨ ਦੀ ਅਗਜਾਨ) ਭ੍ਰਾਂਤੀ ਨੂੰ (ਦੂਰ ਕਰਦਾ ਹੈ)।

੨. (ਚੰਦ) ਘਰ ਘਰ ਵਿਚ ਛਾਏ ਹਨੇਰੇ ਮਾਤ੍ਰ ਨੂੰ ਸੁਹਣੇ ਪ੍ਰਕਾਸ਼ ਨਾਲ ਦੂਰ ਕਰਦਾ ਹੈ ਤੇ ਲੋਕਾ-ਲੋਕ ਪਰਬਤ ਦੇ ਦੁਆਲੇ ਘੁੰਮਦਾ ਦੱਸੀਦਾ ਹੈ (ਪਰ ਗੁਰੂ ਜੀ) ਹ੍ਰਿਦੇ ਹ੍ਰਿਦੇ ਵਿਚ ਵੱਸ ਰਹੇ ਹਨੇਰੇ ਨੂੰ ਸੁਹਣੇ ਪ੍ਰਕਾਸ਼ ਨਾਲ ਦੂਰ ਕਰਦੇ ਹਨ ਜਿਸ ਕਰਕੇ ਅਬਿਨਾਸ਼ੀ ਪਦ ਪਾਕੇ (ਪਾਉਣ ਵਾਲੇ) ਲੋਕ ਅਲੋਕ (ਲੋਕ ਪ੍ਰਲੋਕ) ਵਿਚ ਗੁਣ ਗਾਉਂਦੇ ਹਨ।

੩. ਦੋਵੇਂ ਪਰਮ ਅਨੰਦ ਦੇ ਦਾਤੇ ਹਨ ਇਕ (ਭਾਵ ਚੰਦ) ਚਾਨਣਾ ਦੇਕੇ (ਅਤੇ ਦੂਜੇ ਭਾਵ) ਗੁਰੂ ਜੀ (ਆਪਣੀ) ਕੀਰਤੀ ਦੇ ਚਾਨਣੇ ਕਰਕੇ, (ਫਿਰ ਦੇਖੋ ਪੂਜ=) ਲੋਕਾਂ ਤੋਂ ਪੂਜਿਆ ਗਿਆ (ਚੰਦ) ਸ਼ਿਵ ਨੇ (ਮਥੇ ਤੇ) ਚੜ੍ਹਾ ਲਿਆ ਹੈ (ਪਰ ਪੂਜਯ ਭਾਵ) ਗੁਰੂ ਜੀ ਦਾ ਪੂਜਨ ਕਰਦਾ ਹੈ ਸ਼ਿਵ (ਭਾਵ, ਸ਼ਿਵ ਜਦ ਗੁਰੂ ਜੀ ਦਾ ਪੂਜਨ ਕਰਦਾ ਮੱਥਾ ਟੇਕਦਾ ਹੈ ਤਾਂ ਉਨ੍ਹਾਂ ਦੇ ਮੱਥੇ ਵਿਰਾਜਯਾ ਚੰਦ ਭ੍ਰੀ ਨਮਸਕਾਰ ਵਿਚ ਪੈ ਜਾਂਦਾ ਹੈ)।

੪. ਸੁਨੋ ਹੇ ਲੋਕੋ ਚੰਦ ਤੇ ਗੁਰੂ ਗੋਬਿੰਦ ਸਿੰਘ ਦੋਵੇਂ ਚੰਦ੍ਰਮਾਂ ਸਰੂਪ ਹਨ (ਪਰ ਚੰਦ੍ਰਮਾਂ ਤਾਂ ਕੁਹੂ =) ਮਸਯਾ ਨੂੰ (ਲੋਪ ਹੁੰਦਾ ਹੈ ਤੇ ਗੁਰੂ ਜੀ ਦਰਬਾਰ ਵਿਚ ਦਰਸ਼ਨ ਖੁੱਲੇ ਦਿੰਦੇ ਹਨ। ਉਹ ਉਸ ਦਿਨ ਚਾਨਣਾ ਨਾ ਦੇਣ ਕਰਕੇ ਚਾਨਣੇ ਦੇ ਲੋੜਕੂਆਂ ਤੋਂ) ਨਿੰਦਿਆ ਜਾਂਦਾ ਹੈ, (ਪਰ ਏਹ) ਦਰਸ਼ਨ ਕਰਨ ਹਾਰਿਆਂ ਤੋਂ (ਅਨਿੰਦ=) ਸਲਾਹੇ ਜਾਂਦੇ ਹਨ।

ਗੁਨਨ ਮੈਂ ਗੁਨੀ[1] ਕਹੈਂ, ਗਜਾਨ ਨਿਧਿ ਮੁਨੀ[2] ਕਹੈਂ,
ਦਾਤਾ ਸਭ ਦੁਨੀ ਕਹੈ ਦਾਰਿਦ ਨਸਾਈਏ।
ਏਕ ਕਹੈਂ ਦੱਛਨ[3] ਕੇ ਲੱਛਨ ਪ੍ਰਤੱਛ ਯਾ ਮੈਂ,
ਏਕ ਕਹੈਂ ਛਬਿ ਕੇ ਬਿਤਾਨ ਛਿਤ ਛਾਈਏ।
ਏਕ ਬੀਰ ਭਾਰੀ ਕਹੈਂ, ਏਕ ਉਪਕਾਰੀ ਕਹੈਂ,
ਏਕ ਧਰਮਧਾਰੀ ਕਹੈਂ, ਲੋਕਾਲੋਕ[4] ਗਾਈਏ।
ਲਾਜ ਕੇ ਜਹਾਜ ਗੁਰੂ ਗੋਬਿੰਦ ਬਿਰਾਜੈਂ ਆਜ,
ਜਗ ਕੇ ਸਮਾਜ[5] ਸਭ ਰਾਉਰੇ ਮੈਂ ਪਾਈਏ।

ਇਹ ਛੰਦ ਉੱਲੇਖ ਅਲੰਕਾਰ ਦਾ ਉੱਤਮ ਨਮੂਨਾ ਹੈ। ਇਕ ਵਸਤੂ ਦਾ ਦੇਖਣ ਵਾਲਿਆਂ ਦੇ ਭਾਵਨਾ ਭੇਦ ਕਰਕੇ ਅਨੇਕ ਪ੍ਰਕਾਰ ਦਾ ਵਰਣਨ ਕਰਨਾ ਉੱਲੇਖ ਅਲੰਕਾਰ ਕਹਾਉਂਦਾ ਹੈ। ਅਰਥ ਐਉਂ:-

ਅਰਥ-੧. ਗੁਣੀਆਂ (ਦੀ ਦ੍ਰਿਸ਼ਟੀ) ਵਿਚ (ਗੁਰੂ ਗੋਬਿੰਦ ਸਿੰਘ ਜੀ ਦੀ ਵਜਕਤੀ) ਗੁਣਾਂ ਵਿਚ ਪ੍ਰਬੀਨ ਕਹੀ ਜਾਂਦੀ ਹੈ, ਮੁਨੀ (ਉਸਨੂੰ) ਗਜਾਨ ਦਾ ਖ਼ਜ਼ਾਨਾ ਸਮਝਦੇ ਹਨ, ਸਾਧਾਰਨ ਦੁਨੀਆਂ ਦੇ ਲੋਕ (ਉਸ ਨੂੰ) ਦਾਤਾ ਸਮਝਦੇ ਹਨ (ਕਿਉਂਕਿ ਉਹ ਹਰ ਕਿਸੇ ਦਾ) ਦਰਿਦ੍ਰ ਦੂਰ ਕਰਦੇ ਹਨ। ੨. ਇਕ ਕਹਿੰਦੇ ਹਨ ਇਨ੍ਹਾਂ ਵਿਚ ਨਿਪੁਨਾਂ ਵਾਲੇ ਪੂਰੇ ਲੱਛਣ ਪ੍ਰਤੱਖ ਹਨ, ਇਕ ਕਹਿੰਦੇ ਹਨ ਇਹ ਸੁੰਦਰਤਾ ਦੇ (ਮਾਨੋ) ਚੰਦੋਏ ਧਰਤੀ ਉਤੇ ਤਣੇ (ਖੜੋਤੇ) ਹਨ। ੩. ਇਕ ਕਹਿੰਦੇ ਹਨ ਬੜੇ ਬਹਾਦਰ ਹਨ, ਇਕ ਉਪਕਾਰੀ ਕਹਿੰਦੇ ਹਨ, ਇਕ (ਆਪ ਨੂੰ) ਧਰਮ ਧਾਰੀ ਕਹਿੰਦੇ ਹਨ, ਲੋਕ ਪ੍ਰਲੋਕ ਵਿਚ (ਹਰ ਕੋਈ

---

*(ਅ) (ਇਹ ਗਲ) ਪ੍ਰਗਟ ਹੈ (ਕਿ ਚੰਦ) ਦੂਜ ਨੂੰ (ਜਾਤ=) ਜਨਮ ਲੈਕੇ ਪੁੰਨਯਾਂ ਤਕ ਹੀ ਵਧਦਾ ਹੈ, (ਪਰ ਗੁਰੂ ਗੋਬਿੰਦ ਸਿੰਘ ਜੀ) ਪੂਰਨ ਹੋਕੇ ਬੀ ਦੂਜ ਦੇ ਚੰਦ ਵਾਂਙੂ ਵਧਦੇ ਹਨ।

੧. ਗੁਣੀ=ਕਲਾ ਕੌਸ਼ਲ ਵਾਲਾ, ਕੋਮਲ ਉਨਰਾਂ ਦਾ ਪ੍ਰਬੀਨ।

੨. ਮੁਨੀ=ਉਹ ਮਹਾਤਮਾਂ ਜੋ ਧਰਮ ਤੇ ਈਸ਼ੂਰ ਗਜਾਨ ਵਿਚ ਸੰਪੂਰਨ ਹੋਵੇ ਤੇ ਹਰ ਤਰ੍ਹਾਂ ਸਤਿਕਾਰ ਯਗ ਹੋਵੇ। ੩. ਦੱਛਣ=ਦਕਸ਼=ਨਿਪੁਨਤਾ ਦੇ ਕਮਾਲ ਵਾਲਾ। ਜੋ ਥੋੜੇ ਚਿਰ ਵਿਚ ਸੁਤੇ ਹੀ ਬ੍ਰੀਕ ਤੋਂ ਬ੍ਰੀਕ ਵੇਰਵੇ ਹਲ ਕਰਦਾ ਹੋਇਆ ਅਪਣੇ ਕਾਰਜ ਜਾਂ ਉਨਰ ਨੂੰ ਸਿਰੇ ਚਾੜ ਲਵੇ (Genius) ੪. ਲੋਕਾਲੋਕ=ਲੋਕ ਪ੍ਰਲੋਕ। ੫. ਸਮਾਜ= ਸਮੂਹ, ਭਾਵ ਗੁਣਾਂ ਦੇ ਸਮੂਹ।

ਅਪਣੀ ਭਾਵਨਾ ਅਨੁਸਾਰ ਉਨ੍ਹਾਂ ਦਾ ਯਸ਼) ਗਾ ਰਿਹਾ ਹੈ। (ਜਿਨਕੀ ਰਹੀ ਭਾਵਨਾ ਜੈਸੀ। ਪ੍ਰਭੁ ਮੂਰਤ ਦੇਖੀ ਤਿਨ ਤੈਸੀ)। ੪. (ਪਰ ਕਵਿ ਕਹਿੰਦਾ ਹੈ ਕਿ ਹੇ) ਗੁਰੂ ਗੋਬਿੰਦ ਸਿੰਘ ਜੀ (ਮੈਨੂੰ) ਆਪ ਜੀ ਦੀ (ਵਜਕਤੀ) ਜੋ ਜਗਤ ਦੇ ਸਮੂਹ ਗੁਣਾਂ ਦਾ ਸੰਪੰਨ ਹੈ, ਬਿਰਦ ਪਾਲਕ ਜਹਾਜ਼ ਵਾਕਣ ਸ਼ੋਭਾ ਪਾਉਂਦੀ ਨਜ਼ਰ ਆ ਰਹੀ ਹੈ।

---o---

ਇਸਤੋਂ ਅਗਲੇ ਤ੍ਰੈ ਛੰਦ ਸੂਰਜ ਪ੍ਰਕਾਸ਼ ਵਿਚ ਕਵੀ ਸੰਤੋਖ ਸਿੰਘ ਦੇ ਛਾਪ ਵਾਲੇ ਤੋਂ ਬਾਦ ਔਣ ਕਰਕੇ ਸੰਭਾਵਨਾ ਹੋ ਸਕਦੀ ਹੈ ਕਿ ਉਨ੍ਹਾਂ ਦੇ ਹੋਣ, ਪਰ ਇਹ ਉਨ੍ਹਾਂ ਦੇ ਨਹੀਂ। ਬਾ: ਸੁਮੇਰ: ਸਿੰ: ਜੀ ਨੇ ਹਜ਼ੂਰੀ ਕਵੀਆਂ ਦੇ ਮੰਨੇ ਹਨ। ਪਹਿਲੇ ਨੂੰ ਤਾਂ ਕਵੀ ਦਾ ਨਮਾ ਦਿੱਤੇ ਬਿਨਾਂ 'ਦਾਨ ਕਬਿੱਤ' ਦੇ ਸਿਰਲੇਖ ਹੇਠ ਦਿਤਾ ਹੈ ਤੇ ਅਗਲੇ ਦੋ ਹੰਸਰਾਮ ਦੇ ਛੰਦਾਂ ਦੇ ਵਿਚਕਾਹੇ ਦਿੱਤੇ ਹਨ ਤੇ ਦੋਹਾਂ ਨੂੰ 'ਅਤੰਕ ਸਮਰ ਬੀਰ ਕੇ ਕਬਿਤ' ਦੀ ਸੁਰਖੀ ਦੇ ਹੇਠ ਲਿਖਿਆ ਹੈ-

ੳ. {ਘੋੜਿਆਂ ਦਾ ਦਾਨ}

ਅਰਬ ਅਰਾਕਵੈ ਦ੍ਵੈ ਨਾਬ ਦ੍ਵੈ ਰਕਾਬ ਵਾਰੇ,
ਬਾਰੇ ਬੰਡੇ ਡੀਲ ਪੀਲ ਸੈਨਕ ਹੈਂ ਕ੍ਰੂਤ ਕੇ।
ਚਪਲਾ ਸੇ ਚਪਲ, ਚਲਾਕ ਚਹੂੰ ਪਾਇ ਪੂਰੇ,
ਪੌਨ ਗੌਨ, ਪਲ ਕੌ ਸਕੇ ਨ ਦਿਨ ਦ੍ਰੂਤ ਕੇ।
ਮਨ ਕੋ ਹਰਨ, ਮਨ ਮੀਨ ਕੇ ਦਰਨ, ਜਿਨ੍ਹੈ,
ਚਾਹਨ ਕੀ ਚਾਹ ਪਾਤਸ਼ਾਹਨ ਕੇ ਪੂਤਿ ਕੇ।
ਬਖਸ਼ੇ ਤਿਹਾਰੇ ਗੁਰੂ ਗੋਬਿੰਦ ਜੀ ਐਸੇ ਹਯ,
ਬਿਰਥ ਹੈਂ, ਨ ਜਾਇ ਪਾਇ ਗਏ ਪੁਰਹੂਤ ਕੇ।

ਅਰਥ-੧. (ਹੇ ਨਾਥ) ਇਰਾਕ ਅਰਬ* ਦੇ ਦੋ ਅਸਵਾਰੀ ਵਾਲੇ ਘੋੜੇ, ਦੋਵੇਂ ਨਾਯਾਬ, (ਬਾਰੇ=ਉਮਰ ਦੇ ਕੁਮਾਰ ਭਾਵ) ਚੜ੍ਹਦੀ ਜੁਵਾਨੀ ਵਾਲੇ, ਵਡੀ ਡੀਲ ਵਾਲੇ (ਐਸੇ ਕਿ) ਮਾਨੋ ਹਾਥੀਆਂ ਦੇ ਸਰਦਾਰ ਹਨ ਕ੍ਰੱਵਤ ਵਿਚ। ੨. ਬਿਜਲੀ ਵਾਂਙ ਚੰਚਲ ਹਨ, ਚਹੂੰ ਪੈਰਾਂ ਤੋਂ ਪੂਰੇ ਚਲਾਕ ਹਨ, ਚਾਲ ਵਿਚ ਪੌਣ (ਵਰਗੇ ਹਨ;) ਸੂਰਜ[1] ਦੇ ਘੋੜੇ ਇਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦੇ। ੩. ਮਨ ਦੇ ਹਰਨ ਵਾਲੇ (ਭਾਵ ਸੁਹਣੇ) ਹਨ, ਮੱਛੀ ਦੇ ਮਾਨ ਨੂੰ ਦਲਨ ਵਾਲੇ (ਭਾਵ ਚੰਚ-ਲਤਾ ਤੋਂ ਹੈ), ਜਿਨ੍ਹਾਂ ਦੇ (ਚਾਹਨ=) ਦੇਖਣ ਦੀ ਚਾਹ ਪਾਤਸ਼ਾਹਾਂ ਦੇ ਪੁੱਤ੍ਰਾਂ ਨੂੰ ਬੀ ਹੈ। ੪. ਹੇ ਗੁਰੂ ਗੋਬਿੰਦ ਸਿੰਘ ਜੀ ਤੁਹਾਡੇ ਬਖਸ਼ੇ ਹੋਏ ਘੋੜੇ ਐਸੇ ਅਸਵਾਰੀ ਦੇ ਘੋੜੇ ਹਨ ਕਿ ਇੰਦਰ ਕੋਲ ਗਿਆਂ ਬੀ ਨਹੀਂ ਲੱਭ ਸਕਦੇ[2]।

ਕ. {ਗੁਰੂ ਜੀ ਦੇ ਇਕ ਯੁੱਧ ਦਾ ਦਰਸ਼ਨ}

ਪਾਰਥ ਸਮਾਨ ਮਹਾਂਭਾਰਥ ਮਚਾਯੋ ਤਹਾਂ,
ਖਾਯੋ ਮਾਸਹਾਰਨੀ ਅਹਾਰ ਜੇਤੋ ਖਾਇਗੋ।
ਮੰਦਰ ਸੇ ਮੋਕਲ ਗਇੰਦਨ ਕੀ ਗਰਜਨਿ,
ਧੌਂਸਾ ਕੀ ਧੁੰਕਾਰ ਧਰਾਧੀਸ਼ ਅਕੁਲਾਇਗੋ।
ਐਸੋ ਕੀਨੋ ਸਮਰ ਅਮਰ ਲੋਕ ਸੁਨਿਯਤ,
ਤੇਰੋ ਹੀ ਬਖਾਨ ਖਾਨ ਪਾਨ ਸੋ ਭੁਲਾਇਗੋ।
ਮਾਰਿਕੈ ਮਦਾਨ ਅਰਿ ਡਾਰੇ ਗੁਰ ਗੋਬਿੰਦ ਕੇ,
ਕਾਲ ਕਲਾ ਫੇਰ ਕੋਊ ਕਾਲਹਿ ਸੁਹਾਇਗੋ।

ਅਰਥ-੧. ਓਥੇ (ਗੁਰੂ ਜੀ ਨੇ) ਅਰਜਨ ਵਾਂਙੂ ਐਸਾ ਜੁੱਧ ਕੀਤਾ ਕਿ ਮਾਸਾਹਾਰੀ ਪੰਛੀਆਂ ਇਲ ਆਦਿਕਾਂ ਨੇ ਰੱਜ ਰੱਜਕੇ ਮਾਸ ਖਾਧਾ ਮੁਰਦਿਆਂ ਦਾ। ੨. ਮੰਦ੍ਰਾਚਲ ਵਰਗੇ ਖੁੱਲ੍ਹੇ ਛੁੱਟੇ ਹੋਏ ਹਾਥੀਆਂ ਦੀ ਗਰਜ ਤੇ ਧੌਂਸਿਆਂ ਦੀ ਧੁੰਕਾਰ ਸੁਣਕੇ ਰਾਜੇ ਘਬਰਾ ਗਏ। (ਅ) ਮੰਦਰਾਂ ਤੋਂ ਨਿਕਲੇ ਹਾਥੀਆਂ ਦੀ ਗਰਜ...। ੩. ਐਸਾ ਜੁੱਧ ਕੀਤਾ ਕਿ ਜਦ ਸੁਰਗ ਲੋਕ ਵਿਚ ਸੁਣਿਆ ਗਿਆ ਤਾਂ ਦੇਵਤੇ ਆਪ ਦੇ ਹੀ ਜ਼ਿਕਰ ਵਿਚ ਲਗ ਗਏ, ਖਾਣ ਪੀਣ ਤਕ ਭੁੱਲ ਗਿਓ ਨੇ। ੪. ਸ੍ਰੀ ਗੁਰੂ ਗੋਬਿੰਦ ਜੀ ਦੇ ਮਦਾਨ ਵਿਚ

---

*ਅਰਬ ਅਰਾਕ=ਇਰਾਕ ਅਰਬ। ਘੋੜਿਆਂ ਲਈ ਪ੍ਰਸਿੱਧ ਦੇਸ਼। ਫਾ:, ਨਾਬ ਨਾਯਾਬ, ਦੁਰਲਭ। (ਅ) ਸੁੰਦਰ ਸ੍ਰੱਛ। ਰਕਾਬ= ਅਸੁਵਾਰੀ ਦਾ ਘੋੜਾ।

੧. ਦਿਨ ਦ੍ਰੂਤ=ਦਿਨ ਦਾ ਦ੍ਰੂਤ ਭਾਵ ਸੂਰਜ। (ਅ) ਦਿਨ ਦ੍ਰੂਤ=ਅਰੁਣ, ਸੂਰਜ ਦਾ ਰਥਵਾਹੀ। ੨. ਹਯ ਵਿਰਥ=ਵਿ+ਰਥ+ਹਯ=ਓਹ ਘੋੜੇ ਜੋ ਰਥ ਵਿਚ ਨਾ ਲਗੇ ਹੋਣ, ਖਾਸ ਸਵਾਰੀ ਦੇ ਘੋੜੇ। (ਅ) ਹੇ ਗੁਰੂ ਜੀ ਤੁਸਾਡੇ ਬਖਸ਼ੇ ਘੋੜੇ ਐਸੇ ਹਨ ਕਿ ਜਿਨ੍ਹਾਂ ਨੇ ਪਾ ਲਏ ਸੋ ਬਿਰਥਾ ਨਹੀਂ ਗਏ, ਇੰਦਰ ਹੋ ਗਏ।

ਮਾਰਕੇ ਸੁੱਟੇ ਹੋਏ ਵੈਰੀ (ਐਸੇ ਹੁਣ ਮਰੇ ਹਨ ਕਿ) ਕਾਲ ਹੀ ਆਪਣਾ ਚੱਕਰ (ਫੇਰਕੇ) ਕੋਈ ਸਮਾਂ ਬੀਤਣੇ ਪਰ ਮੁੜ ਸੁਰਜੀਤ ਕਰ ਸਕੇ ਤਾਂ ਕਰ ਸਕੇ।

ਮਹਾਂ ਬਾਹੁ ਬੀਰ ਗੁਰ ਗੋਬਿੰਦ ਤਿਹਾਰੇ ਤ੍ਰਾਸ,
ਬੈਰਨਿ ਕੀ ਸੈਨਾ ਬਨ ਬਨ ਬਿਚਰਤਿ ਹੈ।
ਗਹਿ ਕਰਵਾਰ ਕਾਢਿ ਕਾਟਿ ਕੈ ਦੁਜਨ ਦਲ,
ਜੋਗਿ ਜੁਰੇ ਜੋਗਨ ਜਮਾਤ ਬਿਹਰਤਿ ਹੈ।
ਸੈਹਥਿਨਿ ਹਨ ਰਿਪੁ ਹਾਥਨ ਕੋ ਘਾਇਨ ਤੇ,
ਰੁਧ੍ਰ ਧਾਰ ਐਸੀ ਬਹੀ ਆਸ ਨ ਧਰਤਿ ਹੈ।
ਆਗ ਲਗੇ ਧੂਮ ਭਏ ਘਰਨਿ ਅਕਾਰ ਸਮ,
ਮਾਨਹੁ ਝਰੋਖਨਿ ਝਰੱਪਨਿ ਕਰਤ ਹੈਂ।

ਅਰਥ-੧. ਹੇ ਮਹਾਂ ਬਾਹੂ[1] ਸ੍ਰੀ ਗੁਰੂ ਗੋਬਿੰਦ ਸਿੰਘ ਜੀਓ ਵੈਰੀਆਂ ਦੀ ਸੈਨਾ ਆਪ ਦੇ ਡਰ ਤੋਂ ਬਨ ਬਨ ਵਿਚ ਫਿਰ ਰਹੀ ਹੈ (ਭਾਵ ਛੁਪੀ ਫਿਰਦੀ ਹੈ)। ੨. (ਮਿਆਨ ਤੋਂ) ਤਲਵਾਰ ਫੜ ਕੇ ਕੱਢੀ ਤੇ ਦੁਰਜਨਾਂ ਦੇ ਦਲਾਂ ਨੂੰ ਕੱਟ ਲਿਆ (ਜਿਨ੍ਹਾਂ ਦੇ ਸਿਰਾਂ ਨੂੰ ਲਈ) ਸ਼ਿਵ[2] ਤੇ ਜੋਗਣੀਆਂ ਦੀ ਜਮਾਤ ਜੁੜਕੇ ਮਦਾਨ ਵਿਚ ਫਿਰ ਰਹੀ ਹੈ। ੩. (ਆਪਦੇ ਸੂਰਮਿਆਂ ਦੇ) ਹੱਥਾਂ ਤੋਂ ਸੈਹਥੀ (ਬਰਛੀ) ਨਾਲ ਮਾਰੇ ਗਏ ਦੁਸ਼ਮਨਾਂ ਦੇ ਘਾਵਾਂ ਤੋਂ ਐਸੀ ਲਹੂ ਧਾਰਾ ਵਹੀ ਕਿ ਬਚਨ ਦੀ ਆਸ ਚੁੱਕ ਗਈ। ੪. (ਜੈਸੇ ਕਿ) ਅੱਗ ਲਗਿਆਂ ਧੂਆਂ ਘਰਾਂ ਦੇ ਆਕਾਰ ਦਾ ਹੋ ਜਾਂਦਾ (ਘਰਾਂ ਵਿਚ ਭਰ ਜਾਂਦਾ ਹੈ) ਤਾਂ ਝਰੋਖਿਆਂ ਵਿਚੋਂ ਝੜਪ ਝੜਪ ਕਰ ਕੇ (ਅੱਗ ਦੀ ਲਾਟ) ਨਿਕਲਦੀ ਹੈ (ਐਉਂ ਲਹੂ ਧਾਰਾ ਚਲ ਰਹੀ ਹੈ, ਤਦ ਫਿਰ ਕੀ ਆਸ ਬਚਣ ਦੀ ਹੋ ਸਕਦੀ ਹੈ)।

ਖ. {ਅਵਿਤਾਰਤਾ}

ਸ੍ਵੈ ਮਤਿ ਅਨੁਸਾਰ ਕਵੀ ਇਸ ਛੰਦ ਵਿਚ ਸ੍ਰੀ ਗੁਰੂ ਜੀ ਨੂੰ ਹਰੀ ਦਾ ਅਵਤਾਰ ਮੰਨਦਾ ਤੇ ਗੁਣਾਂ ਸੰਯੁਕਤ ਵਰਣਨ ਕਰਦਾ ਹੈ:-

ਸਤਿਜੁਗ ਪ੍ਰਬਲ ਪ੍ਰਗਟ ਪਰਸਰਾਮ ਹ੍ਵੈ ਕੈ,
ਛੇਕ ਛਾਡੇ ਛੱਤ੍ਰੀ ਕਰ ਕਾਹੂੰ ਅੱਤ੍ਰ ਨਾ ਧਰਯੋ[3]।
ਤ੍ਰੇਤੈ ਰਘੁਨਾਥ ਹ੍ਵੈ ਕੇ ਰਾਵਨ ਸਨਾਥ ਕੀਨੋ,
ਗੀਧਨ ਖੁਵਾਯੋ ਮਾਸ ਲੰਕਪਤਿ ਜੋ ਲਰਯੋ[1]।
ਦ੍ਵਾਪਰ ਕਨ੍ਹਾਈ ਬਨਿ[2] ਬਾਂਸਰੀ ਬਜਾਈ ਸੁਨਿ,
ਸੁਰ ਨਰ ਮੁਨਿ ਕਾਹੂੰ ਧੀਰ ਨ ਤਬੈ ਕਰਯੋ[3]।
ਕਲਿਜੁਗ ਤਾਰਿਬੇ ਕੋ, ਸਾਧਨ ਕੇ ਪਾਰਬੇ ਕੋ,
ਸੁੰਦਰ ਸਰੂਪ ਗੁਰੂ ਗੋਬਿੰਦ ਹ੍ਵੈ ਅਵਤਰਯੋ[4]।

ਗ. {ਅਦੁਤੀ ਦਾਤਾ}

ਜੌਨੈ ਦੇਸ਼ ਜੱਯਤਿ ਨਰੇਸ਼ਨਿ ਕੇ ਪਾਸ ਤਹਾਂ,
ਠੌਰ ਠੌਰ ਤੁਮਰੋ ਹੀ ਜਸ ਗਾਈਯਤਿ ਹੈ।
ਪਾਇ ਗਹੇ ਤੇਰੇ ਪਾਇਗਹੇ ਪਾਈਯਤਿ, ਕਹੂੰ
ਔਰ ਜਾਇ ਗਰਜ਼ਾਇ ਗਰੋ ਪਾਈਯਤਿ ਹੈ।
ਐਸੇ ਗੁਰ ਗੋਬਿੰਦ ਕੀ ਸੁਕਬਿ ਸ਼ਰੱਨ ਤਾਕੋ
ਪੂਰਨ ਪ੍ਰਤਾਪ ਜਾਂਕੋ ਜੱਗ ਛਾਈਯਤਿ ਹੈ।
ਰਾਜੀ ਹੂਜੀਯਤਿ ਗਾਜੀਯਤ ਜਾਂਕੇ ਦਰਬਾਰ,
ਘਰ ਬਾਜੀ ਬਾਂਧ ਬਾਜੀ ਲੈਨ ਆਈਯਤ ਹੈ[5]।

ਅਰਥ-੧. ਜਿਸ ਜਿਸ ਦੇਸ਼ ਦੇ ਰਾਜਿਆਂ ਦੇ ਕੋਲ ਜਾਂਦੇ ਹਾਂ ਓਥੇ ਹਰ ਥਾਵੇਂ ਆਪ ਦਾ ਜਸ ਹੀ ਗਾਇਆ ਜਾਂਦਾ ਹੈ। ੨. (ਜਦ) ਤੇਰੇ ਚਰਨ ਪਕੜ ਲਈਦੇ ਹਨ, ਤਾਂ ਮਰਤਬਾ ਪਾ ਲਈਦਾ ਹੈ, ਕਿਤੇ

---

੧. ਲੰਮੀਆਂ ਬਾਹਾਂ ਵਾਲਾ, ਆਜਾਨੁ ਬਾਹੂ, ਬਲਵਾਨ। ੨. ਜੋਗਿ=ਜੋਗੀ ਭਾਵ ਸ਼ਿਵ।
੩. ਮੁਕਾਬਲੇ ਤੇ ਕੋਈ ਹੱਥ ਵਿਚ ਸ਼ਸਤ੍ਰ ਫੜਕੇ ਨਾ ਆਇਆ।

੧. ਲੰਕਾਪਤੀ (ਰਾਵਨ) ਜਾਂ ਲੜਿਆ ਤਾਂ ਉਸਦੇ (ਲਸ਼ਕਰ ਦਾ) ਮਾਸ ਗਿੱਧਾਂ ਨੂੰ ਖੁਵਾਇਆ। ੨. ਕ੍ਰਿਸ਼ਨ ਬਣਕੇ। ੩. ਕਿਸੇ ਨੇ ਬੀ ਧੀਰਜ ਨਾ ਕੀਤਾ, ਭਾਵ ਸਾਰੇ ਮੋਹਿਤ ਹੋ ਗਏ।
੪. ਇਹ ਛੰਦ ਹੰਸਰਾਮ ਦੇ ਛਾਪ ਵਾਲੇ ਛੰਦਾਂ ਦੇ ਬਾਦ ਲਿਖਿਆ ਮਿਲਦਾ ਹੈ, ਹੋ ਸਕਦਾ ਹੈ ਉਸੇ ਦਾ ਹੋਵੇ, ਪਰ ਜੇ ਅਖੀਰਲੇ ਬੰਦ ਦੇ ਛੰਦ 'ਸੁੰਦਰ' ਨੂੰ ਸਲੇਖ ਸਮਝੀਏ ਤਾਂ ਇਹ ਸੁੰਦਰ ਕਵੀ ਦਾ ਬੀ ਸਹੀ ਹੁੰਦਾ ਹੈ, ਜਿਸਦੇ ਦੋ ਛੰਦ ਪਿੱਛੇ ਦੇ ਆਏ ਹਾਂ।
੫. ਜੇ ਸ਼ਾਰਦਾ ਨੂੰ ਕਵਿ ਛਾਪ ਮੰਨੀਏ ਤਾਂ ਇਹ ਛੰਦ ਸੂ: ਪ੍ਰ: ਮੂਜਬ ਉਸਦੇ ਛਾਪ ਵਾਲੇ ਦੇ ਮਗਰੋਂ ਹੋਣ ਕਰਕੇ ਉਸਦਾ ਸੰਭਾਵਿਤ ਹੋ ਸਕਦਾ ਹੈ। ਪਰ ਬਾ: ਸੁਮੇਰ: ਸਿੰ: ਮੂਜਬ ਇਹ ਹੰਸਰਾਮ ਦੇ ਛਾਪ ਵਾਲੇ ਛੰਦਾਂ ਦੇ ਬਾਦ ਆਏ ਬੇ ਛਾਪਾਂ ਵਿਚੋਂ ਹੈ, ਸੋ ਹਾਲੇ ਸੰਭਾਵਨਾ ਇਸਦੇ ਹੰਸਰਾਮ ਦਾ ਹੀ ਹੋਣ ਦੀ ਹੈ। ਇਸ ਤੋਂ ਅਗਲੇ ਦੋ ਛੰਦ ਸੂ: ਪ੍ਰ: ਵਿਚ ਇਸਦੇ ਨਾਲ ਹੀ ਆਏ ਹਨ, ਇਸ ਕਰਕੇ ਹਾਲੇ ਉਨ੍ਹਾਂ ਨੂੰ ਬੀ ਹੰਸਰਾਮ ਵਾਲਿਆਂ ਵਿਚ ਹੀ ਥਾਂ ਦੇਂਦੇ ਹਾਂ।

ਹੋਰਥੇ ਜਾ ਕੇ ਗਰਜ਼ਮੰਦ ਹੋਈਏ ਤਾਂ ਗਿਰਾਉ ਪਾਈਦਾ ਹੈ[1]। ੩. ਹੇ ਕਵਿ! ਐਸੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਤੱਕੋ ਜਿਸਦਾ ਪੂਰਨ ਪ੍ਰਤਾਪ ਜਗਤ ਤੇ ਛਾ ਰਿਹਾ ਹੈ। ੪. ਜਿਸ ਦੇ ਦਰਬਾਰ ਵਿਚ ਜਦ ਰੱਜੀਦਾ ਹੈ (ਭਾਵ ਕਵਿਤਾ ਕਹੀਦੀ ਹੈ ਤਾਂ ਦਾਨ ਸਨਮਾਨ ਐਨਾ ਮਿਲਦਾ ਹੈ ਕਿ) ਰਾਜ਼ੀ ਹੋ ਜਾਈਦਾ ਹੈ, (ਇਕ) ਘੋੜਾ (ਦਾਨ ਮਿਲਿਆ), ਘਰ ਬੰਨ੍ਹ ਕੇ (ਇਕ ਹੋਰ) ਘੋੜਾ ਲੈਣ ਫੇਰ ਆ ਜਾਈਦਾ ਹੈ।

੩. {ਜਸਵਾਰੀਆਂ ਦੇ ਹਾਥੀ ਦਾ ਝਾਕਾ}

ਸ੍ਵਯਾ-ਸ੍ਰੀ ਗੁਰ ਗੋਬਿੰਦ ਖੱਗ ਗਹਜੋ, ਅਰਿ
ਫੌਜਨ ਕੇ ਇਭ ਸੈਲ ਬਿਭੈਲਹਿ।
ਸਾਂਗ ਸੰਭਾਰਿ ਦਈ ਗਜ ਸੀਸ,
ਅਸੀਸ ਦਈ ਹਰਿ ਘੂਮਤਿ ਗੈਲਹਿ।
ਘਾਇਨ ਤੇ ਭਭਕੈ ਨਿਜ ਸ੍ਰੌਨ
ਫੁਹਾਰਨ ਲੌ ਉਪਮਾ ਛਬਿ ਫੈਲਹਿ।
ਦੋ ਭੁਜ ਹੇਲ ਮਨੋ ਹਨੁਮਾਨ
ਹਿਲਾਵਤਿ ਜਾਨਿ ਸੰਜੀਵਨਿ ਸੈਲਹਿ।

ਅਰਥ-੧. (ਬਚਿੱਤ੍ਰ ਸਿੰਘ ਦੇ ਪੁਰੋਏ ਹਾਥੀ ਦਾ ਰੂਪਕ ਹੈ:-) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਤਲਵਾਰ ਪਕੜੀ ਤਾਂ ਵੈਰੀ ਪਹਾੜੀਆਂ ਨੇ ਫੌਜਾਂ (ਦੇ ਅੱਗੇ) ਹਾਥੀ ਪ੍ਰੇਰਿਆ[2]। ੨. (ਜਦੋਂ ਬਚਿੱਤ੍ਰ ਸਿੰਘ ਨੇ) ਸਾਂਗ ਸੰਭਾਲੀ ਤੇ ਹਾਥੀ ਦੇ ਸਿਰ ਵਿਚ ਖੋਭ ਦਿੱਤੀ ਤਾਂ ਹਾਥੀ ਨੇ (ਸਿਰ ਨਿਵਾਇਆ ਮਾਨੋ) ਅਸੀਸ ਦਿੱਤੀ ਤੇ ਪਿਛਲੇ ਪਾਸੇ ਮੁੜ ਪਿਆ[3]। ੩. (ਹਾਥੀ ਦੇ) ਆਪਣੇ ਘਾਵਾਂ ਤੋਂ ਲਹੂ ਐਉਂ ਫੁਟਿਆ ਕਿ ਫੁਹਾਰਿਆਂ ਦੀ ਉਪਮਾ ਦੀ ਸੁੰਦਰਤਾ ਫੈਲੀ। ੪. (ਸਾਂਗ ਕੱਢਣ ਵੇਲੇ ਦੀ ਉਪਮਾ:-) ਮਾਨੋ ਹਨੂਮਾਨ ਆਪਣੀਆਂ ਦੋ ਬਾਹਵਾਂ ਨਾਲ ਘੁਮਾ ਕੇ ਸੰਜੀਵਨੀ ਬੂਟੀ ਦੇ ਪਰਬਤ ਨੂੰ ਹਿਲਾ ਰਿਹਾ ਹੈ (ਭਾਵ ਬਚਿੱਤ੍ਰ ਸਿੰਘ ਹਨੂਮਾਨ ਹੈ, ਹਾਥੀ ਪਰਬਤ ਹੈ, ਲਹੂ ਦਾ ਫੁਹਾਰਾ ਸੰਜੀਵਨੀ ਬੂਟੀ ਹੈ)।

---

੧. {ਫ਼ਾ:, ਪਾਏਗਾਹ=ਦਰਜਾ, ਮੁਰਾਤਬਾ। ਗਰਜ਼ਾਇ=ਗਰਜ਼ਮੰਦ ਹੋਈ ਏ। ਅ:, ਗ਼ਰਜ਼ ਲੋੜ}।
੨. (ਅ) ਇਭਸੈਲ=ਪਹਾੜੀਆਂ ਨੇ ਹਾਥੀ ਟੋਰਿਆ, (ਸੰਸ:, ਇਭ=ਹਾਥੀ)। ੩. ਹਰਿ=ਹਾਥੀ। ਘੂਮਤਿ ਗੈਲਹਿ=ਰਸਤਾ ਮੋੜ (ਗਿਆ)!

੬. {ਜੰਗ ਦੇ ਬਾਦ ਦਾ ਝਾਕਾ}

ਮਹਾਂਬਾਹੁ ਬਿਰਚ ਬਨੈਤਿ ਗੁਰੂ ਗੋਬਿੰਦ ਜੀ,
ਅਰਿ ਗਜ ਮਾਰਿ ਡਾਰੇ ਮਾਨੋ ਦਰਖਤ ਹੈ।
ਭੈਰੋਂ ਔ ਬਿਤਾਲ ਭੂਤ ਕਰਤ ਬਿਹਾਰ ਤਹਾਂ
ਹਾਰ ਕਰਿਬੇ ਕੋ ਮੁਖੀਪੰਚ ਪਰਖਤਿ ਹੈ।
ਲਹੂ ਕੀਚ ਭਰੇ ਗਜ ਮੋਤੀ ਲੈ ਗਗਨ ਗੀਧ,
ਗਰਜੇ ਅਗਨ ਦੇਖੇ ਹਰ ਹਰਖਤ ਹੈ!
ਧੋਖੇ ਨ ਭਖਤਿ, ਛੂਟ ਧਰਨ ਲਖਤਿ ਮਨੋ,
ਬਿਥਰੇ ਹ੍ਵੈ ਬਾਦਰ ਨਖਤ ਬਰਖਤ ਹੈ।

ਅਰਥ-੧. ਆਜਾਨ ਬਾਹੂ ਗੁਰੂ ਗੋਬਿੰਦ ਸਿੰਘ ਜੀ ਸਨੱਧਬੱਧ ਹੋਕੇ ਜਦ (ਜੁੱਧ ਵਿਚ ਵਿਚਰੇ ਹਨ ਤਾਂ) ਦੁਸ਼ਮਨ ਐਉਂ ਮਾਰੇ ਗਏ ਜਿਵੇਂ ਹਾਥੀ ਨੇ ਬ੍ਰਿੱਛ ਤੋੜੇ ਹਨ[1]। ੨. ਭੈਰੋਂ ਤੇ ਭੂਤ ਬੈਤਾਲ ਓਥੇ ਫਿਰਦੇ ਹਨ, ਸ਼ਿਵਜੀ ਹਾਰ ਪ੍ਰੋਣ ਲਈ (ਕੱਟੇ ਪਏ ਸਿਰਾਂ ਨੂੰ) ਪਰਖਦੇ ਹਨ। ੩. ਲਹੂ ਦੇ ਚਿਕੜ ਦੇ ਭਰੇ ਗਜਮੋਤੀ ਗਿੱਧਾਂ ਲੈਕੇ ਅਕਾਸ਼ ਵਿਚ ਜਦ ਉਡਦੀਆਂ (ਉਨ੍ਹਾਂ ਮੋਤੀਆਂ ਨੂੰ) ਅਗਨ ਰੂਪ ਦੇਖਕੇ ਗਜਦੀਆਂ ਹਨ ਤਾਂ ਸ਼ਿਵ ਜੀ (ਇਹ ਦੇਖਕੇ) ਖੁਸ਼ ਹੁੰਦੇ ਹਨ। ੪. (ਗਿਰਝਾਂ ਗਜ ਮੋਤੀਆਂ ਨੂੰ ਅੱਗ ਦੇ) ਭੁਲੇਖੇ ਖਾਂਦੀਆਂ ਨਹੀਂ, (ਸੋ ਉਹ) ਛੁਟਕੇ ਧਰਤੀ ਵਲ ਡਿਗਦੇ ਹਨ, ਬਿਖਰੇ ਹੋਏ (ਡਿਗਦੇ) ਮੋਤੀ ਐਉਂ ਲਖੀਦੇ ਹਨ ਕਿ ਮਾਨੋਂ ਬੱਦਲਾਂ ਤੋਂ ਤਾਰੇ ਬਰਸ ਰਹੇ ਹਨ[2]।

---

੧. (ਅ) ਵੈਰੀ ਤੇ ਹਾਥੀ ਬ੍ਰਿਛਾਂ ਵਾਙੂ ਕੱਟੇ।
੨. ਦੂਸਰੇ ਅਰਥ-ਲਹੂ ਚਿੱਕੜ ਭਰੇ ਗਜ ਮੋਤੀ ਅਣਗਿਣਤ ਗਿਰਝਾਂ ਲੈਕੇ ਘੁਰ ਘੁਰ ਕਰਦੀਆਂ ਅਕਾਸ਼ ਚੜ੍ਹਦੀਆਂ ਹਨ, ਸ਼ਿਵਜੀ ਦੇਖਕੇ ਹੱਸਦੇ ਹਨ, ਰੱਜੀਆਂ ਹੋਈਆਂ (ਗਿਰਝਾਂ) ਮੋਤੀਆਂ ਨੂੰ ਖਾਂਦੀਆਂ ਨਹੀਂ, ਧਰਤੀ ਤੇ ਸਿੱਟ ਦੇਂਦੀਆਂ ਹਨ, (ਗਿਰਝਾਂ) ਅਕਾਸ਼ ਤੇ ਉਡਦੀਆਂ ਐਉਂ ਦਿਖਾਈ ਦੇਂਦੀਆਂ ਹਨ ਕਿ ਮਾਨੋ ਖਿਲਰੇ ਹੋਏ ਬੱਦਲ ਹਨ (ਤੇ ਮੋਤੀ ਉਨ੍ਹਾਂ ਤੋਂ ਡਿਗਕੇ ਐਉਂ ਲਗਦੇ ਹਨ ਕਿ ਮਾਨੋ) ਤਾਰੇ ਬਰਸ ਰਹੇ ਹਨ। {ਗਜ ਮੋਤੀ=ਉਹ ਮੋਤੀ ਜੋ ਹਾਥੀ ਦੇ ਮੱਥੇ ਵਿੱਚੋਂ ਨਿਕਲਦਾ ਮੰਨਿਆਂ ਜਾਂਦਾ ਹੈ। ਅਗਨ=ਅੱਗ ਵਿਚੋਂ, ਅਥਵਾ ਅਣਗਿਣਤ। ਹਰ=ਸ਼ਿਵ। ਧੋਖੇ=ਭੁਲੇਖੇ, ਅਥਵਾ ਰੱਜੀਆਂ ਹੋਈਆਂ}।

ਮੰਗਲ

ਅਨੰਦ ਦਾ ਵਾਜਾ ਨਿਤ ਵਜਦਾ ਅਨੰਦ ਪੁਰ,
ਸੁਣਿ ਸੁਣਿ ਸੁਧ ਭੁੱਲਦੀ ਏ ਨਰ ਨਾਹ ਦੀ[1]।
ਭੌ ਭਯਾ ਭਭੀਸ਼ਣੇ ਨੂੰ ਲੰਕਾ ਗੜ੍ਹ ਵੱਸਣੇ ਦਾ,
ਫੇਰ ਅਸਵਾਰੀ ਆਂਵਦੀ ਏ ਮਹਾਂਬਾਹੁ ਦੀ[2]।
ਬਲਛਡ ਬਲ[3] ਜਾਇ ਛਪਿਆ ਪਤਾਲ ਵਿਚ,
ਫਤੇ ਦੀ ਨਿਸ਼ਾਨੀ ਜੈਂਦੇ ਦ੍ਵਾਰ ਦਰਗਾਹ ਦੀ[4]।
ਸਵਣ ਨ ਦੇਂਦੀ ਸੁਖ ਦੁੱਜਨਾ ਨੂੰ ਰਾਤ ਦਿਨ,
ਨੌਬਤ[5] ਗੋਬਿੰਦ ਸਿੰਘ ਗੁਰੂ ਪਾਤਸ਼ਾਹ ਦੀ[6]।

ੳ. {ਅਦੁਤੀ ਦਾਤਾ}

ਦਿੱਜਨ ਕੇ ਦਲ, ਜੋਗੀ ਜੰਗਮ ਜਮਾਤ ਦ੍ਵਾਰ,
ਬੰਦੀਜਨ ਕਿੱਤ ਕਹੈਂ, ਜਗਤ ਮੈਂ ਜਾਹਿ ਕੀ।
ਸ਼ੋਭਾ ਸ਼ੁਭ ਲੇਤਿ ਦੇਤਿ ਲੱਛਨ ਕੋ ਲੱਛ ਰੋਜ,
ਦੇਖਿ ਦੇਖਿ ਸੁਧਿ ਭੂਲ ਜਾਤਿ ਸੁਰ ਨਾਹ ਕੀ।
ਗੋਬਿੰਦ ਗੁਰੂ ਕੇ ਦਾਨ ਮਾਲਮ ਜਹਾਨ ਭਯੋ,
ਭਿੱਛਕ ਕੀਏ ਹੈਂ ਭੂਪ, ਪਰਵਾਹ ਨ ਕਾਹਿ ਕੀ।
ਬਲਿ, ਬੈਨ, ਬਿੱਕ੍ਰਮ ਨ ਭੋਜਹੂੰ ਮੈਂ ਮੌਜ ਐਸੀ,
ਜਾਂਕੀ ਏਕ ਮੌਜ ਨਵਰੋਜ ਪਾਤਸ਼ਾਹ ਕੀ[1]।

ਅਰਥ-੧. ੨. (ਜਿਸਦੇ) ਦ੍ਵਾਰੇ ਤੇ ਬ੍ਰਹਮਣਾਂ ਦੇ ਦਲ, ਜੋਗੀ ਜੰਗਮਾਂ ਦੀਆਂ ਜਮਾਤਾਂ ਤੇ ਕਿਤਨੇ ਹੀ ਯਸ਼ ਗਾਇਣ ਵਾਲੇ ਹਨ। ਜਗਤ ਵਿਚ ਜਿਸਦੀ ਸ਼ੁਭ ਸ਼ੋਭਾ (ਹੋ ਰਹੀ ਹੈ ਕਿ) ਖੁਸ਼ੀ ਨਾਲ ਦਿੰਦੇ ਹਨ (ਗੁਰੂ ਜੀ ਤੇ) ਲੈਂਦੇ ਹਨ (ਯਾਚਕ) ਲੱਖਾਂ ਦੇ ਲੱਖ ਕਿ ਵੇਖ ਵੇਖ ਕੇ ਇੰਦਰ ਦੀ ਹੋਸ਼ ਭੁੱਲ ਜਾਂਦੀ ਹੈ। ੩. ਗੁਰੂ ਗੋਬਿੰਦ ਸਿੰਘ ਜੀ ਦਾ ਦਾਨ ਜਹਾਨ ਨੂੰ ਮਲੂਮ ਹੋ ਗਿਆ ਹੈ, ਜਿਸਨੇ ਮੰਗਤੇ ਜੋ ਸਨ ਉਹ ਰਾਜੇ ਕਰ ਦਿਤੇ ਹਨ ਤੇ ਕਿਸੇ ਚੀਜ਼ ਦੀ ਪਰਵਾਹ ਨਹੀਂ ਰਹਿਣ ਦਿੱਤੀ। ੪. (ਪਿਛਲੇ ਸਮੇਂ) ਬਲਿ, ਬੈਨ, ਵਿਕ੍ਰਮ ਤੇ ਭੋਜ (ਆਦਿ) ਰਾਜਿਆਂ ਵਿਚ ਉਹ ਬਖਸ਼ਿਸ਼ ਨਹੀਂ ਹੈ ਸੀ, (ਜੋ ਗੁਰੂ ਜੀ ਵਿਚ ਹੈ ਤੇ ਅਜ ਕਲ ਦੇ) ਪਾਤਸ਼ਾਹਾਂ ਦੇ ਨੌਰੋਜ਼ ਜੈਸੀ ਬਖਸ਼ਿਸ਼ (ਗੁਰੂ ਜੀ ਦੀ ਇਕ ਰੋਜ਼ ਦੀ) ਬਖਸ਼ਿਸ਼ ਦੇ ਸਮਾਨ ਹੁੰਦੀ ਹੈ[2]।

---

੧. ਰਾਜਿਆਂ ਦੀ ਹੋਸ਼ ਭੁੱਲ ਜਾਂਦੀ ਹੈ।

੨. ਭਭੀਖਣ ਨੂੰ ਲੰਕਾ ਗੜ੍ਹ ਵੱਸਣ ਦਾ ਭੈ ਪੈ ਰਿਹਾ ਹੈ ਕਿ ਮਹਾਂਬਾਹੂ ਜੀ ਦੀ ਅਸਵਾਰੀ ਫੇਰ ਆ ਰਹੀ ਹੈ, ਭਾਵ ਕਿ ਅਗੇ ਰਾਵਣ ਨੂੰ ਕੱਢਕੇ ਮੈਨੂੰ ਦੇ ਗਏ ਸਨ, ਹੁਣ ਮਤਾਂ ਮੈਨੂੰ ਕੱਢਕੇ ਕਿਸੇ ਹੋਰ ਨੂੰ ਦੇਣ ਨਾ ਆ ਰਹੇ ਹੋਣ। {ਮਹਾਬਾਹੂ= ਲੰਮੀਆਂ ਬਾਹਾਂ ਵਾਲੇ ਭਾਵ ਆਜਾਨੁ ਬਾਹੁ}।

੩. ਬਲ ਰਾਜਾ ਬਲ ਛੱਡ ਕੇ।

੪. ਦਰਗਾਹ ਦੀ ਮਿਲੀ ਫਤਹ ਦੀ ਨਿਸ਼ਾਨੀ ਜਿਸ (ਗੁਰੂ ਜੀ ਦੇ) ਦਰ ਤੇ ਹੈ।

੫. ਸ਼ਾਇਦ ਕਵੀ ਦਾ ਭਾਵ ਰਣਜੀਤ ਨਗਾਰੇ ਤੋਂ ਹੈ {ਅਰਬੀ, ਨੌਬਤ= ਨਗਾਰਾ।}

੬. ਸੂ: ਪ੍ਰ: ਵਿਚ ਇਸ ਛੰਦ ਤੋਂ ਅਗਲੇ ਛੰਦ ਵਿਚ ਮੰਗਲ ਦਾ ਨਾਮ ਆਇਆ ਹੈ। ਇਹ ਵੀ ਛੰਦ ਮੰਗਲ ਦਾ ਹੀ ਹੈ। ਮੰਗਲ ਪੰਜਾਬੀ ਦਾ ਚੰਗਾ ਕਵੀ ਹੋਇਆ ਹੈ, ਇਹ ਚਾਲ ਤੇ ਬੰਦਸ਼ ਓਸੇ ਦੀ ਸਹੀ ਪਈ ਹੁੰਦੀ ਹੈ।

੧. ਇਹ ਛੰਦ ਸੂ: ਪ੍ਰ: ਤੇ ਬਾ: ਸੁਮੇਰ ਸਿੰਘ ਜੀ ਦੋਹਾਂ ਵਿਚ ਮੰਗਲ ਦੇ ਛਾਪ ਵਾਲੇ ਛੰਦਾਂ ਦੇ ਨਾਲ ਦਿੱਤਾ ਹੈ। ਇਸ ਵਿਚ ਪਹਿਲੇ ਛੰਦ ਦਾ ਮਜ਼ਮੂਨ ਹੀ ਜਾਰੀ ਹੈ। ਜਿਸਦੀ ਪਹਿਲੀ ਸਤਰ ਹੈ-'ਪੂਰਨ ਪੁਰਖ ਅਵਤਾਰ ਆਨ ਲੀਨ ਆਪ'। ਉਸ ਵਿਚ ਕਿਸੇ ਮਿੱਤਰ ਨੂੰ ਅਨੰਦਪੁਰ ਸੱਦਿਆ ਹੈ ਤੇ ਇਸ ਛੰਦ ਵਿਚ ਦੱਸਿਆ ਹੈ ਕਿ ਇਥੇ ਪਾਤਸ਼ਾਹਾਂ ਦੇ ਨੌਰੋਜ਼ ਦੀ ਬਖਸ਼ਸ਼ ਰੋਜ਼ ਹੁੰਦੀ ਹੈ, ਸੋ ਇਹ ਮੰਗਲ ਦਾ ਹੀ ਸਮਝਣਾ ਠੀਕ ਹੈ। ਚਾਲ ਬੰਦਸ਼ ਭੀ ਉਸੇ ਦੀ ਸਹੀ ਹੁੰਦੀ ਹੈ। ਉਪਰਲੇ ਪੰਜਾਬੀ ਦੇ ਛੰਦ ਦੇ ਤੁਕਾਂਤ 'ਨਾਹ ਦੀ' 'ਬਾਹ ਦੀ' ਦੇ ਮੇਲਵੇਂ ਤੁਕਾਂਤ ਇਸ ਵਿਚ ਬੀ ਆਏ ਹਨ, 'ਨਾਹ ਕੀ' 'ਜਾਹਿ ਕੀ'।

੨. ਨੌਰੋਜ਼= ਸਾਲ ਦਾ ਨਵਾਂ ਦਿਨ, ਜੋ ਈਰਾਨੀ ਹਿਸਾਬ ਮੂਜਬ ੨੨ ਮਾਰਚ ਤੇ ਢੁਕਦਾ ਹੈ। ਪਾਤਸ਼ਾਹ ਦਾ ਨੌਰੋਜ਼= ਪਾਤਸ਼ਾਹ ਦੀ ਵਰ੍ਹੇ ਗੰਢ ਯਾ ਗਦੀ ਨਸ਼ੀਨੀ ਦੇ ਜਸ਼ਨ ਦਾ ਦਿਨ। ਭਾਵ ਇਹ ਹੈ ਕਿ ਪਾਤਸ਼ਾਹ ਦੀ ਬਖਸ਼ਸ਼ ਵਰ੍ਹੇ ਮਗਰੋਂ ਨੌਰੋਜ਼ ਨੂੰ ਜਿੰਨੀ ਹੁੰਦੀ ਹੈ ਉਨੀ ਏਥੇ ਰੋਜ਼ ਹੁੰਦੀ ਹੈ। (ਅ) ਨਵੀਂ ਤੋਂ ਨਵੀਂ ਤੇ ਰੋਜ਼ ਰੋਜ਼ ਬਖਸ਼ਿਸ਼ ਮਿਲਦੀ ਹੈ। ਇਹ ਅਰਥ ਬੀ ਕਰਦੇ ਹਨ।

ਅ. {ਗੁਰੂ ਜੀ ਦੀ ਪਾਤਸ਼ਾਹੀ ਸੱਚੀ ਪਾਤਸ਼ਾਹੀ ਹੈ ਭਾਵ ਅਵਤਾਰ ਹਨ}

ਰਾਵਣ ਤੇ ਛੀਨ ਦਈ ਬਖਸ਼ ਬਿਭੀਖਣ ਕੋ,
ਬਾਵਨ ਹ੍ਵੈ ਬਾਂਧਯੋ ਬਲਿ[1] ਜਬਿ ਤੁਮ ਚਾਹੀ ਹੈ।
ਕਬਿ ਚਾਰਮੁੱਖ ਰਚਯੋ ਥੰਭ ਬੀਚ ਨਰਸਿੰਘ
ਪ੍ਰਹਲਾਦ ਜੂ ਕੀ ਪੈਜ ਪੂਰਨ ਨਿਬਾਹੀ ਹੈ[2]।
ਗੁਰੂ ਜੀ ਗੋਬਿੰਦ ਰਾਇ ਚਾਹੋ ਤੁਮ ਸੋਈ ਕਰੋ,
ਬੂਝਿ ਦੇਖੋ ਬੇਦ ਇਸ ਬਾਤ ਕੇ ਉਗਾਹੀ ਹੈ[3]।
ਔਰ ਪਾਤਸ਼ਾਹੀ ਸਭ ਲੋਗਨਿ ਕੋ ਪਾਤਸ਼ਾਹ,
ਪਾਤਸ਼ਾਹੋਂ ਪਰ ਸਾਚੀ ਤੇਰੀ ਪਾਤਸ਼ਾਹੀ ਹੈ[4]।

ੲ. {ਗੁਰੂ ਜੀ ਦੀ ਛੜੀ}

ਅਸੁਰ ਬਿਦਾਰਿਬੇ ਕੋ, ਸੁਰਪਤਿ ਪਾਰਿਬੇ ਕੋ,
ਭਗਤ ਉਧਾਰਿਬੇ ਕੋ ਮੁਕਤਿ ਕੀ ਜਰੀ ਹੈ।
ਅਰਿ ਦਲ ਭੰਜਿਬੇ ਕੋ, ਗਾੜ੍ਹੇ ਗੜ ਗੰਜਬੇ ਕੋ,
ਸਭਿ ਸੁਖ ਸੰਜਿਬੇ ਕੋ ਮਹਾਂ ਸੁਖ ਭਰੀ ਹੈ।
ਕਰਤ ਕਲੋਲ ਗੁਰ ਗੋਬਿੰਦ ਕੇ ਕਰ ਮਾਂਹਿ,
ਚੱਕ੍ਰ ਸਾਥ ਹ੍ਵੈ ਤੇ ਮਾਰਿਬੇ ਕੀ ਬਿਧਿ ਪਰੀ ਹੈ।
ਫਤੇ ਕੀ ਨਿਸ਼ਾਨੀ ਯਹ ਪੂਰਬ ਜਨਮ ਹ੍ਵੈ ਕੀ,
ਤਬ ਹੁਤੀ ਗਦਾ ਅਬ ਸਮਾਮ ਰੰਗ ਛਰੀ ਹੈ[1]।

ਅਰਥ--੧. ਦੈਤਾਂ ਨੂੰ ਮਾਰਨ ਨੂੰ, ਇੰਦਰ ਨੂੰ ਪਾਲਣ ਨੂੰ, ਭਗਤਾਂ ਦੇ ਤਾਰਨ ਨੂੰ ਇਹ ਮੁਕਤੀ ਦੀ ਜੜ੍ਹੀ (ਬੂਟੀ) ਹੈ। ੨. ਵੈਰੀ ਦਲ ਦੇ ਭੰਨਣ ਨੂੰ, ਪੱਕੇ ਕਿਲ੍ਹੇ ਤੋੜਨ ਨੂੰ, ਸਾਰੇ ਸੁਖ ਕੱਠੇ ਕਰਨ ਨੂੰ ਇਹ ਮਹਾਨ ਸੁਖਾਂ ਦੀ ਪੰਡ ਹੈ। ੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਵਿਚ ਕਲੋਲ ਕਰ ਰਹੀ (ਇਹ ਛੜੀ) ਚਕ੍ਰ ਨਾਲ ਰਹੀ ਹੋਣ ਕਰਕੇ (ਦ੍ਰੋਹੀਆਂ ਨੂੰ) ਮਾਰਨ ਦੀ ਰੀਤੀ ਵਿਚ (ਬੀ) ਪੈ ਗਈ ਹੋਈ ਹੈ, (ਚੱਕ੍ਰ ਵਿਚ ਇਸ਼ਾਰਾ ਸੁਦਰਸ਼ਨ ਚੱਕ੍ਰ ਵਲ ਹੈ ਕਿ ਉਸ ਚੱਕ੍ਰ ਦੇ ਨਾਲ ਗਦਾ ਦੀ ਸ਼ਕਲ ਵਿਚ ਇਹ ਛੜੀ ਵਿਸ਼ਨੂੰ ਦੇ ਹੱਥਾਂ ਵਿਚ ਰਹੀ ਹੈ, ਗੁਰੂ ਜੀ ਨੂੰ ਕਵੀ ਇਥੇ ਵਿਸ਼ਨੂੰ ਰੂਪ ਵਰਣਨ ਕਰ ਰਿਹਾ ਹੈ)। ੪. ਪਹਿਲੇ ਜਨਮ ਵਿਚ ਇਹ (ਵਿਸ਼ਨੂੰ ਦੀ) ਗਦਾ ਹੁੰਦੀ ਸੀ ਤੇ ਹੁਣ ਕਾਲੇ ਰੰਗ ਦੀ ਸੋਟੀ ਹੈ, ਸੋ ਇਹ ਅਪਣੇ ਪਹਿਲੇ ਜਨਮ (ਗਦਾ ਹੋਣ) ਤੋਂ (ਹੀ) ਫਤਹ ਦੀ ਨਿਸ਼ਾਨੀ ਹੈ।

ਹੀਰ

ੳ. {ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ}

ਜਾਪਦਾ ਹੈ ਕਿ ਹੀਰ ਕਵੀ ਅੰਮ੍ਰਿਤ ਛਕਣ ਦੇ ਬਾਦ ਤੇ ਖਾਲਸੇ ਦੇ ਮੂਰਤਿਮਾਨ ਹੋ ਜਾਣ ਦੇ ਮਗਰੋਂ ਆਨੰਦਪੁਰ ਵਿਚ ਹੀ ਸੀ। ਇਕ ਕਬਿੱਤ ਵਿਚ ਇਹ ਸਿੰਘ ਦਾ ਰੂਪ ਬੰਨ੍ਹਦਾ ਹੈ, ਜਿਸ ਵਿਚ ਸਿੰਘ ਦੀ ਬੀਰਤਾ ਤੇ ਤਿਆਰ ਬਰ ਤਿਆਰ ਦਰਸ਼ਨ ਅਤੇ ਆਪਣੀ ਅਖੀਂ ਡਿੱਠਾ ਦਰਸ਼ਨ ਕਰਵਾਉਂਦਾ ਹੈ।

ਚਢਤ ਹੀ ਬਾਜੀ ਚਢਯੋ ਗਾਢੇ ਗਢ ਚਾਹਿਬੇ[2] ਕਉ,
ਦਾਹਿਬੇ ਕਉ ਦੁੱਖ ਰੀਝੈ ਬਰ ਜਯੋਂ ਭਵਾਨੀ ਕੋ!
ਆਵਤ ਹੀ ਦਾਢੀ ਛਾਤੀ ਦਾਢੀ ਛਿਤਪਾਲਨ ਕੀ,
ਰਜ ਕੇ ਕਰੱਯਾ ਉਨ ਹੀ ਕੀ ਰਧਜਾਨੀ ਕੋ।

---

੧. ਬਾਵਨ ਅਵਤਾਰ ਹੋਕੇ ਬੱਧਾ ਬਲ ਰਾਜਾ ਨੂੰ।

੨. ਬ੍ਰਹਮਾ ਨੇ ਥੰਮ੍ਹੇ ਵਿਚ ਨਰਸਿੰਘ ਕਦੋਂ ਰਚਿਆ ਸੀ? (ਪਰ ਤੁਸਾਂ ਨਰਸਿੰਘ ਰੂਪ ਧਾਰਕੇ) ਪ੍ਰਹਲਾਦ ਦੀ ਪੂਰਨ ਪੈਜ ਨਿਬਾਹੀ ਸੀ, (ਪ੍ਰਹਲਾਦ ਦੇ ਪਿਉ ਨੇ ਵਰ ਲਿਆ ਸੀ ਕਿ ਬ੍ਰਹਮਾ ਦੇ ਰਚਿਆਂ ਵਿਚੋਂ ਮੈਂ ਕਿਸੇ ਦੇ ਹੱਥੋਂ ਨਾ ਮਰਾਂ, ਸੋ ਨਰਸਿੰਘ ਉਸਦੀ ਰਚਨਾ ਤੋਂ ਬਾਹਰ ਸੀ)।

੩. ਵੈਦ ਇਸ ਗਲ ਦੀ ਉਗਾਹੀ ਹੈ ਕਿ ਜੋ ਤੁਸੀਂ ਚਾਹੋ ਕਰ ਸਕਦੇ ਹੋ।

੪. ਇਹ ਛੰਦ ਭੀ ਮੰਗਲ ਦੇ ਛਾਪ ਵਾਲੇ ਛੰਦਾਂ ਨਾਲ ਹੀ ਦੋਹੀਂ ਥਾਈਂ ਆਇਆ ਹੈ, ਚਾਲ ਭੀ ਉਹੀ ਹੈ, ਤਾਂਤੇ ਉਸੇ ਦਾ ਸਮਝਣਾ ਠੀਕ ਹੋਸੀ। ਪਿਛਲੇ ਛੰਦ ਵਿਚ ਭੀ ਪਾਤਸ਼ਾਹਾਂ ਨਾਲ ਮੁਕਾਬਲਾ ਹੈ, ਇਸ ਵਿਚ ਭੀ ਉਹੋ ਖਿਆਲ ਪਾਤਸ਼ਾਹੀ ਦੀ ਵਿਸ਼ੇਸ਼ਤਾ ਦਰਸਾਉਣ ਦਾ ਖਿਆਲ ਸਚੀ ਪਾਤਸ਼ਾਹੀ ਸਿੱਧ ਕਰਨੇ ਵਿਚ ਆਇਆ ਹੈ, ਇਹ ਭੀ ਨਿਸ਼ਾਨੀ ਉਸੇ ਦੇ ਹੋਣ ਦੀ ਹੈ।

੧. ਮੂ: ਪ੍ਰ: ਵਿਚ ਇਹ ਛੰਦ ਮੰਗਲ ਦੇ ਅਖੀਰ ਵਿਚ ਹੈ, ਜਿਸ ਤੇ ਸੰਭਾਵਨਾ ਹੁੰਦੀ ਹੈ ਕਿ ਇਹ ਮੰਗਲ ਦਾ ਹੈ ਤੇ ਇਸੇ 'ਛੜੀ' ਪਰ ਦੂਸਰਾ ਛੰਦ ਸਾਰਦਾ ਦਾ ਹੈ ਜੋ ਪਿਛੇ ਆ ਚੁਕਾ ਹੈ। ਜੇ ਸਾਰਦਾ ਦਾ ਅਰਥ ਸਰਸ੍ਵਤੀ ਲਿਆ ਜਾਏ ਤਾਂ ਦੁਇ ਫਿਰ ਮੰਗਲ ਦੇ ਸੰਭਾਵਿਤ ਹੋਣਗੇ।

੨. ਪਾਠਾਂਤ੍ਰ-ਢਾਹਿਬੇ।

ਮਹਾਂ ਬਾਹੂ ਗੁਰੂ ਜੀ ਗੋਬਿੰਦ ਸਿੰਘ ਪਾਰਥ ਜਜੋਂ,
ਭਾਰਥ ਕੋ ਜੀਤ ਲੇਤ ਬਸੁਧਾ ਬਿਰਾਨੀ ਕੋ।
ਪਾਗ ਹੂੰ ਕੋ ਬਾਂਧਿਬੋ ਕਛੁਕ ਦਿਨ ਪੀਛੇ ਸੀਖਜ,
ਪਹਿਲੇ ਹੀ ਸੁ ਸੀਖਜੋ ਸਿੰਘ ਬਾਂਧਬੇ ਕ੍ਰਿਪਾਨੀ ਕੋ[1]।

ਅਰਥ-੧. ਘੋੜੇ ਤੇ ਚੜ੍ਹਦਿਆਂ ਹੀ (ਸਿੰਘ) ਤਕੜੇ ਕਿਲ੍ਹੇ ਦੇ (ਫਤਹ) ਕਰਨ ਦੀ ਚਾਹ ਕਰਦਾ ਹੈ, (ਜਗਤ ਦੇ) ਦੁਖਾਂ ਨੂੰ ਸਾੜਨ ਲਈ ਉਹ ਐਉਂ ਰੀਝਦਾ ਹੈ ਜਿਵੇਂ ਸ਼ਿਵ, ਭਾਵ ਦੁਨੀਆਂ ਦੇ ਦੁਖ ਦੂਰ ਕਰਨ ਨੂੰ ਉਹ ਕਲਜਾਣ ਸਰੂਪ ਹੈ। {ਭਵਾਨੀ ਕੋ ਬਰ= ਪਾਰਬਤੀ ਦਾ ਪਤੀ=ਸ਼ਿਵਜੀ। ਸ਼ਿਵ= ਕਲਜਾਣ ਸਰੂਪ}। ੨. ਦਾੜ੍ਹੀ ਆਉਂਦਿਆਂ ਹੀ ਰਾਜਿਆਂ ਦੀ ਛਾਤੀ ਸਾੜਦਾ ਹੈ ਤੇ ਉਨ੍ਹਾਂ ਦੀ ਰਾਜ-ਧਾਨੀ ਨੂੰ (ਰਜ=) ਧੂੜ ਕਰਦਾ ਹੈ। ੩. ਲੰਮੀਆਂ ਭੁਜਾਂ ਵਾਲੇ ਗੁਰੂ ਗੋਬਿੰਦ ਸਿੰਘ ਜੀ (ਦੇ ਸਿੰਘ) ਵੈਰੀਆਂ ਦੀ ਧਰਤੀ ਐਉਂ ਜਿੱਤ ਲੈਂਦੇ ਹਨ ਜਿਵੇਂ ਅਰਜਨ ਨੇ ਭਾਰਥ ਜਿੱਤਿਆ ਸੀ। ੪. ਪੱਗ ਬੰਨ੍ਹਣੀ ਤਾਂ ਸਿੰਘ (ਬੱਚਾ) ਕੁਛ ਦਿਨ ਮਗਰੋਂ ਸਿਖਦਾ ਹੈ ਪਰ ਕ੍ਰਿਪਾਨ ਬੰਨ੍ਹਣੀ ਪਹਿਲੇ ਸਿਖਦਾ ਹੈ।

ਅ. {ਵੈਰੀਆਂ ਪਰ ਗੁਰੂ ਗੋਬਿੰਦ ਸਿੰਘ ਜੀ ਦਾ ਰੋਅਬ}

ਇਨ੍ਹਾਂ ਕਬਿੱਤਾਂ[2] ਵਿਚ ਗੁਰੂ ਜੀ ਦੇ ਰੋਅਬ ਦਾ ਜੋ ਅਸਰ ਉਨ੍ਹਾਂ ਸ਼ੱਤਰੂਆਂ ਪਰ ਪਿਆ ਹੈ, ਉਸਦਾ ਨਕਸ਼ਾ ਬੱਧਾ ਹੈ-

ਤੋ ਸੋਂ ਬੈਰ ਬਾਂਧ ਬੈਰੀ ਧੀਰ ਨ ਧਰਤਿ ਕਹੂੰ,
ਧੌਂਸਾ ਕੀ ਧੁੰਕਾਰ ਧਰਾਧਰ ਧਸਕੱਤ ਹੈਂ।
ਦਲ ਕੇ ਚਲਤ, ਮਹਿ ਹਾਲਤ, ਹਲਤ ਕੋਲ,
ਕੂਰਮ ਕਹੱਲ, ਫਨੀ ਫਨ ਨ ਸਕਤ ਹੈ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਜੀ,
ਤੇਰੇ ਭਯ ਭੀਤ ਭਾਰੀ ਭੂਪ ਸਸਕੱਤ ਹੈਂ।
ਹੋਤ ਭੂਮਚਾਲ ਦਿਗਪਾਲ ਪਾਇਮਾਲ ਹੋਤਿ,
ਹਲਕੇ ਹਹੱਲ ਹਾਥੀ ਮਾਥੇ ਮਸਕੱਤ ਹੈਂ।
ਮਹਾਂ ਬਾਹੁ ਬੀਰ ਗੁਰੂ ਗੋਬਿੰਦ! ਤਿਹਾਰੇ ਰੋਸ,
ਬੈਰਿਨਿ ਕੀ ਬਧੂ ਬਨ ਬਨ ਬਿਲਖਾਨੀ ਹੈਂ।
ਕਰੈਂ ਨ ਗਵਨ ਭੂਲ ਭਵਨ ਕੇ ਭੀਤਰ ਤੇ,
ਚਢਤੀ ਪਹਾਰ ਨਿਰਾਧਾਰ ਅਕੁਲਾਨੀ ਹੈਂ।
ਸੁੰਦਰ ਸਰੋਜ ਮੁਖੀ ਦੁਖੀ ਭਈ ਭੁੱਖ ਪਜਾਸ,
ਪਤਿਨਿ ਸੋਂ ਖੀਝੈਂ ਕਹੈਂ ਮੋਤਨ ਮੈਂ ਪਾਨੀ ਹੈ।
ਚੰਦ ਸੀ ਚਕੋਰ ਜਾਨੈਂ, ਬਿੰਬ ਸੇ ਸੂਆਕੇ ਮਾਨੈ,
ਕੋਕਲ ਸੀ ਕਾਕ ਨਾਗ ਮੋਰਨ ਕੀ ਮਾਨੀ ਹੈ।

ਅਰਥ-੧. ਤੇਰੇ ਨਾਲ ਵੈਰ ਬੰਨ੍ਹਕੇ ਵੈਰੀ ਧੀਰਜ ਛੱਡ ਬੈਠਦੇ ਹਨ ਤੇ ਧੌਂਸੇ ਦੀ ਧੁੰਕਾਰ ਨਾਲ ਪਹਾੜ ਕੰਬਦੇ ਹਨ। ੨. ਫੌਜ ਦੇ ਟੁਰਦਿਆਂ ਪ੍ਰਿਥਵੀ ਹਿਲਦੀ ਹੈ, ਹਿੱਲਦਾ ਹੈ ਸੂਰ ਤੇ ਕੱਛੂ ਨੂੰ ਘਬਰਾ ਪੈਂਦਾ ਜਾਂਦਾ ਹੈ, ਸ਼ੇਸ਼ਨਾਗ ਦੇ ਫਨਾਂ ਵਿਚ ਸ਼ਕਤੀ ਨਹੀਂ ਰਹਿੰਦੀ। {ਕਹੱਲ=ਕਾਹਲ, ਘਬਰਾ। ਸੂਰ ਕਛੂ ਤੋਂ ਮੁਰਾਦ ਧਰਤੀ ਹੇਠਲੇ ਸੂਰ ਕੱਛੂ ਦੀ ਹੈ।} ੩. ਹੇ ਗੁਰੂ ਗੋਬਿੰਦ ਸਿੰਘ ਜੀ! ਤੁਹਾਡੇ ਡਰ ਨਾਲ ਬੜੇ ਬੜੇ ਭਾਰੇ ਰਾਜੇ ਸਹਿਕਦੇ ਹਨ। ੪. ਭੁਚਾਲ ਆਉਂਦਾ ਹੈ, ਦਿਗਪਾਲ (ਹਾਥੀ) ਦੁਖੀ ਹੁੰਦੇ ਹਨ, (ਆਪਣੇ ਆਪਣੇ ਹਲਕਿਆਂ ਵਿਚ ਭਾਵ) ਦਿਸ਼ਾਂ ਵਿਚ ਓਹ (ਦਿਗਪਾਲ) ਹਾਥੀ ਡਰੇ ਹੋਏ (ਆਪ ਅਗੇ) ਮੱਥੇ ਰਗੜਦੇ ਹਨ। (ਅ) ਹਾਥੀਆਂ ਦੇ ਹਲਕੇ (ਸਮੁਦਾਇ) ਡਰ ਕੇ ਮੱਥੇ ਧਰਤੀ ਤੇ ਰਗੜਦੇ ਹਨ। {ਫ਼ਾ: ਪਾਮਾਲ =ਦੁਖੀ, ਮੁਸੀਬਤ ਜ਼ਦਹ}। ੫. ਹੇ ਆਜਾਨ ਬਾਹੂ ਗੁਰੂ ਗੋਬਿੰਦ ਸਿੰਘ ਜੀ! ਤੁਹਾਡੇ ਰੋਸ ਨਾਲ ਵੈਰੀਆਂ ਦੀਆਂ ਇਸਤ੍ਰੀਆਂ ਬਨ ਬਨ ਵਿਚ ਦੁਖੀ ਹਨ। ੬. (ਜਿਨ੍ਹਾਂ ਨੇ ਕਦੇ) ਭੁੱਲਕੇ ਘਰ ਅੰਦਰੋਂ

---

੧. ਸੂ: ਪ੍ਰ: ਨੇ ਹੀਰ ਦਾ ਨਾਮ ਦੇਕੇ ਕੋਈ ਛੰਦ ਨਹੀਂ ਦਿਤਾ, ਪਰ ਇਹ ਛੰਦ ਦਿਤਾ ਹੈ ਜੋ ਮੰਗਲ ਦੇ ਦੋ ਛੰਦਾਂ ਤੋਂ ਪਿਛਲੇ ਛੰਦ ਤੋਂ ਮਗਰੋਂ ਆਯਾ ਹੈ। ਬਾ: ਸੁ: ਸਿੰਘ ਜੀ ਨੇ 'ਹੀਰ' ਦੀ ਸੁਰਖੀ ਦੇ ਕੇ ਜੋ ਛੰਦ 'ਹੀਰ' ਛਾਪ ਵਾਲੇ ਦਿਤੇ ਹਨ, ਉਨ੍ਹਾਂ ਵਿਚ ਇਹ ਛੰਦ ਭੀ ਦਿਤਾ ਹੈ, ਸੋ ਇਹ ਹੀਰ ਕਵੀ ਦਾ ਹੀ ਸਮਝਣਾ ਚਾਹੀਏ। ਚਾਲ ਬੰਦਸ਼ ਬੀ ਉਸੇ ਦੀ ਸਹੀ ਪਈ ਹੁੰਦੀ ਹੈ।

੨. ਗੁ: ਪ੍ਰ: ਸੂ: ਵਿਚ ਅਗਲਿਆਂ ਚਹੁੰ ਛੰਦਾਂ ਵਿਚੋਂ ਪਹਿਲੇ ਦੋ ਛੰਦ ਮੰਗਲ ਦੇ ਬਾਦ ਹਨ ਤੇ ਅਗਲੇ ਦੋ ਸੁੰਦਰ ਦੇ ਬਾਦ ਹਨ, ਪਰ ਸੁਰਖੀ ਨਹੀਂ ਦਿੱਤੀ ਹੋਈ। ਬਾ: ਸੁ: ਸਿੰਘ ਜੀ ਨੇ ਏਹ ਚਾਰੇ 'ਹੀਰ' ਦੀ ਸੁਰਖੀ ਹੇਠ ਦਿਤੇ ਹਨ, ਰੰਗ ਢੰਗ ਭੀ ਹੀਰ ਦਾ ਹੀ ਹੈ। ਇਹ ਛੰਦ ਕਿਸੇ ਖਜਾਲ ਯਾ ਤਰਜ਼-ਸਮਸਜਾ-ਪਰ ਕਿਹਾ ਹੋਇਆ ਜਾਪਦਾ ਹੈ।

ਬਾਹਰ ਨਹੀਂ ਜਾਣਾ ਕੀਤਾ ਸੀ ਓਹ ਹੁਣ ਇਕੱਲਿਆਂ ਪਹਾੜ ਤੇ ਚੜ੍ਹਦੀਆਂ ਬਿਆਕੁਲ ਹੋ ਰਹੀਆਂ ਹਨ। ੭. ਕਵਲ (ਵਰਗੇ) ਮੁਖ (ਵਾਲੀਆਂ ਇਸਤ੍ਰੀਆਂ) ਭੁੱਖ ਤੇ ਪਿਆਸ ਨਾਲ ਦੁਖੀ ਹੋਈਆਂ (ਆਪਣੇ) ਪਤੀਆਂ ਨਾਲ ਖਿਝ-ਦੀਆਂ ਤੇ ਮੋਤੀਆਂ ਦੀ ਆਬ ਨੂੰ ਪਾਣੀ ਸਮਝਦੀਆਂ ਹਨ। {ਜੌਹਰੀ ਰਤਨਾ ਦੀ ਆਬ ਨੂੰ ਪਾਣੀ ਭੀ ਆਖਦੇ ਹਨ}। ੮. ਚਕੋਰ (ਉਨ੍ਹਾਂ ਦੇ ਮੁਖੜੇ ਨੂੰ) ਚੰਦ ਸਮਝਦਾ ਹੈ ਤੇ ਤੋਤਾ ਹੋਠਾਂ ਨੂੰ ਕੁੰਦਰੂ ਫਲ ਤੇ ਕਾਂ (ਉਨ੍ਹਾਂ ਦੀ ਆਵਾਜ਼ ਤੋਂ ਉਨ੍ਹਾਂ ਨੂੰ) ਕੋਇਲ ਤੇ ਮੋਰ (ਉਨ੍ਹਾਂ ਦੀ ਗੁਤ) ਨੂੰ ਨਾਗਨੀ ਸਮਝ ਰਹੇ ਹਨ।

ੲ. (ਗੁਰੂ ਜੀ ਦਾ ਤਲਵਾਰ ਫੜਨਾ)

ਸ੍ਵੈਯਾ-ਗੌਰਿ ਦੁਰਾਵਤਿ ਗੋਦ ਗਨੇਸ਼ਹਿ
ਅੰਗ ਬਿਭੂਤ ਮਹੇਸ਼ ਮਲੈ ਨਿਤ।
ਸ਼ੋਰ ਪਰੇ ਦਿਗਪਾਲਨ ਕੇ
ਭੁਵਪਾਲਨ ਕੇ ਮਨ ਮਾਂਹਿ ਨਹੀਂ ਥਿਤ।
ਦ੍ਵਾਰਿ ਮੁੰਦੇ ਪੁਰਿ ਸ਼ੱਤ੍ਰੁਨ ਕੇ, ਗੁਰ
ਗੋਬਿੰਦ ਖਜਾਲ ਹੀ ਖੱਗ ਗਹੇ ਇਤ।
ਹਾਥੀ ਨ ਸਾਥੀ ਸੰਭਾਰ ਸਕੈ ਕੋਊ
ਚਾਲ ਪਰੇ ਚਤੁਰੰਗ ਚਮੂੰ ਚਿਤ।

ਅਰਥ-੧. ਪਾਰਬਤੀ ਗੋਦ ਵਿਚ ਗਣੇਸ਼ ਨੂੰ ਲੁਕਾਉਂਦੀ ਹੈ ਤੇ ਸ਼ਿਵ ਸਦਾ ਅੰਗਾਂ ਨੂੰ ਸੁਆਹ ਮਲਦਾ ਹੈ। ੨. ਸ਼ੋਰ ਪੈ ਗਿਆ ਹੈ ਦਿਸ਼ਾਪਾਲਾਂ ਵਿਚ ਤੇ ਪ੍ਰਿਥਵੀ ਪਤੀ ਰਾਜਿਆਂ ਦੇ ਤਾਂ ਮਨ ਹੀ ਡੋਲ ਰਹੇ ਹਨ। ੩. ਸ਼ੱਤਰੂ ਸ਼ਹਿਰਾਂ ਦੇ ਦਰਵਾਜ਼ੇ ਬੰਦ ਕਰ ਲੈਂਦੇ ਹਨ ਜਦੋਂ ਇਧਰ ਗੁਰੂ ਗੋਬਿੰਦ ਸਿੰਘ ਜੀ ਤਲਵਾਰ ਪਕੜਨ ਦਾ ਖਿਆਲ ਹੀ ਕਰਦੇ ਹਨ। ੪. ਸ਼ਤਰੂਆਂ ਦੀ ਚਤੁਰੰਗਨੀ ਸੈਨਾਂ ਦੇ ਚਿਤਾਂ ਵਿਚ ਹਲਚਲ ਪੈ ਜਾਂਦੀ ਹੈ, ਫਿਰ ਹਾਥੀ (ਰਥ ਘੋੜੇ ਤੇ) ਸਾਥੀ ਕਿਸੇ ਨੂੰ ਕੋਈ ਸੰਭਾਲ ਨਹੀਂ ਸਕਦਾ। (ਅ) (ਹਾਥੀਆਂ ਦੇ ਸਾਥੀ ਭਾਵ) ਮਹਾਵਤ ਹਾਥੀ ਨਹੀਂ ਸੰਭਾਲ ਸਕਦੇ, ਕੋਊ (ਕੋਈ ਬੀ, ਭਾਵ ਸਵਾਰ ਘੋੜਿਆਂ ਨੂੰ, ਰਥਵਾਨ ਰਥਾਂ ਨੂੰ, ਗਲ ਕੀ ਸਭ) ਚਤੁਰੰਗਨੀ ਸੈਨਾ ਚਾਲੇ ਪੈ ਜਾਂਦੀ ਹੈ, (ਭਾਵ ਉਠ ਭੱਜਦੀ ਹੈ)। (ੲ) (ਫਿਰ ਜਦ ਗੁਰੂ ਜੀ) ਹਾਥੀ (ਤੇ ਸ੍ਵਾਰ ਹੋ ਜਾਣ ਤਦ ਤਾਂ ਦੇਖਦੇ ਸਾਰ) ਚਤੁਰੰਗਨੀ ਸੈਨਾ ਹੀ ਵੈਰੀ ਦੀ ਉਠ ਭਜਦੀ ਹੈ, ਕੋਈ ਆਪਣੇ ਸਾਥੀ ਨੂੰ ਭੀ ਨਹੀਂ ਸੰਭਾਲ ਸਕਦਾ।

ਸ. {ਗੁਰੂ ਜੀ ਦੇ ਸਨੱਧਬੱਧ ਹੋਣੇ ਤੇ}

ਛਪਯ-ਬਨ ਟੁਟਤਿ, ਗਿਰ ਫਟਤਿ, ਛੁਟਤਿ
ਧੀਰਜ ਸੁਧਰਨ ਤਨ। ਦਿੱਗਜ ਦਿਗ ਕਲਮਲਤ
ਹਲਤ ਤਲ ਸ਼ੇਖ ਨਾਗ ਮਨ। ਉਡਿਯ ਰੇਨ
ਹਯ ਖੁਰਨਿ ਸੂਰ ਬਰ ਕਹੂੰ ਲੁੱਕ ਗਿਯ। ਬਿਭੀ-
ਛਨ ਭਹਰਤਿ ਮੂੰਦਿ ਗੜ ਦਾਰ ਦੁਰਤਿ ਭਯ।
ਕਰ ਗਹਿ ਕ੍ਰਿਪਾਣ ਗੋਬਿੰਦ ਗੁਰ
ਜਬਿ ਸਲੋਹ ਪੱਖਰ ਸਜਤਿ।
ਕਲਮਲਤ ਹਰਤਿ ਪੁਰ ਚੱਕ੍ਰਵੈ
ਸੁਘਰਨ ਛਾਡ ਘਰ ਤੇ ਭਜਤਿ।

ਅਰਥ-੧. ਜੰਗਲਾਂ ਦੇ ਬ੍ਰਿਛ ਟੁੱਟਦੇ ਹਨ, ਪਹਾੜ ਫਟਦੇ ਹਨ ਤੇ ਧਰਤੀ ਦੇ ਦੇਹ ਧਾਰੀਆਂ ਦੇ ਧੀਰਜ ਛੁਟ ਜਾਂਦੇ ਹਨ। ੨. ਦਿਗਪਾਲ ਹਾਥੀ ਕਲਮਲਾ ਜਾਂਦੇ ਹਨ। (ਪ੍ਰਿਥਵੀ ਦੇ) ਹੇਠ (ਪਾਤਾਲ ਵਿਚ) ਸ਼ੇਸ਼ਨਾਗ ਦਾ ਮਨ ਹਿੱਲ ਜਾਂਦਾ ਹੈ। ੩. ਘੋੜਿਆਂ ਦੇ ਖੁਰਾਂ ਨਾਲ ਐਸੀ ਮਿੱਟੀ ਉਡਦੀ ਹੈ ਕਿ ਸ੍ਰੇਸ਼ਟ ਸੂਰਜ ਹੁਰੀਂ ਬੀ (ਮਾਨੋਂ) ਕਿਤੇ ਲੁਕ ਗਏ (ਜਾਪਦੇ ਹਨ)। ੪. ਬਿਭੀਖਨ ਭੈਭੀਤ ਹੋਕੇ (ਲੰਕਾ) ਗੜ੍ਹ ਦਾ ਦੁਆਰ ਬੰਦ ਕਰ ਲੈਂਦਾ ਹੈ ਤੇ ਭੈ ਨਾਲ ਲੁਕ ਜਾਂਦਾ ਹੈ। ੫. ਹੱਥ ਵਿਚ ਤਲਵਾਰ ਫੜਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਸ਼ਸਤ੍ਰ ਧਾਰੀ ਹੋ ਕੇ (ਘੋੜੇ ਦੀ) ਕਾਠੀ ਤੇ (ਆਕੇ) ਸਜਦੇ ਹਨ। ੬. ਚਕ੍ਰਵਰਤੀ (ਇਹ ਸਮਝ ਕੇ ਕਿ ਸਾਡੇ) ਸ਼ਹਿਰ ਹੁਣੇ ਹਰਦੇ ਹਨ, ਘਾਬਰ ਕੇ ਵਹੁਟੀਆਂ ਨੂੰ ਭੀ ਛੱਡਕੇ ਘਰਾਂ ਤੋਂ ਉਠ ਭੱਜਦੇ ਹਨ। (ਅ) ਕਲਮਲਤ ਹਾਲਤ=ਘਬਰਾ ਕੇ ਤੇ ਸਾਵੇ ਪੀਲੇ ਹੋਕੇ…।

ਹ. {ਤਲਵਾਰ ਫੜਦਿਆਂ ਖੁਸ਼ੀ ਤੇ ਗਮੀ}

ਹੂਰਨ ਕੋ ਨਰ ਸੂਰ ਮਿਲੇ ਬਰ,
ਚੌਸਠ ਜੋਗਨ ਸੈਨ ਅਘਾਈ।
ਦੇਤਿ ਅਸੀਸ ਸਭੈ ਮਿਲਿ ਜੰਬੁਕ,
ਗੀਧਨ ਤੇ ਰਣ ਭੂਮਿ ਸੁਹਾਈ।
ਛਾਡਿ ਸੁਹਾਗ ਲੀਏ ਬਿਧਵਾ ਇਕ
ਬੈਰਨ ਕੀ ਤਿਯ ਕੋ ਦੁਖਤਾਈ।
ਖੱਗ ਗਹੇ ਗੁਰ ਗੋਬਿੰਦ ਕੇ ਕਰ,

ਨਾਰਦ ਕੇ ਘਰ ਹੋਤ ਬਧਾਈ*।

ਅਰਥ-੪. (ਜਰਵਾਣਿਆਂ ਦੇ ਟਾਕਰੇ ਤੇ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਤਲਵਾਰ ਫੜਦਿਆਂ ਨਾਰਦ ਦੇ ਘਰ ਵਧਾਈ ਹੁੰਦੀ ਹੈ। (ਨਾਰਦ ਦੀ ਵਹੁਟੀ ਦਾ ਨਾਉਂ ਕਲਹ ਹੈ ਤੇ ਉਹ ਲੜਾਈ ਸੁਣ ਕੇ ਖੁਸ਼ ਹੁੰਦੀ ਹੈ)। ੧. ਹੂਰਾਂ ਨੂੰ ਸੂਰਮੇ ਵਰ ਮਿਲਣਗੇ, ਚੌਸਠ ਜੋਗਣੀਆਂ ਦੀ ਸੈਨਾ ਰੱਜ ਜਾਏਗੀ। ੨. (ਦੂਜੇ ਪਾਸੇ) ਸਾਰੇ ਗਿੱਦੜ ਮਿਲ ਕੇ ਅਸੀਸਾਂ ਦਿੰਦੇ ਹਨ, ਗਿੱਧਾਂ ਨਾਲ ਰਣ ਭੂਮ ਸੁਹਾ ਜਾਂਦੀ ਹੈ। ੩. (ਹਾਂ, ਜਰਵਾਣੇ) ਵੈਰੀਆਂ ਦੀਆਂ ਇਸਤ੍ਰੀਆਂ ਨੂੰ ਦੁੱਖ ਹੁੰਦਾ ਹੈ ਕਿ ਜਿਨ੍ਹਾਂ ਨੂੰ ਸੁਹਾਗ ਛੱਡਕੇ ਵਿਧਵਾ ਪਨ ਲੈਣਾ ਪੈਂਦਾ ਹੈ।

ਆਵਤ ਨ ਤੀਰ ਤੀਰ, ਮਾਨ ਨ ਕਮਾਨ ਕਰੇ,
ਗੋਲਨ ਕੀ ਗੂੰਦ ਦੂੰਦ ਬੂੰਦ ਮਨੋ ਬਾਰ ਹੈ।
ਛੀਨ ਬਰਛੀਨ ਲੇਯ, ਸੈਹਥੀ ਹੈ ਕੋ ਟਿਕ,
ਕਟਾਰਨ ਕੋ ਬੀਰ ਅਤਿ ਬੈਠੀ ਬਰਦਾਰ ਹੈ।
ਛੁਰੀ ਨ ਛੁਹਤਿ ਗੁਰਜਨ ਹੂੰ ਕੀ ਗੁਰਜਾਨ,
ਬਰ ਤਬਰਨਿ ਕੋ ਨਿਵਾਰਤਿ ਨਿਹਾਰ ਹੈ।
ਸੈਨਾ ਅਰਿ ਘਾ ਕੀਏ, ਕਹਾਂ ਕਹੂੰ ਸੂਹਾ ਕੀ,
ਗੁਰੂ ਗੋਬਿੰਦ ਕੇ ਕਰ ਐਸੀ ਬਾਂਕੀ ਤਰਵਾਰ ਹੈ।

ਅਰਥ-੧. (ਤਲਵਾਰ ਐਸੀ ਹੈ ਕਿ) ਤੀਰ (ਇਸਦੇ) ਨੜੇ ਨਹੀਂ ਆਉਂਦੇ, ਕਮਾਨ ਮਾਨ ਨਹੀਂ ਕਰਦੀ, ਜੰਗ ਵਿਚ ਗੋਲੀਆਂ ਦੀ ਬੁਛਾੜ ਮਾਨੋ ਪਾਣੀ ਦੀਆਂ ਬੂੰਦਾਂ ਹਨ। {ਗੂੰਦ=ਇਕੱਠਾ ਭਾਵ ਬੁਛਾੜ। (ਅ) ਗੂੰਜ। ਦੂੰਦ=ਦੂੰਦ=ਜੰਗ}। ੨. ਬਰਛੀਆਂ ਨੂੰ ਛੀਨ ਕਰ ਦੇਂਦੀ ਹੈ, ਅਥਵਾ ਖੋਹ ਲੈਂਦੀ ਹੈ, ਸੈਹਥ ਨੂੰ ਕੀ ਟਿਕਾਉ (ਹੋ ਸਕਦਾ ਹੈ)? ਵੱਡੇ ਬੀਰਾਂ ਦੀਆਂ ਕਟਾਰਾਂ ਨੂੰ ਪਰੇ ਸੱਟਣ ਲਈ (ਤਿਆਰ) ਬੈਠੀ ਹੈ। {ਬਰਦਾਰ=ਪਰੇ ਸੱਟਣ ਵਾਲੀ, ਝੱਪਣ ਵਾਲੀ} ੩. ਛੁਰੀ (ਨੇੜੇ) ਨਹੀਂ ਛੁਹੰਦੀ, ਗੁਰਜਾਂ ਦੀ ਭੀ (ਗੁਰੱਜ+ਨ) ਵਡਿਆਈ ਨਹੀਂ ਰਹਿੰਦੀ, ਚੰਗੇ ਕੁਹਾੜਿਆਂ ਨੂੰ ਪਰੇ ਸੁਟਦੀ ਦੇਖੀਦੀ ਹੈ। {ਛਾ:, ਤਬਰ=ਕੁਹਾੜਾ}। ੪. ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਵਿਚ ਐਸੀ ਬਾਂਕੀ ਤਲਵਾਰ ਹੈ ਕਿ ਜਿਸ ਨੇ ਵੈਰੀ ਦੀ ਸੈਨਾ ਘਾ ਕੇ ਸਫਾਈ ਕਰ ਦਿੱਤੀ (ਉਸ ਦੀ ਉਪਮਾਂ ਮੈਂ ਕੀ ਕਰਾਂ।) {ਸੂਹਾ=ਬੁਹਾਰੀ ਦੇ ਦਿੱਤੀ, ਸਫਾਈ ਕਰ ਦਿੱਤੀ}।

ਕ. {ਗੁਰੂ ਜੀ ਅੱਗੇ ਹੰਕਾਰ ਦੀ ਪੇਸ਼ ਨਹੀਂ ਜਾਂਦੀ}

ਸ਼ਾਹਨ ਕੇ ਸੋਚ ਸ਼ਾਹਜ਼ਾਦਨ ਕੇ ਰੋਜ ਹੋਤ,
ਖੇਲਿਬੇ ਕੇ ਖੋਜ ਗੋ ਸ਼ਿਕਾਰਨ[1] ਸਜਤ ਹੈਂ।
ਬਜਾਕੁਲ ਬਿਹੰਗ ਬਿਲਲਾਤ ਫਿਰੈਂ ਅੰਗ ਭੰਗ
ਅੰਗ ਭੰਗ ਕੈ ਕੈ ਜਲ ਥਲ ਤੇ ਭਜਤ ਹੈਂ।
ਬੇਸ਼ੇ ਬਾਹੁ ਬੇਸਰਾ[2] ਸੁਨੇ ਤੇ ਗੁਰੂ ਗੋਬਿੰਦ ਸਿੰਘ
ਜਾਕੇ ਗੁਨ ਉਰ ਗੁਨਿਬੇ[3] ਕੋ ਉਪਜਤ ਹੈਂ।
ਕਾਹੇ ਮਗਰੂਰ ਖਗਾ[4] ਪੂਛਤ ਸ਼ਹੂਰ[5] ਗਯੇ,
ਗਰੁਰ[6] ਗਰੂਰ ਗਯੋ ਕਾਹੇ ਨ ਤਜਤ ਹੈਂ[7]।

ਅਰਥ-੧. ਪਾਤਸ਼ਾਹਾਂ ਦੇ ਸ਼ਾਹਜ਼ਾਦਿਆਂ ਵਿਚ ਰੋਜ਼ ਸੋਚ ਹੁੰਦੀ ਸੀ, (ਕਿ ਸ਼ਿਕਾਰ) ਖੇਲਿਆ ਜਾਵੇ,

---

*ਸੂ: ਪ੍ਰ: ਵਿਚ ਇਹ ਤੇ ਇਸਤੋਂ ਅਗਲਾ ਛੰਦ ਦੁਇ ਸੁੰਦਰ ਤੋਂ ਮਗਰੋਂ ਹਨ ਤੇ ਫੇਰ ਕਵੀ ਸੰਤੋਖ ਸਿੰਘ ਜੀ ਆਪਣਾ ਛੰਦ ਦੇ ਕੇ ਅੰਸੂ ਪੂਰਾ ਕਰਦੇ ਹਨ, ਪਰ ਬਾ: ਸੁ: ਸਿੰਘ ਦੁਹਾਂ ਛੰਦਾਂ ਨੂੰ ਹੀਰ ਦਾ ਲਿਖਦੇ ਹਨ ਤੇ ਚਾਲ ਦੁਹਾਂ ਦੀ ਹੀਰ ਵਾਲੀ ਹੀ ਹੈ।

---

੧. ਸਿਕਾਰਨ=ਸ਼ਿਕਰਾਨ=ਸ਼ਿਕਰੇ ਨੂੰ। ਸ਼ਿਕਰਾ ਇਕ ਸ਼ਿਕਾਰੀ ਪੰਛੀ ਦਾ ਨਾਮ ਹੈ।

੨. ਬੇਸਰਾ=ਇਕ ਹੋਰ ਸ਼ਿਕਾਰੀ ਪੰਛੀ ਦਾ ਨਾਮ ਹੈ। ਬੇਸ਼=ਵਧੀਆ। ਬਾਹੁ=ਬਾਜ਼ੂ। ਪੰਛੀ ਦੇ 'ਖੰਭਾਂ ਦੇ ਪਰਬੰਧ' ਨੂੰ ਬਾਜ਼ੂ ਕਹਿਲੋਂ ਦੇ ਹਨ।

੩. ਉਰ=ਹਿਰਦਾ। ਗੁਨਬੇ=ਬੇਗੁਨ। ਤਿੰਨਾਂ ਗੁਣਾਂ ਤੋਂ ਰਹਿਤ ਭਾਵ ਹੰਕਾਰ ਰਹਿਤ।

੪. ਮਗਰੂਰ ਖਗ=ਹੇ ਹੰਕਾਰੀ ਪੰਛੀ, ਭਾਵ ਹੈ ਹੰਕਾਰੀ ਸ਼ਿਕਰੇ।

੫. ਸ਼ਹੂਰ=ਅ:, ਸ਼ਊਰ=ਅਕਲ, ਹੋਸ਼।

੬. ਗਰੁਰ=ਗਰੁੜ, ਹਿੰਦੂ ਅਖਜਾਨਕਾ ਨੇ ਗਰੁੜ ਸਾਰੇ ਪੰਛੀਆ ਦਾ ਰਾਜਾ ਤੇ ਵਿਸ਼ਨੂੰ ਦਾ ਵਾਹਨ ਮੰਨਿਆਂ ਹੈ।

੭. ਇਹ ਅਤੇ ਅਗਲਾ ਛੰਦ ਗੁ: ਪ੍ਰ: ਸੂ: ਵਿਚ ਨਹੀਂ ਹਨ, ਪਰ ਬਾਬਾ ਜੀ ਨੇ 'ਹੀਰ ਕੇ' ਸੁਰਖੀ ਹੇਠ ਦਿੱਤੇ ਹਨ ਸੋ ਹੀਰ ਦੇ ਹਨ।

(ਪਰ ਸ਼ਿਕਾਰ ਮਿਲਦਾ ਨਹੀਂ ਸੀ, ਛੇਕੜ ਉਨ੍ਹਾਂ ਨੇ ਸੋਚਿਆ ਕਿ) ਸ਼ਿਕਰਾ ਸ਼ਿਕਾਰ ਖੋਜ ਲਏਗਾ (ਸੋ ਉਸ ਨੂੰ ਤਿਆਰ ਕਰਕੇ ਛੱਡਿਆ) ੨. ੩. (ਸ਼ਿਕਾਰ ਦੀ ਭਾਲ ਵਿਚ ਉਡੇ ਤੇ ਹੰਕਾਰ ਭਰੇ ਸ਼ਿਕਰੇ ਨੂੰ ਕਵੀ ਆਖਦਾ ਹੈ) ਗੁਰੂ ਗੋਬਿੰਦ ਸਿੰਘ ਜੀ ਦੇ ਗੁਣ (ਤਾਂ ਭਾਈ) ਹੰਕਾਰ ਰਹਿਤ ਹਿਰਦੇ ਵਿਚ ਉਪਜਦੇ ਹਨ, (ਤੈਨੂੰ ਪਤਾ ਨਹੀਂ? ਕਿ ਉਸ ਗੁਰੂ ਦੇ) ਵਧੀਆ ਬਾਜ਼ੂਆਂ ਵਾਲੇ ਬੇਸਰੇ ਦਾ (ਨਾਉਂ) ਸੁਣਨ ਤੇ ਹੀ ਪੰਛੀ ਅੰਗ ਭੰਗ ਹੋ ਵਜਾ-ਕੁਲ ਹੋ ਹੋ ਰੋਂਦੇ ਤੇ ਅੰਗ ਭੰਗ ਹੋਏ ਭੀ ਜਲਾਂ ਥਲਾਂ ਵਿਚ ਭੱਜੇ ਜਾਂਦੇ ਹਨ। ੪. ਹੇ ਹੰਕਾਰੇ ਹੋਏ (ਸ਼ਿਕਰੇ) ਪੰਛੀ (ਤੂੰ ਸ਼ਿਕਾਰ ਦੀ) ਪੁੱਛ (ਭਾਲ ਕੀ ਕਰ ਰਿਹਾ ਹੈਂ, ਕੀ ਤੇਰੀ) ਮਤਿ ਮਾਰੀ ਗਈ ਹੈ? (ਜਿੱਥੇ ਪੰਛੀਆਂ ਦੇ ਰਾਜਾ) ਗਰੁੜ ਨੇ ਹੰਕਾਰ ਛਡ ਦਿਤਾ ਹੈ, ਓਥੇ ਤੂੰ ਕਿਉਂ ਨਹੀਂ ਹੰਕਾਰ ਛੱਡ ਦੇਂਦਾ।

ਖ. {ਗੁਰੂ ਜੀ ਦਾ ਸ਼ੱਤਰੂ ਪਰ ਕੋਪ, ਧੌਂਸੇ ਦੀ ਸੱਟ ਤੇ ਕਵਾਇਦਦਾਨ ਫੌਜ ਦਾ ਹੱਲਾ}

ਮਹਾਂ ਬਾਹੂ[1] ਬੀਰ ਗੁਰੂ ਗੋਬਿੰਦ ਤਿਹਾਰੇ ਰੋਸ,
ਸ਼ੇਸ਼ ਸੁਰ ਪੁਰਿ ਹੂੰ ਧਰਾ ਮੈ ਧੀਰ ਕੋ ਧਰੈ।
ਲੰਕਪਤਿ ਸੰਕੈ, ਔ ਪਲੰਕ[2] ਹੂੰ ਮੈਂ ਖੈਲ ਭੈਲ,
ਝੰਕ[3] ਝਾਰ ਖੰਡ ਹੈ[4] ਅਤੰਕ ਨਾਗ ਹੀ ਧਰੈ।
ਧੌਸਾ ਕੀ ਧੁੰਕਾਰ ਤੇ ਪੁਕਾਰ ਪਰੈ ਅਲਕਾ[5] ਮੈਂ,
ਦਲ ਕੇ ਦਲੇਲ* ਹੇਲਾ ਪਾਰਾਵਾਰ ਧਾਹਰੇ।
ਸਸਕੈ ਸੁਮੇਰ ਭਾਰ, ਮਸਕੈ ਕਮਠ ਪੀਠ,
ਕਸਕੈ ਕਰੇਜਾ ਅਰ ਰਾਤ ਦਿਨ ਜੀ ਡਰੈ!

ਅਰਥ-੧. ਹੇ ਮਹਾਂ ਬਾਹੂ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਆਪ ਨੂੰ ਗੁੱਸਾ ਆਉਣ ਤੇ ਸ਼ੇਸ਼ਨਾਗ (ਪਤਾਲ ਵਿਚ ਤੇ ਇੰਦਰ ਆਦਿ ਦੇਵਤੇ) ਇੰਦਰ ਪੁਰੀ ਵਿਚ (ਧੀਰਜ ਛੱਡ ਬੈਠਦੇ ਹਨ ਸੋ) ਧਰਤੀ ਉਤੇ ਧੀਰਜ ਕਿਸਦਾ ਰਹਿ ਜਾਏ। ੨. ਲੰਕਾ ਦਾ ਪਤੀ ਭੈ ਖਾਂਦਾ ਹੈ ਤੇ ਪਲਕਸ਼ ਦੀਪ ਵਿਚ ਖਿਲ-ਬਲੀ ਮਚ ਜਾਂਦੀ ਹੈ, ਸਾਰੇ ਖੰਡ ਦੁਖ ਰੋਣੀਆਂ ਰੋਂਦੇ ਹਨ, ਸ਼ੇਸ਼ਨਾਗ ਹਿਰਦੇ ਵਿਚ ਡਰਦਾ ਹੈ। ੩. (ਆਪ ਦੇਂ) ਧੌਂਸੇ ਦੀ ਆਵਾਜ਼ ਨਾਲ ਕੁਬੇਰ ਦੀ ਪੁਰੀ ਵਿਚ ਪੁਕਾਰ ਪੈ ਜਾਂਦੀ ਹੈ, (ਆਪ ਦੀ) ਫੌਜ ਦੇ ਕਵਾਇਦ ਨਾਲ ਹੱਲੇ ਕਰਨ ਤੇ ਸਮੁੰਦਰ ਢਾਹਾਂ ਮਾਰਦਾ ਹੈ। ੪. (ਫੌਜੀ ਹੱਲੇ ਦੇ) ਭਾਰ ਨਾਲ ਸੁਮੇਰ ਪਰਬਤ ਸਸਕਦਾ ਹੈ, (ਧਰਤੀ ਹੇਠਲੇ) ਕੱਛੂ ਦੀ ਪਿੱਠ ਮਲੀ ਜਾਂਦੀ ਹੈ, ਕਲੇਜਾ ਪੀੜ ਕਰਦਾ ਹੈ ਤੇ ਦਿਨ ਰਾਤ ਜੀ ਡਰਦਾ ਰਹਿੰਦਾ ਹੈ।

ਰਲੇ ਮਿਲੇ

ਹੁਣ ਉਹ ਛੰਦ ਦੇਂਦੇ ਹਾਂ ਜੋ ਹੈਨ ਤਾਂ ਦਰ-ਬਾਰੀ ਕਵੀਆਂ ਦੇ, ਪਰ ਹੈਨ ਬੇਛਾਪ ਤੇ ਹੁਣ ਤਕ ਦੀ ਕੀਤੀ ਖੋਜ ਨਾਲ ਕੋਈ ਸੰਭਾਵਨਾ ਉਨ੍ਹਾਂ ਦੇ ਕਰਤਿਆਂ ਬਾਬਤ ਨਹੀਂ ਹੋ ਸਕੀ।

ਅਗਲੇ ਦੋਇ ਛੰਦ ਬੇਛਾਪ ਹਨ। ਦੋਹਾਂ ਨੂੰ ਬਾਬਾ ਸੁ: ਸਿੰਘ ਹੀਰ ਦੇ ਛੰਦਾਂ ਦੇ ਮਗਰੋਂ ਪਰ 'ਸ਼ਿਕਾਰ' ਦੀ ਵੱਖਰੀ ਸੁਰਖੀ ਹੇਠ ਲਿਖਦੇ ਹਨ। ਬੇਸਰੇ ਦੀ ਤਾਰੀਫ ਵਿਚ ਇਕ ਛੰਦ ਹੀਰ ਦਿਆਂ ਵਿਚ ਪਿਛੇ ਆ ਚੁਕਾ ਹੈ-'ਸ਼ਾਹਨ ਕੇ ਸੋਚ...' ਵਾਲਾ (ਪੰਨਾ ੫੦੧ ਪਰ) ਤੇ ਇਕ ਛੰਦ ਇਹ

---

੧. ਸੰਸ:, ਮਹਾਂ ਬਾਹੂ=ਵਡੀਆਂ ਬਾਹਾਂ ਵਾਲਾ। ਆਜਾਨ ਬਾਹੂ ਤੋਂ ਬੀ ਮੁਰਾਦ ਹੁੰਦੀ ਹੈ। ਵਿਸ਼ਨੂੰ ਦਾ ਇਕ ਨਾਮ। (ਅ) ਬਲਵਾਨ ਆਦਿ।

੨. ਪਲੰਕ=ਪਲਕਸ਼=ਜੰਬੂ ਦੀਪ ਤੋਂ ਅਗਲਾ ਦੀਪ। (ਅ) ਪਲੰਕ=ਫਲਕ=ਆਸਮਾਨ। ਭਾਵ ਆਸਮਾਨ ਵਿਚ ਖਿਲਬਲੀ ਮਚ ਜਾਂਦੀ ਹੈ।

੩. ਝੰਕ=ਝੀਕਣਾ ਤੋਂ, ਦੁਖ ਰੋਣਾ, ਦੁਖ ਰੋਣੀ ਕਰਨੀ।

੪. ਝਾਰ=ਮਾਰੇ, ਭਾਵ ਹੈ ਸੱਤਾਂ ਦੀਪਾਂ ਦੇ ਸਾਰੇ ਖੰਡ (੭ X ੯=੬੩)। ਖੰਡ=ਹਰੇਕ ਦੀਪ ਦੇ ਹਿਸੇ ਜੋ ਨੌਂ ਨੌਂ ਹਨ।

੫. ਕੁਬੇਰ ਬੀ ਪੁਰੀ।

*ਦਲੇਲ=ਕਵਾਇਦ ਕਰਨਾ, ਖਾਸ ਤਰੀਕੇ ਅਨੁਸਾਰ ਟੁਰਨਾ, ਅਗੇ ਪਿਛੇ ਹੋਣਾ। ਦਲ+ਏਲ=ਜੋ ਕੰਮ ਕਿ ਫੌਜ ਕਰੇ ਭਾਵ ਕਵਾਇਦ। ਇਸ ਪਦ ਨੂੰ ਅੰਗ੍ਰੇਜ਼ੀ ਪਦ ਡ੍ਰਿੱਲ (Drill) ਤੋਂ ਬਣਿਆ ਬੀ ਖਿਆਲ ਕੀਤਾ ਜਾਂਦਾ ਹੈ। ਅਜ ਕਲ ਇਸਦੇ ਅਰਥ 'ਇਕ ਫੌਜੀ ਦੰਡ' ਦੇ ਹਨ, ਜਿਵੇਂ ਫਲਾਣੇ ਦੀ ਦਲੇਲ ਬੋਲੀ ਹੈ।

ਅਗੇ ਆਉਂਦਾ ਹੈ, ਦੋਵੇਂ ਛੰਦ ਚੰਗੇ ਹਨ, ਪਰ ਬਹੁਤ ਵਧੀਆ ਨਹੀਂ। ਹਾਂ, ਤੀਸਰਾ ਛੰਦ-ਗਰੁਰ ਗਰੂਰ ਤਜਜੋ-ਇਨ੍ਹਾਂ ਦੋਹਾਂ ਛੰਦਾਂ ਤੋਂ ਬੇਸ਼ ਹੈ।

ਬੇਸ਼ ਬੇਸਰਾ ਹੈ ਗੁਰੂ ਗੋਬਿੰਦ ਕੀ ਸਰਕਾਰ,
ਜਾਂਕੀ ਦਹਸ਼ਤ ਗਿਰੇ ਕੋਹਨ ਕੇ ਘਰ ਹੈਂ।
ਜਾਂਕੀ ਦਹਸ਼ਤ ਬਰ ਬਾਜਨ ਬਰ ਨ ਧਰੈਂ,
ਜਾਂਕੀ ਦਹਸ਼ਤ ਛੁਟੇ ਬਹਰੀ ਕੇ ਬਰ ਹੈਂ।
ਜਾਕੀ ਦਹਸ਼ਤ ਚਾਰਾ ਚੁਗਤ ਨ ਚਕ੍ਵਾਕ,
ਜਾਂਕੀ ਦਹਸ਼ਤ ਸ਼ਾਰਦੂਲ ਸੁਰਤ ਰਹੈਂ।
ਸਗਰੇ ਜਹਾਨ ਕੇ ਬਿਹੰਗ ਜਿਨ ਭੰਗ ਕੀਨੇ,
ਕੋਪ ਸੁਨਿ ਆਵਤ ਕੁਲੰਗ ਪਾਇ ਤਰ ਹੈਂ।

ਅਰਥ-੧. ਗੁਰੂ ਗੋਬਿੰਦ ਸਿੰਘ ਜੀ ਦੀ ਸਰਕਾਰ ਦਾ ਬੇਸਰਾ[1] ਬਹੁਤ ਵਧੀਆ ਹੈ, ਜਿਸ ਦੇ ਭੈ ਨਾਲ ਕੂਹੀਆਂ ਦੇ ਘਰ ਡਿੱਗ ਪਏ ਹਨ। ੨. ਜਿਸਦੇ ਡਰ ਕਰਕੇ ਸ੍ਰੇਸ਼ਟ ਬਾਜ਼ ਭੀ ਬਲ ਨਹੀਂ ਧਾਰਦੇ ਤੇ ਬਹਿਰੀਆਂ ਦੇ ਬਲ ਛੁੱਟ ਗਏ ਹਨ। ੩. ਜਿਸ ਦੇ ਡਰ ਕਰਕੇ ਚਕਵੇ ਚੋਗਾ ਨਹੀਂ ਚੁਗਦੇ ਤੇ ਸ਼ੇਰਾਂ ਦੀ ਸੁਰਤ ਰਹਿ ਗਈ ਹੈ[2]। ੪. ਸਾਰੇ ਜਹਾਨ ਦੇ ਪੰਛੀ ਜਿਸ ਨੇ ਨਾਸ਼ ਕਰ ਦਿੱਤੇ ਹਨ, (ਜਿਸਦਾ) ਗੁੱਸਾ ਸੁਣ ਕੇ ਕੁਲੰਗ[3] (ਪੰਛੀ) ਆਪੇ ਪੇਰਾਂ ਹੇਠ ਆ ਜਾਂਦੇ ਹਨ।

ੳ. {ਬੇਸਰੇ ਦੀ ਪ੍ਰਾਗੱਲਭਤਾ, ਸ਼ਿਕਾਰ ਵੇਰਵਾ ਤੇ ਘੋੜਿਆਂ ਦਾ ਦਾਨ}

ਗਰੁਰ ਗਰੂਰ ਤਜਜੋ ਬਾਜ਼ ਸਭ ਬਾਜ਼ ਆਏ,
ਜ਼ੋਰਾਵਰ ਜੁੱਰ੍ਹਾ ਜਾਨ ਜ਼ੇਰ ਆਨ ਹੈਂ ਭਏ।
ਹਾਥ ਗੁਰੂ ਗੋਬਿੰਦ ਕੇ ਬੇਸਰਾ ਸਿਧਾਯੋ ਨਾਨੋਂ,
ਛੂਟਜੋ ਲਖ ਲਾਖਨ ਬਿਹੰਗ ਲੀਨ ਹ੍ਵੈ ਗਏ।
ਚਰਨ ਚਪੇਟ, ਚਿੰਚ ਚੋਭਤੇ ਚਿਮਿਟਿ ਚਪਿ,
ਮਾਰਜੋ ਕੁਲਮੁਰਗ, ਕਲੋਲ ਜੀਅ ਮੈਂ ਭਏ।
ਤਾਂਹੀ ਖਿਨ ਤੀਖੇ ਤ੍ਰੈਂਜ਼ ਤਰਲ ਤੁਰੰਗ ਕੇਤੇ,
ਮੌਜ ਸੌਂ ਮੰਗਾਇ ਮੋਲ ਮਹਾਂ ਬਾਹੁ ਤੈਂ ਦਏ।

ਅਰਥ-੧. ਗਰੁੜ ਨੇ ਗਰੂਰ ਛੱਡ ਦਿੱਤਾ ਹੈ, ਬਾਜ਼ ਪਿੱਛੇ ਹਟ ਗਏ ਹਨ, ਜੁਰਰੇ (ਬੇਸਰੇ ਨੂੰ) ਜ਼ੋਰਾਵਰ ਜਾਣ ਕੇ ਤਾਬੇਦਾਰ ਹੋ ਗਏ ਹਨ। ੨. ਗੁਰੂ ਗੋਬਿੰਦ ਸਿੰਘ ਜੀ ਦੇ ਹਥੋਂ ਛੋਟਾ ਬੇਸਰਾ ਉਡਿਆ ਜਿਸ ਨੂੰ ਛੁਟਿਆ ਦੇਖ ਕੇ ਲੱਖਾਂ ਹੀ ਪੰਛੀ ਗੁੰਮ ਹੋ ਗਏ। ੩. (ਇਸ ਨੇ ਕੁਲਮੁਰਗ* ਉਤੇ ਪੈਕੇ ਪਹਿਲਾਂ) ਪੈਰਾਂ ਦੀ ਚਪੇਟ ਮਾਰੀ (ਫੇਰ) ਚੁੰਝ ਦੀ ਚੋਭ ਦਿੱਤੀ, (ਫਿਰ) ਗੁੱਸੇ ਵਿਚ ਆਕੇ ਚੰਬੜਕੇ ਮਾਰ ਲਿਆ, ਦੇਖਕੇ (ਗੁਰੂ ਜੀ) ਮਨ ਵਿਚ ਪ੍ਰਸੰਨ ਹੋਏ। ੪. ਓਸੇ ਸਮੇਂ ਛੇਤੀ ਨਾਲ ਕਿੰਨੇ ਹੀ ਚੰਚਲ ਤੇ ਤ੍ਰਿੱਖੇ ਘੋੜੇ ਮੁੱਲ ਮੰਗਵਾਏ ਤੇ ਹੇ ਮਹਾਂ ਬਾਹੂ (ਗੁਰੂ ਗੋਬਿੰਦ ਸਿੰਘ!) ਤੂੰ ਖੁਸ਼ੀ ਨਾਲ ਬਖਸ਼ੀਸ਼ ਕੀਤੇ।

ਅ. {ਗੁਰੂ ਜੀ ਕਵੀਆਂ ਨੂੰ ਅਤਿ ਕੀਮਤੀ ਘੋੜੇ ਦਾਨ ਦਿੰਦੇ ਸਨ}

ਸੁੰਦਰ ਅਨੰਗ, ਕਿਧੋਂ ਚਪਲ ਕੁਰੰਗ ਸਮ,
ਗਰੁਰ ਕੇ ਸੰਗ ਚਲਿ ਆਗੇ ਹੀ ਕੋ ਚੇਤ ਹੈਂ।
ਪਵਨ ਕੋ ਪਾਛੇ ਕਰਿ, ਮਨ ਕੋ ਗਵਨ ਹਰਿ,
ਦੌਰ ਮੈਂ ਪਲਕ ਮਾਂਹਿ ਫ਼ਾਂਧ ਜਾਂਹਿ ਸੇਤ ਹੈਂ।
ਰਵਿ ਰਥ ਚਢਤ ਉਤਰ ਜਾਤ ਯਾਹੀ ਲੀਏ,
ਮੇਰੇ ਏਕ ਏ ਅਨੇਕ ਸਾਜ਼ਨ ਸਮੇਤ ਹੈਂ।
ਐਸੇ ਬਾਜੀ ਦੇਖੀਐ ਨ ਕਹੂੰ ਤੀਨ ਭਵਨ ਮੈਂ
ਜੈਸੇ ਗੁਰੂ ਗੋਬਿੰਦ ਜੀ ਕਵਿਨਿ ਕੋ ਦੇਤ ਹੈਂ।

ਅਰਥ-੧. ਕਾਮ ਵਰਗੇ ਸੁਹਣੇ, ਹਰਨ ਵਰਗੇ ਚੰਚਲ (ਆਪ ਦੇ ਘੋੜੇ ਹਨ), ਗਰੁੜ (ਜੇ ਆਪ ਜੀ ਦੇ ਘੋੜਿਆਂ) ਨਾਲ ਚਲੇ (ਤਾਂ ਘੋੜਿਆਂ ਨੂੰ) ਅਗੇ ਜਾਂਦੇ ਹੀ ਵੇਖੇਗਾ। ੨. (ਏਹ ਘੋੜੇ) ਪੌਣ ਨੂੰ ਪਿੱਛੇ ਸੱਟਕੇ ਮਨ ਦੀ ਗਤੀ ਨੂੰ ਹਰਾਉਂਦੇ ਹਨ, ਦੌੜ ਵਿਚ ਪੁਲ ਨੂੰ ਪਲ ਵਿਚ ਟੱਪ ਜਾਂਦੇ ਹਨ। ੩. ਸੂਰਜ (ਆਪਣੇ ਘੋੜਿਆਂ ਦੇ) ਰਥ ਤੇ (ਦਿਨੇ) ਚੜ੍ਹਕੇ (ਰਾਤੀਂ) ਉਤਰ ਜਾਂਦਾ ਹੈ ਕਿ ਮੇਰੇ ਪਾਸ ਤਾਂ (ਐਸੇ ਘੋੜਿਆਂ ਵਾਲਾ ਰਥ) ਇਕੋ ਹੈ, ਪਰ ਗੁਰੂ ਜੀ ਪਾਸ ਐਸੇ (ਰਥ) ਸਾਜ਼ਾਂ ਸਮੇਤ ਅਨੇਕਾਂ ਹਨ।

---

੧. ਬੇਸ਼=ਵਧੀਆ। ਬੇਸਰਾ=ਬਾਜ਼ ਦੀ ਤਰ੍ਹਾਂ ਦਾ ਇਕ ਸ਼ਿਕਾਰੀ ਪੰਛੀ। ਬਾਸ਼ੀਨ ਤੇ ਸ਼ਿਕਰੇ ਤੇ ਜੰਮਿਆ ਦੋਗਲਾ ਪੰਛੀ 'ਬੇਸਰਾ' ਯਾ 'ਗੁਲ ਚਸ਼ਮ' ਕਹੀਦਾ ਹੈ। ਕੁਹੀ=ਇਕ ਸ਼ਿਕਾਰੀ ਪੰਛੀ।

੨. (ਅ) ਸ਼ਾਰਦੂਲ ਸੁਰ ਤਰ ਹੈਂ=ਸ਼ੇਰਾਂ ਦੀ ਗਰਜ (ਤਰ=) ਨੀਵੀਂ ਪੈ ਜਾਂਦੀ ਹੈ।

੩. ਫ਼ਾ: ਕੁਲੰਗ=ਸਾਰਸ ਵਰਗਾ ਜਲ ਕਿਨਾਰੇ ਰਹਿਣ ਵਾਲਾ ਪੰਛੀ ਜਿਸਦਾ ਸਿਰ ਲਾਲ ਹੁੰਦਾ ਹੈ।

*ਫ਼ਾ: ਕੁਲ ਮੁਰਗ=ਗਿੱਧ ਦੀ ਕਿਸਮ, ਜਿਸਦਾ ਸਿਰ ਲਾਲ ਤੇ ਗੰਜਾ ਜਿਹਾ ਹੁੰਦਾ ਹੈ, ਘੋਗੜ।

੪. ਤਿੰਨਾਂ ਲੋਕਾਂ ਵਿਚ ਐਸੇ ਘੋੜੇ ਕਿਤੇ ਨਹੀਂ ਦੇਖੀਦੇ ਜੈਸੇ ਘੋੜੇ ਕਿ ਗੁਰੂ ਜੀ ਕਵੀਆਂ ਨੂੰ ਦਿੰਦੇ ਹਨ।

ੲ. {ਸ਼ਿਕਾਰ ਚੜ੍ਹਨ ਦਾ ਦਬਦਬਾ}

ਸੈਲਹਿੰ ਦਬਤ, ਐਲ ਪਰਤਿ ਅਲੰਕ ਪਰ,
ਖੈਲਭੈਲ ਖਲਕ ਖਲਨ ਘਰਬਾਰ ਹੈਂ।
ਕਾਨਨ ਕੁਰੰਕ, ਬਾਚੇ ਮਦ ਕੇ ਮਤੰਗ ਕਹੂੰ,
ਬਾਘਨ, ਬਿਹੰਗ, ਬ੍ਰਿਕ ਬਾਨਰ ਕਹਾਂ ਰਹੈਂ।
ਝਾਂਖ, ਰੋਝ, ਰੀਛ, ਘਰ ਝਾਖਰ, ਬਰਾਹਨ ਕੇ,
ਦਾਹਨ ਦਰਨ ਦੇਵਿਬਾਹਨ ਸੁ ਮਾਰ ਹੈਂ।
ਪਰਨ ਪੁਕਾਰ ਅਰਿ ਛੋਡੇ ਘਰ ਬਾਰ ਭਾਜ,
ਸੋ ਤੋ ਗੁਰੂ ਗੋਬਿੰਦ ਕੀ ਸਹਜ ਸ਼ਿਕਾਰ ਹੈ[1]।

ਅਰਥ-੧. (ਜਦ ਸ਼ਿਕਾਰ ਚੜ੍ਹਦੇ ਹਨ ਤਾਂ) ਪਹਾੜ ਦੱਬਦੇ ਹਨ, ਰੌਲਾ ਅਕਾਸ਼ ਵਿਚ ਪੈਂਦਾ ਹੈ, ਖਲਕਤਾਂ (ਵਿਚ) ਤੇ ਖਲਾਂ (ਦੁਸ਼ਟਾਂ ਦੇ) ਘਰ ਬਾਰਾਂ ਵਿਚ ਹਲਚਲ ਮਚ ਜਾਂਦੀ ਹੈ। ੨. ਜੰਗਲ ਵਿਚ ਹਰਨ ਤੇ ਮਦਮੱਤੇ ਹਾਥੀ, ਸ਼ੇਰ, ਪੰਛੀ, ਬਘਿਆੜ ਤੇ ਬਾਂਦਰ ਬਚਕੇ ਕਿੱਥੇ ਰਹਿਣ। ੩. ਝਾਂਖ, ਰੋਝ, ਰਿੱਛ, ਬਾਰਾਂ ਸਿੰਗੇ ਤੇ ਸੂਰਾਂ ਨੂੰ (ਉਨ੍ਹਾਂ ਦੇ) ਘਰ (ਘੁਰਿਆਂ) ਵਿਚ ਤੇ ਸ਼ੇਰਾਂ ਨੂੰ ਕੰਦਰਾਂ ਵਿਚੋਂ ਦਾਹੁੰਦੇ ਤੇ ਮਾਰਦੇ ਹਨ[2]। ੪. ਸ਼ਿਕਾਰ ਦੀ ਐਉਂ ਪੁਕਾਰ ਪੈਣ ਤੇ ਵੈਰੀ ਘਰ ਬਾਰ ਛੱਡਕੇ ਭੱਜ ਉਠਦੇ ਹਨ, ਇਹ ਗੁਰੂ ਜੀ ਦੇ ਸਹਿਜੇ ਭਾਣੇ ਦੇ ਸ਼ਿਕਾਰ (ਦਾ ਰੋਅਬ) ਹੈ। (ਅ) ਪੁਕਾਰ ਪੈ ਜਾਣ ਨਾਲ ਤੋਂ ਮਤਲਬ 'ਦੁਹਾਈ ਏ ਰਖ ਲੋ' ਦੀ ਅਵਾਜ਼ ਦੇਣ ਲਗ ਪੈਂਦੇ ਹਨ।

---

੧. ਇਹ ਤੇ ਅਗਲਾ ਛੰਦ ਦੋਵੇਂ ਸ਼ਿਕਾਰ ਦੇ ਸਿਰਨਾਮੇ ਹੇਠ ਆਏ ਹਨ ਤੇ ਪ੍ਰਾਪਤ ਜ਼ਰੀਇਆਂ ਤੋਂ ਸੰਭਾਵਿਤ ਨਹੀਂ ਹੁੰਦੇ ਕਿ ਕਿਸਦੇ ਹਨ।

੨. ਦਾਹਨ ਤੋਂ ਮੁਰਾਦ ਬੰਦੂਕ ਨਾਲ ਮਾਰਨ ਤੇ 'ਮਾਰ' ਤੋਂ ਮੁਰਾਦ ਤੀਰ ਤਲਵਾਰ ਨਾਲ ਮਾਰਨ ਦੀ ਹੈ। (ਅ) ਦਾਹਨ ਦਰਨ=(ਸੂਰਾਂ ਦੀਆਂ) ਦਾਹੜਾਂ ਦਲਦੇ ਹਨ। ਦੇਵਿ ਬਾਹਨ=ਦੇਵੀ ਦੀ ਅਸਵਾਰੀ, ਭਾਵ ਸ਼ੇਰ। ਝਾਖ=ਚੀਤਲ ਮ੍ਰਿਗ। ਰੋਝ=ਨੀਲ ਗਾਇ। ਝਾਂਖਰ=ਬਾਰਾਂ ਸਿੰਗਾ।

ਸ. {ਚਤੁਰੰਗਨੀ ਸੈਨਾ ਦੀ ਚੜ੍ਹਾਈ}

ਸ੍ਰੈਯਾ-ਸਾਜ ਸ਼ਿੰਗਾਰ ਚਢੇ ਗੁਰ ਗੋਬਿੰਦ,
ਪਬਜਨ ਸ਼੍ਰਿੰਗ ਪਿਸਾਨ ਭਏ ਨਿਤ।
ਲੰਕ ਅਤੰਕ ਪੁਕਾਰ ਪਰੀ, ਪੁਰਿ
ਸ਼ੰਕ ਬਿਭੀਖਨ ਰੰਕ ਭਯੋ ਤਿਤ।
ਟੂਟਿ ਫਨੀ ਫਨ, ਹੂਟਿਗੇ ਦਿੱਗਜ,
ਧੀਰਜ ਧੌਲ ਕੀ ਜਾਇ ਰਹੀ ਕਿਤ।
ਕੱਛਪ ਕੋਲ ਬਿਹਾਲ ਭਏ ਸਭਿ,
ਚਾਲ ਪਰੇ ਚਤੁਰੰਗ ਚਮੂੰ ਚਿਤ।

ਅਰਥ-੧. ਸ਼ਿੰਗਾਰ ਸਾਜਕੇ ਗੁਰੂ ਗੋਬਿੰਦ ਸਿੰਘ ਜੀ ਚੜ੍ਹਦੇ ਹਨ ਤਾਂ ਪਹਾੜਾਂ ਦੀਆਂ ਚੋਟੀਆਂ ਨਿਤ ਪਿਸਦੀਆਂ ਹਨ। ੨. ਭੈ ਦੀ ਪੁਕਾਰ ਲੰਕਾ ਵਿਚ ਪੈ ਗਈ, (ਲੰਕਾ) ਪਰ ਤੇ ਬਿਭੀਖਨ ਸ਼ੰਕਾਮਾਨ ਹੋਕੇ (ਦਿਲੋਂ) ਰੰਕ ਹੋ ਗਿਆ, (ਭਾਵ ਕਾਇਰ ਹੋ ਗਿਆ)। ੩. ਸ਼ੇਸ਼ਨਾਗ ਦੇ ਫਨ ਟੁੱਟ ਗਏ, ਦਿਗ-ਪਾਲ (ਹਾਥੀ) ਥੱਕ ਗਏ ਤੇ ਧੌਲ ਦਾ ਧੀਰਜ ਕਿਤੇ ਚਲਾ ਗਿਆ। ੪. (ਧਰਤੀ ਹੇਠਲੇ) ਕੱਛੂ ਤੇ ਸੂਰ ਘਬਰਾ ਗਏ (ਗੁਰੂ ਜੀ ਦੀ) ਚਤੁਰੰਗਨੀ ਸੈਨਾਂ ਨੂੰ ਚਾਲੇ ਪਿਆਂ ਵੇਖਕੇ।

ਹ. {ਖੜਗ ਦਾ ਰੋਅਬ ਤੇ ਖੜਗਧਾਰੀ ਹੋਣ ਦਾ ਜਸ}

ਸ਼ੀਲ ਰਸ ਸਾਇਰ, ਰਜੀਲੋ ਰਣ ਰੰਗ ਧੀਰ,
ਜੰਗ ਜੁਰੇ ਜੈਤਵਾਰ ਕਰਨੀ ਕੁਬੇਰ ਕੀ।
ਕਹੈ ਕਬਿ ਕੌਨ, ਤੇਜ ਤਰਨ ਲੌ ਤਪੇ ਤੁਅੰਗ,
ਪਾਰਾਵਾਰ ਲਗਿ ਫੈਲੀ ਜੀਤ ਸ਼ਮਸ਼ੇਰ ਕੀ।
ਕਰ ਰਣ ਰੋਸ, ਖਲ ਖੰਡਨਿ ਕਟਕ ਕੂਟ,
ਦੁੱਜਨ ਦਰੇਰ ਜਗ ਜੀਤ ਜ਼ਿਮੀਂ ਜ਼ੇਰ ਕੀ।
ਤੇਗ ਤ੍ਰਾਸ ਸਾਚੇ ਗੁਰ ਗੋਬਿੰਦ ਜੂ ਤੇਰੋ ਜਸ
ਜਗਰ ਮਗਰ ਭਏ, ਸ਼ੋਭਾ ਗਈ ਮੇਰੁ ਕੀ*।

---

*ਇਹ ਛੰਦ ਸੂ: ਪ੍ਰਕਾਸ਼ ਵਿਚ ਆਲਮ ਦੇ ਬਾਦ ਹੈ ਤੇ ਹੰਸਰਾਮ ਦੇ ਛੰਦ ਦੇ ਪਹਿਲੇ ਹੈ। ਪਰ ਬਾ: ਸੁ: ਸਿੰ: ਜੀ ਨੇ ਮੰਗਲ ਦੇ ਬਾਦ ਦਿਤਾ ਹੈ। ਸੋ ਨਿਰਣੇ ਯੋਗ ਬਾਤ ਹੈ ਕਿ ਮੰਗਲ ਦਾ ਹੈ, ਆਲਮ ਦਾ ਹੈ ਯਾ ਕਿਸੇ ਹੋਰ ਦਾ ਹੈ, ਜਿਸ ਦਾ ਕਿ ਨਾਮ ਨਹੀਂ ਆਇਆ।

ਅਰਥ-੧. ਸ਼ਾਂਤਿਰਸ ਦੇ (ਆਪ) ਸਮੁੰਦਰ ਹੋ, ਬੀਰ ਰਸ[1] ਵਿਚ ਰਣ ਦੇ (ਸਾਰੇ) ਰੰਗਾਂ ਵਿਚ ਧੀਰ ਹੋ (ਇੰਨੇ ਕਿ) ਜੰਗ ਆ ਪਏ ਤੇ (ਸਦਾ) ਜਿੱਤਣ ਵਾਲੇ ਹੋ ਤੇ ਕੁਬੇਰ ਤੁੱਲ ਆਪਦੀ ਕਰਨੀ ਹੈ (ਭਾਵ ਦਾਨ ਬੀਰ ਭੀ ਹੋ ਤੇ ਜੁੱਧ ਬੀਰ ਭੀ)। ੨. ਕਿਹੜਾ ਕਵੀ (ਆਪ ਦੇ ਤੇਜ ਦਾ ਵਰਣਨ ਕਰੇ ਜੋ ਉਪਰ[2] ਨੂੰ ਸੂਰਜ ਤੀਕ ਤਪ ਰਿਹਾ ਹੈ (ਤੇ ਹੇਠਾਂ) ਸਮੁੰਦਰ ਤਕ (ਆਪ ਦੀ) ਸ੍ਰੀ ਸਾਹਿਬ ਦੀ ਫਤਹ (ਦੀ ਕੀਰਤੀ) ਫੈਲ ਰਹੀ ਹੈ। ੩. ਜੁੱਧ ਮਚੇ ਵਿਚ ਗੁੱਸੇ ਵਿਚ ਆ ਕੇ ਖਲਾਂ ਤੇ ਕੂਟਾਂ (ਭਾਵ ਛਲੀਏ ਪਹਾੜੀਆਂ) ਦੇ ਲਸ਼ਕਰਾਂ ਨੂੰ ਖੰਡ ਸੁਟਿਆ, ਦੁਰਜਨਾਂ (ਭਾਵ ਤੁਰਕਾਂ ਨੂੰ) ਦਰੇੜ ਕੇ ਜਗਤ ਨੂੰ ਜਿੱਤ ਜ਼ਿਮੀਂ ਤਾਬੇ ਕੀਤੀ ਹੈ। ੪. ਹੇ ਸੱਚੇ ਗੁਰੂ ਗੋਬਿੰਦ ਸਿੰਘ ਤੇਰੀ ਤੇਗ ਦਾ ਡਰ ਤੇ ਤੇਰਾ ਜਸ (ਦੋਵੇਂ ਐਨੇ) ਜਗ ਮਗਾ[3] ਉਠੇ ਹਨ ਕਿ ਹੁਣ ਸੁਮੇਰ ਦੀ ਸ਼ੋਭਾ ਕੋਈ ਨਹੀਂ ਰਹੀ।

ਕ. {ਸ਼ਿਕਾਰ ਚੜ੍ਹਨ ਦਾ ਰੋਅਬ}

ਉਦਧਿ ਸਿਮਟਿ ਜਾਇ ਊਚੈ ਨ ਲਹਿਰ ਉਠੈ,
ਭੈ ਤੇ ਬਿਭੀਖਨ ਦੇਤ ਲੰਕਾ ਕੇ ਕਿਵਾਰ ਕੋ।
ਮੇਰੁ ਸੁਕਚਾਨੋ ਦੇਖਿ, ਮਘਵਾ ਭੁਲਾਨੋ ਗਜ,
ਬਲ ਛਾਡ ਬਲ ਜਾਇ ਦੁਰਜੋ ਹੈ ਪਤਾਰ ਕੋ।
ਮਹੀ ਪਰ ਜੇਤੇ ਸੁ ਮਹੀਪਤ ਬਸਤ ਨਾਥ,
ਪਰਤ ਭਗਾਨੋ ਨ ਸੰਭਾਰ ਨਰ ਨਾਰਿ ਕੋ।
ਗੁਰੂ ਸ੍ਰੀ ਗੁਬਿੰਦ ਸਿੰਘ ਬਾਂਧਿ ਕਰਵਾਰ ਹੂੰ ਕੋ,
ਪਾਇਰੈ ਦੈ ਪਾਇ ਜਬ ਚਢਤ ਸ਼ਿਕਾਰ ਕੋ[4]।

ਅਰਥ-੪. ਜਦੋਂ ਗੁਰੂ ਗੋਬਿੰਦ ਸਿੰਘ ਜੀ ਤਲਵਾਰ ਬੰਨ੍ਹ ਕੇ (ਤਿਆਰ ਬਰ ਤਿਆਰ ਹੋਕੇ) ਰਕਾਬ ਵਿਚ ਪੈਰ ਦੇ ਕੇ ਸ਼ਿਕਾਰ ਨੂੰ ਚੜ੍ਹਦੇ ਹਨ ਤਦ ੧. ਸਮੁੰਦਰ ਸਿਮਿਟ ਜਾਂਦਾ ਹੈ, ਇਸ ਦੀ (ਫੇਰ ਕੋਈ) ਲਹਿਰ ਉਚੀ ਨਹੀਂ ਉਠਦੀ, ਭੈ ਖਾ ਕੇ ਬਿਭੀਖਨ ਲੰਕਾ ਦੇ ਤਖਤੇ ਬੰਦ ਕਰ ਲੈਂਦਾ ਹੈ। ੨. ਦੇਖਕੇ ਸੁਮੇਰ ਸੰਕੁਚ ਜਾਂਦਾ ਹੈ, ਇੰਦਰ (ਅਪਣੇ ਸੁਵਰਗ ਦੇ ਐਰਾਵਤ) ਹਾਥੀ ਨੂੰ ਭੁੱਲ ਜਾਂਦਾ ਹੈ, ਬਲ ਆਪਣੀ ਸੱਤਜਾ ਛੱਡ ਕੇ ਪਤਾਲ ਵਿਚ ਜਾ ਲੁਕਦਾ ਹੈ। ੩. ਧਰਤੀ ਉਤੇ ਜਿੰਨੇ ਪ੍ਰਿਥਵੀਪਤ ਤੇ ਇਸ ਦੇ ਮਾਲਕ ਹੈਨ ਸਭ ਨੂੰ ਨੱਸਣ ਦੀ ਪੈ ਜਾਂਦੀ ਹੈ, (ਆਮ) ਆਦਮੀਆਂ ਤੇ ਇਸਤ੍ਰੀ ਨੂੰ ਤਾਂ ਹੋਸ਼ ਹੀ ਨਹੀਂ ਰਹਿੰਦੀ।

ਹੋਰ ਛੰਦ

ਕਵਿ ਸੰਤੋਖ ਸਿੰਘ ਜੀ ਨੇ ਕਵੀਆਂ ਦੇ ਜਿਹੜੇ ਛੰਦ ਗੁ: ਪ੍ਰ: ਸੂ: ਵਿਚ ਦਿਤੇ ਹਨ ਉਨ੍ਹਾਂ ਵਿਚ ਆਪਣੇ ਭੀ ਕੁਛ ਦਿੱਤੇ ਹਨ, ਜਿਨ੍ਹਾਂ ਵਿਚ ਛਾਪ ਹੈ ਉਹ ਤਾਂ ਸਾਫ ਉਹਨਾਂ ਦੇ ਹੋਏ, ਪਰ ਬੇਛਾਪ ਵੇਲੇ ਗਲ ਸੋਚਨੀਯ ਹੋ ਜਾਂਦੀ ਹੈ। ਜਿਹਾਕੁ ਇਹ ਛੰਦ ਸੂ: ਪ੍ਰ: ਵਿਚ ਹਜ਼ੂਰੀ ਕਵੀਆਂ ਦੇ ਛੰਦਾਂ ਵਿਚ ਆਇਆ ਹੈ:-

ਰਾਮ ਛਤ੍ਰਬੰਧ ਪਰ, ਰਾਮ ਦਸਕੰਧ ਪਰ,
ਰਾਮ ਜਰਾਸਿੰਧ ਪਰ ਤ੍ਰੈ ਜਯੋਂ ਨਰ ਸਿੰਘ ਹੈਂ।
ਰੁਦ੍ਰ ਜਿਮ ਮਾਰ ਪਰ, ਬੈਨਤੇਯ ਮਾਰ ਪਰ,
ਪੌਨ ਦੀਪਮਾਰ ਪਰਿ, ਮਾਰ ਪਰ ਸਿੰਘ ਹੈ।
ਸੂਰ ਤਮ ਬ੍ਰਿੰਦ ਪਰ, ਸੂਰ ਰਣ ਦੁੰਦ ਪਰ,
ਸੂਰ ਦਿਤੀ ਨੰਦ ਪਰ, ਦੂਜੇ ਨਰਸਿੰਘ ਹੈ।
ਕਾਲ ਸਰਬੰਸ ਪਰ, ਦਾਵਾ ਬਨਬੰਸ ਪਰ,
ਤਯੋਂ ਮਲੇਛ ਵੰਸ਼ ਪਰ ਸ੍ਰੀ ਗੁਬਿੰਦ ਸਿੰਘ ਹੈ।

ਅਰਥ-੧. (ਜਿਵੇਂ) ਪਰਸਰਾਮ ਛੱਤ੍ਰੀਆਂ ਦੇ ਬੰਨ੍ਹਣ (ਜਾਂ ਮਾਰਨ) ਪਰ, ਰਾਮ ਜਿਵੇਂ ਰਾਵਣ ਉਤੇ, ਬਲਰਾਮ ਜਿਵੇਂ ਜਰਾਸੰਧ ਉਤੇ, ਜਿਵੇਂ ਤਿੰਨੇ ਨਰਾਂ ਵਿਚ ਸਿੰਘ ਹਨ (ਭਾਵ ਨਰ ਸ਼ਿਰੋਮਣ ਹਨ।) ੨. ਜਿਵੇਂ ਸ਼ਿਵਜੀ ਕਾਮ ਉਤੇ, ਗਰੁੜ ਸੱਪਾਂ ਉਪਰ, ਹਵਾ ਜਿਵੇਂ ਦੀਪ ਮਾਲਾ ਪਰ[1] ਤੇ ਸ਼ੇਰ ਜਿਵੇਂ ਸ਼ਿਕਾਰ ਪਰ। ੩. ਸੂਰਜ ਸਾਰੇ ਹਨੇਰੇ ਉਤੇ, ਸੂਰਮਾ ਦੁੰਦ[2] ਯੁੱਧ ਪਰ, ਸੂਰ

---

੧. ਅ:, ਰਜੀਲ=ਮਰਦਾਨਗੀ, ਮੁਰਾਦ ਹੈ ਬੀਰ ਰਸ ਤੋਂ। ੨. ਤੁਅੰਗ=ਤੁੰਗ=ਉੱਚਾ (ਅ) ਤੁਅੰਗ=ਤਵ। ਤ੍ਵੰ=ਤੁਸਾਡਾ

੩. ਜਗਰ ਮਗਰ=ਜਗਮਗ, ਰੌਸ਼ਨ।

੪. ਇਹ ਛੰਦ ਸੂ: ਪ੍ਰ: ਵਿਚ ਨਹੀਂ, ਬਾ: ਸੁ: ਸਿੰਘ ਨੇ ਸ਼ਿਕਾਰ ਬਰਨਨ ਦੀ ਸੁਰਖੀ ਵਿਚ ਦਿਤਾ ਹੈ, ਨਾਮ ਨਹੀਂ ਦਿਤਾ।

---

੧. (ਅ) ਦੀਵੇ ਦੀ ਲਾਟ ਪਰ।

੨. ਦੁੰਦ=ਦੋਹਾਂ ਪੁਰਸ਼ਾਂ ਦਾ ਪਰਸਪਰ ਯੁੱਧ। (ਅ) ਇਕ ਤੋਂ ਵੱਧ ਵੈਰੀਆਂ ਦੇ ਮੁਕਾਬਲੇ ਤੇ ਇਕੱਲਾ ਜੁੱਟ ਜਾਣਾ। (ੲ) ਭਜਾਨਕ ਜੁੱਧ।

(=ਵਰਾਹਅਵਤਾਰ) ਹਰਨਕਸ਼ਜਪ ਪਰ, ਦੂਜੇ (ਅਰਥਾਤ ਹਰਨਕਸ਼ਜਪ ਦੇ ਦੂਜੇ ਭਰਾ ਅਰਥਾਤ ਹਰਨਾਕਸ਼ ਪਰ ਜਿਵੇਂ) ਨਰਸਿੰਘ ਸੀ। ੪. ਕਾਲ ਜਿਵੇਂ ਸਭਨਾਂ ਪੁਰ, ਦਾਵਾ ਅਗਨੀ ਬਾਂਸਾਂ ਦੇ ਬਨ ਪਰ, ਤਿਵੇਂ ਮਲੇਛਾਂ ਦੇ ਬੰਸ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਹਾਵੀ) ਹਨ।

ਬਾਬਾ ਸੁਮੇਰ ਸਿੰਘ ਜੀ ਨੇ ਇਸ ਛੰਦ ਨੂੰ ਹੀਰ ਦਾ ਸਮਝਿਆ ਹੈ, ਪਰ ਕਵੀ ਸੰਤੋਖ ਸਿੰਘ ਜੀ ਨੇ ਇਹੋ ਛੰਦ ਆਪਣੀ ਉਲਥਾ ਕੀਤੀ ਬਾਲਮੀਕੀ ਰਾਮਾਯਣ ਦੇ ਮੰਗਲਾਂ ਵਿਚ ਦੋ ਥਾਈਂ (ਸੁੰਦਰ ਕਾਂਡ ਸਰਗ ੧ ਅੰਕ ੬ ਤੇ ਉਤਰ ਕਾਂਡ ਸਰਗ ੧੨੧ ਅੰਕ ੪੯ ਵਿਚ) ਦਿੱਤਾ ਹੈ, ਜਿਸ ਤੋਂ ਨਿਸ਼ਚਿਤ ਹੋ ਗਿਆ ਕਿ ਇਹ ਛੰਦ ਕਵੀ ਜੀ ਦਾ ਅਪਣਾ ਹੈ ਤੇ ਹਜ਼ੂਰੀ ਕਵੀਆਂ ਵਿਚੋਂ ਕਿਸੇ ਦਾ ਨਹੀਂ। ਉਂਜ ਇਹ ਛੰਦ 'ਸੇਵਾ ਜੀ' ਦੇ ਦਰਬਾਰੀ ਕਵੀ 'ਭੂਸ਼ਣ' ਦੇ ਛੰਦ ਦੀ ਇਕ ਪ੍ਰਕਾਰ ਦੀ ਸਮਸਯਾ ਪੂਰਤੀ ਹੈ ਜੋ ਇਸ ਪ੍ਰਕਾਰ ਹੈ:-

ਇੰਦ੍ਰ ਜਿਮ ਜੰਭ ਪਰ, ਬਾੜਵ ਸੁਅੰਭ ਪਰ,
ਰਾਵਨ ਸਦੰਭ ਪਰ ਰਘੁਕੁਲ ਰਾਜ ਹੈ।
ਪੌਨ ਬਾਰਿ ਬਾਹ ਪਰ, ਸੰਭੂ ਰਤਿਨਾਹ ਪਰ,
ਜਯੋਂ ਸਹੰਸ ਬਾਹੁ ਪਰ, ਰਾਮ ਦ੍ਵਿਜਰਾਜ ਹੈ।
ਦਾਵਾ ਦ੍ਰੁਮ ਦੰਡ ਪਰ, ਚੀਤਾ ਮ੍ਰਿਗ ਝੁੰਡ ਪਰ,
'ਭੂਖੱਨ' ਵਿਤੁੰਡ ਪਰ ਜੈਸੇ ਮ੍ਰਿਗਰਾਜ ਹੈ।
ਤੇਜ ਤਮ ਅੰਸ ਪਰ, ਕਾਨ੍ਹ ਜਿਮ ਕੰਸ ਪਰ,
ਤਯੋਂ ਮਲੇਛ ਵੰਸ਼ ਪਰ ਸ਼ੇਰ ਸ਼ਿਵ ਰਾਜ ਹੈ।

੪.

ਪਿੱਛੇ ਪੰਨਾ ੪੭੪-੭੫ ਪਰ ਅਸੀਂ ਕਵੀ ਅੰਮ੍ਰਿਤ ਰਾਇ ਦੇ ਓਹ ਛੰਦ ਜੋ ਉਸਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਪ੍ਰਾਪਤ ਹੋਕੇ ਕਹੇ ਸਨ ਦੇ ਆਏ ਹਾਂ ਤੇ ਉਨ੍ਹਾਂ ਦੀ ਇਕ ਪ੍ਰਸਿੱਧ ਸਤਰ-'ਪਾਈਏ ਕਰੋਰ ਤੋ ਨ ਜਾਈਏ ਲਹੌਰ ਤੇ' ਜੋ ਲੋਕੋਕਤੀ ਬਣ ਚੁਕੀ ਹੈ-ਭੀ ਪੂਰੇ ਛੰਦ ਸਮੇਤ (ਪੰਨਾ ੪੭੪ ਪਰ) ਦੇ ਆਏ ਹਾਂ। ਇਥੇ ਅਸੀਂ ਆਪ ਦੇ ਰਚੇ 'ਚਿਤ੍ਰ ਬਿਲਾਸ*' ਗ੍ਰੰਥ ਵਿਚੋਂ ਤਿਥਿ ਸੰਮਤ ਆਦਿ ਦੇ ਛੰਦ ਦੇਂਦੇ ਹਾਂ ਜਿਨ੍ਹਾਂ ਤੋਂ ਉਨ੍ਹਾਂ ਦਾ ਆਪਣਾ ਲਿਖਿਆ ਪਤਾ ਉਹਨਾਂ ਦਾ ਸਮਾਂ ਤੇ ਲਾਹੌਰ ਨਾਲ ਉਨ੍ਹਾਂ ਦਾ ਪ੍ਰੇਮ ਪ੍ਰਗਟ ਹੋ ਜਾਂਦਾ ਹੈ-

ਬੈਠੇ ਹੈਂ ਬਹੁ ਮਿਤ੍ਰ ਮਿਲ ਕਵਿ ਅੰਮ੍ਰਿਤ ਕੇ ਧਾਮ। ਤਿਨ ਸਭਹਿਨ ਮਿਲ ਯੌਂ ਕਹਯੋ: ਰਚਹੁ ਗ੍ਰੰਥ ਅਭਿਰਾਮ॥੫॥

ਕੁੰਡੀਲਆ-ਪੰਡਤ ਬਡੇ ਲਹੌਰ ਮਹਿਂ ਅੰਤ ਗੁਨਨ ਕੋ ਨਾਂਹਿ। ਕਛੁ ਐਸੀ ਬਿਧਿ ਕੀਜੀਏ ਜਯੋਂ ਸਭ ਮੋਹੇ ਜਾਂਹਿ। ਜਯੋਂ ਸਭ ਮੋਹੇ ਜਾਂਹਿ ਗ੍ਰੰਥ ਰਚੀਐ ਅਤਿ ਰੁਚਿ ਕਰ। ਆਗੇ ਭਯੋ ਨ ਹੋਇ ਔਰ ਭਾਖਾ ਮੈਂ ਸਰਬਰ। ਹੋ ਤੁਮ ਚੁਤਰ ਸੁਜਾਨ ਸਕਲ ਬਿਦਯਾ ਗੁਨ ਮੰਡਤ। ਕੀਜੈ ਵਹੇ ਉਪਾਇ ਜਾਂਹਿ ਰੀਝੈਂ ਸੁਨ ਪੰਡਤ॥੬॥

ਦੋਹਰਾ-ਤਿਨਕੀ ਆਗਯਾ ਤੇ ਭਯੋ ਕਵਿ ਕੇ ਚਿੱਤ ਹੁਲਾਸ। ਚਤੁਰਦਾਸ ਛਤ੍ਰੀ ਬਹਲ ਬਰਨਯੋ ਚਿੱਤ੍ਰ ਬਿਲਾਸ॥੭॥ ਸੰਮਤ ਸਤ੍ਰਹ ਸੈ ਅਧਿਕ ਬੀਤੇ ਅਧਿਕ ਛਤੀਸ। ਕਾਤਿਕ ਸੁਦਿ ਨਵਮੀ ਸਤਿਥ ਬਾਰ ਚਾਰੁ ਦਿਨ ਈਸ।੮।

ਸੋਰਠਾ-ਚੌਗਤਾ ਕੋ ਰਾਜ ਜਾਨਤ ਦੇਸਨ ਦੇਸ਼ ਮੈਂ। ਹੈਂ ਤਿਨ ਕੇ ਸਿਰਤਾਜ ਅਵਰੰਗ ਸ਼ਾਹ ਮਹਾਂਬਲੀ। ਦੋਹਰਾ-ਤਿਨਕੇ ਸ਼ਹਿਰ ਬਡੇ ਬਡੇ ਅਪਨੀ ਅਪਨੀ ਠੌਰ। ਤਿਨ ਸਭ ਮੈਂ ਸਭ ਬਿਧਿ ਅਧਿਕ ਨਾਗਰ ਨਗਰ ਲਹੌਰ॥੧੦॥

{ਲਹੌਰ ਉਸਤਤ॥ਕਬਿੱਤ॥}

ਅਤਿ ਹੀ ਉਤੰਗ ਦੁਰਗ ਜਾਹਿਂ ਦੇਖ ਲਾਜੈ ਸੁਰਗ,
ਰਾਜੈਂ ਰਾਜ ਮੰਦਰ ਜੋ ਮੰਦਰ ਸਮਾਨ ਹੈਂ।
ਛਜਾ ਛਾਤ ਛਾਤਰੀ ਕਨਕ ਕੇ ਕਲਸ ਲਸੈਂ,
ਜਗਮਗ ਜਗਮਗ ਮਾਨੋ ਭੂਰ ਭਾਨ ਹੈਂ।
ਮਨਿਨਿ ਕੇ ਚੌਕਨ ਕੀ ਚਮਕ ਨ ਕਹੀ ਪਰਤ,
ਬੈਰਾਗਿਰ ਨਾਗਰ ਹੈਂ ਮਹਾਂ ਦਾਨ ਦਾਨ ਹੈ।
ਸਾਤੋਂ ਦੀਪ ਨਓਖੰਡ ਸ਼ੁਭ ਮੰਡ ਮੰਡਨ ਹੈ,

*'ਚਿਤ੍ਰ ਬਿਲਾਸ' ਦੇ ਲਿਖਤੀ ਨੁਸਖੇ ਵਿਚੋਂ ਜੋ ਨੁਸਖਾ ਕਿ ਸ੍ਰੀ ਮਾਨ ਸਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ ਦੇ ਸੰਚਯ ਵਿਚ ਹੈ।

ਲਵਪੁਰ ਲਗਰ ਸੇ ਨਗਰ ਨ ਆਨ ਹੈ॥੧੧॥
ਪੁਨ: ਕਬਿੱਤ॥
ਊਚੀ ਊਚੀ ਅਟਾ ਮਿਲ ਘਟਾ ਸੰਗ ਬਾਤੈਂ ਕਰੈਂ,
ਤਿਨ ਮੈਂ ਪਤਾਕਾ ਰੰਗ ਰੰਗ ਅਵਰੋਹੀਏ।
ਉਡ ਨ ਪਹੁਚੈ ਪੱਛ, ਜਤਨ ਕਰਤ ਲੱਛ,
ਲੱਛ ਲੱਛ ਭਾਵ ਉਪਮਾ ਨ ਆਨ ਟੋਹੀਏ।
ਚੌਪਖਾ ਅਟਾਰੀ ਬੰਕ ਦ੍ਵਾਰੀ ਔ ਤਿਵਾਰੀ ਭਾਰੀ।
ਦੇਖ ਚਿੱਤ੍ਰਸਾਰੀ ਚਿਤ ਕੌਨ ਕੋ ਨ ਮੋਹੀਏ,
ਲਵਪੁਰ ਨਗਰ ਮੇਂ ਬਗਰ ਬਜਾਰ ਐਸੇ,
ਜੈਸੇ ਲੋਕਾਲੋਕਨ ਕੇ ਪੁੰਨ ਫਲ ਜੋਹੀਏ।

੧੦੧. ਕੀਰਤ ਮੂਰਤੀ*।

ਦਰਸ਼ਨ ਨੈਣਾਂ ਨਾਲ ਹੁੰਦੇ ਹਨ ਤੇ ਮਨ ਦੀ ਧਯਾਨ ਸ਼ਕਤੀ ਵਿਚ ਟਿਕਦੇ ਹਨ। ਪਰ ਕੰਨਾਂ ਦੁਆਰਾ ਸੁਣ ਸੁਣ ਕੇ ਹਿਰਦੇ ਵਿਚ ਗੁਣਾਂ ਦੀ ਤਸਵੀਰ ਖਿਚਦੀ ਹੈ। ਸ੍ਰੀ ਗੁਰੂ ਜੀ ਦੇ ਸਰੀਰ ਦੇ ਦਰਸ਼ਨ ਅਜ ਨਹੀਂ ਹੋ ਰਹੇ ਪਰ ਉਨ੍ਹਾਂ ਦੇ ਗੁਣਾਂ ਦੀ ਮੂਰਤੀ ਐਉਂ ਅਸੀਂ ਮਨ ਦੇ ਨੈਣਾਂ ਨਾਲ ਵੇਖ ਸਕਦੇ ਹਾਂ।

੧. ਗੁਰੂ (Guru)-ਸੰਸਾਰ ਦਾ ਰਚਨਹਾਰ ਹੀ 'ਗੁਰੂ' ਹੈ। ਸੰਸਾਰ ਦਾ ਰਚਨਹਾਰ, ਉਸ ਰਚਨਾਂ ਵਿਚ ਬੁੱਧੀ ਦਾ ਸਿਰਜਨਹਾਰ ਅਰ ਬੁੱਧੀ ਵਿਚ ਸੁਤੇ ਸਿਖਜਾ ਅਰ ਉਸ ਬੁੱਧੀ ਵਿਚ ਵਿਸ਼ੇਸ਼ ਸਿੱਖਜਾ ਸਿੱਖਣ ਦਾ ਮਾਦਾ ਪੈਦਾ ਕਰਨ ਵਾਲਾ ਹੈ। ਜੇ ਪਰਮੇਸ਼ੁਰ ਬੁੱਧੀ ਹੀ ਨਾਂ ਦੇਵੇ ਜਾਂ ਬੁਧੀ ਵਿਚ ਸਿੱਖਣ ਦਾ ਮਾਦਾ ਹੀ ਨਾ ਪਾਵੇ, ਯਾ ਪਾਕੇ ਕੁਛ ਵਿਘਨ ਕਰ ਦੇਵੇ ਤਦ ਸਿੱਖਜਾ ਦੇਣ ਵਾਲੇ ਕੁਛ ਨਹੀਂ ਸਿਖਾ ਸਕਦੇ। ਇਸ ਲਈ ਆਦਿ ਗੁਰੂ ਅਕਾਲ ਪੁਰਖ ਹੈ ਜੋ ਬੁੱਧੀ ਪ੍ਰਦਾਨ ਕਰਦਾ ਹੈ।

ਵਾਹਿਗੁਰੂ ਟਿਕੇ ਮਨਾਂ ਨੂੰ ਅਨੁਭਵ ਦੁਆਰਾ ਸਿੱਖਿਆ ਦੇਂਦਾ ਹੈ, ਵਾਹਿਗੁਰੂ ਜਗਿਆਸੂਆਂ ਨੂੰ ਆਪਣੇ ਸੁਸਿੱਖਜਤ ਪਿਆਰਿਆਂ ਦੇ ਰਸਤੇ ਸਿੱਖਿਆ ਦੇਂਦਾ ਹੈ, ਵਾਹਿਗੁਰੂ ਦੁਨੀਆਂ ਨੂੰ ਅਵਤਾਰਾਂ ਅਰਥਾਤ ਪੈਗੰਬਰਾਂ ਅਤੇ ਸੁਧਾਰ ਕਰਤਿਆਂ ਦੁਆਰਾ ਸਿੱਖਿਆ ਦੇਂਦਾ ਹੈ। ਸੁਧਾਰ ਕਰਤੇ ਤੇ ਅਵਤਾਰਾਂ ਦੀ ਸਿੱਖਿਆ ਉਥੋਂ ਤਾਈਂ ਲਿਜਾਂਦੀ ਹੈ ਕਿ ਜਿੱਥੇ ਜਾਕੇ ਅੰਤਹਕਰਣ ਸ਼ੁੱਧ ਹੋਕੇ ਵਾਹਿਗੁਰੂ ਦੇ ਅਨੁਭਵ ਤੋਂ ਸਿੱਧੀ ਸਿਖਜਾ ਲੈਣ ਦਾ ਅਧਿਕਾਰੀ ਹੋ ਜਾਂਦਾ ਹੈ। ਤਾਂ ਤੇ ਗੁਰੂ ਅਵਸਥਾ ਆਦਿ ਰੂਪ ਕਰਕੇ ਅਕਾਲ ਪੁਰਖ ਵਿਚ ਹੀ ਪੂਰਨ ਹੈ। ਫਿਰ ਵਾਹਿਗੁਰੂ ਦੀ ਬਖਸ਼ੀ ਅਵਤਾਰਾਂ ਤੇ ਸੁਧਾਰ ਕਰਤਿਆਂ ਨੂੰ ਸ਼ਕਤੀ ਹੁੰਦੀ ਹੈ ਜਿਸ ਨਾਲ ਉਹ ਜੀਵਾਂ ਨੂੰ ਸਿੱਖਿਆ ਦੇ ਕੇ ਉੱਨਤ ਕਰਦੇ ਹਨ। ਪਰ ਅਵਤਾਰ ਤੇ ਸੁਧਾਰ ਕਰਤੇ ਆਪ ਬੀ 'ਗੁਰੂ' ਦੇ ਮੁਥਾਜ ਹੋਏ ਅਰ ਉਨ੍ਹਾਂ ਨੇ ਗੁਰੂ ਤੋਂ ਸਿੱਖਜਾ ਪਾਕੇ ਉਪਦੇਸ਼ ਕੀਤਾ। ਕਿੰਤੂ 'ਗੁਰੂ' ਪਦ ਜੋ ਸਤਿਗੁਰ ਨਾਨਕ ਨੂੰ ਮਿਲਿਆ, ਇਹ ਅਵਤਾਰ-ਸ਼ਿਰੋਮਣ ਇਸ ਕਰਕੇ ਹੈ ਕਿ ਇਨ੍ਹਾਂ ਨੂੰ ਗੁਰੂ ਦੀ ਲੋੜ ਨਹੀਂ ਪਈ, ਅਕਾਲ ਪੁਰਖ ਨੇ ਆਪ ਗੁਰੂ ਹੋਕੇ ਸਿੱਧਾ ਅਨੁਭਵ ਦੁਆਰਾ ਇਨ੍ਹਾਂ ਨੂੰ ਸੁਸਿੱਖਜਤ ਕਰਕੇ ਭੇਜਿਆ, ਇਸੇ ਕਰਕੇ ਗੁਰੂ ਨਾਨਕ ਜੀ ਨੇ ਕਿਹਾ:-

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ॥੫॥੧੧॥ {ਸੋਰਠ ਮ: ੧}

ਪੁਨਾ: **'ਬੀਜਉ ਸੁਝੈ ਕੋ ਨਹੀ ਬਹੈ ਦੁਲੀਚਾਪਾਇ।'**

{ਰਾਮ:ਮ:੧-੪੬}

ਵੇਈਂ ਵਿਚ ਪ੍ਰਵੇਸ਼, ਸੋਦਰ ਤੇ ਆਰਤੀ ਦਾ ਉਚਾਰ ਦੱਸਦੇ ਹਨ ਕਿ ਵਾਹਿਗੁਰੂ ਆਪ ਦਾ ਗੁਰੂ ਹੈ। ਆਪ ਵਾਹਿਗੁਰੂ ਜੀ ਦੀ ਕੀਮਤ ਕੂਤ ਫ਼ਿਲਸਫ਼ੇ ਤੇ ਮਜ਼ਹਬ ਦੇ ਹਿਸਾਬਾਂ ਤੋਂ ਲੰਘ ਕੇ ਅਮੋਲਕਤਾ ਵਿਚ ਦੇਖਦੇ ਸਨ, ਇਸ ਕਰਕੇ ਅਸਚਰਜ ਅਦਭੁਤ, ਵਿਸਮਾਦ ਦੇ ਰੰਗ ਰੰਗੇ ਰਹਿੰਦੇ ਸਨ ਤੇ ਸਿਫ਼ਤ ਸਲਾਹ ਨੂੰ ਰਾਹ ਦੱਸਦੇ ਸਨ। ਇਸ ਕਰਕੇ ਅਪਣੇ

*ਇਹ ਲੇਖ ੧੬ ਪੋਹ ਸੰ: ਗੁ: ਨਾ: ਸਾ: ੪੪੦ (੨੩ ਦਸੰਬਰ ੧੯੦੮) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਰੱਬ ਦਾ ਨਾਉਂ ਵਾਹਿਗੁਰੂ ਦੱਸਦੇ ਸਨ 'ਵਾਹਿ ਨਾਮ ਅਚਰਜ ਕੋ ਹੋਈ॥ ਅਚਰਜ ਤੇ ਪਰ ਉਕਤਿ ਨ ਕੋਈ'॥ ਇਸੇ ਕਰਕੇ ਉਨ੍ਹਾਂ ਨੇ ਅਕਾਲ ਪੁਰਖ ਦਾ ਨਾਮ 'ਵਾਹਿਗੁਰੂ' ਰੱਖਿਆ। ਇਸੀ ਤਰ੍ਹਾਂ ਦਸਮੇ ਜਾਮੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗੁਰੂ ਦਾ ਪਤਾ ਆਪ ਦੱਸਿਆ:-

"ਆਦਿ ਅੰਤ ਏਕੈ ਅਵਤਾਰਾ॥
ਸੋਈ ਗੁਰੂ ਸਮਝੀਅਹੁ ਹਮਾਰਾ॥" {ਪਾ-੧੦}

ਫਿਰ ਗੁਰੂ ਪਦ ਵਿਚ ਵਾਹਿਗੁਰੂ ਦੀ ਅਤਮੰਤ ਸਮੀਪਤਾ ਯਾ ਅਭੇਦਤਾ ਪਰ ਵਾਹਿਗੁਰੂ ਦਾ ਵਾਕ ਆਪ ਫੁਰਮਾਉਂਦੇ ਹਨ:-

"ਮੈਂ ਅਪਨਾ ਸੁਤ ਤੋਹਿ ਨਿਵਾਜਾ,
ਪੰਥ ਪ੍ਰਚੁਰ ਕਰਬੇ ਕਹੁ ਸਾਜਾ॥" {ਪਾ-੧੦}

ਇਨ੍ਹਾਂ ਅਰ ਹੋਰ ਵਾਕਾਂ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਸਾਹਿਬਾਨ ਜੀ ਸਿੱਧੇ ਅਕਾਲ ਪੁਰਖ ਦੇ ਸਿੱਖ ਸੇ ਅਰ ਉਸ ਦੇ ਥਾਪੇ ਹੋਏ ਸੰਸਾਰ ਦੇ ਗੁਰੂ ਸੇ, ਇਸ ਕਰਕੇ ਅਵਿਤਾਰ ਸ਼ਿਰੋਮਣ ਸੇ। ਹੁਣ ਉਨ੍ਹਾਂ ਦੇ ਗੁਰੂ ਪਦ ਦਾ ਕਰਤੱਵ ਵੇਖੀਏ। ਗੁਰੂ ਉਹ ਹੈ ਜੋ ਜੀਵ ਨੂੰ ਸੁਧਾਰ ਕੇ, ਸਾਧ ਕੇ, ਵਾਹਿਗੁਰੂ ਦਾ ਸ਼ਬਦ ਪ੍ਰਦਾਨ ਕਰਕੇ ਸਿਰਜਨਹਾਰ ਨਾਲ ਮਿਲਾ ਦੇਵੇ। ਇਹ ਕਰਤੱਵ ਨੌਵੇਂ ਗੁਰੂ ਸਾਹਿਬਾਨ ਜੀ ਕਰਦੇ ਆਏ ਅਰ ਦਸਵੇਂ ਗੁਰੂ ਜੀ ਨੇ ਬੀ ਕੀਤੇ। ਬਾਲਪਣੇ ਵਿਚ ਹੀ ਗੱਦੀ ਤੇ ਬਿਰਾਜਕੇ ਉਪਦੇਸ਼ ਸ਼ੁਰੂ ਕੀਤਾ। ਭਾਈ ਨੰਦ ਲਾਲ ਵਰਗੇ ਅਰਬੀ ਫਾਰਸੀ ਦੇ ਆਲਮ, ਅਭਿਆਸੀ, ਸੂਫੀ ਮਤ ਦੇ ਜਾਣੂੰ, ਸਾਰੇ ਜਹਾਨ ਦੇ ਸੁਧਾਰ ਕਰਤਿਆਂ ਨੂੰ ਵੇਖ ਕੇ, ਅਵਤਾਰਾਂ ਦੇ ਮਤਾਂ ਨੂੰ ਖੋਜਕੇ, ਪੈਗੰਬਰਾਂ ਦੇ ਪੁਸਤਕ ਪੜਤਾਲ ਕੇ ਸ਼ਾਂਤ ਨਾ ਹੋਏ, ਠੰਢ ਜੋ ਪਈ ਤਦ ਪੂਰੇ ਸਤਿ-ਗੁਰੂ ਸ੍ਰੀ ਕਲਗੀਧਰ ਨੇ ਪਾਈ। ਉਹ ਸਾਈਂ ਦੇ ਅਰੀਮ ਦਾ ਦਰਵਾਜ਼ਾ ਇਨ੍ਹਾਂ ਨੇ ਖੋਲ੍ਹਿਆ। ਸਾਹਿਬ ਰਾਮ ਕੌਰ ਵਰਗੇ ਪੰਡਤ ਇਸ ਦਰੋਂ ਆ ਕੇ ਠਰੇ। ਭਾਈ ਨਨੂਆ, ਭਾਈ ਕਨ੍ਹੈਯਾ ਆਦਿਕ ਬ੍ਰਹਮ ਗਿਆਨੀ ਏਥੇ ਆ ਕੇ ਅੰਤਰ ਗਯਾਨ ਪਾਕੇ ਠੰਢੇ ਹੋਏ। ਭਾਈ ਚੰਦ ਵਰਗੇ ਸ਼ਾਇਰ ਨੇ ਅੱਖੀਂ ਵੇਖ ਕੇ ਮਹਿੰਮਾ ਕੀਤੀ। ਕਵੀ ਸੈਨਾਪਤ ਤੇ ਹੋਰ ਅਨੇਕ ਵਿਦ੍ਵਾਨਾਂ, ਕਵੀਆਂ ਤੇ ਗੁਣੀਆਂ ਨੇ ਅੱਖੀਂ ਵੇਖ ਕੇ ਜਸ ਗਾਵੇਂ। ਗੁਰੂ ਜੀ ਐਸੇ ਪ੍ਰਿਯ ਗੁਰੂ ਸੇ ਕਿ ਸਿੱਖ ਜਾਨਾਂ ਦੇਂਦੇ ਤੇ ਸੀਸ ਭੇਟ ਕਰਦੇ ਸੇ। ਇਕੇਰਾਂ ਡੱਲੇ ਨੇ ਆਪਣੀ ਫੌਜ ਦੇ ਪਿਆਰ ਦੀ ਮਹਿੰਮਾ ਕਹੀ। ਗੁਰਾਂ ਨੇ ਕਿਹਾ, ਜਾਹ ਕੋਈ ਆਦਮੀ ਲਿਆ, ਜਿਸ ਨੂੰ ਅਸੀਂ ਆਪਣੀ ਨਵੀਂ ਬੰਦੂਕ ਦਾ ਨਿਸ਼ਾਨਾ ਬਣਾਈਏ। ਡੱਲੇ ਦੀ ਸਾਰੀ ਫੌਜ ਖਿਸਕ ਗਈ, ਪਰ ਗੁਰਾਂ ਦੇ ਦੋ ਸਿੱਖ ਸੁਣਦੇ ਸਾਰ ਹੀ ਦੌੜੇ ਆਏ। ਦੋਵੇਂ ਕਹਿਣ ਕਿ ਮੈਨੂੰ ਮਾਰੋ। ਇਸ ਤੋਂ ਸਾਫ਼ ਪ੍ਰਗਟ ਹੈ ਕਿ 'ਗੁਰੂ-ਸ਼ਕਤੀ' ਨੇ ਸਿੱਖਾਂ ਨੂੰ ਕਿੱਥੋਂ ਤਕ ਖਿੱਚ ਲਿਆ ਹੋਇਆ ਸੀ। ਇਹ ਕੋਈ ਮਾਮੂਲੀ ਗਲ ਨਹੀਂ ਸੀ। ਗੁਰੂ ਦੇ ਸ਼ਬਦ ਦੀ ਦਾਤ ਨੇ ਸਿੱਖਾਂ ਨੂੰ ਸ਼ਬਦ ਵਿਚ ਪੁਰੋਕੇ ਗੁਰੂ ਦੇ ਚਰਨਾਂ ਵਿਚ ਲੀਨ ਕਰ ਰਖਿਆ ਹੋਇਆ ਸੀ। ਸ੍ਰੀ ਗੁਰੂ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਛਕਾਇਆ, ਮੰਤ੍ਰ ਦਿੱਤਾ, ਗੋਇਆ ਗੁਰੂ ਪਣੇ ਦਾ ਅਧਿਕਾਰ ਜੋ ਵਾਹਿਗੁਰੂ ਵਲੋਂ ਆਪ ਨੂੰ ਪ੍ਰਾਪਤ ਸੀ, ਪੂਰਾ ਵਰਤਿਆ। ਫਿਰ ਸੰਗਤ ਵਿਚ ਜੋ ਵਾਹਿਗੁਰੂ ਦਾ ਅਸਲ ਰੂਪ ਆਪ ਵਸਾ-ਇਆ ਸਾਨੇ ਉਸ ਰੂਪ ਨੂੰ ਦੇਖਦੇ ਮਨ, ਉਸਨੂੰ ਵੱਡਾ ਸਮਝਦੇ ਸਨ, ਇਸ ਲਈ ਪੰਜਾਂ ਦੀ ਸੰਗਤ ਬਣਾ ਕੇ ਆਪ ਅੰਮ੍ਰਿਤ ਛੱਕ ਕੇ ਅਮਲੀ ਤੌਰ ਤੇ ਸੰਗਤ ਦੀ ਵਡਿਆਈ ਦਿਖਾ ਦਿੱਤੀ। ਆਪ ਇਕੱਲਿਆਂ ਅੰਮ੍ਰਿਤ ਛਕਾਕੇ ਦਿਖਾ ਦਿੱਤਾ ਕਿ ਮੈਂ ਇਕੱਲਾ ਪੂਰਨ ਗੁਰੂ ਹਾਂ। ਫਿਰ ਆਪ ਛੱਕ ਕੇ ਦਿਖਾ ਦਿੱਤਾ ਕਿ-

'ਇਕ ਸਿਖ ਦੋਇ ਸਾਧ ਸੰਗ, ਪੰਜੀਂ ਪਰਮੇਸਰ' ਦਾ ਅਸੂਲ ਪਰਪਕ ਅਸੂਲ ਹੈ।

ਹਾਂ, ਪੰਜਾਂ ਵਿਚ ਪਰਮੇਸ਼ਰ ਦਾ ਰੂਪ ਵੇਖਕੇ ਗੁਰੂਸਿੱਖੀ ਵਾਲਾ ਨਾਤਾ ਕਰਦਾ ਹੈ। ਗੁਰੂ ਜੀ ਨੇ ਗੁਰੂ ਪਦ ਵਿਚ ਨਾਮ ਦਾ ਉਹ ਛੱਟਾ ਦਿੱਤਾ ਜੋ ਪਹਿਲੇ ਗੁਰੂ ਜੀ ਦੇਂਦੇ ਰਹੇ ਸੇ। ਬਾਣੀ ਕਈ ਪ੍ਰਕਾਰ ਦੀ ਰਚੀ ਪਰ ਉਹ ਸ਼ਾਂਤਮਈ ਬੀ ਰਚੀ, ਜੈਸੇ ਕਿ ਪਹਿਲੇ ਗੁਰੂ ਸਾਹਿਬਾਂ ਦੀ ਬਾਣੀ ਵਿਚ ਰਲੀ ਪਛਾਣੀ ਨਹੀਂ ਜਾ ਸਕਦੀ। ਉਸ ਬਾਣੀ ਵਿਚ ਕੇਵਲ ਇਕ ਵਾਹਿਗੁਰੂ ਦਾ ਪਿਆਰ ਦ੍ਰਿੜ੍ਹ ਕਰਾਇਆ। ਅਵਤਾਰਾਂ ਵਿਚ ਬੀ ਲੇਸ਼ ਅਵਿਦਯਾ ਰਹਿ ਜਾਂਦੀ ਹੈ, ਪਰ ਸ੍ਰੀ ਗੁਰੂ ਜੀ ਗੁਰੂ ਸੇ, ਉਨ੍ਹਾਂ ਨੇ ਮੈਂ ਮੈਂ ਨਹੀਂ ਕੀਤੀ, ਡੰਕੇ ਦੀ ਚੋਟ ਨਾਲ ਲੋਕਾਂ ਨੂੰ ਸੱਚਾ

ਸਾਧਨ ਦੱਸਿਆ।

'ਸਾਚ ਕਹਉਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥'

ਆਪਣੀ ਅਤੀਤਤਾ ਕਹਿਕੇ ਦਿਖਾ ਦਿੱਤੀ:-

'ਜੋ ਹਮ ਕੋ ਪਰਮੇਸਰ ਉਚਰ ਹੈਂ॥ ਤੇ ਨਰ ਨਰਕ ਕੁੰਡ ਮੇਂ ਪਰ ਹੈ॥' 'ਮੈਂ ਹੂੰ ਪਰਮ ਪੁਰਖ ਕੋ ਦਾਸਾ॥ ਦੇਖਨ ਆਇਓ ਜਗਤ ਤਮਾਸਾ॥'

ਪੁਨਾਂ-**'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ'**। ਐਸੇ ਵਾਕ ਉਨ੍ਹਾਂ ਦੀ ਹਉਮੈਂ ਅਤੀਤਤਾ ਦੇ ਸੂਚਕ ਹਨ।

ਸੋ ਪਹਿਲਾ ਦਰਸ਼ਨ ਹੈ ਉਨ੍ਹਾਂ ਦਾ 'ਗੁਰੂ'। ਪੂਰਨ ਗੁਰੂ। ਗੁਰੂ ਮੁਰਸ਼ਿਦ ਤੇ ਉਸਤਾਦ ਦੇ ਨਿਰੇ ਅਰਥਾਂ ਵਿਚ ਨਾ, ਪਰ ਪੈਗ਼ੰਬਰਾਂ ਅਵਿਤਾਰਾਂ ਤੋਂ ਸ਼ਿਰੋਮਣ ਪੂਰਨ ਗੁਰੱਤ੍ਵ ਦੀ ਪਦਵੀ ਦੇ ਭਾਵ ਵਾਲਾ ਪਦ 'ਗੁਰੂ'। ਯਾਦ ਰਹੇ ਕਿ ਜਿਤਨੇ ਅਵਤਾਰ ਤੇ ਪੈਗ਼ੰਬਰ ਆਏ ਉਹ ਗੁਰ ਜਯੋਤੀ ਦੇ ਤਾਬਿਆ ਆਏ। ਅੰਤ ਕਲਿਜੁਗ ਵਿਚ ਜਯੋਤੀ ਅਵਤਰਣ ਹੋਈ, ਉਸ ਦਾ ਨਾਮ ਗੁਰ ਨਾਨਕ ਹੋਇਆ, ਜੋ ਦਸਾਂ ਜਾਮਿਆਂ ਵਿਚ ਪ੍ਰਕਾਸ਼ ਦੇਂਦੀ ਰਹੀ। (ਵਿਸ਼ੇਸ਼ ਲਈ ਦੇਖੋ ਜਪੁਜੀ ਦੇ ਟੀਕੇ ਦੀ ਉਥਾਨਕਾ ਕ੍ਰਿਤ ਸ੍ਰੀ ਸ਼ੰਕਰ ਦਿਆਲ ਜੀ ਫੈਜ਼ਾਬਾਦੀ)।

੨. ਅਵਤਾਰ (Prophet)-ਦੂਸਰਾ ਦਰਸ਼ਨ ਸਤਿਗੁਰਾਂ ਦੇ ਅਵਤਾਰ ਹੋਣ ਦਾ ਹੈ। ਜੇ ਤਾਂ ਇਹ ਕਿਹਾ ਜਾਵੇ ਕਿ ਪਰਮੇਸ਼ਰ ਮਨੁਖ ਜੂਨ ਵਿਚ ਪੈਕੇ ਗੁਰੂ ਗੋਬਿੰਦ ਸਿੰਘ ਬਣ ਗਿਆ, ਤਦ ਉਨ੍ਹਾਂ ਦੇ ਵਾਕ ਦੇ ਵਿਰੁੱਧ ਹੈ ਪਰ:-

"ਗੁਰ ਨਾਨਕ ਦੇਵ ਗੋਵਿੰਦ ਰੂਪ।"{ਬਸੰਤ ਮ:੧} ਦੇ ਵਾਕ ਅਨੁਸਾਰ ਗੁਰੂ ਸਾਹਿਬ ਅਵਤਾਰ ਸਨ।

ਭਾਈ ਗੁਰਦਾਸ ਦੂਜਾ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ, ਬੜਾ ਕਵੀ ਤੇ ਪੰਡਤ ਸੀ, ਉਸ ਨੇ ਗੁਰੂ ਗੋਬਿੰਦ ਸਿੰਘ ਜੀ ਬਾਬਤ ਕਿਹਾ ਹੈ:-

"ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ (ਸਿੰਘ) ਸੂਰਾ॥

ਅਵਤਾਰ ਦਾ ਅਰਥ ਇਹ ਕਿ ਜੇ ਵਾਹਿਗੁਰੂ ਦਾ ਪਿਆਰ ਸੱਚ ਖੰਡ ਤੋਂ ਮਾਤ ਲੋਕ ਵਿਚ ਅਵਤਰੇ। ਐਸੇ ਆਵਨ ਵਾਲੇ ਦਾ ਪ੍ਰਯੋਜਨ ਸੰਸਾਰ ਦੀ ਕਲਜਾਣ ਹੁੰਦਾ ਹੈ। ਯਾ ਖਾਸ ਬਿਪਤਾ ਜਗਤ ਵਿਚ ਹੁੰਦੀਆਂ ਹਨ, ਯਾ ਖਾਸ ਧਰਮ ਦੀ ਗਿਲਾਨੀ ਪੈਦਾ ਹੋ ਜਾਂਦੀ ਹੈ, ਉਸਦੇ ਦੂਰ ਕਰਨ ਲਈ ਕੋਈ ਪੂਰਨ ਪੁਰਸ਼ ਪ੍ਰਗਟ ਹੁੰਦਾ ਹੈ, ਉਸਦਾ ਪ੍ਰਯੋਜਨ ਉਸ ਵਕਤ ਦੇ ਦੁਖ ਨੂੰ ਦੂਰ ਕਰਨਾ ਖਾਸ ਕਰਕੇ ਹੁੰਦਾ ਹੈ। ਇਹ ਜੋਤ ਜੋ ਗੁਰੂ ਕਹਿਲਾਈ ਅਵਤਾਰਾਂ ਤੋਂ ਵਾਧਾ ਇਹ ਰੱਖਦੀ ਸੀ ਕਿ ਇਹ ਸੰਸਾਰ ਦਾ ਪਰਮ ਹਨੇਰਾ ਦੂਰ ਕਰਨ ਲਈ ਆਈ ਸੀ। ਕੇਵਲ ਉਸ ਸਮੇਂ ਦੀ ਖਾਸ ਮੁਸ਼ਕਲ ਦੂਰ ਕਰਨਾ ਹੀ ਪ੍ਰਯੋਜਨ ਨਹੀਂ ਸੀ, ਪਰ ਮਨੁੱਖ ਮਾਤ੍ਰ ਨੂੰ ਸਦਾ ਲਈ ਵਿਸ਼ੇਸ਼ ਗਯਾਨ ਦੇ ਗਹਿਰੇ ਭੇਤ ਦੱਸਣੇ ਸਨ। ਸੋ ਇਸ ਵਿਸ਼ੇਸ਼ ਕਾਰਜ ਕਰਕੇ ਗੁਰੂ ਸੇ, ਪਰ ਜੋ ਸਾਧਾਰਨ ਅਵਤਾਰ ਯਾ ਰਸੂਲ ਦਾ ਧਰਮ ਹੈ ਕਿ ਸਮੇਂ ਦੀ ਖਾਸ ਔਕੜ ਨੂੰ ਦੂਰ ਕਰੇ, ਅਧਰਮ ਨੂੰ ਵਿਧ੍ਵੰਸ ਕਰੇ, ਇਹ ਉਨ੍ਹਾਂ ਦੇ ਅਵਤਾਰ ਦੇ ਅਧਿਕਾਰ ਦਾ ਕੰਮ ਸੀ। ਇਸ ਵੇਲੇ ਬਿਦੇਸ਼ੀ ਜ਼ਾਲਮਾਂ ਨੇ ਰਾਜ ਪਾਕੇ ਪਰਜਾ ਉਤੇ ਅਤਯਾਚਾਰ ਚੁੱਕਿਆ ਹੋਇਆ ਸੀ, ਅਰ ਦੁਖੀ ਪਰਜਾ ਹਾਵੇ ਭਰ ਰਹੀ ਸੀ। ਧਰਮ ਦੇ ਆਗੂ ਅਵਿਦਯਾ, ਲਾਲਚ ਅਰ ਧੱਕੇ ਨਾਲ ਜ਼ਾਲਮ ਹੋ ਰਹੇ ਸਨ। ਇਨ੍ਹਾਂ ਤੋਂ ਪਰਜਾ ਦੀ ਰਖਯਾ ਕਰਾਉਣ ਲਈ ਅਵਤਾਰ ਦੀ ਲੋੜ ਸੀ। ਇਸ ਲਈ ਸ੍ਰੀ ਗੁਰੂ ਜੀ ਨੇ ਅਵਤਾਰ ਧਾਰਿਆ ਅਰ ਇਸੇ ਖਿਆਲ ਪਰ ਉਨ੍ਹਾਂ ਨੂੰ ਆਮ ਤੌਰ ਤੇ ਅਵਤਾਰ ਕਿਹਾ ਜਾਂਦਾ ਹੈ। ਸ੍ਰੀ ਗੁਰੂ ਜੀ ਨੇ ਆਪਣੇ ਵਕਤ ਵਿਚ ਉਹ ਸਾਮਾਨ ਪੈਦਾ ਕੀਤਾ ਕਿ ਜਿਸ ਕਰਕੇ ਸਮੇਂ ਦਾ ਕਲੇਸ਼ ਪੂਰੀ ਤਰ੍ਹਾਂ ਨਵਿਰਤ ਹੋਵੇ। ਜ਼ੁਲਮ, ਪਾਪ, ਅੰਧੇਰ ਦਾ ਨਾਸ਼ ਕੀਤਾ। ਇਸ ਕਾਰਜ ਦੇ ਕਰਨ ਵਿਚ ਸ੍ਰੀ ਗੁਰੂ ਜੀ ਨੇ ਦੋ ਤਰ੍ਹਾਂ ਨਾਲ ਕਾਰਜ ਕਰਨਾ ਸੀ, ਇਸ ਕਰਕੇ ਉਨ੍ਹਾਂ ਦੇ ਦੋ ਹੋਰ ਪਦ ਪੈਦਾ ਹੋਏ, ਇਕ 'ਸੁਧਾਰ ਕਰਤਾ', ਦੂਸਰੇ 'ਜੋਧਾ'।

੩. ਸੁਧਾਰ ਕਰਤਾ (Reformer)-ਜੈਸੇ ਪੂਰਨ ਗੁਰੂ ਸੇ ਵੈਸੇ ਹੀ ਸ੍ਰੀ ਗੁਰੂ ਜੀ ਪੂਰਨ ਸੁਧਾਰ ਕਰਤਾ ਸੇ। ਸੁਧਾਰ ਕਰਤਾ ਉਸਨੂੰ ਕਹਿੰਦੇ ਹਨ, ਜੋ ਆਪਣੇ ਸਮੇਂ ਆਪਣੇ ਇਰਦ ਗਿਰਦ ਦੇ ਲੋਕਾਂ ਵਿਚੋਂ ਪ੍ਰਚਲਤ ਕੁਰੀਤੀਆਂ ਦੂਰ ਕਰੇ ਅਰ ਸੁਰੀਤੀਆਂ ਨੂੰ ਫੈਲਾ ਦੇਵੇ। ਕਿਉਂਕਿ ਸ੍ਰੀ ਗੁਰੂ ਜੀ ਗੁਰੂ ਸੇ, ਅਵਤਾਰ ਸੇ, ਐਸਾ ਹੋਣ ਕਰਕੇ ਨਿਰੋਲ ਪ੍ਰੇਮ ਦਾਤੇ ਸੇ।

ਸੋ ਆਪ ਐਸਾ ਤ੍ਰੀਕਾ ਅਖਤਿਆਰ ਕਰਕੇ ਸੁਧਾਰ ਕਰਤਾ ਬਣੇ ਕਿ ਧਕੇ ਨਾਲ ਕਿਸੇ ਨੂੰ ਨਹੀਂ ਸੁਧਾਰਿਆ। ਆਪ ਨੇ ਪ੍ਰੇਮ ਉਪਦੇਸ਼ ਨਾਲ ਜਗਤ ਦੇ ਹਨੇਰੇ ਨੂੰ ਸਾਫ਼ ਕੀਤਾ ਹੈ। ਜਿਹਾਕੁ, ਬੁਤਪ੍ਰਸਤੀ ਦੇ ਹਟਾਉਣ ਵਾਲੇ ਮੱਲੋਮਲੀ ਬੁਤ ਤੋੜਦੇ ਤੇ ਧਰਮ ਖੀਨ ਕਰਦੇ ਰਹੇ, ਗੁਰੂ ਜੀ ਬੁੱਤ ਪ੍ਰਸਤੀ ਚੰਗੀ ਨਹੀਂ ਸੇ ਆਖਦੇ, ਪਰ ਆਪ ਨੇ ਹੱਥਾਂ ਨਾਲ ਪੱਥਰਾਂ ਦੇ ਬੁੱਤ ਕਦੇ ਨਹੀਂ ਤੋੜੇ, ਅਪਣੀ ਉਪਦੇਸ਼ ਸ਼ਕਤੀ ਨਾਲ ਆਪ ਨੇ ਬੁੱਤ ਪ੍ਰਸਤਾਂ ਦੇ ਦਿਲਾਂ ਤੋਂ ਬੁੱਤ ਕੱਢ ਦਿੱਤੇ ਤੇ ਓਹਨਾਂ ਨੇ ਫੇਰ ਪੱਥਰਾਂ ਦੇ ਬੁੱਤ ਆਪੇ ਛੋੜ ਦਿੱਤੇ। ਜਿਨ੍ਹਾਂ ਨੇ ਬੁੱਤ ਹਥੌੜੇ ਨਾਲ ਤੋੜੇ ਓਹ ਕਾਮਯਾਬ ਨਾ ਹੋਏ, ਕਿਉਂਕਿ ਦਿਲਾਂ ਵਿਚ ਬੁਤਖਾਨੇ ਰੱਖਣ ਵਾਲਿਆਂ ਨੇ ਫੇਰ ਬੁਤ ਘੜ ਲਏ ਤੇ ਬੁਤਖਾਨੇ ਬਣਾ ਲਏ, ਪਰ ਗੁਰੂ ਜੀ ਦੇ ਦਿਲ ਮੰਦਰਾਂ ਤੋਂ ਤੋੜੇ ਬੁੱਤ ਤੇ ਉਹਨਾਂ ਦੀ ਥਾਂ ਵਸਾਏ ਸ਼ਬਦ ਦੇ ਰੰਗ ਐਸੇ ਜੰਮੇਂ ਕਿ ਫੇਰ ਓਹ ਦਿਲ ਨਿਰੰਕਾਰ ਦੇ ਮੰਦਰ ਬਣੇ। ਐਉਂ ਆਪ ਬੁਤ ਸ਼ਿਕਨ ਸੇ ਓਹ ਦਿਲਾਂ ਤੋਂ ਅਨੀਤੀਆਂ, ਕੁਰੀਤੀਆਂ ਕੱਢਦੇ ਸੇ, ਪਰ ਪ੍ਰੇਮ, ਅਪਣੀ ਵਾਕ ਸੱਤਾ ਅਤੇ ਰੂਹ ਦੀ ਸ਼ਕਤੀ ਨਾਲ। ਉਨ੍ਹਾਂ ਦੇ ਉਪਦੇਸ਼ ਵਿਚ ਐਸੀ ਸ਼ਕਤੀ ਸੀ ਕਿ ਜੀਵਨ ਨੂੰ ਪਲਟਾ ਦੇਂਦੀ ਸੀ, ਉਨ੍ਹਾਂ ਦੇ ਦਰਸ਼ਨ ਵਿਚ ਉਹ ਖਿੱਚ ਸੀ ਕਿ ਜੀਵ ਉਨ੍ਹਾਂ ਦਾ ਪ੍ਰੇਮੀ ਹੋਕੇ ਉਨ੍ਹਾਂ ਦੇ ਵਾਕਾਂ ਤੋਂ ਬਾਹਰ ਤੁਰਨ ਦਾ ਅਪ੍ਰੇਮ ਨਹੀਂ ਕਰ ਸਕਦਾ ਸੀ। ਸਿੱਖਾਂ ਵਿਚ ਇੰਨਾ ਪ੍ਰੇਮ ਸੀ ਕਿ ਉਨ੍ਹਾਂ ਵਿਚ ਤਾਬ ਨਹੀਂ ਸੀ ਕਿ ਆਖਾ ਨਾ ਮੰਨਦੇ। ਇਹ ਉਨ੍ਹਾਂ ਦੇ ਪ੍ਰੇਮ ਅਰ ਉਪਦੇਸ਼ ਦਾ ਪ੍ਰਭਾਵ ਸੀ। ਇਸੇ ਕਰਕੇ ਉਨ੍ਹਾਂ ਦਾ ਸੁਧਾਰ ਗਹਿਰਾ, ਅਸਰ ਵਾਲਾ ਅਰ ਪੱਕੀ ਤਾਸੀਰ ਵਾਲਾ ਹੁੰਦਾ ਸੀ। ਆਪਣੇ ਵਕਤ ਵਿਚ ਸੁਧਰੇ ਹੋਏ ਲੋਕਾਂ ਦੀ ਗੇਣਤੀ ਗੁਰੂ ਸਾਹਿਬ ਨੇ ਅੱਧੇ ਕ੍ਰੋੜ ਤੋਂ ਵਧੀਕ ਕਰ ਦਿਤੀ ਸੀ। ਅਰ ਆਮ ਲੋਕ ਜੋ ਤਾਸੀਰ ਪਾ ਗਏ, ਅਨੇਕ ਸਨ। ਅੱਜ ਤੱਕ ਉਨ੍ਹਾਂ ਦੇ ਸੁਧਾਰ ਦਾ ਆਮ ਅਸਰ ਪੰਜਾਬ ਵਿਚ ਹੈ। ਚੌਕੇ ਦੀ ਛੂਤ, ਜ਼ਾਤ ਨਾਂ ਹੋਣੀ, ਜ਼ਾਤਾਂ ਦੇ ਮਿਲਵਰਤਣ, ਵਿਧਵਾ ਦੇ ਵਿਵਾਹ ਦੀ ਖੁੱਲ੍ਹ, ਹਿੰਦੂ ਮੁਸਲਮਾਨ ਦਾ ਇੱਕੋ ਪਰਮੇਸ਼ੁਰ ਦਾ ਨਾਂ ਲੈਣਾ, ਦਇਆ, ਦਾਨ, ਸਫ਼ਾ ਦਿਲੀ ਪੰਜਾਬ ਵਿਚ ਗੁਰੂ ਸਾਹਿਬਾਂ ਦੀ ਮਿਹਨਤ ਦਾ ਫਲ ਹਨ। ਹੁਣ ਤਕ ਵਲੈਤ ਹੋ ਆਏ ਬੰਗਾਲੀ ਨੂੰ ਬੰਗਾਲੀ ਛੇਕ ਦੇਂਦੇ ਹਨ, ਪਰ ਪੰਜਾਬੀ ਕੁਛ ਵਿਚਾਰ ਨਹੀਂ ਕਰਦੇ। ਤ੍ਰੀਮਤਾਂ ਦੀ ਅਧੋਗਤੀ, ਵਿਧਵਾ ਨਾਲ ਜ਼ੁਲਮ, ਪੰਜਾਬ ਵਿਚ ਓਹ ਨਹੀਂ ਹਨ, ਜੋ ਬੰਗਾਲ ਵਿਚ ਹਨ। ਸਤੀ ਦੀ ਰਸਮ ਰੋਕਣੀ, ਧੀ ਮਾਰਨੀ ਬੰਦ ਕਰਨੀ, ਧੀ ਵੇਚਣੀ ਮਨ੍ਹਾਂ ਕਰਨੀ ਏਹ ਸਾਰੇ ਖਿਆਲ ਪੰਜਾਬ ਵਿਚ ਗੁਰੂ ਸਾਹਿਬਾਂ ਨੇ ਫੈਲਾਏ। ਇਸ ਪ੍ਰਕਾਰ ਧਾਰਮਿਕ, ਭਾਈਚਾਰਕ, ਵਿਦਜਕ ਸੁਧਾਰ ਗੁਰੂ ਜੀ ਨੇ ਐਸੇ ਉੱਚੇ ਕੀਤੇ ਕਿ ਜਿਸ ਦੀ ਨਜ਼ੀਰ ਨਹੀਂ ਮਿਲ ਸਕਦੀ।

8. ਜੋਧਾ (General)–ਗੁਰੂ ਗੋਤ੍ਰ ਪਹਿਲੇ ਉਪਦੇਸ਼ ਨਾਲ ਲੋਕਾਂ ਨੂੰ ਪਾਪ ਤੋਂ ਕੱਢਕੇ ਵਾਹਿਗੁਰੂ ਨਾਲ ਮੇਲਦੇ ਰਹੇ, ਪਰ ਦੂਸਰਾ ਅਧਿਕਾਰ ਅਵਤਾਰ ਹੋਣ ਦੀ ਹੈਸੀਅਤ ਵਿਚ ਉਸ ਖਾਸ ਵਕਤ ਦੇ ਸੰਕਟ ਨਿਵਿਰਤ ਕਰਨ ਦਾ ਸੀ, ਜਿਸਦੇ ਦੋ ਸਾਧਨ ਸਨ, ਸੁਧਾਰ ਤੇ ਜੰਗ, ਸੋ ਵੀ ਗੁਰੂ ਜੀ ਕਰਦੇ ਰਹੇ। ਪਹਿਲੇ ਜ਼ਾਲਮ ਮਜ਼ਲੂਮ ਦੋਹਾਂ ਨੂੰ ਸਮਝਾਇਆ ਸਿਖਾਇਆ, ਪਰ ਜਦ ਡਿੱਠਾ ਕਿ–

'ਦੁਹੂੰ ਪੰਥ ਮੈਂ ਕਪਟ ਵਿਦਜਾ ਚਲਾਨੀ'

ਤਦ ਜ਼ਰੂਰ ਹੋਇਆ ਕਿ:–

'ਬਹੁਰ ਤੀਸਰਾ ਪੰਥ ਕੀਜੈ ਪ੍ਰਧਾਨੀ'॥

ਜੋ ਲੋਕ ਸੁਧਰ ਚੁਕੇ ਸੇ ਉਨ੍ਹਾਂ ਨੂੰ ਪ੍ਰਧਾਨ ਬਣਾ ਕੇ ਇਨਸਾਫ਼ ਦੇ ਪਦ ਪਰ ਲਿਆਉਣ ਦੀ ਲੋੜ ਸੀ। ਇਸ ਕਾਰਜ ਲਈ ਪਹਿਲਾਂ ਤਾਂ ਦੁਵੱਲੀ ਉਪਦੇਸ਼ ਕੀਤੇ, ਪਰ ਜਦ ਲਾਲਚ ਅੱਟਿਆਂ ਨੂੰ ਜ਼ੁਲਮ ਤੋਂ ਟਲਦਿਆਂ ਨਾ ਡਿੱਠਾ ਤਦ ਹੋਰ ਰਸਤਾ ਫੜਿਆ। ਹਾਂ, ਜਦ ਸਾਫ ਦਿੱਸ ਰਿਹਾ ਸੀ ਕਿ ਪਰਜਾ ਦੀ ਸਦੀਆਂ ਦੀ ਖਿਮਾਂ ਨੇ ਹਾਕਮਾਂ ਵਿਚ ਜ਼ੁਲਮ ਨੂੰ ਘਟਾਇਆ ਨਹੀਂ, ਤਦ ਕੇਵਲ ਉਪਦੇਸ਼ ਤੋਂ ਛੁੱਟ ਏਸ ਗੱਲ ਦੀ ਬੀ ਲੋੜ ਸੀ ਕਿ ਸਮੱਸਿਆ ਕਰਾਉਣ ਵਾਲਾ ਮਜ਼ਲੂਮ ਦੀ ਥਾਂ ਆਪਣੀ ਜਾਨ ਪਰ ਖੇਡ ਜਾਣ ਤਕ ਦੀ ਕੁਰਬਾਨੀ ਲਈ ਤਿਆਰ ਹੋਵੇ। ਇਸ ਲਈ ਸਤਿਗੁਰਾਂ ਨੂੰ ਕੁਰਬਾਨੀ ਕਰਨੀ ਤੇ ਸਿਖਲਾਉਣੀ ਪਈ। ਪਹਿਲੇ ਵਾਂਙੂ ਸ਼ਾਂਤ ਰਹਿਕੇ ਕੁਰਬਾਨ ਹੋਣ ਵਾਲਾ ਜੰਤ੍ਰ ਤਾਂ ਵਰਤੀਜਿਆ ਜਾ ਚੁਕਾ

ਸੀ*, ਪਰ ਉਹ ਕਾਰਗਰ ਨਹੀਂ ਸੀ ਹੋਇਆ, ਤੇ ਆਪਣੇ ਰਾਜ ਭਾਗ ਲਈ ਲੜਨਾ ਕੁਰਬਾਨੀ ਨਹੀਂ ਸੀ, ਇਸ ਕਰਕੇ ਦੁਖੀ ਦੀਨ ਦੀ ਰਖਜਾ ਕਰਨੀ ਅਰ ਉਸ ਪਰਹਿਤ ਵਿਚ ਜਾਨ ਦੇ ਦੇਣੀ, ਏਸ ਕੁਰਬਾਨੀ ਦੀ ਲੋੜ ਆ ਪਈ ਸੀ। ਇਹੋ ਸਤਿ-ਗੁਰਾਂ ਨੇ ਕੀਤੀ ਤੇ ਸਿਖਾਈ। ਪਰ ਰਖਜਾ ਵਿਚ ਮੁਕਾਬਲੇ ਦੀ ਲੋੜ ਹੁੰਦੀ ਹੈ, ਇਸ ਲਈ ਸੀਸ ਦੇਣ ਤੋਂ ਪਹਿਲੇ ਸਾਮ੍ਹਣਾ ਕਰਨ ਦੀ ਜਾਚ ਦੱਸਣੀ ਜ਼ਰੂਰੀ ਸੀ, ਉਹ ਜਾਚ ਰਣ ਵਿਦਜਾ ਯਾ ਜੁੱਧ ਦੀ ਜਾਚ ਸੀ, ਇਸ ਵਿਚ ਇਕ ਭਾਰੇ ਜੋਧੇ ਦੀ ਲੋੜ ਸੀ। ਉਹ ਜੋਧਾ ਗੁਰੂ ਜੀ ਆਪ ਬਣੇ। ਉਹ ਜਿਸਨੂੰ ਆਪ ਗੁਰੂ ਵੇਖ ਆਏ ਹੋ, ਅਵਤਾਰ ਵੇਖ ਆਏ ਹੋ, ਸੁਧਾਰ ਕਰਤਾ ਤੇ ਉਪਦੇਸ਼ਕ ਵੇਖ ਆਏ ਹੋ, ਹੁਣ ਜੋਧਾ ਕਰਕੇ ਵੇਖੋ! ਆਪ ਨੇ ਤਲਵਾਰ ਧਾਰੀ, ਸਿੱਖਾਂ ਦੀ ਕਾਇਆਂ ਪਲਟੀ, ਉਨ੍ਹਾਂ ਵਿਚ ਬੀਰ ਰਸ ਭਰਿਆ। ਜੁੱਧ ਵਿਦਜਾ ਦੀ ਉਹ ਪ੍ਰਬੀਨਤਾ ਗੁਰੂ ਜੀ ਵਿਚ ਸੀ ਕਿ ਸਦੀਆਂ ਦੀ ਪੈਰਾਂ ਹੇਠਾਂ ਰੁਲਦੀ ਨਿਤਾਣੀ ਪਰਜਾ ਅੱਖ ਝਮਕਣ ਵਿਚ ਬੀਰ ਬਾਂਕੁਰੀ ਤੇ ਜੋਧਾ ਕਰ ਦਿੱਤੀ। ਇਕ ਅੰਗ੍ਰੇਜ਼, ਜੋ ਸਿੱਖਾਂ ਦਾ ਇਤਿਹਾਸ ਜ਼ਰਾ ਮਖੌਲਾਂ ਨਾਲ ਲਿਖਦਾ ਹੈ, ਗੁਰੂ ਜੀ ਦੀ ਮਹਿੰਮਾ ਕਰਨੋਂ ਰੁਕ ਨਹੀਂ ਸਕਦਾ। ਉਹ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਜਰਨੈਲੀ ਯਾ ਜੁੱਧ ਵਿਦਜਾ ਵਿਚ ਉਹ ਲਿਆਕਤ ਸੀ ਕਿ ਆਪ ਨੇ ਆਪਣੇ ਦਿਮਾਗ਼ ਵਿਚੋਂ ਝੱਟ ਪੱਟ ਤਿਆਰ ਬਰ-ਤਿਆਰ ਖਾਲਸਾ ਐਉਂ ਉਤਪਤ ਕਰ ਦਿੱਤਾ ਕਿ ਜਿਕੂੰ ਜਯੂਪੀਟਰ (Jupiter) ਦੇਵਤਾ ਨੇ ਆਪਣੇ ਸਿਰ ਵਚੋਂ (ਨੌਜਵਾਨ) ਦੇਵੀ ਮਿਨਰਵਾ(Minerva) ਪੈਦਾ ਕੀਤੀ ਸੀ। ਭਾਵ ਇਹ ਕਿ ਬੀਰ ਰਸ ਦੀ ਰੂਹ ਫੂਕ ਕੇ ਇਕ ਦਮ ਇਕ ਜੋਧਾ ਕੌਮ ਬਣਾ ਲਈ। ਇਹ ਮੰਤ੍ਰ ਕੋਈ ਹੋਰ ਨਹੀਂ ਸੀ ਜਾਣਦਾ। ਗੁਰੂ ਜੀ ਦੀ ਜੰਗੀ ਲਿਆਕਤ, ਜੋਧਾ ਹੋਣ ਦੀ ਪ੍ਰਬੀਨਤਾ ਕਿਧਰੇ ਲੁਕੀ ਹੋਈ ਨਹੀਂ। ਜਿਕੂੰ ਗੁਰੂ ਹੋਕੇ ਰੂਹਾਂ ਨੂੰ ਵਾਹਿਗੁਰੂ ਵਿਚ ਮਿਲਾਇਆ, ਜਿਕੂੰ ਅਵਤਾਰ ਹੋਕੇ ਸੰਕਟ ਹਰੇ, ਜਿਕੂੰ ਸੁਧਾਰ ਕਰਤਾ ਹੋਕੇ ਸੁਧਾਚਾਰ ਅਰ ਸੁਰੀਤਿ ਫੈਲਾਈ ਉਸੇ ਤਰ੍ਹਾਂ ਜੋਧਾ ਹੋਕੇ ਇਕ ਐਸੀ ਕੌਮ ਪੈਦਾ ਕੀਤੀ ਕਿ ਜਿਸਦੀ ਬੀਰਤਾ ਦੀ ਕੀਰਤੀ ਇਸ ਵੇਲੇ ਤਕ ਸਾਰੇ ਸੰਸਾਰ ਵਿਚ ਪਸਰ ਰਹੀ ਹੈ। ਗੁਰੂ ਜੀ ਦਾ ਇਕ ਫਕੀਰੀ ਦੀ ਹਾਲਤ ਵਿਚ ਮੁਗ਼ਲੀਆ ਸਲਤਨਤ ਦੇ ਟਾਕਰੇ ਦੀ ਕੌਮ ਤੇ ਸਾਮਾਨ ਪੈਦਾ ਕਰਨਾ ਅਰ ਉਨ੍ਹਾਂ ਦੇ ਰਾਜ ਵਿਚ ਰਹਿਕੇ ਕਰਨਾ ਅਰ ਉਨ੍ਹਾਂ ਨੂੰ ਸ਼ਿਕਸਤਾਂ ਦੇਕੇ ਉਨ੍ਹਾਂ ਦੇ ਰਾਜ ਵਿਚ ਨਿਰਭੈ ਵੱਸਣਾ ਦੱਸਦਾ ਹੈ ਕਿ ਐਸਾ ਜੋਧਾ ਸੰਸਾਰ ਨੇ ਕਦੇ ਪੈਦਾ ਨਹੀਂ ਕੀਤਾ। ਤੁਸੀਂ ਜਾਣਦੇ ਹੋ ਕਿ ਆਰੀਯਾ ਸਿੱਖਾਂ ਨਾਲ ਖੁਣਸਦੇ ਹਨ, ਪਰ ਇਕ ਦੌਲਤ ਰਾਮ ਆਰੀਯਾ ਨੇ ਗੁਰੂ ਜੀ ਦਾ ਜੀਵਨ ਲਿਖਿਆ ਹੈ, ਉਸਨੇ ਰਾਮਚੰਦ੍ਰ, ਕ੍ਰਿਸ਼ਨ, ਮੁਹੰਮਦ, ਈਸਾ ਸਭ ਤੋਂ ਗੁਰੂ ਜੀ ਨੂੰ ਵੱਡਾ ਲਿਖਿਆ ਹੈ, ਬਲਕਿ ਇਥੋਂ ਤਕ ਕਿਹਾ ਹੈ ਕਿ ਹਿੰਦੂ ਜਾਤੀ ਇਸ ਕਰਕੇ ਬਜ਼ੁਰਗ ਹੈ ਕਿ ਉਸ ਵਿਚ ਗੁਰੂ ਗੋਬਿੰਦ ਸਿੰਘ ਜੀ ਹੋਏ, ਜਿਨ੍ਹਾਂ ਦੀ ਨਜ਼ੀਰ ਕੋਈ ਕੌਮ ਪੇਸ਼ ਨਹੀਂ ਕਰ ਸਕਦੀ।

ਹੁਣ ਜੋਧਾ ਹੋਣ ਵਿਚ ਕਈ ਆਖਦੇ ਹਨ ਕਿ ਗੁਰੂ ਜੀ ਆਪ ਕਾਮਯਾਬ ਕਿਉਂ ਨਾ ਹੋਏ? ਇਕ ਅੰਗ੍ਰੇਜ਼ ਇਤਿਹਾਸਕਾਰ* ਲਿਖਦਾ ਹੈ ਕਿ ਇਹ ਇਤਰਾਜ਼ ਗ਼ਲਤ ਹੈ। ਗੁਰੂ ਜੀ ਨੇ ਜੋ ਵਿਉਂਤ ਸੋਚੀ, ਜਿਸਦੀ ਨੀਂਹ ਲਾਈ, ਉਹ ਗ਼ਲਤੀ ਤੋਂ ਰਹਿਤ ਸੀ, ਉਹ ਠੀਕ ਸਿਰੇ ਚੜ੍ਹੀ, ਪਰ ਅਪਣੇ ਠੀਕ ਵਕਤ ਸਿਰ ਫਲ ਲਿਆਈ।

ਉਨ੍ਹਾਂ ਦਾ ਮਤਲਬ ਮੁਲਕਗੀਰੀ ਨਹੀਂ ਸੀ, ਉਹ ਦੀਨਾਂ ਦੀ ਰਖਜਾ ਕਰਨੀ ਚਾਹੁੰਦੇ ਸੇ। ਇਸ ਲਈ ਦੀਨਾਂ ਦੇ ਗਿਰਦ ਆਪਣੀ ਪਿਆਰੀ ਕੌਮ ਦੀ ਅਟੁੱਟ ਵਾੜ ਦੇਣੀ ਚਾਹੁੰਦੇ ਸੇ, ਸੋ ਦਿੱਤੀ ਗਈ ਅਰ ਜ਼ੁਲਮ ਰਾਜ ਦਾ ਗਿਰਾਉ ਹੋ ਗਿਆ, ਅਰ ਉਨ੍ਹਾਂ ਦੀ ਕੁਰਬਾਨੀ ਵਾਲੇ ਬੀਰਾਂ ਦੇ ਹੱਥੋਂ ਦੁਖੀ ਪਰਜਾ ਨੂੰ ਸੁਤੰਤ੍ਰਤਾ ਨਸੀਬ ਹੋਈ।

ਜੋਧਾ ਹੋਣ ਦਾ ਕੰਮ ਗੁਰੂ ਜੀ ਦੇ ਵਾਸਤੇ ਬਹੁਤ ਨਾਜ਼ਕ ਸੀ। ਆਪ ਗੁਰੂ ਸੇ, ਅਵਤਾਰ ਸੇ, ਸੁਧਾਰ ਕਰਤਾ ਸੇ, ਆਪ ਪਾਸੋਂ ਪ੍ਰੇਮ ਦੇ ਵਿਰੁੱਧ ਧਰਮ ਦੇ ਵਿਰੁੱਧ ਅਰ ਸਦਾਚਾਰ ਦੇ ਵਿਰੁੱਧ ਕੋਈ ਕੰਮ ਹੋਣਾ

*ਪੰਜਵੇਂ ਤੋਂ ਨਾਵੇਂ ਸਤਿਗੁਰਾਂ ਦੇ ਸਾਕੇ।

*ਕਨਿੰਘਮ।

ਭਾਵੇਂ ਜਰਨੈਲੀ ਹੈਸੀਅਤ ਨੂੰ ਵਧਾ ਦੇਂਦਾ, ਪਰ ਗੁਰੂ-ਅਵਤਾਰ ਤੇ ਸੁਧਾਰਕ ਹੋਣ ਦੀ ਪਦਵੀ ਨੂੰ ਨੀਵਾਂ ਕਰ ਦਿੰਦਾ, ਇਸ ਕਰਕੇ ਆਪਦੀ ਬੀਰਤਾ ਦੀ ਨਦੀ ਪ੍ਰੇਮ, ਧਰਮ ਤੇ ਸਦਾਚਾਰ ਦੀਆਂ ਹੱਦਾਂ ਦੇ ਅੰਦਰ ਅੰਦਰ ਵਗਦੀ ਰਹੀ। ਨਿਰਾ ਲੜਨਾ ਹੀ ਖੂਬੀ ਨਹੀਂ ਦੱਸਿਆ, ਪਰ ਦੀਨਾਂ ਦੀ ਰਖਜਾ ਵਿਚ ਜੰਗ ਕਰਦੇ ਮਰ ਜਾਣਾ ਬੀਰਤਾ ਦੱਸੀ। ਜੁੱਧ ਨੂੰ ਜੁੱਧ ਦੀ ਖ਼ਾਤਰ ਕਰਨਾ ਨਹੀਂ ਦੱਸਿਆ ਪਰ ਜਦ ਹੋਰਨਾਂ ਵਸੀਲਿਆਂ ਨਾਲ ਕੁਝ ਨਾ ਬਣੇ ਤਾਂ ਤਲਵਾਰ ਫੜਨੀ ਹਲਾਲ ਦੱਸੀ*। ਦੀਨ, ਦੁਖੀਆਂ ਇਸਤ੍ਰੀਆਂ, ਬੱਚਿਆਂ, ਸ਼ਰਨਾਗਤਾਂ ਪਰ, ਚਾਹੇ ਵੈਰੀ ਹੋਣ, ਤਲਵਾਰ ਚੁੱਕਣੀ ਹਰਾਮ ਕੀਤੀ। ਹਾਰੇ ਵੈਰੀ ਨੂੰ ਕੋਹਣਾ ਮਨ੍ਹੇਂ ਕੀਤਾ। ਕਦੇ ਧੱਕਾ ਨਹੀਂ ਕੀਤਾ, ਕਤਲਾਮ ਨਹੀਂ ਕੀਤੀ, ਕਦੇ ਦੁੱਖ ਨਹੀਂ ਦਿੱਤਾ, ਹਾਰੇ ਵੈਰੀ ਦੇ ਮਗਰ ਪੈਣੋਂ ਸਿੰਘਾਂ ਨੂੰ ਰੋਕਦੇ ਰਹੇ। ਇਸਤ੍ਰੀ ਬੱਚੇ ਵੈਰੀਆਂ ਦੇ ਜੇ ਹੱਥ ਆਏ ਤਾਂ ਇੱਜ਼ਤ ਨਾਲ, ਪਿਆਰ ਨਾਲ ਬਚਾਏ।

ਇਸ ਨਾਜ਼ਕ ਕੰਮ ਨੂੰ ਜਿਸ ਖੂਬੀ ਨਾਲ ਨਿਬਾਹਿਆ ਹੈ, ਕੋਈ ਧਰਮ ਦਾ ਆਗੂ ਕਦੇ ਨਹੀਂ ਨਿਬਾਹ ਸਕਿਆ। ਪ੍ਰੇਮ, ਧਰਮ, ਸਦਾਚਾਰ ਆਪਣਾ ਤੇ ਸਿੱਖਾਂ ਦਾ ਕਾਇਮ ਰਹੇ ਅਰ ਫੇਰ ਤਲਵਾਰ ਆ ਪਏ ਵੈਰੀ ਦੇ ਸਾਹਮਣੇ ਟੱਕਰ ਪਵੇ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਤਾਕਤ ਦਾ ਕੰਮ ਸੀ।

੫. ਨੀਤੀ ਵੇਤਾ (Statesman)–ਅਗਲਾ ਦਰਸ਼ਨ ਗੁਰੂ ਜੀ ਦਾ ਅਸੀਂ ਨੀਤੀਵੇਤਾ ਦੀ ਹੈਸੀਅਤ ਵਿਚ ਕਰਦੇ ਹਾਂ। ਜੋ ਤਲਵਾਰ ਫੜਦਾ ਹੈ ਉਸ ਨੂੰ ਨੀਤੀ ਦੀ ਅਵੱਸ਼ਕਤਾ ਪੈਂਦੀ ਹੈ। ਜੇ ਗੁਰੂ ਜੀ ਨੀਤੀਵੇਤਾ ਨਾ ਹੁੰਦੇ ਤਦ ਤਲਵਾਰ ਫੜਕੇ ਕਾਮਯਾਬ ਨਾ ਹੁੰਦੇ। ਨੀਤੀ ਦੀ ਕਮੀ ਤਲਵਾਰ ਨੂੰ ਵੈਰੀ ਦੇ ਹੱਥ ਦੇਕੇ ਆਪਣਾ ਹੀ ਗਲਾ ਕਟਵਾ ਦੇਂਦੀ ਹੈ, ਸੋ ਉਹ ਪੂਰਨ ਲੋਕ ਜਿੱਕੂੰ ਹੋਰ ਗੱਲੇ ਪੂਰਨ ਸੇ ਇਸ ਵਿਚ ਬੀ ਪੂਰਨ ਸੇ। ਪਹਿਲੀ ਨੀਤੀ ਤਾਂ ਇਹ ਸੀ ਕਿ ਜੰਗ ਦਾ ਕੰਮ ਪ੍ਰੇਮ, ਧਰਮ, ਸਦਾਚਾਰ ਦੇ ਵਿਚ ਰੱਖਿਆ, ਇਹ ਸਭ ਤੋਂ ਕਠਨ ਨੀਤੀ ਸੀ। ਸਿੱਖਾਂ ਦਾ ਪਹਿਰ ਰਾਤ ਰਹਿੰਦੀ ਉੱਠਣਾ, ਭਜਨ ਕਰਨਾ, ਉਪਕਾਰ ਕਰਨਾ, ਵੈਰਾਗੀ ਤੇ ਵਿਵੇਕੀ ਰਹਿਣਾ, ਲੋੜ ਬਣੇ ਤੇ ਦੀਨਾਂ ਦੀ ਖ਼ਾਤਰ ਆਪਣੇ ਭੁਜ ਬਲ ਨਾਲ ਰਖਜਾ ਕਰਨੀ, ਰਖਜਾ ਵਿਚ ਜੰਗ ਦੀ ਸਾਰੀ ਅਕਲ ਵਰਤਣੀ, ਆ ਬਣੇ ਤਾਂ ਸਨਮੁਖ ਹੋਕੇ ਸੀਸ ਦੇਣਾ, ਅਰ ਸੀਸ ਦੇਂਦਿਆਂ ਰੰਚਕ ਦੁੱਖ ਨਾ ਮੰਨਣਾ, ਇਹ ਧਰਮ ਨੀਤੀ ਸੀ ਜੋ ਸਤਿਗੁਰ ਨੇ ਸਿਖਾਈ। ਦੂਸਰੇ ਵੈਰੀਆਂ ਨਾਲ ਰਖਜਾ ਦਾ ਵਰਤਾਉ ਸਿਖਾਇਆ, ਦਾਉ ਘਾਉ ਸਮਝਣੇ ਦੱਸੇ। ਆਪ ਖ਼ਬਰ ਵੈਰੀ ਦੀ ਪੂਰੀ ਰਖਦੇ ਸੇ, ਨਦੀ ਪਹਾੜਾਂ ਦਾ ਲਾਭ ਪੂਰਾ ਉਠਾਉਂਦੇ ਸੇ, ਅਨੰਦਪੁਰੀ ਦੀ ਕਿਲ੍ਹਾ ਬੰਦੀ ਐਸੀ ਸੀ ਕਿ ਦੁਸ਼ਮਨ ਦਾ ਯਕਬਯਕ ਗ਼ਾਲਬ ਆ ਜਾਣਾ ਕਠਨ ਕੰਮ ਸੀ। ਆਪਣੀ ਫੌਜ ਨੂੰ ਖਾਸ ਕਿਸਮ ਦੀ ਆਪਣੀ ਰਚੀ ਕਵਾਇਦ ਸਿਖਾਈ, ਜਿਸ ਕਰਕੇ ਉਹਨਾਂ ਦਾ ਭੁਜ ਬਲ ਬਹੁਤਾ ਹੀ ਲਾਭਦਾਇਕ ਹੋ ਗਿਆ। ਉਸ ਕਵਾਇਦ ਦੇ ਬੋਲੇ "ਹਰਨ, ਛਹਿ, ਕੱਛ, ਅੜੰਗ" ਆਦਿਕ ਅੱਜ ਤੱਕ ਸਿੱਖਾਂ ਦੇ ਯਾਦ ਹਨ। ਗੁਰੂ ਜੀ ਨੀਤੀ, ਦਾਨਾਈ, ਅਰ ਮੁਕੰਮਲ ਪ੍ਰਬੀਨਤਾ ਨੂੰ ਸਮਝਦੇ ਸਨ। ਅੱਜ ਕਲ ਦੇ ਸਮੇਂ ਵਾਂਗੂੰ ਕਪਟ ਤੇ ਫਰੇਬ ਦਾ ਨਾਮ ਨੀਤੀ ਨਹੀਂ ਰੱਖਦੇ ਸੇ, ਇਸੇ ਕਰਕੇ ਉਨ੍ਹਾਂ ਦੇ ਜੁੱਧ ਮਨਮੁਖ ਬੀਰਤਾ ਤੇ ਹਠ ਦੇ ਭਰੇ ਹੋਏ ਅਰ ਸਖਤ ਜ਼ੋਰਦਾਰ ਹੁੰਦੇ ਸੇ। ਉਨ੍ਹਾਂ ਦੀ ਨੀਤੀ ਸੱਚ ਪਰ ਸੀ ਅਰ ਸੱਚੀ ਦਾਨਾਈ ਪਰ ਸੀ। ਉੱਚੀ ਅਕਲ, ਦੂਰ ਦੀ ਸੋਝੀ, ਦਿਮਾਗ਼ੀ ਕਮਾਲ ਉਨ੍ਹਾਂ ਦੀ ਨੀਤੀ ਸੀ। ਝੂਠ ਉਨ੍ਹਾਂ ਦੀ ਨੀਤੀ ਵਿਚ ਕਦੇ ਨਹੀਂ ਸੀ।

੬. ਰਾਜਾ (Ruler)–ਨੀਤੀ ਤੇ ਜੰਗ ਦੇ ਵਰਤਾਉ ਵਾਲੇ ਨੂੰ ਰਾਜ ਕਰਨਾ ਜ਼ਰੂਰੀ ਹੁੰਦਾ ਹੈ। ਗੁਰੂ ਜੀ ਨੇ ਕਿਸੇ ਇਲਾਕੇ ਤੇ ਕਬਜ਼ਾ ਨਹੀਂ ਕੀਤਾ, ਪਰ ਮਾਖੋਵਾਲ ਦਾ ਇਲਾਕਾ ਜਿੰਨਾ ਪਿਤਾ ਜੀ ਦੀ ਜ਼ਰਖਰੀਦ ਸੀ, ਉਸਦਾ ਪ੍ਰਬੰਧ ਨਿਆਉਂ ਨਾਲ ਕਰਦੇ ਸੇ। ਗੁਰੂ ਜੀ ਆਪਣੀ ਨਿੱਕੀ ਜਿਹੀ ਅਨੰਦ ਪੁਰੀ ਅਰ ਇਰਦ ਗਿਰਦ ਦੀ ਪਰਜਾ ਦਾ ਨਿਆਉਂ ਤੇ ਪਾਲਨ ਐਸਾ ਕਰਦੇ ਸੇ ਕਿ ਕੋਈ ਰਾਜਾ ਨਹੀਂ ਕਰ ਸਕਦਾ। ਇਹੋ ਕਾਰਨ ਸੀ ਕਿ ਦੂਸਰੇ ਰਾਜਿਆਂ ਦੀ ਪਰਜਾ ਇਨ੍ਹਾਂ ਦੇ ਇਲਾਕੇ ਵਿਚ ਆਕੇ ਵਸਦੀ

*ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬਸ਼ਮਸ਼ੇਰ ਦਸਤ॥

ਸੀ। ਇਸੇ ਕਰਕੇ ਦੂਰ ਦੂਰ ਦੇ ਦੁਖੀ ਇਥੇ ਪਨਾਹ ਲੈਂਦੇ ਅਰ ਸੁਖ ਪਾਉਂਦੇ। ਬੜੇ ਬੜੇ ਕਵੀ, ਪੰਡਤ, ਸੂਫ਼ੀ, ਫ਼ਕੀਰ ਸਤਾਏ ਹੋਏ ਇਥੇ ਆਕੇ ਟਿਕੇ ਤੇ ਰਹੇ। ਅਨੰਦਪੁਰ ਦੇ ਇਰਦ ਗਿਰਦ ਐਸਾ ਨੇਕ ਪ੍ਰਬੰਧ ਹੁੰਦਾ ਸੀ ਕਿ ਸੋਨਾ ਉਛਾਲਦੇ ਲੈ ਜਾਓ ਕੋਈ ਤੱਕ ਨਹੀਂ ਸਕਦਾ ਸੀ। ਰਵਾਲਸਰ ਦੇ ਮੇਲੇ ਪਰ ਗੁਰੂ ਜੀ ਦਾ ਅਰੋਗਤਾ ਦਾ ਪ੍ਰਬੰਧ ਐਸਾ ਅੱਛਾ ਸੀ ਕਿ ਲੱਖਾਂ ਦੀ ਭੀੜ ਦੇ ਹੋਇਆਂ ਬੀ ਬੀਮਾਰੀ ਨਹੀਂ ਪਈ, ਦੰਡ ਬੀ ਸਖਤ ਨਹੀਂ ਸੀ, ਸਫ਼ਾਈ ਦਾ ਬੰਦੋਬਸਤ ਪੂਰਾ ਸੀ। ਜੋ ਆਦਮੀ ਇਨ੍ਹਾਂ ਸਰਬ ਸੁਖਦਾਈ ਕਾਇਦਿਆਂ ਨੂੰ ਤੋੜਦਾ ਸੀ ਉਸ ਨੂੰ ਓਥੋਂ ਦੇ ਜਥੇਦਾਰ ਦੇ ਪੇਸ਼ ਹੋਕੇ ਹਲਕਾ ਜਿਹਾ ਦੰਡ ਮਿਲਦਾ ਸੀ। ਇਸ ਪ੍ਰਬੰਧ ਨੇ ਲੋਕਾਂ ਨੂੰ ਸੁਖੀ ਰੱਖਿਆ ਅਰ ਪ੍ਰੇਮ ਦੀ ਸਮਝੌਤੀ ਨੇ ਸੁਖੀ ਕਰ ਦਿੱਤਾ। ਫਿਰ ਇਕ ਗਲ ਆਪ ਦੀ ਖੁੱਲ੍ਹ ਦਿਲੀ ਦੀ ਇਹ ਹੈ ਕਿ ਅਨੰਦਪੁਰ ਵਸਦੇ ਹਰ ਪ੍ਰਾਣੀ ਨੂੰ ਅਪਣੇ ਧਰਮ ਦੀ ਪੂਰੀ ਪੂਰੀ ਖੁਲ੍ਹ ਦੇ ਰਖੀ ਸੀ।

੭. **ਪੰਡਤ (Scholar)**–ਰਾਜਾ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਵਿਦਜਾ ਦੀ ਕਦਰ ਕਰੇ। ਵਿਦਜਾ ਦੀ ਕਦਰ ਓਹੋ ਠੀਕ ਕਰ ਸਕਦਾ ਹੈ ਜੋ ਆਪ ਪੰਡਤ ਹੋਵੇ। ਗੁਰੂ ਜੀ ਆਤਮ ਤਤਵੇਤਾ ਹੋਣ ਕਰਕੇ ਸੁਤੇ ਸਿੱਧ ਬ੍ਰਹਮ ਗਿਆਨੀ ਸੇ, ਅਰ ਸਰਬ ਵਿਦਜਾ ਦੇ ਮਾਲਕ ਸੇ। ਬ੍ਰਹਮ ਵਿਦਜਾ ਤਾਂ ਗੁਰੂ ਅਵਤਾਰ ਵਿਚ ਕੁਦਰਤੀ ਬਾਤ ਸੀ; ਸੰਸਾਰਕ ਵਿਦਜਾ ਵਿਚ ਵੀ ਗੁਰੂ ਜੀ ਪ੍ਰਬੀਨ ਸੇ। ਫ਼ਾਰਸੀ, ਸੰਸਕ੍ਰਿਤ, ਅਰਬੀ ਆਦਿ ਦੇ ਪੱਕੇ ਜਾਣੂੰ ਸੇ। ਇਸੇ ਵਿਦਜਾ ਦੀ ਕਦਰਦਾਨੀ ਪਿੱਛੇ ਇਨ੍ਹਾਂ ਦੇ ਦਰਬਾਰ ਵਿਚ ਬੜੇ ਬੜੇ ਕਵੀ ਤੇ ਪੰਡਤ ਆ ਜੁੜੇ। ਕਈ ਤਾਂ ਤੁਰਕਾਂ ਤੋਂ ਸਤਕੇ ਪਨਾਹ ਲੈਣ ਜਾ ਬੈਠੇ ਅਰ ਕਈ ਵੈਸੇ ਹੀ ਕਦਰਦਾਨ ਜਾਣਕੇ ਪਹੁੰਚੇ। ਵਿਦਜਾ ਦਾ ਚਰਚਾ ਬਹੁਤ ਹੋ ਗਿਆ। ਬੜੇ ਬੜੇ ਸੰਸਕ੍ਰਿਤ ਤੇ ਅਰਬੀ ਦੇ ਪੁਸਤਕ ਦੇਸੀ ਬੋਲੀ ਵਿਚ ਤਰਜਮਾ ਹੋ ਗਏ, ਪੁਸਤਕਾਲੇ ਪੁਸਤਕਾਂ ਨਾਲ ਭਰ ਗਏ। ਗੁਰੂ ਜੀ ਹਰ ਰੋਜ਼ ਖਾਸ ਵਕਤ ਵਿਦਵਾਨਾ ਦੀ ਸਭਾ ਨੂੰ ਦਿਆ ਕਰਦੇ ਸਨ। ਵਿਦਜਾ ਦੇ ਭੰਡਾਰ, ਜੋ ਸੰਸਕ੍ਰਿਤ ਵਿਚ ਲੁਕੇ ਪਏ ਸੇ, ਹਿੰਦੀ ਬੋਲੀ ਵਿਚ ਤਰਜਮੇ ਕਰਵਾਕੇ ਆਮ ਲੋਕਾਂ ਦੇ ਲਾਭ ਲਈ ਤਯਾਰ ਕਰਵਾ ਦਿਤੇ ਤੇ ਲੱਖਾਂ ਰੁਪੈ ਇਸ ਕਾਰਜ ਪੁਰ ਖਰਚ ਕੀਤੇ।

ਪੰਡਤ ਹੋਣ ਤੋਂ ਛੁਟ ਗੁਰੂ ਜੀ–

t. **ਕਵੀ (Poet)**– ਬੀ ਪੂਰੇ ਸੇ, ਆਪ ਦੀ ਕਵਿਤਾ ਜੋ ਸ਼ਾਂਤਿ ਰਸ ਦੀ ਹੈ, ਉਹ ਤਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਤੁੱਲਜ ਹੈ। ਜੋ ਬੀਰ ਰਸ ਦੀ ਹੈ ਉਹ ਕਿਸੇ ਹਿੰਦੀ ਕਵੀਸ਼ੁਰ ਤੋਂ ਸਿਰ ਕੱਢਣੋਂ ਨਹੀਂ ਅਟਕਦੀ। ਬਾਣੀ ਪੜ੍ਹਦਿਆਂ ਪੜ੍ਹਦਿਆਂ ਜੋਸ਼ ਆ ਜਾਂਦਾ ਅਰ ਹਥ ਕਬਜ਼ਿਆਂ ਪੁਰ ਜਾ ਟਿਕਦੇ ਹਨ! ਐਸੀ ਕੜਾਕੇਦਾਰ ਰਚਨਾ ਹੈ ਕਿ ਮੁਰਦੇ ਵਿਚ ਬਲ ਭਰ ਦੇਂਦੀ ਹੈ। ਆਪਦੀ ਰਚਨਾ ਅਲੰਕਾਰਾਂ, ਰੂਪਕਾਂ, ਬਯੰਜਨਾਂ, ਧੁਨੀਆਂ, ਲੱਛਨਾਂ ਨਾਲ ਐਸੀ ਪੂਰਤ ਹੈ ਕਿ ਜੇ ਕੇਵਲ ਰਚਨਾਂ ਹੀ ਲਈ ਜਾਏ ਤਦ ਬੀ ਆਪਣੇ ਸਮੇਂ ਦੇ ਬੜੇ ਵੱਡੇ ਮਹਾਂਪੁਰਖ ਹੋਏ ਹਨ। ਆਪ ਦੀ ਰਚਨਾਂ ਵਿਚ ਲਾਵੰਨਤਾ, ਰਸ, ਮਿਠਾਸ, ਚਟਪਟਾਪਨ ਭਰੇ ਪਏ ਹਨ। ਕਵਿਤਾ ਵਿਚ ਬੀ ਗੁਰੂ ਜੀ ਦੇ ਦਰਸ਼ਨ ਸਭ ਤੋਂ ਸ਼ਿਰੋਮਣੀ ਹਨ। ਪਦਾਂ ਪਰ ਖਾਸ ਹੁਕਮ ਹੈ। ਗੌਂਦ ਵਿਚ ਕ੍ਰਮ ਹੈ। ਵਜਾਖਜਾ ਵਿਚ ਖਾਸ ਜ਼ੋਰ ਤੇ ਸਫ਼ਾਈ ਹੈ। ਜੇ ਆਪ ਦਾ ਜੀ ਰੁਆਉਣ ਤੇ ਆਇਆ ਹੈ, ਤਦ ਕਰੁਣਾਰਸ ਨਾਲ ਨੇਤ੍ਰ ਭਰ ਹੀ ਲਿਆਉਂਦੇ ਹਨ! ਜੇ ਬੀਰਤਾ ਵੱਲ ਕਲਮ ਮੁੜੀ ਹੈ, ਤਦ ਤਲਵਾਰ ਧੂਹੀ ਗਈ ਹੈ। ਜੇ ਸ਼ਾਂਤੀ ਵੱਲ ਆਏ ਹਨ ਤਦ ਸਮਾਧਿ ਸਥਿਤ ਕਰ ਦਿੱਤਾ ਹੈ। ਜੇ ਰੂਪਕ ਬੱਧੇ ਹਨ ਤਦ ਕਾਲੀਦਾਸ ਭੁਲਾ ਦਿੱਤਾ ਹੈ। ਜੇ ਨੀਤੀ ਕਹੀ ਹੈ ਤਦ ਅਸਲ। ਜੇ ਰਤੀ ਭਾਵ ਦੇ ਕਟਾਖਜ ਕਹੇ ਹਨ ਤਾਂ ਪਿਆਰ ਦੀਆਂ ਨਹਿਰਾਂ ਵਗਾ ਦਿੱਤੀਆਂ ਹਨ। ਜੇ ਬਿਰਹਾ ਕਿਹਾ ਹੈ ਤਦ ਭੁੱਬਾਂ ਕਢਾ ਦਿੱਤੀਆਂ ਹਨ। ਕੈਸਾ ਅਸਚਰਜ ਹੈ ਕਿ ਜੋ ਮਹਾਂ ਪੁਰਖ ਅੱਠ ਪਹਿਰ ਸ਼ਬਦ ਵਿਚ ਜੁੜ ਰਿਹਾ ਹੈ, ਜੋ ਸੰਸਾਰ ਦੇ ਸੰਕਟ ਹਰ ਰਿਹਾ ਹੈ, ਜੋ ਸਦਾਚਾਰ ਸਿਖਾਲ ਰਿਹਾ ਹੈ, ਜੋ ਜ਼ਬਰਦਸਤ ਰਾਜੇ ਤੇ ਮੁਗ਼ਲ ਸਲਤਨਤ ਦਾ ਮੁਕਾਬਲਾ ਕਰ ਰਿਹਾ ਹੈ, ਜੋ ਨੀਤੀ ਦੇ ਪ੍ਰਬੰਧ ਵਿਚ ਮਗਨ ਹੈ, ਜੋ ਪੰਡਤਾਂ ਦਾ ਕਦਰਦਾਨ ਤੇ ਗੁਣੀਆਂ ਦੀ ਸਭਾ ਨੂੰ ਸ਼ੋਭਾ ਦੇ ਰਿਹਾ ਹੈ, ਓਹ ਆਪ ਕਵਿਤਾ ਕਰਦਾ ਹੈ, ਕਵਿਤਾ ਲਈ ਸਮਾਂ ਕੱਢਦਾ ਹੈ, ਅਰ ਹਰ ਇਕ ਦੀ ਕਵਿਤਾ

ਸੰਪੂਰਨ ਕਰਦਾ ਹੈ ਅਤੇ ਸੈਂਕੜੇ ਨਵੇਂ ਛੰਦਾਂ ਦਾ ਆਪ ਨੂੰ ਕਰਤਾ ਸਾਬਤ ਕਰਦਾ ਹੈ।

੯. ਕਲਾ ਕੌਸਲ (Artist)--ਗੁਰੂ ਜੀ ਦੇ ਦਰਬਾਰ ਵਿਚ ਚਿੱਤ੍ਰਕਾਰੀ ਦੀ ਬੜੀ ਕਦਰ ਸੀ ਅਰ ਆਪ ਚਿੱਤ੍ਰਕਾਰੀ ਦੇ ਸ਼ੌਕੀਨ ਸੇ। ਰਸਾਂ ਦੀਆਂ ਮੂਰਤੀਆਂ, ਸਖਾਈ, ਸੰਚਾਰੀ ਭਾਵਾਂ ਦੇ ਦਰਸ਼ਨ, ਸਮੇਂ, ਭਾਵ, ਅਨੁਭਾਵਾਂ ਦੇ ਨਮੂਨੇ ਖਾਸ ਬਹਿਸ ਨਾਲ ਲਿਖੇ ਜਾਂਦੇ*।

ਇਸਤੋਂ ਛੁੱਟ ਬਨਸਪਤੀ ਵਿਦਯਾ ਦੀ ਖਾਸ ਵਾਕਫ਼ੀ, ਘੋੜਿਆਂ ਦੀ ਜਾਂਚ, ਪਛਾਣ ਅਰ ਅਨੇਕ ਹੁਨਰਾਂ ਵਿਚ ਖਾਸ ਮਲਕਾ ਸੀ। ਕਿਲੇ ਬਨਾਉਣ ਦੀ ਮਹਿਮਾ, ਖੰਡਰਾਂ ਦੇ ਦੇਖਿਆਂ ਸਮਝ ਪੈਂਦੀ ਹੈ। ਤੋਪਾਂ ਗੁਰੂ ਜੀ ਦੀਆਂ ਢਲੀਆਂ ਦਾ ਨਮੂਨਾ ਜੋ ਦੋ ਨਿੱਕੀਆਂ ਜਿਹੀਆਂ ਲਾਹੌਰ ਅਜੈਬ ਘਰ ਵਿਚ ਪਈਆਂ ਹਨ, ਉਨ੍ਹਾਂ ਤੋਂ ਪਤਾ ਲਗਦਾ ਹੈ। ਵਡੀਆਂ ਤੋਪਾਂ ਰਹਿਕਲੇ ਸਾਰਾ ਸਾਮਾਨ ਅਨੰਦ ਪੁਰ ਦੀ ਲੁੱਟ ਵਿਚ ਸਰਹਿੰਦ ਤੇ ਦਿੱਲੀ ਗਿਆ ਸੀ। ਗੁਰੂ ਜੀ ਉਸ ਸਮੇਂ ਦੀਆਂ ਬੰਦੂਕਾਂ, ਤਲਵਾਰਾਂ ਤੇ ਤੀਰ ਕਮਾਨ ਆਪ ਬੀ ਬਣਵਾਉਂਦੇ ਸਨ।

ਰਾਗ ਵਿਦਯਾ ਵਿਚ ਗੁਰੂ ਅਰਜਨ ਦੇਵ ਜੀ ਦੀ ਤਰ੍ਹਾਂ ਪ੍ਰਬੀਨ ਸੇ। ਆਦਿ ਸਤਿਗੁਰਾਂ ਨੇ ਰਬਾਬ ਰਚਿਆ ਸੀ, ਪੰਚਮ ਸਤਿਗੁਰਾਂ ਨੇ ਸਰੰਦਾ ਬਣਾਇਆ ਸੀ। ਜੋ ਸਾਜ਼ ਅਜ ਕਲ ਤਾਊਸ ਕਹਾਉਂਦਾ ਹੈ, ਇਸਦੀ ਪਹਿਲੀ ਬਣਤ, ਜਿਸਦੀ ਇਹ ਨਕਲ ਹੈ, ਦਸਮ ਗੁਰੂ ਜੀ ਦੇ ਸਮੇਂ ਤੋਂ ਸ਼ੁਰੂ ਹੋਈ ਜਾਪਦੀ ਹੈ। ਅਚਰਜ ਨਹੀਂ ਕਿ ਆਪ ਦੀ ਵਿਉਂਤ ਕੁਛ ਵਿਚ ਹੋਵੇ। ਸਤਿਗੁਰੂ ਜੀ ਪ੍ਰਬੀਨ ਬੀਨਕਾਰ ਸੇ ਅਰ ਆਪਣੇ ਪਵਿੱਤ੍ਰ ਗਲੇ ਤੋਂ ਐਸਾ ਸੁਰੀਲਾ ਗਾਉਂਦੇ ਸੇ ਕਿ ਚਲਦੇ ਦਰਯਾ ਠਹਿਰਨ ਦੀ ਕਹਾਵਤ ਘਟਦੀ ਸੀ।

੧੦. ਗ੍ਰਿਹਸਤੀ (House-Holder)–ਇਨ੍ਹਾਂ ਤੋਂ ਵੱਖਰੇ ਅਸੀਂ ਸ੍ਰੀ ਗੁਰੂ ਜੀ ਨੂੰ ਬਨਬਾਸੀ ਸਾਧੂ ਯਾ ਛੜੇ ਜਰਨੈਲ ਯਾ ਇਕ ਰਾਜਾ ਮਾਤ੍ਰ ਨਹੀਂ ਪਾ ਰਹੇ, ਸਗੋਂ ਉਨ੍ਹਾਂ ਨੂੰ ਇਕ ਗ੍ਰਿਹਸਤੀ ਵੀ ਵੇਖ ਰਹੇ ਹਾਂ। ਆਪ ਪਿਤਾ ਜੀ ਦੇ ਆਗਜ਼ਾਕਾਰ ਸਪੁਤ੍ਰ ਸੇ। ਮਾਤਾ ਦਾ ਸਾਰੀ ਉਮਰ ਸਨਮਾਨ ਰੱਖਿਆ। ਜੈਸੇ ਲਾਇਕ ਪੁੱਤਰ ਸੇ ਵੈਸੇ ਹੀ ਲਾਇਕ ਪਤੀ ਅਰ ਆਪਣੀ ਔਲਾਦ ਦੇ ਪਿਤਾ ਸੇ। ਇਸਤ੍ਰੀ ਨਾਲ ਸਲੂਕ ਪ੍ਰੇਮ ਤੇ ਕ੍ਰਿਪਾਲਤਾ ਦਾ ਸੀ, ਸਤਿਸੰਗ ਅਰ ਪਰਮਾਰਥ ਦੀ ਸਾਂਝ ਉਨ੍ਹਾਂ ਨਾਲ ਪੂਰੀ ਸੀ ਅਰ ਉਹ ਇਨ੍ਹਾਂ ਦੇ ਚਰਨਾਂ ਕਮਲਾਂ ਦੇ ਭ੍ਰਮਰ ਸੇ। ਔਲਾਦ ਨੇਕ ਆਗਜ਼ਾਕਾਰ ਅਰ ਪਿਤਾ ਦੇ ਜੌਹਰਾਂ ਨਾਲ ਚਮਤਕ੍ਰਿਤ ਸੀ। ਆਪਦਾ ਸਲੂਕ ਪ੍ਰੇਮ, ਕ੍ਰਿਪਾਲਤਾ ਤੇ ਸਿਖਜਾ ਦੇਣ ਵਾਲਾ ਸੀ। ਬੱਚਿਆਂ ਦਾ ਧਰਮ ਸਦਾਚਾਰ ਐਸਾ ਮਜ਼-ਬੂਤ ਬਣਾਇਆ ਕਿ ਸੱਤ ਅਠ ਤੇ ਨੌਂ ਦਸ ਬਰਸ ਦੇ ਬੱਚਿਆਂ ਤਕ ਨੇ ਮੌਤ ਚੱਖੀ, ਪਰ ਧਰਮ ਨਹੀਂ ਦਿੱਤਾ। ਪੰਦਰਾਂ ਤੇ ਅਠਾਰਾਂ ਬਰਸ ਦੇ ਬੱਚਿਆਂ ਨੇ ਪੁਰਜ਼ਾ ਪੁਰਜ਼ਾ ਕੱਟਕੇ ਜਾਨਾਂ ਸਦਕੇ ਕੀਤੀਆਂ ਪਰ ਪਿੱਠ ਨਹੀਂ ਦਿੱਤੀ। ਗ੍ਰਿਹਸਤ ਆਸ਼੍ਰਮ ਦੇ ਪੂਰਨ ਨਿਰਬਾਹ ਵਿਚ ਗੁਰੂ ਜੀ ਨੇ ਗੁਰਤਾ, ਅਵਤਾਰਤਾ, ਸੁਧਾਰ ਕਰਤੱਵਤਾ, ਜੋਧਾਪਨ, ਨੀਤੀ-ਵਿਦਵਤਾ, ਪੰਡਤਾਈ ਆਦਿ ਨੂੰ ਦਾਖ਼ਲ ਨਹੀਂ ਆਉਣ ਦਿਤਾ। ਪਰਵਾਰ ਵਿਚ ਪ੍ਰੇਮ ਤੇ ਭਗਤੀ ਰੱਖੀ। ਜਦ ਵਿਯੋਗ ਹੋਇਆ, ਮਾਤਾ ਚੱਲ ਬਸੀ, ਔਲਾਦ ਸ਼ਹੀਦ ਹੋ ਗਈ, ਤਦ ਪੂਰਨ ਧੈਰਜ ਅਰ ਰਜ਼ਾ ਮੰਨਣ ਦੀ ਅਲੌਕਿਕ ਦਸ਼ਾ ਦਿਖਾਈ। ਜਦ ਕਿਸੇ ਕਿਹਾ: 'ਆਪ ਦੇ ਲਾਇਕ ਪੁੱਤਰ ਮਰ ਗਏ, ਤਦ ਬੋਲੇ: "ਮੇਰੇ ਪੁੱਤਰ ਮੇਰੇ ਸਿੱਖ ਹਨ, ਜੋ ਚਾਰ ਦੇਕੇ ਮੈਂ ਲੱਖਾਂ ਦੀ ਗਿਣਤੀ ਵਿਚ ਲਏ ਹਨ, ਏਹ ਸਦਾ ਜੀਉਂਦੇ ਹਨ"। ਗ੍ਰਿਹਸਤੀ ਹੋਣਾ, ਪਰ ਗ੍ਰਿਹਸਤ ਦੇ ਬਾਣਾਂ ਦੀ ਚੋਭ ਨਾ ਖਾਣੀ, ਇਹ 'ਪਰਵਾਨ ਗ੍ਰਿਹਸਤ ਉਦਾਸ' ਸਤਿਗੁਰੂ ਨੇ ਵਰਤਕੇ ਦਿਖਾਇਆ।

੧੧. ਦੇਸ਼ ਹਿਤੈਸ਼ੀ (Patriot)–ਗੁਰੂ ਜੀ ਦਾ ਦੇਸ਼ ਬ੍ਰਹਮੰਡ ਹੈ, ਪਰ ਜਦ ਇਸ ਧਰਤੀ ਤੇ ਆਏ ਤਾਂ ਭੂਮੰਡਲ ਦਾ ਸੁਧਾਰ ਪ੍ਰਯੋਜਨ ਸੀ। ਉਨ੍ਹਾਂ ਲਈ ਸਾਰੀਆਂ ਜ਼ਾਤੀਆਂ ਦਾ ਪ੍ਰੇਮ ਤੇ ਸਾਰੇ ਦੇਸ਼ਾਂ ਦਾ ਹਿਤ ਸੀ। ਪਰ ਤਦੋਂ ਹਿੰਦ ਵਧੇਰੇ ਕਸ਼ਟਾਤੁਰ ਤੇ ਪਰਤੰਤਰ ਸੀ, ਇਸਦਾ ਭਲਾ ਵਿਸ਼ੇਸ਼ ਲੋੜ ਰੱਖਦਾ

*ਅਨੰਦ ਪੁਰ ਦੀ ਲੁੱਟ ਵਿਚ ਲੁੱਟੀਆਂ ਮੂਰਤਾਂ ਪਹਾੜੀ ਰਾਜਿਆਂ ਦੇ ਘਰੀਂ ਗਈਆਂ ਅਰ ਓਹਨਾਂ ਦੇ ਖਜ਼ਾਨੇ ਸੁਹਣੇ ਬਣੇ।

ਸੀ ਆਪ ਦੇ ਹਿਤ ਦੀ। ਗੁਰੂ ਜੀ ਜਿਸ ਦੇਸ਼ ਵਿਚ ਹੋਏ, ਉਸਦੇ ਬੜੇ ਹਿਤੈਸ਼ੀ ਹੋਏ। ਕਿਸੇ ਦੇਸ਼ ਦਾ ਅਹਿਤ ਉਨ੍ਹਾਂ ਦਾ ਮਨਤੱਵ ਨਹੀਂ ਸੀ। ਹਰ ਦੇਸ਼ ਸ੍ਵਦੇਸ਼ ਸੀ, ਪਰ ਆਪਣੇ ਦੁਖੀ ਦੇਸ਼ ਦਾ ਹਿਤ ਬੜਾ ਪਿਆਰਾ ਸੀ। ਦੁੱਖ ਪੀੜਤ ਪਰਜਾ ਨੂੰ ਆਪਣੇ ਆਪ ਤੇ ਭਰੋਸਾ ਕਰਨਾ ਅਰ ਆਪਣੇ ਆਚਰਨ ਨਾਲ ਬਲੀ ਹੋਣਾ, ਅਰ ਸੁਤੰਤਰਤਾ ਦੀ ਰੂਹ ਵਿਚ ਜੀਉਣਾ ਗੁਰੂ ਜੀ ਨੇ ਸਿਖਲਾਇਆ, ਦੇਸ਼ ਲਈ ਉਪਕਾਰ ਕਰਨਾ ਤੇ ਖੇਦ ਝੱਲਣੇ ਸਿਖਾਏ। ਵਿਦਜਾ ਦੇ ਹਿਤ ਨਾਲ ਦੇਸ਼ ਸੇਵਾ ਸਿਖਾਈ ਅਰ ਕਰਕੇ ਦਿਖਾਈ। ਅਸਲ ਵਿਚ ਗੁਰੂ ਜੀ ਤੋਂ ਪਹਿਲੋਂ 'ਦੇਸ਼ ਹਿਤ' ਦੇ ਖਿਆਲ ਨੂੰ ਹੀ ਲੋਕੀ ਪੂਰੀ ਤਰ੍ਹਾਂ ਨਹੀਂ ਸਮਝਦੇ ਸੇ।

੧੨. ਧਨੁਖ ਧਾਰੀ (Archer)–ਗੁਰੂ ਜੀ ਦੇ ਜਰਨੈਲ ਹੋਣ ਦੇ ਦਰਸ਼ਨ ਵਿਚ ਜਿੱਥੇ ਖਾਲਸਾ ਵਰਗੀ ਜੋਧਾ ਕੌਮ ਦਾ ਰਚਨਾ, ਇਕ ਗਿਰੀ ਹੋਈ, ਆਪ ਨੂੰ ਨਿਕਾਰੀ ਜਾਣਨ ਵਾਲੀ ਕੌਮ ਵਿਚ ਸ੍ਵੈ ਸਤਿਕਾਰ, ਸ੍ਵੈ ਭਰੋਸਾ ਅਰ ਬਜ਼ੁਰਗੀ ਦਾ ਮਾਦਾ, ਕੁਰਬਾਨੀ ਦੀ ਰੂਹ ਫੂਕ ਕੇ ਭਰ ਦੇਣਾ, ਤੋਪ, ਬੰਦੂਕ, ਤਲਵਾਰ ਦੇ ਕਾਰਖਾਨੇ ਖੁਹਲਣੇ, ਘੋੜਸ਼ਾਲਾ ਰਚਨੀਆਂ, ਕਿਲੇਬੰਦੀਆਂ ਕਰਨੀਆਂ, ਪਿਆਦੇ, ਸੁਆਰ ਫੌਜਾਂ ਦਾ ਬੰਧਾਨ, ਆਪ ਬੰਦੂਕ ਤਲਵਾਰ ਦੇ ਕਰਤੱਵ ਵਿਚ ਪ੍ਰਬੀਨ ਹੋਣਾ ਕਥਨ ਹੋ ਚੁਕਾ ਹੈ, ਉੱਥੇ ਹੀ ਤੀਰਅੰਦਾਜ਼ੀ ਬੀ ਇਕ ਦਰਸ਼ਨ ਸੀ ਆਪਦਾ। ਇਸਦੀ ਵੱਖਰੀ ਵਰਣਨ ਦੀ ਕੀ ਲੋੜ ਸੀ? ਪਰ ਕਿਉਂਕਿ ਇਸ ਧਨੁਖ ਵਿਦਜਾ ਦੀ ਸਮਾਪਤੀ ਗੁਰੂ ਸਾਹਿਬ ਪਰ ਹੋ ਗਈ, ਇਸ ਕਰਕੇ ਖਾਸ ਦਰਸ਼ਨ ਦੀ ਲੋੜ ਹੈ। ਤੀਰਾਂ ਦੀ ਕਾਰੀਗਰੀ ਨੇ ਅਰਜਨ ਦੇ ਨਾਮ ਨੂੰ ਕਾਇਮ ਰੱਖਿਆ ਹੈ, ਪਰ ਗੁਰੂ ਜੀ ਦੀ ਤੀਰ ਅੰਦਾਜ਼ੀ ਉਸ ਤੋਂ ਬੀ ਵਧੀਆ ਸੀ। ਅਨੰਦਪੁਰ ਦੇ ਕਿਲੇ ਤੇ ਬੈਠਕੇ ਘੇਰੇ ਘੱਤਣ ਵਾਲੇ ਮੁਸਲਮਾਨ ਜਰਨੈਲ ਦੇ ਪਲੰਘ ਵਿਚ ਤੀਰ ਮਾਰਨਾ ਗੁਰੂ ਜੀ ਦਾ ਹੀ ਭੁਜ ਬਲ ਕਰ ਸਕਦਾ ਸੀ। ਗੁਰੂ ਜੀ ਦੇ ਤੀਰ ਦੀ ਮੁਖੀ ਸੋਨੇ ਦੀ ਪਛਾਣ ਕੇ ਤੁਰਕ ਜਰਨੈਲ ਨੇ ਦੰਗ ਹੋ ਕੇ ਕਿਹਾ ਕਿ ਇੰਨੀ ਦੂਰੋਂ ਤੀਰ ਮਾਰ ਸਕਣਾ 'ਕਰਾਮਾਤ ਹੈ'। ਇਹ ਬਹਿਸ ਅਜੇ ਹੋ ਹੀ ਰਹੀ ਸੀ ਕਿ ਦੂਸਰੇ ਪਾਵੇ ਵਿਚ ਇਕ ਹੋਰ ਤੀਰ ਵੱਜਾ, ਜਿਸਦੇ ਨਾਲ ਖਤ ਬੱਧਾ ਹੋਇਆ ਸੀ। ਖਤ ਖੋਲ੍ਹਕੇ ਪੜ੍ਹਿਆ ਤਾਂ ਲਿਖਿਆ ਸੀ 'ਇਹ ਕਰਾਮਾਤ ਨਹੀਂ, ਪਰ ਕਾਮਲ ਹੈ', ਜਿਸਨੇ ਉਨ੍ਹਾਂ ਨੂੰ ਹੋਰ ਹੈਰਾਨ ਕਰ ਦਿੱਤਾ। ਗੁਰੂ ਜੀ ਦੇ ਤੀਰ ਬਹੁਤ ਤਿੱਖੇ ਤੇ ਨਿਸ਼ਾਨੇ ਤੇ ਬੈਠਦੇ ਸਨ। ਨਦੌਨ ਜੁੱਧ ਵਿਚ ਬੰਦੂਕ ਨਾਲ ਵੈਰੀ ਦਲ ਦਾ ਇਕ ਸੈਨਾਪਤ ਫੁੰਡ ਕੇ ਆਪ ਨੇ ਕਮਾਨ ਪਕੜੀ। ਆਪ ਲਿਖਦੇ ਹਨ ਕਿ ਚਾਰ ਤੀਰ ਮੈਂ ਸੱਜੇ ਹੱਥ ਨਾਲ ਚਲਾਏ ਤੇ ਤ੍ਰੈ ਖੱਬੇ ਨਾਲ। ਪਤਾ ਨਹੀਂ ਕਿਸ ਕਿਸ ਨੂੰ ਲੱਗੇ, ਪਰ ਵੈਰੀ ਦਲ ਨੂੰ ਭਾਂਜ ਪੈ ਗਈ। ਅਨੰਦਪੁਰ ਦੇ ਘੇਰੇ ਵਿਚ ਇਤਨਾ ਕਾਲ ਲੰਘ ਜਾਣਾ ਇਹ ਆਪ ਦੇ ਤੀਰਾਂ ਦੀ ਬਰਕਤ ਸੀ। ਚਾਲੀ ਪਿਆਰਿਆਂ ਨਾਲ ਚਮਕੌਰ ਦੀ ਕੱਚੀ ਗੜ੍ਹੀ ਵਿਚ ਬੈਠਕੇ ਹਜ਼ਾਰਾਂ ਫੌਜਾਂ ਨਾਲ ਟਾਕਰਾ ਕਰਨਾ ਅਰ ਸਾਰਾ ਦਿਨ ਗੜ੍ਹੀ ਸਰ ਨਾ ਹੋਣ ਦੇਣੀ, ਇਨ੍ਹਾਂ ਤੀਰਾਂ ਦੀ ਬਰਕਤ ਸੀ। ਮੁਕਤਸਰ ਪਰ ਚਾਲੀ ਮੁਕਤਿਆਂ ਦੇ ਦਲਾਂ ਦੇ ਮੂੰਹ ਮੋੜ ਦੇਣੇ, ਸ੍ਰੀ ਗੁਰੂ ਜੀ ਦੇ ਟਿੱਬੀ ਪਰ ਬੈਠਕੇ ਤੀਰਾਂ ਦੀ ਬੁਛਾੜ ਦਾ ਪ੍ਰਤਾਪ ਸੀ। ਭੰਗਾਣੀ ਦਾ ਉਹ ਰੁੱਖ ਕਿ ਜਿਸ ਹੇਠ ਬੀਰਾਸਨ ਹੋਕੇ ਤੀਰ ਵਰਸਾਏ ਸੇ, ਇਕ ਯਾਦਗਾਰ ਖੜੀ ਹੈ। ਆਪ ਦਾ ਕਮਾਲ ਧਨੁਖ ਵਿਦਜਾ ਵਿਚ ਅਤੁੱਟ ਸੀ। ਸਵਾ ਡੇਢ ਮਣ ਦੀ ਮਾਮੂਲੀ ਕਮਾਨ ਖਿੱਚਣੀ ਕੁਛ ਬਾਤ ਨਹੀਂ ਸਮਝਦੇ ਸਨ। ਇਸ ਵਿਦਜਾ ਦੀ ਸਮਾਪਤੀ ਆਪ ਦੇ ਮਗਰੋਂ ਐਸੀ ਹੋਈ ਕਿ ਫੇਰ ਕੋਈ ਨਾਮੀ ਤੀਰੰਦਾਜ਼ ਪੈਦਾ ਨਹੀਂ ਹੋਇਆ, ਜਿਸ ਨੂੰ ਧਨੁਖਧਾਰੀ ਕਿਹਾ ਜਾ ਸਕੇ। ਇਸ ਲਈ ਸਤਿਗੁਰਾਂ ਨੂੰ ਆਖਰੀ ਧਨੁਖਧਾਰੀ ਕਹਿਣਾ ਕੁਛ ਗਲਤ ਨਹੀਂ ਹੈ*।

੧੩. ਕੌਮ ਕਰਤਾ (Nation builder)–ਗੁਰੂ ਜੀ ਇਸ ਫਨ ਵਿਚ ਬੀ ਕਮਾਲ ਕਰ ਗਏ ਹਨ, ਆਪ ਨੇ ਟੁੱਟੀ ਫੁੱਟੀ ਮਰ ਮਿਟੀ ਪਰਜਾ ਵਿਚ ਕੌਮੀਅਤ ਦੀ ਨੀਂਹ ਰੱਖੀ, ਅਰ ਕੌਮੀਅਤ ਦਾ ਮਾਦਾ ਭਰਕੇ

---

*ਆਪਦੇ ਚਲਾਏ ਹੋਏ ਤੀਰ ਅਨੰਦਪੁਰ ਦੇ ਦਰਖਤਾਂ, ਕੰਧਾਂ ਅਰ ਦੂਰ ਥਾਵਾਂ ਤੋਂ ਮਿਲਦੇ ਹਨ, ਹਰ ਤੀਰ ਨਾਲੋਂ ਕੁਛ ਸੋਨਾ ਲਹਿੰਦਾ ਹੈ।

ਲੋਕਾਂ ਨੂੰ ਕੌਮ ਬਣਨਾ ਸਿਖਾਲ ਦਿੱਤਾ। ਸਾਂਝਾ ਪਿਆਰ, ਸਾਂਝਾ ਭੁਜਬਲ, ਸਾਂਝੇ ਘਾਟੇ ਦੇ ਅੱਗੇ ਸਾਂਝਾ ਪ੍ਰਯਤਨ, ਸਾਂਝੇ ਲਾਭ ਪਰ ਆਪਣੇ ਹਕ ਤੇ ਦੂਸਰੇ ਦੇ ਫਰਜ਼ ਦਾ ਸਤਿਕਾਰ ਕਰਨਾ ਕੁੱਟ ਕੁੱਟਕੇ ਭਰ ਦਿੱਤਾ। ਪੰਚਾਇਤੀ ਪਿਆਰ ਅਰ ਪ੍ਰਬੰਧ, ਪੰਚਾਇਤੀ ਰਾਜ ਅਰ ਤੋਰਾ ਸਿਖਲਾ ਦਿੱਤਾ, ਅਰ ਆਪਣੇ ਚਲਾਣੇ ਤੋਂ ਪਹਿਲੇ ਆਪਣੀ ਰਚੀ ਕੌਮੀ-ਅਤ ਦੀ ਨੀਂਹ ਬਹੁਤ ਹੀ ਪੱਕੀ ਕਰ ਦਿਤੀ। ਧਾਰਮਿਕ ਅਰ ਪੰਥਕ, ਵਿਹਾਰਕ ਅਰ ਰਾਜਸੀ ਪ੍ਰਬੰਧ ਸਭ ਗੁਰਮਤ ਅਰਥਾਤ ਪੰਚਾਇਤ ਦੇ ਪਰ-ਬੰਧ ਵਿਚ ਕਰਕੇ, ਜਥੇਬੰਦੀ ਦੀ ਆਅ੍ਲਾ ਬਿਨਾ ਬੰਨ੍ਹ ਦਿੱਤੀ, ਅਰ ਲੋਕਾਂ ਵਿਚ ਸਾਂਝੇ ਕੌਮਾਂ ਲਈ ਸਾਂਝਾ ਰਸ ਪੈਦਾ ਕਰਕੇ ਸਾਂਝੇ ਬਲ ਬੁੱਧ ਨਾਲ ਨਜਿੱਠਣਾ ਸਿਖਾਕੇ ਅੱਗੇ ਲਈ ਆਪਣੇ ਅਖ-ਤਿਆਰਾਤ ਸਾਂਝੇ ਭਾਈਚਾਰੇ ਅਰਥਾਤ ਪੰਥ ਦੇ ਇਕੱਠ ਵਿਚ ਦੇ ਦਿਤੇ ਅਰ ਗ਼ਲਤੀ ਤੋਂ ਬਚਣ ਲਈ ਗੁਰਤਾ ਦੀ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਕੇ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਗੁਰੂ ਕਰ ਦਿਤਾ। ਉਨ੍ਹਾਂ ਨੇ ਜੋ ਜਿਸ ਗਲ ਦੀ ਬਿਨਾ ਬੱਧੀ, ਅੰਤ ਸਮੇਂ ਤਕ ਉਹ ਉੱਤਮ ਨਿਭੀ, ਚਾਹੇ ਹੁਣ ਅਸੀਂ ਲੋਭ ਲਾਲਚਾਂ ਨਾਲ ਆਪ ਉਸਨੂੰ ਵਿਗਾੜੀਏ। ਜਿਕੁੰ ਕੋਈ ਵਾਹਿਗੁਰੂ ਦੇ ਬਖਸ਼ੇ ਸਰੀਰ ਨੂੰ ਆਤਮਘਾਤ ਨਾਲ਼ ਮਾਰ ਦੇਵੇ ਤਿਵੇਂ ਕੌਮ ਆਪ ਚਾਹੇ ਸ੍ਵੈ-ਘਾਤ ਕਰ ਲਵੇ, ਪਰ ਉਨ੍ਹਾਂ ਦੇ ਕੌਮ ਕਰਤਾ ਹੋਣ ਵਿਚ ਕੋਈ ਕਸਰ ਨਹੀਂ, ਕੋਈ ਸੰਸਾ ਨਹੀਂ ਹੈ।

ਗੁਰੂ ਜੀ ਦੇ ਅਨੰਤ ਸਰੂਪ ਦਾ ਦਰਸ਼ਨ ਬਹੁਤ ਵੱਡਾ ਹੈ, ਏਥੇ ਹੁਣ ਥਾਂ ਘਟ ਹੈ ਇਸ ਕਰਕੇ ਅਸੀਂ ਹੁਣ ਉਨ੍ਹਾਂ ਦੇ ਸਰੂਪ ਦਾ ਇਕ ਹੋਰ ਝਾਕਾ ਲੈਕੇ ਸਮਾਪਤ ਕਰਕੇ ਆਪ ਤੋਂ ਪੁੱਛਦੇ ਹਾਂ ਕਿ ਜੇ ਤਾਂ ਆਪ ਨੂੰ ਆਪ ਦੀ ਕੀਰਤ ਮੂਰਤੀ ਦਾ ਦਰਸ਼ਨ ਹੋ ਗਿਆ ਹੈ ਤਦ ਵਾਹ ਵਾਹ, ਨਹੀਂ ਤਾਂ ਦਿਲ ਲਾਕੇ ਇਸ ਲੇਖ ਨੂੰ ਫੇਰ ਇਕ ਵੇਰ ਪੜ੍ਹ ਲੈਣਾ।

੧੪. ਗੁਰਮੁਖ-ਗੁਰਮੁਖ ਦਾ ਅਰਥ ਕੀ ਹੈ? ਜੋ ਆਪਣੇ ਸਤਿਗੁਰੂ ਨਾਲ ਸਨਮੁਖ ਰਹੇ। 'ਸ੍ਰੀ ਗੁਰੂ ਜੀ ਜਦੋਂ ਸੰਸਾਰ ਵਿਚ ਆਏ ਸੇ ਵਾਹਿਗੁਰੂ ਦੇ ਹੁਕਮ ਨਾਲ ਆਏ ਸੇ। ਪਰ ਉਨ੍ਹਾਂ ਦਾ ਪ੍ਰੇਮ ਵਾਹਿਗੁਰੂ ਨਾਲ ਐਸਾ ਸੀ ਕਿ ਉਨ੍ਹਾਂ ਦੀ ਸੁਰਤ ਪ੍ਰਭੂ ਚਰਨਾਂ ਵਿਚ ਪਰੋਤੀ ਰਹੀ, ਜੈਸਾ ਆਪ ਕਹਿੰਦੇ ਹਨ:-

"ਚੁਭੀ ਰਹੀ ਸ੍ਰੁਤ ਪ੍ਰਭ ਚਰਨਨ ਮਹਿ।"

ਗੁਰਮੁਖ ਦੀ ਨਿਸ਼ਾਨੀ ਇਹ ਹੈ ਕਿ:-

'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥' {ਸਿਧ:ਗੋ-੫}

ਇਸ ਕਰਕੇ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਨੂੰ ਕਈ ਵੇਰ ਗੁਰਮੁਖ ਕਿਹਾ ਹੈ। ਅਕਾਲ ਪੁਰਖ ਗੁਰੂ ਹੈ, ਪਰ ਆਪਣੇ ਨਿਰਗੁਣ ਸਰੂਪ ਵਿੱਚ। ਪਰ ਗੁਰੂ ਨਾਨਕ ਦੇਵ ਗੁਰੂ ਹੈ ਸਰਗੁਣ ਸਰੂਪ ਵਿਚ। ਸ੍ਰੀ ਗੁਰੂ ਜੀ ਸਰਗੁਣ ਸਰੂਪ ਹੋਕੇ ਜਲ ਮਹਿਂ ਕਮਲ ਨਿਰਾਲਮ ਕਹਿੰਦੇ ਹਨ। ਦੇਖੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਈ ਕਿਤਨੇ ਬੋਝ ਸਨ। ਸੰਸਾਰ ਨੂੰ ਵਾਹਿਗੁਰੂ ਨਾਲ ਮੇਲਣਾ, ਸੰਸਾਰ ਦਾ ਉਸ ਵੇਲੇ ਦਾ ਸੰਕਟ ਹਰਨਾ, ਪਰਜਾ ਦੇ ਆਮ ਇਖ਼ਲਾਕ ਨੂੰ ਠੀਕ ਕਰਨਾ, ਬੀਰ ਰਸ ਸਿਖਾਉਣਾ, ਫੌਜਾਂ, ਕਿਲ੍ਹਿਆਂ ਦੇ ਪ੍ਰਬੰਧ ਕਰਨੇ, ਹਜ਼ਾਰਹਾ ਸੰਗਤਾਂ ਨੂੰ ਰੋਜ਼ ਮਿਲਨਾ ਤੇ ਸਭ ਨੂੰ ਆਤਮਕ ਮੰਡਲ ਵਿਚ ਸੰਤੁਸ਼ਟ ਕਰਨਾ, ਸ਼ਹਿਰ ਦਾ ਪ੍ਰਬੰਧ ਕਰਨਾ, ਦੁਸ਼-ਮਨਾਂ ਤੇ ਹਮਸਾਇਆਂ ਨਾਲ ਨਿਭਣਾ, ਪੁਸਤਕ ਰਚਨੇ ਤੇ ਟੀਕਾ ਕਰਵਾਉਣੇ, ਉਪਕਾਰ ਦੇ ਚਸ਼ਮੇ ਜਾਰੀ ਕਰਨੇ, ਗ੍ਰਿਹਸਤ ਦਾ ਪ੍ਰਬੰਧ ਕਰਨਾ ਤੇ ਫੇਰ ਅਟੰਕ ਰਹਿਣਾ। ਜੈਸੇ ਅਲੇਪ ਆਉਣਾ, ਵੈਸੇ ਅਲੇਪ ਰਹਿਣਾ ਤੇ ਵੈਸੇ ਅਲੇਪ ਤੁਰ ਜਾਣਾ। ਉਨ੍ਹਾਂ ਦੀ ਚਾਲੀ ਬਤਾਲੀ ਬਰਸ ਦੀ ਛੋਟੀ ਉਮਰਾ ਦੇ ਕੀਤੇ ਕੰਮਾਂ ਦਾ ਅਜ ਤਕ ਸੰਸਾਰ ਪਰ ਅਸਰ ਜਾਰੀ ਰਹਿਣਾ, ਇਹ ਉਨ੍ਹਾਂ ਦੇ ਗੁਰਮੁਖ ਜੀਵਨ ਦਾ ਨਜ਼ਾਰਾ ਹੈ।

'ਗੁਰਮੁਖਿ ਕਲਿ ਵਿਚ ਪਰਗਟ ਹੋਆ।'

੧੦੨. ਉੱਚ ਜੀਵਨ*।

ਕੇਡੇ ਪਿਆਰ ਭਰੇ ਸਰੂਪ ਨੂੰ ਹਿਰਦੇ ਦੀਆਂ ਅੱਖਾਂ ਅਗੇ ਲਿਆਉਣ ਵਾਲਾ ਇਹ ਸ਼ਬਦ **'ਕਲਗੀਆਂ ਵਾਲਾ'** ਹੋ ਰਿਹਾ ਹੈ। ਨਾਉਂ ਲਿਆ ਨਹੀਂ ਕਿ ਅੰਦਰਲੀਆਂ ਪਿਆਰ, ਸਤਿਕਾਰ ਤੇ ਸਿੱਕ ਦੀਆਂ ਸਾਰੀਆਂ ਤਰਬਾਂ ਵਲਵਲਾ ਖਾਕੇ ਹਿੱਲੀਆਂ ਨਹੀਂ। ਇਨ੍ਹਾਂ ਛੀਆਂ ਅੱਖਰਾਂ ਦੇ ਮਗਰ ਉਸ 'ਅ+ਖਰ' (ਨਾਸ਼ ਨਾ ਹੋਣ ਵਾਲੀ ਸਚਿਆਈ) ਦੀ ਯਾਦ ਲੁਕੀ ਖੜੀ ਹੈ, ਜਿਸ ਨੇ ਕਦੇ ਸਰੀਰ ਦੀ ਕਲਾ ਵਿਚ ਪਰਕਾਸ਼ ਪਾਕੇ ਸਰੀਰ ਧਾਰੀਆਂ ਨੂੰ ਦੱਸਿਆ ਸੀ ਕਿ ਅਪਣਾ ਰੁਖ਼ ਉਸ ਪਾਸੇ ਕਰੋ, ਕਿ ਜਿੱਧਰ ਤੱਕਿਆਂ ਸਾਰੀਆਂ ਤੱਕਾਂ ਮਿਟ ਜਾਣ। ਜਿਸ ਨੇ ਸੰਸਾਰ ਤੋਂ ਰੁੱਸ ਜਾਣ ਦੀ ਸਦੀਆਂ ਦੀ ਭੁੱਲ ਦੂਰ ਕਰਕੇ ਇਹ ਦਿਖਾਇਆ ਸੀ ਕਿ ਜਗਤ ਨਾਲ ਰੁੱਸ ਨਾ ਜਾਓ, ਕਿਉਂਕਿ ਰੁੱਸ ਜਾਣ ਨਾਲ ਤੁਸੀਂ ਸੰਸਾਰ ਦੇ ਬੰਧਨ ਤੋਂ ਛੁਟ ਨਹੀਂ ਸਕਦੇ, ਪਰ ਇਸ ਵਿਚੋਂ ਛੁਟਕਾਰਾ ਕਰਨ ਲਈ ਅੰਦਰਲੀ ਝਾਤੀ ਪਿਛਲੇ ਪਾਸੇ ਮਾਰੋ ਤੇ ਦੇਖੋ ਕਿ ਤੁਸੀਂ ਆਪ ਕੀ ਹੋ, ਤੇ ਕੀ ਬਣ ਰਹੇ ਹੋ। ਪਾਣੀ ਦੇ ਸਰੋਵਰ ਵਿਚ ਨਜ਼ਰ ਮਾਰੋ, ਚੰਦ ਦਾ ਝਲਕਾ ਪਾਣੀ ਵਿਚ ਪੈ ਰਿਹਾ ਹੈ, ਸਮੂਲਚਾ ਚੰਦ ਪਾਣੀ ਵਿਚ ਹੈ, ਚੰਦ ਦਾ ਸਾਰਾ ਪ੍ਰਕਾਸ਼ ਪਾਣੀ ਵਿਚ ਹੈ। ਜਿਸ ਨੇ ਕਦੇ ਉੱਪਰ ਨਹੀਂ ਤੱਕਿਆ, ਸਦਾ ਤਾਲ ਵੱਲ ਹੀ ਡਿੱਠਾ ਹੈ, ਉਸ ਨੂੰ ਚੰਦ ਸਦਾ ਹਿੱਲਦਾ, ਸਦਾ ਕੰਬਦਾ ਤੇ ਹੇਠਾਂ ਉਤਾਹਾਂ ਹੁੰਦਾ ਤਿਲਮਲਾਉਂਦਾ ਦਿੱਸੇਗਾ, ਪਰ ਜੇ ਕੋਈ ਉਸ ਦੀ ਧੌਣ ਫੜਕੇ ਉੱਪਰਲੇ ਪਾਸੇ ਕਰਕੇ ਥਰ ਥਰਾਉਂਦੇ ਚੰਦ ਦਾ ਪਿੱਛਾ ਦਿਖਾ ਦੇਵੇ ਤਾਂ ਅਕਾਸ਼ਾਂ ਵਿਚ ਪ੍ਰਕਾਸ਼ ਪੁੰਜ ਚੰਦ ਉਸਨੂੰ ਦਿੱਸੇਗਾ, ਅਰ ਸਾਰਾ ਘਬਰਾ, ਜੋ ਤਲਾ ਦੇ ਚੰਦ ਵਿਚ ਸੀ, ਮਿਟਾ ਦੇਵੇਗਾ।

ਉਸ ਕਲਗੀਆਂ ਵਾਲੇ ਨੇ ਸਰੀਰ ਸਰੋਵਰ ਵਿਚ ਥਰ ਥਰ ਕੰਬ ਰਹੀ ਤੇ ਹਿਲਦੀ ਜਿੰਦੜੀ-ਦੁੱਖ ਤੇ ਹਾਵੇ ਭਰਦੀ ਜਿੰਦੜੀ-ਦੇ ਝਲਕੇ ਨੂੰ ਹਉਮੈ ਕਰਕੇ ਦੱਸਿਆ ਤੇ ਦੇਖਣ ਵਾਲੇ ਦੀ ਨਜ਼ਰ ਪਰਤਾ ਕੇ ਪਿਛਲੇ ਪਾਸੇ ਝਾਤੀ ਪੁਆ ਕੇ ਅਡੋਲ ਜਿੰਦੜੀ ਦਿਖਾਕੇ ਅਭੈ ਕਰ ਦਿਤਾ, ਦੁੱਖ ਤੇ ਕਲੇਸ਼ ਦੇਖ-ਦਿਆਂ ਹੀ ਬਿਲਾ ਗਿਆ। ਉਹ ਜੋ ਆਪ ਨਿਰਭੈ ਸੀ, ਜੋ ਆਪ ਸੰਸੇ ਤੋਂ ਪਾਰ ਸੀ, ਭੈ ਗ੍ਰਸੇ ਤੇ ਸੰਸੇ ਫਾਥਿਆਂ ਨੂੰ ਨਿਰਭੈ ਤੇ ਨਿਰਸੰਸੇ ਕਰਨੇ ਆਇਆ ਸੀ, ਸੋ ਕਰ ਦਿਖਾਇਆ।

ਇਹ ਧੌਣੋਂ ਫੜਕੇ ਡੋਲਦੀ ਜਿੰਦੜੀ ਤੋਂ ਅਡੋਲ ਜਿੰਦ ਦੇ ਬੇੜੇ ਚਾੜ੍ਹਨ ਦੇ ਸਾਰੇ ਭਾਵ ਦਾ ਨਾਉਂ ਉਸ ਮਾਲਕ ਨੇ 'ਪ੍ਰੇਮ' ਰੱਖਿਆ। ਸਾਡੀ ਨਜ਼ਰ ਦਿੱਸਣ ਵਾਲੇ ਨਾਲ ਪਆਰ ਕਰ ਰਹੀ ਸੀ, ਦਿੱਸਣ ਵਾਲਾ ਚੱਲਣਹਾਰ ਸੀ। ਚੱਲਣਹਾਰ ਹੋਣ ਕਰਕੇ (ਵਿਛੋੜੇ ਵੇਲੇ ਦੁਖ ਦੇਂਦਾ ਸੀ ਤੇ ਪ੍ਰਾਪਤੀ ਦੇ ਯਤਨ ਵਿਚ ਕਲੇਸ਼ ਪਾਉਂਦਾ ਸੀ ਤੇ ਇਉਂ) ਦੁਖ ਦਾਤਾ ਸੀ, ਸੋ ਇਸ ਦਿੱਸਣ ਵਾਲੇ ਤੋਂ ਚੁੱਕਕੇ ਸਾਨੂੰ ਗੁਰੂ ਜੀ ਨੇ ਦੇਖਣ ਵਾਲੇ ਵੱਲ ਪਾ ਦਿਤਾ। ਆਖਿਆ ਇਸ ਦੇ ਪਿਆਰ ਵਿਚ ਰੁੜ੍ਹ ਨਾ ਜਾਓ, ਜੋ ਨਹੀਂ ਰਹਿਣਾ, ਉਸ ਨਾਲ ਪਿਆਰ ਪਾਓ ਜਿਸਨੇ ਰਹਿਣਾ ਹੈ। ਜਦ ਇਹ ਨੁਕਤਾ ਅੰਦਰੋਂ ਪਲਟਾ ਖਾ ਗਿਆ ਤਾਂ ਦੇਖੋ ਸਾਰੇ ਜੀਵਨ ਦਾ ਨਜ਼ਾਰਾ ਪਲਟਾ ਖਾ ਗਿਆ। ਬਨਾਂ ਵਿਚ ਜਾਕੇ ਬ੍ਰਿਛਾਂ ਵਾਂਗੂੰ ਜੜ੍ਹਤਾ ਅਖ-ਤਿਆਰ ਕਰਨ ਦੀ ਲੋੜ ਨਾ ਰਹੀ, ਪਰ ਡੋਲਵੇਂ ਰੰਗਾਂ ਵਿਚ ਬੈਠਿਆਂ ਆਪਣੇ ਅਡੋਲ ਅਸਲੇ ਦੇ ਧਿਆਨ ਵਿਚ (ਪਿਆਰ ਵਿਚ) ਸਦਾ ਟਿਕੇ ਰਹਿਕੇ ਡੋਲਣਹਾਰ ਨੂੰ ਚੱਲਣਹਾਰ ਤੱਕਣ ਨਾਲ ਅਪਣਾ ਡੋਲਣਾ ਸਮਝ ਵਿਚ ਆ ਗਿਆ, ਤਾਂ ਡੋਲਣਹਾਰ ਨਾਲ ਰੁਸੇਵਾਂ ਨਾ ਪਿਆ, ਸਗੋਂ ਸੱਚੀ ਮੁਚੀ ਉਸ ਤੋਂ ਛੁੱਟੀ ਹੋ ਗਈ। ਪਰ ਸੰਸਾਰ ਵਿਚ ਬੈਠਿਆਂ ਹਜ਼ਾਰਹਾ ਸਾਡੇ ਵਰਗੇ ਉਸ ਡੋਲਣਹਾਰ ਦਰਸ਼ਨ ਵਿਚ ਡੋਲਕੇ ਦੁਖੀ ਹੋ ਰਹੇ ਹਨ। ਕਲਗੀਆਂ ਵਾਲੇ ਨੇ ਦੱਸਿਆ ਕਿ ਜਿੱਕੂੰ ਮੈਂ ਤੁਹਾਨੂੰ ਡੋਲਣੀ ਬੇੜੀ ਵਿਚੋਂ ਕੱਢਿਆ ਹੈ ਤੁਸੀਂ ਹੋਰਨਾਂ ਫਾਥਿਆਂ ਨੂੰ

*ਇਹ ਲੇਖ ਸੰ: ਗੁ: ਨਾ: ਸਾ: ੪੪੨ (੧੯੧੧ ਈ:) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ 'ਕਲਗੀਆਂ ਵਾਲੇ' ਦੇ ਨਾਮ ਹੇਠਾਂ ਪ੍ਰਕਾਸ਼ਤ ਹੋਇਆ ਸੀ।

ਕੱਢੋ। ਇਸ ਕੰਮ ਵਿਚ ਜੋ ਖੇਚਲ ਤੇ ਕੁਰਬਾਨੀ ਕਰਨ ਦੀ ਲੋੜ ਸੀ, ਸੋ ਹੁਣ ਅਸੀਂ ਸੁਖੈਨ ਹੀ ਕਰ ਸਕਾਂਗੇ, ਕਿਉਂਕਿ ਜੋ ਕੁਛ ਡੋਲਣਹਾਰ ਸਾਡੇ ਦੁਆਲੇ ਹੈ, ਜਿਸਦੇ ਵਿਚ ਅਸੀਂ ਬੈਠੇ ਹਾਂ ਉਹ ਸਾਡਾ ਨਹੀਂ ਹੈ। ਅਸੀਂ ਉਸਦੇ ਬਿਨਸਨਹਾਰ ਹੋਣ ਨੂੰ ਸਮਝ ਚੁਕੇ ਹਾਂ, ਇਸ ਕਰਕੇ ਉਸ ਤੋਂ ਵਿਛੜਦਿਆਂ ਦੁਖ ਨਹੀਂ ਹੋਊ।

ਐਉਂ ਉਸ ਕਲਗੀਆਂ ਵਾਲੇ ਨੇ ਸੰਸਾਰ ਨੂੰ ਭੁਲੇਵੇਂ ਤੋਂ ਕੱਢਕੇ ਅਸਲੇ ਤੇ ਪੱਕਿਆਂ ਕੀਤਾ ਤੇ ਅੱਗੋਂ ਸ਼੍ਰੇਣੀ ਤੋਰ ਦਿੱਤੀ ਕਿ ਇਹ ਕੰਮ ਸਦਾ ਹੁੰਦਾ ਹੀ ਰਹੇ। ਜੋ ਇਹ ਸਿਖਜਾ ਸਿਖ ਲਵੇ ਸੋ ਸਿੱਖ ਸਦਾਵੇ ਤੇ ਅੱਗੋਂ ਇਹ ਸਿਖਜਾ ਸਿਖਾਉਂਦਾ ਹੀ ਜਾਵੇ। ਸੋ ਕਲਗੀਆਂ ਵਾਲੇ ਦੀ ਸਿਖੀ ਪ੍ਰੇਮ ਦੇ ਤਰੀਕੇ ਨਾਲ ਅਸਲੇ ਨੂੰ ਪਛਾਨਣਾ ਤੇ ਹੋਰਨਾਂ ਨੂੰ ਇਸ ਪਛਾਣ ਵਿਚ ਮਦਦ ਕਰਨੀ ਹੈ।

ਦੇਖੋ ਇਹ ਸਿੱਖੀ ਦਾ ਕੀ ਨਮੂਨਾ ਨਿਕਲਿਆ: ਖੁਸ਼, ਆਨੰਦ, ਨਿਰਭੈ, ਆਪਣੇ ਆਪ ਵਿਚ ਸਮਝ-ਦਾਰ, ਭਰਮ ਤੋਂ ਪਾਰ ਆਦਮੀ ਦਿੱਸਣ ਲਗ ਪਏ। ਓਹ ਆਦਮੀ ਫੇਰ ਸੰਸਾਰ ਵਿਚ ਬੈਠੇ ਕੀ ਕਰ ਰਹੇ ਹਨ? ਕੋਈ ਅੰਦਰੋਂ ਆਪ ਲੱਗਾ ਹੋਇਆ ਹੋਕੇ ਕੀਰਤਨ ਸੁਣਾਕੇ ਚਿਤ ਪਿਆਰੇ ਵਲ ਲਾ ਰਿਹਾ ਹੈ, ਕੋਈ ਨਾਮ ਵਿਚ ਆਪ ਹੈ ਤੇ ਕਥਾ ਕਰਕੇ ਧਿਆਨ ਪਿਆਰੇ ਵਲ ਪੁਆ ਰਿਹਾ ਹੈ, ਕੋਈ ਦੁਖੀਆਂ ਦੀ ਬਾਹੁੜੀ ਕਰਕੇ ਪਿਆਰੇ ਦੇ ਪਿਆਰ ਦੀ ਵੰਨਗੀ ਦਿਖਾਉਂਦਾ ਅੰਦਰੋਂ ਨਾਮ ਤੇ ਟਿਕਿਆ ਦਿੱਸ ਰਿਹਾ ਹੈ, ਕੋਈ ਰੋਗੀ ਤੇ ਕਲੇਸ਼ਾਤੁਰ ਦੀ ਮਦਦ ਕਰਕੇ ਅਸਲੇ-ਨਾਮ-ਦਾ ਉਪਦੇਸ਼ ਕਰ ਰਿਹਾ ਹੈ। ਜਿਥੇ ਈਰਖਾ, ਡਾਹ, ਲੜਾਈ ਤੇ ਧੱਕਾ ਸੀ, ਓਥੇ ਸਿੰਘ ਪਿਆਰ ਦੀ ਫੁਹਾਰ ਦੇਕੇ ਇਨ੍ਹਾਂ ਕਸ਼ਟਾਂ ਫਾਥਿਆਂ ਨੂੰ ਛੁਡਾ ਰਿਹਾ ਹੈ। ਗੱਲ ਕੀ ਕਲਜੁਗ ਸਤਿਜੁਗ ਬਣ ਰਿਹਾ ਹੈ।

'ਬਿਨਸਨਹਾਰ ਨੂੰ ਸਥਿਰ ਸਮਝਕੇ ਸਭ ਕੁਛ ਕਰਨਾ' ਇਹ ਸਤਿਗੁਰੂ ਦੀ ਸਿਖਜਾ ਨਹੀਂ ਸੀ। ਪਰ ਜੇ ਸਾਡੀ ਬੁੱਧੀ ਅਜੇ ਇਹੋ ਹੈ ਤਾਂ ਅਸੀਂ ਉਸ ਸ਼ਾਹੀ ਸੜਕ ਤੇ ਨਹੀਂ ਟੁਰ ਰਹੇ, ਜੋ ਇਸ ਲੋਕ ਤੋਂ ਲੰਘਦੀ ਹੋਈ ਪਰਲੋਕ ਤੱਕ ਲੈ ਜਾਂਦੀ ਹੈ, ਜਿੱਥੇ ਪਹੁੰਚਕੇ ਦੁੱਖ ਨਹੀਂ ਪਾਈਦਾ ਤੇ ਜੇ ਹੁਕਮ ਅਨੁ-ਸਾਰ ਓਥੋਂ ਪਰਤਕੇ ਫੇਰ ਏਥੇ ਆਈਦਾ ਹੈ ਤਾਂ ਆਕੇ ਦੁਖ ਸੁਖ ਨਾਲ ਸੰਤਾਪੀਦਾ ਨਹੀਂ ਤੇ ਭੁਲੇਵਿਆਂ ਵਿਚ ਅਸਲ ਦੇ ਟਪਲੇ ਖਾਕੇ ਨਹੀਂ ਰੁਲੀਦਾ। ਉਸ ਮਹਾਨ ਸੜਕ (ਪੰਥ) ਦੇ ਜੇ ਅਸੀਂ ਰਾਹੀ ਨਹੀਂ ਬਣੇ, ਜਾਂ ਅਸਾਂ ਉਸ ਮੁਸਾ-ਫ਼ਰਤ ਨੂੰ ਅਖਤਿਆਰ ਨਹੀਂ ਕੀਤਾ ਜੋ ਧੁਰ ਦੇ ਨੁਕਤੇ ਤੇ ਪੁਚਾਉਂਦੀ ਹੈ, ਤਾਂ ਅਸਾਂ ਗੁਰੂ ਕੀ ਸਿਖਜਾ ਸਿਰ ਮੱਥੇ ਤੇ ਨਹੀਂ ਧਰੀ ਤੇ ਜੇ ਉਸ ਮਹਾਨ ਆਨੰਦ ਦਾਤੇ ਗੁਰੂ ਦੀ ਸਿਖਜਾ ਪਰ ਕੰਨ ਹੀ ਨਹੀਂ ਧਰੇ ਤਾਂ ਕਾਹਦੀ ਸਿੱਖੀ ਹੈ?

'ਸਿਖੀ ਸਿਖਿਆ ਗੁਰ ਵੀਚਾਰਿ॥'

ਗੁਰੂ ਦੀ ਸਿਖਜਾ ਨਹੀਂ ਮੰਨੀ ਤਾਂ ਕੀਹ ਸਿੱਖੀ? ਜੇ ਸਿੱਖੀ ਨਹੀਂ ਤਾਂ ਗੁਰੂ ਦੇ ਅਨੰਦ ਵਿਚ ਸਾਡਾ ਕਾਹਦਾ ਹਿੱਸਾ ਹੈ? ਜੇ ਅਸੀਂ ਹਿੱਸੇਦਾਰ ਨਹੀਂ, ਸਾਂਝੀਵਾਲ ਨਹੀਂ, ਤਾਂ ਫੇਰ ਸਾਡਾ ਅਪਣੇ ਆਪ ਨੂੰ ਐਸਾ ਪ੍ਰਗਟ ਕਰਨਾ ਸਾਧਾਰਨ ਤੋਂ ਵਧੀਕ ਡੋਲਣੀ ਬੇੜੀ ਚਾੜ੍ਹਨਾ ਹੈ।

ਫ਼ਿਲਾਸਫ਼ੀਆਂ ਤੇ ਗਿਆਨ ਸੰਸਾਰ ਵਿਚ ਚਿਰੋ-ਕਣੇ ਹਨ, ਕਿਆ ਕਲਗੀਆਂ ਵਾਲੇ ਦੇ ਆਗਮ ਵੇਲੇ ਹਿੰਦੁਸਤਾਨ ਵਿਚ ਉਪਨਿਸ਼ਦਾਂ ਤੇ ਛੀਏ ਦਰਸ਼ਨ ਨਹੀਂ ਸਨ ਹੈਗੇ? ਕਿਆ ਇਨ੍ਹਾਂ ਦੇ ਪੰਡਿਤ ਸੰਨਿਆਸੀ ਤੇ ਸਿੱਖ ਅਖਵਾਉਣ ਵਾਲੇ ਜੋਗੀ ਜੰਗਮ ਤੇ ਸੰਨਜਾਸੀ ਨਹੀਂ ਸਨ ਹੈਗੇ? ਸਭ ਕੁਛ ਸੀ ਪਰ 'ਜੀਵਨ' ਨਹੀਂ ਸੀ। ਗੱਲਾਂ ਤੇ ਕਥਾਂ ਤੇ ਦਿਮਾਗ਼ੀ ਦੌੜ ਰਹਿ ਗਈ ਸੀ, ਕਰਨੀ ਤੇ ਅਮਲ ਟੁਰ ਗਏ ਸਨ। ਗੁਰੂ ਸਾਹਿਬ ਫੋਕੀ ਦਿਮਾਗ਼ੀ ਆਤਸ਼ਬਾਜ਼ੀ ਲੈਕੇ ਨਹੀਂ ਆਏ ਸਨ, ਪਰ 'ਜੀਵਨ' ਦਾ ਅਖੈ 'ਚਾਨਣਾ' ਲੈਕੇ ਆਏ ਸਨ। ਉਨ੍ਹਾਂ ਨੇ ਮਸਲੇਬਾਜ਼ੀ ਨਹੀਂ ਸਿਖਾਈ, ਪਰ ਮੁਰਦਾ ਸਰੀਰਾਂ ਵਿਚ 'ਆਤਮ ਜੀਵਨ' ਦੀ ਰੌ ਲਾ ਦਿੱਤੀ। ਜੀਵਨ ਤੋਂ ਸਾਡਾ ਮਤਲਬ ਮੁੱਢ ਦਾ (ਪਹਿਲੀ ਪਉੜੀ ਦਾ ਨਿਰਾ) ਇਖ਼ਲਾਕੀ ਜੀਵਨ ਨਹੀਂ, ਅਰਥਾਤ ਨਿਰਾ ਸ਼ੁਭ ਆਚਰਨ ਤੋਂ ਮਤ-ਲਬ ਨਹੀਂ, ਇਹ ਜੀਵਨ ਤਾਂ ਉਸ ਜੀਵਨ ਦੇ ਪਹਿਲੇ ਡੰਡੇ ਹਨ। ਇਹ ਤਾਂ ਪੁੰਨਮਯ ਜੀਵਨ ਹੈ, ਜਿਸਨੇ ਪਾਪਮਯ ਜੀਵਨ ਕੱਟ ਸਿਟਣਾ ਹੈ, ਅਰ ਇਨ੍ਹਾਂ ਪੁੰਨ ਤੇ ਪਾਪਮਯ ਦੋਹਾਂ ਵਿਚ ਹਉਂ

ਦਾ ਆਸਰਾ ਹੁੰਦਾ ਹੈ। ਦੋਵੇਂ ਲੋਹਾ ਹਨ, ਇਕ ਲੋਹੇ ਦੀ ਬੇੜੀ ਹੈ ਜੋ ਸਾਨੂੰ ਬੰਨ੍ਹ ਰਹੀ ਹੈ, ਦੂਸਰਾ ਛੈਣੀ ਹੈ, ਜਿਸਨੇ ਬੇੜੀ ਕੱਟਣ ਵਿਚ ਸਹਾਇਤਾ ਕਰਨੀ ਹੈ। ਇਹ ਇਖ਼ਲਾਕੀ ਜੀਵਨ ਉਸ ਮਹਾਨ ਜੀਵਨ ਦਾ ਮੁੱਢ ਹੈ, ਇਹ ਉਸ ਜੀਵਨ ਦੇ ਪੈਰਾਂ ਹੇਠਲੀ ਨੀਂਹ ਹੈ। ਅਗੇ ਉੱਚ ਜੀਵਨ ਹੈ ਹੋਰ। ਸਾਡਾ ਮਤਲਬ ਆਤਮ ਜੀਵਨ ਤੋਂ ਹੈ, ਜਿੱਥੇ ਹਉਂ ਆਸਰਾ ਨਹੀਂ, ਪਰ ਹਉਂ ਤੋਂ ਆਤਮਾ ਛੁੱਟ ਗਿਆ ਹੈ, ਸੁਤੰਤਰ ਹੋ ਗਿਆ ਹੈ, ਅਰ ਸੁਤੰਤਰ ਹੋਕੇ ਅਪਣੇ ਆਪ ਵਿਚ ਆਨੰਦ ਹੈ ਤੇ ਆਨੰਦ ਸਰੂਪ ਵਾਹਿਗੁਰੂ ਨਾਲ ਸੰਜੋਗੀ ਯਾ ਉੱਜਲ ਪ੍ਰੇਮ ਵਿਚ ਪ੍ਰੇਮ ਸਰੂਪ ਹੋ ਰਿਹਾ ਹੈ। ਹਾਂ, ਜਿੱਥੇ ਰਸੀਆ ਰਸ ਭਰੇ ਹਾਲ ਵਿਚ ਰਸ ਰੂਪ ਹੋ ਰਿਹਾ ਹੈ ਉਹ ਜੀਵਨ 'ਸੱਚ' ਵਿਚ ਪਹੁੰਚਣਾ ਹੈ, ਉਹ ਮੂੰਹੋਂ ਬੋਲੇ ਜਾਣ ਵਾਲੇ ਸੱਚ ਤੋਂ (ਜੋ ਝੂਠ ਦੀ ਉਪੇਖਜਾ ਤੇ ਕਹੀਦਾ ਹੈ) ਬਹੁਤ ਉੱਚਾ ਸੱਚ ਹੈ, ਜਿਸਦਾ ਵਰਣਨ ਐਉਂ ਕੀਤਾ ਹੈ:-

'ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜ।'

ਜਿਸ ਸੱਚ ਨੂੰ ਏਥੇ ਪਦ 'ਤੁਧੁ' ਪਰਗਟ ਕਰਦਾ ਹੈ, ਉਸਦਾ ਨਾਮ 'ਸੱਚ' ਹੈ ਉਸ ਸੱਚ ਨੂੰ ਪ੍ਰਾਪਤਿ ਕਰਨਾ ਐਉਂ ਲਿਖਿਆ ਹੈ:-

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥ ਨਾਉ ਸੁਣਿ ਮਨੁ ਰਹਿਸੀਐ ਤਾ ਪਾਏ ਮੋਖ ਦੁਆਰੁ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥ {ਆਸਾ:ਵਾਰ-੧੦}

ਇਹ ਉਹ ਜੀਵਨ ਹੈ ਜੋ ਕਲਗੀਆਂ ਵਾਲੇ ਨੇ ਸਿਖਾਇਆ, ਸਿਖਾਇਆ ਨਹੀਂ ਜੋ ਲੋਕਾਂ ਵਿਚ ਭਰ ਦਿੱਤਾ ਅਰ ਜਿਸਦੇ ਸਦਾ ਭਰੇ ਜਾਣ ਦੇ ਕਾਰ-ਖਾਨੇ ਨੂੰ ਜਾਰੀ ਰੱਖਣ ਲਈ ਪੰਥ ਬਣਾ ਦਿਤਾ।

੧੦੩. ਇਲਾਹੀ ਦਰਬਾਰ*।

ਸਦਕੇ, ਏਸ ਦਰਸ਼ਨ ਦੇ ਸਦਕੇ! ਅਤਿ ਤ੍ਰਿੱਖੀ ਪਰ ਮਿੱਠੀ ਤੇ ਅੱਖਾਂ ਵਿਚ ਸਮਾ ਜਾਣ ਵਾਲੀ ਚਾਨਣੀ ਹੈ। ਚਾਨਣੀ ਨਹੀਂ ਇਹ ਤਾਂ ਮਹਾਂਪ੍ਰਚੰਡ ਦਾ ਤੇਜ ਹੈ, ਪਰ ਇਸ ਤੇਜ ਵਿਚ ਨੈਣ ਨਹੀਂ ਚੁੰਧਿਆਉਂਦੇ, ਅੱਖਾਂ ਨਹੀਂ ਮਿਟਦੀਆਂ। ਚਾਨਣਾ ਪਿਆਰਾ ਹੈ ਤੇ ਸੁਆਦਲਾ ਹੈ, ਰਸ ਦੀ ਝਰਨਾਟ ਸ਼ਰੀਰ ਦੇ ਲੂਆਂ ਥਾਣੀ ਛੇੜਦਾ ਹੈ। ਚਾਨਣਾ ਹੈ ਕਿ ਸੁਆਦ ਹੈ, ਸੁਆਦ ਹੈ ਕਿ ਚਾਨਣਾ ਹੈ। ਕੌਣ ਵਿਤ੍ਰੇਕ ਕਰੇ? ਦੇਖੋ ਆਪਣਾ ਆਪ ਕੇਡਾ ਉੱਚਾ ਹੋ ਗਿਆ ਹੈ, ਚੁਬਾਰੇ ਬੈਠੇ ਜੀਕੂੰ ਗਲੀਆਂ ਦੀ ਮੁਸ਼ਕ ਤੋਂ ਉਚੇਰੇ ਹੋ ਜਾਂਦੇ ਹਨ। ਹਾਂ, ਆਪਣਾ ਆਪ ਉੱਚਾ ਹੋ ਗਿਆ ਹੈ, ਪਰ ਦੇਖੋ ਮੈਂ ਦੀ (ਬੰਨ੍ਹਣ ਵਾਲੀ ਮੈਂ ਦੀ) ਮੁਸ਼ਕ ਬੀ ਨਹੀਂ। ਵਾਹ ਦਰਸ਼ਨ ਤੇਰੇ ਸਦਕੇ! ਖੁਸ਼ੀ ਦੇ ਫ੍ਰਾਟੇ ਸ਼ਰੀਰ ਵਿਚ ਭਰ ਗਏ ਆਨੰਦ ਦੇ ਹੁਲਾਰਿਆਂ ਇਕ ਗ਼ਮਕਾਰ ਪੈਦਾ ਕਰ ਦਿਤੀ ਹੈ, ਆਪਣਾ ਆਪ ਜਾਮੇਂ ਵਿਚ ਨਹੀਂ ਸਮਾ-ਉਂਦਾ। ਐਡੀ ਖ਼ੁਸ਼ੀ! ਪਰ ਤੱਕੋ, ਫੁੰਕਾਰੇ ਵਾਲੇ ਰਜੋਗੁਣ ਦਾ ਕਿਤੇ ਨਾਮ ਬੀ ਨਹੀਂ। ਇਹ ਚਾਨਣਾ ਕਿਸ ਤਰ੍ਹਾਂ ਦਾ ਹੈ? ਚਾਨਣਾ ਤਾਂ ਨਿਰਾ ਅੱਖਾਂ ਤੇ ਅਸਰ ਕਰਦਾ ਹੈ ਤੇ ਇਹ ਚਾਨਣਾ ਤਾਂ ਕਿਸੇ ਇੰਦ੍ਰੇ ਦਾ ਵਿਸ਼ਾ ਨਹੀਂ, ਇਹ ਤਾਂ ਸਾਰੇ ਅੰਦਰ ਬਾਹਰ ਦੀ ਕਾਇਆਂ ਪਲਟ ਰਿਹਾ ਹੈ-ਉੱਜਲਤਾ ਹੈ, ਉੱਜਲਤਾ ਦੇ ਰਿਹਾ ਹੈ।

ਹੈਂ! ਕੀ ਇਹ ਚਾਨਣਾ ਹੈ? ਉਹ ਹੋ!! ਓ ਮੈਂ!

*ਇਹ ਪ੍ਰਸੰਗ ੨੭ ਪੋਹ ਸੰ: ਗੁ: ਨਾ: ਸਾ: ੪੪੪ (੯ ਜਨਵਰੀ ੧੯੧੩) ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਓ ਮੇਰੀ ਮੈਂ! ਨੀਝ ਲਾਕੇ ਤੱਕ! ਵਾਹਿਗੁਰੂ! ਇਹ ਤਾਂ ਕੁਛ ਹੋਰ ਤਰ੍ਹਾਂ ਦਾ ਲਹਿਰਾਉ ਹੈ। ਚਾਨਣੇ ਦੀ ਇਕ ਇਕ ਕਿਰਨ ਇਕ ਇਕ ਦਿਵ ਰੂਪ ਜੀਵਨ ਹੈ, ਸਦਕੇ ਇਸ ਚਾਨਣੇ ਦੇ! ਮੈਂ ਜਾਤਾ ਸੀ ਸੂਰਜ ਚੰਨ ਵਰਗਾ ਜਿੰਦਹੀਨ ਚਾਨਣਾ ਹੈ, ਪਰ ਏਸ ਚਾਨਣੇ ਦੀ ਤਾਂ ਇਕ ਰਿਸ਼ਮ ਇਸ ਦੀ ਨਿੱਕੀ ਤੋਂ ਨਿੱਕੀ ਲਾਸ ਦਿਵਜ ਸਰੂਪ ਜੀਵਨ ਹੈ। ਹੈਂ! ਜਿਥੇ ਪਹਿਲਾਂ ਉਜਾੜ ਸੁੰਨ ਤੇ ਨਿਰਾ ਰਸ ਭਰਪੂਰ ਚਾਨਣ ਹੀ ਚਾਨਣ ਦਿੱਸਦਾ ਸੀ, ਓਥੇ ਤਾਂ ਰਿਸ਼ਮ ਰਿਸ਼ਮ ਜੀਵਨ ਭਰਪੂਰ ਹੈ। ਹਰ ਰਿਸ਼ਮ ਵਿਚ ਪਿਆਰਾ ਚਾਨਣ ਹੈ, ਮਸਤ ਕਰਨ ਵਾਲੀ ਸੁਗੰਧੀ ਹੈ, ਮਗਨ ਕਰਨੇ ਵਾਲਾ ਮਾਨੋਂ ਨਾਦ ਹੈ, ਮਿੱਠਾ ਲਗਣ ਵਾਲਾ ਸੁਆਦ ਹੈ, ਜਫੀਆਂ ਪਾਉਣ ਵਰਗਾ ਰਮ ਹੈ। ਇਹ ਚਾਨਣ ਹੈ ਕਿ ਕੋਈ ਰਸ ਭਰੀ ਅਵਸਥਾ ਹੈ? ਕੋਈ ਆਪੇ ਵਿਚ ਮਗਨ 'ਇਕਸੂਰਤਾ' ਹੈ।

ਵਾਹਿਗੁਰੂ ਜੀ! ਤੱਕੋ ਤਾਂ ਸਹੀ, ਚਾਨਣ ਹੈ ਕਿ ਖਿੱਚ ਹੈ, ਕਿਦਾਂ ਧ੍ਰੂਹਦਾ ਹੈ। ਓਹੋ! ਹੈਂ! ਇਹ ਤਾਂ ਖਿੱਚੀ ਲਈ ਜਾਂਦਾ ਹੈ। ਖਿਚਦਾ ਹੈ, ਪਰ ਪੀੜ ਨਹੀਂ ਪਾਉਂਦਾ। ਖਿਚਦਾ ਹੈ ਕਿ ਦਬੇ ਖਜ਼ਾਨੇ ਪੁਟਾਉਣ ਵਾਂਗੂ ਆਨੰਦ ਦੇ ਨਾਪੇ ਖੋਲ੍ਹੀ ਜਾਂਦਾ ਹੈ। ਇਹ ਖਿੱਚ ਕੇਹੀ ਹੈ? ਕਿਸੇ ਬਾਹੋਂ ਨਹੀਂ ਫੜਿਆ ਹੋਇਆ, ਪੱਲਾ ਫੜਕੇ ਨਹੀਂ ਧਰੂਹਿਆ ਹੋਇਆ, ਕੋਈ ਰੱਸੇ ਪਾਕੇ ਨਹੀਂ ਧ੍ਰੀਕਿਆ ਹੋਇਆ। ਹੈਂ ਜੀਓ! ਨਹੀਂ! ਇਹ ਤਾਂ ਕੋਈ ਅੰਦਰ ਹੀ ਅੰਦਰ, ਡੂੰਘੇ ਹੀ ਡੂੰਘੇ, ਥੱਲੇ ਹੀ ਥੱਲੇ, ਹੇਠਾਂ ਹੀ ਹੇਠਾਂ, ਅੰਦਰ ਦੀਆਂ ਡੂੰਘਾਣਾਂ ਵਿਚ ਕੋਈ ਐਸੀ ਕੁੰਡੀ ਲਾਈ ਹੈ ਕਿ ਧ੍ਰਕੀਂਦੇ ਜਾਓ ਤੇ ਪਤਾ ਕੁਛ ਨਾ ਲੱਗੇ। ਵਾਹ ਚਾਨਣੇ! ਤੇਰੀਆਂ ਅਦਭੁਤ ਰਿਸ਼ਮਾਂ! ਤੱਕੋ ਤਾਂ ਸਹੀ, ਹੈ ਧ੍ਰੂਹ, ਪਰ ਪੀੜ ਨਹੀਂ, ਚਸਕ ਨਹੀਂ ਪੈਂਦੀ, ਟੋਟ ਨਹੀਂ ਵੱਜਦੀ, ਘਬਰਾ ਨਹੀਂ ਪੈਂਦਾ, ਸਗੋਂ ਅਨੰਦ ਹੈ; ਠੰਢ ਹੈ, ਸੀਤਲਤਾ ਹੈ, ਸ਼ਾਂਤੀ ਹੈ, ਟਿਕਾਉ ਹੈ, ਅਡੋਲਤਾ ਹੈ। ਨਹੀਂ ਜੀ, ਚਸਕ ਤਾਂ ਪੈਂਦੀ ਹੈ, ਘਾਉ ਬੀ ਪੈਂਦਾ ਹੈ, ਘਾਉ ਰਿਸਦਾ ਬੀ ਹੈ, ਪਰ ਆਨੰਦ ਠੰਢ ਤੇ ਸ਼ਾਂਤੀ ਏਸੇ ਵਿਚੋਂ ਨਿਕਲੀ ਹੈ। ਧ੍ਰੂਹ ਕਾਹਦੀ ਹੈ? ਇਹ ਤਾਂ ਮਾਰੂ ਥਲੇ ਵਿਚ ਸੜੀ ਧਰਤੀ ਦੇ ਅੰਦਰ ਡੂੰਘ ਹੀ ਡੂੰਘ ਨੂੰ ਕੋਈ ਕਲਾ ਧਸੀ ਜਾਂਦੀ ਹੈ ਤੇ ਵੇਖੋ ਠੰਢੀ ਠੰਢੀ, ਮਿੱਠੀ ਮਿੱਠੀ ਸ਼ਾਂਤੀ ਦਾ ਤੇ ਜਲ ਦਾ ਖ਼ੂਹ ਲਗਾ ਦੇਂਦੀ ਹੈ। ਇਹ ਧ੍ਰੂਹ ਕੇਹੀ ਹੈ? ਓਹੋ ਪ੍ਰੇਮ ਤਾਂ ਇਹੋ ਹੈ, ਖਿੱਚ ਕੀ ਧ੍ਰੂਹ ਤਾਂ ਪੂਰਨ ਪ੍ਰੇਮ ਹੈ! ਚਾਨਣ ਹੈ ਕਿ ਪ੍ਰੇਮ ਹੈ, ਪ੍ਰੇਮ ਹੈ ਕਿ ਚਾਨਣਾ। ਵਾਹ ਚਾਨਣ ਤੇਰੇ ਰੰਗ! ਅਜ ਹੋਰ ਨੀਝ ਲਾ, ਤੱਕ! ਇਹ ਚਾਨਣ ਹੈ ਕਿ ਕੀਹ ਹੈ? ਦੇਖ ਕੀ ਹੈ? ਹੈਂ! 'ਹੁਕਮ' ਹੀ 'ਹੁਕਮ' ਹੈ। ਵਾਹ ਹੁਕਮ! ਕੈਸਾ ਪ੍ਰਬੰਧ ਹੈ? ਕੈਸਾ ਕ੍ਰਮ ਹੈ? ਕੈਸਾ ਬੰਧਾਨ ਹੈ, ਕੈਸਾ ਅਡੋਲ ਅਟੱਲ, ਪਰ ਚੁਪ ਹੈ? ਚਾਨਣਾ ਹੈ ਕਿ ਵਾਲ ਵਾਲ ਹੁਕਮ ਪਰੋਤਾ ਹੈ। ਹੁਕਮ ਹੈ ਅਟੱਲ ਤੇ ਅਮਿੱਟ! ਪਰ ਵਾਹ ਵਾਹ! ਸਖਤੀ ਨਹੀਂ, ਜ਼ੁਲਮ ਨਹੀਂ, ਭੁਲੇਖਾ ਨਹੀਂ, ਨਿਰਾ ਹੀ ਪਿਆਰ ਹੈ। ਪਿਅਰ ਹੈ ਕਿ ਹੁਕਮ ਹੈ, ਹੁਕਮ ਹੈ ਕਿ ਪਿਆਰ ਹੈ। ਤਿੱਲੇ ਦੀ ਤਾਰ ਵਿਚ ਰੇਸ਼ਮ ਤੇ ਕੰਦਲੇ ਦਾ ਫਰਕ ਤਾਂ ਕੁਛ ਹੁੰਦਾ ਹੈ, ਪਰ ਏਥੇ ਪ੍ਰੇਮ ਤੇ ਹੁਕਮ ਦੀ ਵਾਟ* ਵਿਚ ਕੱਖ ਫਰਕ ਨਹੀਂ ਦਿਸਦਾ। ਆਹ ਆਹ! ਹੇ ਤ੍ਰਿੱਖੇ ਸੁਆਦ ਤਰਸ ਕਰ! ਤੇਰੀ ਮਿਠਾਸ ਅਟੱਲ ਹੈ, ਪਰ ਤੇਰਾ ਰਸ ਅਸਹਿ ਹੈ। ਉਫ!

ਹੈਂ! ਜੀ, ਹੁਣ ਚਾਨਣੇ ਵਿਚ ਕੀ ਪਿਆ ਦਿਸਦਾ ਹੈ? ਹੁਕਮ ਵੇਗ ਵਿਚ ਪਿਆ ਆਉਂਦਾ ਹੈ ਤੇ ਪ੍ਰੇਮ ਨੂੰ ਪਿਆ ਆਖਦਾ ਹੈ, 'ਹਾਂ ਚੱਲ ਤੂੰ ਚੱਲ'।

ਪ੍ਰੇਮ-ਤੈਥੋਂ ਵਿਛੁੜਨ ਤੇ ਜੀ ਨਹੀਂ ਕਰਦਾ!

ਹੁਕਮ-ਮੈਂ ਤੇਰੇ ਵਿਚ ਇਵੇਂ ਅਭੇਦ ਰਹਿਸਾਂ ਜਿੰਦਾਂ ਏਥੇ ਹਾਂ।

ਪ੍ਰੇਮ-ਮੈਂ ਹਨੇਰੇ ਵਿਚ ਕੀਕੂੰ ਜੀਸਾਂ?

ਹੁਕਮ-ਤੂੰ ਹਨੇਰੇ ਦੇ ਮੰਡਲ ਵਿਚ ਜਾਸੇਂ, ਪਰ ਆਪ ਚਾਨਣਾ ਰਹਿਸੇਂ, ਤੂੰ ਨੀਂਦ ਦੇ ਖੰਡ ਵਿਚ ਵਸੇਂਗਾ, ਪਰ ਸਦਾ ਜਾਗਦਾ ਰਹੇਂਗਾ।

ਪ੍ਰੇਮ-ਮੈਂ ਤੈਨੂੰ, ਹੇ ਮੈਥੋਂ ਕਦੇ ਨਾ ਵਿਛੁੜਨ ਵਾਲੇ! ਕੀ ਕਰਕੇ ਸੰਮ੍ਹਾਲਾਂਗਾ?

ਹੁਕਮ-ਤੂੰ ਉਥੇ, ਹਨੇਰੇ ਦੀ ਬੋਲੀ ਵਿਚ ਮੈਨੂੰ ਪਿਤਾ ਕਰਕੇ ਸਮਝੀਂ ਤੇ ਅਵਿਛੁੜਿਆ ਰਹੀਂ, ਮੈਂ ਤੈਨੂੰ ਉਸ ਬੋਲੀ ਵਿਚ 'ਪੁੱਤ' ਕਹਿਕੇ ਅੰਗ ਸੰਗ ਰੱਖਾਂਗਾ।

---

*ਦੋ ਤਾਰਾਂ ਨੂੰ ਕੱਠੇ ਕਰਕੇ ਵੱਟਣ ਦੀ ਕ੍ਰਿਯਾ।

ਪ੍ਰੇਮ-ਹਾਏ ਦਾਤੇ! ਮੇਰਾ ਚਿਤ ਵਿਛੁੜਨ ਤੇ ਨਹੀਂ ਕਰਦਾ।

ਹੁਕਮ-ਹਾਂ, ਮੇਰਾ ਬੀ ਨਹੀਂ ਕਰਦਾ, ਪਰ ਕੰਮ ਹੈ, ਮੇਰਾ ਬਿਰਦ* ਹੈ, ਹੁਣ ਹਨੇਰੇ ਲੋਕ ਦੀ ਪਰਜਾ ਸਿਖਜਾਹੀਨ ਹੋਕੇ ਅਸਿੱਖ ਪਦ ਵਿਚ ਵਿਆਕੁਲ ਹੋ ਗਈ ਹੈ। ਤੂੰ ਜਾਹ, ਪ੍ਰਤੱਖ ਸਿਖਾਵਣਹਾਰ ਹੋਕੇ ਬਿਰਦ ਪੂਰਾ ਕਰ।

ਪ੍ਰੇਮ (ਖੜੋਕੇ ਤੇ ਸੀਸ ਨਿਵਾਕੇ)-ਆਪਦੇ ਇਸ ਬਿਰਦ ਦੀ ਪਾਲਣਾ ਆਪ ਬਿਨਾਂ ਕੌਣ ਕਰਸੀ?

ਹੁਕਮ-ਤੂੰ ਮੇਰਾ ਪੁੱਤ ਹੋਕੇ ਤੇ ਮੈਂ ਤੇਰੇ ਵਿਚ ਤੇਰਾ ਪਿਤਾ ਹੋਕੇ। ਜਾਹੁ ਬੇਟਾ! ਕੁਮੱਤ ਤੋਂ ਕੱਢ ਕੇ ਮੱਤ ਦੇਹ, ਵਿਛੋੜੇ ਤੋਂ ਕੱਢ ਕੇ ਮੇਲ ਦੇਹੁ।

ਪ੍ਰੇਮ-ਮੇਰਾ ਅਜੇ ਵਿਛੋੜੇ ਤੋਂ ਜੀ ਡਰਦਾ ਹੈ।

ਹੁਕਮ-ਨਾ ਡਰ, ਤੇਰੀ ਸੁਰਤਿ ਮੇਰੇ ਵਿਚ ਜੁਡੀ ਰਹੇਗੀ, ਸੁਰਤਿ ਵਿਚ ਪ੍ਰੇਮ ਹੁਕਮ ਨਾਲ ਅਭੇਦ ਰਹੇਗਾ!

ਪ੍ਰੇਮ ਨੇ ਸੀਸ ਨਿਵਾਇਆ ਤੇ ਟੁਰੇ। ਟੁਰੇ ਕੀ, ਓਥੇ ਕੋਈ ਚੇਸ਼ਟਾ ਹੈ ਕਿ ਚਾਲ ਹੈ, ਕੋਈ ਟੁਰਦਾ ਹੈ ਕਿ ਅਟੁਰਦਾ ਹੈ, ਇਕੋ ਚਾਨਣਾ ਹੈ, ਦੂਈ ਦਾ ਨਾਮ ਨਹੀਂ, ਪਰ ਚਾਨਣ ਚੰਨ ਸੂਰ ਵਰਗਾ ਮੁਰਦਾ ਚਾਨਣ ਨਹੀਂ, ਹਰ ਕਿਰਨ ਇਕ ਰੂਹ ਲਾਸ ਇਕ ਜਿੰਦ ਹੈ; ਪਰ ਸਮੂਹ ਭੀ ਇਕੋ ਜਿੰਦ ਹੈ:-

"ਇਸੁ ਏਕੇ ਕਾ ਜਾਣੈ ਭੇਉ॥
ਆਪੇ ਕਰਤਾ ਆਪੇ ਦੇਉ॥"{ਰਾਮ:ਦ:ਓ-੮}

ਹਾਂ ਜੀ, ਟੁਰੇ। ਹੁਕਮ ਜਿਸ ਨੂੰ ਅਸੀਂ 'ਆਇਸ' ਆਖਦੇ ਹਾਂ, ਆਇਸ ਪਾ ਕੇ, 'ਪ੍ਰਭੂ ਦੀ ਆਇਸ' ਪਾਕੇ 'ਪ੍ਰੇਮ' ਜੀ ਟੁਰੇ। ਲਓ ਲੱਗੇ ਚਾਨਣ ਤੋਂ ਹੇਠਾਂ ਹੇਠਾਂ ਆਉਣ। ਚਾਨਣ ਘਟਦਾ ਗਿਆ, ਅਖੀਰ ਹਨੇਰ ਮੰਡਲ ਆ ਗਿਆ, ਪ੍ਰੇਮ ਨੇ ਇਸ ਵਿਚ ਚਰਨ ਪਾਏ। ਸਾਰੇ ਹਨੇਰਾ ਹੈ, ਪਰ ਇਸਦੇ ਅੰਦਰ ਓਹੋ ਚਾਨਣ ਹੈ, ਓਹੋ ਇਲਾਹੀ ਨੂਰ ਹੈ। ਦੇਖੋ ਹਨੇਰੇ ਵਿਚ ਵੜਦਿਆਂ ਪ੍ਰੇਮ ਦੀ ਸੂਰਤ ਬਣ ਗਈ, ਰੂਪਧਾਰੀ ਹੋ ਗਿਆ, ਸ਼ਕਲ ਤੇ ਸਰੀਰ ਸਜ ਗਿਆ, ਪਰ ਉਹ ਚਾਨਣ ਉਸੇ ਚਮਕ ਤੇ ਗਮਕਦਾ ਅੰਦਰ ਹੈ। ਇਸਦੇ ਹੁਣ ਬਣੇ ਵਜੂਦ ਦੇ ਅੰਦਰ ਭਰਪੂਰ ਹੈ, ਐਥੋਂ ਤਾਈਂ ਕਿ ਸੀਸ ਦੇ ਉਦਾਲੇ ਇਕ ਲਹਿਰਾਉਂਦੇ ਵੇਗ ਦਾ ਉਹੋ ਚਾਨਣਾ ਅੱਠ ਪਹਿਰ ਮਾਨੋਂ ਘੁੰਮਰ ਪਾਂਵਦਾ ਹੈ। ਹੁਣ ਵੇਖੋ ਪ੍ਰੇਮ ਰੂਪ ਧਾਰਦੇ ਹੀ ਹਨੇਰ ਵਾਲਿਆਂ ਨੂੰ ਦਿੱਸ ਪਿਆ ਹੈ, ਜਿੱਕੂੰ ਅੰਧਿਆਂ ਨੂੰ ਨਿੱਗਰ ਚੀਜ਼ ਟੋਹਿਆਂ ਦਿੱਸਦੀ ਹੈ, ਪਰ ਰੋਗ ਰੂਪ ਸੂਖਮ ਚੀਜ਼ਾਂ ਟੋਹਿਆਂ ਵੀ ਨਹੀਂ ਦਿਸਦੀਆਂ। ਹੈਂ ਜੀ; ਤੱਕੋ ਨਾਂ, ਇਹ ਕਿਹੋ ਜਿਹੇ ਲੋਕ ਹਨ? ਜਦੋਂ ਪ੍ਰੇਮ ਨਿਰਾ ਨਾਚਣੇ ਮੰਡਲ ਵਿਚ ਚਾਨਣਾ ਸੀ ਤਾਂ ਇਨ੍ਹਾਂ ਦੇ ਨੇਤ੍ਰ ਦੇਖ ਨਾ ਸਕੇ, ਪਰ ਦੇਖੋ ਅਜ ਜੇ ਪ੍ਰੇਮ ਹਨੇਰੇ ਮੰਡਲ ਵਿਚ ਰੂਪ ਧਾਰੀ ਹੋ ਗਿਆ ਤਾਂ ਇਨ੍ਹਾਂ ਨੇ ਵੇਖ ਲਿਆ। ਹਾਂ ਜੀ, ਇਨ੍ਹਾਂ ਨੂੰ ਹਨੇਰੇ ਵਿਚ ਹੀ ਦਿਸਦਾ ਹੈ, ਚਾਨਣੇ ਨਾਲ ਇਨ੍ਹਾਂ ਦੇ ਨੇਤਰ ਨੂਟ ਹੋ ਜਾਂਦੇ ਹਨ। ਲਓ ਪ੍ਰਭੂ ਦੀ ਆਇਸ ਵਿਚ ਆਇਆ 'ਪ੍ਰੇਮ' ਹੁਣ ਰੂਪ ਧਾਰੀ ਹੋਕੇ, 'ਨਾਮ ਧਾਰੀ' ਬੀ ਹੋ ਗਿਆ। ਲੋਕੀਂ ਗੋਬਿੰਦ ਸਿੰਘ ਆਖਦੇ ਹਨ। ਸੱਚ ਹੈ 'ਹੁਕਮ' ਦਾ ਇਕ ਨਾਮ ਗੋਬਿੰਦ ਹੈ, ਗੋਬਿੰਦ ਦਾ ਅਰਥ ਹੈ ਸਿਰਜਨਹਾਰ ਤੇ ਪਾਲਣਹਾਰ ਤੇ ਹੁਣ ਸਿਖਾਵਣਹਾਰ ਹੋਕੇ ਆਇਆ ਹੈ, ਇਸ ਕਰਕੇ ਆਖੋ 'ਗੁਰ ਗੋਬਿੰਦ'। ਗੁਰ ਆਖਦੇ ਹਨ ਸਿਖਾਵਣਹਾਰੇ ਨੂੰ ਤੇ ਨਾਲੇ ਹੁਕਮ ਦਾ ਘੱਲਿਆ ਆਇਆ ਹੈ, ਹੁਕਮ ਇਸਦੇ ਅੰਦਰ ਬੈਠਾ ਹੈ, ਹੁਕਮ ਦਾ ਕਰਾਰ ਸੀ ਕਿ ਮੈਂ ਤੇਰੇ ਨਾਲ ਰਹਿਸਾਂ। ਹਾਂ, ਭਾਈ! ਤਾਂ ਤੁਸੀਂ ਏਸ ਨੂੰ 'ਗੁਰੂ ਗੋਬਿੰਦ ਸਿੰਘ' ਆਖੋ ਯਾਂ, ਕਿਉਂਕਿ ਸਿੰਘ ਦਾ ਭਾਵ ਹੈ: ਅਮਿਟ, ਅਟਲ, ਹੁਕਮ ਦੇ ਤੇਜ ਵਾਲਾ।

ਤਾਂ ਤੇ ਲਓ ਮਾਤ ਲੋਕੀਓ! ਸੁਣੋਂ ਸੁਖ ਸੁਨੇ-ਹੁੜਾ: ਓਹ ਜੋ ਸਾਡਾ ਮਾਲਿਕ ਪਾਲਿਕ ਹੈ, ਜੋ ਚਾਨਣੇ ਵਿਚ ਰਹਿੰਦਾ ਹੈ, ਸਾਨੂੰ ਅੰਧੇਰੂਆਂ ਨੂੰ ਦੀਹਦਾ ਨਹੀਂ ਜੇ, ਉਸਨੇ ਅਪਣੇ ਬਿਰਦ ਦੀ ਖ਼ਾਤਰ ਆਪਣੇ 'ਪ੍ਰੇਮ' ਨੂੰ ਸਾਡੇ ਵਰਗਾ ਰੂਪ ਦੇਕੇ ਸਾਡੇ ਵਰਗਾ ਅੱਖਰਾਂ ਵਾਲਾ ਨਾਮ ਦੇ ਕੇ ਸਾਡੇ ਵਿਚ ਘੱਲ ਦਿਤਾ ਜੇ, ਤੇ ਓਹ ਆਪੇ ਪਿਆ ਆਖਦਾ ਜੇ:-

---

*ਰੱਬ ਸਿਰਜਣਹਾਰ ਹੈ, ਸਿਰਜਣਹਾਰ ਹੋਣ ਕਰਕੇ ਪਾਲਣਹਾਰ ਹੈ, ਸਿਰਜਕੇ ਤੇ ਪਾਲਕੇ ਫੇਰ ਸਿਖਾਵਣਹਾਰ ਅਰਥਾਤ ਗੁਰੂ ਬੀ ਹੈ।

'ਜਬ ਆਇਸ ਪ੍ਰਭ ਕੋ ਭਇਓ
ਜਨਮ ਧਰਾ ਜਗ ਆਇ॥'

ਲਓ, ਭਾਵੇਂ ਹੁਕਮ ਨੂੰ ਖੇਚਲ ਹੋਵੇ ਤੇ ਭਾਵੇਂ ਪ੍ਰੇਮ ਦੇਹ ਧਾਰੀ ਹੋਕੇ ਖੇਦ ਪਿਆ ਪਾਵੇ ਤੇ ਭਾਵੇਂ ਅਸੀਂ ਘਰ ਆਏ ਨੂੰ ਖੇਚਲਾਂ ਪਏ ਪਾਈਏ, ਪਰ ਆਇਆ ਸਾਡੇ ਸੰਕਟ ਹਰਨ ਹੈ, ਆਇਆ ਧਰਮ ਚਲਾਵਣ ਹੈ, ਆਇਆ ਆਪਣੇ ਚੁਣਨ ਹੈ, ਆਇਆ ਓਪਰੇ ਅਪਣੇ ਕਰਨ ਹੈ, ਆਇਆ ਟੁੱਟੇ ਗਹਿਣਿਆਂ ਨੂੰ ਮੁੜ ਕੁਠਾਲੀ ਪਾਕੇ ਨਵੇਂ ਘੜਨ ਹੈ। ਹਾਂ ਜੀ, ਪ੍ਰੇਮ ਆਇਆ ਸਾਡੀ ਬਿਪਤ ਹਰਨ ਹੈ, ਸਾਨੂੰ ਵਿਛੁੜੇ ਮੇਲਣ ਹੈ। ਹਾਹੋ ਜੀ, ਇਸਨੇ ਸਾਨੂੰ ਓਸ ਚਾਨਣ ਦੇ ਸਾਂਝੀਵਾਲ ਬਨਾਉਣਾ ਹੈ, ਹਾਂ ਜੀ, ਇਹ ਤਾਂ ਹਨੇਰਚੂਆਂ ਨੂੰ ਚੰਦ੍ਰਮਾਂ ਦੀਆਂ ਕਿਰਨਾਂ ਬਨਾਉਣ ਆਇਆ ਹੈ। ਹਾਂ ਜੀਕੂੰ ਆਪ ਪੁਤ ਬਣਕੇ ਆਇਆ ਹੈ, ਸਾਨੂੰ ਗੋਦੀ ਲੈਕੇ ਪੁਤ ਬਨਾਉਣ ਆਇਆ ਹੈ, ਹਾਂ ਜੀ, ਹਲਾ ਜੀ, ਆਹੋ ਜੀ, ਸਾਨੂੰ ਪੁਤ ਬਨਾਉਣ ਆਇਆ ਹੈ। ਸਾਨੂੰ!!! ਸਾਨੂੰ ਅਧਮ ਕੀਟਾਂ ਨੂੰ ਆਪਣੇ (ਸ਼ਹਿਨਸ਼ਾਹ ਦੇ) ਸ਼ਾਹਜ਼ਾਦੇ ਬਨਾਉਣ ਆਇਆ ਹੈ। ਗੁਰੂ ਗੋਬਿੰਦ ਸਿੰਘ ਸ਼ਾਹ, ਸ਼ਹਿਨਸ਼ਾਹ ਤੇ ਜਿਨ੍ਹਾਂ ਨੂੰ ਗੋਦ ਲੈਂਦਾ ਹੈ, ਓਹ ਸ਼ਹਿਜ਼ਾਦੇ!!

ਤਾਂਤੇ ਆਓ ਮਿਤ੍ਰੋ! ਆਓ ਹਨੇਰ ਮੰਡਲ ਦੇ ਸਹਿਚਾਰੀਓ! ਆਓ ਮੰਗਲ ਗਾਵੀਏਂ ਤੇ ਆਖੀਏ :-

ਵਡਭਾਗ ਭਇਆ ਇਸ ਧਰਤੀ ਦਾ
ਗੁਰ ਗੋਬਿੰਦ ਸਿੰਘ ਜੀ ਆਏ ਹੈਂ।
ਸੁਖ ਦੇਵਣ ਨੂੰ ਹਾਂ ਆਏ ਹੈਂ,
ਗੁਰ ਕਲਗੀਆਂ ਵਾਲੇ ਆਏ ਹੈਂ।
ਸਿਰ ਕਲਗੀ, ਲਕ ਤਲਵਾਰ ਲਗੀ,
ਏ 'ਹੁਕਮ' ਨਿਸ਼ਾਨ ਸਜਾਏ ਹੈਂ।
ਮੂੰਹ ਅੰਮ੍ਰਿਤ ਬਚਨ ਅਲਾਂਦੇ ਹੈਂ
ਏ 'ਪ੍ਰੇਮ' ਪ੍ਰਕਾਸ਼ਾਂ ਪਾਏ ਹੈਂ।
ਏ ਸੱਦਣਗੇ ਮਿਠ ਬੋਲੇ ਹੋ,
ਪਾ ਡੋਰ ਪ੍ਰੇਮ ਦੀ, ਖਿੱਚਣਗੇ,
ਸਿਮਰਨ ਦਾ ਸੰਖ ਵਜਾਵਣਗੇ,
ਇਉਂ ਮੁਰਦੇ ਲੈਣ ਜਿਵਾਏ ਹੈਂ।
ਜੋ ਸੜ ਉੱਠੇ ਹਨ ਮੁਰਦੇ ਜੀ
ਓਹ ਪਕੜ ਕੁਠਾਲੀ ਪਾਵਣਗੇ,
ਫਿਰ ਢਾਲਣਗੇ ਫਿਰ ਸਾਜਣਗੇ
ਦੇ ਨਵਾਂ ਜਨਮ ਜੀਉਲਾਏ ਹੈਂ।
੧. ਹੈ ਦੁਖੀਏ ਦਾ ਦੁਖ ਹਰਨਾ ਜੋ
ਏ ਇਕ ਪ੍ਰੇਮ ਦੀ ਵਨਗੀ ਹੈ,
੨. ਮੁਰਦੇ ਨੂੰ ਪਕੜ ਜਿਵਾਲਨ ਜੋ
ਏ ਰੰਗ 'ਪ੍ਰੇਮ' ਨੇ ਲਾਏ ਹੈਂ।
੩. ਗਏ ਤ੍ਰੱਕ ਜੋ ਹਨ ਮੁਰਦਾਰ ਪਏ
ਤੇ ਹੋਇ ਅਸਾਧ ਗਏ ਪਾਪੀ,
ਮੁੜ ਮਾਰ ਜਿਵਾਲੇ ਇਹਨਾਂ ਨੂੰ
ਤੇ ਨਵੇਂ ਰੂਪ ਰੰਗ ਲਾਏ ਹੈਂ।
੧. ਸੰਤਾਂ ਨੂੰ ਆਪ ਉਬਾਰਨ ਨੂੰ,
੨. ਭੁੱਲਿਆਂ ਨੂੰ ਰਸਤੇ ਪਾਵਨ ਨੂੰ,
੩. ਦੁਸ਼ਟਾਂ ਨੂੰ ਮਾਰ ਪਛਾੜਨ ਨੂੰ
ਇਉਂ ਮਾਰ ਜਿਵਾਲਣ ਆਏ ਹੈਂ।
ਇਉਂ ਹੋ ਅਨੁਰਾਗ ਸਰੂਪ ਗੁਰੂ
ਅਜ ਆਏ ਜੀ ਆਜ਼ ਆਏ ਹੈਂ,
ਖੁਸ਼ੀਆਂ ਤੇ ਮੰਗਲ ਗਾਉ ਸਭੇ
ਵਧ ਜਾਓ, ਸਭੇ, ਵਧਾਏ ਹੈਂ!

੧੦੪. ਅਠੱਵੀਂ ਵਜਕਤੀ*।

'ਨਿਟਸ਼ੇ' ਦਾ ਆਦਰਸ਼ ਜੋ ਉਸਨੇ ਅਪਣੇ 'ਆਦਰਸ਼ਕ ਆਦਮੀ' ਦਾ ਬੱਧਾ ਹੈ, ਜਿਸਨੂੰ ਉਸਨੇ ਜ਼ੁਰਤੁਸ਼ਤਰਾ ਕਰਕੇ ਲਿਖਿਆ ਹੈ, ਕੋਈ ਮੁਣੇ ਤਾਂ ਐਉਂ ਜਾਪਦਾ ਹੈ ਕਿ ਇਸ ਮਹਾਨ ਜ਼ੋਰਾਵਰ ਤੇ ਨਿਰਭੈ ਵਜਕਤੀ ਅੱਗੇ ਸਾਰੇ ਝੁਕਣਗੇ ਅਰ ਇਸ ਦਾ ਭੈ ਸਭ ਪਰ ਛਾਏਗਾ। ਇਸ ਦੀਆਂ 'ਸ੍ਰੀਰਕ ਚੜ੍ਹਦੀਆਂ ਕਲਾਂ' ਤੇ ਹੋਰ ਸਾਰੇ ਵਰਣਨ ਕੀਤੇ ਗੁਣਾਂ ਦੇ ਨਾਲ ਇਹ ਅਸਰ ਉਸਦਾ ਉਨ੍ਹਾਂ ਸਾਰਿਆਂ

*ਇਹ ਲੇਖ ਸੰ: ਗੁ: ਨਾ: ਮਾ: ੪੬੩ (੧੫ ਜਨਵਰੀ ੧੯੩੨ ਈ:) ਸ਼ੁਕਰਵਾਰ ਸੰ: ਬਿ: ੧੯੮੯ ਦੇ ਗੁਰਪੁਰਬ ਸਪਤਮੀ ਦੇ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।

ਤੇ ਪਵੇਗਾ ਜੋ ਉਸਦੇ ਦੁਆਲੇ ਜਗਤ ਵਿਚ ਹੋਣਗੇ।

ਜਿਨ੍ਹਾਂ ਦਿਲਾਂ ਤੇ ਭੈ ਕਿਸੇ ਦਾ ਛਾਏ ਉਹ ਦਿਲ ਕਦੇ ਉੱਚੇ ਤੇ ਖੇੜੇ ਵਾਲੇ ਨਹੀਂ ਹੋ ਸਕਦੇ, ਉਹ ਜੋ ਭੈ ਦੇ ਅਸਰ ਹੇਠ ਹੁੰਦੇ ਹਨ ਆਦਰਸ਼ਕ ਇਨਸਾਨ ਨਹੀਂ ਬਣ ਸਕਦੇ। ਉਨ੍ਹਾਂ ਨੇ ਮਹਾਨ ਪੁਰਖ ਤੇ ਜ਼ੁਰਤੁਸ਼ਤਰਾ ਕਿੱਥੋਂ ਬਣ ਸਕਣਾ ਹੋਇਆ। ਇਸ ਤਰ੍ਹਾਂ ਇਕ ਮਹਾਨ ਪੁਰਖ ਦਾ ਭੈ ਕਿਸੇ ਹੋਰ ਨੂੰ ਮਹਾਨ ਪੁਰਖ ਬਣਨੋਂ ਇਕ ਤਰ੍ਹਾਂ ਨਾਲ ਰੋਕ ਪਾਉਣ ਵਾਲਾ ਹੋ ਗਿਆ।

ਜੋ ਸ਼ੈ ਨੇਕੀ ਵਾਲੀ ਹੈ ਯਾ ਜੋ ਸ਼ੈ ਜਗਤ ਵਿਚ ਵਾਂਛਤ ਹੈ, ਉਹ ਵਧਣੀ ਚਾਹੀਦੀ ਹੈ। ਨੇਕੀ ਤੇ ਨੇਕੀ ਵਾਲਿਆਂ ਦਾ ਵਾਧਾ ਇਕੋ ਸਾਂਝਾ ਅਸੂਲ ਹੈ। ਯਾ ਇਉਂ ਕਹੋ ਕਿ ਜੋ ਸ਼ੈ ਆਪਣੇ ਆਪ ਵਿਚ ਭਲੀ ਹੈ ਉਹ ਭਲਿਆਈ ਦੇ ਵਾਧੇ ਦੀ ਯਾ ਆਪਣੇ ਵਾਧੇ ਦੀ ਪ੍ਰਤਿਬੰਧਕ ਨਹੀਂ ਹੋ ਸਕਦੀ। ਜੋ ਸ਼ੈ ਆਪਣੇ ਵਰਗਿਆਂ ਦੇ ਵਾਧੇ ਦੀ ਆਪ ਰੋਕ ਬਣੇ ਉਹ ਆਪਣੇ ਆਪ ਵਿਚ ਕੋਈ ਕਸਰ ਰੱਖਦੀ ਹੈ, ਮੁਕੰਮਲ ਨੇਕੀ ਹੋਣ ਤੋਂ। ਇਸ ਵੀਚਾਰ ਤੋਂ ਅਸੀਂ ਇਥੇ ਅੱਪੜੇ ਕਿ ਨਿਟਸ਼ੇ ਦੇ ਮਹਾਨ ਪੁਰਖ ਦੇ ਆਦਰਸ਼ ਬੰਨ੍ਹਣ ਵਿਚ ਕਸਰ ਹੈ।

ਇਸ ਆਦਮੀ ਤੋਂ ਸਦੀਆਂ ਪਹਿਲੇ ਜੋ ਗੁਰੂ ਸਾਹਿਬਾਂ ਨੇ ਮਹਾਂ ਪੁਰਖ ਦਾ ਆਦਰਸ਼ ਬੱਧਾ ਹੈ, ਉਹ ਇੱਥੇ ਵੀਚਾਰ ਗੋਚਰਾ ਹੈ। ਉਨ੍ਹਾਂ ਦੇ ਮਹਾਂ ਪੁਰਖ ਦੇ ਲੱਛਣਾਂ ਵਿਚ ਬੀ ਉਸਦਾ ਨਿਰਭੈ ਹੋਣਾ ਇਕ ਵੱਡਾ ਲੱਛਣ ਹੈ ਪਰ ਨਾਲ ਹੀ ਉਨ੍ਹਾਂ ਨੇ ਉਸ ਦਾ ਇਹ ਲੱਛਣ ਬੱਧਾ ਹੈ ਕਿ ਉਹ ਭੈ ਦਾਤਾ ਭੀ ਨਹੀਂ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥

ਜੋ ਭੈ ਨਹੀਂ ਮੰਨਦਾ, ਪਰ ਭੈ ਦੇਂਦਾ ਬੀ ਨਹੀਂ ਉਹ ਦੂਸਰੇ ਦਿਲਾਂ ਨੂੰ ਖਿੜਨੋਂ, ਉੱਚਾ ਹੋਣੋਂ, ਆਦਰਸ਼ਕ ਇਨਸਾਨ ਬਣਨੋਂ ਰੋਕ ਨਹੀਂ ਪਾਉਂਦਾ, ਅਰਥਾਤ ਉਹ ਆਪਣੇ ਵਰਗੀਆਂ ਹੋਰ ਵਜਕਤੀਆਂ ਦੇ ਵਾਧੇ ਦਾ ਪ੍ਰਤਿਬੰਧਕ ਨਹੀਂ ਹੈ, ਇਸ ਲਈ ਇਹ ਇਨਸਾਨ ਆਦਰਸ਼ਕ ਹੈ।

ਦਸਾਂ ਹੀ ਸਤਿਗੁਰਾਂ ਦਾ ਜੀਵਨ ਇਸ ਗਲ ਦਾ ਇਤਿਹਾਸ ਹੈ, ਕਿ ਉਨ੍ਹਾਂ ਨੇ ਕਦੀ ਬਦੀ ਨਾਲ ਵਟਾਂਦ੍ਰਾ ਯਾ ਸਾਲਸੀ ਨਹੀਂ ਕੀਤੀ। ਕਦੇ ਕਿਸੇ ਅੱਗੇ ਝੁਕੇ ਨਹੀਂ, ਪਰ ਕਦੇ ਕਿਸੇ ਦੇ ਹਿਰਦੇ ਵਿਚ ਆਸੁਰੀ ਭਾਵ ਆਪਣੇ ਪ੍ਰਭਾਵ ਨਾਲ ਨਹੀਂ ਉਪਜਣ ਦਿੱਤੇ। ਭੈ ਦੇਣਾ ਤੇ ਭੈ ਖਾਣਾ ਦੋਵੇਂ ਅਸੁਰੀ ਭਾਵ ਹਨ। ਦੋਹਾਂ ਨੂੰ ਆਪ ਨੇ ਦੂਰ ਰੱਖਿਆ। ਛੇਵੇਂ ਤੇ ਦਸਵੇਂ ਸਤਿਗੁਰਾਂ ਦਾ ਆਪਣੇ ਤੇ ਆਪਣੇ ਪੈਰੋਕਾਰਾਂ ਦੇ ਬੀਰ-ਰਸੀ ਜੀਵਨ ਦਾ ਕਾਰਨ ਬੀ ਪਰਜਾ ਦੇ ਭੈ ਦਾਤਿਆਂ ਤੋਂ ਅਤੇ ਉਨ੍ਹਾਂ ਦੇ ਭੈ ਤੋਂ ਮੁਕਤ ਕਰਕੇ ਉਨ੍ਹਾਂ ਦੀਆਂ ਸੁਰਤਾਂ ਨੂੰ ਉੱਚਿਆਂ ਕਰਨ ਤੇ ਖੇੜਨ ਤੋਂ ਸੀ। ਇਨਸਾਨ ਦਾ ਜਮਾਂਦਰੂ ਹੱਕ ਹੈ ਕਿ ਕੋਈ ਦੂਸਰਾ ਇਨਸਾਨ ਉਸਦੀ ਸੁਰਤ ਉਤੇ ਦਬਾ ਪਾਕੇ ਉਸਦੇ ਸਰੀਰ ਤੇ ਮਨ ਨੂੰ ਨਪਿੱਤ ਨਾ ਸੱਟੇ, ਕਿਉਂਕਿ ਮਨ ਦਾ ਖੇੜਾ ਤੇ ਮਨ ਦੀ ਨਿਰਭੈਤਾ ਹੀ ਮਨ ਨੂੰ ਆਪਣੀ ਸ਼ਖਸੀਅਤ ਦੀ ਤਰੱਕੀ ਦੀ ਸੜਕ ਤੇ ਅੱਗੇ ਵਧ ਵਧਕੇ ਕਦਮ ਧਰਨ ਦਾ ਮੌਕਾ ਦੇਂਦੀ ਹੈ, ਕਿ ਜਿਸ ਲਈ ਇਨਸਾਨ ਦਾ ਵਜੂਦ ਬਣਿਆਂ ਹੈ। ਪ੍ਰੰਤੂ ਇਹ ਖੇਡ ਅਸੁਰੀ ਸੰਪ੍ਰਦਾ ਦੇ ਆਸ਼੍ਰਿਤ ਨਾ ਹੋਵੇ।

ਕਿਸੇ ਨੂੰ ਭੈ ਦੇ ਘਰ ਵਿਚ ਲਿਜਾ ਕੇ ਉਸ ਦੇ ਮਨ ਆਤਮਾਂ ਨੂੰ ਤਬਾਹ ਕਰਕੇ ਆਪਣੇ ਲਈ ਆਸੁਰੀ ਅਸੂਲਾਂ ਦਾ ਰਾਜ ਕਾਇਮ ਕਰਨਾ ਸਤਿ-ਗੁਰਾਂ ਦਾ ਅਸੂਲ ਨਹੀਂ ਸੀ। ਸਗੋਂ ਜੋ ਲੋਕ ਪ੍ਰਜਾ ਉੱਤੇ ਇਹ ਪ੍ਰਭਾਵ ਪਾਕੇ ਉਨ੍ਹਾਂ ਦੀ ਸਰੀਰਕ ਮਾਨਸਕ ਤੇ ਆਤਮਕ ਤਬਾਹੀ ਦਾ ਕਾਰਨ ਬਣ ਰਹੇ ਸਨ ਉਨ੍ਹਾਂ ਨੂੰ ਇਸ ਬਦੀ ਤੋਂ ਵਰਜਣਾ ਪ੍ਰਯੋ-ਜਨ ਸੀ ਉਨ੍ਹਾਂ ਦੇ ਤਲਵਾਰ ਪਕੜਨ ਦਾ। ਪ੍ਰੇਮ ਨਾਲ ਸਮਝਾਉਣ ਦਾ ਅਤੇ ਮਾਨਸਿਕ ਤੇ ਆਤਮਕ ਉੱਚੇ ਖਿਆਲ ਦਰਸਾਕੇ ਉਨ੍ਹਾਂ ਨੂੰ ਪ੍ਰੇਰਨਾ ਨਾਲ ਦਰੁਸਤੀ ਤੇ ਲਿਆਉਣ ਦਾ ਕੰਮ ਦਸਾਂ ਹੀ ਸਤਿ-ਗੁਰਾਂ ਨੇ ਕੀਤਾ ਹੈ ਤੇ ਕਰਦੇ ਰਹੇ ਹਨ। ਪਰ ਜਦ ਗੁਰੂ ਜੀ ਨੇ ਗ਼ਲਤ ਆਦਰਸ਼ ਨਾਲ ਬਣੇ ਹਾਕਮਾਂ ਨੂੰ ਪ੍ਰੇਮ ਨਾਲ ਮੋੜਾ ਖਾਂਦੇ ਨਾ ਡਿਠਾ ਤਾਂ ਉਨ੍ਹਾਂ ਦਾ ਇਲਾਜ ਉਨ੍ਹਾਂ ਦੇ ਆਪਣੇ ਤ੍ਰੀਕੇ ਨਾਲ ਹੀ ਕਰ ਦਿੱਤਾ। ਸੋ ਇਹ ਕਾਰਜ ਵੀ ਜਗਤ ਵਿਚ ਮਹਾਨ ਪੁਰਖਾਂ ਦੀ ਸ਼ਖਸੀਅਤ ਦੇ ਵਾਧੇ ਦਾ ਕਾਰਣ ਬਣਿਆਂ। ਦਿਲਾਂ ਤੇ ਪੈ ਰਹੇ ਭੈ ਨੂੰ ਦੂਰ ਕਰਕੇ ਦਿਲਾਂ ਨੂੰ ਆਪਣੀ ਤਰੱਕੀ ਕਰਨ ਦਾ ਮੌਕਾ ਪੈਦਾ

ਕਰ ਦਿਤਾ। ਭੈ ਦਾਤਿਆਂ ਨੂੰ ਉਨ੍ਹਾਂ ਦੇ ਪੈਦਾ ਕੀਤੇ ਭੈ ਤੋਂ ਨਿਰਭੈ ਹੋਕੇ ਭੈ ਦੇਣੋ ਵਰਜ ਦਿੱਤਾ।

ਇਸ ਜੱਦੋ ਜਿਹਦ (ਪ੍ਰਯਤਨ) ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਜੀਵਨ ਵਿਚ ਉਹ ਉਹ ਮੌਕੇ ਆਉਂਦੇ ਰਹੇ ਕਿ ਜਿਥੇ ਜਾਕੇ ਉਹ ਆਪ ਭੈ ਖਾ ਜਾਣ, ਪਰ ਉਹ ਸਾਰੇ ਮੌਕੇ ਦੱਸਦੇ ਹਨ ਕਿ ਭੈ ਖਾਣਾ ਤਾਂ ਕਿਤੇ ਰਿਹਾ ਉਹ ਕਦੇ ਝਵੇਂ ਤਕ ਬੀ ਨਹੀਂ, ਹਾਂ ਉਨ੍ਹਾਂ ਨੇ ਕਦੇ ਦਿਲਝਵੀਂ ਨਹੀਂ ਖਾਧੀ। ਅਪਣੇ ਰੂਹਾਨੀ ਗੁਣਾਂ ਦੇ ਨਾਲ ਇਨਸਾਨੀ ਨੁਕਤੇ ਤੋਂ ਬੀ ਉਹ ਆਦਰਸ਼ਕ ਇਨਸਾਨ ਸਨ, ਅਰਥਾਤ ਅਸਲੀ ਮਹਾਨ ਪੁਰਖ ਸਨ।

ਇਥੇ ਸਮਾਂ ਨਹੀਂ ਕਿ ਵਿਸਥਾਰ ਨਾਲ ਉਨ੍ਹਾਂ ਦੇ ਸਾਰੇ ਗੁਣਾਂ ਤੇ ਲੱਛਣਾਂ ਦੀ ਵਿਚਾਰ ਹੋ ਸਕੇ ਯਾ ਜ਼ਾਲਮਾਂ ਦੇ ਉਨ੍ਹਾਂ ਨੂੰ ਭੈ ਦੇਣੋ ਅਸਮਰਥ ਕਰ ਦੇਣ ਦੇ ਪੱਖ ਤੇ ਸਵਿਸਥਾਰ ਕੁਛ ਲਿਖਿਆ ਜਾਵੇ, ਯਾ ਉਨ੍ਹਾਂ ਦੇ ਉਹ ਪਹਿਲੂ ਦਿਖਾਏ ਜਾਣ ਕਿ ਉਨ੍ਹਾਂ ਨੇ ਸਿਵਾ ਭੈ ਦਾਤਿਆਂ ਨੂੰ ਦਰੁਸਤ ਕਰਨ ਦੇ ਕਦੇ ਭੈ ਦੇਕੇ ਦੂਜੇ ਦੀ ਸੁਰਤ ਢਾਉਣ ਵਲ ਰੁਖ ਨਹੀਂ ਕੀਤਾ, ਪ੍ਰੰਤੂ ਇਥੇ ਅਸਾਂ ਅੱਜ ਉਨ੍ਹਾਂ ਦੇ ਆਪ ਸਦਾ ਅਝੱਵੇਂ ਰਹਿਣ ਦੀ ਦੁਰਲਭ ਖੂਬੀ ਦਾ ਚਾਨਣਾ ਪਾਉਣ ਦਾ ਯਤਨ ਕਰਨਾ ਹੈ, ਅਰਥਾਤ **'ਨਹਿ ਭੈ ਮਾਨਤ ਆਨਿ'** ਦਾ ਅਸੂਲ ਵਰਤੋਂ ਵਿਚ ਆਇਆ ਦਰਸਾਉਣਾ ਹੈ।

ਬਚਪਨ ਵਿਚ ਹੀ ਆਪ ਪਰ ਜ਼ਿੰਮੇਵਾਰੀ ਦਾ ਬੋਝ ਪੈ ਗਿਆ ਸੀ ਤੇ ਉਸੇ ਵੇਲੇ ਆਪ ਨੇ ਬੀਰ ਰਸ ਨੂੰ ਸ਼ਾਂਤਿ ਰਸ ਦੇ ਨਾਲ ਸ਼ਾਮਲ ਕਰਨੇ ਦੀ ਸੋਚ ਲਈ ਸੀ, ਕਿ ਇਸ ਬਿਨਾਂ ਜ਼ਾਲਮਾਂ ਤੇ ਭੈ ਦਾਤਿਆਂ ਨੂੰ ਭੈ ਦੇਣ ਤੋਂ ਅਸਮਰਥ ਕਰਨਾ ਕਠਨ ਹੋਵੇਗਾ। ਅਜੇ ਚੜ੍ਹਦੀ ਜੁਵਾਨੀ ਹੀ ਸੀ ਕਿ ਜਿਸ ਰਿਆਸਤ ਵਿਚ ਆਪ ਦਾ ਟਿਕਾਣਾ ਸੀ, ਉਥੋਂ ਦੇ ਰਾਜਾ ਨੇ ਨਾਜਾਇਜ਼ ਰੋਅਬ ਪਾਕੇ ਉਨ੍ਹਾਂ ਨੂੰ ਆਪਣੇ ਭੈ ਹੇਠਾਂ ਲਿਆਉਣ ਦਾ ਜਤਨ ਕੀਤਾ ਤੇ ਧਮਕੀਆਂ ਦੇਕੇ ਨਾਜਾਇਜ਼ ਮੰਗਾਂ ਮੰਗ ਘੱਲੀਆਂ। ਆਪਣੇ ਪਾਸ ਜੋ ਸਾਮਾਨ ਜੰਗੀ ਗੁਰੂ ਜੀ ਕਰ ਰਹੇ ਸੇ, ਥੋੜ੍ਹਾ ਸੀ। ਰਾਜੇ ਦੇ ਭੈ ਦਾਤੇ ਸੰਦੇਸ਼ ਨੇ ਆਪਣੇ ਸਲਾਹ ਕਾਰਾਂ ਤੇ ਸੱਜਣਾਂ ਨੂੰ ਰਾਜੇ ਨਾਲ ਮੇਲ ਕਰਨ ਵਲ ਪ੍ਰੇਰਿਆ ਪਰ ਇਸ ਅਝੁੱਕ ਦਿਲ ਨੇ ਦਿਲਝੱਵੀਂ ਨਹੀਂ ਖਾਧੀ, ਰਾਜੇ ਨੂੰ ਸੰਦੇਸ਼ ਘੱਲਿਆ ਕਿ "ਆਨੰਦਪੁਰ ਸਾਡੇ ਪਿਤਾ ਨੇ ਕਈ ਵੇਰ ਉੱਜੜ ਚੁਕੇ ਇਕ ਥੇਹ ਤੇ ਬਸਾਇਆ ਹੈ, ਜਿਸਨੂੰ ਮਾਖੋ ਦੈਂਤ ਦਾ ਸਮਝਕੇ ਮਾਖੋਵਾਲ ਆਖਦੇ ਕੋਈ ਨੇੜੇ ਨਹੀਂ ਸੀ ਢੁੱਕਦੇ। ਫਿਰ ਉਹ ਧਰਤੀ ਮੁੱਲ ਦੇਕੇ ਖਰੀਦੀ ਤੇ ਕਿਸੇ ਕਰ ਹਾਲੇ ਦੇ ਦੇਣ ਦੀ ਸ਼ਰਤ ਕੋਈ ਉਸ ਵੇਲੇ ਪ੍ਰਵਾਨ ਨਹੀਂ ਸੀ ਕੀਤੀ। ਇਸ ਨਵੀਂ ਮੰਗ ਨੂੰ, ਜੋ ਅਯੋਗ ਹੈ, ਸਾਡਾ ਹਿਰਦਾ ਪ੍ਰਵਾਨ ਨਹੀਂ ਕਰਦਾ"। ਸਾਰੇ ਪਰਿਵਾਰ ਤੇ ਸਲਾਹਕਾਰਾਂ ਦੀ ਢਿੱਲੀ ਮਰਜ਼ੀ ਨੇ ਬੀ ਭੈ ਦੀ ਛੁਹ ਇਸ ਨੌਜਵਾਨ ਦਿਲ ਨੂੰ ਨਹੀਂ ਲਾਈ ਤੇ ਰਤਾ ਭਰ ਉਦਾਸੀ ਨਹੀਂ ਖਾਣ ਦਿੱਤੀ।

ਕੁਛ ਸਮੇਂ ਮਗਰੋਂ ਨਾਹਨ ਦਾ ਰਾਜਾ ਆਪ ਨੂੰ ਜਮਨਾ ਕਿਨਾਰੇ ਇਕ ਸੁੰਦਰ ਟਿਕਾਣੇ ਸਿਰਮੌਰ ਦੀ ਦੂਨ ਵਿਚ ਲੈ ਗਿਆ, ਜਿੱਥੇ ਆਪ ਨੇ ਪਾਉਂਟਾ ਰਚਿਆ ਤੇ ਉਥੇ ਆਪ ਨੇ ਧਰਮ ਪ੍ਰਚਾਰ ਤੇ ਹੋਰ ਉਪਕਾਰੀ ਕਾਰਜਾਂ ਦੇ ਨਾਲ ਬੀਰ ਰਸੀ ਸਾਮਾਨ ਬਹੁਤ ਵਧਾਏ। ਇੱਥੇ ਹੀ ਸਢੌਰੇ ਦੇ ਬੁੱਧੂ ਸ਼ਾਹ ਫਕੀਰ ਨੇ ੫੦੦ ਪਠਾਣ, ਜੋ ਬੇਰੁਜ਼ਗਾਰ ਹੋ ਚੁਕੇ ਸੇ, ਗੁਰੂ ਜੀ ਪਾਸ ਨੌਕਰ ਰਖਵਾਏ, ਉਨ੍ਹਾਂ ਦੇ ਕੌਲ ਇਕਰਾਰ ਲੈਕੇ ਤੇ ਜੋਧਾ ਕੌਮ ਦੇ ਆਦਮੀ ਹੋਣ ਕਰਕੇ ਉਨਾਂ ਦੇ ਕੌਲ ਕਰਾਰ ਤੇ ਇਤਬਾਰ ਕਰਕੇ ਗੁਰੂ ਜੀ ਨੇ ਇਲ੍ਹਾਂ ਨੂੰ ਅਪਣੇ ਦਲ ਵਿਚ ਸ਼ਾਮਲ ਕੀਤਾ। ਥੋੜੇ ਹੀ ਦਿਨਾਂ ਮਗਰੋਂ ਆਪ ਨੂੰ ਖ਼ਬਰ ਆਈ ਕਿ ਗੜ੍ਹਵਾਲ ਦਾ ਰਾਜਾ ਫਤਹ ਸ਼ਾਹ ਹੋਰ ਪਹਾੜੀ ਰਾਜਿਆਂ ਦੀ ਸੈਨਾ ਨਾਲ ਰਲਾਕੇ ਜੋ ਉਸਦੇ ਘਰ ਧੀ ਦੇ ਵਿਆਹ ਤੇ ਆਏ ਹੋਏ ਸਨ, ਗੁਰੂ ਜੀ ਤੇ ਹਮਲਾ ਕਰਨ ਆ ਰਿਹਾ ਹੈ। ਇਸ ਜੰਗ ਦਾ ਕਾਰਨ ਕੀਹ ਸੀ, ਲੱਭਣ ਦੀ ਬਹੁਤੀ ਲੋੜ ਨਹੀਂ ਕਿਉਂਕਿ ਰਾਜਾ ਕਹਿਲੂਰ ਦਾ, ਜੋ ਗੁਰੂ ਜੀ ਨੂੰ ਦਬਾਉਣੋਂ ਨਾਕਾਮਯਾਬ ਹੋਇਆ, ਉਥੇ ਸੀ ਤੇ ਜੁੱਧ ਵਿਚ ਸ਼ਾਮਲ ਸੀ, ਇਸਦੀ ਸ਼ਰਾਰਤ ਇਕ ਕਾਰਨ ਸੀ ਹਮਲੇ ਦਾ। ਗੁਰੂ ਜੀ ਨੇ ਕੋਈ ਮੌਕਾ ਜੰਗ ਦੇ ਹੋ ਪੈਣ ਦਾ ਨਹੀਂ ਦਿੱਤਾ ਸੀ? ਇਸ ਗੱਲ ਦੀ ਖੋਜ ਦੀ ਬਾਹਰੋਂ ਲੋੜ ਨਹੀਂ ਕਿਉਂਕਿ ਜੁੱਧ ਦੇ ਹਾਲ ਵਿਚ ਜੋ ਗੁਰੂ ਜੀ ਨੇ ਆਪ ਲਿਖਿਆ ਹੈ ਇਹ ਸਪਸ਼ਟ ਦੱਸਿਆ ਹੈ ਕਿ ਫਤਹ ਸ਼ਾਹ ਨੇ ਅਕਾਰਨ

ਅਸਾਂ ਨਾਲ ਜੁੱਧ ਰਚਾਇਆ। ਯਥਾ:-

ਫਤੇ ਸ਼ਾਹਿ ਕੋਪਾ ਤਬਿ ਰਾਜਾ॥
ਲੋਹ ਪਰਾ ਹਮ ਸੋਂ ਬਿਨ ਕਾਜਾ॥੩॥

ਦੂਜਾ ਕਾਰਣ ਔਰੰਗਜ਼ੇਬ ਦਾ ਫਤੇਸ਼ਾਹ ਨੂੰ ਇਸ਼ਾਰਾ ਸੀ ਜੋ ਜੰਗਨਾਮਾ ਗੁਰੂ ਗੋਬਿੰਦ ਸਿੰਘ ਤੋਂ ਵਿਦਿਤ ਹੁੰਦਾ ਹੈ। ਜਦੋਂ ਇਸ ਹਮਲੇ ਦੀ ਖਬਰ ਆਈ ਤੇ ਆਪ ਦੇ ਦਲ ਵਿਚ ਪਸਰੀ ਤਾਂ ਪੰਜ ਸੌ ਨਵੇਂ ਪਠਾਣ ਸਿਪਾਹੀ, ਸਿਵਾਏ ਇਕ ਸਰਦਾਰ ਕਾਲੇ ਖਾਂ ਦੇ ਟੁਰਨ ਨੂੰ ਤਿਆਰ ਹੋ ਪਏ। ਸਾਰੇ ਪਿਆਰ ਦੀ ਪ੍ਰੇਰਨਾ ਤੇ ਇਖ਼ਲਾਕੀ ਉਪਦੇਸ਼ਾਂ ਨੂੰ ਸੁਣ ਸੁਣਾਕੇ ਜਦ ਪਠਾਣ ਆਪਣੇ ਇਰਾਦੇ ਤੇ ਪੱਕੇ ਰਹੇ ਤਾਂ ਗੁਰੂ ਜੀ ਨੇ ਦਿਲਝਵੀਂ ਨਹੀਂ ਖਾਧੀ ਕਿ ਸਿਰ ਤੇ ਜੰਗ ਆ ਪਿਆ ਹੈ ਤੇ ਐਨ ਵੇਲੇ ਸਿਰ ਪੰਜ ਸੌ ਸਿਪਾਹੀ ਬਾਗ਼ੀ ਹੋਕੇ ਟੁਰ ਪਿਆ ਹੈ, ਆਪ ਨੇ ਉਨ੍ਹਾਂ ਨੂੰ ਜਾਣ ਦੀ ਆਗਜਾ ਦਿੱਤੀ ਤੇ ਆਪ ਮੁਕਾਬਲੇ ਲਈ ਤਿਆਰੀ ਕਰਨ ਲਗ ਪਏ। ਜਮਨਾ ਕਿਨਾਰੇ ਰਟਨ ਕਰਕੇ ਤੇ ਦੁਸ਼ਮਨ ਦੇ ਦਾਉ ਪੇਚ ਤੇ ਚਾਲ ਦੇ ਰੁਖ਼ ਸਹੀ ਕਰਕੇ ਭੰਗਾਣੀ ਵਾਲੇ ਟਿਕਾਣੇ ਜਾ ਮੋਰਚੇ ਲਾਏ! ਜਿਸ ਥਾਂ ਨੂੰ ਦੇਖਕੇ ਉਨ੍ਹਾਂ ਦੀ ਜੁੱਧ ਵਿਦਜਾ ਦੀ ਕਾਬਲੀਅਤ ਉਤੇ ਸਿਆਣੇ ਫੌਜੀ ਬੀ ਅਸ਼ ਅਸ਼ ਕਰ ਉਠਦੇ ਹਨ। ਇਸ ਵੇਲੇ ਆਪ ਨੂੰ ਪੱਕੇ ਤੌਰ ਤੇ ਖ਼ਬਰ ਆਈ ਕਿ ਸਾਰੇ ਪਠਾਣ ਜੋ ਸਾਥੋਂ ਵਿਦਾ ਹੋਏ ਹਨ ਦੁਸ਼ਮਨ ਦਲ ਨਾਲ ਜਾ ਰਲੇ ਹਨ। ਨਾ ਕੇਵਲ ਆਪਣੀ ਸੈਨਾ ਪੰਜ ਸੌ ਘਟੀ ਹੈ ਪਰ ਦੁਸ਼ਮਨ ਦੀ ਸੈਨਾ ਪੰਜ ਸੌ ਵਧ ਗਈ ਹੈ, ਅਰ ਘਰ ਦੇ ਭੇਤੀ ਦੁਸ਼ਮਨਾਂ ਨਾਲ ਜਾ ਰਲੇ ਹਨ। ਪਰ ਇਸ ਵੇਲੇ ਬੀ ਆਪ ਦੇ ਦਿਲ ਨੇ ਕਾਂਪ ਨਹੀਂ ਖਾਧੀ ਤੇ ਝਉਂਕੇ ਉਦਾਸ ਨਹੀਂ ਹੋ ਬੈਠੇ। ਹਮਲੇ ਦੇ ਮੁਕਾਬਲੇ ਤੇ ਝੱਟ ਖੜੇ ਹੋ ਗਏ ਤੇ ਮੈਦਾਨ ਜੰਗ ਵਿਚ ਆਪ ਗਏ, ਆਪ ਹੁਕਮ ਹੱਥ ਵਿਚ ਲਿਆ ਤੇ ਜੰਗ ਦੇ ਸਾਰੇ ਖਤਰਿਆਂ ਵਿਚ ਪਿੱਛੇ ਨਹੀਂ ਹਟੇ। ਜਦੋਂ ਇਕ ਤੀਰ ਆਪ ਨੂੰ ਚੁਭਕੇ ਲੰਘ ਗਿਆ ਹੈ ਤਾਂ ਵੀ ਦਿਲ ਹੌਲ ਦੇ ਘਰ ਨਹੀਂ ਗਿਆ, ਦੁਸ਼ਮਨ ਦਲ ਦੀ ਬਾਹੁੱਲਤਾ ਚੋਟੀ ਦੇ ਤੀਰਅੰਦਾਜ਼ਾਂ ਦੇ ਕਰਤੱਬ ਦੇਖ਼ਕੇ ਅਰ ਆਪ ਤੀਰ ਦਾ ਲੋਹਾ ਚੱਖਕੇ ਲਿਖਦੇ ਹਨ:-

ਜਬੈ ਬਾਣ ਲਾਗਿਓ॥ ਤਬੈ ਰੋਸ ਜਾਗਿਓ॥

ਇਸ ਰੋਸ ਜਾਗੇ ਤੇ ਫਿਰ ਆਪ ਦੇ ਤੀਰ ਚੱਲੇ, ਉਸ ਖ਼ੂਬੀ ਨਾਲ ਕਿ ਇਕ ਨਿਸ਼ਾਨਿਓਂ ਨਹੀਂ ਉੱਕਿਆ। ਉਹ ਟਿਕਾਣਾ ਜਿੱਥੇ ਬੀਰਾਸਨ ਹੋਕੇ, ਉਹ ਰੁੱਖ ਜਿਸ ਹੇਠ ਚਰਨ ਟਿਕਾਕੇ, ਤੀਰ ਛੋੜੇ ਸਨ ਅਜੇ ਮੌਜੂਦ ਹੈ। ਇਸ ਵੇਲੇ ਦੀ ਤੀਰਅੰਦਾਜ਼ੀ ਤੇ ਬਹਾਦਰੀ ਨੇ ਹਮਲਾਆਵਰਾਂ ਦੇ ਉਹ ਉਹ ਜੋਧੇ ਮਾਰੇ ਕਿ ਉਹ ਹਾਰ ਖਾਕੇ ਪਿੱਛੇ ਨੂੰ ਨੱਸ ਗਏ।

ਇਹ ਤੇ ਇਹੋ ਜਿਹੇ ਕਈ ਸਮੇਂ ਇਸ ਮਗਰੋਂ ਆਏ ਕਿ ਜਦੋਂ ਡਾਢੇ ਆੜੇ ਵਕਤਾਂ ਵਿਚ ਆਪਦੀ ਸੁਰਤ ਨੇ ਕੰਬਣੀ ਨਹੀਂ ਖਾਧੀ। ਚਾਹੋ ਜੰਗ ਦੇ ਸਾਮਾਨ ਤੇ ਫੌਜ ਥੋੜ੍ਹੀ ਸੀ ਚਾਹੋ ਮੁਸ਼ਕਲਾਂ ਅਤਿ ਆਈਆਂ ਪਰ ਕਿਸੇ ਮੌਕੇ ਤੇ ਆਪ ਨੇ ਦਿਲ ਝਵੀਂ ਨਹੀਂ ਖਾਧੀ। ਅੰਤ ਇਕ ਉਹ ਵੇਲਾ ਆਇਆ ਕਿ ਅਨੰਦਪੁਰ ਘੇਰੇ ਵਿਚ ਆ ਗਿਆ ਤੇ ਬਰਸ ਤੋਂ ਕੁਛ ਘਟ ਸਮਾਂ ਇਹ ਹਾਲ ਰਿਹਾ, ਬੜੇ ਬੜੇ ਹਮਲੇ ਹੋਏ ਜੋ ਪਸਪਾ ਕੀਤੇ ਅਰ ਇਨ੍ਹਾਂ ਜਤਨਾਂ ਵਿਚ ਆਪਣੇ ਚੋਣਵੇਂ ਸੂਰਮੇ ਤੇ ਆਪਾ-ਨੁਛਾਵਰੀਏ ਪਿਆਰੇ ਸ਼ਹੀਦ ਹੋ ਗਏ। ਹੁਣ ਅੰਦਰ ਰਸਦ ਮੁੱਕੀ, ਫਿਰ ਬੀ ਦੁਸ਼ਮਨਾਂ ਦਾ ਦਲ ਚੀਰ ਚੀਰਕੇ ਆਪਦੇ ਜਵਾਨ ਰਸਦਾਂ ਲੈ ਜਾਂਦੇ ਰਹੇ। ਜਦੋਂ ਸਭ ਨਾਕੇ ਬੰਦ ਹੋ ਗਏ ਤੇ ਫਾਕਾ ਕਸ਼ੀ ਤੇ ਨੌਬਤ ਪਹੁੰਚੀ ਤੇ ਸਾਰੇ ਸੱਜਣ ਘਬਰਾ ਗਏ ਤਦੋਂ ਵੀ ਇਸ ਦੈਵੀ ਸੂਰਮੇ ਦੇ ਦਿਲ ਨੇ ਦਿਲਝੱਵੀਂ ਨਹੀਂ ਖਾਧੀ। ਇਸ ਵੇਲੇ ਬੀ ਜਦ ਦੁਸ਼ਮਨਾਂ ਨੇ ਗੁਰੂ ਜੀ ਨੂੰ ਅਜਿੱਤ ਅਹਿੱਲ ਤੇ ਅਭੈ ਡਿੱਠਾ ਤੇ ਸਮਝ ਗਏ ਕਿ ਇਹ ਆਪਣੇ ਅਖੀਰਲੇ ਆਦਮੀ ਤੱਕ ਕਟਵਾਏਗਾ ਪਰ ਸਨਮੁਖ ਜੂਝੇਗਾ ਤੇ ਕਦੇ ਸੁਰਤ ਡੇਗਕੇ ਇੱਝਾ ਨਹੀਂ ਹੋਵੇਗਾ ਤਾਂ ਸੰਦੇਸ਼ਾ ਘੱਲਿਆ ਕਿ ਤੁਸੀਂ ਆਪਣਾ ਸਭ ਕੁਛ ਲੈਕੇ ਟੁਰ ਜਾਓ, ਕਿਲ੍ਹਾ ਖਾਲੀ ਕਰ ਜਾਓ ਤਾਂ ਅਸੀਂ ਕੁਛ ਨਹੀਂ ਕਹਾਂਗੇ, ਹੋਰ ਕੋਈ ਸ਼ਰਤ ਅਸੀਂ ਪੇਸ਼ ਨਹੀਂ ਕਰਦੇ, ਕੋਈ ਈਨ ਨਹੀਂ ਮਨਵਾਉਂਦੇ, ਕੇਵਲ ਕਿਲ੍ਹਾ ਛੋੜ ਜਾਓ! ਉਸ ਵੇਲੇ ਬੀ ਗੁਰੂ ਜੀ ਦੇ ਹਿਰਦੇ ਨੇ ਨਾ ਕਾਂਪ ਖਾਧੀ ਨਾ ਧੋਖਾ। ਅਪਣੇ ਸਲਾਹ ਦੇਣ ਹਾਰੇ ਤੇ ਪਰਵਾਰ ਨੇ ਦੁਸ਼ਮਨ ਦੇ ਇਸ ਸੰਦੇਸ਼ ਨੂੰ ਗ਼ਨੀਮਤ ਸਮਝਿਆ ਤੇ ਮੰਨ ਲੈਣ ਦੀ ਸਲਾਹ ਦਿੱਤੀ। ਪਰ ਆਪ ਨੇ ਦੱਸਿਆ ਕਿ ਇਹ ਧੋਖਾ ਹੈ, ਅਰ ਝੂਠ ਹੈ, ਭੈ ਨਾ ਖਾਓ, ਫਾਕੇ

ਕੜਾਕੇ ਦੇਖਕੇ ਓਦਰੋ ਨਾਂ, ਡਟੇ ਰਹੋ ਅਰ ਸੁਰਤ ਨੂੰ ਅਡੈ ਰਖੋ; ਪਰੰਤੂ ਸਾਰੇ ਘਬਰਾ ਰਹੇ ਸਨ। ਅੰਤ ਸਭ ਨੇ ਮਾਤਾ ਜੀ ਨੂੰ ਇਸ ਪੱਖ ਤੇ ਕਰ ਲਿਆ ਤੇ ਸਾਰਿਆਂ ਨੇ, ਸਿਵਾ ਸਤਿਗੁਰੂ ਜੀ ਦੇ ਖਾਸ ਪਿਆ-- ਰਿਆਂ ਅਤੇ ਉਨ੍ਹਾਂ ਦੇ ਆਦਰਸ਼ ਦੇ ਨੇੜੇ ਅੱਪੜ ਚੁਕੇ ਸੂਰਮਿਆਂ ਦੇ, ਗੁਰੂ ਜੀ ਨੂੰ ਇਸ ਗੱਲ ਦੇ ਮਨਾਉਣ ਤੇ ਮਜਬੂਰ ਕੀਤਾ। ਆਪ ਨੇ ਆਖਿਆ ਕਿ "ਇਕ ਅੱਠ ਦਿਨ ਦੇ ਹੋਰ ਦੁੱਖ ਸਹੋ ਜੰਗ ਦਾ ਰੰਗ ਹੋਰ ਪਹਿਲੂ ਲਏਗਾ" ਪਰ ਕਿਸੇ ਨੇ ਨਾ ਮੰਨਿਆ। ਆਪ ਨੇ ਦੱਸਿਆ ਕਿ "ਕਿਲੇ ਤੋਂ ਨਿਕਲਦੇ ਸਾਰ ਅਪਦਾ ਪਏਗੀ ਅਰ ਤਬਾਹੀ ਆ ਘੇਰੇਗੀ", ਪਰ ਕਿਸੇ ਨਾ ਮੰਨਿਆ। ਤਦੋਂ ਆਪ ਨੇ ਸਾਰੀ ਜਨਤਾ ਦੀ ਸੰਮਤੀ ਮੂਜਬ ਪਰ ਆਪ ਆਪਣੇ ਸੰਕਲਪ ਵਿਚ ਪੱਕੇ ਤੇ ਅਪਣੇ ਅਨੁਮਾਨ ਕੀਤੇ ਦ੍ਰਿੜ੍ਹ ਨਿਸ਼ਚੇ ਵਿਚ ਪੂਰੀ ਤਿਆਰੀ ਨਾਲ; ਜੋ ਉਸ ਵੇਲੇ ਦੇ ਸਾਮਾਨ ਦੀ ਥੁੜ ਵਿਚ ਹੋ ਸਕਦੀ ਸੀ, ਅੱਧੀ ਰਾਤ ਕੂਚ ਕੀਤੀ। ਦੁਸ਼ਮਨ ਦਲ ਅਪਣੇ ਦਿੱਤੇ ਇਕਰਾਰ, ਲਿਖੇ ਇਕਰਾਰਨਾਮੇ, ਸੈਨਾਪਤ, ਸੂਬੇ-ਦਾਰ ਤੇ ਕਾਜ਼ੀ ਤੇ ਕੁਰਾਨ ਤੇ ਹੱਥ ਰਖਕੇ ਕੀਤੀਆਂ ਸੁਗੰਦਾਂ ਦੇ ਉਲਟ ਗੁਰੂ ਜੀ ਪਰ ਟੁੱਟ ਪਏ। ਆਪ ਡਟ ਖੜੋਤੇ ਅਰ ਉਸ ਹਨੇਰੇ ਠੰਢ ਤੇ ਕਸ਼ਟ ਦੇ ਵੇਲੇ ਵੀ ਘਬਰਾ ਨਹੀਂ ਖਾਧਾ, ਝਵੇਂ ਨਹੀਂ, ਮਾਰੀ ਸੂਰਮਗਤੀ ਦੇ ਅਸੂਲਾਂ ਮੂਜਬ ਅਪਣੇ ਬਚਾਉ ਦਾ ਟਾਕਰਾ ਕੀਤਾ, ਅਗੇ ਵਧਦੇ ਗਏ ਤੇ ਰੋਪੜ ਦੇ ਦੁੱਖ ਝੱਲਦੇ ਅੰਤ ਚਮਕੌਰ ਜਾ ਅੱਪੜੇ। ਇਹ ਰਾਤ ਪਰ ਦਾ ਟਾਕਰਾ ਤੇ ਘਮਸਾਣ ਇੰਨਾ ਕਰੜਾ ਸੀ ਕਿ ਲਗ ਪਗ ਚਾਲੀ ਸੂਰਮਿਆਂ ਦੇ ਸਿਵਾ ਸਭ ਕਟ ਮਰੇ। ਅੰਮ੍ਰਿਤ ਛਕਾਕੇ ਨਵੇਂ ਪੈਦਾ ਕੀਤੇ ਆਦਰਸ਼ਕ ਬੰਦੇ ਅਰ ਬੜੇ ਬੜੇ ਘਮਸਾਣਾਂ ਵਿਚ ਫਤਹ ਪਾਉਣ ਵਾਲੇ ਸੂਰਮੇ ਪੁਰਜ਼ਾ ਪੁਰਜ਼ਾ ਹੋਕੇ ਕਟ ਗਏ, ਉਦੈ ਸਿੰਘ ਵਰਗੇ ਅਜਿੱਤ ਸੂਰੇ ਬੀ ਟੁਕੜੇ ਟੁਕੜੇ ਹੋਕੇ ਆਪਾ ਵਾਰ ਗਏ।

ਚਮਕੌਰ ਪਹੁੰਚਕੇ ਆਪ ਨੇ ਅਪਣੇ ਨਾਲ ਕੇਵਲ ਚਾਲੀ ਸੂਰਮੇ ਵੇਖੇ ਜਿਨ੍ਹਾਂ ਵਿਚ ਦੋ ਆਪਣੇ ਪੁੱਤ੍ਰ ਸਨ, ਫਿਰ ਡਿੱਠਾ ਕਿ ਦੋ ਛੋਟੇ ਬੱਚੇ ਨਾਲ ਨਹੀਂ ਅੱਪੜੇ। ਪਰਵਾਰ ਦਾ ਪ੍ਰਬੰਧ ਤਾਂ ਰੋਪੜ ਕੀਤਾ ਸੀ ਪਰ ਮਾਤਾ ਜੀ ਤੇ ਬੱਚਿਆਂ ਦਾ ਥਹੁ ਨਹੀਂ ਸੀ। ਸਭ ਕੁਛ ਲੁਟ ਗਿਆ, ਸਾਰੇ ਕਟ ਗਏ, ਚਾਲੀ ਕੇਵਲ ਰਹਿ ਗਏ ਹਨ ਤੇ ਪਿੱਛੋਂ ਦੁਸ਼ਮਨ ਪਿਛਾ ਕਰਦਾ ਆ ਰਿਹਾ ਹੈ, ਇਸ ਵੇਲੇ ਹਾਂ ਇਸ ਵੇਲੇ ਖ਼ਬਰ ਆਉਂਦੀ ਹੈ ਕਿ ਜਿੱਧਰ ਨੂੰ ਭੱਜੇ ਜਾ ਰਹੇ ਹੋ ਅਗੋਂ ਹੋਰ ਦਲ ਸਰਹਿੰਦ ਵਲੋਂ ਆ ਰਿਹਾ ਹੈ। ਇਹ ਵਕਤ ਹੈ ਜਿਸਦਾ ਅੰਦਾਜ਼ਾ ਉਹ ਲਾ ਸਕਦਾ ਹੈ ਕਿ ਜਿਸ ਨੇ ਕਦੇ ਐਸੀ ਅਸਮੰਜਸ, ਐਸੀ ਕਸ਼ਟਣੀ ਡਿੱਠੀ ਹੋਵੇ। ਪਰ ਦੇਖੋ ਇਸ ਮਹਾਨ ਕਸ਼ਟ ਤੇ ਮੁਸ਼-ਕਲ ਦੇ ਵੇਲੇ ਬੀ ਆਪ ਨੇ ਦਿਲਝੱਵੀਂ ਨਹੀਂ ਖਾਧੀ।

'ਮੀਜ਼ਰ' ਵਰਗਾ ਸੂਰਮਾਂ ਅਪਣੇ ਕਤਲ ਕਰਨ ਵਾਲਿਆਂ ਨਾਲ ਕੁਛ ਚਿਰ ਤਰੱਦਦ ਕਰਦਾ ਹੈ, ਪਰ ਜਦ ਉਨ੍ਹਾਂ ਵਿਚ ਆਪਣੇ ਦਿਲੀ ਸੱਜਣ 'ਬ੍ਰੂਟਸ' ਨੂੰ ਤੱਕਦਾ ਹੈ ਤਾਂ ਔਸਾਨ ਖ਼ਤਾ ਹੋ ਜਾਂਦੇ ਹਨ ਤੇ ਦਿਲ ਝਉਂਕੇ ਆਪਾ ਛੱਡਕੇ ਕਤਲ ਹੋ ਜਾਂਦਾ ਹੈ। ਇਥੇ ਤੱਕੋ ਦੁਵੱਲੀ ਘੇਰੇ ਵਿਚੋਂ ਕੋਈ ਰਾਹ ਨਿਕਲ ਜਾਣ ਦਾ ਨਹੀਂ, ਨਾਂ ਹੌਸਲਾ ਟੁੱਟਦਾ ਹੈ ਨਾ ਦਿਲ ਆਪਾ ਛੱਡਦਾ ਹੈ ਨਾ ਸ਼ਰਨ ਮੰਨਦੇ ਹਨ। ਉਸ ਵੇਲੇ ਆਪ ਇਕ ਹਵੇਲੀ ਵਿਚ ਜੋ ਗੜ੍ਹੀ ਵਰਗੀ ਹੈ ਜਾ ਵੜਦੇ ਹਨ। ਆਪ ਜਾਣਦੇ ਹਨ ਕਿ ਇਹ ਪੱਕਾ ਕਿਲ੍ਹਾ ਕੋਟ ਨਹੀਂ, ਇਹ ਬੜਾ ਆਸਰਾ ਨਹੀਂ ਦੇ ਸਕਦੀ। ਫਿਰ ਉਸ ਹਵੇਲੀ ਵਾਲੇ ਇਕ ਪੱਤੀ ਦੇ ਮਾਲਕ ਦੇਣੋ ਨਾਂਹ ਕਰਦੇ ਹਨ। ਓਹ ਹਿੰਦੂ ਹਨ, ਮੁਗਲਾਂ ਤੋਂ ਦੁਖੀ ਹਨ, ਐਸਿਆਂ ਦੇ ਬਚਾਉ ਵਾਸਤੇ ਗੁਰੂ ਜੀ ਲੜ ਰਹੇ ਹਨ, ਪਰ ਦੇਖੋ ਕਿ ਜਿਨ੍ਹਾਂ ਦੀ ਖ਼ਾਤਰ ਆਪ ਆਪਾ ਵਾਰ ਰਹੇ ਹਨ, ਉਹ ਆਪਦੇ ਅੱਗੇ ਰੋਕ ਹੋ ਖੜੋਂਦੇ ਹਨ, ਪਰ ਆਪ ਉਸ ਵੇਲੇ ਵੀ ਨਹੀਂ ਝਉਂਦੇ, ਨਾ ਇਖ਼ਲਾਕੀ ਕਾਂਪ ਖਾਂਦੇ ਹਨ। ਮਾਲਕਾਂ ਨੂੰ ਮੁੱਲ ਦੇਕੇ ਹਵੇਲੀ ਵਿਚ ਜਾ ਵੜਦੇ ਹਨ ਤੇ ਉਸਨੂੰ ਕਿਲ੍ਹੇ ਸਾਮਾਨ ਥਾਪ ਕੇ ਰੋਕ ਪਰ ਖੜੇ ਹੋ ਜਾਂਦੇ ਹਨ। ਆਪ ਜਾਣਦੇ ਹਨ ਕਿ ਮੇਰੇ ਨਾਲ ਚਾਲੀ ਹਨ, ਕੇਵਲ ਚਾਲੀ ਤੇ ਉਹ ਬੀ ਭੁੱਖੇ ਹਨ, ਆਪ ਲਿਖਦੇ ਹਨ:-

ਗੁਰਸਨਾ ਚਿਕਾਰੇ ਕੁਨਦ ਚਿਹਲ ਨਰ।
ਕਿ ਦਹ ਲਕ ਬਰਾਇਦ ਬਰੋ ਬੇ ਖ਼ਬਰ।

ਇਹ ਜਾਣਕੇ ਵੀ ਡਟ ਗਏ, ਸਾਰਾ ਦਿਨ ਮੁਕਾਬਲਾ ਕੀਤਾ, ਜੰਗ ਵਿਦਯਾ ਦੀ ਪ੍ਰਬੀਨਤਾ ਤੇ

ਅਜਿੱਤ ਬਹਾਦਰੀ ਅੱਜ ਖਤਮ ਹੋ ਗਈ। ਚਾਲੀ ਆਦਮੀ ਚਾਰ ਪਹਿਰ ਲੰਘਾ ਦੇਂਦੇ ਹਨ, ਦੁਸ਼ਮਨ ਦਲ ਵਿਚੋਂ ਹਮਲਾਆਵਰਾਂ ਦੇ ਬੇਸ਼ੁਮਾਰਾਂ ਨੂੰ ਮਾਰ ਲੈਂਦੇ ਹਨ, ਪਰ ਵੈਰੀ ਨੂੰ ਗੜ੍ਹੀ ਦੇ ਨੇੜੇ ਨਹੀਂ ਫਟਕਣ ਦੇਂਦੇ। ਗੁਰੂ ਜੀ ਆਪ ਬੈਠੇ ਹਨ, ਇਕ ਅਟਾਰੀ ਵਿਚ ਤੇ ਤੀਰੰਦਾਜ਼ੀ ਦਾ ਕਮਾਲ ਹੋ ਰਿਹਾ ਹੈ। ਅੱਖਾਂ ਦੇ ਸਾਹਮਣੇ ਵੱਧ ਤੋਂ ਵੱਧ ਲੜਦੇ ਪਿਆਰੇ ਮਰਦੇ ਪੁਰਜ਼ਾ ਪੁਰਜ਼ਾ ਹੋਕੇ ਕੱਟੇ ਜਾ ਰਹੇ ਹਨ। ਦੋ ਪੁੱਤ੍ਰ ਬੀ ਅੱਖਾਂ ਦੇ ਸਾਹਮਣੇ ਲੜਦੇ ਮਰਦੇ ਮਾਰਦੇ ਸ਼ਹੀਦੀ ਪਾ ਚੁਕੇ ਹਨ, ਪਰ ਉਸੇ ਤਰ੍ਹਾਂ ਅਝੱਵੇਂ ਦਿਲ ਵਾਲੇ ਤੀਰਅੰਦਾਜ਼ੀ ਕਰ ਰਹੇ ਹਨ, ਰਤਾ ਕਾਂਪ ਨਹੀਂ ਖਾ ਰਹੇ। ਸੂਰਮੇ ਸੁਹਣੇ ਪੁੱਤ੍ਰਾਂ ਦੀਆਂ ਅੱਖਾਂ ਦੇ ਸਾਹਮਣੇ ਜਾਨਾਂ ਵਾਰੀਆਂ ਤੱਕ ਕੇ ਆਪ ਅਸੀਸਾਂ ਦੇ ਰਹੇ ਹਨ, ਕਸੀਸਾਂ ਵੱਟਕੇ ਅੱਥਰੂ ਨਹੀਂ ਕੇਰ ਰਹੇ। ਰਾਤ ਪੈ ਗਈ, ਕੇਵਲ ਪੰਜ ਸਾਥੀ ਬਚੇ ਹਨ, ਸਾਮਾਨ ਜੰਗ ਖ਼ਾਤਮੇ ਤੇ ਹੈ ਪਰ ਅਜੇ ਤੀਕ ਸ਼ੱਤ੍ਰੂ ਅਗੇ ਹਥਿਆਰ ਸੁੱਟਣੇ ਤਾਂ ਕਿਤੇ ਰਹੇ ਦਿਲਝੱਵੀਂ ਤਕ ਆਪ ਨੇ ਨਹੀਂ ਖਾਧੀ। 'ਕੁੱਤ' ਦੇ ਮੈਦਾਨ ਵਿਚ ਤੁਰਕਾਂ ਦੇ ਘੇਰੇ ਵਿਚ ਆਏ ਅੰਗ੍ਰੇਜ਼ ਜਰਨੈਲ ਦੇ ਦਿਲ ਨੇ, ਜਿਸ ਪਾਸ ਸਾਮਾਨ ਜੰਗ ਅਜੇ ਕਾਫੀ ਸੀ, ਕਈ ਹਜ਼ਾਰ ਸਿਪਾਹੀ ਬੀ ਸੀ, ਆਪਣੀ ਹਾਲਤ ਨੂੰ ਪਛਾਣਕੇ ਝਵੀਂ ਖਾਧੀ ਤੇ ਆਪਣੇ ਆਪ ਨੂੰ ਸੈਨਾ ਤੇ ਸਾਮਾਨ ਸਮੇਤ ਦੁਸ਼ਮਨ ਦੇ ਹਵਾਲੇ ਕਰ ਦਿਤਾ। ਮਿਸਰੀ ਜਰਨੈਲ ਨੇ ਨਿਪੋਲੀਅਨ ਦੇ ਹਮਲੇ ਪਰ ਸੈਨਾ ਤੇ ਸਾਮਾਨ ਦੇ ਹੁੰਦਿਆਂ ਕਿਸੇ ਸੋਚ ਵਿਚ ਦਿਲ ਝਵੀਂ ਖਾਧੀ ਤੇ ਸ਼ਸਤ੍ਰ ਧਰ ਦਿੱਤੇ।

ਬੋਅਰ ਜਰਨੈਲ ਕਰੋਂਜੀ ਨੇ ਬਹੁਤੇਰਾ ਚਿਰ ਘੇਰੇ ਵਿਚ ਰਹਿਕੇ ਆਖਰ ਆਪਣੇ ਆਪ ਨੂੰ ਸੈਨਾ ਤੇ ਸਾਮਾਨ ਸਮੇਤ ਸ਼ੱਤਰੂ ਦੇ ਹਵਾਲੇ ਕਰ ਦਿੱਤਾ। ਨੈਪੋਲੀਅਨ ਜੈਸੇ ਕਦੇ ਨਾ ਹਰਨ ਵਾਲੇ ਜਰਨੈਲ ਨੇ ਵਾਟਲਰੂ ਦੇ ਮੈਦਾਨ ਵਿਚ ਜਦ ਆਪਣੇ ਪੱਖ ਦਾ ਭਵਿੱਖਤ ਸਮਾਪਤ ਹੁੰਦਾ ਡਿੱਠਾ ਤਾਂ ਸ਼ੱਤਰੂ ਦੀ ਹਵਾਲਗੀ ਝੱਲ ਲਈ ਤੇ ਬਾਕੀ ਉਮਰ ਨਜ਼ਰ-ਬੰਦੀ ਵਿਚ ਗੁਜ਼ਾਰੀ। ਪਰ ਏਥੇ ਇਸ ਸੂਰਮੇ ਨੇ ਇਸ ਨਿੱਕੀ ਗੜ੍ਹੀ ਵਿਚ ਬਹੁਤ ਥੋੜੇ ਸਾਮਾਨ ਦੇ ਹੁੰਦਿਆਂ ਬੀ ਚਾਰ ਪਹਿਰ ਟਾਕਰਾ ਕੀਤਾ ਤੇ ਸਭ ਕੁਛ ਮੁੱਕ ਜਾਣ ਤੇ ਬੀ ਆਪਣੇ ਆਪ ਨੂੰ ਸ਼ੱਤਰੂ ਦੇ ਹਵਾਲੇ ਨਹੀਂ ਕੀਤਾ, ਸ਼ਰਨ ਨਹੀਂ ਮੰਗੀ, ਕਾਰਨ ਇਹੋ ਹੈ ਕਿ ਦਿਲ ਨੇ ਸੇਧ ਤੇ ਉੱਚਤਾ ਕਾਇਮ ਰੱਖੀ ਤੇ ਝਵੀਂ ਨਹੀਂ ਖਾਧੀ।

ਰਾਤ ਪਈ ਤੇ ਆਪਦੇ ਬਚ ਰਹੇ ਪੰਜ ਛੇ ਸਿਖਾਂ ਵਲੋਂ ਆਪਦੇ ਨਿਕਲਣ ਵਾਸਤੇ ਜ਼ੋਰ ਦਿਤਾ ਜਾਂਦਾ ਹੈ, ਪਰ ਆਪ ਅਗਲੇ ਦਿਨ ਸਾਥੀਆਂ ਸਣੇ ਸ਼ਹੀਦ ਹੋਣ ਲਈ ਤਿਆਰ ਹਨ ਤੇ ਕਾਂਪ ਨਹੀਂ ਖਾਂਦੇ। ਆਖਰ ਪੰਜਾਂ ਨੇ ਉਸ ਅਸੂਲ ਮੁਜਬ, ਜੋ ਸਿਖਿਆ ਸਾਨੇ ਕਿ ਪੰਥ ਦਾ ਫੈਸਲਾ ਸਭ ਲਈ ਨਾਤਕ ਹੈ, ਗੁਰੂ ਜੀ ਨੂੰ ਆਪਣੇ ਫੈਸਲੇ ਨਾਲ ਨਿਕਲਣ ਤੇ ਮਜਬੂਰ ਕੀਤਾ। ਗੁਰੂ ਜੀ ਨਿਕਲੇ, ਪਰ ਸ਼ੱਤਰੂ ਦਲ ਵਿਚੋਂ ਨਿਕਲਣ ਵਾਸਤੇ ਜੁੱਧ ਵਿਦਯਾ ਦੀ ਪ੍ਰਬੀਨਤਾ ਤੇ ਅਝਵੇਂ ਦਿਲ ਦੀ ਅਜਿੱਤ ਸੂਰਮਗਤੀ ਦਾ ਕਰ-ਤਬ ਫੇਰ ਕੀਤਾ। ਇਕ ਪਾਸੇ ਵਲ ਵਧਕੇ ਲਲਕਾਰ ਦਿਤੀ ਕਿ "ਸਿੱਖਾਂ ਦਾ ਗੁਰੂ ਨਿਕਲ ਗਿਆ ਜੇ" ਉਸ ਵਾਜ ਦੀ ਸੇਧ ਪਰ ਸ਼ੱਤਰੂ ਦਲ ਵਲੋਂ ਝੁਕਾਉ ਹੋ ਗਿਆ ਤੇ ਹਨੇਰੇ ਵਿਚ ਉਨ੍ਹਾਂ ਵਿਚ ਹਫਲਾ ਤਫਲੀ ਮਚ ਗਈ। ਦੂਸਰੀ ਸੇਧ ਜੋ ਆਪ ਨੇ ਅੰਗੀ ਸੀ ਉਧਰੋਂ ਨਿਕਲ ਤੁਰੇ। ਦੋ ਸਾਥੀ ਨਾਲ ਸਨ, ਸੋ ਬੀ ਇਸ ਫੁਰਤੀ ਵਿਚ ਵਿਛੁੜ ਗਏ। ਆਪ ਭੱਜੀ ਗਏ, ਪਰ ਤੱਕੋ ਕੁਛ ਕੋਹ ਲੰਘ ਜਾਣੇ ਪਰ ਅਗੋਂ ਦੋ ਦ੍ਰੋਹੀ ਮਿਲ ਗਏ। ਉਹਨਾਂ ਨੇ ਰੋਕਿਆ, ਰੌਲਾ ਪਾਇਆ, ਪਰ ਆਪ ਨਾ ਡਰੇ, ਨਾ ਕੰਬੇ; ਉਨ੍ਹਾਂ ਨੂੰ ਜ਼ੇਰ ਕੀਤਾ, ਅਗੇ ਵਧੇ ਤੇ ਨਿਕਲ ਗਏ। ਪਹੁ ਫੁਟੇ ਮਾਛੀਵਾੜੇ ਅੱਪੜੇ। ੬੦ ਘੰਟੇ ਦੇ ਆਪ ਭੁੱਖੇ ਹਨ। ਇਕ ਰਾਤ ਤੇ ਇਕ ਦਿਨ ਦੇ ਘੋਰ ਸੰਗ੍ਰਾਮ ਵਿਚ ਰਹੇ ਹਨ ਤੇ ਪੰਜ ਛੇ ਘੰਟੇ ਤੋਂ ਦੌੜ ਰਹੇ ਹਨ। ਆਖ਼ਰ ਸ਼ਰੀਰ ਨੇ ਆਲਸ ਖਾਧਾ ਤੇ ਸੜਕ ਦੇ ਨੇੜੇ ਹੀ ਖੜੋ ਗਏ, ਬੈਠ ਗਏ ਤੇ ਲੇਟ ਗਏ। ਸਰੀਰ ਹਾਰ ਦੇ ਗਿਆ ਹੈ ਪਰ ਮਨ ਅਜਿੱਤ ਹੈ। ਇਸ ਵੇਲੇ ਵੀ ਆਪ ਨੇ ਦਿਲ-ਝਵੀਂ ਨਹੀਂ ਖਾਧੀ, ਇਕ ਟਿੰਡ ਸਿਰਹਾਣੇ ਰੱਖੀ ਤੇ ਇਕ ਹੱਥ ਹੇਠਲੇ ਪਾਸੇ ਕਰਕੇ ਲੇਟ ਗਏ, ਦੂਸਰਾ ਹੱਥ ਜੋ ਉੱਪਰ ਨੂੰ ਹੈ ਧਨੁਖ ਹੱਥ ਵਿਚ ਲੈਕੇ ਟਿਕ ਗਿਆ। ਇਹ ਹਹਾਲਤ 'ਦਿਲ ਦੀ ਨਿਰਭੈ ਤਿਆਰੀ' ਦੱਸ ਰਹੀ ਹੈ ਕਿ ਜੇ ਕੋਈ ਲੋੜ ਪਵੇ ਤਾਂ ਦੇਰ ਨਾ ਲੱਗੇ

ਸੋ ਇਵੇਂ ਹੀ ਹੋਈ। ਜਦੋਂ ਅਪਣੇ ਵਿੱਛੁੜੇ ਸਾਥੀ ਆ ਮਿਲੇ ਹਨ ਤੇ ਉਨ੍ਹਾਂ ਨੇ ਆਪ ਜੀ ਨੂੰ ਪਛਾਣਿਆ ਹੈ ਤਾਂ ਚਰਨ ਚਾਂਪਕੇ ਜਗਾਇਆ, ਜਾਗਦੇ ਸਾਰ ਆਪ ਦੇ ਹੱਥ ਨੇ ਧਨੁਖ ਬਾਨ ਸੰਭਾਲਿਆ ਤੇ ਉਠੇ, ਉਠਦਿਆਂ ਡਿੱਠਾ ਕਿ ਸੱਜਣ ਜਗਾ ਰਹੇ ਹਨ। ਦਿਲ ਦੀ ਅਝੁਕਤਾ ਇਸ ਕਰੜੇ ਖੇਦ ਦੇ ਸਮੇਂ ਆਪਣੀ ਤਿਆਰੀ ਵਿਚ ਆਪ ਨੂੰ ਦਿਖਾ ਰਹੀ ਹੈ। ਹੋਰ ਸੂਰਮੇ ਇਸ ਵੇਲੇ ਕਿ ਜਦ ਇਤਨੇ ਕਸ਼ਟਾਂ ਦੇ ਨਾਲ ਸਰੀਰ ਬੀ ਹਾਰ ਦੇ ਚੁਕਾ ਹੈ ਦਿਲ ਢਾਹ ਬੈਠਣਗੇ ਤੇ ਨਿਰਾਸਤਾ ਘੇਰਾ ਪਾ ਲਵੇਗੀ ਪਰ ਨਹੀਂ, ਆਪ ਉਸੇ ਨਿਰਭੈਤਾ ਵਿਚ ਹਨ।

ਅਜ ਦਾ ਦਿਨ ਮਾਛੀਵਾੜੇ ਬਾਗ ਵਿਚ ਲੰਘਦਾ ਹੈ, ਰਾਤ ਗਿਰਾਂ ਵਿਚ ਇਕ ਪਿਆਰੇ ਦੇ ਘਰ ਆਸਰਾ ਮਿਲਦਾ ਹੈ, ਇਕ ਦੋ ਦਿਨ ਇਥੇ ਟਿਕਦੇ ਹਨ। ਪਾਤਸ਼ਾਹ ਨੂੰ ਪਰਮ ਨਿਰਭੈ ਖ਼ਤ ਲਿਖਦੇ ਹਨ ਜੋ ਖ਼ਤ ਕਿ ਅਝੁਕਤਾ ਦੀ ਜੀਉਂਦੀ ਤਸਵੀਰ ਹੈ*, ਫਿਰ ਇੱਥੋਂ ਬੀ ਨਿਕਲ ਜਾਂਦੇ ਹਨ। ਜਦੋਂ ਪਹਿਲਾਂ ਸਲਾਮਤੀ ਦਾ ਟਿਕਾਣਾ ਮਿਲਦਾ ਹੈ ਤਾਂ ਅਪਣਾ ਸੱਜਣ ਇਕ ਮਹੰਤ ਪਿਆਰ ਨਾਲ ਮਿਲਦਾ ਹੈ, ਸੇਵਾ ਕਰਦਾ ਹੈ, ਪਰ ਆਖਦਾ ਹੈ "ਰਾਤ ਨਾ ਰਹੋ, ਅੱਗੇ ਨਿਕਲ ਜਾਓ, ਵੈਰੀ ਆ ਗਿਆ ਤਾਂ ਮੈਂ ਤੇ ਮੇਰਾ ਡੇਰਾ ਤਬਾਹ ਹੋ ਜਾਣਗੇ"। ਸ਼ਿਬਲੀ ਮਿੱਤਰ ਦੇ ਫੁੱਲ ਮਾਰਨ ਤੇ ਮਨਸੂਰ ਰੋ ਪਿਆ। ਹਾਂ, ਜਿਸਨੇ ਸਾਰੇ ਸ਼ਹਿਰ ਦੀ ਪੱਥਰਾਂ ਦੀ ਮਾਰ ਸਹਾਰੀ ਸੀ ਮਿੱਤਰ ਦੇ ਫੁੱਲ ਮਾਰਨ ਨਾਲ ਰੋ ਪਿਆ। ਪਰ ਇਥੇ ਤੱਕੋ ਅਝਵੀਂ ਦਿਲ-ਮਜ਼ਬੂਤੀ! ਕਿ ਆਪਣੇ ਮਿੱਤਰ ਦਾ ਡੇਰਾ ਹੈ ਜਿਸਨੂੰ ਡੇਰੇ ਤੇ ਸੰਗਤਾਂ ਜੋਗਾ ਆਪ ਨੇ ਕੀਤਾ ਸੀ, ਇਕ ਰਾਤ ਦੀ ਸਿਰ ਲੁਕਾਉਣੀ ਨਹੀਂ ਦੇਂਦਾ। ਪਰ ਆਪ ਦਾ ਦਿਲ ਟੁੱਟਦਾ ਨਹੀਂ, ਮਿੱਤਰ ਦੀ ਫੁੱਲ ਮਾਰ ਖਾਕੇ ਦਿਲ ਰੋਂਦਾ ਨਹੀਂ, ਨਿਰਾਸ ਨਹੀਂ ਹੁੰਦਾ। ਉਥੋਂ ਆਪ ਉਸੇ ਰੰਗ ਉੱਠ ਟੁਰਦੇ ਹਨ। ਰਸਤੇ ਵਿਚ ਇਕ ਥਾਂ ਇਕ ਸਿਖ ਮਿਲਦਾ ਹੈ, ਉਸਨੂੰ ਆਖਦੇ ਹਨ ਆਪਣੀ ਘੋੜੀ ਦੇਹ, ਪਰ ਉਹ ਭਾਵਨਾ ਵਾਲਾ, ਪਿਆਰ ਵਾਲਾ ਸਿੱਖ ਸੌ ਦੋ ਸੌ ਦੀ ਬਾਦਰ ਇਕ ਘੋੜੀ ਉਸ ਪਾਤਸ਼ਾਹ ਨੂੰ ਦੇਣੋਂ ਨਾਂਹ ਕਰਦਾ ਹੈ, ਜਿਸਦੇ ਤਬੇਲੇ ਵਿਚ ਕਿਤਨੇ ਹੀ ਅਰਬੀ ਘੋੜੇ ਹੁੰਦੇ ਸਨ। ਆਪਣੀ ਇਹ ਬੇਕਸੀ ਦੀ ਹਾਲਤ ਵੇਖਕੇ ਓਸ ਗੁਰੂ ਗੋਬਿੰਦ ਸਿੰਘ ਦਾ ਦਿਲ ਅਰਮਾਨ ਵਿਚ ਨਹੀਂ ਜਾਂਦਾ, ਮਨਸੂਰ ਵਾਲਾ ਹਾਹੁਕਾ ਨਹੀਂ ਲੈਂਦਾ, ਅਪਣੇ ਆਪ ਨੂੰ ਨਿਤਾਣਾ ਨੀਵਾਂ ਹੋ ਗਿਆ ਨਹੀਂ ਸਮਝਦਾ, ਉਹੋ ਉੱਚਾ ਠਾਠ, ਓਹੋ ਚੜ੍ਹਦੀਆਂ ਕਲਾਂ ਵਿਚ ਕਾਇਮ ਰਹਿੰਦਾ ਹੈ।

ਟੁਰੀ ਗਏ ਅੱਗੇ ਤੇ ਆਖਰ ਅੱਪੜੇ ਰਾਇ ਕੱਲੇ ਦੇ ਗਿਰਾਂ ਦੀਆਂ ਜੂਹਾਂ ਵਿਚ। ਆਪ ਗੁੱਜਰਾਂ ਤੋਂ ਦੁੱਧ ਮੰਗਦੇ ਹਨ, ਗੁੱਜਰ ਮਖ਼ੌਲ ਕਰਦੇ ਹਨ, ਕਹਿੰਦੇ ਹਨ, "ਅਸਾਂ ਦੇ ਡੰਗਰ ਲਵੇਰੇ ਨਹੀਂ, ਪਿਛੇ ਔਹ ਆ ਰਿਹਾ ਹੈ ਗੱਭਰੂ ਉਸਦੀ ਗਾਂ ਦੁੱਧ ਦੇਂਦੀ ਹੈ।" ਅਹਿੱਲ ਮਨ ਵਾਲੇ ਠਹਿਰ ਗਏ, ਜਦੋਂ ਉਹ ਮਾਹੀ ਆਇਆ ਤਾਂ ਆਪ ਨੇ ਦੁੱਧ ਮੰਗਿਆ। ਉਹ ਹੱਥ ਜੋੜਕੇ ਕਹਿਣ ਲੱਗਾ "ਦੁੱਧ ਸਦਕੇ ਨਾ ਕਰਾਂ, ਪਰ ਮੇਰੀ ਗਾਂ ਤਾਂ ਦੁੱਧ ਨਹੀਂ ਦੇਂਦੀ। ਆਪ ਨੂੰ ਜੋ ਓਹ ਗੁੱਜਰ ਮੇਹੀ ਗਾਂ ਲਵੇਰੀ ਦੱਸ ਗਏ ਹਨ ਮਸ਼ਕਰੀ ਕਰ ਗਏ ਹਨ।" ਆਪ ਹੱਸੇ ਤੇ ਕਹਿਣ ਲਗੇ "ਮਸ਼ਕਰੀਆਂ ਬੀ ਕਰਨ ਲਈ ਹੀ ਬਣੀਆਂ ਹਨ, ਤੂੰ ਲੈ ਲੋਟਾ ਤੇ ਚੋ ਗਾਂ, ਸਾਈਂ ਦੁੱਧ ਦੇਵੇਗਾ।" ਇਕ ਛੇਕੋ ਛੇਕ ਲੋਟਾ ਮੀ, ਮਾਹੀ, ਨਿਮ੍ਰਚੇ ਵਾਲਾ ਮਾਹੀ, ਬਹਿ ਰਿਆ, ਦੁੱਧ ਚੋਵੇ, ਕੁਛ ਤੇ ਲੋਟੇ ਵਿਚ ਰਹਵੇ ਕੁਛ ਛੇਕਾਂ ਥਾਣੀਂ ਸਿੰਮੇ; ਆਖਰ ਭਰ ਗਿਆ ਲੋਟਾ। ਪਿਆਰ ਭਰੇ ਤੇ ਸ਼ਰਧਾ ਭਰੇ ਅੱਥਰੂਆਂ ਨਾਲ ਗੜਵਾ ਲੈਕੇ ਨਵਾਂ ਮਾਹੀ ਆਇਆ। ਆਪ ਨੇ ਦੁੱਧ ਲਿਆ; ਪੀਤਾ ਤੇ ਕਿਹਾ "ਬਿਸ੍ਵੰਭਰ ਹੈਂ! ਸਰਬੰ ਭਰ ਹੈਂ। ਧੰਨ ਪਰਵਦਗਾਰ!!! ਮਾਹੀ! ਲੈ ਇਹ ਲੋਟਾ ਤੂੰਹੋਂ ਰੱਖ ਤੂੰ ਰੱਜ ਖਾਏਂਗਾ*।"

ਫਿਰ ਰਾਇ ਕੱਲੇ ਨੂੰ ਖ਼ਬਰ ਹੋਈ ਕਿ ਗੁਰੂ ਜੀ ਉਸਦੇ ਲਾਗੇ ਆ ਗਏ ਹਨ। ਅਗੋਂ ਲੈਣ

*ਇਹ ਖਤ ਪਿਛੇ ੧੧੫ ਸਫੇ ਉਪਰ ਇਸੇ ਪੋਥੀ ਵਿਚ ਛਪਿਆ ਹੈ।

*ਇਹ ਲੋਟਾ ਅਜੇ ਤੱਕ ਹੈ। ਲੋਕੀ ਦੇਖਣ ਜਾਂਦੇ ਹਨ। ਛੇਕੋ ਛੇਕ ਹੈ ਪਰ ਜਦ ਲੋਟਾ ਭਰ ਜਾਏ ਤਾਂ ਪਾਣੀ ਵਿਚੋਂ ਨਹੀਂ ਸਿੰਮਦਾ।

ਆਇਆ, ਬੜਾ ਪਿਆਰ ਕੀਤੋ ਸੁ, ਆਪਣੇ ਪਾਸ ਰਖਿਓਸੁ, ਸੇਵਾ ਕੀਤੀਓਸੁ। ਇਥੇ ਹੀ ਖ਼ਬਰ ਆਈ ਛੋਟੇ ਸਾਹਿਬਜ਼ਾਦਿਆਂ ਦੀ ਵਹਿਸ਼ੀਆਨਾ ਤਰੀਕੇ ਨਾਲ ਸ਼ਹੀਦ ਕੀਤੇ ਜਾਣ ਦੀ ਤੇ ਮਾਤਾ ਜੀ ਦੇ ਪ੍ਰਲੋਕ ਪਿਆਣੇ ਦੀ। ਹੁਣ ਵੀ ਝਵੀਂ ਨਹੀਂ ਖਾਧੀ। ਰਾਇ ਕਲੇ ਪੁੱਛਿਆ "ਸਾਹਿਬ ਜੀ! ਓੜਕ ਹੋ ਗਈ, ਆਪ ਹੁਣ ਬੀ ਓਸੇ ਰੰਗ ਹੋ, ਹੁਣ ਕੀਹ ਕਰੋਗੇ?" ਆਖਣ ਲਗੇ "ਜ਼ਾਲਮ ਰਾਜ ਨੂੰ ਅਕਲ ਦਿਆਂਗੇ! ਸਹੁੰ ਤੋੜਕੇ ਇਹ ਸਾਕੇ ਵਰਤਾਕੇ ਮੁਗਲਾਂ ਨੇ ਆਪਣੀ ਜੜ੍ਹ ਤੇ ਆਪ ਕੁਹਾੜੀ ਧਰ ਲਈ ਹੈ। ਕੱਲਿਆ! ਪਹਿਲਾਂ ਸਦਾਚਾਰੀ ਮੌਤ ਆਉਂਦੀ ਹੈ, ਰਾਜਸੀ ਮੌਤ ਮਗਰ ਮਗਰ ਟੁਰੀ ਆਉਂਦੀ ਹੈ।" ਰਾਇ ਕੱਲਾ ਕੰਬਿਆ। "ਪਾਤ-ਸ਼ਾਹ ਮੈਂ ਬੀ ਉਸੇ ਕੌਮ ਮਜ਼ਹਬ ਦਾ ਹਾਂ, ਮੇਰੀਆਂ ਜੜ੍ਹਾਂ ਬਚਾ ਲਓ"। ਆਪ ਨੇ ਤਲਵਾਰ ਦਿੱਤੀ ਤੇ ਕਿਹਾ, "ਇਸਨੂੰ ਸੰਭਾਲ ਲਓ ਜਦ ਤਕ ਆਦਰ ਨਾਲ ਰਖੋਗੇ ਤੁਸਾਂ ਦੀ ਜੜ੍ਹ ਹਰੀ ਰਹੇਗੀ, ਰਾਜ ਰਹੇਗਾ।" ਫਿਰ ਕੱਲੇ ਕਿਹਾ "ਪਾਤਸ਼ਾਹ ਜਿਨ੍ਹਾਂ ਦੀ ਰਖਜਾ ਦਾ ਦਮ ਭਰ ਰਹੇ ਹੋ, ਜਿਨ੍ਹਾਂ ਪਿਛੇ ਆਹ ਅਕਹਿ ਤਸੀਹੇ ਭੋਗੇ ਨੇ, ਹਰ ਮੌਕੇ ਤੇ ਬੇ-ਈਮਾਨ ਤੇ ਅਕ੍ਰਿਤਘਣ ਸਾਬਤ ਹੋਏ ਹਨ, ਛੱਡੋ ਇਨ੍ਹਾਂ ਦਾ ਖਹਿੜਾ"। ਤਾਂ ਕਹਿਣ ਲਗੇ "ਜੋ ਕੀਤਾ ਹੈ ਠੀਕ ਹੈ ਤੇ ਉਹੋ ਕਰਨਾ ਹੈ, ਜਗਤ ਅਜਾਣ ਹੈ, ਦਬੇਲ ਹੈ, ਕਰੇ ਜੋ ਚਾਹੇ, ਅਸਾਂ ਆਪਣਾ ਇੰਦੀਆ ਹਰ ਹਾਲ ਪੂਰਾ ਕਰਨਾ ਹੈ" ਇਹ ਹੈ ਤਸਵੀਰ ਅਝਵੇਂ ਦਿਲ ਦੀ।

ਜਦੋਂ ਗੁਰੂ ਸਾਹਿਬ ਜੀ ਦੇ ਘਰੋਂ ਸ੍ਰੀ ਮਾਤਾ ਜੀ ਦਮਦਮੇ ਅੱਪੜਦੇ ਹਨ ਤੇ ਉਸ ਵੇਲੇ ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋ ਜਾਣ ਪਰ ਨੈਣ ਭਰ ਭਰ ਡੁੱਲ੍ਹਦੇ ਹਨ, ਤਾਂ ਗੁਰੂ ਜੀ ਸਾਹਮਣੇ ਬੈਠੇ ਸਿਖਾਂ ਵਲ ਪਿਆਰ ਦੀ ਨਜ਼ਰ ਮਾਰਕੇ ਇਕ ਵਾਕ ਉਚਾਰਦੇ ਹਨ, ਜਿਸਨੂੰ ਕਿਸੇ ਕਵਿ ਨੇ ਐਉਂ ਦੱਸਿਆ ਹੈ:-

ਇਨ ਪੁੱਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥
ਚਾਰ ਗਏ ਤੋ ਕਯਾ ਭਯਾ ਏਹ ਜੀਵਤ ਲਾਖ ਹਜ਼ਾਰ॥

ਇਹ ਸਮਾਂ ਸੀ ਜਿਸ ਵਿਚ ਦਿਲ ਜ਼ਰੂਰ ਕਾਂਪ ਖਾਂਦਾ ਹੈ। ਮਾਂ ਦੇ ਵੈਰਾਗ ਦਾ ਉਹ ਨਕਸ਼ਾ ਜੋ ਇਕ ਪੁੱਤਰ ਦੇ ਵਿਯੋਗ ਤੋਂ ਪਿਆ ਹੋਵੇ ਕਿਸੇ ਤੋਂ ਨਹੀਂ ਡਿੱਠਾ ਜਾ ਸਕਦਾ। ਜਿਹੜੀ ਮਾਂ ਚਾਰ ਸੂਰਮੇ ਪੁੱਤਰਾਂ ਦੇ ਵਿਯੋਗ ਦੀ ਸੱਟ ਖਾਕੇ ਬਿਹਬਲ ਹੋ ਰਹੀ ਹੋਵੇ, ਉਸ ਨੂੰ ਦੇਖਕੇ ਕੌਣ ਅੱਥਰੂ ਠੱਲ੍ਹ ਸਕਦਾ ਹੈ? ਫਿਰ ਪਿਤਾ ਕਿ ਜਿਸਦੀਆਂ ਚਹੁੰਆਂ ਦੇ ਚਲਾਣੇ ਨਾਲ ਆਪਣੀਆਂ ਆਂਦਰਾਂ ਕਲਵਲ ਹੋਣੀਆਂ ਚਾਹੀਏ ਪਰ ਤੱਕੋ ਅਝੱਵੇਂ ਦਿਲ ਵਾਲੇ ਗੁਰੂ ਦੀ ਦਿਲ-ਤਸਵੀਰ ਕਿ ਇਸ ਵੈਰਾਗਾਂ ਦੇ ਸਿਰ ਵੈਰਾਗ ਵਾਲੇ ਸਮੇਂ ਬੀ ਆਪ ਆਪਣੇ ਸਿਖਾਂ ਨੂੰ ਪੁੱਤਰ ਵੇਖ ਰਹੇ ਹਨ, ਆਪਣੇ ਆਦਰਸ਼ ਤੇ ਖੜੇ ਹਨ ਅਰ ਵਿਯੋਗੀ ਮਾਂ ਨੂੰ ਉਪਦੇਸ਼ ਦੇ ਰਹੇ ਹਨ ਕਿ "ਇਨ੍ਹਾਂ ਪੁੱਤ੍ਰਾਂ ਵਿਚ ਪੁਤ੍ਰ ਭਾਵਨਾ ਕਰਕੇ ਸੁਖੀ ਹੋ ਜਾਓ। ਪੁਤ੍ਰ ਅਰ ਸਰਬੰਸ ਦੇਕੇ ਇਹ ਪੰਥ ਸਾਜਿਆ ਹੈ ਜੋ ਜਗਤ ਦਾ ਉਧਾਰ ਕਰੇਗਾ, ਨਿਰਾ 'ਪੁਤ੍ਰ-ਮੋਹ' ਕੁਛ ਨਹੀਂ। ਪੁਤ੍ਰਾਂ ਦਾ ਸਫਲ ਜੀਵਨ ਪਿਤਾ ਤੇ ਮਾਤਾ ਲਈ ਅਸਲ 'ਪੁਤ੍ਰ-ਪ੍ਰੇਮ' ਦੀ ਟੇਕ ਹੈ।"

ਫਿਰ ਇਕ ਹੋਰ ਦਿਲ ਢਾ ਦੇਣ ਵਾਲਾ ਸਮਾਂ ਆਉਂਦਾ ਹੈ। ਮਾਝੇ ਤੋਂ ਇਕ ਵਹੀਰ ਸਤਿਗੁਰਾਂ ਪਾਸ ਜਾਂਦਾ ਹੈ, ਜਿਸ ਵੇਲੇ ਕਿ ਸੂਬਾ ਸਰਹਿੰਦ ਗੁਰੂ ਜੀ ਦੀ ਸੂੰਹ ਪਾਕੇ ਪੰਜ ਹਜ਼ਾਰ ਫੌਜ ਨਾਲ ਮਾਲਵੇ ਵਲ ਹਮਲਾ ਕਰਨ ਜਾ ਰਿਹਾ ਹੈ। ਵਹੀਰ ਸਿੱਖਾਂ ਦਾ ਹੈ, ਓਹ ਜਾਕੇ ਅਰਜ਼ ਕਰਦੇ ਹਨ ਕਿ "ਆਪ ਜੰਗ ਬੰਦ ਕਰ ਦਿਓ। ਸ਼ਾਂਤਿ ਵਿਚ ਹੋਕੇ ਗੁਰਿਆਈ ਦਾ ਕੰਮ ਕਰੋ। ਪਾਤਸ਼ਾਹ ਪਾਸ ਜਾਕੇ ਅਸੀਂ ਸੁਲਹ ਸਮੱਸਿਆ ਕਰਵਾ ਦਿੰਦੇ ਹਾਂ"। ਉਨ੍ਹਾਂ ਦੇ ਵਿਚਾਰ ਸੁਣਕੇ ਆਪ ਆਖਦੇ ਹਨ "ਮੈਂ ਗੁਰੂ ਹਾਂ ਤੁਸੀਂ ਸਿਖ ਹੋ, ਮੇਰਾ ਕੰਮ ਸਿਖਜਾ ਦੇਣਾ ਹੈ, ਸਿਖਜਾ ਲੈਣਾ ਨਹੀਂ। ਜੇ ਕਹੋ ਪਾਤਸ਼ਾਹ ਪਾਸ ਤੁਸਾਡਾ ਕੁਛ ਰੋਅਬ ਹੈ ਤਾਂ ਗੁਰੂ ਅਰਜਨ ਦੇਵ ਜੀ ਦੇ ਸਾਕੇ ਵੇਲੇ ਤੁਸਾਡਾ ਰੋਅਬ ਕਿੱਥੇ ਸੀ? ਜੇ ਕਹੋ ਮੈਂ ਅਪਣੇ ਸਿਰ ਪਏ ਖੇਦਾਂ ਤੋਂ ਘਬਰਾਕੇ ਹੁਣ ਬਹਾਨਾ ਭਾਲਦਾ ਹਾਂ ਕਿ ਕਿਸੇ ਖੂੰਜੇ ਬਹਿਕੇ ਦਿਨ-ਕਟੀ ਕਰ ਸਕਾਂ, ਤਾਂ ਤੁਸੀਂ ਭੁੱਲ ਤੇ ਹੋ, ਮੈਂ ਜੋ ਕੁਛ ਕਰ ਰਿਹਾ ਹਾਂ ਦਰੁਸਤ ਹੈ, ਮੈਂ ਇਹੋ ਕੁਛ ਕਰਨਾ ਹੈ। ਤੁਸੀਂ ਜੋ ਸਿੱਖ ਹੋ ਤਾਂ ਵਜ਼ੀਰ ਖਾਂ ਆ ਰਿਹਾ ਹੈ ਆਓ ਮੇਰੇ ਨਾਲ ਹੋਕੇ ਉਸ ਨਾਲ ਲੜੋ। ਘਰੋਂ ਤੁਸੀਂ ਸਾਮਾਨੇ ਜੰਗ ਲੈਕੇ ਟੁਰੇ ਹੋ, ਜੋਧੇ ਹੋ ਆਓ

ਨਿੱਤਰੋ।'' ਉਨ੍ਹਾਂ ਕਿਹਾ ''ਜੰਗ ਦੀ ਲੋੜ ਹੀ ਚੁਕਾ ਦੇਂਦੇ ਹਾਂ, ਸੁਲਹ ਕਰਾ ਦਿੰਦੇ ਹਾਂ।'' ਫੁਰਮਾਉਣ ਲਗੇ ''ਬਦੀ ਨਾਲ ਨੇਕੀ ਦੀ ਸੁਲਹ ਕੀ ਅਰਥ ਰਖਦੀ ਹੈ, ਆਓ ਜੇ ਸਿਖ ਹੋ ਤਾਂ ਬਦੀ ਨਾਲ ਜੰਗ ਕਰੋ। ਜੇ ਨਹੀਂ ਹੋ ਤਾਂ ਬੇਦਾਵਾ ਲਿਖ ਦਿਓ।'' ਉਸ ਵੇਲੇ ਸਾਰੇ ਸਿਖਾਂ ਲਿਖ ਦਿਤਾ ਕਿ ''ਅਸੀਂ ਅੱਜ ਤੋਂ ਆਪ ਦੇ ਸਿਖ ਨਹੀਂ।'' ਉਮੰਤ ਤੋਂ ਟੁੱਟਕੇ ਪੈਗੰਬਰ, ਸੈਨਾਂ ਤੋਂ ਬੇਦਾਵਾ ਲੈਕੇ ਸੈਨਾਪਤ ਕੌਣ ਹੈ ਜੋ ਦਿਲਝੱਵੀਂ ਨਹੀਂ ਖਾਂਦਾ। ਪਰ ਤੱਕੋ ਸੂਰਮਾ! ਨੇਣ ਉੱਚੇ ਚਾੜ੍ਹਕੇ ਮੁਸਕ੍ਰਾਉਂਦਾ ਘੋੜੇ ਚੜ੍ਹਦਾ ਤੇ ਅਪਣੀ ਛੋਟੀ ਜਿਹੀ ਸੈਨਾ, ਜੋ ਹੁਣ ਨਵੀਂ ਸਾਜੀ ਸਾਸੁ, ਨਾਲ ਲੈਕੇ ਅਗੇ ਟੁਰ ਪੈਂਦਾ ਹੈ। ਇਹ ਅਹਿੱਲ ਅਭੈਤਾ ਤੇ ਦ੍ਰਿੜਤਾ ਉਨ੍ਹਾਂ ਬੇਦਾਵੇ ਲਿਖਣ ਵਾਲਿਆਂ ਦੇ ਦਿਲ ਤੇ ਅਸਰ ਕਰਦੀ ਹੈ, ਅਰ ਇਕ ਉਨ੍ਹਾਂ ਵਿਚੋਂ ਆਖਦਾ ਹੈ:-'ਸਜਣੋ! ਇਸ ਗੁਰੂ ਜੈਸਾ ਮਹਾਨ ਚਿਤ ਕਿਥੋਂ ਲੱਭੇਗਾ? ਦੇਖੋ ਕਿਸ ਉੱਚੇ ਦਿਲ ਵਾਲਾ ਹੈ। ਕੈਸਾ ਅਭੈ, ਕੈਸਾ ਆਪਾ ਸਦਕੇ ਕਰਨ ਵਾਲਾ ਹੈ, ਸਾਡੇ ਪਿੱਛੇ ਚਾਰ ਪੁੱਤਰ, ਧਨ, ਧਾਮ, ਮਾਤਾ ਸਦਕੇ ਕਰ ਚੁਕਾ ਹੈ। ਹੈਫ ਹੈ ਸਾਡੇ! ਕਿ ਅਸੀਂ ਇਸ ਨਾਲੋਂ ਟੁੱਟੀਏ।'' ਹਾਂ ਇਹ ਮਨੁੱਖ 'ਮਹਾਂ ਸਿੰਘ' ਕੁੱਦ ਕੇ ਪਰੇ ਹੋ ਖੜੋਤਾ, ਲੀਕ ਵਾਹਕੇ ਕਹਿਣ ਲਗਾ, ''ਆਓ ਜਿਸਨੇ ਮਰਨਾ ਹੈ ਅੱਜ ਮੇਰੇ ਨਾਲ ਇਸ ਗੁਰੂ ਦੇ ਹੁਕਮ ਉੱਤੇ, ਇਹ ਲੀਕ ਟੱਪ ਕੇ ਮੇਰੇ ਪਾਸ ਆ ਜਾਓ। ਸ਼ਹੀਦ ਹੋਣਾ ਹੈ ਅੱਜ ਜਿਸ ਨੇ ਆ ਜਾਓ।'' ਗੁਰੂ ਜੀ ਦੀ ਅਹਿੱਲ ਸੂਰਮਗਤੀ ਅਪਣੀ ਛੁਹ ਲਾ ਗਈ ਸੀ, ਸਾਰੇ ਦੇ ਸਾਰੇ ਲੀਕੋਂ ਪਾਰ ਆ ਗਏ। ਹਾਂ, ਇਕ ਤ੍ਰੀਮਤ ਸੀ ਭਾਗੋ, ਉਹ ਵੀ ਹੱਥ ਵਿਚ ਸਾਂਗ ਲੈਕੇ ਲੀਕੋਂ ਪਾਰ ਆ ਗਈ। ਇੰਨੇ ਨੂੰ ਹਮਲਾਆਵਰਾਂ ਦੇ ਢੋਲ ਸੁਣ ਪਏ। ਉੱਥੇ ਹੀ ਜਿੱਥੇ ਉਸ ਵੇਲੇ ਖਿਦਰਾਣੇ ਦੀ ਸੁੱਕੀ ਢਾਬ ਸੀ ਤੇ ਮਲ੍ਹਿਆਂ ਦਾ ਘਣਾ ਜੰਗਲ ਸੀ, ਜਿੱਥੇ ਅੱਜ ਮੁਕਤ-ਸਰ ਹੈ, ਸੂਰਮੇ ਡਟ ਗਏ, ਅਰ ਹਮਲਾਅਵਰਾਂ ਨਾਲ ਸਾਰਾ ਦਿਨ ਲੜਕੇ ਸਾਰੇ ਸ਼ਹੀਦ ਹੋ ਗਏ। ਲੌਢੇ ਪਹਿਰ ਵਜ਼ੀਰ ਖਾਂ ਨੇ ਆਕੇ ਡਿੱਠਾ ਕਿ ਮੇਰੇ ਤੋਂ ਕਿਤੇ ਘੱਟ ਸੈਨਾ ਨੇ ਮੇਰੀ ਸੈਨਾ ਦੇ ਆਹੂ ਲਾਹ ਘੱਤੇ ਹਨ ਤੇ ਸਾਰੇ ਕੀਕੂੰ ਸ਼ਹੀਦ ਹੋਏ ਪਏ ਹਨ। ਫਿਰ ਉਸ ਡਿੱਠਾ ਕਿ ਮੈਂ ਤਾਂ ਖਿਦਰਾਣੇ ਦੀ ਢਾਬ ਦਾ ਕਬਜ਼ਾ ਲੈਣ ਵਾਸਤੇ ਜੰਗ ਕੀਤਾ ਸੀ ਕਿ ਪਾਣੀ ਮਿਲ ਜਾਏਗਾ ਤੇ ਇਹ ਸੁੱਕੀ ਪਈ ਹੈ, ਅਗੇ ਪਤਾ ਲਗੋਸੁ ਕਿ ਪਾਣੀ ਵੀਹ ਪੰਝੀ ਕੋਹ ਤੇ ਹੈ ਤੇ ਪਿਛੇ ਪਰਤਾਂ ਤਾਂ ਨੇੜੇ ਹੈ, ਸੋ ਪੈਰ ਸਿਰ ਤੇ ਧਰਕੇ ਬਚੀ ਸੈਨਾ ਨਾਲ ਲੈਕੇ ਮੁੜ ਗਿਆ ਪਿੱਛੇ ਨੂੰ ਉਸੇ ਵੇਲੇ।

ਗੁਰੂ ਗੋਬਿੰਦ ਸਿੰਘ ਜੀ ਉੱਥੋਂ ਅੱਗੇ ਜਾਕੇ ਇਕ ਟਿੱਬੀ ਤੇ ਡਟੇ ਦੁਸ਼ਮਨ ਦਲ ਪਰ ਸਾਰਾ ਦਿਨ ਤੀਰ ਵਰਸਾਉਂਦੇ ਰਹੇ ਸੇ, ਹੁਣ ਹੇਠਾਂ ਉਤਰੇ ਮਕਤੂਲਾਂ ਦੇ ਮੈਦਾਨ ਵਿਚ ਆਏ। ਸਭ ਮਰ ਚੁਕੇ ਸੇ, ਇਕ ਜੀਉਂਦਾ ਸੀ ਮਹਾਂ ਸਿੰਘ, ਆਖਰੀ ਦਮਾਂ ਤੇ ਸੀ, ਉਸਦਾ ਸਿਰ ਪੱਟਾਂ ਤੇ ਧਰਿਆ, ਮੂੰਹ ਅਪਣੇ ਰੁਮਾਲ ਨਾਲ ਪੂੰਝਿਆ, ਪਾਣੀ ਅਪਣੇ ਹਥਾਂ ਨਾਲ ਮੂੰਹ ਵਿਚ ਚੋਇਆ, ਉਸਦੇ ਨੈਣ ਖੁੱਲ੍ਹੇ, ਪਿਆਰੇ ਦੇ ਨੈਣ ਵੇਖੇ ''ਸ਼ੁਕਰ'' ''ਸ਼ੁਕਰ ਥਿੜ-ਕਦੇ ਬੁਲ੍ਹਾਂ ਨੇ ਕੀਤਾ। ਸਾਹਿਬ ਬੋਲੇ, ਹਾਂ, ਜ਼ੋ ਕਦੇ ਨਹੀਂ ਸਨ ਝਵੇਂ ਹੁਣ ਚਾਉ ਪਰ ਵੈਰਾਗੀ ਚਾਉ ਵਿਚ ਆਕੇ ਬੋਲੇ: ''ਮਹਾਂ ਸਿੰਘ! ਕੁੱਝ ਮੰਗ?'' ਸਦਾ ਲਈ ਬੰਦ ਹੋ ਜਾਣ ਵਾਲੇ ਲਬਾਂ ਨੇ ਆਖਿਆ ''ਸਾਹਿਬ ਟੁੱਟੀ ਗੰਢ''। ਉਸ ਵੇਲੇ ਜੇਬ ਵਿਚੋਂ ਬੇਦਾਵੇ ਦਾ ਕਾਗਤ ਕੱਢਕੇ ਪੈਗੰਬਰ ਜੋਧਾ ਨੇ ਉਸ ਦੇ ਆਖਰੀ ਵੇਰ ਲਈ ਖੁੱਲ੍ਹੇ ਨੈਣਾਂ ਨੂੰ ਦਿੱਖਾ ਕੇ ਪਾੜ ਦਿਤਾ ਤੇ ਉਸਦਾ ਸਿਰ ਛਾਤੀ ਨਾਲ ਲਾਕੇ ਇਕ ਅੱਥਰੂ ਉਸਦੇ ਮੱਥੇ ਤੇ ਕੇਰਕੇ ਸਦਾ ਲਈ ਉਸਨੂੰ ਅਨੰਤ-ਪਿਆਰ ਦੀ ਗੋਦ ਵਿਚ ਟਿਕਾ ਦਿਤਾ; ਇਹ ਹੈ ਗੁਰੂ ਗੋਬਿੰਦ ਸਿੰਘ ਜੀ ਦੇ ਅਝਵੇਂ ਦਿਲ ਦੀ ਤਸਵੀਰ ਜੋ ਭੈ ਨਹੀਂ ਦੇਂਦਾ ਪਰ ਕਦੇ ਭੈ ਨਹੀਂ ਖਾਂਦਾ।

ਮਾਛੀਵਾੜੇ ਤੋਂ ਔਰੰਗਜ਼ੇਬ ਵਲ ਲਿਖੇ ਖ਼ਤ ਵਿਚ ਕੈਸੀ ਅਝਵੀਂ ਦਿਖਾਈ ਹੈ:-

ਮਨ ਅਕਨੂ ਬ ਅਫਜ਼ਾਲੇ ਪੁਰਸ਼ੇ ਅਕਾਲ।
ਕੁਨਮ ਆਬੇ ਆਹਨ ਚੁਨਾਂ ਬਰ ਸ਼ਿਕਾਲ*।

ਫੇਰ 'ਦੀਨੇ' ਨਗਰ ਪੁੱਜ ਕੇ ਆਪ ਜੀ ਨੇ ਜੋ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਹੈ ਉਸ ਵਿਚ ਕੈਸੀ ਅਝੱਵੀਂ ਦਿਖਾਈ ਹੈ। ਯਥਾ:-

*ਪਿਛੇ ਦੇਖੋ ਸਫਾ ੧੧੫ ਤੋਂ ੧੧੭ ਤੇ ਸਾਰਾ ਖਤ ਤੇ ਤਰਜੁਮਾ।

ਤੁਰਾ ਗਰ ਨਜ਼ਰ ਹਸਤ ਲਸ਼ਕਰ ਵਜ਼ਰ।
ਕਿ ਮਾਰਾ ਨਿਗਾਹਸਤ ਯਜ਼ਦਾਂ ਸ਼ੁਕਰ।
ਕਿ ਓ ਰਾ ਗ਼ਰੂਰਸਤ ਬਰ ਮੁਲਕੋ ਮਾਲ।
ਵ ਮਾਰਾ ਪਨਾਹਸਤ ਯਜ਼ਦਾਂ ਅਕਾਲ[1]।

ਕੈਸਾ ਕਮਾਲ ਹੈ, ਕੈਸੀ ਸੱਚ ਪੁਰ ਟੇਕ ਹੈ। ਫਿਰ ਬਾਦਸ਼ਾਹ ਨੂੰ ਆਪ ਜੀ ਨੇ ਗਲਾਂ ਕਰਨ ਲਈ ਸੱਦ ਭੇਜਿਆ ਹੈ ਤੇ ਨਾਲ ਹੀ ਦੱਸਿਆ ਹੈ ਕਿ ਚਿੰਗਾਰੇ ਅੱਗ ਦੇ ਤੈਂ ਬੁਝਾਕੇ ਵਡਾ ਭਾਂਬੜ ਬਾਲ ਦਿੱਤਾ ਹੈ[2]। ਦੁਇ ਆਪ ਦੇ ਲਿਖੇ ਖਤ ਪੜ੍ਹਨ ਤੋਂ ਆਪ ਜੀ ਦੇ ਅਝੱਵੇਂ ਦਿਲ ਦਾ ਨਕਸ਼ਾ ਆਪ ਜੀ ਦੇ ਹੀ ਸ੍ਰੀ ਮੁਖਵਾਕਾਂ ਤੋਂ ਪ੍ਰਗਟ ਹੋ ਜਾਂਦਾ ਹੈ, ਤੇ ਨਾਲ ਹੀ ਸੱਚੀ ਗਲ ਮੰਨ ਲੈਣ ਤੇ ਦੁਸ਼ਮਨ ਦੇ ਬੀ ਗੁਣਾਂ ਨੂੰ ਗੁਣ ਕਹਿਣ ਦੀ ਇਨਸਾਫ-ਦਿਲੀ ਕਮਾਲ ਦੀ ਹੈ।

ਮਾਲਵੇ ਵਿਚ ਤਲਵੰਡੀ ਸਾਬੋ ਪਹੁੰਚਣ ਤੋਂ ਪਹਿਲਾਂ ਮਾਲਵੇ ਦੀ ਨਵੀਂ ਸੈਨਾਂ ਤਨਖਾਹ ਲਈ ਅੜ ਖਲੋਤੀ। ਇਨ੍ਹਾਂ ਤੋਂ ਆਪ ਨੇ ਪੁਛਿਆ ਸਿੱਖੀ ਕਿ ਤਨਖਾਹ? ਉਨ੍ਹਾਂ ਕਿਹਾ ਤਨਖਾਹ। ਹੁਣ ਮਲ-ਵਈਆਂ ਵਲੋਂ ਦਿਲਝਵੀਂ ਦਾ ਸਮਾ ਆਯਾ ਹੈ। ਆਪ ਅਹਿੱਲ ਖੜੇ ਹਨ। ਤਨਖਾਹਾਂ ਚੁਕਾ ਕੇ ਉਨ੍ਹਾਂ ਦੇ ਜਥੇਦਾਰ (ਦਾਨਾ ਸਿੰਘ) ਨੂੰ ਕਹਿੰਦੇ ਹਨ ਤੈਨੂੰ ਕਿੰਨੀ ਤਨਖਾਹ ਦੇਈਏ। ਤਾਂ ਉਸਨੇ ਕਿਹਾ: 'ਸਿੱਖੀ'। ਦੋ ਤ੍ਰੈ ਵੇਰੀ ਪੁੱਛ ਹੋਈ ਇਹੋ ਉੱਤਰ ਮਿਲਿਆ। ਤਾਂ ਅਹਿੱਲ ਸਤਿਗੁਰ ਹੱਸੇ ਤੇ ਕਹਿਣ ਲਗੇ ਮਾਝੇ ਦੀ ਮਹਾਂ ਸਿੰਘ ਨੇ ਤੇ ਮਾਲਵੇ ਦੀ ਦਾਨਾ ਸਿੰਘ ਨੇ ਰਖ ਲਈ ਹੈ। ਦੁਇ ਇਲਾਕੇ ਬਖਸ਼ੇ ਗਏ।

ਫਿਰ ਆਪ ਦਮਦਮੇ ਟਿਕੇ, ਬੈਰਾੜਾਂ ਦਾ ਸਰ-ਦਾਰ ਡੱਲਾ ਸਿਖ ਸੀ, ਨੌ ਮਹੀਨੇ ਉਸਦੇ ਪਾਸ ਰਹੇ ਫਿਰ ਆਪਣਾ ਖਾਨਦਾਨੀ ਸਿਖ ਰਾਮ ਸਿੰਘ ਮਿਲਿਆ। ਹੁਣ ਗੁਰੂ ਜੀ ਦੱਖਣ ਨੂੰ ਟੁਰੇ, ਆਪਦਾ ਸੰਕਲਪ ਜਾਪਦਾ ਹੈ ਕਿ ਦੱਖਣ ਜਾਕੇ ਜੇ ਸਿੱਧੀ ਤਰ੍ਹਾਂ ਔਰੰਗਜ਼ੇਬ ਇਨਸਾਫ ਤੇ ਆ ਜਾਵੇ ਤਾਂ ਵਾਹਵਾਹ, ਨਹੀਂ ਤਾਂ ਆਪਣੇ ਕੰਮ ਦਾ ਟਿਕਾਣਾ ਥਾਪ ਕੇ ਉੱਥੋਂ ਆਪਣੇ ਆਦਰਸ਼ ਦੇ ਪੂਰੇ ਕਰਨ ਦੇ ਕੰਮਾਂ ਨੂੰ ਨਵੇਂ ਸਿਰੇ ਛੇੜ ਦੇਈਏ, ਜੋ ਆਪਣੇ ਪਹਿਲੇ ਸਾਜੇ ਨਿਵਾਜੇ ਸਿਖਾਏ ਲਾਇਕ ਕੀਤੇ ਸੂਰਮੇ ਜੋਧੇ ਨੀਤੀ ਵੇਤਾ ਤੇ ਦਾਨੇ ਸੇ ਬਹੁਤੇ ਸ਼ਹੀਦ ਹੋ ਚੁਕੇ ਸੇ। ਆਪ ਚਾਹੁੰਦੇ ਸੇ ਕਿ ਚੰਗੇ ਚੰਗੇ ਸੂਰਮੇ ਤੇ ਆਪਾ ਵਾਰੂ ਪੁਰਾਣੇ ਮਿੱਤਰ ਜੋ ਬਚੇ ਬਚਾਏ ਮੁੜ ਇਕੱਠੇ ਆ ਹੋਏ ਹਨ, ਨਾਲ ਲੈ ਚੱਲੀਏ ਤੇ ਦੱਖਣ ਤੋਂ ਫੇਰ ਜਥੇ ਥਾਪਕੇ ਖਾਸ ਖਾਸ ਜਥੇਦਾਰਾਂ ਹੇਠ ਖਾਸ ਖਾਸ ਕਾਰਜ ਅਰੰਭੀਏ। ਇਹ ਅਨੁਮਾਨ ਆਪ ਦੇ ਉਸ ਸਮੇਂ ਦੇ ਕੰਮਾਂ ਤੋਂ ਹੁੰਦਾ ਹੈ। ਡੱਲਾ ਤੇ ਰਾਮ ਸਿੰਘ ਦੱਖਣ ਨੂੰ ਨਾਲ ਟੁਰੇ ਪਰ ਇਕ ਸਵੇਰੇ ਜਦ ਆਪ ਨੇ ਡੱਲੇ ਨੂੰ ਅਵਾਜ਼ ਦਿਤੀ ਤਾਂ ਇਕ ਬੇਨਵਾ ਫਕੀਰ ਨੇ ਹੱਸ ਕੇ ਟੱਪਾ ਬੋਲਿਆ:-"ਨਾ ਡੱਲਾ ਨਾ ਮੱਲਾ ਤੇ ਗੁਰੂ ਇਕ ਇਕੱਲਾ"। ਗੁਰੂ ਜੀ ਨੇ ਹੋਰ ਹੱਸਕੇ ਜੁਵਾਬ ਦਿਤਾ:-"ਗੁਰੂ ਨਾਲ ਅੱਲਾ, ਗੁਰੂ ਕਦੇ ਨ ਕੱਲਾ"

ਇਹ ਹੈ ਤਸਵੀਰ ਕਲਗੀਆਂ ਵਾਲੇ ਦੇ ਅਝਵੇਂ ਦਿਲ ਦੀ। ਡਾਢਾ ਪਿਆਰਾ ਮਿੱਤਰ ਡੱਲਾ ਜੋ ਨਿਤ ਕਹਿੰਦਾ ਹੁੰਦਾ ਸੀ "ਮੇਰੀ ਸੈਨਾ ਤੇ ਧਨ ਧਾਮ ਆਪ ਦਾ ਹੈ ਜਿੱਥੇ ਮਰਜ਼ੀ ਹੈ ਲਓ"। ਜੋ ਅਪਣੇ ਲਈ ਇਕ ਪੀਹੜੀ ਦੀ ਥਾਂ ਗੁਰੂ ਚਰਨਾਂ ਵਿਚ ਮੰਗਦਾ ਹੁੰਦਾ ਸੀ, ਜੋ ਨੌਂ ਦਸ ਮਹੀਨੇ ਦੀ ਕਰਨੀ ਕਰਤੂਤ ਨਾਲ ਮਿਤਰ ਸਾਬਤ ਹੋ ਚੁਕਾ ਸੀ, ਉਹ ਰਾਤ ਨੂੰ ਚੋਰੀ ਨੱਸ ਜਾਂਦਾ ਹੈ। ਹੈ ਨਾ ਮਨਸੂਰ ਵਾਲੇ ਹਾਹੁਕੇ ਖਾਣ ਦਾ ਮੌਕਾ, ਪਰ ਹਾਹੁਕੇ ਖਾਣ ਦੀ ਥਾਂ ਅਵਾਜ਼ਾ ਉਠਦਾ ਹੈ-'ਗੁਰੂ ਨਾਲ ਅੱਲਾ, ਗੁਰੂ ਕਦੇ ਨ ਕੱਲਾ।'

ਕੈਸਾ ਅਝਵਾਂ ਹਿਰਦਾ ਹੈ। ਅਜੇ ਹੋਰ ਤੱਕੋ:- ਇਕ ਦਿਨ ਤੜਕ ਸਾਰ ਪੀਹੜੀਆਂ ਦਾ ਸੱਜਣ ਰਾਮ ਸਿੰਘ-ਜਿਸ ਦਾ ਪਿਉ ਦਾਦਾ ਪਿਛਲੇਰੇ ਸਤਵੇਂ ਗੁਰਾਂ ਦੇ ਸਮੇਂ ਤੋਂ ਸਿਦਕ ਵਾਲੇ ਤੇ ਜਾਨਾਂ ਨੁਛਾਵਰ ਕਰਨ ਵਾਲੇ ਸਿਖ ਸੇ ਉਹ ਬੀ ਚੋਰੀ ਨੱਸ ਗਿਆ। ਪਤਾ ਮਿਲਨ ਤੇ ਸਤਿਗੁਰਾਂ ਸਵਾਰ ਦੁੜਾਇਆ, ਰਾਮ ਸਿੰਘ ਨੇ ਸਵਾਰ ਨੂੰ ਕਿਹਾ, "ਗੁਰੂ ਜੀ ਨੂੰ ਕਹਿ ਦਿਓ ਮੇਰੇ ਤੇ ਖਿਮਾਂ ਕਰਨ ਮੈਂ ਨਹੀਂ ਦੱਖਣ ਨੂੰ ਨਾਲ ਜਾ ਸਕਦਾ"। ਫਿਰ ਗੁਰੂ ਜੀ ਨੇ ਦੁਬਾਰਾ ਸਵਾਰ ਘੱਲਿਆ ਕਿ "ਇਕ ਵੇਰੀ ਆਕੇ ਸਾਡਾ ਬਚਨ ਸੁਣ ਜਾ ਫਿਰ ਬੇਸ਼ਕ ਮੁੜ ਜਾਈਂ" ਪਰ ਰਾਮ ਸਿੰਘ ਫਿਰ ਭੀ ਨਾ ਮੁੜਿਆ। ਇਹ ਵੇਲਾ ਸੀ ਦਿਲ ਦੇ ਕਾਂਪ ਖਾ ਜਾਣ ਦਾ ਕਿ ਹੈਂ ਜਿਨ੍ਹਾਂ ਦੀ

---

੧. ਪਿਛੇ ਦੇਖੋ ਸਫਾ ੧੮੧।

੨. ਚੰਗਾੜਿਆਂ ਤੋਂ ਭਾਵ ਸ਼ਹੀਦ ਹੋ ਗਏ ਸਾਹਿਬਜ਼ਾਦਿਆਂ ਦਾ ਹੈ, ਤੇ ਭਾਂਬੜ ਤੋਂ ਮੁਰਾਦ ਪ੍ਰਗਟ ਖਾਲਸਾ ਪੁਤਰਾਂ ਦੀ ਹੈ ਜੋ ਸਰਬ ਕਾਲ ਜੀਵੇਗਾ।

ਖ਼ਾਤਰ ਮੈਂ ਆਹ ਕੁਝ ਝੱਲ ਰਿਹਾ ਹਾਂ ਅਰ ਉਹ ਮਿਤਰ ਹਨ, ਕਈ ਆੜੇ ਵੇਲੇ ਸਿਦਕ ਤੇ ਪਿਆਰ ਨਿਬਾਹ ਚੁਕੇ ਹਨ, ਮੇਰੇ ਕੰਮ ਵਿਚ ਕੀ ਅਚਰਜ ਕਠਨਤਾ ਹੈ, ਕਿ ਉਹ ਇੰਨੇ ਅਧੀਰਜੀ ਹੁੰਦੇ ਹਨ, ਕਿ ਮੇਰੀ ਗਲ ਸੁਣਨ ਤਕ ਦੇ ਹੁਣ ਰਵਾਦਾਰ ਨਹੀਂ ਹੁੰਦੇ, ਮੈਂ ਕਿਉਂ ਆਰਾਮ ਨਾਲ ਲਾਂਭੇ ਹੋਕੇ ਦਿਨ ਨਾ ਗੁਜ਼ਾਰਾਂ? ਪਰ ਨਹੀਂ ਇਹ ਭਾਵ ਨੇੜੇ ਨਹੀਂ ਫਟਕਦਾ। ਜਦ ਸੁਣਿਆਂ ਰਾਮ ਸਿੰਘ ਮਾਡੀ ਆਨ ਟੱਪ ਗਿਆ ਤਾਂ ਫੁਰਮਾਉਣ ਲਗੇ, "ਅਭਾਗਾ ਰਾਮ ਸਿੰਘ, ਉਚੇ ਕੰਮ ਵਿਚੋਂ ਅਪਣੀ ਸਾਂਝ ਤੋੜ ਗਿਆ, ਘਰਾਂ ਦੇ ਫਿਕਰ!!! ਚਿਤ ਤੰਗ ਕਰ ਲਿਓਸੁ, ਵਿਸ਼ਾਲ ਦਿਲ ਕਰਕੇ ਦੇਖਦਾ, ਘਰਾਂ ਨਾਲ ਤਾਂ ਟੱਕਰਾਂ ਮਾਰ ਮਾਰ ਮਰਦਿਆਂ ਮਰ ਰਹਿੰਦਾ ਹੈ ਬੰਦਾ, ਤਦੋਂ ਬਣੇਗਾ ਕੀਹ? ਉਹੋ ਨਿਕੇ ਜਿਹੇ ਆਪੇ ਦੀ ਦਿਨ ਕਟੀ ਦੇ ਫਿਕਰ ਵਿਚ ਗਿਆ ਅਭਾਗਾ ਰਾਮ ਸਿੰਘ, ਹਾਂ, ਦਿਲ ਨਿੱਕਾ ਕਰ ਗਿਆ"। ਦੇਖੋ ਇਸ ਸੁੱਚੇ ਤੇ ਉੱਚੇ ਦਿਲ ਨੂੰ ਅਪਣੀ ਬੇਬਸੀ ਦਾ ਖਿਆਲ ਤਕ ਨਹੀਂ ਗੁਜ਼ਰਦਾ ਕਿ ਮੈਂ ਕਿਥੇ ਅੱਪੜ ਗਿਆ ਹਾਂ, ਕਿ ਮਿਤ੍ਰ ਦੇ ਬਾਦ ਮਿਤ੍ਰ ਮੈਨੂੰ ਛਡੀ ਜਾਂਦਾ ਹੈ, ਮੈਂ ਹੁਣ ਕਿਨ੍ਹਾਂ ਨਾਲ ਕੰਮ ਕਰਾਂਗਾ? ਅਪਣੇ ਇੰਦੀਏ ਵਿਚ ਅਹਿੱਲ ਹਨ, ਹਰ ਸ਼ਿਕਸਤ, ਹਰ ਡਰਾ ਦੇਣ ਵਾਲਾ ਵਾਕਿਆ, ਹਰ ਦਿਲ ਤੋੜ ਦੇਣ ਵਾਲੀ ਹੋਣੀ ਗੁਰੂ ਜੀ ਦੇ ਦਿਲ ਤੇ ਕੋਈ ਉਦਾਸੀ ਤੇ ਨਿਰਾਸਤਾ ਦਾ ਰੰਗ ਨਹੀਂ ਚਾੜ੍ਹਦੀ। ਆਪ ਚਲੇ ਗਏ। ਸਰਸੇ ਜਾਕੇ ਖਬਰ ਮਿਲੀ ਕਿ ਇਕ ਸਿਖ ਕੈਦ ਵਿਚ ਹੈ, ਨਬੀ ਖਾਂ ਹਾਕਮ ਨੂੰ ਅਪਣੀ ਕੰਨਜਾ ਨਾ ਦੇਣ ਦੇ ਅਪ੍ਰਾਧ ਵਿਚ। ਪ੍ਰਦੇਸ ਹੈ, ਸਿਖ ਨਾਲ ਥੋੜੇ ਹਨ, ਦੂਜੇ ਪਾਸੇ ਹਾਕਮ ਹੈ। ਖਬਰ ਸੁਣਦੇ ਸਾਰ ਕੁਛ ਸਿੰਘਾਂ ਨੂੰ ਨਾਲ ਲੈਕੇ ਕੈਦਖਾਨੇ ਅੱਪੜਦੇ ਹਨ। ਅਰ ਐਸੀ ਦਾਨਾਈ ਨਾਲ ਪੈਂਦੇ ਹਨ ਕਿ ਬਿਨਾਂ ਇਕ ਕਤਰਾ ਲਹੂ ਡੁਹਲੇ ਦੇ ਸਿਖ ਨੂੰ ਕੈਦ ਤੋਂ ਛੁੜਾਕੇ ਫਿਰ ਨਿਰਭੈ ਹੋਕੇ ਹਾਕਮ ਨੂੰ ਮਿਲ ਪੈਂਦੇ ਹਨ ਤੇ ਉਸ ਪਰ ਅਪਣੀ ਸ਼ਖਸੀਅਤ ਦਾ ਅਸਰ, ਬਹਾਦਰੀ ਦਾ ਰੋਅਬ ਤੇ ਆਪਣੇ ਉਪਦੇਸ਼ ਦਾ ਪ੍ਰਭਾਵ ਪਾਕੇ ਉਸਨੂੰ ਨੇਕੀ ਦੇ ਰਸਤੇ ਦਾ ਇਕ ਸੇਵਕ ਬਣਾਕੇ ਮੁੜਦੇ ਹਨ। ਗੁਰੂ ਜੀ ਦੀ ਉਸ ਵੇਲੇ ਦੀ ਫੌਜੀ ਜਮੀਅਤ ਨੂੰ ਤੱਕੋ ਤਾਂ ਅਕਲ ਕੰਮ ਨਹੀਂ ਕਰਦੀ ਕਿ ਕਿਵੇਂ ਉਹਨਾਂ ਨੇ ਇਸ ਕੰਮ ਦਾ ਨਿਰਭੈ ਹੌਸਲਾ ਕਰ ਲੀਤਾ।

ਕੁਛ ਚਿਰ ਮਗਰੋਂ ਔਰੰਗਜ਼ੇਬ ਮਰ ਗਿਆ ਤੇ ਪੁੱਤਾਂ ਵਿਚ ਜੰਗ ਛਿੜਿਆ, ਬਹਾਦਰ ਸ਼ਾਹ ਨੇ ਨੰਦ ਲਾਲ ਜੀ ਨੂੰ ਗੁਰੂ ਜੀ ਪਾਸ ਘੱਲਿਆ ਕਿ "ਮੇਰੇ ਹੱਕ ਵਿਚ ਦੁਆਇ ਖੈਰ ਕਰੋ। ਅਰ ਪੰਜਾਬ ਤੇ ਹੋਰ ਥਾਂ ਦੇ ਸਿਖਾਂ ਵਿਚ ਮੇਰੇ ਪੱਖ ਦੀ ਆਗਿਆ ਦਿਓ।" ਆਪ ਨੇ ਕਿਹਾ ਕਿ "ਇਨਸਾਫ ਦੀ ਸਹੁੰ ਚਾਏ, ਪੱਖ ਪਾਤ ਛਡੇ ਤੇ ਦੋਸ਼ੀ ਹਾਕਮਾਂ ਤੇ ਸੂਬੇਦਾਰਾਂ ਨੂੰ ਦੰਡ ਦੇਵੇ ਤਾਂ ਅਸੀਂ ਨਾਲ ਹਾਂ"। ਪਾਤਸ਼ਾਹ ਨੇ ਇਕਰਾਰ ਕੀਤਾ। ਸੋ ਆਪ ਫਿਰ ਦੱਖਣ ਜਾਂਦੇ ਮੁੜੇ ਤੇ ਦਿਲੀ ਆਏ। ਇਸ ਤੋਂ ਸਹੀ ਹੁੰਦਾ ਹੈ ਕਿ ਪਰਜਾ ਦਾ ਸੁਖ ਆਪਦਾ ਆਦਰਸ਼ ਸੀ। ਜੇ ਪਾਤਸ਼ਾਹ ਨੇ ਨਿਆਂ ਤੇ ਟੁਰਨਾ ਮੰਨ ਲਿਆ ਹੈ ਤਾਂ ਸਹਾਈ ਹੋ ਗਏ ਹਨ। ਜਦੋਂ ਬਹਾਦਰ ਸ਼ਾਹ ਫਤੇ ਪਾਕੇ ਗੱਦੀ ਬਹਿ ਗਿਆ ਤਾਂ ਆਪ ਆਗਰੇ ਸਨ। ਮੇਲ ਹੁੰਦਾ ਹੈ। ਪ੍ਰਯੋਜਨ ਇਹ ਜਾਪਦਾ ਹੈ ਕਿ ਜੇ ਪਾਤਸ਼ਾਹ ਨੇ ਇਕਰਾਰ ਕੀਤਾ ਸੀ ਉਹ ਪਾਲਦਾ ਹੈ ਕਿ ਨਹੀਂ, ਜੇ ਲੱਛਣ ਨਾ ਪਾਲਣ ਦੇ ਦਿਸਣ ਤਾਂ ਜੋ ਦਾਈਆ ਦੱਖਣ ਜਾਕੇ ਅਗਲੇ ਕੰਮ ਦਾ ਆਪ ਬੰਨ ਚੁਕੇ ਹਨ ਸੋ ਪੂਰਾ ਕਰਨ। ਪਾਤਸ਼ਾਹ ਸਨਮਾਨ ਨਾਲ ਮਿਲਿਆ, ਖਿਲਅਤ ਪੇਸ਼ ਕੀਤਾ, ਆਪ ਨੇ ਖਿਲਅਤ ਨੌਕਰ ਨੂੰ ਦਿਤਾ ਕਿ ਚੁੱਕ ਕੇ ਲੈ ਚੱਲੇ, ਇਹ ਗਲ ਦਸਦੀ ਹੈ ਕਿ ਪਾਤਸ਼ਾਹ ਆਪ ਨੂੰ ਦੀਨ ਦਾ ਵਡਾ ਜਾਣਕੇ ਅਦਬ ਨਾਲ ਮਿਲਿਆ ਹੈ*। ਖੈਰ

*ਇਸ ਖਿਲਅਤ ਵਿਚ ਇਕ ਕਲਗੀ ਸੀ ਤੇ ਇਕ ਧੁਖਧੁਖੀ (ਸਠ ਹਜ਼ਾਰ ਰੁਪੈ ਦੀ ਸੀ)।

ਕਲਗੀ ਅਉਰ ਧੁਗਧੁਗੀ ਆਨੀ। ਖਿਲਅਤ ਏਕ ਸਾਹ ਮਨ ਮਾਨੀ। ਸ਼ਾਹ ਪ੍ਰਭੂ ਕੋ ਭੇਟ ਚੜਾਈ। ਖੁਸ਼ੀ ਕਰੋ ਤੁਮ ਸੋ ਬਨਿ ਆਈ। ਤਾਂਹਿ ਸਮੇਂ ਪ੍ਰਭੂ ਨੇ ਫੁਰਮਾਯੋ। ਅੰਦਰ ਸ਼ਾਹ ਪੈ ਸਿੰਘ ਬੁਲਾਯੋ। ਬਸਤਰ ਤਾਂਹਿ ਪਾਸ ਉਠਵਾਏ। ਵਿਦਾ ਭਏ ਪ੍ਰਭੂ ਡੇਰੇ ਆਏ। {ਗੁਰਸੋਭਾ}

ਉਸ ਸਮੇਂ ਖਿਲਅਤ ਦਾਸ ਤੋਂ ਚੁਕਵਾ ਕੇ ਲੈ ਜਾਣਾ ਕੇਵਲ ਧਾਰਮਕ ਉੱਚਤਾ ਵਾਲੇ ਹੀ ਕਰ ਸਕਦੇ ਸਨ।

ਪਾਤਸ਼ਾਹ ਨੇ ਬੀ ਦੱਖਣ ਜਾਣਾ ਸੀ, ਆਪ ਬੀ ਦੱਖਣ ਜਾਂਦੇ ਮੁੜੇ ਸੀ ਸੋ ਟੁਰ ਪਏ। ਪਾਤਸ਼ਾਹ ਨਾਲ ਉਸਦੇ ਇਕਰਾਰ ਪੂਰੇ ਕਰਨ ਲਈ ਵਿਚਾਰਾਂ ਹੋ ਰਹੀਆਂ ਸਨ। ਆਪਦਾ ਪ੍ਰਯੋਜਨ ਨਾਲ ਟੁਰ ਪੈਣ ਦਾ ਇਹ ਜਾਪਦਾ ਹੈ ਕਿ ਇਸ ਸਫਰ ਵਿਚ ਪਾਤਸ਼ਾਹ ਦਾ ਪਤਾ ਬੀ ਲਗ ਜਾਏਗਾ, ਜੇ ਪਾਤ-ਸ਼ਾਹ ਕੌਲ ਪੂਰਾ ਕਰਦਾ ਨਾ ਦਿੱਸਿਆ ਤਾਂ ਸਾਡਾ ਸਮਾਂ ਜ਼ਾਇਆ ਨਾ ਹੋਊ, ਅਸੀਂ ਬੀ ਦੱਖਣ ਪੁੱਜ ਜਾਵਾਂਗੇ। ਸੋਈ ਗਲ ਹੋਈ, ਰਸਤੇ ਵਿਚ ਆਪ ਨੂੰ ਪੂਰੀ ਤਰ੍ਹਾਂ ਨਿਸ਼ਚੇ ਪੂਰਬਕ ਪਤਾ ਲਗ ਗਿਆ ਕਿ ਪਾਤਸ਼ਾਹ ਦਿਲ ਦਾ ਬਹੁੰ ਸੂਰਮਾਂ ਨਹੀਂ, ਤੇ ਆਪਣੇ ਰਾਜ ਦੀ ਵਿਸ਼ਾਲਤਾ ਵਿਚ ਘਬਰਾਉਂਦਾ ਹੈ ਕਿ ਮੈਂ ਬਦਮਾਸ਼ ਸੂਬਿਆਂ ਨੂੰ ਛੇੜ ਨਹੀਂ ਸਕਦਾ, ਐਸਾ ਨਾ ਹੋਵੇ ਕਿ ਰਾਜ ਗਰਦੀ ਕਰ ਦੇਣ।

ਪਾਤਸ਼ਾਹ ਦੇ ਇਕਰਾਰਾਂ ਦਾ ਅਖੀਰ ਨਾ ਪੂਰੇ ਹੋਣ ਦਾ ਰੂਪ ਤੱਕਕੇ ਫਿਰ ਮੌਕਿਆ ਆਇਆ ਹੈ ਦਿਲ ਦੇ ਟੁੱਟ ਤੇ ਨਿਰਾਸ ਹੋ ਜਾਣ ਦਾ, ਪਰ ਅਪਣੀਆਂ ਚੜ੍ਹਦੀਆਂ ਕਲਾਂ ਵਿਚ ਆਪ ਨਾਦੇੜ ਜਾਕੇ ਡੇਰਾ ਪਾ ਦਿੰਦੇ ਹਨ ਤੇ ਪਾਤਸ਼ਾਹ ਨਾਲ ਅੱਗੇ ਨਹੀਂ ਜਾਂਦੇ, ਇਥੇ ਅੱਡਾ ਜਮਾਕੇ ਹੁਣ ਕੰਮ ਅਰੰਭਦੇ ਹਨ। ਮਾਧੋ ਦਾਸ ਵੈਰਾਗੀ ਨੂੰ, ਜੋ ਨਾਟਕਾਂ ਚੇਟਕਾਂ ਵਿਚ ਪਰਚਿਆ ਹੋਯਾ ਸੀ, ਸੁਧਾਰਦੇ ਹਨ ਤੇ ਸਿੱਖੀ ਮਾਰਗ ਵਿਚ ਲਿਆਕੇ ਉਸਨੂੰ ਸਿਖ ਬਣਾਕੇ ਅੰਮ੍ਰਿਤ ਛਕਾਕੇ[1] ਪੰਜ ਸਿੰਘ ਆਪਣੇ ਜਾਨ ਨਿਸਾਰ ਤੇ ਪੁਰਾਣੇ ਤਜਰਬੇਕਾਰ ਦੂਰੰਦੇਸ਼ ਸੂਰਬੀਰ ਉਸਦੀ ਸਲਾਹਗੀਰੀ ਦੀ ਸਭਾ ਥਾਪਕੇ ਪੰਜਾਬ ਵਲ ਟੋਰ ਦੇਂਦੇ ਹਨ[2]। ਅਜੇ ਹੋਰ ਕੀਹ ਕੀਹ ਕਰਨਾ ਸੀ, ਸਾਈਂ ਜਾਣੇ, ਪਰ ਹੁਣ ਵਾਹਿਗੁਰੂ ਜੀ ਦਾ ਸੱਦਾ ਆ ਗਿਆ। ਹੁਣ ਆਖ਼ਰੀ ਸਮਾਂ ਆਇਆ, ਦਿਲ ਦੇ ਕਾਂਪ ਖਾਣ ਦਾ।

ਪਹਿਲਾਂ ਜ਼ਿੰਦਗੀ ਦਾ ਸਾਰਾ ਕੰਮ ਅਰਥਾਤ ਪੈਦਾ ਕੀਤੇ ਬੰਦੇ ਅਨੰਦਪੁਰ, ਰਸਤੇ ਵਿਚ, ਚਮਕੌਰ ਤੇ ਆਖ਼ਰ ਮੁਕਤਸਰ ਵਿਚ ਲਗ ਪਗ ਸ਼ਹੀਦ ਹੋ ਚੁਕੇ ਹਨ, ਪਰ ਆਪ ਨੇ ਉਦਾਸੀ ਨਹੀਂ ਖਾਧੀ, ਇਕ ਨਵਾਂ ਬੰਦਾ ਲੱਭ ਪਿਆ ਤੇ ਬੰਦਾ ਬਣਾ ਲਿਆ। ਨਵਾਂ ਬੰਦਾ ਪੈਦਾ ਕਰਕੇ ਕੰਮ ਕਰਨ ਲਈ ਘੱਲ ਦਿਤਾ ਹੈ। ਦੇਖੋ ਅਚਾਨਕ ਇਕ ਦ੍ਰੋਹੀ ਨੇ ਆਪ ਨੂੰ ਜ਼ਖ਼ਮ ਲਾ ਦਿਤਾ ਹੈ, ਕਿਸੇ ਛਿਪੇ ਰੁਸਤਮ ਦੀ ਚਾਲ ਕਾਰੀ ਪੈ ਗਈ ਹੈ, ਜ਼ਖਮ ਪੇਟ ਤੇ ਕਾਰੀ ਹੈ, ਚਲਾਣਾ ਸਹੀ ਦਿੱਸ ਰਿਹਾ ਹੈ। ਫਿਰ ਵੀ ਨਹੀਂ ਡੋਲੇ ਕਿ ਮੇਰਾ ਆਦਰਸ਼ ਮੇਰਾ ਉੱਦੇਸ਼ ਹੁਣ ਮਲੀਆਮੇਟ ਹੋ ਜਾਏਗਾ। ਫੌਰਨ ਪੰਜਾਂ ਸਿੰਘਾਂ ਨੂੰ ਆਪਣਾ ਰੂਪ ਕਹਿਕੇ ਆਪਣੀ ਸਾਜੀ ਜਥੇਬੰਦੀ ਦੇ ਮੁਹਰੇ ਲਾਕੇ ਕਹਿ ਦਿਤਾ ਕਿ ਗੁਰੂ ਗ੍ਰੰਥ ਪੰਥ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਗੁਰੂ ਹਨ-ਜੀਵਨ ਦੇ ਕਰ-ਤਬਾਂ ਤੇ ਰੂਹਾਨੀ ਕਲਜਾਣ ਦੇ ਆਦਰਸ਼ਾਂ ਦਾ, ਜਿਸ ਦੀ ਰੋਸ਼ਨੀ ਵਿਚ ਟੁਰਨਾ ਹੈ ਪੰਥ ਨੇ, ਜਿਸ ਪੰਥ ਨੂੰ ਗੁਰਿਆਈ ਦਿਤੀ ਹੈ ਤਾਬਿਆ ਗੁਰੂ ਗ੍ਰੰਥ ਦੇ, ਤਾਕਿ ਕੋਈ ਇਨਸਾਨ ਪੰਥ ਨੂੰ ਦਰੁਸਤ ਰਸਤੇ ਤੋਂ ਪਰੇ ਨਾ ਲੈ ਜਾ ਸਕੇ। ਜੀਵ ਚਾਹੇ ਕੋਈ ਕਿੰਨਾ ਵਡਾ ਹੋਵੇ, ਐਸ਼੍ਵਰਜ ਪਾਕੇ ਉਸ ਦੀ ਹਉਂ ਉਸ ਦੀ ਅਕਲ ਵਿਚ ਦਖਲ ਦੇਣ ਲਗ ਜਾਂਦੀ ਹੈ, ਇਸ ਕਰਕੇ ਇਕ ਦੀ ਥਾਂ ਪੰਥ ਗੁਰੂ ਥਾਪਿਆ। ਫਿਰ ਸੋਚਿਆ ਕਿ ਬਹੁਤੇ ਬੀ ਪੰਥ ਵਿਚ ਇਕ ਖਿਆਲ ਦਾ ਧੜਾ ਬੰਨ੍ਹਕੇ 'ਹਉਂ' ਵਿਚ ਘੁਸੇੜ ਸਕਦੇ ਹਨ। ਇਸ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਨੂੰ ਉਹਨਾਂ ਦੇ ਸਿਰ ਤੇ ਕੁੰਡਾ ਥਾਪਿਆ। ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਂ ਦਾ ਹਿਰਦਾ ਹਨ, ਉਹਨਾਂ ਦੇ ਆਦਰਸ਼ ਹਨ, ਉਹ ਆਦਰਸ਼ ਜੋ ਵਾਹਿਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਗਿਆਨ ਦਵਾਰਾ ਅਨੁਭਵ ਕਰਾਏ, ਇਹ ਅਗੋਂ ਨੂੰ ਗੁਰਿਆਈ ਤੇ ਜਥੇਬੰਦੀ ਦੇ ਰੁਕਨ ਥਾਪਕੇ ਆਪ ਨੇ ਨਿਸ਼ਚੇ ਕੀਤਾ ਕਿ ਮੇਰੇ ਚੋਲਾ ਛੋੜ ਜਾਣ ਨਾਲ ਮੇਰੇ ਸ਼ੁਰੂ ਕੀਤੇ ਪਰਮਾਰ-ਥਿਕ ਤੇ ਆਰਥਿਕ ਕੰਮ ਸਮੇਂ ਸਮੇਂ ਸਿਰ ਸਿਰੇ ਚੜ੍ਹਨਗੇ ਅਰ ਐਸਾ ਹੀ ਹੋਇਆ। 'ਗੁਰੂ ਗ੍ਰੰਥ ਪੰਥ' ਗੁਰੂ ਥਾਪਿਆ, ਕਿਉਂਕਿ ਦੇਵ ਗੁਰੂ, ਯਾ ਅਵਤਾਰ ਗੁਰੂ ਦਾ ਸਿਲਸਿਲਾ ਹੁਣ ਬੰਦ ਸੀ ਹੁਕਮੁ ਵਿਚ, ਤੇ ਅੱਗੋਂ ਨੂੰ ਗੁਰਿਆਈ ਦਿਤੀ 'ਰਬੀ ਗਿਆਨ ਤੇ ਜਥੇਬੰਦੀ' ਨੂੰ। ਇਥੇ ਹੁਣ ਦੂਰ ਦਰਸ਼ਤਾ ਤੇ ਕੌਮ

---

੧. ਤਵਾਰੀਖ ਖਾ: ਨੇ ਨਾਮ ਬੰਦਾ ਸਿੰਘ ਦਿਤਾ ਹੈ। ਗੁਰਬਖਸ਼ ਸਿੰਘ ਨਾਮ ਬੀ ਲਿਖਿਆ ਮਿਲਦਾ ਹੈ। ਦੇਖੋ ਇਸੇ ਗ੍ਰੰਥ ਦੇ ਪੰਨਾ ੩੬੩ ਦੀ ਟੂਕ।

੨. ੨੫ ਸਿੰਘ ਨਾਲ ਹੋਰ ਬੀ ਟੋਰੇ ਦੱਸੀਦੇ ਹਨ।

ਸਾਜਣ ਦੀ ਪ੍ਰਬੀਨਤਾ ਦਾ ਕਮਾਲ ਹੈ ਤੇ ਇਸਦੇ ਨਾਲ ਉਸ ਅਝਵਤਾ ਦਾ ਦਰਸ਼ਨ ਹੁੰਦਾ ਹੈ ਕਿ ਜੋ ਇਸ ਅੰਤਮ ਸਮੇਂ ਬੀ ਉਨ੍ਹਾਂ ਦਾ ਦਿਲ ਨਹੀਂ ਹਿਲਾ ਸਕੀ। ਆਪ ਨੇ ਪਹਿਲਾ ਜਥੇਦਾਰ ਬੰਦਾ ਸਿੰਘ (ਗੁਰਬਖਸ਼ ਸਿੰਘ) ਥਾਪਿਆ ਤੇ ਪੰਜਾਬ ਟੋਰਿਆ ਸੀ। ਦੂਜਾ ਜਥੇਦਾਰ ਸੰਤੋਖ ਸਿੰਘ ਦੱਖਣ ਵਿਚ ਹੋਇਆ। ਸੰਗਤ ਦੇ ਉਦਾਸ ਹੋਣ ਪਰ ਕਿ ਅਸੀਂ ਹੁਣ ਕੀ ਕਰਾਂਗੇ, ਗੁਰੂ ਜੀ ਨੇ ਫੁਰਮਾਇਆ ਕਿ ਪੰਥ ਮੈਂ ਅਕਾਲ ਪੁਰਖ ਦੀ ਗੋਦੀ ਪਾਇਆ ਹੈ, ਮੇਰਾ ਕੰਮ, ਉਸ ਦਾ ਹੁਕਮ ਸੀ, ਹੁਕਮ ਅਟੱਲ ਹੈ, ਟਲੇਗਾ ਨਹੀਂ, ਮੇਰਾ ਸਚਖੰਡ ਪਯਾਨ ਨਾ ਮੇਰੇ ਲਈ ਨਾ ਤੁਸਾਂ ਲਈ ਕੋਈ ਨਿਰਾਸਤਾ ਹੈ।

ਗੁਰੂ ਜੀ ਨੇ ਅਪਣੇ ਕਾਰਜ ਦੀ ਵਿਉਂਤ ਠੀਕ ਅੰਦਾਜ਼ੇ ਨਾਲ ਵਿਉਂਤ ਕੇ ਧਰੀ ਸੀ, ਇਸਨੂੰ ਜਿਸ ਰਾਹੇ ਪਾਇਆ ਸੋ ਦਰੁਸਤ ਸੀ, ਉਹ ਉਨ੍ਹਾਂ ਦੇ ਅਪਣੇ ਜਗਤ ਵਿਚ ਹੁੰਦਿਆਂ ਦਰੁਸਤ ਰਸਤੇ ਤੁਰ ਪਿਆ ਸੀ ਤੇ ਮਗਰੋਂ ਅਪਣੇ ਵਕਤ ਤੇ ਐਨ ਉਹੋ ਫਲ ਲੈ ਆਇਆ ਜਿਸ ਫਲ ਵਾਸਤੇ ਕਿ ਆਪ ਨੇ ਉਹ ਬ੍ਰਿੱਛ ਲਾਇਆ ਸੀ। ਹਰ ਕੰਮ ਲਈ ਸਮਾਂ ਇਕ ਜ਼ਰੂਰੀ ਹਿੱਸਾ ਹੈ ਸੋ ਉਹ ਕੰਮ ਉਹ ਵਿਉਂਤ ਠੀਕ ਦਰੁਸਤੀ ਨਾਲ ਸਮੇਂ ਸਿਰ ਫਲੀ ਤੇ ਕਾਮਯਾਬ ਹੋਈ। ਇਹ ਕਹਿਣਾ ਕਿ ਪੰਜਾਂ ਸਤਾਂ ਬਰਸਾਂ ਵਿਚ ਉਹ ਕਿਉਂ ਨਾ ਸਿਰੇ ਚੜ੍ਹੀ, ਮਾਮਲੇ ਨੂੰ ਨਾ ਸਮਝ ਸਕਣਾ ਹੈ। ਕਨਿੰਘਮ ਨੇ ਭੀ ਗੁਰੂ ਜੀ ਦੀ ਇਸ ਗਲ ਪਰ ਚੰਗੀ ਰੌਸ਼ਨੀ ਪਾਈ ਹੈ ਕਿ ਉਨ੍ਹਾਂ ਦਾ ਪੈਦਾ ਕੀਤਾ ਕੰਮ, ਉਨ੍ਹਾਂ ਦੀ ਵਿਉਂਤ ਐਨ ਵਕਤ ਸਿਰ ਕਾਮਯਾਬ ਹੋਈ। ਐਉਂ ਉਨ੍ਹਾਂ ਦਾ ਉਪਦੇਸ਼ ਪੂਰਨ ਕਾਮਯਾਬ ਹੈ ਤੇ ਉਨ੍ਹਾਂ ਦੀ ਕੀਤੀ ਕਰਨੀ ਸਫਲ ਕਰਨੀ ਹੈ। ਇਹ ਹੈ ਕਿ ਮਾੜਾ ਜਿਹਾ ਜਤਨ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਦੇ ਉਸ ਜੌਹਰ ਦੇ ਵੇਖਣ ਦਾ ਜੋ ਇਨ੍ਹਾਂ ਗੁਰ ਵਾਕਾਂ ਵਿਚ ਅੰਕਤ ਹੈ:-

"ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨਿ॥"{ਸ:ਮ:੯}

ਕੁਝ ਹੋਰ ਗੀਤ

੧.

ਜਯ ਹੋ ਕਲਗੀਆਂ ਵਾਲੇ ਤੈਨੂੰ!

ਟੇਕ-ਜਯ ਹੋ ਕਲਗੀਆਂ ਵਾਲੇ ਤੈਨੂੰ!

ਜਯ ਹੋ ਜਯ ਹੋ ਜਯ ਤੈਨੂੰ!
ਜਯ ਹੋ ਦਾਤਾ ਜਯ ਤੈਨੂੰ!
ਕਲਗੀਆਂ ਵਾਲੇ ਜਯ ਤੈਨੂੰ!
ਤਉਕ ਗੁਲਾਮੀ ਦੇ ਤੂੰ ਤੋੜੇ
'ਪਰਵਸ-ਬੇੜੀ' ਤੋੜੀ ਤੂੰ,
ਗਈ ਬਹੋੜੀ ਸਦੀਆਂ ਸੰਦੀ,
ਮਿਟੀ ਆਨ ਮੁੜ ਮੋੜੀ ਤੂੰ॥੧॥
ਜਯ ਹੋ ਕਲਗੀਆਂ ਵਾਲੇ ਤੈਨੂੰ...

'ਖ਼ੁੱਲ੍ਹ' ਗੁਆਚੀ ਗਈ ਗੁਆਤੀ
ਲੱਭ ਕੇ ਫੇਰ ਲਿਆਂਦੀ ਤੂੰ,
ਸ਼ਾਨ ਅਸਾਡੀ ਮਿੱਟੀ ਰੁਲ ਗਈ
ਕਰ ਉੱਜਲ ਮੁੜ ਆਂਦੀ ਤੂੰ॥੨॥
ਜਯ ਹੋ ਕਲਗੀਆਂ ਵਾਲੇ ਤੈਨੂੰ...

ਰੁੱਠੀ ਦੇਵੀ ਸ੍ਵੈਤੰਤਰਤਾ ਦੀ
ਭਾਰਤ ਛੱਡ ਸਿਧਾਈ ਨੂੰ
ਆਤਮ-ਬਲ ਕਰਕੇ ਲੈ ਆਂਦਾ
ਪਰਗਟ ਕਰ ਦਿਖਲਾਈ ਤੂੰ॥੩॥
ਜਯ ਹੋ ਕਲਗੀਆਂ ਵਾਲੇ ਤੈਨੂੰ...

ਦੇ ਆਦਰਸ਼ ਖਾਲਸੇ ਵਾਲਾ
ਰੂਪਵਾਨ ਕਰ ਦਿੱਤਾ ਤੂੰ
ਦੇਗ ਤੇਗ ਦਾ ਧਨੀ ਨਾਮ ਦਾ
'ਅਟਲ ਸਦਾ' ਵਰ ਦਿਤਾ ਤੂੰ॥੪॥
ਜਯ ਹੋ ਕਲਗੀਆਂ ਵਾਲੇ ਤੈਨੂੰ...

ਅਪਨੇ ਵਾਰ, ਬਿਗਾਨੇ ਕੀਤੇ-
ਅਪਨੇ, ਗੋਦੀ ਪਾਏ ਤੂੰ
ਅਪਣਿਆਂ ਕੋਲੋਂ ਵੱਧ ਪਿਆਰੇ
ਅਪਨਾਏ ਅਪਨਾਏ ਤੂੰ॥੫॥
ਜਯ ਹੋ ਕਲਗੀਆਂ ਵਾਲੇ ਤੈਨੂੰ...

ਜਯਤਿ ਜਯਤਿ ਗੁਰ ਕਲਗੀਆਂ ਵਾਲੇ!
ਲੈ ਸਾਡੇ ਸ਼ੁਕਰਾਨੇ ਤੂੰ!
ਭੇਟ ਨਿਮਾਣੀ, ਪਿਤਾ! ਕਬੂਲੋ
'ਬਚਿਆਂ-ਪ੍ਰੇਮ ਤਰਾਨੇ' ਤੂੰ॥੬॥
ਜਯ ਹੋ ਕਲਗੀਆਂ ਵਾਲੇ ਤੈਨੂੰ...

ਸ਼ੁਕਰ ਸ਼ੁਕਰ ਸ਼ੁਕਰਾਨਾ ਤੇਰਾ,
ਸ਼ੁਕਰਾਂ ਦਾ ਬੀ ਸਾਈਂ ਤੂੰ
ਚਰਨ ਸ਼ਰਨ ਵਿਚ ਰੱਖ ਸਦਾ ਹੀ
ਅਪਣੇ ਰਾਹ ਤੁਰਾਈਂ ਤੂੰ॥੭॥
ਜਯ ਹੋ ਕਲਗੀਆਂ ਵਾਲੇ ਤੈਨੂੰ...

੨.

ਪੰਜਾਂ ਪਯਾਰਿਆਂ ਦੀ ਅਰਜ਼ੋਈ ਤੇ ਕਲਗੀਧਰ ਜੀ ਦਾ ਉੱਤਰ

ਪੰਜ ਪਿਆਰੇ:-
ਪਿਲਾਦੇ, ਪਿਲਾਦੇ, ਪਿਲਾਦੇ ਪਯਾਰਿਆ!
ਸਾਨੂੰ ਅੰਮ੍ਰਿਤ ਦਾ ਜਾਮ ਪਿਲਾਦੇ ਪਯਾਰਿਆ!
ਲੱਗੀਆਂ ਚਿਰੋਕੀਆਂ ਪਿਆਸਾਂ ਦਾਤਿਆ!
ਪਿਲਾਦੇ ਪਿਲਾਦੇ ਪਿਲਾਦੇ ਪਯਾਰਿਆ!
ਸਾਨੂੰ ਅੰਮ੍ਰਿਤ ਦਾ ਜਾਮ ਪਿਲਾਦੇ ਪਯਾਰਿਆ!

ਤੁਰ ਕੇ ਮੌਤ ਘਾਟ ਤੋਂ ਆਏ,
ਧਰਕੇ ਸੀਸ ਤਲੀ ਤੇ ਲਯਾਏ,
ਸੀਸ ਲਿਆਏ ਵਾਹ ਵਾ ਵਾਹ
ਸੀਸ ਲਿਆਏ ਵਾਹ ਵਾ ਵਾਹ...
ਪਿਲਾਦੇ ਪਿਲਾਦੇ ਪਿਲਾਦੇ ਪਯਾਰਿਆ!
ਸਾਨੂੰ ਅੰਮ੍ਰਿਤ ਦਾ ਜਾਮ ਪਿਲਾਦੇ ਪਯਾਰਿਆ!

ਸਾਡੇ ਪੱਲੇ ਰਾਸ ਨ ਕਾਈ,
ਕਰੀਂ ਕਬੂਲ ਇਹ ਭੇਟਾ ਸਾਈਂ!
ਭੇਟਾ ਸਾਈਂ ਵਾਹ ਵਾਹ ਵਾਹ...
ਪਿਲਾਦੇ, ਪਿਲਾਦੇ, ਪਿਲਾਦੇ ਪਯਾਰਿਆ!
ਸਾਨੂੰ ਅੰਮ੍ਰਿਤ ਦਾ ਜਾਮ ਪਿਲਾਦੇ ਪਯਾਰਿਆ!

ਦੇਵੋ ਅੰਮ੍ਰਿਤ ਮੋਏ ਜਿਵਾਵੋ,
ਅਪਣੀ ਜੀਵਨ ਛੋਹ ਲਗਾਵੋ,
ਛੋਹ ਲਗਾਵੋ ਵਾਹ ਵਾ ਵਾਹ...
ਪਿਲਾਦੇ, ਪਿਲਾਦੇ ਪਿਲਾਦੇ ਪਯਾਰਿਆ!
ਸਾਨੂੰ ਅੰਮ੍ਰਿਤ ਦਾ ਜਾਮ ਪਿਲਾਦੇ ਪਯਾਰਿਆ!

ਕਲਗੀਆਂ ਵਾਲੇ ਦਾ ਉੱਤਰ:-
ਆਓ ਸਪੂਤੋ ਝੋਲੀ ਪਾਵਾਂ,
ਅੰਮ੍ਰਿਤ ਜਾਮ ਅਮੁੱਲ ਪਿਲਾਵਾਂ
ਅਮੁੱਲ ਪਿਲਾਵਾਂ ਵਾਹ ਵਾ ਵਾਹ...
ਬਨਾਂ ਲਾਂ, ਬਨਾਂ ਲਾਂ, ਬਨਾਂ ਲਾਂ ਪਯਾਰਿਓ!
ਤੁਹਾਨੂੰ ਪੁੱਤ੍ਰਾਂ ਤੋਂ ਪਿਆਰੇ ਬਨਾਂ ਲਾਂ ਦੂਲਿਓ!

ਅਪਣੇ ਜਾਏ ਤੁਸਾਂ ਤੋਂ ਵਾਰਾਂ,
ਤੁਹਾਨੂੰ ਗੋਦੀ ਲੈ ਪ੍ਰਤਿਪਾਰਾਂ,
ਲੈ ਪ੍ਰਤਪਾਰਾਂ ਵਾਹ ਵਾ ਵਾਹ...
ਬਨਾਂ ਲਾਂ, ਬਨਾਂ ਲਾਂ, ਬਨਾਂ ਲਾਂ ਪਯਾਰਿਓ!
ਤੁਹਾਨੂੰ ਪੁਤ੍ਰਾਂ ਤੋਂ ਪਿਆਰੇ ਬਨਾਂ ਲਾਂ ਦੂਲਿਓ!

੩.

ਸੰਗਤ ਦਾ ਸੰਦੇਸ਼

ਗੀਤ-{ਰਾਗ ਪਹਾੜੀ, ਤਾਲ ਯੱਕਾ}

ਰਾਹੀਆ ਜਾਂਦਿਆ ਪਿਆਰੇ ਦੇ ਦੇਸ਼ ਨੂੰ!
ਦੇਈਂ ਸੁਹਣੇ ਨੂੰ ਮੇਰਾ ਸੰਦੇਸ਼ ਤੂੰ,
ਪਈ ਜੱਫਰਾਂ ਨੂੰ ਨਿੱਤ ਜਾਲਦੀ
ਕਲਗੀ ਵਾਲੇ ਨੂੰ ਨਿੱਤ ਸਮ੍ਹਾਲਦੀ॥੧॥

ਤੇਰੇ ਬਿਰਹੋਂ ਨੇ ਜੀਅੜਾ ਜਾਲਿਆ
ਤੇਰੇ ਨਿੱਤ-ਵਿਛੋੜਿਆਂ ਖਾ ਲਿਆ,
ਜਿੰਦ ਗ਼ਮਾਂ ਦੇ ਵਿਚ ਪਈ ਗਾਲਦੀ
ਕਲਗੀ ਵਾਲੇ ਨੂੰ ਨਿੱਤ ਸੰਮ੍ਹਾਲਦੀ॥੨॥

ਦਿਨੇ ਚੈਨ ਨਾ ਨੀਂਦਰਾਂ ਰਾਤ ਨੂੰ
ਰਹੇ ਲੁੱਛਣੀ ਸੰਝ ਪਰਭਾਤ ਨੂੰ,
ਘਾਲਾਂ ਦਰਸ਼ਨਾ ਵਾਸਤੇ ਘਾਲਦੀ
ਕਲਗੀ ਵਾਲੇ ਨੂੰ ਨਿੱਤ ਸੰਮ੍ਹਾਲਦੀ॥੩॥

ਨਿੱਕੀ ਰਿਵੀਏ! ਸੰਦੇਸੜਾ ਲੈ ਜਈਂ
ਕਲਗੀ ਵਾਲੇ ਦੇ ਚਰਨੀਂ ਅਪੜਾ ਦਈਂ,
ਸਹੀਏ! ਖ਼ਬਰ ਦਈਂ ਮੇਰੇ ਹਾਲ ਦੀ
ਕਲਗੀ ਵਾਲੇ ਨੂੰ ਪਈਆਂ ਸੰਮ੍ਹਾਲਦੀ॥੪॥

ਦਰਦਾਂ ਤੇਰੇ ਫ਼ਿਰਾਕਾਂ ਨੇ ਲਾਈਆਂ
ਤੇਰੇ ਦਰਸ਼ਨ ਹੀ ਹੈਨ ਦਵਾਈਆਂ
ਤਾਹੀਓਂ ਦਰਸ਼ਨਾਂ ਨੂੰ ਪਈ ਭਾਲਦੀ
ਕਲਗੀ ਵਾਲੇ ਨੂੰ ਨਿੱਤ ਸਮ੍ਹਾਲਦੀ॥੫॥

੪.

ਪਜਾਰੇ ਦੇ ਅੰਕ ਸਮਾਵੇਂ

ਮੈਲਿਆਂ ਨੂੰ ਧੋਵੇ ਤੇ ਰੰਗ ਚੜ੍ਹਾਵੇ
ਤੇ ਰੰਗਿਆਂ ਦਾ ਮੁੱਲ ਪੁਆਵੇ,
ਮੁੱਲ ਪਿਆਂ ਨੂੰ ਜੋ ਹਾਜ਼ਰ ਹਜ਼ੂਰੀ
ਹਾਂ ਵਿਚ ਹਜ਼ੂਰੀ ਪੁਚਾਵੇ;
ਸ਼ਰਨ ਲਈਂ ਉਸ ਕਲਗੀਆਂ ਵਾਲੇ ਦੀ
ਆਪਾ ਚਾ ਭੇਟ ਚੜ੍ਹਾਵੀਂ,
ਜੋ ਫ਼ਰਸ਼ ਤੋਂ ਉੱਠੇਂ ਤੇ ਅਰਸ਼ ਤੇ ਜਾਵੇਂ
ਤੇ ਪਜਾਰੇ ਦੇ ਅੰਕ ਸਮਾਵੇਂ।

† ਇਤਿ †